☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

ਨਿਹਕਲੰਕ ਹਰਿਸ਼ਬਦ ਭੰਡਾਰ

ਪਹਿਲਾ ਭਾਗ

http://nehklankharshabad.com/

✪ ਤਤਕਰਾ ✪

ਮਿਤੀ-ਸੰਮਤ	ਨਾਮ	ਸਥਾਨ		ਪੰਨਾ ਨੰ:
ਮੁਖ ਬੰਦ	ਮਹਾਰਾਜ ਪੂਰਨ ਸਿੰਘ ਜੀ ਦੀ ਕਲਮ ਤੋਂ			
੦੭ ਜੇਠ ੨੦੦੬ ਬਿਕ੍ਰਮੀ	ਸਵਰਨ ਸਿੰਘ ਦੀ ਦੇਹ ਛੁਡਾਉਣ ਦੇ ਨਵਿਤ ਕਲਸੀਆਂ			੦੦੧
੦੭ ਭਾਦਰੋਂ ੨੦੦੬ ਬਿਕ੍ਰਮੀ	ਕੁਦ ਕਸ਼ਮੀਰ ਵਿਚ			੦੦੧
	ਬੱਚੇ ਵਾਸਤੇ ਅਰਜ਼			੦੦੩
੦੬ ਭਾਦਰੋਂ ੨੦੦੬ ਬਿਕ੍ਰਮੀ	ਪੂਰਨ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੦੦੩
	ਠੇਕੇਦਾਰ ਠਾਕਰ ਸਿੰਘ ਦੇ ਨਵਿਤ	ਜੇਠੂਵਾਲ	ਅੰਮ੍ਰਿਤਸਰ	੦੦੪
੧੧ ਭਾਦਰੋਂ ੨੦੦੬ ਬਿਕ੍ਰਮੀ	ਪੂਰਨ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੦੦੪
੧੨ ਭਾਦਰੋਂ ੨੦੦੬ ਬਿਕ੍ਰਮੀ	ਪ੍ਰੇਮ ਸਿੰਘ ਦੇ ਗ੍ਰਹਿ	ਬੁੱਗੇ	ਅੰਮ੍ਰਿਤਸਰ	੦੦੬
੧੩ ਭਾਦਰੋਂ ੨੦੦੬ ਬਿਕ੍ਰਮੀ		ਬੁੱਗੇ	ਅੰਮ੍ਰਿਤਸਰ	੦੦੮
੧੪ ਭਾਦਰੋਂ ੨੦੦੬ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੦੦੯
੧੫ ਭਾਦਰੋਂ ੨੦੦੬ ਬਿਕ੍ਰਮੀ	ਦਇਆ ਹੋਈ	ਜੇਠੂਵਾਲ	ਅੰਮ੍ਰਿਤਸਰ	੦੧੨
੧੭ ਭਾਦਰੋਂ ੨੦੦੬ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੦੧੩
੧੬ ਅੱਸੂ ੨੦੦੬ ਬਿਕ੍ਰਮੀ	ਪਲਟਨ ਵਿਚ ਗੁਰਦੁਵਾਰੇ ਵਿਚ	ਦਮਾਣਾ ਕੈਂਪ	ਜੰਮੂ	੦੧੭
੧੩ ਮੱਘਰ ੨੦੦੬ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੦੧੬
੧੫ ਮੱਘਰ ੨੦੦੬ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੦੨੧
੧੬ ਮੱਘਰ ੨੦੦੬ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੦੨੪
੧੭ ਮੱਘਰ ੨੦੦੬ ਬਿਕ੍ਰਮੀ	ਬਚਨ ਹੋਏ			੦੨੫
੧੮ ਮੱਘਰ ੨੦੦੬ ਬਿਕ੍ਰਮੀ	ਬਚਨ ਹੋਏ			੦੨੬
੧੬ ਮੱਘਰ ੨੦੦੬ ਬਿਕ੍ਰਮੀ	ਬਚਨ ਹੋਏ			੦੩੫
੨੦ ਮੱਘਰ ੨੦੦੬ ਬਿਕ੍ਰਮੀ	ਬਚਨ ਹੋਏ			੦੩੬

1 ੦੧

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ				੦੪੧
੨੫ ਪੋਹ ੨੦੦੬ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੦੪੭
੦੮ ਫੱਗਣ ੨੦੦੬ ਬਿਕ੍ਰਮੀ	ਮੇਰਠ ਛਾਉਣੀ	ਮੇਰਠ		੦੫੦
੩੦ ਫੱਗਣ ੨੦੦੬ ਬਿਕ੍ਰਮੀਮੇਰਠ ਗੁਰਦੁਵਾਰੇ ਵਿਚ ਬਚਨ ਹੋਏ		ਮੇਰਠ		੦੫੭
੦੫ ਚੇਤ ੨੦੦੭ ਬਿਕ੍ਰਮੀ ਬਚਨ ਹੋਏ				੦੫੮
੨੭ ਚੇਤ ੨੦੦੭ ਬਿਕ੍ਰਮੀ ਬਚਨ ਹੋਏ		ਜੇਠੂਵਾਲ	ਅੰਮ੍ਰਿਤਸਰ	੦੭੧
ਪਹਿਲੀ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ		ਜੇਠੂਵਾਲ	ਅੰਮ੍ਰਿਤਸਰ	੦੭੩
੦੩ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ		ਜੇਠੂਵਾਲ	ਅੰਮ੍ਰਿਤਸਰ	੦੭੪
੦੫ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ		ਬੁੱਗੇ	ਅੰਮ੍ਰਿਤਸਰ	੦੭੭
੦੫ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ		ਜੇਠੂਵਾਲ	ਅੰਮ੍ਰਿਤਸਰ	੦੭੮
੧੧ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ		ਜੇਠੂਵਾਲ	ਅੰਮ੍ਰਿਤਸਰ	੦੮੧
੧੫ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ		ਜੇਠੂਵਾਲ	ਅੰਮ੍ਰਿਤਸਰ	੦੮੩
੧੭ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ				੦੮੪
੧੮ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ				੦੮੬
੧੯ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ				੦੮੭
੨੧ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ		ਜੇਠੂਵਾਲ	ਅੰਮ੍ਰਿਤਸਰ	੦੯੩
੨੨ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ				੦੯੬
੨੪ ਵਿਸਾਖ ੨੦੦੭ ਬਿਕ੍ਰਮੀ ਬਚਨ ਹੋਏ		ਜੇਠੂਵਾਲ	ਅੰਮ੍ਰਿਤਸਰ	੦੯੮
੩੧ ਵਿਸਾਖ ੨੦੦੭ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹ		ਜੇਠੂਵਾਲ	ਅੰਮ੍ਰਿਤਸਰ	੧੦੯
ਪਹਿਲੀ ਜੇਠ ੨੦੦੭ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ		ਜੇਠੂਵਾਲ	ਅੰਮ੍ਰਿਤਸਰ	੧੧੦
੦੨ ਜੇਠ ੨੦੦੭ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਿਹ		ਜੇਠੂਵਾਲ	ਅੰਮ੍ਰਿਤਸਰ	੧੧੫
੦੩ ਜੇਠ ੨੦੦੭ ਬਿਕ੍ਰਮੀ ਅਮਰਜੀਤ ਸਿੰਘ ਦੇ ਗ੍ਰਿਹ		ਜੇਠੂਵਾਲ	ਅੰਮ੍ਰਿਤਸਰ	੧੧੭

2 ੦੧

੦੪ ਜੇਠ ੨੦੦੭ ਬਿਕ੍ਰਮੀ ਚੇਤ ਸਿੰਘ ਦੇ ਗ੍ਰਹਿ	ਕਲਸੀਆਂ	ਅੰਮ੍ਰਿਤਸਰ	੧੧੭
੦੫ ਜੇਠ ੨੦੦੭ ਬਿਕ੍ਰਮੀ ਬਚਨ ਹੋਏ	ਕਲਸੀਆਂ	ਅੰਮ੍ਰਿਤਸਰ	੧੨੬
੦੬ ਜੇਠ ੨੦੦੭ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੧੩੪
੧੪ ਜੇਠ ੨੦੦੭ ਬਿਕ੍ਰਮੀ			੧੩੭
੧੫ ਜੇਠ ੨੦੦੭ ਬਿਕ੍ਰਮੀ ਬੇਬੇ ਰਣਜੀਤ ਕੌਰ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੧੩੮
੧੮ ਜੇਠ ੨੦੦੭ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੧੪੦
੧੯ ਜੇਠ ੨੦੦੭ ਬਿਕ੍ਰਮੀ ਕਰਮ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੧੪੩
੧੯ ਜੇਠ ੨੦੦੭ ਬਿਕ੍ਰਮੀ ਅਮਰਜੀਤ ਸਿੰਘ ਦੇ ਨਵਿਤ	ਜੇਠੂਵਾਲ	ਅੰਮ੍ਰਿਤਸਰ	੧੪੭
੨੦ ਜੇਠ ੨੦੦੭ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੧੪੮
੨੦ ਜੇਠ ੨੦੦੭ ਬਿਕ੍ਰਮੀ ਪ੍ਰੀਤਮ ਸਿੰਘ ਦੇ ਘਰ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੧੫੦
੨੧ ਜੇਠ ੨੦੦੭ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੧੫੩
੨੨ ਜੇਠ ੨੦੦੭ ਬਿਕ੍ਰਮੀ ਆਤਮਾ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੧੫੭
੨੨ ਜੇਠ ੨੦੦੭ ਬਿਕ੍ਰਮੀ ਰਣਜੀਤ ਕੌਰ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੧੬੧
੧੬ ਹਾੜ ੨੦੦੭ ਬਿਕ੍ਰਮੀ ਚੁਬਾਤੀਆਂ ਬਚਨ ਹੋਏ	ਰਾਣੀ ਖੇਤ	ਅਲਮੋੜਾ	੧੬੩
੦੨ ਭਾਦਰੋਂ ੨੦੦੭ ਬਿਕ੍ਰਮੀ ਚਬਾਤੀਆਂ ਬਚਨ ਹੋਏ	ਰਾਣੀ ਖੇਤ	ਅਲਮੋੜਾ	੧੬੪
੦੩ ਅੱਸੂ ੨੦੦੭ ਬਿਕ੍ਰਮੀ ਬਚਨ ਹੋਏ ਪਲਟਨ	ਰਾਣੀਖੇਤ	ਅਲਮੋੜਾ	੧੮੧
੨੨ ਅੱਸੂ ੨੦੦੭ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੧੮੬
੨੪ ਅੱਸੂ ੨੦੦੭ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੧੮੭
੨੫ ਅੱਸੂ ੨੦੦੭ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੧੯੦
੨੬ ਅੱਸੂ ੨੦੦੭ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੧੯੧
੨੭ ਅੱਸੂ ੨੦੦੭ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੧੯੩
੨੯ ਅੱਸੂ ੨੦੦੭ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੧੯੪

3
੦੧

ਪਹਿਲੀ ਕੱਤਕ ੨੦੦੭ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੧੬੮
੦੨ ਕੱਤਕ ੨੦੦੭ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੦੩
੦੩ ਕੱਤਕ ੨੦੦੭ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੦੬
੦੪ ਕੱਤਕ ੨੦੦੭ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੧੧
੧੨ ਕੱਤਕ ੨੦੦੭ ਬਿਕ੍ਰਮੀ ਪਲਟਨ ਵਿਚ ਬਚਨ ਹੋਏ	ਮੇਰਠ	ਮੇਰਠ	੨੧੩
੨੬ ਪੋਹ ੨੦੦੭ ਬਿਕ੍ਰਮੀ ਬਚਨ ਹੋਏ	ਮੇਰਠ	ਮੇਰਠ	੨੧੭
੩੦ ਪੋਹ ੨੦੦੭ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੧੬
ਪਹਿਲੀ ਮਾਘ ੨੦੦੭ ਬਿਕ੍ਰਮੀ ਬਚਨ ਹੋਏ	ਬੁੱਗੇ	ਅੰਮ੍ਰਿਤਸਰ	੨੨੧
੧੩ ਮਾਘ ੨੦੦੭ ਬਿਕ੍ਰਮੀ ਦਰਸ਼ਨ ਸਿੰਘ ਲੱਲੀਆਂ ਵਾਲੇ ਦੇ ਗ੍ਰਿਹ	ਦਿੱਲੀ	ਦਿੱਲੀ	੨੨੭
੨੩ ਫੱਗਣ ੨੦੦੭ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹ	ਜੇਠੂਵਾਲ	ਅੰਮ੍ਰਿਤਸਰ	੨੩੧
੨੬ ਫੱਗਣ ੨੦੦੭ ਬਿਕ੍ਰਮੀ ਰਣਜੀਤ ਕੌਰ ਦੇ ਗ੍ਰਿਹ	ਜੇਠੂਵਾਲ	ਅੰਮ੍ਰਿਤਸਰ	੨੩੩
੨੭ ਫੱਗਣ ੨੦੦੭ ਬਿਕ੍ਰਮੀ ਅਮਰਜੀਤ ਸਿੰਘ ਦੇ ਗ੍ਰਿਹ	ਜੇਠੂਵਾਲ	ਅੰਮ੍ਰਿਤਸਰ	੨੩੪
੨੬ ਫੱਗਣ ੨੦੦੭ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੩੬
ਪਹਿਲੀ ਚੇਤ ੨੦੦੮ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹ	ਜੇਠੂਵਾਲ	ਅੰਮ੍ਰਿਤਸਰ	੨੩੬
੦੩ ਚੇਤ ੨੦੦੮ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹ	ਅਹਿਮਦਪੁਰ		੨੪੨
੦੫ ਚੇਤ ੨੦੦੮ ਬਿਕ੍ਰਮੀ ਪਾਲ ਸਿੰਘ ਦੇ ਗ੍ਰਿਹ	ਲੱਲੀਆਂ	ਜਲੰਧਰ	੨੪੬
੦੫ ਚੇਤ ੨੦੦੮ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹ	ਅਹਿਮਦਪੁਰ		੨੪੮
੦੬ ਚੇਤ ੨੦੦੮ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੫੩
੦੮ ਚੇਤ ੨੦੦੮ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੫੬
੦੬ ਚੇਤ ੨੦੦੮ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੫੮
੧੦ ਚੇਤ ੨੦੦੮ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੫੬
੧੧ ਚੇਤ ੨੦੦੮ ਬਿਕ੍ਰਮੀ ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੬੧

4
੦੧

੧੩ ਚੇਤ ੨੦੦੮ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੬੪
੧੪ ਚੇਤ ੨੦੦੮ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੬੬
੧੫ ਚੇਤ ੨੦੦੮ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੬੭
੨੨ ਚੇਤ ੨੦੦੮ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੭੧
੨੩ ਚੇਤ ੨੦੦੮ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੭੩
੨੪ ਚੇਤ ੨੦੦੮ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੭੩
੨੫ ਚੇਤ ੨੦੦੮ ਬਿਕ੍ਰਮੀ	ਬਚਨ ਹੋਏ	ਜੇਠੂਵਾਲ	ਅੰਮ੍ਰਿਤਸਰ	੨੭੮
੨੬ ਚੇਤ ੨੦੦੮ ਬਿਕ੍ਰਮੀ	ਠਾਕਰ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੨੮੮
੨੬ ਚੇਤ ੨੦੦੮ ਬਿਕ੍ਰਮੀ	ਆਤਮਾ ਸਿੰਘ ਦੇ ਗ੍ਰਹਿ ਮਸੀਤ ਵਿਚ	ਜੇਠੂਵਾਲ	ਅੰਮ੍ਰਿਤਸਰ	੨੯੧
੨੭ ਚੇਤ ੨੦੦੮ ਬਿਕ੍ਰਮੀ	ਮਾਸਟਰ ਸੋਹਣ ਸਿੰਘ	ਰਾਮ ਪੁਰ	ਅੰਮ੍ਰਿਤਸਰ	੨੯੭
੨੮ ਚੇਤ ੨੦੦੮ ਬਿਕ੍ਰਮੀ	ਮਾਸਟਰ ਸੋਹਣ ਸਿੰਘ	ਰਾਮ ਪੁਰ	ਅੰਮ੍ਰਿਤਸਰ	੩੦੫
੨੯ ਚੇਤ ੨੦੦੮ ਬਿਕ੍ਰਮੀ	ਸੁਰੈਣ ਸਿੰਘ ਦੇ ਗ੍ਰਹਿ	ਬੰਡਾਲਾ	ਅੰਮ੍ਰਿਤਸਰ	੩੦੯
੩੦ ਚੇਤ ੨੦੦੮ ਬਿਕ੍ਰਮੀ	ਇੰਦਰ ਸਿੰਘ ਦੇ ਗ੍ਰਹਿ	ਬੰਡਾਲਾ	ਅੰਮ੍ਰਿਤਸਰ	੩੧੫
ਪਹਿਲੀ ਵਿਸਾਖ ੨੦੦੮ ਬਿਕ੍ਰਮੀ	ਪ੍ਰੇਮ ਸਿੰਘ ਨੰਬਰਦਾਰ	ਬੁੱਗੇ	ਅੰਮ੍ਰਿਤਸਰ	੩੨੦
੦੧ ਵਿਸਾਖ ੨੦੦੮ ਬਿਕ੍ਰਮੀ	ਪੂਰਨ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੩੨੮
੦੨ ਵਿਸਾਖ ੨੦੦੮ ਬਿਕ੍ਰਮੀ	ਪੂਰਨ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੩੨੯
੦੫ ਵਿਸਾਖ ੨੦੦੮ ਬਿਕ੍ਰਮੀ	ਰਣਜੀਤ ਕੌਰ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੩੩੪
੦੬ ਵਿਸਾਖ ੨੦੦੮ ਬਿਕ੍ਰਮੀ	ਬਿਸ਼ਨ ਕੌਰ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੩੩੭
੧੦ ਵਿਸਾਖ ੨੦੦੮ ਬਿਕ੍ਰਮੀ	ਪੂਰਨ ਸਿੰਘ ਦੇ ਗ੍ਰਹਿ	ਜੇਠੂਵਾਲ	ਅੰਮ੍ਰਿਤਸਰ	੩੩੯
੧੧ ਵਿਸਾਖ ੨੦੦੮ ਬਿਕ੍ਰਮੀ	ਇੰਦਰ ਸਿੰਘ ਦੇ ਗ੍ਰਹਿ	ਝਬਾਲ	ਅੰਮ੍ਰਿਤਸਰ	੩੪੧
੧੧ ਵਿਸਾਖ ੨੦੦੮ ਬਿਕ੍ਰਮੀ	ਮੋਤਾ ਸਿੰਘ ਦੇ ਗ੍ਰਹਿ	ਕਲਸੀ	ਅੰਮ੍ਰਿਤਸਰ	੩੪੬
੧੨ ਵਿਸਾਖ ੨੦੦੮ ਬਿਕ੍ਰਮੀ	ਸ਼ਿੰਗਾਰਾ ਸਿੰਘ ਦੇ ਗ੍ਰਹਿ	ਕਲਸੀ	ਅੰਮ੍ਰਿਤਸਰ	੩੫੧

੧੨ ਵਿਸਾਖ ੨੦੦੮ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹ	ਅਮੀ ਸ਼ਾਹ	ਅੰਮ੍ਰਿਤਸਰ	੩੫੮
੧੩ ਵਿਸਾਖ ੨੦੦੮ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ	ਗਗੋਬੂਆ	ਅੰਮ੍ਰਿਤਸਰ	੩੬੫
੧੫ ਵਿਸਾਖ ੨੦੦੮ ਬਿਕ੍ਰਮੀ ਹਵਲਦਾਰ ਪੂਰਨ ਸਿੰਘ	ਜੇਠੂਵਾਲ	ਅੰਮ੍ਰਿਤਸਰ	੩੭੫
੨੦ ਵਿਸਾਖ ੨੦੦੮ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ	ਜੇਠੂਵਾਲ	ਅੰਮ੍ਰਿਤਸਰ	੩੮੪
੦੫ ਜੇਠ ੨੦੦੮ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ	ਜੇਠੂਵਾਲ	ਅੰਮ੍ਰਿਤਸਰ	੩੮੫
੦੬ ਜੇਠ ੨੦੦੮ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ	ਜੇਠੂਵਾਲ	ਅੰਮ੍ਰਿਤਸਰ	੩੬੮
੦੭ ਜੇਠ ੨੦੦੮ ਬਿਕ੍ਰਮੀ ਸੰਤਾ ਸਿੰਘ ਦੇ ਗ੍ਰਿਹ	ਭੰਡਾਲ	ਅੰਮ੍ਰਿਤਸਰ	੪੧੫
੧੭ ਹਾੜ ੨੦੦੮ ਬਿਕ੍ਰਮੀ ਵਿਹਾਰ ਹੋਇਆ	ਵੈਰੋਵਾਲ	ਅੰਮ੍ਰਿਤਸਰ	੪੨੫
੦੬ ਸਾਵਣ ੨੦੦੮ ਬਿਕ੍ਰਮੀ ਵਿਹਾਰ ਹੋਇਆ	ਮੇਰਠ	ਮੇਰਠ	੪੫੫
੦੫ ਸਾਵਣ ੨੦੦੮ ਬਿਕ੍ਰਮੀ ਵਿਹਾਰ ਹੋਇਆ	ਮੇਰਠ	ਮੇਰਠ	੪੬੭
੧੧ ਸਾਵਣ ੨੦੦੮ ਬਿਕ੍ਰਮੀ ਵਿਹਾਰ ਹੋਇਆ	ਮੇਰਠ	ਮੇਰਠ	੪੭੬
੧੨ ਸਾਵਣ ੨੦੦੮ ਬਿਕ੍ਰਮੀ ਵਿਹਾਰ ਹੋਇਆ	ਮੇਰਠ	ਮੇਰਠ	੪੮੨
੧੪ ਸਾਵਣ ੨੦੦੮ ਬਿਕ੍ਰਮੀ ਵਿਹਾਰ ਹੋਇਆ	ਮੇਰਠ	ਮੇਰਠ	੪੬੪
੧੫ ਸਾਵਣ ੨੦੦੮ ਬਿਕ੍ਰਮੀ ਵਿਹਾਰ ਹੋਇਆ	ਮੇਰਠ	ਮੇਰਠ	੫੦੫
੧੬ ਸਾਵਣ ੨੦੦੮ ਬਿਕ੍ਰਮੀ ਵਿਹਾਰ ਹੋਇਆ	ਚਕਰਾਤੇ	ਅੰਮ੍ਰਿਤਸਰ	੫੧੭
੧੭ ਸਾਵਣ ੨੦੦੮ ਬਿਕ੍ਰਮੀ ਵਿਹਾਰ ਹੋਇਆ	ਚਕਰਾਤੇ	ਅੰਮ੍ਰਿਤਸਰ	੫੨੭
੦੪ ਅੱਸੂ ੨੦੦੮ ਬਿਕ੍ਰਮੀ ਵਿਹਾਰ ਹੋਇਆ	ਮੇਰਠ	ਮੇਰਠ	੫੫੩
ਪਹਿਲੀ ਮਾਘ ੨੦੦੮ ਬਿਕ੍ਰਮੀ ਵਿਹਾਰ ਹੋਇਆ	ਬੁੱਗੇ	ਅੰਮ੍ਰਿਤਸਰ	੫੫੫
੨੧ ਮਾਘ ੨੦੦੮ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹ	ਦਿੱਲੀ	ਦਿੱਲੀ	੬੭੨
੨੨ ਮਾਘ ੨੦੦੮ ਬਿਕ੍ਰਮੀ ਗਿਆਨੀ ਬਿਸ਼ਨ ਸਿੰਘ ਦੇ ਗ੍ਰਿਹ	ਗੁੜਗਾਉਂ	ਗੁੜਗਾਉਂ	੬੮੮
੧੧ ਫੱਗਣ ੨੦੦੮ ਬਿਕ੍ਰਮੀ ਮੇਰਠ ਛਾਵਣੀ ਵਿਹਾਰ ਹੋਇਆ		ਮੇਰਠ	੭੩੦
੦੮ ਚੇਤ ੨੦੦੬ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ	ਜੇਠੂਵਾਲ	ਅੰਮ੍ਰਿਤਸਰ	੭੪੪

੧੫ ਚੇਤ ੨੦੦੬ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ	ਜੇਠੂਵਾਲ	ਅੰਮ੍ਰਿਤਸਰ	੭੫੦
੧੭ ਚੇਤ ੨੦੦੬ ਬਿਕ੍ਰਮੀ ਰਣਜੀਤ ਕੌਰ ਦੇ ਗ੍ਰਿਹ	ਜੇਠੂਵਾਲ	ਅੰਮ੍ਰਿਤਸਰ	੭੫੬
੦੫ ਵਿਸਾਖ ੨੦੦੬ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਿਹ	ਜੇਠੂਵਾਲ	ਅੰਮ੍ਰਿਤਸਰ	੭੬੭
੦੬ ਵਿਸਾਖ ੨੦੦੬ ਬਿਕ੍ਰਮੀ ਭਾਈਆ ਪ੍ਰੇਮ ਸਿੰਘ	ਬੁੱਗੀਂ	ਅੰਮ੍ਰਿਤਸਰ	੭੭੫

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

ਮਹਾਰਾਜ ਸ਼ੇਰ ਸਿੰਘ ਤਨ ਵਜ਼ੂਦ ਮਾਟੀ ਖ਼ਾਕ ਪੰਜ ਤਤ ਦਾ ਪੁਤਲਾ ਸਰਗੁਣ ਸਰੂਪ ਬਵੰਜਾ ਸਾਲ ਦੀ ਆਯੂ ਭੋਗ ਕੇ ਇਸ ਸੰਸਾਰ ਮਾਤਲੋਕ ਵਿਚੋਂ ਛੱਬੀ ਪੋਹ ਵੀਹ ਸੌ ਬਿਕ੍ਰਮੀ ਨੂੰ ਦੇਹ ਛੱਡ ਕੇ ਆਪਣੀ ਜੋਤ ਨੂੰ ਸਚਖੰਡ ਪੁਰਖ ਅਕਾਲ ਦੀ ਨਿਰਗੁਣ ਧਾਰ ਜੋਤ ਵਿਚ ਮਿਲਾ ਕੇ ਫਿਰ ਓਸੇ ਸਮੇਂ ਅਗੰਮੀ ਖੇਲ ਕਰਨ ਵਾਸਤੇ ਜੋਤ ਸ਼ਬਦ ਦੀ ਧਾਰ ਬਣ ਕੇ ਪੂਰਨ ਸਿੰਘ ਸਪੁੱਤਰ ਸਰਦਾਰ ਪਾਲ ਸਿੰਘ ਦੇ ਪਵਿੱਤਰ ਸਰੀਰ ਵਿਚ ਪ੍ਰਗਟ ਹੋ ਗਏ । ਇਟਲੀ ਮੁਲਕ ਬ੍ਰਿੰਡਸੀ ਸ਼ਹਿਰ ਵਿਚ ਪੂਰਨ ਸਿੰਘ ਫੌਜੀ ਨੌਕਰੀ ਕਰਦਾ ਸੀ ਅਤੇ ਰਾਤ ਦੇ ਦਸ ਵਜੇ ਸਤਿਜੁਗ ਦੀ ਧਾਰ ਨਵਿਤ ਸਾਰੇ ਸੰਸਾਰ ਦਾ ਪ੍ਰਭੂ ਦਾ ਨਾਮ ਜਪਣ ਵਾਲਾ ਜੈਕਾਰਾ ਪ੍ਰਸਿਧ ਕੀਤਾ ਜੋ ਕਿ ਸਰਬ ਮਾਨਵ ਜ਼ਾਤੀ ਆਤਮਾ ਪ੍ਰਮਾਤਮਾ ਦੇ ਅਧਾਰ ਉਤੇ ਹੈ । ਜੈਕਾਰਾ ਇਸ ਪ੍ਰਕਾਰ ਹੈ :-

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

ਜੋਤ ਪ੍ਰਵੇਸ਼ ਪੂਰਨ ਸਿੰਘ ਦੇ ਸਰੀਰ ਵਿਚ ਹੁੰਦੀ ਰਹੀ । ਏਸੇ ਤਰ੍ਹਾਂ ਸੱਤ ਜੇਠ ਵੀਹ ਸੌ ਛੇ ਬਿਕ੍ਰਮੀ ਵਾਲੇ ਦਿਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪ ਨੇ ਸਤਿਜੁਗ ਦੀ ਧਾਰ ਚਲਾਉਣ ਵਾਸਤੇ ਅਤੇ ਆਪਣੇ ਸ਼ਬਦ ਨੂੰ ਸੰਸਾਰ ਵਿਚ ਪ੍ਰਗਟ ਕਰਨ ਵਾਸਤੇ ਇਕ ਅਲੌਕਿਕ ਖੇਲ ਖੇਲਿਆ । ਸੰਗਤ ਦਾ ਇਕੱਠ ਪਿੰਡ ਕਲਸੀਆਂ ਵਿਚ ਮੋਤਾ ਸਿੰਘ ਦੇ ਘਰ ਕੀਤਾ । ਜੋਤ ਪ੍ਰਵੇਸ਼ ਸੀ । ਸੰਗਤ ਪ੍ਰੇਮ ਨਾਲ ਸ਼ਬਦ ਕੀਰਤਨ ਕਰ ਰਹੀ ਸੀ । ਧੁੱਪ ਅਤੇ ਗਰਮੀ ਬਹੁਤ ਸੀ । ਸੰਗਤ ਦਾ ਪ੍ਰੇਮ ਵੇਖ ਕੇ ਜੋਤ ਸਰੂਪ ਜੋਤ ਨੇ ਹੁਕਮ ਕੀਤਾ ਅੱਜ ਮੀਹ ਵਸੇਗਾ । ਉਸੇ ਸਮੇਂ ਸਵਰਨ ਸਿੰਘ ਸਪੁੱਤਰ ਸ੍ਰੀ ਚੇਤ ਸਿੰਘ ਕਲਸੀਆਂ ਵਾਲੇ ਨੇ ਉਠ ਕੇ ਬੇਨਤੀ ਕੀਤੀ ਕਿ ਅੱਜ ਮੀਹ ਨਾ ਵਸੇ । ਉਸ ਵਕਤ ਜੋਤ ਪੂਰਨ ਸਿੰਘ ਦੇ ਸਰੀਰ ਵਿਚ ਪ੍ਰਵੇਸ਼ ਤੇ ਪ੍ਰਗਟ ਸੀ । ਸੰਗਤ ਵੜੇ ਪ੍ਰੇਮ ਨਾਲ ਮੰਗਲਾਚਾਰ ਕਰ ਰਹੀ ਸੀ । ਗੁਰਸਿਖ ਦੇ ਬਚਨ ਮੋੜਨ ਕਰ ਕੇ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨੇ ਜੋਤ ਸਰੂਪੀ ਹੁਕਮ ਦਿਤਾ ਕਿ ਸਾਡਾ ਵਿਹਾਰ ਸਰਬ ਸ੍ਰਿਸਟੀ ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਪਤਾਲ ਗਗਨ

ਗਗਨੰਤਰ ਜਿਮੀਂ ਅਸਮਾਨ ਵਿਚ ਹੁਕਮ ਨਾਲ ਹੋਣਾ ਹੈ । ਸਾਡਾ ਹੁਕਮ ਤੇ ਬਚਨ ਕੋਈ ਸਿਖ ਨਾ ਮੋੜੇ । ਇਸ ਕਰਕੇ ਅਸੀਂ ਮਰਯਾਦਾ ਕਠਿਨ ਰੱਖਣ ਦੇ ਕਾਰਨ ਸਵਰਨ ਸਿੰਘ ਦਾ ਸਰੀਰ ਛੁਡਾ ਕੇ ਲੇਖੇ ਲੌਂਦੇ ਹਾਂ ਅਤੇ ਅਗੇ ਵਾਸਤੇ ਮਾਰਗ ਲੌਂਦੇ ਹਾਂ ਕਿ ਕੋਈ ਸਿਖ ਆਪਣੇ ਜੀਵਨ ਜਿੰਦਗੀ ਵਿਚ ਗੁਰੂ ਦਾ ਹੁਕਮ ਨਾ ਮੋੜੇ । ਕਲਸੀਆਂ ਵਾਲਾ ਚੇਤ ਸਿੰਘ ਮਹਾਰਾਜ ਜੀ ਦਾ ਬੜਾ ਪਿਆਰਾ ਸਿਖ ਸੀ । ਏਸੇ ਕਾਰਨ ਉਸ ਦੇ ਨਾਮ ਨੂੰ ਵਡਿਆਈ ਦੇਣ ਖਾਤਰ ਉਸ ਦੇ ਸਪੁੱਤਰ ਸਵਰਨ ਸਿੰਘ ਦੀ ਪਹਿਲੀ ਭੇਟ ਲੈ ਕੇ ਆਪਣੇ ਅਗੰਮੀ ਭਾਵ ਨੂੰ ਸੰਸਾਰ ਵਿਚ ਪ੍ਰਗਟ ਕਰਨ ਦਾ ਆਰੰਭ ਕੀਤਾ । ਬੜੀ ਖ਼ੁਸ਼ੀ ਵਿਚ ਅਗੰਮੀ ਬਾਣੀ ਦਾ ਸਤਿਜੁਗ ਵਾਸਤੇ ਸ਼ਬਦ ਉਚਾਰਨ ਕੀਤਾ । ਅਚਾਨਕ ਹੀ ਸੱਤ ਜੇਠ ਦੁਪਹਿਰ ਦੇ ਦੋ ਵਜੇ ਵੀਹ ਸੌ ਛੇ ਬਿਕ੍ਰਮੀ ਜੋਤ ਸਰੀਰ ਵਿਚੋਂ ਖਿਚ ਕੇ ਆਪਣੀ ਜੋਤ ਵਿਚ ਮਿਲਾ ਲਈ । ਉਸ ਸਮੇਂ ਪੂਰਨ ਗੁਰਸਿਖ ਚੇਤ ਸਿੰਘ ਨੇ ਬੜੀ ਖ਼ੁਸ਼ੀ ਮਨਾਈ ਜਿਸ ਵੇਲੇ ਉਸ ਦੇ ਸਪੁੱਤਰ ਦੀ ਦੇਹ ਛੁੱਟੀ । ਸਵਰਨ ਸਿੰਘ ਦੀ ਆਯੂ ਬਾਈ ਸਾਲ ਦੀ ਸੀ । ਸੰਗਤ ਵਿਚ ਮਹਾਸੁਖ ਅਨੰਦ ਹੋਇਆ । ਸੰਗਤ ਨੇ ਬੜੀ ਖ਼ੁਸ਼ੀ ਮਨਾਈ ਕਿ ਪੁਰਖ ਅਕਾਲ ਨੇ ਆਪਣੇ ਹੁਕਮ ਅਨੁਸਾਰ ਗੁਰਸਿਖ ਨੂੰ ਆਪਣੇ ਵਿਚ ਮਿਲਾਇਆ ਨਾਲ ਹੀ ਧ੍ਰੂ ਦੀ ਪਦਵੀ ਦਾ ਮਾਣ ਬਖ਼ਸ਼ਿਆ । ਉਸ ਦਿਨ ਤੋਂ ਸਤਿਜੁਗ ਦੀ ਧਾਰ ਵਾਸਤੇ ਲਿਖਤ ਅਰੰਭ ਹੋਈ । ਪੁਰਖ ਅਕਾਲ ਦੀ ਜੋਤ ਸ਼ਬਦ ਧਾਰ ਦਾ ਵਿਹਾਰ ਪੂਰਨ ਸਿੰਘ ਦੇ ਸ਼ਰੀਰ ਰਾਹੀਂ ਸੰਸਾਰ ਵਿਚ ਪ੍ਰਸਿਧ ਹੋਇਆ । ਪੂਰਨ ਸਿੰਘ ਸਪੁੱਤਰ ਸਰਦਾਰ ਪਾਲ ਸਿੰਘ ਮਾਤਾ ਬਿਸ਼ਨ ਕੌਰ ਚਕ ਨੰਬ੍ਰ ਸਤਾਈ ਝੰਗ ਬਰਾਂਚ ਜਿਲਾ ਲਾਇਲਪੁਰ ਦੇ ਰਹਿਣ ਵਾਲੇ ਸਨ ।

ਸ਼ਬਦ ਦੀ ਅਵਾਜ ਵਿਚ ਹੁਕਮ ਹੋਇਆ ਕਿ ਸਾਡੀ ਸਤਿਜੁਗ ਦੀ ਅਥਾਹ ਬਾਣੀ ਪੰਜਾਂ ਕਲਮਾਂ ਨਾਲ ਪੰਜ ਲਿਖਾਰੀ ਲਿਖਣਗੇ । ਜੋਤ ਸ਼ਬਦ ਦੇ ਹੁਕਮ ਅਨੁਸਾਰ ਪੰਜ ਲਿਖਾਰੀ ਵੀਹ ਸੌ ਪੰਝੀ ਬਿਕ੍ਰਮੀ ਮੁਤਾਬਕ ਸੰਮਤ ਸ਼ਹਿਨਸ਼ਾਹੀ ਪੰਜ (ਚਾਰ) ਵਿਚ ਪ੍ਰਗਟ ਤੇ ਪ੍ਰਸਿਧ ਕੀਤੇ ਗਏ । ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :-

(੧) ਦਰਸ਼ਨ ਸਿੰਘ ਸਪੁੱਤਰ ਪਾਲ ਸਿੰਘ ਪਿੰਡ ਲੱਲੀਆਂ ਜਿਲਾ ਜਲੰਧਰ ।
(੨) ਸੁਰਜੀਤ ਸਿੰਘ ਸਪੁੱਤਰ ਪੂਰਨ ਸਿੰਘ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ।
(੩) ਜਗੀਰ ਸਿੰਘ ਸਪੁੱਤਰ ਬਲਵੰਤ ਸਿੰਘ ਪਿੰਡ ਭੋਲੇਕੇ ਜ਼ਿਲਾ ਗੁਰਦਾਸਪੁਰ ।
(੪) ਤਰਿਪਤ ਕੌਰ ਸਪੁੱਤਰੀ ਰਾਮ ਸਿੰਘ ਗਵਾਲ ਟੋਲੀ ਮਕਾਨ ਨੰਬ੍ਰ ੩੮੬ ਫਿਰੋਜ਼ਪੁਰ ।
(੫) ਜੁਗਿੰਦਰ ਕੌਰ ਸਪੁੱਤਰੀ ਰਾਮ ਸਿੰਘ ਗਵਾਲ ਟੋਲੀ ਮਕਾਨ ਨੰਬ੍ਰ ੩੮੬ ਫਿਰੋਜ਼ਪੁਰ ।

ਅਗੰਮੀ ਸਤਿਗੁਰ ਸ਼ਬਦ ਦਾ ਧੁਰ ਫ਼ਰਮਾਣ ਸ਼ਬਦ ਧਾਰ ਵਿਚ ਪ੍ਰਗਟ ਕੀਤਾ ਗਿਆ ਜਿਸ ਵਿਚ ਬੀਤੇ ਹੋਏ ਚੌਹ ਜੁਗਾਂ ਦੇ ਅਵਤਾਰਾਂ ਪੈਗੰਬਰਾਂ

ਗੁਰੂਆਂ ਅਤੇ ਭਗਤਾਂ ਦੇ ਭਵਿਖਤ ਵਾਕਾਂ ਅਨੁਸਾਰ ਅਕਾਲ ਪੁਰਖ ਨਿਰਗੁਣ ਜੋਤ ਸਤਿ ਸਰੂਪ ਨੇ ਸਤਿਜੁਗ ਦੀ ਧਾਰ ਲਈ ਇਕ ਮਾਰਗ ਪ੍ਰਸਿਧ ਕੀਤਾ । ਆਤਮਾ ਪ੍ਰਮਾਤਮਾ ਦੇ ਅਧਾਰ ਉਤੇ ਸਾਰੀ ਸ੍ਰਿਸ਼ਟੀ ਦਾ ਮਾਨਵ ਜ਼ਾਤੀ ਦਾ ਮਨੁਸ਼ੀ ਨਾਤਾ ਸਾਂਝਾ ਬਣਾਇਆ । ਜਿਸ ਵਿਚ ਕਿਸੇ ਦੀਨ ਮਜ਼ਹਬ ਜ਼ਾਤ ਪਾਤ ਸ਼ਰਅ ਦਾ ਕੋਈ ਵਿਤਕਰਾ ਨਹੀਂ ਹੈ । ਇਹ ਗ੍ਰੰਥ ਭਗਤ ਭਗਵਾਨ ਦਾ ਇਸ਼ਟ ਤੇ ਭਗਤ ਭਗਵਾਨ ਦਾ ਮਾਰਗ ਸੰਸਾਰ ਨੂੰ ਦਰਸਾਉਂਦੇ ਹਨ ।

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

❊ ੭ ਜੇਠ ੨੦੦੬ ਬਿਕ੍ਰਮੀ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ਚੇਤ ਸਿੰਘ ਦੇ ਸਪੁੱਤਰ ਸਵਰਨ ਸਿੰਘ ਦੇ ਨਵਿਤ ❊

ਬਚਨ ਅਮੋੜੇ ਗੁਰ ਕਾ ਭਾਈ । ਵਿਚ ਸੰਸਾਰ ਰਹਿਣ ਨਾ ਪਾਈ । ਸੰਗਤ ਵਿਚ ਗੁਰ ਅੰਮ੍ਰਿਤ ਬਰਖੇ । ਮੰਗੇ ਕਹਿਰ ਦੇਹ ਤੇ ਵਰਤੇ । ਸੰਗਤ ਨੂੰ ਇਹ ਰਾਹ ਬਤਾਇਆ । ਸਤਿ ਕਰ ਮੰਨੋ ਗੁਰੂ ਸੁਣਾਇਆ । ਵਰਤਾਵੇ ਕਹਿਰ ਨਾ ਮੇਟੇ ਕੋਏ । ਮਹਾਰਾਜ ਸ਼ੇਰ ਸਿੰਘ ਦੀ ਜੋਤ ਪ੍ਰਗਟ ਹੋਏ । ਜੋ ਕੁਛ ਹੂਆ ਹੁਕਮ ਅਨੁਸਾਰ । ਰੱਖੇ ਨਾ ਕੋਏ ਗੁਰ ਕੀ ਮਾਰ । ਜੇਠ ਸੱਤ ਹੋਇਆ ਖੇਲ ਅਪਾਰਾ । ਸਵਰਨ ਸਿੰਘ ਗੁਰ ਪਾਰ ਉਤਾਰਾ । ਤਜੀ ਦੇਹ ਛੁੱਟਾ ਸੰਸਾਰ । ਸਚਖੰਡ ਵਿਚ ਲਿਆ ਉਤਾਰ । ਛੱਡ ਧ੍ਰੂ ਬੈਠਾ ਦਰ ਆਏ । ਨਿਰੰਕਾਰ ਦਾ ਦਰਸ ਨਿਤ ਪਾਏ । ਝੂਠੀ ਦੇਹ ਤਜਾਈ ਆਪ । ਆਪ ਆਪਣੀ ਬਖ਼ਸ਼ੀ ਦਾਤ । ਮਰਿਆ ਸਵਰਨ ਹੋਈ ਆਤਮ ਸ਼ਾਂਤ । ਚੇਤ ਸਿੰਘ ਦਾ ਵਡ ਪ੍ਰਤਾਪ । ਚੇਤ ਸਿੰਘ ਗੁਣ ਗਹਿਰ ਗੰਭੀਰ । ਸ੍ਰਿਸ਼ਟੀ ਨੂੰ ਇਹ ਵੱਜਾ ਤੀਰ । ਆਪਣੇ ਮਨ ਨੂੰ ਲੈ ਟਿਕਾਏ, ਮਹਾਰਾਜ ਸ਼ੇਰ ਸਿੰਘ ਇਹ ਖੇਲ ਰਚਾਏ ।

❊ ੭ ਭਾਦਰੋਂ ੨੦੦੬ ਬਿਕ੍ਰਮੀ ਕੁਦ ਕਸ਼ਮੀਰ ਵਿਚ ❊

ਸਤਿਗੁਰ ਨੇ ਇਹ ਕੀਆ ਨਬੇੜਾ । ਬੰਸ ਤਾਰਿਆ ਸਾਰਾ ਤੇਰਾ । ਲਿਖਤ ਲਿਖਾਈ ਸਤਿਗੁਰ ਪੂਰੇ । ਜਿਸ ਦੇ ਵਾਜੇ ਅਨਹਦ ਤੂਰੇ । ਮੇਰੇ ਬਚਨ ਇਹ ਅਨਤਤਰੰਗਾ । ਅਨਹਦ ਸ਼ਬਦ ਮਨ ਵਜੰਗਾ । ਕਿਰਤਮ ਨਾਮ ਜਪੇ ਇਹ ਜਿਹਵਾ । ਨਾਮ ਸਤਿ ਮੇਰਾ ਪਰਾ ਪੂਰਬਲਾ । ਕੁਲਵੰਤ ਨਾਸ ਹੋ ਨਾ ਜਾਵੇ । ਮਹਾਰਾਜ ਸ਼ੇਰ ਸਿੰਘ ਬਚਨ ਲਿਖਾਵੇ । ਹੋਏ ਅਟੱਲ ਸਤਿਗੁਰ ਕੀਆ । ਉਜਲ ਮੁੰਹ ਨਿਰਮਲ ਤੇਰਾ ਜੀਆ । ਜੇਠ ਸੱਤ ਦਾ ਬਚਨ ਲਿਖਾਇਆ । ਤਜਿਆ ਧ੍ਰੂ ਸਵਰਨ ਬਹਾਇਆ । ਮਾਨਸ ਦੇਵ ਸਰਬ ਸਰਨ ਪੜੰਦੇ । ਤੀਨ ਲੋਕ ਦਾ ਆਪ ਰਖਵਾਲਾ । ਸਰਬ ਜੀਆਂ ਕਾ ਆਪ ਪ੍ਰਿਤਪਾਲਾ । ਮੈਂ ਹੂੰ ਏਕ ਵਰਤਮਾਨ ਅਨੇਕ । ਭਗਤ ਜਨਾਂ ਨੂੰ ਮੇਰੀ ਟੇਕ । ਸਰਬ ਕਲਾ ਹੂੰ ਮੈਂ ਪਰਬੀਨ । ਮੈਂ ਹੂੰ ਆਪ ਆਪ ਮੇਂ ਸਮੀਪਤ । ਤਰਨ ਤਾਰਨੋ ਇਕ ਮੀਲ ਦੁਰਾਡਾ । ਪਿੰਡ ਬੁੱਗੇ ਕਲਜੁਗ ਵਿਚ ਵਡਭਾਗਾ । ਪ੍ਰੇਮ ਸਿੰਘ ਨੰਬਰਦਾਰ ਘਰ ਗਾਵੇ । ਬਾਬਾ ਮਨੀ ਸਿੰਘ ਨਿਤ ਕੋਲ ਰਖਾਵੇ । ਹੋਇਆ ਮਿਹਰਵਾਨ ਆਪ ਹੈ ਭੂਪ । ਦੇਵੇ ਦਰਸ ਸਤਿਗੁਰ ਅਨੂਪ । ਕਲਜੁਗ ਵਿਚ ਇਹ ਧਾਮ ਲਿਖਵਾਇਆ ।

ਸਤਿਜੁਗ ਇਹ ਉਪਜਾਇਆ । ਔਰ ਨਾਸ ਸਭਨ ਕਾ ਕੀਤਾ । ਕਲਜੁਗ ਵਾਲੀ ਹਟਾਈ ਇਹ ਰੀਤਾ । ਸੋਹੰ ਸ਼ਬਦ ਹੋਵੇਗਾ ਮੇਰਾ । ਬਾਕੀ ਸਭਨ ਕਾ ਕੀਆ ਨਬੇੜਾ । ਅੰਤਕਾਲ ਮੈਂ ਕਰਾਂ ਪ੍ਰਕਾਸ਼ਾ । ਦੇਵ ਦੰਤ ਸਰਬ ਕਾ ਵਿਨਾਸ਼ਾ । ਆਪਣੇ ਸਿੱਖ ਦੀ ਆਪ ਪ੍ਰਿਤਪਾਲੇ । ਕੋਈ ਨਾ ਮਾਰੇ ਸਦਾ ਹਰਿ ਨਾਲੇ । ਜੁਗੋ ਜੁਗ ਮੇਰੀ ਇਹ ਕਾਰ । ਭਗਤ ਜਨਾਂ ਦੀ ਕਰਾਂ ਜੈਕਾਰ । ਸਿੱਖਾਂ ਨੇ ਜੋ ਕਸ਼ਟ ਉਠਾਇਆ । ਸਭ ਕਲੇਸ਼ ਉਨ੍ਹਾਂ ਦਾ ਲਾਹਿਆ । ਆਪਣੀ ਮਹਿਮਾ ਆਪ ਜਣਾਵੇ । ਬੇਮੁਖ ਇਸ ਦਾ ਭੇਵ ਨਾ ਪਾਵੇ । ਮੂੜ੍ਹ ਮਤਿ ਅੰਧ ਅਗਿਯਾਤਾ । ਈਸ਼ਵਰ ਖੇਲ ਨਾ ਜਾਣੇ ਬਿਧ ਨਾਤਾ । ਮਨ ਕਪਟ ਬੜਾ ਹੰਕਾਰੀ । ਦਰਗਾਹ ਵਿਚ ਦੁਸ਼ਟ ਦੁਰਾਚਾਰੀ । ਦੁਰਮਤ ਦੇਹ ਹੋਵੇ ਤੇਰੀ ਭਾਈ । ਮੇਰੀ ਲਿਖਤ ਮਿਟੇ ਨਾ ਰਾਈ । ਸੰਗਤ ਸਤਿਗੁਰ ਆਪ ਬਣਾਈ । ਗੁਰ ਸੰਗਤ ਵਿਚ ਭੇਦ ਨਾ ਕਾਈ । ਆਪ ਜੀਵੇ ਆਪ ਜਵਾਤਾ । ਆਪ ਸਰਬ ਕਲਾ ਰੰਗ ਰਾਤਾ । ਆਪਣਾ ਭੇਵ ਆਪ ਛੁਪਾਵੇ । ਮੂਰਖ ਮੁਗਧ ਸਾਰ ਨਾ ਪਾਵੇ । ਨੈਣੀ ਦੇਖ ਭੁੱਲੇ ਨਾਦਾਨਾ । ਮਹਾਰਾਜ ਸ਼ੇਰ ਸਿੰਘ ਨਹੀਂ ਪਛਾਨਾ । ਅਮੋਘ ਦਰਸ਼ਨ ਅਜੂਨੀ ਸੰਭਓ । ਅਕਾਲ ਮੂਰਤ ਜਿਸ ਕਿਸੇ ਨਾ ਖੋਂ । ਅਬਿਨਾਸ਼ੀ ਅਬਗਤ ਅਗੋਚਰ । ਸਭ ਕਿਛ ਤੁਝ ਸੇ ਹੈ ਲਗਾ । ਸ੍ਰੀ ਰੰਗ ਬੈਕੁੰਠ ਕੇ ਵਾਸੀ । ਮਛ ਕਛ ਕੂਰਮ ਆਗਿਆ ਅਉਤਰਾਸੀ । ਕੇਸ਼ਵ ਚਲਤ ਕਰੇ ਨਿਰਾਲੇ । ਕੀਤਾ ਲੋੜੇ ਸੋ ਪਾਵੇਗਾ । ਮੈਂ ਹੂੰ ਏਕ ਮੇਰਾ ਖੇਲ ਅਨੇਕ । ਸਰਬ ਕਲਾ ਇਸ ਦੇਹ ਵਿਚ ਅਨੂਪਾ । ਮੈਂ ਹੂੰ ਆਪ ਆਦਿ ਅੰਤ ਹੋਤਾ । ਅਚਰਜ ਖੇਲ ਮੈਂ ਆਪ ਇਹ ਕੀਤਾ । ਰਾਮ ਨਾਮ ਮੈਂ ਅਖਵਾਇਆ । ਉਸ ਜੁਗ ਦਾ ਨਾਸ ਕਰਾਇਆ । ਹੋਇਆ ਦੁਆਪਰ ਕ੍ਰਿਸ਼ਨ ਮੁਰਾਰੀ । ਸਰਬ ਸ੍ਰਿਸ਼ਟ ਜਿਸ ਆਪ ਸੰਘਾਰੀ । ਆਇਆ ਕਲਜੁਗ ਹੋਇਆ ਅੰਤਕਾਲ । ਮਹਾਰਾਜ ਸ਼ੇਰ ਸਿੰਘ ਸਰਬ ਪ੍ਰਿਤਪਾਲ । ਈਸ਼ਵਰ ਏਕ ਅਵਰ ਨਾ ਕੋਏ । ਜਿਤਨੇ ਗੁਰ ਉਸ ਦੇ ਹੋਏ । ਸਭ ਨੇ ਜਪਿਆ ਮੇਰਾ ਨਾਮ । ਮੁਕੰਦ ਮਨੋਹਰ ਇਹ ਕ੍ਰਿਸ਼ਨ ਭਗਵਾਨ । ਸੋਲਾਂ ਕਲਾ ਮੈਂ ਆਪ ਸੰਪੂਰਣ । ਚੌਦਾਂ ਵਿਦਿਆ ਮੇਰੀ ਰਸਨਾ ਅਧੂਰਣ । ਚਾਰ ਵਰਨ ਮਾਨਸ ਉਪਜਾਏ । ਸਰਬ ਜੀਵ ਆਪਣੀ ਸਰਨੀ ਲਾਏ । ਤੇਤੀਸ ਕਰੋੜ ਦੇਵੀ ਦੇਵ ਉਪਾਏ । ਇੰਦਰ ਫੁਨਿੰਦਰ ਸਰਬ ਸਰਨੀ ਆਏ । ਸ਼ਿਵ ਸ਼ਿਵਲੋਕ ਦਾ ਵਾਸੀ । ਬ੍ਰਹਮਾ ਚਾਰ ਵੇਦ ਮੇਰਾ ਨਾਉਂ ਸੁਨਾਸੀ । ਮੈਂ ਹੂੰ ਆਪ ਆਪਣੇ ਵਿਚ ਪ੍ਰਬੀਨਤ । ਮੇਰੀ ਮਹਿਮਾ ਕੋਈ ਜੀਵ ਨਾ ਚੀਨਤ । ਮੇਰਾ ਧਾਮ ਅਤਿ ਸੂਖਮ ਤੇ ਨਿਰਾਲਾ । ਤੀਨ ਲੋਕ ਦਾ ਮੈਂ ਰਖਵਾਲਾ । ਸਰਬ ਜੀਵ ਦਾ ਮੈਂ ਪ੍ਰਿਤਪਾਲਕ । ਸਰਬ ਜੀਵ ਦਾ ਹੂੰ ਘਾਲਕ । ਮੋ ਕੋ ਆਖੇ ਈਸ਼ਵਰ ਦੇਵ ਸਭ ਭਾਈ । ਮੇਰਾ ਨਾਮ ਬਾਣੀ ਜਗਤ ਅਖਵਾਈ । ਬਾਣੀ ਵਿਨਾਸ਼ੇ ਸਤਿਗੁਰ ਨਾ ਵਿਨਾਸੇ । ਬਾਣੀ ਅਲੋਪ ਸਤਿਗੁਰ ਪ੍ਰਕਾਸ਼ੇ । ਸਤਿਗੁਰ ਦੇਵੇ ਭਗਤਨ ਕੋ ਵਡਿਆਈ । ਦਰਸ ਪਾਏ ਭਗਤ ਜਸ ਗਾਈ । ਮੇਰਾ ਨਾਮ ਲੈਣ ਜੋ ਭਗਤਨ । ਉਸ ਕੋ ਬਾਣੀ ਜਗਤ ਮੇਂ ਕਹਿਤਨ । ਬਾਣੀ ਆਪ ਗੁਰੂ ਉਪਜਾਵੇ । ਮਹਿਮਾ ਆਪਣੀ ਆਪ ਲਿਖਾਵੇ । ਸਮੇਂ ਅਨੁਸਾਰ ਕਰੇ ਅੰਤਕਾਲ । ਥਿਰ ਰਹੇ ਇਹ ਆਪ ਦੀਨ ਦਿਆਲ । ਦੀਨ ਦਿਆਲ ਸਦਾ ਪ੍ਰਿਤਪਾਲ । ਮਹਾਰਾਜ ਸ਼ੇਰ ਸਿੰਘ ਲਏ ਬਿਰਦ ਸੰਭਾਲ ।

੨
੦੧

❊ ❊

❊ ਬੱਚੇ ਵਾਸਤੇ ਅਰਜ਼ ❊

ਅਰਜ਼ ਤੁਸਾਂ ਨੇ ਗੁਜ਼ਾਰੀ । ਪੁੱਤ ਮੇਰੇ ਦੀ ਲਾਹੋ ਬੀਮਾਰੀ । ਕੱਟਿਆ ਜੰਜਾਲ ਓਸ ਦਾ ਭਾਈ । ਮੇਰੇ ਨਾਂ ਦੀ ਹੋਈ ਦੁਹਾਈ । ਬਚਨ ਆਪ ਨੂੰ ਅਸਾਂ ਇਹ ਕੀਤਾ । ਇਕ ਪੁੱਤਰ ਜਗਤ ਸੇ ਦੀਤਾ । ਆਪ ਨੇ ਜੋ ਸੇਵ ਕਮਾਈ । ਉਚੀ ਤੈਨੂੰ ਮਿਲੀ ਵਡਿਆਈ ।

❊ ੯ ਭਾਦਰੋਂ ੨੦੦੬ ਬਿਕ੍ਰਮੀ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਪੂਰਨ ਸਿੰਘ ਦੇ ਗ੍ਰਹਿ ❊

ਜਿਸ ਦੇਹ ਮੇਂ ਮੇਰਾ ਪ੍ਰਕਾਸ਼ । ਉਸ ਦੇਹ ਦਾ ਨਹੀਂ ਵਿਨਾਸ । ਮੈਂ ਹੂੰ ਜੋਤੀ ਜੋਤ ਸਰੂਪਾ । ਨਾ ਮੇਰਾ ਰੰਗ ਨਾ ਮੇਰਾ ਰੂਪਾ । ਮੈਂ ਆਪਣਾ ਆਪ ਉਪਜਾਇਆ । ਮਾਇਆ ਵਿਚ ਜਗਤ ਉਪਾਇਆ । ਐਸੀ ਚਲਾਂ ਖੇਲ ਨਿਰਾਲੀ । ਆਪਣੀ ਜੋਤ ਸਭਨ ਮੇਂ ਘਾਲੀ । ਆਪਣਾ ਆਪ ਮੂਲ ਨਾ ਜਾਣਤ । ਆਪਣਾ ਆਪ ਸਰੂਪ ਉਪਾ ਕੇ । ਨਾਭ ਵਿਚੋਂ ਬ੍ਰਹਮਾ ਪ੍ਰਗਟਾ ਕੇ । ਕਵਲ ਵਿਚੋਂ ਕਵਲ ਉਪਾਇਆ । ਚਾਰ ਮੁਖ ਦਾ ਸਰੂਪ ਬਣਾਇਆ । ਫਿਰ ਉਸ ਨੂੰ ਦਰਸ਼ਨ ਦੀਤਾ । ਇਸ ਸੰਸਾਰ ਦੀ ਚਲਾਈ ਰੀਤਾ । ਕੇਸ਼ਵ ਰਿਖ ਉਪਾਇਆ ਪੋਤਾ । ਬਾਸ਼ਕ ਤਸ਼ਕ ਉਨ੍ਹੋ ਮੇਂ ਹੋਤਾ । ਗਰੜ ਉਨ੍ਹਾਂ ਦਾ ਮਤਰੇਆ ਜਾਇਆ । ਭਗਵਾਨ ਜਿਸ ਨੇ ਉਪਰ ਉਠਾਇਆ । ਸੱਤ ਕਾਲੇ ਸੱਤ ਸਫੇਦ ਬਣਾਏ । ਮੇਰੇ ਰਥ ਦੇ ਅੱਗੇ ਲਾਏ । ਏਹ ਮੇਰੀ ਹੈ ਕਲਾ ਨਿਰਾਲੀ । ਚਿੱਟਾ ਘੋੜਾ ਜਿਸ ਸੇਵ ਕਮਾ ਲੀ । ਸ਼ਿਵ ਸ਼ੰਕਰ ਆਪ ਉਪਾਏ । ਬਾਸ਼ਕ ਤਸ਼ਕ ਜਿਨ ਗਲ ਮੇਂ ਪਾਏ । ਦਿਨ ਰਾਤ ਜਿਨ੍ਹਾਂ ਨੇ ਘਾਲਣ ਘਾਲੀ । ਉਨ੍ਹਾਂ ਨੂੰ ਮਿਲੇ ਆਪ ਬਨਵਾਲੀ । ਮਾਇਆ ਵਿਚ ਉਨ੍ਹਾਂ ਨੂੰ ਭੁਲਾਇਆ । ਮੈਂ ਹਾਂ ਮੋਹਣੀ ਰੂਪ ਬਣਾਇਆ । ਸ਼ਿਵਾਂ ਦਾ ਮਾਣ ਗਵਾਇਆ । ਭੈਂਸੇ ਦੀ ਜੂਨੀ ਪਾ ਕੇ, ਪਹਾੜ ਵਿਚ ਸਿਰ ਲੁਕਾਇਆ । ਹੋਏ ਅਧੀਨ ਮੈਨੂੰ ਧਿਆਇਆ । ਹਾਜ਼ਰ ਹੋ ਕੇ ਦਰਸ ਦਿਖਾਇਆ । ਸਭ ਮਾਣ ਉਨ੍ਹਾਂ ਦਾ ਗਵਾਇਆ । ਮਾਇਆ ਦਾ ਸੀ ਜਾਲ ਹਟਾ ਕੇ । ਆਪਣਾ ਮੋਹਣੀ ਰੂਪ ਛੁਪਾ ਕੇ । ਸਵੱਛ ਸਰੂਪ ਕੀਆ ਹੈ ਆਪਣਾ । ਪਾਇਆ ਦਰਸ ਹੋਏ ਦੇਹ ਨਿਹਾਲੀ । ਮੈਂ ਭੁੱਲਾ ਤੇਰੀ ਸਾਰ ਨਾ ਜਾਣੀ । ਹੋਇਆ ਕਿਰਪਾਲ ਦੀਨ ਦਿਆਲ । ਸ਼ਿਵਲੋਕ ਹੋਈ ਜੈ ਜੈਕਾਰ । ਮਾਇਆ ਦੇਖ ਭੁਲੇ ਨਾ ਭਰਮੇ । ਮੇਰਾ ਨਾਮ ਰਾਖੋ ਮਨ ਮੇਂ । ਮੈਂ ਹੂੰ ਪਰੀ ਪੂਰਨ ਪਰਮੇਸ਼ਵਰ । ਮੈਂ ਹੂੰ ਆਦਿ ਜੁਗਾਦਿ ਜਗਤੇਸ਼ਵਰ । ਭਰਤੰਬਰ ਮੈਂ ਆਪ ਸਵਾਮੀ । ਛਿੰਨ ਭੰਗਰ ਸਦਾ ਨਿਹਕਾਮੀ । ਮੁਝ ਕੋ ਭੂਲੇ ਠੌਰ ਨਾ ਪਾਵੇ । ਤੀਨ ਲੋਕ ਥਿਰ ਨਾ ਰਹਾਵੇ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਦਾ ਮੈਂ ਰਖਵਾਲਾ । ਬੈਕੁੰਠ ਧਾਮ ਮੇਂ ਜੋਤ ਜਗਾਵਣ ਵਾਲਾ । ਜਗੇ ਜੋਤ ਹੋਏ ਅਨੂਪਾ । ਹਰ ਜੀਵ ਮੇਂ ਮੈਂ ਸਮੀਪਾ । ਆਪਣੀ ਵਸਤ ਆਪ ਨਾ ਬੂਝੇ । ਅੰਧ ਅਗਿਆਨ ਦਰ ਦਰ ਲੂਝੇ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਾ ਕੇ । ਵਿਚ ਆਪਣੀ ਜੋਤ ਜਗਾ ਕੇ । ਮਨ ਮਤ ਬੁਧ ਉਪਾ ਕੇ । ਜੀਵ ਦੀ ਕਾਇਆ ਬਣਾ ਕੇ । ਵਿਚ ਲੋਭ ਹੰਕਾਰ ਵਸਾਇਆ । ਕਲਜੁਗ ਦਾ ਜਿਨ ਕਾਲ ਕਰਾਇਆ । ਕਲਜੁਗ ਨੇ ਆਪਣੀ ਕਾਰ ਕਰਾਈ । ਰਹਿਣ ਨਾ ਦਿਤੀ ਕਿਸੇ ਵਡਿਆਈ । ਕਾਲ ਰੂਪ ਕਾਲ ਹੋ ਆਇਆ । ਮਹਾਰਾਜ ਸ਼ੇਰ ਸਿੰਘ ਹੁਕਮ ਸੁਣਾਇਆ । ਕਾਲ ਕੀਆ ਕਲਜੁਗ ਦਾ ਆ ਕੇ । ਮਹਾਰਾਜ ਸ਼ੇਰ ਸਿੰਘ ਨਾਂ ਰਖਾ ਕੇ । ਸੋਹੰ ਸ਼ਬਦ

੩ ੦੧

ਦਾ ਜਾਪ ਕਰਾ ਕੇ । ਬਾਕੀ ਸਭਨ ਦਾ ਨਾਸ ਕਰਾ ਕੇ । ਬਾਬੇ ਮਨੀ ਸਿੰਘ ਤੋਂ ਲਿਖਤ ਕਰਾ ਕੇ । ਛੇ ਮਹੀਨੇ ਕਲਮ ਚਲਾ ਕੇ । ਅੱਠ ਮਣ ਸਾਢੇ ਸੱਤ ਛਟਾਂਕ ਬਾਣੀ ਲਿਖਵਾ ਕੇ । ਚਾਰ ਜੁਗ ਦਾ ਵਰਨ ਕਰਾ ਕੇ । ਐਸੀ ਬਾਬੇ ਕਲਮ ਚਲਾਈ । ਸਾਰੀ ਸ੍ਰਿਸ਼ਟੀ ਭਸਮ ਕਰਾਈ । ਹੰਕਾਰੀਆਂ ਨੂੰ ਐਸੀ ਨੱਥ ਪੁਆਈ । ਦਰ ਦਰ ਭਿਖਿਆ ਮੰਗਣ ਨਾ ਪਾਈ । ਪਿੰਡ ਭੰਡਾਲ ਬਿਆਸੋਂ ਪਾਰ । ਜਿਥੇ ਮਨੀ ਸਿੰਘ ਰੱਖੇ ਪਿਆਰ । ਉਥੇ ਸੰਗਤ ਆਵੇ ਜਾਵੇ । ਮਨੀ ਸਿੰਘ ਦੇ ਦਰਸ ਨਿੱਤ ਪਾਵੇ । ਅਰਜਨ ਸਿੰਘ ਸਿੱਖ ਨੇ ਚੁਗਲੀ ਖਾਧੀ । ਇਹ ਸਾਧ ਬੜਾ ਅਪਰਾਧੀ । ਨਵਾਂ ਇਕ ਏਸ ਖੇਲ ਬਣਾਇਆ । ਮਹਾਰਾਜ ਸ਼ੇਰ ਸਿੰਘ ਗੁਰ ਪ੍ਰਗਟਾਇਆ । ਹੋਰ ਸਭਨ ਦਾ ਮਾਣ ਗੁਆ ਕੇ । ਓਸ ਦੀ ਸਰਨੀ ਲੱਗਾ ਜਾ ਕੇ । ਸਫੈਦ ਦਾੜ੍ਹੀ ਭੂਰੀ ਹੈ ਕਾਲੀ । ਏਸ ਬੁੱਢੇ ਦੀ ਮਤਿ ਹੈ ਮਾਰੀ । ਏਸ ਗੁੱਸੇ ਦੇ ਵਿਚ ਆ ਕੇ । ਰੋਇਆ ਬਾਬਾ ਸਾਡੇ ਕੋਲ ਆਪ ਆ ਕੇ । ਹੁਕਮ ਸਤਿਗੁਰੂ ਤੇਰਾ ਚਾਹੁੰਦਾ । ਛਿੰਨ ਵਿਚ ਇਨ੍ਹਾਂ ਨੂੰ ਮਾਰ ਮੁਕੌਂਦਾ । ਬਚਨ ਕੀਆ ਸਤਿਗੁਰ ਪੂਰੇ । ਸ਼ਾਂਤ ਰਹੋ ਤੁਸੀਂ ਭੂਰੀ ਵਾਲੇ । ਤੇਰੇ ਹੱਥ ਦਿਆਂ ਵਡਿਆਈ । ਮੋਰ ਪੰਖ ਦੀ ਕਲਮ ਬਣਾਈ । ਮਹਾਰਾਜ ਸ਼ੇਰ ਸਿੰਘ ਨਿੱਤ ਧਿਆਈ । ਪ੍ਰਗਟ ਕਰੂੰ ਤੇਰੀ ਵਡਿਆਈ । ਐਸਾ ਰਾਗ ਤੁਝੇ ਸੁਣਾਊਂ । ਅਨਹਦ ਸ਼ਬਦ ਮਨ ਵਜਾਊਂ । ਜਿਸ ਦੀ ਧੁਨਕਾਰ ਨਾ ਛੁੱਟੇ । ਬਾਬਾ ਤੇਰੀ ਪ੍ਰੀਤ ਚਰਨਾਂ ਵਿਚੋਂ ਨਾ ਟੁੱਟੇ । ਕਲਜੁਗ ਵਿਚ ਤੁਸਾਂ ਸਾਨੂੰ ਪ੍ਰਗਟਾਇਆ । ਸੰਗਤਾਂ ਵਿਚ ਆਪਣੇ ਸੀਸ ਉਠਾਇਆ । ਹਰਿਮੰਦਰ ਸਾਹਿਬ ਦੇ ਵਿਚ ਲੈ ਜਾ ਕੇ । ਮੰਜੀ ਸਾਹਿਬ ਦੇ ਉਪਰ ਬਹਾ ਕੇ । ਦਿਤਾ ਹੁਕਮ ਕਰੋ ਨਿਮਸਕਾਰ ਆ ਕੇ । ਗੁਰ ਅਰਜਨ ਵਾਲਾ ਸ਼ਬਦ ਸੁਣਾ ਕੇ । ਹਰਿ ਜੂ ਹਰਿਮੰਦਰ ਵਿਚ ਆਇਆ । ਕਲਜੁਗ ਵਿਚ ਇਹ ਨਿਹਕਲੰਕ ਅਖਵਾਇਆ । ਆਪਣੇ ਧਾਮ ਵਿਚ ਆਪ ਸੁਹਾਇਆ । ਸੰਗਤਾਂ ਨੂੰ ਅੱਜ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਵਿਚ ਨਾਂ ਰਖਾ ਕੇ । ਅੱਗੋਂ ਉਠ ਕੇ ਪਏ ਪੁਜਾਰੀ । ਏਹ ਕੀ ਸਾਧਾ ਕੀਤੀ ਕਾਰੀ । ਇਕ ਬਾਲ ਨੂੰ ਤੂੰ ਉਠਾ ਕੇ । ਮੰਜੀ ਸਾਹਿਬ ਦੇ ਉਤੇ ਬਹਾ ਕੇ । ਫਿਟ ਗਈ ਤੇਰੀ ਨੀਤੀ । ਚਲੀ ਚਾਲ ਇਹ ਕੁਰੀਤੀ ।

੪
੦੧

❊ ਠੇਕੇਦਾਰ ਠਾਕਰ ਸਿੰਘ ਦੇ ਨਵਿੱਤ ਬਚਨ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਕੁਟੰਬ ਅਲਪਨੰ ਨੈਨਣ ਦੇਖਨੰ, ਮਨੋ ਸੁਰਤਯਾਲਕੋ । ਸੈਹਿੰਸਾਨੰ ਹੰਕਾਰ ਨਿਵਾਰੰ, ਆਤਮ ਸਾਰਨੰ ਮੇਰੀ ਪੈਹਚਾਨਕੋ । ਪ੍ਰਪੰਚ ਪਰਪੇਖਨੰ, ਸਰਬ ਕਲਾ ਦੇਖਨੰ, ਤੇਰੀ ਪ੍ਰਿਤਪਾਲਕੋ ।

❊ ੧੧ ਭਾਦਰੋਂ ੨੦੦੬ ਬਿਕ੍ਰਮੀ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਪੂਰਨ ਸਿੰਘ ਦੇ ਗ੍ਰਹਿ ❊

ਤੀਨ ਤਾਪ ਮਾਰਾਂ ਮੈਂ ਆਪ । ਮੇਰੇ ਸਿੱਖ ਦਾ ਵਡ ਪ੍ਰਤਾਪ । ਐਸੀ ਪ੍ਰੀਤ ਪ੍ਰੀਤਮ ਲਾਈ । ਇਸ ਦੀ ਪਾਹਨੀ ਤਾਪ ਸਿਰ ਲਾਈ । ਮਹਾਰਾਜ ਸ਼ੇਰ ਸਿੰਘ ਹੁਕਮ ਇਹ ਘੱਲਿਆ । ਕਾਲਾ ਬੀਰ ਮੁਹੰਮਦ ਚਲਿਆ । ਜਿਸ ਨੂੰ ਮਾਰੇ ਮੇਰੀ ਆਣ । ਤਿਨ ਕੋ ਪਈ ਸੰਗਤ ਕੀ ਕਾਨ । ਐਸਾ

ਇਹ ਮੰਤਰ ਬਣਾਇਆ । ਤੀਨ ਤਾਪ ਕਾ ਨਾਸ ਕਰਾਇਆ । ਆਪ ਉਚਾਰੇ ਪ੍ਰੀਤਮ ਸਿੱਖ ਪਿਆਰਾ । ਦੁੱਖ ਕਲੇਸ਼ ਲਾਹ ਦੇ ਸਾਰਾ । ਪੀਤ ਪਤੰਬਰ ਤ੍ਰੈਭਵਨ ਧਨੀ । ਜਗਨ ਨਾਥ ਗੋਪਾਲ ਮੁਖ ਭਨੀ । ਸਾਰਿੰਗ ਧਰ ਭਗਵਾਨ ਬੀਠਲਾ । ਜਿਸ ਗਣਤ ਆਵੈ ਸਰਬੰਗਾ । ਪਤਿਤ ਪਾਵਨ ਦੁੱਖ ਭੈ ਭੰਜਨ । ਹੰਕਾਰ ਨਿਵਾਰਨ ਹੈ ਭਵਖੰਡਨ । ਭਗਤੀ ਤੋਖਤ ਦੀਨ ਦਿਆਲਾ । ਸਭ ਕਿਛ ਤੁਝ ਸੇ ਹੈ ਭਿੰਗਾ । ਹਰਿਮੰਦਰ ਦੇ ਕੁੱਤੇ ਪੁਜਾਰੀ । ਜਿਨ੍ਹਾਂ ਹਾਹਾਕਾਰ ਮਚਾ ਲਈ । ਆਪਣੀ ਪਤਿ ਆਪ ਗਵਾਈ । ਕੂਕਰ ਸੂਕਰ ਦੀ ਜੂਨ ਲਿਖਵਾਈ । ਨਗਰੀ ਰਾਮਦਾਸ ਦੀ ਬਣੇ ਹੰਕਾਰੀ । ਪੰਦਰਾਂ ਸੌ ਛੱਬੀ ਗੁਰ ਨਾਨਕ ਆਇਆ । ਨਾਮ ਸਤਿ ਦਾ ਮੰਤਰ ਦ੍ਰਿੜਾਇਆ । ਭੁੱਲੇ ਸਿੱਖ ਨੂੰ ਅੰਗ ਲਗਾਇਆ । ਲਹਣੇ ਤੋਂ ਅੰਗਦ ਬਣਾਇਆ । ਅੰਗਦ ਦੀ ਜਿਨ ਸੇਵ ਕਮਾਈ । ਅਮਰਦਾਸ ਅਮਰ ਦੀ ਪਦਵੀ ਪਾਈ । ਅਮਰਦਾਸ ਇਹ ਪ੍ਰੀਖਤਾ ਕੀਤੀ । ਰਾਮਦਾਸ ਨੂੰ ਗੱਦੀ ਦਿਤੀ । ਗਏ ਵੇਦੀ ਸੋਢੀ ਆਏ । ਦਾਸ ਰਾਮ ਗੁਰੂ ਸੋਲਾਂ ਸੋਲਾਂ ਵਿਚ ਆਏ । ਰਾਮਦਾਸ ਇਹ ਨਗਰ ਵਸਾ ਕੇ । ਬਾਬੇ ਬੁੱਢੇ ਨੂੰ ਨਾਲ ਰਲਾ ਕੇ । ਸਰ ਅੰਮ੍ਰਿਤ ਆਪ ਪ੍ਰਗਟਾ ਕੇ । ਗੁਰ ਅਰਜਨ ਦੀ ਸੇਵਾ ਲਾ ਕੇ । ਚਾਰ ਵਰਨ ਦਾ ਧਾਮ ਬਣਾ ਕੇ । ਚਾਰ ਦਰ ਉਸ ਦੇ ਰਖਵਾ ਕੇ । ਨਾਮ ਆਪਣੇ ਦਾ ਪ੍ਰਕਾਸ਼ ਕਰਾ ਕੇ । ਤਾਲ ਵਾਲੀ ਸੇਵਾ ਕਰਾ ਕੇ । ਵਿਚ ਸੰਗਤ ਦੇ ਸੇਵ ਕਮਾ ਕੇ । ਆਪਣਾ ਗੁਝਾ ਭੇਦ ਲੁਕਾ ਕੇ । ਅਰਜਨ ਨੂੰ ਜਿਨ ਇਹ ਨਜ਼ਰ ਕੀਤੀ । ਐਸੀ ਜੋਤ ਅਸਾਂ ਨੇ ਦਿਤੀ । ਪਾ ਕੇ ਦਰਸ਼ਨ ਹੋਇਆ ਪ੍ਰਸੰਨ । ਧੰਨ ਧੰਨ ਧੰਨ ਮੁਖੋਂ ਕਹੇ ਧੰਨ । ਬੋਲੇ ਮੈਨੂੰ ਵਡਿਆ ਕੇ । ਪੈਜ ਰੱਖੀ ਤੂੰ ਮੇਰੀ ਆ ਕੇ । ਵੇਖ ਜੋਤ ਬੜਾ ਖ਼ੁਸ਼ ਹੋਇਆ । ਉਚਾਰੇ ਸ਼ਬਦ ਖੜ੍ਹਾ ਖਲੋਇਆ । ਸੰਤਾਂ ਦੇ ਕਾਰਜ ਵਿਚ ਆਪ ਖਲੋਇਆ । ਅਰਜਨ ਦੇ ਮੁਖੋਂ ਹਰਿ ਹਰਿ ਹੋਇਆ । ਮੈਂ ਹੂੰ ਦਾਸ ਮੈਂ ਨਾ ਮੋਰਾ । ਤੁਮ ਹੋ ਜਿਸ ਚਰਨ ਸੰਗ ਜੋੜਾ । ਜਿਸ ਉਪਰ ਦਇਆ ਜਾਂ ਕੀਤੀ । ਆਤਮ ਸੁੱਧ ਦੇਹ ਪੁਨੀਤੀ । ਦਿਵਸ ਰੈਣ ਮੇਰਾ ਜਸ ਗਾਵੇ । ਭਾਈ ਗੁਰਦਾਸ ਉਹਦੀ ਲਿਖਤ ਕਰਾਵੇ । ਐਸਾ ਸ਼ਬਦ ਸੱਚਾ ਚਲਾਵਾਂ । ਭੇਦ ਨਾ ਆਪਣਾ ਕਿਸੇ ਜਤਾਵਾਂ । ਮੈਂ ਹੂੰ ਪਰੀ ਪੂਰਨ ਪਰਮੇਸ਼ਵਰ । ਆਦਿ ਜੁਗਾਦਿ ਸਦਾ ਜਗਤੇਸ਼ਵਰ । ਪਾਪੀਆਂ ਦੀ ਮਤਿ ਹੋਈ ਅਧੂਰੀ । ਵੇਖ ਸਤਿਗੁਰੂ ਪਾਵਣ ਘੂਰੀ । ਅਛਲ ਛਲਣ ਛਲ ਆਪ ਕਰਾਇਆ । ਮਨਮੁਖਾਂ ਨੇ ਭੇਤ ਨਾ ਪਾਇਆ । ਲੋਗਨ ਕੋ ਗੁਰ ਸਿੱਖ ਬਤਾਵੇ । ਦੇਖ ਗੁਰੂ ਕੋ ਮੁਖ ਭੁਆਵੇ । ਕਲਜੁਗ ਨੇ ਪਾਈ ਮਾਇਆ । ਸਤਿਗੁਰੂ ਤੋਂ ਪਿੱਛੇ ਹਟਾਇਆ । ਨੈਣੀ ਦੇਖ ਸਤਿਗੁਰ ਪੂਰਾ । ਮਨ ਵਿਚ ਅਗਿਆਨ ਚਿੱਤ ਹਦੂਰਾ । ਉਚ ਚਿਤ ਦੀ ਚਿਖਾ ਬਣਾਈ । ਉਤਮ ਜੋਤ ਦੀ ਕੀਤੀ ਸਫ਼ਾਈ । ਜੋਤ ਵਿਚ ਸੀ ਜੋਤ ਮਿਲਾ ਕੇ । ਪ੍ਰੇਤ ਜੂਨ ਉਨ੍ਹਾਂ ਨੂੰ ਪਾ ਕੇ । ਜਿੰਨ ਖਵੀਸ ਮਹੰਤ ਬਣਾ ਕੇ । ਮਨੀ ਸਿੰਘ ਤੋਂ ਲਿਖਤ ਕਰਾ ਕੇ । ਮਹੰਤਾਂ ਜੋਗਾ ਥਾਂ ਬਣਾਇਆ । ਅੰਮ੍ਰਿਤਸਰ ਥੋੜ੍ਹਾ ਥੋੜ੍ਹਾ ਢਾਹਿਆ । ਸ਼ਹਿਰੀ ਜੀਵ ਆਮ ਜੋ ਖਾਸਾ । ਵਿਸ਼ਟਾ ਉਨ੍ਹਾਂ ਉਨ੍ਹਾਂ ਦਾ ਖਾਧਾ । ਹੋਏ ਬੇਮੁਖ ਇਹ ਗਤ ਪਾਈ । ਜੁਗ ਜੁਗ ਪ੍ਰੇਤ ਜੂਨ ਦੀ ਮਿਲੀ ਇਹ ਸਜ਼ਾਈ । ਸੰਗਤ ਸਾਡੀ ਵਿਚ ਬਹਿ ਜਾਵੇ ਆ ਕੇ । ਮਨ ਦਾ ਹੰਗਤਾ ਰੋਗ ਗੁਆ ਕੇ । ਮਾਣ ਅਭਿਮਾਣ ਦਿਲੋਂ ਭੁਲਾ ਕੇ । ਇਕੋ ਆਸ ਮੇਰੀ ਰਖਾ ਕੇ । ਚਰਨਾ ਵਿਚ ਸੀਸ ਝੁਕਾ ਕੇ । ਸੰਗਤ ਨੂੰ ਭੈਣ ਭਰਾ ਬਣਾ ਕੇ । ਮਨੋਂ ਵਿਕਾਰ ਸਾਰਾ ਲਾਹ ਕੇ । ਸ਼ਬਦ ਮੇਰੇ ਦਾ ਭੈ ਰਖਾ ਕੇ । ਆਪਣੇ ਆਪ ਨੂੰ ਨੀਵਾਂ ਅਖਵਾ ਕੇ । ਚਰਨੀ ਡਿੱਗੇ ਸਾਡੀ ਆ ਕੇ । ਕਰੇ ਮਨੋਰਥ ਸਤਿਗੁਰ ਪੂਰਾ ।

ਦੁੱਧ ਪੁੱਤ ਦਾ ਨਹੀਂ ਹੈ ਤੋੜਾ । ਜੋ ਬੀਬੀ ਸਾਡੇ ਦਰ ਤੇ ਆਵੇ । ਅੰਸ ਬਿਨਾ ਨਾ ਖ਼ਾਲੀ ਜਾਵੇ । ਐਸੀ ਮੈਂ ਜਗਾਵਾਂ ਜੋਤਾ । ਮੇਰੀ ਤਾਕਤ ਵਰਤੇ ਮੋਤਾ । ਇਹ ਸਦਾ ਹੈ ਮੇਰਾ ਬਚਨ । ਸੰਗਤਾਂ ਦੇ ਮਨ ਮੇਰਾ ਰਚਨ । ਜੋ ਸਿੱਖ ਸੁਆਲੀ ਆਵੇ । ਥਿਰ ਘਰ ਤੋਂ ਨਾ ਖ਼ਾਲੀ ਜਾਵੇ । ਇਸ ਤੋਂ ਪਰੇ ਨਹੀਂ ਕੋਈ ਧਾਮ । ਹਾਜ਼ਰ ਹਾਂ ਮੈਂ ਵਿਸ਼ਨੂੰ ਭਗਵਾਨ । ਅਨੰਤ ਜੁਗ ਮੇਂ ਮੈਂ ਹਾਂ ਰਹਿੰਦਾ । ਵਾਹ ਵਾਹ ਕਹਿੰਦਿਆਂ ਸਭ ਦੁੱਖ ਲਹਿੰਦਾ । ਸੋਹੰ ਨਾਮ ਮੇਰਾ ਸਤਿਜੁਗ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਲ ਛਪੰਜਾ ਤਿੰਨ ਮਹੀਨੇ ਛੇ ਦਿਨ ਭਾਈ । ਕਲਜੁਗ ਵਿਚ ਜੋਤ ਪ੍ਰਗਟਾਈ । ਤਾਬੋ ਤਾਈਂ ਮਿਲੀ ਵਡਿਆਈ । ਜਵੰਦ ਸਿੰਘ ਨੇ ਸਾਰ ਨਾ ਪਾਈ । ਬਾਲ ਸਮਝ ਕੇ ਬਾਲ ਅੰਞਾਣਾ । ਸੱਚਾ ਸਤਿਗੁਰ ਨਹੀਂ ਪਛਾਣਾ । ਮਹੀਨੇ ਛੇ ਹੋਈ ਆਰਜ਼ੂ ਮੇਰੀ । ਐਸੀ ਕਲਾ ਅਸਾਂ ਏ ਫੇਰੀ । ਮਨੀ ਸਿੰਘ ਨੂੰ ਟੁੰਬ ਉਠਾਇਆ । ਹੋਏ ਪ੍ਰਤੱਖ ਦਰਸ ਦਿਖਾਇਆ । ਮੁਕੰਦ ਮਨੋਹਰ ਨਜ਼ਰੀ ਆਇਆ । ਸ਼ਬਦ ਸਰੂਪ ਮਾਤ ਪਿਤਾ ਬਣਾਇਆ । ਘਰ ਦਾ ਦਰ ਅੱਖੀਂ ਦਿਖਾਇਆ । ਮਨ ਦਾ ਸੰਸਾ ਸਾਰਾ ਲਾਹਿਆ । ਖੱਬਾ ਚਰਨ ਉਪਰ ਉਠਾ ਕੇ । ਖੱਬੇ ਗਿੱਟੇ ਵਾਲਾ ਨਿਸ਼ਾਨ ਦਿਖਾ ਕੇ । ਐਸੀ ਸੋਝੀ ਉਸ ਨੂੰ ਪਾਈ । ਬਾਬਾ ਮਨੀ ਸਿੰਘ ਦਏ ਦੁਹਾਈ । ਵਿਸ਼ਨੂੰ ਭਗਵਾਨ ਜੋਤ ਪ੍ਰਗਟਾਈ । ਹੋਇਆ ਦਰਸ ਭਗਤ ਜਸ ਗਾਈ । ਐਸਾ ਤੀਰ ਦਰਸ ਦਾ ਖਾ ਕੇ । ਭੱਜਾ ਘਵਿੰਡ ਵਲ ਜੁੱਤੀ ਲਾਹ ਕੇ । ਅੱਗੇ ਪਿੱਛੇ ਸੰਗਤ ਸਾਰੀ । ਆਵੇ ਭੱਜਾ ਨਾ ਸੁਰਤ ਸੰਭਾਲੀ । ਪਿੰਡੋਂ ਬਾਹਰ ਡੇਰਾ ਲਾ ਕੇ । ਦਰੱਖਤ ਵੱਢਣ ਦੀ ਨੀਤ ਰਖਾ ਕੇ ।

੬
੦੧

❊ ੧੨ ਭਾਦਰੋਂ ੨੦੦੬ ਬਿਕ੍ਰਮੀ ਪਿੰਡ ਬੁੱਘੇ ਜ਼ਿਲਾ ਅੰਮ੍ਰਿਤਸਰ ਪ੍ਰੇਮ ਸਿੰਘ ਦੇ ਗ੍ਰਿਹ ❊

ਤੀਨ ਲੋਕ ਮੇਰਾ ਪ੍ਰਕਾਸ਼ । ਲੋਕਮਾਤ ਪਾਤਾਲ ਵਿਚ ਆਕਾਸ਼ । ਆਕਾਸ਼ ਵਿਚ ਮੈਂ ਜੋਤ ਸਰੂਪਾ । ਉਨੰਜਾ ਪਵਣ ਚਵਰ ਸਿਰ ਹੋਤਾ । ਐਸੀ ਜੋਤ ਜਗੇ ਨਿਰਾਲੀ । ਬਿਨ ਬੱਤੀ ਇਹ ਦੀਪਕ ਬਾਲੀ । ਉਤਮ ਦੀਆ ਮੈਂ ਆਪ ਨਿਆਰਾ । ਐਸਾ ਮੇਰਾ ਖੇਲ ਅਪਾਰਾ । ਜੋਤ ਵਿਚੋਂ ਮੈਂ ਜੋਤ ਜਗਾ ਕੇ । ਲੱਖ ਚੁਰਾਸੀ ਜੂਨ ਉਪਾ ਕੇ । ਰਕਤ ਬੂੰਦ ਦੀ ਦੇਹ ਬਣਾਈ । ਵਿਚ ਆਪਣੀ ਜੋਤ ਟਿਕਾਈ । ਉਪਰ ਅਕਾਸ਼ ਜੋ ਮੇਰਾ ਧਾਮ । ਉਸ ਦਾ ਧਰਿਆ ਬੈਕੁੰਠ ਨਾਮ । ਉਸ ਦੇਸ ਦਾ ਮੈਂ ਹਾਂ ਵਾਲੀ । ਵਿਜੇ ਰੂਪ ਆਪ ਅਬਿਨਾਸ਼ੀ । ਆਪ ਆਪਣੇ ਖੇਲ ਰਚਾਵੇ । ਸਮੇਂ ਅਨੁਸਾਰ ਜੋਤ ਪ੍ਰਗਟਾਵੇ । ਕਲਜੁਗ ਦੀ ਮੈਂ ਕਰਾਂ ਸਫ਼ਾਈ । ਮਨੀ ਸਿੰਘ ਨੇ ਜੋ ਲਿਖਤ ਕਰਾਈ । ਲਿਖਤ ਲਿਖੀ ਓਸ ਸਤਿਗੁਰ ਪੂਰੇ । ਪਲਟੀ ਕਾਇਆ ਹੁਣ ਬੈਠਾ ਹਜ਼ੂਰੇ । ਬਾਰਾਂ ਭਾਦਰੋਂ ਇਹ ਬਚਨ ਲਿਖਾਇਆ । ਬਾਬੇ ਮਨੀ ਸਿੰਘ ਤੋਂ ਸਤਿਗੁਰੂ ਬਣਾਇਆ । ਅੱਜ ਦਿਤੀ ਆ ਮੈਂ ਵਡਿਆਈ । ਆਪਣੀ ਜੋਤ ਇਹਦੇ ਵਿਚ ਪਾਈ । ਆਪਣੀ ਜੋਤ ਮੈਂ ਇਹਦੇ ਵਿਚ ਪਾਊਂ । ਇਹਦੇ ਸਿਰ ਤੇ ਮੈਂ ਛਤਰ ਝੁਲਾਊਂ । ਮੈਂ ਹਾਂ ਇਹਦੇ ਹੁਕਮ ਅਨੁਸਾਰ । ਬਾਬੇ ਲਿਖਤ ਲਿਖੀ ਅਪਾਰ । ਬਾਬੇ ਆਪਣੀ ਕਲਮ ਚਲਾਈ । ਛੱਡੀ ਦੇਹ ਮੈਂ ਜੋਤ ਪ੍ਰਗਟਾਈ । ਮੇਰੀ ਜੋਤ ਦਾ ਹੋਇਆ ਪ੍ਰਕਾਸ਼ । ਕਲਜੁਗ ਦਾ ਹੁਣ ਕੀਤਾ ਨਾਸ । ਸਤਿਜੁਗ ਦਾ ਹੁਣ ਸਤਿ ਵਰਤਾਇਆ । ਬਾਬੇ ਮਨੀ ਸਿੰਘ ਨੂੰ ਤਖ਼ਤ ਬਹਾਇਆ । ਮਾਤਲੋਕ ਵਿਚ

ਤਖ਼ਤ ਅਪਾਰਾ । ਪਲੰਘ ਨਿਵਾਰ ਜਿਸ ਦਿਤਾ ਸਹਾਰਾ । ਜਿਤਨੇ ਬਸਤਰ ਇਸ ਤੇ ਪਾਏ । ਪ੍ਰੇਮ ਸਿੰਘ ਤੇ ਪੜਦੇ ਪਾਏ । ਓਸ ਧਾਮ ਦਾ ਨਹੀਂ ਵਿਨਾਸ । ਜਿਥੇ ਮੇਰਾ ਹੋਇਆ ਪ੍ਰਕਾਸ਼ । ਮਾਤਲੋਕ ਵਿਚ ਮੇਰਾ ਸੁਖਆਸਣ । ਸਦੀਵ ਰਹੇ ਸਦਾ ਸੁਖਆਸਣ । ਸਿੰਘਆਸਣ ਇਹਦਾ ਨਾਂ ਰਖਾ ਕੇ । ਮਹਾਰਾਜ ਸ਼ੇਰ ਸਿੰਘ ਬੈਠਾ ਆ ਕੇ । ਬਾਬੇ ਮਨੀ ਸਿੰਘ ਨੂੰ ਮਾਣ ਦਵਾ ਕੇ । ਪਿੰਡ ਬੁੱਗੇ ਸਾਚਾ ਧਾਮ ਬਣਾ ਕੇ । ਪ੍ਰੇਮ ਸਿੰਘ ਜਿਸ ਸੇਵ ਕਮਾਈ । ਆਪਣੀ ਦਾਤ ਸਤਿਗੁਰ ਅੱਗੇ ਟਿਕਾਈ । ਦੁਨੀਆ ਦੀ ਇਸ ਤਜੀ ਮਾਇਆ । ਸਤਿਗੁਰ ਅੱਗੇ ਸੀਸ ਨਿਵਾਇਆ । ਐਸੀ ਦਿਤੀ ਇਹਨੂੰ ਵਡਿਆਈ । ਪ੍ਰੇਮ ਨਗਰੀ ਏਹ ਧਾਮ ਅਖਵਾਈ । ਚਾਰ ਜੁਗ ਏਹ ਰਹਿਸੀ ਧਾਮ । ਜਿਸ ਨੇ ਕਰੀ ਏਥੇ ਪ੍ਰਨਾਮ । ਉਹਨੂੰ ਮਿਲੂ ਆਪ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਪ੍ਰੇਮ ਸਿੰਘ ਨੇ ਪ੍ਰੇਮ ਆ ਕੀਤਾ । ਜਸ ਚਾਰ ਜੁਗ ਖਟ ਲੀਤਾ । ਐਸੀ ਸਿੱਖ ਨੂੰ ਦਿਤੀ ਵਡਿਆਈ । ਜੋਤ ਸੰਗ ਆ ਜੋਤ ਮਿਲਾਈ । ਚੁਰਾਸੀ ਵਿਚੋਂ ਆਪ ਕਢਾ ਕੇ । ਆਪਣੇ ਆਪ ਵਿਚ ਰੱਖੂੰ ਮਿਲਾ ਕੇ । ਬੈਕੁੰਠ ਧਾਮ ਦਾ ਦਰਸ ਦਿਖਾ ਕੇ । ਪਾਲ ਸਿੰਘ ਦੇ ਕੋਲ ਬਹਾ ਕੇ । ਸੇਵਾ ਕਰਾਊਂ ਹੱਥ ਚਵਰ ਫੜਾ ਕੇ । ਧ੍ਰੂ ਕਬੀਰ ਹੁਣ ਪਰੇ ਹਟਾ ਕੇ । ਸਵਰਨ ਸਿੰਘ ਦਰ ਅੱਗੇ ਬਹਾ ਕੇ । ਚੇਤ ਸਿੰਘ ਦੀ ਬਿੰਦ ਸੀ ਭਾਈ । ਸਾਡੇ ਦਰ ਤੇ ਮਿਲੇ ਵਡਿਆਈ । ਐਸੀ ਪਦਵੀ ਓਸ ਨੇ ਪਾਈ । ਪਾਵੇ ਦਰਸ ਸਦਾ ਜਸ ਗਾਈ । ਜੇਠ ਸੱਤ ਉਹਦੀ ਦੇਹ ਛੁਡਾਈ । ਐਡੀ ਉਸ ਤੇ ਦਇਆ ਕਮਾਈ । ਤਜੀ ਮਾਟੀ ਹੋਇਆ ਜੋਤ ਸਰੂਪਾ । ਰੱਖੇ ਲਾਜ ਸਤਿਗੁਰ ਅਨੂਪਾ । ਅੰਤ ਕਾਲ ਜਾਂ ਉਸ ਦਾ ਹੋਇਆ । ਸਾਡੇ ਦਰ ਤੇ ਸਾਰਾ ਬੰਸ ਰੋਇਆ । ਕੌਣ ਉਨ੍ਹਾਂ ਦੀ ਧੀਰ ਧਰਾਵੇ । ਮਹਾਰਾਜ ਸ਼ੇਰ ਸਿੰਘ ਕਾਰ ਕਰਾਵੇ । ਜੈਸੀ ਵਸਤ ਉਥੇ ਹੀ ਪਾਵੇ । ਆਪਣਾ ਭੇਤ ਆਪ ਰਖਾਵੇ । ਛੁਡਾਈ ਦੇਹ ਧ੍ਰੂ ਹੋਇਆ ਅਤੀਤਾ । ਸਵਰਨ ਸਿੰਘ ਸਦ ਹੈ ਜੀਤਾ । ਐਸੀ ਪਦਵੀ ਉਹਨੇ ਪਾਈ । ਕੁੱਖ ਮਾਤਾ ਦੀ ਸੁਫਲ ਕਰਾਈ । ਚੇਤ ਸਿੰਘ ਨੂੰ ਦਿਤੀ ਵਡਿਆਈ । ਮਹਾਰਾਜ ਸ਼ੇਰ ਸਿੰਘ ਦਏ ਦੁਹਾਈ । ਐਸੀ ਇਹ ਮੈਂ ਚਾਲ ਚਲਾਈ । ਹਾਜ਼ਰ ਹੋ ਕੇ ਦੇਹ ਛੁਡਾਈ । ਸਤਿਜੁਗ ਦੀ ਇਹ ਚਲੀ ਰੀਤਾ । ਮਹਾਰਾਜ ਸ਼ੇਰ ਸਿੰਘ ਪਤਿਤ ਪੁਨੀਤਾ । ਆਪ ਆਪਣਾ ਬਿਰਦ ਸੰਭਾਲਿਆ । ਆਪਣੇ ਭਗਤ ਨੂੰ ਆਪ ਉਠਾ ਲਿਆ । ਪਤਾਲੋਂ ਕੱਢ ਆਕਾਸ਼ ਬਹਾ ਲਿਆ । ਮਹਾਰਾਜ ਸ਼ੇਰ ਸਿੰਘ ਇਹ ਬਚਨ ਸੁਣਾ ਲਿਆ । ਚੇਤ ਸਿੰਘ ਕਿਉਂ ਰੋਵੇ ਭਾਈ । ਉਚ ਪਦਵੀ ਤੇਰੇ ਪੁੱਤ ਨੇ ਪਾਈ । ਸੰਸਾਰ ਵਾਲੀ ਤਜਾਈ ਮਾਇਆ । ਅੰਤ ਜੋਤੀ ਜੋਤ ਮਿਲਾਇਆ । ਝੂਠੀ ਦੇਹ ਨਾਲ ਕਰੇ ਪ੍ਰੀਤ । ਸਤਿਗੁਰ ਦੀ ਨਾ ਜਾਣੇ ਰੀਤ । ਮੇਰਾ ਇਹ ਰਾਹ ਨਿਰਾਲਾ । ਆਪਣਿਆਂ ਭਗਤਾਂ ਸਦਾ ਰਖਵਾਲਾ । ਮੈਂ ਐਸੀ ਕਾਰ ਕਮਾਵਾਂ । ਮਨਮੁਖਾਂ ਵਿਚੋਂ ਗੁਰਸਿਖ ਪ੍ਰਗਟਾਵਾਂ । ਕਲਜੁਗ ਦਾ ਹੁਣ ਮਾਣ ਗਵਾਵਾਂ । ਵਿਚ ਸਤਿਜੁਗ ਸਿਰ ਇਹਨਾਂ ਛਤਰ ਝੁਲਾਵਾਂ । ਘਾਲ ਗੁਰਸਿਖਾਂ ਨੇ ਐਸੀ ਘਾਲੀ । ਭੁੱਖ ਨੰਗ ਸਿੱਖਾਂ ਨੇ ਘਾਲੀ । ਬੁੱਧ ਸਿੰਘ ਬਾਲੇ ਚਕ ਵਾਲਾ । ਜਿਸ ਨੇ ਆਪਣਾ ਕੱਢਿਆ ਦਵਾਲਾ । ਜਿਸ ਨੇ ਮੇਰੀ ਸਾਰ ਸੀ ਪਾਈ । ਤਨ ਮਨ ਧਨ ਦੇਹ ਸੀ ਲੁਟਾਈ । ਐਸਾ ਉਸ ਨੂੰ ਲਾਇਆ ਝੋਰਾ । ਮਾਸ ਗਾਲਿਆ ਓਹਦਾ ਭੋਰਾ ਭੋਰਾ । ਸਿੱਖੀ ਤਿੱਖੀ ਓਸ ਆ ਡਿੱਠੀ । ਧੁਰਦਰਗਾਹ ਦੀ ਮੈਥੋਂ ਲੈ ਲਈ ਚਿੱਠੀ । ਆਪਣਾ ਉਸ ਨੇ ਕੀਆ ਨਬੇੜਾ । ਬਹੁਰ ਨਾ ਹੋਵੇ ਜਗਤ ਤੇ ਫੇਰਾ । ਦਇਆ ਓਸ ਤੇ ਆਪ ਆ ਕੀਤੀ । ਆਤਮ ਵਿਚ ਆਤਮਾ ਸੀਤੀ । ਐਸੀ ਉਸ ਨੂੰ ਦਿਤੀ ਸ਼ਾਂਤ । ਕਰੇ

੭
੦੧
ਨਿਹਕਲੰਕ ਹਰਿ ਸ਼ਬਦ

ਜਸ ਮੇਰਾ ਦਿਨ ਰਾਤ । ਝੂਠੀ ਮਾਇਆ ਓਸ ਤਾਈਂ ਤਜਾਇਆ । ਅੰਤ ਕਾਲ ਜੋਤੀ ਜੋਤ ਸਮਾਇਆ । ਜੋਤ ਵਿਚ ਆ ਜੋਤ ਮਿਲਾ ਕੇ । ਬੈਕੁੰਠ ਧਾਮ ਦੇ ਵਿਚ ਪੁਚਾ ਕੇ । ਸਵੱਛ ਸਰੂਪ ਦਾ ਦਰਸ ਕਰਾ ਕੇ । ਐਸਾ ਹੋਇਆ ਮੈਂ ਆਪ ਕਿਰਪਾਲ । ਆਪਣਿਆਂ ਸਿੱਖਾਂ ਦਾ ਮੈਂ ਦੀਨ ਦਿਆਲ । ਦੀਨ ਦਿਆਲ ਮੈਂ ਅਖਵਾਵਾਂ । ਆਪਣਿਆਂ ਸਿੱਖਾ ਨੂੰ ਮਾਣ ਦਵਾਵਾਂ । ਐਸਾ ਮੈਂ ਇਨਸਾਫ ਕਰਾਵਾਂ । ਜੂਨ ਵਿਚੋਂ ਸਿੱਖਾਂ ਨੂੰ ਕਢਾਵਾਂ । ਮੇਰੀ ਸਰਨ ਸਿੱਖ ਜੋ ਪਰੇ । ਗਰਭ ਜੂਨ ਮੇਂ ਕਦੇ ਨਾ ਅੜੇ । ਐਸਾ ਤੋੜਾਂ ਮੈਂ ਜੰਜਾਲਾ । ਅੰਤ ਕਾਲ ਮੇਂ ਮੈਂ ਰਖਵਾਲਾ । ਜਿਸ ਨੇ ਆਸ ਇਹਨਾਂ ਚਰਨਾਂ ਦੀ ਰਖਵਾਈ । ਤੀਨ ਲੋਕ ਵਿਚ ਮਿਲੇ ਵਡਿਆਈ । ਜਿਥੇ ਹੋਵੇ ਭੈ ਭਿਆਨਕ । ਓਥੇ ਸਿੱਖਾਂ ਦਾ ਮੈਂ ਰਖਵਾਲਕ । ਐਸੀ ਦਇਆ ਤੁਸਾਂ ਤੇ ਕੀਤੀ । ਕਲਜੁਗ ਵਿਚ ਪਰਖੀ ਨੀਤੀ । ਤੁਸਾਂ ਮਾਣ ਕੀਆ ਹੈ ਮੇਰਾ । ਮੈਂ ਸਹਾਈ ਸਦਾ ਹਾਂ ਤੇਰਾ । ਦੁਸ਼ਟਨ ਕੋ ਮੈਂ ਆਪ ਸੰਘਾਰਾ । ਚੱਕਰ ਸੁਦਰਸ਼ਨ ਐਸਾ ਮਾਰਾ । ਜਿਸ ਨੂੰ ਮਾਰਾਂ ਰਾਖੇ ਨਾ ਕੋਏ । ਆਗੇ ਪਾਛੇ ਮੰਦੀ ਸੋਏ । ਮੇਰੇ ਚਰਨਾਂ ਕੋ ਕਰੇ ਪ੍ਰਨਾਮ । ਸਫਲ ਹੋਣਗੇ ਤਿਨ ਕੇ ਕਾਮ । ਮੇਰੇ ਕਹੇ ਨੂੰ ਤੁਸੀਂ ਭੁੱਲ ਨਹੀਂ ਜਾਣਾ । ਮਹਾਰਾਜ ਸ਼ੇਰ ਸਿੰਘ ਨਹੀਂ ਅੰਞਾਣਾ । ਬਚਨ ਸਤਿਗੁਰ ਆਪ ਲਿਖਾਵੇ । ਆਪਣਾ ਮਾਰਗ ਆਪ ਬਤਾਵੇ । ਕੋਈ ਨਾ ਤੋੜੇ ਮੇਰੀ ਰੀਤਾ । ਮੇਰਾ ਹੁਕਮ ਰੱਖੇ ਸਦਾ ਚੀਤਾ । ਜੋ ਪਕਵਾਨ ਪਕੇਗਾ ਤੇਰਾ । ਉਸ ਕੋ ਭੋਗ ਲਗੇਗਾ ਮੋਰਾ । ਭੋਗ ਲੱਗੇ ਭਗਵਾਨ ਕੋ ਭਾਈ । ਉਹ ਵਸਤੂ ਸੀਤ ਪ੍ਰਸ਼ਾਦ ਅਖਵਾਈ । ਆਗਿਆ ਲੈ ਕੇ ਫੇਰ ਉਹ ਖਾਵੇ । ਜਨਮ ਮਰਨ ਦੇ ਦੁੱਖ ਮਿਟਾਵੇ । ਬਚਨ ਮੰਨ ਲਏ ਵੀਰ ਮੇਰਾ । ਦੁੱਖ ਕਲੇਸ਼ ਲਹਿ ਜਾਊ ਤੇਰਾ । ਮਨ ਵਿਚੋਂ ਹੰਗਤਾ ਮਾਣ ਗਵਾ ਲੈ । ਸੰਗਤ ਦੀ ਹੁਣ ਸੇਵ ਕਮਾ ਲੈ । ਚਰਨਾਂ ਉਪਰ ਸੀਸ ਟਿਕਾ ਲੈ । ਮਹਾਰਾਜ ਸ਼ੇਰ ਸਿੰਘ ਰਿਦੇ ਧਿਆ ਲੈ । ਭੋਗ ਲੱਗੇ ਭੋਜ ਬਣ ਜਾਏ । ਬਿਨ ਭੋਗੋਂ ਭੱਖ ਅਖਵਾਏ । ਲੇਹਜ਼ ਫੇਹਜ਼ ਇਕ ਸੰਗ ਰਲਾਏ । ਚਾਰ ਨਾਮ ਭੋਜਨ ਅਖਵਾਏ । ਭੋਗ ਲਗਾਓ ਹੋਵੇਗਾ ਆਦਰ । ਮਹਾਰਾਜ ਸ਼ੇਰ ਸਿੰਘ ਸਦਾ ਜੇ ਹਾਜ਼ਰ ।

੮
੦੧

❊ ੧੩ ਭਾਦਰੋਂ ੨੦੦੬ ਬਿਕ੍ਰਮੀ ਪਿੰਡ ਬੁੱਘੇ ਜ਼ਿਲਾ ਅੰਮ੍ਰਿਤਸਰ ❊

ਉਨੀ ਸੌ ਪੰਜਾਹ ਬਿਕ੍ਰਮੀ ਤਾਈਂ । ਮਾਤਲੋਕ ਵਿਚ ਦੇਹ ਪ੍ਰਗਟਾਈ । ਪੰਜ ਜੇਠ ਥਿਤ ਲਿਖਾ ਕੇ । ਮਾਤ ਗਰਭ ਸੇ ਬਾਹਰ ਆ ਕੇ । ਮਹਾਰਾਜ ਸ਼ੇਰ ਸਿੰਘ ਨਾਮ ਰਖਾ ਕੇ । ਬੈਠਾ ਆਪਣਾ ਆਪ ਲੁਕਾ ਕੇ । ਘਵਿੰਡ ਨੂੰ ਘਨਕਾ ਪੁਰੀ ਬਣਾ ਕੇ । ਮਨੀ ਸਿੰਘ ਤਾਈਂ ਦਰਸ ਦਿਖਾ ਕੇ । ਐਸਾ ਭਰਮ ਉਨ੍ਹਾਂ ਦਾ ਲਾਹਿਆ । ਮੁਰਲੀ ਮਨੋਹਰ ਨਜ਼ਰੀ ਆਇਆ । ਦੇਖੀ ਓਸ ਇਹ ਸ਼ਕਲ ਨਿਰਾਲੀ । ਮਿਲਿਆ ਆਪ ਉਹਨੂੰ ਬਨਵਾਲੀ । ਕ੍ਰਿਸ਼ਨ ਘਨਈਆ ਆਪਣਾ ਆਪ ਉਪਾ ਕੇ । ਮਨੀ ਸਿੰਘ ਤਾਈਂ ਦਰਸ ਦਿਖਾ ਕੇ । ਰਾਮ ਰੂਪ ਦਾ ਦਰਸ ਦਿਖਾਇਆ । ਹੱਥ ਧਨੁਸ਼ ਚਿੱਲਾ ਚੜ੍ਹਾਇਆ । ਐਸਾ ਬਚਨ ਉਨ੍ਹਾਂ ਨੂੰ ਕੀਤਾ । ਕਲਜੁਗ ਦਾ ਨਾਸ ਅਸਾਂ ਨੇ ਕੀਤਾ । ਕਲਜੁਗ ਪਾਪੀ ਬੜਾ ਹੰਕਾਰੀ । ਪਾਪੀ ਅਪਰਾਧੀ ਦੁਸ਼ਟ ਦੁਰਾਚਾਰੀ । ਕਰਮ ਏਸ ਦਾ ਵੇਖਿਆ ਬਾਬਾ । ਮਹਾਰਾਜ ਸ਼ੇਰ ਸਿੰਘ ਆਇਆ ਡਾਹਢਾ । ਮੈਂ ਆਪਣਾ ਆਪ ਛੁਪਾਊਂ । ਤੇਰੇ ਹੱਥ ਵਿਚ ਕਲਮ

ਫੜਾਊਂ । ਸੋਹੰ ਸ਼ਬਦ ਦਾ ਰਾਗ ਅਲਾਊਂ । ਚਾਰ ਜੁਗ ਦਾ ਵਰਨ ਕਰਾਊਂ । ਰਾਜਾ ਮਹਾਰਾਜਾਂ ਨੂੰ ਤਖਤੋਂ ਉਠਾਊਂ । ਦਰ ਦਰ ਧੱਕੇ ਉਨ੍ਹਾਂ ਨੂੰ ਪਾਊਂ । ਇਕ ਨਾਮ ਲਏ ਜੋ ਮੇਰਾ । ਮਾਤਲੋਕ ਵਿਚ ਪਾਏ ਨਾ ਫੇਰਾ । ਐਸਾ ਸ਼ਬਦ ਮੈਂ ਆਪ ਲਿਖਾਊਂ । ਮਹਾਰਾਜ ਸ਼ੇਰ ਸਿੰਘ ਨਾਮ ਰਖਾਊਂ । ਨਾਮ ਆਪਣੇ ਦਾ ਕਰਾਂ ਪ੍ਰਤਾਪ । ਬਾਕੀ ਸਭਨਾ ਦਾ ਕਰਨਾ ਨਾਸ । ਬਾਕੀ ਨਾਸ ਸਭਨਾ ਦਾ ਹੋਇਆ । ਸੋਹੰ ਸ਼ਬਦ ਜਦੋਂ ਪ੍ਰਗਟ ਹੋਇਆ । ਓਅੰ ਸੋਹੰ ਮੈਂ ਆਪ ਅਖਵਾਊਂ । ਸਭ ਭੁਲੇਖੇ ਦਿਲ ਤੋਂ ਲਾਹੂੰ । ਐਸੀ ਇਕ ਰਚਾਊਂ ਮਾਇਆ । ਦੁਸ਼ਟਾਂ ਤਾਈਂ ਜਿਨ ਭਸਮ ਕਰਾਇਆ । ਭਸਮ ਹੋਣਗੇ ਢੇਰੀ । ਸੱਚਾ ਸਤਿਗੁਰ ਕਰੇ ਨਾ ਦੇਰੀ । ਸਿਧ ਵਕਤ ਸਿੱਖਾਂ ਦਾ ਆਇਆ । ਜਿਨ੍ਹਾਂ ਵਿਚ ਸਤਿਗੁਰ ਬਹਾਇਆ । ਐਸੇ ਸਿੱਖ ਜੋ ਮੇਰੇ ਹੋਏ । ਕਲਜੁਗ ਵਿਚ ਲਏ ਨਾਲ ਪਰੋਏ । ਉਨੰਜਾ ਕਰੋੜ ਵਿਚੋਂ ਭਾਈ । ਇਹਨਾਂ ਸਿੱਖਾਂ ਨੂੰ ਦਿਤੀ ਵਡਿਆਈ । ਆਪਣੇ ਸਿੱਖ ਦੀ ਕਰੂੰ ਵਡਿਆਈ । ਬੈਕੁੰਠ ਧਾਮ ਵਿਚ ਜੈ ਜੈ ਜੈਕਾਰ ਕਰਾਈ । ਐਸੀ ਲਿਖਤ ਆਪ ਕਰਾ ਕੇ । ਬਾਬੇ ਮਨੀ ਸਿੰਘ ਤੋਂ ਮਾਣ ਦਵਾ ਕੇ । ਪੰਜ ਹਜ਼ਾਰੀ ਦਸ ਹਜ਼ਾਰੀ ਸਿੱਖ ਅਖਵਾ ਕੇ । ਬਹੌਲ ਸਿੰਘ ਉਨ੍ਹਾਂ ਦੇ ਨਾਮ ਲਿਖਾ ਕੇ । ਮਾਣਾ ਸਿੰਘ ਨੂੰ ਮਿਲੀ ਵਡਿਆਈ । ਲਾਇਲਪੁਰ ਵਿਚ ਜਿਨ ਜੋਤ ਜਗਾਈ । ਸਿੰਘ ਪਾਲ ਉਥੇ ਭਾਈ । ਜਿਸ ਨੂੰ ਕਥਾ ਸਾਡੀ ਸੁਣਾਈ । ਸੁਣ ਕੇ ਬਚਨ ਹੋਇਆ ਅਨੰਦ । ਸਤਿਜੁਗ ਦਾ ਚੜ੍ਹਿਆ ਚੰਦ । ਗਿਆ ਅੰਧੇਰਾ ਹੋਇਆ ਪ੍ਰਕਾਸ਼ । ਸਿੱਖ ਮੇਰੇ ਦਾ ਨਹੀਂ ਵਿਨਾਸ । ਉਸ ਨੇ ਯਾਦ ਅਸਾਂ ਨੂੰ ਕੀਤਾ । ਭਗਵਾਨ ਕ੍ਰਿਸ਼ਨ ਦਾ ਦਰਸ਼ਨ ਦੀਤਾ । ਖੇਤਾਂ ਵਿਚ ਸੀ ਸੁੱਤਾ ਜਾ ਕੇ । ਉਥੇ ਮਿਲਿਆ ਪ੍ਰਭੂ ਆ ਕੇ । ਬਾਹੋਂ ਪਕੜ ਬਹਾਇਆ ਉਠਾ ਕੇ । ਸਹਿੰਸਾ ਸਾਰਾ ਉਹਦਾ ਲਾਹ ਕੇ । ਮੈਂ ਬੈਠਾਂ ਘਵਿੰਡ ਵਿਚ ਆ ਕੇ । ਰਾਮ ਕ੍ਰਿਸ਼ਨ ਤੋਂ ਸ਼ੇਰ ਸਿੰਘ ਬਣਾ ਕੇ । ਪਿਤਾ ਜਵੰਦ ਸਿੰਘ ਤਾਬੋ ਮਾਈ । ਉਨ੍ਹਾਂ ਨੂੰ ਦਿਤੀ ਆਪ ਵਡਿਆਈ । ਜ਼ਾਤ ਤਰਖਾਣ ਉਨ੍ਹਾਂ ਦੀ ਹੋਵੇ । ਜਿਥੇ ਮਹਾਰਾਜ ਸ਼ੇਰ ਸਿੰਘ ਪ੍ਰਗਟ ਹੋਵੇ । ਤਰਖਾਣਾਂ ਦਾ ਤਖ਼ਤ ਬਣਾਇਆ । ਐਸਾ ਮਾਣ ਇਨ੍ਹਾਂ ਨੂੰ ਦਵਾਇਆ । ਸਾਰਾ ਸੰਸਾਰ ਚਰਨੀ ਪਾਇਆ । ਆਪਣਾ ਭੇਵ ਆਪ ਖੁਲ੍ਹਾਇਆ । ਬਹੁਤਾ ਇਹਨਾਂ ਪਾਇਆ ਮਾਣ । ਜਿਥੇ ਉਪਜਿਆ ਆਪ ਭਗਵਾਨ ।

੯੦੧

❊ ੧੪ ਭਾਦਰੋਂ ੨੦੦੬ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਵੀਹ ਸੌ ਇਕ ਬਿਕ੍ਰਮੀ ਪਿਆਰੀ । ਕੀਤੀ ਅਸਾਂ ਖੇਲ ਨਿਆਰੀ । ਜੇਠ ਪਹਿਲੀ ਮੰਗਲਵਾਰੀ । ਆਪਣੀ ਜੋਤ ਆਕਾਸ਼ੋਂ ਉਤਾਰੀ । ਦੋ ਜੇਠ ਨੂੰ ਖੇਲ ਰਚਾਇਆ । ਪੂਰਨ ਸਿੰਘ ਵਿਚ ਪਰਮੇਸ਼ਵਰ ਆਇਆ । ਹੋਈ ਸੰਧਿਆ ਪਾਈ ਫੇਰੀ । ਕਲਜੁਗ ਦੀ ਢਾਹੀ ਢੇਰੀ । ਸਾਢੇ ਸੱਤ ਦਾ ਹੋਇਆ ਵੇਲਾ । ਸਤਿਗੁਰ ਨੇ ਪਾਇਆ ਫੇਰਾ । ਐਸੀ ਅਸਾਂ ਕਲਾ ਵਖਾਈ । ਪੂਰਨ ਸਿੰਘ ਦੀ ਨਬਜ਼ ਹਟਾਈ । ਘਰ ਦੇ ਸਾਰੇ ਦੇਣ ਦੁਹਾਈ । ਪ੍ਰੀਤਮ ਸਿੰਘ ਨੂੰ ਆਵਾਜ਼ ਲਗਾਈ । ਛੇਤੀ ਆ ਜਾ ਘਰ ਅਸਾਡੇ । ਭਾਣਾ ਵਰਤਿਆ ਸਤਿਗੁਰ ਡਾਹਢੇ । ਭੇਤ ਅਸਾਡਾ ਕਿਨ੍ਹੇ ਨਾ ਪਾਇਆ । ਹਾ ਹਾ ਕਰ ਕੇ ਸ਼ੋਰ ਮਚਾਇਆ । ਮੈਂ ਆਪਣੀ ਜੋਤ ਪ੍ਰਗਟਾ ਕੇ । ਆਪ ਆਪਣੀ ਜੋਤ ਜਗਾ ਕੇ । ਮਹਾਰਾਜ ਸ਼ੇਰ ਸਿੰਘ ਨਾਮ

ਰਖਾ ਕੇ । ਐਸਾ ਦੇਹ ਨੂੰ ਵਟ ਚੜ੍ਹਾ ਕੇ । ਐਸਾ ਵਟ ਇਹਨੂੰ ਚੜ੍ਹਾਇਆ । ਸਾਰੀ ਖ਼ਲਕਤ ਨੂੰ ਖ਼ਾਕ ਰਲਾਇਆ । ਜੋਤ ਨੇ ਫੇਰ ਜੋਰ ਸੀ ਪਾਇਆ । ਸਿੱਖਾਂ ਤਾਈਂ ਫੇਰ ਉਠਾਇਆ । ਪੰਜਵੀਂ ਜੇਠ ਦਾ ਦਿਨ ਸੀ ਆਇਆ । ਸੰਗਤਾਂ ਨੂੰ ਫਿਰ ਮਾਣ ਦਵਾਇਆ । ਚਾਰ ਜੇਠ ਥਿਤ ਵਾਰ ਲਿਖਾ ਕੇ । ਪ੍ਰਗਟ ਹੋਇਆ ਘਵਿੰਡ ਵਿਚ ਆ ਕੇ । ਛੱਬੀ ਪੋਹ ਨੂੰ ਸੀ ਦੇਹ ਤਜਾਈ । ਝੂਠੀ ਦੇਹ ਭਸਮ ਕਰਾਈ । ਐਸੀ ਭਸਮ ਏਸ ਦੀ ਹੋਈ । ਹਾਹਾਕਾਰ ਸ੍ਰਿਸ਼ਟੀ ਰੋਈ । ਮੈਂ ਆਪਣਾ ਆਪ ਪ੍ਰਗਟਾ ਕੇ । ਦਿਤਾ ਦਰਸ ਆਪ ਆ ਕੇ । ਐਸੀ ਵਰਤਾਈ ਖੇਲ ਅਪਾਰਾ । ਦਿਤਾ ਬਾਣੀ ਦਾ ਖੋਲ੍ਹ ਭੰਡਾਰਾ । ਸੋਲਾਂ ਪਹਿਰ ਫਿਰ ਆਪ ਖਲੋ ਕੇ । ਪੂਰਨ ਵਿਚ ਪਰਮੇਸ਼ਵਰ ਹੋ ਕੇ । ਐਸੀ ਰਸਨਾ ਅਸਾਂ ਚਲਾਈ । ਦਰਬਾਰ ਸਾਹਿਬ ਦੀ ਬਾਣੀ ਅਲਾਈ । ਚੌਦਾਂ ਸੌ ਤੀਹ ਅੰਕ ਦੇ ਤਾਈਂ । ਬਾਣੀ ਪੜ੍ਹ ਪੜ੍ਹ ਸੰਗਤ ਕੰਨ ਪਾਈ । ਅਠਾਰਾਂ ਧਿਆਏ ਗੀਤਾ ਦੇ ਗਾਏ । ਮੁਖੋਂ ਐਸੇ ਬਚਨ ਸੁਣਾਏ । ਮੇਰੇ ਸਾਹਮਣੇ ਕੋਈ ਚਲ ਕੇ ਆਏ । ਸਭ ਭੁਲੇਖੇ ਦਿਲ ਤੋਂ ਲਾਹੇ । ਕੁਰਾਨ ਮਜੀਦ ਅੰਜੀਲ ਦੇ ਤਾਈਂ । ਮੁਹੰਮਦ ਈਸਾ ਜਿਨ੍ਹ ਲਿਖਤ ਕਰਾਈ । ਇਹਨਾਂ ਸਭਨਾਂ ਦਾ ਹੁਣ ਮਾਣ ਹਟਾਇਆ । ਸੋਹੰ ਸ਼ਬਦ ਪ੍ਰਚਲਤ ਕਰਾਇਆ । ਆਪਣੇ ਨਾਮ ਦੀ ਜੈ ਕਰਾਈ । ਬਾਕੀ ਸਭ ਦੀ ਕਰੀ ਸਫ਼ਾਈ । ਐਸਾ ਨਾਮ ਸਿੱਖਾਂ ਕੋ ਦੇ ਕੇ । ਆ ਬੈਠਾ ਹੁਣ ਪ੍ਰਗਟ ਹੋ ਕੇ । ਮੇਰੀ ਜੋ ਬਣਾਈ ਸੋ ਢੇਰੀ । ਓਥੋਂ ਪ੍ਰਗਟੀ ਜੋਤ ਸੀ ਮੇਰੀ । ਐਸਾ ਕਿਸੇ ਨਾ ਖੇਲ ਰਚਾਇਆ । ਜਾ ਕੇ ਫੇਰ ਕੋਈ ਨਾ ਆਇਆ । ਮੈਂ ਆਪਣੀ ਬਣਤ ਬਣਾਈ । ਤਜੀ ਦੇਹ ਜੋਤ ਪ੍ਰਗਟਾਈ । ਜੋਤ ਵਿਚ ਮੈਂ ਜੋਤ ਸਰੂਪਾ । ਅਨਹਦ ਸ਼ਬਦ ਵਜਾਵੇ ਭੂਪਾ । ਆਪਣਾ ਆਪ ਆਪ ਉਪਾ ਕੇ । ਘਵਿੰਡ ਵਿਚ ਖਲੋਤਾ ਜਾ ਕੇ । ਐਸਾ ਸ਼ੇਰ ਸਿੰਘ ਸ਼ੇਰ ਹੈ ਹੋਇਆ । ਰਾਮ ਕ੍ਰਿਸ਼ਨ ਦਾ ਤੇਜ ਹੈ ਹੋਇਆ । ਐਸਾ ਹੁਕਮ ਆਪ ਸੁਣਾਇਆ । ਵਿਸ਼ਨੂੰ ਭਗਵਾਨ ਦਾ ਜਾਪ ਕਰਾਇਆ । ਸਿੱਖਾਂ ਤਾਈਂ ਹੁਕਮ ਸੁਣਾਇਆ । ਘਵਿੰਡ ਵਿਚ ਪੱਲਾ ਫਿਰਵਾਇਆ । ਕਲਜੁਗ ਦਾ ਨਿਹਕਲੰਕ ਆਇਆ । ਮਨਮੁਖਾਂ ਤੋਂ ਮੂੰਹ ਭਵਾਇਆ । ਮਨਮੁਖ ਏਥੇ ਠੌਰ ਨਾ ਪਾਵੇ । ਮੇਰਾ ਸਿੱਖ ਮੇਰਾ ਜਸ ਗਾਵੇ । ਮੈਂ ਹੂੰ ਸਤਿਗੁਰ ਦੀਨ ਦਿਆਲਾ । ਭੈ ਭਿਆਨਕ ਵਿਚ ਸਦਾ ਰਖਵਾਲਾ । ਮੇਰਾ ਇਹ ਖੇਲ ਨਿਰਾਲਾ । ਅੰਧਘੋਰ ਵਿਚ ਮੈਂ ਰਖਵਾਲਾ । ਸਿੱਖ ਆਪਣੇ ਆਪ ਉਪਾ ਕੇ । ਬੈਠਾ ਕਲਜੁਗ ਵਿਚ ਸਰਨੀ ਲਾ ਕੇ । ਬਾਕੀ ਸਭ ਤੇ ਪਾਈ ਮਾਇਆ । ਆਪਣਾ ਸ਼ਬਦ ਨਾ ਕਿਸੇ ਸੁਣਾਇਆ । ਮੇਰੇ ਸ਼ਬਦ ਦੀ ਇਹ ਵਡਿਆਈ । ਤੀਨ ਲੋਕ ਵਿਚ ਮਿਲੇ ਵਡਿਆਈ । ਤੀਨ ਲੋਕ ਬੈਕੁੰਠ ਦਾ ਵਾਸੀ । ਮੇਰੀ ਮਾਇਆ ਐਸੀ ਛਾਸੀ । ਮੇਰਾ ਨਾਮ ਬੇਮੁਖ ਨਾ ਸੁਣੇ ਕੋਈ । ਨਿੰਦਕਾਂ ਦੁਸ਼ਟਾਂ ਦੀ ਦੁਰਮਤ ਹੋਈ । ਨਿੰਦਿਆ ਜਿਨ੍ਹਾਂ ਨੇ ਮੇਰੀ ਕੀਤੀ । ਪਰੇਤ ਜੂਨ ਉਨ੍ਹਾਂ ਦੀ ਕੀਤੀ । ਜਿਸ ਨੇ ਮੇਰਾ ਮਾਣ ਹੈ ਕੀਤਾ । ਪੀਆ ਅੰਮ੍ਰਿਤ ਸਦਾ ਹੈ ਜੀਤਾ । ਆਤਮ ਉਸ ਦੀ ਹੋਈ ਨਿਰਾਲੀ । ਜੋਤ ਸੰਗ ਜੋਤ ਮਿਲਾ ਲਈ । ਮੇਰਾ ਬਚਨ ਨਾ ਹੋਏ ਅਧੂਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ । ਸੋਹੰ ਸ਼ਬਦ ਮੈਂ ਆਪ ਲਿਖਾਊਂ । ਜੁਗ ਚਾਰ ਇਸ ਦਾ ਜਾਪ ਕਰਾਊਂ । ਚਾਰ ਵੇਦ ਦਾ ਮਾਣ ਗਵਾਇਆ । ਗੀਤਾ ਦਾ ਹੁਣ ਵਕਤ ਮੁਕਾਇਆ । ਬਾਣੀ ਦਾ ਜੋ ਜਹਾਜ਼ ਸੀ ਬਣਿਆ । ਐਸਾ ਉਹਨੂੰ ਆਪ ਸੀ ਰਣਿਆ । ਅੰਜੀਲ ਵਾਲੀ ਹੁਣ ਆਰਜ਼ੂ ਬੀਤੀ । ਈਸਾ ਮੂਸਾ ਦੀ ਸਫਾਈ ਹੈ ਕੀਤੀ । ਮੁਹੰਮਦ ਨੇ ਜੋ ਈਮਾਨ ਬਣਾਇਆ । ਧੱਕ ਓਸ ਨੂੰ ਬੰਨੇ ਲਾਇਆ । ਐਸੀ ਇਕ ਖੇਲ ਰਚਾਊਂ । ਛਿੰਨ ਵਿਚ ਇਸ ਨੂੰ ਭਸਮ ਕਰਾਊਂ । ਭਸਮਣ

ਭਸਮ ਹੋਣਗੇ ਢੇਰੀ । ਜਿਸ ਵੇਲੇ ਗੁਰ ਪਾਈ ਫੇਰੀ । ਜਿਸ ਤਰ੍ਹਾਂ ਦੋਫਾੜ ਇਨ੍ਹਾਂ ਨੂੰ ਕਰਾਇਆ । ਘਵਿੰਡ ਵਿਚ ਇਹ ਖੇਲ ਰਚਾਇਆ । ਦੋ ਹਜ਼ਾਰ ਤਿੰਨ ਬਿਕ੍ਰਮੀ ਤਾਈਂ । ਤਿੰਨ ਅੱਸੂ ਨੂੰ ਬਣਤ ਬਣਾਈ । ਸੰਗਤ ਆਈ ਮੇਰੀ ਸਾਰੀ । ਧਾਮ ਬਣੌਣ ਦੀ ਕਰੀ ਤਿਆਰੀ । ਐਸਾ ਖੇਲ ਆਪ ਰਚਾਇਆ । ਲੰਮਾ ਪੈ ਕੇ ਨਿਸ਼ਾਨ ਲਵਾਇਆ । ਏਥੇ ਨੀਂਹ ਧਰਿਓ ਭਾਈ । ਐਸੀ ਸਤਿਗੁਰ ਕਾਰ ਲਗਾਈ । ਮਾਝੇ ਦੀ ਹੱਦ ਘਵਿੰਡ ਬਣਾਈ । ਦਰਬਾਰ ਆਪਣੇ ਦੀ ਨੀਂਹ ਰਖਾਈ । ਸਿੱਖਾਂ ਨੂੰ ਇਹ ਹੁਕਮ ਸੁਣਾਇਆ । ਚਿੱਟਾ ਚੂਨਾ ਏਥੇ ਨਾ ਲਾਇਆ । ਅਸਾਂ ਇਹਨੂੰ ਅੰਧੇਰ ਰਖੌਣਾ । ਹਾਹਾਕਾਰ ਕਰ ਜਗਤ ਰਵੌਣਾ । ਐਸੀ ਅੰਧੇਰੀ ਅਸਾਂ ਉਡਾਈ । ਵਿਚ ਪੰਜਾਬ ਪਈ ਲੜਾਈ । ਬਾਬੇ ਦਾ ਹੁਕਮ ਅਸਾਂ ਮਨਵਾਇਆ । ਸਿੱਖ ਮੁਸਲਮ ਦਾ ਯੁੱਧ ਕਰਾਇਆ । ਬਚਨ ਅਸਾਡਾ ਹੋਵੇ ਸੱਚਾ । ਯੱਚਾਂ ਬੱਚਾ ਡੇਗਣ ਕੱਚਾ । ਬਾਬੇ ਦੇ ਸੀ ਬੋਲ ਅਨੋਖੇ । ਨੇਜ਼ਿਉਂ ਉਪਰ ਬੱਚੇ ਬੋਚੇ । ਐਸੀ ਆਪ ਪੜ੍ਹਾਈ ਪੱਟੀ । ਕਲਜੁਗ ਨੇ ਇਹ ਕਾਲਖ ਖੱਟੀ । ਐਸੀ ਇਹਨੂੰ ਵਗੀ ਮਾਰ । ਦੇਵੀਆਂ ਕੰਨਿਆਂ ਹੋਣ ਖੁਆਰ । ਐਸਾ ਜ਼ੁਲਮ ਏਸ ਨੇ ਕੀਤਾ । ਪੁੱਤਾਂ ਨੂੰ ਮਾਵਾਂ ਪਿੱਛਾ ਦੀਤਾ । ਐਸੀ ਆ ਕੇ ਪਈ ਦੁਹਾਈ । ਭੈਣਾਂ ਤਾਈਂ ਛੱਡ ਗਏ ਭਾਈ । ਕੰਤ ਤਾਈਂ ਸੀ ਨਾਰ ਪਿਆਰੀ । ਅੱਖਾਂ ਸਾਹਮਣੇ ਹੋਏ ਖੁਆਰੀ । ਇਹ ਸੀ ਮੇਰਾ ਇਕ ਚਮਤਕਾਰ । ਦੂਜੀ ਵਾਰੀ ਕਰੂੰ ਖੁਆਰ । ਐਸਾ ਸਮਾਂ ਹੁਣ ਲਿਆਊਂ । ਅੰਮ੍ਰਿਤਸਰ ਨੂੰ ਥੇਹ ਕਰਾਊਂ । ਐਸੀ ਇਹ ਲਿਖਾਈ ਬਾਣੀ । ਲੰਡਾ ਪਿੱਪਲ ਰਹੂ ਨਿਸ਼ਾਨੀ । ਜੋ ਸਿੱਖ ਸਾਡੇ ਦਰ ਤੇ ਆਵੇ । ਹੋਵੇ ਇਕ ਮਨ ਰਿਦੇ ਧਿਆਵੇ । ਦੁੱਖ ਦਲਿਦਰ ਸਭ ਲਹਿ ਜਾਵੇ । ਸ਼ਬਦ ਰੂਪ ਮੇਰਾ ਦਰਸ ਹੈ ਪਾਵੇ । ਦੇਵਾਂ ਦਰਸ ਆਪ ਮੈਂ ਆਪ ਆ ਕੇ । ਬਾਹੋਂ ਪਕੜ ਸੁੱਤੇ ਜਗਾ ਕੇ । ਸੋਇਆ ਜੀਵ ਕਛੂ ਨਾ ਜਾਣੇ । ਮਹਾਰਾਜ ਸ਼ੇਰ ਸਿੰਘ ਖੜਾ ਸਰ੍ਹਾਣੇ । ਹੋਏ ਪ੍ਰਤੱਖ ਦਰਸ ਦਿਖਾਵੇ । ਆਪਣੇ ਸਿੱਖ ਨੂੰ ਚਰਨੀ ਲਾਵੇ । ਨਿਮਸਕਾਰ ਜਿਨ ਚਰਨਾਂ ਵਿਚ ਕੀਤੀ । ਟੁੱਟੀ ਉਹਦੀ ਅਸਾਂ ਗੰਢ ਲੀਤੀ । ਅੰਤ ਕਾਲ ਨਾ ਖਾਵੇ ਕਾਲ । ਬਬਾਣ ਉਪਰ ਲਵਾਂ ਬਠਾਲ । ਐਸਾ ਹੁਕਮ ਆਪਣਾ ਚਲਾਵਾਂ । ਬੈਕੁੰਠ ਧਾਮ ਦੇ ਵਿਚ ਪੁਚਾਵਾਂ । ਜਨਮ ਮਰਨ ਦਾ ਦੁੱਖ ਮਿਟਾਵਾਂ । ਜੋਤ ਵਿਚ ਜੋਤ ਮਿਲਾਵਾਂ । ਐਸਾ ਆਪ ਹੋਇਆ ਦਿਆਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਚੌਦਾਂ ਭਾਦਰੋਂ ਹੁਕਮ ਲਿਖਾਇਆ । ਆਪਣਾ ਸ਼ਬਦ ਆਪ ਸੁਣਾਇਆ । ਪਹਿਲੇ ਆਪਣਾ ਆਪ ਉਪਾ ਕੇ । ਕੁਦਰਤ ਰੂਪੀ ਸ੍ਰਿਸ਼ਟ ਉਪਾ ਕੇ । ਲੱਖ ਚੁਰਾਸੀ ਜੂਨ ਉਪਾ ਕੇ । ਸਭ ਵਿਚ ਬੈਠਾ ਆਪਣਾ ਆਪ ਛੁਪਾ ਕੇ । ਐਸੀ ਚਲਾਂ ਚਾਲ ਨਿਰਾਲੀ । ਆਪਣੀ ਜੋਤ ਸਭਨ ਮੇਂ ਡਾਲੀ । ਆਤਮ ਵਿਚ ਜੋਤ ਰਖਾ ਕੇ । ਹੁਕਮ ਚਲਾਵੇ ਭੇਦ ਖੁਲ੍ਹਾ ਕੇ । ਐਸੀ ਜੀਵ ਨੂੰ ਪਾਈ ਮਾਇਆ । ਪੰਜਾਂ ਦੂਤਾਂ ਦੇ ਵਸ ਕਰਾਇਆ । ਪੰਜਾਂ ਇਹਨਾਂ ਮਿਲ ਕੇ ਭਾਈ । ਸਾਰੀ ਇਹਦੀ ਮਤਿ ਗਵਾਈ । ਕਲਜੁਗ ਵਿਚ ਭੁੱਲਾ ਅੰਞਾਣਾ । ਪੂਰਾ ਸਤਿਗੁਰ ਨਹੀਂ ਪਛਾਣਾ ।

੧੧
੦੧

❊ ❊

ਨਿਹਕਲੰਕ ਹਰਿ ਸ਼ਬਦ

ਸਰਅੰਮ੍ਰਿਤ ਨੂੰ ਸਰਾਫ ਦਵਾ ਕੇ । ਚਲਿਆ ਮਨੀ ਸਿੰਘ ਕੰਧੇ ਉਠਾ ਕੇ । ਉਨੀਂ ਸੌ ਤਰਵੰਜਾ ਬਿਕ੍ਰਮੀ ਤਾਈਂ । ਉਦੋਂ ਸੀ ਇਹ ਕਾਰ ਭੁਗਤਾਈ । ਹਰਿ ਜੂ ਵਿਚ ਹਰਿਮੰਦਰ ਆਇਆ । ਪੂਰਾ ਬਚਨ ਅਰਜਨ ਦਾ ਕਰਾਇਆ । ਪੁਜਾਰੀਆਂ ਹੰਕਾਰੀਆਂ ਸਾਰ ਨਾ ਪਾਈ । ਆਪ ਆਪਣੀ ਕਾਰ ਭੁਗਤਾਈ । ਉਨੀਂ ਸੌ ਪਚਵੰਜਾ ਬਿਕ੍ਰਮੀ ਹੋਈ । ਬਾਬੇ ਮਨੀ ਸਿੰਘ ਨੂੰ ਸੋਝੀ ਹੋਈ । ਨੀਲਾ ਚੋਲਾ ਆਪ ਰੰਗਾਇਆ । ਮਹਾਰਾਜ ਸ਼ੇਰ ਸਿੰਘ ਦੇ ਗਲ ਵਿਚ ਪਾਇਆ । ਨਾਲ ਸੰਗਤ ਲੈ ਲਈ ਸਾਰੀ । ਅਨੰਦਪੁਰ ਦੀ ਕਰੀ ਤਿਆਰੀ । ਪੁਰ ਅਨੰਦ ਪਹੁੰਚੇ ਆ ਕੇ । ਜਿਥੇ ਗੋਬਿੰਦ ਸਿੰਘ ਗਿਆ ਗਵਾ ਕੇ । ਸਾਨੂੰ ਬਾਬੇ ਸੀਸ ਉਠਾਇਆ । ਵਿਚ ਸ਼ਹਿਰ ਦੇ ਹੁਕਮ ਸੁਣਾਇਆ । ਨਿਹਕਲੰਕ ਅਵਤਾਰ ਜੇ ਆਇਆ । ਕਰੋ ਦਰਸ ਮੁਖੋਂ ਸੁਣਾਇਆ । ਮੁਸਲਮਾਨੋ ਸੁਣ ਲਓ ਭਾਈ । ਇਹ ਅਮਾਮ ਮਹਦੀ ਜਿਨ ਚੋਲੀ ਪਾਈ । ਆਪਣਾ ਭਰਮ ਮਿਟਾਓ ਆ ਕੇ । ਸ਼ਰਨੀ ਇਹਦੀ ਲੱਗੋ ਆ ਕੇ । ਰਾਮ ਕ੍ਰਿਸ਼ਨ ਦਾ ਇਹ ਅਵਤਾਰਾ । ਮਹਾਰਾਜ ਸ਼ੇਰ ਸਿੰਘ ਦੀਨ ਦਿਆਲਾ । ਇਹ ਹੈ ਆਪ ਜੋਤੀ ਜੋਤ ਸਰੂਪਾ । ਅਨਹਦ ਸ਼ਬਦ ਵਜਾਵੇ ਭੂਪਾ । ਜਿਸ ਨੇ ਦਰਸ ਏਸ ਦਾ ਕੀਤਾ । ਲੱਖ ਚੁਰਾਸੀ ਵਿਚੋਂ ਕੱਢ ਲੀਤਾ । ਜਨਮ ਮਰਨ ਤੋਂ ਹੋਏ ਨਿਆਰਾ । ਬੈਕੁੰਠ ਧਾਮ ਵਿਚ ਕਰੇ ਉਤਾਰਾ । ਜੋਤ ਵਿਚ ਆਪਣੀ ਜੋਤ ਮਿਲਾਵੇ । ਆਪਣੀ ਮਹਿਮਾ ਆਪ ਜਣਾਵੇ । ਮੁਕੰਦ ਮਨੋਹਰ ਇਹ ਕ੍ਰਿਸ਼ਨ ਅਵਤਾਰੀ । ਕਲਜੁਗ ਵਿਚ ਸ਼ੇਰ ਸਿੰਘ ਅਵਤਾਰੀ । ਸ਼ਬਦ ਮੇਰਾ ਇਹ ਨਿਰਾਲਾ । ਸੋਹੰ ਨਾਮ ਸਦਾ ਪ੍ਰਿਤਪਾਲਾ । ਨਾਮ ਮੇਰੇ ਦੀ ਇਹ ਵਡਿਆਈ । ਪਸ਼ੂ ਪ੍ਰੇਤੋਂ ਦੇਵ ਬਣਾਈ । ਕਿਰਤਮ ਨਾਮ ਜਪੇ ਜੋ ਮੇਰਾ । ਮਾਤਲੋਕ ਵਿਚ ਨਾ ਹੋਏ ਫੇਰਾ । ਸਦਾ ਅਤੀਤ ਸਦਾ ਹੈ ਜੀਤਾ । ਮਹਾਰਾਜ ਸ਼ੇਰ ਸਿੰਘ ਰੱਖਿਆ ਚੀਤਾ । ਐਸੀ ਕਲਾ ਆਪ ਵਰਤਾਵਾਂ । ਕਲਜੁਗ ਵਿਚ ਆਪਣਾ ਆਪ ਛੁਪਾਵਾਂ । ਮਨਮੁਖਾਂ ਤੋਂ ਮੂੰਹ ਛੁਪਾ ਕੇ । ਗੁਰਮੁਖਾਂ ਨੂੰ ਆਪ ਪ੍ਰਗਟਾ ਕੇ । ਐਸਾ ਖੇਲ ਇਹ ਕਰਾਂ ਨਿਆਰਾ । ਦੇਵੇ ਦਰਸ ਕ੍ਰਿਸ਼ਨ ਮੁਰਾਰਾ । ਐਸਾ ਦਰਸ ਮੈਂ ਆਪ ਦਿਖਾਵਾਂ । ਰਾਮ ਕ੍ਰਿਸ਼ਨ ਦਾ ਰੂਪ ਪ੍ਰਗਟਾਵਾਂ । ਸਾਰਾ ਸੰਸਾ ਦਿਲ ਦਾ ਲਾਹਵਾਂ । ਮਹਾਰਾਜ ਸ਼ੇਰ ਸਿੰਘ ਫੇਰ ਅਖਵਾਵਾਂ । ਐਸੀ ਮੇਰੀ ਬਣੀ ਹੈ ਗਾਥਾ । ਚਾਰ ਵੇਦ ਮੇਰੇ ਨਾਮ ਰੰਗ ਰਾਤਾ । ਅਠਾਰਾਂ ਧਿਆ ਗੀਤਾ ਬਣਾਈ । ਇਕ ਅਰਜਨ ਨੂੰ ਸੋਝੀ ਪਾਈ । ਮਹਾਸਾਰਥੀ ਆਪ ਅਖਵਾਇਆ । ਰਥ ਅਰਜਨ ਦਾ ਆਪ ਚਲਾਇਆ । ਦੁਸ਼ਟਾਂ ਹੰਕਾਰੀਆਂ ਦਾ ਨਾਸ ਕਰਾਇਆ । ਪਾਡਵਾਂ ਤਾਈਂ ਮਾਣ ਦਵਾਇਆ । ਫਿਰ ਪਸਰਿਆ ਆਪ ਪਸਾਰਾ । ਦਵਾਪਰ ਤਾਈਂ ਪਾਰ ਉਤਾਰਾ । ਯਜੁਰ ਵੇਦ ਦਾ ਮਾਣ ਗਵਾਇਆ । ਕਲਜੁਗ ਨੇ ਸੀ ਫੇਰਾ ਪਾਇਆ । ਅਥਰਬਣ ਵੇਦ ਐੜੇ ਤੋਂ ਆਇਆ । ਛੱਡਿਆ ਰਾਮ ਅੱਲਾ ਅਖਵਾਇਆ । ਈਸਾ ਮੂਸਾ ਇਸ ਜੁਗ ਵਿਚ ਆਏ । ਆਪ ਖ਼ੁਦਾ ਦੇ ਪੁੱਤ ਕਹਾਏ । ਅੰਜੀਲ ਤਾਈਂ ਉਹਨਾਂ ਲਿਖਵਾਇਆ । ਹੋਏ ਕਰਿਸਤੀ ਰਾਮ ਭੁਲਾਇਆ । ਮੇਰੀ ਜੋਤ ਦਾ ਹੋਵੇ ਪ੍ਰਕਾਸ਼ । ਬਾਕੀ ਸਭਨਾ ਦਾ ਕੀਤਾ ਨਾਸ । ਐਸੀ ਕਲਾ ਆਪ ਹੈ ਸਾਰੀ । ਆਪਣੀ ਜੋਤ ਆਪ ਪ੍ਰਗਟਾ ਲੀ । ਜੋਤ ਮੇਰੀ ਜਾਂ ਸਿੱਖ ਵਿਚ ਆਵੇ । ਨਬਜ਼ ਏਸ ਦੀ ਚਲਣੋ ਹਟਾਵੇ । ਇਹ ਵੱਡਾ ਭੇਤ ਹੈ ਸਾਡਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਡਾਹਢਾ । ਕਲਜੁਗ ਦੀ ਹੁਣ ਹੋਈ ਅਖੀਰ । ਕੋਈ ਨਾ ਬੰਨ੍ਹੇ ਇਸ ਦੀ ਧੀਰ । ਤੀਨ ਲੋਕ ਇਸ ਦਾ ਮੂੰਹ ਕਾਲਾ । ਧਰਮ ਦਾ ਜਿਸ ਕੱਢ ਦਿਤਾ ਦਵਾਲਾ । ਐਸਾ

੧੨ ੦੧

ਇਸ ਨੇ ਕਹਿਰ ਕਮਾਇਆ । ਯਤ ਸਤਿ ਦਾ ਨਾਸ ਕਰਾਇਆ । ਆਪਣੀ ਇਸ ਨੇ ਖੇਲ ਵਖਾਈ । ਬੇਮੁਖਾਂ ਸਿਰ ਛਾਹੀ ਪਾਈ । ਗੁਰਸਿਖਾਂ ਨੂੰ ਬੰਨੇ ਲਾਇਆ । ਬੇੜਾ ਉਨ੍ਹਾਂ ਦਾ ਆਪ ਬਚਾਇਆ । ਜਮਦੂਤਾਂ ਨੂੰ ਪਰਾਂ ਹਟਾ ਕੇ । ਕਰੇ ਰਛਿਆ ਆਪੇ ਆ ਕੇ । ਅੰਤ ਕਾਲ ਜਾਂ ਸਿੱਖ ਦਾ ਹੋਵੇ । ਸੋਹੰ ਸ਼ਬਦ ਮੇਰਾ ਮਨ ਪਰੋਵੇ । ਆਤਮ ਧਾਰੇ ਮੇਰਾ ਨਾਮ । ਦਰਸ਼ਨ ਹੋਵੇ ਵਿਸ਼ਨੂੰ ਭਗਵਾਨ । ਸਿੱਖਾਂ ਦੀ ਪੈਜ ਆਪ ਰਖਾਵੇ । ਜੋਤ ਸੰਗ ਜੋਤ ਮਿਲਾਵੇ । ਹੋਏ ਕਿਰਪਾਲ ਆਪ ਦਿਆਲਾ । ਜਨਮ ਮਰਨ ਦਾ ਲੱਥਾ ਜੰਜ਼ਾਲਾ । ਪੂਰੇ ਸਤਿਗੁਰ ਖੇਲ ਰਚਾਇਆ । ਗੁਰਮੁਖਾਂ ਲਈ ਬੈਕੁੰਠ ਬਣਾਇਆ । ਬੇਮੁਖਾਂ ਨੂੰ ਪਰੇ ਹਟਾ ਕੇ । ਜਮਦੂਤਾਂ ਦੇ ਵਸ ਸੀ ਪਾ ਕੇ । ਧਰਮ ਰਾਜ ਨੇ ਡੰਨ ਲਗਾਇਆ । ਕੁੰਭੀ ਨਰਕ ਇਨ੍ਹਾਂ ਨੂੰ ਪਾਇਆ । ਸਿੱਖਾਂ ਨੂੰ ਦਵਾਵੇ ਮਾਣ । ਸੋਹੰ ਸ਼ਬਦ ਉਤਮ ਗਿਆਨ । ਉਤਮ ਜੋਤ ਮੈਂ ਆਪ ਜਗਾਵਾਂ । ਦਸਵੇਂ ਦਵਾਰ ਦਾ ਪਰਦਾ ਲਾਹਵਾਂ । ਐਸਾ ਝਿਰਨਾਂ ਮੈਂ ਆਪ ਝਿਰਾਉਂ । ਅੰਮ੍ਰਿਤ ਬੂੰਦ ਕੌਲ ਮੇਂ ਪਾਉਂ । ਖਿਲੇ ਕੌਲ ਜੋ ਆਪ ਖਿਲਾਵੇ । ਭਗਤ ਜਨਾਂ ਨੂੰ ਸੂਝੀ ਪਾਵੇ । ਐਸਾ ਪ੍ਰਕਾਸ਼ ਹੋਵੇ ਫਿਰ ਮੇਰਾ । ਅੰਧ ਅਗਿਆਨ ਦਾ ਮਿਟੇ ਅੰਧੇਰਾ । ਹੋਏ ਪ੍ਰਤੱਖ ਮੈਂ ਦਰਸ ਦਿਖਾਵਾਂ । ਗੁਰਮੁਖਾਂ ਨੂੰ ਚਰਨੀ ਲਾਵਾਂ । ਚਰਨ ਕਵਲ ਜੋ ਮੇਰੇ ਪਰਸੇ । ਸਦੀਵ ਕਾਲ ਸਦਾ ਗੁਰ ਦਰਸੇ । ਐਸੀ ਮੈਂ ਸਤਾਰ ਵਜਾਵਾਂ । ਅਨਹਦ ਸ਼ਬਦ ਦਾ ਰਾਗ ਸੁਣਾਵਾਂ । ਮੇਰੇ ਸ਼ਬਦ ਐਸੀ ਧੁਨਕਾਰ । ਸੁਣ ਕੇ ਸਿੱਖ ਸੀ ਉਤਰੇ ਪਾਰ । ਸੋਹੰ ਸ਼ਬਦ ਦਾ ਹੋਇਆ ਪ੍ਰਕਾਸ਼ । ਬਾਕੀ ਸਭ ਦਾ ਕੀਤਾ ਨਾਸ । ਸਮੇਂ ਅਨੁਸਾਰ ਏਹ ਸ਼ਬਦ ਚਲਾਇਆ । ਮਹਾਰਾਜ ਸ਼ੇਰ ਸਿੰਘ ਆਪ ਕਰੇ ਕਰਾਇਆ । ਆਪਣਾ ਹੁਕਮ ਆਪ ਲਿਖਵਾਇਆ । ਮਨੀ ਸਿੰਘ ਤੋਂ ਸਤਿਗੁਰੂ ਬਣਾਇਆ । ਐਸੀ ਆਪ ਜਗਾਈ ਜੋਤਾ । ਸਾਡੀ ਤਾਕਤ ਵਰਤੇ ਮੋਤਾ । ਦੀਪ ਤੋਂ ਦੀਪਕ ਜਗਾ ਕੇ । ਸੰਗਤਾਂ ਵਿਚ ਮਾਣ ਦਵਾ ਕੇ । ਪੈਜ ਰੱਖਾਂਗਾ ਇਹਦੀ ਆ ਕੇ । ਮਹਾਰਾਜ ਸ਼ੇਰ ਸਿੰਘ ਨਾਮ ਰਖਾ ਕੇ । ਊਧਮ ਨੂੰ ਵਿਚ ਅੱਧ ਰਖਾਵਾਂ । ਸ਼ਾਮੇ ਤਾਈਂ ਮਾਣ ਦਵਾਵਾਂ । ਪ੍ਰਭਜੋਤ ਦੀ ਜੋਤ ਜਗਾ ਕੇ । ਦਰ ਆਪਣੇ ਤੋਂ ਭਿਖਿਆ ਪਾ ਕੇ । ਪੰਜਵੀਂ ਜੇਠ ਨੂੰ ਜਗਤਾਰ ਪ੍ਰਗਟਾ ਕੇ । ਸੱਤਾਂ ਦੀਪਾਂ ਦਾ ਮਾਣ ਦਵਾ ਕੇ । ਸਿਰ ਇਹਨਾਂ ਦੇ ਛਤਰ ਝੁਲਾ ਕੇ । ਤ੍ਰੈਲੋਕੀ ਨਾਥ ਆਪ ਅਖਵਾ ਕੇ । ਦੀਨ ਦਿਆਲ ਮੈਂ ਆਪ ਕਿਰਪਾਲਾ । ਸੋਹੰ ਸ਼ਬਦ ਮੇਰਾ ਸਦਾ ਰਖਵਾਲਾ ।

੧੩
੦੧

❋ ੧੭ ਭਾਦਰੋਂ ੨੦੦੬ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

ਸਤਾਰਾਂ ਭਾਦਰੋਂ ਬਚਨ ਲਿਖਾਇਆ । ਆਪਣਾ ਭੋਗ ਆਪ ਲਵਾਇਆ । ਬ੍ਰਹਮ ਛਤਰੀ ਵੈਸ਼ਾਂ ਦਾ ਹੰਕਾਰ ਗਵਾਵਾਂ । ਸ਼ੂਦਰਾਂ ਤਾਈਂ ਮਾਣ ਦਵਾਵਾਂ । ਭੀਲਣੀ ਦੇ ਬੇਰ ਖਾਧੇ ਜਾ ਕੇ । ਰਾਮ ਨਾਮ ਮੈਂ ਅਖਵਾ ਕੇ । ਸਤੀ ਅਹਲਿਆ ਨੂੰ ਫੇਰ ਜਵਾ ਕੇ । ਆਪਣਾ ਚਰਨ ਆਪ ਛੁਹਾ ਕੇ । ਬਬਾਣਾ ਵਿਚ ਆਪ ਬਹਾ ਕੇ । ਗੌਤਮ ਦਾ ਸਰਾਫ ਸੀ ਲਾਹ ਕੇ । ਬੈਕੁੰਠ ਧਾਮ ਦੇ ਵਿਚ ਪੁਚਾਇਆ । ਐਸਾ ਆਪਣਾ ਖੇਲ ਰਚਾਇਆ । ਬਾਲਮੀਕ ਸੀ ਬੜਾ ਬਜਵਾੜਾ । ਡਾਕਾ ਮਾਰੇ ਦਿਨ ਦਿਹਾੜਾ । ਘਰ ਵਿਚ ਪੁੱਛਣ ਘੱਲਿਆ, ਅੰਤ ਕਾਲ ਕੋਏ ਹੈ ਤੁਮਾੜਾ । ਕੌੜ ਮੜਾਚੌ ਖਨੀਐ ਕੋਏ ਨਾ ਬੇਲੀ ਕਰਨਾ ਝਾੜਾ । ਫੇਰ ਆਪਣਾ ਆਪ ਵਖਾਇਆ । ਸਭ ਭੁਲੇਖਾ ਉਸ ਦਾ ਲਾਹਿਆ । ਹੋਇਆ ਦੁਆਪਰ ਮੈਂ

ਕ੍ਰਿਸ਼ਨ ਮੁਰਾਰੀ । ਦਰੋਪਦੀ ਦੀ ਜਿਨ ਪੈਜ ਸਵਾਰੀ । ਦੁਰਯੋਧਨ ਦੀ ਅਸਾਂ ਤਜੀ ਅਟਾਰੀ । ਬਿਦਰ ਦੀ ਕੁੱਲੀ ਵਿਚ ਰਾਤ ਗੁਜਾਰੀ । ਸਦਾ ਗ਼ਰੀਬੀ ਘਰ ਰਹਾਵੇ । ਅਲੂਣੇ ਸਾਗ ਨੂੰ ਭੋਗ ਲਗਾਵੇ । ਓਸ ਸਮੇਂ ਸਾਂ ਮੈਂ ਕ੍ਰਿਸ਼ਨ ਮੁਰਾਰ । ਦਲਿਦਰੀ ਨਾਲ ਜਿਨ ਕੀਆ ਪਿਆਰ । ਭੀਖਣ ਦਰੋਣਾ ਕਰਨ ਤਜਾਇਆ । ਬਿਦਰ ਤਾਈਂ ਗਲੇ ਲਗਾਇਆ । ਮੈਂ ਹਾਂ ਆਪ ਦੀਨ ਦਿਆਲ । ਨਿਮਾਣਿਆਂ ਨੂੰ ਮੈਂ ਦੇਵਾਂ ਮਾਣ । ਕਲਜੁਗ ਵਿਚ ਲੈ ਕੇ ਅਵਤਾਰ । ਦਿਤਾ ਸੀ ਅਗਨ ਵਿਚ ਡਾਲ । ਹੁਣ ਆਪਣਾ ਆਪ ਪ੍ਰਗਟਾਇਆ । ਹੋਏ ਦਿਆਲ ਦਰਸ ਦਿਖਾਇਆ । ਬਿਦਰ ਤੋਂ ਸੋਹਣ ਸਿੰਘ ਉਪਜਾਇਆ । ਸਭ ਭੁਲੇਖਾ ਦਿਲ ਦਾ ਲਾਹਿਆ । ਸੋਹਣ ਸਿੰਘ ਤੂੰ ਪੱਲਾ ਫੇਰ । ਘਰ ਤੇਰੇ ਵਿਚ ਬੈਠਾ ਸ਼ੇਰ । ਤੀਨ ਲੋਕ ਵਿਚ ਆਪ ਰਖਵਾਲਾ । ਆਪਣੇ ਭਗਤਾਂ ਦੀ ਪੈਜ ਰੱਖਣਵਾਲਾ । ਪੈਜ ਸੁਆਰੀ ਤੇਰੀ ਆ ਕੇ । ਦੇਵਾਂ ਦਰਸ ਸੁੱਤੇ ਉਠਾ ਕੇ । ਐਸਾ ਦਰਸ ਮੈਂ ਆਪ ਦਿਖਾਵਾਂ । ਮੁਕੰਦ ਮਨੋਹਰ ਨਜ਼ਰੀ ਆਵਾਂ । ਸਿਰ ਤੇ ਮੁਕਟ ਹੋਵੇਗਾ ਮੇਰੇ । ਸਦਾ ਰਹੂੰਗਾ ਕੋਲ ਤੇਰੇ । ਐਸਾ ਪੰਥ ਨਵਾਂ ਬਣਾਇਆ । ਗ਼ਰੀਬਾਂ ਤਾਈਂ ਗਲੇ ਲਗਾਇਆ । ਐਸੀ ਚਲਾਂ ਚਾਲ ਨਿਰਾਲੀ । ਜ਼ਾਤ ਪਾਤ ਸਭ ਅਗਨ ਮੇਂ ਡਾਲੀ । ਜੋ ਮੇਰੇ ਦਰ ਤੇ ਆਵੇ । ਉਤਮ ਜੋਤ ਐਸੀ ਜਗਾਵੇ । ਏਸ ਦੀਪਕ ਦੀ ਜੋਤ ਨਿਰਾਲੀ । ਸਰਬ ਜੀਵ ਜੰਤ ਦੇ ਵਿਚ ਹੈ ਡਾਲੀ । ਜੀਵ ਜੰਤ ਦੇ ਵਸ ਨਾ ਕੋਈ । ਜੋ ਕਰਾਵੇ ਸੋਈ ਹੋਈ । ਸੋਹਣ ਸਿੰਘ ਤੇ ਦਇਆ ਕਮਾਵਾਂ । ਦੁੱਖ ਕਲੇਸ਼ ਏਸ ਦਾ ਲਾਹਵਾਂ । ਭੂਤ ਪਰੇਤ ਦਾ ਨਾਸ ਕਰਾ ਕੇ । ਜਿੰਨ ਖ਼ਬੀਸ ਸਿਰ ਡੰਡਾ ਲਾ ਕੇ । ਹਾਕਨ ਡਾਕਨ ਦਾ ਸਿਰ ਮੁਨਵਾ ਕੇ । ਅਠਾਰਾਂ ਬੀਰ ਵਸ ਕਰਾ ਕੇ । ਐਸਾ ਕੰਮ ਅੱਜ ਆਪ ਕਰਾਇਆ । ਜਮਪੁਰ ਤੋਂ ਦੇਵਪੁਰ ਬਣਾਇਆ । ਅੱਜ ਮੇਰਾ ਹੋਇਆ ਪ੍ਰਕਾਸ਼ । ਦੁਸ਼ਟਾਂ ਦਾ ਕੀਤਾ ਨਾਸ । ਜਿਸ ਨੇ ਰਸ ਅੰਮ੍ਰਿਤ ਦਾ ਪੀਆ । ਦੇਹ ਸੁਖਾਲੀ ਨਿਰਮਲ ਹੈ ਜੀਆ । ਇਸ ਅੰਮ੍ਰਿਤ ਦੀ ਇਹ ਵਡਿਆਈ । ਪਸੂ ਪਰੇਤੋਂ ਦੇਵ ਬਣਾਈ । ਏਸ ਬੂੰਦ ਦੀ ਕੋਈ ਨਾ ਜਾਣੇ ਸਾਰ । ਜਿਨ੍ਹ ਪੀਤੀ ਸੋ ਉਤਰਿਆ ਪਾਰ । ਇਕ ਬੂੰਦ ਚਾਤਰਕ ਪਾਵੇ । ਹੋਏ ਸ਼ਾਂਤ ਹਰਿ ਗੁਣ ਗਾਵੇ । ਅੰਮ੍ਰਿਤ ਸਤਿਗੁਰ ਆਪ ਬਣਾਇਆ । ਮਹਾਰਾਜ ਸ਼ੇਰ ਸਿੰਘ ਰਸਨੀ ਲਾਇਆ । ਰਸਨਾ ਆਪਣੀ ਨਾਲ ਲਗਾਇਆ । ਮਨਮੁਖਾਂ ਤੋਂ ਗੁਰਸਿਖ ਬਣਾਇਆ । ਗਿਆ ਦਿਵਸ ਹੋਈ ਸ਼ਾਮ । ਹਾਜ਼ਰ ਹੋਇਆ ਵਿਸ਼ਨੂੰ ਭਗਵਾਨ । ਆਪਣੇ ਸਿੱਖਾਂ ਦਾ ਬਿਰਦ ਸੰਭਾਲਿਆ । ਭੋਜਨ ਤਾਈਂ ਭੋਗ ਲਗਾ ਲਿਆ । ਜਿਸ ਨੂੰ ਈਸ਼ਰ ਭੋਗ ਲਗਾਵੇ । ਭਖ ਤੋਂ ਭੋਜਣ ਬਣ ਜਾਵੇ । ਭੋਗ ਲਗਾਵਾਂ ਜਿਸ ਨੂੰ ਆ ਕੇ । ਸੀਤ ਪ੍ਰਸ਼ਾਦ ਸੰਗਤ ਨੂੰ ਵਰਤਾ ਕੇ । ਸੀਤਲ ਸ਼ਾਂਤ ਹੋਈ ਇਹ ਕਾਇਆ । ਮੁਖ ਵਿਚ ਪ੍ਰਸ਼ਾਦ ਨੂੰ ਪਾਇਆ । ਸੀਤ ਪ੍ਰਸ਼ਾਦ ਦੀ ਇਹ ਵਡਿਆਈ । ਜੋਤ ਵਿਚ ਲਏ ਜੋਤ ਮਿਲਾਈ । ਮਿਲ ਜੋਤ ਮਿਟਿਆ ਅੰਧੇਰਾ । ਬਚਨ ਲਿਖਾਵੇ ਸਤਿਗੁਰ ਪੂਰਾ । ਸਫਲ ਹੋਣਗੇ ਤੇਰੇ ਕਾਮ । ਮੁਖੋਂ ਬੋਲੇ ਜਾਣੀ ਜਾਣ । ਆਪਣਾ ਸ਼ਬਦ ਆਪ ਲਿਖਾਇਆ । ਰੁੜ੍ਹਦਾ ਬੇੜਾ ਅੱਜ ਬੰਨ੍ਹੇ ਲਾਇਆ । ਐਸਾ ਖੇਲ ਅੱਜ ਰਚਾਇਆ । ਆਕਾਸ਼ ਪਤਾਲ ਵਿਚੋਂ ਮੈਂ ਆਇਆ । ਤਜਿਆ ਪਾਤਾਲ ਮਾਤਲੋਕ ਵਿਚ ਆਇਆ । ਆਪਣੇ ਆਪ ਨੂੰ ਭੂਮ ਤੇ ਲਿਟਾਇਆ । ਐਸ ਧਾਮ ਨੂੰ ਪਵਿੱਤਰ ਕਰਾ ਕੇ । ਫਿਰ ਭੋਗ ਪ੍ਰਸ਼ਾਦ ਨੂੰ ਲਾ ਕੇ । ਲੱਗਾ ਭੋਗ ਹੋਇਆ ਪ੍ਰਸ਼ਾਦ । ਮੈਂ ਸਹਾਈ ਸਿੱਖਾਂ ਦਾ ਆਦਿ ਜੁਗਾਦਿ । ਆਦਿ ਅੰਤ ਮੈਂ ਏਕੰਕਾਰਾ । ਭਗਤਾਂ ਨੂੰ ਮੇਰਾ ਅੰਮ੍ਰਿਤ ਭੰਡਾਰਾ । ਅੰਮ੍ਰਿਤ ਈਸ਼ਵਰ ਆਪ ਬਣਾਵੇ । ਪੀਵੇ ਅੰਮ੍ਰਿਤ ਅਮਰ ਹੋ ਜਾਵੇ । ਜਿਨ

੧੪
੦੧

ਅੰਮ੍ਰਿਤ ਦਾ ਮਾਣ ਗਵਾਇਆ । ਮਤਿ ਓਸ ਦੀ ਉਤੇ ਪਰਦਾ ਪਾਇਆ । ਐਸਾ ਪਰਦਾ ਉਸ ਤੇ ਪਾਵਾਂ । ਉਸ ਨੂੰ ਦੁਸ਼ਟਾਂ ਦੁਰਾਚਾਰਾਂ ਦੇ ਵਿਚ ਕਰਾਵਾਂ । ਐਸੀ ਮਤਿ ਓਸ ਦੀ ਮਾਰੀ । ਭਰਿਸ਼ਟੀ ਦੇਹ ਕਰੇ ਖੁਆਰੀ । ਮੇਰੇ ਨਾਮ ਦਾ ਕਰੇ ਮਾਣ । ਉਸ ਨੂੰ ਮਿਲੇ ਦਰਗਾਹ ਵਿਚ ਮਾਣ । ਮਹਾਰਾਜ ਸ਼ੇਰ ਸਿੰਘ ਜੇ ਕੋਈ ਅਖਵਾਵੇ । ਮਤਿ ਉਪਠੀ ਸਿਰ ਛਾਹੀ ਪਾਵੇ । ਆਪਣੇ ਨਾਮ ਨੂੰ ਨਾ ਲਾਜ ਲਵਾਵਾਂ । ਐਸੀ ਬੁਧ ਓਸ ਦੀ ਗਵਾਵਾਂ । ਮਤਿ ਓਸ ਦੀ ਦੇਵਾਂ ਮਾਰ । ਦਰ ਦਰ ਧੱਕੇ ਹੋਏ ਖੁਆਰ । ਐਸਾ ਉਸ ਦਾ ਮਾਣ ਗਵਾਵਾਂ । ਖ਼ਾਕ ਵਿਚ ਖ਼ਾਕ ਮਿਲਾਵਾਂ । ਈਸ਼ਵਰ ਬਿਨਾ ਨਾ ਅੰਮ੍ਰਿਤ ਬਰਖੇ । ਝੂਠਾ ਪਾਪੀ ਆਪ ਹੈ ਪਰਖੇ । ਐਸ ਵਾਸਤੇ ਖੇਲ ਰਚਾਇਆ । ਇਸ ਨੇ ਅੰਮ੍ਰਿਤ ਦਾ ਮਾਣ ਗਵਾਇਆ । ਜੋ ਪੀਵੇ ਅੰਮ੍ਰਿਤ ਅਮਰ ਪਦ ਹੋ ਜਾਵੇ । ਜੂਠਿਆਂ ਝੂਠਿਆਂ ਸਿਰ ਖੇਹ ਪਵਾਵੇ । ਕੋਈ ਨਾ ਦੇਵੇ ਅੰਮ੍ਰਿਤ ਬਣਾ ਕੇ । ਮਹਾਰਾਜ ਸ਼ੇਰ ਸਿੰਘ ਕਹੇ ਸੁਣਾ ਕੇ । ਆਪਣਾ ਅੰਮ੍ਰਿਤ ਮੈਂ ਆਪ ਬਣਾਵਾਂ । ਗੁਰਮੁਖਾਂ ਦੇ ਮੁਖ ਚੁਆਵਾਂ । ਕਲਜੁਗ ਦਾ ਹੁਣ ਨਾਸ ਕਰਾਇਆ । ਸਤਿਗੁਰ ਮਨੀ ਸਿੰਘ ਕਰੇ ਕਰਾਇਆ । ਜਿਥੇ ਰੱਖੀ ਹੈ ਤਸਵੀਰ ਮੇਰੀ । ਵਗੇ ਨਾ ਏਥੇ ਕਦੇ ਹਨੇਰੀ । ਐਸੀ ਹੁਣ ਖੇਲ ਰਚਾਉਂ । ਖਿਨ ਵਿਚ ਸ੍ਰਿਸ਼ਟੀ ਨਾਸ ਕਰਾਉਂ । ਵਸ ਸਿੱਖਾਂ ਨੂੰ ਕਰਾਂ ਮੈਂ ਆ ਕੇ । ਹੱਥ ਚੌਰ ਸਿਰ ਛਤਰ ਝੁਲਾ ਕੇ । ਤ੍ਰੈਲੋਕੀ ਨੰਦ ਆਪ ਅਖਵਾ ਕੇ । ਸੋਹੰ ਸ਼ਬਦ ਦਾ ਜਾਪ ਕਰਾ ਕੇ । ਬਾਕੀ ਦਾ ਹੁਣ ਨਾਸ ਕਰਾ ਕੇ । ਮਹਾਰਾਜ ਸ਼ੇਰ ਸਿੰਘ ਨਾਮ ਰਖਾ ਕੇ । ਐਸਾ ਭੇਤ ਮੈਂ ਆਪ ਖੁਲ੍ਹਾਵਾਂ । ਪਲਟੇ ਜਾਮੇ ਹੁਣ ਸਚ ਲਿਖਾਵਾਂ । ਨਾਮਾ ਨਾਮਦੇਵ ਅਖਵਾਇਆ । ਈਸ਼ਵਰ ਦਾ ਜਿਨ ਭੋਗ ਲਗਵਾਇਆ । ਕਪਲਾ ਗਊ ਦਾ ਦੁੱਧ ਚੁਆਇਆ । ਹੋਏ ਇਕ ਮਨ ਭੋਗ ਲਗਾਇਆ । ਭੋਗ ਲੱਗਾ ਮਨ ਹੋਇਆ ਅਧੀਨਾ । ਗਵਾਇਆ ਮਾਣ ਪ੍ਰਭ ਮਨ ਸੇ ਚੀਨਾ । ਹੋਏ ਪ੍ਰਤੱਖ ਪ੍ਰਭ ਦਰਸ ਦਿਖਾਇਆ । ਭਰ ਕਟੋਰਾ ਨਾਮੇ ਦੁੱਧ ਪਿਆਇਆ । ਪੈਜ ਰੱਖਣ ਲਈ ਹਰਿ ਜੂ ਆਇਆ । ਨਾਮੇ ਦਾ ਦਿਹੁਰਾ ਫਿਰਵਾਇਆ । ਫੇਰ ਓਸ ਦਾ ਛੱਪਰ ਛਾਇਆ । ਮੋਈ ਗਾਏ ਤਾਈਂ ਆਪ ਜਿਵਾਇਆ । ਭਗਤਾਂ ਨੂੰ ਮਾਣ ਦਵਾਇਆ । ਛੁੱਟੀ ਦੇਹ ਪ੍ਰਲੋਕ ਸਿਧਾਇਆ । ਜੋਤ ਵਿਚ ਸੀ ਜੋਤ ਮਿਲਾਇਆ । ਜੋਤ ਵਿਚੋਂ ਜੋਤ ਲਿਆ ਕੇ । ਪਾਲ ਸਿੰਘ ਵਿਚ ਜੋਤ ਜਗਾ ਕੇ । ਆਪਣੇ ਆਪ ਦਾ ਦਰਸ ਦਿਖਾ ਕੇ । ਕ੍ਰਿਸ਼ਨ ਭਗਵਾਨ ਦਾ ਰੂਪ ਬਣਾ ਕੇ । ਦਿਤਾ ਦਾਨ ਦਰਸ ਬਾਹੋਂ ਉਠਾ ਕੇ । ਸ਼ਰਨੀ ਡਿੱਗਾ ਸਾਡੀ ਆ ਕੇ । ਐਸੀ ਦਿਤੀ ਉਹਨੂੰ ਵਡਿਆਈ । ਆਪਣੀ ਜੋਤ ਵਿਚ ਲਲਾਟ ਜਗਾਈ । ਆਪਣੀ ਜੋਤ ਆਪ ਜਗਾ ਕੇ । ਗੁਰਸਿਖਾਂ ਤੋਂ ਗੁਰਮੁਖ ਬਣਾ ਕੇ । ਐਸਾ ਮਾਣ ਮੈਂ ਆਪ ਦਵਾਇਆ । ਸੰਗਤ ਦਾ ਸਿਰਤਾਜ ਬਣਾਇਆ । ਐਸੀ ਉਸ ਨੇ ਸਾਰ ਸੀ ਪਾਈ । ਸਾਰੀ ਸੰਗਤ ਉਸ ਨੇ ਸੀ ਬਚਾਈ । ਐਸੀ ਦਇਆ ਤੁਸਾਂ ਤੇ ਕੀਤੀ । ਆਪਣੇ ਚਰਨਾਂ ਦੀ ਪ੍ਰੀਤੀ ਦੀਤੀ । ਸਾਲ ਤੇਈ ਉਸ ਸੇਵ ਕਮਾਈ । ਤੇਈ ਚੇਤ ਨੂੰ ਦੇਹ ਤਜਾਈ । ਜੋਤ ਵਿਚ ਜੋਤ ਸਮਾਈ । ਥਿਰ ਘਰ ਵਿਚ ਬੈਠਾ ਜਾਈ । ਰਾਮ ਕ੍ਰਿਸ਼ਨ ਕਲਾ ਇਹ ਧਾਰੀ । ਮਹਾਰਾਜ ਸ਼ੇਰ ਸਿੰਘ ਦੀ ਜੋਤ ਅਪਾਰੀ । ਭਰਥਰੀ ਤੋਂ ਭਗਵਾਨ ਉਪਾਇਆ । ਮੋਤਾ ਸਿੰਘ ਨਾਮ ਰਖਵਾਇਆ । ਕਲਜੁਗ ਵਿਚ ਪ੍ਰਹਿਲਾਦ ਹੈ ਆਇਆ । ਦਲੀਪ ਸਿੰਘ ਨਾਮ ਅਖਵਾਇਆ । ਚੰਦ ਗੋਪੀ ਫੇਰ ਉਪਾਇਆ । ਊਧਮ ਨੂੰ ਅੱਧ ਵਿਚ ਰਖਵਾਇਆ । ਬੈਣੀ ਨੂੰ ਸ਼ਾਮ ਉਪਾ ਕੇ । ਇਕਾਂਤ ਬਹੇਗਾ ਮੇਰੀ ਲਿਵ ਲਾ ਕੇ । ਦਰਸ ਦਖਾਵਾਂ ਮੈਂ ਆ ਕੇ । ਐਸਾ ਕਹਿਰ ਮੈਂ ਹੁਣ ਵਰਤਾਵਾਂ । ਲਿਖਤ

੧੫ ੦੧

ਮਨੀ ਸਿੰਘ ਦੀ ਸਚ ਕਰਾਵਾਂ । ਮਾਸ ਸ਼ਰਾਬ ਜਿਨਾਂ ਨੇ ਖਾਧਾ । ਜੂਨ ਘੋਗੜ ਵਿਸ਼ਟਾ ਖਾਧਾ । ਐਸੀ ਦੁਰਗਤ ਉਹਨਾਂ ਦੀ ਹੋਈ । ਵਿਚ ਦਰਗਹਿ ਮਿਲੇ ਨਾ ਢੋਈ । ਗੁਰ ਨਾਨਕ ਦਾ ਨਾਮ ਭੁਲਾਇਆ । ਨਾਮ ਸਤਿ ਦਾ ਜਿਨ ਜਾਪ ਕਰਾਇਆ । ਮਦਿਰਾ ਪਾਨ ਆਪ ਤਜਾਇਆ । ਈਸ਼ਰ ਦਾ ਸੀ ਨਾਮ ਸੁਣਾਇਆ । ਦਸ ਜਾਮੇ ਆਪਣੀ ਜੋਤ ਪ੍ਰਗਟਾਈ । ਮਾਸ ਸ਼ਰਾਬ ਨਾ ਰਸਨਾ ਲਾਈ । ਜੋ ਮਾਸ ਮਹਾਪ੍ਰਸ਼ਾਦ ਅਖਵਾਵੇ । ਕਿਉਂ ਨਾ ਗੁਰੂ ਭੋਗ ਲਗਾਵੇ ? ਮਾਣਸ ਹੋ ਕੇ ਮਾਸ ਜੋ ਖਾਵੇ । ਕੂਕਰ ਸੂਕਰ ਦੀ ਜੂਨ ਨਿੱਤ ਪਾਵੇ । ਪੀ ਸ਼ਰਾਬ ਹੋਵੇ ਮਸਤਾਨਾ । ਪਸੂ ਜੂਨ ਵਿਚ ਓਸ ਹੈ ਜਾਣਾ । ਐਸੀ ਦੁਰਗਤ ਉਨ੍ਹਾਂ ਦੀ ਹੋਵੇ । ਧਰਮ ਰਾਏ ਜਬ ਪਕੜ ਖਲੋਵੇ । ਅੰਤ ਕਾਲ ਇਹ ਨਰਕ ਨਿਵਾਸੀ । ਭੁੱਲਾ ਜੀਵ ਭੇਤ ਨਾ ਪਾਸੀ । ਜੋ ਪ੍ਰਸ਼ਾਦ ਸੰਗਤ ਵਿਚ ਖਾਵੇ । ਵਿਚ ਚੁਰਾਸੀ ਫੇਰ ਨਾ ਆਵੇ । ਜੋ ਸੰਗਤ ਨੂੰ ਦੇਵੇ ਮਾਣ । ਉਸ ਨੂੰ ਆਪ ਮਿਲੇ ਭਗਵਾਨ । ਸੰਗਤ ਸਤਿਗੁਰ ਆਪ ਬਣਾਵੇ । ਵਿਚ ਸੰਗਤ ਆਪਣਾ ਆਪ ਰਖਾਵੇ । ਹੋਏ ਅਧੀਨ ਜੇ ਸੰਗਤ ਧਿਆਵੇ । ਬੱਧਾ ਹਰਿ ਜੂ ਏਥੇ ਆਵੇ । ਲਾਜ ਸਿੱਖਾਂ ਦੀ ਆਪ ਰਖਾਵੇ । ਸੱਚਾ ਸਤਿਗੁਰ ਤਾਂ ਅਖਵਾਵੇ । ਨਿਮਸਕਾਰ ਚਰਨਾ ਵਿਚ ਜੋ ਕਰੇ । ਆਵੇ ਨਾ ਜਾਵੇ ਜਨਮੇ ਨਾ ਮਰੇ । ਜਿਸ ਨੇ ਕੀਤਾ ਆਣ ਪ੍ਰਨਾਮ । ਉਸ ਨੂੰ ਮਿਲਿਆ ਜਾਣੀ ਜਾਣ । ਸੀਸ ਜਿਸ ਦਾ ਝੁਕਿਆ ਆਣ । ਦਰਗਹਿ ਵਿਚ ਦਵਾਇਆ ਮਾਣ । ਦਰਗਾਹ ਮੇਰੀ ਸਚੀ ਹੋਈ । ਦੁੱਖ ਦਲਿਦਰ ਰਹੇ ਨਾ ਕੋਈ । ਤੇਜ ਮੇਰਾ ਹੁਣ ਹੋਵੇ ਸਵਾਇਆ । ਆਪਣਾ ਹੁਕਮ ਆਪ ਲਿਖਾਇਆ । ਹੁਕਮ ਮੇਰਾ ਬੜਾ ਅਨੋਖਾ । ਸੱਚਾ ਸਤਿਗੁਰ ਨਹੀਂ ਹੈ ਧੋਖਾ । ਪਰਖ ਲੈਣ ਮੈਨੂੰ ਪਰਖਣਹਾਰੇ । ਮੈਂ ਬੈਠਾ ਹਾਂ ਵਿਚ ਦਰਬਾਰੇ । ਮੈਂ ਨਹੀਂ ਆਪਣਾ ਆਪ ਛੁਪਾਇਆ । ਹਾਜ਼ਰ ਹੋ ਕੇ ਦਰਸ ਦਿਖਾਇਆ । ਪਰਖ਼ ਤੁਸੀ ਹੁਣ ਕਰ ਲਓ ਮੇਰੀ । ਆਓ ਸਾਹਮਣੇ ਲਾਓ ਨਾ ਦੇਰੀ । ਐਸੀ ਕਲਾ ਹੁਣ ਵਰਤਾਵਾਂ । ਸਰਬ ਸ੍ਰਿਸ਼ਟੀ ਨੂੰ ਭਸਮ ਕਰਾਵਾਂ । ਕਲਜੁਗ ਦਾ ਹੁਣ ਹੋਇਆ ਕਿਨਾਰਾ । ਸਤਿਜੁਗ ਦਾ ਖੁਲ੍ਹਾ ਭੰਡਾਰਾ । ਸਤਿਜੁਗ ਵਿਚ ਸਤਿਗੁਰ ਆਇਆ । ਜਿਸ ਨੇ ਇਹਦਾ ਭੇਤ ਖੁਲ੍ਹਾਇਆ । ਮੈਂ ਆਪਣੇ ਵਿਚ ਸਮਾਵਾਂ । ਸੱਚਾ ਸਤਿਗੁਰ ਤਾਂ ਅਖਵਾਵਾਂ । ਸੱਚੀ ਬਖ਼ਸ਼ਾਂ ਹੁਣ ਮੈਂ ਦਾਤ । ਜਿਸ ਨੂੰ ਆਖਣ ਲੋਕ ਕਰਾਮਾਤ । ਇਹ ਕਰਾਮਾਤ ਹੈ ਮੇਰਾ ਨਾਮ । ਸੋਹੰ ਸ਼ਬਦ ਸੱਚਾ ਪਛਾਣ । ਸ਼ਬਦੋਂ ਸ਼ਬਦ ਰੂਪ ਹੋ ਜਾਵੇ । ਤ੍ਰਿਗਦ ਜੂਨ ਵਿਚ ਫੇਰ ਨਾ ਆਵੇ । ਆਪਣਾ ਸ਼ਬਦ ਆਪ ਲਿਖਾਵਾਂ । ਚਾਰ ਜੁਗ ਇਹਦਾ ਜਾਪ ਕਰਾਵਾਂ । ਬਹੱਤਰ ਜਾਮੇ ਭਗਤ ਪ੍ਰਗਟਾਵਾਂ । ਆਪਣਾ ਦਰਸ ਆਪ ਦਿਖਾਵਾਂ । ਜਿਸ ਨੇ ਦਰਸ ਮੇਰੇ ਸੀ ਪਾਏ । ਜੋਤ ਸੰਗ ਜੋਤ ਮਿਲਾਏ । ਸਤਿਗੁਰ ਜਾਂ ਦਇਆ ਕਮਾਵੇ । ਬੇੜਾ ਸਿੱਖ ਦਾ ਬੰਨ੍ਹੇ ਲਾਵੇ । ਬਣੇ ਮਲਾਹ ਵਿਚ ਦਰਗਾਹ ਦੇ । ਆਪ ਉਠਾਵੇ ਦਇਆ ਕਮਾ ਕੇ । ਐਸੀ ਦਇਆ ਗੁਰ ਆਪ ਕਰੇ । ਭਵਜਲ ਤੋਂ ਪਾਰ ਪਰੇ । ਗੁਰ ਘਰ ਵਿਚ ਸੱਚਾ ਭੰਡਾਰਾ । ਸਿੱਖਾਂ ਦਾ ਗੁਰ ਸਦਾ ਰਖਵਾਲਾ । ਐਸਾ ਤੈਨੂੰ ਮਾਣ ਦਵਾਵਾਂ । ਘਰ ਤੇਰੇ ਵਿਚ ਧਾਮ ਬਣਾਵਾਂ । ਸੇਵਾ ਜੋ ਤੁਸਾਂ ਨੇ ਕੀਤੀ । ਸ਼ੁਧ ਆਤਮਾ ਦੇਹ ਪੁਨੀਤੀ । ਐਸੀ ਦਿਤੀ ਹੈ ਅੱਜ ਦਾਤ । ਸਿੱਖ ਮੇਰੇ ਦਾ ਵਡ ਪ੍ਰਤਾਪ । ਲੰਗਰ ਵਰਤੇ ਜਿਥੇ ਮੇਰਾ । ਉਥੇ ਨਹੀਂ ਹੈ ਕੋਈ ਤੋੜਾ । ਲੰਗਰ ਗੁਰੂ ਕਾ ਗੁਰ ਭੰਡਾਰਾ । ਆਪੇ ਬੂਝੇ ਆਪ ਬੂਝਣਹਾਰਾ । ਐਸੀ ਸੋਝੀ ਤੁਹਾਨੂੰ ਪਾਵਾਂ । ਦੁੱਖ ਕਲੇਸ਼ਾਂ ਦਾ ਨਾਸ ਕਰਾਵਾਂ । ਐਸੀ ਕਲਮ ਆਪ ਚਲਾਵਾਂ । ਦਾਤ ਪੁੱਤਾਂ ਦੀ ਝੋਲੀ ਪਾਵਾਂ । ਆਪਣੀ ਦਾਤ ਆਪ ਵਰਤਾਈ । ਆਈ ਸੰਗਤ ਦੀ ਆਸ ਪੁਜਾਈ ।

੧੬
੦੧

ਈਸ਼ਵਰ ਜੋਤ ਦਾ ਹੋਇਆ ਪ੍ਰਕਾਸ਼ । ਸੋਹੰ ਸ਼ਬਦ ਦਾ ਹੋਵੇ ਜਾਪ । ਮੇਰੀ ਇਹ ਜੋਤ ਨਿਰਾਲੀ । ਆਪਣੇ ਵਿਚੋਂ ਆਪ ਪ੍ਰਗਟਾ ਲੀ । ਪਹਿਲੇ ਆਪਣਾ ਆਪ ਉਪਾ ਕੇ । ਨਾਭ ਵਿਚੋਂ ਬ੍ਰਹਮਾ ਪ੍ਰਗਟਾ ਕੇ । ਬ੍ਰਹਮਾ ਨੇ ਕਈ ਜੀਵ ਉਪਾਏ । ਈਸ਼ਵਰ ਉਸ ਨੂੰ ਹੁਕਮ ਸੁਣਾਏ । ਜੋ ਕੁਛ ਹੋਵੇ ਮੇਰੇ ਹੁਕਮ ਅਨੁਸਾਰ । ਆਦਿ ਅੰਤ ਮੈਂ ਏਕੰਕਾਰ । ਜੋ ਜਨ ਜਾਣੇ ਮੇਰਾ ਭੇਵ । ਤਿਨ੍ਹਾਂ ਨੂੰ ਮਿਲਿਆ ਪੂਰਾ ਗੁਰਦੇਵ । ਜੋਤ ਰੂਪ ਜਗ ਮੈਂ ਆਵਾਂ । ਮਨਮੁਖਾਂ ਤੋਂ ਮੂੰਹ ਛੁਪਾਵਾਂ । ਗੁਰਸਿਖਾਂ ਨੂੰ ਆਪ ਪ੍ਰਗਟਾ ਕੇ । ਦਰਸ ਦੇਵਾਂ ਸੁਤਿਆਂ ਜਾ ਕੇ । ਮੇਰਾ ਦਰਸ ਐਸਾ ਨਿਰਾਲਾ । ਆਦਿ ਜੁਗਾਦਿ ਸਦਾ ਰਖਵਾਲਾ । ਮਾਤ ਵਿਚ ਜੋਤ ਰੂਪ ਜਾਂ ਆਏ । ਆਪਣੀ ਕਲਾ ਆਪ ਭੁਗਤਾਏ । ਸਮੇਂ ਅਨੁਸਾਰ ਇਕ ਖੇਲ ਰਚਾਵਾਂ । ਅੰਤ ਜੁਗ ਦਾ ਆਪ ਮੁਕਾਵਾਂ । ਅੰਤਕਾਲ ਕਲਜੁਗ ਦਾ ਹੋਇਆ । ਜੋਤ ਰੂਪ ਈਸ਼ਰ ਪ੍ਰਗਟ ਹੋਇਆ । ਹੋ ਕੇ ਪ੍ਰਗਟ ਇਹ ਬਣਤ ਬਣਾਈ । ਆਪਣੀ ਜੋਤ ਸਿੱਖ ਵਿਚ ਟਿਕਾਈ । ਵੱਡਾ ਮੇਰਾ ਇਹ ਚਮਤਕਾਰ । ਨਬਜ਼ ਨਾ ਏਸ ਦੀ ਚਲੀ ਚਾਲ । ਐਸਾ ਖੇਲ ਹੁਣ ਕਰਾਂ ਅਪਾਰਾ । ਮਾਤਲੋਕ ਹੋਵੇ ਧੁੰਧੂਕਾਰਾ । ਈਸਾ ਮੂਸਾ ਅੰਜੀਲ ਬਣਾਈ । ਸਾਲ ਤੀਨ ਮੇਂ ਹੋਵੇ ਸਫਾਈ । ਮੁਹੰਮਦ ਨੇ ਜੋ ਪੀਰੀ ਪਾਈ । ਇਕ ਤ੍ਰੀਆ ਦੀ ਸੇਵ ਕਮਾਈ । ਚੌਥੇ ਵੇਦ ਵਿਚ ਹੁਕਮ ਸੀ ਆਇਆ । ਅਥਰਬਣ ਦਾ ਐੜਾ ਲਿਖਵਾਇਆ । ਐੜੇ ਤੋਂ ਅੱਲਾ ਉਪਾਇਆ । ਰਾਮ ਕ੍ਰਿਸ਼ਨ ਦਾ ਨਾਮ ਹਟਾਇਆ । ਆਇਆ ਕਲਜੁਗ ਹੋਇਆ ਅੰਧੇਰਾ । ਨਾਨਕ ਨਿਰੰਕਾਰੀ ਪਾਇਆ ਫੇਰਾ । ਈਸ਼ਰ ਨਾਮ ਆਪ ਜਪਾ ਕੇ । ਸ੍ਰਿਸ਼ਟ ਤਾਈਂ ਸਚ ਮਾਰਗ ਪਾ ਕੇ । ਸਾਰੰਗ ਕੋਲੋਂ ਸਾਰੰਗੀ ਆਈ । ਤਰੇਤੇ ਵਾਲੀ ਦਾਤ ਹੈ ਪਾਈ । ਵੱਜੇ ਸਾਰੰਗ ਹੋਵੇ ਧੁਨਕਾਰ । ਜਿਸ ਦੀ ਧੁਨ ਨਿਰੰਕਾਰ ਨਿਰੰਕਾਰ । ਨਿਰੰਕਾਰ ਨਿਰਵੈਰ ਸਦਾਏ । ਕਲਜੁਗ ਵਿਚ ਜੋਤ ਪ੍ਰਗਟਾਏ । ਪ੍ਰਗਟੀ ਜੋਤ ਹੁਣ ਅੰਧ ਕੂਪਾ । ਆਪਣੇ ਬਚਨ ਆਪ ਲਿਖਾਵੇ ਭੂਪਾ । ਐਸੀ ਲਿਖਤ ਆਪ ਕਰਾਈ । ਕੁਰਾਨ ਮੁਹੰਮਦ ਦੀ ਢੇਰੀ ਢਾਹੀ । ਇਨ੍ਹਾਂ ਦਾ ਹੁਣ ਹੋਇਆ ਨਾਸ । ਅੰਤਮ ਕਾਲ ਮੇਰੀ ਜੋਤ ਦਾ ਪ੍ਰਕਾਸ਼ । ਆਪਣਾ ਆਪ ਮੈਂ ਆਪ ਛੁਪਾਇਆ । ਰਕਤ ਬੂੰਦ ਦੀ ਦੇਹ ਨੂੰ ਤਜਾਇਆ । ਜੋਤ ਵਿਚ ਜੋਤ ਜਗਾ ਕੇ । ਪੂਰਨ ਵਿਚ ਪਰਮੇਸ਼ਰ ਆ ਕੇ । ਐਸੀ ਇਹ ਜਗਾਈ ਜੋਤਾ । ਭਰਥਰੀ ਤੋਂ ਉਪਾਇਆ ਮੋਤਾ । ਐਸੀ ਜੋਤ ਹੁਣ ਆਪ ਜਗਾਊਂ । ਸਿਰ ਉਸ ਦੇ ਛਤਰ ਝੁਲਾਊਂ । ਐਸਾ ਛਤਰ ਝੁੱਲੇਗਾ ਮੇਰਾ । ਸੋਹੰ ਜਾਪ ਹੋਵੇਗਾ ਮੇਰਾ । ਚਾਰ ਵੇਦ ਦਾ ਹੁਣ ਮਾਣ ਗਵਾਵਾਂ । ਨਿਹਕਲੰਕ ਜੋਤ ਰੂਪ ਅਖਵਾਵਾਂ । ਨਿਹਕਲੰਕ ਆਪ ਅਖਵਾ ਕੇ । ਜੁਗ ਚੌਥੇ ਦਾ ਨਾਸ ਕਰਾ ਕੇ । ਜੁਗ ਸਤਿ ਦਾ ਸਤਿ ਵਰਤਾਊਂ । ਰਾਮਗੜ੍ਹੀਆ ਵਿਚ ਦੇਹ ਪ੍ਰਗਟਾਊਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਖਵਾਊਂ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਕਰਾਊਂ । ਮੇਰਾ ਨਾਮ ਹੋਵੇ ਸਦਾ ਸਹਾਈ । ਪ੍ਰਗਟ ਕਰਾਂ ਆਪ ਵਡਿਆਈ । ਸੰਗਤ ਜੋ ਗੁਰ ਦਰ ਤੇ ਆਈ । ਰਸਨਾ ਨਾਲ ਈਸ਼ਰ ਜਸ ਗਾਈ । ਐਸਾ ਪ੍ਰੇਮ ਇਨ੍ਹਾਂ ਨੇ ਕੀਤਾ । ਇਸ ਦਾ ਜਸ ਇਨ੍ਹਾਂ ਨੂੰ ਦੀਤਾ । ਸੰਗਤ ਸਤਿਗੁਰ ਆਪ ਬਣਾਈ । ਈਸ਼ਰ ਸੰਗਤ ਵਿਚ ਭੇਦ ਨਾ ਕਾਈ । ਸੰਗਤ ਹਰਿ ਜੂ ਆਪ ਬਣਾਏ । ਸੰਗਤ ਵਿਚ ਆ ਦਰਸ ਦਖਾਏ । ਐਸਾ ਦਰਸ ਆਪ ਦਿਖਾਵਾਂ । ਮੁਕੰਦ ਮਨੋਹਰ ਨਜ਼ਰੀ ਆਵਾਂ । ਅੰਤ ਇਹ ਲਿਖਾਈ ਗਾਥਾ । ਸੰਗਤ ਨਹੀਂ

੧੭ ੦੧

ਰਘੁਨਾਥ ਪਛਾਤਾ । ਐਸੀ ਲਿਖਤ ਆਪ ਕਰਾਵਾਂ । ਇਕ ਸਾਲ ਅੱਠ ਮਹੀਨੇ ਵਿਚ ਹਾਹਾਕਾਰ ਮਚਾਵਾਂ । ਐਸਾ ਵਕਤ ਹੁਣ ਹੋਵੇਗਾ ਮੇਰਾ । ਮਲੇਛਾਂ ਦਾ ਹੁਣ ਕੀਆ ਨਬੇੜਾ । ਕਲਜੁਗ ਵਿਚ ਇਹ ਆਪ ਉਪਾਏ । ਅੰਤ ਵਿਚ ਹੁਣ ਆਪ ਖਪਾਏ । ਅੱਲਾ ਅੱਲਾ ਦਾ ਨੂਰ ਸੀ ਮੇਰਾ । ਓਸ ਦਾ ਹੁਣ ਕੀਆ ਨਬੇੜਾ । ਆਪਣਾ ਹੁਣ ਨਾ ਦੱਸਾਂ ਚਮਤਕਾਰ । ਪੂਰਨ ਸਿੰਘ ਨੂੰ ਕਰ ਲੈਣਾ ਗ੍ਰਿਫਤਾਰ । ਮੇਰੀ ਇਹ ਅਨੋਖੀ ਬਾਣੀ । ਚਹੁੰ ਜੁਗਾਂ ਦੀ ਹੋਵੇ ਖਾਣੀ । ਚਾਰ ਜੁਗ ਮੇਰਾ ਹੋਵੇ ਜਾਪ । ਸੋਹੰ ਸ਼ਬਦ ਦਾ ਵਡ ਪ੍ਰਤਾਪ । ਐਸਾ ਪਰਤਾਪ ਏਸ ਦਾ ਹੋਇਆ । ਹਾ ਹਾ ਕਰ ਕੇ ਕਲਜੁਗ ਰੋਇਆ । ਜਿਸ ਨਾ ਪਾਈ ਇਸ ਦੀ ਸਾਰ । ਅੰਤ ਕਾਲ ਹੋਵੇ ਖ਼ੁਆਰ । ਕਲਜੁਗ ਵਿਚ ਕਲਾ ਮੈਂ ਧਾਰੀ । ਮਹਾਰਾਜ ਸ਼ੇਰ ਸਿੰਘ ਜੋਤ ਪ੍ਰਗਟਾ ਲੀ । ਆਪਣੀ ਜੋਤ ਆਪ ਪ੍ਰਗਟਾ ਕੇ । ਸਭ ਤੋਂ ਬੈਠਾ ਮੁਖ ਛੁਪਾ ਕੇ । ਮੇਰੀ ਮਹਿੰਮਾ ਕੋਈ ਨਾ ਜਾਣੇ । ਤੀਨ ਲੋਕ ਸਦਾ ਰਹਾਨੇ । ਉਨੀਂ ਅੱਸੂ ਇਹ ਲਿਖਤ ਕਰਾਈ । ਸਭ ਸੰਗਤ ਨੇ ਦਿਤੀ ਦੁਹਾਈ । ਏਥੇ ਬੈਠਣ ਦਾ ਸਾਨੂੰ ਝੋਰਾ । ਸਤਿਗੁਰ ਕੋਲੋਂ ਮੁਖ ਆ ਮੋੜਾ । ਆਤਮ ਕਾਤੀ ਇਹਨਾਂ ਦੀ ਭਾਈ । ਲੈਣ ਨਾ ਦੇਵੇ ਅੱਜ ਇਹਨਾਂ ਨੂੰ ਵਡਿਆਈ । ਆਤਮ ਖਾਸ ਇਹਨਾਂ ਦੀ ਨਿਆਰੀ । ਗੁਰ ਧਾਮ ਤੇ ਕਰੇ ਖੁਆਰੀ । ਮਨ ਵਿਚ ਸ਼ਾਂਤ ਨਾ ਏਥੇ ਆਏ । ਦੁਸ਼ਟ ਦੁਰਾਚਾਰ ਇਹ ਜੀਵ ਕਹਾਏ । ਇਹ ਸੀ ਸੰਗਤ ਦਾ ਸੱਚਾ ਧਾਮ । ਜਿਥੇ ਬੈਠਾ ਆਪ ਭਗਵਾਨ । ਐਸੀ ਨੀਤ ਇਨ੍ਹਾਂ ਨੇ ਫੇਰੀ । ਛੇਤੀ ਛੱਡੋ ਲਾਓ ਨਾ ਦੇਰੀ । ਸਾਡਾ ਏਥੇ ਕੋਈ ਨਾ ਕਾਮ । ਛੱਡਿਆ ਲੋਕ ਜਾਵਾਂ ਬੈਕੁੰਠ ਧਾਮ । ਜੋਤ ਵਿਚ ਮੈਂ ਜੋਤ ਮਿਲਾਵਾਂ । ਤੁਹਾਡੇ ਕੋਲੋਂ ਆਪਣਾ ਆਪ ਛੁਪਾਵਾਂ । ਤੁਸਾਂ ਸੀ ਇਹ ਅਰਜ਼ ਗੁਜ਼ਾਰੀ । ਕਲਜੁਗ ਦੀ ਦੱਸੋ ਬੀਮਾਰੀ । ਅੰਤ ਕਾਲ ਏਸ ਦਾ ਕੈਸੇ ਹੋਏ । ਬਿਨ ਸਤਿਗੁਰ ਨਾ ਜਾਣੇ ਕੋਇ । ਮਹਾਰਾਜ ਸ਼ੇਰ ਸਿੰਘ ਪ੍ਰਗਟ ਹੋਵੇ । ਜੋਤ ਰੂਪ ਇਹਦੀ ਪਤਿ ਖੋਏ । ਚਾਰ ਸਾਲ ਅੱਜ ਤੋਂ ਪਹਿਲੇ ਭਾਈ । ਸਿੰਘ ਗੁਰਦੀਪ ਸੀ ਦੇਹ ਤਜਾਈ । ਪ੍ਰੇਤ ਰੂਪ ਸੀ ਏਸ ਦਾ ਹੋਇਆ । ਦੁਰਗਤੀ ਨਾ ਉਹ ਜੀਆ ਨਾ ਉਹ ਮੋਇਆ । ਅੱਜ ਓਸ ਦੀ ਮੁਕਤ ਕਰਾਈ । ਪ੍ਰੇਤ ਤੋਂ ਦੇਵ ਰੂਪ ਬਣਾਈ । ਮੁਕਤ ਕਰਾਏ ਮੁਕਤ ਕਾ ਦਾਤਾ । ਹਾਜ਼ਰ ਹੋ ਕੇ ਸਦਾ ਰੰਗ ਰਾਤਾ । ਮੇਰੀ ਜੋਤ ਦੀ ਇਹ ਵਡਿਆਈ । ਲੱਖ ਚੁਰਾਸੀ ਵਿਚ ਜੀਵ ਨਾ ਜਾਈ । ਐਸੀ ਹੁਣ ਜਗਾਈ ਜੋਤਾ । ਹੋਵੇ ਪ੍ਰਤਾਪ ਮੇਰਾ ਬਹੁਤਾ । ਬੇਨਤੀ ਵੀਰੋ ਦੀ ਪ੍ਰਵਾਨ ਹੈ ਹੋਈ । ਪਤੀ ਤੇਰੇ ਦੀ ਕਲਿਆਣ ਹੈ ਹੋਈ । ਐਸੀ ਦਇਆ ਤੇਰੇ ਤੇ ਕੀਤੀ । ਆਤਮਾ ਓਸ ਦੀ ਪਤਿਤ ਪੁਨੀਤੀ । ਤੂੰ ਸਾਡਾ ਸੀ ਕੀਤਾ ਮਾਣ । ਓਸ ਦਾ ਦਿਤਾ ਤੈਨੂੰ ਦਾਨ । ਏਸ ਦਾਨ ਦੀ ਇਹ ਵਡਿਆਈ । ਪਤੀ ਤੇਰੇ ਨੇ ਪਰਮਗਤ ਪਾਈ । ਆਤਮਾ ਰੱਖੀਂ ਸਾਡਾ ਧਿਆਨ । ਦਰਸ ਦੇਵੇਗਾ ਆਪ ਭਗਵਾਨ । ਐਸਾ ਦਰਸ ਆਪ ਦਿਖਾਊਂ । ਜਨਮ ਮਰਨ ਦੇ ਦੁੱਖ ਮਿਟਾਊਂ । ਸੋਹੰ ਰੂਪ ਮੇਰਾ ਹੀ ਜਾਣੋ । ਮਹਾਰਾਜ ਸ਼ੇਰ ਸਿੰਘ ਸਦਾ ਹੀ ਵਖਾਣੋ ।

੧੮
੦੧
ਨਿਹਕਲੰਕ ਹਰਿ ਸ਼ਬਦ

❊ ੧੩ ਮੱਘਰ ੨੦੦੬ ਬਿਕ੍ਰਮੀ ਜੇਠੂਵਾਲ ਬਚਨ ਹੋਏ ❊

ਜੋਤ ਇਕ ਦੋ ਸਰੂਪ । ਤੇਰੀ ਮਹਿੰਮਾ ਬੜੀ ਅਨੂਪ । ਨੈਣੀ ਵੇਖੇ ਮੂਲ ਨਾ ਬੂਝੇ । ਮਨਮੁਖਾਂ ਨੂੰ ਦਰ ਨਾ ਸੂਝੇ । ਊਚਾ ਆਪ ਅਗੰਮ ਅਪਾਰ । ਮਾਇਆ ਵਿਚ ਪਸਰਿਆ ਸੰਸਾਰ । ਐਸੀ ਖੇਲ ਕਰੀ ਸਰਕਾਰ । ਸ਼ੇਰ ਸਿੰਘ ਜੋਤ ਜਗਾਈ ਅਪਾਰ । ਸਤਿਗੁਰ ਮਨੀ ਸਿੰਘ ਤਖ਼ਤ ਬਹਾ ਲਿਆ । ਆਪ ਆਪਣਾ ਬਿਰਦ ਸੰਭਾਲਿਆ । ਸਭ ਸੰਗਤ ਨੂੰ ਸਰਨੀ ਡਾਰ । ਇਕਾਂਤ ਬੈਠਾ ਨਿਰਬਿਕਾਰ । ਊਚਮ ਸੂਚਮ ਪ੍ਰਭ ਸੋਏ । ਨਿਰਾਹਾਰੀ ਨਿਰਵੈਰ ਪ੍ਰਭ ਹੋਏ । ਨਿਰਧਨ ਨੂੰ ਦੇਵੇ ਮਾਣ । ਘਾਲ ਸਿੱਖਾਂ ਦੀ ਹੋਈ ਪ੍ਰਵਾਨ । ਭਇਆ ਅੰਧੇਰ ਹੋਇਆ ਅੰਧ ਕੂਪ । ਪ੍ਰਗਟਿਆ ਆਪ ਸਵਛ ਸਰੂਪ । ਐਸੇ ਸਮੇਂ ਪ੍ਰਭ ਹੋਇਆ ਕਿਰਪਾਲ । ਦਿਆਲੂ ਬਣ ਗਿਆ ਆਪ ਦੀਨ ਦਿਆਲ । ਦੀਨ ਦਿਆਲ ਪ੍ਰਭ ਦਇਆ ਕਰੇ । ਤੋੜੇ ਬੰਧਨ ਜਪੋ ਹਰੇ ਹਰੇ । ਹਰੀ ਹਰਿ ਹਰਿ ਪ੍ਰਭ ਮੇਰਾ । ਆਪਣੀ ਹੱਥੀਂ ਕੀਆ ਨਬੇੜਾ । ਐਸੀ ਮਿਹਰ ਕਰੇ ਪ੍ਰਭ ਦਾਤਾ । ਆਦਿ ਜੁਗਾਦਿ ਸਦਾ ਰੰਗ ਰਾਤਾ । ਖੇਲ ਪ੍ਰਭ ਦਾ ਅੰਤ ਅਪਾਰਾ । ਭਗਤਨ ਨੂੰ ਪ੍ਰਭ ਦਰਸ਼ਨ ਭੰਡਾਰਾ । ਕਰੇ ਦਰਸ਼ਨ ਸ਼ਾਂਤ ਮਨ ਹੋਏ । ਸਤਿਗੁਰ ਮਨੀ ਸਿੰਘ ਪ੍ਰਗਟ ਹੋਏ । ਗਿਆ ਅੰਧੇਰ ਹੋਇਆ ਪ੍ਰਕਾਸ਼ । ਜੈ ਜੈ ਜੈਕਾਰ ਹੋਇਆ ਲੋਕਮਾਤ ਪਤਾਲ ਆਕਾਸ਼ । ਕੋਟ ਤੇਤੀਸ ਦੇਵਤਾ ਭਇਆ । ਸਭ ਸਰਨ ਮਨੀ ਸਿੰਘ ਦੀ ਢਹਿਆ । ਛਿਆਨਵੇਂ ਕਰੋੜ ਮੇਘ ਮਾਲਾ ਮੇਰੀ ਬਣਾਈ । ਆਕਾਸ਼ ਉਤੇ ਇਨ੍ਹਾਂ ਚਾਦਰ ਪਾਈ । ਗੁਰ ਦਰਸ਼ਨ ਨੂੰ ਫਿਰਤ ਤਿਸਾਈ । ਬਰਖੇ ਮੇਘ ਨਾ ਬਿਨਾ ਕਾਰ । ਦਰਸ਼ਨ ਕਰਨ ਨੂੰ ਹੋਇਆ ਲਾਚਾਰ । ਐਸੀ ਆਸ ਓਸ ਅੱਜ ਧਾਰੀ । ਬਰਖੋ ਬੂੰਦ ਆਪ ਨਿਰੰਕਾਰੀ । ਆਤਮ ਸੋਇਆ ਦੇ ਜਗਾਏ । ਆਪਣੀ ਸੋਝੀ ਆਪ ਪ੍ਰਭ ਪਾਏ । ਸੂਝ ਬੂਝੇ ਕਰੇ ਵੀਚਾਰ । ਸਤਿਗੁਰ ਸੱਚਾ ਨਦਰੀ ਨਦਰ ਨਿਹਾਲ । ਐਸੇ ਗੁਰ ਕਉ ਸਦਾ ਆਦੇਸ । ਆਪਣੇ ਨਾਮ ਦਾ ਦੀਆ ਉਪਦੇਸ਼ । ਨਾਮ ਹਰਿ ਹਰਿ ਨਾਮ ਪ੍ਰਭ ਆਪ । ਆਪ ਆਪਣਾ ਜਪਾਵੇ ਜਾਪ । ਨਾਮ ਮੇਰਾ ਮੈਂ ਹਾਂ ਓਅੰ । ਸਦਾ ਸਹਾਈ ਮੇਰਾ ਸ਼ਬਦ ਸੋਹੰ । ਸੋਹੰ ਸੋਹੰ ਸ਼ਬਦ ਸਦਾ ਹੀ ਜਪਾਊਂ । ਝੂਠੀ ਮਾਟੀ ਵਿਚੋਂ ਸਤਿਗੁਰ ਪਾਊਂ । ਕਾਚੀ ਗਗਰੀਆ ਅੰਤ ਹੈ ਫੂਟੇ । ਜੋਤਸ਼ ਜੋਤ ਪ੍ਰਭ ਅਨੂਪੇ । ਐਸਾ ਭੇਤ ਆਪ ਹੀ ਜਾਣੇ । ਸਾਡੀ ਦੇਹ ਪ੍ਰਭ ਕੇ ਭਾਣੇ । ਐਸਾ ਖੇਲ ਪ੍ਰਭ ਆਪ ਕਮਾਇਆ । ਜੁਗ ਕਲ ਪਲਟਾਉਣ ਲਈ ਤਜ਼ੀ ਕਾਇਆ । ਜੋਤ ਸਰੂਪੀ ਬਣ ਕੇ ਆਇਆ । ਨਿਰਭੈ ਓਨ ਨਾਮ ਜਪਾਇਆ । ਐਸੀ ਕੀਤੀ ਖੇਲ ਅਪਾਰ । ਮਾਝੇ ਨੂੰ ਦੋ ਕੀਤਾ ਫਾੜ । ਮਨੀ ਸਿੰਘ ਨੇ ਸੀ ਲਿਖਤ ਕਰਾਈ । ਘਵਿੰਡ ਪਿੰਡ ਨੂੰ ਕਰੋ ਸਫ਼ਾਈ । ਸੰਗਤ ਲਈ ਸੀ ਹੁਕਮ ਲਿਖਾਇਆ । ਨਜ਼ਰੋਂ ਘਵਿੰਡ ਪਰੇ ਹਟਾਇਆ । ਐਸਾ ਸਮਾਂ ਸਤਿਗੁਰ ਲਿਆਵੇ । ਜਲ ਸਿਰੀ ਜਲ ਨਹਿਰ ਬਣਾਵੇ । ਸਤਿਜੁਗ ਵਿਚ ਇਹ ਹੋਸੀ ਧਾਮ । ਘਵਿੰਡ ਨੂੰ ਬਹਿ ਸੰਗਤ ਕਰੂ ਪ੍ਰਨਾਮ । ਅਟੱਲ ਧਾਮ ਇਹ ਲਿਖਵਾਇਆ । ਫਰਲਾਂਗ ਅੱਠ ਅਰ ਇਹਦਾ ਪੇਟ ਰਖਾਇਆ । ਸੋ ਪੰਜ ਗਜ਼ ਚੜ੍ਹਦੇ ਤਾਈਂ । ਸਿੰਘ ਸਵਰਨ ਦੀ ਸਮਾਧ ਬਣਾਈ । ਸੱਚਾ ਸਿੱਖ ਸਚ ਮਾਰਗ ਪਾਇਆ । ਦਰ ਅੱਗੇ ਫੜ ਆਪ ਬਹਾਇਆ । ਡਗਮਗ ਜੋਤ ਜਿਥੇ ਇਹ ਕਰੇ । ਉਨੰਜਾ ਪਵਣ ਪ੍ਰਭ ਛਤਰ ਝੁਲੇ । ਗਣ ਗਧੰਰਬ ਕੋ ਇਹ ਜਾਣੇ । ਬ੍ਰਹਮ ਵਿਸ਼ਨ ਮਹੇਸ਼ ਗਲ ਪੱਲੇ ਪਾਵੇ । ਹੋਏ ਕਿਰਪਾਲ ਪ੍ਰਭ ਹੁਕਮ ਜਾਂ ਕਰੇ । ਫਿਰ ਹਰਿ ਨਾਮ ਉਨ੍ਹਾਂ ਦੀ ਬਣੇ । ਤ੍ਰੈਲੋਕੀ ਨਾਥ ਆਪ ਪ੍ਰਭ ਆਪ । ਸਭ ਤੋਂ ਵੱਡਾ ਗੁਰਸਿਖ ਪ੍ਰਤਾਪ ।

ਬਿਨ ਸਿੱਖ ਨਾ ਸਤਿਗੁਰ ਪ੍ਰਗਟੇ । ਦਰਸ਼ਨ ਕੀਆ ਅੱਜ ਸਤਿਗੁਰ ਤੇਰਾ । ਗੇੜ ਚੁਰਾਸੀ ਦਾ ਹੋਇਆ ਨਬੇੜਾ । ਮਾਤ ਗਰਭ ਨਾ ਕੋਈ ਆਏ । ਆਏ ਸੋ ਜਿਸ ਉਤੇ ਪ੍ਰਭ ਦਇਆ ਕਮਾਏ । ਬਿਨ ਹੁਕਮ ਸਿੱਖ ਦੇਹ ਨਾ ਧਰੇ । ਸੋ ਧਰੇ ਜਿਸ ਪਰ ਕਿਰਪਾ ਕਰੇ । ਅੰਤ ਕਾਲ ਜਾਂ ਹੋਵੇ ਕਾਲ । ਸੱਚਾ ਸਤਿਗੁਰ ਹੋਵੇ ਰਖਵਾਲ । ਪੂਰਨ ਕਰੇ ਭਗਤਨ ਕਾ ਕਾਮ । ਆਪ ਲੈ ਜਾਵੇ ਬੈਕੁੰਠ ਧਾਮ । ਬੈਕੁੰਠ ਬੈਠ ਪ੍ਰਭ ਖੇਲੇ ਖੇਲ । ਭਗਤ ਜਨਾਂ ਦਾ ਕਰਦਾ ਮੇਲ । ਜਹਾਂ ਉਪਾਇਆ ਤਹਾਂ ਸਮਾਇਆ । ਜੋਤ ਵਿਚ ਪ੍ਰਭ ਜੋਤ ਮਿਲਾਇਆ । ਆਵਣ ਜਾਵਣ ਓਸ ਦਾ ਗਿਆ । ਆਪ ਕਿਰਪਾਲ ਪ੍ਰਭੂ ਜਾਂ ਭਇਆ । ਆਪਣੇ ਸ਼ਬਦ ਦੀ ਦੇ ਕੇ ਦਾਤ । ਸਭ ਤੋਂ ਵੱਡੀ ਗੁਰ ਕਰਾਮਾਤ । ਮੇਰਾ ਸ਼ਬਦ ਜੋ ਰਿਦੇ ਧਿਆਵੇ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ । ਦਰਸ ਦਖਾਵੇ ਐਸਾ ਅਨੂਪ । ਈਸ਼ਰ ਦਾ ਇਹ ਸਚ ਸਰੂਪ । ਕਿਰਪਾਨਿਧ ਕਿਰਪਾ ਜਾਂ ਕਰੇ । ਦੁੱਖ ਦਲਿਦਰ ਸਿਖਨ ਕਾ ਹਰੇ । ਸਿੱਖ ਨਾ ਹੋਵੇ ਮੇਰਾ ਮੁਹਤਾਜ । ਸਿੱਖਾਂ ਦੇ ਸਿਰ ਦਾ ਸਤਿਗੁਰ ਤਾਜ । ਸਿੱਖ ਸਿੱਖ ਸਿੱਖ ਸਿੱਖੀ ਇਹ ਹੋਈ । ਚਰਨ ਸੰਗ ਵਾਂਗ ਕਵਲ ਪਰੋਈ । ਆਪ ਅਕੱਥ ਕਥੀ ਕਥ ਆਪ । ਜੇਵਡ ਆਪ ਤੇਵਡ ਦਾਤ । ਦਾਤ ਦਾਤਾਰ ਦਿਤੀ ਆਪ । ਸਿੱਖਨ ਦੇ ਲਾਹੇ ਸੰਤਾਪ । ਟੁੱਟੀ ਗੰਢਾਂ ਨਾ ਤੋੜੇ ਕੋਏ । ਥਿਰ ਘਰ ਬੈਠਾ ਸੱਚੀ ਸੋਏ । ਸਚ ਸਚ ਸਚ ਕਰ ਵਰਤਾਏ । ਪ੍ਰਗਟ ਹੋ ਕੇ ਪ੍ਰਭ ਦਰਸ ਦਿਖਾਏ । ਜੁਗ ਚਾਲੀਏਂ ਵਿਚ ਇਹ ਚਾਲ ਲਿਖਾਈ । ਤਜ ਕੇ ਦੇਹ ਜੋਤ ਪ੍ਰਗਟਾਈ । ਜੋਤ ਸਰੂਪ ਖੇਲ ਕਰੇ ਅਪਾਰ । ਸ੍ਰਿਸ਼ਟੀ ਡੁੱਬੇ ਮੰਝ ਆ ਧਾਰ । ਨਵੀਂ ਖੇਲ ਪ੍ਰਭ ਆਪ ਰਚਾਏ । ਜੁਗ ਸਤਿ ਦਾ ਫਿਰ ਛਤਰ ਝੁਲਾਏ । ਭਾਦਰੋਂ ਤੇਰਾਂ ਸੀ ਕਰਮ ਕਮਾਇਆ । ਮਨੀ ਸਿੰਘ ਨੂੰ ਮਾਣ ਦਵਾਇਆ । ਸੰਗਤ ਦਾ ਸਤਿਗੁਰੂ ਬਣਾਇਆ । ਤੇਰਾਂ ਮੱਘਰ ਇਹ ਕਾਰ ਕਮਾਈ । ਸਭ ਸੰਗਤ ਸਰਨੀ ਪਾਈ । ਸਤਿਗੁਰਾਂ ਨੂੰ ਮਲਾਹ ਬਣਾਇਆ । ਰੁੜ੍ਹਦਾ ਬੇੜਾ ਬੰਨੇ ਲਾਇਆ । ਐਸੀ ਸਿੱਖੀ ਅੱਜ ਹੈ ਜੋੜੀ । ਦਿਨੋ ਦਿਨ ਹੋਵੇ ਲੱਖ ਕਰੋੜੀ । ਕੋਟਨ ਕੋਟ ਕੋਟ ਪ੍ਰਭ ਆਪ । ਸਭ ਸ੍ਰਿਸ਼ਟ ਹੈ ਇਸ ਦੀ ਦਾਤ । ਮਾਰੇ ਮਾਰ ਜਵਾਲੇ ਆਪ । ਸਿੱਖਾਂ ਦੇ ਪ੍ਰਭ ਸੰਗ ਹੈ ਸਾਥ । ਜਗਨ ਨਾਥ ਆਪ ਪ੍ਰਭ ਆਇਆ । ਦੁੱਖ ਕਲੇਸ਼ ਸਿੱਖਾਂ ਦਾ ਝੋਲੀ ਪਾਇਆ । ਆਪਣੀ ਗੋਦੀ ਪ੍ਰਭ ਲਏ ਬਿਠਾਏ । ਪ੍ਰਭ ਅਬਿਨਾਸ਼ੀ ਇਹ ਦਇਆ ਕਮਾਏ । ਦਇਆ ਕਮਾਈ ਆਪ ਦਾਤਾਰ । ਬੇੜਾ ਸਿੱਖਾਂ ਦਾ ਲਾਇਆ ਪਾਰ । ਲਾਜ ਰੱਖੀ ਆਪ ਪ੍ਰਭ ਆ ਕੇ । ਦੁੱਖ ਕਾਟੇ ਦੁੱਖ ਭੰਜਨ ਆ ਕੇ । ਸਦਾ ਸਮਰਥ ਸਦਾ ਕਿਰਪਾਲੂ । ਪੂਰਨ ਪਰਮਾਨੰਦ ਦਿਆਲੂ । ਪੂਰਨ ਪਰਮੇਸ਼ਵਰ ਪ੍ਰਭ ਆਪ ਕਹਾਏ । ਸਰਬ ਜੀਆਂ ਮੇਂ ਰਿਹਾ ਸਮਾਏ । ਝੂਠੀ ਕਾਇਆ ਬਾਲੂ ਭੀਤ । ਸੱਚਾ ਸਤਿਗੁਰ ਰਾਖੇ ਚੀਤ । ਆਦਿ ਅੰਤ ਪ੍ਰਭ ਏਕੰਕਾਰ । ਕਾਇਆ ਵਿਚ ਜੋਤ ਜਗਾਏ ਅਪਾਰ । ਆਪਣਾ ਆਪ ਜੋ ਨਰ ਨਾ ਬੂਝੇ । ਨਰਕਵਾਸੀ ਸੱਚਾ ਦਰ ਨਾ ਸੂਝੇ । ਸੱਚੀ ਦਰਗਾਹ ਪ੍ਰਭ ਰਿਹਾ ਸਮਾਏ । ਭਗਤ ਜਨਾਂ ਨੂੰ ਸ਼ਰਨੀ ਪਾਏ । ਚਰਨ ਕਵਲ ਵਿਚ ਕਰੇ ਨਿਵਾਸ । ਸਦਾ ਸਹਾਈ ਪ੍ਰਭ ਗੁਣਤਾਸ ।

੨੦
੦੧

❋ ੧੫ ਮੱਘਰ ੨੦੦੬ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

ਸਿੱਖੀ ਸਿੱਖਾਂ ਦੀ ਆਪ ਵਿਚਾਰੀ । ਮਹਾਰਾਜ ਸ਼ੇਰ ਸਿੰਘ ਨਿਰਭੈ ਨਿਰੰਕਾਰੀ । ਮਾਣ ਸਿੱਖਾਂ ਨੂੰ ਆਪ ਦਵਾਏ । ਛੱਡ ਬੈਕੁੰਠ ਵਿਚ ਬੈਠਾ ਆਏ । ਨੇਤਰ ਖੋਲ੍ਹ ਕਰੋ ਪ੍ਰਭ ਦਰਸ਼ਨ । ਦਰਸ਼ਨ ਪਰਸਨ ਪ੍ਰਭ ਹਰਸਨ । ਮਨ ਦੀ ਹਿਰਸ ਅੱਜ ਮਿਟਾਓ । ਪ੍ਰਭ ਅਬਿਨਾਸ਼ੀ ਘਰ ਮਾਹਿ ਪਾਓ । ਘਰ ਵਿਚ ਆਇਆ ਸਤਿਗੁਰ ਪੂਰਾ । ਵਜਾਏ ਗਵਾਵੇ ਸ਼ਬਦ ਅਨਹਦ ਤੂਰਾ । ਸ਼ਬਦ ਮੇਰੇ ਦੀ ਇਹ ਧੁਨਕਾਰ । ਸੋਹੰ ਕਰਤਾਰ ਕਰਤਾਰ । ਕਰਤਾ ਪੁਰਖ ਕਰਮ ਪ੍ਰਭ ਕਰੈ । ਜੰਮਣ ਮਰਨ ਵਿਚ ਸਿੱਖ ਨਾ ਪਰੈ । ਜਿਸ ਜੋਤ ਵਿਚੋਂ ਸੀ ਪ੍ਰਗਟਾਇਆ । ਇਕ ਬੂੰਦ ਤੋਂ ਆਕਾਰ ਬਣਾਇਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਾਇਆ । ਵਿਚ ਮਨ ਮਤਿ ਬੁਧਿ ਹੰਕਾਰ ਟਿਕਾਇਆ । ਐਸਾ ਗੋਝ ਪ੍ਰਭ ਆਪ ਰਖਾਇਆ । ਬੈਠਾ ਵਿਚ ਨਾ ਨਜ਼ਰੀ ਆਇਆ । ਨੈਣੀ ਪੇਖੇ ਸਰਬ ਪਸਾਰ । ਨਜ਼ਰ ਨਾ ਆਵੇ ਦਾਤਾਰ । ਐਸੀ ਤਾੜੀ ਗੁਫਾ ਅੰਦਰ ਲਾਈ । ਨੌਂ ਕੀਏ ਪ੍ਰਗਟ ਦਸਵੇਂ ਦੀ ਸੋਝੀ ਪਾਈ । ਦਸਵੇਂ ਦਾ ਜੇ ਖੋਲ੍ਹ ਕਵਾੜ । ਨਜ਼ਰੀ ਆਵੇ ਆਪ ਕਰਤਾਰ । ਕਪਾਟ ਨਾ ਖੁੱਲੇ ਬਿਨ ਸਤਿਗੁਰ ਭਾਈ । ਆਪਣੀ ਜੋਤ ਜਿਨ ਵਿਚ ਟਿਕਾਈ । ਕਿਰਪਾਨਿਧ ਕਿਰਪਾ ਜਾਂ ਧਾਰੇ । ਕਾਇਆ ਅੰਦਰ ਹੋਏ ਉਜਿਆਰੇ । ਨਾਮ ਦੀਪਕ ਪ੍ਰਭ ਦਏ ਜਲਾਏ । ਬਿਨ ਤੇਲ ਬਾਤੀ ਡਗਮਗਾਏ । ਦੀਵਾ ਬਾਤੀ ਮੇਰਾ ਨਾਮ । ਗੋਝ ਗਿਆਨ ਪ੍ਰਭ ਗੁਣੀ ਨਿਧਾਨ । ਗੁਣ ਨਿਧਾਨ ਪ੍ਰਭ ਆਪ ਅਖਵਾਏ । ਲੱਖ ਚੁਰਾਸੀ ਜੂਨ ਵਿਚ ਪ੍ਰਭ ਰਿਹਾ ਸਮਾਏ । ਭਗਤ ਜਨਾਂ ਤੇ ਦਇਆ ਕਮਾਏ । ਜੁਗਾਂ ਦੇ ਵਿਛੜੇ ਆਪ ਪ੍ਰਗਟਾਏ । ਸਿੱਖ ਨਾ ਜਾਣੇ ਮੇਰਾ ਖੇਲ । ਵਿਛੜਿਆਂ ਦੇ ਪ੍ਰਭ ਮੇਲੇ ਮੇਲ । ਭਗਤ ਜਨਾਂ ਦੀ ਸੰਗਤ ਬਣਾਈ । ਹਰਿ ਹਰਿ ਰਿਦੇ ਸਦ ਗਾਈ । ਦਿਵਸ ਰੈਣ ਜੋ ਮੋਹੇ ਧਿਆਏ । ਤ੍ਰੈਲੋਕੀ ਨਾਥ ਸੁਤਿਆਂ ਪਾਏ । ਮੁਕੰਦ ਮਨੋਹਰ ਨਜ਼ਰੀ ਆਏ । ਲਖਮੀ ਨਰਾਇਣ ਦਰਸ ਦਖਾਏ । ਨਿਰੰਕਾਰ ਅਛਲ ਨਾ ਡੋਲੇ । ਸਿੱਖਾਂ ਸੰਗ ਸਦਾ ਹਰਿ ਮੌਲੇ । ਮਨ ਤਨ ਸਿੱਖ ਦਾ ਹਰਿਆ ਹੋਏ । ਸੋਹੰ ਸ਼ਬਦ ਰਿਦੇ ਪਰੋਏ । ਊਠਤ ਬੈਠਤ ਜਪੇ ਮੇਰਾ ਨਾਉਂ । ਮਹਾਰਾਜ ਸ਼ੇਰ ਸਿੰਘ ਵਸੇ ਸਭ ਥਾਉਂ । ਚਤੁਰਭੁਜ ਆਪ ਪ੍ਰਭ ਆਇਆ । ਸੋਹੰ ਸ਼ਬਦ ਦਾ ਜਾਪ ਕਰਾਇਆ । ਸੋਹੰ ਓਅੰ ਮੇਰਾ ਨਾਉਂ । ਜੋ ਜਨ ਚਲੇ ਪ੍ਰਭ ਕੇ ਭਾਉ । ਪ੍ਰਭ ਕਾ ਭੇਤ ਨਾ ਜਾਣੇ ਕੋਏ । ਜੋਤ ਰੂਪ ਮਹਾਰਾਜ ਪ੍ਰਗਟ ਹੋਏ । ਸੋਲਾਂ ਕਲਾ ਪ੍ਰਭ ਆਪ ਸੰਪੂਰਨ । ਚੌਦਾਂ ਵਿਦਿਆ ਰਸਨਾ ਅਧੂਰਨ । ਵਿਦਿਆ ਦੋ ਪ੍ਰਭ ਹੋਰ ਲਿਖਾਏ । ਚਾਰ ਵੇਦ ਭੇਤ ਨਾ ਪਾਏ । ਗੀਤਾ ਵਿਚ ਨਹੀਂ ਸੀ ਲਿਖਤ ਕਰਾਈ ? ਵੇਲੇ ਕ੍ਰਿਸ਼ਨ ਅਰਜਨ ਨੂੰ ਸੁਣਾਈ । ਹੋਇਆ ਕਲਜੁਗ ਹਰਿ ਹਰਿ ਜੀ ਆਇਆ । ਭਗਤ ਜਨਾਂ ਹਰਿ ਮੇਂ ਸਮਾਇਆ । ਹਰੀ ਉਤਮ ਹਰਿ ਹਰਿ ਪ੍ਰਭ ਹੋਇਆ । ਸਾਧ ਸੰਗ ਨੈਣ ਬਲੋਇਆ । ਨੈਣੀ ਦੇਖ ਭੁੱਲੇ ਨਾਦਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਵਿਸ਼ਨੂੰ ਵੰਸੀ ਸਿੱਖ ਆਵੇ । ਸੱਚੇ ਸਤਿਗੁਰ ਦਾ ਦਰਸ਼ਨ ਪਾਵੇ । ਚਰਨ ਕਵਲ ਕਰੋ ਪ੍ਰਨਾਮ । ਤੀਨ ਲੋਕ ਪ੍ਰਭ ਕਾ ਧਾਮ । ਵਿਚ ਆਕਾਸ਼ ਜੋਤ ਸਰੂਪਾ । ਅਨਹਦ ਸ਼ਬਦ ਵਜਾਏ ਭੂਪਾ । ਸ਼ਬਦ ਮੇਰੇ ਦੀ ਇਹ ਧੁਨਕਾਰ । ਸੁਣ ਕੇ ਸਿੱਖ ਸੀ ਉਤਰੇ ਪਾਰ । ਜੋ ਨਾ ਜਾਣੇ ਮੇਰਾ ਭੇਉ । ਤਿਨ੍ਹਾਂ ਨਾ ਮਿਲੇ ਸੱਚਾ ਗੁਰ ਦੇਉ । ਗੁਰ ਬਿਨ ਕੋਈ ਨਾ ਬੰਧਨ ਕਾਟੇ । ਆਵੇ ਜਾਵੇ ਵਿਕਾਰ ਵਿਚ ਹਾਟੇ ।

੨੧
੦੧
ਨਿਹਕਲੰਕ ਹਰਿ ਸ਼ਬਦ

ਦਇਆ ਧਾਰ ਪ੍ਰਭ ਆਪ ਆਇਆ । ਗੁਰ ਸੰਗਤ ਮਨ ਮਾਹਿ ਸਮਾਇਆ । ਮਨ ਮਾਹਿ ਵਸਿਆ ਸੱਚਾ ਨਿਰੰਕਾਰ । ਸਰਬ ਕੋ ਦੇਵੇ ਅਧਾਰ । ਬਿਨ ਜੋਤ ਜੀਵ ਨਾ ਹੋਵੇ । ਵਿਚ ਕਾਇਆ ਪ੍ਰਭ ਜੋਤ ਬਿਮਲ ਬਲੋਵੇ । ਐਸਾ ਭੇਦ ਪ੍ਰਭ ਆਪ ਰਖਾਇਆ । ਕਲਜੁਗ ਕਾਲ ਸਿਰ ਛਤਰ ਝੁਲਾਇਆ । ਆਪਣਾ ਆਪ ਪ੍ਰਭ ਆਪ ਛੁਪਾਏ । ਮਨਮੁਖਾਂ ਨੂੰ ਪਰਾਂ ਹਟਾਏ । ਗੁਰਸਿਖਾਂ ਨੂੰ ਆਪ ਪ੍ਰਗਟਾ ਕੇ । ਪੈਜ ਸਵਾਰੀ ਅਨਾਥ ਨਾਥੀ ਆ ਕੇ । ਜਗਨ ਨਾਥ ਗੋਪਾਲ ਪ੍ਰਭ ਆਇਆ । ਦੁੱਖ ਭੰਜਨ ਸਰਬ ਕੀ ਮਾਇਆ । ਦੁੱਖ ਭੰਜਨ ਦੂਖਨ ਕਾ ਹੰਤਾ । ਲੱਖ ਚੁਰਾਸੀ ਪ੍ਰਭ ਕੀ ਜੰਤਾ । ਲੱਖ ਚੁਰਾਸੀ ਜੂਨ ਉਪਾਈ । ਮਾਣਸ ਦੇਹ ਨੂੰ ਮਿਲੀ ਵਡਿਆਈ । ਮਾਨਸ ਹੋਵੇ ਮਨੋ ਵਿਸਾਰੇ । ਡੁੱਬੇ ਮੰਝਧਾਰ ਨਾ ਉਤਰੇ ਪਾਰੇ । ਐਸਾ ਪਰਦਾ ਆਪਣਾ ਪਾਇਆ । ਨਿਹਕਲੰਕ ਹੋ ਮੁਖ ਛੁਪਾਇਆ । ਖਾਣੀ ਬਾਣੀ ਕੋਈ ਨਾ ਜਾਣੇ । ਗਗਨ ਪਤਾਲ ਪ੍ਰਭੂ ਰਹਾਣੇ । ਹੋ ਕੇ ਜੀਉ ਭੇਤ ਨਾ ਜਾਣੇ । ਸੋ ਜਾਣੇ ਜਿਨ ਮਾਹਿ ਸਮਾਣੇ । ਜਿਨ੍ਹਾਂ ਪਾਇਆ ਮੇਰਾ ਭੇਉ । ਤਿਨ੍ਹਾਂ ਨੂੰ ਮਿਲਿਆ ਸੱਚਾ ਗੁਰ ਦੇਉ । ਛਿੰਨ ਭੰਗਰ ਛਿੰਨ ਮਹਿ ਆਵੇ । ਭਰਤੰਬਰ ਹਰਿ ਮਾਹਿ ਸਮਾਏ । ਪਤਿਤ ਪਾਵਣ ਪ੍ਰਭ ਆਪ । ਦੁੱਖ ਭੰਜਨ ਅਹੰਕਾਰ ਨਿਵਾਰਨ ਛੁਪਾਇਆ । ਸੰਸਾ ਖੰਡਨ ਆਪਣਾ ਆਪ ਨਹੀ ਆਪ ਕਲਜੁਗ ਵਿਚ ਹਾਹਾਕਾਰ ਮਚਾਇਆ । ਹਾਹਾਕਾਰ ਸਭ ਸ੍ਰਿਸ਼ਟ ਹੈ ਹੋਵੇ । ਭਗਤ ਜਨਾਂ ਦਾ ਰਖਵਾਲਾ ਪ੍ਰਭੂ ਹੋਵੇ । ਮੇਰਾ ਸ਼ਬਦ ਮੁਖੋਂ ਉਚਾਰ । ਸਰਬ ਸੂਖ ਚਰਨ ਕਵਲ ਭਇਆ ਉਧਾਰ । ਚਰਨ ਕਵਲ ਕਵਲ ਹੈ ਚਰਨ । ਅਤੋਟ ਪ੍ਰਭ ਸਿੱਖਨ ਕੋ ਭਵਨ । ਚਰਨ ਕਵਲ ਕਰੋ ਨਿਮਸਕਾਰ । ਪਾਪੀ ਉਧਰੇ ਗੁਰ ਸਤਿ ਉਧਾਰ । ਆਪ ਉਧਾਰੇ ਪ੍ਰਭ ਜੀ ਸੂਰਾ । ਬਚਨ ਨਾ ਮੇਰਾ ਹੋਵੇ ਅਧੂਰਾ । ਸੋਹੰ ਸ਼ਬਦ ਸਭ ਦਾ ਸੂਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ । ਪੂਰੇ ਗੁਰ ਦੀ ਇਹ ਵਡਿਆਈ । ਸੋਲਾਂ ਮੱਘਰ ਦੇਹ ਦੀਪਕ ਵਿਚ ਜੋਤ ਜਗਾਈ । ਜਗੇ ਜੋਤ ਓਨ ਭਇਓ ਪ੍ਰਕਾਸ਼ । ਗੁਰਸਿਖ ਦਾ ਨਹੀਂ ਵਿਨਾਸ । ਸਦਾ ਅਰੋਗ ਸਦਾ ਹੈ ਜੀਤਾ । ਮਹਾਰਾਜ ਸ਼ੇਰ ਸਿੰਘ ਪਤਿਤ ਪੁਨੀਤਾ । ਪਤਿਤ ਉਧਾਰੇ ਚਰਨ ਮੇਂ ਆਏ । ਧਾਮ ਬੈਕੁੰਠ ਪਈ ਪ੍ਰਥਾਏ । ਗੁਰਚਰਨ ਮਨ ਮਹਿ ਧਰਨ । ਹਰਿ ਹਰਿ ਹਰਿ ਜੀਵ ਜੋ ਕਰਨ । ਜਮ ਕਾ ਡੰਨ ਨਾ ਸਿਰ ਤੇ ਧਰਨ । ਮਰਨ ਕਾਲ ਕਾ ਦੁੱਖ ਨਾ ਭਰਨ । ਅੰਤ ਕਾਲ ਪ੍ਰਭ ਹੋਏ ਸਹਾਈ । ਜੋਤ ਵਿਚ ਲੈ ਜੋਤ ਮਿਲਾਈ । ਸੱਚੇ ਸਤਿਗੁਰ ਹੁਕਮ ਸੁਣਾਇਆ । ਗਰਭ ਜੂਨ ਤੋਂ ਬਾਹਰ ਕਢਾਇਆ । ਆਵੇ ਨਾ ਜਾਵੇ ਜਨਮੇ ਨਾ ਮਰੇ । ਮਹਾਰਾਜ ਸ਼ੇਰ ਸਿੰਘ ਦੀ ਸ਼ਰਨੀ ਪੜੇ । ਸਿੱਖ ਜੋ ਮੇਰੀ ਸ਼ਰਨੀ ਆਵੇ । ਦਸਵੇਂ ਦਵਾਰ ਦੇ ਪਰਦੇ ਲਾਹਵੇ । ਵਿਚੋਂ ਆਪਣਾ ਆਪ ਜਣਾਏ । ਜੋਤ ਸਰੂਪੀ ਨਜ਼ਰੀ ਆਏ । ਐਸੀ ਜੋਤ ਜਗੇ ਅਪਾਰ । ਜਿਸ ਜੋਤ ਦਾ ਦੇਹ ਨੂੰ ਅਧਾਰ । ਬਿਨ ਜੋਤ ਜੀਵ ਨਾ ਹੋਏ । ਅਨਦ ਬਿਨੋਦੀ ਪ੍ਰਭ ਆਪ ਹੈ ਹੋਏ । ਨਿਰਹਾਰੀ ਨਿਰਵੈਰ ਸਮਾਏ । ਕਾਇਆ ਅੰਦਰ ਬੈਠਾ ਤਾੜੀ ਲਾਏ । ਕਾਇਆ ਕੋਟ ਪ੍ਰਭ ਨੇ ਕੀਆ । ਪ੍ਰਭੂ ਨਾ ਜਾਣਿਆ ਭੋਲਿਆਂ ਜੀਆਂ । ਮਾਇਆ ਧਾਰ ਮਮਤਾ ਮੇਂ ਰਿਹਾ । ਗੁਰ ਤੋਂ ਬੇਮੁਖ ਦੁਰਮਤ ਦੇਹਾ । ਦੁਰਮਤ ਦੇਹ ਓਸ ਦੀ ਹੋਈ । ਵਿਚ ਦਰਗਾਹ ਮਿਲੇ ਨਾ ਢੋਈ । ਦਰਗਾਹ ਮੇਰੀ ਉਚ ਅਪਾਰ । ਜਿਥੇ ਵਸਿਆ ਆਪ ਨਿਰੰਕਾਰ । ਨਿਰੰਕਾਰ ਅਛਲ ਅਡੋਲ । ਕਲਜੁਗ ਹੁਣ ਤੋਲੇ ਤੋਲ । ਐਸਾ ਤੋਲ ਹੁਣ ਪ੍ਰਭੂ ਆਪ ਤੁਲਾਏ । ਕਲਜੁਗ ਦਾ ਹੁਣ ਕਾਲ ਕਰਾਏ । ਹੋਵੇ ਜੁਗ ਸਤਿ ਪ੍ਰਭ ਸਤਿ ਵਰਤਾਏ । ਹਰਿ ਜੀਉ ਹਰਿ ਹਰਿ ਥਾਏਂ ਸਮਾਏ । ਮੁਕੰਦ ਮਨੋਹਰ ਨਜ਼ਰੀ ਆਏ । ਲਖ਼ਮੀ

ਨਰਾਇਣ ਭਗਤਨ ਕਾ ਸਹਾਏ । ਭਗਤ ਵਛਲ ਪ੍ਰਭ ਆਪ ਅਖਵਾਏ । ਬੇੜਾ ਸਿੱਖ ਦਾ ਬੰਨੇ ਲਾਏ । ਜੋ ਸਿੱਖ ਸ਼ਰਨੀ ਪੜੇ । ਚਰਨ ਕਵਲ ਤੇ ਸੀਸ ਆ ਧਰੇ । ਆਪ ਪ੍ਰਭੂ ਪ੍ਰਭ ਕਰੇ ਅਨੰਦ । ਸਤਿਜੁਗ ਦਾ ਹੁਣ ਚੜ੍ਹਿਆ ਚੰਦ । ਗਿਆ ਅੰਧੇਰ ਹੋਇਆ ਪ੍ਰਕਾਸ਼ । ਜੋਤ ਮੇਰੀ ਦਾ ਨਹੀਂ ਵਿਨਾਸ । ਸਦਾ ਅਬਿਨਾਸ਼ੀ ਆਪ ਪ੍ਰਭ ਹੋਇਆ । ਦੇਹ ਵਿਨਾਸ਼ੀ ਆਪ ਨਵਾਂ ਨਰੋਆ । ਐਸੀ ਕਿਰਪਾ ਆਪ ਪ੍ਰਭ ਧਾਰੀ । ਸਦਾ ਸਦਾ ਕਰੋ ਨਿਮਸਕਾਰੀ । ਅਛਲ ਛਲਣ ਛਲ ਆਪ ਕਰਾਏ । ਮਾਇਆ ਵਿਚ ਲੋਭੀ ਭਰਮਾਏ । ਮਤਿ ਮਾਇਆ ਨੇ ਲਈ ਮਾਰ । ਗੁਰ ਪੂਰੇ ਦੀ ਨਾ ਕਰੀ ਵਿਚਾਰ । ਗੁਰ ਨਾ ਬੂਝਿਆ ਦਰ ਨਾ ਸੂਝਿਆ । ਅਬਗਤ ਹੋਏ ਦਰ ਦਰ ਲੂੜਿਆ । ਲੋਕ ਪ੍ਰਲੋਕ ਨਾ ਮਿਲੇ ਵਡਿਆਈ । ਵਿਚ ਸੰਗਤ ਹਰਿ ਹਰਿ ਰਸਨਾ ਧਿਆਇਆ । ਹੋਇਆ ਕਿਰਪਾਲ ਆਪ ਰਘੁਰਾਇਆ । ਦਇਆ ਧਾਰ ਕਿਰਪਾਨੰਦ ਆਇਆ । ਹੋਏ ਪ੍ਰਗਟ ਆ ਦਰਸ ਦਿਖਾਇਆ । ਸੱਚੇ ਸਤਿਗੁਰ ਤਖ਼ਤ ਰਚਾਇਆ । ਸਤਿਗੁਰ ਮਨੀ ਸਿੰਘ ਉਪਰ ਬਠਾਇਆ । ਮਹਾਰਾਜ ਸ਼ੇਰ ਸਿੰਘ ਆਪ ਕਰੇ ਕਰਾਇਆ । ਜੇਹਾ ਦੇਖੇ ਤੇਹਾ ਸਮਾਇਆ । ਅੰਮ੍ਰਿਤ ਸਤਿਗੁਰ ਆਪ ਬਣਾਇਆ । ਗੁਰਮੁਖਾਂ ਦੇ ਮੁਖ ਚੁਆਇਆ । ਪੀਏ ਅੰਮ੍ਰਿਤ ਅਮਰ ਪਦ ਪਾਏ । ਪੂਰਾ ਸਤਿਗੁਰ ਨਜ਼ਰੀ ਆਏ । ਕਰੀ ਨਜ਼ਰ ਅੱਜ ਆਪ ਦਾਤਾਰ । ਅੰਮ੍ਰਿਤ ਬਰਖੇ ਆਪ ਕਰਤਾਰ । ਐਸਾ ਅੰਮ੍ਰਿਤ ਆਪ ਵਰਤਾਇਆ । ਨਾਭ ਕਮਲ ਵਿਚੋਂ ਝਿਰਨਾ ਝਿਰਾਇਆ । ਝਿਰਨਾ ਝਿਰਿਆ ਨਿਝਰੋਂ ਭਾਈ । ਗੁਰ ਪੂਰੇ ਨੇ ਸੋਝੀ ਪਾਈ । ਸੂਝ ਬੂਝ ਜਾਂ ਜੀਵ ਨੂੰ ਹੋਏ । ਮਹਾਰਾਜ ਸ਼ੇਰ ਸਿੰਘ ਰਿਦੇ ਪਰੋਏ । ਰਿਦੇ ਜਪੇ ਜੋ ਮੇਰਾ ਨਾਉਂ । ਇਸ ਤੋਂ ਪਰੇ ਨਹੀਂ ਕੋਈ ਥਾਉਂ । ਈਸ਼ਰ ਆਪ ਆਪਣਾ ਆਪ ਉਪਾਇਆ । ਕੁਦਰਤ ਰੂਪ ਬ੍ਰਹਮਾ ਨਾਭ ਵਿਚੋਂ ਪ੍ਰਗਟਾਇਆ । ਬ੍ਰਹਮੇ ਨੂੰ ਬ੍ਰਹਮ ਸੁਣਾਇਆ । ਚਾਰ ਮੁੱਖਾਂ ਦਾ ਸੀਸ ਲਗਾਇਆ । ਚਾਰ ਜੁਗ ਦਾ ਭੇਤ ਖੁਲ੍ਹਾਇਆ । ਚੌਹਾਂ ਵੇਦਾਂ ਵਿਚ ਹਰਿ ਰੰਗ ਲਿਖਾਇਆ । ਆਪਣਾ ਭੇਤ ਆਪ ਛੁਪਾਇਆ । ਸ੍ਰਿਸ਼ਟ ਉਪਾਏ ਬ੍ਰਹਮਾ ਨੂੰ ਧੰਦੇ ਲਾਇਆ । ਦਾਤਾ ਕਰਤਾ ਪ੍ਰਭ ਆਪ ਅਖਵਾਇਆ । ਜਨਮ ਮਰਨ ਭੇਤ ਛੁਪਾਇਆ । ਇਹ ਭੇਵ ਨਾ ਕੋਈ ਬੂਝੇ । ਬੂਝੇ ਸੋਏ ਜਿਨ ਸਤਿਗੁਰ ਸੂਝੇ । ਜੀਵ ਜੋ ਮੇਰੀ ਕਰੇ ਵੀਚਾਰ । ਵਿਚ ਚੁਰਾਸੀ ਹੋਏ ਨਾ ਖੁਆਰ । ਬ੍ਰਹਮ ਸਰੂਪ ਬ੍ਰਹਮ ਮਾਹਿ ਸਮਾਏ । ਜਹਾਂ ਸੇ ਉਪਜੇ ਤਹਾਂ ਹੈ ਜਾਏ । ਐਸੀ ਦਇਆ ਪ੍ਰਭ ਆਪ ਕਮਾਏ । ਥਿਰ ਘਰ ਦੀ ਸੋਝੀ ਪਾਏ । ਜੋਤ ਸੰਗ ਲੈ ਜੋਤ ਮਿਲਾਏ । ਮਹਾਰਾਜ ਸ਼ੇਰ ਸਿੰਘ ਸਦਾ ਰਿਦੇ ਧਿਆਏ । ਦਾਸ ਅਮਰ ਇਹ ਬਚਨ ਲਿਖਾਇਆ । ਸਾਲ ਬਹੱਤਰ ਵਿਚ ਗੁਰ ਦਰਸ਼ਨ ਪਾਇਆ । ਬਿਰਧ ਅਵਸਥਾ ਵਿਚ ਠਾਕਰ ਨਜ਼ਰੀ ਆਇਆ । ਦੀਆ ਦਰਸ ਪ੍ਰਭ ਕਰ ਨਜ਼ਰੀ ਨਜ਼ਰ ਬਹਾਇਆ । ਮਨ ਆਈ ਸ਼ਾਂਤ ਜਾਂ ਦਰਸ਼ਨ ਪਾਇਆ । ਗਾਤੇ ਗੁਣ ਕੋ ਮੁਕਤ ਸਰਬ ਸੁੱਖ ਪਾਇਆ । ਗੁਣ ਗੋਬਿੰਦ ਗੁਰ ਤੇਰਾ ਨਾਉਂ । ਅਮਰਦਾਸ ਨੂੰ ਅਮਰ ਕਰਾਓ । ਦਇਆ ਧਾਰ ਧਰ ਹਰਿ ਜੀ ਆਏ । ਸਰਬ ਠੌਰ ਪ੍ਰਭ ਜੀ ਦਰਸ ਦਖਾਏ । ਕੀਆ ਦਰਸ ਸਭ ਸੋਝੀ ਪਾਏ । ਮੁਖੋਂ ਉਚਾਰੇ ਅਨੰਦ ਭਇਆ ਮੇਰੀ ਮਾਏ । ਭਇਆ ਅਨੰਦ ਜਾਂ ਦਰਸ਼ਨ ਪਾਇਆ । ਅਨਹਦ ਸ਼ਬਦ ਦਾ ਰਾਗ ਸੁਣਾਇਆ । ਸੁਣਿਆ ਰਾਗ ਰੰਗ ਰਵੇ ਇਕੇਲਾ । ਅਮਰਦਾਸ ਦਾ ਹੋਇਆ ਪ੍ਰਭ ਸੰਗ ਮੇਲਾ । ਮੇਲ ਮਿਲਾਇਆ ਹਰਿ ਜੀਉ ਪੂਰੇ । ਵਾਜੇ ਜਿਸ ਦੇ ਅਨਹਦ ਤੂਰੇ । ਵਾਜੇ ਅਨਹਦ ਅਨਾਹਤ ਮੇਰੀ ਬਾਣੀ । ਰਸਨਾ ਵਿਚੋਂ ਸਚ ਵਖਾਣੀ । ਸੱਚੋ ਸਚ ਸਚ ਪ੍ਰਭ ਆਪ ਵਖਾਇਆ । ਅਨੰਦ

ਅਨੰਦ ਅਨੰਦ ਮੁਖੋਂ ਉਸ ਗਾਇਆ । ਗੁਰ ਪੂਰੇ ਕੋ ਸਦਾ ਆਦੇਸ । ਜਿਸ ਨੇ ਕੀਤੀ ਬੁਧਿ ਬਬੇਕ । ਪੂਰਨ ਬਿਧੀ ਬੁਧਿ ਤੇ ਪਾਈ । ਗੁਰ ਸਾਚੇ ਦੀ ਸੋਝੀ ਪਾਈ । ਦਰ ਸਾਚਾ ਜਾਂ ਆਪ ਬੁਝਾਇਆ । ਮੈਂ ਮਮਤਾ ਤੋਂ ਪਰੇ ਹਟਾਇਆ । ਪੂਰਾ ਸਤਿਗੁਰ ਨਜ਼ਰੀ ਆਇਆ । ਜਿਨ ਪਾਇਆ ਤਿਨ ਮਨ ਮਾਹਿ ਸਮਾਇਆ । ਜੀਵ ਜੋ ਜੀਵਤ ਪ੍ਰਭੂ ਉਧਾਰ । ਫਿਰ ਕਿਉਂ ਭੁੱਲੇ ਮੁਗਧ ਗਵਾਰ । ਭੁਲਿਆਂ ਭਰਮ ਨਾ ਤੇਰਾ ਜਾਏ । ਆ ਕੇ ਸਾਹਮਣੇ ਸੰਸਾ ਮਿਟਾਏ । ਮਨ ਦਾ ਸੰਸਾ ਸਤਿਗੁਰ ਤੋੜੇ । ਜੁਗਾਂ ਦੇ ਵਿਛੜੇ ਜੋੜੇ । ਜੁਗ ਜੁਗ ਕਲਾ ਪ੍ਰਭ ਧਾਰ । ਭਗਤ ਜਨਾਂ ਦੀ ਪੈਜ ਸਵਾਰ । ਪੈਜ ਸਵਾਰੇ ਜਿਨ੍ਹਾਂ ਦੀ ਆ ਕੇ । ਜੋਤ ਸਰੂਪੀ ਜੋਤ ਤੋਂ ਜੋਤ ਪ੍ਰਗਟਾ ਕੇ । ਕਲਜੁਗ ਚਰਨ ਪ੍ਰਭ ਧਰਿਆ । ਮਹਾਰਾਜ ਸ਼ੇਰ ਸਿੰਘ ਆਸਾ ਵਰਿਆ । ਐਸੀ ਦਇਆ ਸਿੱਖਾਂ ਤੇ ਕਮਾਏ । ਵਿਛੜੇ ਜੁਗਾਂ ਦੇ ਲਏ ਮਿਲਾਏ । ਨਵੀਂ ਚਲਾਈ ਇਹ ਰੀਤ । ਮੋਹਿ ਚਰਨੋਂ ਮੇਂ ਰੱਖੋ ਪ੍ਰੀਤ । ਮੈਂ ਹਾਂ ਈਸ਼ਰ ਆਪ ਪ੍ਰਭ ਈਸ਼ਰ । ਆਦਿ ਜੁਗਾਦਿ ਸਦ ਜਗਦੀਸ਼ਰ । ਜੋ ਜਨ ਨਿੰਦਿਆ ਸਤਿਗੁਰ ਦੀ ਕਰੇ । ਨਰਕ ਕੁੰਡ ਮੇਂ ਸਦਾ ਹੀ ਜਲੇ । ਕੁੰਭੀ ਵਾਸ ਨਰਕ ਦੁੱਖ ਭਰੇ । ਧਰਮ ਰਾਏ ਦਾ ਡੰਡ ਸਿਰ ਪਰੇ । ਕਾਲ ਕੀ ਮੁੰਗਲੀ ਮਾਰਾਂ ਸਿਰੇ । ਜੂਨ ਘੋਗੜ ਵਿਸ਼ਟ ਉਹ ਪੜੇ । ਜਿਸ ਮੁਖ ਨਾਲ ਨਿੰਦਿਆ ਕਰੇ । ਵਿਸ਼ਟਾ ਵਿਚ ਚੁੰਝ ਉਹ ਧਰੇ । ਜਨਮੇ ਮਰੇ ਮਰੇ ਮਰ ਜਨਮੇ । ਸਤਿਗੁਰ ਕਿਰਪਾ ਮਿਲੇ ਨਾ ਸਰਨੇ । ਨਮੋ ਨਮੋ ਕਰੋ ਪ੍ਰਭ ਅੰਤਰਜਾਮੀ । ਮਧਸੂਦਨ ਦਾਮੋਦਰ ਸਵਾਮੀ । ਸ੍ਰੀ ਗੁਣ ਸ੍ਰੀ ਪਤ ਆਪ ਨਿਹਕਾਮੀ । ਰਿਧ ਸਿਧ ਦਾ ਦਾਤਾ ਪ੍ਰਭ ਅੰਤਰਜਾਮੀ । ਰਿਧ ਸਿਧ ਨੌਂ ਨਿਧ ਦਾ ਗੁਰ ਖੋਲ੍ਹ ਦੀਆ ਭੰਡਾਰ । ਆਪਣੀ ਦਾਤ ਆਪ ਵੰਡੀ ਦਾਤਾਰ । ਗੁਰਸਿਖਾਂ ਨੂੰ ਲਾਇਆ ਪਾਰ । ਭਇਆ ਦੀਨ ਦਿਆਲ ਵਿਸ਼ਨੂੰ ਭਗਵਾਨ । ਜਿਸ ਨੇ ਦਿਤਾ ਬ੍ਰਹਮ ਗਿਆਨ । ਮਹਾਰਾਜ ਸ਼ੇਰ ਸਿੰਘ ਸਦਾ ਦਿਆਲ ।

੨੪
੦੧

❊ ੧੬ ਮੱਘਰ ੨੦੦੬ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਦਇਆ ਧਾਰ ਸਿੱਖ ਉਧਾਰੇ । ਜਮ ਕੰਕਰ ਨਾ ਇਨ ਕੋ ਮਾਰੇ । ਅੰਤ ਸਮੇਂ ਪ੍ਰਭ ਹੋਵੇ ਸਹਾਈ । ਮਹਾਰਾਜ ਸ਼ੇਰ ਸਿੰਘ ਲਿਖਤ ਕਰਾਈ । ਦਰਸ਼ਨ ਦੇ ਦੇਹ ਛੁਡਾਏ । ਜੋਤ ਵਿਚ ਜੋਤ ਮਿਲਾਏ । ਆਵੇ ਨਾ ਜਾਵੇ ਥਿਰ ਰਹਾਵੇ । ਸਚ ਘਰ ਬੈਠਾ ਨਿਤ ਦਰਸ਼ਨ ਪਾਵੇ । ਈਸ਼ਰ ਸਾਗਰ ਕਵਲ ਸਿੱਖ ਹੋਏ । ਗੁਣ ਨਿਧਾਨ ਬਿਮਲ ਪ੍ਰਭ ਹੋਏ । ਕਵਲ ਕੁੰਭ ਕਾਇਆ ਦਾ ਰਚਿਆ । ਕਰੀ ਮਿਹਰ ਆਪ ਪ੍ਰਭ ਸਚਿਆ । ਮਲ ਮੂਤਰ ਦਾ ਇਹ ਜੋ ਪਾਟ । ਜਿਸ ਵਿਚ ਜੋਤ ਜਗਾਈ ਲਲਾਟ । ਅੰਧ ਘੋਰ ਆਪ ਪ੍ਰਭ ਵਸਿਆ । ਆਪਣਾ ਭੇਤ ਨਾ ਜੀਵ ਨੂੰ ਦੱਸਿਆ । ਆਪਣੀ ਵਸਤ ਪ੍ਰਭ ਆਪ ਟਿਕਾਈ । ਨਾੜੀ ਬਹੱਤਰ ਦੇਹ ਬਣਾਈ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਬੈਕੁੰਠ ਤਜਾਇਆ । ਪਾਤਾਲ ਵਿਚ ਸੇਜ ਬਾਸ਼ਕ ਤੋਂ ਪਰੇ ਹਟਾਇਆ । ਮਾਤਲੋਕ ਵਿਚ ਖੇਲ ਰਚਾਇਆ । ਸ਼ੇਰ ਸਿੰਘ ਨਿਰੰਕਾਰ ਜੇ ਆਇਆ । ਨਿਰੰਕਾਰ ਨਰ ਆਪ ਕਹਾਏ । ਨਰ ਅਵਤਾਰ ਧਾਰ ਪ੍ਰਭ ਆਏ । ਤ੍ਰੇਤੇ ਵਿਚ ਰਾਮ ਅਵਤਾਰੀ । ਚੌਦਾਂ ਕਲਾ ਵਿਚ ਦੇਹ ਧਾਰੀ । ਫਿਰ ਬ੍ਰਹਿਮਣ ਦਾ ਮਾਣ ਗਵਾਇਆ । ਪਰਸ ਰਾਮ ਨੂੰ ਸਰਨੀ ਪਾਇਆ । ਕਲਾ ਦੋ ਲੈ ਖੇਹ ਰਲਾਇਆ । ਹੋਇਆ ਦਵਾਪਰ ਆਪ ਕ੍ਰਿਸ਼ਨ ਮੁਰਾਰੀ । ਦਵਾਰਕਾ ਵਾਸੀ ਕੀਤੀ ਖੇਲ ਅਪਾਰੀ । ਪੁੱਠੀ

ਮਤਿ ਆਪ ਪ੍ਰਭ ਕੀਤੀ । ਘਰ ਪਾਡਵਾਂ ਕੌਰੋਂ ਬਦਲੀ ਨੀਤੀ । ਕਲਜੁਗ ਵਿਚ ਕਲਾ ਪ੍ਰਭ ਧਾਰੀ । ਸ੍ਰਿਸ਼ਟ ਤਾਈਂ ਹੁਣ ਪਈ ਖੁਆਰੀ । ਐਸੀ ਦੁਰਗਤ ਇਨ੍ਹਾਂ ਦੀ ਹੋਏ । ਸਤਿਗੁਰ ਮਨੀ ਸਿੰਘ ਬਿਨਾ ਰਾਖੇ ਨਾ ਕੋਏ । ਚਾਰ ਕੁੰਟ ਹੋਵੇ ਧੁੰਦੂਕਾਰ । ਗੁਰਸਿਖਾਂ ਘਰ ਹੋਵੇ ਜੈ ਜੈਕਾਰ । ਜੈ ਜੈਕਾਰ ਕਰਾਵੇ ਪ੍ਰਭ ਆਪ । ਸਿੱਖਨ ਦੇ ਲਾਹੇ ਸੰਤਾਪ ।

❊ ੧੭ ਮੱਘਰ ੨੦੦੬ ਬਿਕ੍ਰਮੀ ❊

ਕਲ ਧਾਰ ਕਲਜੁਗ ਵਿਚ ਆਇਆ । ਨਿਹਕਲੰਕ ਆਪ ਅਖਵਾਇਆ । ਨਿਰਾਹਾਰੀ ਨਿਰਵੈਰ ਸਮਾਇਆ । ਧਾਰ ਖੇਲ ਚਤੁਰਭੁਜ ਅਖਵਾਇਆ । ਆਪਣਾ ਨਾਮ ਆਪ ਜਪਾਇਆ । ਸੋਹੰ ਸ਼ਬਦ ਜਹਾਜ਼ ਬਣਾਇਆ । ਜਿਹੜੇ ਚੜ੍ਹੇ ਸਿੱਖ ਉਤਰੇ ਪਾਰ । ਬਣਿਆ ਮਲਾਹ ਆਪ ਕਰਤਾਰ । ਐਸਾ ਚੱਪੂ ਆਪ ਲਗਵਾਏ । ਹਰਿ ਹਰਿ ਰਿਦੇ ਸਮਾਏ । ਹਰਿ ਹਰਿ ਹਰਿ ਹੋਇਆ ਪ੍ਰਭ ਆਪ । ਸਚ ਵਡ ਮੇਰਾ ਪ੍ਰਤਾਪ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤਜਾਇਆ ਆਪ । ਬੈਕੁੰਠ ਬਣਾਇਆ ਅੱਜ ਲੋਕਮਾਤ । ਵੇਲਾ ਅੰਮ੍ਰਿਤ ਅਮਰੂ ਆਇਆ । ਆਪਣਾ ਬਿਰਦ ਆਪ ਰਖਵਾਇਆ । ਐਸਾ ਝਿਰਨਾ ਆਪ ਝਿਰਾਵੇ । ਅੰਮ੍ਰਿਤ ਬੂੰਦ ਕਵਲ ਮੇਂ ਪਾਵੇ । ਖੁਲ੍ਹੇ ਕਵਲ ਗੁਰ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਦਰਸ ਦੇਵੇ ਆਪ ਗੁਰ ਸੂਰਾ । ਥਿਰ ਘਰ ਵਾਸੀ ਸਦਾ ਭਰਪੂਰਾ । ਚਾਤਰਕ ਵਾਂਗ ਸਿੱਖ ਬਿਲਲਾਵੇ । ਹੋਇਆ ਕਹਿਰ ਪ੍ਰਭ ਆਪ ਛੁਡਵਾਵੇ । ਕਲਧਾਰ ਵਿਸ਼ਨੂੰ ਆਇਆ । ਅਨੰਦ ਬਿਨੋਦੀ ਨਾ ਭੇਤ ਜਤਲਾਇਆ । ਛਿੰਨ ਭੰਗਰ ਆਪ ਨਿਹਕਾਮੀ । ਭਰਤੰਬਰ ਸਦਾ ਆਪ ਸਵਾਮੀ । ਅਛਲ ਛਲਨ ਛਲ ਆਪ ਕਰਾਏ । ਬੇਮੁੱਖਾਂ ਤੋਂ ਮੁਖ ਛੁਪਾਏ । ਗੁਰਸਿਖਾਂ ਨੂੰ ਦਿਤੀ ਦਾਤ । ਸੋਹੰ ਸ਼ਬਦ ਵੱਡੀ ਕਰਾਮਾਤ । ਮੇਰਾ ਸ਼ਬਦ ਮੇਰਾ ਸਰੂਪ । ਆਦਿ ਅਨੰਤ ਸਦਾ ਅਨੂਪ । ਤੀਨ ਲੋਕ ਦਾ ਵਾਸੀ ਆਪ । ਜੋਤ ਸਰੂਪ ਸਦਾ ਵਿਆਪ । ਆਪਣੀ ਜੋਤ ਸਭ ਸ੍ਰਿਸ਼ਟ ਜਗਾਈ । ਸਭ ਵਡ ਈਸ਼ਰ ਵਡਿਆਈ । ਈਸਾ ਮੂਸਾ ਈਸ਼ਰ ਉਪਾਏ । ਅੰਤ ਆਪ ਆਪਣੇ ਵਿਚ ਮਿਲਾਏ । ਮੁਹੰਮਦੀ ਪ੍ਰਭ ਨੇ ਆਪ ਉਪਾਏ । ਅੰਤ ਸਮੇਂ ਹੁਣ ਆਪ ਖਪਾਏ । ਚਾਰ ਵੇਦ ਬ੍ਰਹਮੇ ਲਿਖਵਾਏ । ਗਿਆ ਕਲਜੁਗ ਉਹ ਗਏ ਸਮਾਏ । ਹੋਏ ਜੁਗ ਸਤਿ ਸਤਿ ਸਤਿ ਵਰਤਾਏ । ਆਪਣੇ ਨਾਮ ਦੀ ਜੈ ਜੈ ਜੈਕਾਰ ਕਰਾਏ । ਪ੍ਰਗਟ ਹੋਏ ਨਜ਼ਰ ਨਾ ਆਵਈ । ਮਨਮੁਖਾਂ ਦੇ ਛਾਹੀ ਪਾਈ । ਆਪਣਿਆਂ ਸਿੱਖਾਂ ਤੇ ਦਇਆ ਕਮਾਈ । ਵੇਲੇ ਅੰਮ੍ਰਿਤ ਜੋਤ ਪ੍ਰਗਟਾਈ । ਪ੍ਰਗਟੀ ਜੋਤ ਹੋਇਆ ਪ੍ਰਕਾਸ਼ । ਕਲੂ ਕਲੇਸ਼ ਹੋਇਆ ਵਿਨਾਸ । ਅੰਮ੍ਰਿਤ ਵੇਲੇ ਅੰਮ੍ਰਿਤ ਵਰਤਾਇਆ । ਗੁਰਸਿਖਾਂ ਦੇ ਮੁਖ ਚੁਆਇਆ । ਦੁੱਖ ਦਲਿਦਰ ਇਹਨਾਂ ਦਾ ਲਾਹਿਆ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਦਰਸ ਦਿਤਾ ਪ੍ਰਭ ਆਪ ਆ ਕੇ । ਵੇਲੇ ਅੰਮ੍ਰਿਤ ਅੰਮ੍ਰਿਤ ਬਣਾ ਕੇ । ਮੇਰੇ ਅੰਮ੍ਰਿਤ ਵਿਚ ਇਹ ਵਡਿਆਈ । ਗਰਭ ਜੂਨ ਵਿਚੋਂ ਲਏ ਬਚਾਈ । ਜਮ ਕੰਕਰ ਨੇੜ ਨਾ ਆਈ । ਅੰਤ ਸਮੇਂ ਪ੍ਰਭ ਹੋਏ ਸਹਾਈ । ਪੀਆ ਅੰਮ੍ਰਿਤ ਅਮਰ ਹੋ ਰਹਿਆ । ਸਦਾ ਸੁੱਖ ਨਿਰਮਲ ਹੋਵੇ ਜੀਆ । ਜੀਆ ਨਿਰਮਲ ਹੋਏ ਗਿਆਨ । ਪ੍ਰਭ ਆਪਣੇ ਨੂੰ ਲਏ ਪਛਾਣ । ਆਤਮ ਜੋਤ ਜੋਤ ਹੈ ਸੋਏ । ਅੰਤ ਅਨੰਤ ਰਿਦੇ ਪਰੋਏ । ਨਰ ਸਿੰਘ ਰੂਪ ਆਪ ਬਣਾਇਆ । ਪ੍ਰਹਿਲਾਦ ਦੇ ਸਿਰ

੨੫ ੦੧

ਛਤਰ ਝੁਲਾਇਆ । ਧ੍ਰੂ ਨੂੰ ਮਾਣ ਦਵਾਇਆ । ਹੋਏ ਦਰਬਾਨ ਮਹਾਂ ਸੁਖ ਪਾਇਆ । ਬਾਵਨ ਰੂਪ ਆਪ ਹੋ ਆਇਆ । ਬਲ ਰਾਜੇ ਨੂੰ ਗਲ ਲਗਾਇਆ । ਬਾਸ਼ਕ ਰਿਖ ਦਾ ਮਾਣ ਗਵਾਇਆ । ਚੱਕਰ ਸੁਦਰਸ਼ਨ ਐਸਾ ਲਾਇਆ । ਜਨਕ ਉਤੇ ਐਸੀ ਦਇਆ ਧਾਰੀ । ਅਠਾਰਾਂ ਕੁੰਡ ਪਾਰ ਉਤਾਰੀ । ਲੱਜਿਆ ਰੱਖੀ ਦਰੋਪਤ ਦੀ ਆ ਕੇ । ਦਵਾਪਰ ਵਿਚ ਕ੍ਰਿਸ਼ਨ ਅਖਵਾ ਕੇ । ਈਸ਼ਰ ਦਾ ਇਹ ਖੇਲ ਅਪਾਰ । ਹਰੀ ਚੰਦ ਨੂੰ ਦਿਤਾ ਤਾਰ । ਐਸਾ ਉਸ ਦਾ ਮਾਣ ਗਵਾਇਆ । ਸੰਗਤ ਵਿਚ ਪਰਖਣਾ ਚਾਹਿਆ । ਐਸੀ ਪਰਖ ਆਪ ਦਿਖਾਈ । ਖੜਾਉਂ ਜੋੜੀ ਆਪ ਜੁੜਾਈ । ਬਿਦਰ ਨੂੰ ਮਾਣ ਦਵਾਇਆ । ਦਰਯੋਧਨ ਨੂੰ ਪਰੇ ਹਟਾਇਆ । ਸਾਗ ਅਲੂਣੇ ਨੂੰ ਭੋਗ ਲਗਵਾਇਆ । ਭਾਉ ਭਗਤ ਦਾ ਫਲ ਸੀ ਪਾਇਆ । ਸੁਦਾਮੇ ਉਤੇ ਹੋਇਆ ਕਿਰਪਾਲ । ਚਰਨੀ ਡਿੱਗਾ ਦੀਨ ਦਿਆਲ । ਖੜਿਆ ਆਪ ਉਪਰ ਸਿੰਘਾਸਣ ਆਏ । ਲੈ ਚਰਨੋਦਕ ਧੰਨ ਧੰਨ ਧੰਨ ਕਹਾਏ । ਉਸ ਦਲਿਦਰੀ ਨੂੰ ਦਿਤਾ ਮਾਣ । ਦਵਾਰਕਾ ਵਾਸੀ ਕ੍ਰਿਸ਼ਨ ਭਗਵਾਨ । ਨਾਮ ਦੇਉ ਨੇ ਨਾਮ ਧਿਆਇਆ । ਮੁਕੰਦ ਮਨੋਹਰ ਨਜ਼ਰੀ ਆਇਆ । ਅੱਜ ਭੋਗ ਭਗਤਨ ਕੇਰਾ । ਸੱਚਾ ਸਤਿਗੁਰ ਕਰੇ ਨਬੇੜਾ । ਜਿਥੇ ਕੋਈ ਨਾ ਦੇਵੇ ਮਾਣ । ਓਥੇ ਪਹੁੰਚੇ ਜਾਣੀ ਜਾਣ । ਆਪਣਾ ਬਿਰਦ ਆਪ ਸੰਭਾਲੇ । ਪਤਾਲੋਂ ਕੱਢ ਆਕਾਸ਼ ਬਹਾਲੇ । ਬਿਨ ਬੰਧਨ ਨਾ ਕੋਈ ਬਾਂਧੇ । ਹੁਕਮ ਅੰਦਰ ਸਭ ਲੈ ਆਂਦੇ । ਬੰਧ ਟੂਟੇ ਹੋਈ ਬੰਦ ਖ਼ੁਲਾਸੀ । ਥਿਰ ਰਹੇ ਆਪ ਸਰਬ ਨਿਵਾਸੀ । ਬੰਦੀ ਛੋੜ ਆਪ ਅਖਵਾਏ । ਮੁਕਤ ਜੁਗਤ ਜੋਤ ਕੀ ਚਾਲ ਚਲਾਏ । ਸੱਚਾ ਸਤਿਗੁਰ ਸਦਾ ਧਿਆਏ । ਸੋਹੰ ਮੇਰਾ ਸ਼ਬਦ ਸਹਾਏ । ਕੋਟ ਅਪਰਾਧੀ ਪ੍ਰਭ ਜੀ ਤਾਰੇ । ਮਹਾਰਾਜ ਸ਼ੇਰ ਸਿੰਘ ਦਇਆ ਧਾਰੇ । ਮੱਛ ਕਛ ਹੋ ਹਰਿ ਜੀ ਆਏ । ਵਿਚ ਸਾਗਰ ਜੀਅ ਜੰਤ ਤਰਾਏ । ਲੱਖ ਬਤਾਲੀ ਨੂੰ ਦਰਸ ਦਿਖਾਇਆ । ਲੱਖ ਚੁਰਾਸੀ ਜੂਨ ਦਾ ਅੱਧ ਤਰਾਇਆ । ਬਤਾਲੀ ਲੱਖ ਧਰਤ ਪਰ ਧਰੇ । ਤਰਨ ਤਾਰਨ ਪ੍ਰਭ ਆਪ ਦਿਆਲ । ਭਗਤ ਵਛਲ ਸਦਾ ਕਿਰਪਾਲ । ਕਿਰਪਾਨਿਧ ਕਿਰਪਨ ਪ੍ਰਭ ਹੋਇਆ । ਸਦਾ ਹੈ ਜਾਗਤ ਕਦੇ ਨਾ ਸੋਇਆ । ਉਨੀ ਸੌ ਪੰਜਾਹ ਬਿਕ੍ਰਮੀ ਪਿਆਰੀ । ਜੇਠ ਪੰਜਵੀਂ ਮੰਗਲਵਾਰੀ । ਭਗਵਾਨ ਵਿਸ਼ਨੂੰ ਜਾਂ ਕਲਾਧਾਰੀ । ਨਿਹਕਲੰਕ ਭਇਆ ਅਵਤਾਰੀ । ਵਿਚ ਤ੍ਰੇਤਾ ਰਮੋ ਰਾਮ ਆਇਆ । ਦੁਆਪਰ ਕ੍ਰਿਸ਼ਨ ਭਗਵਾਨ ਘਨਕਪੁਰੀ ਘਨਸ਼ਾਮ ਆਇਆ । ਤਾਬੋ ਤਾਈਂ ਮਾਣ ਦਵਾਇਆ । ਧਰਨੀ ਧਰ ਨਰ ਸਿੰਘ ਨਰਾਇਣ ਆਇਆ । ਦਾੜਾਂ ਨੀਚੇ ਪ੍ਰਿਥਮੀ ਨੂੰ ਚਬਾਇਆ । ਹਾਹਾਕਾਰ ਕਰ ਜਗਤ ਰਵਾਇਆ । ਭਗਤ ਜਨਾਂ ਜੈਕਾਰ ਕਰਾਇਆ । ਜੈ ਜੈ ਜੈ ਗੁਰ ਸਾਚੇ ਕੀ ਜੈ । ਆਦਿ ਅੰਤ ਸਦਾ ਨਿਰਭੈ । ਨਿਰਹਾਰੀ ਨਿਰਵੈਰ ਸਮਾਏ । ਧਾਰ ਖੇਲ ਚਤੁਰਭੁਜ ਅਖਵਾਏ । ਸਵਲ ਸੁੰਦਰ ਪ੍ਰਭ ਰੂਪ ਬਣਾਏ । ਬੈਣ ਸੁਣਤ ਸਭ ਹੀ ਥਾਂਏ । ਸਰਬ ਥਾਈਂ ਪ੍ਰਭ ਵਸਿਆ ਆਪ । ਜਿਸ ਦਾ ਪ੍ਰਕਾਸ਼ ਸਦਾ ਦਿਨ ਰਾਤ । ਦਿਵਸ ਰੈਣ ਪ੍ਰਭ ਏਕ ਸਮਾਨ । ਨੈਣੀ ਪੇਖੋ ਵਿਸ਼ਨੂੰ ਭਗਵਾਨ । ਪਾਸ ਭਗਤ ਪ੍ਰਭ ਚਲ ਕੇ ਆਇਆ । ਮਾਤਲੋਕ ਵਿਚ ਦਰਸ ਦਖਾਇਆ । ਕਿਰਪਾਨਿਧ ਕਿਰਪਾ ਪ੍ਰਭ ਕਰੇ । ਦੂਖ ਕਲੇਸ਼ ਸੰਗਤ ਕਾ ਹਰੇ । ਜਮ ਕਾ ਡੰਨ ਸਿਰ ਨਾ ਪਰੇ । ਅੰਤ ਕਾਲ ਮਿਲੇ ਹਰਿ ਹਰੇ । ਆਪ ਅਪਰੰਪਰ ਹੈ ਜਲ ਥਲੇ । ਚਾਤਰਕ ਵਾਂਗ ਸੰਗਤ ਬਿਲਲਾਈ । ਗੁਰ ਦਰਸ਼ਨ ਕੋ ਫਿਰੇ ਤਿਸਾਈ । ਦਿਵਸ ਰੈਣ ਪ੍ਰਭੂ ਜਸ ਗਾਈ । ਦੋਖ ਦੁਸ਼ਟ ਸੇ ਲਿਉ ਬਚਾਈ । ਸੁਣੀ ਪੁਕਾਰ ਆਪ ਦਾਤਾਰ । ਕਲਜੁਗ ਵਿਚ ਹੋ ਆਇਆ ਵਿਸ਼ਨੂੰ ਭਗਵਾਨ । ਮਹਾਰਾਜ ਸ਼ੇਰ ਸਿੰਘ ਸਚ ਨੀਸਾਣ ।

ਨਿਓਟਿਆਂ ਓਟ ਨਿਤਾਣਿਆਂ ਤਾਣ । ਨਿਰਧਨ ਨੂੰ ਦੇਵੇ ਆਪ ਮਾਣ । ਸੋਹੰ ਗੁਰ ਕਾ ਪ੍ਰਵਾਨ । ਸੋਹੰ ਸ਼ਬਦ ਪ੍ਰਭ ਆਪ ਲਿਖਵਾਇਆ । ਸਤਿਜੁਗ ਵਿਚ ਪ੍ਰਚਲਤ ਕਰਾਇਆ । ਬਾਕੀ ਸਭ ਦਾ ਕਾਲ ਕਰਾਇਆ । ਗੁਰ ਸੰਗਤ ਨੂੰ ਦੇਵੇ ਦਾਨ । ਸੋਹੰ ਸ਼ਬਦ ਹੈ ਮੇਰਾ ਨਾਮ । ਰਿਦੇ ਧਿਆਓ ਸਰਬ ਸੁਖ ਪਾਓ । ਵਿਚ ਚੁਰਾਸੀ ਫੇਰ ਨਾ ਆਓ । ਨਾਮ ਮੇਰੇ ਦੀ ਇਹ ਵਡਿਆਈ । ਜਿਸ ਸਿਮਰਤ ਤ੍ਰਿਖਾ ਲਹਿ ਜਾਈ । ਸੋਵਤ ਕੋ ਪ੍ਰਭ ਲਏ ਜਗਾਈ । ਟੁੰਬ ਉਠਾਲ ਪ੍ਰਭੂ ਦਏ ਜਗਾਈ । ਦਰਸ ਦੇਵੇ ਆਪ ਪ੍ਰਭ ਆ ਕੇ । ਸੁੱਤੇ ਸਿੱਖ ਨੂੰ ਪਕੜ ਉਠਾ ਕੇ । ਕਲਜੁਗ ਵਿਚ ਹੋਇਆ ਕਿਰਪਾਲ । ਸੁਫਨੇ ਵਿਚ ਕਰੇ ਨਜ਼ਰੀ ਨਜ਼ਰ ਨਿਹਾਲ । ਪਵਣ ਮੇਂ ਜੋਤ ਜੋਤ ਮੇਂ ਪਵਣ । ਇਸ ਤੇ ਉਪਰ ਨਹੀਂ ਕੋਈ ਗਵਨ । ਜੋਤ ਸਰੂਪ ਜੋਤ ਪ੍ਰਭ ਧਰੇ । ਉਨੰਜਾ ਪਵਣ ਸਿਰ ਚਵਰ ਕਰੇ । ਜੋਤ ਪ੍ਰਭੂ ਕੀ ਲਟ ਲਟ ਜਲੇ । ਸਦਾ ਅਡੋਲ ਨਾ ਉਹ ਡਲੇ । ਉਸ ਵਿਚੋਂ ਪ੍ਰਭ ਕਿਰਪਾ ਕਰੇ । ਸਰਬ ਜੀਉ ਮੇਂ ਕਿਣਕਾ ਧਰੇ । ਜੀਵ ਜੰਤ ਵਿਚ ਜੋਤ ਟਿਕਾਈ । ਕਿਸੇ ਨਾ ਸੂਝੀ ਮੇਰੀ ਵਡਿਆਈ । ਜਿਸ ਨੂੰ ਸੂਝਿਆ ਸੱਚਾ ਦਰ ਬੂਝਿਆ । ਸੱਚਾ ਦਰ ਸੱਚਾ ਘਰ ਸੱਚਾ ਮੇਰਾ ਨਾਉਂ । ਪ੍ਰਭ ਅਬਿਨਾਸ਼ੀ ਵਸੇ ਹਰਿ ਥਾਉਂ । ਊਠਤ ਬੈਠਤ ਈਸ਼ਰ ਗੁਣ ਗਾਓ । ਸੋਹੰ ਸ਼ਬਦ ਮਨ ਵਸਾਓ । ਮੰਨੇ ਬਚਨ ਚਲੋ ਗੁਰ ਭਾਉ । ਪ੍ਰਭ ਅਬਿਨਾਸ਼ੀ ਘਰ ਮੇਂ ਪਾਓ । ਕੋਟ ਬ੍ਰਹਿਮੰਡ ਦਾ ਦਾਤਾ ਆਪ । ਆਪਣਾ ਆਪ ਕਰਾਏ ਜਾਪ । ਸਭ ਤੋਂ ਵੱਡਾ ਮੇਰਾ ਪ੍ਰਤਾਪ । ਜੋ ਨਾ ਸਮਝੇ ਮੇਰਾ ਮੁਖ ਵਾਕ । ਤਿਨ ਕੋ ਮਾਰੇ ਆਪ ਤੀਨ ਤਾਪ । ਕਾਲ ਵਿਆਪੇ ਹੋਏ ਦੁੱਖ ਘਨੇ । ਜੋ ਨਾ ਹੁਕਮ ਮੇਰਾ ਮੰਨੇ । ਮੇਰਾ ਸ਼ਬਦ ਜੋ ਨਰ ਸੁਣੇ । ਅਨਹਦ ਸ਼ਬਦ ਦੀ ਮਨ ਮੇਂ ਧੁਨੇ । ਧੁਨਤ ਧੁਨ ਧੁਨਤ ਕਾ ਗਿਆਨ ਆਵੇ । ਸੱਚਾ ਸਤਿਗੁਰ ਬਚਨ ਲਿਖਾਵੇ । ਮਹਾਰਾਜ ਸ਼ੇਰ ਸਿੰਘ ਨਜ਼ਰੀ ਆਵੇ । ਬਾਹੋਂ ਪਕੜ ਪ੍ਰਭ ਬੰਨੇ ਲਾਵੇ । ਗੁਰਸਿਖਾਂ ਨੂੰ ਗੁਰ ਧਾਮ ਪੁਚਾਵੇ । ਜਨਮ ਮਰਨ ਦਾ ਪੰਧ ਮੁਕਾਵੇ । ਕਲਜੁਗ ਵਿਚ ਇਹ ਦਇਆ ਕਮਾਈ । ਸਾਚੀ ਲਿਖਤ ਗੁਰ ਸੱਚੇ ਲਿਖਾਈ । ਧੰਨ ਗੁਰਸਿਖ ਜਿਨ੍ਹਾਂ ਸੋਝੀ ਪਾਈ । ਤੀਨ ਲੋਕ ਵਿਚ ਮਿਲੇ ਵਡਿਆਈ । ਧੰਨ ਧੰਨ ਧੰਨ ਸਭ ਕਹੇ ਲੋਕਾਈ । ਮਹਾਰਾਜ ਸ਼ੇਰ ਸਿੰਘ ਦੀ ਜਿਨ ਸਰਨ ਤਕਾਈ । ਸਰਨ ਵਿਚ ਸਿੱਖ ਜੋ ਆਇਆ । ਮਨ ਦਾ ਸੰਸਾ ਗੁਰ ਗਵਾਇਆ । ਜੋ ਆਏ ਪ੍ਰਭ ਰਿਦੇ ਧਿਆਏ । ਪ੍ਰਭ ਚਰਨਾਂ ਸੰਗ ਲਏ ਮਿਲਾਏ । ਬੇਮੁਖਾਂ ਤੋਂ ਗੁਰਸਿਖ ਬਣਾਏ । ਮਾਣਸ ਦੇਹ ਪਾਈ ਪ੍ਰਥਾਏ । ਥਿਰ ਘਰ ਵਿਚ ਪ੍ਰਭ ਆਪ ਬਹਾਏ । ਜੋਤ ਵਿਚ ਜੋਤ ਸਮਾਏ । ਮਹਾਰਾਜ ਸ਼ੇਰ ਸਿੰਘ ਦਇਆ ਕਮਾਏ । ਆਪਣਾ ਸ਼ਬਦ ਆਪ ਸੁਣਾਏ । ਸੋਹੰ ਸੋ ਪੁਰਖ ਨਿਰੰਜਣ । ਦੀਨ ਦਿਆਲ ਸਦਾ ਦੁੱਖ ਭੰਜਨ । ਮਹਾਰਾਜ ਸ਼ੇਰ ਸਿੰਘ ਤ੍ਰਲੋਕੀ ਨੰਦਨ । ਆਪ ਤੋੜੇ ਸਿੱਖਨ ਕੇ ਬੰਧਨ । ਗੁਰ ਕਾ ਸਿੱਖ ਪਰਭਾਸ ਵਿਚ ਚੰਦਨ । ਜਿਸ ਨੂੰ ਛੋਹੇ ਸਰਬ ਦੁੱਖ ਖੰਡਨ । ਆਪ ਪ੍ਰਭ ਆਪ ਭੈ ਭੰਜਨ । ਮੇਰਾ ਸਿੱਖ ਜਗਤ ਕਾ ਅੰਜਣ । ਨੇਤਰ ਮੇਂ ਪੇਖੇ ਟੁੱਟੇ ਜਮ ਫੰਦਨ । ਨੇਤਰ ਮੇਂ ਪਾਏ ਗੁਰ ਕਾਟੇ ਬੰਧਨ । ਸੋਹੰ ਸ਼ਬਦ ਦੀ ਮਨ ਹੋਵੇ ਰੰਗਣ । ਮਹਾਰਾਜ ਸ਼ੇਰ ਸਿੰਘ ਸਦਾ ਰੰਗ ਬਰੰਗਣ । ਰੰਗ ਰੂਪ ਨਾ ਨਜ਼ਰੀ ਆਏ । ਪੂਰਨ ਵਿਚ ਰਿਹਾ ਸਮਾਏ । ਜੋਤ ਜਗਤ ਦੀ ਆਪ ਜਲਾਏ । ਆਪਣਾ ਭੇਤ ਨਾ ਕਿਸੇ ਬਤਾਏ । ਆਪਣੀ ਮਹਿਮਾ ਆਪ ਜਣਾਏ । ਆਪ ਆਪਣੇ ਵਿਚ ਸਮਾਏ । ਕਲਜੁਗ ਵਿਚ ਇਹ ਕਰਮ ਕਮਾਏ । ਛੱਡੀ ਦੇਹ ਜੋਤ ਰੂਪ ਹੋ ਆਏ । ਪੂਰਨ ਸਿੰਘ ਦੀ ਦੇਹ ਵਿਚ ਪ੍ਰਭ ਗਿਆ ਸਮਾਏ । ਕੁੱਖ ਮਾਤਾ ਦੀ ਸੁਫਲ ਕਰਾਏ । ਪਾਲ ਸਿੰਘ ਤੇ ਦਇਆ

੨੭
੦੧

ਕਮਾਈ । ਹੋ ਕ੍ਰਿਸ਼ਨ ਪ੍ਰਭ ਦਰਸ ਦਿਖਾਈ । ਬਾਲ ਰੂਪ ਪ੍ਰਭ ਲੁਬਾਣਾ । ਭੁੱਲਾ ਸਿੱਖ ਫਿਰੇ ਅੰਞਾਣਾ । ਬਿਨਾ ਗੁਰ ਮਿਲੇ ਨਾ ਸਚ ਟਿਕਾਣਾ । ਜੋਤ ਜਗਵਾਵੇ ਸਿੰਘ ਹੈ ਮਾਹਣਾ । ਬਚਨ ਅਸਾਡੇ ਸਦਾ ਸੁਣਾਏ । ਮਨੀ ਸਿੰਘ ਦਾ ਸਿੱਖ ਕਹਾਏ । ਮਹਾਰਾਜ ਸ਼ੇਰ ਸਿੰਘ ਦੀ ਜਿਨ ਸਰਨੀ ਪਾਇਆ । ਓਸ ਤੋਂ ਸੁਣਿਆ ਬਚਨ ਆਇਆ । ਆਪ ਤੁੱਠਾ ਸੱਚਾ ਦਾਤਾਰ । ਹੋ ਕੇ ਆਇਆ ਕ੍ਰਿਸ਼ਨ ਮੁਰਾਰ । ਪਾਲ ਸਿੰਘ ਨੂੰ ਦਿਤਾ ਤਾਰ । ਐਸੀ ਸਤਿਗੁਰ ਬਣਾਈ ਥਾਟ । ਜੋਤ ਜਗਾਈ ਵਿਚ ਲਲਾਟ । ਜਾਚਕ ਨੂੰ ਦਿਤਾ ਇਹ ਦਾਨ । ਪਾਲ ਸਿੰਘ ਨੂੰ ਉਤਮ ਗਿਆਨ । ਜਿਸ ਸੁਹਾਇਆ ਇਹ ਸੋਹਣਾ ਥਾਨ । ਗੁਰ ਦਰਸ ਦਾ ਵੱਜਾ ਬਾਣ । ਦਰਸ ਮੇਰਾ ਸਦਾ ਹੈ ਲੋੜੇ । ਚਰਨ ਕਵਲ ਸੰਗ ਮਨ ਨੂੰ ਜੋੜੇ । ਦਇਆ ਧਾਰ ਪ੍ਰਭ ਦਰਸ ਦਿਖਾਇਆ । ਨਿਜਾਨੰਦ ਪ੍ਰਭ ਵਿਚੋਂ ਵਖਾਇਆ । ਓਸ ਨੇ ਸੀ ਇਹ ਕਰਮ ਕਮਾਇਆ । ਸਿੱਖਾਂ ਨੂੰ ਸਰਨੀ ਪਾਇਆ । ਉਸ ਦਾ ਮਾਣ ਅਸਾਂ ਰਖਾਇਆ । ਚਵੀ ਚੇਤ ਉਨੀਂ ਸੌ ਸਤਾਨਵੇਂ ਨੂੰ ਆਕਾਸ਼ ਬਠਾਇਆ । ਹਰਿ ਜੀਉ ਹਰਿ ਹਰਿ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਸਦਾ ਸਵਾਇਆ । ਸਦਾ ਅਟੱਲ ਹੋਏ ਗੁਰ ਸੂਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ । ਸੱਚਾ ਸਤਿਗੁਰ ਸਾਚ ਲਜਾਏ । ਸਾਚ ਸਾਚ ਸਚ ਰਿਹਾ ਸਮਾਏ । ਸਚ ਸੁੱਚ ਪ੍ਰਭ ਸਾਚੇ ਭਾਏ । ਜੂਠੇ ਝੂਠੇ ਪ੍ਰਭ ਸਰਨ ਨਾ ਲਾਏ । ਸੱਚਾ ਸਿੱਖ ਸੱਚਾ ਪ੍ਰਭ ਆਪ । ਸਾਚੀ ਸਿਖਿਆ ਸੱਚਾ ਗੁਰ ਜਾਪ । ਸੱਚਾ ਸ਼ਬਦ ਲਾਹੇ ਤਿੰਨ ਤਾਪ । ਮਹਾਰਾਜ ਸ਼ੇਰ ਸਿੰਘ ਜਪੋ ਦਿਨ ਰਾਤ । ਦਿਵਸ ਰੈਣ ਜੋ ਮੁਝੇ ਧਿਆਏ । ਸੋਵਤ ਜਾਗਤ ਦਰਸ ਹੈ ਪਾਏ । ਸੋਵਤ ਜਪੋ ਜਾਗੇ ਗੁਰ ਪੂਰਾ । ਦਰਸ ਦਿਖਾਵੇ ਹੈ ਸਦਾ ਹਜ਼ੂਰਾ । ਸਚ ਸਦਾ ਮਿਹਰਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਜਿਸ ਨੂੰ ਦਿਤਾ ਇਹ ਗਿਆਨ । ਚਰਨ ਕਵਲ ਵਿਚ ਰਖੋ ਧਿਆਨ । ਦਰਸ਼ਨ ਪਾਓ ਨੇਤਰੀ ਆਣ । ਆਪ ਪਛਾਣੋ ਜਾਣੀ ਜਾਣ । ਜਿਸ ਦਾ ਦਿਤਾ ਪਹਿਨਣ ਖਾਣ । ਜੀਉ ਪਿੰਡ ਇਹ ਦੇਹ ਦਾ ਦਾਨ । ਕਰਮ ਧਰਮ ਪ੍ਰਭ ਆਪ ਲਿਖਾਏ । ਧੰਨ ਗੁਰਸਿਖ ਜੋ ਸ਼ਰਨੀ ਲਾਏ । ਲਾਏ ਸ਼ਰਨ ਸਰਬ ਸੁੱਖ ਦੀਆ । ਸਦਾ ਸੁਹੇਲਾ ਨਿਰਮਲ ਜੀਆ । ਅੰਮ੍ਰਿਤ ਨਾਮ ਮਹਾਰਸ ਪੀਆ । ਸੋਹੰ ਸ਼ਬਦ ਗਿਆਨ ਗੁਰ ਦੀਆ । ਗਿਆਨ ਦੀਆ ਗੁਰ ਸਾਚੇ ਏਕ । ਜਿਸ ਸਿਮਰਤ ਹੋਏ ਬੁੱਧ ਬਿਬੇਕ । ਨਜ਼ਰੀ ਆਵੇ ਏਕਨ ਏਕ । ਮਹਾਰਾਜ ਸ਼ੇਰ ਸਿੰਘ ਦੀ ਜਿਨ ਪਕੜੀ ਟੇਕ । ਗੁਰ ਰਾਖਾ ਗੁਰ ਕਿਰਪਾ ਕਰੇ । ਭਵ ਜਲ ਅੰਧ ਸਿੱਖ ਨਾ ਹਰੈ । ਅੰਤ ਕਾਲ ਪ੍ਰਭ ਕਿਰਪਾ ਕਰੇ । ਮਹਾਰਾਜ ਸ਼ੇਰ ਸਿੰਘ ਜਪ ਹਰੇ ਹਰਿ ਹਰੇ । ਬਚਨ ਸੁਣੇ ਜਿਸ ਦੀ ਬਣ ਆਏ । ਜਿਸ ਨੂੰ ਸਤਿਗੁਰ ਸਰਨੀ ਲਾਏ । ਗੁਰ ਸੰਗਤ ਵਿਚ ਮਾਣ ਦਵਾਏ । ਗੁਰ ਸੰਗਤ ਵਿਚ ਪ੍ਰਭ ਰਿਹਾ ਸਮਾਏ । ਸੰਗਤ ਬੈਠੀ ਚਾਰ ਕਿਨਾਰੀ । ਵਿਚ ਹੈ ਬੈਠਾ ਸ਼ੇਰ ਸਿੰਘ ਨਿਰੰਕਾਰੀ । ਨਾਮ ਨਿਰੰਜਣ ਮੈਂ ਹਾਂ ਆਪ । ਸਭ ਤੋਂ ਵੱਡਾ ਹੈ ਮੇਰਾ ਪ੍ਰਤਾਪ । ਕਰੀ ਕਿਰਪਾ ਦਿਤੀ ਵਡਿਆਈ । ਮੁਖ ਵਾਕ ਗੁਰ ਸੰਗਤ ਕੰਨ ਪਾਈ । ਚਾਰ ਜੁਗ ਬਾਣੀ ਹੈ ਰਚਾਈ । ਪੇਖਤ ਸੁਣਤ ਸਰਬ ਸੁਖ ਪਾਈ । ਆਵਣ ਜਾਵਣ ਦਾ ਪੰਧ ਮੁਕਾਈ । ਓਹੋ ਭੁੱਲੀ ਫਿਰੇ ਲੋਕਾਈ । ਪ੍ਰਭ ਅਬਿਨਾਸ਼ੀ ਜੋਤ ਪ੍ਰਗਟਾਈ । ਹਾਜ਼ਰ ਹੋ ਦਰਸ ਦਿਖਾਈ । ਮਹਾਰਾਜ ਸ਼ੇਰ ਸਿੰਘ ਹੋਇਆ ਸਹਾਈ । ਮਨੀ ਸਿੰਘ ਵਿਚ ਜੋਤ ਜਗਾਈ ।

੨੮
੦੧

ਕਿਰਪਾ ਆਪ ਕਰੇ ਨਿਰੰਕਾਰ । ਘਨਕਾਪੁਰੀ ਵਿਚ ਜਾਮਾ ਧਾਰ । ਸੱਚਾ ਸਤਿਗੁਰ ਸੱਚੀ ਸਰਕਾਰ । ਦੇ ਕੇ ਦਰਸ ਲਾਏ ਸੰਗਤ ਨੂੰ ਪਾਰ । ਹੁਕਮ ਆਪਣਾ ਲਿਖਾਏ ਅਪਾਰ । ਮੇਰਾ ਸਿੱਖ ਨਾ ਹੋਏ ਠੱਗ ਚੋਰ ਯਾਰ । ਸੱਚਾ ਮੈਂ ਆਪ ਸੱਚਾ ਦੀਬਾਣ । ਸੱਚਾ ਮੇਰਾ ਹੁਕਮ ਸਚ ਨੀਸਾਣ । ਪੁਰਖ ਨਿਰੰਜਣ ਜਾਣੀ ਜਾਣ । ਪ੍ਰਗਟੀ ਜੋਤ ਵਿਸ਼ਨੂੰ ਭਗਵਾਨ । ਮਹਾਰਾਜ ਸ਼ੇਰ ਸਿੰਘ ਸਦਾ ਮਿਹਰਵਾਨ । ਆਦਿ ਜੁਗਾਦਿ ਪ੍ਰਭ ਏਕੰਕਾਰ । ਸ੍ਰਿਸ਼ਟ ਸਬਾਈ ਪ੍ਰਭ ਕੀ ਨਾਰ । ਅੱਜ ਪ੍ਰਭ ਪਰਮੇਸ਼ਵਰ ਆਇਆ । ਭਗਤ ਜਨਾਂ ਚਰਨ ਸੰਗ ਲਾਇਆ । ਚਰਨ ਸੰਗ ਪ੍ਰਭ ਜੋ ਆਏ । ਸਾਚੇ ਗੁਰ ਦਾ ਦਰਸ਼ਨ ਪਾਏ । ਗੁਰ ਸੱਚਾ ਗੁਰ ਸਤਿਗੁਰ ਸੂਰਾ । ਸਦਾ ਸਮਰਥ ਸਦਾ ਭਰਪੂਰਾ । ਸਦਾ ਭਰਪੂਰ ਨਾ ਕਬਹੂੰ ਡੋਲੇ । ਜੋਤ ਸਰੂਪੀ ਸਭ ਜਗ ਮੌਲੇ । ਉਪਾਏ ਜਗਤ ਪ੍ਰਭ ਖੇਲ ਬਣਾਇਆ । ਹਰ ਜੀਉ ਵਿਚ ਪ੍ਰਭ ਆਪ ਸਮਾਇਆ । ਉਹ ਵੇਖੇ ਉਹ ਨਜ਼ਰ ਨਾ ਆਏ । ਆਪਣਾ ਭੇਤ ਨਾ ਪ੍ਰਭ ਜਤਾਏ । ਜਿਸ ਨੇ ਭੇਉ ਪ੍ਰਭੂ ਕਾ ਪਾਇਆ । ਦਵਾਰ ਦਸਵੇਂ ਦਾ ਪਰਦਾ ਲਾਹਿਆ । ਖੁੱਲ੍ਹੇ ਕਪਾਟ ਗੁਰ ਨਜ਼ਰੀ ਆਇਆ । ਆਨ ਬਾਟ ਪ੍ਰਭ ਫੰਦ ਤੁੜਾਇਆ । ਸਮਦਰਸੀ ਪ੍ਰਭ ਦਰਸ ਦਿਖਾਇਆ । ਅਨਹਦ ਸ਼ਬਦ ਮਨ ਵਜਾਇਆ । ਵਜਿਆ ਵਾਜ ਧੁਨਤ ਧੁਨ ਹੋਈ । ਏਸ ਸ਼ਬਦ ਨੂੰ ਬੂਝੇ ਕੋਈ । ਸੋ ਬੂਝੇ ਜਿਸ ਆਪ ਬੁਝਾਏ । ਬਿਨ ਗੁਰ ਸੋਝੀ ਕੋਈ ਨਾ ਪਾਏ । ਜਿਸ ਤੇ ਦਇਆ ਪ੍ਰਭ ਆਪ ਕਮਾਏ । ਸਰਗਣ ਨਿਰਗੁਣ ਹੋ ਦਰਸ ਦਿਖਾਏ । ਵਿਚੋਂ ਜੋਤ ਜੋਤ ਪ੍ਰਗਟਾਏ । ਸਮੇਂ ਅਨੁਸਾਰ ਪ੍ਰਭ ਕਾਇਆ ਪਲਟਾਏ । ਸਤਿਜੁਗ ਵਿਚ ਮਿਹਰਵਾਨ ਹੋ ਆਇਆ । ਤਰੇਤੇ ਵਿਚ ਰਾਮ ਰਘੁਬੰਸ ਅਖਵਾਇਆ । ਵਿਚ ਦੁਆਪਰ ਮੁਰਾਰ ਕ੍ਰਿਸ਼ਨ ਬਣ ਆਇਆ । ਕਵਲ ਨੈਣ ਮੁਕਟ ਬੈਣ ਸਿਰ ਉਪਰ ਟਿਕਾਇਆ । ਕੰਸ ਕੇਸੀ ਪਕੜ ਗਿਰਾਇਆ । ਦੁਸ਼ਟਾਂ ਦਾ ਮਾਣ ਗਵਾਇਆ । ਰਾਓ ਤੋਂ ਕਰ ਰੰਕ ਬਹਾਇਆ । ਫੇਰ ਆਪਣਾ ਤੇਜ ਚੜ੍ਹਾਇਆ । ਕਿਰਪਾ ਕੀਤੀ ਨਾਥ ਅਪਾਰ । ਦਵਾਰਕਾ ਉਪਰ ਗੋਵਰਧਨ ਸੁਆਰ । ਮਹਾਸਾਰਥੀ ਆਪ ਅਖਵਾਇਆ । ਰਥ ਅਰਜਨ ਦਾ ਆਪ ਚਲਾਇਆ । ਸਾਰਾ ਸੰਸਾ ਉਸ ਦਾ ਲਾਹਿਆ । ਬਰਾਟ ਰੂਪ ਹੋ ਦਰਸ ਦਿਖਾਇਆ । ਸ੍ਰਿਸ਼ਟ ਸਾਰੀ ਨੂੰ ਮੁਖ ਵਿਚ ਪਾਇਆ । ਕੌਰੋਂ ਪਾਂਡੇ ਦਾ ਯੁੱਧ ਕਰਾਇਆ । ਬਿਨ ਸ਼ਸਤਰ ਪ੍ਰਭ ਯੁੱਧ ਮਚਾਇਆ । ਸਭ ਸ੍ਰਿਸ਼ਟ ਖੇਹ ਰਲਾਇਆ । ਦਵਾਪਰ ਦਾ ਸਮਾਂ ਮੁਕਾਇਆ । ਕਲਜੁਗ ਸਤਿਗੁਰ ਆਪ ਪ੍ਰਗਟਾਇਆ । ਜੀਵ ਜੰਤ ਪਾਈ ਮਾਇਆ । ਐਸੀ ਮਾਇਆ ਆਪ ਪ੍ਰਭ ਪਾਈ । ਮਦਿ ਮਾਸ ਆਹਾਰ ਬਣਾਈ । ਫੇਰ ਇਹ ਚਲਾਈ ਚਾਲ । ਮੂਸਾ ਘੱਲਿਆ ਆਪ ਦੀਨ ਦਿਆਲ । ਬੁੱਧੀ ਵਿਚ ਭਰਿਆ ਇਹ ਖਿਆਲ । ਕਲਜੁਗ ਵਿਚ ਪਹਿਨ ਜਾਮਾ ਮਹਾਨ । ਐਸਾ ਕਰਮ ਉਸ ਆਣ ਕਮਾਇਆ । ਮਦਿ ਮਾਸ ਇਕ ਖੇਲ ਬਣਾਇਆ । ਭਗਵਾਨ ਕ੍ਰਿਸ਼ਨ ਦਾ ਮਾਣ ਗਵਾਇਆ । ਗਊਆਂ ਉਤੇ ਹੱਥ ਉਠਾਇਆ । ਐਸੀ ਖੇਲੀ ਉਸ ਇਹ ਕਾਰ । ਅਗਨ ਵਿਚ ਦਿਤੀ ਸ੍ਰਿਸ਼ਟੀ ਡਾਲ । ਯੈਸੂ ਤਾਈਂ ਫਿਰ ਹੁਕਮ ਸੁਣਾਇਆ । ਮਰੀਆ ਕਵਾਰੀ ਪੇਟੋਂ ਜਨਮ ਦਵਾਇਆ । ਓਸ ਨੂੰ ਪੜ੍ਹਾਈ ਪੱਟੀ । ਮਦਿ ਮਾਸ ਤੋਂ ਕਾਲਖ ਖੱਟੀ । ਰਾਮ ਕ੍ਰਿਸ਼ਨ ਜੋ ਧਿਆਏ । ਉਨ੍ਹਾਂ ਦਾ ਕਾਲ ਕਰਾਏ । ਮਦਿ ਮਾਸ ਜੋ ਨਰ ਨਾ ਖਾਏ । ਉਨ੍ਹਾਂ ਉਤੇ ਕਹਿਰ ਕਮਾਏ । ਫੇਰ ਕੀਤਾ ਖੇਲ ਨਿਰਾਲਾ । ਮੁਹੰਮਦ ਬਣਾਇਆ ਜਗਤ ਦਿਆਲਾ । ਅਬਰਬਣ

੨੯ ੦੧

ਵੇਦ ਸੱਚਾ ਕਰ ਵਖਾਇਆ । ਐੜੇ ਤੋਂ ਅੱਲਾ ਬਣਾਇਆ । ਅੱਲਾ ਅੱਲਾ ਸੋ ਗੁਰ ਸੀ ਮੇਰਾ । ਰਾਮ ਕ੍ਰਿਸ਼ਨ ਦਾ ਕੀਆ ਨਬੇੜਾ । ਉਸ ਨੇ ਐਸਾ ਰਾਹ ਚਲਾਇਆ । ਦੀਨ ਮੁਹੰਮਦੀ ਨੂੰ ਸੀ ਬਤਾਇਆ । ਬੰਦਾ ਖ਼ੁਦਾਏ ਖ਼ੁਦੀ ਵਿਚ ਆਇਆ । ਉਮਤ ਤਾਈਂ ਰਸੂਲ ਬਤਾਇਆ । ਰਾਮ ਕ੍ਰਿਸ਼ਨ ਨੂੰ ਦਿਲੋਂ ਭੁਲਾਇਆ । ਸਾਰਾ ਮਾਣ ਉਨ੍ਹਾਂ ਦਾ ਗਵਾਇਆ । ਚਾਰ ਕੂਟ ਆਪਣਾ ਡੰਕ ਵਜਾਇਆ । ਅੰਤ ਸਮਾਂ ਹੁਣ ਉਸ ਦਾ ਆਇਆ । ਰਾਮ ਕ੍ਰਿਸ਼ਨ ਦਾ ਜਾਮਾ ਪਲਟਾਇਆ । ਮਹਾਰਾਜ ਸ਼ੇਰ ਸਿੰਘ ਸ਼ੇਰ ਹੋ ਆਇਆ । ਜੁਗ ਚੌਥੇ ਦਾ ਨਾਸ ਕਰਾਇਆ । ਕਲਜੁਗ ਨੂੰ ਕਾਲ ਹੋ ਖਾਇਆ । ਸੱਚਾ ਸਤਿਗੁਰ ਸੱਚੋ ਸਚ ਸਮਾਇਆ । ਕਰੋ ਦਰਸ ਬੈਠਾ ਰਘੁਰਾਇਆ । ਨੈਣੀ ਪੇਖੋ ਮਨ ਸ਼ਾਂਤ ਸੁੱਖ ਹੋਏ । ਦੁੱਖ ਦਲਿਦਰ ਰਹੇ ਨਾ ਕੋਇ । ਭੈ ਭਿਆਨਕ ਵਿਚ ਪ੍ਰਭ ਹੋਏ ਸਹਾਈ । ਭਵ ਸਾਗਰ ਵਿਚੋਂ ਲਏ ਤਰਾਈ । ਸਤਿਗੁਰ ਨੌਕਾ ਨਾਮ ਬਣਾਈ । ਚੜ੍ਹ ਕੇ ਸਿੱਖ ਪਰਮਗਤ ਪਾਈ । ਸੋਹੰ ਸ਼ਬਦ ਦੀ ਇਹ ਵਡਿਆਈ । ਗੁਰਸਿਖ ਗੁਰ ਦੇ ਬੁਝਾਈ । ਬੁਝੀ ਆਤਮਾ ਪ੍ਰਭ ਦਏ ਜਗਾਈ । ਦਰਸ਼ਨ ਪੇਖ ਮੁਖੋਂ ਜਸ ਗਾਈ । ਮਹਾਰਾਜ ਸ਼ੇਰ ਸਿੰਘ ਧੰਨ ਜਿਸ ਦਇਆ ਕਮਾਈ । ਜਿਸ ਨਾ ਪੇਖਿਆ ਨਰਕ ਨੂੰ ਜਾਈ । ਧਰਮ ਰਾਜ ਸਿਰ ਡੰਡ ਲਗਾਈ । ਹਾਹਾਕਾਰ ਕਰੇ ਬਿਲਲਾਈ । ਅਗਨ ਕੁੰਡ ਵਿਚ ਦੇ ਜਲਾਈ । ਪ੍ਰਭ ਭੁੱਲਾ ਠੌਰ ਨਾਹੀ । ਸਤਿਗੁਰ ਸੱਚੇ ਇਹ ਲਿਖਤ ਕਰਾਈ । ਦਰਗਾਹ ਸੱਚੀ ਨਾ ਝੂਠੀ ਰਾਈ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ । ਸਰਬ ਦੁੱਖ ਤੋਂ ਲਏ ਬਚਾਈ । ਅੰਤ ਕਾਲ ਪ੍ਰਭ ਦਰਸ ਦਿਖਾਈ । ਗੁਰਸਿਖ ਨੂੰ ਗੁਰ ਬੰਨੇ ਲਾਈ । ਬੈਠਾਲ ਲਵੇ ਪ੍ਰਭ ਵਿਚ ਬਬਾਣ । ਦਰਸ਼ਨ ਦੇ ਕੇ ਕੀਤਾ ਗਿਆਨ । ਗੁਣ ਅਵਗੁਣ ਨਾ ਵਿਚਾਰੇ । ਕਰ ਕਿਰਪਾ ਪ੍ਰਭ ਪਾਰ ਉਤਾਰੇ । ਪੂਰਨ ਗੁਰ ਪੂਰਨ ਇਹ ਕਾਮ । ਸਿੱਖ ਪਹੁੰਚਾਵੇ ਬੈਕੁੰਠ ਧਾਮ । ਬੈਕੁੰਠ ਧਾਮ ਪ੍ਰਭ ਕਾ ਵਾਸ । ਇਸ ਨੂੰ ਸਿਮਰੋ ਸਵਾਸ ਸਵਾਸ । ਰਸਨਾ ਸਿਮਰੋ ਹਰਿ ਗੁਣ ਗਾਓ । ਪ੍ਰਭ ਅਬਿਨਾਸ਼ੀ ਘਰ ਮੇਂ ਪਾਓ । ਜਨਮ ਮਰਨ ਦੇ ਦੁੱਖ ਮਿਟਾਓ । ਵਿਚ ਚੁਰਾਸੀ ਫੇਰ ਨਾ ਆਓ । ਚਰਨ ਕਵਲ ਵਿਚ ਸੀਸ ਨਿਵਾਓ । ਥਿਰ ਘਰ ਕਰ ਵਾਸ ਸਦਾ ਸੁਖ ਪਾਓ । ਆਉਣ ਜਾਣ ਗਰਭ ਕਾ ਹਰਿਆ । ਪੂਰੇ ਸਤਿਗੁਰ ਕਾਮ ਇਹ ਕਰਿਆ । ਗੁਰਸਿਖਾਂ ਉਤੇ ਦਇਆ ਕਮਾਈ । ਗਰਭ ਜੂਨ ਤੋਂ ਲਿਆ ਛੁਡਾਈ । ਹਰਿ ਦੀ ਜੋਤ ਹਰਿ ਮਾਹਿ ਸਮਾਈ । ਜਹਾਂ ਉਪਜਿਆ ਤਹਾਂ ਗਿਆ ਸਮਾਈ । ਮਹਾਰਾਜ ਸ਼ੇਰ ਸਿੰਘ ਲਿਖਤ ਕਰਾਈ । ਸਾਧ ਸੰਗਤ ਵਿਚ ਪ੍ਰਭ ਰਿਹਾ ਸਮਾਈ । ਗੁਰੂ ਗੁਰ ਕਰੋ ਮਨ ਮੋਰ । ਗੁਰ ਬਿਨ ਨਾਹੀਂ ਹੋਰ । ਗੁਰ ਸਾਚਾ ਗੁਰ ਨਾਹੀਂ ਹੋਰ । ਜਨਮ ਜਨਮ ਵਿਛੜੇ ਗੁਰ ਲੈਂਦਾ ਜੋੜ । ਬੇਮੁਖਾਂ ਨੂੰ ਦੇਵੇ ਤੋੜ । ਬਾਝ ਗੁਰੂ ਨਾਹੀ ਹੋਰ । ਗੁਰੂ ਮਿਲੇ ਗੁਰ ਦੇ ਵਡਿਆਈ । ਗੁਰ ਸਾਚਾ ਸਾਚੀ ਮਤਿ ਪਾਈ । ਗੁਰ ਸਾਚਾ ਗੁਰ ਰਿਹਾ ਸਮਾਈ । ਭਗਤ ਜਨਾਂ ਹਰਿ ਜਸ ਗਾਈ । ਹੋਏ ਕਿਰਪਾਲ ਪ੍ਰਭ ਜੋਤ ਪ੍ਰਗਟਾਈ । ਬੈਠਾ ਸੰਗਤ ਵਿਚ ਨਜ਼ਰੀ ਆਈ । ਵੇਖੇ ਸੁਣੇ ਪਰਖੇ ਵੇਖੇ ਪਰਖੇ । ਬਿਨ ਨਾੜੀ ਇਹ ਪਿੰਜਰ ਖੜਕੇ । ਆਪਣਾ ਸੰਸਾ ਸਾਰੇ ਲਾਹੋ । ਪੂਰਨ ਸਿੰਘ ਦੀ ਨਬਜ਼ ਨੂੰ ਹੱਥ ਹੈ ਲਾਓ । ਐਸੀ ਇਹ ਚਲੀ ਚਾਲ । ਨਬਜ਼ ਨਾ ਚਲੇ ਆਪਣੀ ਚਾਲ । ਭੇਤ ਨਾ ਆਪਣਾ ਗੁਰੂ ਰਖਾਇਆ । ਪ੍ਰਗਟ ਹੋ ਕੇ ਦਰਸ਼ਨ ਦਿਖਾਇਆ । ਸੱਚਾ ਤਖ਼ਤ ਗੁਰ ਸੱਚੇ ਬਣਾਇਆ । ਸਿੰਘਾਸਣ ਪ੍ਰਭ ਨਾਮ ਰਖਾਇਆ । ਸਿੰਘਾਸਣ ਉਪਰ ਪ੍ਰਭ ਬੈਠਾ ਆਏ । ਕਲਜੁਗ ਤਾਈਂ ਦਏ ਉਲਟਾਏ । ਐਸੀ ਦਿਤੀ ਇਸ ਨੂੰ ਹਾਰ । ਮੂੰਹ ਕਾਲਾ

ਦੁਸ਼ਟ ਦੁਰਾਚਾਰ । ਕਰਮ ਧਰਮ ਇਸ ਵਿਚ ਖੁਆਰ । ਲੱਜਿਆ ਓਸ ਨੇ ਦਿਤੀ ਉਤਾਰ । ਪ੍ਰਗਟ ਹੋਇਆ ਆਪ ਕਰਤਾਰ । ਕਲਜੁਗ ਦਾ ਹੁਣ ਕੀਤਾ ਕਾਲ । ਸਤਿਜੁਗ ਸਚ ਸੱਚੋ ਸਚ ਹੋਏ । ਸੋਹੰ ਸ਼ਬਦ ਪ੍ਰਚਲਤ ਸੱਚਾ ਹੋਏ । ਵਕਤ ਉਹ ਨੇੜੇ ਆਇਆ । ਜਿਸ ਵੇਲੇ ਪ੍ਰਭ ਸ੍ਰਿਸ਼ਟ ਰੁਲਾਇਆ । ਐਸਾ ਕਹਿਰ ਵਰਤੇ ਆ ਕੇ । ਦੁਸ਼ਟ ਭਸਮ ਹੋਏ ਧੱਕੇ ਖਾ ਕੇ । ਡਿੱਗੇ ਸਰਨ ਗੁਰੂ ਦੀ ਆ ਕੇ । ਬਚਾਵੇ ਗੁਰ ਸਿਰ ਹੱਥ ਟਿਕਾ ਕੇ । ਮਾਰੇ ਨਾ ਕੋਇ ਜਿਸ ਆਪ ਬਚਾਏ । ਜੋ ਜਨ ਪ੍ਰਭ ਕਾ ਦਰਸ਼ਨ ਪਾਏ । ਪ੍ਰਭ ਸਰਨ ਸੰਗ ਰਹੇ ਸਮਾਏ । ਘਰ ਸਾਚੇ ਦੀ ਸੋਝੀ ਪਾਏ । ਸੱਚਾ ਸਤਿਗੁਰ ਸਚ ਦਏ ਵਖਾਏ । ਜੋਤ ਸਰੂਪ ਪ੍ਰਭ ਨਜ਼ਰੀ ਆਏ । ਜਨਮ ਮਰਨ ਦੇ ਦੁੱਖ ਮਿਟਾਏ । ਬਿਨ ਗੁਰੂ ਕੋਇ ਨਾ ਬਾਂਧੇ ਧੀਰ । ਗੁਰੂ ਵਿਛੁੰਨਾ ਜਿਉਂ ਮਾਂ ਦਾ ਸੀਰ । ਆਵਣ ਜਾਵਣ ਹੋਇਆ ਸੁਹੇਲਾ । ਸੱਚਾ ਸਤਿਗੁਰ ਨਹੀਂ ਦੁਹੇਲਾ । ਦੂਖ ਨਿਵਾਰਨ ਪ੍ਰਭ ਆਪ ਸਵਾਮੀ । ਕਿਰਪਾ ਕਰੇ ਸਦਾ ਨੇਹਕਾਮੀ । ਗੁਣ ਨਿਧਾਨ ਆਪ ਪ੍ਰਭ ਹੋਏ । ਜੋ ਪੜੇ ਸ਼ਰਨ ਸੋ ਲਏ ਪਰੋਏ । ਗੁਰਸਿਖਾਂ ਦੀ ਗੁਰ ਸੁਣਦਾ ਸੋਏ । ਵੇਖੇ ਵਿਗਸੇ ਕਰੇ ਸੋਏ । ਜੋਤੀ ਜੋਤ ਨਿਰੰਜਣ ਸੋਏ । ਕਵਲ ਬਿਗਾਸੇ ਆਪ ਪ੍ਰਭ ਹੋਏ । ਸਦਾ ਸਦਾ ਪ੍ਰਭ ਆਪ ਕਿਰਪਾਲ । ਭਗਤ ਵਛਲ ਦੀਨ ਦਿਆਲ । ਦੀਨ ਦਿਆਲ ਦਇਆਨਿਧ ਕਰੇ । ਗੁਰਸਿੱਖਨ ਸੰਗ ਬੇਮੁਖ ਤਰੇ । ਸਰਵਣੀ ਸੁਣ ਸੁਣ ਮੇਰਾ ਨਾਉਂ । ਮੋਨ ਧਾਰ ਪ੍ਰਭ ਗੁਣ ਗਾਓ । ਹਿਰਦੇ ਵਸੇ ਹਰਿ ਜੀਉ ਆਪ । ਆਪਣਾ ਆਪ ਕਰਾਵੇ ਜਾਪ । ਜੋ ਨਾ ਜਪੇ ਈਸ਼ਵਰ ਨਾਉਂ । ਤਿਨ੍ਹਾਂ ਨਾ ਮਿਲੇ ਦਰਗਹਿ ਠਾਉਂ । ਸਿੱਖ ਚਾਤਰਕ ਸਦਾ ਬਿਲਲਾਏ । ਗੁਰ ਦੇ ਦਰਸ਼ਨ ਸਵਾਂਤੀ ਬੂੰਦ ਪਿਲਾਏ । ਬਚਨ ਗੁਰੂ ਰਸਨਾ ਅਕਰਖੇ । ਮੇਘ ਵਾਂਗ ਗੁਰੂ ਸ਼ਬਦ ਹੈ ਬਰਖ਼ੇ । ਆਪ ਆਏ ਪ੍ਰਭ ਦਰਸ ਦਿਖਾਏ । ਘਾਲ ਸਿੱਖਾਂ ਦੀ ਪਾਈ ਥਾਏਂ । ਸੱਚਾ ਸਤਿਗੁਰ ਜਾਣੀ ਜਾਣ । ਦਰਸ਼ਨ ਪੇਖੋ ਵਿਸ਼ਨੂੰ ਭਗਵਾਨ । ਵਿਸ਼ਨੂੰ ਭਗਵਾਨ ਜੋਤ ਇਹ ਧਰੀ । ਸੱਚਾ ਸਤਿਗੁਰ ਆਸਾਵਰੀ । ਦਰਸ਼ਨ ਦਿਖਾਇਆ ਆਪ ਪ੍ਰਭ ਹਰੀ । ਛਿੰਨ ਆਵੇ ਦੇਰ ਨਾ ਲਾਵੇ ਘਰੀ । ਨਾ ਨੇੜੇ ਨਾ ਦਿਸੇ ਦੂਰ । ਜਹਾਂ ਦੇਖੋ ਤਹਾਂ ਹਜ਼ੂਰ । ਮੈਂ ਹਾਂ ਬੈਠਾ ਗੁਰ ਭਰਪੂਰ । ਬੇਮੁਖਾਂ ਤੋਂ ਦੂਰੋ ਦੂਰ ਦੂਰੋ ਦੂਰ । ਸਾਧ ਸੰਗਤ ਮੇਰੇ ਚਰਨਾਂ ਦੀ ਧੂੜ । ਰੰਗ ਚਲੂਲ ਗੂੜ੍ਹੇ ਗੂੜ੍ਹ । ਸੰਗਤ ਵਿਚ ਆਵੇ ਮੂੜ੍ਹ । ਮੁਖ ਉਪਰ ਫੇਰੇ ਚਰਨ ਧੂੜ । ਲੱਤਾਂ ਦੇ ਪ੍ਰਭ ਲਾਹੇ ਜੂੜ । ਜੇ ਨਾ ਸਿੱਖ ਸਮਝੇ ਮੂੜ੍ਹ । ਸੱਚਾ ਸਤਿਗੁਰ ਨਹੀਂ ਜੇ ਕੂੜ । ਨੇਤਰੀ ਲਾਵਾਂ ਉਸ ਦੀ ਧੂੜ । ਮਨ ਵਿਚ ਹੋਏ ਇਹ ਸਰੂਰ । ਰੋਗ ਹੰਗਤਾ ਹੋਏ ਦੂਰ । ਸਤਿਗੁਰ ਨਿਰਮਲ ਵਾਂਗ ਕਪੂਰ । ਸਿਰ ਸ਼ਾਹਾਂ ਸ਼ਾਹ ਸਿਰ ਸੂਰਾ ਸੂਰ । ਅਬਿਨਾਸ਼ੀ ਪ੍ਰਭ ਸਦਾ ਹਜ਼ੂਰ । ਝੂਠੀ ਦੁਨੀਆ ਕੂੜੋ ਕੂੜ । ਜੋ ਆਏ ਗੁਰ ਪਗ ਮਾਹਿ । ਗੁਰ ਕੇ ਬਚਨ ਮਨ ਮਾਹਿ ਸਮਾਹਿ । ਫਿਰ ਪੂਰਾ ਗੁਰ ਦਇਆ ਕਮਾਏ । ਚਤੁਰਭੁਜ ਹੋ ਦਰਸ ਦਿਖਾਏ । ਚਾਰ ਵਰਨ ਪ੍ਰਭ ਚਰਨੀਂ ਲਾਏ । ਊਚ ਨੀਚ ਪ੍ਰਭ ਸੰਗ ਰਲਾਏ । ਸਭ ਕੋ ਕੀਆ ਏਕ ਸਮਾਨ । ਮੱਖਣ ਵਰੋਲਿਆਂ ਨਾਲ ਮਧਾਣ । ਐਸਾ ਵਰੋਲਾ ਸਤਿਗੁਰ ਦੇਵੇ । ਹਾਹਾਕਾਰ ਕਰ ਸ੍ਰਿਸ਼ਟੀ ਰੋਵੇ । ਸਿੱਖਾਂ ਨੂੰ ਪ੍ਰਭ ਲਏ ਸੰਭਾਲ । ਬੇਮੁਖਾਂ ਨੂੰ ਦਿਤਾ ਗਾਲ । ਪਹਿਲੀ ਵਾਰ ਸੀ ਮੇਰਾ ਚਮਤਕਾਰ । ਦੂਜੀ ਵਾਰ ਕਰਾਂ ਖੁਆਰ । ਘਰ ਘਰ ਹੋਵੇ ਹਾਹਾਕਾਰ । ਬੈਠਾ ਵੇਖੇ ਆਪ ਕਰਤਾਰ । ਪਿੰਡ ਬੁੱਧਾ ਜਿਥੇ ਸੱਚੀ ਸਰਕਾਰ । ਕਰ ਕੇ ਦਰਸ਼ਨ ਸਿੱਖ ਉਤਰੇ ਪਾਰ । ਗੁਰ ਬੇੜੀ ਵਿਚ ਮੰਝਧਾਰ । ਬੰਨੇ ਲਾਵੇ ਭਵ ਸਾਗਰ ਤਾਰ । ਆਪਣੀ ਪੈਜ

੩੧
੦੧

ਰੱਖੇ ਨਿਰੰਕਾਰ । ਸੋਹੰ ਸ਼ਬਦ ਦੀ ਸਦਾ ਜੈ ਜੈ ਕਾਰ । ਮੈਂ ਹਾਂ ਆਪ ਓਅੰਕਾਰ । ਸੱਚਾ ਓਹ ਖੰਡ ਜਿਥੇ ਵਸਿਆ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਅਗੰਮ ਅਪਾਰ । ਸਭ ਕੋ ਦੀਆ ਜੋਤ ਅਧਾਰ । ਗੁਰਸਿਖ ਬੋਲੇ ਨਿਰੰਕਾਰ ਨਿਰੰਕਾਰ । ਪਾਰਬ੍ਰਹਮ ਪ੍ਰਭ ਅੰਤਰਜਾਮੀ । ਸਿੱਖਨ ਕੋ ਪ੍ਰਭ ਬਣਾਵੇ ਦਾਨੀ । ਦਾਨ ਦੇਵੇ ਉਤਮ ਮੇਰਾ ਨਾਉਂ । ਜੋ ਪੂਛੇ ਮੇਰਾ ਠਾਉਂ । ਸੋਹੰ ਸ਼ਬਦ ਮੇਰਾ ਨਾਮ ਸੁਣਾਓ । ਪ੍ਰਭ ਅਬਿਨਾਸ਼ੀ ਨਿਜ ਮੇਂ ਪਾਓ । ਗੁਰ ਸੇਵਾ ਕਰ ਗੁਰਸਿਖ ਕਹਾਵੇ । ਸੇਵਾ ਸਿੱਖ ਨੂੰ ਮਾਣ ਦਵਾਵੇ । ਸੇਵਕ ਜੋ ਸੇਵਾ ਕਰੇ । ਸੁੱਕੇ ਕਾਸ਼ਟ ਪ੍ਰਭ ਕਰੇ ਹਰੇ । ਬੱਚਿਆਂ ਦਾ ਪ੍ਰਭ ਦੇਵੇ ਦਾਨ । ਸੱਚਾ ਸਤਿਗੁਰ ਜਾਣੀ ਜਾਣ । ਪੂਤ ਬਿਨਾ ਮਾਤਾ ਬਿਲਲਾਏ । ਜਿਉਂ ਮਛਲੀ ਬਿਨ ਨੀਰ ਤੜਫਾਏ । ਬਿਨ ਗੁਰ ਜੀਵ ਨਰਕ ਮੇਂ ਜਾਏ । ਜੇ ਗੁਰ ਆਪਣੀ ਸ਼ਰਨੀ ਲਾਏ । ਬਾਹੋਂ ਪਕੜ ਬੈਕੁੰਠ ਬਹਾਏ । ਸਾਚੀ ਜੋਤੀ ਸਚ ਮਾਹਿ ਸਮਾਏ । ਮਹਾਰਾਜ ਸ਼ੇਰ ਸਿੰਘ ਵਸਿਆ ਥਾਏਂ । ਨੈਣੀ ਵੇਖੇ ਸਰਬ ਦੁੱਖ ਜਾਏ । ਆਪ ਉਧਰੋ ਆਪਣੀ ਕੁਲ ਉਧਾਰੋ । ਸ਼ਬਦ ਮੇਰਾ ਮਨ ਵਿਚਾਰੋ । ਕੱਲਰ ਵਿਚ ਕੌਲ ਹੋ ਜਾਓ । ਮਦਿ ਮਾਸ ਰਸਨਾ ਨਾ ਲਾਓ । ਤਾਂ ਗੁਰ ਪੂਰੇ ਸਿੱਖ ਕਹਾਓ । ਗੁਰ ਸੰਗਤ ਵਿਚ ਗੁਰਮੁਖ ਬਣ ਜਾਓ । ਗੁਰਸਿਖ ਸੋ ਜੋ ਗੁਰੂ ਪਛਾਣੇ । ਗੁਰਮੁਖ ਸੋ ਜੋ ਚਲੇ ਗੁਰ ਭਾਣੇ । ਗੁਰਮੁਖ ਸੋ ਗੁਰ ਰਿਦੇ ਧਿਆਏ । ਪਾਰਬ੍ਰਹਮ ਦੀ ਉਹ ਸਾਚੀ ਨਾਏ । ਗੁਰਸਿਖ ਸੋ ਜੋ ਬ੍ਰਹਮ ਪਛਾਣੇ । ਸੱਚਾ ਸਤਿਗੁਰ ਸਚ ਨੀਸਾਣੇ । ਮਹਾਰਾਜ ਸ਼ੇਰ ਸਿੰਘ ਖੋਟੇ ਖਰੇ ਪਛਾਣੇ ।

ਇਕ ਸਵਾਲੀ ਦਰ ਤੇ ਆਇਆ । ਕੱਚੀ ਕੰਧ ਜਿਥੇ ਨਾਨਕ ਬਹਾਇਆ । ਧੋਖਾ ਕੀਆ ਤੇ ਪਾਈ ਮਾਇਆ । ਗਿਰੇ ਕੰਧ ਨਾਨਕ ਨਾਸ ਕਰਾਇਆ । ਕੰਧ ਖੜ੍ਹੀ ਰਹੀ ਅਡੋਲ । ਗੁਰੂ ਨਾਨਕ ਸੀ ਗੁਰ ਅਮੋਲ । ਨਾ ਉਹ ਤੁਲਿਆ ਆਪ ਅਤੋਲ । ਪੰਦਰਾਂ ਸੌ ਚੁਤਾਲੀ ਬਿਕ੍ਰਮੀ ਇਹ ਖੇਲ ਰਚਾਇਆ । ਨਾਨਕ ਨਿਰੰਕਾਰੀ ਸ਼ਾਦੀ ਕਰਨ ਬਟਾਲੇ ਧਾਹਿਆ । ਭੇਖ ਆਪਣਾ ਸੀ ਇਹ ਬਣਾਇਆ । ਸਿਰ ਸੇਲੀ ਟੋਪੀ ਗਲ ਚੋਲਾ ਪਾਇਆ । ਘਰ ਸੋਹਰੇ ਜਵਾਈ ਆਇਆ । ਲੋਕ ਲੱਜਿਆ ਨੇ ਮਾਰ ਮੁਕਾਇਆ । ਕੰਧ ਹੇਠ ਸੀ ਉਹਨੂੰ ਬਹਾਇਆ । ਡਿੱਗੇ ਕੱਚੀ ਕਰ ਦਏ ਸਫ਼ਾਇਆ । ਸਦਾ ਅਟੱਲ ਰਹੇ ਰਘੁਰਾਇਆ । ਬਿਨਾਂ ਥੰਮ੍ਹਾਂ ਜਿਨ ਗਗਨ ਰਹਾਇਆ । ਉਸ ਕੱਚੀ ਦਾ ਕੱਚ ਗਵਾਇਆ । ਕੂੜਿਆਂ ਨੂੰ ਕਰ ਸਚ ਵਖਾਇਆ । ਨਾਨਕ ਘੱਲਿਆ ਆਪ ਨਿਰੰਕਾਰ । ਮੁਖੋਂ ਉਚਾਰੇ ਕਰਤਾਰ ਕਰਤਾਰ । ਹੋਏ ਸਹਾਈ ਆਪ ਦਾਤਾਰ । ਰੁੜ੍ਹਦਾ ਬੇੜਾ ਦੇਵੇ ਤਾਰ । ਉਸ ਅਸਥਾਨ ਤੋਂ ਏਸ ਆ ਕੇ । ਬੇਨਤੀ ਕੀਤੀ ਸੰਗਤ ਸੁਣਾ ਕੇ । ਦਿਲੋਂ ਪੁਕਾਰਿਆ ਡਾਹਢਾ ਘਗਿਆ ਕੇ । ਦੁੱਖ ਦਿਤਾ ਮੁਹੰਮਦੀਆਂ ਜੋਰ ਲਾ ਕੇ । ਗਏ ਮੁਹੰਮਦੀ ਸਿੱਖ ਪੈ ਗਏ ਧਾਹ ਕੇ । ਕੋਈ ਨਾ ਪੁੱਛੇ ਸਾਡੀ ਵਾਤ । ਇਸ ਲਈ ਕੀਤੀ ਫਰਿਆਦ । ਉਥੇ ਕੋਈ ਨਾ ਚਲੇ ਜੋਰ । ਤੇਰੇ ਬਿਨਾ ਨਹੀਂ ਹੋਰ । ਚਲ ਕੇ ਆਇਆ ਤੇਰੀ ਓਰ । ਕਰੋ ਸਹਾਇਤਾ ਵਿਚ ਅੰਧ ਘੋਰ । ਮੇਰਾ ਓਥੇ ਕੋਈ ਨਾ ਜ਼ੋਰ । ਕਰ ਕਿਰਪਾ ਇਹ ਬਚਨ ਲਿਖਾਵਾਂ । ਭੂਤ ਪ੍ਰੇਤ ਦਾ ਭੈ ਦਿਖਾਵਾਂ । ਕਲੇਸ਼ ਇਸ ਦਾ ਸਾਰਾ ਲਾਹਵਾਂ । ਸੱਚਾ ਸਤਿਗੁਰ ਤਾਂ ਅਖਵਾਵਾਂ । ਜੋ ਬੋਲਿਆ ਸੋ ਪੂਰਾ ਤੋਲਿਆ । ਨਾ ਰੋਲਿਆ ਨਾ ਰੋਲ ਘਚੋਲਿਆ । ਸਦਾ ਅਡੋਲ ਕਦੇ ਨਾ ਡੋਲਿਆ । ਸੱਚਾ ਸੁਖਨ ਰਸਨਾ ਵਿਚੋਂ ਬੋਲਿਆ । ਐਸੀ

ਮਿਹਰ ਆਪ ਕਮਾਵਾਂ । ਲੱਖਾਂ ਤਾਈ ਸੁਫਲ ਕਰਾਵਾਂ । ਆਵਣ ਜਾਵਣ ਦੇਵਾਂ ਪਹਿਨਣ ਖਾਣ । ਕਿਸੇ ਪਾਸਿਉਂ ਨਾ ਹੋਵੇ ਕਾਣ । ਸੱਚੇ ਸਤਿਗੁਰ ਲਾਇਆ ਬਾਣ । ਮਨ ਧਾਰ ਇਛਿਆ ਜੋ ਸੰਗਤ ਆਈ । ਗੁਰ ਪੂਰੇ ਨੇ ਆਸ ਪੁਜਾਈ । ਘਰ ਸਾਚੇ ਵਿਚੋਂ ਮਿਲੀ ਵਡਿਆਈ । ਦੁੱਖ ਦਲਿਦਰ ਨਸ਼ਟ ਜਿਸ ਕਰਾਈ । ਆਸਾ ਮਨਸਾ ਪ੍ਰਭ ਪੂਰੀ ਕਰੇ । ਜੋ ਜੀਵ ਆਣ ਸ਼ਰਨੀ ਪਰੇ । ਪਰੇ ਸ਼ਰਨ ਸੰਗ ਲਏ ਮਿਲਾਏ । ਚਰਨ ਕਵਲ ਸੰਗ ਗਿਆ ਸਮਾਏ । ਦੁੱਧ ਪੂਤ ਪ੍ਰਭ ਦੇਵੇ ਦਾਨ । ਸੋਹੰ ਸ਼ਬਦ ਉਤਮ ਗਿਆਨ । ਗੋਝ ਗਿਆਨ ਪ੍ਰਭ ਆਪ ਬਤਾਇਆ । ਸੋਹੰ ਸ਼ਬਦ ਦਾ ਜਾਪ ਕਰਾਇਆ । ਪੋਹ ਨਾ ਸਕੇ ਜਗਤ ਦੀ ਮਾਇਆ । ਕਲਜੁਗ ਵਿਚ ਜਿਨ ਮਨ ਬੰਧਾਇਆ । ਜਿਸ ਮਨ ਵਸਿਆ ਸੋ ਸਿੱਖ ਪੂਰਾ । ਦਰਸ ਦਿਖਾਵੇ ਗੁਰ ਸੂਰਾ । ਮਿਟੀ ਤ੍ਰਿਖਾ ਜਾਂ ਦਰਸ਼ਨ ਪਾਇਆ । ਅਮਰ ਪ੍ਰਭ ਆਪ ਰਘੁਰਾਇਆ । ਬੇੜਾ ਸਿੱਖਾਂ ਦਾ ਬੰਨੇ ਲਾਇਆ । ਤੇਜ ਹੋਵੇ ਦਿਨੋ ਦਿਨ ਸਵਾਇਆ । ਕਾਮ ਕਰੋਧ ਨੂੰ ਪਰੇ ਹਟਾਇਆ । ਲੋਭ ਮੋਹ ਹੰਕਾਰ ਤਜਾਇਆ । ਮਨ ਮਤ ਬੁਧ ਵਿਚ ਸਮਾਇਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਾਇਆ । ਜੋਤ ਸਰੂਪ ਵਿਚ ਹਰਿ ਜੀਉ ਆਇਆ । ਆਪ ਵੇਖੇ ਉਹਨਾਂ ਨਜ਼ਰ ਨਾ ਆਇਆ । ਐਸਾ ਆਪਣਾ ਆਪ ਛੁਪਾਇਆ । ਵਾਜਾ ਪਵਣ ਕਾਇਆ ਵਿਚ ਵਜਾਇਆ । ਕਾਇਆ ਕੋਟ ਗੜ੍ਹ ਆਪ ਬਣਾਇਆ । ਖੰਭ ਭੰਬੀਰੀ ਦਾ ਪਰਦਾ ਪਾਇਆ । ਜਿਥੇ ਆਪਣਾ ਆਪ ਛੁਪਾਇਆ । ਜੇ ਗੁਰ ਵਖਾਏ ਤਾਂ ਨਜ਼ਰੀ ਆਇਆ । ਦਵਾਰ ਦਸਵਾਂ ਆਪ ਖੁਲ੍ਹਾਇਆ । ਸੱਚਾ ਸ਼ਬਦ ਜਾਂ ਮਨ ਵਸਾਇਆ । ਜੀਹਦਾ ਖੁਲ੍ਹਿਆ ਇਹ ਦਵਾਰ । ਸੋ ਸਿੱਖ ਉਤਰੇ ਭਵ ਜਲ ਪਾਰ । ਸੱਚਾ ਸਤਿਗੁਰ ਸਦਾ ਕਿਰਪਾਲ । ਮਹਾਰਾਜ ਸ਼ੇਰ ਸਿੰਘ ਸਦਾ ਦਿਆਲ । ਪੂਰੇ ਗੁਰ ਇਹ ਕਰਮ ਕਮਾਇਆ । ਹਾਜ਼ਰ ਹੋ ਕੇ ਦਰਸ ਦਿਖਾਇਆ । ਸਾਰਾ ਸੰਸਾ ਦਿਲ ਦਾ ਲਾਹਿਆ । ਆਵਣ ਜਾਵਣ ਦਾ ਪੰਧ ਮੁਕਾਇਆ । ਪ੍ਰਭ ਅਵਿਗਤ ਅਬਿਨਾਸ਼ੀ ਘਰ ਮੇਂ ਆਇਆ । ਜੋ ਦੇਖੇ ਤਿਨ ਨਜ਼ਰੀ ਆਇਆ । ਹਰਿ ਪੇਖੇ ਹਰਿ ਹਰ ਮਾਹਿ ਸਮਾਇਆ । ਆਪ ਗੁਰ ਗੁਣ ਗੋਬਿੰਦ ਗਾਇਆ । ਭਗਤ ਵਛਲ ਜਗ ਬਿਰਦ ਰਖਾਇਆ । ਸਰਬ ਸੂਖ ਹਰਿ ਨਾਮ ਸੁਣਾਇਆ । ਮੋਏ ਪੰਚ ਸਰਬ ਸੁਖ ਪਾਇਆ । ਮਾਇਆ ਮਮਤਾ ਦਾ ਮੰਦਰ ਢਾਹਿਆ । ਅਨਹਦ ਸ਼ਬਦ ਮਨ ਵਜਾਇਆ । ਗੁਰ ਰਾਗ ਕੰਨ ਸਿੱਖਾਂ ਪਾਇਆ । ਜੋ ਜਨ ਸੁਣੇ ਗੁਰ ਕਾ ਨਾਉਂ । ਤਿਨ ਕੋ ਮਿਲੇ ਦਰਗਹਿ ਠਾਉਂ । ਸੁਫਲ ਕਰਾਏ ਆਪਣਾ ਕਾਮ । ਪ੍ਰਭ ਦਰਸ਼ਨ ਕਾ ਲੀਜੇ ਦਾਨ । ਨੈਣੀ ਪੇਖੇ ਕਿਉਂ ਝਲੇ ਨਾਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਤੀਨ ਲੋਕ ਮੇਂ ਆਪ ਪਰਧਾਨ । ਪਵਣ ਮੇਂ ਪਵਣ ਜੋਤ ਮੇਂ ਜਾਨ । ਨੀਰ ਮੇਂ ਕਵਲ ਕਵਲ ਪ੍ਰਭ ਤਾਣ । ਗੁਰਸਿਖ ਦਾ ਗੁਰ ਕੀਤਾ ਮਾਣ । ਬਾਹੋਂ ਪਕੜ ਦਿਤਾ ਬਹਾਲ । ਐਸਾ ਸ਼ਬਦ ਆਪ ਸੁਣਾਇਆ । ਵਿਚ ਬੈਠਾ ਰਘੁਨਾਥ ਰਘੁਰਾਇਆ । ਆਦਿ ਅੰਤ ਹਰ ਥਾਈਂ ਸਮਾਇਆ । ਸ਼ਰਨ ਪਰੇ ਤਿਨ ਨਜ਼ਰੀ ਆਇਆ । ਹੋਏ ਸ਼ਾਤ ਤਿਨ ਨਜ਼ਰੀ ਆਇਆ । ਗੁਣ ਨਿਧਾਨ ਲਿਖ ਲੇਖ ਲਿਖਾਇਆ । ਲਿਖਿਆ ਲੇਖ ਪ੍ਰਭ ਦਏ ਮਿਟਾਇਆ । ਮਾਤਲੋਕ ਵਿਚ ਧਾਰ ਜੋਤ ਜੋ ਆਏ । ਆਪਣਾ ਖੇਲ ਪ੍ਰਭ ਆਪ ਖਿਲਾਏ । ਸਾਧ ਸੰਗਤ ਵਿਚ ਲਏ ਮਿਲਾਏ । ਸਾਧ ਸੰਗਤ ਸਤਿ ਕਰ ਜਾਣ । ਜਿਥੇ ਪ੍ਰਗਟੇ ਆਪ ਭਗਵਾਨ । ਸੱਚੇ ਨਾਮ ਦਾ ਦੇਵੇ ਦਾਨ । ਬੁੱਧੀ ਬੁਧ ਬਬੇਕ ਬਬਾਣ । ਫਿਰ ਸੂਝੇ ਆਵਣ ਜਾਣ । ਨਿਥਾਵੇਂ ਨੂੰ ਪ੍ਰਭ ਦੇਵੇ ਥਾਨ । ਆਈ ਸੰਗਤ ਹੋਈ ਪਰਵਾਨ । ਪੂਰੇ ਗੁਰ ਕਉ ਸਦਾ ਸਦਾ ਕੁਰਬਾਨ । ਨਿਰਵੈਰ ਗੁਰ ਨਿਰਵੈਰ

੩੩
੦੧

ਪ੍ਰਭ ਜਾਣ । ਹਰ ਜੀਵ ਮੇਂ ਮੇਰੀ ਜੋਤ ਜਾਣ । ਜੋਤ ਬਿਨ ਜੀਵ ਨਾ ਹੋਏ । ਹੱਡ ਮਾਸ ਨਾੜੀ ਪਿੰਜਰ ਖਾਲੀ ਹੋਏ । ਬਿਨ ਬਾਤੀ ਦੀਪਕ ਦੀ ਲੋਏ । ਗੁਰ ਬਿਨਾ ਗਿਆਨ ਨਾ ਦੇਵੇ ਕੋਇ । ਗੁਰ ਤੁੱਠੇ ਇਹ ਬਖ਼ਸ਼ੇ ਦਾਤ । ਸੋਹੰ ਸ਼ਬਦ ਸੱਚੀ ਕਰਾਮਾਤ । ਉਧਰੇ ਸੋ ਜਪੇ ਦਿਨ ਰਾਤ । ਊਚ ਨੀਚ ਨਾ ਵੇਖੇ ਗੁਰ ਜ਼ਾਤ ਪਾਤ । ਸਰਬ ਸਹਾਈ ਸਰਬ ਕੇ ਸਾਥ । ਰੱਖੋ ਟੇਕ ਏਕ ਰਘੁਨਾਥ । ਬਿਨ ਗੁਰ ਸਾਚੇ ਨਾ ਬੂਝੇ ਕੋਈ । ਬਿਨ ਗੁਰ ਪਾਰ ਨਾ ਉਤਰੇ ਕੋਈ । ਗੁਰ ਸਿੱਖ ਨੂੰ ਬੰਨੇ ਲਾਏ । ਬਾਹੋਂ ਪਕੜ ਪ੍ਰਭ ਪਾਰ ਪੁਚਾਏ । ਸਚਖੰਡ ਵਸੇ ਆਪ ਨਿਰੰਕਾਰ । ਸਾਚਾ ਗੁਰ ਸਚ ਸਿਰਜਣਹਾਰ । ਪੂਰਨ ਪੁਰਖ ਅਗੰਮ ਅਪਾਰ । ਜੋਤ ਸਰੂਪੀ ਜੋਤ ਅਧਾਰ । ਹੋਏ ਕਿਰਪਾਲ ਲੈ ਜਾਮਾ ਧਾਰ । ਮਾਤਲੋਕ ਵਿਚ ਆਪ ਕਰਤਾਰ । ਡੂਬੇ ਸਿੱਖ ਲਏ ਪ੍ਰਭ ਤਾਰ । ਸਰਨੀ ਲਾਏ ਸੱਚੀ ਸਰਕਾਰ । ਸਿੱਖ ਸਰਨ ਜੋ ਮੇਰੀ ਪਰੇ । ਕਿਲਵਿਖ ਪਾਪ ਤਿਨ ਕੇ ਹਰੇ । ਦੁਬਦਾ ਮੈਲ ਮਨ ਮੇਂ ਧਰੇ । ਹੋ ਨਿੰਦਕ ਮੇਰੀ ਨਿੰਦਿਆ ਕਰੇ । ਕੁੰਭੀ ਨਰਕ ਸਦਾ ਹੀ ਜਲੇ । ਧਰਮ ਰਾਏ ਦਾ ਸਦਾ ਦੁੱਖ ਭਰੇ । ਦੁਖੀਆ ਹੋ ਦੁਖੀ ਬਿਲਲਾਏ । ਮੈਂ ਭੁੱਲਾ ਪ੍ਰਭ ਲੈ ਛੁਡਾਏ । ਗਿਆ ਵਕਤ ਹੱਥ ਨਾ ਆਵੇ । ਭਰਮੇ ਭੂਲਾ ਚੋਟਾਂ ਖਾਏ । ਮਹਾਰਾਜ ਸ਼ੇਰ ਸਿੰਘ ਨਜ਼ਰ ਨਾ ਆਏ । ਕਲਜੁਗ ਵਿਚ ਜਿਨ ਸਿੱਖ ਤਰਾਏ । ਸਿੱਖੀ ਸਿਖਿਆ ਗੁਰ ਆਪ ਵਿਚਾਰੀ । ਗੁਰ ਆਗੇ ਗੁਰ ਪੈਜ ਸਵਾਰੀ । ਸਦਾ ਜਪੇ ਵਿਸ਼ਨੂੰ ਨਿਰੰਕਾਰੀ । ਹੋ ਮਿਹਰਵਾਨ ਆਪ ਗਿਰਧਾਰੀ । ਬਾਹੋਂ ਪਕੜ ਪ੍ਰਭ ਲੇਤ ਉਬਾਰੀ । ਪ੍ਰਗਟ ਹੋਇਆ ਨਰ ਸਿੰਘ ਅਵਤਾਰੀ । ਗੁਰ ਆਪਣੇ ਤੋਂ ਜਾਓ ਬਲਿਹਾਰੀ । ਜਿਸ ਨੇ ਦਿਤਾ ਜੋਤ ਅਧਾਰ । ਚਰਨ ਕਵਲ ਮੇਂ ਕਰੋ ਨਿਮਸਕਾਰ । ਅੰਮ੍ਰਿਤ ਬਰਖ਼ੇ ਪ੍ਰਭ ਕਿਰਪਾ ਧਾਰ । ਡੁਬਦੇ ਪੱਥਰ ਪ੍ਰਭ ਦੇਵੇ ਤਾਰ । ਗੁਰਸਿਖਾਂ ਦੀ ਲੀਨੀ ਸਾਰ । ਟੁੱਟੀ ਗੰਢੇ ਪ੍ਰਭ ਸਿਰਜਣਹਾਰ ਦਾਤਾਰ । ਗੜ੍ਹ ਭੰਜਨ ਸਮਰਥ ਪ੍ਰਭ ਕਰਤਾਰ । ਨਿਰਬਿਕਾਰ ਨਿਰਵਕਾਰ । ਸੱਚਾ ਕਰਮ ਸੱਚੀ ਕਾਰ । ਸੇਵਕ ਸਿੱਖ ਸਭ ਉਤਰੇ ਪਾਰ । ਮੁਖੋਂ ਬੋਲੋਂ ਜੈ ਜੈ ਕਾਰ । ਦਇਆ ਨੰਦ ਦਇਆ ਨਿਜ ਕਰੀ । ਨਿਜਾਨੰਦ ਮੇਂ ਸੋਝੀ ਪਰੀ । ਸੂਝਿਆ ਬੂਝਿਆ ਗੁਰ ਵਿਹੂਣਾ ਸਰਬ ਥਾਈਂ ਲੂਝਿਆ । ਅੰਤ ਸਮੇਂ ਕਲਜੁਗ ਵਿਚ ਆਇਆ । ਨਿਹਕਲੰਕ ਆਪ ਅਖਵਾਇਆ । ਘਨਕਪੁਰੀ ਵਿਚ ਚਰਨ ਟਿਕਾਇਆ । ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਰਾਮ ਕ੍ਰਿਸ਼ਨ ਦਾ ਤੇਜ ਹੋ ਆਇਆ । ਮਨੀ ਸਿੰਘ ਦਰਸ ਦਿਖਾਇਆ । ਬਾਲ ਅਵਸਥਾ ਸਤਿਗੁਰੂ ਸਤਿ ਸਚ ਦੀਪਕ ਪ੍ਰਗਾਸਿਆ । ਮਨੀ ਸਿੰਘ ਦਾ ਮਨ ਦੇਖ ਵਿਗਾਸਿਆ । ਹੋ ਮਸਤਾਨਾ ਫਿਰੇ ਉਦਾਸਿਆ । ਘਨਕਪੁਰੀ ਵਿਚ ਚਲ ਕੇ ਆਇਆ । ਸੁੱਕਾ ਪਿੱਪਲ ਜਿਨ ਗੁਰ ਮੇਲ ਕਰਾਇਆ । ਸੁੱਕਾ ਕਾਸ਼ਟ ਚੰਦਨ ਹੋ ਤਿਲਕ ਲਗਾਇਆ । ਮਨੀ ਸਿੰਘ ਨੂੰ ਗੁਰ ਦਰਸ ਦਿਖਾਇਆ । ਹੋਏ ਅਨੰਦ ਚਰਨ ਸਿਰ ਟਿਕਾਇਆ । ਪੂਰੇ ਸਤਿਗੁਰ ਬੰਨੇ ਲਾਇਆ । ਛੁਡਾਈ ਦੇਹ ਅੰਤਕਾਲ ਗੁਰ ਧਾਮ ਸਿਧਾਇਆ । ਕਰੇ ਕਿਰਪਾਲ ਕਿਰਪਨ ਪ੍ਰਭ ਆਪ । ਮਨੀ ਸਿੰਘ ਸਤਿ ਸਤਿ ਸਤਿ ਜਾਪ । ਮਹਾਰਾਜ ਸ਼ੇਰ ਸਿੰਘ ਗੁਰ ਡਾਹਢਾ ਆਪ । ਜੋਤ ਸਰੂਪ ਹੋ ਦੇਹ ਵਿਚ ਆਇਆ । ਦੇਹ ਕੋਈ ਥਿਰ ਨਾ ਰਹਾਏ । ਜੋਤ ਪ੍ਰਭ ਦੀ ਸਦਾ ਲਹਿਰਾਏ । ਨਾ ਆਪ ਡੋਲੇ ਨਾ ਕਿਸੇ ਡੁਲਾਏ । ਧੰਨ ਗੁਰਸਿਖ ਚਲ ਕੇ ਆਏ । ਪ੍ਰਭ ਅਬਿਨਾਸ਼ੀ ਘਰ ਮੇਂ ਪਾਏ । ਗਾਉ ਗਾਣ ਪ੍ਰਭ ਮਿਲਿਆ ਮੇਰੀ ਮਾਏ । ਘਾਲ ਸਿੱਖਾਂ ਦੀ ਪਾਈ ਥਾਏਂ । ਸਚਖੰਡ ਸਚ ਰਿਹਾ ਸਮਾਏ । ਸਰਬ ਸ਼ਕਤ ਪ੍ਰਭ ਹੁਣ ਵਰਤਾਏ । ਬਾਹੋਂ ਪਕੜ ਗੁਰਸਿਖ ਤਰਾਏ । ਬੇਮੁਖਾਂ ਧੱਕਿਆ ਨਰਕੇ ਪਾਏ । ਗੁਰ

੩੪
੦੧

ਬਿਨ ਕੋਈ ਨਾ ਲਏ ਛੁਡਾਏ । ਹੁਕਮ ਅਮੇਟ ਨਾ ਮੇਟਿਆ ਜਾਏ । ਕਰਨਹਾਰ ਪ੍ਰਭ ਕਰਮ ਕਮਾਏ । ਹਾਹਾਕਾਰ ਵਿਚ ਸ੍ਰਿਸ਼ਟ ਹੈ ਪਾਏ । ਭੁੱਲੇ ਜੀਵ ਫਿਰਨ ਤਿਸਾਏ । ਸੱਚਾ ਸਤਿਗੁਰ ਨਜ਼ਰ ਨਾ ਆਏ । ਗੁਰਸਿਖ ਮਿਲਿਆ ਗੁਰ ਦਰਸ ਦਿਖਾਏ । ਮਨ ਦੀ ਤ੍ਰਿਸ਼ਨਾ ਸਰਬ ਮਿਟਾਏ । ਸਾਂਤ ਸਵਾਂਤ ਪ੍ਰਭ ਕੇ ਪਾਸ । ਦੋ ਜੋੜ ਕਰ ਕਰੋ ਅਰਦਾਸ । ਦਰਸ ਬਖ਼ਸ਼ੇ ਜੇ ਗੁਣਤਾਸ । ਸੁੱਤੇ ਨਾ ਰਹਿਣਾ ਵਿਚ ਪ੍ਰਭਾਸ । ਜੋਤ ਹੈ ਜਾਣੀ ਵਿਚ ਆਕਾਸ਼ । ਗੁਰ ਨਿਰੰਜਣ ਸਤਿਗੁਰ ਨਿਰੰਕਾਰ । ਕਿਰਪਾ ਕੀਤੀ ਆਪ ਅਪਾਰ । ਮਛ ਕਛ ਹੋ ਜੀਵ ਜੰਤ ਉਧਾਰ । ਤਾਰੇ ਸਿੱਖ ਧਾਰ ਵਿਸ਼ਨੂੰ ਭਗਵਾਨ । ਸਿੱਖ ਪ੍ਰੇਮ ਕਰ ਪ੍ਰੇਮ ਧਾਇਆ । ਸਭ ਸੰਗਤ ਨੂੰ ਨਾਲ ਰਲਾਇਆ । ਛੇਤੀ ਛੇਤੀ ਪੰਧ ਮੁਕਾਇਆ । ਵਾਂਗ ਦਰੋਪਤੀ ਭੰਨਾ ਆਇਆ । ਆਇਆ ਘਰ ਪ੍ਰਭ ਦਰਸ਼ਨ ਪਾਇਆ । ਹਾਜ਼ਰ ਹੋ ਗੁਰ ਦਰਸ ਦਿਖਾਇਆ । ਬੇੜਾ ਸਿੱਖ ਦਾ ਬੰਨੇ ਲਾਇਆ । ਚਾਰ ਜੁਗ ਮਾਣ ਦਵਾਇਆ । ਬੁੱਗਿਆਂ ਨੂੰ ਗੁਰ ਧਾਮ ਬਣਾਇਆ । ਸਚਖੰਡ ਸਚ ਤਖ਼ਤ ਬਣਾਇਆ । ਬਾਕੀ ਸਭ ਦਾ ਮਾਣ ਗਵਾਇਆ । ਕਲਜੁਗ ਵਿਚ ਪ੍ਰਭ ਪਾਇਆ ਫੇਰਾ । ਆਪ ਆਣ ਕੀਆ ਨਬੇੜਾ । ਲੈ ਆਵੇ ਵਕਤ ਨਾ ਲਾਵੇ ਦੇਰਾ । ਮੁਖੋਂ ਬੋਲੋਂ ਪ੍ਰਭ ਅਬਿਨਾਸ਼ੀ ਮੇਰਾ । ਜਿਸ ਨੇ ਕੀਆ ਸਚ ਨਬੇੜਾ । ਤੀਨ ਲੋਕ ਵਿਚ ਪ੍ਰਭ ਪਾਏ ਫੇਰਾ । ਐਸਾ ਮਾਣ ਪ੍ਰਭ ਆਪ ਦਵਾਇਆ । ਧਰਤ ਧਵਲ ਧਰ ਧਰਮ ਕਮਾਇਆ । ਮਨੀ ਸਿੰਘ ਦਾ ਤੇਜ ਸਵਾਇਆ । ਦਰਸ਼ਨ ਪੇਖੇ ਮਰੇ ਨਾ ਜਾਇਆ । ਆਵਣ ਜਾਵਣ ਥਿਰ ਨਾ ਰਹਾਇਆ । ਅਨੰਦ ਬਿਨੋਦੀ ਆਪ ਰਘੁਰਾਇਆ । ਸੋਹੰ ਸ਼ਬਦ ਜੋ ਰਾਖੂ ਚੀਤ । ਸ਼ਬਦ ਸੱਚਾ ਹੈ ਪਤਿਤ ਪੁਨੀਤ । ਪਤਿਤ ਪਾਵਨ ਦੁੱਖ ਭੈ ਭੰਜਣ । ਹੰਕਾਰ ਨਿਵਾਰਨ ਹੈ ਭਵ ਖੰਡਨ । ਦਰਸ ਦਿਖਾਵੇ ਤ੍ਰੈਲੋਕੀ ਨੰਦਨ । ਸੱਚੀ ਮੰਗੋ ਗੁਰ ਦਰਸ ਹੈ ਮੰਗਣ । ਸੋਹੰ ਸ਼ਬਦ ਦੀ ਚੜ੍ਹ ਜਾਵੇ ਰੰਗਣ । ਪੂਰਾ ਸਤਿਗੁਰ ਤੋੜੇ ਬੰਧਨ । ਜਾਵੇ ਗੁਰ ਪੁਰੀ ਜਮ ਨਾ ਦੰਡਨ । ਵਾਂਗ ਸਵਰਨ ਸਦਾ ਅਖੰਡਨ । ਸਵਾਰੇ ਲੋਕ ਪ੍ਰਲੋਕ ਵਸੇ ਬ੍ਰਹਿਮੰਡਨ । ਮੇਰੇ ਦਰ ਚੰਦਨ ਸੁਗੰਧੀ ਉਹਦੀ ਤੇਤੀ ਕਰੋੜ ਆ ਮੰਗਣ । ਸਾਡੇ ਜੇ ਪ੍ਰਭ ਤੋੜੇ ਫੰਦਨ । ਛੋਹੇ ਚੰਦਨ ਸੰਗ ਹੋਵੇ ਚੰਦਨ । ਵਾਂਗ ਨਿੰਮ ਕੌੜੇ ਕੰਦਨ ।

੩੫
੦੧

❊ ੧੬ ਮੱਘਰ ੨੦੦੬ ਬਿਕ੍ਰਮੀ ❊

ਲੂਟ ਗਈ ਜਗਤ ਪਤ ਸਿਰ ਨਾਏ । ਭੈ ਭਿਆਨਕ ਵਿਚੋਂ ਲਏ ਬਚਾਏ । ਨਾਮ ਦਾਨ ਦੇ ਸ਼ਰਨੀ ਲਾਏ । ਭੁੱਲਿਆਂ ਨੂੰ ਪ੍ਰਭ ਮਾਰਗ ਪਾਏ । ਦੁਸ਼ਟ ਦੁਰਾਚਾਰ ਪ੍ਰਭ ਲਏ ਤਰਾਏ । ਹੋਏ ਨਿਮਾਣਾ ਜੋ ਸ਼ਰਨੀ ਆਏ । ਮਨ ਵਿਚ ਜੋ ਮਾਣ ਰਖਾਵੇ । ਕੁਲਵੰਤ ਕੁਲ ਨਾਸ ਕਰਾਵੇ । ਮਾਣ ਗਰਬ ਪ੍ਰਭ ਉਸ ਦਾ ਤੋੜੇ । ਗਰਭ ਵਿਚੋਂ ਨਾ ਬੱਚਾ ਲੋੜੇ । ਜੋ ਜਨ ਹੋ ਨਿਰਧਨ ਆਵੇ । ਕਰ ਕਿਰਪਾ ਪ੍ਰਭ ਸਰਨੀ ਲਾਵੇ । ਹੋ ਅਨੰਦ ਹਰੀ ਗੁਣ ਗਾਏ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ । ਪਾਏ ਦਰਸ ਮਨ ਹੋਏ ਅਨੰਦ । ਜਮ ਕਾ ਸਿਰ ਪੜੇ ਨਾ ਫੰਦ । ਦੇ ਕੇ ਦਰਸ ਗੁਰ ਕਰਤ ਨਿਹਾਲ । ਪ੍ਰਭ ਅਬਿਨਾਸ਼ੀ ਸਦਾ ਪ੍ਰਿਤਪਾਲ । ਸੰਸਾਰ ਵਾਲੇ ਪ੍ਰਭ ਤੋੜੇ ਜੰਜਾਲ । ਨਜ਼ਰੀ ਨਜ਼ਰ ਕਰੇ ਨਿਹਾਲ । ਪਵਣ ਪਵਣ ਪਰ ਆਪ ਸਮਾਇਆ । ਵਾਜਾ ਪਵਣ ਵਿਚ ਦੇਹ ਵਜਾਇਆ । ਸੱਚੀ ਜੋਤ ਨੂੰ ਵਿਚ ਬਹਾਇਆ । ਜਗ ਝੂਠੇ ਵਿਚ ਸਤਿਗੁਰ ਆਇਆ ।

ਝੂਠਾ ਜਗਤ ਝੂਠੀ ਹੈ ਰੀਤ । ਸੱਚਾ ਸਤਿਗੁਰ ਹੈ ਸਦਾ ਅਤੀਤ । ਤਿਸ ਕੋ ਰਾਖੋ ਸਦਾ ਹੀ ਚੀਤ । ਗੁਰਚਰਨ ਸੰਗ ਜੋੜੋ ਪ੍ਰੀਤ । ਮਹਾਰਾਜ ਸ਼ੇਰ ਸਿੰਘ ਚਲਾਈ ਰੀਤ । ਸੋਹੰ ਸ਼ਬਦ ਦੀ ਸਦਾ ਹੈ ਜੀਤ । ਗੁਰ ਪੂਰੇ ਵਿਚ ਇਹ ਵਡਿਆਈ । ਪਸ਼ੂ ਪਰੇਤੋਂ ਦੇਵ ਬਣਾਈ । ਗੁਰਮੁਖ ਬਾਣੀ ਸਚ ਸੁਣਾਈ । ਸੱਚਾ ਸਾਹਿਬ ਵਸਿਆ ਸਚ ਥਾਈਂ । ਨਰਕ ਕੁੰਡ ਸੇ ਬਚਾਈ । ਸਚਖੰਡ ਸਚ ਰਿਹਾ ਸਮਾਈ । ਜਿਥੋਂ ਆਪਣੀ ਜੋਤ ਪ੍ਰਗਟਾਈ । ਪ੍ਰਗਟੀ ਜੋਤ ਮਾਤਲੋਕ ਵਿਚ ਆਈ । ਉਨੀਂ ਮੱਘਰ ਇਹ ਬਣਤ ਬਣਾਈ । ਗੁਰਸਿੱਖਾਂ ਦੀ ਘਾਲ ਥਾਏਂ ਪਾਈ । ਗੁਰਸਿਖਾਂ ਨੂੰ ਗੁਰ ਦੇ ਵਡਿਆਈ । ਦੇ ਦਾਨ ਥਿਰ ਘਰ ਦੀ ਸੋਝੀ ਪਾਈ । ਪਹਿਲੇ ਆਪਣਾ ਆਪ ਬੁਝਾਏ । ਦਰ ਦਸਵੇਂ ਵਿਚੋਂ ਨਜ਼ਰੀ ਆਏ । ਨਿਝਰੋਂ ਬੂੰਦ ਅੰਮ੍ਰਿਤ ਦੀ ਪਾਏ । ਨਾਭ ਕਮਲ ਨੂੰ ਦੇ ਖਿਲਾਏ । ਖਿਲਿਆ ਕੌਲ ਭਇਆ ਅਨੰਦ । ਨਜ਼ਰੀ ਆਵੇ ਪਰਮਾਨੰਦ । ਦਵਾਰ ਦਸਵਾਂ ਜਾਂ ਗੁਰੂ ਦਿਖਾਇਆ । ਅਨਹਦ ਸ਼ਬਦ ਮਨ ਵਜਾਇਆ । ਝੂਠੀ ਦੇਹ ਵਿਚ ਸਚ ਸ਼ਬਦ ਸੁਣਾਇਆ । ਗੁਰਸਿਖਾਂ ਉਪਰ ਇਹ ਕਰਮ ਕਮਾਇਆ । ਬਿਨ ਸਿੱਖ ਕੋਇ ਗੁਰ ਨਾ ਪੇਖੇ । ਬਿਨ ਕਿਰਪਾ ਸੱਚਾ ਸ਼ਾਹੋ ਨਾ ਵੇਖੇ । ਸੱਚਾ ਸਾਹਿਬ ਗੁਣੀ ਗਹੀਰ । ਡੋਲਤ ਨੂੰ ਪ੍ਰਭ ਦੇਵੇ ਧੀਰ । ਆਪ ਅਡੋਲ ਸਿੱਖ ਕਬਹੂੰ ਨਾ ਡੋਲੇ । ਸੱਚਾ ਸਤਿਗੁਰ ਮੁਖੋਂ ਬੋਲੇ । ਮਹਾਰਾਜ ਸ਼ੇਰ ਸਿੰਘ ਅਤੁਲ ਅਤੋਲੇ, ਬਾਕੀ ਸਭ ਸਨ ਇਸ ਕੇ ਗੋਲੇ । ਗਿਆਨ ਗੋਝ ਪ੍ਰਭ ਆਪ ਦਿਖਾਏ । ਫਿਰ ਸਿੱਖ ਨੂੰ ਸੋਝੀ ਪਾਏ । ਸੂਝੇ ਬੂਝੇ ਕਰੇ ਵਿਚਾਰ । ਮਦਿ ਮਾਸ ਦਾ ਛੋਡੇ ਅਹਾਰ । ਨਜ਼ਰੀ ਆਵੇ ਸੱਚਾ ਕਰਤਾਰ । ਕਰ ਦਰਸ ਸਿੱਖ ਉਤਰੇ ਪਾਰ । ਧੰਨ ਧੰਨ ਜਨਮ ਗੁਰਸਿਖ ਦਾ ਹੋਇਆ । ਸੋ ਸਿੱਖ ਜਿਸ ਰਿਦੇ ਪਰੋਇਆ । ਰਿਦੇ ਵਸਿਆ ਆਪ ਨਿਰੰਕਾਰ । ਗੜ੍ਹ ਭੰਜਨ ਸਮਰਥ ਪੁਰਖ ਅਪਾਰ । ਲੋਕ ਪਰਲੋਕ ਪ੍ਰਭ ਦਏ ਸੁਧਾਰ । ਫਿਰ ਨਾ ਡੁੱਬੇ ਵਿਚ ਮੰਝਧਾਰ । ਗੁਰ ਸਾਚੇ ਸਚ ਅੰਮ੍ਰਿਤ ਦੀਆ । ਜਿਸ ਪੀਆ ਸੋ ਸਦਾ ਹੈ ਜੀਆ । ਓਅੰ ਹੋਵੇ ਪ੍ਰਭ ਆਪ । ਸੋਹੰ ਸ਼ਬਦ ਸੱਚਾ ਜਾਪ । ਜੋਤ ਸਰੂਪ ਪ੍ਰਭ ਉਪਜੇ ਆਪ । ਸ੍ਰਿਸ਼ਟੀ ਬਖ਼ਸ਼ੀ ਬ੍ਰਹਮਾ ਨੂੰ ਦਾਤ । ਚਾਰ ਵੇਦ ਸੱਚੀ ਸਾਖਯਾਤ । ਚਾਰ ਮੁਖ ਦੇਵਣ ਜਗ ਕੋ ਦਾਤ । ਜੁਗ ਚਾਰ ਪ੍ਰਭ ਆਪ ਬਣਾਏ । ਆਯੂ ਪਹਿਲੇ ਲਿਖਾਏ । ਸਤਾਰਾਂ ਲੱਖ ਅਠਾਈ ਹਜ਼ਾਰ ਸੀ ਲਿਖਤ ਕਰਾਈ । ਸਤਿਜੁਗ ਦੀ ਇਹ ਆਯੂ ਬਤਾਈ । ਸਤਿਜੁਗ ਵਿਚ ਸਤਿਵਾਦੀ ਆਏ । ਈਸ਼ਰ ਬਿਨਾ ਨਾ ਕੋਇ ਗੁਣ ਗਾਏ । ਸਮੇਂ ਅਨੁਸਾਰ ਪ੍ਰਭ ਸ਼ਕਤ ਪ੍ਰਗਟਾਏ । ਸ਼ਿਵ ਸ਼ੰਕਰ ਪ੍ਰਭ ਵਿਚੋਂ ਉਪਜਾਏ । ਬ੍ਰਹਮਾ ਵਿਸ਼ਨ ਮਹੇਸ਼ ਸਭ ਸੰਗਤ ਰਲਾਏ । ਸ਼ਿਵ ਨੇ ਕੀਤੀ ਤਪੱਸਿਆ ਅਪਾਰ । ਪਾਰਬਤੀ ਮਿਲੀ ਚਤੁਰਤ ਨਾਰ । ਇਕੰਤ ਬਹਿ ਹਰਿ ਗੁਣ ਗਾਏ । ਹੋਏ ਅਟੰਕ ਸਮਾਧੀ ਲਾਏ । ਪਾਰਬਤੀ ਵਲ ਨਾ ਕੀਤਾ ਖਿਆਲ । ਆਤਮਾ ਜੋੜ ਨਾਲ ਭਗਵਾਨ । ਪਾਰਬਤੀ ਮਨ ਉਪਜਾਇਆ ਖਿਆਲ । ਕੋਈ ਮਿਲੇ ਮੈਨੂੰ ਬਾਲ । ਦੇਹ ਉਤੋਂ ਸੀ ਮੈਲ ਉਤਾਰੀ । ਕੱਠੀ ਕਰ ਗਗਰੀਆ ਪਾ ਲੀ । ਮਨ ਮੇਂ ਆਸ ਪੁੱਤਰ ਦੀ ਕਰੀ । ਆਸ ਪੁਜਾਵੇ ਨਰਾਇਣ ਹਰਿ ਹਰੀ । ਗੁਰ ਸਾਚਾ ਈਸ਼ਰ ਆਸਾਵਰੀ । ਮਨ ਦੀ ਆਸ ਪ੍ਰਭ ਪੂਰੀ ਕਰੀ । ਛੱਡ ਸਿੰਘਾਸਣ ਜਾਂ ਸ਼ਿਵ ਜੀ ਆਏ । ਵੇਖ ਬਾਲਕਾ ਮੁਖੋਂ ਫ਼ਰਮਾਏ । ਕਿਸ ਕਾ ਪੂਤ, ਕਵਣ ਤੇਰੀ ਮਾਏ । ਅੱਗੋਂ ਸੁਖਨ ਸੱਚਾ ਸੁਣਾਇਆ । ਪਾਰਬਤੀ ਮੇਰੀ ਹੈ ਮਾਇਆ । ਬਦਨ ਉਤੇ ਸੀ ਉਹਦੇ ਧੂੜ । ਉਥੋਂ ਉਪਜਿਆ ਮੇਰਾ ਨੂਰ । ਸੁਣ ਕੇ ਬਚਨ ਸ਼ਿਵ ਭਏ ਉਦਾਸ । ਕੱਟਿਆ ਸੀਸ ਉਡ ਗਿਆ ਆਕਾਸ਼ । ਵੇਖ ਖੇਲ ਪਾਰਬਤੀ ਦਰ ਆਈ । ਮੋਇਆ ਪੁੱਤ

ਦੁੱਖ ਜਰੇ ਨਾ ਰਾਈ । ਕਰੇ ਬੇਨੰਤੀ ਸੁਣੋ ਰਘੁਰਾਈ । ਪੁੱਤ ਮੇਰੇ ਨੂੰ ਦੇਓ ਜਵਾਈ । ਸ਼ਿਵ ਜੀ ਨੂੰ ਫਿਰ ਆਈ ਵਿਚਾਰ । ਸੀਸ ਲਾ ਦਈਏ ਜੋ ਦੀਆ ਉਤਾਰ । ਉਹ ਪਹੁੰਚਾ ਸੀ ਉਥੇ ਆਣ । ਜੋ ਦੀਆ ਓਸ ਨੇ ਦਾਨ । ਪ੍ਰਭਾਸ ਵਲ ਚਲਿਆ ਧਾਏ । ਸਿਰ ਹੱਥਣੀ ਦਾ ਕੱਟ ਲਿਆਏ । ਲਿਆ ਕੇ ਸੀਸ ਧੜ ਉਪਰ ਟਿਕਾਇਆ । ਕਰ ਸੁਰਜੀਤ ਗਣੇਸ਼ ਬਣਾਇਆ । ਐਸਾ ਮਾਣ ਆਪ ਦਵਾਇਆ । ਚਾਰ ਜੁਗ ਵਿਚ ਪੂਜ ਕਰਾਇਆ । ਗੌਤਮ ਨੇ ਜੋ ਕਰਮ ਕਮਾਇਆ । ਦਵਾਪਰ ਤੋਂ ਤਰੇਤਾ ਲੈ ਆਇਆ । ਰਿਗ ਵੇਦ ਪ੍ਰਚਲਤ ਕਰਾਇਆ । ਰਾਮ ਚੰਦ ਬੰਸੀ ਆਇਆ । ਹੰਕਾਰੀਆਂ ਨੂੰ ਜਿਨ ਮਾਰ ਖਪਾਇਆ । ਜਨਕ ਪੁਰੀ ਨੂੰ ਭਾਗ ਲਗਾਇਆ । ਆਪਣਾ ਤੇਜ ਪ੍ਰਭ ਆਪ ਵਖਾਇਆ । ਰਾਵਣ ਤਾਈਂ ਖ਼ਾਕ ਰੁਲਾਇਆ । ਲੰਕਾ ਗੜ੍ਹ ਸੀ ਅਗੰਮ ਅਪਾਰਾ । ਤਿਸ ਵਿਚ ਆਪ ਉਤਾਰਾ । ਫੇਰ ਪ੍ਰਭ ਜੀ ਕਿਰਪਾ ਧਾਰ । ਭੀਲਣੀ ਦੀ ਲੀਤੀ ਸਾਰ । ਸੰਸਾਰ ਨੇ ਸੀ ਪਰੇ ਹਟਾਇਆ । ਪ੍ਰਭ ਨੇ ਉਸ ਨੂੰ ਸ਼ਰਨੀ ਲਾਇਆ । ਜੂਠਿਆਂ ਬੇਰਾਂ ਨੂੰ ਭੋਗ ਲਗਾਇਆ । ਮਹਾਰਾਜ ਮੁਖੋਂ ਅੰਮ੍ਰਿਤ ਚੁਆਇਆ । ਰਘੁਬੰਸ ਕਿਰਪਾ ਕਰੇ ਆਇਆ । ਉਥੇ ਜਿਥੇ ਸਿਲਾ ਸਰੇ । ਅਹਲਿਆ ਦਾਸੀ ਬਾਝ ਪਰਾਣਾ । ਹੋਏ ਸਿਲਾ ਪਈ ਨਦੀ ਕਿਨਾਰਾ । ਸ੍ਰੀ ਰਾਮ ਚੰਦਰ ਪ੍ਰਭ ਉਥੇ ਆਇਆ । ਸਿਲਾ ਉਪਰ ਜਾਂ ਚਰਨ ਟਿਕਾਇਆ । ਛੋਹੇ ਚਰਨ ਹੋਈ ਕਲਿਆਣ । ਗਈ ਸਵਰਗ ਪੁਰੀ ਵਿਚ ਬਬਾਣ । ਭਗਤ ਜਨਾਂ ਨੂੰ ਪ੍ਰਭ ਲਏ ਪਛਾਣ । ਭਗਤ ਵਛਲ ਪ੍ਰਭ ਜਾਣੀ ਜਾਣ । ਰਜੋ ਤਮੋ ਸਤੋ ਗੁਣ ਤੀਨ । ਇਨ ਮੇਂ ਸਾਚਾ ਸਾਹਿਬ ਪ੍ਰਬੀਨ । ਸਾਂਤਕ ਸੋ ਸਮ ਦਰਸੀ ਹੋਏ । ਪ੍ਰਭ ਚਰਨ ਕਵਲ ਰਿਦੇ ਪਰੋਏ । ਭਾਣਾ ਗੁਰ ਕਾ ਸਾਚਾ ਹੋਏ । ਥਿਰ ਨਾ ਰਹੇ ਸ੍ਰਿਸ਼ਟ ਮੇਂ ਕੋਇ । ਆਪ ਅਪਰੰਪਰ ਪ੍ਰਭ ਜੀ ਹੋਏ । ਸਮੇਂ ਅਨੁਸਾਰ ਪ੍ਰਗਟ ਹੋਏ । ਤਰੇਤਾ ਵਾਸੀ ਕਾਲ ਕਰਾਇਆ । ਬਾਰਾਂ ਲੱਖ ਛਿਆਨਵੇਂ ਹਜ਼ਾਰ ਵਿਚ ਗੇੜ ਮੁਕਾਇਆ । ਆਇਆ ਦਵਾਪਰ ਪ੍ਰਭ ਕ੍ਰਿਸ਼ਨ ਮੁਰਾਰ । ਯਜੁਰ ਵੇਦ ਦਾ ਲਾਹਿਆ ਭਾਰ । ਮੋਹਣ ਮਾਧਵ ਕ੍ਰਿਸ਼ਨ ਮੁਰਾਰ । ਜਗਦੀਸ਼ਰ ਹਰਿ ਜੀਉ ਅਸੁਰ ਸੰਘਾਰ । ਅਚੁੱਤ ਪਾਰਬ੍ਰਹਮ ਪੂਰਨ ਅਵਤਾਰ । ਮਧ ਸੂਦਨ ਦਾਮੋਦਰ ਆਇਆ ਸੋਲਾਂ ਕਲਾਂ ਧਾਰ । ਮੁਕੰਦ ਮਨੋਹਰ ਪ੍ਰਭ ਹੋ ਕੇ ਆਇਆ । ਲਖ਼ਮੀ ਨਰਾਇਣ ਜਿਸ ਨਾਮ ਰਖਾਇਆ । ਬਿਨ ਮਾਲਾ ਭਬੂਖਨ ਕਵਲ ਨੈਣ । ਸੁੰਦਰ ਕੁੰਡਲ ਮੁਕਟ ਬੈਨ । ਆਪਣੀ ਕਲਾ ਆਪ ਪ੍ਰਭ ਧਾਰੇ । ਕੇਸੋਂ ਪਕੜ ਕੰਸ ਕੋ ਮਾਰੇ । ਗਊਆਂ ਚਾਰੇ ਪ੍ਰਭ ਜਮਨ ਕਿਨਾਰੇ । ਬਿੰਦਰਾਬਨ ਵਿਚ ਕੀਏ ਖੇਲ ਅਪਾਰੇ । ਦਲਿਦਰੀਆਂ ਨੂੰ ਪ੍ਰਭ ਦਿਤਾ ਦਾਨ । ਸੁਦਾਮੇ ਨੂੰ ਪ੍ਰਭ ਦਿਤਾ ਮਾਣ । ਦਵਾਰਕਾ ਵਾਸੀ ਜਾਂ ਦਇਆ ਕਰੇ । ਲੈ ਚਰਨੋਧਕ ਸ਼ਰਨੀ ਪਰੇ । ਐਸਾ ਕਰਮ ਪ੍ਰਭ ਆਪ ਕਮਾਇਆ । ਬਾਹੋਂ ਪਕੜ ਸਿੰਘਾਸਣ ਉਪਰ ਬਿਠਾਇਆ । ਦਲਿਦਰੀ ਦਾ ਸਾਰਾ ਦਲਿਦਰ ਲਾਹਿਆ । ਰੰਗ ਵਿਚ ਪ੍ਰਭ ਆਪ ਸਮਾਇਆ । ਤੰਦਲ ਤਾਈਂ ਗੁਰ ਭੋਗ ਲਗਾਇਆ । ਚਾਰ ਪਦਾਰਥ ਮਹਾਂ ਸੁੱਖ ਪਾਇਆ । ਆਇਆ ਘਰ ਪ੍ਰਭ ਨਜ਼ਰੀ ਆਇਆ । ਕੁੱਲੀ ਤੋਂ ਰੰਗ ਮਹਲ ਬਣਾਇਆ । ਭਗਤ ਜਨਾਂ ਜੈਕਾਰ ਕਰਾਇਆ । ਨੀਚ ਨੂੰ ਪ੍ਰਭ ਦੇਵੇ ਮਾਣ । ਸੱਚਾ ਆਪ ਸੱਚਾ ਫ਼ਰਮਾਨ । ਬਿਦਰ ਤਾਈਂ ਪ੍ਰਭ ਦਿਤਾ ਮਾਣ । ਦਰਯੋਧਨ ਨੂੰ ਪਾਈ ਹਾਣ । ਐਸਾ ਪ੍ਰਭ ਨੇ ਭੋਗ ਲਗਾਇਆ । ਸਚ ਘਰ ਬਿਦਰ ਵਰਤਾਇਆ । ਜੁਗੋ ਜੁਗ ਪ੍ਰਭ ਮਾਣ ਰਖਾਇਆ । ਨਿਮਾਣਿਆਂ ਨੂੰ ਇਹ ਰਾਹ ਬਤਾਇਆ । ਐਸਾ ਪ੍ਰਭ ਹੈ ਆਪ ਰਘੁਰਾਇਆ । ਗ਼ਰੀਬਾਂ ਦਾ ਹੋ ਆਏ ਸਹਾਇਆ । ਹੰਕਾਰੀਆਂ ਦਾ ਜਿਨ੍ਹ ਮਾਣ ਗਵਾਇਆ । ਦਰੋਪਦੀ

੩੭
੦੧

ਤਾਈਂ ਗਲੇ ਲਗਾਇਆ । ਘਰ ਆਈ ਕ੍ਰਿਸ਼ਨ ਨਜ਼ਰੀ ਆਇਆ । ਨਾਥ ਅਨਾਥਾਂ ਆਪ ਹੋਏ ਸਹਾਇਆ । ਜੇਹਾ ਦੇਖੇ ਤੇਹਾ ਰਹੇ ਸਮਾਇਆ । ਦਵਾਪਰ ਨੂੰ ਫਿਰ ਦਿਤੀ ਹਾਰ । ਯਦ ਵਾਲੀ ਖੇਲ ਕੀਤੀ ਅਪਾਰ । ਆਪ ਅਰਜਨ ਦਾ ਰਥ ਚਲਾਇਆ । ਮਹਾਸਾਰਥੀ ਆਪ ਅਖਵਾਇਆ । ਹੋ ਰਥਵਾਹੀ ਅਰਜਨ ਨੂੰ ਦੇਵੇ ਗਿਆਨ । ਗੀਤਾ ਉਚਾਰੇ ਮੁਖੋਂ ਆਪ ਭਗਵਾਨ । ਅਠਾਰਾਂ ਧਿਆ ਪ੍ਰਭ ਆਪ ਲਿਖਾਏ । ਆਪਣੀ ਮਹਿੰਮਾ ਆਪ ਬਤਾਏ । ਪੜ੍ਹੇ ਸੁਣੇ ਜੋ ਮਨ ਮੇਂ ਧਰੇ । ਗਰਭ ਜੂਨ ਮੇਂ ਕਦੇ ਨਾ ਪਰੇ । ਕ੍ਰਿਸ਼ਨ ਭਗਵਾਨ ਆ ਨਜ਼ਰੀ ਪੜੇ । ਭਗਤਾਂ ਉਪਰ ਕਿਰਪਾ ਕਰੇ । ਐਸਾ ਇਹ ਗਿਆਨ ਲਿਖਵਾਇਆ । ਚਾਰ ਵੇਦਾਂ ਦਾ ਇਹ ਮਾਣ ਗਵਾਇਆ । ਇਸ ਜੁਗ ਦਾ ਹੂਆ ਅੰਤ ਕਾਲ । ਅੱਠ ਲੱਖ ਚੌਂਠ ਹਜ਼ਾਰ ਸੀ ਇਸ ਦੀ ਜਾਨ । ਅੰਤ ਕਾਲ ਇਸ ਦਾ ਹੋਇਆ । ਕਲਜੁਗ ਆਪ ਪ੍ਰਭ ਆਇਆ । ਹੋ ਸਮਦਰਸੀ ਦਰਸ ਦਿਖਾਇਆ । ਜੋਤ ਸਰੂਪ ਪ੍ਰਭ ਜੋਤੀ ਆਇਆ । ਆਪਣਾ ਬਿਰਦ ਗੁਰ ਆਪ ਰਖਾਇਆ । ਮਹਾਰਾਜ ਸ਼ੇਰ ਸਿੰਘ ਹੈ ਰਘੁਰਾਇਆ । ਸੋਹੰ ਸ਼ਬਦ ਜਿਸ ਨਾਮ ਸੁਣਾਇਆ । ਜਪੇ ਨਾਮ ਜੋ ਮੇਰਾ ਸੋਹੰ । ਨੈਣੀ ਪੇਖੇ ਆਪ ਪ੍ਰਭ ਓਅੰ । ਇਕ ਜੋਤ ਮੂਰਤੀ ਦੋਅੰ । ਮਹਾਰਾਜ ਸ਼ੇਰ ਸਿੰਘ ਵਿਚੋਂ ਮਨੀ ਸਿੰਘ ਪ੍ਰਗਟ ਹੋਅੰ । ਸਰਬ ਕੀ ਸਮਰਥਿਆ ਵਿਚ ਸੰਗਤ ਬੈਠ ਖੋਹੰ । ਤੀਰਥ ਵੇਦ ਜੋ ਜਗਤ ਮੇਂ ਦੋਅੰ । ਮੁਝ ਸੇ ਪਰੇ ਨਾ ਕੋਊ ਹੋਅੰ । ਮਨ ਮੇਂ ਸਿਮਰੋ ਗੁਰ ਸ਼ਬਦ ਹੈ ਸੋਹੰ । ਨਿਹਕਲੰਕ ਆਪ ਪ੍ਰਭ ਆਇਆ । ਰਾਮ ਕ੍ਰਿਸ਼ਨ ਤੋਂ ਸ਼ੇਰ ਸਿੰਘ ਪ੍ਰਗਟਾਇਆ । ਕਲਜੁਗ ਦਾ ਜਿਨ ਨਾਸ ਕਰਾਇਆ । ਸਤਿਜੁਗ ਸਤਿ ਸਤਿ ਕਰ ਵਰਤਾਇਆ । ਜੁਗ ਸਤਿ ਸਾਚਾ ਮੇਰਾ ਨਾਉਂ । ਸਚ ਸੁੱਚ ਮੇਂ ਪ੍ਰਭ ਗੁਣ ਗਾਓ । ਗੁਣ ਗੋਬਿੰਦ ਜੇ ਮੁਖ ਸੇ ਗਾਓ । ਜੋ ਚਾਹੋ ਸੋਈ ਫਲ ਪਾਓ । ਦੇਵਣਹਾਰ ਆਪ ਦਾਤਾਰ । ਚਲ ਕੇ ਆਇਆ ਵਿਚ ਸੰਸਾਰ । ਭਗਤ ਜਨਾਂ ਨੂੰ ਦਿਤਾ ਤਾਰ । ਬੇਮੁਖਾਂ ਨੂੰ ਪਰੇ ਪਛਾੜ । ਮਹਾਰਾਜ ਸ਼ੇਰ ਸਿੰਘ ਉਨੰਜਾ ਪਵਣ ਸਵਾਰ । ਆਦਿ ਅੰਤ ਪ੍ਰਭ ਏਕੰਕਾਰ । ਜੋ ਸਿੱਖ ਚਲੇ ਗੁਰ ਕੇ ਭਾਏ । ਸੱਚੀ ਦਰਗਹਿ ਪਹੁੰਚੇ ਸੱਚੀ ਥਾਏਂ । ਸਚਖੰਡ ਵਸੇ ਸਚ ਨਿਰੰਕਾਰ । ਗੁਰਸਿਖਾਂ ਕੋ ਪ੍ਰਭ ਲੇਤ ਉਭਾਰ । ਪੜੇ ਨਾ ਉਨ ਕੋ ਜਮ ਕੀ ਮਾਰ । ਦਇਆ ਕਰੇ ਪ੍ਰਭ ਕਿਰਪਾ ਧਾਰ । ਦਰਸ਼ਨ ਦੇਵੇ ਉਤਮ ਅਗੰਮ ਅਪਾਰ । ਸ਼ਬਦ ਗਾਵੇ ਸਦਾ ਜੈਕਾਰ । ਸੁਣ ਕੇ ਸਿੱਖ ਉਤਰੇ ਪਾਰ । ਪਾਰਬ੍ਰਹਮ ਪ੍ਰਭ ਅਪਰ ਅਪਾਰ । ਗੁਰ ਸਾਚਾ ਸੱਚੀ ਸਰਕਾਰ । ਸਿੱਖ ਉਧਰੇ ਉਹ ਉਧਾਰਨਹਾਰ । ਬੇਮੁਖ ਦਿਤੇ ਪਰੇ ਪਛਾੜ । ਵਿਚ ਦਰਗਹਿ ਹੋਵੇ ਛਾਰ । ਪਿੱਛਾ ਦਿਤਾ ਨਰ ਅਵਤਾਰ । ਕਲਜੁਗ ਨੂੰ ਜਿਨ ਕੀਤਾ ਪਾਰ ਉਤਾਰ । ਸੱਚਾ ਤਖ਼ਤ ਸੱਚੇ ਗੁਰ ਬਣਾਇਆ । ਸਤਿਗੁਰ ਸੱਚੇ ਸਤਿਜੁਗ ਲਾਇਆ । ਦਿਨੋ ਦਿਨ ਹੋਵੇ ਤੇਜ ਸਵਾਇਆ । ਕਾਲ ਰੂਪ ਹੋ ਕਲਜੁਗ ਖਾਇਆ । ਸਾਰੀ ਸ੍ਰਿਸ਼ਟੀ ਨੂੰ ਭਸਮ ਕਰਾਇਆ । ਬੇੜਾ ਸਿੱਖਾਂ ਦਾ ਬੰਨੇ ਲਾਇਆ । ਪਾਰ ਉਤਾਰੇ ਆਪ ਰਘੁਰਾਇਆ । ਸਚ ਮਾਰਗ ਗੁਰ ਸਚ ਸੁਣਾਇਆ । ਮਦਿ ਮਾਸ ਨੂੰ ਪਰੇ ਹਟਾਇਆ । ਗੁਰ ਅੰਮ੍ਰਿਤ ਮੁਖ ਸਿੱਖ ਚੁਆਇਆ । ਭੌ ਭਰਮ ਭੁਲੇਖਾ ਲਾਹਿਆ । ਧਰ ਧਰਨੀ ਨਰ ਸਿੰਘ ਨਰਾਇਣ ਆਇਆ । ਦਾੜ੍ਹਾਂ ਅੱਗੇ ਪ੍ਰਿਥਮ ਚੁਬਾਇਆ । ਚਾਰ ਕੂਟ ਹੋਵੇ ਮੇਰਾ ਸਾਇਆ । ਸਿਰ ਤੇ ਛਤਰ ਝੁਲੇ ਤੇਜ ਦੂਣ ਸਵਾਇਆ । ਮਾਣ ਤਾਣ ਹੰਕਾਰ ਸਭਨ ਦਾ ਗਵਾਇਆ । ਸੋ ਬਚਾਇਆ ਜੋ ਸ਼ਰਨੀ ਲਾਇਆ । ਬਾਕੀ ਸਭਨ ਕੋ ਕੁੰਭੀ ਨਰਕ ਮੇਂ ਪਾਇਆ । ਕੁੰਭੀ ਨਰਕ ਉਹ ਸੀ ਭਰਿਆ । ਜਿਥੇ ਰਾਜਾ ਜਨਕ ਸੀ ਵੜਿਆ । ਧਰਮ ਰਾਜ ਸੀ ਦੇਵੇ ਸਜ਼ਾਏ ।

ਹਾਹਾਕਾਰ ਕਰ ਜੀਵ ਬਿਲਲਾਏ । ਬਿਨ ਗੁਰ ਓਥੋਂ ਕੌਣ ਛੁਡਾਏ । ਭੁੱਲੇ ਪਾਪੀ ਫਿਰਤ ਤਿਸਾਏ । ਭਰੇ ਜਮ ਡੰਡ ਮੁਖੋਂ ਨਿਕਲੇ ਹਾਏ ਹਾਏ । ਬਖ਼ਸ਼ ਲੈ ਆਪ ਰਘੁਰਾਏ । ਬਿਨਾ ਨਾਮ ਨਾ ਕੋਇ ਤਰਾਏ । ਸੱਚਾ ਸਤਿਗੁਰ ਸ਼ਬਦ ਲਿਖਾਏ । ਸੋਹੰ ਸ਼ਬਦ ਆਪਣਾ ਨਾਮ ਬਤਾਏ । ਸਤਿਜੁਗ ਕਾ ਇਹ ਜਹਾਜ਼ ਬਣਾਏ । ਜਪੇ ਨਾਮ ਭਉ ਸਾਗਰ ਪਾਰ ਤਰਾਏ । ਸਚੀ ਦਰਗਾਹ ਸਚ ਕਾਰ ਦਿਸਾਏ । ਨਿਜ ਘਰ ਬੈਠਾ ਤਾੜੀ ਲਾਏ । ਏਥੇ ਓਥੇ ਪ੍ਰਭ ਰਿਹਾ ਸਮਾਏ । ਆਪ ਵੇਖੇ ਆਪ ਨਜ਼ਰ ਨਾ ਆਏ । ਮਾਇਆ ਵਿਚ ਜੀਵ ਜੰਤ ਫਸਾਏ । ਮਹਾਰਾਜ ਸ਼ੇਰ ਸਿੰਘ ਆਪਣਾ ਆਪ ਪ੍ਰਗਟਾਏ । ਬਚੇ ਸੋ ਜੋ ਸ਼ਰਨ ਮੇਂ ਆਏ । ਚਾਰ ਵਰਨ ਕੋ ਮੇਰਾ ਉਪਦੇਸ਼ । ਗੁਰ ਸਾਚਾ ਸਚ ਨਰਗੇਸ਼ । ਮੁਖ ਸਾਚਾ ਸਾਚਾ ਮੇਰਾ ਵੇਸ । ਜੋਤ ਸਰੂਪੀ ਇਹ ਜੋਤ ਸੋ ਏਕ । ਏਕ ਜੋਤ ਪ੍ਰਭ ਆਪ ਰਖਾਏ । ਆਪਣੀ ਜੋਤ ਤੋਂ ਪ੍ਰਭ ਸ੍ਰਿਸ਼ਟ ਜਗਾਏ । ਖਿੱਚੇ ਜੋਤ ਰਹਿ ਜਾਏ ਲੋਥ । ਬਿਨਾ ਜੋਤ ਇਹ ਝੂਠਾ ਥੋਥ । ਸੱਚਾ ਸਤਿਗੁਰ ਬਾਣੀ ਬੋਹਥ । ਕੋਈ ਨਾ ਬੂਝੇ ਮੇਰਾ ਗੋਹਥ । ਸੋ ਬੂਝੇ ਜਿਨ ਆਪ ਬੁਝਾਏ । ਨਦਰ ਕਰੇ ਤਾਂ ਨਜ਼ਰੀ ਆਏ । ਗੁਰ ਕਿਰਪਾ ਬਿਨ ਨਾ ਕੋਈ ਸੋਝੀ ਪਾਏ । ਜਿਸ ਨੂੰ ਬੁਝਾਏ ਉਸ ਹੈ ਬੂਝਿਆ । ਭੁੱਲਾ ਅੰਞਾਣ ਕਥ ਕਥ ਲੂਝਿਆ । ਅਕੱਥ ਕਥੀ ਕਥ ਆਪ ਕਹਾਏ । ਘਟ ਘਟ ਵਾਸੀ ਸਰਬ ਹੈ ਠਾਏ । ਨਿਜ ਘਰ ਵੇਖੇ ਪ੍ਰਭ ਰਿਹਾ ਸਮਾਏ । ਦਵਾਰ ਦਸਵੇਂ ਵਿਚ ਤਾੜੀ ਲਾਏ । ਹੋਏ ਕਿਰਪਾਲ ਤਾਂ ਪ੍ਰਭ ਦਏ ਬੁਝਾਏ । ਤਾਂ ਜਨ ਮੇਰੀ ਸੋਝੀ ਪਾਏ । ਜੋਤ ਸਰੂਪੀ ਨਜ਼ਰੀ ਆਏ । ਨਦਰੀ ਵੇਖੇ ਨੈਣੀ ਪੇਖੇ । ਸਰਵਣੀ ਸੁਣ ਪ੍ਰਭ ਕੋ ਆਦੇਸੇ । ਜੁਗੋ ਜੁਗ ਪ੍ਰਭ ਬਦਲੇ ਭੇਸੇ । ਚਵੀਏ ਅਵਤਾਰ ਪ੍ਰਭ ਕੀਤੇ ਵੇਸੇ । ਐਸਾ ਹੁਣ ਅਵਤਾਰ ਆ ਧਰਿਆ । ਜਿਨ ਬੂਝੇ ਪ੍ਰਭ ਆਸਾ ਵਰਿਆ । ਕੀਤੀ ਆਸ ਜਿਸ ਗੁਰ ਚਰਨ ਪਿਆਸ । ਹੋ ਮਮਤਾ ਹੋਵੇ ਪ੍ਰਭ ਕਾ ਦਾਸ । ਆਪ ਮਿਲੇ ਸੱਚਾ ਗੁਣਤਾਸ । ਕੀਤਾ ਕਰਮ ਆਇਆ ਰਾਸ । ਗੁਰ ਚਰਨਾਂ ਦਾ ਹੋ ਗਿਆ ਦਾਸ । ਨਾਮ ਜਪਤ ਮੇਰਾ ਸਵਾਸ ਸਵਾਸ । ਕਾਰਜ ਕਰੇ ਸਤਿਗੁਰ ਰਾਸ । ਮਹਾਰਾਜ ਸ਼ੇਰ ਸਿੰਘ ਸਦਾ ਹੈ ਪਾਸ । ਰਿਦੇ ਨਾ ਡੋਲੇ ਨਾ ਹੋਵੇ ਉਦਾਸ । ਵਿਚ ਸੰਗਤ ਪ੍ਰਭ ਹੈ ਆਸ ਪਾਸ । ਸੱਚਾ ਆਪ ਸੱਚੀ ਰਹਿਰਾਸ । ਸੱਚਾ ਧਾਮ ਜਿਥੇ ਪ੍ਰਭ ਨਿਵਾਸ । ਸੱਚੀ ਸੰਗਤ ਵਿਚ ਗੁਰ ਸੱਚਾ ਆਇਆ । ਓਮੀਆਂ ਸਿੱਖਾਂ ਨੂੰ ਸਿੱਖਾਂ ਵਿਚ ਬਹਾਇਆ । ਜਿਉਂ ਲੋਹਾ ਪਾਰਸ ਛੋਹੇ ਕੰਚਨ ਬਣ ਜਾਏ । ਦਰਸ ਸਿੱਖ ਦਾ ਸਿੱਖਾਂ ਨੂੰ ਕਰਾਇਆ । ਭਗਤ ਭੁਲੇਖਾ ਭਰਮ ਦਾ ਲਾਹਿਆ । ਭਰਤੰਬਰ ਪ੍ਰਭ ਜਗਤ ਸਮਾਇਆ । ਪੀਤ ਪੀਤੰਬਰ ਤ੍ਰੈਭਵਣ ਧਨੀ ਜਗਤ ਨਾਥ ਗੋਪਾਲ ਮੁਖ ਭਣੀ ਦਰਸ ਦਿਖਾਇਆ । ਆਇਆ ਸਾਚਾ ਸਾਹਿਬ ਆਪ ਬੀਠਲਾ । ਜੋ ਵੇਖੇ ਤਿੰਨ ਨਜ਼ਰੀ ਆਇਆ । ਭਗਤ ਜਨਾਂ ਨੂੰ ਤ੍ਰੈ ਲੋਚਣ ਦੇਵਤ । ਦੋ ਪੇਖਣ ਸੰਸਾਰ ਏਕ ਪ੍ਰਭ ਸੰਗ ਬਿਲੋਵੇ । ਖੁੱਲ੍ਹੇ ਨੇਤਰ ਥਿਰ ਘਰ ਦੀ ਸੋਝੀ ਹੋਵੇ ।

੩੯
੦੧

❊ ੨੦ ਮੱਘਰ ੨੦੦੬ ਬਿਕ੍ਰਮੀ ❊

ਸੱਚਾ ਸਾਹਿਬ ਸਚ ਕਰਮ ਕਮਾਏ । ਸੱਚਾ ਆਪ ਸਚ ਰਿਹਾ ਸਮਾਏ । ਅਗਨ ਕੁੰਡ ਮੇਂ ਪ੍ਰਭ ਹੋਤ ਸਹਾਏ । ਗਲ ਫਾਸ ਪ੍ਰਭ ਆਪ ਕਟਾਏ । ਹੰਕਾਰੀਆਂ ਦਾ ਹੰਕਾਰ ਗਵਾਏ । ਨਿਮਾਣਿਆਂ ਪ੍ਰਭ ਮਾਣ ਦਵਾਏ । ਈਸ਼ਰ ਸੱਚਾ ਸੱਚਾ ਨਰ ਸਿੰਘ ਆਏ । ਸਰਨ ਪੜੇ

ਦੀ ਲਾਜ ਰਖਾਏ । ਜੋ ਸਿੱਖ ਨਾ ਚਲੇ ਗੁਰ ਕੇ ਭਾਏ । ਗਰਭ ਜੂਨ ਮੇਂ ਮੁੜ ਮੁੜ ਆਏ । ਕਾਲ ਖਾਵੇ ਫਿਰ ਉਪਜਾਵੇ । ਬਿਨ ਪੂਰੇ ਗੁਰ ਠੌਰ ਨਾ ਪਾਵੇ । ਜਿਨ ਵਿਚਾਰਿਆ ਪ੍ਰਭ ਨਿਸਤਾਰਿਆ । ਕਰ ਕਿਰਪਾ ਪ੍ਰਭ ਪਾਰ ਉਤਾਰਿਆ । ਸੋਵਤ ਜਾਗਤ ਜੋ ਹਰਿ ਧਿਆਵੇ । ਦੇਹ ਮੰਦਰ ਮੇਂ ਹਰਿ ਜੀਉ ਪਾਵੇ । ਕਵਲ ਬਿਗਾਸਨ ਪ੍ਰਭ ਸਭਨੀ ਥਾਵੇਂ । ਜਿਸ ਦੇਖਿਆ ਪਰਮਗਤ ਪਾਵੇ । ਰਾਓ ਤੋਂ ਪ੍ਰਭ ਰੰਕ ਬਣਾਵੇ । ਰੰਕ ਦੇ ਸਿਰ ਛਤਰ ਝੁਲਾਵੇ । ਝੁੱਲੇ ਛਤਰ ਦੇਵੇ ਪ੍ਰਭ ਮਾਣ । ਪੂਰੇ ਗੁਰ ਤੋਂ ਜਾਈਏ ਕੁਰਬਾਨ । ਜਿਸ ਨੇ ਬਖ਼ਸ਼ੀ ਸਿਖਨ ਕੀ ਜਾਨ । ਸਾਧ ਸੰਗਤ ਵਿਟੋਂ ਕੁਰਬਾਨ । ਦੀਨ ਦਿਆਲ ਸਦਾ ਦੁੱਖ ਭੰਜਨ । ਹੰਕਾਰ ਨਿਵਾਰਨ ਹੈ ਭਵਖੰਡਨ । ਕਰ ਕਿਰਪਾ ਪ੍ਰਭ ਤੋੜੇ ਬੰਧਨ । ਦੋ ਜੋੜ ਕਰੋ ਗੁਰ ਬੰਦਨ । ਗੁਰ ਪੂਰੇ ਗੁਰ ਕੋ ਕਰੋ ਨਿਮਸਕਾਰ । ਕਿਰਪਾ ਕੀਤੀ ਜਿਸ ਅਪਾਰ । ਡੁਬਦਾ ਬੇੜਾ ਲਾਇਆ ਪਾਰ । ਸਿੱਖਾਂ ਨਾਲ ਦਿਤੇ ਓਮੀ ਤਾਰ । ਸੱਚਾ ਆਪ ਸਚ ਸਿਰਜਣਹਾਰ । ਸਦਾ ਹੀ ਪੂਜੋ ਪ੍ਰਭ ਬਖ਼ਸ਼ਣਹਾਰ । ਸਭ ਤੋਂ ਊਚ ਅਗੰਮ ਅਪਾਰ । ਥਿਰ ਘਰ ਵਾਸੀ ਆਪ ਨਿਰੰਕਾਰ । ਹੋਏ ਦਿਆਲ ਪ੍ਰਭ ਦਇਆ ਜਾਂ ਕਰੇ । ਤੁੱਟੇ ਛੁੱਟੇ ਸਿੱਖ ਆਏ ਦਰੇ । ਸੋ ਸੁਖੀਏ ਜੋ ਸਰਨੀ ਪੜੇ । ਸਰਬ ਸੁੱਖ ਦੇਵੇ ਪ੍ਰਭ ਹਰੇ । ਆਸ ਪੁਚਾਵੇ ਆ ਕੇ ਆਪ । ਉਸ ਨੂੰ ਸਿਮਰੋ ਉਠ ਪ੍ਰਭਾਤ । ਜੋ ਜਨ ਸਿਮਰੇ ਮੇਰਾ ਨਾਉਂ । ਤਿਨ ਕੇ ਮਨ ਸਦਾ ਗੁਰ ਚਾਓ । ਹਰਿ ਦਰਗਹਿ ਵਿਚ ਪਾਵੇ ਠਾਉਂ । ਸੱਚੇ ਸਤਿਗੁਰ ਸੋਹੰ ਦੀਆ ਨਾਉਂ । ਆਪ ਅਪਰੰਪਰ ਅਪਰ ਅਪਾਰ । ਭਰਤੰਬਰ ਵਿਸ਼ਨੂੰ ਨਿਰੰਕਾਰੀ । ਭਗਤ ਜਨਾਂ ਦੀ ਪੈਜ ਸਵਾਰੀ । ਐਸੇ ਗੁਰ ਤੋਂ ਜਾਈਏ ਬਲਿਹਾਰੀ । ਐਸੇ ਗੁਰ ਨੂੰ ਸਦਾ ਆਦੇਸ । ਕਲਜੁਗ ਵਿਚ ਜਿਨ ਬਦਲਿਆ ਭੇਸ । ਜੋਤ ਸਰੂਪ ਸਿੱਖ ਵਿਚ ਪ੍ਰਵੇਸ਼ । ਸੱਚਾ ਮਰਗਿੰਦ ਸੱਚਾ ਨਰਗੇਸ਼ । ਦੇ ਦਰਸ ਪ੍ਰਭ ਲਾਹੇ ਕਲੇਸ਼ । ਹੋਏ ਸ਼ਾਂਤ ਮਨ ਨੈਣੀ ਪੇਖ । ਮਿਟਾਈ ਲਿਖਤ ਪ੍ਰਭ ਨਵੀਂ ਲਿਖੀ ਲੇਖ । ਹੁਣ ਹੈ ਕੀਤੀ ਬੁੱਧ ਬਿਬੇਕ । ਦਿਤਾ ਦਾਨ ਗਿਆਨ ਇਹ ਰਹੇ ਹਮੇਸ਼ । ਸਤਿਗੁਰ ਅੱਗੇ ਨਾ ਜਾਵੇ ਪੇਸ਼ । ਸਭ ਤੋਂ ਵੱਡਾ ਆਪ ਵਿਸ਼ੇਸ਼ । ਮਹਾਰਾਜ ਸ਼ੇਰ ਸਿੰਘ ਬਦਲੇ ਵੇਸ । ਗੁਰ ਪੂਰੇ ਕੋ ਕਰਾਂ ਆਦੇਸ । ਦੁਖੀਏ ਪ੍ਰਭ ਕੀਤੇ ਸੁਖੀਏ । ਦਰ ਆਏ ਬੇਮੁਖ ਹੋਏ ਗੁਰਮੁਖੀਏ । ਦਇਆ ਧਾਰ ਹਰਿ ਦਇਆ ਕਮਾਏ । ਸੁੱਕੇ ਕਾਸ਼ਟ ਪ੍ਰਭ ਹਰੇ ਕਰਾਏ । ਬੇੜੀ ਸੰਗ ਲੋਹਾ ਤਰਾਏ । ਸੋਹੰ ਸ਼ਬਦ ਦਾ ਚੱਪੂ ਲਾਏ । ਮਹਾਰਾਜ ਸ਼ੇਰ ਸਿੰਘ ਮਲਾਹ ਅਖਵਾਏ । ਰੁੜ੍ਹਿਆ ਬੇੜਾ ਬੰਨੇ ਲਾਏ । ਹਰਨਾਮਾ ਸੀ ਰੁੜ੍ਹਿਆ ਵਿਚ ਮੰਝਧਾਰ । ਕੋਈ ਨਾ ਦਿਸੇ ਬਚਾਵਣਹਾਰ । ਗੁਰਬਖ਼ਸ਼ ਖਲੋਤਾ ਆਪ ਵਿਚਕਾਰ । ਡੁੱਬਦੇ ਭਰਾ ਨੂੰ ਲਿਆ ਤਾਰ । ਬਖ਼ਸ਼ਿਆ ਆਪ ਬਖ਼ਸ਼ਣਹਾਰ । ਸੱਚੀ ਦਰਗਹਿ ਵਿਚ ਹੋਇਆ ਪ੍ਰਵਾਨ । ਗੁਰ ਪੂਰੇ ਇਹ ਦਿਤਾ ਮਾਣ । ਧੰਨ ਸਿੱਖ ਧੰਨ ਗੁਰੂ ਦੀ ਬਾਣ । ਸੁਫਲਾ ਜਨਮ ਮੁੱਕਿਆ ਆਵਣ ਜਾਣ । ਹੋਇਆ ਸਹਾਈ ਆਪ ਮਿਹਰਵਾਨ । ਪੂਰਨ ਸਤਿਗੁਰ ਮਹਾਰਾਜ ਸ਼ੇਰ ਸਿੰਘ ਪਛਾਣ । ਮਾਣ ਵਿਚ ਸਿੱਖ ਜਾਂ ਪਰੇ । ਕਰੇ ਗਰਬ ਮਨ ਹੰਕਾਰ ਹੈ ਕਰੇ । ਪੂਰੇ ਸਤਿਗੁਰ ਤੋ ਜੋ ਨਾ ਡਰੇ । ਦੂਰ ਵੇਖ ਅਭਿਮਾਨ ਹੈ ਕਰੇ । ਹੱਥ ਪਾਹਨੀ ਫੜੇ । ਮਹਾਰਾਜ ਸ਼ੇਰ ਸਿੰਘ ਦੀ ਸਪੁੱਤਰੀ ਸਿਰ ਧਰੇ । ਐਸਾ ਗਰਬ ਸਿੰਘ ਦਰਸ਼ਨ ਕਰੇ । ਆਪਣਾ ਕੀਆ ਆਪ ਮਨ ਭਰੇ । ਉਹ ਪਾਹਨੀ ਉਸ ਨੇ ਵਖਾਈ । ਉਸ ਨੇ ਗੁਰ ਕੀ ਪਤ ਲਹਾਈ । ਗੁਰ ਪੂਰੇ ਸੀ ਲਿਖਤ ਕਰਾਈ । ਬਚਨ ਆਪਣਾ ਆਪ ਸਚ ਕਰਾਈ । ਉਹ ਪਾਹਨੀ ਉਹਦੇ ਸਿਰ ਤੇ ਲਾਈ । ਹਾਹਾਕਾਰ ਕਰੇ ਬਿਲਲਾਈ ।

ਨੇੜ ਨਾ ਆਏ ਕੋਈ ਭੈਣ ਭਾਈ । ਸਾਰੇ ਫਿਰਦੇ ਸਿਰ ਲੋਕਾਈ । ਦੁੱਖੀ ਹੋ ਆਤਮਾ ਕਲਪਾਈ । ਪੁਕਾਰ ਕਰੇ ਸੁਣ ਰਘੁਰਾਈ । ਤੇਰੇ ਬਾਝੋਂ ਨਾ ਕੋਈ ਸਹਾਈ । ਮੈਂ ਭੁੱਲਾ ਭੁੱਲ ਰਹੇ ਨਾ ਕਾਈ । ਦਇਆ ਧਾਰ ਪ੍ਰਭ ਦੇ ਬਖ਼ਸ਼ਾਈ । ਨਰਕ ਕੁੰਡ ਚੋਂ ਕੱਢ ਲੈ ਆਈ । ਅੱਗੇ ਵਾਸਤੇ ਰਾਹ ਬਤਾਈ । ਹੋ ਕੇ ਸਿੱਖ ਨਾ ਮੇਰਾ ਮਾਣ ਗਵਾਈਂ । ਇਹ ਥਾਨ ਜਿਥੇ ਸੀ ਪਾਹਨੀ ਦਿਖਾਈ । ਉਸ ਦੀ ਉਹਨੂੰ ਮਿਲੀ ਸਜ਼ਾਈ । ਪੂਰੇ ਸਤਿਗੁਰ ਦਇਆ ਕਮਾਈ । ਉਸ ਥਾਨ ਪ੍ਰਭ ਆ ਕੇ ਲਏ ਬਚਾਈ ।

ਥਿਰ ਘਰ ਵਿਚ ਜੋ ਸਵਾਲੀ ਆਏ । ਪੂਰੀ ਪ੍ਰਭ ਆਸ ਕਰਾਏ । ਹੰਗਤਾ ਰੋਗ ਦੁਬਧਾ ਮੈਲ ਗਵਾਏ । ਆਤਮਾ ਸ਼ਾਂਤ ਕਾਇਆ ਹਰਿ ਰਾਏ । ਲੋਕ ਪਰਲੋਕ ਪ੍ਰਭ ਹੋਤ ਸਹਾਏ । ਦੀਨਾਂ ਨਾਥ ਦਇਆ ਤੁਮ ਕਰੋ । ਸਰਬ ਦੁਸ਼ਟਨ ਆਪ ਸੰਘਰੋ । ਸਰਬ ਕਲੇਸ਼ ਸਿੱਖਨ ਕੇ ਹਰੋ । ਬੇੜਾ ਪਾਰ ਭਵਜਲ ਹੈ ਤਰੋ । ਦੁੱਖ ਦਲਿਦਰ ਕਾਇਆ ਦੇ ਹਰੋ । ਸਚ ਗਿਆਨ ਦੇਹ ਮੇਂ ਕਰੋ । ਕਿਰਪਾਨੰਦ ਕਿਰਪਾ ਤੁਮ ਕਰੋ । ਸਭ ਸਿੱਖਨ ਗੁਰ ਸਰਨ ਪਰੋ । ਨਾਮ ਗੁਰੂ ਪੂਰਨ ਸੰਤੋਖ । ਜਿਸ ਵਸਿਆ ਰਿਦੇ ਤਿਨ ਕੋਈ ਨਾ ਦੋਖ । ਹਰਿ ਦਰਸ ਪਾਏ ਉਤਰੇ ਭੂਖ । ਪਾਏ ਬ੍ਰਹਮ ਹੋਏ ਬ੍ਰਹਮ ਸਰੂਪ । ਨਿਜ ਵਿਚੋਂ ਪਾਏ ਅਨੰਦ ਅਨੂਪ । ਸਾਚਾ ਪ੍ਰਭ ਸਚ ਸਤਿ ਸਰੂਪ । ਜੋਤ ਸਰੂਪੀ ਪ੍ਰਭ ਜੋਤ ਸਰੂਪ । ਉਧਾਰੇ ਜੀਵ ਵਿਚੋਂ ਅੰਧ ਕੂਪ । ਸਾਚਾ ਸ਼ਾਹ ਸੱਚਾ ਹੈ ਭੂਪ । ਜਿਸ ਦੀ ਸੇਵਾ ਵਿਚ ਰੱਖੇ ਧੂਪ । ਜਿਸ ਕੀ ਸੁਗੰਧਤ ਪਾਏ ਉਸ ਥਾਏਂ । ਸਭ ਸੰਗਤ ਮੇਂ ਰਹੇ ਸਮਾਏ । ਗੁਰ ਸੰਗਤ ਵਿਚ ਗੁਣੀ ਗਹੀਰ । ਸਾਧ ਸੰਗਤ ਗੁਰ ਦੇਵੇ ਧੀਰ । ਪ੍ਰਭ ਅਬਿਨਾਸ਼ੀ ਠਾਂਡਾ ਬੀਰ । ਗੁਰਸਿਖਾਂ ਦੀ ਬਾਂਧੇ ਧੀਰ । ਅੰਮ੍ਰਿਤ ਬਣਾਵੇ ਵਿਚੋਂ ਨੀਰ । ਪੀਵੇ ਹੋਵੇ ਸ਼ਾਂਤ ਸਰੀਰ । ਸੱਚਾ ਸਾਹਿਬ ਪ੍ਰਭ ਸਚ ਪਠਾਇਆ । ਸਿੱਖਾਂ ਤਾਈਂ ਪ੍ਰਭ ਮਾਣ ਦਵਾਇਆ । ਸੋਹੰ ਸ਼ਬਦ ਦਾ ਜਾਪ ਕਰਾਇਆ । ਓਅੰ ਪ੍ਰਭ ਨਜ਼ਰੀ ਆਇਆ । ਨਿਰਵੈਰ ਸਭ ਥਾਈਂ ਸਮਾਇਆ । ਜਹਾਂ ਵੇਖੇ ਤਹਾਂ ਨਜ਼ਰੀ ਆਇਆ । ਪ੍ਰਭ ਅਬਿਨਾਸ਼ੀ ਆਪ ਰਘੁਰਾਇਆ । ਚਰਨ ਕਵਲ ਸਿਰ ਮੁਕਟ ਟਿਕਾਇਆ । ਦਵਾਰਕਾ ਵਾਸੀ ਇਹ ਖੇਲ ਕਰਾਇਆ ।

੪੧
੦੧

❊ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ❊

ਕ੍ਰਿਸ਼ਨ ਤੋਂ ਸ਼ੇਰ ਸਿੰਘ ਬਣ ਆਇਆ । ਸੋਹੰ ਸ਼ਬਦ ਜਿਨ ਜਾਪ ਕਰਾਇਆ । ਗੁਰਸਿਖਾਂ ਮਨ ਆਪ ਵਸਾਇਆ । ਦਸਵੇਂ ਦਵਾਰ ਦਾ ਪਰਦਾ ਲਾਹਿਆ । ਇਹ ਨੇਤਰ ਪ੍ਰਭ ਆਪ ਖੁਲ੍ਹਾਇਆ । ਅੰਮ੍ਰਿਤ ਝਿਰਨਾ ਨਿਝਰੋਂ ਝਿਰਾਇਆ । ਨਾਭ ਕਵਲ ਵਿਚ ਹੈ ਪਾਇਆ । ਸਾਰਾ ਸੰਸਾ ਜੀਵ ਦਾ ਲਾਹਿਆ । ਨਾੜ ਮਾਸ ਦੇ ਪਿੰਜਰ ਵਿਚੋਂ ਹਰਿ ਨਜ਼ਰੀ ਆਇਆ । ਨਿਜ ਘਰ ਵਸੇ ਆਪਣਾ ਆਪ ਛੁਪਾਇਆ । ਕਿਰਪਾ ਕੀਤੀ ਪ੍ਰਭ ਇਹ ਪਰਦਾ ਲਾਹਿਆ । ਮਹਾਰਾਜ ਸ਼ੇਰ ਸਿੰਘ ਸਚ ਸ਼ਬਦ ਸੁਣਾਇਆ । ਸਚਖੰਡ ਵਸਿਆ ਨਿਰੰਕਾਰ । ਸਭ ਸ੍ਰਿਸ਼ਟ ਈਸ਼ਰ ਆਕਾਰ । ਜੀਵ ਜੰਤ ਮੇਰੀ ਜੋਤ ਅਧਾਰ । ਸੱਚਾ ਆਪ ਸਚ ਕਰਤਾਰ । ਵਿਛੜਿਆਂ ਮੇਲੇ ਮੇਲ ਮਿਲਾਵਣਹਾਰ । ਗੁਰ ਸੱਚਾ ਖ਼ਸਮ ਸਭ ਜਗਤ ਹੈ

ਨਾਰ । ਮਹਿੰਮਾ ਗੁਰ ਦੀ ਹੈ ਅਪਰ ਅਪਾਰ । ਬੂਝੇ ਕੋਈ ਗੁਣ ਵੀਚਾਰ । ਨਜ਼ਰ ਨਾ ਆਵੇ ਕਿਸੇ ਗੁਰ ਕਰਤਾਰ । ਸਾਧ ਸੰਗਤ ਪ੍ਰਭ ਦੇਤ ਅਧਾਰ । ਡੁੱਬਦੇ ਪੱਥਰ ਲਵੇ ਤਾਰ । ਹੋਵੇ ਮਿਹਰਵਾਨ ਜਾਂ ਆਪ ਦਾਤਾਰ । ਗੁਰਸਿਖਾਂ ਨੂੰ ਗੁਰ ਲਾਵੇ ਪਾਰ । ਗਿਆਨ ਗੋਝ ਗੁਰ ਗਿਆਨ ਵਿਚਾਰ । ਚਰਨ ਕਵਲ ਸੰਗ ਰੱਖੇ ਪਿਆਰ । ਆਦਿ ਅੰਤ ਪ੍ਰਭ ਏਕੰਕਾਰ । ਮਹਾਰਾਜ ਸ਼ੇਰ ਸਿੰਘ ਸਿਰਜਣਹਾਰ । ਜਿਸ ਨੇ ਪਸਰਿਆ ਇਹ ਸੰਸਾਰ । ਝੂਠੀ ਦੇਹ ਝੂਠਾ ਸੰਸਾਰ । ਝੂਠੀ ਮਾਇਆ ਝੂਠਾ ਆਕਾਰ । ਜੂਠ ਝੂਠ ਵਿਚ ਡੁੱਬਾ ਸੰਸਾਰ । ਕਰਮ ਧਰਮ ਦੀ ਕੋਈ ਨਾ ਕਰੇ ਵੀਚਾਰ । ਕਲਜੁਗ ਆਇਆ ਅੰਤ ਕਲ ਧਾਰ । ਮਾਇਆ ਵਿਚ ਰੁੜ੍ਹਿਆ ਸੰਸਾਰ । ਭਇਆ ਪ੍ਰਗਟ ਨਿਹਕਲੰਕ ਅਵਤਾਰ । ਜੋ ਹੈ ਆਪਣੀ ਜੋਤ ਅਧਾਰ । ਜੀਵ ਜੰਤ ਇਹ ਆਪ ਉਪਜਾਏ । ਮਾਇਆ ਵਿਚ ਭਰਮੇ ਭੁਲਾਏ । ਗੁਰ ਘਰ ਦੀ ਨਾ ਸੋਝੀ ਪਾਏ । ਗੁਰ ਸੱਚਾ ਨਾ ਨਜ਼ਰੀ ਆਏ । ਕਲੂ ਕਾਲ ਵਿਚ ਕਰਦੇ ਹਾਏ ਹਾਏ । ਅੰਤ ਕਾਲ ਕੋਈ ਨਾ ਛੁਡਾਏ । ਜਮਦੂਤਾਂ ਦੇ ਪ੍ਰਭ ਵਸ ਪਾਏ । ਧਰਮ ਰਾਏ ਦਏ ਸਜ਼ਾਏ । ਕੁੰਭੀ ਨਰਕ ਉਨ੍ਹਾਂ ਪਾਏ । ਪਾਪੀ ਹਾਹਾਕਾਰ ਕਰਨ ਬਿਲਲਾਏ । ਬਿਨ ਗੁਰ ਨਾਮ ਨਾ ਕੋਈ ਬੰਨੇ ਲਾਏ । ਗੁਰਚਰਨ ਸੰਗ ਕਰੇ ਪਿਆਰ । ਗੁਰ ਕਾ ਸਿੱਖ ਹੈ ਉਤਰੇ ਪਾਰ । ਸਦ ਬਖ਼ਸ਼ੰਦ ਗੁਰ ਬਖ਼ਸ਼ਣਹਾਰ । ਡੁੱਬਿਆਂ ਤਾਈਂ ਦੇਵੇ ਤਾਰ । ਸ਼ਬਦ ਨਾਮ ਦੀ ਵੱਜੇ ਤਾਰ । ਮੁਖੋਂ ਨਿਕਲੇ ਕਰਤਾਰ ਕਰਤਾਰ । ਫਿਰ ਪਛਾਣੇ ਸੱਚੀ ਸਰਕਾਰ । ਸੋਹੰ ਸ਼ਬਦ ਸਦਾ ਨਿਸਤਾਰ । ਮਹਾਰਾਜ ਸ਼ੇਰ ਸਿੰਘ ਜੋਤ ਜਗਾਣ । ਸੋਹੰ ਸ਼ਬਦ ਦੇ ਕੇ ਦਾਨ । ਸੋਹੰ ਸ਼ਬਦ ਦੇ ਵਡਿਆਈ । ਸੋ ਦੇਹ ਦੀਪਕ ਵਿਚ ਜੋਤ ਜਗਾਈ । ਜੋਤ ਜਗਾਈ ਸਤਿਗੁਰ ਪੂਰੇ । ਗੁਰ ਬੈਠਾ ਪਾਸ ਨਾ ਹੈ ਦੂਰੇ । ਵਾਜੇ ਜਿਸ ਦੇ ਅਨਹਦ ਤੂਰੇ । ਕਰੇ ਬਚਨ ਹੋਵਣਗੇ ਪੂਰੇ । ਸੱਚਾ ਗੁਰ ਸੱਚਾ ਮੇਰਾ ਨਾਉਂ । ਸੱਚਾ ਸਿਰਜਣਹਾਰ ਵਸਿਆ ਗੁਰ ਠਾਉਂ । ਆਪ ਉਪਦੇਸ਼ੇ ਸੋਹੰ ਨਾਉਂ । ਓਅੰ ਸੋਹੰ ਸਦਾ ਗੁਣ ਗਾਓ । ਮਹਾਰਾਜ ਸ਼ੇਰ ਸਿੰਘ ਰਿਦੇ ਧਿਆਓ । ਸਰਬ ਸੁਖ ਮਨ ਮਾਹਿ ਪਾਓ । ਸਰਬ ਸੁਖ ਗੁਰ ਦੇ ਵਡਿਆਈ । ਚਰਨ ਕਵਲ ਸੰਗ ਬਖ਼ਸ਼ਾਈ । ਹਰਿ ਹਰਿ ਨਾਮ ਜੋ ਰਿਦੇ ਧਿਆਈ । ਹਰਿ ਮਿਲਿਆ ਹਰਿ ਸੋਝੀ ਪਾਈ । ਹਰਿ ਬਿਨ ਹੋਰ ਨਾ ਥਾਈਂ । ਜਿਥੇ ਮਿਲੇ ਭਗਤਨ ਕੋ ਵਡਿਆਈ । ਬਿਨ ਗੁਰ ਠੌਰ ਨਾ ਪਾਈ । ਦਰ ਦਰ ਲੂਝੇ ਭੱਖ ਝੱਖ ਖਾਈ । ਕਰ ਕਿਰਪਾ ਪ੍ਰਭ ਦੇ ਮਿਲਾਈ । ਮਿਲ ਸਾਧ ਸੰਗਤ ਹਰਿ ਗੁਣ ਗਾਈ । ਮਨ ਇਛੇ ਸੋਈ ਫਲ ਪਾਈ । ਸਾਧ ਸੰਗਤ ਗੁਰ ਜਲਨ ਬੁਝਾਈ । ਗੁਰ ਸੰਗਤ ਵਿਚ ਰਿਹਾ ਸਮਾਈ । ਵੇਖੇ ਗੁਰ ਨਜ਼ਰ ਨਾ ਆਈ । ਜੋਤ ਸਰੂਪ ਜੋਤ ਜਗਾਈ । ਭਵ ਸਾਗਰ ਵਿਚੋਂ ਸਿੱਖ ਤਰਾਈ । ਤਰਨ ਤਰਾਵਣਹਾਰ ਦਾਤਾਰ । ਸਭ ਤੋਂ ਵੱਡਾ ਆਪ ਕਰਤਾਰ । ਕਿਰਪਾ ਕੀਤੀ ਗੁਰ ਅਪਾਰ । ਗੁਰ ਚਰਨਾਂ ਦਾ ਦਿਤਾ ਦਾਨ । ਕਰ ਕੇ ਦਰਸ ਸਿੱਖ ਉਧਰੇ ਪਾਰ । ਗੁਣ ਅਵਗੁਣ ਪ੍ਰਭ ਨਾ ਵੀਚਾਰੇ । ਡੁਬਦੇ ਪੱਥਰ ਪ੍ਰਭ ਤਾਰੇ । ਭਗਤਾਂ ਦੇ ਹਰਿ ਕਾਜ ਸਵਾਰੇ । ਦਰੋਪਦੀ ਦੀ ਲਾਜ ਰੱਖੀ ਮੁਰਾਰੇ । ਧ੍ਰੂ ਪ੍ਰਹਿਲਾਦ ਸਦਾ ਨਿਮਸਕਾਰੇ । ਰੱਖੇ ਲੱਜਿਆ ਨਰ ਸਿੰਘ ਰੂਪ ਅਪਾਰੇ । ਸੱਚਾ ਸਤਿਗੁਰ ਕਰਮ ਇਹ ਕਰੇ । ਸਮੇਂ ਅਨੁਸਾਰ ਜੋਤ ਜਗਤ ਮੇਂ ਧਰੇ । ਜੋ ਸਿੱਖ ਗੁਰ ਸ਼ਰਨੀ ਪਰੇ । ਅਵਗੁਣ ਕੱਢ ਗੁਣ ਗੁਰ ਭਰੇ । ਲੋਹਾ ਪਾਰਸ ਛੋਹ ਜਿਉਂ ਕੰਚਨ ਬਣੇ । ਬੇਮੁਖ ਰਲ ਸਿੱਖ ਸੰਗ ਤਰੇ । ਸਾਧ ਸੰਗਤ ਵਿਚ ਜੋ ਨਰ ਪਰੇ । ਪ੍ਰਭ ਅਬਿਨਾਸ਼ੀ ਮਿਲੇ ਹਰਿ ਹਰੇ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰੇ । ਹੋਇਆ ਦਿਆਲ ਪ੍ਰਭ ਆਇਆ ਘਰੇ । ਅਛਲ

ਛਲਨ ਪ੍ਰਭ ਆਪ ਕਰਾਇਆ । ਬਾਵਨ ਰੂਪੀ ਭੇਸ ਬਣਾਇਆ । ਬਲ ਰਾਜੇ ਘਰ ਮੰਗਣ ਆਇਆ । ਸੱਦਿਆ ਰਾਜੇ ਅੰਦਰ ਸਵਾਮੀ । ਮੰਗ ਜੋ ਤੁਧ ਭਾਇਆ । ਚਾਰ ਵੇਦ ਦਾ ਮੁਖੋਂ ਪਾਠ ਸੁਣਾਇਆ । ਕਲਜੁਗ ਵਿਚ ਇਹ ਖੇਲ ਰਚਾਇਆ । ਕਾਮ ਕਰੋਧ ਦੀ ਪਾਈ ਮਾਇਆ । ਜੀਵ ਜੰਤ ਨੇ ਗੁਰ ਭੁਲਾਇਆ । ਹੰਕਾਰ ਵਿਕਾਰ ਬੜਾ ਵਧਾਇਆ । ਕਲਜੁਗ ਹੁਣ ਅੰਤ ਆਇਆ । ਮਹਾਰਾਜ ਸ਼ੇਰ ਸਿੰਘ ਤੇਜ ਵਧਾਇਆ । ਅੰਤਕਾਲ ਇਸ ਦਾ ਹੋਏ । ਪਾਪੀ ਅਪਰਾਧੀ ਦੁਸ਼ਟ ਦੁਰਾਚਾਰ ਰਹੇ ਨਾ ਕੋਇ । ਸਤਿਜੁਗ ਦੀ ਜੈ ਜੈ ਹੋਏ । ਜੈ ਜੈ ਜੈ ਸਦਾ ਜੈਕਾਰ । ਆਪ ਅਪਰੰਪਰ ਅਪਰ ਅਪਾਰ । ਸੱਚੀ ਲਿਖਤ ਲਿਖਾਏ ਅਪਰ ਅਪਾਰ । ਜਿਸ ਨੂੰ ਸੁਣ ਸਿੱਖ ਉਤਰੇ ਪਾਰ । ਡੋਲਤ ਕੋ ਮਨ ਦਏ ਅਧਾਰ । ਗੁਣਵੰਤ ਪ੍ਰਭ ਗੁਣ ਨਿਸਤਾਰ । ਸਚ ਸਾਹਿਬ ਸਚ ਸਿਰਜਣਹਾਰ । ਵਿਛੜਿਆਂ ਨੂੰ ਪ੍ਰਭ ਮੇਲ ਮਿਲਾਵਣਹਾਰ । ਜਿਸ ਨੇ ਕੀਤੀ ਚਰਨ ਨਿਮਸਕਾਰ । ਪਾਪੀ ਪਤਤ ਪ੍ਰਭ ਦੇਤ ਉਧਾਰ । ਸਰਬ ਕਾ ਦਾਤਾ ਲਏ ਸਰਬ ਕੀ ਸਾਰ । ਤੀਨ ਲੋਕ ਜਿਸ ਦੀ ਜੈਕਾਰ । ਆਦਿ ਅੰਤ ਪ੍ਰਭ ਏਕੰਕਾਰ । ਇੰਦਲੋਕ ਪ੍ਰਭ ਆਪ ਤਜਾਇਆ । ਸ਼ਿਵਲੋਕ ਨੂੰ ਛੱਡ ਕੇ ਆਇਆ । ਬ੍ਰਹਮੇ ਤਾਈ ਬ੍ਰਹਮ ਰੂਪ ਦਿਖਾਇਆ । ਬੈਕੁੰਠ ਧਾਮ ਜਿਥੇ ਰਘੁਰਾਇਆ । ਜਿਥੇ ਉਪਜੇ ਤਿਸ ਥਾਏਂ ਸਮਾਇਆ । ਜਗੇ ਜੋਤ ਜਿਥੇ ਡਗਮਗਾਇਆ । ਬਿਨ ਤੇਲ ਬਾਤੀ ਇਹ ਖੇਲ ਰਚਾਇਆ । ਜਿਸ ਜੋਤ ਵਿਚੋਂ ਪ੍ਰਭ ਜਗਤ ਉਪਾਇਆ । ਜੋਤ ਸਰੂਪ ਹੋ ਜਗਤ ਮੇਂ ਸਮਾਇਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਾਇਆ । ਪਵਣ ਸਰੂਪ ਦਾ ਥੰਮਾ ਢਾਇਆ । ਬਿਨ ਥੰਮਾਂ ਗੁਰ ਗਗਨ ਰਹਾਇਆ । ਹੋਏ ਕਿਰਪਾਲ ਪ੍ਰਭ ਦਰਸ ਦਿਖਾਇਆ । ਕਲਜੁਗ ਵਿਚ ਨਿਹਕਲੰਕ ਹੋ ਆਇਆ । ਘਨਕਪੁਰੀ ਘਨਸ਼ਾਮ ਪ੍ਰਗਟਾਇਆ । ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਸੰਮਤ ਉਨੀ ਸੌ ਪੰਜਾਹ ਬਿਕ੍ਰਮੀ ਭਾਗ ਲਗਾਇਆ । ਮਨੀ ਸਿੰਘ ਨੂੰ ਆਪਣਾ ਆਪ ਬੁਝਾਇਆ । ਵੇਲੇ ਕ੍ਰਿਸ਼ਨ ਬੱਧਕ ਨੇ ਜੋ ਬਾਣ ਸੀ ਲਾਇਆ । ਖੱਬੇ ਬੰਨੇ ਦਾ ਨਿਸ਼ਾਨ ਵਖਾਇਆ । ਮਨੀ ਸਿੰਘ ਲੈ ਸੰਗਤ ਧਾਇਆ । ਮਹਾਰਾਜ ਸ਼ੇਰ ਸਿੰਘ ਦਾ ਦਰਸ਼ਨ ਪਾਇਆ । ਰਾਜਸ ਤਾਮਸ ਪ੍ਰਭ ਗੁਣ ਬਣਾਏ । ਸਾਂਤਕ ਵਿਚ ਪ੍ਰਭ ਗਿਆ ਸਮਾਏ । ਜੋ ਸਿੱਖ ਚਲੇ ਗੁਰ ਕੇ ਭਾਏ । ਵਾਂਗ ਕਵਲ ਮਨ ਖਿਲਾਏ । ਥਿਰ ਘਰ ਦੀ ਸੋਝੀ ਪਾਏ । ਨਿਰਗੁਣ ਸਰਗੁਣ ਪ੍ਰਭ ਦਰਸ ਦਿਖਾਏ । ਭਗਤ ਉਧਾਰਨ ਹਰਿ ਜੀ ਆਏ । ਕਰੋ ਨਿਮਸਕਾਰ ਪ੍ਰਭ ਰਿਦੇ ਧਿਆਏ । ਜਨਮ ਆਪਣਾ ਸਫਲ ਕਰਾਏ । ਜੋ ਜੀਵ ਚਲ ਸਰਨੀ ਆਏ । ਚਰਨ ਕਵਲ ਵਿਚ ਰੱਖੇ ਸਵਾਸ । ਝੂਠੀ ਦੇਹ ਮੇਂ ਹੋਏ ਪ੍ਰਕਾਸ਼ । ਸੰਗਤ ਹੋ ਜਾਏ ਗੁਰ ਕੀ ਦਾਸ । ਸਦਾ ਸਹਾਈ ਬੈਠਾ ਪਾਸ । ਦਰ ਆਇਆ ਨਾ ਹੋਵੇ ਨਿਰਾਸ । ਦੇਵੇ ਦਾਨ ਪ੍ਰਭ ਗੁਣ ਤਾਸ । ਆਇਆ ਸਿੱਖ ਦਾ ਨਾ ਹੋਇਆ ਰਾਸ । ਜਿਹੜਾ ਖਾਵੇ ਪੀਵੇ ਮਦਿ ਮਾਸ । ਮਧ ਮਾਧਵ ਪ੍ਰਭ ਨਜ਼ਰੀ ਨਾ ਆਏ । ਪਾਰਬ੍ਰਹਮ ਆਪ ਦਰਸ ਦਿਖਾਏ । ਸਚਖੰਡ ਪ੍ਰਭ ਰਿਹਾ ਸਮਾਏ । ਦਰਗਹਿ ਸਾਚੀ ਵਿਚ ਸਿੱਖ ਪੁਚਾਏ । ਜਨਮੇਂ ਨਾ ਮਰੇ ਨਾ ਆਵੇ ਨਾ ਜਾਵੇ । ਗੇੜ ਚੁਰਾਸੀ ਗੁਰ ਕੱਟ ਵਖਾਵੇ । ਜੋਤ ਵਿਚ ਪ੍ਰਭ ਲਏ ਮਿਲਾਏ । ਮਾਨਸ ਜਨਮ ਸਫਲ ਹੋ ਜਾਏ । ਗੁਰ ਸਾਚਾ ਇਹ ਸ਼ਬਦ ਸੁਣਾਏ । ਹਉਮੇ ਮੈਲ ਮਨ ਵਿਚੋਂ ਗਵਾਏ । ਸੱਚਾ ਸ਼ਬਦ ਮੇਰਾ ਦੀਬਾਣ । ਮਹਾਰਾਜ ਸ਼ੇਰ ਸਿੰਘ ਜਾਣੀ ਜਾਣ । ਸੋ ਜਾਣੇ ਜਿਸ ਆਪ ਜਣਾਏ । ਬਿਨ ਗੁਰ ਸੋਝੀ ਕੋਈ ਨਾ ਪਾਏ । ਸੋ ਪਾਏ ਜਿਸ ਮਨ ਮਾਹਿ ਸਮਾਏ । ਜੋ ਸਿੱਖ ਗੁਰ ਕੋ ਪਰਖਣ ਆਏ । ਨੈਣੀ ਵੇਖ ਨਾ ਸੀਸ ਝੁਕਾਏ । ਨੈਣ ਜੋਤ ਆਪਣੀ

ਗੁਆਏ । ਹੋ ਕੇ ਦੁਖੀਆ ਬਹੁਤ ਦੁੱਖ ਪਾਏ । ਭੁੱਲਾ ਜੀਵ ਚੋਟਾਂ ਖਾਏ । ਏਥੇ ਓਥੇ ਕੋਈ ਨਾ ਛੁਡਾਏ । ਬੱਧਾ ਜੀਵ ਜਮਪੁਰੀ ਨੂੰ ਜਾਏ । ਐਸੀ ਸਤਿਗੁਰ ਦੀ ਸਜ਼ਾਏ । ਜੋ ਆਏ ਪ੍ਰਭ ਰਿਦੇ ਧਿਆਏ । ਉਨ ਕੀ ਘਾਲਣਾ ਪਈ ਪ੍ਰਥਾਏ । ਕਿਰਪਾਨੰਦ ਪ੍ਰਭ ਸਰਨੀ ਲਾਏ । ਦੇ ਦਰਸ਼ਨ ਪ੍ਰਭ ਤ੍ਰਿਖਾ ਬੁਝਾਏ । ਗੁਰ ਪ੍ਰਸ਼ਾਦਿ ਪਰਮਗਤ ਪਾਏ । ਵਿਚ ਬਬਾਣ ਸਵਰਗਪੁਰੀ ਸਿਧਾਏ । ਜਿਥੇ ਹਰਿ ਜੀਉ ਰਿਹਾ ਸਮਾਏ । ਓਥੇ ਕੋਈ ਆਵੇ ਨਾ ਜਾਵੇ । ਸੋ ਜਾਵੇ ਜਿਸ ਤੇ ਪ੍ਰਭ ਕਰਮ ਕਮਾਵੇ । ਅੰਤਕਾਲ ਪ੍ਰਭ ਦਰਸ ਦਿਖਾਏ । ਜਮ ਚੰਡਾਲ ਨਾ ਨਜ਼ਰੀ ਆਏ । ਗੁਰਸਿਖ ਨੂੰ ਗੁਰ ਆਪ ਲੈ ਜਾਏ । ਦਰਗਾਹ ਵਿਚ ਬੈਠਾ ਜਾਏ । ਦਿਵਸ ਰੈਣ ਹਰਿ ਨਜ਼ਰੀ ਆਏ । ਜੋਤ ਸਰੂਪੀ ਡਗਮਗਾਏ । ਪਵਣ ਉਨੰਜਾ ਸਿਰ ਛਤਰ ਝੁਲਾਏ । ਜਿਥੇ ਹਰੀ ਰਿਹਾ ਸਮਾਏ । ਸਭ ਤੋਂ ਵੱਡੀ ਉਸ ਦੀ ਥਾਏਂ । ਮਹਾਰਾਜ ਸ਼ੇਰ ਸਿੰਘ ਰਾਹ ਚਲਾਏ । ਗੁਰਸਿਖਾਂ ਨੂੰ ਗੁਰਪੁਰੀ ਪੁਚਾਏ । ਗੁਰ ਚਰਨੋਂ ਮੇਂ ਰੱਖ ਧਿਆਨ । ਮਨ ਮੇਂ ਸੋਹੰ ਸ਼ਬਦ ਗਿਆਨ । ਚੁੱਕੇ ਜੀਵ ਦਾ ਆਵਣ ਜਾਣ । ਸੱਚਾ ਗੁਰ ਸੱਚਾ ਨੀਸਾਣ । ਉਸ ਗੁਰੂ ਤੋਂ ਜਾਈਏ ਕੁਰਬਾਨ । ਜਿਸ ਦਿਤਾ ਪਹਿਨਣ ਖਾਣ । ਸਰਬ ਸੁੱਖਾਂ ਸੁੱਖ ਸ਼ਬਦ ਗਿਆਨ । ਸੋਹੰ ਸ਼ਬਦ ਕਰੋ ਗਿਆਨ । ਧਰਨੀ ਧਰ ਪ੍ਰਭ ਆਪ ਮਿਹਰਵਾਨ । ਨਰ ਸਿੰਘ ਰੂਪ ਨਰਾਇਣ ਪਛਾਣ । ਬਾਹੋਂ ਪਕੜ ਪ੍ਰਭ ਹੈ ਤਰਾਣ । ਆਵਣ ਜਾਵਣ ਦਾ ਪੰਧ ਮੁਕਾਣ । ਆਈ ਸੰਗਤ ਦਾ ਕੀਆ ਪ੍ਰਵਾਨ । ਵਿਚ ਦਰਗਾਹ ਦੇ ਦਵਾਇਆ ਮਾਣ । ਧੰਨ ਧੰਨ ਧੰਨ ਗੁਰਸਿਖ ਭਾਈ । ਗੁਰ ਚਰਨਾਂ ਦੀ ਆਸ ਜਗਾਈ । ਐਵੇਂ ਭੁੱਲੀ ਫਿਰੇ ਲੋਕਾਈ । ਬਿਨ ਗੁਰ ਸੋਝੀ ਕਿਨੇ ਨਾ ਪਾਈ । ਮਾਣ ਵਿਹੂਣੀ ਸ੍ਰਿਸ਼ਟ ਖਪਾਈ । ਗੁਰਸਿਖਾਂ ਨੂੰ ਲਏ ਤਰਾਈ । ਭੈ ਭਿਆਨਕ ਵਿਚ ਪ੍ਰਭ ਹੋਏ ਸਹਾਈ । ਐਸਾ ਹਰਿ ਕਿਉਂ ਵਿਸਰ ਜਾਈ । ਸਦਾ ਸਿਮਰੋ ਪ੍ਰਭ ਕਾ ਨਾਮ । ਸੁਫਲ ਜਨਮ ਸੁਫਲ ਕਾਮ । ਕਿਸੇ ਨਾ ਦੇਵੇ ਡੰਡ ਕਾ ਦਾਨ । ਗੁਰ ਪੁਰੀ ਪਾਓ ਬਿਸਰਾਮ । ਸੋਹੰ ਸ਼ਬਦ ਦਾ ਪੀਵੇ ਜਾਮ । ਸਿੱਖ ਹੈ ਪਹੁੰਚੇ ਬੈਕੁੰਠ ਧਾਮ । ਊਚ ਅਗੰਮ ਪ੍ਰਭ ਜਗਨ ਨਾਥ । ਸਿੱਖਨ ਕੇ ਪ੍ਰਭ ਸਦਾ ਹੈ ਸਾਥ । ਆਪ ਬਚਾਏ ਸਿਰ ਦੇ ਕਰ ਹਾਥ । ਮਿਟਾਏ ਲਿਖਤ ਜੋ ਲਿਖਾਈ ਵਿਚ ਮਾਤ । ਨਵੀਂ ਲਿਖੇ ਸੰਗ ਆਪਣੇ ਹਾਥ । ਕਥ ਕਥੀ ਪ੍ਰਭ ਕਥੀ ਅਕੱਥ । ਮਹਾਰਾਜ ਸ਼ੇਰ ਸਿੰਘ ਪ੍ਰਭ ਰਘੁਨਾਥ । ਨਾਮ ਜਪੋ ਰਮਈਆ ਗੁਣ ਗਾਓ । ਪ੍ਰਭ ਅਬਿਨਾਸ਼ੀ ਘਰ ਮਾਹਿ ਪਾਓ । ਜਨਮ ਮਰਨ ਦੇ ਦੁੱਖ ਮਿਟਾਓ । ਸਰਬ ਸੁੱਖ ਚਲੋ ਗੁਰ ਕੇ ਭਾਓ । ਮਦਿ ਮਾਸ ਮਨੋ ਤਜਾਓ । ਸੋਹੰ ਸ਼ਬਦ ਮਨ ਵਸਾਓ । ਮਹਾਰਾਜ ਸ਼ੇਰ ਸਿੰਘ ਦਾ ਦਰਸ਼ਨ ਪਾਓ । ਦੇ ਦਰਸ਼ਨ ਗੁਰ ਕਰਤ ਨਿਹਾਲ । ਆਵਣ ਜਾਵਣ ਦਾ ਗੁਰ ਤੋੜ ਜੰਜਾਲ । ਸਾਧ ਸੰਗਤ ਵਿਚ ਪ੍ਰਭ ਦਏ ਬਹਾਲ । ਥਾਏਂ ਪਾਈ ਸਿੱਖ ਦੀ ਘਾਲ । ਨੈਣੀ ਪੇਖ ਹੋ ਨਿਹਾਲ । ਲਾਲ ਅਮੁੱਲਾ ਲਾਲ ਗੁਲਾਲ । ਸਤਿਗੁਰ ਸੱਚਾ ਦੀਨ ਦਿਆਲ । ਗੁਰਸਿਖਾਂ ਨੂੰ ਲਏ ਭਾਲ । ਸੁੱਤਿਆਂ ਨੂੰ ਪ੍ਰਭ ਲਏ ਉਠਾਲ । ਦੁਸਟਾਂ ਤਾਈਂ ਗੁਰ ਦੇਵੇ ਗਾਲ । ਆਵਣ ਜਾਵਣ ਦਾ ਜਾਂ ਪਏ ਜੰਜਾਲ । ਵਿਚ ਚੁਰਾਸੀ ਪੀਸੇ ਵਾਂਗ ਦਾਲ । ਸਤਿਗੁਰ ਸੱਚਾ ਆਪ ਮਿਹਰਵਾਨ । ਸੋਹੰ ਸ਼ਬਦ ਦਾ ਦੇਵੇ ਦਾਨ । ਦਾਨ ਦੀਆ ਆਪ ਪ੍ਰਭ ਆ ਕੇ । ਸੋਹੰ ਸ਼ਬਦ ਦਾ ਨਾਮ ਜਪਾ ਕੇ । ਸੱਚਾ ਮਾਰਗ ਗੁਰਸਿਖਾਂ ਨੂੰ ਵਖਾ ਕੇ । ਰਾਮ ਕ੍ਰਿਸ਼ਨ ਦਾ ਭੇਸ ਵਟਾ ਕੇ । ਮਹਾਰਾਜ ਸ਼ੇਰ ਸਿੰਘ ਕਲ ਵਿਚ ਆ ਕੇ । ਨਿਹਕਲੰਕ ਅਵਤਾਰ ਅਖਵਾ ਕੇ । ਚਾਰ ਵੇਦ ਦਾ ਮਾਣ ਗਵਾ ਕੇ । ਗੀਤਾ ਵਾਲਾ ਸਮਾਂ ਮੁਕਾ ਕੇ । ਅੰਜੀਲ ਕੁਰਾਨ ਭਸਮ ਕਰਾ

ਕੇ । ਬਾਣੀ ਉਚਰੀ ਸਾਚੀ ਹੁਣ ਆ ਕੇ । ਬਾਕੀ ਸਭ ਪਰੇ ਹਟਾ ਕੇ । ਘਵਿੰਡ ਤਾਈਂ ਘਨਕਪੁਰੀ ਬਣਾ ਕੇ । ਬੈਠਾ ਸਤਿਗੁਰ ਆਸਣ ਲਾ ਕੇ । ਸਿਰ ਸ਼ਾਹਾਂ ਸ਼ਾਹ ਪ੍ਰਭ ਅਖਵਾ ਕੇ । ਮਹਾਰਾਜ ਸ਼ੇਰ ਸਿੰਘ ਇਹ ਬਚਨ ਲਿਖਵਾ ਕੇ । ਹੱਥੀਂ ਜਾਵੇ ਸਤਿਜੁਗ ਲਾ ਕੇ । ਜੁਗ ਸਤਿ ਦਾ ਸਤਿ ਵਰਤਾਵੇ । ਸੋਹੰ ਸ਼ਬਦ ਦਾ ਜਾਪ ਕਰਾਵੇ । ਹਰਿ ਹਰਿ ਜੀਉ ਨਜ਼ਰੀ ਆਵੇ । ਸਰਬ ਠਾਈਂ ਪ੍ਰਭ ਰਹਾਵੇ । ਆਵੇ ਨਾ ਜਾਵੇ ਪ੍ਰਭ ਥਿਰ ਰਹਾਵੇ । ਤੀਨ ਲੋਕ ਪ੍ਰਭ ਖੇਲ ਬਣਾਵੇ । ਜਹਾਂ ਦੇਖੋ ਤਹਾਂ ਨਜ਼ਰੀ ਆਵੇ । ਆਕਾਸ਼ ਪਾਤਾਲ ਮਾਤਲੋਕ ਸਦਾਵੇ । ਜੋਤ ਰੂਪ ਪ੍ਰਭ ਜੋਤ ਪ੍ਰਗਟਾਵੇ । ਵਿਚ ਸੰਗਤ ਪ੍ਰਭ ਦਇਆ ਕਮਾਵੇ । ਮੁਖੋਂ ਬੋਲ ਬੋਲ ਪ੍ਰਭ ਬਚਨ ਲਿਖਾਵੇ । ਗੁਰਸਿਖਾਂ ਦੇ ਕੰਨ ਪਵਾਵੇ । ਅਨਹਦ ਸ਼ਬਦ ਮਨ ਵਜਾਵੇ । ਖੋਲ੍ਹ ਕਪਾਟ ਗੁਰ ਦਰਸ ਦਿਖਾਵੇ । ਤ੍ਰੈਲੋਕੀ ਵਿਚੋਂ ਧੁਨ ਇਹ ਆਵੇ । ਓਅੰ ਸੋਹੰ ਰਸਨਾ ਗਾਵੇ । ਗੁਰ ਪੂਰੇ ਦਾ ਦਰਸ਼ਨ ਪਾਵੇ । ਜਨਮ ਜਨਮ ਪਾਪ ਗਵਾਵੇ । ਚਰਨ ਕਵਲ ਵਿਚ ਪ੍ਰਭ ਹੈ ਲਾਵੇ । ਸਾਧ ਸੰਗਤ ਦੇ ਵਿਚ ਬਹਾਵੇ । ਮਨ ਦਾ ਹੰਗਤਾ ਰੋਗ ਗਵਾਵੇ । ਮੈਂ ਤੂੰ ਦਾ ਭੇਤ ਹਟਾਵੇ । ਸੱਚੋ ਸਚ ਪ੍ਰਭ ਨਜ਼ਰੀ ਆਵੇ । ਸੋਹੰ ਸ਼ਬਦ ਜੋ ਮਨ ਵਸਾਵੇ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ । ਨਿਜ ਘਰ ਬੈਠਾ ਤਾੜੀ ਲਾਵੇ । ਅਨੰਦ ਬਿਨੋਦੀ ਪ੍ਰਭ ਖੇਲ ਰਚਾਵੇ । ਝੂਠੇ ਧੰਦੇ ਜਗਤ ਨੂੰ ਲਾਵੇ । ਮੋਹ ਮਾਇਆ ਦੇ ਵਿਚ ਫਸਾਵੇ । ਗੁਰਸਿਖਾਂ ਤੇ ਦਇਆ ਕਮਾਵੇ । ਬੇਮੁਖਾਂ ਨੂੰ ਪਰੇ ਹਟਾਵੇ । ਕਲਜੁਗ ਕਲੂ ਕਾਲ ਹੈ ਖਾਵੇ । ਅਗਨ ਕੁੰਡ ਮੇਂ ਸਦਾ ਤਪਾਵੇ । ਬਿਨ ਗੁਰ ਜੀਵ ਮੁਕਤ ਨਾ ਪਾਵੇ । ਮੁਕਤ ਜੁਗਤ ਦਾਤਾ ਅਖਵਾਵੇ । ਲੱਖ ਚੁਰਾਸੀ ਵਿਚ ਭਵਾਵੇ । ਕਰਮਾਂ ਸੰਦੜਾ ਫਲ ਖਵਾਵੇ । ਹੋਵੇ ਕਿਰਪਾਲ ਜਾਂ ਦਇਆ ਕਮਾਵੇ । ਪਤਿਤ ਪਾਪੀ ਸਭ ਤਰਾਵੇ । ਪਸ਼ੂ ਪ੍ਰੇਤੋਂ ਪ੍ਰਭ ਦੇਵ ਬਣਾਵੇ । ਘਰ ਸਾਚੇ ਦੀ ਸੋਝੀ ਪਾਵੇ । ਜਿਥੋਂ ਪ੍ਰਭ ਜੀਵ ਉਪਾਵੇ । ਜੋਤ ਸਰੂਪ ਵਿਚ ਜੋਤ ਸਮਾਵੇ । ਜਗਨ ਨਾਥ ਪ੍ਰਭ ਆਪ ਅਖਵਾਵੇ । ਏਕ ਬੂੰਦ ਦੇਹ ਬਣਾਵੇ । ਹੱਡ ਮਾਸ ਨਾੜੀ ਪਿੰਜਰ ਬਣਾ ਕੇ । ਬੈਠਾ ਵਿਚ ਪ੍ਰਭ ਭੇਤ ਛੁਪਾ ਕੇ । ਸੱਚਾ ਪ੍ਰਭ ਬੈਠਾ ਸੱਚਾ ਆਸਣ ਲਾ ਕੇ । ਮਾਇਆ ਵਾਲਾ ਜੀਵ ਨੂੰ ਪਰਦਾ ਪਾ ਕੇ । ਵਾਂਗ ਪੰਛੀ ਮਨ ਉਡਾਏ । ਛਿਨ ਮਹਿ ਏਥੇ ਛਿਨ ਲੱਖ ਕੋਸੀ ਜਾਏ । ਬੁਰੇ ਭਲੇ ਇਹ ਫੁਰਨੇ ਪਾਏ । ਭੰਨਾ ਫਿਰੇ ਸਭਨੀ ਥਾਈਂ । ਵਿਚ ਬੈਠੀ ਮਤਿ ਆਪਣਾ ਆਪ ਲੁਕਾਏ । ਮਨ ਨੂੰ ਰੋਕੇ ਇਹ ਸਮਝਾਏ । ਨਾ ਭੱਜ ਬੌਰੇ ਨਾ ਫਿਰ ਤਿਲਕਾਏ । ਕਾਮ ਕਰੋਧ ਵਲ ਮੂਲ ਨਾ ਜਾਏ । ਇਸ ਤੋਂ ਵੱਡੀ ਬੁੱਧ ਬਿਬੇਕ । ਜਿਹੜੀ ਰੋਕੇ ਵਾਰੀ ਏਕ । ਪ੍ਰਭ ਸਾਚੇ ਦੀ ਪਕੜੀ ਟੇਕ । ਨਰਕ ਕੁੰਡ ਦਾ ਨਾ ਆਵੇ ਸੇਕ । ਇਹ ਤ੍ਰੈ ਵਸਤ ਦੇਹ ਵਿਚ ਪਾਈ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਾਈ । ਫਿਰ ਇਸ ਦੇਹ ਦੀ ਬਣਤ ਬਣਾਈ । ਕਾਮ ਕਰੋਧ ਲੋਭ ਮੋਹ ਵਿਚ ਹੰਕਾਰ ਟਿਕਾਈ । ਭੁੱਲਾ ਜੀਵ ਠੌਰ ਨਾ ਪਾਈ । ਬਿਨ ਗੁਰ ਦੇਖੇ ਸ਼ਾਂਤ ਨਾ ਆਈ । ਦਰ ਦਰ ਲੂਝੇ ਧੱਕੇ ਖਾਈ । ਵਾਂਗ ਸੁਆਨ ਭੁੱਖੇ ਭੱਖ ਖਾਈ । ਜਿਉਂ ਵਿਸ਼ਟਾ ਵਿਚ ਜੀਵ ਹੋ ਜਾਈ । ਤੈਸਾ ਬੇਮੁਖ ਗੁਰ ਤੋਂ ਭਾਈ । ਦਰਗਾਹ ਵਿਚ ਮਿਲੇ ਸਜਾਈ । ਗੁਰ ਪੂਰੇ ਇਹ ਲਿਖਤ ਕਰਾਈ । ਸੋ ਸਿੱਖ ਜਿਨ ਮਨ ਸੁਧਾਰਿਆ । ਪੂਰਾ ਸਤਿਗੁਰ ਰਿਦੇ ਚਿਤਾਰਿਆ । ਕਰ ਕਿਰਪਾ ਪ੍ਰਭ ਪਾਰ ਉਤਾਰਿਆ । ਭਗਤ ਜਨਾਂ ਹਰਿ ਕਾਜ ਸਵਾਰਿਆ । ਹੰਕਾਰੀਆਂ ਤਾਈਂ ਪ੍ਰਭ ਆਪ ਸੰਘਾਰਿਆ । ਸਿੱਖ ਦੇ ਨੇੜ ਨਾ ਆਵੇ ਜਮ ਜੰਦਾਰਿਆ । ਗੁਰ ਪੂਰੇ ਇਹ ਬਿਰਦ ਹੈ ਧਾਰਿਆ । ਸੋਹੰ ਸ਼ਬਦ ਦਾ ਨਾਮ ਜਪਾਇਆ । ਭੁੱਲਿਆਂ ਨੂੰ ਪ੍ਰਭ ਮਾਰਗ ਪਾਇਆ । ਕਲਜੁਗ ਵਿਚ ਗੁਰ ਦਰਸ

ਦਿਖਾਇਆ । ਰੁੜ੍ਹਦਾ ਬੇੜਾ ਗੁਰ ਬੰਨੇ ਲਾਇਆ । ਆਵਣ ਜਾਵਣ ਦਾ ਪੰਧ ਮੁਕਾਇਆ । ਧਰਮ ਰਾਏ ਨਾ ਦੇ ਸਜ਼ਾਇਆ । ਵਿਚ ਚੁਰਾਸੀ ਸਿੱਖ ਨਾ ਆਇਆ । ਪਤਾਲੋਂ ਚੁੱਕ ਆਕਾਸ਼ ਬਹਾਇਆ । ਨਾਮ ਬੈਕੁੰਠ ਮੇਰਾ ਧਾਮ ਅਖਵਾਇਆ । ਜੋਤ ਮੇਰੀ ਦਾ ਤੇਜ ਸਵਾਇਆ । ਨਾ ਪ੍ਰਭ ਡੋਲੇ ਨਾ ਕਿਸੇ ਡੁਲਾਇਆ । ਏਕ ਸਮਾਨ ਪ੍ਰਭ ਸਦਾ ਰਘੁਰਾਇਆ । ਥਿਰ ਘਰ ਵਾਸੀ ਜਿਨ ਇਹ ਖੇਲ ਰਚਾਇਆ । ਜੀਵ ਜੰਤ ਵਿਚ ਆਪਣਾ ਆਪ ਟਿਕਾਇਆ । ਪਵਨ ਰੂਪ ਸਵਾਸ ਚਲਾਇਆ । ਇਸ ਦਾ ਭੇਤ ਕਿਸੇ ਨਾ ਪਾਇਆ । ਔਂਦਾ ਜਾਂਦਾ ਨਜ਼ਰ ਨਾ ਆਇਆ । ਜੇ ਆਵੇ ਤਾਂ ਜੀਵ ਕਹਾਵੇ । ਬਿਨ ਸਵਾਸ ਖੇਹ ਹੋ ਜਾਵੇ । ਪੂਰਾ ਗੁਰ ਜੇ ਦਇਆ ਕਮਾਵੇ । ਸਵਾਸ ਸਵਾਸ ਜੀਵ ਪ੍ਰਭ ਰਿਦੇ ਧਿਆਵੇ । ਸਦਾ ਹੀ ਚਲੇ ਗੁਰ ਕੇ ਭਾਏ । ਸਾਧ ਸੰਗਤ ਸੰਗ ਪਿਆਰ ਰਖਾਏ । ਦੇਖ ਸਿੱਖ ਨਾ ਮੱਥੇ ਵਟ ਪਾਏ । ਹੋ ਖੁਸ਼ ਜੇ ਗੁਰਸਿਖ ਨਜ਼ਰੀ ਆਏ । ਮੈਂ ਹਾਂ ਆਪਣੇ ਸਿੱਖ ਮਾਹਿ । ਮੋਕੋ ਦੇਖੋ ਸਭਨੀ ਥਾਏਂ । ਪੂਰਨ ਗੁਰ ਹੋਇਆ ਜਗਤਾਰ । ਹੱਥ ਜੋੜ ਕਰੋ ਨਿਮਸਕਾਰ । ਸੱਚਾ ਆਪ ਸੱਚੀ ਸਰਕਾਰ । ਜੀਵਤ ਕੋ ਪ੍ਰਭ ਦੇਤ ਅਧਾਰ । ਸਿੱਖ ਨੂੰ ਬਖ਼ਸ਼ੇ ਕਿਰਪਾ ਧਾਰ । ਅੰਮ੍ਰਿਤ ਬਰਖੇ ਬੂੰਦ ਬੂੰਦਾਰ । ਕੁਲ ਦੁੱਖ ਕਾਟੇ ਅੰਮ੍ਰਿਤ ਰਸ ਪਾਏ, ਗੁਰ ਖੋਲ੍ਹੇ ਕਪਾਟੇ, ਗੁਰ ਨਜ਼ਰੀ ਆਏ ਮੁਰਾਰ । ਮਹਾਰਾਜ ਸ਼ੇਰ ਸਿੰਘ ਪੂਰਨ ਗੁਰ ਅਵਤਾਰ । ਕੋਈ ਨਾ ਇਸ ਦੀ ਲੇਵੇ ਸਾਰ । ਆਪ ਅਭੇਤ ਕੋਈ ਭੇਤ ਨਾ ਜਾਣੇ । ਹਰਿ ਰੰਗ ਪ੍ਰਭ ਰਿਹਾ ਸਮਾਣੇ । ਪਿਤਾ ਗੁਰ ਸਿੱਖ ਬੱਚੇ ਅੰਵਾਣੇ । ਮਹਾਰਾਜ ਸ਼ੇਰ ਸਿੰਘ ਸੰਗ ਨਿਭਾਣੇ । ਸੱਚਾ ਗੁਰ ਸਚ ਨਿਸਾਣੋ । ਘਰ ਬੈਠੇ ਪ੍ਰਭ ਰੰਗ ਮਾਣੋ । ਆਇਆ ਆਕਾਸ਼ੋਂ ਬਿਨਾ ਬਬਾਣੋ । ਸਾਧ ਸੰਗ ਵਿਟਹੁ ਕੁਰਬਾਨੋ । ਮਹਾਰਾਜ ਸ਼ੇਰ ਸਿੰਘ ਸੰਗ ਸਦਾ ਸੁਖ ਮਾਣੋ । ਗੁਰ ਚਰਨਾਂ ਵਿਚ ਸਿੱਖ ਬਿਠਾਇਆ । ਗੁਰ ਪ੍ਰਸਾਦੀ ਗੁਰ ਨਾਮ ਦਵਾਇਆ । ਗਿਆਨ ਗੋਝ ਦਾ ਪਰਦਾ ਲਾਹਿਆ । ਦਸਵਾਂ ਦਵਾਰ ਹੈ ਖੋਲ੍ਹ ਵਖਾਇਆ । ਆਪਣਾ ਭੇਤ ਗੁਰ ਆਪ ਜਤਾਇਆ । ਜੋਤ ਸੰਗ ਇਹ ਦੀਪਕ ਜਲਾਇਆ । ਗੁਣ ਨਿਧਾਨ ਗੁਣ ਦੇਹ ਵਿਚ ਪਾਇਆ । ਪ੍ਰੀਤਮ ਸਿੰਘ ਨੂੰ ਸ਼ਬਦ ਸੁਣਾਇਆ । ਗੁਰਸਿੱਖੀ ਵਿਚ ਗੁਰ ਸਿੱਖ ਪ੍ਰਗਟਾਇਆ । ਭਗਤ ਜਨਾਂ ਵਿਚ ਨਾਂ ਲਿਖਾਇਆ । ਚਹੁੰ ਜੁਗਾਂ ਵਿਚ ਕਰ ਅਟੱਲ ਬਹਾਇਆ । ਵਰ ਘਰ ਸਿੱਖ ਨੇ ਗੁਰ ਤੋਂ ਪਾਇਆ । ਪ੍ਰਭ ਅਬਿਨਾਸ਼ੀ ਰਿਦੇ ਧਿਆਇਆ । ਦੁੱਖ ਭੰਜਨ ਅਬਿਨਾਸ਼ੀ ਆਇਆ । ਸਰਬ ਕਲਾ ਸਮਰਥ ਜਿਨ ਇਹ ਬਚਨ ਲਿਖਾਇਆ । ਸਿਰ ਤੇ ਰੱਖੇ ਹੱਥ ਬੇੜਾ ਗੁਰ ਬੰਨੇ ਲਾਇਆ । ਹੋਇਆ ਮੁਖ ਸਦਾ ਹੈ ਉਜਲ, ਗੁਰਚਰਨ ਸੰਗ ਰਹੇ ਸਮਾਇਆ । ਪਾਲ ਸਿੰਘ ਵਾਂਗ ਇਸ ਨੂੰ ਮਾਣ ਦਵਾਇਆ । ਗੁਰ ਸੱਚੇ ਸਿਰ ਛਤਰ ਝੁਲਾਇਆ । ਦੀਨਾਂ ਨਾਥ ਕਰੀ ਇਹ ਦਇਆ । ਪ੍ਰੀਤਮ ਤੋਂ ਪੂਰਨ ਪੁਰਖ ਬਣਾਇਆ । ਅਨਹਦ ਸ਼ਬਦ ਮਨ ਵਜਾਇਆ । ਰੰਗ ਮਜੀਠੀ ਪ੍ਰਭ ਆਪ ਚੜ੍ਹਾਇਆ । ਦੇਹ ਕੰਚਨ ਨੂੰ ਸੋਨਾ ਬਣਾਇਆ । ਕੋਟ ਵਸਤ ਵਿਚ ਹਰਿ ਜੀਉ ਆਇਆ । ਵਾਂਗ ਕ੍ਰਿਸ਼ਨ ਉਪਦੇਸ਼ ਸੁਣਾਇਆ । ਅਰਜਨ ਦਾ ਸੀ ਰਥ ਚਲਾਇਆ । ਬਣ ਰਥਵਾਹੀ ਸ਼ੇਰ ਸਿੰਘ ਅਖਵਾਇਆ । ਬੇੜਾ ਜਿਸ ਨੇ ਬੰਨੇ ਲਾਇਆ । ਭਗਤ ਜਨਾਂ ਜੈਕਾਰ ਕਰਾਇਆ । ਪ੍ਰੀਤਮ ਸਿੰਘ ਦਾ ਤੇਜ ਸਵਾਇਆ । ਮਹਾਰਾਜ ਸ਼ੇਰ ਸਿੰਘ ਚਰਨਾਂ ਵਿਚ ਬਹਾਇਆ । ਸੰਗਤਾਂ ਦਾ ਸਿਰਤਾਜ ਬਣਾਇਆ ।

ਨਿਹਕਲੰਕ ਹਰਿ ਸ਼ਬਦ

ਨਰ ਨਰਾਇਣ ਆਪ ਪ੍ਰਭ ਆਇਆ । ਹੋਏ ਦਿਆਲ ਗੁਰ ਦਰਸ ਦਿਖਾਇਆ । ਗੁਰ ਸੰਗਤ ਨੂੰ ਗੁਰ ਚਰਨੀ ਲਾਇਆ । ਭਾਰ ਉਨ੍ਹਾਂ ਦਾ ਪ੍ਰਭ ਆਪ ਉਠਾਇਆ । ਹੋ ਮਲਾਹ ਪ੍ਰਭ ਲਏ ਤਰਾਇਆ । ਆਵਣ ਜਾਵਣ ਦਾ ਪੰਧ ਮੁਕਾਇਆ । ਅਬਿਨਾਸ਼ੀ ਅਵਿਗਤ ਪ੍ਰਭ ਆਇਆ । ਪਸੂ ਪਰੇਤੋਂ ਕਰ ਦੇਵ ਬਹਾਇਆ । ਅਸੁਰ ਸੁਰ ਗੁਰਸਿਖ ਬਣਾਏ । ਕਲਜੁਗ ਵਿਚੋਂ ਲਏ ਤਰਾਏ । ਮਹਾਰਾਜ ਸ਼ੇਰ ਸਿੰਘ ਹੋਏ ਸਹਾਏ । ਜਮ ਕੰਕਰ ਕੋਈ ਨੇੜ ਨਾ ਆਏ । ਸਚਖੰਡ ਪ੍ਰਭ ਰਿਹਾ ਸਮਾਏ । ਸਾਚੇ ਸਿੱਖ ਗੁਰ ਸਚ ਬਿਠਾਏ । ਲੱਖ ਚੁਰਾਸੀ ਵਿਚੋਂ ਪ੍ਰਭ ਆਪ ਕਢਾਏ । ਕਵਲ ਬਿਗਾਸਣ ਸਰਬ ਰਿਹਾ ਸਮਾਏ । ਨਾ ਉਹ ਮਰੇ ਨਾ ਆਵੇ ਨਾ ਜਾਏ । ਮਹਾਰਾਜ ਸ਼ੇਰ ਸਿੰਘ ਹੋਏ ਸਹਾਏ । ਸਦਾ ਅਖੰਡ ਆਪ ਕਿਰਪਾਲ । ਦੀਨ ਦਿਆਲ ਅਨੁਠੜਾ ਲਾਲ । ਕੋਈ ਨਾ ਜਾਣੇ ਇਹ ਲਾਲ ਗੁਲਾਲ । ਪੂਰਾ ਗੁਰ ਆਪ ਹੋਏ ਕਿਰਪਾਲ । ਗੁਰਸਿਖਾਂ ਨੂੰ ਇਹ ਦੇ ਦਿਖਾਲ । ਮਹਾਰਾਜ ਸ਼ੇਰ ਸਿੰਘ ਦੀਨ ਦਿਆਲ । ਸਦ ਬਖ਼ਸ਼ੰਦ ਦੀਨ ਦਿਆਲ । ਕਲਜੁਗ ਵਿਚੋਂ ਲਏ ਨਿਕਾਲ । ਖਾਣੀਆਂ ਓਨ ਦਿਤੀਆਂ ਗਾਲ । ਪਾਪੀਆਂ ਤਾਈਂ ਵੱਜੀ ਬਾਣ । ਗੀਤਾ ਦਾ ਗਿਆ ਗਿਆਨ । ਕੁਰਾਨ ਦਾ ਗਿਆ ਈਮਾਨ । ਅੰਜੀਲ ਅੰਜਾਬ ਪ੍ਰਭ ਆਪ ਬਣਾਏ । ਗਊ ਹੱਤਿਆ ਵਾਲੇ ਸਭ ਖੇਹ ਰੁਲਾਵੇ । ਮਦਿਰਾ ਮਾਸ ਜੋ ਕਰੇ ਅਹਾਰ । ਕੁੰਭੀ ਨਰਕ ਦਿਤਾ ਡਾਲ । ਜੰਮੇ ਮਰੇ ਹੋਏ ਖੁਆਰ । ਬਿਨ ਗੁਰ ਕੋਈ ਨਾ ਲਾਵੇ ਪਾਰ । ਹਾਹਾਕਾਰ ਕਰੇ ਦੁਰਾਚਾਰ । ਕੂਕਰ ਸ਼ੂਕਰ ਜੂਨ ਉਤਾਰ । ਵਿਸ਼ਟਾ ਵਿਚ ਵਿਸ਼ਟਾ ਜੰਤ ਬਣਾਇਆ । ਲੱਖ ਜੂਨ ਇਹ ਕਿਰਮ ਬਣਾਇਆ । ਜੋ ਜਨ ਮੇਰਾ ਨਾਮ ਧਿਆਏ । ਸੋਹੰ ਸ਼ਬਦ ਰਿਦੇ ਸਮਾਏ । ਥਿਰ ਘਰ ਧਾਮ ਦੀ ਸੋਝੀ ਪਾਏ । ਦਵਾਰ ਦਸਵਾਂ ਪ੍ਰਭ ਦੇ ਖੁਲ੍ਹਾਏ । ਅਨਹਦ ਸ਼ਬਦ ਮਨ ਦਏ ਵਜਾਏ । ਨਿਜਾਨੰਦ ਨਿਜ ਉਸ ਨੂੰ ਆਏ । ਪ੍ਰਭ ਅਬਿਨਾਸ਼ੀ ਘਰ ਮਾਹਿ ਪਾਏ । ਮਹਾਰਾਜ ਸ਼ੇਰ ਸਿੰਘ ਨਜ਼ਰੀ ਆਏ । ਨਜ਼ਰੀ ਆਏ ਸਤਿਗੁਰ ਪੂਰਾ । ਹਾਜ਼ਰ ਹਜ਼ੂਰ ਸਦਾ ਗੁਰ ਸੂਰਾ । ਹਾਜ਼ਰ ਹਜ਼ੂਰ ਪ੍ਰਭ ਸੰਗਤ ਮਾਹਿ । ਘਾਲ ਸਿੱਖਾਂ ਦੀ ਪਾਏ ਥਾਏਂ । ਰਘੁਬੰਸ ਰਘੁਨਾਥ ਰਘੁਰਾਇਆ । ਤ੍ਰੈਲੋਕੀ ਨੰਦ ਘਰ ਮਾਹਿ ਪਾਇਆ । ਗੁਰਸਿਖਾਂ ਦਾ ਸੰਸਾ ਲਾਹਿਆ । ਸਚ ਸ਼ਬਦ ਗੁਰ ਆਪ ਸੁਣਾਇਆ । ਸੋਹੰ ਸ਼ਬਦ ਦਾ ਜਾਪ ਕਰਾਇਆ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਦਰਸ ਦਿਖਾਵੇ ਮਾਰਗ ਪਾਵੇ । ਭੁੱਲੇ ਸਿੱਖ ਨੂੰ ਚਰਨੀ ਲਾਵੇ । ਚਰਨ ਕਵਲ ਪ੍ਰਭ ਕੇ ਪਰਸੇ । ਸੁਖੀ ਜੀਵ ਸਦਾ ਸਮ ਦਰਸੇ । ਅੰਮ੍ਰਿਤ ਹਰਿ ਜੀਉ ਆਪ ਇਹ ਬਰਖੇ । ਜਗਨ ਨਾਥ ਗੋਪਾਲ ਮੁਖ ਮਣੀ । ਪ੍ਰਭ ਅਬਿਨਾਸ਼ੀ ਸਭ ਦਾ ਧਨੀ । ਇਸ ਦੀ ਮਹਿੰਮਾ ਕਿਸੇ ਨਾ ਗਣੀ । ਸੋ ਤਰਿਆ ਜਿਸ ਦੀ ਚਰਨ ਸੰਗ ਬਣੀ । ਪੂਰਾ ਸਤਿਗੁਰ ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਤਨੀ । ਕਿਰਪਾਨਿਧ ਕਿਰਪਾ ਪ੍ਰਭ ਕਰੇ । ਦੁੱਖ ਦਲਿਦਰ ਸਿਖਨ ਕੇ ਹਰੇ । ਆਏ ਸਿੱਖ ਜੋ ਸਰਨੀ ਪਰੇ । ਦਰਗਾਹ ਸਾਚੀ ਸਚ ਖਰੇ । ਜਮ ਕਾ ਡੰਡ ਨਾ ਮੂੰਡ ਮੇਂ ਪਰੇ । ਸਦਾ ਸਹਾਈ ਆਪ ਹਰਿ ਹਰੇ । ਅੰਤ ਕਾਲ ਪ੍ਰਭ ਰਛਿਆ ਕਰੇ । ਗੁਰ ਪੂਰਾ ਗੁਰਪੁਰੀ ਹੈ ਖੜੇ । ਬੈਕੁੰਠ ਧਾਮ ਗੁਰਸਿਖ ਨਿਵਾਸੀ । ਜਿਥੇ ਬੈਠਾ ਪ੍ਰਭ ਅਬਿਨਾਸ਼ੀ । ਪ੍ਰਿਤਪਾਲਕ ਸਾਸ ਗਰਾਸ । ਉਤਰੇ ਪਾਰ ਜਿਨ ਆਈ ਰਾਸ । ਨਿੰਦਕਾਂ ਦੁਸ਼ਟਾਂ ਦਾ ਪ੍ਰਭ ਕੀਤਾ ਨਾਸ । ਗੁਰਸਿਖਾਂ ਮਨ ਭਇਆ ਪ੍ਰਕਾਸ਼ । ਮਹਾਰਾਜ ਸ਼ੇਰ ਸਿੰਘ ਸਦਾ ਗੁਣਤਾਸ । ਸੋਹੰ ਸ਼ਬਦ ਸਚਖੰਡ ਨਿਵਾਸ । ਸਚਖੰਡ

ਪ੍ਰਭ ਸਚ ਬਣਾਇਆ । ਸੱਚੋ ਸਚ ਪ੍ਰਭ ਸਚ ਮਾਹਿ ਸਮਾਇਆ । ਹੋਏ ਅਧੀਨ ਸੰਗਤ ਰਿਦੇ ਧਿਆਇਆ । ਛੱਡ ਬੈਕੁੰਠ ਮਾਤਲੋਕ ਮੇਂ ਆਇਆ । ਸ਼ੇਰ ਸਿੰਘ ਨਿਹਕਲੰਕ ਅਖਵਾਇਆ । ਕਲਜੁਗ ਦਾ ਹੁਣ ਗਰਬ ਗਵਾਇਆ । ਜੋਤ ਪਵਣ ਦਾ ਖੇਲ ਚਲਾਇਆ । ਜੋਤ ਸਰੂਪ ਦੇਹ ਮੇਂ ਆਇਆ । ਧਰਤ ਧਵਲ ਨੂੰ ਫੜ ਹਿਲਾਇਆ । ਹਾਹਾਕਾਰ ਕਰ ਜੀਵ ਜੰਤ ਰਵਾਇਆ । ਵਾਂਗ ਕੋਹਲੂ ਪੀੜ ਘਾਣੀ ਪਾਇਆ । ਸ੍ਰਿਸ਼ਟ ਦਾ ਇਹ ਅੰਤ ਹੁਣ ਆਇਆ । ਮਹਾਰਾਜ ਸ਼ੇਰ ਸਿੰਘ ਹੁਣ ਬਚਨ ਲਿਖਾਇਆ । ਅੰਤਕਾਲ ਕਲਜੁਗ ਦਾ ਆਇਆ । ਕਰਮਾਂ ਇਸ ਦਿਆਂ ਮਾਰ ਗਵਾਇਆ । ਫਲ ਉਸ ਦਾ ਭੋਗਣਾ ਪਾਇਆ । ਚਮਤਕਾਰ ਗੁਰ ਇਹ ਦਿਖਾਏ । ਦੁਸ਼ਟ ਦੁਰਾਚਾਰ ਸਭ ਭਸਮ ਕਰਾਏ । ਸਰਗੁਣ ਨਿਰਗੁਣ ਪ੍ਰਭ ਖੇਲ ਰਚਾਏ । ਕਲਜੁਗ ਤੋਂ ਸਤਿਜੁਗ ਬਣਾਏ । ਕਰਮ ਧਰਮ ਦਾ ਰਾਹ ਬਤਾਏ । ਸਿਧ ਮਾਰਗ ਸਿੱਖਾਂ ਨੂੰ ਲਾਏ । ਸ਼ਰਾਬ ਮਾਸ ਦੇ ਨੇੜ ਨਾ ਜਾਏ । ਥਿਰ ਘਰ ਵਾਸੀ ਘਰ ਮੇਂ ਪਾਏ । ਪੰਜ ਤੱਤ ਮੇਂ ਰਿਹਾ ਸਮਾਏ । ਜਪੋ ਸੋਹੰ ਤਾਂ ਨਜ਼ਰੀ ਆਏ । ਜਗਮਗ ਜੋਤ ਪ੍ਰਭ ਡਗਮਗਾਏ । ਨਿਜ ਘਰ ਬੈਠਾ ਤਾੜੀ ਲਾਏ । ਸੋ ਵੇਖੋ ਜੋ ਸ਼ੇਰ ਸਿੰਘ ਰਿਦੇ ਧਿਆਏ । ਦੇਹ ਮੰਦਰ ਮੇਂ ਪ੍ਰਭ ਰਿਹਾ ਸਮਾਏ । ਪਵਣ ਸਰੂਪ ਪ੍ਰਭ ਸਵਾਸ ਬਣਾਏ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਾਏ । ਮਨ ਮਤਿ ਬੁਧਿ ਹੰਕਾਰ ਵਿਚ ਟਿਕਾਏ । ਉਹਲੇ ਬੈਠਾ ਤਾੜੀ ਲਾਏ । ਆਪ ਵੇਖੇ ਨਜ਼ਰ ਨਾ ਆਏ । ਭੁਲਾ ਜੀਵ ਸ਼ਾਂਤ ਨਾ ਪਾਏ । ਕਰੇ ਵਿਕਾਰ ਦਰ ਧੱਕੇ ਖਾਏ । ਬਿਨ ਗੁਰ ਪਾਰ ਨਾ ਕੋਈ ਲਗਾਏ । ਹਾਹਾਕਾਰ ਕਰੇ ਬਿਲਲਾਏ । ਧਰਮ ਰਾਜ ਜਬ ਦੇ ਸਜ਼ਾਏ । ਕੁੰਭੀ ਨਰਕ ਮਿਲੇ ਸਜ਼ਾਏ । ਭੁੱਲਾ ਜੀਵ ਫਿਰ ਠੌਰ ਨਾ ਪਾਏ । ਅੰਤਕਾਲ ਜੋ ਪ੍ਰਭ ਧਿਆਏ । ਹੋਵੇ ਦਿਆਲ ਪ੍ਰਭ ਦਰਸ ਦਿਖਾਏ । ਵਿਚ ਬਬਾਣ ਮੇਂ ਬੈਠਾਏ । ਬੈਕੁੰਠ ਧਾਮ ਪ੍ਰਭ ਦਏ ਪੁਚਾਏ । ਜਿਥੇ ਹਰਿ ਜੀਉ ਰਿਹਾ ਸਮਾਏ । ਜੋਤ ਜਗਤ ਦੀ ਪਿਆ ਜਲਾਏ । ਪਾਪੀ ਪਤਤ ਪਾਰ ਉਤਾਰ । ਹਮ ਨਿਰਗੁਣ ਤੂੰ ਨਹੀਂ ਚਿਤਾਰ । ਤੂੰ ਬਖ਼ਸ਼ੰਦ ਅਸੀਂ ਭੁੱਲਣਹਾਰ । ਗੁਰਸਿਖਾਂ ਦੀ ਇਹ ਪੁਕਾਰ । ਡੁਬਦਾ ਬੇੜਾ ਲਈਂ ਤਾਰ । ਕਲਜੁਗ ਆਇਆ ਛਾਲਾਂ ਮਾਰ । ਐਸਾ ਹੋ ਵਗੂ ਦੋ ਧਾਰ । ਸ੍ਰਿਸ਼ਟ ਡੁੱਬੂ ਵਿਚ ਮੰਝਧਾਰ । ਗੁਰਸਿਖ ਉਤਰਨ ਪਾਰ । ਸੋਹੰ ਸ਼ਬਦ ਸਚ ਕਰਤਾਰ । ਨਾਏਂ ਲਈਏ ਸਿੱਖ ਉਤਰੇ ਪਾਰ । ਭਗਤ ਵਛਲ ਪ੍ਰਭ ਦੇਤ ਉਧਾਰ । ਮਹਾਰਾਜ ਸ਼ੇਰ ਸਿੰਘ ਪੂਰਨ ਪਰਮੇਸ਼ਵਰ ਅਵਤਾਰ । ਨਿਹਕਲੰਕ ਕਲਜੁਗ ਅਵਤਾਰ । ਨਿਹਕੇਵਲ ਨਿਹਕੰਟਕ ਪ੍ਰਭ ਆਪ । ਸਭ ਤੋਂ ਵੱਡਾ ਜਿਸ ਦਾ ਪ੍ਰਤਾਪ । ਆਦਿ ਅੰਤ ਪ੍ਰਭ ਆਪ ਹੈ ਆਪ । ਮਹਾਰਾਜ ਸ਼ੇਰ ਸਿੰਘ ਸਭ ਸ੍ਰਿਸ਼ਟ ਥਾਪਿਓ ਥਾਪ । ਐਸਾ ਸਤਿਗੁਰ ਕਰਮ ਕਮਾਇਆ । ਗੁਰਸਿਖਾਂ ਨੂੰ ਇਹ ਰਾਹ ਬਤਾਇਆ । ਕਲਜੁਗ ਵਿਚ ਦਰਸ ਦਿਖਾਇਆ । ਆਤਮ ਸੰਸਾ ਸਭ ਦਾ ਲਾਹਿਆ । ਸਚ ਸ਼ਬਦ ਗੁਰ ਸਚ ਪਠਾਇਆ । ਸੋਹੰ ਸ਼ਬਦ ਦਾ ਰਾਗ ਸੁਣਾਇਆ । ਗੁਰਸਿਖਾਂ ਦਾ ਜਿਸ ਭੇਤ ਚੁਕਾਇਆ । ਜੋਤ ਸੰਗ ਜੋਤ ਮਿਲਾਇਆ । ਸਤਿ ਪੁਰਖ ਸਤਿ ਸਿੱਖ ਹੈ ਹੋਏ । ਗੁਰਮੁਖ ਗੁਰਸਿਖ ਗੁਰ ਦਰ ਕੇ ਹੋਏ । ਗੁਰ ਸਿੱਖ ਮਾਹਿ ਭੇਤ ਨਾ ਕੋਇ । ਜੀਵਣ ਵਿਚ ਰਿਦੇ ਗੁਰ ਚਰਨ ਪਰੋਏ । ਮਹਾਰਾਜ ਸ਼ੇਰ ਸਿੰਘ ਦਿਸੇ ਤ੍ਰੈਲੋਏ । ਸੋਹੰ ਸ਼ਬਦ ਦਾ ਨਾਮ ਦਵਾਇਆ । ਸੁਰਤ ਸ਼ਬਦ ਦਾ ਮੇਲ ਕਰਾਇਆ । ਰਾਓ ਰੰਕ ਕਰ ਏਕ ਬਹਾਇਆ । ਤਖ਼ਤ ਤਾਜ ਤੋਂ ਸਭ ਨੂੰ ਲਾਹਿਆ । ਚਾਰ ਵਰਨ ਪ੍ਰਭ ਆਪ ਸਮਾਇਆ । ਚਾਰਾਂ ਨੂੰ ਕਰ ਏਕ ਬਹਾਇਆ । ਬ੍ਰਹਮ ਉਪਜਿਆ ਬ੍ਰਹਮ ਸਮਾਇਆ । ਬ੍ਰਹਮ ਸਰੂਪ ਦਾ ਕਿਸੇ ਭੇਤ ਨਾ ਪਾਇਆ । ਪਾਰਬ੍ਰਹਮ ਪ੍ਰਭ ਘਰ ਮੇਂ

ਆਇਆ । ਗਗਨ ਪਤਾਲੀ ਤੇਜ ਸਵਾਇਆ । ਕਲਜੁਗ ਦਾ ਹੁਣ ਕਾਲ ਕਰਾਇਆ । ਮਲੇਛਾਂ ਤਾਈ ਪ੍ਰਭ ਆਪ ਖਪਾਇਆ । ਜਮ ਕਾ ਡੰਡ ਤੁਰਕ ਨੂੰ ਲਾਇਆ । ਅੱਲਾ ਅੱਲਾ ਨਾਮ ਮਿਟਾਇਆ । ਸੱਤ ਦੀਪ ਨੌਂ ਖੰਡ ਸੋਹੰ ਸ਼ਬਦ ਸੁਣਾਇਆ । ਚਾਰ ਕੁੰਟ ਮਹਾਰਾਜ ਸ਼ੇਰ ਸਿੰਘ ਡੰਕ ਵਜਾਇਆ । ਸ਼ਬਦ ਰੂਪ ਪ੍ਰਭ ਨਜ਼ਰੀ ਆਇਆ । ਭਗਤ ਵਛਲ ਹਰਿ ਬਿਰਦ ਰਖਾਇਆ । ਰੱਖਣ ਲਾਜ ਭਗਤਨ ਕੀ ਆਇਆ । ਕਲਜੁਗ ਵਿਚ ਜਿਨ ਫੇਰਾ ਪਾਇਆ । ਨਿਹਕਲੰਕ ਅਵਤਾਰ ਅਖਵਾਇਆ । ਘਨਕਪੁਰ ਘਨਸ਼ਾਮ ਬਣਾਇਆ । ਘਟ ਵਾਸੀ ਸਭ ਥਾਏਂ ਸਮਾਇਆ । ਸਚ ਸ਼ਬਦ ਗੁਰ ਸਚ ਬਤਾਇਆ । ਓਅੰ ਸੋਹੰ ਜਿਸ ਰਿਦੇ ਧਿਆਇਆ । ਮਹਾਰਾਜ ਸ਼ੇਰ ਸਿੰਘ ਨਜ਼ਰੀ ਆਇਆ । ਅੰਤ ਕਾਲ ਅੰਤਰਜਾਮੀ ਆ ਕੇ । ਸਿਖਨ ਸਿਰ ਹੱਥ ਟਿਕਾ ਕੇ । ਬਾਹੋਂ ਪਕੜ ਬੰਨੇ ਲਾ ਕੇ । ਰੁੜ੍ਹੇ ਸੰਸਾਰ ਧੱਕੇ ਖਾ ਕੇ । ਚਲੇ ਜਵਾਰੀ ਪੱਲੇ ਝੜਾ ਕੇ । ਜੀਵ ਕਲੂ ਦੇ ਕਾਲ ਕਰਾ ਕੇ । ਗਰਭ ਜੂਨ ਮਾਹਿ ਵਾਸ ਕਰਾ ਕੇ । ਗੁਰ ਪੂਰੇ ਤੋਂ ਮੁਖ ਭਵਾ ਕੇ । ਮਾਨਸ ਜਨਮ ਬਿਰਥਾ ਗਵਾ ਕੇ । ਮਹਾਰਾਜ ਸ਼ੇਰ ਸਿੰਘ ਨਾ ਲੱਭਾ ਆ ਕੇ । ਬੈਠਾ ਕਲਸੀਂ ਡੇਰਾ ਲਾ ਕੇ । ਓਥੋਂ ਉਠੂ ਜੋਤ ਜਗਾ ਕੇ । ਆਪਣਾ ਭੇਤ ਪ੍ਰਭ ਆਪ ਖੁਲ੍ਹਾ ਕੇ । ਸੋਹੰ ਸ਼ਬਦ ਦੀ ਜੈਕਾਰ ਕਰਾ ਕੇ । ਗੁਰਸਿਖਾਂ ਨੂੰ ਮਾਣ ਦਵਾ ਕੇ । ਰਾਓ ਰੰਕ ਸਭ ਸਰਨੀ ਲਾ ਕੇ । ਜੈ ਜੈਕਾਰ ਚਾਰ ਕੁੰਟ ਕਰਾ ਕੇ । ਤੇਜਾ ਸਿੰਘ ਇੰਦਰ ਸਿੰਘ ਕੋਲ ਮੰਗਾ ਕੇ । ਪ੍ਰੀਤਮ ਸਿੰਘ ਪ੍ਰੇਮ ਸਿੰਘ ਸੰਗ ਰਲਾ ਕੇ । ਚਵਾਂ ਕੰਨਾਂ ਉਤੇ ਪਲੰਘ ਟਿਕਾ ਕੇ । ਸੋਹਣ ਸਿੰਘ ਹੱਥ ਚਵਰ ਫੜਾ ਕੇ । ਸੁੱਚਾ ਸਿੰਘ ਦਾ ਮਾਣ ਗਵਾ ਕੇ । ਆਊ ਸੰਗਤ ਹੁੰਮ ਹੁੰਮਾ ਕੇ । ਦੇਵੇ ਦਰਸ ਗੁਰ ਪੂਰਾ ਆ ਕੇ । ਪੂਰਨ ਵਿਚ ਪੂਰਨ ਜੋਤ ਜਗਾ ਕੇ । ਪਾਲ ਸਿੰਘ ਨੂੰ ਸੰਗ ਲਿਆ ਕੇ । ਚੇਤ ਸਿੰਘ ਦੇ ਭੁਲੇਖੇ ਲਾਹ ਕੇ । ਸਵਰਨ ਸਿੰਘ ਸਵਰਗੀ ਸਤਿ ਸਰੂਪ ਵਖਾ ਕੇ । ਬ੍ਰਹਮ ਵਿਚੋਂ ਬ੍ਰਹਮ ਜੋਤ ਜਗਾ ਕੇ । ਸਾਧ ਸੰਗਤ ਨੂੰ ਸਚ ਸੁੱਚ ਵਖਾ ਕੇ । ਸਵਾ ਪੰਝੀ ਰੁਪਏ ਦਾ ਪ੍ਰਸ਼ਾਦ ਕਰਾ ਕੇ । ਮਹਾਰਾਜ ਸ਼ੇਰ ਸਿੰਘ ਨੂੰ ਭੋਗ ਲਗਾ ਕੇ । ਸੰਗਤ ਦੇ ਮੁਖ ਅੰਮ੍ਰਿਤ ਪਾ ਕੇ । ਗਿਆਨ ਗੋਝ ਦਾ ਭੇਤ ਮੁਕਾ ਕੇ । ਦਵੈਤ ਦੂਈ ਦਾ ਪਰਦਾ ਲਾਹ ਕੇ । ਚਾਰ ਜੁਗ ਦਾ ਸ਼ਬਦ ਸੁਣਾ ਕੇ । ਮਨੀ ਸਿੰਘ ਨੂੰ ਮਾਣ ਦਵਾ ਕੇ । ਪੂਰਾ ਸਤਿਗੁਰ ਸੰਗਤ ਵਿਚ ਬਣਾ ਕੇ । ਪ੍ਰਗਟ ਹੋਵੇ ਆਪਣਾ ਤੇਜ ਵਖਾ ਕੇ । ਮਹਾਰਾਜ ਸ਼ੇਰ ਸਿੰਘ ਵੇਖੇ ਜੋਤ ਜਗਾ ਕੇ । ਮੋਤੇ ਨਾਲ ਪ੍ਰਭ ਕੀਤਾ ਪਿਆਰ । ਸਚ ਸ਼ਬਦ ਦਾ ਪ੍ਰਭ ਕੀਤਾ ਆਧਾਰ । ਕਰੇ ਮਿਹਰ ਪ੍ਰਭ ਦੇਵੇ ਤਾਰ । ਇਕ ਗੁਣ ਤੋਂ ਹੋਵੇ ਲੱਖ ਹਜ਼ਾਰ । ਛੱਬੀ ਪੋਹ ਲਈ ਹੁਕਮ ਲਿਖਾਇਆ । ਸਚ ਸ਼ਬਦ ਗੁਰ ਸਚ ਸੁਣਾਇਆ । ਜੋਤ ਸਰੂਪੀ ਜੋਤ ਮਾਹਿ ਸਮਾਇਆ । ਝੂਠੀ ਦੇਹ ਨੂੰ ਆਪ ਤਜਾਇਆ । ਜੋਤ ਸਰੂਪ ਇਹ ਡੰਕ ਵਜਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਹੋ ਆਇਆ । ਜੁਗ ਉਲਟਾਵਣ ਦਾ ਖੇਲ ਰਚਾਇਆ । ਘਰ ਘਰ ਭਾਂਬੜ ਅੱਗ ਦਾ ਲਾਇਆ । ਵੈਰ ਵਿਕਾਰ ਦਾ ਜੋਰ ਹੈ ਪਾਇਆ । ਰਾਮ ਨਾਮ ਸਭ ਦਿਲੋਂ ਭੁਲਾਇਆ । ਪਾਪ ਅਪਰਾਧ ਦਾ ਤੇਜ ਵਧਾਇਆ । ਕਲੂ ਕਾਲ ਨੇ ਕਰਮ ਕਮਾਇਆ । ਨਸ਼ਟ ਕਰਨ ਨੂੰ ਹਰਿ ਜੂ ਆਇਆ । ਮਹਾਰਾਜ ਸ਼ੇਰ ਸਿੰਘ ਆਪ ਰਘੁਰਾਇਆ । ਸੋਹੰ ਸ਼ਬਦ ਜਿਸ ਨਾਮ ਜਪਾਇਆ । ਗੁਰਸਿਖਾਂ ਨੂੰ ਗੁਰਮੁਖ ਬਣਾਇਆ । ਗੁਰਮੁਖ ਸੋ ਜੋ ਗੁਰ ਸ਼ਰਨੀ ਆਏ । ਸਾਧ ਸੰਗਤ ਵਿਚ ਲੈ ਮਿਲਾਏ । ਹੋਏ ਦਿਆਲ ਪ੍ਰਭ ਦਰਸ ਦਿਖਾਏ । ਦੁੱਖ ਦਲਿਦਰ ਸਭ ਦੇ ਲਾਹੇ । ਪੰਜਾਂ ਸਿੱਖਾਂ ਨੂੰ ਅੱਜ ਮਾਣ ਦਵਾਏ । ਪੰਜ ਸਿੱਖ ਪੁੱਤਰ ਫਲ ਪਾਏ । ਗੁਰਸਿਖਾਂ ਮਨ ਵਧਾਈ । ਪੋਹ ਛੱਬੀ

ਨੂੰ ਖ਼ੁਸ਼ੀ ਮਨਾਈ । ਤਜੀ ਦੇਹ ਪ੍ਰਭ ਜੋਤ ਪ੍ਰਗਟਾਈ । ਮਹਾਰਾਜ ਸ਼ੇਰ ਸਿੰਘ ਇਹ ਕਲਾ ਵਖਾਈ । ਸਤਿਗੁਰ ਪੂਰੇ ਦੱਸੀ ਰੀਤ । ਚਰਨ ਕਮਲ ਸੰਗ ਰੱਖੋ ਪ੍ਰੀਤ । ਝੂਠੀ ਦੇਹ ਬਾਲੂ ਕੀ ਭੀਤ । ਸੋਹੰ ਸ਼ਬਦ ਜਪ ਮਨ ਸਰਜੀਤ । ਕਬਹੂੰ ਨਾ ਡੋਲੇ ਸਿੱਖ ਅਤੀਤ । ਛੱਬੀ ਪੋਹ ਛੱਡੀ ਦੇਹ ਦੀ ਪ੍ਰੀਤ । ਢੱਠੇ ਗੁਰਦਵਾਰੇ ਮੰਦਰ ਮਸੀਤ । ਗਿਆ ਮਾਣ ਬਾਣੀ ਗੀਤਾ ਕੁਰਾਨ ਮਜ਼ੀਦ । ਅੰਤ ਕਾਲ ਹੋਏ ਭੈ ਭੀਤ । ਸੋਹੰ ਸ਼ਬਦ ਦੀ ਹੋਈ ਜੀਤ । ਮਾਤ ਗਰਭ ਦਾ ਭੇਤ ਲੁਕਾਇਆ । ਉਲਟਾ ਬਿਰਛ ਇਹ ਜੀਵ ਲਗਾਇਆ । ਸਿਰ ਥੱਲੇ ਪੈਰ ਉਪਰ ਟਿਕਾਇਆ । ਤਪ ਨੌਂ ਮਾਸ ਕਰਾਇਆ । ਦਸਵੇਂ ਮਾਸ ਪ੍ਰਭ ਹੁਕਮ ਪਠਾਇਆ । ਮਾਤ ਗਰਭ ਸੇ ਬਾਹਰ ਆਇਆ । ਬਾਈ ਪੋਹ ਵੀਰਵਾਰ ਜਨਮ ਉਪਾਇਆ । ਬਚਨ ਪ੍ਰਭ ਕਾ ਸਚ ਹੋ ਆਇਆ । ਸਮਦਰਸੀ ਪ੍ਰਭ ਦਰਸ ਦਿਖਾਇਆ । ਸਿਮਰਤੀ ਤਨ ਦਾ ਭੇਤ ਪਠਾਇਆ । ਆਪਣਾ ਮਾਣ ਬਾਲ ਨੇ ਪਾਇਆ । ਬਲਜੀਤ ਸਿੰਘ ਨਾਮ ਰਖਾਇਆ । ਬਲਧਾਰ ਬਲੀ ਆਪ ਆਇਆ । ਅਮਰ ਸਿੰਘ ਅਮਰਾਪਦ ਪਾਇਆ ।

❊ ੮ ਫੱਗਣ ੨੦੦੬ ਬਿਕ੍ਰਮੀ ਮੇਰਠ ਛਾਉਣੀ ❊

ਜੋਤ ਨਿਰੰਜਣ ਜਗਤ ਮੇਂ ਆਈ । ਕਲਜੁਗ ਵਿਚ ਕਿਸੇ ਭੇਦ ਨਾ ਪਾਈ । ਵਿਚ ਤਰੇਤਾ ਰਾਮ ਰਘੁਰਾਈ । ਵਿਚ ਦੁਆਪਰ ਕ੍ਰਿਸ਼ਨ ਘਨਘਾਈ । ਹੋਇਆ ਮਹਾਰਾਜ ਸ਼ੇਰ ਸਿੰਘ ਜੋਤ ਪ੍ਰਗਟਾਈ । ਸੋਹੰ ਸ਼ਬਦ ਪ੍ਰਚਲਤ ਕਰਾਈ । ਬਾਕੀ ਸਭਨ ਦਾ ਮਾਣ ਗਵਾਈ । ਸਾਚੀ ਲਿਖਤ ਗੁਰ ਸਾਚੇ ਕਰਾਈ । ਆਦਿ ਅੰਤ ਸਰਬ ਰਿਹਾ ਸਮਾਈ । ਧਾਰ ਖੇਲ ਪ੍ਰਭ ਜੋਤ ਪ੍ਰਗਟਾਈ । ਸਾਧ ਸੰਗਤ ਬਿਨ ਕੋਈ ਭੇਤ ਨਾ ਪਾਈ । ਆਵੇ ਜਾਵੇ ਥਿਰ ਨਾ ਰਹਾਈ । ਲੋਭੀ ਮਨੂਆ ਕਿਤ ਖੋਜਣ ਜਾਈ । ਹਰਿ ਕੀ ਜੋਤ ਹਰਿਮੰਦਰ ਆਈ । ਵਿਚ ਸਿੱਖ ਪ੍ਰਭ ਜੋਤ ਪ੍ਰਗਟਾਈ । ਪੈਜ ਇਸ ਦੀ ਆਪ ਰਖਾਈ । ਨਬਜ਼ ਚਲਣੋਂ ਬੰਦ ਕਰਾਈ । ਪ੍ਰਗਟ ਕੀਤੀ ਆਪ ਵਡਿਆਈ । ਧੰਨ ਸਿੱਖ ਧੰਨ ਇਸ ਦੀ ਮਾਈ । ਧੰਨ ਪਿਤਾ ਜਿਸ ਦਾਤ ਇਹ ਪਾਈ । ਘਨਕਪੁਰੀ ਵਿਚ ਸੇਵ ਕਮਾਈ । ਜੋਤ ਪ੍ਰਭੂ ਦੀ ਪੂਰਨ ਵਿਚ ਆਈ । ਪ੍ਰਗਟ ਪਿਆ ਪ੍ਰਭ ਰਘੁਰਾਈ । ਦੀਨਾ ਨਾਥ ਸਰਬ ਸੁਖਦਾਈ । ਘਨੀ ਸ਼ਾਮ ਕਲ ਜੋਤ ਜਗਾਈ । ਕਲੂ ਕਾਲ ਵਿਚ ਖੇਹ ਮਿਲਾਈ । ਸਤਿਜੁਗ ਸਤਿ ਸਤਿ ਵਰਤਾਈ । ਸੋਹੰ ਸ਼ਬਦ ਦੀ ਲਿਖਤ ਕਰਾਈ । ਚਾਰ ਜੁਗ ਹੋਵੇ ਸਹਾਈ । ਮਹਾਰਾਜ ਸ਼ੇਰ ਸਿੰਘ ਵਿਚ ਇਹ ਵਡਿਆਈ । ਉਨੀਂ ਸੌ ਪੰਜਾਹ ਬਿਕ੍ਰਮੀ ਵਿਚ ਜੋਤ ਸੀ ਆਈ । ਘਨਕਪੁਰੀ ਜੈ ਜੈਕਾਰ ਕਰਾਈ । ਦੇਵੀ ਦੇਵਤੇ ਫੁੱਲ ਬਰਸਾਈ । ਘਨਕਪੁਰੀ ਨੂੰ ਮਿਲੀ ਵਧਾਈ । ਜਿਥੇ ਮਹਾਰਾਜ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਨਾਂ ਰਖਾਈ । ਮਨੀ ਸਿੰਘ ਨੂੰ ਦਰਸ ਦਿਖਾਈ । ਜੋਤ ਨਿਰੰਜਣ ਨਜ਼ਰੀ ਆਈ । ਹੋਇਆ ਸ਼ਾਂਤ ਦਰਸ ਪ੍ਰਭ ਪਾਈ । ਭੂਰੀ ਵਾਲੇ ਤ੍ਰਿਖਾ ਮਿਟਾਈ । ਗੁਰ ਪੂਰੇ ਦੀ ਕੀਤੀ ਵਡਿਆਈ । ਸਾਧ ਸੰਗਤ ਸੰਗ ਸੇਵ ਕਮਾਈ । ਸਰ ਅੰਮ੍ਰਿਤ ਦਿਤਾ ਪੁਚਾਈ । ਸਾਰੀ ਖੇਲ ਆਪ ਕਰਾਈ । ਬਾਣੀ ਅਰਜਨ ਦੀ ਸਚ ਕਰਾਈ । ਮੰਜੀ ਸਹਿਬ ਉਤੇ ਦਿਤਾ ਬਹਾਈ । ਗੁਰ ਧਾਮ ਸਚਖੰਡ ਬਣਾਈ । ਮਹਾਰਾਜ ਸ਼ੇਰ ਸਿੰਘ ਚਰਨ ਟਿਕਾਈ । ਮਹੰਤਾਂ ਹਾਹਾਕਾਰ ਮਚਾਈ । ਭੇਦ ਕਿਸੇ ਨਾ ਜਾਣਿਆ ਰਾਈ । ਹਰਿਮੰਦਰ ਹਰਿ ਜੋਤ ਹੈ ਆਈ ।

ਮਹਾਰਾਜ ਸ਼ੇਰ ਸਿੰਘ ਆਪ ਰਘੁਰਾਈ । ਉਸ ਸਮੇਂ ਇਹ ਸ਼ਬਦ ਸੁਣਾਇਆ । ਅੰਮ੍ਰਿਤਸਰ ਨੂੰ ਸਰਾਫ ਦਵਾਇਆ । ਅੰਮ੍ਰਿਤਸਰ ਜੋ ਸਰ ਦਾ ਭਰਿਆ । ਪ੍ਰਭ ਅਬਿਨਾਸ਼ੀ ਖਾਲੀ ਕਰਿਆ । ਫੇਰ ਕੀਤੀ ਖੇਲ ਅਪਾਰ । ਉਨੀ ਸੌ ਤਰਵੰਜਾ ਗਏ ਅਨੰਦਪੁਰ ਸੁਧਾਰ । ਹੋਕਾ ਦਵਾਇਆ ਸੱਚੀ ਸਰਕਾਰ । ਮਹਾਰਾਜ ਸ਼ੇਰ ਸਿੰਘ ਪੂਰਨ ਅਵਤਾਰ । ਨੀਲਾ ਚੋਗਾ ਆਪ ਰੰਗਾਇਆ । ਸੱਚੇ ਸਤਿਗੁਰ ਗਲ ਵਿਚ ਪਾਇਆ । ਫਿਰ ਆਪ ਬਾਬੇ ਨੇ ਸੀਸ ਉਠਾਇਆ । ਅਮਾਮ ਮਹਦੀ ਸਭ ਤਾਈਂ ਸੁਣਾਇਆ । ਨਿਹਕਲੰਕ ਕਲਜੁਗ ਵਿਚ ਆਇਆ । ਫੇਰ ਨਜ਼ਰ ਨਾ ਆਵੇ ਸਚ ਸ਼ਬਦ ਸੁਣਾਇਆ । ਗੁਰ ਪੂਰਾ ਘਰ ਠਾਂਡੇ ਆਇਆ । ਚਹੁੰ ਜੁਗਾਂ ਦਾ ਜਿਸ ਭੇਤ ਖੁਲ੍ਹਾਇਆ । ਰਾਓ ਰੰਕ ਕਰ ਇਕ ਬਹਾਇਆ । ਐਸਾ ਸ਼ਬਦ ਮਨੀ ਸਿੰਘ ਤੋਂ ਲਿਖਾਇਆ । ਰਾਣਿਆਂ ਮਹਾਰਾਣਿਆਂ ਦਾ ਮਾਣ ਗਵਾਇਆ । ਨਿਮਾਣਿਆਂ ਤਾਈਂ ਗਲੇ ਲਗਾਇਆ । ਅੰਤਕਾਲ ਕਲਜੁਗ ਦਾ ਕਰਾਇਆ । ਜੋਤ ਸਰੂਪ ਪ੍ਰਭ ਜਗਤ ਮੇਂ ਆਇਆ । ਉਹ ਦੇਖੇ ਆਪ ਨਜ਼ਰ ਨਾ ਆਇਆ । ਸਾਧ ਸੰਗਤ ਵਿਚ ਰਹੇ ਸਮਾਇਆ । ਗੁਰ ਧੰਨ ਜਿਸ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਸਰਬ ਹੋਤ ਸਹਾਇਆ । ਮਹਾਰਾਜ ਸ਼ੇਰ ਸਿੰਘ ਹੋਇਆ ਅਵਤਾਰੀ । ਸਿੱਖਾਂ ਦੀ ਜਿਨ ਪੈਜ ਸਵਾਰੀ । ਮਸਤੂਆਣਾ ਹੋਵੇ ਧਾਮ ਭਾਰੀ । ਮਹਾਰਾਜਾ ਸੰਗਰੂਰ ਉਸ ਦੀ ਕਰੇ ਉਸਾਰੀ । ਸਾਰੀ ਬਾਣੀ ਜਿਸ ਵਕਤ ਉਚਾਰੀ । ਜੀਵ ਜੰਤ ਸੁਣ ਪਾਰ ਉਤਾਰੀ । ਮਹਾਰਾਜ ਸ਼ੇਰ ਸਿੰਘ ਸਚ ਅਵਤਾਰੀ । ਸੋਹੰ ਸ਼ਬਦ ਨਾਲ ਸ੍ਰਿਸ਼ਟੀ ਤਾਰੀ । ਦਇਆ ਨੰਦ ਪ੍ਰਭ ਦਇਆ ਕਮਾਈ । ਗਿਆਨ ਧਿਆਨ ਦੀ ਸੋਝੀ ਪਾਈ । ਜੋਤ ਸਰੂਪ ਗੁਰ ਲਿਖਤ ਕਰਾਈ । ਸੋਹੰ ਸ਼ਬਦ ਮੁਖ ਰਖਾਈ । ਤ੍ਰੈਲੋਕੀ ਨੰਦਨ ਇਹ ਬਣਤ ਬਣਾਈ । ਸਰਬ ਥਾਈਂ ਪ੍ਰਭ ਹੋਏ ਸਹਾਈ । ਬਿਨ ਦੇਹ ਪ੍ਰਭ ਜੋਤ ਪ੍ਰਗਟਾਈ । ਆਪਣਾ ਭੇਤ ਨਾ ਕਿਸੇ ਬੁਝਾਈ । ਸ਼ਬਦ ਸਾਚਾ ਪ੍ਰਭ ਸਚ ਕਰਾਈ । ਸਰਬ ਸ੍ਰਿਸ਼ਟ ਅਗਨ ਜਲਾਈ । ਸੋਹੰ ਸ਼ਬਦ ਦੀ ਜੈਕਾਰ ਕਰਾਈ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ । ਇਹ ਵੇਲਾ ਜਾਂ ਪੂਰਾ ਹੋਵੇ । ਗੁਰ ਸਾਚਾ ਫਿਰ ਜਗਤ ਬਲੋਵੇ । ਜੋਤ ਜਗਤ ਦੀ ਆਪ ਜਲਾਈ । ਬਿਨ ਜੋਤੋਂ ਕੋਈ ਜੀਵ ਨਾ ਭਾਈ । ਦੇਹ ਦੀਪਕ ਪ੍ਰਭ ਰਿਹਾ ਸਮਾਈ । ਬਿਨ ਵਟੀ ਹੈ ਜੋਤ ਜਗਾਈ । ਭੁੱਲਾ ਜੀਵ ਭੇਦ ਨਾ ਪਾਈ । ਬਿਨ ਗੁਰ ਪੂਰੇ ਪਤ ਗਵਾਈ । ਸਾਧ ਸੰਗਤ ਵਿਚ ਕੋਈ ਨਾ ਗਿਆਤਾ । ਜਿਸ ਨੇ ਇਹ ਰਘੁਨਾਥ ਪਛਾਤਾ । ਅਛਲ ਛਲਨ ਛਲ ਆਪ ਕਰਾਇਆ । ਪਵਨ ਸਰੂਪ ਵਾਜਾ ਵਜਾਇਆ । ਜੋਤ ਮੇਂ ਜੋਤ ਪ੍ਰਭ ਜਗਤ ਉਪਾਇਆ । ਹਰਿਜੂ ਹਰ ਹੀ ਮਾਹੇ ਸਮਾਇਆ । ਸੋਹੰ ਸ਼ਬਦ ਦਾ ਤੇਜ ਕਰਾਇਆ । ਮਹਾਰਾਜ ਸ਼ੇਰ ਸਿੰਘ ਕਰੇ ਕਰਾਇਆ । ਮਨਮੁਖਾਂ ਤੋਂ ਮੁਖ ਛੁਪਾਇਆ । ਗੁਰਸਿਖਾਂ ਨੂੰ ਦਰਸ ਦਿਖਾਇਆ । ਆਪਣਾ ਭੇਤ ਨਾ ਕਿਸੇ ਬਤਾਇਆ । ਜੋਤ ਸਰੂਪ ਜਗਤ ਮੇਂ ਆਇਆ । ਯਾਚਕਾਂ ਨੂੰ ਇਹ ਦਾਨ ਦਵਾਇਆ । ਅਨਹਦ ਸ਼ਬਦ ਮਨ ਵਜਵਾਇਆ । ਸੋਹੰ ਸ਼ਬਦ ਦਾ ਰਾਗ ਸੁਣਾਇਆ । ਹੋਏ ਪ੍ਰਤੱਖ ਹੈ ਦਰਸ ਦਿਖਾਇਆ । ਮੁਕੰਦ ਮਨੋਹਰ ਪ੍ਰਭ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਦੁੱਖ ਦਰਦ ਮਿਟਾਇਆ । ਹੁਣ ਐਸੀ ਕਰਾਂ ਖੇਲ ਅਪਾਰ । ਕਲਜੁਗ ਤਾਈਂ ਕੀਤਾ ਪਾਰ । ਸਾਧ ਸੰਗਤ ਨੂੰ ਦਿਤਾ ਤਾਰ । ਬੇਮੁਖਾਂ ਨੂੰ ਨਰਕ ਮੰਝਾਰ । ਏਥੇ ਓਥੇ ਮਿਲੀ ਹਾਰ । ਬਿਨ ਸਿੱਖ ਢੋਈ ਨਾ ਦੇਵੇ ਕਰਤਾਰ । ਸਰ ਅੰਮ੍ਰਿਤ ਵਾਲੀ ਨਹਿਰ ਅਪਾਰ । ਚਵੀ ਮੀਲ ਜਲ ਲਹਿੰਦੀ ਧਾਰ । ਘਨਕਪੁਰੀ ਪ੍ਰਭ ਲੈ ਅਵਤਾਰ । ਰਚਨ ਰਚਾਏ ਅਪਰ ਅਪਾਰ । ਸਦ ਬਖ਼ਸ਼ੰਦ ਸਚ ਸਿਰਜਣਹਾਰ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ ।

੫੧
੦੧

ਜਿਥੇ ਖੇਲ ਕੀਏ ਅਪਾਰ । ਸੱਚਾ ਧਾਮ ਬਣਾਏ ਆਪ ਦਾਤਾਰ । ਪਿੰਡ ਕਲਸੀਆਂ ਜਿਥੇ ਗੁਰ ਦਰਬਾਰ । ਸਚ ਧਾਮ ਜਿਥੇ ਵਸੇ ਨਿਰੰਕਾਰ । ਜਿਸ ਦੀ ਜੋਤ ਅਪਰ ਅਪਾਰ । ਆਪ ਅਪਰੰਪਰ ਕਰਨੇਹਾਰ । ਚੇਤ ਸਿੰਘ ਸਿੱਖ ਨੂੰ ਦਿਤਾ ਤਾਰ । ਪੁੱਤਰ ਸਵਰਨ ਜਿਸ ਦਿਤਾ ਵਾਰ । ਸੱਤ ਜੇਠ ਵੀਹ ਸੌ ਛੇ ਦਿਨ ਅਪਾਰ । ਸਵਰਨ ਗਿਆ ਗੁਰ ਪੁਰੀ ਸਧਾਰ । ਕੋਏ ਨਾ ਮੇਟੇ ਇਹ ਲਿਖਤ ਅਪਾਰ । ਮਹਾਰਾਜ ਸ਼ੇਰ ਸਿੰਘ ਸੱਚਾ ਕਰਤਾਰ । ਬਾਣੀ ਪ੍ਰਭ ਦੀ ਪ੍ਰਭ ਦਿਤੀ ਉਚਾਰ । ਸਾਧ ਸੰਗਤ ਨੂੰ ਦਿਤਾ ਤਾਰ । ਸਰਬ ਸੂਖ ਗੁਰ ਚਰਨ ਪਿਆਰ । ਆਤਮ ਜੋਤ ਜਗਾਏ ਅਪਾਰ । ਗੁਰਸਿਖਾਂ ਦਾ ਹੋਏ ਅਧਾਰ । ਸ਼ਬਦ ਸਾਚਾ ਸਚ ਨਿਸਤਾਰ । ਮਹਾਰਾਜ ਸ਼ੇਰ ਸਿੰਘ ਜਗਤ ਉਧਾਰ । ਸੋਹੰ ਸ਼ਬਦ ਹੋਵੇ ਜੁਗ ਚਾਰ । ਕਲਸੀਆਂ ਤਾਈਂ ਇਹ ਮਾਣ ਦਵਾਇਆ । ਸਚ ਤਖ਼ਤ ਸਤਿਜੁਗ ਦਾ ਬਣਾਇਆ । ਸਵਰਨ ਸਿੰਘ ਸੰਗ ਜੋਤ ਮਿਲਾਇਆ । ਤਜ ਧ੍ਰੂ ਦਰ ਅੱਗੇ ਬਹਾਇਆ । ਜਿਥੇ ਮਹਾਰਾਜ ਸ਼ੇਰ ਸਿੰਘ ਚਰਨ ਟਿਕਾਇਆ । ਉਹ ਵੇਖੇ ਆਪ ਨਜ਼ਰ ਨਾ ਆਇਆ । ਭਗਤ ਜਨਾਂ ਨੂੰ ਦਰਸ ਦਿਖਾਇਆ । ਸੁਤਿਆਂ ਰਾਤ ਟੁੰਬ ਉਠਾਇਆ । ਹੋ ਪ੍ਰਤੱਖ ਆਣ ਦਰਸ ਦਿਖਾਇਆ । ਸਾਰਾ ਸੰਸਾ ਮਨ ਦਾ ਲਾਹਿਆ । ਹਰਿ ਜੂ ਹਰ ਥਾਂ ਨਜ਼ਰੀ ਆਇਆ । ਕਲਜੁਗ ਵਿਚ ਇਹ ਮਾਣ ਦਵਾਇਆ । ਸੋਹੰ ਸ਼ਬਦ ਸਚ ਸ਼ਬਦ ਸੁਣਾਇਆ । ਵੀਹ ਸੌ ਸੱਤ ਬਿਕ੍ਰਮੀ ਆਵੇ । ਹਾਹਾਕਾਰ ਜਗਤ ਹੋ ਜਾਵੇ । ਕੋਇ ਨਾ ਮੇਟੇ ਪ੍ਰਭ ਲਿਖਤ ਕਰਾਵੇ । ਮਹਾਰਾਜ ਸ਼ੇਰ ਸਿੰਘ ਪ੍ਰਗਟ ਹੋ ਜਾਵੇ । ਨਿਹਕਲੰਕ ਆਪ ਅਖਵਾਵੇ । ਅਮਾਮ ਮਹਦੀ ਗਲ ਚੋਲੀ ਪਾਵੇ । ਆਪ ਉਪਾਵੇ ਆਪ ਖਪਾਵੇ । ਅਲਹੁ ਅੱਲਾ ਦਾ ਮਾਣ ਗਵਾਵੇ । ਸਦੀ ਚੌਧਵੀਂ ਖ਼ਤਮ ਕਰਾਵੇ । ਸੋਹੰ ਸ਼ਬਦ ਦੀ ਜੈਕਾਰ ਕਰਾਵੇ । ਮੈਂ ਹਾਂ ਆਪ ਜੋਤ ਸਰੂਪਾ । ਉਨੰਜਾ ਪਵਣ ਚਵਰ ਸਿਰ ਹੋਤਾ । ਮੇਰੀ ਮਹਿੰਮਾ ਅਪਰ ਅਪਾਰ । ਮੈਂ ਹਾਂ ਆਪਣੀ ਜੋਤ ਆਧਾਰ । ਵਿਚ ਪਾਤਾਲ ਮੈਂ ਨੈਣ ਮੁੰਧਾਰ । ਲੇਟਾਂ ਬਾਸ਼ਕ ਉਪਰ ਪੈਰ ਪਸਾਰ । ਲਛਮੀ ਝੱਸੇ ਚਰਨ ਅਪਾਰ । ਆਲਸੀਆ ਨਹੀਂ ਸੱਚਾ ਕਰਤਾਰ । ਜੀਵਤ ਨੂੰ ਦਿਤਾ ਜੋਤ ਅਧਾਰ । ਸਰਬ ਸ੍ਰਿਸ਼ਟ ਮੇਂ ਰਿਹਾ ਪਸਾਰ । ਓਅੰ ਆਪ ਸੋਹੰ ਮੇਰਾ ਸ਼ਬਦ ਅਪਾਰ । ਮਹਾਰਾਜ ਸ਼ੇਰ ਸਿੰਘ ਪੂਰਨ ਅਵਤਾਰ । ਮਾਤਲੋਕ ਵਿਚ ਕਰਾਂ ਪਸਾਰ । ਸਮੇਂ ਅਨੁਸਾਰ ਲਵਾਂ ਅਵਤਾਰ । ਕਭੀ ਜੋਤ ਸਰੂਪ ਕਭੀ ਦੇਹ ਧਾਰ । ਮਹਿੰਮਾ ਮੇਰੀ ਅਪਰ ਅਪਾਰ । ਸਤਿਜੁਗ ਵਿਚ ਸਦ ਮਿਹਰਵਾਨ । ਤਰੇਤੇ ਵਿਚ ਰਾਮ ਭਗਵਾਨ । ਦਵਾਪਰ ਵਿਚ ਕ੍ਰਿਸ਼ਨ ਮੁਰਾਰ । ਜਿਸ ਨੇ ਗੀਤਾ ਲਿਖਾਈ ਅਪਾਰ । ਅਰਜਨ ਦਿਤਾ ਤੋੜ ਹੰਕਾਰ । ਬੈਰਾਟ ਸਰੂਪ ਵਖਾਇਆ ਮੁਰਾਰ । ਮੈਂ ਕਰਨ ਕਰਾਵਣਹਾਰ ਦਾਤਾਰ । ਮਹਾਰਾਜ ਸ਼ੇਰ ਸਿੰਘ ਸੱਚਾ ਅਵਤਾਰ । ਸਚ ਕਰਮ ਸਚ ਮੇਰੀ ਕਾਰ । ਸਚ ਸ਼ਬਦ ਲਿਖਾਏ ਅਪਾਰ । ਮੂਰਖ ਮੁਗਧ ਨਾ ਜਾਣੇ ਮੇਰੀ ਸਾਰ । ਗੁਰਸਿਖ ਸਾਰੇ ਉਧਰੇ ਪਾਰ । ਲੱਜਿਆ ਰੱਖੀ ਵਿਚ ਸੰਸਾਰ । ਸਰਬ ਨਿਵਾਸੀ ਪ੍ਰਭ ਕਰਤਾਰ । ਸਭ ਜੀਵਤ ਕੋ ਦੇਤ ਅਧਾਰ । ਟੁੱਟੀ ਗੰਢੇ ਸਚ ਸਿਰਜਣਹਾਰ । ਸਿੰਘ ਭਜਨ ਨੂੰ ਦਿਤਾ ਤਾਰ । ਭੁੱਲਾ ਸਿੱਖ ਹੈ ਉਤਰਿਆ ਪਾਰ । ਕੋਇ ਨਾ ਬੁਝੇ ਪ੍ਰਭ ਸਚ ਕਰਤਾਰ । ਮਹਾਰਾਜ ਸ਼ੇਰ ਸਿੰਘ ਠਾਂਡਾ ਦਰਬਾਰ । ਕਲੂ ਕਾਲ ਵਿਚ ਖੇਲ ਰਖਾਇਆ । ਈਸਾ ਮੂਸਾ ਮੁਹੰਮਦ ਉਪਜਾਇਆ । ਉਹਨਾਂ ਤਾਈਂ ਮਾਣ ਦਵਾਇਆ । ਸਿਰ ਉਨ੍ਹਾਂ ਦੇ ਛਤਰ ਝੁਲਾਇਆ । ਨਾਮ ਨਿਰੰਜਣ ਅੱਲਾ ਰਖਾਇਆ । ਅੰਤਕਾਲ ਪ੍ਰਭ ਆਪ ਖਪਾਇਆ । ਨਾਨਕ ਨਿਰੰਕਾਰੀ ਪ੍ਰਗਟਾਇਆ । ਚਾਰ ਕੁੰਟ ਨਾਮ ਸਤਿ ਦ੍ਰਿੜਾਇਆ । ਹੰਕਾਰੀਆਂ ਨਿੰਦਕਾਂ ਭੇਤ ਨਾ ਪਾਇਆ । ਐਸਾ

ਪਰਦਾ ਉਨ੍ਹਾਂ ਤੇ ਪਾਇਆ । ਆਪਣਾ ਭੇਤ ਪ੍ਰਭ ਆਪ ਛੁਪਾਇਆ । ਮਹਾਰਾਜ ਸ਼ੇਰ ਸਿੰਘ ਦੁੱਖ ਭੰਜਨ ਰਾਇਆ । ਉਹ ਸੀ ਈਸ਼ਰ ਦਾ ਚਮਤਕਾਰ । ਜੋਤ ਜਗਾਈ ਅਪਰ ਅਪਾਰ । ਨਾਨਕ ਤੋਂ ਅੰਗਦ ਕਲ ਧਾਰ । ਪੈਂਤੀਸ ਅੱਖਰ ਲਿਖਾਏ ਕਰਤਾਰ । ਜਾਮੇ ਦਸ ਇਹ ਜੋਤ ਪ੍ਰਗਟਾਵੇ । ਦੀਪਕ ਸੰਗ ਦੀਪਕ ਬਲਾਵੇ । ਆਦਿ ਅੰਤ ਨਾ ਫਿਰ ਬਤਾਵੇ । ਤੂੰ ਹੀ ਤੂੰ ਸਭ ਜਗਤ ਹੈ ਗਾਵੇ । ਊਚ ਅਗੰਮ ਥਿਰ ਰਹਾਵੇ । ਕੋਈ ਓਸ ਦਾ ਭੇਤ ਨਾ ਪਾਵੇ । ਜੋਤ ਸਰੂਪ ਜੋਤ ਹੋ ਜਾਵੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਕਹਾਵੇ । ਅੰਤ ਕਾਲ ਕਲਜੁਗ ਦਾ ਆਇਆ । ਈਸ਼ਰ ਨੇ ਖੇਲ ਰਚਾਇਆ । ਸਚਖੰਡ ਜੋ ਰਹੇ ਸਮਾਇਆ । ਮਾਤਲੋਕ ਵਿਚ ਸ਼ੇਰ ਸਿੰਘ ਨਾਮ ਰਖਾਇਆ । ਜੋਤ ਜਿਸ ਦੀ ਡਗਮਗਾਇਆ । ਬਿਨ ਤੇਲ ਬੱਤੀ ਦੀਪਕ ਜਲਾਇਆ । ਸਦ ਅਬਿਨਾਸ਼ੀ ਨਿਰੰਜਣ ਰਾਇਆ । ਧਾਰ ਖੇਲ ਚਤੁਰਭੁਜ ਕਹਾਇਆ । ਸਾਵਲ ਸੁੰਦਰ ਰੂਪ ਬਣਾਇਆ । ਅਛਲ ਛਲਨ ਛਲ ਆਪ ਕਰਾਇਆ । ਜੋਤ ਸਰੂਪ ਸਭ ਜਗਤ ਉਪਾਇਆ । ਬੇਮੁਖਾਂ ਨੂੰ ਪਰੇ ਹਟਾਇਆ । ਗੁਰਸਿਖਾਂ ਨੂੰ ਸ਼ਰਨੀ ਲਾਇਆ । ਭੈ ਭਿਆਨਕ ਵਿਚ ਹੋਏ ਸਹਾਇਆ । ਕਲਜੁਗ ਵਿਚ ਆਣ ਦਰਸਾਇਆ । ਊਚ ਨੀਚ ਕਰ ਇਕ ਦਿਖਾਇਆ । ਧਰਨੀ ਧਰ ਈਸ਼ਰ ਨਰ ਨਰਾਇਣ ਆਇਆ । ਗੁਰ ਧਾਮ ਗੁਰ ਦਰਸ ਦਿਖਾਇਆ । ਜੂਠਿਆਂ ਝੂਠਿਆਂ ਭੇਦ ਨਾ ਪਾਇਆ । ਗੁਰ ਪੂਰੇ ਤੋਂ ਮੁਖ ਛੁਪਾਇਆ । ਪ੍ਰਗਟ ਹੋਇਆ ਆਪ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਨਜ਼ਰੀ ਆਇਆ । ਗੁਰ ਪੂਰਾ ਇਹ ਸਾਚੀ ਖਾਣ । ਗੁਰਸਿਖਾਂ ਨੂੰ ਦੇਵੇ ਦਰਸ ਪ੍ਰਭ ਦਾਨ । ਸੋਹੰ ਸ਼ਬਦ ਉਤਮ ਗਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਤ੍ਰੈਲੋਕੀ ਨਾਥ ਪ੍ਰਭ ਜਾਣੀ ਜਾਣ । ਘਟ ਵਾਸੀ ਬ੍ਰਹਮ ਅਸਥਾਨ । ਰਾਓ ਰੰਕ ਜਿਸ ਇਕ ਸਮਾਨ । ਦੁਸ਼ਟਾਂ ਦੇ ਗੁਰ ਲਾਹੇ ਘਾਣ । ਅੰਤਕਾਲ ਕਲਧਾਰ ਪ੍ਰਭ ਆਇਆ । ਅੰਤ ਕਲੂ ਦਾ ਆਪ ਕਰਾਇਆ । ਉਲਟੇ ਧੰਦੇ ਜਗਤ ਲਗਾਇਆ । ਐਸਾ ਪ੍ਰਭੂ ਖੇਲ ਰਚਾਇਆ । ਗਊ ਗ਼ਰੀਬ ਨੇ ਹਾਹਾਕਾਰ ਮਚਾਇਆ । ਬੰਦੀ ਤੋੜ ਪ੍ਰਭ ਹੋਏ ਸਹਾਇਆ । ਮਦਿ ਮਾਸ ਦਾ ਨਾਸ ਕਰਾਇਆ । ਸੋਹੰ ਸ਼ਬਦ ਗੁਰ ਡੰਕ ਵਜਾਇਆ । ਸਾਧ ਸੰਗਤ ਨੂੰ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਗੁਰ ਜਗਤ ਸਦਾਇਆ । ਐਸੀ ਕਲਾ ਹੁਣ ਆਪ ਵਰਤਾਵੇ । ਘਰ ਘਰ ਵਿਚ ਹਾਹਾਕਾਰ ਪੈ ਜਾਵੇ । ਕਲੂ ਦਾ ਪ੍ਰਭ ਕਾਲ ਕਰਾਵੇ । ਸਤਿਜੁਗ ਦੀ ਜੈਕਾਰ ਕਰਾਵੇ । ਸੋਹੰ ਸ਼ਬਦ ਪ੍ਰਤੱਖ ਹੋ ਜਾਵੇ । ਓਅੰਕਾਰ ਪ੍ਰਭ ਸਰਬ ਸਮਾਵੇ । ਇਹ ਬਚਨ ਨਾ ਹੋਏ ਅਧੂਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ । ਸਚ ਲਿਖਤ ਪ੍ਰਭ ਆਪ ਕਰਾਏ । ਅੱਠ ਫੱਗਣ ਨੂੰ ਜੋਤ ਪ੍ਰਗਟਾਏ । ਗੁਰ ਦਰ ਤੇ ਗੁਰ ਸੰਗਤ ਆਏ । ਹਰਿ ਹਰਿ ਨਾਮ ਮੁਖੋਂ ਸਭ ਗਾਵੇ । ਪਵਣ ਸਰੂਪ ਇਹ ਖੇਲ ਰਚਾਵੇ । ਮਹਾਰਾਜ ਸ਼ੇਰ ਸਿੰਘ ਪ੍ਰਗਟ ਹੋ ਜਾਵੇ । ਕੋਈ ਇਸ ਦਾ ਭੇਤ ਨਾ ਪਾਵੇ । ਗੁਰ ਬਾਣੀ ਗੁਰ ਜੋਤ ਪ੍ਰਗਟਾਵੇ । ਗੁਰ ਗੋਬਿੰਦ ਗੁਰ ਨਜ਼ਰੀ ਆਵੇ । ਹੋਏ ਪ੍ਰਤੱਖ ਪ੍ਰਭ ਨਜ਼ਰੀ ਆਵੇ । ਗੁਰਦਵਾਰੇ ਮੇਰਠ ਨੂੰ ਭਾਗ ਲਗਾਵੇ । ਜਿਥੇ ਫਿਰ ਗੁਰ ਧਾਮ ਸੁਹਾਵੇ । ਅੰਧ ਕੂਪ ਮੇਂ ਜੋਤ ਪ੍ਰਗਟਾਵੇ । ਮਹਾਰਾਜ ਸ਼ੇਰ ਸਿੰਘ ਚਲਤ ਕਰਾਵੇ । ਮੈਂ ਹਾਂ ਆਪ ਸੱਚਾ ਕਰਤਾਰ । ਸਚਖੰਡ ਵਿਚ ਵਸਣੇਹਾਰ । ਮੇਰੀ ਮਹਿੰਮਾ ਅਪਰ ਅਪਾਰ । ਦੇਵਤਿਆਂ ਨੂੰ ਮੇਰਾ ਅਧਾਰ । ਬ੍ਰਹਮਾ ਵਿਸ਼ਨ ਮਹੇਸ਼ ਮੇਰਾ ਆਕਾਰ । ਸ਼ਿਵ ਸ਼ੰਕਰ ਮੇਰੀ ਜੋਤ ਅਧਾਰ । ਆਦਿ ਅੰਤ ਮੈਂ ਏਕੰਕਾਰ । ਮਹਾਰਾਜ ਸ਼ੇਰ ਸਿੰਘ ਗੁਣ ਨਿਸਤਾਰ । ਜੋ ਜਨ ਪ੍ਰਭ ਕੀ ਸ਼ਰਨੀ ਆਏ । ਜੀਵ ਜਗਤ ਦਾ ਭੇਖ ਹਟਾਏ ।

ਪੜ ੦੧

ਹੰਗਤਾ ਮਾਣ ਦਿਲੋਂ ਗੁਆਏ । ਨਿਜਾਨੰਦ ਪ੍ਰਭ ਸੋਝੀ ਪਾਏ । ਭਗਤ ਵਛਲ ਪ੍ਰਭ ਦਰਸ ਦਿਖਾਏ । ਆਏ ਸ਼ਰਨ ਪ੍ਰਭ ਚਰਨੀ ਲਾਏ । ਦੂਤ ਦੁਸ਼ਟ ਸਭ ਪਰੇ ਹਟਾਏ । ਘਾਲ ਸਿੱਖਾਂ ਦੀ ਪਾਈ ਥਾਂਏ । ਅੰਤਕਾਲ ਪ੍ਰਭ ਹੋਤ ਸਹਾਏ । ਜਮ ਜੰਦਾਰ ਕੋਈ ਨੇੜ ਨਾ ਆਏ । ਸੋਹੰ ਸ਼ਬਦ ਦੀ ਚੋਟ ਨਾ ਖਾਏ । ਮਹਾਰਾਜ ਸ਼ੇਰ ਸਿੰਘ ਸਰਬ ਹੈ ਥਾਏਂ । ਵਿਚ ਬਬਾਣ ਪ੍ਰਭ ਲਏ ਬਿਠਾਏ । ਗੁਰ ਪੂਰਾ ਗੁਰ ਪੁਰੀ ਪਹੁੰਚਾਏ । ਸਚਖੰਡ ਜਿਥੇ ਰਿਹਾ ਸਮਾਏ । ਗੁਰਸਿਖਾਂ ਦੀ ਇਹ ਹੈ ਥਾਏਂ । ਮੈਂ ਹਾਂ ਆਪ ਜੋਤ ਸਰੂਪਾ । ਕਲਜੁਗ ਵਿਚ ਵੱਡਾ ਹਾਂ ਭੂਪਾ । ਇਹ ਜਗਤ ਇਕ ਖੇਲ ਰਚਾਇਆ । ਛਿਨ ਮੇਂ ਉਪਾਇਆ ਛਿਨ ਮਾਹਿ ਖਪਾਇਆ । ਈਸ਼ਰ ਨੇ ਇਹ ਬਣਤ ਬਣਾਈ । ਇਕ ਬੂੰਦ ਤੋਂ ਬਣਤ ਬਣਾਈ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸਹਾਈ । ਵਿਚ ਮਤਿ ਮਨ ਬੁਧਿ ਟਿਕਾਈ । ਆਪਣੀ ਜੋਤ ਫਿਰ ਆਪ ਜਗਾਈ । ਕਰਨਹਾਰ ਸਭ ਸ੍ਰਿਸ਼ਟ ਉਪਾਈ । ਗੁਣ ਨਿਧਾਨ ਇਹ ਦਇਆ ਕਮਾਈ । ਫਿਰ ਵੀ ਜੀਵ ਭੇਵ ਨਾ ਪਾਈ । ਨਜ਼ਰ ਨਾ ਆਇਆ ਜਿਨ ਬਣਤ ਬਣਾਈ । ਦਇਆਧਾਰ ਪ੍ਰਭ ਦਰਸ ਦਿਖਾਈ । ਸਾਧ ਸੰਗਤ ਜੋ ਦਰ ਤੇ ਆਈ । ਦੁੱਧ ਪੁੱਤ ਸਗਲ ਫਲ ਪਾਈ । ਮਹਾਰਾਜ ਸ਼ੇਰ ਸਿੰਘ ਲਿਖਤ ਕਰਾਈ । ਵਿਸ਼ਨੂੰ ਭਗਵਾਨ ਦੀ ਇਹ ਵਡਿਆਈ । ਗੁਣ ਨਿਧਾਨ ਆਣ ਲਿਖਤ ਕਰਾਈ । ਆਪ ਅਤੁੱਟ ਅਤੁੱਲ ਵਡਿਆਈ । ਸੁੱਕਿਆਂ ਨੂੰ ਪ੍ਰਭ ਹਰਾ ਕਰਾਈ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ । ਸਿੱਖ ਇਕ ਕਰੇ ਅਰਦਾਸ । ਬੈਠਾ ਵਿਚ ਸੰਗਤ ਹੈ ਗੁਰ ਕੇ ਪਾਸ । ਬੇਨਤੀ ਕਰੇ ਕਰਨ ਨਾ ਜਾਣੇ । ਪੂਰਾ ਸਤਿਗੁਰ ਨਾ ਪਛਾਣੇ । ਗੁਰ ਦਰ ਤੇ ਖੜਾ ਪੁਕਾਰੇ । ਗੁਰ ਠਾਂਡਾ ਆਪ ਕਰੇ ਨਿਸਤਾਰੇ । ਮਾਣ ਹੰਕਾਰ ਪ੍ਰਭ ਆਪ ਨਿਵਾਰੇ । ਸਚ ਸ਼ਬਦ ਸਚ ਗੁਰ ਕੀ ਮਾਰੇ । ਕਰੋ ਬੇਨੰਤੀ ਹੋਏ ਅਧੀਨ । ਗੁਰ ਪੂਰਾ ਬੈਠਾ ਪ੍ਰਬੀਨ । ਆਪ ਖਲੋਵੇ ਹੱਥ ਹੈ ਜੋੜੇ । ਹਉਮੇ ਮਮਤਾ ਮਨ ਤੇ ਹੋੜੇ । ਚਰਨ ਕਵਲ ਮੇਂ ਸੀਸ ਨਿਵਾਏ । ਮਨ ਦੀ ਹੰਗਤਾ ਮੈਲ ਗਵਾਏ । ਫਿਰ ਗੁਰ ਪੂਰਾ ਦਇਆ ਕਮਾਏ । ਸਰਬ ਸੁਖ ਪ੍ਰਭ ਦਏ ਦਿਖਾਏ । ਦੁੱਖ ਦਲਿਦਰ ਰਹੇ ਨਾ ਰਾਏ । ਜੋ ਜਨ ਮੇਰੀ ਸ਼ਰਨੀ ਆਏ । ਚਾਰ ਪਦਾਰਥ ਘਰ ਮੇਂ ਪਾਏ । ਜੀਵ ਜੰਤ ਪ੍ਰਭ ਰਿਹਾ ਸਮਾਏ । ਇਹ ਮੇਰਾ ਹੈ ਚਮਤਕਾਰ । ਸਭ ਜਗਤ ਭੁਲਾਇਆ ਭੁਲਾਵਣਹਾਰ । ਅਲੋਪ ਹੋ ਬੈਠਾ ਗੁਰ ਕਰਤਾਰ । ਮੂਰਖ ਮੁਗਧ ਨਾ ਪਾਵੇ ਸਾਰ । ਗੁਰ ਸਾਚਾ ਸਾਚੀ ਹੈ ਕਾਰ । ਵਿਚ ਚਰਨ ਜੋ ਨਾ ਕਰੇ ਨਿਮਸਕਾਰ । ਉਹ ਜੀਵ ਕਿਵ ਉਤਰੇ ਪਾਰ । ਭਗਤ ਵਛਲ ਪ੍ਰਭ ਦੇਤ ਉਧਾਰ । ਜੁਗੋ ਜੁਗ ਪਸਰੇ ਪਸਾਰ । ਹਰ ਜੁਗ ਵਿਚ ਪ੍ਰਭ ਲਏ ਅਵਤਾਰ । ਆਪਣਾ ਸ਼ਬਦ ਲਿਖਾਏ ਅਪਾਰ । ਸੋਹੰ ਸ਼ਬਦ ਸਚ ਨਿਸਤਾਰ । ਓਅੰ ਆਪ ਪ੍ਰਭ ਦਾਤਾਰ । ਜਿਸ ਦੀ ਜੀਵ ਨਾ ਪਾਵੇ ਸਾਰ । ਪੂਰਨ ਸਿੱਖ ਜਿਨ ਕੀਤੀ ਵਿਚਾਰ । ਦੇ ਦਰਸ ਗੁਰ ਦਿਤਾ ਤਾਰ । ਮੈਂ ਹਾਂ ਆਪਣੀ ਜੋਤ ਅਧਾਰ । ਜੀਵ ਜੰਤ ਸਭ ਦੇਵਾਂ ਤਾਰ । ਸਦ ਬਖ਼ਸ਼ੰਦ ਸਚ ਸਿਰਜਣਹਾਰ । ਬਿਨ ਨਬਜ਼ ਪ੍ਰਭ ਰਿਹਾ ਲਲਕਾਰ । ਆਪਣਾ ਰਾਹ ਗੁਰ ਆਪ ਬਤਾਵੇ । ਸ਼ਬਦ ਸੋਹੰ ਦੀ ਮਨ ਚੋਟ ਲਗਾਵੇ । ਪੜ੍ਹ ਕੇ ਸਿੱਖ ਮਨ ਬਿਗਸਾਵੇ । ਥਿਰ ਘਰ ਦੀ ਸੋਝੀ ਹੈ ਪਾਵੇ । ਦਵਾਰ ਦਸਵਾਂ ਪ੍ਰਭ ਆਪ ਖੁਲ੍ਹਾਵੇ । ਨਿਜਾਨੰਦ ਨਿਜ ਮਾਹਿ ਪਾਵੇ । ਝਿਰਨਾ ਨਿਝਰੋਂ ਆਪ ਝਿਰਾਵੇ । ਅੰਮ੍ਰਿਤ ਬੂੰਦ ਕਵਲ ਮੇਂ ਪਾਵੇ । ਅਨਹਦ ਸ਼ਬਦ ਦੀ ਧੁਨ ਸੁਣਾਵੇ । ਸੋਹੰ ਸ਼ਬਦ ਸਚ ਸਚ ਵਰਤਾਵੇ । ਚਾਰ ਜੁਗ ਜੈ ਜੈਕਾਰ ਕਰਾਵੇ । ਮਹਾਰਾਜ ਸ਼ੇਰ ਸਿੰਘ ਲਿਖਤ ਕਰਾਵੇ । ਸਚ ਮਾਰਗ ਸਚ ਸ੍ਰਿਸ਼ਟੀ ਲਾਵੇ । ਅੰਜ਼ੀਲ ਕੁਰਾਨ

੫੪
੦੧

ਦਾ ਮਾਣ ਗਵਾਵੇ । ਅੰਧ ਘੋਰ ਐਸਾ ਹੋ ਜਾਵੇ । ਪੂਰਾ ਸਤਿਗੁਰ ਨਜ਼ਰ ਨਾ ਆਵੇ । ਵਿਚ ਸੰਗਤ ਗੁਰ ਸ਼ਬਦ ਲਿਖਾਵੇ । ਜੋਤ ਸਰੂਪ ਜੋਤ ਰਲ ਜਾਵੇ । ਜਿਥੋਂ ਉਪਜਿਆ ਤਿਸ ਮਾਹਿ ਸਮਾਵੇ । ਮਹਾਰਾਜ ਸ਼ੇਰ ਸਿੰਘ ਚੋਜ ਵਖਾਵੇ । ਕੋਟ ਬ੍ਰਹਿਮੰਡ ਕੋਈ ਥਿਰ ਨਾ ਰਹਾਵੇ । ਸ਼ਬਦ ਬਾਣ ਗੁਰ ਐਸਾ ਲਾਵੇ । ਚੱਕਰ ਸੁਦਰਸ਼ਨ ਦਰਸ ਦਿਖਾਵੇ । ਚਾਰ ਵਰਨ ਦਾ ਭੇਦ ਮੁਕਾਵੇ । ਬ੍ਰਹਮ ਸੇ ਉਪਜੇ ਬ੍ਰਹਮ ਮਾਹਿ ਸਮਾਵੇ । ਈਸ਼ਰ ਜੋਤ ਹਰਿ ਜੀਵ ਮੇਂ ਆਵੇ । ਸਰਬ ਸ੍ਰਿਸ਼ਟ ਪ੍ਰਭ ਏਕ ਬਣਾਵੇ । ਨੀਚ ਊਚ ਸਭ ਇਕ ਕਰਾਵੇ । ਅਪਣਾ ਨਾਮ ਇਹ ਬਤਾਵੇ । ਸੋਹੰ ਸ਼ਬਦ ਘਰ ਸਾਚੇ ਗਾਵੇ । ਆਵਣ ਜਾਣ ਦਾ ਜੀਵ ਪੰਧ ਮੁਕਾਵੇ । ਧਰਤ ਧਵਲ ਆਕਾਸ਼ ਸਭ ਥਾਈਂ ਸਮਾਵੇ । ਜਹਾਂ ਦੇਖਾਂ ਤਹਾਂ ਨਦਰੀ ਆਵੇ । ਕਿਰਪਾਨਿਧ ਪ੍ਰਭ ਹੋਏ ਸਹਾਏ । ਆਪਣਾ ਸ਼ਬਦ ਮੁਖੋਂ ਸੁਣਾਇਆ । ਗੁਰ ਧਾਮ ਗੁਰ ਪੁਰੀ ਬਣਾਇਆ । ਪੈਜ ਰੱਖਣ ਨੂੰ ਹਰਿ ਜੂ ਆਇਆ । ਪੂਰਨ ਦੇਹ ਵਿਚ ਜੋਤ ਜਗਾਇਆ । ਮਨ ਦੇ ਭੁਲੇਖੇ ਸਤਿਗੁਰ ਲਾਹੇ । ਨਬਜ਼ ਸਿੱਖ ਦੀ ਚਲਣੋਂ ਹਟਾਏ । ਮਹਾਰਾਜ ਸ਼ੇਰ ਸਿੰਘ ਨਾਮ ਰਖਾਏ । ਭਗਤ ਵਛਲ ਹਰਿ ਲਾਜ ਰਖਾਏ । ਓਸ ਧਾਮ ਨੂੰ ਭਾਗ ਲਗਾਇਆ । ਜਿਥੇ ਹੈ ਪ੍ਰਭ ਦਰਸ ਦਿਖਾਇਆ । ਮਨਮੁਖਾਂ ਤੋਂ ਪਰਦਾ ਪਾਇਆ । ਗੁਰਮੁਖਾਂ ਨੂੰ ਵਿਚ ਚਰਨ ਬਹਾਇਆ । ਅਜੂਨੀ ਰਹਿਤ ਨਜ਼ਰੀ ਆਇਆ । ਅਕਾਲ ਮੂਰਤ ਨਾ ਮਰੇ ਨਾ ਜਾਇਆ । ਵੀਹ ਸੌ ਛੇ ਅੱਠ ਫੱਗਣ ਪ੍ਰਭ ਖੇਲ ਰਚਾਇਆ । ਜੋਤ ਸਰੂਪ ਜਗਤ ਮੇਂ ਆਇਆ । ਆਪ ਹੈ ਜੋਤੀ ਜੋਤ ਸਰੂਪਾ । ਅਨਹਦ ਸ਼ਬਦ ਵਜਾਏ ਭੂਪਾ । ਸੁਰਤ ਸ਼ਬਦ ਦੀ ਜੋ ਜਨ ਜਾਣੇ । ਮਹਾਰਾਜ ਸ਼ੇਰ ਸਿੰਘ ਖੜ੍ਹਾ ਸਰਾਹਣੇ । ਦੇਵੇ ਦਰਸ ਸਚ ਕਰ ਜਾਣੇ । ਮਨ ਇੱਛੇ ਸਗਲ ਫਲ ਪਾਣੇ । ਕਲਜੁਗ ਵਿਚ ਭਏ ਜੀਵ ਜੰਤ ਅੰਞਾਣੇ । ਭੁੱਜਣ ਇਉਂ ਜਿਉਂ ਭਠਿਆਲੇ ਦਾਣੇ । ਸਚ ਸ਼ਬਦ ਜੋ ਨਾ ਪਛਾਣੇ । ਸੋਹੰ ਸ਼ਬਦ ਗੁਰ ਮਾਰਿਆ ਬਾਣੇ । ਮਹਾਸਾਰਥੀ ਸਰਬ ਸ੍ਰਿਸ਼ਟ ਉਪਾਵੇ । ਅੰਤ ਸਮੇਂ ਪ੍ਰਭ ਆਪ ਖਪਾਵੇ । ਸੋਹੰ ਸ਼ਬਦ ਰਾਹ ਚਲਾਇਆ । ਸਤਿਜੁਗ ਵਿਚ ਹੋਏ ਸਹਾਇਆ । ਸਰਬ ਕਲਾ ਪ੍ਰਭ ਆਪ ਹੈ ਧਾਰੀ । ਕਲਜੁਗ ਦੀ ਹੁਣ ਹੋਈ ਖੁਆਰੀ । ਸਤਿਜੁਗ ਦੀ ਹੁਣ ਆਵੇ ਵਾਰੀ । ਪ੍ਰਗਟ ਹੋਵੇ ਮਹਾਰਾਜ ਸ਼ੇਰ ਸਿੰਘ ਨਿਰੰਕਾਰੀ । ਮਨੀ ਸਿੰਘ ਭਇਆ ਪੂਤ ਭਵ ਤਾਰੀ । ਸਰਬ ਸ੍ਰਿਸ਼ਟ ਜਿਨ ਆਪ ਸੰਘਾਰੀ । ਸ਼ਰਨੀ ਲੱਗੇ ਸ੍ਰਿਸ਼ਟ ਆਣ ਸਾਰੀ । ਗੁਰ ਪੂਰੇ ਇਹ ਪਾਰ ਉਤਾਰੀ । ਸੋਹੰ ਸ਼ਬਦ ਮੇਰਾ ਰਿਦੇ ਧਿਆ ਲੀ । ਅੰਮ੍ਰਿਤ ਵੇਲੇ ਦਿਨ ਹੈ ਚਾਲੀ । ਗੁਰ ਪੂਰਾ ਜਿਨ ਬਣਤ ਬਣਾਈ । ਘਰ ਬੈਠਾ ਗੁਰ ਪੂਰਾ ਪਾਈ । ਦੁਖੀਆਂ ਦਾ ਜਿਸ ਦੁੱਖ ਮਿਟੌਣਾ । ਬਾਣੀ ਬੋਹਥ ਗੁਰ ਪੂਰਾ ਪੌਣਾ । ਪਾਇਓ ਫੱਲ ਸਰਬ ਮਨ ਭੌਣਾ । ਸਾਧ ਸੰਗਤ ਨੂੰ ਸਚ ਬਤੌਣਾ । ਮੁੱਕ ਜਾਵੇ ਜਗਤ ਵਿਚ ਔਣਾ ਜਾਣਾ । ਕਾਇਆ ਕਟਾਖ਼ਸ਼ ਫਿਰ ਨਾ ਖਾਣਾ । ਚਰਨ ਕਵਲ ਪ੍ਰਭ ਚਰਨੀ ਲਾਏ । ਦੇਵੇ ਦਰਸ ਗੁਰ ਦਇਆ ਕਮਾਏ । ਮਨ ਮੇਂ ਇੱਛਾ ਅਵਰ ਜੋ ਧਰੇ । ਪੂਰਨ ਕਰੇ ਆਪ ਪ੍ਰਭ ਹਰੇ । ਸੱਚਾ ਗੁਰ ਸਾਚਾ ਆਸਾ ਵਰੇ । ਹੋਏ ਕਿਰਪਾਲ ਪ੍ਰਭ ਕਿਰਪਾ ਕਰੇ । ਹੋਣ ਮਨੋਰਥ ਸਭ ਦੇ ਪੂਰਨ । ਗੁਰ ਕਾ ਬਚਨ ਨਹੀਂ ਅਧੂਰਨ । ਮਦਿ ਮਾਸ ਜੋ ਰਸਨਾ ਲਾਏ । ਦੁਰਮਤ ਦੇਹ ਉਸ ਦੀ ਹੋ ਜਾਏ । ਪੂਰੇ ਗੁਰ ਕਾ ਦਰਸ ਜੋ ਲੋੜੇ । ਸੋਹੰ ਸ਼ਬਦ ਮਨ ਮੇਂ ਜੋੜੇ । ਇਹ ਦਿਤਾ ਸਿੱਖਾਂ ਨੂੰ ਦਾਨ । ਸੋਹੰ ਸ਼ਬਦ ਬ੍ਰਹਮ ਗਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਸ਼ਬਦ ਦਾ ਦਿਤਾ ਗਿਆਨ । ਗਿਆਨ ਗੋਝ ਜੋ ਮੇਰਾ ਪਾਵੇ । ਪ੍ਰਭ ਅਬਿਨਾਸ਼ੀ ਰਿਦੇ ਸਮਾਵੇ । ਦੂਧ ਪੂਤ ਸਭ ਘਰ ਮਾਹਿ

ਪਪ ੦੧

ਪਾਵੇ । ਪੂਰਾ ਗੁਰ ਇਹ ਸਚ ਵਖਾਵੇ । ਜੀਵ ਜੁਗਤ ਕੋਈ ਨਾ ਜਾਣੇ । ਆਪਣਾ ਭੇਦ ਆਪ ਵਖਾਣੇ । ਬੁਝੀ ਦੀਪਕ ਗੁਰ ਆਪ ਜਗਾਈ । ਸਚ ਮੰਤਰ ਗੁਰ ਸਚ ਦ੍ਰਿੜਾਈ । ਈਸ਼ਰ ਜੀਵ ਦਾ ਭੇਦ ਮਿਟਾਈ । ਅਚਰਜ ਨੂੰ ਅਚਰਜ਼ ਮਿਲਾਈ । ਪਸੂ ਪਰੇਤੋਂ ਕਰ ਦੇਵ ਬਹਾਈ । ਗੁਰ ਪੂਰੇ ਵਿਚ ਇਹ ਵਡਿਆਈ । ਸ਼ਬਦ ਆਪਣੇ ਦਾ ਭੇਦ ਖੁਲ੍ਹਾਈ । ਸਭ ਤੋਂ ਬਾਣੀ ਮੁਖ ਰਖਾਈ । ਇਕ ਲੱਖ ਅੱਸੀ ਹਜ਼ਾਰ ਭੂਤ ਪ੍ਰੇਤ ਸਭ ਵਸ ਕਰਾਈ । ਪੂਰੇ ਗੁਰ ਵਿਚ ਇਹ ਵਡਿਆਈ । ਤ੍ਰੈਲੋਕ ਇਸ ਦਾ ਜਸ ਗਾਈ । ਮਹਾਰਾਜ ਸ਼ੇਰ ਸਿੰਘ ਪੈਜ ਰਖਾਈ । ਸ਼ਬਦ ਮੇਰਾ ਹੈ ਨਿਰਬਾਣ । ਜੇਤੀਆਂ ਮੁਸ਼ਕਲਾਂ ਤੇਤੀਆਂ ਆਸਾਨ । ਨਾਮ ਮੇਰਾ ਸਭ ਮੇਂ ਪ੍ਰਧਾਨ । ਸੋਹੰ ਸ਼ਬਦ ਸਰਬ ਕੀ ਆਣ । ਪਵਣ ਰੂਪ ਗੁਰ ਮਸਾਣ ਬਣਾਏ । ਜਮ ਕੰਕਰ ਕੋਈ ਨੇੜ ਨਾ ਆਏ । ਬੀਰ ਅਠਾਰਾਂ ਭੈ ਰਖਾਏ । ਹਾਕਨ ਡਾਕਨ ਸਭ ਡਰ ਜਾਏ । ਸਰਬ ਸ੍ਰਿਸ਼ਟ ਗੁਰ ਬਾਣ ਲਗਾਏ । ਵਿਚ ਭੈ ਸਭ ਹਰਿ ਗੁਣ ਗਾਏ । ਲੋਹੇ ਕਾ ਸੰਗਲ ਗਲ ਮੇਂ ਪਾਏ । ਸਾਰ ਕੀ ਮੂੰਗਲੀ ਸਿਰ ਪਰ ਲਾਏ । ਗੁਰ ਪੂਰੇ ਕੀਤੀ ਵਿਚਾਰ । ਹੋਏ ਕਿਰਪਾਲ ਪ੍ਰਭ ਏਕੰਕਾਰ । ਬਚਨ ਸੇ ਬਾਹਰ ਖਾਏ ਸਿਰ ਮਾਰ । ਗੁਰ ਕਾ ਦੋਖੀ ਨਾ ਉਤਰੇ ਪਾਰ । ਇਸ ਸ਼ਬਦ ਦੀ ਇਹ ਵਡਿਆਈ । ਗੁਰ ਨਾਨਕ ਦੀ ਕਲਾ ਵਧਾਈ । ਮਰਦਾਨੇ ਉਤੇ ਦਇਆ ਕਮਾਈ । ਭੇਡੂ ਵਾਲੀ ਦੇਹ ਪਲਟਾਈ । ਸੋਹੰ ਸ਼ਬਦ ਹੁਣ ਮੁਖੋਂ ਗਾਈ । ਤੀਨ ਲੋਕ ਦਾ ਭੈ ਗਵਾਈ । ਪ੍ਰਭ ਚਰਨ ਸੰਗ ਲੈ ਮਿਲਾਈ । ਮੇਰਾ ਨਾਮ ਜੋ ਨਰ ਧਿਆਈ । ਸੋਹੰ ਸ਼ਬਦ ਦਾ ਪਾਠ ਜੋ ਕਰੇ । ਇਕ ਹਜ਼ਾਰ ਨਿੱਤ ਉਠ ਪੜ੍ਹੇ । ਦਰਸ਼ਨ ਦੇਵੇ ਆਪ ਪ੍ਰਭ ਹਰੇ । ਇਕ ਸੌ ਇਕ ਪਾਠ ਜੋ ਕਰੇ । ਮਨ ਮੇਂ ਸ਼ਾਂਤ ਕਪਟ ਨਾ ਧਰੇ । ਐਸੀ ਬੁੱਧੀ ਪ੍ਰਭ ਹੈ ਕਰੇ । ਧੰਨ ਧੰਨ ਮੁਖੋਂ ਕਹੇ ਨਰ ਹਰੇ । ਦੇਹ ਦੀਪਕ ਵਿਚ ਜੋਤ ਆ ਜਲੇ । ਪੂਰਨ ਪੁਰਖ ਹੋਏ ਸੁਜਾਨ । ਜਿਸ ਨੂੰ ਉਪਜਿਆ ਬ੍ਰਹਮ ਗਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਧ ਸੰਗਤ ਵਿਟੁਹ ਕੁਰਬਾਨ । ਅੰਮ੍ਰਿਤ ਗੁਰ ਆਪ ਬਣਾਵੇ । ਗੁਰਸਿਖਾਂ ਦੇ ਮੁਖ ਚੁਆਵੇ । ਦੁੱਖ ਦਲਿਦਰ ਸਾਰੇ ਲਾਹਵੇ । ਭਰਮ ਭੂਤ ਦਾ ਨਾਸ ਕਰਾਵੇ । ਪਵਿਤ ਆਤਮਾ ਇਸ ਨਾਲ ਕਰਾਵੇ । ਅਨੂਠਾ ਰਸ ਮੁਖ ਚਵਾਵੇ । ਤਪਤ ਆਤਮਾ ਸ਼ਾਂਤ ਹੋ ਜਾਵੇ । ਸਾਧ ਸੰਗਤ ਪ੍ਰਭ ਦਇਆ ਕਮਾਵੇ । ਪਸੂ ਪਰੇਤੋਂ ਦੇਵ ਬਣਾਵੇ । ਮਹਾਰਾਜ ਸ਼ੇਰ ਸਿੰਘ ਦਇਆ ਕਮਾਵੇ । ਅੰਮ੍ਰਿਤ ਬੂੰਦ ਪੀ ਗੁਰਮੁਖ ਬਣ ਜਾਵੇ । ਦੇਹ ਅਰੋਗ ਸਰਬ ਸੁਖ ਪਾਵੇ । ਦੂਜੀ ਵਾਰ ਸਿੱਖ ਸੇਵ ਕਮਾਵੇ । ਗੁਰ ਕੀ ਲਿਖਤ ਕਾ ਫਲ ਗੁਰ ਤੋਂ ਪਾਵੇ । ਹੋਏ ਦਿਆਲ ਗੁਰ ਦਰਸ ਦਿਖਾਵੇ । ਚਰਨ ਕਵਲ ਵਿਚ ਪਦਮ ਦਰਸਾਵੇ । ਚਰਨ ਖੱਬੇ ਤੇ ਨਿਸ਼ਾਨ ਬਿਗਸਾਵੇ । ਜਿਥੇ ਬੱਧਕ ਬਾਣ ਲਗਾਵੇ । ਜਗਦੀਸ਼ਰ ਹਰਿ ਜੂ ਨਜ਼ਰੀ ਆਵੇ । ਮੋਹਨ ਮਾਧਵ ਕ੍ਰਿਸ਼ਨ ਮੁਰਾਰ ਅਖਵਾਵੇ । ਬਾਲ ਉਮਰ ਵਿਚ ਦਰਸ ਦਿਖਾਵੇ । ਸੁੰਦਰ ਕੁੰਡਲ ਮੁਕਟ ਬੈਨ ਨਜ਼ਰੀ ਆਵੇ । ਕਲਜੁਗ ਵਿਚ ਮਹਾਰਾਜ ਸ਼ੇਰ ਸਿੰਘ ਅਖਵਾਵੇ । ਕ੍ਰਿਸ਼ਨ ਤੋਂ ਪ੍ਰਭ ਦੇਹ ਪਲਟਾਵੇ । ਵਾਂਗ ਦਵਾਪਰ ਕਲਜੁਗ ਦਾ ਅੰਤ ਕਰਾਵੇ । ਸਤਿਜੁਗ ਨੂੰ ਸਤਿਵਾਦ ਬਣਾਵੇ । ਸਤਿ ਸਰੂਪ ਸਭ ਜੀਵ ਉਪਾਵੇ । ਸੋਹੰ ਸ਼ਬਦ ਦੀ ਧੁਨ ਵਜਾਏ । ਮਹਾਰਾਜ ਸ਼ੇਰ ਸਿੰਘ ਜੈ ਜੈ ਕਾਰ ਕਰਾਵੇ । ਬਾਣੀ ਸਭ ਦਾ ਮਾਣ ਗਵਾਵੇ । ਪ੍ਰਭ ਪੂਰਾ ਭਇਆ ਅਵਤਾਰੀ । ਪੈਜ ਸਿੱਖਾਂ ਦੀ ਆਣ ਸਵਾਰੀ । ਵੀਹ ਸੌ ਸੱਤ ਜੇਠ ਪੰਜ ਨੂੰ ਖੇਲ ਹੈ ਕਰਨਾ । ਸਰਬ ਸ੍ਰਿਸ਼ਟ ਵਿਚ ਬਹੁਤ ਦੁੱਖ ਜੀਵਾਂ ਨੇ ਭਰਨਾ । ਐਸਾ ਕਾਲ ਕਲੂ ਦਾ ਕਰਨਾ । ਮਹਾਰਾਜ ਸ਼ੇਰ ਸਿੰਘ ਦੁੱਖ ਦਲਿਦਰ ਹਰਨਾ । ਸੋਹੰ

ਸ਼ਬਦ ਸਭ ਰਸਨਾ ਉਚਰਨਾ । ਅੰਧਕਾਰ ਜਗਤ ਜਾਂ ਹੋਵੇ । ਮਹਾਰਾਜ ਸ਼ੇਰ ਸਿੰਘ ਪ੍ਰਗਟ ਹੋਵੇ । ਪ੍ਰਗਟ ਹੋਵੇ ਜੋਤ ਸਰੂਪ । ਜਿਸ ਦੀ ਮਹਿਮਾ ਬੜੀ ਅਨੂਪ । ਦੁਨੀਆ ਡੋਬੀ ਮਾਇਆ ਅੰਧ ਕੂਪ । ਬੈਠਾ ਅਲੋਪ ਆਪ ਗੁਰ ਭੂਪ । ਕਲਜੁਗ ਦੀ ਹੁਣ ਹੋਈ ਸਫਾਈ । ਵਿਚ ਸੰਸਾਰ ਪੈ ਜਾਏ ਦੁਹਾਈ । ਘਰ ਘਰ ਅੱਗ ਪ੍ਰਭੂ ਨੇ ਲਾਈ । ਕੋਈ ਨਾ ਮੇਟੇ ਇਸ ਨੂੰ ਰਾਈ । ਗੁਰ ਸਾਚਾ ਜਿਨ ਖੇਡ ਬਣਾਈ । ਕਾਗ ਭੁਸੰਡ ਨੇ ਦੇਹ ਵਖਾਈ । ਸਭ ਸਿੱਖਨ ਦੀ ਆਸ ਪੁਜਾਈ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਬਚਨ ਲਿਖਾਇਆ । ਮਨੀ ਸਿੰਘ ਨੂੰ ਸਤਿਗੁਰ ਬਣਾਇਆ । ਪਿੰਡ ਬੁੱਗੇ ਜਿਥੇ ਥਾਨ ਸੁਹਾਇਆ । ਪ੍ਰੇਮ ਸਿੰਘ ਘਰ ਤਖ਼ਤ ਸੁਹਾਇਆ । ਜਿਸ ਵੇਲੇ ਲਿਖਤ ਬਾਣੀ ਦੀ ਹੋਵੇ । ਚਾਰ ਦੀਪਕ ਸਦਾ ਬਿਲੋਵੇ । ਸਿਰ ਤੇ ਛਤਰ ਚਵਰ ਸਿਰ ਹੋਵੇ । ਮਹਾਰਾਜ ਸ਼ੇਰ ਸਿੰਘ ਹਾਜ਼ਰ ਹੋਵੇ । ਤੇਜਾ ਸਿੰਘ ਸਿੱਖ ਪਾਸ ਖਲੋਵੇ । ਸਾਧ ਸੰਗ ਪ੍ਰੇਮ ਸਿੰਘ ਘਰ ਹੋਵੇ । ਇੰਦਰ ਸਿੰਘ ਗੁਣ ਹਰਿ ਕੇ ਗਾਏ । ਚੰਦੋਆ ਚੰਦਨ ਸਿਰ ਤੇ ਪਾਏ । ਸੋਹਣ ਸਿੰਘ ਨੂੰ ਸੰਗ ਰਲਾਏ । ਜੀਵਨ ਸਿੰਘ ਕੋਲ ਬਿਠਾਏ । ਪ੍ਰੀਤਮ ਸਿੰਘ ਸਿਰ ਮੇਰੇ ਛਤਰ ਝੁਲਾਏ । ਸੋਹਣ ਸਿੰਘ ਮਾਸਟਰ ਧੂਪ ਦੀ ਜੋਤ ਜਗਾਏ । ਜਿਸ ਦੀ ਸੁਗੰਧ ਪਏ ਸਭ ਥਾਏਂ । ਚਾਰ ਜੁਗ ਨਾਮ ਰਹਿ ਜਾਏ । ਬੰਸੋ ਦੇਵੀ ਫਿਰ ਸੇਵ ਕਰਾਏ । ਮਹਾਰਾਜ ਸ਼ੇਰ ਸਿੰਘ ਰਿਦੇ ਧਿਆਏ । ਬਾਣੀ ਲਿਖਣ ਨੂੰ ਕਲਮ ਉਠਾਏ । ਸਰਬ ਸੋਝੀ ਗੁਰ ਪੂਰਾ ਪਾਏ । ਅਨਹੱਦ ਸ਼ਬਦ ਮਨ ਵਜਾਏ । ਖੋਲ੍ਹ ਤ੍ਰੈਕੁਟੀ ਪ੍ਰਭ ਦਰਸ ਦਿਖਾਏ । ਸ਼ਬਦ ਰੂਪ ਪ੍ਰਭ ਨਜ਼ਰੀ ਆਏ । ਜਗਮਗ ਜੋਤ ਪ੍ਰਭ ਆਪ ਜਗਾਏ । ਭੁੱਲ ਚੁੱਕ ਮੁਆਫ ਹੋ ਜਾਵੇ । ਮਹਾਰਾਜ ਸ਼ੇਰ ਸਿੰਘ ਹੋਏ ਸਹਾਏ ।

੫੭
੦੧

❊ ੩੦ ਫੱਗਣ ੨੦੦੬ ਬਿਕ੍ਰਮੀ ਮੇਰਠ ਗੁਰਦਵਾਰੇ ਵਿਚ ਬਚਨ ਹੋਏ ❊

ਓਅੰਕਾਰ ਪ੍ਰਭ ਭਇਆ ਪ੍ਰਕਾਸ਼ । ਜੋਤ ਨਿਰੰਜਣ ਸਰਬ ਗੁਣਤਾਸ । ਆਦਿ ਅੰਤ ਗੁਰਸਿੱਖਨ ਪਾਸ । ਵਿਚ ਬ੍ਰਹਿਮੰਡ ਕਰੇ ਨਿਵਾਸ । ਤੀਨ ਲੋਕ ਚਰਨ ਕਵਲ ਨਿਵਾਸ । ਉਧਰੇ ਸਿੱਖ ਜਿਹੜੇ ਹਰਿ ਕੇ ਦਾਸ । ਸਤਿਗੁਰ ਮਨੀ ਸਿੰਘ ਬੈਠੇ ਪਾਸ । ਮਹਾਰਾਜ ਸ਼ੇਰ ਸਿੰਘ ਸਰਬ ਨਿਵਾਸ । ਸ਼ੇਰ ਸਿੰਘ ਨਿਰੰਜਣ ਓਅੰ ਆਪ । ਸੋਹੰ ਸ਼ਬਦ ਨਾਮ ਮੇਰਾ ਜਾਪ । ਜੋ ਸਿਮਰੇ ਉਤਰਨ ਸਭ ਪਾਪ । ਜੋਤ ਨਿਰੰਜਣ ਮਾਰੇ ਤਿੰਨ ਤਾਪ । ਮਹਾਰਾਜ ਸ਼ੇਰ ਸਿੰਘ ਕਲ ਰਾਖੇ ਆਪ । ਗੁਰਸਿਖਾਂ ਦਾ ਵਡ ਪ੍ਰਤਾਪ । ਘਰ ਸਾਚਾ ਥਿਰ ਮੇਰਾ ਦਰਬਾਰ । ਮਹਿੰਮਾ ਗੁਰ ਕੀ ਅਪਰ ਅਪਾਰ । ਕਲਜੁਗ ਵਿਚ ਲਿਆ ਅਵਤਾਰ । ਭਗਤ ਜਨਾਂ ਨੂੰ ਲਾਇਆ ਪਾਰ । ਸ੍ਰਿਸ਼ਟੀ ਡੁੱਬੀ ਵਿਚ ਮੰਝਧਾਰ । ਪ੍ਰਗਟ ਹੋ ਕੇ ਆਪ ਕਰਤਾਰ । ਚੇਤ ਪੰਜ ਸ਼ਨਿਚਰਵਾਰ । ਲਿਖਤ ਲਿਖਾਈ ਵਿਚ ਸਚ ਦਰਬਾਰ । ਗੁਰਬਾਣੀ ਹੋਵੇ ਇਹ ਜਗਤ ਉਧਾਰ । ਪੂਰੇ ਗੁਰ ਦਿਤੀ ਰਸਨਾ ਉਚਾਰ । ਭਗਤ ਜਨਾਂ ਹੋਵੇ ਜੈਕਾਰ । ਸੁਣ ਕੇ ਸਿੱਖ ਸਭ ਉਧਰਨ ਪਾਰ । ਸਤਿਜੁਗ ਸਾਚਾ ਲਾਇਆ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਪਾਰ ਉਤਾਰਨਹਾਰ । ਅੰਮ੍ਰਿਤ ਵੇਲੇ ਉਠ ਕੇ ਸਾਰੇ । ਗੁਰ ਪੂਰੇ ਦੇ ਵਿਚ ਦਰਬਾਰੇ । ਇੰਦਰ ਸਿੰਘ ਪੰਜ ਸ਼ਬਦ ਉਚਾਰੇ । ਪਲੰਘ ਉਪਰ ਸਾਡਾ ਫੋਟੋ ਲਾਏ । ਮਨੀ ਸਿੰਘ ਨੂੰ ਕੋਲ ਬਹਾਏ । ਸੀਸ ਉਪਰ ਚੰਦੋਆ ਛਾਏ । ਲਹਿੰਦੀ ਦਿਸ਼ਾ ਮੁਖ ਰਖਾਏ । ਪ੍ਰੀਤਮ ਸਿੰਘ ਫਿਰ ਛਤਰ ਝੁਲਾਏ ।

❋ ੫ ਚੇਤ ੨੦੦੭ ਬਿਕ੍ਰਮੀ ❋

ਪੰਜ ਚੇਤ ਦਾ ਦਿਨ ਸੀ ਆਇਆ । ਸਤਿਗੁਰ ਪੂਰੇ ਖੇਲ ਰਚਾਇਆ । ਵਿਚ ਬੁੱਘੀਂ ਡੇਰਾ ਲਾਇਆ । ਬਾਣੀ ਰਚਨ ਦਾ ਦਿਨ ਮਨਾਇਆ । ਪੂਰੀ ਬਿਧ ਆਪ ਬਤਾਈ । ਫਿਰ ਬਾਣੀ ਦੀ ਲਿਖਤ ਕਰਾਈ । ਸਾਧ ਸੰਗਤ ਗੁਰ ਕੋਲ ਬਹਾਈ । ਪੂਰਨ ਸਿੱਖ ਜਿਨ੍ਹਾਂ ਸੇਵ ਕਮਾਈ । ਮਹਾਰਾਜ ਸ਼ੇਰ ਸਿੰਘ ਜੋਤ ਜਗਾਈ । ਜੁਗ ਚਾਰ ਜੈ ਜੈਕਾਰ ਕਰਾਈ । ਸਚ ਤਖ਼ਤ ਗੁਰ ਆਪ ਬਣਾ ਕੇ । ਬਾਣੀ ਬੋਹਥ ਜੋਤ ਪ੍ਰਗਟਾ ਕੇ । ਚੇਤ ਪੰਜਵੀਂ ਦਿਨ ਮਨਵਾ ਕੇ । ਅੰਮ੍ਰਿਤ ਰੂਪੀ ਬਾਣੀ ਲਿਖਵਾ ਕੇ । ਸਤਿਗੁਰ ਮਨੀ ਸਿੰਘ ਕੋਲ ਬਹਾ ਕੇ । ਕਰੋੜ ਤੇਤੀਸ ਸੰਗ ਰਲਾ ਕੇ । ਮੰਗਲਾਚਾਰ ਕਰਨ ਘਰ ਆ ਕੇ । ਗੁਰ ਪੂਰੇ ਦਾ ਦਰਸ਼ਨ ਪਾ ਕੇ । ਅਨਹਦ ਸ਼ਬਦ ਮਨ ਧੁਨ ਵਜਾ ਕੇ । ਚਤੁਰਭੁਜ ਆਪ ਪ੍ਰਭ ਆ ਕੇ । ਮਹਾਰਾਜ ਸ਼ੇਰ ਸਿੰਘ ਦਇਆ ਕਮਾ ਕੇ । ਸੋਹੰ ਸ਼ਬਦ ਦੀ ਲਿਖਤ ਕਰਾ ਕੇ । ਸੋਹੰ ਸ਼ਬਦ ਹੋਵੇ ਭਰਪੂਰ । ਸਚ ਗੁਰ ਮੰਤਰ ਆਸਾ ਪੂਰ । ਜੋ ਜਨ ਸਿਮਰੇ ਚਿੰਤਾ ਦੂਰ । ਜਮ ਜੰਦਾਰ ਕਰੇ ਪ੍ਰਭ ਚੂਰ । ਸਾਧ ਸੰਗਤ ਦੀ ਆਸਾ ਪੂਰ । ਮਹਾਰਾਜ ਸ਼ੇਰ ਸਿੰਘ ਸਦਾ ਹਜ਼ੂਰ । ਅੰਤ ਕਾਲ ਆਪ ਪ੍ਰਭ ਆਇਆ । ਤਜ ਦੇਹ ਜੋਤ ਪ੍ਰਗਟਾਇਆ । ਕਲੂ ਕਾਲ ਦਾ ਕਾਲ ਕਰਾਇਆ । ਡੰਡ ਪ੍ਰਚੰਡ ਸਭਨ ਨੂੰ ਲਾਇਆ । ਜੀਵ ਨਾਸ ਨੂੰ ਜੀਵ ਉਪਾਇਆ । ਘਰ ਘਰ ਦੇਵਤਾ ਅਗਨ ਲਗਾਇਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਸਚ ਸੁਚ ਕਰ ਭਸਮ ਬਹਾਇਆ । ਧੈ ਕਰਨ ਜਗਤ ਆਪ ਪ੍ਰਭ ਆਇਆ । ਵੀਹ ਸੌ ਸੱਤ ਵਿਚ ਇਹ ਖੇਲ ਰਚਾਇਆ । ਹਾਹਾਕਾਰ ਕਰ ਜਗਤ ਰਵਾਇਆ । ਮਹਾਰਾਜ ਸ਼ੇਰ ਸਿੰਘ ਚੋਜ ਵਖਾਇਆ । ਸਚਖੰਡ ਕਿਰਪਾ ਪ੍ਰਭ ਕਰੀ । ਮਾਤਲੋਕ ਵਿਚ ਦੇਹ ਪ੍ਰਭ ਧਰੀ । ਕਲਜੁਗ ਜੀਵ ਨਾ ਬੁਝਿਆ ਹਰੀ । ਪੂਰਨ ਸਿੱਖਣ ਤੇ ਪ੍ਰਭ ਕਿਰਪਾ ਕਰੀ । ਦਿਤਾ ਦਰਸ ਸ਼ੇਰ ਸਿੰਘ ਵਰੀ । ਗੁਰ ਸਿੱਖਨ ਨੂੰ ਦਰਸ ਦਿਖਾਵੇ । ਆਪਣੀ ਮਹਿੰਮਾ ਆਪ ਗਣਾਵੇ । ਬੇਮੁਖ ਨਾ ਸੀਸ ਨਿਵਾਵੇ । ਸਿਦਕੀ ਸਿੱਖ ਸੰਗਤ ਵਿਚ ਰਲਾਵੇ । ਮਾਸ ਸ਼ਰਾਬ ਨਾ ਰਸਨੀ ਲੁਆਵੇ । ਮਹਾਰਾਜ ਸ਼ੇਰ ਸਿੰਘ ਆਪਣਾ ਨਾਮ ਜਪਾਵੇ । ਮੈਂ ਹਾਂ ਪ੍ਰਗਟਿਆ ਵਿਸ਼ਨੂੰ ਭਗਵਾਨ । ਭਗਤ ਜਨਾਂ ਹੋਵੇ ਕਲਿਆਣ । ਮਨੀ ਸਿੰਘ ਕਰੇ ਪਛਾਣ । ਫਿਰ ਪਾਵੇ ਗੁਰ ਗੱਦੀ ਦਾ ਮਾਣ । ਮੈਂ ਪਿਤਾ ਉਹ ਪੂਤ ਸਮਾਨ । ਮਹਾਰਾਜ ਸ਼ੇਰ ਸਿੰਘ ਪੂਰਨ ਭਗਵਾਨ । ਮੇਰੀ ਮਹਿੰਮਾ ਅਪਰ ਅਪਾਰ । ਜੁਗੋ ਜੁਗ ਮੇਰਾ ਪਸਾਰ । ਕਦੇ ਜੋਤ ਸਰੂਪ ਕਦੇ ਦੇਹ ਧਾਰ । ਜੁਗੋ ਜੁਗ ਲਵਾਂ ਅਵਤਾਰ । ਨਿਰਗੁਣ ਸਰਗੁਣ ਸਰੂਪ ਨਿਸਤਾਰ । ਜੀਵ ਜੰਤ ਮੇਰੀ ਜੋਤ ਅਧਾਰ । ਤੀਨ ਲੋਕ ਮੇਰਾ ਪਸਾਰ । ਮਹਾਰਾਜ ਸ਼ੇਰ ਸਿੰਘ ਜਗਤ ਉਧਾਰ । ਸੁਣ ਕੇ ਨਾਮ ਜੀਵ ਉਤਰੇ ਪਾਰ । ਸਰਬ ਥਾਏਂ ਮੇਰਾ ਹੈ ਗਵਣ । ਤੀਨ ਲੋਕ ਮੇਰਾ ਹੈ ਭਵਨ । ਸੋਹੰ ਸ਼ਬਦ ਮੇਰਾ ਹੈ ਹਵਨ । ਜੀਵ ਉਧਾਰ ਆਪ ਗੁਰ ਪਵਣ । ਅੰਤ ਕਾਲ ਕਲੂ ਤਾਈਂ ਖਪਾਇਆ । ਦੁਸ਼ਟਾਂ ਹੰਕਾਰੀਆਂ ਨੂੰ ਭਸਮ ਕਰਾਇਆ । ਮਦਿ ਮਾਸ ਦਾ ਨਾਸ ਕਰਾਇਆ । ਕੁੰਭੀ ਨਰਕ ਇਨ੍ਹਾਂ ਨੂੰ ਪਾਇਆ । ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਨਹੀਂ ਧਿਆਇਆ । ਪੂਰਨ ਗੁਰ ਕਰ ਸਚ ਵਖਾਇਆ । ਜੋ ਜਨ ਚਲੇ ਮੇਰੇ ਭਾਏ । ਸੋਹੰ ਸ਼ਬਦ ਸੰਗ ਮਨ ਲਗਾਏ । ਮਨ ਦੀ ਦੁਬਧਾ ਮੈਲ ਗਵਾਏ । ਪ੍ਰਭ ਪੂਰੇ ਦੀ ਸੇਵ ਕਮਾਏ । ਮਧ ਮਾਸ ਨੂੰ ਹੱਥ ਨਾ ਲਾਏ । ਗੁਰਸਿਖਾਂ ਸੰਗ ਗੁਰਸਿਖ ਬਣ ਜਾਏ । ਖੋਲ੍ਹ ਕਪਾਟ ਗੁਰ ਦਰਸ ਦਿਖਾਏ । ਚਰਨ

ਕਵਲ ਵਿਚ ਲਏ ਮਿਲਾਏ । ਜ਼ਾਤ ਪਾਤ ਦਾ ਮਾਣ ਗਵਾਏ । ਚਾਰ ਵਰਨ ਪ੍ਰਭ ਇਕ ਕਰਾਏ । ਬ੍ਰਹਮ ਸੇ ਉਪਜੇ ਬ੍ਰਹਮ ਮਾਹਿ ਸਮਾਏ । ਜੋਤ ਸਰੂਪ ਸੰਗ ਜੋਤ ਪ੍ਰਗਟਾਏ । ਕੋਈ ਪ੍ਰਭ ਦਾ ਭੇਤ ਨਾ ਪਾਏ । ਦਇਆ ਧਾਰ ਕਲਜੁਗ ਵਿਚ ਆਏ । ਪੰਜ ਤੱਤ ਵਿਚ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਨਾਮ ਰਖਾਏ । ਜਿਨ ਵੇਖਿਆ ਤਿਨ ਨਦਰੀ ਆਏ । ਸਾਧ ਸੰਗਤ ਗੁਰ ਦਰਸ ਦਿਖਾਏ । ਸੋਹੰ ਸ਼ਬਦ ਗੁਰ ਨਾਮ ਪ੍ਰਗਟਾਏ । ਮੈਂ ਹਾਂ ਪ੍ਰਗਟਿਆ ਗੁਰ ਗੋਬਿੰਦ । ਸਦ ਮਿਹਰਵਾਨ ਸਦਾ ਬਖ਼ਸ਼ਿੰਦ । ਕਲਜੁਗ ਵਿਚ ਭਇਆ ਮਰਗਿੰਦ । ਜਿਸ ਨੇ ਵਗਾਈ ਉਲਟੀ ਸਿੰਧ । ਸਾਰੇ ਜਗਤ ਤੋਂ ਕਰਾਏ ਨਿੰਦ । ਕਾਲ ਰੂਪ ਹੋਏ ਨਿਕਾਲੇ ਜਿੰਦ । ਪ੍ਰਗਟ ਹੋਵੇ ਫਿਰ ਆਪ ਵਿਚ ਹਿੰਦ । ਜਮਨ ਕਿਨਾਰੇ ਵਾਸੀ ਘਵਿੰਡ । ਮਹਾਰਾਜ ਸ਼ੇਰ ਸਿੰਘ ਜੋਤ ਜਗਤ ਜਿੰਦ । ਜਮਨ ਕਿਨਾਰੇ ਧਾਮ ਰਚੌਣਾ । ਜਿਥੇ ਸਤਿਗੁਰ ਤਖ਼ਤ ਰਚੌਣਾ । ਸਤਿਗੁਰ ਮਨੀ ਸਿੰਘ ਉਪਰ ਬਹੌਣਾ । ਮਹਾਰਾਜ ਸ਼ੇਰ ਸਿੰਘ ਹੋ ਪ੍ਰਗਟ ਔਣਾ । ਦਿਲੀਉਂ ਨੇੜੇ ਜਲ ਦੀ ਧਾਰ । ਚੋਜ ਕਰੇ ਜਿਥੇ ਕਰਤਾਰ । ਸੰਗਤ ਜੁੜੇ ਅਪਰ ਅਪਾਰ । ਕਰ ਕੇ ਦਰਸ ਸਿੱਖ ਉਧਰਨ ਪਾਰ । ਨਜ਼ਰੀ ਆਵੇ ਆਪ ਕਰਤਾਰ । ਸੋਹੰ ਸ਼ਬਦ ਦੀ ਹੋਵੇ ਗੁੰਜ਼ਾਰ । ਇਕ ਸਿੱਖ ਫਿਰ ਪ੍ਰਗਟੌਣਾ । ਜਿਸ ਨੂੰ ਦਰਸ ਆਪ ਦਰਸਾਉਣਾ । ਮਹਾਰਾਜ ਸ਼ੇਰ ਸਿੰਘ ਨਜ਼ਰੀ ਆਉਣਾ । ਓਸ ਡੰਕ ਹੈ ਵਿਚ ਜਗਤ ਵਜਾਉਣਾ । ਸਭ ਸ੍ਰਿਸ਼ਟ ਕੋ ਸਰਨੀ ਲਾਉਣਾ । ਆਪ ਆ ਕੇ ਸੀਸ ਨਿਵਾਉਣਾ । ਸਵਾ ਕਰੋੜ ਗੁਰ ਭੇਟ ਚੜ੍ਹੌਣਾ । ਸੋਹੰ ਸ਼ਬਦ ਦਾ ਮੋਖ਼ਸ਼ ਪਾਉਣਾ । ਮਹਾਰਾਜ ਸ਼ੇਰ ਸਿੰਘ ਸਦਾ ਮਨ ਗਾਉਣਾ । ਐਸਾ ਡੰਕ ਆਪ ਵਜਵਾਵੇ । ਊਚ ਨੀਚ ਸਭ ਸਰਨੀ ਪਾਵੇ । ਅਟੱਲ ਗੁਰ ਦਾ ਦਰਸ਼ਨ ਪਾਵੇ । ਦੁੱਖ ਦਲਿਦਰ ਹਿੰਦ ਦੇ ਗਵਾਵੇ । ਸਚ ਤਖ਼ਤ ਸਚ ਰਾਜ ਕਮਾਵੇ । ਐਸੀ ਮਾਇਆ ਪ੍ਰਭੂ ਤੋਂ ਪਾਵੇ । ਥਿਰ ਘਰ ਵੇਖੇ ਨਦਰੀ ਆਵੇ । ਧੰਨ ਧੰਨ ਰਸਨਾ ਨਿੱਤ ਗਾਵੇ । ਮਹਾਰਾਜ ਸ਼ੇਰ ਸਿੰਘ ਦੀ ਸੇਵ ਕਮਾਵੇ । ਸੇਵਕ ਬਣੇ ਸੁਰਤ ਮਨ ਲਾ ਕੇ । ਰਾਜ ਮਾਣ ਸਭ ਦਿਲੋਂ ਗਵਾ ਕੇ । ਪੂਰੀ ਗੁਰ ਤੋਂ ਸੋਝੀ ਪਾ ਕੇ । ਰਈਅਤ ਸਾਰੀ ਵਿਚ ਚਰਨ ਲਿਆ ਕੇ । ਕਰੇ ਚਵਰ ਅੱਗੇ ਸੀਸ ਝੁਕਾ ਕੇ । ਰਸਨਾ ਵਿਚੋਂ ਸੋਹੰ ਸੋਹੰ ਗੁਣ ਗਾ ਕੇ । ਭੈ ਭਗਤੀ ਦੀ ਸੇਵ ਕਮਾ ਕੇ । ਆਦਿ ਅੰਤ ਪ੍ਰਭ ਦਾ ਦਰਸ਼ਨ ਪਾ ਕੇ । ਆਤਮ ਚਿੰਤ ਸਾਰੀ ਮਿਟਾ ਕੇ । ਨੰਗੇ ਪੈਰੀਂ ਗੁਰ ਸੇਵ ਕਮਾ ਕੇ । ਤਖ਼ਤ ਤਾਜ ਗੁਰ ਅੱਗੇ ਟਿਕਾ ਕੇ । ਜਨਮ ਜਨਮ ਦੇ ਦੁੱਖ ਮਿਟਾ ਕੇ । ਸਚ ਵਾਸੀ ਤੋਂ ਸਚ ਲਿਖਤ ਕਰਾ ਕੇ । ਵਿਚ ਬੈਕੁੰਠ ਪ੍ਰਭ ਦਰਸ਼ਨ ਪਾ ਕੇ । ਕੁੰਭੀ ਨਰਕ ਵਿਚੋਂ ਆਪਣੀ ਕੁਲ ਕਢਾ ਕੇ । ਜਾਵੇ ਬਲਿਹਾਰ ਸਤਿਗੁਰ ਗੁਣ ਗਾ ਕੇ । ਜਿਸ ਨੇ ਦਿਤਾ ਮਾਣ ਜਗਤ ਵਿਚ ਆ ਕੇ । ਸੱਚੇ ਪਾਤਸ਼ਾਹ ਸਚ ਦਇਆ ਕਮਾ ਕੇ । ਮਹਾਰਾਜ ਸ਼ੇਰ ਸਿੰਘ ਆਪ ਹੈ ਆ ਕੇ । ਦੀਨ ਦਿਆਲ ਦਇਆ ਦੁੱਖ ਭੰਜਨ । ਐਸੇ ਉਸ ਦੇ ਤੋੜੇ ਗੁਰ ਫੰਦਨ । ਸੰਗਤ ਵਿਚ ਹੋਵੇ ਵਾਂਗ ਚੰਦਨ । ਜਗਤ ਬਿਲੋਵੇ ਆਪ ਤ੍ਰੈਲੋਕੀ ਨੰਦਨ । ਸਰਬ ਦੁਖ ਆਪ ਭਵਖੰਡਨ । ਜਮ ਕੇ ਦੂਤ ਨਾ ਸਿੱਖ ਨੂੰ ਦੰਡਨ । ਗੁਰ ਕੇ ਸਿੱਖ ਗੁਰ ਸੰਗ ਬਿਹੰਡਨ । ਤਾਰੇ ਆਪ ਗੁਰ ਪੂਰਾ ਨਿਰੰਜਣ । ਭੈ ਭਿਆਨਕ ਵਿਚ ਹੈ ਭੈ ਭੰਜਨ । ਆਦਿ ਜੁਗਾਦਿ ਹੈ ਸਦ ਰੰਗਨ । ਮਹਾਰਾਜ ਸ਼ੇਰ ਸਿੰਘ ਤ੍ਰੈਲੋਕੀ ਨੰਦਨ । ਆਪਣੀ ਬਿਧ ਆਪ ਹੈ ਜਾਣੇ । ਕੋਈ ਜੀਵ ਨਾ ਆਖ ਵਖਾਣੇ । ਸਿੱਖ ਹੈ ਚਲੇ ਗੁਰ ਕੇ ਭਾਣੇ । ਭੁੱਲਾ ਭੁੱਜੇ ਵਾਂਗਰ ਦਾਣੇ । ਦੇਵ ਦੰਤ ਪ੍ਰਭ ਲਾਏ ਠਿਕਾਣੇ । ਦਰਗਾਹ ਵਿਚ ਨਾ ਧਰਮ ਰਾਏ ਪਛਾਣੇ । ਕਲਜੁਗ ਵਿਚ ਹੋਏ ਚਲੇ ਨਿਤਾਣੇ । ਸੋਹੰ ਸ਼ਬਦ

ਪ੬੯
੦੧

ਗੁਰ ਮਾਰਿਆ ਬਾਣੇ । ਮਹਾਰਾਜ ਸ਼ੇਰ ਸਿੰਘ ਅਸੁਰ ਸੰਘਾਣੇ । ਅਸੁਰ ਸੁਰ ਗੁਰ ਆਪ ਬਣਾਏ । ਮਾਣਸ ਵਿਚ ਮਾਤਲੋਕ ਪ੍ਰਗਟਾਏ । ਆਪਣੀ ਜੋਤ ਪ੍ਰਭ ਹਰ ਵਿਚ ਟਿਕਾਏ । ਨਿਜ਼ ਘਰ ਬੈਠਾ ਤਾੜੀ ਲਾਵੇ । ਕੋਈ ਜੀਵ ਭੇਤ ਨਾ ਪਾਵੇ । ਹਰਿ ਜੂ ਹਰ ਥਾਂ ਰਿਹਾ ਸਮਾਏ । ਕਰ ਖੇਲ ਚਤੁਰਭੁਜ ਕਹਾਏ । ਹੰਕਾਰੀਆਂ ਤਾਈਂ ਹੰਕਾਰ ਦਵਾਏ । ਨਿਮਾਣਿਆਂ ਦਾ ਆਪ ਹੋਏ ਸਹਾਈ । ਜੋਤ ਅਗਨ ਜਗਤ ਨੂੰ ਲਾਈ । ਹਾਹਾਕਾਰ ਕਰ ਸ੍ਰਿਸ਼ਟ ਰਵਾਈ । ਵਿਚ ਸੰਸਾਰ ਪਾ ਦਿਤੀ ਦੁਹਾਈ । ਐਸੀ ਕਲਾ ਆਪ ਵਰਤਾਈ । ਵੀਹ ਸੌ ਦੋ ਬਿਕ੍ਰਮੀ ਕਹਿਰ ਦੀ ਆਈ । ਜਿਸ ਨੇ ਸ੍ਰਿਸ਼ਟੀ ਟੁੰਬ ਉਠਾਈ । ਮਹਾਕਾਲਕਾ ਖਪਰੀ ਲੈ ਆਈ । ਲਹੂ ਮਿਝ ਦੀ ਧੁਦਾ ਤਿਹਾਈ । ਭੈਰੋ ਬੇਤਾਲ ਇਹ ਦੇਵੇ ਦੁਹਾਈ । ਬਖ਼ਸ਼ ਲੈਣਾ ਮੇਰੇ ਗੁਸਾਈਂ । ਐਸੀ ਜੂਨ ਅਸਾਂ ਨੇ ਪਾਈ । ਇਸ ਤੋਂ ਮਿਲੇ ਨਾ ਸਾਨੂੰ ਵਡਿਆਈ । ਹੁਕਮ ਤੇਰੇ ਵਿਚ ਦਈਏ ਦੁਹਾਈ । ਸਾਰੀ ਸ੍ਰਿਸ਼ਟ ਕਰ ਭਸਮ ਵਖਾਈ । ਅੰਤ ਆਸ ਤੇਰੇ ਚਰਨਾਂ ਦੀ ਟਿਕਾਈ । ਦਿਉ ਤਾਰ ਮੇਰੇ ਗੋਬਿੰਦ ਰਘੁਰਾਈ । ਅਸੀਂ ਨਿਮਾਣੇ ਤੇਰੀ ਸਾਰ ਨਾ ਪਾਈ । ਕਈ ਜੁਗ ਬੀਤੇ ਭੈਰੋ ਭੂਤ ਅਖਵਾਈ । ਕਿਸੇ ਨੇ ਨਹੀਂ ਸਾਡੀ ਦੇਹ ਛੁਡਾਈ । ਕਲਜੁਗ ਪ੍ਰਗਟਿਓ ਆਪ ਰਘੁਰਾਈ । ਨਾਮ ਤੇਰੇ ਦੀ ਪਈ ਦੁਹਾਈ । ਚਾਰੋਂ ਤਰਫ ਐਸਾ ਡੰਕ ਵਜਾਈ । ਚੰਡ ਪ੍ਰਚੰਡ ਵਿਚ ਯੁੱਧ ਦੇ ਆਈ । ਉਹ ਸੀ ਸ਼ਕਤੀ ਤੇਰੀ ਮੇਰੇ ਬਿੰਗ ਕਸਾਈ । ਦੁਰਗਾ ਅੱਠ ਭੁਜ ਸਵਾਰੀ ਸ਼ੇਰ ਕਰਾਈ । ਸੁੰਭ ਨਿਸੁੰਭ ਕਰ ਭਸਮ ਵਖਾਈ । ਜੋਤ ਉਹ ਮਹਾਰਾਜ ਸ਼ੇਰ ਸਿੰਘ ਪ੍ਰਗਟਾਈ । ਸੰਸਾਰ ਵਿਚ ਮਹਾਕਾਲ ਕਾਲਕਾ ਆਈ । ਜਿਸ ਨੇ ਮਹਿੰਦੀ ਲਾਲ ਖ਼ੂਨ ਦੀ ਲਾਈ । ਲਾੜੀ ਜਗਤ ਗੁਰ ਜਗਤ ਵਿਆਹੀ । ਸਭ ਸ੍ਰਿਸ਼ਟ ਇਹਦੀ ਵਿਚ ਗੋਦ ਸਵਾਈ । ਜਿਸ ਨੂੰ ਕੋਈ ਨਾ ਮੇਟੇ ਰਾਈ । ਜਗਤ ਵਿਚ ਪੈ ਜਾਏ ਦੁਹਾਈ । ਮਹਾਪਰਲੋ ਕਲਜੁਗ ਤੇ ਆਈ । ਪੂਰੇ ਸਤਿਗੁਰ ਖੇਲ ਰਚਾਈ । ਸੋਹੰ ਸ਼ਬਦ ਦੀ ਗੁਰ ਤੇਗ ਉਠਾਈ । ਜੋਤ ਸਰੂਪ ਜਗਤ ਸਿਰ ਲਾਈ । ਹੋਏ ਪ੍ਰਤੱਖ ਸਰਬ ਸੁਖਦਾਈ । ਵੇਖੇ ਬੈਠ ਆਪ ਰਘੁਰਾਈ । ਚੋਜ ਵਖਾਵੇ ਜਗਤ ਗੁਸਾਈਂ । ਜੋਤ ਰੂਪ ਜਗਤ ਜਲਾਈ । ਬਿਲਲਾਵਣ ਜੀਵ ਦੇਣ ਦੁਹਾਈ । ਕੋਈ ਬਚਾਵੇ ਆਣ ਮੇਰੀ ਮਾਈ । ਚਾਰ ਵੇਦ ਨਾ ਹੋਣ ਸਹਾਈ । ਗੀਤਾ ਗਿਆਨ ਦਾ ਭੇਤ ਮੁਕਾਈ । ਕੁਰਾਨ ਅੰਜੀਲ ਸਭ ਨਸ਼ਟ ਹੋ ਜਾਈ । ਵਿਚ ਦਰਬਾਰ ਸ਼ਕਤ ਨਾ ਰਾਈ । ਤੀਰਥ ਤੱਟ ਨਾ ਬਖ਼ਸ਼ੇ ਤੇਰੇ ਤਾਈਂ । ਗੰਗਾ ਗੋਦਾਵਰੀ ਦੇਣ ਦੁਹਾਈ । ਤੀਰਥ ਯਾਤਰਾ ਸਾਰੀ ਭਸਮ ਕਰਾਈ । ਸ਼ਕਤੀਵਾਨ ਸਰਬ ਸ਼ਕਤ ਮਿਟਾਈ । ਜਿਸ ਨੇ ਦਿਤੀ ਦਾਤ ਓਸ ਲਈ ਸਮਾਈ । ਸੋਹੰ ਸ਼ਬਦ ਸਭ ਚਿੰਤ ਮਿਟਾਈ । ਉਚਰੇ ਆਪ ਮੁੱਖੋਂ ਰਘੁਰਾਈ । ਪ੍ਰਗਟ ਕਰੇ ਭਗਤ ਵਡਿਆਈ । ਸੋਹੰ ਰੂਪ ਹੀ ਸਿੱਖ ਜਾਨਣ । ਸਦਾ ਹਜ਼ੂਰ ਪੂਰਾ ਗੁਰ ਮਾਨਣ । ਪਾਵਣ ਫਲ ਸਦਾ ਮਨ ਭਾਨਣ । ਗੁਰਸਿਖਾਂ ਨੂੰ ਦਿਤਾ ਦਾਨਣ । ਇਸ ਤੋਂ ਪਰੇ ਹੋਰ ਕੁਛ ਨਾ ਜਾਨਣ । ਸਿਮਰੇ ਜੋ ਹੋਵੇ ਮਨ ਚਾਨਣ । ਕੋਟ ਦਾਨ ਮਹਾ ਇਸ਼ਨਾਨਣ । ਤੀਨ ਲੋਕ ਪ੍ਰਭ ਏਕ ਸਮਾਨਣ । ਜੋਤ ਸਰੂਪ ਗੁਰਸਿਖ ਕੋ ਚਾਨਣ । ਭੁੱਲੇ ਜੀਵ ਨਾ ਗੁਰ ਕੋ ਪਛਾਨਣ । ਮਹਾਰਾਜ ਸ਼ੇਰ ਸਿੰਘ ਰਿਦੇ ਧਿਆਨਣ । ਮਹਾ ਸੁਖ ਹੋਵੇ ਗੁਰ ਗਿਆਨਣ । ਗਿਆਨ ਗੋਝ ਗੁਰ ਆਪ ਬਤਾਵੇ । ਹੋਏ ਦਿਆਲ ਪ੍ਰਭ ਦਰਸ ਦਿਖਾਵੇ । ਨਿਜਾਨੰਦ ਨਿਜ਼ ਮਾਹਿ ਵਖਾਵੇ । ਖੋਲ੍ਹ ਤ੍ਰੈਕੁਟੀ ਦਰਸ ਬਿਗਸਾਵੇ । ਚੱਕਰ ਚਿਹਨ ਆਪਣੀ ਜੋਤ ਵਖਾਵੇ । ਜਿਸ ਦੇ ਨਾਲ ਜੋਤ ਜਗਾਵੇ ਜਲਾਵੇ । ਨੈਣ ਮੂੰਦ ਨਰ ਹਰਿ ਜੀ ਆਵੇ । ਖੰਬ ਭੰਬੀਰੀ ਦਾ ਪਰਦਾ ਹਟਾਵੇ । ਹੋਏ

੬੦
੦੧

ਪ੍ਰਤੱਖ ਆਪ ਦਰਸ਼ਨ ਦਿਖਾਵੇ । ਕਲਜੁਗ ਵਿਚ ਇਹ ਦਇਆ ਕਮਾਵੇ । ਆਪਣੇ ਸਿੱਖਾਂ ਦੀ ਪੈਜ ਰਖਾਵੇ । ਸੋਹੰ ਸ਼ਬਦ ਸੁਰਤ ਚਿਤ ਲਾਵੇ । ਸਿੱਖ ਨੂੰ ਜਨਭਗਤ ਬਣਾਵੇ । ਗੁਰ ਬਾਣੀ ਬਾਣੀ ਗੁਰ ਵਿਚ ਸ਼ਬਦ ਭਾਵੇ । ਸਿਦਕੀ ਸਿੰਘ ਗੁਰ ਖਿੱਚ ਲੈ ਆਵੇ । ਸੇਵਾ ਜਿਨ੍ਹਾਂ ਦੀ ਸਾਚੀ ਸਾਚਾ ਲਾਵੇ । ਸਿਰ ਆਪਣੇ ਉਤੇ ਛਤਰ ਝੁਲਾਵੇ । ਪ੍ਰੀਤਮ ਸਿੰਘ ਨੂੰ ਪਰਮ ਪੁਰਖ ਬਣਾਵੇ । ਆਵਣ ਜਾਵਣ ਦਾ ਪੰਧ ਮੁਕਾਵੇ । ਦੇ ਦਰਸ ਗੁਰ ਪਰਦੇ ਲਾਹਵੇ । ਖੋਲ੍ਹ ਕਪਾਟ ਭਰਮ ਭੈ ਦੂਰ ਕਰਾਵੇ । ਮਹਾਰਾਜ ਸ਼ੇਰ ਸਿੰਘ ਥਿਰ ਆਪ ਰਹਾਵੇ । ਸਿੱਖਾਂ ਦੀ ਜੈ ਜੈਕਾਰ ਕਰਾਵੇ । ਸਤਿਗੁਰ ਪੂਰਾ ਹੋਏ ਸਹਾਈ । ਮਾਣਾ ਸਿੰਘ ਨੂੰ ਦੇਵੇ ਵਡਿਆਈ । ਜਿਸ ਨੇ ਜੋਤ ਜੁਗਤ ਗੁਰ ਦੀ ਪਾਈ । ਸੇਵਾ ਆਪਣੀ ਸਫਲ ਕਰਾਈ । ਅੰਤ ਕਾਲ ਪ੍ਰਭ ਹੋਇਆ ਸਹਾਈ । ਵਿਚ ਬਬਾਣ ਲਿਆ ਬਿਠਾਈ । ਗੁਰ ਧਾਮ ਗੁਰ ਪੁਰ ਪੁਚਾਈ । ਦਿਵਸ ਰੈਣ ਸਦਾ ਗੁਣ ਗਾਈ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਈ । ਤੇਜਾ ਸਿੰਘ ਸਿੱਖ ਅਸਥੂਲ । ਜਿਸ ਤੇ ਲਾਈ ਸੇਵਾ ਅਨਭੂਲ । ਐਸੀ ਦਿਤੀ ਪ੍ਰਭ ਵਡਿਆਈ । ਸਰਬੰਸ ਦਾਨ ਸਗਲ ਫਲ ਪਾਈ । ਤਨ ਮਨ ਧਨ ਦੀ ਸੇਵ ਸਫਲ ਕਰਾਈ । ਅੰਤਕਾਲ ਹੁਣ ਕਲੂ ਦਾ ਗੁਰ ਦੇ ਵਖਾਈ । ਮਹਾਰਾਜ ਸ਼ੇਰ ਸਿੰਘ ਪ੍ਰਗਟੇ ਰਘੁਰਾਈ । ਚੇਤ ਪੰਜ ਨੂੰ ਦਿਤੀ ਵਡਿਆਈ । ਮੇਰੇ ਸਿੱਖ ਮੇਰੇ ਵਿਚ ਭੇਦ ਨਾ ਕਾਈ । ਮਹਾਰਾਜ ਸ਼ੇਰ ਸਿੰਘ ਕਰੇ ਭਗਤ ਵਡਿਆਈ । ਇੰਦਰ ਸਿੰਘ ਸਿੱਖ ਨਿਸਤਾਰ । ਜਿਸ ਨੇ ਬਣਾਇਆ ਗੁਰ ਦਰਬਾਰ । ਮੇਰਾ ਧਾਮ ਉਹਦੇ ਵਿਚਕਾਰ । ਜਿਥੇ ਤਜੀ ਦੇਹ ਨਿਰਾਧਾਰ । ਜੋਤ ਸਰੂਪ ਪ੍ਰਗਟਿਆ ਕਰਤਾਰ । ਸਮਾਧ ਵਿਚੋਂ ਪੰਜ ਜੇਠ ਵਿਚਾਰ । ਇਸ ਦੀ ਖੇਲ ਹੁਣ ਹੋਵੇ ਅਪਾਰ । ਛੱਡਿਆ ਘਵਿੰਡ ਸੱਚੀ ਸਰਕਾਰ । ਸ੍ਰਿਸ਼ਟੀ ਡੁੱਬੇ ਵਿਚ ਮੰਝਧਾਰ । ਇੰਦਰ ਸਿੰਘ ਸਿੱਖ ਮੇਰਾ ਅਪਰ ਅਪਾਰ । ਰਸਨਾ ਸਿਮਰੇ ਮਹਾਰਾਜ ਸ਼ੇਰ ਸਿੰਘ ਨਿਰੰਕਾਰ । ਜਿਥੇ ਲਿਖਤ ਹੋਵੇ ਅਪਾਰ । ਪਿੰਡ ਬੁੱਘੇ ਧਰਨੀ ਧਰ ਸਾਰ । ਐਸਾ ਪਾਇਆ ਦਰਸ ਅਪਾਰ । ਸੋਹੰ ਸ਼ਬਦ ਦਿਤਾ ਕਰਤਾਰ । ਮਹਾਰਾਜ ਸ਼ੇਰ ਸਿੰਘ ਬੈਠਾ ਵਿਚਕਾਰ । ਸਿੱਖ ਦੀ ਮਹਿੰਮਾ ਗਣੀ ਨਾ ਜਾਏ । ਚੰਦੋਆ ਜਿਸ ਦਾ ਸਿਰ ਪਰਦਾ ਪਾਏ । ਮਾਇਆ ਰੂਪੀ ਜਗਤ ਨੂੰ ਖਾਏ । ਮਹਾਰਾਜ ਸ਼ੇਰ ਸਿੰਘ ਤੋਂ ਮੁਖ ਭਵਾਏ । ਚੰਦੋਏ ਦਾ ਸਿੱਖ ਮਾਰਿਆ ਬਾਣ । ਪੜਦਾ ਆਇਆ ਵਿਚ ਜ਼ਿਮੀ ਅਸਮਾਨ । ਬੇਮੁਖ ਨਾ ਕਰਨ ਪਛਾਣ । ਗੁਰ ਪੂਰਾ ਹੈ ਸਚ ਨਿਸ਼ਾਨ । ਨਜ਼ਰ ਨਾ ਆਵੇ ਵਿਸ਼ਨੂੰ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਚ ਜਹਾਨ । ਸੋਹਣ ਸਿੰਘ ਸਿੱਖ ਸਿਦਕੀ ਅਖਵਾਵੇ । ਜਗਤ ਨਿਰਾਸ ਗੁਰ ਸੇਵ ਕਮਾਵੇ । ਤਾਹਨੇ ਮਿਹਨੇ ਜਗਤ ਦੇ ਖਾਵੇ । ਕਿਉਂ ਨਹੀਂ ਗੁਰ ਤੇਰਾ ਦਇਆ ਕਮਾਵੇ । ਮਾਇਆ ਮਮਤਾ ਵਿਚ ਜਗਤ ਭੁਲਾਵੇ । ਪੁੱਤਰ ਕਲੱਤਰ ਸੰਗ ਲਿਪਟਾਵੇ । ਪੂਰਾ ਭੇਤ ਨਾ ਕੋਈ ਪਾਵੇ । ਸਚ ਮੰਤਰ ਗੁਰ ਸਚ ਦ੍ਰਿੜਾਵੇ । ਦਇਆਧਾਰ ਗੁਰ ਦਇਆ ਕਮਾਵੇ । ਧੂਪ ਦੀਪ ਦੀ ਸੇਵਾ ਲਾਵੇ । ਆਦਿ ਜੁਗਾਦਿ ਜੋਤ ਰਹਿ ਜਾਵੇ । ਚਾਰ ਜੁਗ ਸੁਗੰਧ ਗੁਰ ਸੰਗ ਸਮਾਵੇ । ਪੂਰਨ ਪਰਮ ਪੁਰਖ ਪਰਮੇਸ਼ਵਰ ਪਾਵੇ । ਜਗਤ ਜਲੰਦਾ ਗੁਰ ਆਪ ਬਚਾਵੇ । ਪੁੱਤਰ ਸਪੁੱਤਰ ਸਰਬ ਸੁਖ ਪਾਵੇ । ਮਹਾਰਾਜ ਸ਼ੇਰ ਸਿੰਘ ਦਇਆ ਕਮਾਵੇ । ਭਗਤ ਜਨਾਂ ਜੈ ਜੈ ਜੈਕਾਰ ਕਰਾਵੇ । ਪ੍ਰੇਮ ਸਿੰਘ ਮੇਰਾ ਸਿੱਖ ਉਘ । ਜਿਸ ਦੇ ਘਰ ਲੱਗਾ ਸਤਿਜੁਗ । ਉਚ ਅਪਾਰ ਧਾਮ ਬਣੇ ਪਿੰਡ ਬੁੱਘ । ਮਹਾਰਾਜ ਸ਼ੇਰ ਸਿੰਘ ਅਟੱਲ ਜੁਗੋ ਜੁਗ । ਏਸ ਧਾਮ ਨੂੰ ਮਾਣ ਦਵਾਇਆ । ਗੁਰਬਾਣੀ ਨੂੰ ਜਿਸ ਜਨਮ ਦਵਾਇਆ । ਪੰਜ ਚੇਤ ਵੀਹ ਸੌ ਸੱਤ ਬਿਕ੍ਰਮੀ ਥਾਨ ਸੁਹਾਇਆ ।

੬੧
੦੧

ਸਾਧ ਸੰਗਤ ਮਿਲ ਹਰਿ ਜਸ ਗਾਇਆ । ਚਾਰ ਦੀਪਕ ਵਿਚ ਜੋਤ ਜਗਾਇਆ । ਮੁਖ ਜਿਨ੍ਹਾਂ ਦਾ ਬਾਹਰ ਰਖਾਇਆ । ਦਿਸ਼ਾ ਚਾਰ ਵਿਚ ਅਗਨ ਲਗਾਇਆ । ਗੁਰਸੰਗਤ ਨੂੰ ਵਿਚਕਾਰ ਬਹਾਇਆ । ਸਤਿਗੁਰ ਮਨੀ ਸਿੰਘ ਸਚ ਤਖ਼ਤ ਬਣਾਇਆ । ਭੈ ਭਿਆਨਕ ਵਿਚ ਹੋਏ ਸਹਾਇਆ । ਜੁਗ ਜੁਗ ਪੈਜ ਸਿੱਖਾਂ ਦੀ ਰੱਖਦਾ ਆਇਆ । ਆਦਿ ਅੰਤ ਨਾ ਕਿਸੇ ਪਾਇਆ । ਜੋ ਕਿਛ ਹੋਏ ਪ੍ਰਭ ਕਰੇ ਕਰਾਇਆ । ਕਲਜੁਗ ਅਲੋਪ ਸਤਿਜੁਗ ਪ੍ਰਗਟਾਇਆ । ਭੇਟ ਚੰਡ ਸਭ ਜਗਤ ਕਰਾਇਆ । ਬਾਣ ਅਭਿਮਾਣ ਐਸਾ ਗੁਰ ਲਾਇਆ । ਨਾਮ ਆਪਣਾ ਜਗਤ ਭੁਲਾਇਆ । ਦੰਡ ਦੇਣ ਨੂੰ ਖੇਲ ਰਚਾਇਆ । ਊਚ ਨੀਚ ਦਾ ਭੇਤ ਮਿਟਾਇਆ । ਗਊ ਗਰੀਬ ਦਾ ਦੁੱਖ ਮਿਟਾਇਆ । ਰਾਓ ਰੰਕ ਕਰ ਇਕ ਬਹਾਇਆ । ਪੜੇ ਸਰਨ ਪ੍ਰਭ ਲਏ ਬਚਾਇਆ । ਯਾਚਕ ਤਾਈਂ ਹੈ ਦਾਨ ਦਵਾਇਆ । ਸੋਹੰ ਸ਼ਬਦ ਗੁਰ ਨਾਮ ਦ੍ਰਿੜਾਇਆ । ਪਿੰਡ ਬੁੱਘੇ ਗੁਰ ਭਾਗ ਲਗਾਇਆ । ਜਿਥੇ ਮਨੀ ਸਿੰਘ ਚਰਨ ਟਿਕਾਇਆ । ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ । ਵਿਚ ਦੁਆਪਰ ਪ੍ਰਭ ਕ੍ਰਿਸ਼ਨ ਮੁਰਾਰ । ਬਿਦਰ ਤਾਈਂ ਜਿਸ ਦਿਤਾ ਤਾਰ । ਸੁੱਤਾ ਕੁੱਲੀ ਵਿਚ ਪੈਰ ਪਸਾਰ । ਭੋਗ ਲਗਾਇਆ ਅਲੂਣੇ ਸਾਗ ਆਹਾਰ । ਕਲਜੁਗ ਵਿਚ ਲਿਆ ਅਵਤਾਰ । ਮਹਾਰਾਜ ਸ਼ੇਰ ਸਿੰਘ ਸਚ ਨਿਸਤਾਰ । ਦਇਆ ਕੀਤੀ ਘਰ ਘੁਮਿਆਰ । ਸੋਹਣ ਸਿੰਘ ਨੂੰ ਦਿਤਾ ਤਾਰ । ਸ਼ਰਾਬ ਮਾਸ ਸੀ ਜਿਸ ਦਾ ਆਹਾਰ । ਸੇਵਾ ਕਰੇ ਹੁਣ ਅਪਰ ਅਪਾਰ । ਜਿਸ ਦੇ ਭੋਗ ਲਾਇਆ ਭੰਡਾਰ । ਬੰਸ ਤਾਈਂ ਲਿਆ ਪਾਰ ਉਤਾਰ । ਮਹਾਰਾਜ ਸ਼ੇਰ ਸਿੰਘ ਪੂਰਨ ਅਵਤਾਰ । ਨੀਚ ਊਚ ਸਭ ਦਿਤੇ ਤਾਰ । ਖੇਲ ਕਰੇ ਪ੍ਰਭ ਆਪ ਅਪਾਰਾ । ਸ੍ਰਿਸ਼ਟ ਹੋਵੇ ਸਭ ਧੁੰਦੂਕਾਰਾ । ਜਗਤ ਜੋਤ ਲੱਗੇ ਅੰਗਿਆਰਾ । ਦੁਸ਼ਟਾਂ ਦੇ ਸਿਰ ਧਰਿਆ ਆਰਾ । ਭਗਤ ਜਨਾਂ ਨੂੰ ਪਾਰ ਉਤਾਰਾ । ਮਹਾਰਾਜ ਸ਼ੇਰ ਸਿੰਘ ਸਚ ਨਿਸਤਾਰਾ । ਜੋਤ ਸਰੂਪ ਏਸ ਜਗ ਵਿਚ ਆਇਆ । ਖੇਲ ਆਪਣਾ ਇਹ ਰਚਾਇਆ । ਮਾਣਸ ਤੋਂ ਮਾਣਸ ਪ੍ਰਗਟਾਇਆ । ਜਿਸ ਗੁਰ ਕਾ ਨਾਮ ਭੁਲਾਇਆ । ਕਲੂ ਕਾਲ ਅੰਧੇਰ ਹੈ ਛਾਇਆ । ਗੁਰ ਪੂਰੇ ਇਹ ਪਾਈ ਮਾਇਆ । ਅੰਤ ਕਰਨ ਨੂੰ ਜੁਗ ਪਲਟਾਇਆ । ਹਾਹਾਕਾਰ ਜਗਤ ਰਵਾਇਆ । ਜੋਤ ਸਰੂਪ ਨਾ ਨਜ਼ਰੀ ਆਇਆ । ਜ਼ਾਤ ਪਾਤ ਚਕਰ ਚਿਹਨ ਸਭ ਤਜਾਇਆ । ਖੰਡ ਬ੍ਰਹਿਮੰਡ ਵਰਭੰਡ ਸਮਾਇਆ । ਜੀਵ ਕਿਸੇ ਨੇ ਭੇਦ ਨਾ ਪਾਇਆ । ਗੁਰਸਿਖਾਂ ਨੂੰ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਆਪ ਰਘੁਰਾਇਆ । ਮੇਰੀ ਜੋਤ ਦਾ ਡਾਹਢਾ ਨੂਰ । ਪਾਪੀ ਡੋਬੇ ਭਰ ਕੇ ਪੂਰ । ਕੋਈ ਨਾ ਬੂਝੇ ਗੁਰ ਸ੍ਰਿਸ਼ਟ ਹਜ਼ੂਰ । ਜੋਤ ਸਰੂਪ ਸਰਬ ਭਰਪੂਰ । ਜੀਵ ਆਤਮਾ ਵਾਂਗ ਕੋਹਤੂਰ । ਜਿਥੇ ਉਪਜੇ ਈਸ਼ਰ ਨੂਰ । ਭਗਤ ਜਨਾਂ ਨੂੰ ਸਦਾ ਸਰੂਰ । ਮਹਾਰਾਜ ਸ਼ੇਰ ਸਿੰਘ ਆਸਾ ਪੂਰ । ਆਸਾ ਪੂਰਨ ਆਪ ਪ੍ਰਭ ਆਇਆ । ਸ਼ੂਦਰ ਵੈਸ਼ ਬ੍ਰਹਿਮਣ ਸ਼ੱਤ੍ਰੀ ਕਰ ਇਕ ਬਹਾਇਆ । ਤਖ਼ਤ ਤਾਜ ਦਾ ਮਾਣ ਗੁਆਇਆ । ਰਾਓ ਰੰਕ ਸੰਗ ਪ੍ਰਭ ਮਿਲਾਇਆ । ਸਤਿਜੁਗ ਦਾ ਇਹ ਰਾਹ ਚਲਾਇਆ । ਊਚ ਨੀਚ ਦਾ ਮਾਣ ਗਵਾਇਆ । ਇਕ ਆਪ ਇਕ ਸ਼ਬਦ ਸੁਣਾਇਆ । ਹੋਰ ਸਭਨ ਦਾ ਮਾਣ ਗੁਆਇਆ । ਸੋਹੰ ਸ਼ਬਦ ਪ੍ਰਭ ਆਪ ਸੁਣਾਇਆ । ਮਹਾਰਾਜ ਸ਼ੇਰ ਸਿੰਘ ਜਗ ਉਲਟਾਇਆ । ਸੋਹੰ ਸ਼ਬਦ ਸਰਬ ਗੁਣ ਭਰਿਆ । ਪੂਰੇ ਸਤਿਗੁਰ ਰਸਨਾ ਉਚਰਿਆ । ਜੋ ਜਨ ਸਿਮਰੇ ਪਾਰ ਉਤਰਿਆ । ਮਹਾਰਾਜ ਸ਼ੇਰ ਸਿੰਘ ਨਜ਼ਰੀ ਪਰਿਆ । ਸੋਹੰ ਸ਼ਬਦ ਦਾ ਮਨ ਧਰ ਧਿਆਨ । ਪੂਰਨ ਉਪਜੇ ਸਿੱਖਨ ਕੋ ਗਿਆਨ । ਗੋਝ ਗਿਆਨ ਪ੍ਰਭ ਲਏ ਪਛਾਣ । ਦਵਾਰ ਦਸਵੇਂ ਦੇ ਪਰਦੇ ਲਹਿ ਜਾਣ । ਨਿਜਾਨੰਦ

ਨਿਜ ਮਾਹਿ ਪਾਨ । ਜੋਤ ਸਰੂਪ ਦਾ ਦਰਸ਼ਨ ਪਾਣ । ਵਿਚ ਸੰਸਾਰ ਇਹ ਉਤਮ ਜਾਣ । ਮਹਾਰਾਜ ਸ਼ੇਰ ਸਿੰਘ ਬਖ਼ਸ਼ਿਆ ਦਾਨ । ਸਿੱਖ ਉਪਰ ਪ੍ਰਭ ਹੋਏ ਦਿਆਲ । ਭੈ ਭਿਆਨਕ ਵਿਚ ਹੋਏ ਰਖਵਾਲ । ਦੀਪਕ ਜੋਤ ਜਗਤ ਇਹ ਥਾਲ । ਅਗਨ ਏਸ ਵਿਚ ਦਿਤੀ ਬਾਲ । ਜੀਵ ਜੰਤ ਸਭ ਹੋਣ ਬੇਹਾਲ । ਗੁਰਸਿਖਾਂ ਦਾ ਪ੍ਰਭ ਚਰਨ ਖਿਆਲ । ਸੋਹੰ ਸ਼ਬਦ ਸੁਰਤ ਮਨ ਨਾਲ । ਮਹਾਰਾਜ ਸ਼ੇਰ ਸਿੰਘ ਭਗਤ ਵਸਾਲ । ਵਿਚ ਆਕਾਸ਼ ਪਾਤਾਲ ਧਰਤ ਮਝਾਰ । ਧੁੰਧੂਕਾਰ ਹੋਵੇ ਅਤ ਅਪਾਰ । ਐਸੀ ਲਿਖਤ ਕਰਾਏ ਆਪ ਕਰਤਾਰ । ਨਿਹਕਲੰਕ ਪੂਰਨ ਅਵਤਾਰ । ਖੇਲ ਕੀਏ ਜੋਤ ਰੂਪ ਅਪਾਰ । ਛੱਡੀ ਦੇਹ ਦੋ ਹਜ਼ਾਰ ਵਿਚ ਸਿਰਜਣਹਾਰ । ਜੋਤ ਸਰੂਪ ਲਿਆ ਜਨਮ ਧਾਰ । ਦੋ ਹਜ਼ਾਰ ਇਕ ਜੇਠ ਪੰਜ ਦਿਨ ਅਪਾਰ । ਪ੍ਰਗਟ ਹੋਇਆ ਘਨਕਪੁਰੀ ਮਝਾਰ । ਜਿਥੇ ਬਣਿਆ ਗੁਰ ਦਰਬਾਰ । ਜਿਸ ਦੀ ਲਿਖਤ ਹੋਵੇ ਅਪਾਰ । ਪੱਲਾ ਫਿਰਾਇਆ ਵਿਚ ਘਰ ਬਾਹਰ । ਪ੍ਰਗਟ ਹੋਇਆ ਮਹਾਰਾਜ ਸ਼ੇਰ ਸਿੰਘ ਨਿਰੰਕਾਰ । ਵੇਖਣ ਆਏ ਸੀਸ ਨਾ ਝੁਕਾਏ ਦਰਬਾਰ । ਕੂਕਰ ਸੂਕਰ ਆਖ ਪ੍ਰਭ ਧੱਕੇ ਬਾਹਰ । ਖੇਲ ਕੀਤਾ ਆਪ ਸੱਚੀ ਸਰਕਾਰ । ਘਰ ਘਰ ਹੋਵੇ ਸਭ ਵਿਚਾਰ । ਮਹਾਰਾਜ ਸ਼ੇਰ ਸਿੰਘ ਜਗਤ ਭਤਾਰ । ਸੋਹੰ ਸ਼ਬਦ ਨਾਲ ਦਿਤਾ ਤਾਰ । ਪੂਰਨ ਜੋਤ ਪੂਰਨ ਵਿਚ ਆਈ । ਪਾਲ ਸਿੰਘ ਦੀ ਬਿੰਦ ਤਰਾਈ । ਸੇਵਾ ਸਫਲ ਵਿਚ ਜਗਤ ਕਰਾਈ । ਧੰਨ ਸਿੱਖ ਜਿਸ ਗੁਰ ਜੋਤ ਸਮਾਈ । ਝੂਠੀ ਦੇਹ ਮਿੱਟੀ ਵਿਚ ਰਲਾਈ । ਜੋਤ ਸਰੂਪ ਪ੍ਰਭ ਵਿਚ ਰਹਾਈ । ਜੈਸੀ ਦੇਹ ਵਿਚ ਖ਼ਾਕ ਲਿਟਾਈ । ਸਾਰੀ ਸ੍ਰਿਸ਼ਟੀ ਪੁੱਟ ਰਖਾਈ । ਜੋਤ ਰੂਪ ਇਹ ਕਲਾ ਵਖਾਈ । ਧਾਰ ਦੇਹ ਨਾ ਕਰੀ ਲੜਾਈ । ਉਲਟੀ ਮਤਿ ਜੀਵਾਂ ਵਿਚ ਪਾਈ । ਅਲੋਪ ਬੈਠ ਵੇਖੇ ਲਿਵ ਲਾਈ । ਭਗਤ ਜਨਾਂ ਨੂੰ ਦਿਤਾ ਸਮਝਾਈ । ਕਲਜੁਗ ਵਿਚ ਮਹਾਰਾਜ ਜੋਤ ਪ੍ਰਗਟਾਈ । ਵਿਚ ਸੰਸਾਰ ਹਾਹਾਕਾਰ ਮਚ ਜਾਈ । ਬਿਨ ਦੇਹ ਤੋਂ ਪ੍ਰਭ ਨਜ਼ਰ ਨਾ ਆਈ । ਗੁਰਸਿਖਾਂ ਨੂੰ ਪ੍ਰਭ ਦੇ ਬੁਝਾਈ । ਦੇ ਦਰਸ਼ਨ ਵਿਚ ਛਿਨ ਅਲੋਪ ਹੋ ਜਾਈ । ਸੋਹੰ ਸ਼ਬਦ ਸਭ ਦਾ ਹੋਵੇ ਸਹਾਈ । ਮਨੀ ਸਿੰਘ ਹੱਥ ਦੇਵਾਂ ਵਡਿਆਈ । ਸਵਰਨ ਸਿੰਘ ਤਾਰਿਆ ਆਪ ਪ੍ਰਭ ਹਰੀ । ਵਾਂਗ ਦਰੋਪਤੀ ਸੁਰਜੀਤ ਸੰਗ ਤਰੀ । ਜੇਠ ਸੱਤ ਸੇਵਾ ਜਿਨ ਕਰੀ । ਵਿਚ ਚਰਨ ਹੋ ਕੇ ਖਰੀ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰੀ । ਸਵਰਨ ਜੋਤ ਦਰ ਅੱਗੇ ਧਰੀ । ਸਚਖੰਡ ਸਚ ਤਖ਼ਤ ਬਣਾਇਆ । ਜਿਥੇ ਸਤਿਗੁਰ ਸਵਰਨ ਬਹਾਇਆ । ਤਾਰੀ ਨਾਰ ਜਿਸ ਕੰਤ ਇਹ ਪਾਇਆ । ਸੇਵਾ ਕਰਦੀ ਗੁਰ ਭੇਟ ਚੜ੍ਹਾਇਆ । ਸੁੱਤਾ ਕੰਤ ਫਿਰ ਨਹੀਂ ਜਗਾਇਆ । ਹਾਹਾਕਾਰ ਕਰ ਜਗਤ ਰਵਾਇਆ । ਦੇਖ ਅਚਰਜ ਪ੍ਰਭ ਦੀ ਮਾਇਆ । ਸਿੱਖ ਸਿਦਕੀ ਜਿਸ ਪ੍ਰਭ ਪਾਇਆ । ਖੰਡ ਬ੍ਰਹਿਮੰਡ ਸਭ ਥਾਨ ਸੁਹਾਇਆ । ਛੱਡ ਮਾਤ ਵਿਚ ਆਕਾਸ਼ ਸਮਾਇਆ । ਜਨਮ ਮਰਨ ਦਾ ਪੰਧ ਮੁਕਾਇਆ । ਗੁਰ ਸੇਵਾ ਦਾ ਫਲ ਇਹ ਪਾਇਆ । ਥਿਰ ਘਰ ਜਾ ਕੇ ਡੇਰਾ ਲਾਇਆ । ਮਹਾਰਾਜ ਸ਼ੇਰ ਸਿੰਘ ਸਦ ਨਜ਼ਰੀ ਆਇਆ । ਕਰੀ ਕਿਰਪਾ ਪ੍ਰਭ ਦਰਸ ਦਿਖਾਇਆ । ਘੋਰ ਅੰਧੇਰ ਵਿਚ ਨਜ਼ਰੀ ਆਇਆ । ਗੁਰਸਿਖ ਮਨ ਹੋਣ ਵਧਾਈਆਂ । ਚਰਨ ਕਵਲ ਸੰਗ ਪ੍ਰੀਤਾਂ ਲਾਈਆਂ । ਗੁਰ ਦਰਸ਼ਨ ਨੂੰ ਫਿਰਨ ਤਿਸਾਈਆਂ । ਜਗਤ ਜਲੰਦਾ ਰੱਖ ਪ੍ਰਭ ਗੁਸਾਈਆਂ । ਪ੍ਰਗਟ ਹੋਇਆ ਆਪ ਬਨਵਾਲੀ । ਮਹਾਰਾਜ ਸ਼ੇਰ ਸਿੰਘ ਭਗਤ ਰਖਵਾਲੀ । ਧੁੰਧੂਕਾਰ ਜਗਤ ਵਿਚ ਕਰਨਾ । ਕੀਤਾ ਆਪਣਾ ਸਭ ਜੀਵਾਂ ਭਰਨਾ । ਸਿਰ ਤੋਂ ਵਾਰ ਕਿਸੇ ਨਾ ਹਰਨਾ । ਬੇਮੁੱਖਾਂ ਦੁੱਖ ਡਾਹਢਾ ਹੈ ਭਰਨਾ । ਗੁਰਸਿਖਾਂ ਗੁਰ ਚਰਨੀਂ ਤਰਨਾ । ਅੰਮ੍ਰਿਤ ਵੇਲੇ

ਗੁਰ ਦਰਸ਼ਨ ਕਰਨਾ । ਸੋਹੰ ਸ਼ਬਦ ਹੈ ਰਸਨਾ ਉਚਰਨਾ । ਮਹਾਰਾਜ ਸ਼ੇਰ ਸਿੰਘ ਹੈ ਧਰਨੀ ਧਰਨਾ । ਗੁਰਸਿਖ ਉਧਰੇ ਜਿਨ੍ਹਾਂ ਰੰਗ ਮਾਣਿਆ । ਮਾਨਣ ਸਦਾ ਹੈ ਗੁਰ ਕੇ ਭਾਣਿਆ । ਤੋੜੇ ਹੰਕਾਰ ਪ੍ਰਭ ਵੱਡੇ ਜ਼ਰਵਾਣਿਆਂ । ਸੋਹੰ ਸ਼ਬਦ ਗੁਰ ਮਾਰਿਆ ਬਾਣਿਆ । ਸ੍ਰਿਸ਼ਟੀ ਭੁੱਜੇ ਵਾਂਗਰ ਦਾਣਿਆਂ । ਮਹਾਰਾਜ ਸ਼ੇਰ ਸਿੰਘ ਜਿਨ੍ਹਾਂ ਨਹੀਂ ਪਛਾਣਿਆ । ਆਦਿ ਅੰਤ ਮੇਰਾ ਪ੍ਰਕਾਸ਼ । ਜੋਤ ਮੇਰੀ ਦਾ ਨਹੀਂ ਵਿਨਾਸ । ਸ੍ਰਿਸ਼ਟ ਵਿਨਾਸ਼ੀ ਈਸ਼ਰ ਅਬਿਨਾਸ਼ । ਆਇਆ ਵੇਖਣ ਪ੍ਰਭ ਜਗਤ ਤਮਾਸ਼ । ਜੁਗਤ ਜਗਤ ਦੀ ਇਹ ਬਣਾਈ । ਸ੍ਰਿਸ਼ਟੀ ਸਾਰੀ ਟੁੰਬ ਉਠਾਈ । ਮਾਨਸ ਪ੍ਰੇਤ ਕੀਤੇ ਰਘੁਰਾਈ । ਜੀਵ ਆਤਮਾ ਜੀਵ ਤਜਾਈ । ਕਲੂ ਕਾਲ ਦੀ ਹੁਣ ਪਤ ਗਵਾਈ । ਹਾਹਾਕਾਰ ਜਗਤ ਪੈ ਜਾਈ । ਕੋਈ ਨਾ ਕਿਸੇ ਦਾ ਬਣੇ ਸਹਾਈ । ਸੋਹੰ ਸ਼ਬਦ ਜੋ ਜਨ ਗਾਈ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ । ਆਪ ਆਪਣਾ ਭੇਤ ਬਤਾਇਆ । ਸਚਖੰਡ ਸੋਹੰ ਸ਼ਬਦ ਸੁਣਾਇਆ । ਤਰੇ ਸੋ ਜਨ ਜਿਸ ਰਸਨਾ ਗਾਇਆ । ਜਮਦੂਤਾਂ ਦਾ ਭੈ ਗਵਾਇਆ । ਨਿਰਗੁਣ ਸਰਗੁਣ ਪ੍ਰਭ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਜਲ ਥਲ ਮਈਅਲ ਰਹੇ ਸਮਾਇਆ । ਆਪ ਏਕ ਹੋ ਅਨੇਕ ਦਿਖਾਇਆ । ਜੁਗੋ ਜੁਗ ਇਹ ਖੇਲ ਰਚਾਇਆ । ਸੰਸਾਰ ਉਪਾਏ ਫਿਰ ਮਾਰ ਖਪਾਇਆ । ਅੰਤਕਾਲ ਕਲ ਦਾ ਕਰਾਇਆ । ਸੋਹੰ ਸ਼ਬਦ ਦੁਸ਼ਟ ਦੂਤ ਖਪਾਇਆ । ਤਰਿਆ ਸਿੱਖ ਜੋ ਸ਼ਰਨੀ ਲਾਇਆ । ਅਗਿਆਨ ਅੰਧੇਰ ਖੋਲ੍ਹ ਦਰਸ ਦਿਖਾਇਆ । ਚਰਨ ਕਵਲ ਸੰਗ ਰਹੇ ਸਮਾਇਆ । ਗੁਰਸਿਖਾਂ ਨੂੰ ਜਮ ਕਾਲ ਨਾ ਖਾਇਆ । ਅੰਤ ਕਾਲ ਪ੍ਰਭ ਹੋਏ ਸਹਾਇਆ । ਵਿਚ ਬਬਾਣ ਬੈਕੁੰਠ ਪੁਚਾਇਆ । ਜਿਥੇ ਹਰਿ ਜੂ ਨਜ਼ਰੀ ਆਇਆ । ਹਰਿ ਭਗਤ ਘਰ ਸਾਚਾ ਪਾਇਆ । ਹੋਏ ਅਮਰ ਅਮਰਾ ਪਦ ਪਾਇਆ । ਉਨੰਜਾ ਪਵਣ ਸਿਰ ਛਤਰ ਝੁਲਾਇਆ । ਈਸ਼ਰ ਦਾ ਸਚ ਥਾਨ ਸੁਹਾਇਆ । ਮਹਾਰਾਜ ਸ਼ੇਰ ਸਿੰਘ ਜੋਤ ਪ੍ਰਗਟਾਇਆ । ਆਪ ਅਪਰੰਪਰ ਅੰਤਰਜਾਮੀ । ਮਧ ਸੂਦਨ ਦਾਮੋਦਰ ਸਵਾਮੀ । ਭਗਤ ਵਛਲ ਸਦਾ ਨਿਹਕਾਮੀ । ਮਾਇਆ ਵਿਚ ਸ੍ਰਿਸ਼ਟ ਭੁਲਾਨੀ । ਈਸ਼ਰ ਨਾਮ ਗਈ ਸ੍ਰਿਸ਼ਟੀ ਭੂਲ । ਸੋਹੰ ਸ਼ਬਦ ਪ੍ਰਭ ਮਾਰੇ ਤਰਸੂਲ । ਮਾਧਵ ਮੋਹਨ ਮੈਂ ਕ੍ਰਿਸ਼ਨ ਮੁਰਾਰ । ਜਗਦੀਸ਼ਰ ਹਰਿ ਜੂ ਅਸੁਰ ਸੰਘਾਰ । ਜੀਵ ਜੰਤ ਵਿਚ ਵਸਣੇਹਾਰ । ਖੰਡ ਬ੍ਰਹਿਮੰਡ ਮੇਰਾ ਆਕਾਰ । ਸਦਾ ਨਿਰਵੈਰ ਸਦਾ ਨਿਰਹਾਰ । ਈਸ਼ਰ ਆਪਣੀ ਜੋਤ ਅਧਾਰ । ਜੁਗੋ ਜੁਗ ਪ੍ਰਗਟਾ ਵਿਚ ਸੰਸਾਰ । ਕਦੇ ਜੋਤ ਸਰੂਪ ਕਦੇ ਦੇਹ ਧਾਰ । ਮਹਿੰਮਾ ਮੇਰੀ ਅਪਰ ਅਪਾਰ । ਕੋਈ ਨਾ ਜਾਣੇ ਮੇਰੀ ਸਾਰ । ਆਦਿ ਅੰਤ ਮੈਂ ਏਕੰਕਾਰ । ਪ੍ਰਭ ਅਬਿਨਾਸ਼ੀ ਨਰ ਸਿੰਘ ਅਵਤਾਰ । ਭਗਤ ਜਨਾਂ ਹੋਵੇ ਜੈ ਜੈ ਜੈਕਾਰ । ਸੋਹੰ ਸ਼ਬਦ ਮਨ ਦੇਤ ਅਧਾਰ । ਗਾਵਤ ਸੁਣਤ ਸਭ ਉਤਰੇ ਪਾਰ । ਦਰਸ਼ਨ ਦੇਵੇ ਆਪ ਕਰਤਾਰ । ਮਹਾਰਾਜ ਸ਼ੇਰ ਸਿੰਘ ਜਗਤ ਉਧਾਰ । ਜੋ ਜਨ ਸ਼ਰਨੀ ਮੇਰੀ ਆਏ । ਭੈ ਭਿਆਨਕ ਵਿਚ ਪ੍ਰਭ ਹੋਏ ਸਹਾਏ । ਥਿਰ ਘਰ ਵਾਸੀ ਦਰਸ ਦਿਖਾਏ । ਰਾਮ ਕ੍ਰਿਸ਼ਨ ਪ੍ਰਭ ਨਜ਼ਰੀ ਆਏ । ਬਨ ਮਾਲਾ ਭਿਬੂਖਨ ਕਵਲ ਨੈਣ ਦਿਖਾਏ । ਸੁੰਦਰ ਕੁੰਡਲ ਸਿਰ ਮੁਕਟ ਸਜਾਏ । ਕਲ ਵਿਚ ਮਹਾਰਾਜ ਸ਼ੇਰ ਸਿੰਘ ਨਾਮ ਰਖਾਏ । ਤਜ ਦੇਹ ਜੋਤ ਰੂਪ ਹੋ ਜਾਏ । ਅਗਨ ਰਥ ਮਹਾਸਾਰਥੀ ਆਪ ਚਲਾਏ । ਜੀਵ ਜੁਗਤ ਨਾ ਜਾਣੇ ਰਾਏ । ਕਰਨਹਾਰ ਕੀ ਖੇਲ ਰਚਾਏ । ਰਾਓ ਰੰਕ ਕਰ ਇਕ ਬਹਾਏ । ਸਚਖੰਡ ਸਤਿਜੁਗ ਲਗਾਏ । ਮਦਿ ਮਾਸ ਦਾ ਨਾਸ ਕਰਾਏ । ਭਗਤ ਜਨਾਂ ਜੈਕਾਰ ਕਰਾਏ । ਹੋ ਪ੍ਰਤੱਖ ਫਿਰ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਖਵਾਏ । ਨਿਰੰਕਾਰ ਅਛਲ ਅਡੋਲ । ਪਾਪੀ

ਅਪਰਾਧੀ ਤੋਲਾ ਪੂਰੇ ਤੋਲ । ਮਦਿ ਮਾਸੀ ਜੀਵ ਦਿਤੇ ਰੋਲ । ਬਖ਼ਸ਼ੇ ਨਾ ਜਾਣ ਈਸ਼ਰ ਕੋਲ । ਗਵਾਇਆ ਜਨਮ ਮਾਣਸ ਨਿਰਮੋਲ । ਕਰ ਦਰਸ ਪ੍ਰਭ ਦੇਵੇ ਪਰਦੇ ਖੋਲ੍ਹ । ਬੈਠਾ ਵਿਚ ਵੇਖੇ ਇਹ ਚੋਹਲ । ਭੁੱਲਾ ਜੀਵ ਨਾ ਜਾਣੇ ਆਤਮ ਖੋਲ੍ਹ । ਮਹਾਰਾਜ ਸ਼ੇਰ ਸਿੰਘ ਹੈ ਸਦਾ ਅਡੋਲ । ਸੋਹੰ ਪ੍ਰਗਟ ਹੋਇਆ ਅਚਲ ਸਰੂਪਿਆ । ਅਕਾਲ ਮੂਰਤ ਨਾ ਰੂਪ ਨਾ ਰੇਖਿਆ । ਚੱਕਰ ਪਾਣ ਦਰਸ ਸਰੂਪਿਆ । ਮਹਿਮਾ ਮੂਰਤ ਪ੍ਰਭ ਅਨੂਪਿਆ । ਨੇਤਰ ਸਹਿਸ ਵਿਚ ਅੰਧ ਕੂਪਿਆ । ਸੁਰਤ ਸ਼ਬਦ ਲਾਏ ਸਚ ਭੂਪਿਆ । ਪ੍ਰਗਟ ਹੋਇਆ ਮਹਾਰਾਜ ਸ਼ੇਰ ਸਿੰਘ ਸਚ ਵਸੇਖਿਆ । ਸੱਚਾ ਆਪ ਸੱਚੀ ਇਹ ਕਾਰ । ਜੁਗੋ ਜੁਗ ਪ੍ਰਭ ਲੈ ਅਵਤਾਰ । ਈਸ਼ਰ ਜੋਤ ਦੇ ਜੀਵ ਉਧਾਰ । ਮੂਰਖ ਮੁਗਧ ਨਾ ਜਾਣੇ ਸਾਰ । ਭਗਤ ਵਛਲ ਲਏ ਪਾਰ ਉਤਾਰ । ਸਚਖੰਡ ਗੁਰ ਦਰ ਦਰਬਾਰ । ਜਿਥੇ ਵਸਿਆ ਆਪ ਨਿਰੰਕਾਰ । ਕੁਦਰਤ ਰੂਪ ਪਸਰਿਆ ਪਸਾਰ । ਅਲੋਪ ਹੋ ਬੈਠਾ ਵਿਚ ਦਾਤਾਰ । ਕੋਈ ਨਾ ਜਾਣੇ ਈਸ਼ਰ ਸਾਰ । ਸੋ ਜਨ ਜਾਣੇ ਜੋ ਰਿਦੇ ਚਿਤਾਰ । ਸੋਹੰ ਸ਼ਬਦ ਲੰਘਾਵੇ ਪਾਰ । ਮਹਾਰਾਜ ਸ਼ੇਰ ਸਿੰਘ ਲਿਆ ਅਵਤਾਰ । ਘਨਕਪੁਰੀ ਘਨਸ਼ਾਮ ਸੀ ਆਇਆ । ਤਰੇਤਾ ਰਾਮ ਦੁਆਪਰ ਕ੍ਰਿਸ਼ਨ ਅਖਵਾਇਆ । ਹੋਇਆ ਕਲਜੁਗ ਪ੍ਰਭ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਹੋ ਆਇਆ । ਹੋ ਨਿਹਕਲੰਕ ਇਹ ਖੇਲ ਰਚਾਇਆ । ਜੋਤ ਸਰੂਪ ਜਗਤ ਜਲਾਇਆ । ਹਾਹਾਕਾਰ ਵਿਚ ਜਗਤ ਮਚਾਇਆ । ਮਹਾਰਾਜ ਸ਼ੇਰ ਸਿੰਘ ਜੋਤ ਪ੍ਰਗਟਾਇਆ । ਜੋਤ ਜਗਤ ਆਪ ਪ੍ਰਭ ਧਰੀ । ਪੂਰਨ ਖੇਲ ਅਚਰਜ ਪ੍ਰਭ ਕਰੀ । ਹੋਏ ਵਿਸਮਾਦ ਭੇਵ ਨਾ ਜ਼ਰੀ । ਤਜੀ ਦੇਹ ਆਪ ਪ੍ਰਭ ਹਰੀ । ਸੋਹੰ ਸ਼ਬਦ ਜੋਤ ਜਗ ਧਰੀ । ਮਹਾਰਾਜ ਸ਼ੇਰ ਸਿੰਘ ਆਸਾਵਰੀ । ਤੀਨ ਲੋਕ ਹਾਂ ਮੈਂ ਖੰਡਨ । ਪ੍ਰਗਟ ਹੋਇਆ ਤ੍ਰੈਲੋਕੀ ਨੰਦਨ । ਭਗਤ ਜਨਾਂ ਗੁਰ ਤੋੜੇ ਬੰਧਨ । ਮਹਾਰਾਜ ਸ਼ੇਰ ਸਿੰਘ ਸਦਾ ਦੁੱਖ ਭੰਜਨ । ਵਿਚ ਆਕਾਸ਼ ਈਸ਼ਰ ਪ੍ਰਕਾਸ਼ । ਸੋਹੰ ਸ਼ਬਦ ਸਦਾ ਅਬਿਨਾਸ਼ । ਬਾਕੀ ਸਭ ਦਾ ਕੀਤਾ ਨਾਸ । ਸ਼ਬਦ ਵਡਿਆਈ ਪ੍ਰਭ ਕੇ ਪਾਸ । ਅੰਤ ਕਾਲ ਕਰ ਬੰਦ ਖ਼ਲਾਸ । ਜਮ ਕੇ ਦੂਤ ਹੋਵਣ ਸਭ ਨਾਸ । ਪ੍ਰਭ ਅਬਿਨਾਸ਼ੀ ਸਦਾ ਗੁਣ ਗਾਓ । ਅਬਗਤ ਅਗੋਚਰ ਸਰਬ ਹੈ ਠਾਉਂ । ਅਮੋਘ ਦਰਸ਼ਨ ਘਰ ਮੇਂ ਪਾਓ । ਅਕਾਲ ਮੂਰਤ ਜਿਸ ਕਿਸੇ ਨਾ ਖਾਓ । ਸੋਹੰ ਸ਼ਬਦ ਰਿਦੇ ਨਿੱਤ ਗਾਓ । ਮਹਾਰਾਜ ਸ਼ੇਰ ਸਿੰਘ ਜਗਤ ਕਰੇ ਪਸਾਓ । ਦੇਵੇ ਦਰਸ ਪ੍ਰਭ ਦਇਆ ਕਮਾ ਕੇ । ਸੁੱਤਾ ਸਿੱਖ ਬਾਹੋਂ ਉਠਾ ਕੇ । ਅਨਹਦ ਸ਼ਬਦ ਮਨ ਵਜਾ ਕੇ । ਖੋਲ੍ਹ ਤ੍ਰੈਕੁਟੀ ਨਿਜਾਨੰਦ ਦਰਸਾ ਕੇ । ਅੰਮ੍ਰਿਤ ਬੂੰਦ ਨਿਝਰੋਂ ਝਿਰਾ ਕੇ । ਕਵਲ ਨਾਭ ਦੇ ਮੁਖ ਚਵਾ ਕੇ । ਦਵਾਰ ਦਸਵੇਂ ਦੇ ਪਰਦੇ ਲਾਹ ਕੇ । ਖੰਭ ਭੰਬੀਰੀ ਪਰੇ ਹਟਾ ਕੇ । ਵਿਚੋਂ ਆਪਣਾ ਆਪ ਵਖਾ ਕੇ । ਜੀਵ ਤਾਈਂ ਹੈ ਸੋਝੀ ਪਾ ਕੇ । ਸੋਹੰ ਸ਼ਬਦ ਗੁਰ ਰਾਗ ਸੁਣਾ ਕੇ । ਸਾਧ ਸੰਗਤ ਸੰਗ ਰਖਾ ਮਿਲਾ ਕੇ । ਜੈ ਜਗਤ ਵਿਚ ਇਹ ਕਰਾ ਕੇ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾਮ ਰਖਾ ਕੇ । ਕਲਜੁਗ ਵਿਚ ਹੋਇਆ ਸਤਿਗੁਰ ਪੂਰਾ । ਜਿਸ ਦਾ ਬਚਨ ਨਾ ਹੋਏ ਅਧੂਰਾ । ਮਨਮੁਖਾਂ ਦਾ ਪ੍ਰਭ ਕੀਤਾ ਚੂਰਾ । ਕਲਜੁਗ ਦਾ ਕੀਤਾ ਸਮਾਂ ਹੈ ਪੂਰਾ । ਜੇਠ ਪੰਜ ਦਿਨ ਜਦ ਆਵੇ । ਵਿਚ ਸੰਸਾਰ ਧੁੰਧੂਕਾਰ ਹੋ ਜਾਵੇ । ਬਾਣੀ ਵੇਦ ਕੋਈ ਪੈਜ ਨਾ ਰਖਾਵੇ । ਕੁਰਾਨ ਅੰਜ਼ੀਲ ਭਸਮ ਹੋ ਜਾਵੇ । ਸਰਬ ਸ਼ਕਤ ਪ੍ਰਭ ਖਿੱਚ ਵਖਾਵੇ । ਨਿਹਕਲੰਕ ਫੇਰ ਅਖਵਾਵੇ । ਅਮਾਮ ਮਹਦੀ ਇਹ ਚੋਲੀ ਪਾਵੇ । ਅੰਤ ਕਾਲ ਤੁਰਕਨ ਹੋ ਜਾਵੇ । ਐਸਾ ਸਤਿਗੁਰ ਖੇਲ ਰਚਾਵੇ । ਮਹਾਰਾਜ ਸ਼ੇਰ ਸਿੰਘ ਪ੍ਰਗਟ ਹੋ ਜਾਵੇ । ਪ੍ਰਗਟ ਹੋਵੇ

ਆਪ ਨਿਰੰਕਾਰ । ਦੇਵੇ ਦਰਸ ਕਰ ਜੋਤ ਆਕਾਰ । ਕਰ ਕੇ ਦਰਸ ਸਿੱਖਨ ਉਧਰੇ ਪਾਰ । ਵਿਚ ਸਤਿਜੁਗ ਸੋਹਣਾ ਦਰਬਾਰ । ਪਿੰਡ ਬੁੱਘੇ ਰਚਣਾ ਸਰਕਾਰ । ਜਿਥੇ ਬੈਠਾ ਸਿਰਜਣਹਾਰ । ਸ੍ਰਿਸ਼ਟੀ ਦੀ ਮਤਿ ਹੋਈ ਖ਼ੁਆਰ । ਕਿਸੇ ਨਾ ਜਾਣੀ ਪ੍ਰਭ ਕੀ ਸਾਰ । ਸਭ ਸ੍ਰਿਸ਼ਟ ਕਾ ਆਪ ਭਤਾਰ । ਨਿਹਕਲੰਕ ਕਲਜੁਗ ਅਵਤਾਰ । ਭਗਤ ਜਨਾਂ ਨੂੰ ਦਿਤਾ ਤਾਰ । ਮਹਾਰਾਜ ਸ਼ੇਰ ਸਿੰਘ ਸਚ ਨਿਸਤਾਰ । ਐਸੀ ਕਲਾ ਹੁਣ ਆਪ ਵਰਤਾਵੇ । ਜੋਤ ਸਰੂਪ ਅਗਨ ਇਹ ਲਾਵੇ । ਅੰਧ ਘੋਰ ਜਗਤ ਹੋ ਜਾਵੇ । ਜੋਤ ਸਰੂਪ ਬਣਤ ਇਹ ਬਣਾਵੇ । ਬਿਨ ਦੇਹ ਤੋਂ ਜੁਗ ਪਲਟਾਵੇ । ਮਦਿ ਮਾਸੀ ਕੋਈ ਰਹਿਣ ਨਾ ਪਾਵੇ । ਐਸਾ ਬਾਣ ਸੋਹੰ ਗੁਰ ਲਾਵੇ । ਅਹੰਕਾਰੀਆਂ ਨਿੰਦਕਾਂ ਦਾ ਧੋ ਕਰਾਵੇ । ਕੁੰਭੀ ਨਰਕ ਉਨ੍ਹਾਂ ਨੂੰ ਪਾਵੇ । ਧਰਮ ਰਾਏ ਇਹ ਡੰਨ ਲਗਾਵੇ । ਗਊ ਗ਼ਰੀਬ ਦਾ ਮਾਣ ਹੋ ਜਾਵੇ । ਰਾਓ ਰੰਕ ਸਭ ਏਕ ਸਮਾਵੇ । ਮਹਾਰਾਜ ਸ਼ੇਰ ਸਿੰਘ ਭਰਮ ਭੁਲਾਵੇ । ਸਿਰ ਆਪਣੇ ਛਤਰ ਝੁਲਾਵੇ । ਖਾਣੀਆਂ ਬਾਣੀਆਂ ਭਸਮ ਹੋ ਜਾਵੇ । ਆਕਾਸ਼ ਪਤਾਲ ਕਿਛ ਨਜ਼ਰ ਨਾ ਆਏ । ਜੀਵ ਜੰਤ ਭਸਮ ਹੋ ਜਾਏ । ਉਧਰੇ ਸੋ ਜੋ ਸਰਨੀ ਲਾਏ । ਅੰਧ ਕੂਪ ਪ੍ਰਭ ਭਏ ਸਹਾਏ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ । ਐਸੀ ਪਰਲੋ ਜਗਤ ਵਿਚ ਆਏ । ਵੇਖੇ ਖੇਲ ਆਪ ਰਘੁਰਾਏ । ਭਾਣਾ ਅਮੇਟ ਮੇਟਿਆ ਨਾ ਜਾਏ । ਛਿਨ ਵਿਚ ਸਾਰਾ ਖੇਲ ਰਚਾਏ । ਸੱਤ ਦੀਪ ਨੌਂ ਖੰਡ ਪ੍ਰਭ ਜੋਤ ਜਗਾਏ । ਆਕਾਸ਼ ਪਾਤਾਲ ਮਾਤ ਪ੍ਰਭ ਸਰਬ ਰਹਾਏ । ਸਚਖੰਡ ਪ੍ਰਭ ਰਿਹਾ ਸਮਾਏ । ਦੇਖੇ ਆਪ ਨਜ਼ਰ ਨਾ ਆਏ । ਜੁਗੋ ਜੁਗ ਪ੍ਰਭ ਖੇਲ ਰਚਾਏ । ਪ੍ਰਗਟੇ ਜੋਤ ਕਰੇ ਨਿਆਏਂ । ਭੁੱਲੇ ਜੀਵ ਦਾ ਭਰਮ ਗਵਾਏ । ਅੰਤ ਕਾਲ ਕਲਜੁਗ ਦਾ ਕਰਾਏ । ਸੋਹੰ ਸ਼ਬਦ ਨੂੰ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਸਚ ਲਿਖਾਏ । ਸਚ ਸ਼ਬਦ ਗੁਰ ਕਾ ਪਹਿਚਾਨ । ਸੋਹੰ ਸ਼ਬਦ ਗੁਰ ਜਗਤ ਹੈ ਬਾਣ । ਪਾਵੇ ਸੋ ਜਨ ਗੁਰ ਚਰਨ ਧਿਆਨ । ਸਤਿਗੁਰ ਠਾਂਡਾ ਲੀਆ ਪਹਿਚਾਨ । ਜੋਤ ਜੁਗਤ ਪ੍ਰਭ ਦੇਵੇ ਗਿਆਨ । ਮਹਾਰਾਜ ਸ਼ੇਰ ਸਿੰਘ ਰਿਦੇ ਸਮਾਨ । ਪ੍ਰਗਟੇ ਆਪ ਪ੍ਰਭ ਅੰਤਰਜਾਮੀ । ਛਿੰਨ ਭੰਗਰ ਸਦਾ ਨਿਹਕਾਮੀ । ਸਰਬ ਲਿਖਤ ਦਾ ਗੁਰ ਕੀਤਾ ਖ਼ਾਮੀ । ਕੋਈ ਨਾ ਹੋਵੇ ਜੀਵ ਕਾ ਹਾਮੀ । ਸੋਹੰ ਸ਼ਬਦ ਸਦਾ ਸੁਖ ਦਾਮੀ । ਮਹਾਰਾਜ ਸ਼ੇਰ ਸਿੰਘ ਜਗਤ ਸਵਾਮੀ । ਜੋ ਜਨ ਸਤਿਗੁਰ ਨੈਣ ਬਿਲੋਏ । ਥਿਰ ਘਰ ਚਾਨਣ ਸਦਾ ਹੈ ਹੋਏ । ਜਨਮ ਜਨਮ ਕੇ ਪਾਪ ਵਿਗੋਏ । ਮਨ ਕੀ ਦੁਬਧਾ ਮੈਲ ਹੈ ਧੋਏ । ਮਾਣ ਅਭਿਮਾਨ ਹੈ ਮਨ ਤੇ ਖੋਏ । ਆਤਮ ਧਿਆਨ ਗੁਰਚਰਨ ਪਰੋਏ । ਗੋਝ ਗਿਆਨ ਦੀ ਸੋਝੀ ਹੋਏ । ਦੁੱਖ ਦਲਿਦਰ ਤਨ ਕੇ ਖੋਏ । ਸਰਬ ਸੁਖ ਘਰ ਸਾਚੇ ਹੋਏ । ਮਹਾਰਾਜ ਸ਼ੇਰ ਸਿੰਘ ਪ੍ਰਗਟ ਹੋਏ । ਸਰਬ ਸੁਖ ਗੁਰ ਚਰਨ ਕੇ ਪਾਸ । ਉਧਰੇ ਸਿੱਖ ਜੋ ਸਤਿਗੁਰ ਪਾਸ । ਸੋਹੰ ਸ਼ਬਦ ਹੋਏ ਰਹਿਰਾਸ । ਮਹਾਰਾਜ ਸ਼ੇਰ ਸਿੰਘ ਦੂਖ ਵਿਨਾਸ । ਸਚ ਧਾਮ ਸਚ ਤਖ਼ਤ ਰਚਾਇਆ । ਸਿੰਘਾਸਣ ਗੁਰ ਚਰਨ ਟਿਕਾਇਆ । ਭਗਤ ਜਨਾਂ ਹਰਿ ਰੰਗ ਲਗਾਇਆ । ਸੋਹੰ ਸ਼ਬਦ ਹੋਏ ਸਹਾਇਆ । ਸਾਧ ਸੰਗਤ ਨੂੰ ਪਾਰ ਲੰਘਾਇਆ । ਮਹਾਰਾਜ ਸ਼ੇਰ ਸਿੰਘ ਨਜ਼ਰੀ ਆਇਆ । ਨਜ਼ਰੀ ਆਵੇ ਆਪ ਪ੍ਰਭ ਸੂਰ । ਸਾਧ ਸੰਗਤ ਵਿਚ ਪ੍ਰਭ ਸਦਾ ਹਜ਼ੂਰ । ਜਹਾਂ ਦੇਖੇ ਤਹਾਂ ਭਰਪੂਰ । ਸਰਬ ਜੀਵ ਜੋਤ ਪ੍ਰਭ ਕਾ ਨੂਰ । ਮਨੀ ਸਿੰਘ ਤੋਂ ਪ੍ਰਭ ਨਹੀਂ ਦੂਰ । ਇਹ ਜੋਤ ਜਗਾਈ ਵਾਂਗ ਕੋਹਤੂਰ । ਸੋਹੰ ਸ਼ਬਦ ਸਭ ਆਸਾ ਪੂਰ । ਮਹਾਰਾਜ ਸ਼ੇਰ ਸਿੰਘ ਸਦਾ ਹਜ਼ੂਰ । ਸਾਧ ਸੰਗਤ ਗੁਰਚਰਨ ਹੋਏ ਧੂਰ । ਖੰਡ ਬ੍ਰਹਿਮੰਡ ਹੈ ਮੇਰਾ

ਖੇਲ । ਆਕਾਸ਼ ਪਾਤਾਲ ਦੀਆ ਮੈਂ ਮੇਲ । ਪੂਰਾ ਸਤਿਗੁਰ ਆਪ ਅਕੱਥ । ਜੀਵ ਕਿਸੇ ਦੇ ਕਿਛ ਨਹੀਂ ਹੱਥ । ਕਲਜੁਗ ਅਗਨ ਚਲਾਇਆ ਰਥ । ਰਾਣਿਆਂ ਮਹਾਰਾਣਿਆਂ ਪਾਈ ਨੱਕ ਨੱਥ । ਤੋੜਿਆ ਮਾਣ ਅਭਿਮਾਨ ਗਈ ਪਤ ਲੱਥ । ਕੋਈ ਨਾ ਸਿਰ ਤੇ ਦੇਵੇ ਹੱਥ । ਮਹਾਰਾਜ ਸ਼ੇਰ ਸਿੰਘ ਲਿਖਾਏ ਸਮਰਥ । ਸਿੱਖਾਂ ਦੇ ਸਿਰ ਰੱਖੇ ਪ੍ਰਭ ਹੱਥ । ਆਪ ਬੈਠਾ ਹਾਂ ਆਸਣ ਅਡੋਲ । ਜੋਤ ਸਰੂਪ ਜਗਤ ਸੰਗ ਮੌਲ । ਬਚਨ ਲਿਖਾ ਕੇ ਦਿਤੇ ਪਰਦੇ ਖੋਲ੍ਹ । ਬੇਮੁਖਾਂ ਨੂੰ ਇਹ ਗੁਰ ਕਾ ਬੋਲ । ਅੰਤ ਕਾਲ ਨਾ ਕੋਈ ਹੋਵੇ ਕੋਲ । ਮੇਰਾ ਸਿੱਖ ਹੈ ਸਦਾ ਅਡੋਲ । ਸੋਹੰ ਸ਼ਬਦ ਨਿਤ ਰਸਨਾ ਬੋਲ । ਮਹਾਰਾਜ ਸ਼ੇਰ ਸਿੰਘ ਪੂਰਾ ਤੋਲੇ ਤੋਲ । ਭਗਤ ਵਛਲ ਪ੍ਰਭ ਲਏ ਪਛਾਣ । ਬੇਮੁਖਾਂ ਦੇ ਗੁਰ ਲਾਹੇ ਘਾਣ । ਗੁਰ ਲਿਖਤ ਸਚ ਪਛਾਣ । ਅੰਤਕਾਲ ਪ੍ਰਭ ਦਰਸ਼ਨ ਪਾਣ । ਵਿਚ ਬੈਕੁੰਠ ਜਾਣ ਬਬਾਣ । ਹੋਏ ਅਸਥੂਲ ਦਰਸ ਨਿੱਤ ਪਾਣ । ਜੋਤ ਸਰੂਪ ਜੋਤ ਮਿਲ ਜਾਣ । ਅਟਲ ਗੁਰ ਅਟਲ ਪਦਵੀ ਪਾਣ । ਗੁਰਸਿਖ ਵਿਟੁਹ ਕੁਰਬਾਣ । ਮਹਾਰਾਜ ਸ਼ੇਰ ਸਿੰਘ ਲੀਆ ਪਛਾਣ । ਸਤਿਜੁਗ ਸਤਿ ਸਤਿ ਪ੍ਰਭ ਲਾਇਆ । ਤਜ ਬ੍ਰਹਮਾ ਪਾਲ ਸਿੰਘ ਬਹਾਇਆ । ਸ੍ਰਿਸ਼ਟ ਤਾਜ ਸਿਰ ਸਿੱਖ ਧਰਾਇਆ । ਆਪ ਉਪਾਏ ਆਪ ਖਪਾਇਆ । ਨਾਭ ਵਿਚੋਂ ਬ੍ਰਹਮਾ ਪ੍ਰਗਟਾਇਆ । ਬ੍ਰਹਮ ਸਰੂਪ ਬ੍ਰਹਮ ਮਾਹਿ ਸਮਾਇਆ । ਜਿਸ ਨੇ ਉਪਾਇਆ ਤਿਸ ਸੰਗ ਮਿਲਾਇਆ । ਜੁਗ ਚਵੀਏਂ ਦਾ ਅੰਤ ਕਰਾਇਆ । ਜਿਸ ਨੇ ਕਲਜੁਗ ਨਾਮ ਰਖਾਇਆ । ਐਡਾ ਅਥਰਬਣ ਵੇਦ ਮੁਕਾਇਆ । ਸੋਹੰ ਸ਼ਬਦ ਗੁਰ ਮੰਤਰ ਦ੍ਰਿੜਾਇਆ । ਮਹਾਰਾਜ ਸ਼ੇਰ ਸਿੰਘ ਜਗਤ ਰਘੁਰਾਇਆ । ਆਪਣੀ ਸ਼ਕਤ ਆਪ ਉਪਾ ਕੇ । ਸਿੰਘ ਪਾਲ ਤੋਂ ਸੇਵ ਕਰਾ ਕੇ । ਦਿਤਾ ਮਾਣ ਵਿਚ ਬੈਕੁੰਠ ਲੈ ਜਾ ਕੇ । ਜੋਤ ਸਰੂਪ ਵਿਚ ਜੋਤ ਮਿਲਾ ਕੇ । ਬ੍ਰਹਮੇ ਤੇ ਭਸਮ ਕਰਾ ਕੇ । ਪਾਲ ਸਿੰਘ ਹੱਥ ਸ੍ਰਿਸ਼ਟ ਫੜਾ ਕੇ । ਚਾਰ ਵੇਦ ਖਪਤ ਕਰਾ ਕੇ । ਸੋਹ ਸ਼ਬਦ ਗੁਰ ਮੁਖੋਂ ਅਲਾ ਕੇ । ਸਚ ਵਾਸੀ ਸਚ ਦਇਆ ਕਮਾ ਕੇ । ਮਹਾਰਾਜ ਸ਼ੇਰ ਸਿੰਘ ਭਗਤ ਵਛਲ ਅਖਵਾ ਕੇ । ਭਗਤ ਵਛਲ ਸਦ ਆਪ ਅਖਵਾਵੇ । ਖੇਲ ਜਗਤ ਪ੍ਰਭ ਆਪ ਕਰਾਵੇ । ਜੇਠ ਸੱਤ ਪ੍ਰਭ ਸਵਰਨ ਸਿੰਘ ਲੈ ਜਾਵੇ । ਵਿਚ ਆਕਾਸ਼ ਜੈ ਜੈ ਕਾਰ ਕਰਾਵੇ । ਗਣ ਗੰਧਰਬ ਫੂਲ ਬਰਸਾਵੇ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਗਾਵੇ । ਧੰਨ ਸੋ ਥਾਨ ਜਿਥੇ ਸਿੱਖ ਚਰਨ ਟਿਕਾਵੇ । ਮਾਤ ਆਕਾਸ਼ ਸੰਗ ਸ਼ਬਦ ਮਿਲਾਵੇ । ਸਚ ਸਿੱਖ ਸਚ ਪਦਵੀ ਪਾਵੇ । ਸਤਿਜੁਗ ਵਿਚ ਥਿਰ ਰਹਾਵੇ । ਤਜ ਧ੍ਰੂ ਗੁਰ ਸਵਰਨ ਬਹਾਵੇ । ਕਰੇ ਦਰਸ ਨਿਤ ਨੈਣ ਮੁੰਧਾਵੇ । ਹੋਏ ਦਰਬਾਨ ਮਹਾਂ ਸੁਖ ਪਾਵੇ । ਗੁਰ ਪੂਰੇ ਇਹ ਕਰਮ ਕਮਾਇਆ । ਸਾਚਾ ਸਿੱਖ ਘਰ ਸਾਚੇ ਲਾਇਆ । ਨਾ ਇਹ ਮਰੇ ਨਾ ਆਇਆ ਜਾਇਆ । ਜੋਤ ਸਰੂਪ ਪ੍ਰਭ ਜੋਤ ਮਿਲਾਇਆ । ਪ੍ਰਗਟੀ ਜੋਤ ਨਿਹਕਲੰਕ ਅਖਵਾਇਆ । ਨਰ ਸਿੰਘ ਨਰਾਇਣ ਆਪ ਅਖਵਾਇਆ । ਦਾੜ੍ਹਾਂ ਅੱਗੇ ਪ੍ਰਿਥਮ ਚਬਾਇਆ । ਕੋਇ ਨਾ ਇਸ ਨੂੰ ਮੇਟੇ ਰਾਇਆ । ਜਗਤ ਜਲੰਦਾ ਸੋਹੰ ਬਾਣ ਗੁਰ ਲਾਇਆ । ਉਧਰੇ ਸਿੱਖ ਜਿਨ ਗੁਰ ਦਰਸ਼ਨ ਪਾਇਆ । ਵਿਸ਼ਨੂੰ ਵੰਸੀ ਇਹ ਬੰਸ ਚਲਾਇਆ । ਮਦਿ ਮਾਸ ਤੋਂ ਸਿੱਖ ਆਪਣਾ ਹਟਾਇਆ । ਆਪ ਅਟਲ ਪ੍ਰਭ ਦਰਸ ਦਿਖਾਇਆ । ਰਾਮ ਕ੍ਰਿਸ਼ਨ ਪ੍ਰਭ ਦਰਸ ਦਿਖਾਇਆ । ਘਨਕਪੁਰ ਵਾਸੀ ਆਪ ਰਘੁਰਾਇਆ । ਸਾਧ ਸੰਗਤ ਜਿਸ ਦਰਸ ਦਿਖਾਇਆ । ਚਰਨ ਕਵਲ ਵਿਚ ਅੰਤ ਮਿਲਾਇਆ । ਅੰਧ ਕੂਪ ਪ੍ਰਭ ਪਰਦਾ ਲਾਹਿਆ । ਹੋਏ ਕਿਰਪਾਲ ਦਰਸ ਦਿਖਾਇਆ । ਅਗਿਆਨ ਅੰਧੇਰ ਗੁਰਸਿਖ ਦਾ ਗਵਾਇਆ । ਸ੍ਰਿਸ਼ਟ ਵਿਨਾਸੀ ਦਾ ਨਾਸ ਕਰਾਇਆ ।

੬੭ ੦੧

ਸੋਹੰ ਸ਼ਬਦ ਗੁਰ ਤੀਰ ਚਲਾਇਆ । ਚਾਰ ਕੁੰਟ ਕਰ ਭਸਮ ਦਿਖਾਇਆ । ਸਮਰਥ ਪੁਰਖ ਇਹ ਚੋਜ ਵਖਾਇਆ । ਨਿਰਾਹਾਰ ਨਿਰਵੈਰ ਵਿਚ ਜਗਤ ਹੈ ਆਇਆ । ਜੋਤ ਸਰੂਪ ਸਚ ਬਚਨ ਲਿਖਾਇਆ । ਕਿਸੇ ਇਸ ਦਾ ਭੇਵ ਨਾ ਪਾਇਆ । ਵਿਚ ਸਿੱਖ ਪ੍ਰਭ ਆਪ ਸਮਾਇਆ । ਰਸਨਾ ਵਿਚੋਂ ਗੁਰ ਗਿਆਨ ਅਲਾਇਆ । ਚਾਰ ਦੀਪ ਗੁਰ ਜੋਤ ਜਗਾਇਆ । ਚਾਰ ਵੇਦ ਤਾਈਂ ਨਸ਼ਟ ਕਰਾਇਆ । ਸਤਿਜੁਗ ਸਚ ਮਾਰਗ ਲਾਇਆ । ਸੋਹੰ ਸ਼ਬਦ ਮੁਖ ਰਖਾਇਆ । ਓਅੰ ਆਪ ਕਰੇ ਕਰਾਇਆ । ਤੀਨ ਲੋਕ ਵਸੇ ਹਰਿ ਰਾਇਆ । ਵਿਚ ਪਾਤਾਲ ਪ੍ਰਭ ਸੇਜ ਸੁਹਾਇਆ । ਬਾਸ਼ਕ ਤਾਸ਼ਕ ਸਿੰਘਾਸਣ ਲਾਇਆ । ਝੱਸੇ ਚਰਨ ਲਛਮੀ ਰਘੁਰਾਇਆ । ਈਸ਼ਰ ਆਲਸ ਦਿਲੋਂ ਹੈ ਲਾਹਿਆ । ਪ੍ਰਭ ਨਾ ਸੋਵੇ ਨਾ ਕਿਸੇ ਜਗਾਇਆ । ਦੇ ਦਰਸ ਗੁਰ ਮਾਣ ਗਵਾਇਆ । ਮੈਂ ਹਾਂ ਅਡੋਲ ਨਾ ਕਿਸੇ ਡੁਲਾਇਆ । ਮਾਤਲੋਕ ਵਿਚ ਪ੍ਰਭ ਆਇਆ । ਜੋਤ ਸਰੂਪ ਇਹ ਖੇਲ ਰਚਾਇਆ । ਚੱਕਰ ਸੁਦਰਸ਼ਨ ਐਸਾ ਲਾਇਆ । ਸ੍ਰਿਸ਼ਟ ਸਾਰੀ ਨੂੰ ਟੁੰਬ ਉਠਾਇਆ । ਮਦਿ ਮਾਸ ਦਾ ਹੋਏ ਸਫਾਇਆ । ਰਹੇ ਨਾ ਜੀਵ ਜਿਸ ਰਸਨਾ ਲਾਇਆ । ਈਸ਼ਰ ਬ੍ਰਹਮ ਜੀਵ ਬ੍ਰਹਮ ਰੂਪ ਉਪਾਇਆ । ਕਲੂ ਕਾਲ ਨੇ ਪੜਦਾ ਪਾਇਆ । ਜਿਸ ਨੇ ਬ੍ਰਹਮ ਦਾ ਨਾਮ ਭੁਲਾਇਆ । ਮਦਿ ਮਾਸ ਜਿਨ ਰਸਨੀ ਲਾਇਆ । ਕੂਕਰ ਸੂਕਰ ਮਾਣਸ ਰੂਪ ਬਣਾਇਆ । ਐਸੀ ਸਤਿਗੁਰ ਦੇ ਸਜ਼ਾਇਆ । ਗੁਰ ਚਰਨਾਂ ਤੋਂ ਪਰੇ ਹਟਾਇਆ । ਪਰੇਤ ਜੂਨ ਉਨ੍ਹਾਂ ਨੂੰ ਪਾਇਆ । ਈਸ਼ਰ ਜੀਵ ਜਿਸ ਜੀਵ ਨੇ ਖਾਇਆ । ਲੱਖ ਚੁਰਾਸੀ ਚੱਕਰ ਲਵਾਇਆ । ਸਰਬ ਥਾਏਂ ਪ੍ਰਭ ਸਦਾ ਸਮਾਇਆ । ਭੋਲਾ ਜੀਵ ਨਾ ਜਾਣੇ ਮੇਰੀ ਮਾਇਆ । ਹਰਿਜੂ ਹਰ ਮਾਹਿ ਸਮਾਇਆ । ਹਰਿ ਜੋਤ ਸਭ ਜੀਵ ਜਵਾਇਆ । ਬਿਨ ਜੋਤ ਦੇ ਸਵਾਸ ਨਾ ਆਇਆ । ਈਸ਼ਰ ਜੀਵ ਮਾਹਿ ਸਮਾਇਆ । ਸੋਹੰ ਸ਼ਬਦ ਸਰਬ ਸੁਖਦਾਇਆ । ਮਹਾਰਾਜ ਸ਼ੇਰ ਸਿੰਘ ਸਚ ਮੰਤਰ ਦ੍ਰਿੜਾਇਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ । ਫਿਰ ਪ੍ਰਭ ਨੇ ਪਾਏ ਸਵਾਸ । ਇਸ ਜੀਵ ਦੀ ਬਣਾਈ ਰਾਸ । ਵਿਚ ਗਰਭ ਪ੍ਰਭ ਦੇਤ ਗਰਾਸ । ਉਲਟਾ ਬ੍ਰਿਛ ਪ੍ਰਭ ਦੁਖ ਨਿਵਾਸ । ਅੰਧ ਘੋਰ ਵਿਚ ਦਿਤਾ ਵਾਸ । ਚਕਰ ਚਿਹਨ ਨਾ ਮੇਰਾ ਰੂਪ । ਮੇਰੀ ਮਹਿੰਮਾ ਬੜੀ ਅਨੂਪ । ਨਿਰਗੁਣ ਸਰਗੁਣ ਸਦਾ ਸਰੂਪ । ਪ੍ਰਗਟ ਹੋਇਆ ਡਾਹਢਾ ਗੁਰ ਭੂਪ । ਜਿਸ ਨੇ ਮਾਰੇ ਆਪ ਦੁਸ਼ਟ ਦੂਤ । ਮਹਾਰਾਜ ਸ਼ੇਰ ਸਿੰਘ ਸਤਿ ਸਰੂਪ । ਪ੍ਰਗਟ ਹੋਇਆ ਆਪ ਭਗਵਾਨ । ਗੁਰਸਿਖਾਂ ਨੂੰ ਦਿਤਾ ਗਿਆਨ । ਸੋਹੰ ਸ਼ਬਦ ਹੈ ਮਹਾਨ । ਸਿਮਰੇ ਜੀਵ ਪਾਪ ਲਹਿ ਜਾਣ । ਕੁੰਭੀ ਨਰਕ ਸਿੱਖ ਨਾ ਜਾਣ । ਆਦਿ ਅੰਤ ਪ੍ਰਭ ਵਿਚ ਸਮਾਣ । ਆਵਣ ਜਾਵਣ ਦਾ ਪੰਧ ਮੁਕਾਣ । ਵਿਚ ਚੁਰਾਸੀ ਚੋਟਾਂ ਨਾ ਖਾਣ । ਸੋਹੰ ਸ਼ਬਦ ਮੇਰਾ ਨਾਮ ਪਛਾਣ । ਮਹਾਰਾਜ ਸ਼ੇਰ ਸਿੰਘ ਦਿਤਾ ਗਿਆਨ । ਭਰਮ ਵਿਚ ਪ੍ਰਭ ਜਗਤ ਭੁਲਾਇਆ । ਪ੍ਰਗਟ ਹੋਇਆ ਨਜ਼ਰੀ ਆਇਆ । ਘਨਕਪੁਰੀ ਵਿਚ ਪੱਲਾ ਫਿਰਾਇਆ । ਮਹਾਰਾਜ ਸ਼ੇਰ ਸਿੰਘ ਨਜ਼ਰੀ ਆਇਆ । ਉਧਰੇ ਸਿੱਖ ਜਿਨ੍ਹਾਂ ਸਵਾਸ ਸਵਾਸ ਧਿਆਇਆ । ਬੇਮੁਖਾਂ ਨੂੰ ਪਰੇ ਹਟਾਇਆ । ਹੱਦ ਮਾਝਾ ਘਨਕਪੁਰ ਬਣਾਇਆ । ਜਿਥੇ ਗੁਰ ਦਰਬਾਰ ਰਚਾਇਆ । ਹਿੰਦੂ ਮੁਸਲਿਮ ਸੁੱਤਾ ਜਗਾਇਆ । ਮੋਤਾ ਸਿੰਘ ਇਹ ਖੇਲ ਰਚਵਾਇਆ । ਇਹ ਹੋਇਆ ਮੇਰਾ ਚਮਤਕਾਰ । ਭੁੱਲੇ ਜੀਵ ਪ੍ਰਭ ਕੀਏ ਖੁਆਰ । ਕਲੂ ਤਾਈਂ ਇਹ ਦਿਤੀ ਹਾਰ । ਜਿਸ ਵਿਚ ਕਹਿਰ ਹੋਏ ਅਪਾਰ । ਪਾਪੀ ਡੋਬੇ ਲਹਿੰਦੀ ਧਾਰ । ਸਿੱਖ ਉਧਾਰੇ ਆਪ ਕਰਤਾਰ । ਮਹਾਰਾਜ ਸ਼ੇਰ ਸਿੰਘ ਲਿਆ ਅਵਤਾਰ । ਸੋਹੰ ਸ਼ਬਦ ਜਗਤ ਉਧਾਰਾ । ਐਸਾ ਹੋਏ ਖੇਲ ਅਪਾਰਾ ।

ਸ੍ਰਿਸ਼ਟ ਸਿਰ ਧਰਿਆ ਕਲੂ ਆਰਾ । ਕੋਇ ਨਾ ਚਲੇ ਕਿਸੇ ਦਾ ਚਾਰਾ । ਕਰੇ ਕਰਾਵੇ ਆਪ ਨਿਰੰਕਾਰਾ । ਹੋਏ ਭਸਮ ਸਰਬ ਸੰਸਾਰਾ । ਜਿਸ ਵਿਚ ਭਰਿਆ ਪ੍ਰਭ ਹੰਕਾਰਾ । ਮਤਿ ਮਨ ਬੁਧਿ ਕੀਆ ਕਿਨਾਰਾ । ਮੂਰਖ ਮੁਗਧ ਨਾ ਜਾਣੇ ਸਾਰਾ । ਮਹਾਰਾਜ ਸ਼ੇਰ ਸਿੰਘ ਲਿਆ ਅਵਤਾਰਾ । ਕਲਜੁਗ ਵਿਚ ਪ੍ਰਭ ਜੋਤ ਪ੍ਰਗਟਾਏ । ਬੇਮੁਖਾਂ ਨੂੰ ਨਜ਼ਰ ਨਾ ਆਏ । ਨੈਣੀ ਦੇਖ ਨਾ ਮਨ ਬਿਗਸਾਏ । ਚਰਨ ਕਵਲ ਨਾ ਸੀਸ ਨਿਵਾਏ । ਐਸੀ ਮਾਇਆ ਪ੍ਰਭ ਨੇ ਪਾਈ । ਭਾਉ ਭਗਤੀ ਪਰੇ ਹਟਾਈ । ਬੇਮੁਖਾਂ ਪਤ ਗਵਾਈ । ਜਿਨਾਂ ਹਰਿ ਨਾ ਰਸਨ ਧਿਆਈ । ਹਰਿ ਬਿਨ ਕੋਇ ਨਾ ਹੋਏ ਸਹਾਈ । ਅੰਤਕਾਲ ਜੀਵ ਬਿਲਲਾਈ । ਧਰਮ ਰਾਏ ਜਬ ਦਏ ਸਜ਼ਾਈ । ਕੋਇ ਨਾ ਉਥੇ ਹੋਏ ਸਹਾਈ । ਸੋਹੰ ਸ਼ਬਦ ਸੁਰਤ ਮਨ ਲਾਈ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ । ਮੈਂ ਹਾਂ ਏਕ ਮੇਰੇ ਖੇਲ ਅਨੇਕ । ਭਗਤ ਜਨਾਂ ਨੂੰ ਮੇਰੀ ਟੇਕ । ਆਤਮਾ ਸ਼ਾਤ ਬੁੱਧ ਬਬੇਕ । ਸੋਹੰ ਸ਼ਬਦ ਸਚ ਮਨ ਟੇਕ । ਧੰਨ ਸਿੱਖ ਜੋ ਗੁਰ ਚਰਨੀ ਲਾਇਆ । ਹੋਏ ਦਿਆਲ ਪ੍ਰਭ ਦਰਸ ਦਿਖਾਇਆ । ਗੁਰਸਿਖਾਂ ਨੂੰ ਗੁਰਮੁਖ ਬਣਾਇਆ । ਅੰਮ੍ਰਿਤ ਬੂੰਦ ਰਸਨਾ ਲਾਇਆ । ਖੋਲ੍ਹ ਕਪਾਟ ਗੁਰ ਦਰਸ ਦਿਖਾਇਆ । ਮੁਕੰਦ ਮਨੋਹਰ ਗੁਰ ਨਜ਼ਰੀ ਆਇਆ । ਮੋਹਣ ਮਾਧਵ ਸਭ ਰਿਦੇ ਧਿਆਇਆ । ਲਖਮੀ ਨਰਾਇਣ ਜੋਤ ਪ੍ਰਗਟਾਇਆ । ਅਨਹਦ ਸ਼ਬਦ ਮਨ ਵਜਾਇਆ । ਭਰਮ ਭੌ ਸਿੱਖਾਂ ਦਾ ਗਵਾਇਆ । ਜੋਤ ਸਰੂਪ ਨਜ਼ਰੀ ਆਇਆ । ਕਿਰਪਾਨਿਧ ਇਹ ਦਇਆ ਕਮਾਇਆ । ਭਗਤ ਜਨਾਂ ਹਰਿ ਮਾਹਿ ਸਮਾਇਆ । ਸੋਹੰ ਸ਼ਬਦ ਗੁਰ ਗਿਆਨ ਦਵਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਖਵਾਇਆ । ਨਿਹਕਲੰਕ ਆਪ ਅਖਵਾਇਆ । ਸ੍ਰਿਸ਼ਟ ਵਿਚ ਨਾ ਨਜ਼ਰੀ ਆਇਆ । ਕਲਜੁਗ ਨਸ਼ਟ ਪ੍ਰਭ ਆਪ ਕਰਾਇਆ । ਸੋਹੰ ਸ਼ਬਦ ਜੈ ਜੈ ਜੈਕਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਭਰਮ ਭੁਲਾਇਆ । ਜੋ ਜਨ ਚਲੇ ਮੇਰੇ ਭਾਏ । ਚਰਨ ਕਵਲ ਸੰਗ ਰਹੇ ਸਮਾਏ । ਨੈਣੀ ਪੇਖੇ ਆਪ ਰਘੁਰਾਏ । ਜਗਤ ਜਲੰਦਾ ਆਪ ਰਖਾਏ । ਥਿਰ ਘਰ ਵਾਸੀ ਇਹ ਦਇਆ ਕਮਾਏ । ਸਚ ਲਿਖਤ ਆਪ ਪ੍ਰਭ ਕਰਾਏ । ਸੋਹੰ ਸ਼ਬਦ ਸਰਬ ਗੁਣ ਪਾਏ । ਮਹਾਰਾਜ ਸ਼ੇਰ ਸਿੰਘ ਕਰਮ ਕਮਾਏ । ਕਰ ਕੇ ਲਿਖਤ ਜਗਤ ਸਮਝਾਇਆ । ਕਲਜੁਗ ਦਾ ਹੁਣ ਅੰਤ ਕਰਾਇਆ । ਤਰਿਆ ਸੋ ਜੋ ਚਰਨ ਲਗਾਇਆ । ਨਾਮ ਸਤਿ ਸਤਿ ਨਾਮ ਮੇਰਾ ਰਸਨਾ ਗਾਇਆ । ਜੋਤ ਅਗਨ ਵਿਚ ਭਸਮ ਹੋ ਜਾਵੇ । ਕਲੂ ਕਾਲ ਵਿਚ ਖੇਲ ਰਚਾਵੇ । ਸਰਬ ਸ੍ਰਿਸ਼ਟ ਵਿਚ ਅਗਨ ਜਲਾਵੇ । ਹੋਏ ਬੇਤਾਲੀ ਧੱਕੇ ਖਾਵੇ । ਗੁਰ ਬਿਨ ਕੋਈ ਨਾ ਪਾਰ ਲੰਘਾਵੇ । ਮਹਾਰਾਜ ਸ਼ੇਰ ਸਿੰਘ ਸਚ ਲਿਖਤ ਕਰਾਵੇ । ਆਪ ਅਪਰੰਪਰ ਅਪਰ ਅਪਾਰ । ਗੁਰਸਿਖ ਨੂੰ ਅੰਮ੍ਰਿਤ ਭੰਡਾਰ । ਸੋਹੰ ਸ਼ਬਦ ਜਗਤ ਉਧਾਰ । ਅੰਧ ਘੋਰ ਕਰੇ ਨਿਸਤਾਰ । ਮਹਾਰਾਜ ਸ਼ੇਰ ਸਿੰਘ ਪਾਰ ਉਤਾਰ । ਮਹਾਬਲੀ ਆਪ ਪ੍ਰਭ ਹੋਏ । ਕੋਈ ਨਾ ਜਾਣੇ ਇਸ ਦੀ ਸੋਏ । ਭਗਤ ਪ੍ਰਭ ਇਕ ਦੋ ਹੋਏ । ਬਿਨ ਗੁਰ ਕੋਈ ਪਾਰ ਨਾ ਹੋਏ । ਸੋਹੰ ਸ਼ਬਦ ਮੰਨੇ ਮਨ ਕੋਇ । ਮਹਾਰਾਜ ਸ਼ੇਰ ਸਿੰਘ ਸਰਬ ਸੁਖ ਹੋਏ । ਚਾਰ ਦੀਪਕ ਜੋ ਪ੍ਰਭ ਜਲਵਾਏ । ਚੌਥਾ ਦੀਪਕ ਬੁਝ ਬੁਝ ਜਾਵੇ । ਫਿਰ ਸਿੱਖ ਤੇ ਪ੍ਰਭ ਦਇਆ ਕਮਾਏ । ਲਲਾਟ ਓਸ ਦੀ ਖਿੱਚ ਲੈ ਜਾਏ । ਗਰਭ ਕੁੰਡ ਮੇਂ ਮੁਕਤ ਕਰਾਏ । ਸਵਰਨ ਅਮਰ ਦੇ ਸੰਗ ਰਲਾਏ । ਸੂਰਤ ਸਪੁੱਤਰ ਦੀ ਭੇਟ ਚੜ੍ਹਾਏ । ਸਵਰਨ ਸਿੰਘ ਗੁਰ ਪੁਰੀ ਸਦਾਏ । ਅਮਰ ਸਿੰਘ ਅਮਰਾਪਦ ਪਾਏ । ਕੁੱਖ ਵੀਰੋ ਦੀ ਸੁਫਲ ਕਰਾਏ । ਚੇਤ ਸਿੰਘ ਦੀ ਪਤ ਰਹਿ ਜਾਏ । ਪ੍ਰੀਤਮ ਸਿੰਘ ਤੇ ਦਇਆ ਕਮਾਈ । ਦੇਹ ਪੁੱਤ

ਦੀ ਵਿਚ ਸੇਵ ਲਗਾਈ । ਦੀਪਕ ਚੌਥਾ ਹੁਣ ਆਪ ਜਗਵਾਈ । ਪੂਰਨ ਵਿਚ ਪਰਮੇਸ਼ਵਰ ਆਇਆ । ਪੁੱਤ ਕੌਰ ਰਣਜੀਤ ਦਾ ਸਿੱਖ ਲਗਾਇਆ । ਕਾਚੀ ਮਾਟੀ ਘਰ ਸਾਚੇ ਲਾਇਆ । ਮਹਾਰਾਜ ਸ਼ੇਰ ਸਿੰਘ ਚਾਰ ਦੀਪਕ ਜਲਾਇਆ । ਗੁਰ ਧਾਮ ਗੁਰ ਆਪ ਬਣਾਇਆ । ਮਨੀ ਸਿੰਘ ਤੇ ਪੜਦਾ ਪਾਇਆ । ਪੰਜ ਚੇਤ ਦਿਨ ਉਲਟਾਇਆ । ਬਾਣੀ ਲਿਖਣ ਦਾ ਦਿਨ ਗਵਾਇਆ । ਹੋਏ ਪ੍ਰਤੱਖ ਮੈਂ ਇਹ ਵਕਤ ਸੁਹਾਇਆ । ਮਨੀ ਸਿੰਘ ਸਚ ਤਖ਼ਤ ਬਹਾਇਆ । ਰਸਨਾ ਵਿਚੋਂ ਇਹ ਰਸ ਚੁਆਇਆ । ਅਮਰ ਰੂਪ ਪ੍ਰਭ ਅਮਰਾਇਆ । ਹੋਏ ਦਿਆਲ ਦਰਸ ਦਿਖਾਇਆ । ਸਰਬ ਸਿੱਖਾਂ ਉਤੇ ਹੱਥ ਟਿਕਾਇਆ । ਅਗੰਮ ਅਗੋਚਰ ਇਹ ਕਰਮ ਕਮਾਇਆ । ਲੈ ਬਲੀ ਸਿੱਖ ਗੁਰ ਤੇਜ ਵਧਾਇਆ । ਦੀਪਕ ਜੋਤ ਸੰਗ ਦੀਪਕ ਜਗਾਇਆ । ਚੌਥਾ ਸਿੱਖ ਨਾਲ ਰਲਾਇਆ । ਮਹਾਰਾਜ ਸ਼ੇਰ ਸਿੰਘ ਕਰਮ ਕਮਾਇਆ । ਐਸੀ ਜੋਤ ਇਹ ਆਪ ਜਗਾਈ । ਪੂਰੇ ਸਿੱਖ ਦੀ ਦੇਹ ਲਗਾਈ । ਅੰਮ੍ਰਿਤ ਬੂੰਦ ਪ੍ਰਭ ਮੁਖ ਚਵਾਈ । ਚਾਰ ਜੁਗ ਸਰਬ ਸੁਖਦਾਈ । ਮਹਾਰਾਜ ਸ਼ੇਰ ਸਿੰਘ ਦਿਤੀ ਵਡਿਆਈ । ਗੁਰਸਿਖਾਂ ਨੂੰ ਆਪ ਵਡਿਆਇਆ । ਚੌਹਾਂ ਨੂੰ ਕਰ ਇਕ ਬਹਾਇਆ । ਦੀਪਕ ਚਾਰ ਪ੍ਰਭ ਜੋਤ ਜਗਾਇਆ । ਸਰਬ ਸ੍ਰਿਸ਼ਟ ਨੂੰ ਧੱਕਾ ਲਾਇਆ । ਉਧਰੇ ਸਿੱਖ ਜਿਨ੍ਹਾਂ ਰਿਦੇ ਧਿਆਇਆ । ਮਹਾਰਾਜ ਸ਼ੇਰ ਸਿੰਘ ਗਰਭ ਗੁਆਇਆ । ਐਸਾ ਸਮਾਂ ਹੁਣ ਪ੍ਰਭ ਲਿਆਏ । ਗਰਭ ਖੂਨ ਵਾਂਗ ਖੂਨ ਹੋ ਜਾਏ । ਦੇਹ ਸਿੱਖ ਦੀ ਸੁਫਲ ਹੋ ਜਾਵੇ । ਨਿਰਾਹਾਰ ਨਿਰਵੈਰ ਸਮਾਏ । ਧਾਰ ਖੇਲ ਚਤੁਰਭੁਜ ਕਹਾਏ । ਸਿਦਕੀ ਸਿੱਖ ਗੁਰ ਪਾਰ ਚੜ੍ਹਾਏ । ਮਾਤਾ ਧੰਨ ਪੁੱਤ ਗੁਰ ਭੇਟ ਲਗਾਏ । ਤੀਨ ਸੰਗ ਚੌਥਾ ਰਲ ਜਾਏ । ਚੌਥੇ ਜੁਗ ਦਾ ਨਾਸ ਕਰਾਏ । ਸੱਚਾ ਸਿੱਖ ਸੱਚੇ ਘਰ ਜਾਵੇ । ਸੋਹੰ ਸ਼ਬਦ ਜਨ ਰਿਦੇ ਧਿਆਵੇ । ਮਹਾਰਾਜ ਸ਼ੇਰ ਸਿੰਘ ਪੈਜ ਰਖਾਵੇ । ਜੋ ਜਨ ਮੇਰੀ ਸਰਨੀ ਆਇਆ । ਨਾਮ ਮੇਰਾ ਮਨ ਮਾਹਿ ਸਮਾਇਆ । ਤੀਨ ਲੋਕ ਵਿਚ ਸਰਬ ਸੁੱਖ ਪਾਇਆ । ਅਨਹਦ ਸ਼ਬਦ ਮਨ ਵਜਾਇਆ । ਭੈ ਭਿਆਨਕ ਵਿਚ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਊਚ ਅਗੰਮ ਅਪਰ ਅਪਾਰ । ਧਰਨੀ ਧਰ ਈਸ਼ਰ ਨਿਰੰਕਾਰ । ਕੁਦਰਤ ਰੂਪ ਸ੍ਰਿਸ਼ਟ ਅਪਾਰ । ਜਿਥੇ ਪ੍ਰਗਟਿਆ ਆਪ ਕਰਤਾਰ । ਮਹਾਰਾਜ ਸ਼ੇਰ ਸਿੰਘ ਸਚ ਅਵਤਾਰ । ਸੋਹੰ ਸ਼ਬਦ ਗੁਰ ਡੰਕ ਵਜਾਈ । ਚਾਰ ਕੁੰਟ ਪੈ ਜਾਵੇ ਦੁਹਾਈ । ਪ੍ਰਗਟ ਹੋਵੇ ਲਿਖਤ ਕਰਾਈ । ਵੀਹ ਸੌ ਸੱਤ ਬਿਕ੍ਰਮੀ ਕਹਿਰ ਦੀ ਆਈ । ਪੰਜ ਚੇਤ ਗੁਰ ਕਲਮ ਤੇਗ ਉਠਾਈ । ਕਲਮ ਮਾਰ ਸ੍ਰਿਸ਼ਟ ਹੋ ਜਾਈ । ਬਿਨ ਦੇਹ ਤੋਂ ਪ੍ਰਭ ਲਿਖਤ ਕਰਾਈ । ਜੋਤ ਸਰੂਪ ਇਹ ਜੋਤ ਜਗਾਈ । ਵਾਂਗ ਕ੍ਰਿਸ਼ਨ ਹੋਇਆ ਰਥਵਾਹੀ । ਰਥ ਅਗਨ ਤੇਜ ਹੋ ਜਾਈ । ਜੀਵ ਕੋਲੋਂ ਜੀਵ ਥੈ ਕਰਾਈ । ਮੱਤ ਉਪੱਠੀ ਸਰਬ ਮੇਂ ਪਾਈ । ਸੋਹੰ ਸ਼ਬਦ ਇਹ ਚਲਤ ਚਲਾਈ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ । ਕੋਟ ਕਰਮ ਪ੍ਰਭ ਆਪ ਕਰਾਵੇ । ਜੋਤ ਨਿਰੰਜਣ ਜਗਤ ਜਲਾਵੇ । ਸਿੱਖ ਕੋਈ ਸਿਦਕੀ ਕੋਲ ਨਾ ਆਵੇ । ਵਲ ਛਲ ਕਰ ਕੇ ਝੱਟ ਲੰਘਾਵੇ । ਦੁੱਖਾਂ ਕਾਰਨ ਜੋ ਸੀਸ ਨਿਵਾਏ । ਆਵੇ ਵਕਤ ਪਿੱਛੇ ਹਟ ਜਾਵੇ । ਗਤਮਿਤ ਗੁਰ ਕੀ ਮੂਲ ਨਾ ਪਾਵੇ । ਦਿਲ ਵਿਚ ਅਭਿਮਾਨ ਐਸਾ ਆਵੇ । ਬਲੀਵਾਨ ਆਪ ਅਖਵਾਵੇ । ਮਾਇਆਧਾਰੀ ਸੰਗ ਮਾਇਆ ਲਪਟਾਵੇ । ਮਹਾਰਾਜ ਸ਼ੇਰ ਸਿੰਘ ਰਿਦੇ ਭੁਲਾਵੇ । ਸੋਹਣਾ ਸਮਾਂ ਹੱਥੋਂ ਗੁਆਇਆ । ਸੰਗਤ ਸਤਿਗੁਰ ਬਚਨ ਭੁਲਾਇਆ । ਸਾਲ ਇਕ ਹੋਰ ਪੰਧ ਕਰਾਇਆ । ਅਚਰਜ ਖੇਲ ਪ੍ਰਭੂ ਹੋਰ ਰਚਾਇਆ । ਤੋੜ ਵਿਛੋੜ ਰੋੜ ਮਰੋੜ ਬਹਾਇਆ । ਦੁਖੀਆਂ ਤਾਈਂ ਦੁੱਖ ਵਾਦ ਵਧਾਇਆ ।

੭੦
੦੧

ਦੇਹ ਦੁਰਲੱਭ ਜਿਸ ਸੀਸ ਝੁਕਾਇਆ । ਸਰਬ ਸੂਖ ਸਤਿਗੁਰ ਤੋਂ ਪਾਇਆ । ਜਮ ਕਾ ਭੈ ਨਾ ਮਨ ਰਖਾਇਆ । ਮਹਾਰਾਜ ਸ਼ੇਰ ਸਿੰਘ ਰਿਦੇ ਧਿਆਇਆ । ਸਚ ਘਰ ਬੈਠਾ ਆਪ ਸਚ ਵਾਸੀ । ਕਟੇ ਗਲੋਂ ਆਪ ਪ੍ਰਭ ਜਮ ਕੀ ਫਾਸੀ । ਮਾਇਆ ਹੋਵੇ ਆਪ ਸਿੱਖਨ ਕੀ ਦਾਸੀ । ਧੰਨ ਸਿੱਖ ਜਿਨ੍ਹਾਂ ਪਛਾਤਾ ਪ੍ਰਭ ਅਬਿਨਾਸ਼ੀ । ਭਗਤ ਜਨਾਂ ਕਰੇ ਬੰਦ ਖ਼ਲਾਸੀ । ਮੁਕਤ ਜੁਗਤ ਨਾਵੈ ਕੀ ਦਾਸੀ । ਮਹਾਰਾਜ ਸ਼ੇਰ ਸਿੰਘ ਸਰਬ ਸੁੱਖ ਵਾਸੀ । ਘਰ ਠਾਂਡਾ ਊਚਾ ਦਰਬਾਰ । ਸਿੱਖ ਰਹੇ ਵਿਚ ਅੰਧਕਾਰ । ਮਨੋ ਨਾ ਗਿਆ ਅਜੇ ਵਿਕਾਰ । ਸਾਡੇ ਬਚਨ ਨੂੰ ਦੇਵਣ ਹਾਰ । ਘਰ ਬੈਠੇ ਸਭ ਕਰਨ ਵਿਚਾਰ । ਸਦਾ ਅਬਿਨਾਸ਼ੀ ਕਰੇ ਪਸਾਰ । ਬਿਨ ਬੂਝੇ ਕੋਈ ਉਤਰੇ ਨਾ ਪਾਰ । ਲਿਖਤ ਬੰਦ ਕਰੀ ਕਰਤਾਰ । ਸੰਗਤ ਵਿਚ ਅਜੋੜ ਅਪਾਰ । ਗੁਰ ਤੋਂ ਬੈਠੇ ਹੋ ਨਿਰਾਧਾਰ । ਸੁਖ ਆਸਣ ਜਾਣਿਆ ਸੰਸਾਰ । ਆਤਮ ਦੁੱਖ ਭਗਾਵੇ ਕਰਤਾਰ । ਜਿਨ੍ਹਾਂ ਨਾ ਪਾਈ ਮੇਰੀ ਸਾਰ । ਮਹਾਰਾਜ ਸ਼ੇਰ ਸਿੰਘ ਅਪਰ ਅਪਾਰ । ਮਾਇਆ ਵਿਚ ਜੀਵ ਲੁਭਾਇਆ । ਮਾਇਆ ਰੂਪੀ ਜੰਜਾਲ ਗਲ ਪਾਇਆ । ਪੁੱਤਰ ਕਲੱਤਰ ਸੰਗ ਰਹੇ ਲਪਟਾਇਆ । ਕਰ ਕਰ ਧੰਦੇ ਜਨਮ ਗਵਾਇਆ । ਝੂਠੇ ਧੰਦੇ ਜਗਤ ਭੁਲਾਇਆ । ਐਸੀ ਆ ਕੇ ਪਾਈ ਮਾਇਆ । ਗਿਆਨ ਧਿਆਨ ਵਿਚੋਂ ਗਵਾਇਆ । ਦੁੱਖ ਭੰਜਨ ਦੁੱਖ ਡਾਹਢਾ ਲਾਇਆ । ਭਰਮ ਵਿਚ ਭਵਿਖਤ ਗਵਾਇਆ । ਮਾਣ ਅਭਿਮਾਨ ਦਿਲ ਵਿਚ ਵਧਾਇਆ । ਮਨ ਵਿਚ ਕਪਟ ਵਿਕਾਰ ਰਖਾਇਆ । ਮਹਾਰਾਜ ਸ਼ੇਰ ਸਿੰਘ ਦਿਲੋਂ ਭੁਲਾਇਆ । ਮਾਇਆ ਨਾਲ ਈਸ਼ਰ ਨਾ ਭੀਜੇ । ਬਸਤਰ ਪਹਿਨ ਨਾ ਭਉ ਦੀਜੇ । ਪਿਆਰ ਸੰਗ ਸਦਾ ਪ੍ਰਭ ਭੀਜੇ । ਅਭੈ ਦਰਸ ਆਪ ਪ੍ਰਭ ਦੀਜੇ । ਕਾਰਜ ਸਰਬ ਹੈ ਕੀਜੇ । ਮਹਾਰਾਜ ਸ਼ੇਰ ਸਿੰਘ ਤੇ ਨਾ ਸਿੱਖ ਪਤੀਜੇ । ਕਲ ਕਲੂ ਦੀ ਆਪ ਭਵਾਈ । ਦਿਨ ਰਾਤ ਹੈ ਲਿਖਤ ਕਰਾਈ । ਸਿੱਖਾਂ ਤਾਈਂ ਮਾਣ ਦਵਾਈ । ਸਿੱਖਾਂ ਵਿਚੋਂ ਨਾ ਮਮਤ ਗਵਾਈ । ਪੂਰੇ ਗੁਰ ਤੇ ਨਹੀਂ ਆਸ ਰਖਾਈ । ਵਿਚ ਹੰਕਾਰ ਬੈਠੇ ਸਭ ਥਾਈਂ । ਮਹਾਰਾਜ ਸ਼ੇਰ ਸਿੰਘ ਵੇਖੇ ਥਾਉਂ ਥਾਈਂ । ਬੋਲ ਬੋਲ ਵਿਕਾਰ ਵਧਾਇਆ । ਸਿੱਖ ਸੋ ਜੋ ਸ਼ਾਂਤ ਰੂਪ ਸਮਾਇਆ । ਕਰੋਧ ਕਪਟ ਨੂੰ ਪਰੇ ਹਟਾਇਆ । ਵਿਚ ਵਿਕਾਰ ਨਾ ਮਨ ਡੁਲਾਇਆ । ਸਤਿਗੁਰ ਪੂਰਾ ਘਰ ਮੇਂ ਪਾਇਆ । ਮਹਾਰਾਜ ਸ਼ੇਰ ਸਿੰਘ ਵਿਛੜਿਆਂ ਮੇਲ ਪਰੇ ਹਟਾਇਆ । ਵਿਚ ਪ੍ਰੇਮ ਕੋਈ ਨਾ ਆਇਆ । ਦੇਹ ਦੁੱਖ ਲਈ ਚਲਦਾ ਆਇਆ । ਆਪਣੇ ਸੁੱਖ ਜਗਤ ਭੁਲਾਇਆ । ਮਹਾਰਾਜ ਸ਼ੇਰ ਸਿੰਘ ਸਿੱਖ ਡੁਲਾਇਆ । ਡੁੱਲਾ ਭੁੱਲਾ ਕੌਣ ਬਚਾਵੇ । ਗੁਰ ਬਿਨ ਕੋਈ ਨਾ ਪਾਰ ਲੰਘਾਵੇ । ਦਰ ਦਰ ਪਾਪੀ ਧੱਕੇ ਖਾਵੇ । ਜਨਮ ਜਨਮ ਦੁੱਖ ਡਾਹਢਾ ਪਾਵੇ । ਪੂਰਾ ਸਤਿਗੁਰ ਹੋ ਜਾਵੇ ਕਿਰਪਾਲ । ਦੇ ਦਰਸ ਕਰ ਦੇਵੇ ਨਿਹਾਲ । ਜੋਗ ਜੁਗਤ ਪ੍ਰਭ ਦਏ ਵਖਾਲ । ਮਹਾਰਾਜ ਸ਼ੇਰ ਸਿੰਘ ਸਦਾ ਹੈ ਨਾਲ ।

❊ ੨੭ ਚੇਤ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਨੈਣ ਮੁੰਧਾਰ ਬਚਨ ਲਿਖਾਇਆ । ਵਿਚੋਂ ਪਾਤਾਲ ਮਾਤਲੋਕ ਆਇਆ । ਧਰਤੀ ਜਲ ਕਰ ਇਕ ਵਖਾਇਆ । ਸ੍ਰਿਸ਼ਟ ਸਾਰੀ ਨੂੰ ਆਪ ਉਲਟਾਇਆ । ਹੋਏ ਉਪੱਠੀ ਧੱਕਾ ਲਾਇਆ । ਵਿਚ ਸੰਸਾਰ ਕੋਈ ਨਜ਼ਰ ਨਾ ਆਇਆ । ਨੀਚੇ ਧਰਤੀ ਉਪਰ ਜਲ ਵਗਾਇਆ । ਲੱਖ ਚੁਰਾਸੀ ਜਿਸ ਮਾਹਿ

ਸਮਾਇਆ । ਖੰਡ ਬ੍ਰਹਿਮੰਡ ਇਕ ਰੰਗ ਬਣਾਇਆ । ਜੀਵ ਜੰਤ ਕੋਈ ਨਜ਼ਰ ਨਾ ਆਇਆ । ਐਸਾ ਪ੍ਰਭ ਜਿਸ ਖੇਲ ਰਚਾਇਆ । ਜਲੋਂ ਥਲ ਥਲੋਂ ਜਲ ਵਹਾਇਆ । ਵਰਭੰਡ ਸਭ ਨਸ਼ਟ ਕਰਾਇਆ । ਮਹਾਰਾਜ ਸ਼ੇਰ ਸਿੰਘ ਭਗਤ ਵਡਿਆਇਆ । ਤੇਗ ਕਲਮ ਗੁਰ ਆਪ ਉਠਾਈ । ਚਾਰ ਕੁੰਟ ਹਾਹਾਕਾਰ ਮਚਾਈ । ਗਣਾਵੇ ਸਿੱਖ ਲਿਖਾਵੇ ਗੁਰ, ਅਸਰ ਅਸੁਰ ਐਸੀ ਬਣਤ ਬਣਾਈ । ਜਗਤ ਖਾਨ ਚਕਰ ਸੁਦਰਸ਼ਨ ਬਾਣ । ਸ੍ਰਿਸ਼ਟ ਵਾਲੇ ਜਿਸ ਲਾਹੇ ਘਾਣ । ਮੂਰਖ ਮੁਗਧ ਨਾ ਕਰਨ ਪਛਾਣ । ਸਾਚਾ ਗੁਰ ਸਾਚਾ ਨੀਸਾਣ । ਗੁਰਸਿਖਾਂ ਦਾ ਗੁਰ ਦਰਬਾਨ । ਹੋਏ ਸਹਾਈ ਕਲਜੁਗ ਆਣ । ਸਰਬ ਸੂਖ ਵਿਚ ਚਰਨ ਪਛਾਣ । ਪਾਏ ਦਰਸ ਸਭ ਤਰ ਜਾਣ । ਜੋ ਜਨ ਵਿਚ ਸੰਗਤ ਰਲ ਜਾਣ । ਮਹਾਕਾਲ ਤੋਂ ਦੂਰ ਰਹਿ ਜਾਣ । ਅਟੱਲ ਗੁਰ ਅਟੱਲ ਪਦਵੀ ਪਾਣ । ਸਦਾ ਅਡੋਲ ਸਦ ਜੋਤ ਜਗਾਣ । ਚਾਰ ਵਰਨ ਸ਼ਰਨੀ ਲੱਗ ਜਾਣ । ਸੋਹੰ ਸ਼ਬਦ ਸਦਾ ਮੁਖ ਗਾਣ । ਐਸਾ ਮਾਰਿਆ ਤ੍ਰੈਲੋਕੀ ਬਾਣ । ਮਹਾਰਾਜ ਸ਼ੇਰ ਸਿੰਘ ਪ੍ਰਗਟ ਵਿਚ ਜਹਾਨ । ਹੋਵੇ ਪ੍ਰਗਟ ਐਸੀ ਕਲ ਧਾਰੇ । ਵਿਚ ਸੰਗਤ ਆਪ ਲਲਕਾਰੇ । ਰਾਣੇ ਮਹਾਰਾਣੇ ਡਿੱਗਣ ਦਰਬਾਰੇ । ਪਾਪੀ ਅਪਰਾਧੀ ਪ੍ਰਭ ਆਪ ਪਛਾੜੇ । ਵਸਦੇ ਸੁਖੀ ਸਭ ਜੀਵ ਉਜਾੜੇ । ਮਹਾਰਾਜ ਸ਼ੇਰ ਸਿੰਘ ਸ੍ਰਿਸ਼ਟ ਚਬਾਈ ਦਾਹੜੇ । ਨੌਂ ਖੰਡ ਇਹ ਬਣਤ ਬਣਾਈ । ਆਪ ਇਕ ਮਤਿ ਇਕ ਹੈ ਪਾਈ । ਜੀਵ ਜੀਵ ਵਿਚ ਜੋਤ ਜਗਾਈ । ਐਸੀ ਉਸ ਨੂੰ ਸੋਝੀ ਪਾਈ । ਈਸ਼ਵਰ ਆਪ ਬ੍ਰਹਮ ਰੂਪ ਸਮਾਈ । ਬ੍ਰਹਮ ਬਿੰਦ ਉਪਜੇ ਸਭ ਭਾਈ । ਜ਼ਾਤ ਪਾਤ ਕੋਈ ਕਿਸੇ ਕਾ ਨਾਹੀ । ਈਸ਼ਰ ਆਪ ਇਕ ਸ੍ਰਿਸ਼ਟ ਉਪਾਈ । ਹਰ ਜੀਵ ਮੇਂ ਰਿਹਾ ਸਮਾਈ । ਸੁੱਤੀ ਸ੍ਰਿਸ਼ਟੀ ਆਪ ਉਠਾਈ । ਸ੍ਰਿਸ਼ਟੀ ਸਾਰੀ ਇਕ ਰਾਹ ਤੇ ਲਾਈ । ਮੋਖਸ਼ ਨਾਮ ਸੋਹੰ ਰਖਾਈ । ਜੋ ਜਨ ਸਿਮਰੇ ਪਾਰ ਲੰਘ ਜਾਈ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ । ਕਾਚੀ ਸ੍ਰਿਸ਼ਟ ਕਾਚਾ ਅਭਿਮਾਨ । ਝੂਠੀ ਮਾਟੀ ਮਾਟੀ ਰਲ ਜਾਣ । ਐਸਾ ਸਤਿਗੁਰ ਚਲਾਇਆ ਬਾਣ । ਅੱਸੂ ਉਨੀ ਵਾਲੇ ਬਚਨ ਸਚ ਹੋ ਜਾਣ । ਪੂਰੇ ਸਤਿਗੁਰ ਦੀ ਹੋਈ ਪਛਾਣ । ਮਹਾਰਾਜ ਸ਼ੇਰ ਸਿੰਘ ਜਾਣੀ ਜਾਣ । ਕਲੂ ਕਾਲ ਹੋਇਆ ਧੁੰਧੂਕਾਰ । ਮਹਾਰਾਜ ਸ਼ੇਰ ਸਿੰਘ ਲਿਆ ਅਵਤਾਰ । ਸੋਹੰ ਸ਼ਬਦ ਭਗਤ ਭੰਡਾਰਾ । ਦਿਤਾ ਗਿਆਨ ਗੁਰ ਰਸਨਾ ਦਵਾਰਾ । ਜਗਤ ਜਲੰਦਾ ਪ੍ਰਭ ਪਾਰ ਉਤਾਰਾ । ਸੋਹਿਨ ਸਿੱਖ ਗੁਰਚਰਨ ਦਵਾਰਾ । ਮਨੋਂ ਗੁਆਏ ਬੈਠੇ ਵਿਕਾਰ । ਮਹਾਰਾਜ ਸ਼ੇਰ ਸਿੰਘ ਲਿਆ ਅਵਤਾਰ । ਸਤਿਗੁਰ ਬਣਿਆ ਆਪ ਸਤਿਵਾਦੀ । ਜੁਗ ਚੌਥੇ ਦੀ ਤੋੜੇ ਗਾਦੀ । ਬੇਮੁਖਾਂ ਇਹ ਜੋਤ ਨਾ ਲਾਧੀ । ਗੁਰਸਿਖਾਂ ਵਿਚ ਸਦਾ ਸਮਾਦੀ । ਸੋਹੰ ਸ਼ਬਦ ਸਰਬ ਸੁਖਵਾਦੀ । ਮਹਾਰਾਜ ਸ਼ੇਰ ਸਿੰਘ ਸ੍ਰਿਸ਼ਟ ਹੈ ਸਾਧੀ । ਅਚੱਲ ਅਖੱਲ ਅਟੱਲ ਅਖਵਾਏ । ਅਬਲ ਅਦਲ ਅਭਲ ਸੰਗ ਸਹਾਏ । ਗੰਦਲ ਬੰਦਲ ਸੰਦਲ ਸੰਗ ਸਿੱਖ ਸਮਾਏ । ਨੌਂ ਖੰਡ ਪ੍ਰਭ ਇਕ ਕਰਾਏ । ਸੋਹੰ ਸ਼ਬਦ ਸਰਬ ਸੁਣਾਏ । ਬਾਕੀ ਸਰਬ ਨਸ਼ਟ ਹੋ ਜਾਏ । ਈਸ਼ਰ ਆਪ ਜੋਤ ਸਰੂਪ ਹੋ ਆਏ । ਸੋਹੰ ਸ਼ਬਦ ਬਿਨ ਠੋਰ ਨਾ ਪਾਏ । ਵਾਂਗ ਚਾਤਰਕ ਸੰਗ ਬਿਲਲਾਏ । ਅੰਮ੍ਰਿਤ ਬੂੰਦ ਪ੍ਰਭ ਮੁਖ ਚਵਾਏ । ਐਸੀ ਦਇਆ ਉਤੇ ਸੰਗਤ ਕਮਾਏ । ਦਲਿਦਰ ਦੁੱਖ ਸਭ ਲਹਿ ਜਾਏ । ਅੱਠ ਅਠਰਾਹਾ ਗੁਰ ਰੋਗ ਗਵਾਏ । ਵਿਚ ਸੰਗਤ ਇਹ ਦੁਸ਼ਟ ਨਾ ਆਏ ।

੭੨
੦੧
ਨਿਹਕਲੰਕ ਹਰਿ ਸ਼ਬਦ

❋ ੧ ਵਿਸਾਖ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

ਬੇਅੰਤ ਆਪ ਕਰਤਾਰ । ਊਚ ਅਗੰਮ ਅਪਰ ਅਪਾਰ । ਪ੍ਰਗਟ ਹੋਇਆ ਵਿਚ ਦਰਬਾਰ । ਮਹਾਰਾਜ ਸ਼ੇਰ ਸਿੰਘ ਪੂਰਨ ਅਵਤਾਰ । ਭਗਤ ਜਨ ਸੋਹਿਨ ਦਰਬਾਰ । ਧੰਨ ਗੁਰਸਿਖ ਲਾਏ ਪਾਰ । ਕੋਟ ਬ੍ਰਹਿਮੰਡ ਦਿਤੇ ਤਾਰ । ਕਿਰਪਾ ਕੀਤੀ ਆਪ ਅਪਾਰ । ਸਿੱਖ ਨਾ ਆਵੇ ਵਿਚ ਸੰਸਾਰ । ਸਤਿਗੁਰ ਪੂਰਾ ਜਗਤ ਉਧਾਰ । ਭਾਣਾ ਸਤਿਗੁਰ ਜੋ ਵਰਤਾਵੇ । ਗੁਰਸਿਖਾਂ ਉਪਰ ਅੰਮ੍ਰਿਤ ਬਰਖਾਵੇ । ਗੋਲਾ ਗੜਾ ਪ੍ਰਸ਼ਾਦ ਬਣ ਜਾਵੇ । ਆਪ ਪੈਜ ਸਿੱਖਾਂ ਦੀ ਰਖਾਵੇ । ਬੇਮੁਖ ਦਹਿ ਦਿਸ਼ ਚੋਟਾਂ ਖਾਵੇ । ਐਸੀ ਅਗਨ ਪ੍ਰਸ਼ਾਦ ਲਗਾਵੇ । ਹਾਹਾਕਾਰ ਜਗਤ ਹੋ ਜਾਵੇ । ਇਸ ਦਾ ਭੇਤ ਕੋਈ ਨਾ ਪਾਵੇ । ਅਰਸ਼ੋਂ ਗੁਰ ਗੋਲਾ ਬਰਸਾਵੇ । ਜੀਵ ਜੰਤ ਭਸਮ ਹੋ ਜਾਵੇ । ਐਸੀ ਕਲਾ ਪ੍ਰਸ਼ਾਦ ਵਰਤਾਵੇ । ਸਿੱਖਾਂ ਦੀ ਸੂਲੀ ਸੂਲ ਰਹਿ ਜਾਵੇ । ਦਇਆ ਧਾਰ ਇਹ ਬਰਖਾ ਲਾਵੇ । ਸਾਰਾ ਭਾਰ ਸ੍ਰਿਸ਼ਟ ਤੇ ਆਵੇ । ਬੇਮੁਖ ਵਿਚ ਅਗਨ ਜਲਾਵੇ । ਪੰਜ ਜੇਠ ਇਹ ਡੰਕ ਵਜਾਵੇ । ਗੁਰ ਸੰਗਤ ਵੇਖਣ ਉਠ ਧਾਹਵੇ । ਆਪ ਵੇਖੇ ਕਿਸੇ ਨਜ਼ਰ ਨਾ ਆਵੇ । ਮਾਇਆ ਰੂਪੀ ਪ੍ਰਭ ਪਰਦਾ ਪਾਵੇ । ਅਗਨ ਬਾਣ ਸੋਹੰ ਲਗ ਜਾਵੇ । ਚਾਰ ਕੁੰਟ ਪ੍ਰਭ ਆਪ ਜਲਾਵੇ । ਭਗਤ ਜਨਾਂ ਹਰਿ ਧੀਰ ਧਰਾਵੇ । ਬੈਠਾ ਵਿਚ ਆਪ ਕਰੇ ਕਰਾਵੇ । ਆਪਣਾ ਭੇਤ ਨਾ ਕਿਸੇ ਜਣਾਵੇ । ਸਿੱਖਾਂ ਸੰਗ ਬੇਮੁਖ ਤਰ ਜਾਵੇ । ਜੋ ਜੀਵ ਸੰਗਤ ਰਲ ਜਾਵੇ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ । ਸੋਹੰ ਸ਼ਬਦ ਜੈ ਜੈ ਜੈ ਕਾਰ ਕਰਾਵੇ । ਸੋਹੰ ਸ਼ਬਦ ਗੁਰ ਨਾਮ ਦੁਆਏ । ਜੋ ਸਿਮਰੇ ਸਗਲੇ ਫਲ ਪਾਏ । ਜੋਤ ਸਰੂਪ ਆਪ ਪ੍ਰਭ ਆਏ । ਸੰਗਤ ਵਿਚ ਇਹ ਬਚਨ ਲਿਖਾਏ । ਤੀਨ ਲੋਕ ਦਾ ਮੈਂ ਹਾਂ ਵਾਸੀ, ਸਰਬ ਜੀਵ ਮੇਂ ਰਿਹਾ ਸਮਾਏ । ਕਲੂ ਕਾਲ ਅੰਧੇਰ ਹੈ ਹੋਇਆ । ਜੋਤ ਸਰੂਪ ਨਿਹਕਲੰਕ ਹੈ ਆਏ । ਐਸਾ ਬਾਣ ਸ਼ਬਦ ਗੁਰ ਲਾਇਆ । ਮਦਿ ਮਾਸ ਨਸ਼ਟ ਹੋ ਜਾਏ । ਮਹਾਰਾਜ ਸ਼ੇਰ ਸਿੰਘ ਭਗਤ ਉਧਾਰਨ, ਕਲੂ ਗੁਆਏ ਸਤਿ ਵਰਤਾਏ । ਸੋਹੰ ਸ਼ਬਦ ਗੁਰ ਨਾਮ ਜਪਾਇਆ । ਖਟ ਰੋਗ ਦਾ ਨਾਸ ਕਰਾਇਆ । ਹੋਏ ਦਿਆਲ ਨਿਜ ਘਰ ਆਇਆ । ਗੁਰਸਿਖਾਂ ਨੂੰ ਦਰਸ ਦਿਖਾਇਆ । ਜੋਤ ਨਿਰੰਜਣ ਜੋਤ ਰੂਪ ਹੋ ਆਇਆ । ਜੀਵ ਕਿਸੇ ਨੇ ਭੇਤ ਨਾ ਪਾਇਆ । ਖੇਲ ਰਚਾਏ ਜਗਤ ਭੁਲਾਏ, ਭਗਤ ਜਨਾਂ ਨੂੰ ਨਜ਼ਰੀ ਆਇਆ । ਮਾਣ ਗਵਾਏ ਰਾਓ ਰੰਕ ਬਣਾਏ, ਮਹਾਰਾਜ ਸ਼ੇਰ ਸਿੰਘ ਕਰ ਇਕ ਬਹਾਇਆ । ਗੁਰਸਿਖਾਂ ਨਾਲ ਜੋ ਕਹਿਰ ਕਮਾਏ । ਅੰਕੜਾ ਘੋੜਾ ਲੰਕੜਾ ਮਸਾਣ ਬਣ ਜਾਏ । ਸ਼ਦੋਣ ਮਾਈ ਪੌਣ ਦਰ ਧੱਕੇ ਖਾਏ । ਕਿੰਗਰੇ ਕਿੰਗਰੇ ਗੁਰ ਮਰਦੰਗ ਵਜਾਏ । ਮਾਈ ਗੌਰਜਾਂ ਸਿਰ ਖੇਹ ਪਵਾਏ । ਖਾਣ ਪਕਾਣ ਘਰ ਕੀ ਚਾਟੀ । ਗੁਰ ਸ਼ਬਦ ਮਧਾਣ, ਗੋਰਖ ਨੂੰ ਲਾਇਆ ਬਾਣ । ਮਹਾਰਾਜ ਸ਼ੇਰ ਸਿੰਘ ਭੈ ਰਖਾਣ । ਗੁਰਸਿਖਾਂ ਦੇ ਨੇੜ ਨਾ ਆਣ । ਤਪ ਸੱਪ ਗੁਰ ਸ਼ਬਦ ਬੰਧਾਵੇ । ਭੂਤ ਪ੍ਰੇਤ ਕੋਈ ਨੇੜ ਨਾ ਆਵੇ । ਦਰ ਵਾਟ ਸਭ ਭੈ ਰਖਾਵੇ । ਅਮਕਾ ਕਾਜ਼ੀ ਨਸ਼ਟ ਹੋ ਜਾਵੇ । ਬਲੀਆ ਛਲੀਆ ਮਿਸਮਰੇਜ਼ਮੀ ਇੰਦਰ ਜਾਲ ਦੀ ਮਾਇਆ ਪਾਵੇ । ਐਸਾ ਡੰਨ ਦੁਸ਼ਟ ਕੋ ਪ੍ਰਭ ਲਾਏ । ਜਿੰਨ ਖ਼ਬੀਸ ਸਭ ਧੱਕ ਹਟਾਏ । ਨੈਣ ਹੀਣ ਖਿੱਚ ਜੋਤ ਗੁਆਏ । ਕੁਲ ਓਸ ਦੀ ਵਧਣ ਨਾ ਪਾਏ । ਜੋ ਸਿੱਖ ਉਪਰ ਚੋਟ ਚਲਾਏ । ਮਹਾਰਾਜ ਸ਼ੇਰ ਸਿੰਘ ਹੋਏ ਸਹਾਏ । ਪ੍ਰਗਟ ਭਇਆ ਸਰਬ ਤਰਾਇਣ । ਮੁਕੰਦ ਮਨੋਹਰ ਲਖ਼ਮੀ ਨਰਾਇਣ । ਬਨ ਮਾਲਾ ਬਿਭੂਖਣ ਕਵਲ ਨੈਣ । ਸੁੰਦਰ ਕੁੰਡਲ ਮੁਕਟ

ਬੈਨ । ਦਾੜ੍ਹਾਂ ਅੱਗੇ ਪ੍ਰਿਥਮ ਧਰਾਇਣ । ਕਲੂ ਰਥ ਅਗਨ ਚਲਾਇਣ । ਮਹਾਸਾਰਥੀ ਆਪ ਅਖਵਾਇਣ । ਬੇਮੁਖਾਂ ਨੂੰ ਦੁੱਖ ਭੁਗਾਇਣ । ਗੁਰਸਿਖਾਂ ਸਿਰ ਛਤਰ ਝੁਲਾਇਣ । ਸੋਹੰ ਸ਼ਬਦ ਰਸਨਾ ਗਾਇਣ । ਮਹਾਰਾਜ ਸ਼ੇਰ ਸਿੰਘ ਪ੍ਰਗਟੇ ਨਰਾਇਣ । ਸਤਿਜੁਗ ਵਿਚ ਪ੍ਰਹਿਲਾਦ ਤਰਾਇਆ । ਨਰ ਸਿੰਘ ਨਰ ਅਵਤਾਰ ਬਣਾਇਆ । ਕਲਜੁਗ ਵਿਚ ਈਸ਼ਰ ਖੇਲ ਰਚਾਇਆ । ਰਛਿਆ ਕਰਨ ਭਗਤਾਂ ਦੀ ਆਇਆ । ਤਜ ਦੇਹ ਨਿਹਕਲੰਕ ਅਖਵਾਇਆ । ਜ਼ਾਤ ਪਾਤ ਦਾ ਭੇਤ ਮੁਕਾਇਆ । ਬ੍ਰਹਮ ਸੇ ਉਪਜੇ ਬ੍ਰਹਮ ਜੀਵ ਸਮਾਇਆ । ਏਕ ਜੋਤ ਰੰਗ ਹਰਿ ਇਕ ਲਾਇਆ । ਜੋ ਪੇਖੇ ਨਜ਼ਰੀ ਨਜ਼ਰ ਨਿਹਾਲ ਕਰਾਇਆ । ਸਰਬ ਸੂਖ ਘਰ ਠਾਂਡੇ ਪਾਇਆ । ਜਗਤ ਜਲੰਦਾ ਗੁਰਸਿਖ ਤਰਾਇਆ । ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ । ਸ੍ਰੀ ਰੰਗ ਬੈਕੁੰਠ ਕਾ ਵਾਸੀ । ਮਛ ਕਛ ਕੂਰਮ ਆਗਿਆ ਅਉਤਰਾਸੀ । ਐਸੇ ਚਲਤ ਕਰੇ ਪ੍ਰਭ ਨਿਰਾਲੇ, ਕੀਤਾ ਲੋੜੇ ਸੋ ਫਲ ਪਾ ਲੇ । ਗੁਰਸਿਖਾਂ ਮਨ ਸਦਾ ਹੈ ਰੰਗਣ, ਬੇਮੁਖ ਦਰ ਤੇ ਸਦਾ ਉਦਾਸੀ । ਸੋਹੰ ਸ਼ਬਦ ਸਦਾ ਮਨ ਲਾਏ, ਹੈ ਆਪ ਪ੍ਰਭ ਸਦਾ ਸੁਖਵਾਸੀ । ਧੰਨ ਗੁਰਸਿਖ ਜੋ ਦਰ ਤੇ ਆਏ, ਪੂਰੇ ਗੁਰ ਕੀਤੀ ਬੰਦ ਖਲਾਸੀ । ਮਹਾਰਾਜ ਸ਼ੇਰ ਸਿੰਘ ਸਦਾ ਬਲ ਜਾਈਏ, ਕੱਟੀ ਗਲੋਂ ਸਿਲਕ ਜਮ ਫਾਸੀ । ਦੇਵਲੋਕ ਨੂੰ ਜਾਂ ਸਿੱਖ ਜਾਏ । ਸ਼ਿਵਲੋਕ ਨੂੰ ਪਰੇ ਤਜਾਏ । ਬ੍ਰਹਮਲੋਕ ਜਾ ਪੈਰ ਟਿਕਾਏ । ਬੈਕੁੰਠ ਧਾਮ ਗੁਰ ਪੁਰੀ ਸਿਧਾਏ । ਜੋਤ ਸਰੂਪ ਰਿਹਾ ਡਗਮਗਾਏ । ਜੀਵ ਜੰਤ ਵਿਚ ਜੋਤ ਮਿਲ ਜਾਏ । ਲੱਖ ਚੁਰਾਸੀ ਫਿਰ ਜੂਨ ਨਾ ਪਾਏ । ਥਿਰ ਘਰ ਬੈਠਾ ਹਰਿ ਗੁਣ ਗਾਏ । ਨੈਣੀ ਪੇਖੇ ਸਰਬ ਸੁਖਦਾਏ । ਮਹਾਰਾਜ ਸ਼ੇਰ ਸਿੰਘ ਵਿਚ ਬੈਕੁੰਠ ਲੈ ਜਾਏ । ਗੁਰਸਿਖਾਂ ਇਹ ਧਾਮ ਨਿਆਰਾ । ਜਿਥੇ ਵਸੇ ਆਪ ਨਿਰੰਕਾਰਾ । ਜੋਤ ਸਰੂਪ ਜੋਤ ਅਧਾਰਾ । ਤੀਨ ਲੋਕ ਜੋਤ ਚਮਤਕਾਰਾ । ਜੋਤ ਸਰੂਪ ਵਰਭੰਡ ਮੰਝਾਰਾ । ਸੋਹੰ ਸ਼ਬਦ ਦਰਸਾਵੇ ਗੁਰਦਵਾਰਾ । ਕਿਰਤਮ ਨਾਮ ਜਪੇ ਇਹ ਜਿਹਵਾ । ਸੋਹੰ ਨਾਮ ਸੰਗਤ ਗੁਰ ਮੇਵਾ । ਲੋੜੇ ਦਰਸ ਸਭ ਦੇਵੀ ਦੇਵਾ । ਕਰੋੜ ਤੇਤੀਸ ਵਿਚ ਅਲਖ ਅਭੇਵਾ । ਕਲਜੁਗ ਵਿਚ ਸਿਖਨ ਗੁਰ ਸੇਵਾ । ਮਹਾਰਾਜ ਸ਼ੇਰ ਸਿੰਘ ਅਟੱਲ ਗੁਰਦੇਵਾ । ਮਿਹਰਵਾਨ ਇਹ ਦੇਹ ਪਲਟਾਏ । ਜੁਗੋ ਜੁਗ ਇਹ ਜੋਤ ਜਗਾਏ । ਈਸ਼ਰ ਜੋਤ ਨਿਰੰਜਣ ਰਾਏ । ਕੋਈ ਜੀਵ ਭੇਵ ਨਾ ਪਾਏ । ਵਿਚ ਤਰੇਤਾ ਰਾਮ ਅਖਵਾਏ । ਸਤੀ ਅਹਲਿਆ ਆਣ ਤਰਾਏ । ਪਲਟੇ ਕਾਇਆ ਵਿਚ ਦੁਆਪਰ ਆਏ । ਮੁਕੰਦ ਮਨੋਹਰ ਕ੍ਰਿਸ਼ਨ ਅਖਵਾਏ । ਪਾਪਣ ਪੂਤਨਾ ਧਰਤ ਸੁਆਏ । ਐਸੀ ਕਲਾ ਆਪ ਵਰਤਾਏ । ਮਹਾਸਾਰਥੀ ਹੋ ਰਥ ਚਲਾਏ । ਅਠਾਰਾਂ ਧਿਆ ਪ੍ਰਭ ਆਪ ਲਿਖਾਏ । ਸਤਿਜੁਗ ਸਤਿ ਸਤਿਵਾਦੀ ਲਾਏ । ਨਿਹਕਲੰਕ ਨਿਰਭੈ ਅਖਵਾਏ । ਉਨੀਂ ਸੌ ਬਵੰਜਾ ਬਿਕ੍ਰਮੀ ਬਚਨ ਸਚ ਕਰਾਏ ।

੭੪
੦੧

❊ ੩ ਵਿਸਾਖ ੨੦੦੭ ਬਿਕ੍ਰਮੀ ਅੰਮ੍ਰਿਤਸਰ ਬਚਨ ਹੋਏ ❊

ਜੀਵ ਜੁਗਤ ਪ੍ਰਭ ਆਪ ਬਣਾਵੇ । ਨਿਜ ਘਰ ਬੈਠਾ ਤਾੜੀ ਲਾਵੇ । ਆਪ ਏਕ ਅਨੇਕ ਸਮਾਵੇ । ਪਾਰਬ੍ਰਹਮ ਬ੍ਰਹਮ ਸਰੂਪ ਉਪਾਵੇ । ਬ੍ਰਹਮ ਸਰੂਪ ਸਭ ਜੀਵ ਉਪਾਵੇ । ਕਾਇਆ ਆਕਾਰ ਛਲ ਰੂਪ ਬਣਾਵੇ । ਅਨੰਦ ਬਿਨੋਦ ਵਿਚ ਜੋਤ ਜਗਾਵੇ । ਬਿਨ ਗੁਰ ਬੂਝੇ ਕੋਈ ਭੇਵ ਨਾ ਪਾਵੇ । ਸੋ ਬੂਝੇ ਜਿਸ ਦਇਆ ਕਮਾਵੇ । ਸਾਧ ਸੰਗਤ ਮਿਲ ਹਰਿ ਗੁਣ ਗਾਵੇ । ਦਇਆ ਧਾਰ ਇਹ ਦਇਆ ਕਮਾਈ । ਪੂਰੇ ਸਿੱਖ ਨੂੰ ਸੋਝੀ ਪਾਈ ।

ਕਰਮ ਧਰਮ ਦੋਵੇਂ ਉਲਟਾਈ । ਪਾਪ ਅਪਰਾਧ ਸਭ ਨਸ਼ਟ ਕਰਾਈ । ਅਜਾਮਲ ਵਾਂਗ ਲਛਮਣ ਸਿੰਘ ਤਰ ਜਾਈ । ਗੁਰ ਡਾਹਢਾ ਜਿਸ ਬਣਤ ਬਣਾਈ । ਕੀਆ ਖੇਲ ਅਚਰਜ ਰਘੁਰਾਈ । ਪ੍ਰਗਟ ਕੀਤੀ ਭਗਵਨ ਵਡਿਆਈ । ਵੱਡਾ ਸੋ ਜਿਸ ਪ੍ਰਭ ਵਡਿਆਏ । ਈਸ਼ਰ ਜੋਤ ਵਿਚ ਦੇਹ ਜਗਾਏ । ਸਰਬ ਸੁੱਖ ਘਰ ਮਾਹਿ ਪਾਏ । ਨਿਜਾਨੰਦ ਪ੍ਰਭ ਦਏ ਦਿਖਾਏ । ਕੂੜ ਕੁਟੰਬ ਦਾ ਮੋਹ ਗਵਾਏ । ਅਨਹਦ ਸ਼ਬਦ ਮਨ ਵਜਾਏ । ਜੋਤ ਸਰੂਪ ਪ੍ਰਭ ਦਰਸ ਦਿਖਾਏ । ਕਲੂ ਕਾਲ ਨਸ਼ਟ ਹੋ ਜਾਏ । ਸੋਹੰ ਸ਼ਬਦ ਜੋ ਮਨ ਚਿਤ ਲਾਏ । ਮਹਾਰਾਜ ਸ਼ੇਰ ਸਿੰਘ ਭਗਤ ਤਰਾਏ । ਸੋਹੰ ਸ਼ਬਦ ਉਤਮ ਹੈ ਸੂਖ । ਵਿਚ ਸੰਸਾਰ ਨਾ ਬਿਆਪੇ ਦੂਖ । ਆਤਮ ਸ਼ਾਂਤ ਮਨ ਗੁਰ ਕੀ ਭੂੱਖ । ਮਹਾਰਾਜ ਸ਼ੇਰ ਸਿੰਘ ਸਦਾ ਅਸੂਖ । ਗਿਆ ਕਲੂ ਪ੍ਰਭ ਕਹਿਰ ਗਵਾਏ । ਆਪ ਅਪਰੰਪਰ ਭੇਦ ਹੋ ਜਾਏ । ਜੋਤ ਸਰੂਪ ਨਜ਼ਰ ਨਾ ਆਏ । ਅਚਲਤ ਖੇਲ ਪ੍ਰਭ ਰਿਹਾ ਦਿਖਾਏ । ਅਗਨ ਬਾਣ ਸੋਹੰ ਗੁਰ ਲਾਏ । ਚਾਰ ਕੁੰਟ ਹਾਹਾਕਾਰ ਮਚਾਏ । ਨਿਹਕਲੰਕ ਇਹ ਚਲਤ ਦਿਖਾਏ । ਜੀਵ ਜੰਤ ਸਭ ਭਸਮ ਕਰਾਏ । ਇੰਦ ਇੰਦਰਾਸਣ ਸਭ ਉਲਟਾਏ । ਸ਼ਿਵ ਸ਼ੰਕਰ ਦਾ ਵਕਤ ਗਵਾਏ । ਬ੍ਰਹਮਾ ਬ੍ਰਹਮ ਰੂਪ ਵਿਚ ਸਮਾਏ । ਵੇਦ ਚਾਰ ਖ਼ਤਮ ਹੋ ਜਾਏ । ਕਲੂ ਕਾਲ ਇਹ ਕਲ ਵਰਤਾਏ । ਸਰਬ ਤੀਰਥਾਂ ਮਾਣ ਗਵਾਏ । ਸਤਿਜੁਗ ਸਤਿ ਸਤਿ ਸਤਿਗੁਰ ਵਰਤਾਏ । ਸੋਹੰ ਸ਼ਬਦ ਮੁੱਖ ਰਖਾਏ । ਜੋਤ ਜਗਤ ਨਿਰੰਜਣ ਜਗਾਏ । ਮਦਿ ਮਾਸੀ ਸਭ ਨਸ਼ਟ ਹੋ ਜਾਏ । ਚਕਰ ਸੁਦਰਸ਼ਨ ਜਗਤ ਗੁਰ ਲਾਏ । ਤੀਨ ਲੋਕ ਥਿਰ ਨਾ ਰਹਾਏ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤਜਾਏ । ਆਪ ਅਸਥੂਲ ਸਚਖੰਡ ਸਮਾਏ । ਆਪਣੀ ਮਹਿੰਮਾ ਪ੍ਰਭ ਆਪ ਗਣਾਏ । ਜੀਵ ਕੋਈ ਭੇਦ ਨਾ ਪਾਏ । ਸਾਧ ਸੰਗਤ ਗੁਰ ਦਇਆ ਕਮਾਏ । ਧਾਰ ਖੇਲ ਜੋਤ ਸਰੂਪ ਹੋ ਜਾਏ । ਲਿਖਤ ਆਪਣੀ ਸਚ ਕਰਾਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਖਵਾਏ । ਨਿਹਕਲੰਕ ਪ੍ਰਗਟੇ ਬਲਵਾਨ । ਮੂਰਖ ਮੁਗਧ ਨਾ ਕਰਨ ਪਛਾਣ । ਗੁਰਸਿਖਾਂ ਨੂੰ ਪ੍ਰਭ ਦੇਵੇ ਗਿਆਨ । ਦਰਸ਼ਨ ਦੇਵੇ ਵਾਂਗ ਕ੍ਰਿਸ਼ਨ ਭਗਵਾਨ । ਪੰਜ ਜੇਠ ਪ੍ਰਭ ਜੋਤ ਪਰਗਟਾਵੇ । ਵੇਖੇ ਲੋਕ ਹੱਸੇ ਘਰ ਜਾਏ । ਪ੍ਰਭ ਕਾ ਸਾਂਗ ਕਿਸੇ ਨਾ ਭਾਵੇ । ਲਛਮਣ ਸਿੰਘ ਨਾ ਧੀਰ ਧਰਾਵੇ । ਭੁੱਲਾ ਸਿੱਖ ਗੁਰ ਆਣ ਬਚਾਵੇ । ਦਇਆਧਾਰ ਕਿਰਪਾ ਪ੍ਰਭ ਕਰੇ । ਜੋਤ ਸਰੂਪ ਦਰਸ ਦਿਖਾਵੇ । ਮਨ ਮੇਂ ਸ਼ਾਂਤ ਸਰਬ ਸੁਖ ਉਪਜੇ । ਭਰਮ ਭੌ ਸਰਬ ਗਵਾਵੇ । ਐਸਾ ਸੰਸਾ ਦੂਰ ਪ੍ਰਭ ਕੀਆ । ਹੋਏ ਦਿਆਲ ਦਰਸ ਦਿਖਾਵੇ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ । ਸਿੱਖ ਜੋਤ ਗੁਰ ਜੋਤ ਜਗਾਵੇ । ਥਿਰ ਘਰ ਵਾਸੀ ਦਰਸ਼ਨ ਦੇਵੇ । ਆਪ ਅਭੇਦ ਇਹ ਭੇਦ ਬਤਾਵੇ । ਕਲੂ ਕਾਲ ਦਾ ਅੰਤ ਹੈ ਕਰਨਾ । ਮਹਾਰਾਜ ਸ਼ੇਰ ਸਿੰਘ ਜੋਤ ਪ੍ਰਗਟਾਵੇ । ਧੰਨ ਸੋ ਥਾਨ ਜਿਥੇ ਗੁਰ ਬਚਨ ਲਿਖਾਵੇ । ਲੰਡਾ ਪਿੱਪਲ ਨਿਸ਼ਾਨ ਲਛਮਣ ਘਰ ਰਹਿ ਜਾਵੇ । ਬਾਕੀ ਮਾਟੀ ਬਿਖ ਖਾਟੀ ਬਣ ਜਾਵੇ । ਬਚਨ ਸਤਿਗੁਰ ਦਾ ਸਚ ਹੋ ਜਾਵੇ । ਇਹ ਘਰ ਬਣਿਆ ਹਰਿ ਕਾ ਦਵਾਰ । ਜਿਥੇ ਪ੍ਰਗਟੇ ਆਪ ਕਰਤਾਰ । ਸਰਬ ਸ੍ਰਿਸ਼ਟ ਜਿਸ ਕੀਆ ਆਕਾਰ । ਜੋਤ ਜਗਾਈ ਅਪਰ ਅਪਾਰ । ਐਸੀ ਕਲੂ ਨੇ ਦਿਤੀ ਹਾਰ । ਚਲ ਨਾ ਆਏ ਗੁਰ ਦਰਬਾਰ । ਅੰਧ ਘੋਰ ਪ੍ਰਭ ਜੋਤ ਬਿਧਾਰ । ਤਾਰੇ ਸਿੱਖ ਜਿਨ ਪਾਈ ਸਾਰ । ਮਹਾਰਾਜ ਸ਼ੇਰ ਸਿੰਘ ਸਚ ਅਵਤਾਰ । ਸ੍ਰਿਸ਼ਟੀ ਡੁੱਬੀ ਵਿਚ ਮੰਝਧਾਰ । ਉਧਰੇ ਸਿੱਖ ਜਿਨ ਗੁਰ ਚਰਨ ਪਿਆਰ । ਸੋਹੰ ਸ਼ਬਦ ਉਤਾਰੇ ਪਾਰ । ਤਰਨ ਤਾਰਨ ਆਪ ਸਮਰਥ । ਗੁਰ ਸਿੱਖਨ ਸਿਰ ਪ੍ਰਭ ਕਾ ਹੱਥ । ਅਗਨ ਕਲੂ ਚਲਾਇਆ ਰਥ । ਸ੍ਰਿਸ਼ਟੀ ਸਾਰੀ ਹੋਈ

੭੫
੦੧

ਸਥ । ਗੁਰਸਿਖਾਂ ਨੂੰ ਦਿਤੀ ਹੈ ਨਾਮ ਵਥ । ਮਹਾਰਾਜ ਸ਼ੇਰ ਸਿੰਘ ਕਥਨਾ ਅਕਥ । ਚਰਨ ਕਵਲ ਸਿੱਖ ਰੱਖੇ ਪਿਆਰ । ਕੰਨਿਆ ਆਈ ਵਿਚ ਦਰਬਾਰ । ਕਾਇਆ ਕਟਾਖ਼ਸ਼ ਕਰਮਹਾਰ । ਵਿਚ ਸੰਸਾਰ ਦੁੱਖ ਅਪਾਰ । ਆਤਮ ਚਿੰਤਾ ਵਿਚ ਪਰਿਵਾਰ । ਪੁੱਤ ਬਿਨਾ ਨਾ ਵਿਚ ਸੰਸਾਰ । ਮਾਇਆ ਭੁੱਲਿਆ ਵਿਚ ਅੰਧਿਆਰ । ਕੱਟੇ ਰੋਗ ਨਾ ਬਿਨ ਕਰਤਾਰ । ਜੋਤ ਲਲਾਟ ਜਗਾਏ ਅਪਾਰ । ਆਪ ਮੇਟੇ ਮਿਟਾਵਣਹਾਰ । ਦੇਵੇ ਦਾਨ ਸਰਬ ਸਿੱਖ ਦਾਤਾਰ । ਵਿਚ ਸੰਸਾਰ ਇਹ ਹੋਏ ਵਿਚਾਰ । ਜਿਸ ਨੇ ਤਜਿਆ ਇਹ ਆਹਾਰ । ਮਦਿ ਮਾਸ ਵਿਚ ਸੰਸਾਰ । ਮਾਤਾ ਗੋਦ ਬਾਲਕ ਪਧਾਰ । ਮਹਾਰਾਜ ਸ਼ੇਰ ਸਿੰਘ ਸਚ ਕਰਤਾਰ । ਐਸੀ ਲਿਖਤ ਹੋਏ ਅਪਾਰ । ਬਿਨ ਪੂਤ ਸਿੱਖ ਹੋਏ ਨਾ ਖੁਆਰ । ਜਗਤ ਜਲੰਦਾ ਪ੍ਰਭ ਪਾਰ ਉਤਾਰ । ਚਲੇ ਬੰਸ ਸਚ ਨਿਸਤਾਰ । ਨਾੜੀ ਬਹੱਤਰ ਪ੍ਰਭ ਰੋਗ ਗਵਾਏ । ਸੁਖਲਾ ਕਿਸ਼ਨਾ ਦੋ ਪਖ ਲਿਖਵਾਏ । ਜਿਥੇ ਜੀਵ ਦੀ ਬਣਤ ਬਣਾਏ । ਅੰਧ ਕੂਪ ਪ੍ਰਭ ਰਿਹਾ ਸਮਾਏ । ਗਿਆਨ ਜੋਤ ਇਹ ਦੀਪਕ ਜਗਾਏ । ਦੁੱਖ ਦਲਿਦਰ ਸਭ ਨਸ਼ਟ ਕਰਾਏ । ਮਾਸ ਦਸਵੇਂ ਪੂਤ ਘਰ ਆਏ । ਮਹਾਰਾਜ ਸ਼ੇਰ ਸਿੰਘ ਲਾਜ ਰਖਾਏ । ਨੈਣ ਮੁੰਦਾਰ ਜਗਤ ਮੇਂ ਆਇਆ । ਆਪ ਅਡੋਲ ਜਗਤ ਡੁਲਾਇਆ । ਪਲਟਣ ਚੌਥਾ ਜੁਗ ਇਹ ਖੇਲ ਰਚਾਇਆ । ਛਡ ਬੈਕੁੰਠ ਮਾਤਲੋਕ ਵਿਚ ਆਇਆ । ਜੋਤ ਸਰੂਪ ਸਭ ਜਗਤ ਜਲਾਇਆ । ਸੋਹੰ ਸ਼ਬਦ ਬਾਣ ਗੁਰ ਲਾਇਆ । ਕੋਇ ਨਾ ਮੇਟੇ ਭਾਣਾ ਵਰਤਾਇਆ । ਮਹਾਰਾਜ ਸ਼ੇਰ ਸਿੰਘ ਆਪ ਰਘੁਰਾਇਆ । ਹੋਏ ਮਿਹਰਵਾਨ ਸਤਿਜੁਗ ਵਰਤਾਇਆ । ਗੁਰਸਿਖਾਂ ਨੂੰ ਸਚ ਮਾਰਗ ਲਾਇਆ । ਐਸਾ ਦਰਸ ਪ੍ਰਭ ਆਪ ਦਿਖਾਇਆ । ਬੇਮੁਖਾਂ ਉਤੇ ਪਰਦਾ ਪਾਇਆ । ਵੀਹ ਸੌ ਸੱਤ ਵਿਚ ਸਭ ਜਗਤ ਭੁਲਾਇਆ । ਘਰ ਘਰ ਸੋਹੰ ਸ਼ਬਦ ਸੁਣਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਹੋ ਆਇਆ । ਨਿਹਕਲੰਕ ਆਪ ਅਖਵਾਏ । ਸ੍ਰਿਸ਼ਟ ਸਾਰੀ ਦਾ ਥੈ ਕਰਾਏ । ਖੰਡ ਬ੍ਰਹਿਮੰਡ ਸਰਬ ਡੁਲਾਏ । ਆਪ ਅਭੁੱਲ ਸਭ ਸ੍ਰਿਸ਼ਟ ਭੁਲਾਏ । ਮਾਇਆ ਜਾਲ ਜਗਤ ਪ੍ਰਭ ਪਾਏ । ਆਪਣੀ ਕਲਾ ਆਪ ਵਰਤਾਏ । ਸਤਿਗੁਰ ਮਨੀ ਸਿੰਘ ਸਿਰ ਛਤਰ ਝੁਲਾਏ । ਸਰਬ ਸ੍ਰਿਸ਼ਟ ਸ਼ਬਦ ਰੂਪ ਵਖਾਵੇ । ਮਹਾਰਾਜ ਸ਼ੇਰ ਸਿੰਘ ਇਹ ਬਣਤ ਬਣਾਵੇ । ਪਿੰਡ ਬ੍ਰੁਘੇ ਸਚ ਧਾਮ ਬਣਾਵੇ । ਅਠਸਠ ਤੀਰਥ ਕੋਈ ਰਹਿਣ ਨਾ ਪਾਵੇ । ਈਸ਼ਰ ਦਾਤ ਈਸ਼ਰ ਲੈ ਜਾਵੇ । ਤਰੇ ਸੋਏ ਜਿਨ ਚਰਨੀ ਲਾਵੇ । ਸਰਬ ਰਖਵਾਲਕ ਪ੍ਰਭ ਆਪ ਹੋ ਜਾਵੇ । ਬਿਨ ਸਿੱਖਾਂ ਕਿਸੇ ਨਜ਼ਰ ਨਾ ਆਵੇ । ਭੁੱਲੀ ਸ੍ਰਿਸ਼ਟੀ ਧੱਕੇ ਖਾਵੇ । ਮਹਾਰਾਜ ਸ਼ੇਰ ਸਿੰਘ ਮਾਣ ਗਵਾਵੇ । ਗੁਰ ਚਰਨ ਸੰਗ ਰਾਖੋ ਪ੍ਰੀਤ । ਜਗਤ ਜਲੰਦਾ ਜਿਉਂ ਬਾਲੂ ਭੀਤ । ਗੁਰ ਠਾਂਡਾ ਸੀਤਲ ਸਤਿ ਸੀਤ । ਪਵਿਤ ਆਤਮਾ ਰਿਦਾ ਸ਼ੁਧ ਨੀਤ । ਮਹਾਰਾਜ ਸ਼ੇਰ ਸਿੰਘ ਪਤਿਤ ਪੁਨੀਤ । ਪਤਿਤ ਪਾਵਨ ਆਪ ਦੁੱਖ ਭੰਜਨ । ਹੰਕਾਰ ਨਿਵਾਰਨ ਹੈ ਭਵਖੰਡਨ । ਜਗਤ ਉਧਾਰੇ ਤ੍ਰੈਲੋਕੀ ਨੰਦਨ । ਪ੍ਰਗਟੇ ਜੋਤ ਸਰਬ ਨਿਜਾਨੰਦਨ । ਮਹਾਰਾਜ ਸ਼ੇਰ ਸਿੰਘ ਭਰਮ ਭੈ ਭੰਜਨ । ਭਰਮ ਭੁਲਾਏ ਜਗਤ ਰੁਲਾਏ ਸਿੱਖ ਤਰਾਏ, ਜਿਨ ਗੁਰ ਸ਼ਬਦ ਪਛਾਣਿਆ । ਪ੍ਰਗਟੇ ਕਰਤਾਰ ਸ੍ਰਿਸ਼ਟ ਖੁਆਰ ਆਈ ਕਲਜੁਗ ਹਾਰ, ਸੋਹੰ ਸ਼ਬਦ ਗੁਰ ਬਾਣਿਆ । ਮਾਇਆ ਜੀਵ ਭੁਲਾਏ, ਕਿਸੇ ਸ਼ਰਨ ਨਾ ਲਾਏ, ਪੂਰਨ ਸਿੱਖ ਪ੍ਰਭ ਆਪ ਤਰਾਏ, ਚਲੇ ਗੁਰ ਕੇ ਭਾਣਿਆਂ । ਜੁਗੋ ਜੁਗ ਪ੍ਰਭ ਜੋਤ ਪ੍ਰਗਟਾਏ, ਧਾਰ ਦੇਹ ਜੀਵ ਤਰਾਏ, ਕਲਜੁਗ ਵਿਚ ਸ਼ੇਰ ਸਿੰਘ ਨਾਮ ਰਖਾਏ, ਸ੍ਰਿਸ਼ਟੀ ਭੁੰਨੀ ਵਾਂਗਰ ਦਾਣਿਆਂ । ਸੱਚਾ ਗੁਰ ਘਰ ਸਾਚੇ ਆਇਆ । ਧੰਨ ਸੋ ਥਾਨ ਜਿਥੇ ਗੁਰ ਦਰਸ ਦਿਖਾਇਆ । ਕਲਜੁਗ ਦਾ

੭੬
੦੧

ਸਚਖੰਡ ਬਣਾਇਆ । ਸਰ ਅੰਮ੍ਰਿਤ ਵਿਚ ਇਹ ਅਟਲ ਰਖਾਇਆ । ਆਪ ਅਚਲ ਚਲਤ ਨਜ਼ਰੀ ਆਇਆ । ਜੋਤ ਸਰੂਪ ਵਿਚ ਸਿੱਖ ਸਮਾਇਆ । ਹੰਕਾਰ ਨਿਵਾਰਣ ਨਿਹਕਲੰਕ ਅਖਵਾਇਆ । ਅਬਿਨਾਸ਼ੀ ਅਵਿਗਤ ਪ੍ਰਭ ਆਪ ਰਘੁਰਾਇਆ । ਭਗਤ ਉਧਾਰਨ ਦੁਸ਼ਟ ਸੰਘਾਰਨ ਸੋਹੰ ਸ਼ਬਦ ਚਲਾਇਆ । ਆਪ ਏਕ, ਸ੍ਰਿਸ਼ਟ ਸਭ ਏਕ, ਲੱਖ ਚੁਰਾਸੀ ਜੀਵ ਉਪਾਇਆ । ਪ੍ਰਗਟੇ ਜੋਤ ਉਲਟਾਵੇ ਜੁਗ, ਜਲੋਂ ਥਲ ਥਲੋਂ ਜਲ ਵਹਾਇਆ । ਧੰਨ ਸੋ ਸਿੱਖ ਜਿਨ੍ਹਾਂ ਗੁਰ ਦਰਸ਼ਨ ਪਾਇਆ । ਦੁੱਖ ਕਲੇਸ਼ ਜਗਤ ਦਾ ਲਾਹਿਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਅੰਧ ਅਗਿਆਨ ਗੁਰ ਸ਼ਬਦ ਗਵਾਇਆ । ਨਿਰਭੈ ਨਿਰਵੈਰ ਮੂਰਤ ਅਕਾਲ ਘਰ ਸਿੱਖ ਦੇ ਆਇਆ । ਹੋਏ ਪ੍ਰਤੱਖ ਆਪ ਸਮਰਥ, ਇਹ ਸੁੱਖਨ ਸੁਣਾਇਆ । ਪ੍ਰਗਟੇ ਦਾਤਾਰ, ਬੈਠੇ ਸੰਗਤ ਵਿਚਕਾਰ, ਕਰੇ ਬਚਨ ਲਲਕਾਰ, ਮੈਂ ਹਾਂ ਰਘੁਰਾਇਆ । ਮੇਰੀ ਕਰੇ ਪਛਾਣ, ਬਿਨ ਨਾੜੀ ਦੇ ਹੈ ਜਾਨ, ਜਿਥੇ ਪ੍ਰਵੇਸ਼ ਭਗਵਾਨ, ਸਰਬ ਸੂਖ ਹੈ ਪਾਇਆ । ਨਾਮ ਅੰਜਨ ਗੁਰ ਗਿਆਨ ਦਵਾਏ । ਡੁੱਬਦੀ ਸ੍ਰਿਸ਼ਟੀ ਗੁਰ ਆਣ ਤਰਾਏ । ਚਾਰ ਮੂਰਤੀ ਜੋਤ ਇਕ ਸਮਾਏ । ਪ੍ਰਭ ਕੀ ਜੋਤ ਜਗਤ ਜਲਾਏ । ਧੰਨ ਸਿੱਖ ਜੋ ਗੁਰ ਸੇਵ ਕਮਾਏ । ਧੰਨ ਸੋ ਧਾਮ ਜਿਥੇ ਗੁਰ ਚਰਨ ਟਿਕਾਏ । ਰਿਧ ਸਿਧ ਨੌਂ ਨਿਧ ਖੜ੍ਹੇ ਦਰ ਸੀਸ ਝੁਕਾਏ । ਫਿਰਨ ਕਰੋੜ ਤੇਤੀਸ ਪ੍ਰਭ ਦਰਸ ਤਿਹਾਏ । ਦੇਵੀ ਦੇਵਤੇ ਕੋਈ ਓਥੇ ਠੌਹਰ ਨਾ ਪਾਏ । ਜਿਥੇ ਸਿੱਖ ਸੋਹੰ ਸ਼ਬਦ ਗੁਣ ਗਾਏ । ਮਹਾਰਾਜ ਸ਼ੇਰ ਸਿੰਘ ਲਾਜ ਰਖਾਏ । ਸਤਿਗੁਰ ਮਨੀ ਸਿੰਘ ਕੋਲ ਬਹਾਏ ।

੭੭
੦੧

❊ ੫ ਵਿਸਾਖ ੨੦੦੭ ਬਿਕ੍ਰਮੀ ਪਿੰਡ ਬੁੱਘੇ ਜ਼ਿਲਾ ਅੰਮ੍ਰਿਤਸਰ ਬਚਨ ਹੋਏ ❊

ਵਿਸਾਖ ਪੰਜ ਪ੍ਰਭ ਲਾਏ ਰੰਗ, ਸਰਬਤ ਤੀਰਥ ਕੀਤੇ ਭੰਗ, ਇਹ ਬਚਨ ਲਿਖਾ ਲਿਆ । ਪ੍ਰਭ ਕਰੇ ਨਾ ਜੰਗ, ਵਜਾਏ ਸ਼ਬਦ ਮਰਦੰਗ, ਭੱਜੀ ਸ੍ਰਿਸ਼ਟੀ ਹੋ ਕੇ ਨੰਗ, ਗੁਰ ਮੁਖ ਭਵਾ ਲਿਆ । ਵਿਚ ਸੰਗਤ ਰੰਗ, ਮਨ ਪ੍ਰਭ ਦੀ ਉਮੰਗ, ਪਾਇਆ ਘਰ ਨਿਜ਼ਾਨੰਦ, ਪ੍ਰਭ ਦਰਸ ਦਿਖਾ ਲਿਆ । ਅਮਾਵਸ ਦਾ ਇਹ ਚੜ੍ਹਿਆ ਚੰਦ, ਸ੍ਰਿਸ਼ਟੀ ਕੀਤੀ ਵਿਚ ਕਲਮ ਆ ਬੰਦ, ਸੋਹੰ ਸ਼ਬਦ ਸ੍ਰਿਸ਼ਟ ਭੰਨੇ ਦੰਦ, ਐਸਾ ਤੀਰ ਗੁਰ ਰਸਨਾ ਚਲਾ ਲਿਆ । ਮਹਾਰਾਜ ਸ਼ੇਰ ਸਿੰਘ ਪਰਮਾਨੰਦ, ਤੀਨ ਲੋਕ ਜਿਸ ਨਾਮ ਸੁਗੰਧ, ਕਰੇ ਦਰਸ ਹੋਏ ਸੰਗਤ ਅਨੰਦ, ਨਿਹਕਲੰਕ ਜਾਮਾ ਪਲਟਾ ਲਿਆ । ਦਇਆ ਕਮਾਵੇ ਦਰਸ ਦਿਖਾਵੇ ਹਰਿ ਰੰਗ ਲਾਵੇ, ਘਰ ਆਣ ਭੋਗ ਲਗਾ ਲਿਆ । ਅੰਮ੍ਰਿਤ ਬਣਾਵੇ ਮੁਖ ਮੇਂ ਜੋ ਚਵਾਵੇ ਦੁੱਖ ਦਰਦ ਹਟਾਵੇ ਸਭ ਰੋਗ ਗਵਾ ਲਿਆ । ਸਾਧ ਸੰਗਤ ਪ੍ਰਭ ਦਇਆ ਕਮਾਵੇ ਚਰਨ ਲਗਾਵੇ ਹੋਏ ਦਿਆਲ ਦਰਸ ਦਿਖਾ ਲਿਆ । ਕਲਜੁਗ ਭੁਲਾਵੇ ਕਿਸੇ ਨਜ਼ਰ ਨਾ ਆਵੇ ਸੋਹੰ ਸ਼ਬਦ ਸੁਣਾਵੇ ਧੰਨ ਸੋ ਸਿੱਖ ਜਿਨ੍ਹਾਂ ਪ੍ਰਭ ਪਛਾਣਿਆਂ । ਡੰਕ ਭੈ ਵਜਾਵੇ ਸ੍ਰਿਸ਼ਟ ਭੁਲਾਵੇ ਬਾਣ ਅਗਨ ਗੁਰ ਸ਼ਬਦ ਚਲਾਵੇ ਤਰੇ ਸੋ ਜਿਨ੍ਹਾਂ ਰਸ ਮਾਣਿਆਂ । ਸਾਧ ਸੰਗਤ ਗੁਰ ਦਰ ਤੇ ਆਵੇ ਦੁੱਖ ਦਲਿਦਰ ਸਾਰਾ ਗਵਾਵੇ ਦੁੱਧ ਪੁੱਤ ਘਰ ਸਿੱਖ ਸਮਾਵੇ ਸਚ ਦਾਨ ਗੁਰ ਕਲਮ ਲਿਖਾ ਰਿਹਾ । ਸਤਿਗੁਰ ਖੋਲ੍ਹਿਆ ਗੁਰ ਭੰਡਾਰਾ । ਇਸ ਤੋਂ ਪਰੇ ਨਹੀਂ ਕੋਈ ਦਵਾਰਾ । ਜਿਥੇ ਪ੍ਰਗਟਿਆ ਸ਼ੇਰ ਸਿੰਘ ਨਿਰੰਕਾਰਾ । ਸਾਧ ਸੰਗਤ ਗੁਰ ਪਾਰ ਉਤਾਰਾ । ਡੁੱਬੀ ਸ੍ਰਿਸ਼ਟੀ ਵਿਚ ਮੰਝਧਾਰਾ । ਨਿਹਕਲੰਕ ਆਪ ਨਿਰਬਿਕਾਰਾ । ਦੀਏ ਸੁੱਖ ਗੁਰ ਆਤਮ ਦਵਾਰਾ । ਰੋਗ

ਸੋਗ ਸਭ ਪਾਰ ਉਤਾਰਾ । ਦੇਵੇ ਦਰਸ ਘਰ ਆ ਮੁਰਾਰਾ । ਸਿੱਖ ਆ ਬੂਝੇ ਵਿਸ਼ਨੂੰ ਅਵਤਾਰਾ । ਜੋਤ ਕੀਤੀ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਦਵਾਰਾ । ਚਮਤਕਾਰ ਗੁਰ ਜੋਤ ਦਿਖਾਏ । ਆਪਣੀ ਮਾਇਆ ਐਸੀ ਪਾਏ । ਗੁਰ ਗੋਬਿੰਦ ਤੋਂ ਮੁਖ ਭਵਾਏ । ਸੋਹੰ ਸ਼ਬਦ ਬਾਣ ਚਲਾਏ । ਪੌਣ ਰੂਪ ਵਿਚ ਪਵਣ ਸਮਾਏ । ਸੋਹੰ ਗੂੰਜ ਤੀਨ ਲੋਕ ਹੈ ਜਾਏ । ਚਾਰ ਕੁੰਟ ਇਹ ਚੱਕਰ ਲਗਾਏ । ਮਹਾਰਾਜ ਸ਼ੇਰ ਸਿੰਘ ਸੋਹੰ ਪ੍ਰਗਟਾਏ । ਸੋਹੰ ਸ਼ਬਦ ਸਰਬ ਸੁਖ ਦਾਵਨ । ਅੰਤ ਕਾਲ ਹੋਏ ਇਹ ਜਾਮਨ । ਸਭ ਤੋਂ ਵਡ ਇਹ ਸਿੱਖ ਕਾ ਨਾਮਨ । ਰਾਮ ਤੀਰ ਜਿਸ ਮਾਰਿਆ ਰਾਵਣ । ਸੋਹੰ ਸ਼ਬਦ ਓਹੋ ਸਿੱਖ ਜਾਨਣ । ਮਹਾਰਾਜ ਸ਼ੇਰ ਸਿੰਘ ਰਿਦੇ ਪਛਾਨਣ । ਸੋ ਜਨ ਜਾਣੇ ਜਿਸ ਆਪ ਬੁਝਾਏ । ਬਿਨ ਗੁਰ ਦਇਆ ਕੋਈ ਬੂਝ ਨਾ ਪਾਏ । ਦਵਾਪਰ ਵਿਛੜੇ ਕਲ ਵਿਚ ਲਏ ਮਿਲਾਏ । ਬਹੱਤਰ ਜਾਮੇ ਗੁਰਸਿਖ ਪ੍ਰਗਟਾਏ । ਉਤਮ ਮੁਖ ਵਿਚ ਜਗਤ ਰਖਾਏ । ਸਤਿਜੁਗ ਵਿਚ ਸਚ ਸਿੱਖ ਕਹਾਏ । ਜੈ ਜੈ ਜੈਕਾਰ ਤੀਨ ਲੋਕ ਹੋ ਜਾਏ । ਗਣ ਗੰਧਰਬ ਸਿਰ ਫੂਲ ਬਰਸਾਏ । ਕਰੋੜ ਛਿਆਨਵੇਂ ਇਹ ਬਰਖਾ ਲਾਏ । ਅੰਮ੍ਰਿਤ ਬੂੰਦ ਝਿਮ ਝਿਮ ਝਿਮਾਏ । ਬੈਠਾ ਇੰਦਰ ਇੰਦਰਾਸਣ ਸਿੱਖ ਗੁਣ ਗਾਏ । ਕਰਨ ਦਰਸ ਸ਼ਿਵ ਸ਼ੰਕਰ ਆਏ । ਬਾਸ਼ਕ ਤਸ਼ਕ ਜਿਨ ਗਲ ਵਿਚ ਪਾਏ । ਵੇਖੇ ਬ੍ਰਹਮਾ ਚਾਰ ਕੂਟ ਨੈਣ ਲਗਾਏ । ਚਾਰ ਮੁਖ ਪ੍ਰਭ ਤੋਂ ਫਲ ਪਾਏ । ਚਾਰ ਵੇਦ ਹਰਿ ਕੇ ਗੁਣ ਗਾਏ । ਵਿਚ ਅਥਰਬਣ ਨਿਹਕਲੰਕ ਹੈ ਆਏ । ਧੰਨ ਸਿੱਖ ਜੋ ਗੁਰ ਚਰਨੀ ਲਾਏ । ਛਿਨ ਭੰਗਰ ਸਦਾ ਦਰਸ ਦਿਖਾਏ । ਬੈਠੇ ਪੁਰੀਆਂ ਵਿਚ ਸੀਸ ਝੁਕਾਏ । ਈਸ਼ਰ ਫਿਰ ਨਜ਼ਰ ਨਾ ਆਏ । ਮਾਤਲੋਕ ਵਿਚ ਇਹ ਦਇਆ ਕਮਾਏ । ਛੱਡ ਬੈਕੁੰਠ ਡੇਰੇ ਬੁੱਘੀਂ ਲਾਏ । ਚਰਨ ਕਵਲ ਸੰਗ ਗੁਰ ਸੰਗਤ ਤਰਾਏ । ਧਰਤ ਧਵਲ ਆਕਾਸ਼ ਪ੍ਰਭ ਸਰਬ ਸਮਾਏ । ਧੰਨ ਸੁਹਾਵਾ ਥਾਨ, ਜਿਥੇ ਗੁਰ ਚਰਨ ਟਿਕਾਏ । ਹੋਏ ਦਿਆਲ ਕਿਰਪਾਲ, ਘਰ ਭੋਗ ਲਗਾਏ । ਸੰਗਤ ਆਈ ਦਰ ਪ੍ਰਵਾਨ, ਸੀਤ ਪ੍ਰਸ਼ਾਦ ਹੈ ਰਸਨਾ ਲਾਏ । ਮਹਾਰਾਜ ਸ਼ੇਰ ਸਿੰਘ ਆਪ ਮਿਹਰਵਾਨ, ਸਿੱਖਾਂ ਦੀ ਪੈਜ ਰਖਾਏ । ਜੋਤ ਨਿਰੰਜਣ ਅਪਰ ਅਪਾਰਾ । ਸਦ ਮਿਹਰਵਾਨ ਆਪ ਨਿਰੰਕਾਰਾ । ਤਰੇਤਾ ਰਾਮ ਲਿਆ ਅਵਤਾਰਾ । ਹੋਇਆ ਦਵਾਪਰ ਕ੍ਰਿਸ਼ਨ ਮੁਰਾਰਾ । ਦਲਿਦਰੀਆਂ ਤਾਈਂ ਪਾਰ ਉਤਾਰਾ । ਹੋਇਆ ਕਲਜੁਗ ਸ਼ੇਰ ਸਿੰਘ ਭਤਾਰਾ । ਗੁਰਸਿਖਾਂ ਨੂੰ ਪਾਰ ਉਤਾਰਾ । ਅਮੋਘ ਦਰਸ਼ਨ ਗੁਰਸਿਖਾਂ ਨੂੰ ਦਵਾਰਾ । ਸੋਹੰ ਸ਼ਬਦ ਭਗਤ ਭੰਡਾਰਾ । ਜੋਤ ਸਰੂਪ ਪ੍ਰਗਟੇ ਸੰਸਾਰਾ । ਆਪ ਅਪਰੰਪਰ ਅਪਰ ਅਪਾਰਾ । ਚਲਾਵੇ ਕਲਮ ਕਰੇ ਨਿਸਤਾਰਾ । ਵੇਦ ਅਥਰਬਣ ਪਾਰ ਉਤਾਰਾ । ਬ੍ਰਹਮਾ ਮਾਣ ਗਵਾਇਆ ਸਾਰਾ । ਬ੍ਰਹਮਲੋਕ ਈਸ਼ਰ ਪਸਾਰਾ । ਆਪ ਉਲਟਾਏ ਬਣਾਏ ਸਿੱਖ ਦਵਾਰਾ । ਮਹਾਰਾਜ ਸ਼ੇਰ ਸਿੰਘ ਏਕੰਕਾਰਾ ।

੭੮
੦੧

❊ ੫ ਵਿਸਾਖ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਸਿੱਖਾਂ ਨੂੰ ਪ੍ਰਭ ਦੇਵੇ ਗਿਆਨ । ਪੂਰੇ ਗੁਰ ਦੀ ਹੋਈ ਪਛਾਣ । ਸੋਹੰ ਸ਼ਬਦ ਰਸਨਾ ਨਿੱਤ ਗਾਣ । ਬੈਠੇ ਘਰ ਦਰਸ ਪ੍ਰਭ ਪਾਣ । ਕਲਜੁਗ ਵਿਚ ਹੋਈ ਕਲਿਆਣ । ਜਗਤ ਗੁਰ ਸ਼ਬਦ ਬਿਬਾਣ । ਤਰਨ ਸਿੱਖ ਸੰਗਤ ਰਲ ਜਾਣ । ਚਰਨ ਕਵਲ ਪ੍ਰਭ ਸਦਾ ਸਮਾਨ । ਆਦਿ ਅੰਤ

ਜਗਤ ਰਹਿ ਜਾਣ । ਮਹਾਰਾਜ ਸ਼ੇਰ ਸਿੰਘ ਧਰਮ ਦੀਬਾਣ । ਐਸੀ ਦੇਵੇ ਪ੍ਰਭ ਆਪ ਵਡਿਆਈ । ਸਿੱਖ ਦੀ ਮਹਿੰਮਾ ਗਣੀ ਨਾ ਜਾਈ । ਤੀਨ ਲੋਕ ਬੈਠੇ ਲਿਵ ਲਾਈ । ਧੰਨ ਸਿੱਖ ਜਿਨ ਗੁਰ ਸੇਵ ਕਮਾਈ । ਵਿਚ ਸੰਸਾਰ ਸਭ ਪਈ ਦੁਹਾਈ । ਘਰ ਸਿੱਖਾਂ ਜੈ ਜੈ ਜੈਕਾਰ ਕਰਾਈ । ਜਿਥੇ ਈਸ਼ਰ ਜੋਤ ਪ੍ਰਗਟਾਈ । ਸਮਰਥ ਪੁਰਖ ਪ੍ਰਭ ਹੋਏ ਸਹਾਈ । ਦਵਾਪਰ ਵਿਛੜੇ ਕਲ ਲਏ ਮਿਲਾਈ । ਕਾਇਆ ਕ੍ਰਿਸ਼ਨ ਈਸ਼ਰ ਉਲਟਾਈ । ਜੋਤ ਨਿਰੰਜਣ ਸ਼ੇਰ ਸਿੰਘ ਜਗਾਈ । ਨਿਹਕਲੰਕ ਵਡ ਪਦਵੀ ਪਾਈ । ਸਾਧ ਸੰਗਤ ਵਿਚ ਰਿਹਾ ਸਮਾਈ । ਮਹਾਰਾਜ ਸ਼ੇਰ ਸਿੰਘ ਜਗਤ ਰਥਵਾਹੀ । ਸੋਹੰ ਸ਼ਬਦ ਰਥ ਸਚ ਚਲਾਇਆ । ਗੁਰਸਿਖਾਂ ਨੂੰ ਜਿਸ ਪਾਰ ਲੰਘਾਇਆ । ਪ੍ਰਭ ਅਬਿਨਾਸ਼ੀ ਘਰ ਮੇਂ ਪਾਇਆ । ਮਾਣਸ ਜਨਮ ਸੁਫਲ ਕਰਾਇਆ । ਕੱਟ ਚੁਰਾਸੀ ਸਚਖੰਡ ਬਹਾਇਆ । ਗੁਰਸਿਖਾਂ ਨੂੰ ਗੁਰਚਰਨ ਤਰਾਇਆ । ਧ੍ਰਿਗ ਜੀਵਣ ਸੰਸਾਰ, ਜਿਨ੍ਹਾਂ ਗੁਰ ਦਰਸ਼ਨ ਨਾ ਪਾਇਆ । ਪੱਲੂ ਫਿਰਾਇਆ ਆਪ, ਭਗਵਾਨ ਬੀਠਲਾ ਆਇਆ । ਊਚ ਅਗੰਮ ਅਪਾਰ, ਭੈ ਭੰਜਨ ਰਾਇਆ । ਸੋਹੰ ਸ਼ਬਦ ਸੁਣਾਵੇ ਆਪ, ਜਿਸ ਤੇਜ ਸਵਾਇਆ । ਬਾਕੀ ਕੀਤੇ ਨਸ਼ਟ, ਜਗਤ ਇਹ ਪਾਈ ਮਾਇਆ । ਬੁੱਧੀ ਪਾਈ ਵਿਚ, ਵਿਚੋਂ ਹੀ ਵਾਦ ਵਧਾਇਆ । ਨੈਣੀ ਦਰਸ ਕਰੇ ਨਾ ਕੋਇ, ਐਸਾ ਸਤਿਗੁਰ ਧੱਕਾ ਲਾਇਆ । ਧੰਨ ਧੰਨ ਗੁਰਸਿੱਖ, ਜਿਨ੍ਹਾਂ ਪ੍ਰਭ ਦਰਸ ਦਿਖਾਇਆ । ਆਏ ਜਗਤ ਪ੍ਰਵਾਨ, ਜਿਨ੍ਹਾਂ ਗੁਰ ਦਰਸ਼ਨ ਪਾਇਆ । ਡੁੱਬਦੇ ਤਰੇ ਸੰਸਾਰ, ਜਿਨ੍ਹਾਂ ਗੁਰ ਚਰਨੀ ਲਾਇਆ । ਸੋਹੰ ਸ਼ਬਦ ਗਿਆਨ, ਗੁਰ ਮੰਤਰ ਦ੍ਰਿੜਾਇਆ । ਮਹਾਰਾਜ ਸ਼ੇਰ ਸਿੰਘ ਆਪ ਬਲਵਾਨ, ਜਿਸ ਜਗਤ ਭੁਲਾਇਆ । ਜਗਤ ਭੁਲਾਵੇ ਆਪ ਰਘੁਰਾਈ । ਹਉਮੇ ਮਾਇਆ ਸਭ ਤੇ ਪਾਈ । ਨਜ਼ਰ ਨਾ ਆਵੇ ਜਗਤ ਗੁਸਾਈਂ । ਦੀਪਕ ਸਿੱਖ ਗੁਰ ਜੋਤ ਜਗਾਈ । ਦੇਵੇ ਦਰਸ ਬਣਤ ਲਲਾਟ ਦਿਖਾਈ । ਭਰਮ ਨਾ ਭੁਲੇ ਆਪ ਰਘੁਰਾਈ । ਸਰਬ ਕਲਾ ਵਸਿਆ ਹਰਿ ਥਾਈਂ । ਮਹਾਰਾਜ ਸ਼ੇਰ ਸਿੰਘ ਸ੍ਰਿਸ਼ਟ ਭੁਲਾਈ । ਧੰਨ ਸੁਹਾਇਆ ਥਾਨ, ਜਿਥੇ ਗੁਰ ਦਰਸ ਦਿਖਾਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਚਰਨ ਟਿਕਾਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਨਜ਼ਰੀ ਆਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਜੋਤ ਜਗਾਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਬਿਰਦ ਰਖਾਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਸਿੱਖ ਤਰਾਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਅੰਮ੍ਰਿਤ ਮੇਘ ਬਰਸਾਇਆ । ਧੰਨ ਸੁਹਾਇਆ ਥਾਨ, ਜਿਥੇ ਗੁਰਸਿਖ ਮੁਖ ਅੰਮ੍ਰਿਤ ਚੁਆਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਸਭ ਰੋਗ ਗਵਾਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਭਰਮ ਗਵਾਇਆ । ਧੰਨ ਸੁਹਾਇਆ ਥਾਨ, ਜਿਥੇ ਨਿਹਕਲੰਕ ਹੈ ਆਇਆ । ਧੰਨ ਸੁਹਾਇਆ ਥਾਨ, ਜਿਥੇ ਸੋਹੰ ਸ਼ਬਦ ਹੈ ਗਾਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਗਿਆਨ ਦਵਾਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਸਮਰਥ ਹੈ ਆਇਆ । ਧੰਨ ਸੁਹਾਇਆ ਥਾਨ, ਜਿਥੇ ਸੰਗਤ ਹਰਿ ਗੁਣ ਗਾਇਆ । ਧੰਨ ਸੁਹਾਇਆ ਥਾਨ, ਜਿਥੇ ਬੇਮੁਖ ਸੰਗਤ ਸੰਗ ਤਰਾਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਬਣਿਆ ਦਾਇਆ । ਧੰਨ ਸੁਹਾਇਆ ਥਾਨ, ਜਿਥੇ ਭਗਤ ਵਛਲ ਦਰਸਾਇਆ । ਧੰਨ ਸੁਹਾਇਆ ਥਾਨ, ਜਿਥੇ ਗੁਰ ਚਰਨੋਧਕ ਪਾਇਆ । ਧੰਨ ਸੁਹਾਇਆ ਥਾਨ, ਜਿਥੇ ਮਹਾਰਾਜ ਸ਼ੇਰ ਸਿੰਘ ਕਰਮ ਕਮਾਇਆ । ਕਰਮ ਧਰਮ ਪ੍ਰਭ ਆਪ ਬਣਾਏ । ਗੁਰ ਮੰਤਰ ਸਚ ਨਾਮ ਦ੍ਰਿੜਾਏ । ਸੋਹੰ ਸ਼ਬਦ ਗੁਰ ਗਿਆਨ ਦਵਾਏ । ਰਸਨਾ ਜਪੇ ਜਗਤ ਤਰ ਜਾਏ । ਭਵ ਸਾਗਰ ਗੁਰਸਿਖ ਲੰਘ ਜਾਏ । ਐਸੀ ਸਤਿਗੁਰ ਦਇਆ ਕਮਾਏ । ਚਾਰ ਵਰਨ ਸਭ ਇਕ

੭੬
੦੧

ਕਰਾਏ । ਏਕ ਅਨੇਕ ਸਰਬ ਰਿਹਾ ਸਮਾਏ । ਮਹਾਰਾਜ ਸ਼ੇਰ ਸਿੰਘ ਅਗਣਤ ਤਰਾਏ । ਸੋਹੰ ਸ਼ਬਦ ਪੈਜ ਰਖਾਏ । ਧੰਨ ਗੁਰਸਿੱਖ, ਜਿਨ੍ਹਾਂ ਪ੍ਰਭ ਜਾਣਿਆ । ਧੰਨ ਗੁਰਸਿਖ, ਜਿਨ ਪ੍ਰਭ ਸੰਗ ਸਮਾਣਿਆਂ । ਧੰਨ ਗੁਰਸਿਖ, ਹਰਿ ਰੰਗ ਮਾਣਿਆਂ । ਧੰਨ ਗੁਰਸਿੱਖ, ਮੰਨੇ ਗੁਰ ਕੇ ਭਾਣਿਆਂ । ਧੰਨ ਗੁਰਸਿੱਖ, ਚੁੱਕਾ ਆਵਣ ਜਾਣਿਆਂ । ਧੰਨ ਗੁਰਸਿੱਖ, ਜਿਨ ਪੂਜਣ ਰਾਣਿਆਂ । ਧੰਨ ਗੁਰਸਿੱਖ, ਘਰ ਸਾਚੇ ਵਡੇ ਜ਼ਰਵਾਣਿਆਂ । ਧੰਨ ਗੁਰਸਿੱਖ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਪਛਾਣਿਆਂ । ਸਚਖੰਡ ਪ੍ਰਭ ਵਸਣੇਹਾਰ । ਜਿਥੇ ਜੋਤ ਨਿਰੰਜਣ ਆਕਾਰ । ਡਗਮਗ ਜੋਤ ਜਗੇ ਅਪਾਰ । ਉਨੰਜਾ ਪਵਣ ਸਿਰ ਛਤਰ ਝੁਲਾਰ । ਬੈਠ ਅਡੋਲ ਰਿਹਾ ਕਰਤਾਰ । ਜੋ ਹੈ ਆਪਣੀ ਜੋਤ ਅਧਾਰ । ਜੋਤ ਜਗਾਵੇ ਵਿਚ ਸੰਸਾਰ । ਜੀਵ ਜੀਵ ਵਿਚ ਰਿਹਾ ਸਮਾਰ । ਕੋਈ ਨਾ ਜਾਣੇ ਪ੍ਰਭ ਕੀ ਸਾਰ । ਆਦਿ ਅੰਤ ਪ੍ਰਭ ਏਕੰਕਾਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ । ਈਸ਼ਰ ਆਪਣਾ ਆਪ ਬਣਾਇਆ । ਜੋਤ ਸਰੂਪ ਖੇਲ ਰਚਾਇਆ । ਖੰਡ ਬ੍ਰਹਿਮੰਡ ਹੋਏ ਰੁਸ਼ਨਾਇਆ । ਨਾਉਂ ਨਿਰੰਕਾਰ ਪ੍ਰਭ ਆਪ ਰਖਾਇਆ । ਕੁਦਰਤ ਰੂਪ ਸ੍ਰਿਸ਼ਟ ਉਪਾਇਆ । ਜੂਨ ਚੁਰਾਸੀ ਲੱਖ ਈਸ਼ਰ ਜੋਤ ਜਗਾਇਆ । ਹੋਏ ਪ੍ਰਭ ਕਿਰਪਾਲ, ਗਰੜ ਨੂੰ ਸੇਵਾ ਲਾਇਆ । ਜਿਸ ਉਠਾਇਆ ਕੰਧ, ਆਕਾਸ਼ ਚੱਕਰ ਲਗਾਇਆ । ਲੱਜਿਆ ਰੱਖਣ ਭਗਤ, ਪ੍ਰਭ ਬਣਤ ਬਣਾਇਆ । ਅੰਮ੍ਰਿਤ ਦਿਤਾ ਮੁਖ, ਮਾਤਲੋਕ ਨੂੰ ਆਇਆ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤਜਾਇਆ । ਕਿਰਪਾ ਕੀਨੀ ਆਪ, ਵਿਚ ਮਾਤ ਲਿਆਇਆ । ਦਿੜੀ ਦਾਤ ਪ੍ਰਭ ਆਪ, ਭਗਤਨ ਦੇ ਮੁਖ ਚੁਆਇਆ । ਏਕ ਬੂੰਦ ਕਾਰਨੇ, ਗੰਗਾ ਨੀਰ ਵਹਾਇਆ । ਜਿਥੇ ਪ੍ਰਗਟ ਆਪ, ਰਵਿਦਾਸ ਚੁਮਿਆਰ ਤਰਾਇਆ । ਲੈ ਕਸੀਰਾ ਹੱਥ ਕੱਢ ਦੇ ਕੰਗਣ, ਪ੍ਰਭ ਬਾਂਹ ਦਿਖਾਇਆ । ਜਿਸ ਦੇ ਮੈਲੇ ਚੀਥੜੇ, ਵਿਚ ਭਗਵਾਨ ਬਹਾਇਆ । ਹੋਇਆ ਪ੍ਰਭ ਕਿਰਪਾਲ, ਆਣ ਦਰਸ ਦਿਖਾਇਆ । ਨਿਮਾਣਿਆਂ ਨਿਤਾਣਿਆਂ ਗੁਰ ਗਲੇ ਲਗਾਇਆ । ਜ਼ਾਤ ਪਾਤ ਆਣ ਸਾਰਾ ਭੇਤ ਮੁਕਾਇਆ । ਕਿਰਪਾ ਕੀਨੀ ਆਪ, ਪ੍ਰਭ ਚਾਰ ਵਰਨ ਇਕ ਰੰਗ ਕਰਾਇਆ । ਸਭ ਗਵਾਏ ਮਾਣ, ਰਾਓ ਰੰਕ ਕਰ ਇਕ ਬਹਾਇਆ । ਸੋਹੰ ਸ਼ਬਦ ਸਚ ਨੀਸਾਣ, ਗੁਰ ਰਾਹ ਬਤਾਇਆ । ਉਤਰੇ ਸਿੱਖ ਸਭ ਪਾਰ, ਜਿਨ ਹਰਿ ਗੁਣ ਗਾਇਆ । ਮਹਾਰਾਜ ਸ਼ੇਰ ਸਿੰਘ ਦੀਨ ਦਿਆਲ, ਜਿਸ ਭਰਮ ਭੈ ਗਵਾਇਆ । ਭਰਮ ਗਵਾਏ ਸਭ ਸੁੱਖ ਪਾਏ । ਚਰਨ ਕਵਲ ਸੰਗ ਪ੍ਰੀਤ ਲਗਾਏ । ਧੰਨ ਧੰਨ ਗੁਰ ਪੂਰਾ ਜਿਸ ਜੀਵ ਤਰਾਏ । ਧੰਨ ਧੰਨ ਗੁਰਸਿਖ ਜੋ ਗੁਰ ਚਰਨ ਲਗਾਏ । ਧੰਨ ਧੰਨ ਗੁਰਸਿਖ ਜੋ ਪ੍ਰਭ ਸ਼ਰਨ ਪਾਏ । ਧੰਨ ਧੰਨ ਗੁਰਸਿਖ ਜਿਨ ਸੰਗ ਬੇਮੁਖ ਤਰ ਜਾਏ । ਧੰਨ ਧੰਨ ਗੁਰਸਿਖ, ਜੋ ਸੋਹੰ ਨਾਮ ਜਪਾਏ । ਧੰਨ ਧੰਨ ਗੁਰਸਿੱਖ, ਜਿਨ੍ਹਾਂ ਪ੍ਰਭ ਦੇ ਦਰਸ਼ਨ ਪਾਏ । ਪ੍ਰਭ ਦੇ ਉਪੱਠੀ ਮਤਿ, ਜਗਤ ਇਹ ਧੰਦੇ ਲਾਇਆ । ਮਨ ਮੇਂ ਭਰ ਹੰਕਾਰ, ਆਪਣਾ ਨਾਮ ਭੁਲਾਇਆ । ਅੰਤ ਕਾਲ ਹੋਈ ਹਾਰ, ਜਗਤ ਇਹ ਧੱਕਾ ਲਾਇਆ । ਹੋਵੇ ਜਿੰਨ ਖ਼ਬੀਸ, ਮੁਖ ਇਹ ਵਿਸ਼ਟਾ ਪਾਇਆ । ਗੁਰ ਤੋਂ ਹੋਵੇ ਬੇਮੁੱਖ, ਦੁੱਖ ਡਾਹਢਾ ਪਾਇਆ । ਕੋਇ ਨਾ ਬਚਾਵੇ ਆਣ, ਜਿਨ੍ਹਾਂ ਪ੍ਰਭ ਨਾਮ ਭੁਲਾਇਆ । ਹੋਏ ਆਪ ਕਿਰਪਾਲ, ਆਪਣਾ ਆਪ ਉਪਾਇਆ । ਸਤਿਜੁਗ ਹੋ ਮਿਹਰਵਾਨ, ਆਪਣਾ ਨਾਮ ਰਖਾਇਆ । ਤਰੇਤੇ ਹੋਏ ਕਿਰਪਾਲ, ਰਾਮ ਦਸਰਥ ਜਾਇਆ । ਦਵਾਪਰ ਭਇਆ ਗੋਪਾਲ, ਕ੍ਰਿਸ਼ਨ ਨਾਮ ਰਖਾਇਆ । ਕਲਜੁਗ ਕਰੀ ਕਲਿਆਣ, ਨਿਹਕਲੰਕ ਅਖਵਾਇਆ । ਪ੍ਰਗਟੀ ਜੋਤ ਅਕਾਲ, ਸ਼ੇਰ ਸਿੰਘ ਨਾਮ ਰਖਾਇਆ । ਤਰਨ ਤਾਰਨ ਸਮਰਥ, ਪ੍ਰਭ ਦਰਸ ਦਿਖਾਇਆ । ਦਿਤਾ ਸਭ ਨੂੰ ਤਾਰ, ਜਿਨ੍ਹਾਂ ਸ਼ਬਦ ਸੋਹੰ

ਗਾਇਆ । ਪ੍ਰਗਟਿਆ ਈਸ਼ਰ ਆਪ, ਕਲੂ ਦਾ ਕਾਲ ਕਰਾਇਆ । ਮਹਾਰਾਜ ਸ਼ੇਰ ਸਿੰਘ ਸਮਰਥ, ਜਿਨ ਇਹ ਖੇਲ ਰਚਾਇਆ । ਸੋਹੰ ਸ਼ਬਦ ਸਭ ਗੁਣ ਹੋਵੇ । ਗੁਣਵੰਤ ਪ੍ਰਭ ਆਪ, ਭਗਤ ਜਨ ਰਿਦੇ ਪਰੋਵੇ । ਸੋਹੰ ਦਿਤਾ ਜਾਪ, ਦੁਬਧਾ ਮੈਲ ਹੈ ਧੋਵੇ । ਸੱਚਾ ਸ਼ਬਦ ਗਿਆਨ, ਦੁੱਖ ਦਲਿਦਰ ਧੋਵੇ । ਨਾਮ ਮੇਰੇ ਦੀ ਬਾਣ, ਥਨੀਂ ਰੋਗ ਨਾ ਹੋਵੇ । ਸੋਹੰ ਜਪ ਕੇ ਨਾਮ, ਦੁੱਖੀ ਥਨ ਹੈ ਧੋਵੇ । ਸਤਿਗੁਰ ਹੋਏ ਦਿਆਲ, ਦੁੱਖ ਨਸ਼ਟ ਹੈ ਹੋਵੇ । ਫੁਲਬੈਹਰੀ ਇਹ ਦੇਹ ਨੂੰ ਬਾਣ । ਡਾਹਢਾ ਰੋਗ ਸਰਬ ਪਛਾਣ । ਕੋਈ ਨਾ ਇਸ ਦੀ ਰੱਖੇ ਖਾਣ । ਸੋਹੰ ਸ਼ਬਦ ਗੁਰ ਮਾਰਿਆ ਬਾਣ । ਕੀਤਾ ਨਾਸ ਵਾਂਗ ਮਸਾਣ । ਪਵਣ ਪਾਣੀ ਅਗਨੀ ਹੈ ਜਾਣ । ਮਹਾਰਾਜ ਸ਼ੇਰ ਸਿੰਘ ਦੁੱਖ ਭੰਜਣ ਜਾਣ ।

❊ ੧੧ ਵਿਸਾਖ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਪ੍ਰਗਟੀ ਜੋਤ ਆਪ ਨਿਰੰਕਾਰ । ਸਰਬ ਜੀਵ ਜੋਤ ਅਧਾਰ । ਕੀਤੀ ਖੇਲ ਅਪਰ ਅਪਾਰ । ਭਗਤ ਜਨਾਂ ਨੂੰ ਦਿਤਾ ਤਾਰ । ਜੁਗੋ ਜੁਗ ਪ੍ਰਭ ਲੈ ਅਵਤਾਰ । ਵੱਜਾ ਧ੍ਰੂ ਜੋਤ ਚਮਤਕਾਰ । ਬਾਲ ਅਵਸਥਾ ਹੋਏ ਅਧਾਰ । ਕਿਰਪਾ ਕੀਨੀ ਆਪ ਦਾਤਾਰ । ਸਚਖੰਡ ਦਿਤਾ ਘਰ ਬਾਰ । ਚਾਰ ਜੁਗ ਦਾ ਮਾਣ ਦਵਾਇਆ । ਸਤਾਰਾਂ ਲੱਖ ਅਠਾਈ ਹਜ਼ਾਰ ਸਤਿਜੁਗ ਲਿਖਾਇਆ । ਬਾਰਾਂ ਲੱਖ ਛਿਆਨਵੇਂ ਹਜ਼ਾਰ ਤਰੇਤਾ ਉਪਜਾਇਆ । ਅੱਠ ਲੱਖ ਚੌਂਸਠ ਹਜ਼ਾਰ ਦਵਾਪਰ ਭੁਗਤਾਇਆ । ਚਾਰ ਲੱਖ ਬੱਤੀ ਹਜ਼ਾਰ ਕਲਜੁਗ ਕਰਮ ਲਿਖਾਇਆ । ਐਂਡਾ ਅਥਰਬਣ ਵੇਦ ਜਿਸ ਵਾਦ ਵਧਾਇਆ । ਅੱਲ੍ਹਾ ਅੱਲ੍ਹਾ ਨੂਰ ਪ੍ਰਭ ਜੋਤ ਜਗਾਇਆ । ਈਸਾ ਮੂਸਾ ਆਏ, ਜਗਤ ਵਿਚ ਰਾਹ ਚਲਾਇਆ । ਕੀਨੀ ਗਊ ਪੁਕਾਰ, ਕਲਜੁਗ ਦਾ ਨਾਸ ਕਰਾਇਆ । ਦਵਾਪਰ ਹੋਇਆ ਕ੍ਰਿਸ਼ਨ ਮੁਰਾਰ, ਕਲ ਨਿਹਕਲੰਕ ਅਖਵਾਇਆ । ਧ੍ਰੂ ਪ੍ਰਭ ਦੀ ਜੋਤ, ਜੋਤ ਵਿਚ ਸਮਾਇਆ । ਸਵਰਨ ਸਿੰਘ ਦਰਬਾਨ ਦਰ ਅੱਗੇ ਬਹਾਇਆ । ਕਲਜੁਗ ਵਿਚ ਆਏ ਪ੍ਰਭ ਭਗਤ ਵਡਿਆਇਆ । ਸਤਿਜੁਗ ਵਿਚ ਸਚ ਤਖ਼ਤ ਬਹਾਇਆ । ਜਾਮਾ ਧਾਰ ਆਪ ਘਨਕਪੁਰੀ ਵਿਚ ਆਇਆ । ਮਹਾਰਾਜ ਸ਼ੇਰ ਸਿੰਘ ਧੰਨ, ਜਿਸ ਇਹ ਜੁਗ ਪਲਟਾਇਆ । ਕਰੇ ਖੇਲ ਪ੍ਰਭ ਅਪਰ ਅਪਾਰ । ਪ੍ਰਹਿਲਾਦ ਤਾਈਂ ਜਿਸ ਦਿਤਾ ਤਾਰ । ਜਿਸ ਨੇ ਰੱਖਿਆ ਸ਼ਬਦ ਅਧਾਰ । ਰਸਨਾ ਸਿਮਰੇ ਰਾਮ ਕਰਤਾਰ । ਹਰਨਾਕਸ਼ ਨੂੰ ਕੀਆ ਖੁਆਰ । ਪ੍ਰਗਟ ਭਇਆ ਨਰ ਸਿੰਘ ਅਵਤਾਰ । ਜੋਤ ਆਪਣੀ ਪ੍ਰਭ ਸਦਾ ਜਗਾਵੇ । ਬਾਵਨ ਰੂਪ ਹੋ ਅਲੱਖ ਜਗਾਵੇ । ਚਾਰ ਵਰਨ ਉਪਦੇਸ਼ ਦੁਆਵੇ । ਚਾਰ ਵੇਦ ਮੁਖ ਪਾਠ ਸੁਣਾਵੇ । ਲੀਲਾ ਚਲਤ ਵਖਾਣ ਦਾ, ਕੋਈ ਇਸ ਦਾ ਭੇਵ ਨਾ ਪਾਵੇ । ਸਰਬ ਆਕਾਰ ਇਹ ਜਗਤ ਦਾ ਐਸੀ ਬਣਤ ਬਣਾਵੇ । ਪ੍ਰਗਟ ਕਾਇਆ ਮਾਤ ਵਿਚ ਆਪਣੀ ਪ੍ਰਭ ਜੋਤ ਜਗਾਵੇ । ਆਪ ਅਡੋਲ ਸਰਬ ਹੈ ਪੇਖੇ, ਜੀਵ ਤਾਈਂ ਨਜ਼ਰ ਨਾ ਆਵੇ । ਹੋਏ ਦਿਆਲ ਕਿਰਪਾਲ ਪ੍ਰਭ, ਭਗਤ ਜਨਾਂ ਹਰਿ ਦਰਸ ਦਿਖਾਵੇ । ਵਿਛੜੇ ਵਿਚ ਜੁਗ ਸਤਿ, ਕਲਜੁਗ ਵਿਚ ਗੁਰ ਚਰਨ ਲਗਾਵੇ । ਦਿਤਾ ਮਾਣ ਗੁਰ ਧਾਮ, ਬਲ ਰਾਜਾ ਗੁਰਦਿਆਲ ਸਿੰਘ ਬਣ ਜਾਵੇ । ਭਗਤ ਹੇਤ ਪ੍ਰਕਾਸ਼ ਕਰ, ਗੁਰਚਰਨ ਸੰਗ ਸੇਵ ਕਮਾਵੇ । ਹੋਏ ਬਚਨ ਅਟੱਲ, ਗੁਰ ਪੂਰਾ ਇਹ ਬਚਨ ਲਿਖਾਵੇ । ਮਹਾਰਾਜ ਸ਼ੇਰ ਸਿੰਘ ਆਪ ਅਟੱਲ, ਸਿੱਖ ਦੀ ਪੈਜ ਰਖਾਵੇ । ਅਛਲ ਛਲਣ ਆਪ ਪ੍ਰਭ ਆਏ । ਮਾਇਆ ਵਿਚ ਜਗਤ ਭੁਲਾਏ ।

ਈਸ਼ਰ ਜੋਤ ਜਗਤ ਪ੍ਰਗਟਾਏ । ਮੋਹਣੀ ਰੂਪ ਸ਼ਿਵ ਤਾਈਂ ਵਖਾਏ । ਕਰੇ ਦਰਸ ਸੁਧ ਭੁਲਾਏ । ਨਾਰੀ ਜਾਣ ਲਿੰਗ ਵਧਾਏ । ਪੂਰੇ ਗੁਰ ਦਾ ਭੇਦ ਨਾ ਪਾਏ । ਐਸੀ ਕਲਾ ਆਪ ਵਰਤਾਏ । ਜੁਗੋ ਜੁਗ ਪ੍ਰਭ ਜੋਤ ਪ੍ਰਗਟਾਏ । ਦੇ ਦਰਸ ਸਭ ਸੰਸੇ ਲਾਹੇ । ਪੂਜਾ ਉਸ ਦੀ ਜਗਤ ਰਹਿ ਜਾਏ । ਕਲ ਵਿਚ ਪ੍ਰਭ ਖੇਲ ਰਚਾਏ । ਜੀਵ ਜੰਤ ਕੋਈ ਭੇਦ ਨਾ ਪਾਏ । ਮਹਾਰਾਜ ਸ਼ੇਰ ਸਿੰਘ ਏਕ ਰਘੁਰਾਏ । ਜੀਵ ਦਾ ਪ੍ਰਭ ਆਕਾਰ ਬਣਾਇਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਾਇਆ । ਵਿਚ ਮਨ ਮਤਿ ਬੁਧਿ ਹੰਕਾਰ ਟਿਕਾਇਆ । ਖੇਲ ਕਰੀ ਅਪਾਰ, ਵਾਜਾ ਪਵਣ ਵਜਾਇਆ । ਕੋਈ ਨਾ ਜਾਣੇ ਸਾਰ, ਵਾਜਾ ਪਵਣ ਵਜਾਇਆ । ਦਿਤਾ ਆਪ ਗਿਆਨ, ਸੋਹੰ ਸ਼ਬਦ ਸੁਣਾਇਆ । ਅਨਹਦ ਵੱਜੇ ਮਨ, ਅਥਰਬਣ ਮਾਣ ਗੁਆਇਆ । ਹੋਏ ਆਪ ਕਿਰਪਾਲ, ਦੇਹ ਦੀਪਕ ਵਿਚ ਜੋਤ ਜਗਾਇਆ । ਹੋਇਆ ਅੰਧ ਆਕਾਰ, ਜੀਵ ਦਾ ਬੁੱਤ ਬਣਾਇਆ । ਭੁੱਲਾ ਮੁਗਧ ਗਵਾਰ, ਮਾਤ ਗਰਭ ਸੇ ਬਾਹਰ ਜਾਂ ਆਇਆ । ਕਲਜੁਗ ਦਿਤੀ ਹਾਰ, ਗੁਰ ਦਾ ਨਾਮ ਭੁਲਾਇਆ । ਵਧਿਆ ਮਨ ਵਿਕਾਰ, ਉਲਟੇ ਧੰਦੇ ਲਾਇਆ । ਬੇਮੁਖ ਹੋਏ ਖੁਆਰ, ਦਰ ਦਰ ਧੱਕੇ ਖਾਇਆ । ਮਾਣਸ ਜਨਮ ਨੂੰ ਆਈ ਹਾਰ, ਲੋਕ ਪ੍ਰਲੋਕ ਧੱਕੇ ਖਾਇਆ । ਮਹਾਰਾਜ ਸ਼ੇਰ ਸਿੰਘ ਹੋਏ ਕਿਰਪਾਲ, ਸਿੱਖਾਂ ਨੂੰ ਆਣ ਤਰਾਇਆ । ਕਲਜੁਗ ਭਗਤ ਪਛਾਣ, ਜਿਨ੍ਹਾਂ ਗੁਰ ਦਰਸ਼ਨ ਪਾਇਆ । ਕਲਜੁਗ ਭਗਤ ਪਛਾਣ, ਜਿਨ੍ਹਾਂ ਸੋਹੰ ਗਾਇਆ । ਕਲਜੁਗ ਭਗਤ ਪਛਾਣ, ਜਿਨ੍ਹਾਂ ਗੁਰ ਮਾਣ ਦਵਾਇਆ । ਕਲਜੁਗ ਭਗਤ ਪਛਾਣ, ਜਿਨ੍ਹਾਂ ਹਰਿ ਮੰਗਲ ਗਾਇਆ । ਕਲਜੁਗ ਭਗਤ ਪਛਾਣ, ਜਿਨ੍ਹਾਂ ਗੁਰ ਚਰਨ ਲਗਾਇਆ । ਕਲਜੁਗ ਭਗਤ ਪਛਾਣ, ਜਿਨ੍ਹਾਂ ਗੁਰ ਚਰਨੀਂ ਸੀਸ ਝੁਕਾਇਆ । ਕਲਜੁਗ ਪ੍ਰਗਟ ਕੀਏ ਭਗਤ, ਭਗਵਾਨ ਆਣ ਇਹ ਬਿਰਦ ਰਖਾਇਆ । ਭਗਤ ਮੇਰੇ ਦੀ ਇਹ ਵਡਿਆਈ । ਅਚਰਜ ਵਿਚ ਅਚਰਜ ਮਿਲ ਜਾਈ । ਵਿਸਮਾਦੇ ਵਿਸਮਾਦ ਸਮਾਈ । ਬ੍ਰਹਮ ਸਰੂਪ ਬ੍ਰਹਮ ਜੋਤ ਜਗਾਈ । ਗੁਰਸਿਖ ਉਪਜੇ ਨਾਉਂ, ਜਿਨ ਇਹ ਬੂਝ ਬੁਝਾਈ । ਬੇਮੁਖ ਪਾਏ ਨਾ ਠਾਉਂ, ਦਰ ਦਰ ਧੱਕੇ ਖਾਈ । ਸੋਹੰ ਸੱਚੀ ਨਾਉ, ਗੁਰਸਿਖ ਪਾਰ ਲੰਘਾਈ । ਮਹਾਰਾਜ ਸ਼ੇਰ ਸਿੰਘ ਹੋਏ ਕਿਰਪਾਲ, ਭਗਤਨ ਦੀ ਪੈਜ ਰਖਾਈ । ਭਗਤ ਹੋਣ ਗੁਰਸਿਖ, ਜਿਨ੍ਹਾਂ ਰੰਗ ਮਾਣਿਆਂ । ਭਗਤ ਹੋਣ ਗੁਰਸਿੱਖ, ਚਲਣ ਗੁਰ ਕੇ ਭਾਣਿਆ । ਭਗਤ ਹੋਣ ਗੁਰਸਿੱਖ, ਜਿਨ੍ਹਾਂ ਸਤਿਗੁਰ ਪਛਾਣਿਆ । ਭਗਤ ਹੋਣ ਗੁਰਸਿੱਖ, ਜਗਤ ਵਿਚ ਵਾਂਗ ਨਿਮਾਣਿਆ । ਭਗਤ ਹੋਣ ਗੁਰਸਿੱਖ, ਈਸ਼ਰ ਪਿਤਾ ਆਪ ਪੂਤ ਅੰਵਾਣਿਆ । ਭਗਤ ਹੋਣ ਗੁਰਸਿੱਖ, ਜਿਨ੍ਹਾਂ ਸੋਹੰ ਸ਼ਬਦ ਪਛਾਣਿਆ । ਸਤਿਗੁਰ ਸਿੱਖ ਉਤੇ ਦਇਆ ਕਮਾਏ । ਸੋਹੰ ਸ਼ਬਦ ਗਿਆਨ ਦੁਆਏ । ਸਾਧ ਸੰਗਤ ਵਿਚ ਓਮੀ ਰਲਾਏ । ਪਸੂ ਪ੍ਰੇਤੋਂ ਦੇਵ ਬਣਾਏ । ਚੰਦਨ ਵਾਂਗ ਨਿੰਮ ਮਹਿਕਾਏ । ਪਾਪੀ ਅਪਰਾਧੀ ਗੁਰ ਚਰਨ ਤਰਾਏ । ਦਰ ਆਇਆ ਪ੍ਰਵਾਨ, ਜਿਨ੍ਹਾਂ ਗੁਰ ਦਰਸ਼ਨ ਪਾਏ । ਅੰਤ ਨਾ ਖਾਵੇ ਕਾਲ, ਜਮ ਪਰੇ ਹਟਾਏ । ਭਗਤ ਵਛਲ ਕਿਰਪਾਲ, ਆ ਕੇ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਹੋਏ ਕਿਰਪਾਲ, ਸਿੱਖ ਦੀ ਮੁਕਤ ਰਖਾਏ । ਗੁਰਸਿਖਾਂ ਨੂੰ ਗੁਰ ਮਾਣ ਦਵਾਇਆ । ਨਰਕ ਸਵਰਗ ਚੋਂ ਪਾਰ ਲੰਘਾਇਆ । ਸਚ ਵਾਸੀ ਸਚਖੰਡ ਪਹੁੰਚਾਇਆ । ਆਪ ਸਰੂਪ ਜੋਤ ਵਿਚ ਜੋਤ ਸਮਾਇਆ । ਓਥੇ ਜੋਤ ਅਟੱਲ, ਜਿਥੇ ਪ੍ਰਭ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਹੋਏ ਆਪ ਸਹਾਇਆ । ਜੁਗ ਚੌਥਾ ਕਹਿਰ ਵਰਤਾਏ । ਜੀਵ ਜੰਤ ਬਿਲਲਾਏ । ਕੋਇ ਨਾ ਇਹਨੂੰ ਪਾਰ ਲੰਘਾਏ । ਕਲਜੁਗ ਅਗਨ ਦੇਹ ਜਲਾਏ । ਹੋਏ ਨਿਮਾਣੇ ਗੁਰ ਦਰ

੮੨
੦੧

ਤੇ ਆਏ । ਗੁਰ ਸਾਗਰ ਦਇਆ ਮੇਘ ਬਣਾਏ । ਸੋਹੰ ਸ਼ਬਦ ਦੀ ਬਰਖਾ ਲਾਏ । ਦੁੱਖ ਕਲੇਸ਼ ਸੰਗਤ ਦੇ ਲਾਹੇ । ਬੀਰ ਅਠਾਰਾਂ ਸਭ ਭੈ ਰਖਾਏ । ਜਿਨ ਖ਼ਬੀਸ ਕੋਈ ਨੇੜ ਨਾ ਆਏ । ਮਸਾਣ ਪਵਣ ਦਰ ਧੱਕੇ ਖਾਏ । ਸੋਹੰ ਸ਼ਬਦ ਜੋ ਸਿੱਖ ਰਸਨਾ ਗਾਏ । ਭੂਤ ਪਰੇਤ ਕੋਈ ਨੇੜ ਨਾ ਆਏ । ਚਕਰ ਸੁਦਰਸ਼ਨ ਗੁਰ ਇਹ ਚਲਾਏ । ਮਹਾਰਾਜ ਸ਼ੇਰ ਸਿੰਘ ਸਿੱਖ ਦੀ ਪੈਜ ਰਖਾਏ । ਸਿੱਖਾਂ ਨੂੰ ਗੁਰ ਆਪ ਪਛਾਣਿਆ । ਉਤਮ ਕੀਏ ਜਗ ਵਿਚ ਸਭ ਜਰਵਾਣਿਆ । ਲੱਜਿਆ ਰੱਖੀ ਆਪ ਆਏ ਦਰ ਪ੍ਰਵਾਣਿਆ । ਮਹਾਰਾਜ ਸ਼ੇਰ ਸਿੰਘ ਹੋਏ ਕਿਰਪਾਲ ਭਗਤ ਨਿਸਾਣਿਆ ।

❊ ੧੫ ਵਿਸਾਖ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਊਚ ਅਪਾਰ ਪ੍ਰਭ ਬੇਅੰਤ । ਸਭ ਸ੍ਰਿਸ਼ਟ ਪ੍ਰਭ ਕੇ ਜੰਤ । ਜੋਤ ਸਰੂਪ ਪ੍ਰਭ ਬੇਗਣਤ । ਊਚ ਅਗੰਮ ਸਦਾ ਅਨੰਤ । ਜੋਤ ਅਧਾਰ ਸਭ ਜੀਵ ਜੰਤ । ਸਤਿਗੁਰ ਆਵੇ ਵਿਚ ਸਾਧ ਸੰਤ । ਸ੍ਰਿਸ਼ਟ ਹਰਿ ਨਾਰ, ਆਪ ਪ੍ਰਭ ਕੰਤ । ਸੋਹੰ ਸ਼ਬਦ ਗੁਰ ਕਾ ਮੰਤ । ਮਹਾਰਾਜ ਸ਼ੇਰ ਸਿੰਘ ਸਭ ਪਤਵੰਤ । ਕਰਨ ਕਾਲ ਪ੍ਰਭ ਕਲ ਦਾ ਆਇਆ । ਸਚਖੰਡ ਵਿਚ ਮਾਤ ਸਮਾਇਆ । ਸੋਹੰ ਸ਼ਬਦ ਗੁਰ ਰਾਗ ਸੁਣਾਇਆ । ਬਾਕੀ ਸਭਨ ਦਾ ਨਾਸ ਕਰਾਇਆ । ਭੈ ਭਿਆਨਕ ਪ੍ਰਭ ਹੋਏ ਸਹਾਇਆ । ਜੀਵ ਜੰਤ ਸਭ ਤਰਾਇਆ । ਚਰਨ ਕਵਲ ਜਿਸ ਦਰਸ਼ਨ ਪਾਇਆ । ਉਪਜੇ ਸ਼ਬਦ ਮਨ, ਸੋਹੰ ਰਾਗ ਸੁਣਾਇਆ । ਹੋਏ ਆਪ ਕਿਰਪਾਲ, ਦੁੱਖਾਂ ਦਾ ਨਾਸ ਕਰਾਇਆ । ਭੈ ਭੰਜਨ ਮਿਹਰਵਾਨ, ਜਿਸ ਇਹ ਜਗਤ ਤਰਾਇਆ । ਓਟ ਗਹੀ ਜਗਤ ਪਿਤ ਸਰਨਾਇਆ । ਰੱਖ ਸਿਰ ਤੇ ਹੱਥ, ਪ੍ਰਭ ਇਹ ਬਚਨ ਸੁਣਾਇਆ । ਮੈਂ ਆਪ ਸਮਰਥ, ਘਰ ਠਾਂਡੇ ਆਇਆ । ਤਾਰੇ ਆਪ ਅਕਥ, ਜੀਵ ਦਰ ਬਿਲਲਾਇਆ । ਮਹਾਰਾਜ ਸ਼ੇਰ ਸਿੰਘ ਨਾਮ ਰਥ, ਜਿਸ ਇਹ ਜਗਤ ਤਰਾਇਆ । ਕਰਨ ਕਰਾਵਣਹਾਰ ਆਪ ਪ੍ਰਭ ਆਇਆ । ਚੌਥਾ ਜੁਗ ਉਲਟਾਏ, ਆਪਣਾ ਨਾਮ ਜਪਾਇਆ । ਸਤਿਜੁਗ ਲਾਏ ਸਤਿ, ਸਤਿ ਸਤਿ ਵਰਤਾਇਆ । ਬ੍ਰਹਮਾ ਵਿਸ਼ਨ ਮਹੇਸ਼ ਸਭ ਦਾ ਵਕਤ ਮੁਕਾਇਆ । ਸ਼ਿਵ ਸ਼ੰਕਰ ਕੀਏ ਅਮੇਟ, ਜਿਨ੍ਹਾਂ ਗਲ ਬਾਸ਼ਕ ਪਾਇਆ । ਪਾਰਬਤੀ ਪੂਤ ਗਣੇਸ਼, ਸ਼ਿਵ ਸਿਰ ਹਾਥੀ ਲਾਇਆ । ਉਸ ਦਾ ਗਵਾਇਆ ਮਾਣ, ਜਿਸ ਨੂੰ ਸ਼ਿਵ ਆਪ ਪ੍ਰਗਟਾਇਆ । ਧਾਰ ਨਰ ਅਵਤਾਰ, ਸਭ ਨੂੰ ਜੋਤ ਮਿਲਾਇਆ । ਏਹੋ ਸੱਚੀ ਕਾਰ, ਏਕ ਸੰਗ ਏਕ ਰਲਾਇਆ । ਚਲਾਇਆ ਜੁਗ ਸਤਿ, ਪ੍ਰਭ ਇਹ ਖੇਲ ਰਚਾਇਆ । ਦਿਤੇ ਨੇ ਤਖ਼ਤ ਬਿਠਾਲ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਰਿਦੇ ਧਿਆਇਆ । ਦਿਤੀ ਪਦਵੀ ਅਕਾਲ, ਜਿਥੇ ਮਰੇ ਨਾ ਜਾਇਆ । ਸੋਹੰ ਸ਼ਬਦ ਬਬਾਣ, ਜਿਸ ਗੁਰ ਧਾਮ ਪੁਚਾਇਆ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਸੋਹੰ ਸ਼ਬਦ ਮੁਖ ਰਖਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਕੁਰਾਨ ਅੰਜੀਲ ਭਸਮ ਕਰਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਕਲਜੁਗ ਬਾਣੀ ਮਾਣ ਗਵਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਮਦਿ ਮਾਸ ਸਭ ਨਸ਼ਟ ਕਰਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਪਾਪੀ ਅਪਰਾਧੀ ਅਗਨ ਜਲਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਲੋਭੀ ਕਾਮੀ ਭਸਮ ਕਰਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਮਾਤ ਪਿਤਾ ਅੱਗੇ ਪੂਤ ਨਾ ਜਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਖ਼ਾਲੀ ਗੋਦ ਨਾ ਮਾਤ ਰਹਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਸੋਹੰ ਸ਼ਬਦ ਧੁਨ

ਵਜਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਭੂਤ ਪਰੇਤ ਸਭ ਪਰੇ ਹਟਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਹਾਕਨ ਡਾਕਨ ਸਿਰ ਖੇਹ ਪਵਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਛਲ ਛਿਦਰ ਸੋਹੰ ਸ਼ਬਦ ਚਲਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਅੱਠ ਅਠਰਾਹਾ ਸਭ ਨਸ਼ਟ ਹੋ ਜਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਦੁਖੀ ਜੀਵ ਨਾ ਕੋਈ ਬਿਲਲਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਗੁਰਮੁਖਾਂ ਨੂੰ ਸਮ ਦਰਸ ਦਿਖਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਚਰਨ ਸੰਗ ਸਿੱਖ ਤਰਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਅੰਤਕਾਲ ਪ੍ਰਭ ਦਰਸ ਦਿਖਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਅੰਤਕਾਲ ਜਮ ਨੇੜ ਨਾ ਆਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਧਰਮ ਰਾਜ ਦਾ ਡੰਨ ਹਟਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਕੁੰਭੀ ਨਰਕ ਸਿੱਖ ਨਾ ਜਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਦੇ ਦਰਸ ਪ੍ਰਭ ਦੇਹ ਛੁਡਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਵਿਚ ਬਬਾਣ ਸਿੱਖ ਬਠਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਗੁਰ ਧਾਮ ਗੁਰਸਿਖ ਪੁਚਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਬੈਕੁੰਠ ਧਾਮ ਰਿਹਾ ਜੋਤ ਸਮਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਦੋ ਮੂਰਤੀ ਇਕ ਹੋ ਜਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਜੋਤ ਸੰਗ ਜੋਤ ਮਿਲ ਜਾਏ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਮਹਾਰਾਜ ਸ਼ੇਰ ਸਿੰਘ ਭਗਤ ਤਰਾਏ । ਭਗਤ ਸੋ ਜੋ ਦਰ ਤੇ ਆਵਣ । ਭਗਤ ਸੋ ਜੋ ਸਤਿਗੁਰੂ ਪਛਾਨਣ । ਭਗਤ ਸੋ ਜਿਨ੍ਹਾਂ ਗੁਰ ਦੇਵੇ ਗਿਆਨਨ । ਭਗਤ ਸੋ ਜਿਨ ਈਸ਼ਰ ਜੋਤ ਹੈ ਚਾਨਣ । ਭਗਤ ਸੋ ਜੋ ਸੋਹੰ ਸ਼ਬਦ ਵਖਾਨਣ । ਭਗਤ ਸੋ ਮਹਾਰਾਜ ਸ਼ੇਰ ਸਿੰਘ ਚਰਨ ਲਗਾਵਣ । ਸਤਿਗੁਰ ਸਤਿਜੁਗ ਇਹ ਚਲਾਈ ਰੀਤ । ਗੁਰਚਰਨ ਸੰਗ ਲਾਗੇ ਪ੍ਰੀਤ । ਝੂਠੀ ਕਾਇਆ ਹੋਵੇ ਪਤਿਤ ਪੁਨੀਤ । ਮਹਾਰਾਜ ਸ਼ੇਰ ਸਿੰਘ ਠਾਂਡਾ ਸੀਤ । ਗੁਰਸਿਖਾਂ ਗੁਰ ਠੰਡ ਵਰਤਾਏ । ਜਨਮ ਜਨਮ ਦੇ ਕਿਲਵਿਖ ਲਾਹੇ । ਹਉਮੇ ਮਮਤਾ ਮੈਲ ਗੁਆਵੇ । ਚਤੁਰਭੁਜ ਪ੍ਰਭ ਦਰਸ ਦਿਖਾਵੇ । ਕਲਜੁਗ ਡੁਬਦੇ ਆਣ ਪਾਪੀ ਜੀਵ ਤਰਾਵੇ । ਸੱਚਾ ਸਤਿਗੁਰ ਆਪ ਸਚ ਸ਼ਬਦ ਸੁਣਾਵੇ । ਪਾਰਬ੍ਰਹਮ ਪਰਮੇਸ਼ਵਰ ਆਪਣਾ ਆਪ ਜਣਾਵੇ । ਮਹਾਰਾਜ ਸ਼ੇਰ ਸਿੰਘ ਭਗਤ ਵਛਲ ਜਨਾਂ ਨੂੰ ਆਪ ਤਰਾਵੇ ।

੮੪
੦੧

❊ ੧੭ ਵਿਸਾਖ ੨੦੦੭ ਬਿਕ੍ਰਮੀ ❊

ਪ੍ਰਭ ਐਸਾ ਜੋ ਸਰਬ ਵਿਆਪੇ । ਪ੍ਰਭ ਐਸਾ ਬਿਨ ਭਗਤ ਨਾ ਜਾਪੇ । ਪ੍ਰਭ ਐਸਾ ਆਪ ਹੈ ਆਪੇ । ਪ੍ਰਭ ਐਸਾ ਸਰਬ ਜੀਵ ਜੋਤ ਤਰਾਪੇ । ਪ੍ਰਭ ਐਸਾ ਸੋਹੰ ਸ਼ਬਦ ਅਲਾਪੇ । ਕਲਜੁਗ ਹੋ ਕਿਰਪਾਲ, ਐਸੀ ਬਣਤ ਬਣਾਏ । ਕਲਜੁਗ ਹੋ ਕਿਰਪਾਲ, ਆਪਣੀ ਜੋਤ ਪ੍ਰਗਟਾਵੇ । ਕਲਜੁਗ ਹੋ ਕਿਰਪਾਲ, ਭਗਤ ਜਨਾਂ ਦਰਸ ਦਿਖਾਵੇ । ਕਲਜੁਗ ਹੋ ਕਿਰਪਾਲ, ਸੋਹੰ ਸ਼ਬਦ ਚਲਾਏ । ਕਲਜੁਗ ਹੋ ਕਿਰਪਾਲ, ਪਾਪੀ ਗੁਰਚਰਨ ਤਰਾਏ । ਕਲਜੁਗ ਹੋ ਕਿਰਪਾਲ, ਆਪਣਾ ਆਪ ਜਣਾਏ । ਕਲਜੁਗ ਹੋਏ ਕਿਰਪਾਲ, ਕ੍ਰਿਸ਼ਨ ਮਹਾਰਾਜ ਸ਼ੇਰ ਸਿੰਘ ਬਣ ਆਏ । ਕਲਜੁਗ ਹੋ ਕਿਰਪਾਲ, ਕਲ ਦਾ ਨਾਸ ਕਰਾਏ । ਕਲਜੁਗ ਹੋ ਕਿਰਪਾਲ, ਨਿਹਕਲੰਕ ਅਖਵਾਏ । ਕਲਜੁਗ ਹੋ ਕਿਰਪਾਲ, ਭਗਤਨ ਦੀ ਲਾਜ ਰਖਾਏ ।

ਕਲਜੁਗ ਹੋ ਕਿਰਪਾਲ, ਡੁਬਦੇ ਸਿੱਖ ਤਰਾਏ । ਕਲਜੁਗ ਹੋ ਕਿਰਪਾਲ, ਜਨਾਂ ਨੂੰ ਸਰਨੀ ਲਾਏ । ਕਲਜੁਗ ਹੋਏ ਕਿਰਪਾਲ, ਜਗਤ ਤੇ ਮਾਇਆ ਪਾਏ । ਕਲਜੁਗ ਹੋ ਕਿਰਪਾਲ, ਆਪਣਾ ਆਪ ਛੁਪਾਏ । ਕਲਜੁਗ ਹੋ ਕਿਰਪਾਲ, ਘਨਕਪੁਰੀ ਨੂੰ ਭਾਗ ਲਗਾਏ । ਕਲਜੁਗ ਹੋ ਕਿਰਪਾਲ, ਆਪਣੀ ਦੇਹ ਤਜਾਏ । ਕਲਜੁਗ ਹੋ ਕਿਰਪਾਲ, ਜੋਤ ਸਰੂਪ ਜਗਤ ਜਲਾਏ । ਕਲਜੁਗ ਹੋ ਕਿਰਪਾਲ, ਜਗਨ ਨਾਥ ਅਖਵਾਏ । ਕਲਜੁਗ ਹੋ ਕਿਰਪਾਲ, ਤ੍ਰੈਭਵਨ ਸਮਾਏ । ਕਲਜੁਗ ਹੋ ਕਿਰਪਾਲ, ਖੰਡ ਬ੍ਰਹਿਮੰਡ ਰਹਾਏ । ਕਲਜੁਗ ਹੋ ਕਿਰਪਾਲ, ਨਿਹਕਲੰਕ ਅਖਵਾਏ । ਕਲਜੁਗ ਹੋ ਕਿਰਪਾਲ, ਮਦਿ ਮਾਸ ਨਸ਼ਟ ਕਰਾਏ । ਕਲਜੁਗ ਹੋ ਕਿਰਪਾਲ, ਵਾਹਵਾ ਸਤਿਗੁਰ ਸਤਿਜੁਗ ਲਾਏ । ਕਲਜੁਗ ਹੋ ਕਿਰਪਾਲ, ਸੋਹੰ ਗਿਆਨ ਦਵਾਏ । ਕਲਜੁਗ ਹੋ ਕਿਰਪਾਲ, ਮਹਾਰਾਜ ਸ਼ੇਰ ਸਿੰਘ ਨਜ਼ਰੀ ਆਏ । ਧੰਨ ਗੁਰਸਿਖ ਜਿਨ੍ਹਾਂ ਹਰਿ ਰੰਗ ਮਾਣਿਆ । ਧੰਨ ਗੁਰਸਿਖ ਜਿਨ੍ਹਾਂ ਸੋਹੰ ਸ਼ਬਦ ਪਛਾਣਿਆ । ਧੰਨ ਗੁਰਸਿਖ ਜਿਨ੍ਹਾਂ ਮੁਕਾ ਆਵਣ ਜਾਣਿਆ । ਧੰਨ ਗੁਰਸਿਖ ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਚਰਨ ਰਸ ਮਾਣਿਆ । ਨਿਰੰਕਾਰ ਅਛਲ ਅਡੋਲ, ਪ੍ਰਭ ਸਰਬ ਸਮਾਣਿਆ । ਜੋਤ ਸਰੂਪ ਆਪ ਅਮੋਲ, ਸਭ ਜਗਤ ਮੋਲਾਣਿਆ । ਮਹਾਰਾਜ ਸ਼ੇਰ ਸਿੰਘ ਆਪ ਅਤੋਲ, ਨਾ ਕੋਇ ਤੁਲਾਣਿਆ । ਗੁਰਸਿਖਾਂ ਨੂੰ ਗੁਰ ਮਾਣ ਦਵਾਏ । ਹੱਥ ਚਵਰ ਸਿਰ ਛਤਰ ਝੁਲਾਏ । ਸੋਹੰ ਸ਼ਬਦ ਗੁਰ ਨਾਮ ਦਵਾਏ । ਵੱਜੇ ਧੁਨ ਪੰਜ ਜੇਠ ਨੂੰ ਆਏ । ਹੋਵੇ ਪ੍ਰਕਾਸ਼ ਜੀਵ ਜੋਤ ਜਗਾਏ । ਜਾਏ ਅਗਿਆਨ ਸੋਹੰ ਸ਼ਬਦ ਪ੍ਰਗਟਾਏ । ਹੋਏ ਜੀਵ ਧਿਆਨ, ਪ੍ਰਭ ਦਇਆ ਕਮਾਏ । ਕੋਟ ਅਪਰਾਧ ਆਪ ਪ੍ਰਭ ਖੰਡੇ, ਗੁਰ ਚਰਨਾਂ ਦੀ ਜੋ ਆਸ ਤਕਾਏ । ਦੇਵੇ ਤਾਰ ਆਪ ਅਪਰੰਪਰ, ਸਾਧ ਸੰਗ ਵਿਚ ਜੋ ਜਨ ਆਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਠਾਂਡਾ, ਗੁਰਸਿਖਾਂ ਦੀ ਜੋ ਪੈਜ ਰਖਾਏ । ਰੱਖੇ ਪੈਜ ਆਪ ਕਰਤਾਰ । ਦੇ ਦਰਸ ਸਿੱਖ ਕੀਤੇ ਪਾਰ । ਜੀਵ ਜੰਤ ਮੇਰੀ ਜੋਤ ਅਧਾਰ । ਮੂਰਖ ਮੁਗਧ ਨਾ ਜਾਨਣ ਸਾਰ । ਕੂੜੀ ਮਾਇਆ ਇਹ ਜਗਤ ਪਸਾਰ । ਜੁਗ ਚੌਥੇ ਵਿਚ ਹੋਏ ਖੁਆਰ । ਮਦਿ ਮਾਸ ਜਿਥੇ ਹੋਏ ਅਹਾਰ । ਹੋਏ ਪਾਪ ਜਗਤ ਮਝਾਰ । ਪ੍ਰਗਟੀ ਜੋਤ ਆਪ ਨਿਰੰਕਾਰ । ਸ੍ਰਿਸ਼ਟ ਰੂਪ ਜਿਨ ਕੀਆ ਆਕਾਰ । ਜੋਤ ਜਗਤ ਜਗਾਈ ਅਪਾਰ । ਆਪ ਅਡੋਲ ਰਹੇ ਨਿਰਾਧਾਰ । ਮਹਾਰਾਜ ਸ਼ੇਰ ਸਿੰਘ ਅਪਰ ਅਪਾਰ । ਸਤਿਗੁਰ ਸਾਰਾ ਗੋਝ ਹਟਾਏ । ਸੰਤ ਅਸੰਤ ਸਭ ਪਕੜ ਲਿਆਏ । ਜੀਵ ਉਤੇ ਜੋ ਕਹਿਰ ਕਮਾਏ । ਕਾਇਆ ਕਨਿਆ ਲਈ ਜਲਾਏ । ਸਾਰ ਕੀ ਮੁੰਗਲੀ ਸਿਰ ਪਰ ਲਾਏ । ਬੱਧਾ ਦਰ ਤੇ ਚੋਟਾਂ ਖਾਏ । ਗੁਰ ਪੂਰੇ ਬਿਨ ਕੌਣ ਛੁਡਾਏ । ਹਾਹਾਕਾਰ ਕਰੇ ਬਿਲਲਾਏ । ਸੋਹੰ ਸ਼ਬਦ ਡੁੱਬਦੇ ਲਏ ਤਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਸਰਨ ਪੜੇ ਦੀ ਲਾਜ ਰਖਾਏ । ਗੁਰ ਮੰਤਰ ਨਾਮ ਪ੍ਰਭ ਆਪ ਦ੍ਰਿੜਾਏ । ਸ਼ਹੀਦਾਂ ਮੁਰੀਦਾਂ ਪਕੜ ਚਰਨ ਲਿਆਵੇ । ਗੁੱਝਾ ਭੇਤ ਪ੍ਰਭ ਆਪ ਖੁਲਾਵੇ । ਪਕੜ ਪਾਪੀ ਦਰ ਅੱਗੇ ਬਹਾਵੇ । ਮਹਾਰਾਜ ਸ਼ੇਰ ਸਿੰਘ ਬਿਨ ਕੌਣ ਛੁਡਾਵੇ । ਵਿਚ ਸੰਸਾਰ ਧੱਕੇ ਜੋ ਖਾਏ । ਅੰਸ ਬਿਨਾਂ ਗਿਆ ਤੜਫਾਏ । ਚਰਨ ਕਵਲ ਪ੍ਰਭ ਸੇਵ ਕਮਾਏ । ਹੋਏ ਅਧੀਨ ਪ੍ਰਭ ਰਿਦੇ ਧਿਆਏ । ਪੂਰਾ ਗੁਰ ਇਹ ਦਇਆ ਕਮਾਏ । ਟੁੱਟੇ ਫਲ ਫੇਰ ਲਗਾਏ । ਸੰਗਤ ਸੰਗ ਬੇਮੁਖ ਤਰਾਏ । ਸੋਹੰ ਨਾਮ ਔਖਧ ਬਣ ਜਾਏ । ਮਹਾਰਾਜ ਸ਼ੇਰ ਸਿੰਘ ਜਿਨ ਦਇਆ ਕਮਾਏ ।

੮੫
੦੧

❋ ੧੮ ਵਿਸਾਖ ੨੦੦੭ ਬਿਕ੍ਰਮੀ ❋

ਸਤਿਜੁਗ ਹੋਇਆ ਮਿਹਰਵਾਨ, ਰਿਖ ਮੁਨ ਤਰਾਏ । ਤਰੇਤਾ ਭਇਆ ਰਾਮ, ਰਾਵਣ ਮਾਣ ਗਵਾਏ । ਦਵਾਪਰ ਕ੍ਰਿਸ਼ਨ ਮੁਰਾਰ, ਅਰਜਨ ਦਾ ਰਥ ਚਲਾਏ । ਦੇਵੇ ਪ੍ਰਭ ਗਿਆਨ, ਗੀਤਾ ਮੁਖੋਂ ਸੁਣਾਏ । ਕਲਜੁਗ ਲਾਇਆ ਬਾਣ, ਅੱਲਾ ਦਾ ਮਾਣ ਗਵਾਏ । ਸੋਹੰ ਸ਼ਬਦ ਨਿਰਬਾਣ, ਸਿੱਖਾਂ ਨੂੰ ਮਾਣ ਦਵਾਏ । ਭਗਤ ਵਛਲ ਕਿਰਪਾਲ, ਭਗਤਾਂ ਦੀ ਪੈਜ ਰਖਾਏ । ਫੜ ਕੇ ਕੱਢੇ ਬਾਹਰ, ਛੱਡ ਦੇਹ ਦੇਹ ਵਿਚ ਸਮਾਏ । ਭੁਲਾਇਆ ਜਗਤ ਅੰਞਾਣ, ਮਾਇਆ ਦੇ ਪਰਦੇ ਪਾਏ । ਪ੍ਰਗਟੇ ਆਪ ਭਗਵਾਨ, ਜਗਤ ਨੂੰ ਧੰਦੇ ਲਾਏ । ਜੀਵਾਂ ਜੀਵ ਉਪਾਏ, ਐਸਾ ਖੇਲ ਰਚਾਏ । ਬੈਠ ਆਪ ਅਡੋਲ, ਸਿੱਖਾਂ ਨੂੰ ਦੇ ਜਣਾਏ । ਸੋਹੰ ਸ਼ਬਦ ਅਨਮੋਲ, ਕਲਜੁਗ ਨਾਸ ਕਰਾਏ । ਪੂਰਾ ਹੋਵੇ ਚੋਹਲ, ਸਤਿਗੁਰੂ ਜੁਗ ਉਲਟਾਏ । ਮਹਾਰਾਜ ਸ਼ੇਰ ਸਿੰਘ ਆਪ ਅਡੋਲ, ਜੋਤ ਸੰਗ ਜੋਤ ਮਿਲਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਆਪਣੀ ਜੋਤ ਪ੍ਰਗਟਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਆਪਣੀ ਜੋਤ ਜਗਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਮੰਗਲਾਚਾਰ ਕਰਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਸੰਗਤ ਦੀ ਪੈਜ ਰਖਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਬਿਦਰ ਦੀ ਪੈਜ ਰਖਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਦੁੱਖਾਂ ਦਾ ਨਾਸ ਕਰਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਜੀਵ ਜੰਤ ਤਰਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਭੁੱਲੇ ਮਾਰਗ ਪਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਡੁੱਬਦੇ ਲਏ ਤਰਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਹੋਏ ਦਿਆਲ ਦਰਸ ਦਿਖਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਆ ਕੇ ਭੋਗ ਲਗਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਸਿੱਖਾਂ ਦੀ ਲਾਜ ਰਖਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਸਿੱਖਾਂ ਸਿਰ ਛਤਰ ਝੁਲਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਗਣ ਗੰਧਰਬ ਸੀਸ ਨਿਵਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਤੇਤੀਸ ਕਰੋੜ ਵਿਚ ਚਰਨ ਆਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਸਿੱਖਾਂ ਤੇ ਫੁੱਲ ਬਰਸਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਪੁਸ਼ਪ ਵਰਖਾ ਆਪ ਕਰਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਅੰਮ੍ਰਿਤ ਬੂੰਦ ਮੁਖ ਚੁਆਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਮੇਘ ਬਰਖਾ ਆਪ ਕਰਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਪਕੜ ਅਹਲਿਆ ਨੂੰ ਚਰਨੀਂ ਲਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਇੰਦਰ ਸੀਸ ਝੁਕਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਬ੍ਰਹਮਾ ਦਾ ਮਾਣ ਗਵਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਧ੍ਰੂ ਵਿਚ ਸਮਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਸਵਰਨ ਨੂੰ ਮਾਣ ਦਵਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਪਾਲ ਸਿੰਘ ਸ੍ਰਿਸ਼ਟ ਉਪਾਏ । ਸਤਿਗੁਰ ਸਚਖੰਡ ਬਣਾਇਆ, ਜਿਥੇ ਤੀਨ ਲੋਕ ਦੀ ਜੋਤ ਜਗਾਏ । ਸਤਿਗੁਰ ਸਚਖੰਡ ਬਣਾਇਆ, ਕਲਜੁਗ ਵਿਚ ਨਿਹਕਲੰਕ ਅਖਵਾਏ । ਸਤਿਗੁਰ ਸਚਖੰਡ ਬਣਾਇਆ, ਘਨਕਪੁਰੀ ਨੂੰ ਭਾਗ ਲਗਾਏ । ਸਤਿਗੁਰ ਸਚਖੰਡ ਬਣਾਇਆ, ਬੁਗਿਆਂ ਨੂੰ ਮਾਣ ਦਵਾਏ । ਸਤਿਗੁਰ ਸਚਖੰਡ ਬਣਾਇਆ, ਜੇਠ ਪੰਜਵੀਂ ਕਲਸੀਂ ਖੇਲ ਰਚਾਏ । ਸਤਿਗੁਰ ਸਚਖੰਡ ਬਣਾਇਆ, ਸੋਹੰ ਸ਼ਬਦ ਪ੍ਰਚਲਤ ਕਰਾਏ । ਸਤਿਗੁਰ ਸਚਖੰਡ ਬਣਾਇਆ, ਵਾਹਵਾ ਸਤਿ ਸਤਿ ਸਤਿਜੁਗ ਵਰਤਾਏ । ਸਤਿਗੁਰ ਸਚਖੰਡ ਬਣਾਇਆ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ । ਜੋ ਜਨ ਪ੍ਰਭ ਕੀ ਸਰਨੀ ਆਏ । ਗੁਰ ਸਾਚਾ ਸਚ ਦਇਆ ਕਮਾਏ । ਗੁਰ ਸੰਗਤ ਸੰਗ ਬੇਮੁਖ ਤਰਾਏ । ਜਿਉਂ ਹੋਵੇ ਚੰਦਨ ਵਾਸ ਨਿੰਮ ਮਹਿਕਾਏ ।

ਪਸੂ ਪਰੇਤੋਂ ਦੇਵ ਕਰ ਗੁਰ ਚਰਨ ਬਹਾਏ । ਕਲਜੁਗ ਦਿਤਾ ਮਾਣ, ਹੰਗਤਾ ਦੀ ਮੈਲ ਗਵਾਏ । ਸੋਹੰ ਸ਼ਬਦ ਸੁਜਾਨ, ਮਨੋਂ ਵਿਕਾਰ ਗਵਾਏ । ਮਹਾਰਾਜ ਸ਼ੇਰ ਸਿੰਘ ਆਪ ਭਗਵਾਨ ਆਪ ਕਲਜੁਗ ਵਿਚ ਆਏ ।

❋ ੧੬ ਵਿਸਾਖ ੨੦੦੭ ਬਿਕ੍ਰਮੀ ❋

ਪੂਰੇ ਗੁਰ ਤੋਂ ਸਦ ਬਲਿਹਾਰੀ । ਦਰ ਆਇਆਂ ਦੀ ਪੈਜ ਸਵਾਰੀ । ਕੱਟੇ ਦੇਹ ਦੇ ਰੋਗ, ਸੋਹੰ ਕੀਤੀ ਕਾਰੀ । ਕਾਇਆ ਕੀਤੀ ਅਨਮੋਲ, ਸ਼ੇਰ ਸਿੰਘ ਪੈਜ ਸਵਾਰੀ । ਬੈਠਾ ਪ੍ਰਭ ਅਡੋਲ, ਜਗਤ ਜੋਤ ਧਰਾ ਕੇ । ਦੇਵੇ ਸ਼ਬਦ ਅਮੋਲ, ਸਿੱਖਾਂ ਦੀ ਪੈਜ ਰਖਾ ਕੇ । ਮੇਰਾ ਨਾਮ ਅਤੋਲ, ਵੇਖੋ ਰਸਨਾ ਗਾ ਕੇ । ਜਾਏ ਹਉਮੇ ਰੋਗ, ਦਰ ਤੇ ਸੀਸ ਝੁਕਾ ਕੇ । ਮਿਲੇ ਸੋਭ ਅਮੋਲ, ਗੁਰ ਦਾ ਦਰਸ਼ਨ ਪਾ ਕੇ । ਬੈਠਾ ਸਿੰਘ ਅਣਭੋਲ, ਸਿੰਘਾਸਣ ਕਲਜੁਗ ਲਾ ਕੇ । ਪਾਇਆ ਮਮਤਾ ਚੋਲ, ਬੈਠਾ ਭੇਤ ਛੁਪਾ ਕੇ । ਵਿਛੜੇ ਲੈਂਦਾ ਮੇਲ, ਆਪਣਾ ਆਪ ਪ੍ਰਗਟਾ ਕੇ । ਬੁਝੀ ਦੀਪਕ ਦਏ ਜਲਾਏ, ਨੇਤਰੀ ਦਰਸ ਦਿਖਾ ਕੇ । ਸਿੱਖਾਂ ਸੰਗ ਹੈ ਮੇਲ, ਜੋਤ ਵਿਚ ਜੋਤ ਮਿਲਾ ਕੇ । ਮਹਾਰਾਜ ਸ਼ੇਰ ਸਿੰਘ ਸਦਾ ਅਡੋਲ, ਜਾਵੇ ਜੁਗ ਪਲਟਾ ਕੇ । ਈਸ਼ਰ ਆਪਣੀ ਬਣਤ ਬਣਾਏ । ਵਲ ਛਲ ਕਰ ਕੇ ਜਗਤ ਭੁਲਾਏ । ਈਸ਼ਰ ਜੋਤ ਕਾਇਆ ਪਲਟਾਏ । ਮਛ ਕਛ ਦੇ ਵਿਚ ਸਮਾਏ । ਨਾਭ ਵਿਚੋਂ ਬ੍ਰਹਮਾ ਪ੍ਰਗਟਾਏ । ਚਾਰ ਮੁਖ ਕਾ ਸੀਸ ਲਗਾਏ । ਚਾਰ ਵੇਦ ਕੰਨ ਰਾਗ ਸੁਣਾਏ । ਸ਼ਾਂਮ ਰਿਗ ਯੁਜਰ ਅਥਰਬਣ ਵੇਦ ਲਿਖਾਏ । ਫੇਰ ਹੋ ਕਿਰਪਾਲ, ਧ੍ਰੂ ਨੂੰ ਦਰਸ ਦਿਖਾਏ । ਬਾਲਕ ਹੋਏ ਦਿਆਲ, ਦਰ ਦੇ ਅੱਗੇ ਬਹਾਏ । ਕਲਜੁਗ ਹੋਈ ਕਲਿਆਣ, ਜੋਤ ਸੰਗ ਜੋਤ ਮਿਲਾਏ । ਕਿਰਪਾ ਕਰੇ ਕਰਤਾਰ, ਸਵਰਨ ਨੂੰ ਧਾਮ ਪੁਚਾਏ । ਪ੍ਰਗਟੇ ਜੋਤ ਆਪ, ਪ੍ਰਹਿਲਾਦ ਦੀ ਲਾਜ ਰਖਾਏ । ਧਾਰੇ ਕੀੜੀ ਰੂਪ, ਤਪਦੇ ਥੰਮ ਠਰਾਏ । ਪਲਟੇ ਕਾਇਆ ਆਪ, ਨਰ ਸਿੰਘ ਰੂਪ ਬਣਾਏ । ਓਹੋ ਈਸ਼ਰ ਜੋਤ, ਸਿੱਖ ਦੇ ਵਿਚ ਸਮਾਏ । ਸੋਹੰ ਸ਼ਬਦ ਬਬਾਣ, ਸਿੱਖਾਂ ਨੂੰ ਪਾਰ ਲੰਘਾਏ । ਪ੍ਰਭ ਬੜਾ ਬਲਵਾਨ, ਹਰਨਕਸ਼ਪ ਦਾ ਮਾਣ ਗਵਾਏ । ਕਰੇ ਪਕੜ ਦੋ ਫਾੜ, ਭਗਤ ਦੀ ਲਾਜ ਰਖਾਏ । ਪ੍ਰਗਟੇ ਕਾਇਆ ਆਪ, ਬ੍ਰਹਿਮਣ ਦਾ ਰੂਪ ਬਣਾਏ । ਬਲ ਰਾਜੇ ਘਰ ਯਗ, ਦਰ ਤੇ ਬੈਠਾ ਕਰੇ ਖੇਲ ਅਪਾਰ, ਮੁਖੋਂ ਚਾਰ ਵੇਦ ਸੁਣਾਏ । ਅੰਦਰ ਰਾਜੇ ਸੱਦਿਆ, ਮੰਗ ਸਵਾਮੀ ਜੋ ਤੁਧ ਭਾਏ । ਕਰਮਾਂ ਢਾਈ ਧਰਤ ਮੰਗ, ਪਿੱਛੇ ਦੇ ਤ੍ਰੈਲੋਅ ਨਾ ਆਏ । ਦੋ ਕਰਮਾਂ ਕਰ ਤਿੰਨ ਲੋਅ ਵਲ ਛਲ ਕਰ ਕੇ ਜਗਤ ਭੁਲਾਏ । ਕਰੇ ਖੇਲ ਅਪਾਰ, ਦੁਰਬਾਸ਼ਾ ਦਾ ਮਾਣ ਗਵਾਏ । ਚਕਰ ਸੁਦਰਸ਼ਨ ਬਾਣ, ਉਹਦੇ ਮਗਰ ਲਗਾਏ । ਲੱਜਿਆ ਰੱਖੇ ਆਪ, ਅੰਬਰੀਕ ਨੂੰ ਮਾਣ ਦਵਾਏ । ਪ੍ਰਭ ਆਪ ਮਿਹਰਵਾਨ, ਭਗਤਨ ਦੀ ਜੈ ਕਰਾਏ । ਪ੍ਰਭ ਸਦਾ ਬੇਅੰਤ, ਸੰਗਤ ਦੇ ਵਿਚ ਸਮਾਏ । ਕਰੇ ਬੇਨੰਤੀ ਸਾਧ ਸੰਗ, ਗੁਰ ਪੂਰਾ ਕਰ ਸਚ ਵਖਾਏ । ਲੱਜਿਆ ਰੱਖੇ ਰਾਣੀ ਤਾਰਾ ਦੀ, ਜੋੜੀ ਜੋੜ ਵਖਾਏ । ਹਰੀ ਚੰਦ ਦਾ ਤੋੜ ਹੰਕਾਰ, ਸੱਚਾ ਦਰ ਵਖਾਏ । ਈਸ਼ਰ ਜਗਤ ਉਧਾਰ, ਜੁਗੋ ਜੁਗ ਦੇਹ ਪਲਟਾਏ । ਭਗਤਨ ਦੇ ਵਡਿਆਈ, ਜਗਤ ਨੂੰ ਨਾਮ ਦਿਵਾਏ । ਰਾਮ ਅਵਤਾਰ ਸਦਾ ਹੈ ਮਨ ਰੰਗ ਲਗਾਏ । ਦੇ ਕੇ ਦਰਸ ਅਪਾਰ, ਖਾਲੀ ਕੁੰਡ ਕਰਾਏ । ਈਸ਼ਰ ਜਗਤ ਉਧਾਰ, ਜੁਗੋ ਜੁਗ ਜੋਤ ਜਗਾਏ । ਦੇਵੇ ਦਰਸ ਅਪਾਰ, ਖਾਲੀ ਕੁੰਡ ਕਰਾਏ । ਮਹਾਰਾਜ

ਸ਼ੇਰ ਸਿੰਘ ਆਪ ਅਵਤਾਰ, ਕਲਜੁਗ ਨਾਸ ਕਰਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਜਿਥੇ ਬੈਠਾ ਜੋਤ ਜਗਾਏ । ਗੁਰਸੰਗਤ ਗੁਰ ਮਾਣ ਦਿਵਾਇਆ । ਸੋਹੰ ਸ਼ਬਦ ਨਾਮ ਦਿਵਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਪਾਪੀ ਮੁਗਧ ਅੰਞਾਣ ਤਰਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਵਿਛੜੇ ਕਲਜੁਗ ਲਏ ਮਿਲਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਮਦਿ ਮਾਸ ਨੇੜ ਨਾ ਆਏ । ਗੁਰਸੰਗਤ ਗੁਰ ਮਾਣ ਦਿਵਾਇਆ, ਅੰਮ੍ਰਿਤ ਬੂੰਦ ਆ ਮੁਖ ਚਵਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਦੇਵੀਆਂ ਉਪਰ ਦਇਆ ਕਮਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਸਰਨ ਪੜੇ ਦੀ ਲਾਜ ਰਖਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਗਰਭ ਰੋਗ ਨਸ਼ਟ ਹੋ ਜਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਦੇ ਦਰਸ ਪਾਰ ਲੰਘਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਕਲਜੁਗ ਵਾ ਨੇੜ ਨਾ ਆਏ । ਗੁਰਸੰਗਤ ਗੁਰ ਮਾਣ ਦਿਵਾਇਆ, ਹੋਏ ਵਿਸਮਾਦ ਚਰਨ ਮਿਲਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਵਾਂਗ ਦਰੋਪਤ ਲਾਜ ਰਖਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਦੁਖੀ ਜੀਵ ਨਾ ਕੋਏ ਬਿਲਲਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਹੋ ਪ੍ਰਤੱਖ ਦਰਸ ਦਿਖਾਏ । ਗੁਰਸੰਗਤ ਗੁਰ ਮਾਣ ਦਿਵਾਇਆ, ਅਚੁੱਤ ਪਾਰਬ੍ਰਹਮ ਪਰਮੇਸ਼ਰ ਮਹਾਰਾਜ ਸ਼ੇਰ ਸਿੰਘ ਹੋਏ ਸਹਾਏ । ਦਰ ਆਏ ਪ੍ਰਵਾਨ, ਜਿਨ੍ਹਾਂ ਮੇਰਾ ਨਾਮ ਚਿਤਾਰਿਆ । ਦਰ ਆਏ ਪ੍ਰਵਾਨ, ਜਿਨ੍ਹਾਂ ਚਰਨ ਨਿਮਸਕਾਰਿਆ । ਦਰ ਆਏ ਪ੍ਰਵਾਨ, ਜਿਨ੍ਹਾਂ ਹਰਿ ਗੁਣ ਗਾ ਲਿਆ । ਦਰ ਆਏ ਪ੍ਰਵਾਨ, ਜਿਨ੍ਹਾਂ ਗੁਰ ਅੰਮ੍ਰਿਤ ਮੁਖ ਚਵਾ ਲਿਆ । ਦਰ ਆਏ ਪ੍ਰਵਾਨ, ਜਿਨ੍ਹਾਂ ਜਨਮ ਮਰਨ ਦੁੱਖ ਗਵਾ ਲਿਆ । ਦਰ ਆਏ ਪ੍ਰਵਾਨ, ਜਿਨ੍ਹਾਂ ਭਰਾਂਤ ਭੁਲੇਖਾ ਗਵਾ ਲਿਆ । ਦਰ ਆਏ ਪ੍ਰਵਾਨ, ਜਿਨ੍ਹਾਂ ਕਲਜੁਗ ਚਰਨ ਲਗਾ ਲਿਆ । ਦਰ ਆਏ ਪ੍ਰਵਾਨ, ਜਿਨ੍ਹਾਂ ਨਰ ਸਿੰਘ ਸੁੱਖਆਸਣ ਪਾ ਲਿਆ । ਦਰ ਆਏ ਪ੍ਰਵਾਨ, ਜਿਨ੍ਹਾਂ ਮਾਣਸ ਜਨਮ ਸੁਫਲ ਕਰਾ ਲਿਆ । ਦਰ ਆਏ ਪ੍ਰਵਾਨ, ਜਿਨ੍ਹਾਂ ਰਸਨਾ ਸੋਹੰ ਗਾ ਲਿਆ । ਦਰ ਆਏ ਪ੍ਰਵਾਨ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਕੋਲ ਬਹਾ ਲਿਆ । ਗੁਰਸਿਖਾਂ ਇਹ ਸੇਵ ਕਮਾਈ । ਈਸ਼ਰ ਜੋਤ ਸੀਸ ਉਠਾਈ । ਉਪਜੇ ਗਿਆਨ ਪ੍ਰਭ ਤ੍ਰੈਕੁਟੀ ਖੁਲ੍ਹਾਈ । ਝੂਲਾ ਝੂਲੇ ਆਪ ਰਘੁਰਾਈ । ਗਗਨ ਪਾਤਾਲ ਸਰਬ ਹਿਲ ਜਾਈ । ਖੰਡ ਬ੍ਰਹਿਮੰਡ ਵਰਭੰਡ ਪ੍ਰਭ ਦੇ ਉਲਟਾਈ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਸਭ ਉਲਟ ਕਰਾਈ । ਜੋਤ ਪ੍ਰਭ ਅਗੰਮ, ਵਿਚ ਬੈਕੁੰਠ ਜਗਾਈ । ਗੁਰਸਿਖਾਂ ਪਾਇਆ ਮਾਣ, ਜਿਨ ਸਿਰ ਪਲੰਘ ਉਠਾਈ । ਦਰਗਾਹ ਹੋਣ ਪ੍ਰਵਾਨ, ਜੋਤ ਵਿਚ ਜੋਤ ਮਿਲਾਈ । ਅਨਹਦ ਸ਼ਬਦ ਗਿਆਨ, ਪ੍ਰਭ ਦੇ ਸੁਣਾਈ । ਜੋਤ ਸਰੂਪ ਅਡੋਲ, ਸ਼ਬਦ ਮੇਂ ਦੇ ਦਿਖਾਈ । ਕਾਟੇ ਦੇਹ ਰੋਗ, ਜਿਨ੍ਹਾਂ ਏਹ ਸੇਵ ਕਮਾਈ । ਪੂਰਨ ਪੁਰਖ ਸਮਰਥ, ਜਿਸ ਇਹ ਬੂਝ ਬੁਝਾਈ । ਸੱਚਾ ਆਪ ਗੁਸਾਈਂ, ਸਿੱਖਾਂ ਦੀ ਪੈਜ ਰਖਾਈ । ਹੋਵੇ ਜਗਤ ਹਾਹਾਕਾਰ, ਸਿੱਖਾਂ ਘਰ ਜੈ ਜੈ ਜੈਕਾਰ ਕਰਾਈ । ਤੁਠਾ ਆਪ ਕਿਰਪਾਲ, ਸ਼ਬਦ ਦੀ ਧੁਨ ਵਜਾਈ । ਮਹਾਰਾਜ ਸ਼ੇਰ ਸਿੰਘ ਸਵਛ ਸਰੂਪ ਜਿਨ ਇਹ ਬਣਤ ਬਣਾਈ । ਸਤਿਗੁਰ ਸਤਿਜੁਗ ਨੀਂਹ ਰਖਾਈ । ਪ੍ਰਗਟੀ ਜੋਤ ਦੇਹ ਵਿਚ ਆਈ । ਕਲੂ ਜੀਵ ਦਰ ਬਿਲਲਾਈ । ਕਿਛ ਨਾ ਸੂਝੇ ਇਹ ਮਾਇਆ ਪਾਈ । ਛਲ ਛਿਦਰਾਂ ਸਾਡੀ ਦੇਹ ਜਲਾਈ । ਪਵਣ ਪੌਣ ਗੁਰ ਅਗਨ ਬੁਝਾਈ । ਅੰਮ੍ਰਿਤ ਦੂਧ ਗੁਰ ਵਰਖਾ ਲਾਈ । ਮਾਤਾ ਤਾਈਂ ਮਿਲੇ ਵਧਾਈ । ਖਾਲੀ ਗੋਦ ਨਾ ਜਗਤ ਰਹਿ ਜਾਈ । ਗੁਰ ਪੂਰੇ ਦੀ ਸਰਨ ਤਕਾਈ । ਸੋਹੰ ਸ਼ਬਦ ਮਿਲੀ ਵਡਿਆਈ । ਮਿਲ ਸਾਧ ਸੰਗਤ ਹਰਿ ਜਸ ਗਾਈ । ਕਰਨ ਦਰਸ ਜੋ ਦਰ ਤੇ ਆਇਆ । ਮਨੋ ਗਵਾਏ ਮਾਣ, ਚਰਨੀ ਸੀਸ ਨਿਵਾਇਆ । ਸੋ ਪੁਰਖ ਸੁਜਾਨ, ਜਿਸ

ਮੁਖ ਅੰਮ੍ਰਿਤ ਪਾਇਆ । ਮਹਾਰਾਜ ਸ਼ੇਰ ਸਿੰਘ ਗੁਣ ਨਿਧਾਨ, ਸਿੱਖਾਂ ਦਾ ਭਰਮ ਚੁਕਾਇਆ । ਮਾਇਆ ਵਿਚ ਜਗਤ ਭੁਲਾਇਆ । ਗੁਰਸਿਖਾਂ ਘਰ ਹਰਿ ਜੀ ਆਇਆ । ਸਰਬ ਨਿਰੰਤਰ ਨੈਣ ਦਰਸਾਇਆ । ਸੋਹੰ ਸ਼ਬਦ ਗੁਰ ਮੰਤਰ ਦ੍ਰਿੜਾਇਆ । ਕਲਜੁਗ ਵਿਚ ਜਿਨ ਪਾਰ ਲੰਘਾਇਆ । ਸੱਚਾ ਆਪ ਸਚਖੰਡ ਵਖਾਇਆ । ਸੱਚੇ ਪ੍ਰਭ ਬ੍ਰਹਿਮੰਡ, ਜਿਥੇ ਪ੍ਰਭ ਜੋਤ ਜਗਾਇਆ । ਖਾਇਣ ਨਾ ਜਮ ਡੰਡ, ਸਿੱਖਾਂ ਸਿਰ ਹੱਥ ਟਿਕਾਇਆ । ਪ੍ਰਭ ਦੀ ਜੋਤ ਅਕੱਥ, ਕਦੇ ਮਰੇ ਨਾ ਜਾਇਆ । ਮਹਾਰਾਜ ਸ਼ੇਰ ਸਿੰਘ ਸਮਰਥ, ਸਿੱਖਾਂ ਨੂੰ ਨਾਮ ਦਵਾਇਆ । ਵਾਹਵਾ ਸਤਿਗੁਰ ਦੁਖੜੇ ਲਾਹੇ, ਜੋ ਜਨ ਗੁਰ ਦਰ ਤੇ ਆਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਜਿਨ੍ਹਾਂ ਚਰਨੀ ਸੀਸ ਨਿਵਾਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਜਿਨ੍ਹਾਂ ਮਨੋਂ ਮਾਣ ਗੁਆਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਛੱਡ ਸੁੱਖਆਸਣ ਜੋ ਸ਼ਰਨੀ ਆਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਜਿਨ੍ਹਾਂ ਨੂੰ ਪ੍ਰਭ ਦਰਸ ਦਿਖਾਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਜਿਨ੍ਹਾਂ ਆਪਣਾ ਨਾਮ ਜਪਾਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਭੂਤ ਪ੍ਰੇਤ ਕੋਈ ਨੇੜ ਨਾ ਆਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਜਿਨ ਖ਼ਬੀਸ ਪਰੇ ਹਟਾਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਦੇਵ ਪਰੀ ਮਵਕਲ ਸਭ ਪਰੇ ਹਟਾਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਬੀਰ ਅਠਾਰਾਂ ਭੈ ਰਖਾਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਹਾਕਨ ਡਾਕਨ ਨਾਸ ਕਰਾਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਅੱਠ ਅਠਰਾਹਾ ਨਾ ਸਿੱਖ ਸਤਾਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਸੋਕ ਰੋਗ ਆ ਸਭ ਗਵਾਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਸੋਹੰ ਸ਼ਬਦ ਸੁਣਾਏ । ਵਾਹਵਾ ਸਤਿਗੁਰ ਦੁਖੜੇ ਲਾਹੇ, ਮਹਾਰਾਜ ਸ਼ੇਰ ਸਿੰਘ ਸਿੱਖਾਂ ਸਿਰ ਛਤਰ ਝੁਲਾਏ । ਗੁਰ ਚਰਨਾਂ ਵਿਚ ਕੰਨਿਆ ਆਈ । ਕੇਸ ਚਵਰ ਦੀ ਸੇਵ ਕਮਾਈ । ਗੁਰ ਠਾਂਡਾ ਮਨ ਸ਼ਾਂਤ ਕਰਾਈ । ਕੱਟੇ ਰੋਗ ਹੋਏ ਸੰਤ ਸਹਾਈ । ਲੱਗੇ ਚਰਨ ਪ੍ਰੀਤ, ਜੋਤੀ ਜੋਤ ਮਿਲਾਈ । ਮਹਾਰਾਜ ਸ਼ੇਰ ਸਿੰਘ ਸਤਿ ਸਰੂਪ, ਜਿਨ ਇਹ ਬਣਤ ਬਣਾਈ । ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਗੁਰ ਦਰਸ਼ਨ ਪਾਇਆ । ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਗੁਰ ਚਰਨੀਂ ਲਾਇਆ । ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਗੁਰ ਮੰਗਲ ਗਾਇਆ । ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਗੁਰ ਝੂਲ ਝੁਲਾਇਆ । ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਗੁਰ ਸਿੱਖ ਬਣਾਇਆ । ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਸੋਹੰ ਸ਼ਬਦ ਸੁਣਾਇਆ । ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਸਤਿ ਸੰਤੋਖ ਦਿਵਾਇਆ । ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਭਰਮ ਭੌ ਗਵਾਇਆ । ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਕਲ ਦਰਸ਼ਨ ਪਾਇਆ । ਉਪਜੇ ਬ੍ਰਹਮ ਗਿਆਨ, ਜੋ ਜਨ ਸੇਵ ਕਮਾਇਆ । ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਰਿਦੇ ਧਿਆਇਆ । ਰਿਦੇ ਧਰੇ ਧਿਆਨ, ਪ੍ਰਭ ਹੈ ਜੋਤ ਜਗਾਏ । ਰਿਦੇ ਧਰੇ ਧਿਆਨ, ਜੀਵ ਨੂੰ ਨਜ਼ਰੀ ਆਏ । ਰਿਦੇ ਧਰੇ ਧਿਆਨ, ਗਿਆਨ ਗੋਹਝ ਹੈ ਪਾਵੇ । ਰਿਦੇ ਧਰੇ ਧਿਆਨ, ਪ੍ਰਭ ਅਚਲ ਦਰਸਾਵੇ । ਰਿਦੇ ਧਰੇ ਧਿਆਨ, ਮਨ ਦੀ ਮੈਲ ਗਵਾਵੇ । ਰਿਦੇ ਧਰੇ ਧਿਆਨ, ਦਸਵਾਂ ਦਵਾਰ ਖੁਲ੍ਹਾਵੇ । ਰਿਦੇ ਧਰੇ ਧਿਆਨ, ਵਾਜਾ ਪਵਣ ਵਜਾਵੇ । ਰਿਦੇ ਧਰੇ ਧਿਆਨ, ਜੋਤ ਸਰੂਪ ਨਜ਼ਰ ਆਵੇ । ਰਿਦੇ ਧਰੇ ਧਿਆਨ, ਅੰਮ੍ਰਿਤ ਬੂੰਦ ਵਰਸਾਵੇ । ਰਿਦੇ ਧਰੇ ਧਿਆਨ, ਕਵਲ ਦਾ ਮੁਖ ਖੁਲ੍ਹਾਵੇ । ਰਿਦੇ ਧਰੇ ਧਿਆਨ, ਸਚ ਗੁਰ ਪੂਰਾ ਪਾਵੇ । ਰਿਦੇ ਧਰੇ ਧਿਆਨ, ਫੇਰ ਗਰਭ ਨਾ ਆਵੇ । ਰਿਦੇ ਧਰੇ ਧਿਆਨ, ਅੰਤ ਸੰਗ ਜੋਤ ਸਮਾਵੇ । ਰਿਦੇ ਧਰੇ ਧਿਆਨ, ਬ੍ਰਹਮ ਰੂਪ ਹੋ ਜਾਵੇ । ਰਿਦੇ ਧਰੇ ਧਿਆਨ, ਵਿਚ ਬੈਕੁੰਠ ਲੈ ਜਾਵੇ । ਰਿਦੇ ਧਰੇ ਧਿਆਨ, ਮਹਾਰਾਜ ਸ਼ੇਰ ਸਿੰਘ ਨਜ਼ਰੀ ਆਵੇ । ਸੋਹੰ

ਸ਼ਬਦ ਗਿਆਨ, ਸਿੱਖਾਂ ਦੀ ਪੈਜ ਰਖਾਵੇ । ਜਿਨ੍ਹਾਂ ਗਵਾਇਆ ਮਾਣ, ਤਿਨ੍ਹਾਂ ਗੁਰ ਚਰਨੀ ਲਾਇਆ । ਜਿਨ੍ਹਾਂ ਗਵਾਇਆ ਮਾਣ, ਤਿਨ੍ਹਾਂ ਪ੍ਰਭ ਦਰਸ ਦਿਖਾਇਆ । ਜਿਨ੍ਹਾਂ ਗਵਾਇਆ ਮਾਣ, ਤਿਨ੍ਹਾਂ ਹਰਿ ਨਜ਼ਰੀ ਆਇਆ । ਜਿਨ੍ਹਾਂ ਗਵਾਇਆ ਮਾਣ, ਤਿਨ੍ਹਾਂ ਕਲ ਆਏ ਤਰਾਇਆ । ਜਿਨ੍ਹਾਂ ਗਵਾਇਆ ਮਾਣ, ਤਿਨ੍ਹਾਂ ਸਦ ਰਾਹ ਤਕਾਇਆ । ਜਿਨ੍ਹਾਂ ਗਵਾਇਆ ਮਾਣ, ਤਿਨ੍ਹਾਂ ਸਤਿਗੁਰ ਵਿਚ ਬਹਾਇਆ । ਜਿਨ੍ਹਾਂ ਗਵਾਇਆ ਮਾਣ, ਤਿਨ੍ਹਾਂ ਪ੍ਰਭ ਗਲੇ ਲਗਾਇਆ । ਜਿਨ੍ਹਾਂ ਗਵਾਇਆ ਮਾਣ, ਤਿਨ੍ਹਾਂ ਪ੍ਰਭ ਪਾਰ ਲੰਘਾਇਆ । ਜਿਨ੍ਹਾਂ ਗਵਾਇਆ ਮਾਣ, ਤਿਨ੍ਹਾਂ ਘਰ ਠਾਂਡੇ ਆਇਆ । ਜਿਨ੍ਹਾਂ ਗਵਾਇਆ ਮਾਣ, ਅੰਤ ਕਾਲ ਦੁੱਖ ਨਾ ਪਾਇਆ । ਜਿਨ੍ਹਾਂ ਗਵਾਇਆ ਮਾਣ, ਹਰਿ ਜੀਉ ਹੋਏ ਸਹਾਇਆ । ਜਿਨ੍ਹਾਂ ਗਵਾਇਆ ਮਾਣ, ਤਿਨ੍ਹਾਂ ਮਹਾਰਾਜ ਸ਼ੇਰ ਸਿੰਘ ਘਰ ਮਾਹਿ ਪਾਇਆ । ਗੁਰਪ੍ਰਸਾਦਿ ਮਨ ਜੋਤ ਜਗਾਈਏ । ਗੁਰਪ੍ਰਸਾਦਿ ਅੰਮ੍ਰਿਤ ਨਾਮ ਮੁਖ ਚਵਾਈਏ । ਗੁਰਪ੍ਰਸਾਦਿ ਝਿਰਨਾ ਨਿਝਰੋਂ ਝਿਰਾਈਏ । ਗੁਰਪ੍ਰਸਾਦਿ ਨਾਭ ਕਵਲ ਖੁਲ੍ਹਾਈਏ । ਗੁਰਪ੍ਰਸਾਦਿ ਦਵਾਰ ਦਸਵੇਂ ਦਾ ਪਰਦਾ ਲਾਹੀਏ । ਗੁਰਪ੍ਰਸਾਦਿ ਸ਼ਬਦ ਧੁਨ ਮਨ ਵਜਾਈਏ । ਗੁਰਪ੍ਰਸਾਦਿ ਅਨਹਦ ਰਾਗ ਮਨ ਪਾਈਏ । ਗੁਰਪ੍ਰਸਾਦਿ ਘਰ ਸ਼ਾਹੋ ਪਾਈਏ । ਗੁਰਪ੍ਰਸਾਦਿ ਹੰਗਤਾ ਰੋਗ ਗਵਾਈਏ । ਗੁਰਪ੍ਰਸਾਦਿ ਮਾਇਆ ਮੋਹ ਚੁਕਾਈਏ । ਗੁਰਪ੍ਰਸਾਦਿ ਭਰਮ ਕਾ ਨਾਸ ਕਰਾਈਏ । ਗੁਰਪ੍ਰਸਾਦਿ ਜਗਤ ਅਬਿਨਾਸ਼ ਦਰਸਾਈਏ । ਗੁਰਪ੍ਰਸਾਦਿ ਸੋਹੰ ਸ਼ਬਦ ਗੁਣ ਗਾਈਏ । ਗੁਰਪ੍ਰਸਾਦਿ ਸਚਖੰਡ ਸਮਾਈਏ । ਗੁਰਪ੍ਰਸਾਦਿ ਬ੍ਰਹਮ ਸਰੂਪ ਹੋ ਜਾਈਏ । ਗੁਰਪ੍ਰਸਾਦਿ ਗੁਰਮੁਖ ਨਾਮ ਧਰਾਈਏ । ਗੁਰਪ੍ਰਸਾਦਿ ਜੋਤੀ ਜੋਤ ਮਿਲ ਜਾਈਏ । ਗੁਰਪ੍ਰਸਾਦਿ ਪਾਰਬ੍ਰਹਮ ਗੁਰ ਪਾਈਏ । ਗੁਰਪ੍ਰਸਾਦਿ ਗਹਿਰ ਗੰਭੀਰ ਹੋ ਜਾਈਏ । ਗੁਰਪ੍ਰਸਾਦਿ ਆਵਣ ਜਾਵਣ ਮੁਕਾਈਏ । ਗੁਰਪ੍ਰਸਾਦਿ ਪਰਮਗਤ ਪਾਈਏ । ਗੁਰਪ੍ਰਸਾਦਿ ਰਸਨਾ ਹਰਿ ਹਰਿ ਗਾਈਏ । ਗੁਰਪ੍ਰਸਾਦਿ ਕਲ ਪਾਰ ਤਰਾਈਏ । ਗੁਰਪ੍ਰਸਾਦਿ ਕਿਸੇ ਦਾ ਭਉ ਨਾ ਖਾਈਏ । ਗੁਰਪ੍ਰਸਾਦਿ ਗੁਰ ਪੁਰੀ ਨੂੰ ਜਾਈਏ । ਗੁਰਪ੍ਰਸਾਦਿ ਨਿਜਾਨੰਦ ਸੁੱਖ ਪਾਈਏ । ਗੁਰਪ੍ਰਸਾਦਿ ਤ੍ਰਿਕੁਟੀ ਕੁਫਲ ਖੁਲ੍ਹਾਈਏ । ਗੁਰਪ੍ਰਸਾਦਿ ਨਿਰੰਜਣ ਜੋਤ ਸਮਾਈਏ । ਗੁਰਪ੍ਰਸਾਦਿ ਹਰਿ ਸੰਤਨ ਪਾਈਏ । ਗੁਰਪ੍ਰਸਾਦਿ ਮਹਾਰਾਜ ਸ਼ੇਰ ਸਿੰਘ ਰਿਦੇ ਧਿਆਈਏ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਗੁਰਸਿਖਾਂ ਦੇ ਮੁਖ ਚਵਾਏ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਤਪਤ ਕਾਇਆ ਸੀਤਲ ਹੋ ਜਾਏ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਸੋਹੰ ਸ਼ਬਦ ਨਾਮ ਦਿਵਾਏ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਸਚ ਸੁੱਚ ਜਣਾਏ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਪਸੂ ਪਰੇਤੋਂ ਕਰ ਦੇਵ ਬਹਾਏ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਜਨਮ ਜਨਮ ਦੇ ਪਾਪ ਗੁਆਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਜਮ ਦੂਤ ਕੋਈ ਨੇੜ ਨਾ ਆਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਸਾਧ ਸੰਗਤ ਗੁਰ ਮਾਣ ਦਵਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਤਰਨ ਤਾਰਨ ਸਮਰਥ ਅਖਵਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਪਾਪੀ ਅਪਰਾਧੀ ਜਗਤ ਤਰਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਗੁਣ ਨਿਧਾਨ ਘਰ ਲੇਖ ਲਿਖਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਬ੍ਰਹਮਾ ਵਿਸ਼ਨ ਮਹੇਸ਼ ਸਭ ਸਰਨੀ ਲਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਸ਼ਿਵ ਗਣੇਸ਼ ਸਭ ਸੀਸ ਝੁਕਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਕਰੋੜ ਤੇਤੀਸ ਸਦਾ ਬਿਲਲਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਬਿਨ ਗੁਰ ਮੁਕਤ ਨਾ ਕੋਇ ਕਰਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਆਪ ਅਮਰ ਜੀਅ ਅਮਰ ਕਰਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ,

ਜੋਤੋਂ ਜੋਤ ਆ ਜੀਵ ਜਗਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਰਸ ਅਨੂਠਾ ਮੁਖ ਚਵਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਧਰਤ ਧਵਲ ਆਕਾਸ਼ ਹਿਲਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਭੈ ਭਿਆਨਕ ਵਿਚ ਆਣ ਤਰਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਭਗਤ ਜਨਾਂ ਦੀ ਪੈਜ ਰਖਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਸਾਧ ਸੰਤ ਗੁਰਚਰਨੀਂ ਲਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਗੁਰਸਿਖਾਂ ਨੂੰ ਮਾਣ ਦਵਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਥਿਰ ਘਰ ਦੀ ਸੋਝੀ ਪਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਅਗਿਆਨ ਅੰਧੇਰ ਪਰੇ ਹਟਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਜੋਤ ਗਿਆਨ ਜੀਵ ਜਗਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਪਰਦਾ ਖੰਭ ਪਰੇ ਹਟਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਵਿਚੋਂ ਆਪਣਾ ਆਪ ਜਣਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਲੋਭ ਮੋਹ ਹੰਕਾਰ ਗਵਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਮਤਿ ਮਨ ਬੁਧਿ ਪ੍ਰਗਟਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਝੂਠੀ ਦੇਹ ਕੰਚਨ ਹੋ ਜਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਸੋਹੰ ਦਾਨ ਰਿਦੇ ਦਵਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਹੰਕਾਰੀਆਂ ਨੂੰ ਚਰਨ ਨਿਵਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਸੋਹੰ ਸ਼ਬਦ ਦੀ ਜੈਕਾਰ ਕਰਾਵੇ । ਅੰਮ੍ਰਿਤ ਵੇਲੇ ਗੁਰ ਅੰਮ੍ਰਿਤ ਬਰਖੇ, ਮਹਾਰਾਜ ਸ਼ੇਰ ਸਿੰਘ ਭਗਤ ਤਰਾਵੇ । ਸੱਚੀ ਇਹ ਦਰਗਾਹ, ਜਿਥੇ ਪ੍ਰਭ ਦਰਸ ਦਿਖਾਵੇ । ਸੱਚੀ ਇਹ ਦਰਗਾਹ, ਜਿਥੇ ਪ੍ਰਭ ਜੋਤ ਪ੍ਰਗਟਾਵੇ । ਸੱਚੀ ਇਹ ਦਰਗਾਹ, ਜਿਥੇ ਗੁਰ ਨਾਮ ਦਵਾਵੇ । ਸੱਚੀ ਇਹ ਦਰਗਾਹ, ਜਿਥੇ ਇਕ ਰੂਪ ਸਮਾਵੇ । ਸੱਚੀ ਇਹ ਦਰਗਾਹ, ਜਿਥੇ ਜੁਗ ਉਲਟਾਵੇ । ਸੱਚੀ ਇਹ ਦਰਗਾਹ, ਜਿਥੇ ਸੰਗਤ ਨੂੰ ਦਰਸ ਦਿਖਾਵੇ । ਸੱਚੀ ਇਹ ਦਰਗਾਹ, ਜਿਥੇ ਪਾਰਬ੍ਰਹਮ ਪ੍ਰਭ ਆਵੇ । ਸੱਚੀ ਇਹ ਦਰਗਾਹ, ਜਿਥੇ ਜੋਤ ਰੂਪ ਸਮਾਵੇ । ਸੱਚੀ ਇਹ ਦਰਗਾਹ, ਜਿਥੇ ਕਲਜੁਗ ਜੀਵ ਭੁਲਾਵੇ । ਸੱਚੀ ਇਹ ਦਰਗਾਹ, ਜਿਥੇ ਆਪਣਾ ਆਪ ਛੁਪਾਵੇ । ਸੱਚੀ ਇਹ ਦਰਗਾਹ, ਜਿਥੇ ਬੇਮੁਖਾਂ ਨਜ਼ਰ ਨਾ ਆਵੇ । ਸੱਚੀ ਇਹ ਦਰਗਾਹ, ਜਿਥੇ ਗਿਆਨ ਗੋਹਝ ਖੁਲ੍ਹਾਵੇ । ਸੱਚੀ ਇਹ ਦਰਗਾਹ, ਜਿਥੇ ਸਰਨ ਪਿਆਂ ਦੀ ਲਾਜ ਰਖਾਵੇ । ਸੱਚੀ ਇਹ ਦਰਗਾਹ, ਜਿਥੇ ਗੁਰ ਲੱਖ ਇਕ ਅੱਸੀ ਹਜ਼ਾਰ ਭੂਤ ਬੰਨ੍ਹਾਵੇ । ਸੱਚੀ ਇਹ ਦਰਗਾਹ, ਜਿਥੇ ਅਠਾਰਾਂ ਬੀਰ ਸੀਸ ਨਿਵਾਵੇ । ਸੱਚੀ ਇਹ ਦਰਗਾਹ, ਜਿਥੇ ਅੰਚਨੀ ਕੰਚਨੀ ਪਈ ਸ਼ਰਮਾਵੇ । ਸੱਚੀ ਇਹ ਦਰਗਾਹ, ਜਿਥੇ ਹਾਕਨ ਡਾਕਨ ਸਿਰ ਮੁੰਨਵਾਵੇ । ਸੱਚੀ ਇਹ ਦਰਗਾਹ, ਜਿਥੇ ਸਰਦੀ ਕਾਲ ਬਾਲ ਕਰਾਵੇ । ਸੱਚੀ ਇਹ ਦਰਗਾਹ, ਉਲਟ ਵਾਹੂ ਕੇਸੇ ਪਵਾਵੇ । ਸੱਚੀ ਇਹ ਦਰਗਾਹ, ਜਿਥੇ ਸਭ ਭੈ ਰਖਾਵੇ । ਸੱਚੀ ਇਹ ਦਰਗਾਹ, ਜਿਥੇ ਗੁਰ ਸਿੱਖ ਤਰਾਵੇ । ਸੱਚੀ ਇਹ ਦਰਗਾਹ, ਜਿਥੇ ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਵੇ । ਮੇਰਾ ਰੂਪ ਅਗੰਮ, ਨਾ ਕਿਸੇ ਚਿਤਾਰਿਆ । ਮੇਰਾ ਰੂਪ ਅਗੰਮ, ਸਰਬ ਜੀਵ ਉਧਾਰਿਆ । ਮੇਰਾ ਰੂਪ ਅਗੰਮ, ਜਿਸ ਸਦਾ ਨਿਮਸਕਾਰਿਆ । ਮੇਰਾ ਰੂਪ ਅਗੰਮ, ਵਿਚ ਦੇਹ ਜੋਤ ਪਧਾਰਿਆ । ਮੇਰਾ ਰੂਪ ਅਗੰਮ, ਤੀਨ ਲੋਕ ਸਰ ਵਾਰਿਆ । ਮੇਰਾ ਰੂਪ ਅਗੰਮ, ਅੰਤ ਨਾ ਪਾਰਾਵਾਰਿਆ । ਮੇਰਾ ਰੂਪ ਅਗੰਮ, ਗਗਨ ਪਾਤਾਲ ਜੀਵ ਜੰਤ ਬਣਾ ਲਿਆ । ਮੇਰਾ ਰੂਪ ਅਗੰਮ, ਸਰਬ ਵਿਚ ਆਸਣ ਲਾ ਲਿਆ । ਮੇਰਾ ਰੂਪ ਅਗੰਮ, ਜੋਤ ਸੰਗ ਜੀਵ ਜਿਵਾ ਲਿਆ । ਮੇਰਾ ਰੂਪ ਅਗੰਮ, ਖਿੱਚ ਜੋਤ ਵਿਚ ਖੇਹ ਮਿਲਾ ਲਿਆ । ਮੇਰਾ ਰੂਪ ਅਗੰਮ, ਕਿਸੇ ਭੇਵ ਨਾ ਪਾ ਲਿਆ । ਮੇਰਾ ਰੂਪ ਅਗੰਮ, ਜਿਨ ਇਹ ਸ੍ਰਿਸ਼ਟ ਉਪਾ ਲਿਆ । ਮੇਰਾ ਰੂਪ ਅਗੰਮ, ਨਾਉਂ ਨਿਰੰਕਾਰ ਰਖਾ ਲਿਆ । ਮੇਰਾ ਰੂਪ ਅਗੰਮ, ਜੋਤ ਨਿਰੰਜਣ ਗਾ

੯੧
੦੧

ਲਿਆ । ਮੇਰਾ ਰੂਪ ਅਗੰਮ, ਉਨੰਜਾ ਪਵਣ ਸਿਰ ਛਤਰ ਝੁਲਾ ਲਿਆ । ਮੇਰਾ ਰੂਪ ਅਗੰਮ, ਜੋਤ ਅਡੋਲ ਡਗਮਗਾ ਲਿਆ । ਮੇਰਾ ਰੂਪ ਅਗੰਮ, ਵਰਭੰਡ ਸਮਾ ਲਿਆ । ਮੇਰਾ ਰੂਪ ਅਗੰਮ, ਜਗਨ ਨਾਥ ਅਖਵਾ ਲਿਆ । ਮੇਰਾ ਰੂਪ ਅਗੰਮ, ਅਛਲ ਛਲਣ ਛਲਾ ਲਿਆ । ਮੇਰਾ ਰੂਪ ਅਗੰਮ, ਜੁਗੋ ਜੁਗ ਭੇਸ ਵਟਾ ਲਿਆ । ਮੇਰਾ ਰੂਪ ਅਗੰਮ, ਸਤਿਜੁਗ ਮਿਹਰਵਾਨ ਅਖਵਾ ਲਿਆ । ਮੇਰਾ ਰੂਪ ਅਗੰਮ, ਤਰੇਤਾ ਰਾਮ ਸੁਣਾ ਲਿਆ । ਮੇਰਾ ਰੂਪ ਅਗੰਮ, ਦੁਆਪਰ ਕ੍ਰਿਸ਼ਨ ਮੁਰਾਰਿਆ । ਮੇਰਾ ਰੂਪ ਅਗੰਮ, ਮਹਿੰਮਾ ਅਪਰ ਅਪਾਰਿਆ । ਮੇਰਾ ਰੂਪ ਅਗੰਮ, ਕਲ ਮਹਾਰਾਜ ਸ਼ੇਰ ਸਿੰਘ ਅਵਤਾਰਿਆ । ਮੇਰੀ ਜੋਤ ਅਡੋਲ, ਨਾ ਕੋਈ ਡੁਲਾਵੇ । ਮੇਰੀ ਜੋਤ ਅਡੋਲ, ਸਚਖੰਡ ਸਮਾਏ । ਮੇਰੀ ਜੋਤ ਅਡੋਲ, ਜੀਵ ਜੰਤ ਤਰਾਏ । ਮੇਰੀ ਜੋਤ ਅਡੋਲ, ਵਿਚ ਸ੍ਰਿਸ਼ਟ ਦੇ ਆਏ । ਮੇਰੀ ਜੋਤ ਅਡੋਲ, ਜਗਤ ਦਾ ਥੈ ਕਰਾਏ । ਮੇਰੀ ਜੋਤ ਅਡੋਲ, ਕਲੂ ਦਾ ਕਾਲ ਕਰਾਏ । ਮੇਰੀ ਜੋਤ ਅਡੋਲ, ਸਤਿਜੁਗ ਸਤਿ ਸਤਿ ਲਾਏ । ਮੇਰੀ ਜੋਤ ਅਡੋਲ, ਸੋਹੰ ਸ਼ਬਦ ਜੈ ਜੈ ਕਾਰ ਕਰਾਏ । ਮੇਰੀ ਜੋਤ ਅਡੋਲ, ਜੀਵ ਨੂੰ ਗਿਆਨ ਦੁਆਏ । ਮੇਰੀ ਜੋਤ ਅਡੋਲ, ਨਿਜਾਨੰਦ ਵਖਾਏ । ਮੇਰੀ ਜੋਤ ਅਡੋਲ, ਗਰਭ ਤੋਂ ਬਾਹਰ ਕਢਾਏ । ਮੇਰੀ ਜੋਤ ਅਡੋਲ, ਜਨਮ ਮਰਨ ਦੇ ਫੰਦ ਕਟਾਏ । ਮੇਰੀ ਜੋਤ ਅਡੋਲ, ਸਿੱਖਾਂ ਨੂੰ ਸਰਨੀ ਲਾਏ । ਮੇਰੀ ਜੋਤ ਅਡੋਲ, ਕੋਇ ਨਾ ਤੋਲ ਤੁਲਾਏ । ਮੇਰੀ ਜੋਤ ਅਡੋਲ, ਕਿਸੇ ਨਾ ਹੱਟ ਵਿਕਾਏ । ਮੇਰੀ ਜੋਤ ਅਡੋਲ, ਕੋਈ ਗੁਰਮੁਖ ਪਾਏ । ਮੇਰੀ ਜੋਤ ਅਡੋਲ, ਹਰ ਥਾਏਂ ਸਮਾਏ । ਮੇਰੀ ਜੋਤ ਅਡੋਲ, ਬੁਝੀ ਦੀਪਕ ਫੇਰ ਜਲਾਏ । ਮੇਰੀ ਜੋਤ ਅਡੋਲ, ਜੋਤ ਸੰਗ ਜੋਤ ਮਿਲਾਏ । ਮੇਰੀ ਜੋਤ ਅਡੋਲ, ਸੋਹੰ ਸ਼ਬਦ ਵਡਿਆਏ । ਗੁਰ ਚਰਨਾਂ ਵਿਚ ਸਦ ਸੇਵ ਕਮਾਈਏ । ਗੁਰ ਚਰਨਾਂ ਵਿਚ ਸਦ ਭੁੱਲ ਬਖ਼ਸ਼ਾਈਏ । ਗੁਰ ਚਰਨਾਂ ਵਿਚ ਦੇਹ ਰੋਗ ਗੁਆਈਏ । ਗੁਰ ਚਰਨਾਂ ਵਿਚ ਨਾਮ ਪਦਾਰਥ ਪਾਈਏ । ਗੁਰ ਚਰਨਾਂ ਵਿਚ ਰਸਨਾ ਹਰਿ ਜਸ ਗਾਈਏ । ਗੁਰ ਚਰਨਾਂ ਵਿਚ ਭਗਤੀਹੀਣ ਤਰਾਈਏ । ਗੁਰ ਚਰਨਾਂ ਵਿਚ ਮਨ ਦੀ ਤਪਤ ਬੁਝਾਈਏ । ਗੁਰ ਚਰਨਾਂ ਵਿਚ ਆਤਮ ਸ਼ਾਂਤ ਕਰਾਈਏ । ਗੁਰ ਚਰਨਾਂ ਵਿਚ ਸੁਫਲ ਜਨਮ ਕਰਾਈਏ । ਗੁਰ ਚਰਨਾਂ ਵਿਚ ਆਪਣਾ ਆਪ ਲਗਾਈਏ । ਗੁਰ ਚਰਨਾਂ ਵਿਚ ਸੰਸਾ ਰੋਗ ਗਵਾਈਏ । ਗੁਰ ਚਰਨਾਂ ਵਿਚ ਸੰਗਤ ਦੀ ਸੇਵ ਕਮਾਈਏ । ਗੁਰ ਚਰਨਾਂ ਵਿਚ ਸਿਰ ਛਤਰ ਝੁਲਾਈਏ । ਗੁਰ ਚਰਨਾਂ ਵਿਚ ਦਾਲਦ ਦਲਿਦਰ ਗਵਾਈਏ । ਗੁਰ ਚਰਨਾਂ ਵਿਚ ਦੋਏ ਜੋੜ ਸੀਸ ਝੁਕਾਈਏ । ਗੁਰ ਚਰਨਾਂ ਵਿਚ ਮਸਤਕ ਧੂੜ ਲਗਾਈਏ । ਗੁਰ ਚਰਨਾਂ ਵਿਚ ਸਰਬ ਸੁਖ ਫਲ ਪਾਈਏ । ਗੁਰ ਚਰਨਾਂ ਵਿਚ ਸੰਤਨ ਦੀ ਕਾਰ ਕਮਾਈਏ । ਗੁਰ ਸੇਵਾ ਵਿਚ ਸਦਾ ਚਿਤ ਲਾਈਏ । ਗੁਰ ਸੇਵਾ ਵਿਚ ਪ੍ਰਭ ਰਿਦੇ ਧਿਆਈਏ । ਗੁਰ ਸੇਵਾ ਵਿਚ ਸੋਹੰ ਸ਼ਬਦ ਗੁਣ ਗਾਈਏ । ਗੁਰ ਸੇਵਾ ਵਿਚ ਪ੍ਰਭ ਦਰਸ਼ਨ ਪਾਈਏ । ਗੁਰ ਸੇਵਾ ਵਿਚ ਲੋਭ ਹੰਕਾਰ ਗਵਾਈਏ । ਗੁਰ ਸੇਵਾ ਵਿਚ ਜਗਤ ਵਿਕਾਰ ਤਜਾਈਏ । ਗੁਰ ਸੇਵਾ ਵਿਚ ਸੰਗਤ ਧੂੜ ਹੋ ਜਾਈਏ । ਗੁਰ ਸੇਵਾ ਵਿਚ ਸੀਤਲ ਚੰਨ ਸਮਾਈਏ । ਗੁਰ ਸੇਵਾ ਵਿਚ ਪਾਰਬ੍ਰਹਮ ਪਾਈਏ । ਗੁਰ ਸੇਵਾ ਵਿਚ ਗੁਰ ਚਰਨੀਂ ਚਿਤ ਲਾਈਏ । ਗੁਰ ਸੇਵਾ ਵਿਚ ਮਹਾਰਾਜ ਸ਼ੇਰ ਸਿੰਘ ਸੰਗ ਸਮਾਈਏ । ਰੈਣ ਸਾਰੀ ਹਰਿ ਜਸ ਗਾਇਆ । ਵਾਹਵਾ ਕਰਦਿਆਂ ਵਕਤ ਸੁਹਾਇਆ । ਹੋਈ ਪ੍ਰਭਾਤ ਵੇਲਾ ਅੰਮ੍ਰਿਤ ਆਇਆ । ਸੁੱਤੀ ਸ੍ਰਿਸ਼ਟ ਅਨਭੋਲ, ਸਿੱਖਾਂ ਨੂੰ ਬਾਹੋਂ ਪਕੜ ਬਹਾਇਆ । ਲਿਆ ਮੱਖਣ ਵਿਰੋਲ, ਕਲੂ ਵਿਚ ਭਗਤ ਤਰਾਇਆ । ਮਹਾਰਾਜ ਸ਼ੇਰ ਸਿੰਘ ਆਪ ਅਡੋਲ, ਜਿਸ ਦਾ ਤੇਜ ਸਵਾਇਆ । ਸੋਹੰ

੯੨
੦੧

ਸ਼ਬਦ ਅਨਮੋਲ, ਸਿੱਖਾਂ ਨੇ ਰਸਨਾ ਗਾਇਆ । ਦਿਤਾ ਗਿਆਨ ਵਰੋਲ, ਅਗਿਆਨ ਅੰਧੇਰ ਗਵਾਇਆ । ਕਲਜੁਗ ਆਇਆ ਸਰਬ ਸਰੂਪਾ । ਕਲਜੁਗ ਆਇਆ ਆਪ ਪ੍ਰਭ ਭੂਪਾ । ਕਲਜੁਗ ਆਇਆ ਪ੍ਰਭ ਜੋਤ ਅਨੂਪਾ । ਕਲਜੁਗ ਆਇਆ ਮਹਾਰਾਜ ਸ਼ੇਰ ਸਿੰਘ ਸਵੱਛ ਸਰੂਪਾ । ਕਲਜੁਗ ਦਿਤਾ ਤਾਰ, ਸਿੱਖਾਂ ਨੂੰ ਦਰਸ ਦਿਖਾ ਕੇ । ਕਲਜੁਗ ਦਿਤਾ ਤਾਰ, ਈਸ਼ਰ ਜੋਤ ਪ੍ਰਗਟਾ ਕੇ । ਕਲਜੁਗ ਦਿਤਾ ਤਾਰ, ਭੁੱਲਿਆਂ ਨੂੰ ਚਰਨੀਂ ਲਾ ਕੇ । ਕਲਜੁਗ ਦਿਤਾ ਤਾਰ, ਸੋਹੰ ਸ਼ਬਦ ਸੁਣਾ ਕੇ । ਕਲਜੁਗ ਦਿਤਾ ਤਾਰ, ਰਾਮ ਕ੍ਰਿਸ਼ਨ ਤੋਂ ਜੋਤ ਪ੍ਰਗਟਾ ਕੇ । ਕਲਜੁਗ ਦਿਤਾ ਤਾਰ, ਨਿਹਕਲੰਕ ਆਪ ਅਖਵਾ ਕੇ । ਕਲਜੁਗ ਦਿਤਾ ਤਾਰ, ਘਰ ਸਿੱਖਾਂ ਦੇ ਆ ਕੇ । ਕਲਜੁਗ ਦਿਤਾ ਤਾਰ, ਸੰਗਤ ਨੂੰ ਕੋਲ ਬਹਾ ਕੇ । ਕਲਜੁਗ ਦਿਤਾ ਤਾਰ, ਵਿਸਮਾਦੇ ਵਿਸਮਾਦ ਸਮਾ ਕੇ । ਕਲਜੁਗ ਦਿਤਾ ਤਾਰ, ਰੰਗਣ ਨਾਮ ਚੜ੍ਹਾ ਕੇ । ਕਲਜੁਗ ਦਿਤਾ ਤਾਰ, ਸੰਗਤ ਭੈਣ ਭਰਾ ਬਣਾ ਕੇ । ਕਲਜੁਗ ਦਿਤਾ ਤਾਰ, ਵਿਸ਼ੇ ਵਿਕਾਰ ਗਵਾ ਕੇ । ਕਲਜੁਗ ਦਿਤਾ ਤਾਰ, ਸਤਿ ਧਰਮ ਵਰਤਾ ਕੇ । ਕਲਜੁਗ ਦਿਤਾ ਤਾਰ, ਨਿਮਾਣਿਆਂ ਮਾਣ ਰਖਾ ਕੇ । ਕਲਜੁਗ ਦਿਤਾ ਤਾਰ, ਸ਼ਰਨ ਪੜੇ ਦੀ ਲਾਜ ਰਖਾ ਕੇ । ਕਲਜੁਗ ਦਿਤਾ ਤਾਰ, ਭਗਤਨ ਸਿਰ ਹੱਥ ਟਿਕਾ ਕੇ । ਦਾਸਾਂ ਦਿਤਾ ਤਾਰ, ਮਹਾਰਾਜ ਆਪ ਵਡਿਆ ਕੇ । ਸਿੱਖਾਂ ਨੂੰ ਦਿਤਾ ਤਾਰ, ਗਿਆਨ ਜੋਤ ਜਗਾ ਕੇ । ਪਤਿਤ ਲਏ ਉਧਾਰ, ਚਰਨੀਂ ਡਿੱਗਣ ਆ ਕੇ । ਧੋਵੇ ਗਨਕਾ ਮੈਲ, ਆਪਣਾ ਨਾਮ ਜਪਾ ਕੇ । ਸਾਚਾ ਇਹ ਦਰਬਾਰ, ਵਰ ਮੰਗੋ ਆ ਕੇ । ਮਹਾਰਾਜ ਸ਼ੇਰ ਸਿੰਘ ਪ੍ਰਗਟ ਆਪ ਬਲਵਾਨ, ਚਲਿਆ ਸਤਿਜੁਗ ਲਾ ਕੇ ।

੯੩
੦੧

❊ ੨੧ ਵਿਸਾਖ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਸਤਿਜੁਗ ਲਾਇਆ ਆਣ, ਪ੍ਰਗਟ ਕ੍ਰਿਸ਼ਨ ਮੁਰਾਰੀ । ਸਤਿਜੁਗ ਲਾਇਆ ਆਣ, ਨਿਰੰਜਣ ਜੋਤ ਅਪਾਰੀ । ਸਤਿਜੁਗ ਲਾਇਆ ਆਣ, ਜੋਤ ਕਲ ਵਿਚ ਧਾਰੀ । ਸਤਿਜੁਗ ਲਾਇਆ ਆਣ, ਹਉਮੈ ਕੱਟ ਬਿਮਾਰੀ । ਸਤਿਜੁਗ ਲਾਇਆ ਆਣ, ਸੋਹੰ ਕੀਤੀ ਕਾਰੀ । ਸਤਿਜੁਗ ਲਾਇਆ ਆਣ, ਭਗਤਾਂ ਦੀ ਪੈਜ ਸਵਾਰੀ । ਸਤਿਜੁਗ ਲਾਇਆ ਆਣ, ਦਰ ਸਖੀਆਂ ਮੰਗਲਾਚਾਰੀ । ਸਤਿਜੁਗ ਲਾਇਆ ਆਣ, ਸੰਘਾਰ ਵੱਡੇ ਹੰਕਾਰੀ । ਸਤਿਜੁਗ ਲਾਇਆ ਆਣ, ਚਾਰ ਵਰਨ ਇਕ ਸਮਾਰੀ । ਸਤਿਜੁਗ ਲਾਇਆ ਆਣ, ਬ੍ਰਹਮ ਸਰੂਪ ਸਭ ਜੀਵ ਚਿਤਾਰੀ । ਸਤਿਜੁਗ ਲਾਇਆ ਆਣ, ਜੀਵ ਜੋਤ ਅਧਾਰੀ । ਸਤਿਜੁਗ ਲਾਇਆ ਆਣ, ਮਹਾਰਾਜ ਸ਼ੇਰ ਸਿੰਘ ਨਿਰੰਕਾਰੀ । ਪ੍ਰਭ ਦਰਸ਼ਨ ਸਰਬ ਸੁਖ ਪਾਏ । ਪ੍ਰਭ ਦਰਸ਼ਨ ਮਨ ਦੀ ਮੈਲ ਗਵਾਏ । ਪ੍ਰਭ ਦਰਸ਼ਨ ਜੀਵ ਜੰਤ ਤਰਾਏ । ਪ੍ਰਭ ਦਰਸ਼ਨ ਵਿਚ ਨਰਕ ਨਾ ਜਾਏ । ਪ੍ਰਭ ਦਰਸ਼ਨ ਗੁਰ ਪੁਰੀ ਸਿਧਾਏ । ਪ੍ਰਭ ਦਰਸ਼ਨ ਮਨ ਧੀਰ ਧਰਾਏ । ਪ੍ਰਭ ਦਰਸ਼ਨ ਯਤ ਸਤਿ ਰਹਿ ਜਾਏ । ਪ੍ਰਭ ਦਰਸ਼ਨ ਕਾਮ ਕਰੋਧ ਨਾ ਸਤਾਏ । ਪ੍ਰਭ ਦਰਸ਼ਨ ਲੋਭ ਹੰਕਾਰ ਗਵਾਏ । ਪ੍ਰਭ ਦਰਸ਼ਨ ਸਚ ਸੁੱਚ ਵਰਤਾਏ । ਪ੍ਰਭ ਦਰਸ਼ਨ ਜਮ ਕਾਲ ਨਾ ਖਾਏ । ਪ੍ਰਭ ਦਰਸ਼ਨ ਗੁਰ ਸੇਵ ਕਮਾਏ । ਪ੍ਰਭ ਦਰਸ਼ਨ ਮਦਿ ਮਾਸ ਤਜਾਏ । ਪ੍ਰਭ ਦਰਸ਼ਨ ਚਰਨ ਕਵਲ ਸਮਾਏ । ਪ੍ਰਭ ਦਰਸ਼ਨ ਵਾਂਗ ਚੰਦਨ ਮਹਿਕਾਏ । ਪ੍ਰਭ ਦਰਸ਼ਨ ਅਚਰਜ ਵਿਚ ਅਚਰਜ ਮਿਲਾਏ । ਪ੍ਰਭ ਦਰਸ਼ਨ ਵਿਸਮਾਦੇ ਵਿਸਮਾਦ ਸਮਾਏ । ਪ੍ਰਭ ਦਰਸ਼ਨ ਘਰ ਸਾਚਾ ਪਾਏ । ਪ੍ਰਭ ਦਰਸ਼ਨ ਫਿਰ ਜਗਤ ਨਾ ਆਏ । ਪ੍ਰਭ ਦਰਸ਼ਨ ਜੋਤੀ ਜੋਤ ਸਮਾਏ । ਪ੍ਰਭ

ਦਰਸ਼ਨ ਸੋਹੰ ਸ਼ਬਦ ਪਾਏ । ਪ੍ਰਭ ਦਰਸ਼ਨ ਮਹਾਰਾਜ ਸ਼ੇਰ ਸਿੰਘ ਚਰਨੀਂ ਲਾਏ । ਚਰਨ ਕਵਲ ਪ੍ਰਭ ਰਾਖੋ ਪ੍ਰੀਤ । ਗੁਰ ਪੂਰਾ ਹੈ ਠਾਂਡਾ ਸੀਤ । ਸਦਾ ਅਡੋਲ ਸਦਾ ਅਤੀਤ । ਸੋਹੰ ਸ਼ਬਦ ਜਗਤ ਹੈ ਜੀਤ । ਝੂਠਾ ਸੰਸਾਰ ਬਾਲੂ ਕੀ ਭੀਤ । ਮਹਾਰਾਜ ਸ਼ੇਰ ਸਿੰਘ ਪਤਿਤ ਪੁਨੀਤ । ਪਤਿਤ ਪਾਵਣ ਭੈ ਭੰਜਨ । ਹੰਕਾਰ ਨਿਵਾਰਨ ਹੈ ਭਵ ਖੰਡਨ । ਜੋਤ ਸਰੂਪ ਤ੍ਰੈਲੋਕੀ ਨੰਦਨ । ਗੁਰਸਿਖ ਦਾਨ ਦਰਸ ਗੁਰ ਮੰਗਣ । ਗੁਰ ਪੂਰਾ ਸਭ ਤੋੜੇ ਬੰਧਨ । ਮੇਰਾ ਸਿੱਖ ਕਲ ਵਿਚ ਪ੍ਰਭਾਸ ਜਿਉਂ ਚੰਦਨ । ਮੈਂ ਹਾਂ ਕ੍ਰਿਸ਼ਨ ਮੁਰਾਰ ਮਨੋਹਰ ਮੁਕੰਦਨ । ਮੈਂ ਹਾਂ ਸਦ ਕਿਰਪਾਲ ਭਗਤ ਭੈ ਭੰਜਨ । ਸੋਹੰ ਸ਼ਬਦ ਦੇ ਕੇ ਗਿਆਨ, ਗੁਰਸਿਖਾਂ ਮਨ ਚਾੜ੍ਹੀ ਰੰਗਣ । ਪ੍ਰਗਟੀ ਜੋਤ ਆਪ ਭਗਵਾਨ, ਮਹਾਰਾਜ ਸ਼ੇਰ ਸਿੰਘ ਸਦ ਰੰਗ ਬਿਰੰਗਨ । ਸਤਿਜੁਗ ਧਰਿਆ ਨਾਉਂ, ਜੋਤ ਰੂਪ ਵਟਾਇਆ । ਸਤਿਜੁਗ ਧਰਿਆ ਨਾਉਂ, ਨਿਹਕਲੰਕ ਅਖਵਾਇਆ । ਸਤਿਜੁਗ ਧਰਿਆ ਨਾਉਂ, ਸੋਹੰ ਸ਼ਬਦ ਸੁਣਾਇਆ । ਸਤਿਜੁਗ ਧਰਿਆ ਨਾਉਂ, ਬ੍ਰਹਮ ਦਾ ਭੇਤ ਖੁਲ੍ਹਾਇਆ । ਸਤਿਜੁਗ ਧਰਿਆ ਨਾਉਂ, ਖੰਡ ਬ੍ਰਹਿਮੰਡ ਅਲਾਇਆ । ਸਤਿਜੁਗ ਧਰਿਆ ਨਾਉਂ, ਜੁਗ ਚੌਬਾ ਉਲਟਾਇਆ । ਸਤਿਜੁਗ ਧਰਿਆ ਨਾਉਂ, ਪ੍ਰਭ ਨੇ ਤੇਜ ਵਧਾਇਆ । ਸਤਿਜੁਗ ਧਰਿਆ ਨਾਉਂ, ਮਦਿ ਮਾਸ ਸਭ ਨਸ਼ਟ ਕਰਾਇਆ । ਸਤਿਜੁਗ ਧਰਿਆ ਨਾਉਂ, ਕੁੰਭੀ ਨਰਕ ਨੂੰ ਉਨ੍ਹਾਂ ਨੂੰ ਪਾਇਆ । ਸਤਿਜੁਗ ਧਰਿਆ ਨਾਉਂ, ਜਿਨ੍ਹਾਂ ਨੇ ਰਸਨਾ ਲਾਇਆ । ਸਤਿਜੁਗ ਧਰਿਆ ਨਾਉਂ, ਆਪਣਾ ਆਪ ਛੁਪਾਇਆ । ਸਤਿਜੁਗ ਧਰਿਆ ਨਾਉਂ, ਬੇਮੁਖਾਂ ਤੋਂ ਮੁਖ ਭਵਾਇਆ । ਸਤਿਜੁਗ ਧਰਿਆ ਨਾਉਂ, ਗੁਰਸਿਖਾਂ ਨੂੰ ਦਰਸ ਦਿਖਾਇਆ । ਸਤਿਜੁਗ ਧਰਿਆ ਨਾਉਂ, ਸਾਧ ਸੰਗਤ ਗੁਰ ਵਿਚ ਬਹਾਇਆ । ਸਤਿਜੁਗ ਧਰਿਆ ਨਾਉਂ, ਆਪਣਾ ਆਪ ਉਪਾਇਆ । ਸਤਿਗੁਰ ਸੱਚੀ ਨਾਓ, ਜਿਸ ਨੇ ਪਾਰ ਲੰਘਾਇਆ । ਸਤਿਜੁਗ ਧਰਿਆ ਨਾਉਂ, ਸਰਬ ਦਾ ਮਾਣ ਗਵਾਇਆ । ਸਤਿਜੁਗ ਧਰਿਆ ਨਾਉਂ, ਚਾਰ ਵਰਨ ਕਰ ਇਕ ਬਹਾਇਆ । ਸਤਿਜੁਗ ਧਰਿਆ ਨਾਉਂ, ਰਾਓ ਰੰਕ ਇਕ ਸਮਾਇਆ । ਸਤਿਜੁਗ ਧਰਿਆ ਨਾਉਂ, ਉਲਟੇ ਧੰਦੇ ਸ੍ਰਿਸ਼ਟ ਲਗਾਇਆ । ਸਤਿਜੁਗ ਧਰਿਆ ਨਾਉਂ, ਭਗਤਨ ਦਇਆ ਕਮਾਇਆ । ਸਤਿਜੁਗ ਧਰਿਆ ਨਾਉਂ, ਈਸ਼ਰ ਆਪਣਾ ਨਾਮ ਜਪਾਇਆ । ਸਤਿਜੁਗ ਧਰਿਆ ਨਾਉਂ, ਮਾਤਲੋਕ ਸਚਖੰਡ ਬਣਾਇਆ । ਸਤਿਜੁਗ ਧਰਿਆ ਨਾਉਂ, ਜਿਥੇ ਕਰੋੜ ਤੇਤੀਸ ਹੈ ਆਇਆ । ਸਤਿਜੁਗ ਧਰਿਆ ਨਾਉਂ, ਦੇਵੀਆਂ ਦਰ ਤੇ ਸੀਸ ਝੁਕਾਇਆ । ਸਤਿਜੁਗ ਧਰਿਆ ਨਾਉਂ, ਆਪਣਾ ਆਪ ਤਜਾਇਆ । ਸਤਿਜੁਗ ਧਰਿਆ ਨਾਉਂ, ਛਡ ਦੇਹ ਜੋਤ ਰੂਪ ਸਮਾਇਆ । ਸਤਿਜੁਗ ਧਰਿਆ ਨਾਉਂ, ਘਨਕਪੁਰੀ ਨੂੰ ਭਾਗ ਲਗਾਇਆ । ਸਤਿਜੁਗ ਧਰਿਆ ਨਾਉਂ, ਜਿਥੇ ਗੁਰ ਧਾਮ ਬਣਾਇਆ । ਸਤਿਜੁਗ ਧਰਿਆ ਨਾਉਂ, ਸਰਬਤ ਤੀਰਥਾਂ ਮਾਣ ਗਵਾਇਆ । ਸਤਿਜੁਗ ਧਰਿਆ ਨਾਉਂ, ਸਰਬਤ ਤੀਰਥ ਨਹਿਰ ਬਣਾਇਆ । ਸਤਿਜੁਗ ਧਰਿਆ ਨਾਉਂ, ਕਲੂ ਨੂੰ ਖ਼ਾਕ ਰਲਾਇਆ । ਸਤਿਜੁਗ ਧਰਿਆ ਨਾਉਂ, ਸਤਿਗੁਰ ਧਾਮ ਰਚਾਇਆ । ਸਤਿਜੁਗ ਧਰਿਆ ਨਾਉਂ, ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਸਤਿਜੁਗ ਧਰਿਆ ਨਾਉਂ, ਜੋਤੋਂ ਜੋਤ ਪ੍ਰਗਟਾਇਆ । ਸਤਿਜੁਗ ਧਰਿਆ ਨਾਉਂ, ਮਨੀ ਸਿੰਘ ਨੂੰ ਮਾਣ ਦਵਾਇਆ । ਸਤਿਜੁਗ ਧਰਿਆ ਨਾਉਂ, ਸਤਿਗੁਰ ਤਖ਼ਤ ਬਹਾਇਆ । ਸਤਿਜੁਗ ਧਰਿਆ ਨਾਉਂ, ਬੁੱਗੀ ਥਾਨ ਸੁਹਾਇਆ । ਸਤਿਜੁਗ ਧਰਿਆ ਨਾਉਂ, ਪੂਰਨ ਪਰਮੇਸ਼ਵਰ ਆਇਆ । ਸਤਿਜੁਗ ਧਰਿਆ ਨਾਉਂ, ਗਹਿਰ ਗੰਭੀਰ ਅਖਵਾਇਆ । ਸਤਿਜੁਗ ਧਰਿਆ ਨਾਉਂ, ਰਿਧ ਸਿਧ ਨੂੰ ਚਰਨੀਂ ਲਾਇਆ । ਸਤਿਜੁਗ ਧਰਿਆ ਨਾਉਂ, ਰਾਣਿਆਂ ਮਹਾਰਾਣਿਆਂ ਦਾ ਸੀਸ ਝੁਕਾਇਆ । ਸਤਿਜੁਗ ਧਰਿਆ ਨਾਉਂ, ਬਾਣੀ

ਬੋਧ ਸਿਖਾਇਆ । ਸਤਿਜੁਗ ਧਰਿਆ ਨਾਉਂ, ਆਪਣਾ ਆਪ ਪ੍ਰਗਟਾਇਆ । ਸਤਿਜੁਗ ਧਰਿਆ ਨਾਉਂ, ਸੋਹੰ ਸ਼ਬਦ ਗੁਰ ਡੰਕ ਵਜਾਇਆ । ਸਤਿਜੁਗ ਧਰਿਆ ਨਾਉਂ, ਨਿਰਭੈ ਅਖਵਾਇਆ । ਸਤਿਜੁਗ ਧਰਿਆ ਨਾਉਂ, ਨਿਰਵੈਰ ਸਮਾਇਆ । ਸਤਿਜੁਗ ਧਰਿਆ ਨਾਉਂ, ਸਿੱਖਾਂ ਦਾ ਦੁੱਖ ਗਵਾਇਆ । ਸਤਿਜੁਗ ਧਰਿਆ ਨਾਉਂ, ਬੰਦੀ ਛੋੜ ਅਖਵਾਇਆ । ਸਤਿਜੁਗ ਧਰਿਆ ਨਾਉਂ, ਗਲੋਂ ਜਮ ਫਾਸ ਕਟਾਇਆ । ਸਤਿਜੁਗ ਧਰਿਆ ਨਾਉਂ, ਅੰਡਜ ਜੇਰਜ ਸਿੱਖ ਨਾ ਆਇਆ । ਸਤਿਜੁਗ ਧਰਿਆ ਨਾਉਂ, ਉਤਭੁਜ ਸੇਤਜ ਬਾਹਰ ਕਢਾਇਆ । ਸਤਿਜੁਗ ਧਰਿਆ ਨਾਉਂ, ਸਿੱਖਾਂ ਦੀ ਲਾਜ ਰਖਾਇਆ । ਸਤਿਜੁਗ ਧਰਿਆ ਨਾਉਂ, ਵਿਚ ਸਿੱਖ ਸਮਾਇਆ । ਸਤਿਜੁਗ ਧਰਿਆ ਨਾਉਂ, ਸਿਰ ਤੇ ਛਤਰ ਝੁਲਾਇਆ । ਸਤਿਜੁਗ ਧਰਿਆ ਨਾਉਂ, ਝੂਲਾ ਝੂਲ ਸ੍ਰਿਸ਼ਟ ਹਲਾਇਆ । ਸਤਿਜੁਗ ਧਰਿਆ ਨਾਉਂ, ਚਾਰ ਕੁੰਟ ਹਾਹਾਕਾਰ ਮਚਾਇਆ । ਸਤਿਜੁਗ ਧਰਿਆ ਨਾਉਂ, ਸੋਹੰ ਸ਼ਬਦ ਗੁਰ ਤੀਰ ਚਲਾਇਆ । ਸਤਿਜੁਗ ਧਰਿਆ ਨਾਉਂ, ਜਿਸ ਇਹ ਮਾਣ ਗਵਾਇਆ । ਸਤਿਜੁਗ ਧਰਿਆ ਨਾਉਂ, ਮਹਾਰਾਜ ਸ਼ੇਰ ਸਿੰਘ ਨਜ਼ਰੀ ਆਇਆ । ਕਲਜੁਗ ਤਾਰੇ ਸਿੱਖ, ਆਪਣੀ ਸ਼ਰਨੀ ਲਾ ਕੇ । ਕਲਜੁਗ ਤਾਰੇ ਸਿੱਖ, ਆਪਣਾ ਨਾਮ ਜਪਾ ਕੇ । ਕਲਜੁਗ ਤਾਰੇ ਸਿੱਖ, ਗੁਰ ਸੰਗਤ ਮਾਣ ਦਵਾ ਕੇ । ਕਲਜੁਗ ਤਾਰੇ ਸਿੱਖ, ਸੋਹੰ ਸ਼ਬਦ ਸੁਣਾ ਕੇ । ਕਲਜੁਗ ਤਾਰੇ ਸਿੱਖ, ਮਹਾਰਾਜ ਸ਼ੇਰ ਸਿੰਘ ਨਾਮ ਰਖਾ ਕੇ । ਸਤਿਜੁਗ ਹੋ ਮਿਹਰਵਾਨ, ਆਪਣਾ ਆਪ ਉਪਾਇਆ । ਸਤਿਜੁਗ ਹੋ ਮਿਹਰਵਾਨ, ਜਗਤ ਜੋਤ ਜਗਾਇਆ । ਸਤਿਜੁਗ ਹੋ ਮਿਹਰਵਾਨ, ਘਰ ਭਗਤਨ ਦੇ ਆਇਆ । ਸਤਿਜੁਗ ਹੋ ਮਿਹਰਵਾਨ, ਸਭ ਜਗਤ ਭੁਲਾਇਆ । ਸਤਿਜੁਗ ਹੋ ਮਿਹਰਵਾਨ, ਸੋਹੰ ਸ਼ਬਦ ਸੁਣਾਇਆ । ਸਤਿਜੁਗ ਹੋ ਮਿਹਰਵਾਨ, ਚਾਰ ਕੁੰਟ ਜੈ ਜੈਕਾਰ ਕਰਾਇਆ । ਸਤਿਜੁਗ ਹੋ ਮਿਹਰਵਾਨ, ਆਪਣਾ ਰਾਹ ਬਤਾਇਆ । ਕਲਜੁਗ ਹੋ ਮਿਹਰਵਾਨ, ਬੇੜੇ ਨੂੰ ਬੰਨ੍ਹੇ ਲਾਇਆ । ਕਲਜੁਗ ਹੋ ਮਿਹਰਵਾਨ, ਸਿੱਖ ਦੇ ਵਿਚ ਸਮਾਇਆ । ਕਲਜੁਗ ਹੋ ਮਿਹਰਵਾਨ, ਦੁੱਖ ਰੋਗ ਗਵਾਇਆ । ਕਲਜੁਗ ਹੋ ਮਿਹਰਵਾਨ, ਮਸਾਣ ਪਵਨ ਜਲਾਇਆ । ਕਲਜੁਗ ਹੋ ਮਿਹਰਵਾਨ, ਕੰਨਿਆਂ ਤੇ ਦਇਆ ਕਮਾਇਆ । ਕਲਜੁਗ ਹੋ ਮਿਹਰਵਾਨ, ਘਰ ਠਾਂਡੇ ਆਇਆ । ਕਲਜੁਗ ਹੋ ਮਿਹਰਵਾਨ, ਨਿਹਕਲੰਕ ਅਖਵਾਇਆ । ਕਲਜੁਗ ਹੋ ਮਿਹਰਵਾਨ, ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਹੋਏ ਨਿਮਾਣਾ ਦਰ ਤੇ ਆਏ, ਗੁਰ ਚਰਨਾ ਵਿਚ ਸੀਸ ਝੁਕਾਏ । ਹੋਏ ਨਿਮਾਣਾ ਦਰ ਤੇ ਆਏ, ਵਾਂਗ ਭੀਲਣੀ ਮਾਣ ਦਵਾਏ । ਹੋਏ ਨਿਮਾਣਾ ਦਰ ਤੇ ਆਏ, ਸਤੀ ਅਹਲਿਆ ਚਰਨ ਛੁਹਾਏ । ਹੋਏ ਨਿਮਾਣਾ ਦਰ ਤੇ ਆਏ, ਵਾਂਗ ਦਰੋਪਤੀ ਦਰਸ ਦਿਖਾਏ । ਹੋਏ ਨਿਮਾਣਾ ਦਰ ਤੇ ਆਏ, ਲਾਜ ਕੰਨਿਆ ਜਗਤ ਰਖਾਏ । ਹੋਏ ਨਿਮਾਣਾ ਦਰ ਤੇ ਆਏ, ਠਾਕਰ ਸਿੰਘ ਦੀ ਬਿੰਦ ਤਰਾਏ । ਹੋਏ ਨਿਮਾਣਾ ਦਰ ਤੇ ਆਏ, ਕੰਨਿਆਂ ਸਤਿਵੰਤੀ ਸਤਿ ਰਖਾਏ । ਹੋਏ ਨਿਮਾਣਾ ਦਰ ਤੇ ਆਏ, ਝੂਠੇ ਜਗਤ ਦੀ ਪ੍ਰੀਤ ਤਜਾਏ । ਹੋਏ ਨਿਮਾਣਾ ਦਰ ਤੇ ਆਏ, ਦੇ ਗਿਆਨ ਗੁਰ ਦਰਸ ਦਿਖਾਏ । ਹੋਏ ਨਿਮਾਣਾ ਦਰ ਤੇ ਆਏ, ਸੁੱਕੇ ਕਾਸ਼ਟ ਪ੍ਰਭ ਫਲ ਲਗਾਏ । ਹੋਏ ਨਿਮਾਣਾ ਦਰ ਤੇ ਆਏ, ਕਾਰ ਖੇਲ ਨਸ਼ਟ ਹੋ ਜਾਏ । ਹੋਏ ਨਿਮਾਣਾ ਦਰ ਤੇ ਆਏ, ਦੇਹ ਸਪੁੱਤਰੀ ਕੰਚਨ ਕਰਾਏ । ਹੋਏ ਨਿਮਾਣਾ ਦਰ ਤੇ ਆਏ, ਜਨਮ ਜਨਮ ਦੇ ਦੁੱਖ ਗਵਾਏ । ਹੋਏ ਨਿਮਾਣਾ ਦਰ ਤੇ ਆਏ, ਸਰਬ ਸੂਖ ਘਰ ਮਾਹਿ ਪਾਏ । ਹੋਏ ਨਿਮਾਣਾ ਦਰ ਤੇ ਆਏ, ਅੰਧ ਕੂਪ ਪ੍ਰਭ ਹੋਏ ਸਹਾਏ । ਹੋਏ ਨਿਮਾਣਾ ਦਰ ਤੇ ਆਏ, ਜਗਤ ਜਲੰਦਾ ਗੁਰ ਦਰਸ ਠਰਾਏ । ਹੋਏ ਨਿਮਾਣਾ ਦਰ ਤੇ ਆਏ, ਪ੍ਰਭ ਅਬਿਨਾਸ਼ੀ ਘਰ ਮਾਹਿ ਪਾਏ । ਹੋਏ

ਨਿਮਾਣਾ ਦਰ ਤੇ ਆਏ, ਗੁਰ ਪੂਰੇ ਸਿਰ ਛਤਰ ਝੁਲਾਏ । ਹੋਏ ਨਿਮਾਣਾ ਦਰ ਤੇ ਆਏ, ਵਾਂਗ ਚੰਦਰਮਾ ਸੀਤਲ ਹੋ ਜਾਏ । ਹੋਏ ਨਿਮਾਣਾ ਦਰ ਤੇ ਆਏ, ਆਪ ਤਰੇ ਕੁਟੰਬ ਤਰਾਏ । ਹੋਏ ਨਿਮਾਣਾ ਦਰ ਤੇ ਆਏ, ਮਹਾਰਾਜ ਸ਼ੇਰ ਸਿੰਘ ਬਣਤ ਬਣਾਏ । ਜੇ ਨਾ ਭੁੱਲੇ ਮੇਰਾ ਨਾਮ, ਬੁਝੀ ਦੀਪਕ ਦਏ ਜਗਾਏ । ਜੇ ਨਾ ਭੁੱਲੇ ਮੇਰਾ ਨਾਮ, ਸਚਖੰਡ ਪ੍ਰਭ ਦਏ ਵਖਾਏ । ਜੇ ਨਾ ਭੁੱਲੇ ਮੇਰਾ ਨਾਮ, ਜਮ ਜੰਦਾਰ ਕੋਈ ਨੇੜ ਨਾ ਆਏ । ਜੇ ਨਾ ਭੁੱਲੇ ਮੇਰਾ ਨਾਮ, ਵਿਚ ਚੁਰਾਸੀ ਗੇੜ ਨਾ ਖਾਏ । ਜੇ ਨਾ ਭੁੱਲੇ ਮੇਰਾ ਨਾਮ, ਦਰਗਾਹ ਸਾਚੀ ਵਿਚ ਪਠਾਏ । ਜੇ ਨਾ ਭੁੱਲੇ ਮੇਰਾ ਨਾਮ, ਬਾਹੋਂ ਪਕੜ ਦੇ ਤਰਾਏ । ਜੇ ਨਾ ਭੁੱਲੇ ਮੇਰਾ ਨਾਮ, ਨਿਝ ਘਰ ਬੈਠਾ ਤਾੜੀ ਲਾਏ । ਜੇ ਨਾ ਭੁੱਲੇ ਮੇਰਾ ਨਾਮ, ਬ੍ਰਹਮ ਸਰੂਪ ਵਿਚ ਸਮਾਏ । ਜੇ ਨਾ ਭੁੱਲੇ ਮੇਰਾ ਨਾਮ, ਜੋਤ ਗਿਆਨ ਦੇ ਜਗਾਏ । ਜੇ ਨਾ ਭੁੱਲੇ ਮੇਰਾ ਨਾਮ, ਘਰ ਸਾਚੇ ਦੀ ਸੋਝੀ ਪਾਏ । ਜੇ ਨਾ ਭੁੱਲੇ ਮੇਰਾ ਨਾਮ, ਅੰਮ੍ਰਿਤ ਬੂੰਦ ਪ੍ਰਭ ਮੁਖ ਚਵਾਏ । ਜੇ ਨਾ ਭੁੱਲੇ ਮੇਰਾ ਨਾਉਂ, ਜੋਤ ਅਡੋਲ ਡਗਮਗਾਏ । ਜੇ ਨਾ ਭੁੱਲੇ ਮੇਰਾ ਨਾਉਂ, ਅੰਤ ਕਾਲ ਪ੍ਰਭ ਦਰਸ ਦਿਖਾਏ । ਜੇ ਨਾ ਭੁੱਲੇ ਮੇਰਾ ਨਾਉਂ, ਵਾਂਗ ਅਜਾਮਲ ਆਪ ਤਰਾਏ । ਜੇ ਨਾ ਭੁੱਲੇ ਮੇਰਾ ਨਾਉਂ, ਵਾਂਗ ਸੈਣ ਆ ਲਾਜ ਰਖਾਏ । ਜੇ ਨਾ ਭੁੱਲੇ ਮੇਰਾ ਨਾਉਂ, ਜੋਤ ਸਰੂਪ ਆ ਦਰਸ ਦਿਖਾਏ । ਜੇ ਨਾ ਭੁੱਲੇ ਮੇਰਾ ਨਾਉਂ, ਮਦਿ ਮਾਸ ਨਾ ਰਸਨਾ ਲਾਏ । ਜੇ ਨਾ ਭੁੱਲੇ ਮੇਰਾ ਨਾਉਂ, ਕਾਇਆ ਕੋਟ ਵਿਕਾਰ ਗਵਾਏ । ਜੇ ਨਾ ਭੁੱਲੇ ਮੇਰਾ ਨਾਉਂ, ਏਕੰਕਾਰ ਪ੍ਰਭ ਹੋਏ ਸਹਾਏ । ਜੇ ਨਾ ਭੁੱਲੇ ਮੇਰਾ ਨਾਉਂ, ਗੁਰਸਿਖਾਂ ਸੰਗ ਰਲ ਜਾਏ । ਜੇ ਨਾ ਭੁੱਲੇ ਮੇਰਾ ਨਾਉਂ, ਸਾਧ ਸੰਗਤ ਸਭ ਦਇਆ ਕਮਾਏ । ਜੇ ਨਾ ਭੁੱਲੇ ਮੇਰਾ ਨਾਉਂ, ਆਦਿ ਅੰਤ ਪ੍ਰਭ ਦਏ ਬੁਝਾਏ । ਜੇ ਨਾ ਭੁੱਲੇ ਮੇਰਾ ਨਾਉਂ, ਝੂਠੀ ਦੇਹ ਵਿਚ ਸਚ ਵਖਾਏ । ਜੇ ਨਾ ਭੁੱਲੇ ਮੇਰਾ ਨਾਉਂ, ਵਿਚੋਂ ਸਤਿਗੁਰ ਪੂਰਾ ਪਾਏ । ਜੇ ਨਾ ਭੁੱਲੇ ਮੇਰਾ ਨਾਉਂ, ਮਹਾਰਾਜ ਸ਼ੇਰ ਸਿੰਘ ਰਿਦੇ ਸਮਾਏ । ਜੇ ਨਾ ਭੁੱਲੇ ਮੇਰਾ ਨਾਉਂ, ਅਨਹਦ ਸ਼ਬਦ ਮਨ ਵਜਾਏ । ਜੇ ਨਾ ਭੁੱਲੇ ਮੇਰਾ ਨਾਉਂ, ਬ੍ਰਹਮ ਗਿਆਨ ਪ੍ਰਭ ਦੇ ਬੁਝਾਏ । ਜੇ ਨਾ ਭੁੱਲੇ ਮੇਰਾ ਨਾਉਂ, ਜੀਵ ਜੁਗਤ ਦੀ ਸੋਝੀ ਪਾਏ । ਜੇ ਨਾ ਭੁੱਲੇ ਮੇਰਾ ਨਾਉਂ, ਜੋਤ ਨਿਰੰਜਣ ਆਪ ਦਰਸਾਏ । ਜੇ ਨਾ ਭੁੱਲੇ ਮੇਰਾ ਨਾਉਂ, ਆਵਣ ਜਾਵਣ ਦਾ ਪੰਧ ਮੁਕਾਏ । ਜੇ ਨਾ ਭੁੱਲੇ ਮੇਰਾ ਨਾਉਂ, ਅੰਤ ਜੋਤੀ ਜੋਤ ਰਲ ਜਾਏ । ਜੇ ਨਾ ਭੁੱਲੇ ਮੇਰਾ ਨਾਉਂ, ਗਰਭਵਾਸ ਫੇਰ ਨਾ ਆਏ । ਜੇ ਨਾ ਭੁੱਲੇ ਮੇਰਾ ਨਾਉਂ, ਟੁੱਟੀ ਗੰਢੇ ਗੰਢ ਵਖਾਏ । ਜੇ ਨਾ ਭੁੱਲੇ ਮੇਰਾ ਨਾਉਂ, ਸਰਨ ਪੜੇ ਦੀ ਲਾਜ ਰਖਾਏ । ਜੇ ਨਾ ਭੁੱਲੇ ਮੇਰਾ ਨਾਉਂ, ਸਾਧ ਸੰਗਤ ਗੁਰ ਮਾਣ ਦਿਵਾਏ । ਜੇ ਨਾ ਭੁੱਲੇ ਮੇਰਾ ਨਾਉਂ, ਪ੍ਰਭ ਅਬਿਨਾਸ਼ੀ ਘਰ ਮਾਹਿ ਪਾਏ । ਜੇ ਨਾ ਭੁੱਲੇ ਮੇਰਾ ਨਾਉਂ, ਮਹਾਰਾਜ ਸ਼ੇਰ ਸਿੰਘ ਕਵਲ ਖੁਲ੍ਹਾਏ ।

੯੬
੦੧

❊ ੨੨ ਵਿਸਾਖ ੨੦੦੭ ਬਿਕ੍ਰਮੀ ❊

ਸੋਹੰ ਸ਼ਬਦ ਪ੍ਰਭ ਨਾਮ ਚਿਤਾਰੇ । ਸੋਹੰ ਸ਼ਬਦ ਪ੍ਰਭ ਜਗਤ ਉਧਾਰੇ । ਸੋਹੰ ਸ਼ਬਦ ਦਰਸ ਰਾਮ ਅਵਤਾਰੇ । ਸੋਹੰ ਸ਼ਬਦ ਕ੍ਰਿਸ਼ਨ ਮੁਰਾਰੇ । ਸੋਹੰ ਸ਼ਬਦ ਸਭ ਸਿਖਨ ਤਾਰੇ । ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਨਿਮਸਕਾਰੇ । ਸੋਹੰ ਸ਼ਬਦ ਜਮ ਦੂਤ ਨਾ ਮਾਰੇ । ਸੋਹੰ ਸ਼ਬਦ ਪ੍ਰਭ ਚਰਨ ਦਰਸਾਰੇ । ਸੋਹੰ ਸ਼ਬਦ ਹੋਏ ਗਿਆਨ ਉਜਿਆਰੇ । ਸੋਹੰ ਸ਼ਬਦ ਰਸਨਾ ਜੀਵ ਉਚਾਰੇ । ਸੋਹੰ ਸ਼ਬਦ ਪੇਖੇ ਸਚ ਦਵਾਰੇ । ਸੋਹੰ ਸ਼ਬਦ

ਕਰ ਪਾਰ ਉਤਾਰੇ । ਸੋਹੰ ਸ਼ਬਦ ਸਦਾ ਨਿਮਸਕਾਰੇ । ਸੋਹੰ ਸ਼ਬਦ ਕੋਟ ਅਪਰਾਧੀ ਤਾਰੇ । ਸੋਹੰ ਸ਼ਬਦ ਜੀਵ ਬੈਕੁੰਠ ਸਿਧਾਰੇ । ਸੋਹੰ ਸ਼ਬਦ ਜਪੇ ਜਗਤ ਨਿਆਰੇ । ਸੋਹੰ ਸ਼ਬਦ ਮੁਕੰਦ ਮੁਰਾਰੇ । ਸੋਹੰ ਸ਼ਬਦ ਜਗਦੀਸ਼ਰ ਤਾਰੇ । ਸੋਹੰ ਸ਼ਬਦ ਜੋਤੀ ਜੋਤ ਸਮਾਰੇ । ਸੋਹੰ ਸ਼ਬਦ ਜਮ ਡੰਡ ਨਾ ਮਾਰੇ । ਸੋਹੰ ਸ਼ਬਦ ਸਤਿਜੁਗ ਪੈਜ ਸਵਾਰੇ । ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਰਸਨਾ ਉਚਾਰੇ । ਸੋਹੰ ਸ਼ਬਦ ਗੁਰ ਗਿਆਨ ਦਵਾਇਆ । ਸੋਹੰ ਸ਼ਬਦ ਗੁਰ ਸਤਿਜੁਗ ਸੁਣਾਇਆ । ਸੋਹੰ ਸ਼ਬਦ ਭਗਤਨ ਦਾਨ ਦਿਵਾਇਆ । ਸੋਹੰ ਸ਼ਬਦ ਜੀਵਣ ਮੁਕਤ ਕਰਾਇਆ । ਸੋਹੰ ਸ਼ਬਦ ਅਗਿਆਨ ਅੰਧੇਰ ਗਵਾਇਆ । ਸੋਹੰ ਸ਼ਬਦ ਜਗਤ ਤਰਾਇਆ । ਸੋਹੰ ਸ਼ਬਦ ਚੁਰਾਸੀ ਗੇੜ ਮੁਕਾਇਆ । ਸੋਹੰ ਸ਼ਬਦ ਸਤਿਗੁਰ ਸੰਗ ਮਿਲਾਇਆ । ਸੋਹੰ ਸ਼ਬਦ ਅਨਹਦ ਰਾਗ ਸੁਣਾਇਆ । ਸੋਹੰ ਸ਼ਬਦ ਗਰਭ ਜੂਨ ਤਜਾਇਆ । ਸੋਹੰ ਸ਼ਬਦ ਭਗਤਨ ਸੰਗ ਰਲਾਇਆ । ਸੋਹੰ ਸ਼ਬਦ ਜਿਨ ਰਸਨਾ ਗਾਇਆ । ਸੋਹੰ ਸ਼ਬਦ ਨਰ ਨਰਾਇਣ ਦਰਸਾਇਆ । ਸੋਹੰ ਸ਼ਬਦ ਸਤਿਜੁਗ ਜਹਾਜ਼ ਬਣਾਇਆ । ਸੋਹੰ ਸ਼ਬਦ ਗੁਰਮੁਖਾਂ ਨੂੰ ਪਾਰ ਲੰਘਾਇਆ । ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਮਿਲਾਇਆ । ਸੋਹੰ ਸ਼ਬਦ ਜੀਵ ਦਾ ਭੇਤ ਖੁਲ੍ਹਾਇਆ । ਸੋਹੰ ਸ਼ਬਦ ਜੋਤ ਸਰੂਪ ਦਰਸਾਇਆ । ਸੋਹੰ ਸ਼ਬਦ ਕਲਜੁਗ ਡੰਕ ਵਜਾਇਆ । ਸੋਹੰ ਸ਼ਬਦ ਸਦ ਉਤਮ ਰਖਾਇਆ । ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਰਸਨਾ ਗਾਇਆ । ਜਪੋ ਸੋਹੰ ਮਨ ਆਤਮ ਸੂਖ । ਜਪੋ ਸੋਹੰ ਨਾ ਬਿਆਪੇ ਦੂਖ । ਜਪੋ ਸੋਹੰ ਮਿਲੇ ਪ੍ਰਭ ਭੂਪ । ਜਪੋ ਸੋਹੰ ਪੇਖੋ ਦਰਸ ਅਨੂਪ । ਜਪੋ ਸੋਹੰ ਪ੍ਰਗਟੇ ਜੋਤ ਸਰੂਪ । ਜਪੋ ਸੋਹੰ ਮਿਲੇ ਮਹਾਰਾਜ ਸ਼ੇਰ ਸਿੰਘ ਵਿਚ ਅੰਧ ਕੂਪ । ਸੋਹੰ ਸ਼ਬਦ ਸੁਰਤ ਜੋ ਲਾਏ । ਸੋਹੰ ਸ਼ਬਦ ਗੁਰ ਦਰਸ ਦਿਖਾਏ । ਸੋਹੰ ਸ਼ਬਦ ਸਤਿਜੁਗ ਮੰਤਰ ਵਜਾਏ । ਸੋਹੰ ਸ਼ਬਦ ਗੁਰ ਨਿਰੰਤਰ ਵਜਾਏ । ਸੋਹੰ ਸ਼ਬਦ ਸਭ ਭਸਮੰਤਰ ਹੋ ਜਾਏ । ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਜੁਗਾ ਜੁਗੰਤਰ ਰਹਿ ਜਾਏ । ਸੋਹੰ ਸ਼ਬਦ ਜਪਾਇਆ ਆਣ, ਈਸ਼ਰ ਜੋਤ ਪ੍ਰਗਟਾ ਕੇ । ਸੋਹੰ ਸ਼ਬਦ ਜਪਾਇਆ ਆਣ, ਕਲ ਦਾ ਕਾਲ ਕਰਾ ਕੇ । ਸੋਹੰ ਸ਼ਬਦ ਜਪਾਇਆ ਆਣ, ਸਿੱਖਨ ਵਿਚ ਆਸਣ ਲਾ ਕੇ । ਸੋਹੰ ਸ਼ਬਦ ਜਪਾਇਆ ਆਣ, ਸੰਗਤ ਗਿਰਦ ਬਹਾ ਕੇ । ਸੋਹੰ ਸ਼ਬਦ ਜਪਾਇਆ ਆਣ, ਸਤਿਜੁਗ ਸੱਚਾ ਲਾ ਕੇ । ਸੋਹੰ ਸ਼ਬਦ ਜਪਾਇਆ ਆਣ, ਨਾਮ ਆਪਣਾ ਰਸਨਾ ਜਪਾ ਕੇ । ਸੋਹੰ ਸ਼ਬਦ ਜਪਾਇਆ ਆਣ, ਪ੍ਰਭ ਨੇ ਭੇਸ ਵਟਾ ਕੇ । ਸੋਹੰ ਸ਼ਬਦ ਜਪਾਇਆ ਆਣ, ਦੇਹ ਵਿਚ ਜੋਤ ਜਗਾ ਕੇ । ਸੋਹੰ ਸ਼ਬਦ ਜਪਾਇਆ ਆਣ, ਅੰਮ੍ਰਿਤ ਮੁਖ ਚਵਾ ਕੇ । ਸੋਹੰ ਸ਼ਬਦ ਜਪਾਇਆ ਆਣ, ਸਚ ਸੁੱਚ ਵਰਤਾ ਕੇ । ਸੋਹੰ ਸ਼ਬਦ ਜਪਾਇਆ ਆਣ, ਚਾਰ ਕੁੰਟ ਜੈ ਜੈ ਜੈਕਾਰ ਕਰਾ ਕੇ । ਸੋਹੰ ਸ਼ਬਦ ਜਪਾਇਆ ਆਣ, ਮਾਤ ਪਤਾਲ ਆਕਾਸ਼ ਥਿਰ ਰਹਾ ਕੇ । ਸੋਹੰ ਸ਼ਬਦ ਜਪਾਇਆ ਆਣ, ਬਾਸ਼ਕ ਦੀ ਸੇਜ ਤਜਾ ਕੇ । ਸੋਹੰ ਸ਼ਬਦ ਜਪਾਇਆ ਆਣ, ਬੈਕੁੰਠ ਧਾਮ ਚੋਂ ਆ ਕੇ । ਸੋਹੰ ਸ਼ਬਦ ਜਪਾਇਆ ਆਣ, ਕ੍ਰਿਸ਼ਨ ਭੇਸ ਵਟਾ ਕੇ । ਸੋਹੰ ਸ਼ਬਦ ਜਪਾਇਆ ਆਣ, ਨਿਹਕਲੰਕ ਅਖਵਾ ਕੇ । ਸੋਹੰ ਸ਼ਬਦ ਜਪਾਇਆ ਆਣ, ਪੱਲਾ ਜਗਤ ਫਿਰਾ ਕੇ । ਸੋਹੰ ਸ਼ਬਦ ਜਪਾਇਆ ਆਣ, ਬੇਮੁਖਾਂ ਤੋਂ ਮੁਖ ਛੁਪਾ ਕੇ । ਸੋਹੰ ਸ਼ਬਦ ਜਪਾਇਆ ਆਣ, ਵਿਛੜੇ ਚਰਨੀਂ ਲਾ ਕੇ । ਸੋਹੰ ਸ਼ਬਦ ਜਪਾਇਆ ਆਣ, ਪਤਿਤ ਪਾਪੀ ਤਰਾ ਕੇ । ਸੋਹੰ ਸ਼ਬਦ ਜਪਾਇਆ ਆਣ, ਰਾਮ ਰਘੁਨਾਥ ਅਖਵਾ ਕੇ । ਸੋਹੰ ਸ਼ਬਦ ਜਪਾਇਆ ਆਣ, ਮਹਾਰਾਜ ਸ਼ੇਰ ਸਿੰਘ ਨਾਮ ਰਖਾ ਕੇ । ਸੋਹੰ ਸ਼ਬਦ ਸਤਿਜੁਗ ਬਬਾਨ । ਸੋਹੰ ਸ਼ਬਦ ਦੇਵੇ ਗੁਣੀ ਨਿਧਾਨ । ਸੋਹੰ ਸ਼ਬਦ ਹੋਵੇ ਭਗਤ ਪ੍ਰਵਾਨ । ਸੋਹੰ ਸ਼ਬਦ

ਸਤਿਜੁਗ ਦਾ ਗਿਆਨ । ਸੋਹੰ ਸ਼ਬਦ ਘਰ ਠਾਂਡਾ ਪਾਣ । ਸੋਹੰ ਸ਼ਬਦ ਮੇਲੇ ਭਗਵਾਨ । ਸੋਹੰ ਸ਼ਬਦ ਭਗਤ ਦੀਬਾਣ । ਸੋਹੰ ਸ਼ਬਦ ਪ੍ਰਭ ਸਰੂਪ ਪਛਾਣ । ਜਗਤ ਸੁਹਾਇਆ ਸੀਸ, ਕੇਸ ਚਵਰ ਝੁਲਾਏ । ਜਗਤ ਸੁਹਾਇਆ ਸੀਸ, ਚਰਨੀਂ ਸੇਵ ਕਮਾਏ । ਜਗਤ ਸੁਹਾਇਆ ਸੀਸ, ਧੂੜ ਗੁਰ ਚਰਨ ਲਗਾਏ । ਜਗਤ ਸੁਹਾਇਆ ਸੀਸ, ਪ੍ਰਭ ਦੀ ਸੇਵ ਕਮਾਏ । ਜਗਤ ਸੁਹਾਇਆ ਸੀਸ, ਜਗਤ ਨਾਮ ਤਰਾਏ । ਜਗਤ ਸੁਹਾਇਆ ਸੀਸ, ਦੁਸ਼ਟਨ ਅਗਨ ਜਲਾਏ । ਜਗਤ ਤਰਾਇਆ ਸੀਸ, ਗੁਰ ਦਰਸ਼ਨ ਪਾਏ । ਜਗਤ ਤਰਾਇਆ ਸੀਸ, ਮਹਾਰਾਜ ਸ਼ੇਰ ਸਿੰਘ ਪੈਜ ਰਖਾਏ ।

❊ ੨੪ ਵਿਸਾਖ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜੋਤ ਸਰੂਪ ਆਪਣਾ ਆਪ ਵਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਨਾਮ ਆਪਣਾ ਨਿਰੰਕਾਰ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੁਦਰਤ ਰੂਪ ਜਗਤ ਉਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਲੱਖ ਚੁਰਾਸੀ ਜੀਵ ਉਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਾਤ ਪਤਾਲ ਆਕਾਸ਼ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋ ਮਿਹਰਵਾਨ ਜਗਤ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸਤਿਜੁਗ ਸਤਿ ਸਤਿ ਵਰਤਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਤਰੇਤਾ ਭਇਉ ਰਾਮ ਰਾਵਣ ਦਾ ਨਾਸ ਕਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਵਾਪਰ ਕ੍ਰਿਸ਼ਨ ਮੁਰਾਰ ਦਰਯੋਧਨ ਦਾ ਮਾਣ ਗਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਅੰਧ ਘੋਰ ਰਾਹ ਚਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਈਸਾ ਮੂਸਾ ਜਗਤ ਉਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸੰਗ ਚਾਰ ਯਾਰਾਂ ਮੁਹੰਮਦ ਉਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਗਤ ਉਧਾਰ ਨਾਨਕ ਨਿਰੰਕਾਰ ਅਖਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਨਾਨਕ ਅੰਗਦ ਨੂੰ ਅੰਗ ਲਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤਾ ਜੋਤ ਅਧਾਰ ਲਹਣੇ ਦਾ ਲਹਿਣਾ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਰ ਸੇਵਾ ਅਪਾਰ, ਅਮਰਦਾਸ ਨਿਥਾਵਾਂ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗਏ ਬੇਦੀ ਸੋਢੀਆਂ ਮਾਣ ਦਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੁੱਖ ਭਾਨੀ ਦੀ ਨੂੰ ਸੁਫਲ ਕਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹਰਿਮੰਦਰ ਵਿਚੋਂ ਅਰਜਨ ਹਰਿ ਪ੍ਰਭ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬਾਣੀ ਬੋਹਥ ਗੁਰ ਅਰਜਨ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਹਾਬਲੀ ਹਰਿਗੋਬਿੰਦ ਅਖਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹਰਿਰਾਏ ਘਰ ਘਰ ਸ਼ਾਹ ਹਰਿ ਜਸ ਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹਰਿਕ੍ਰਿਸ਼ਨ ਬਾਲ ਨੂੰ ਮਾਣ ਦਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤਾ ਮਾਣ ਤੇਗ ਬਹਾਦਰ ਮੱਖਣ ਦਾ ਜਿਨ ਜਹਾਜ਼ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤਾ ਸੀਸ ਆ ਵਾਰ ਧਰਮ ਦਾ ਨਾਮ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਸਵੀਂ ਜੋਤ ਗੋਬਿੰਦ ਸਿੰਘ ਪ੍ਰਗਟਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪਟਨੇ ਉਪਜੇ ਨੂਰ ਅਨੰਦਪੁਰ ਖੇਲ ਰਚਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਛੱਡ ਹਿਮਾਚਲ ਦੇਸ ਦੱਖਣ ਜਾ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਛੱਡੀ ਦੇਹ ਅਪਾਰ ਨਦੇੜ ਧਾਮ ਬਣਾਇਆ ।

੯੮ ੦੧

ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਹੋਇਆ ਅੰਧਿਆਰ ਜਗਤ ਨੇ ਨਾਮ ਭੁਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੋਈ ਨਾ ਜਾਣੇ ਨਾਮ ਪ੍ਰਭ ਦਾ ਨਾਮ ਭੁਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋ ਕੇ ਨਿਹਕਲੰਕ ਕਲ ਆਪ ਉਲਟਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਵਿਸ਼ਨੂੰ ਹੋਏ ਭਗਵਾਨ ਸ਼ੇਰ ਸਿੰਘ ਨਾਮ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਛੱਡੀ ਦੇਹ ਅਪਾਰ ਜੋਤ ਰੂਪ ਖੇਲ ਰਚਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਛੱਬੀ ਪੋਹ ਦੋ ਹਜ਼ਾਰ ਵਿਚ ਜੋਤੀ ਜੋਤ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪੰਜ ਜੇਠ ਵੀਹ ਸੌ ਇਕ ਆਪਣੀ ਜੋਤ ਪ੍ਰਗਟਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜੋਤ ਅਧਾਰ ਆਪ ਆਪਣਾ ਰੰਗ ਵਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪੈਜ ਰੱਖਣ ਆਪ ਭਗਤਨ ਦੀ ਸੋਹੰ ਸ਼ਬਦ ਸੁਣਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਰ ਜੁਗ ਚੌਥੇ ਦਾ ਨਾਸ ਸਤਿਜੁਗ ਸਤਿ ਸਤਿ ਵਰਤਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜੋਤ ਜਗਾਈ ਅਪਾਰ, ਸ਼ੇਰ ਸਿੰਘ ਨਿਹਕਲੰਕ ਅਖਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜੁਗੋ ਜੁਗ ਇਹ ਕਾਰ ਭਗਤਨ ਨੂੰ ਆਣ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋ ਆਪ ਕਿਰਪਾਲ ਧ੍ਰੂ ਦਰ ਬਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪ੍ਰਗਟੀ ਜੋਤ ਅਪਾਰ ਪ੍ਰਹਿਲਾਦ ਦੀ ਲਾਜ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬਾਵਨ ਰੂਪ ਧਾਰ ਬਲ ਪਾਤਾਲੇ ਪਹੁੰਚਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਲੱਜਿਆ ਰੱਖੀ ਅੰਬਰੀਕ ਚੱਕਰ ਸੁਦਰਸ਼ਨ ਬਾਣ ਚਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤੀ ਵਡਿਆਈ ਜਨਕ ਨਾਮ ਸੰਗ ਪਾਪ ਤੁਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹਰੀ ਚੰਦ ਗਵਾਇਆ ਮਾਣ, ਤਾਰਾ ਦਾ ਮਾਣ ਵਧਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਛੱਡ ਦਰਜੋਧਨ ਆਹਾਰ, ਬਿਦਰ ਦੇ ਭੋਗ ਲਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਛੱਡ ਸਿੰਘਾਸਣ ਆਪ ਸੁਦਾਮੇ ਨੂੰ ਸੀਸ ਨਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆ ਕੇ ਗੁਣ ਨਿਧਾਨ ਜੈਦੇਉ ਲੇਖ ਲਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗਾਏਂ ਦਿਤੀ ਜਿਵਾਲ, ਨਾਮੇ ਦਾ ਛੱਪਰ ਛਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸੈਣ ਰੂਪ ਹਰਿ ਹੋ ਰਾਣੇ ਦੀ ਸੇਵ ਕਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗੁਰਮੁਖ ਬੇਣੀ ਭਗਤ ਚਰਨ ਆ ਸੰਗ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤਾ ਬ੍ਰਹਮ ਗਿਆਨ ਕਬੀਰ ਸਚਖੰਡ ਸਿਧਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਰੋਪਤੀ ਰੱਖੀ ਲਾਜ ਜਿਸ ਨੇ ਵਿਚ ਸਭਾ ਦੇ ਧਿਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਅਹਲਿਆ ਦਿਤੀ ਤਾਰ ਸਿਲ ਸੰਗ ਚਰਨ ਛੁਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਉਤਮ ਦੇ ਗਿਆਨ ਰਵਿਦਾਸ ਚੁਮਾਰ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗਨਕਾ ਦਿਤੀ ਤਾਰ ਨਾਮ ਨਿਰੰਜਣ ਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਅਜਾਮਲ ਉਤਰੇ ਪਾਰ ਨਾਉਂ ਨਰਾਇਣ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪੂਤਨਾ ਦਿਤੀ ਪਛਾੜ, ਮੋਹਣ ਮੁੰਮੇ ਜਿਸ ਕ੍ਰਿਸ਼ਨ ਨੂੰ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਰ ਕੇ ਸਚ ਧਿਆਨ ਸਦਨਾ ਆਣ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਰਸਨ ਦਿਤਾ ਆਣ ਤਰਲੋਚਨ ਭਗਤ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਨ ਨੂੰ ਵੈਰਾਗ ਫਰੀਦ ਹਰਿ ਜਸ ਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਰੇ ਖੇਲ ਅਪਾਰ ਕਿਸੇ ਨੇ ਭੇਦ ਨਾ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇ ਕੇ ਦਰਸ ਅਪਾਰ, ਭਗਤਾਂ ਨੂੰ ਆਣ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਬ ਹੈ ਜੋਤ ਸਰੂਪ ਕਬੇ ਦੇਹ ਪਲਟਾਇਆ ।

ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਪ ਹੈ ਜੋਤ ਆਧਾਰ, ਜੀਵ ਦੇ ਵਿਚ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਹਾਰਾਜ ਸ਼ੇਰ ਸਿੰਘ ਅਪਰ ਅਪਾਰ, ਕਿਸੇ ਭੇਦ ਨਾ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗਵਾਇਆ ਕਲ ਦਾ ਮਾਣ ਆਪਣਾ ਆਪ ਪ੍ਰਗਟਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਾਮਾ ਲਿਆ ਧਾਰ ਘਨਕਪੁਰੀ ਨੂੰ ਭਾਗ ਲਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਵਿਚ ਅਵਸਥਾ ਬਾਲ ਮਨੀ ਸਿੰਘ ਨੂੰ ਦਰਸ ਦਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮੈਂ ਹਾਂ ਜਗਤ ਉਧਾਰ ਨਿਹਕਲੰਕ ਹੋ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਵੇ ਜਗਤ ਉਜਿਆਰ ਸੋਹੰ ਸ਼ਬਦ ਸੁਣਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਵੇ ਜੀਵ ਉਧਾਰ ਰਸਨਾ ਮਹਾਰਾਜ ਸ਼ੇਰ ਸਿੰਘ ਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਵੇ ਭਵਜਲ ਪਾਰ ਜਿਨ੍ਹਾਂ ਪ੍ਰਭ ਦਰਸ਼ਨ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੋਇ ਨਾ ਜਾਣੇ ਸਾਰ ਤਰਨਤਾਰਨ ਸਮਰਥ ਘਰ ਠਾਂਡੇ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲ ਰੱਖੇ ਪੈਜ ਆਣ ਸਿੱਖਾਂ ਨੂੰ ਮਾਣ ਦਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗਵਾਇਆ ਮਾਣ ਬ੍ਰਹਮਾ ਪਾਲ ਸਿੰਘ ਮਾਣ ਦਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਤਜਿਆ ਥਾਨ ਧ੍ਰੂ ਸਵਰਨ ਸੀਸ ਝੁਕਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੋਈ ਨਾ ਜਾਣੇ ਭੇਉ ਦੀਪਕ ਚਾਰ ਜਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪਹਿਲੇ ਜਗਿਆ ਅਮਰ ਅਮਰਾਪਦ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸੱਤ ਜੇਠ ਜਗਿਆ ਸਵਰਨ ਦਰ ਅੱਗੇ ਬਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗਿਆ ਪ੍ਰੀਤਮ ਪੂਤ ਗੁਰਪੁਰੀ ਸਿਧਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਈ ਸੁਫਲੀ ਕੁੱਖ ਰਣਜੀਤ ਕੌਰ ਪੁੱਤ ਭੇਟ ਚੜ੍ਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੀਪਕ ਜਗਾਏ ਚਾਰ ਪੰਜ ਚੇਤ ਨੂੰ ਹੁਕਮ ਲਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੋਈ ਨਾ ਜਾਣੇ ਭੇਵ ਮਹਾਰਾਜ ਸ਼ੇਰ ਸਿੰਘ ਕਰੇ ਕਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤਾ ਸੰਗਤ ਮਾਣ ਜਿਨ੍ਹਾਂ ਹਰਿ ਜਸ ਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਏ ਦਰ ਪ੍ਰਵਾਨ ਜਿਨ੍ਹਾਂ ਨੇ ਸੀਸ ਝੁਕਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਦਿਤਾ ਤਾਰ ਜਿਨ੍ਹਾਂ ਅੰਮ੍ਰਿਤ ਮੁਖ ਚੁਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪ੍ਰਗਟੇ ਆਪਣੀ ਜੋਤ ਆਪਣਾ ਆਪ ਵਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇ ਕੇ ਸ਼ਬਦ ਗਿਆਨ ਜੀਵਾਂ ਨੂੰ ਪਾਰ ਲੰਘਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਵੇ ਜਗਤ ਹਾਹਾਕਾਰ ਸਿੱਖਾਂ ਘਰ ਜੈ ਜੈ ਜੈਕਾਰ ਕਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਹਾਰਾਜ ਸ਼ੇਰ ਸਿੰਘ ਪ੍ਰਗਟੇ ਕਰਤਾਰ ਨਰ ਦਾ ਜਾਮਾ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸਤ ਲਾਏ ਸੁਫੈਦ ਜਗਤ ਦਾ ਰਥ ਚਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਚਿੱਟਾ ਅਸਵ ਅਸਵਾਰ ਮਹਾਰਾਜ ਸ਼ੇਰ ਸਿੰਘ ਨਜ਼ਰੀ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਵਿਛੜੇ ਲਏ ਮਿਲਾਏ ਕਲਜੁਗ ਜਨਮ ਦਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤੇ ਜਗਤ ਆ ਤਾਰ ਜਿਨ੍ਹਾਂ ਪ੍ਰਭ ਦਰਸ ਦਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਇਹ ਕਲਜੁਗ ਭਗਤ ਅਪਾਰ ਜਿਨ੍ਹਾਂ ਦਾ ਨਾਮ ਲਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਨੀ ਸਿੰਘ ਪ੍ਰਭ ਜੋਤ ਆਧਾਰ ਪਦਵੀ ਸਤਿਗੁਰ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮੋਤਾ ਦੇਹ ਉਜਿਆਰ ਭਰਥਰੀ ਜਨਮ ਦਵਾਇਆ । ਸੋਹੰ ਦੇ ਕੇ ਜੋਤ ਆਧਾਰ, ਪ੍ਰਭ ਸੰਗ ਜੋਤ ਜਗਾਇਆ । ਦੇ ਦਰਸ ਅਪਾਰ ਦੀਪਕ ਦੇ ਪਲਟਾਇਆ । ਹੋਵੇ ਬ੍ਰਹਮ ਗਿਆਨ, ਬ੍ਰਹਮ ਦਾ ਭੇਤ ਖੁਲ੍ਹਾਇਆ ।

ਤਰਨ ਸਿੱਖ ਅਪਾਰ, ਜਿਨ੍ਹਾਂ ਆ ਦਰਸ਼ਨ ਪਾਇਆ । ਸੱਚਾ ਧਾਮ ਵਿਚਾਰ, ਜਿਥੇ ਗੁਰ ਡੇਰਾ ਲਾਇਆ । ਜੋ ਆਏ ਨੇਹਚਾ ਧਾਰ, ਪ੍ਰਭ ਭਾਗ ਲਗਾਇਆ । ਮੋਤਾ ਛੱਡ ਨਾਮ ਭਗਵਾਨ ਸਿੰਘ ਨਾਮ ਰਖਾਇਆ । ਕੋਈ ਨਾ ਜਾਣੇ ਭੇਵ, ਮਹਾਰਾਜ ਸ਼ੇਰ ਸਿੰਘ ਦੇਹ ਵਿਚ ਸਮਾਇਆ । ਗੁਰਸਿਖਾਂ ਦੇ ਬੁਝਾਏ, ਸਿਰ ਉਤੇ ਹੱਥ ਟਿਕਾਇਆ । ਸੋ ਜਨ ਉਧਰਨ ਪਾਰ, ਜਿਨ੍ਹਾਂ ਆ ਦਰਸ਼ਨ ਪਾਇਆ । ਈਸ਼ਰ ਦਿਤਾ ਤਾਰ, ਭਗਤ ਭਗਵਾਨ ਬਣਾਇਆ । ਊਚਾ ਹੋਵੇ ਧਾਮ, ਕਲਸੀਂ ਮਾਣ ਦਵਾਇਆ । ਪੂਰਬ ਕਰ ਵਿਚਾਰ, ਸਤਿਗੁਰ ਬਚਨ ਲਿਖਾਇਆ । ਪ੍ਰਭ ਹੈ ਜੋਤ ਆਧਾਰ, ਨਾ ਡਰੇ ਡਰਾਇਆ । ਹੋਏ ਜਗਤ ਉਜਿਆਰ, ਸੁੱਤ ਨੂੰ ਮਾਣ ਦਿਵਾਇਆ । ਮਹਾਰਾਜ ਸ਼ੇਰ ਸਿੰਘ ਪੂਰਨ ਅਵਤਾਰ, ਜਿਸ ਇਹ ਖੇਲ ਰਚਾਇਆ ।

ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਾਮੇ ਬਹੱਤਰ ਭਗਤ ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਦਾ ਨਾਮ ਧਿਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਉਪਾਏ ਵਿਚ ਜਗਤ, ਚਰਨ ਕਵਲ ਮੇਂ ਸੀਸ ਝੁਕਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤਾ ਮਾਣ ਬਹੌਲ ਸਿੰਘ ਜਿਸ ਨੇ ਪ੍ਰਭ ਸੀਸ ਉਠਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਗੀ ਜੋਤ ਅਪਾਰ ਮਾਹਣਾ ਸਿੰਘ ਮਨ ਮਾਹਿ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਚੜ੍ਹਿਆ ਰੰਗ ਅਪਾਰ, ਰੰਗਾ ਸਿੰਘ ਨਾਮ ਧਿਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬੁੱਧ ਸਿੰਘ ਦਿਤਾ ਤਾਰ, ਤਨ ਮਨ ਧਨ ਗੁਰਚਰਨ ਲਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਿਥੇ ਗਿਆ ਹਰਿ, ਬਾਲੇ ਚੱਕ ਮਾਣ ਦਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਿਥੇ ਗਿਆ ਹਰਿ, ਓਥੇ ਗੁਰ ਧਾਮ ਬਣਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਨਾ ਜਾਣੀ ਪ੍ਰਭ ਦੀ ਸਾਰ, ਗਿਆਨੀ ਨੂੰ ਪਰੇ ਹਟਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪ੍ਰਗਟੀ ਜੋਤ ਨਜ਼ਰ ਨਾ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਭਗਤ ਉਧਾਰਨ ਭੇਸ ਵਟਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਨੌਂ ਖੰਡ ਪ੍ਰਿਥਮੀ ਚਰਨ ਲਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਚਤੁਰਭੁਜ ਜਗਤ ਮੇਂ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕ੍ਰਿਸ਼ਨ ਘਨਈਆ ਸ਼ੇਰ ਸਿੰਘ ਅਖਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮੁਕੰਦ ਮਨੋਹਰ ਨਜ਼ਰੀ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਵਲ ਨੈਣ ਸਿਰ ਮੁਕਟ ਟਿਕਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸੁੰਦਰ ਕੁੰਡਲ ਮੁਕਟ ਬੈਨ ਨਿਹਕਲੰਕ ਅਖਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਰਥ ਅਗਨ ਕਲ ਜਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸੋਹੰ ਸ਼ਬਦ ਗੁਰ ਨਾਮ ਦਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸਿੱਖ ਉਧਾਰਨ ਸਿੱਖ ਦੇਹ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬਿਨ ਚੱਕਰ ਚਿਹਨ ਨਾ ਨਜ਼ਰੀ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਲੈ ਨਰ ਅਵਤਾਰ ਕਲਜੁਗ ਜੀਵ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤੇ ਪਤਿਤ ਉਧਾਰ ਜਿਨ੍ਹਾਂ ਚਰਨ ਸੀਸ ਨਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਗਤ ਨਾ ਆਏ ਹਾਰ ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਰਿਦੇ ਧਿਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤੇ ਭਗਤ ਉਚਾਰ ਜਿਨ੍ਹਾਂ ਗੁਰ ਨਾਮ ਲਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਦਿਤਾ ਤਾਰ ਜਿਨ੍ਹਾਂ ਪ੍ਰਭ ਦਰਸ ਦਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਧ੍ਰਿਗ ਜੀਵਣ ਸੰਸਾਰ ਜਿਨ੍ਹਾਂ ਗੁਰ ਦਰਸ ਨਾ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗਲ ਪਾਪਾਂ ਪਾਇਆ ਹਾਰ

ਜਿਨ੍ਹਾਂ ਗੁਰ ਤੋਂ ਮੁਖ ਛੁਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਰਗਹਿ ਆਵੇ ਹਾਰ, ਨਿੰਦਕਾਂ ਸਿਰ ਖੇਹ ਪਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਿਸੇ ਨਾ ਪਾਈ ਸਾਰ, ਝੂਲ ਝੂਲ ਕੇ ਜਗਤ ਹਿਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬੈਠ ਆਪ ਅਡੋਲ ਜਗਤ ਨੂੰ ਧੱਕਾ ਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਛੱਡੀ ਦੇਹ ਅਪਾਰ ਜਗਤ ਨੂੰ ਖ਼ਾਕ ਰੁਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ । ਗੁਰਸਿਖਾਂ ਪਾਈ ਸਾਰ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਵੇ ਆਪ ਅਭੇਦ ਵਿਚ ਵਰਭੰਡ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੀਪ ਲੋਅ ਆਕਾਸ਼ ਪਾਤਾਲ ਛਿਨ ਮਾਹਿ ਉਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੁਦਰਤ ਰੂਪ ਸ੍ਰਿਸ਼ਟ ਵਿਚ ਪਾਈ ਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇ ਕੇ ਬ੍ਰਹਮ ਗਿਆਨ ਸਿੱਖਾਂ ਦੀ ਧੀਰ ਧਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਛੱਡ ਆਕਾਸ਼ ਪਾਤਾਲ ਡੇਰਾ ਮਾਤ ਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇਵੇ ਦਰਗਾਹ ਮਾਣ ਜਿਨ੍ਹਾਂ ਗੁਰ ਵਿਚ ਬਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਇਹ ਨਬਜ਼ ਨਾ ਚਲੇ ਚਾਲ ਸਿੱਖ ਦੇ ਵਿਚ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬੇਮੁਖਾਂ ਦਿਤੀ ਹਾਰ, ਜਿਨ੍ਹਾਂ ਗੁਰ ਚਰਨ ਨਾ ਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਆਇਆ ਅਵਤਾਰ ਜੀਆਂ ਨੇ ਦਰਸ ਨਾ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬਿਰਥਾ ਗਵਾਇਆ ਜਨਮ ਸੁਤਿਆਂ ਰੈਣ ਵਿਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇਵੇ ਬ੍ਰਹਮ ਗਿਆਨ ਜਗਤ ਪੱਲਾ ਫਿਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪ੍ਰਗਟ ਹੋਏ ਭਗਵਾਨ ਨਹੀਂ ਉੂੰ ਭੇਵ ਲੁਕਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬੈਠਾ ਜੋਤ ਆਧਾਰ ਜਗਤ ਜੋਤ ਜਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੀਆ ਜੋਤ ਆਕਾਰ ਕਲਜੁਗ ਪਾਈ ਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮੇਰੇ ਭਗਤਾਂ ਹੋਵੇ ਨਿਮਸਕਾਰ, ਮਹਾਰਾਜ ਸ਼ੇਰ ਸਿੰਘ ਜਿਨ ਸਿਰ ਹੱਥ ਟਿਕਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਤਾਰੇ ਭਗਤ ਆਪ ਜੋਤ ਸੰਗ ਜੋਤ ਮਿਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤਾ ਜਨਮ ਸਵਾਰ ਗਰਭ ਚੋਂ ਬਾਹਰ ਕਢਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਵੇ ਨਾ ਅੰਤ ਆਕਾਰ, ਜੋਤ ਸੰਗ ਜੋਤ ਮਿਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪੂਰਨ ਜੋਤ ਆਪ ਜੋਤ ਦੇ ਵਿਚ ਮਿਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪ੍ਰਭ ਸਾਗਰ ਗਹਿਰ ਗੰਭੀਰ ਜੀਵ ਇਕ ਬੂੰਦ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਾਤ ਗਰਭ ਦੇ ਵਿਚ ਉਲਟਾ ਬਿਰਛ ਲਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸੋਹੰ ਸ਼ਬਦ ਦੀ ਦੀਬਾਣ ਸਿੱਖਾਂ ਨੂੰ ਆਣ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਹਾਰਾਜ ਸ਼ੇਰ ਸਿੰਘ ਕ੍ਰਿਸ਼ਨ ਭਗਵਾਨ, ਜੁਗ ਉਲਟਾਵਣ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇ ਕੇ ਚਰਨ ਧਿਆਨ, ਮਾਣਾ ਸਿੰਘ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਰ ਕੇ ਬਚਨ ਕਰਤਾਰ, ਪਾਲ ਸਿੰਘ ਜਸ ਸੁਣਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪ੍ਰਗਟੇ ਆਪ ਭਗਵਾਨ, ਜਾਮਾ ਘਨਕ ਪੁਰੀ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਵਜਾਈ ਪ੍ਰੇਮ ਸਿਤਾਰ, ਹਿਰਦੇ ਧੁਨ ਵਜਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸੁੱਤਾ ਦਿਤਾ ਤਾਰ, ਹੋ ਕੇ ਕ੍ਰਿਸ਼ਨ ਦਰਸ ਦਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆ ਕੇ ਘਰ ਬਾਰ, ਜੋਤ ਲਲਾਟ ਜਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤਾ ਸਿੱਖ ਨੂੰ ਮਾਣ, ਦਿਨੋ ਦਿਨ ਦੂਣ ਸਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪਾਈ ਈਸ਼ਰ ਸਾਰ, ਆ ਘਨਕਪੁਰੀ ਸੀਸ ਨਿਵਾਇਆ ।

੧੦੨
੦੧

ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇ ਕੇ ਦਰਸ ਅਪਾਰ, ਸਿੱਖ ਨੂੰ ਸਿੱਖ ਬਣਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇ ਕੇ ਆਪਣਾ ਨਾਮ, ਮਦਿ ਮਾਸ ਪਰੇ ਹਟਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਹਾਰਾਜ ਸ਼ੇਰ ਸਿੰਘ ਹੋਏ ਦਿਆਲ, ਸਿੱਖਾਂ ਨੂੰ ਸਰਨੀ ਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਜਾਮਾ ਧਾਰ, ਜੀਆਂ ਨੂੰ ਡੰਨ ਲਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜੀਵ ਭੁੱਲਾ ਮੁਗਧ ਗਵਾਰ, ਮਦਿ ਮਾਸ ਆਹਾਰ ਬਣਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਰਗਹਿ ਦਿਤੀ ਹਾਰ, ਪ੍ਰੇਤ ਜੂਨ ਲਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਭੁੱਲਾ ਗੁਰ ਕਾ ਨਾਉਂ, ਜਿਨ੍ਹਾਂ ਇਹ ਰਸਨੀ ਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਚਲੇ ਮਨ ਵਿਕਾਰ, ਜਿਨ੍ਹਾਂ ਇਹ ਵਿਸ਼ਟਾ ਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੋਈ ਨਾ ਦੇਵੇ ਤਾਰ, ਜਿਨ੍ਹਾਂ ਇਹ ਕਰਮ ਕਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤੀ ਕਲਜੁਗ ਹਾਰ, ਜਿਸ ਇਹ ਕਰਮ ਕਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸਤਿਜੁਗ ਖੇਲ ਅਪਾਰ, ਸੋਹੰ ਸ਼ਬਦ ਸੁਣਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਮੇਰਾ ਨਾਮ ਧਿਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਵੇ ਆਤਮ ਸ਼ਾਂਤ, ਨਿਜਾਨੰਦ ਨਿਜ ਮਾਹਿ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਗਾਏ ਜੋਤ ਅਪਾਰ, ਜੀਵ ਦੇ ਵਿਚ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੋਈ ਨਾ ਪਾਏ ਸਾਰ, ਅਗਿਆਨ ਅੰਧੇਰ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਉਹਨਾਂ ਆਵੇ ਸਾਰ, ਜਿਨ੍ਹਾਂ ਸਿਰ ਹੱਥ ਟਿਕਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸਿੱਖਾਂ ਹੋਈ ਵਿਚਾਰ ਜਿਨ੍ਹਾਂ ਗੁਰ ਦਇਆ ਕਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆ ਕੇ ਵਿਚ ਸੰਸਾਰ, ਸਿੱਖਾਂ ਦੀ ਲਾਜ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਰਾਏ ਸੇਵ ਅਪਾਰ, ਕੇਸਾਂ ਚਵਰ ਕਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇਵੀਆਂ ਕੰਨਿਆ ਨਾ ਹੋਣ ਖੁਆਰ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਪੂਰਨ ਪਰਮੇਸ਼ਵਰ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੱਟੇ ਦੁੱਖ ਅਪਾਰ, ਹਉਮੇ ਮੈਲ ਗਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਥਿਤ ਵਾਰ ਨਾ ਲਏ ਵਿਚਾਰ, ਸੰਗਤ ਵਿਚ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਲਗਾਵੇ ਭੋਗ ਆਹਾਰ, ਜਿਸ ਮੇਂ ਥਾਲ ਲਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਵੇ ਕਾਇਆ ਸੀਤ, ਜਿਨ ਗੁਰਪ੍ਰਸਾਦ ਹੈ ਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਜਾਮਾ ਧਾਰ, ਮਹਾਰਾਜ ਸ਼ੇਰ ਸਿੰਘ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬੰਦੀ ਤੋੜ ਜਗਤ ਅਖਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਾਮਾ ਧਾਰ ਗੁਰ ਧਾਮ ਸਚਖੰਡ ਬਣਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਇਆ ਜਗ ਭਤਾਰ, ਕੰਤ ਨੇ ਭੇਸ ਵਟਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਏ ਚਲ ਦਰਬਾਰ, ਗਲ ਵਿਚ ਪੱਲਾ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ ਦੇਵੇ ਜੀਵ ਉਧਾਰ ਜਿਨ੍ਹਾਂ ਏ ਚਰਨੀਂ ਸੀਸ ਨਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗਵਾਏ ਕਾਇਆ ਵਿਕਾਰ, ਰੋਗਾਂ ਦਾ ਨਾਸ ਕਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਏ ਦਰ ਪ੍ਰਵਾਨ, ਜਿਨ੍ਹਾਂ ਰਲ ਮੰਗਲ ਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਿਲਿਆ ਪੁਰਖ ਅਪਾਰ, ਜਿਨ੍ਹਾਂ ਮਨ ਦਾ ਭਰਮ ਮਿਟਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਉਨ੍ਹਾਂ ਲਏ ਪ੍ਰਭ ਸਾਰ, ਜਿਨ੍ਹਾਂ ਲੋਕ ਲਾਜ ਨੂੰ ਪਰੇ ਹਟਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਗਤ ਚਲਿਆ ਹਾਰ ਸਿੱਖਾਂ ਨੂੰ ਆਣ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਝੂਠੀ ਜਗਤ ਪ੍ਰੀਤ, ਸੁੱਖ ਗੁਰ ਚਰਨੀਂ ਆਇਆ । ਪਾਰਬ੍ਰਹਮ ਪ੍ਰਭ ਖੇਲ

੧੦੩
੦੧

ਰਚਾਇਆ, ਕੀਤਾ ਦੇਹ ਪ੍ਰਕਾਸ਼, ਸਿੱਖ ਦੇ ਵਿਚ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਭਗਤ ਉਧਾਰਨ ਆਪ, ਨਿਹਕਲੰਕ ਹੋ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਹਾਰਾਜ ਸ਼ੇਰ ਸਿੰਘ ਲਿਆ ਅਵਤਾਰ, ਜਗਤ ਤੇ ਪਾਈ ਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਰ ਕਿਰਪਾ ਦੇਹ ਅਨਮੋਲ ਦੀਪਕ ਜੋਤ ਜਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬਿਨ ਬੱਤੀ ਬਿਨ ਤੇਲ ਏਕ ਰੰਗ ਸਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪ੍ਰਭ ਦੀ ਜੋਤ ਅਡੋਲ, ਜਗਤ ਮੇਂ ਜਾਏ ਜਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ ਕਰ ਕੇ ਕਰਮ ਵਿਚਾਰ, ਗੁਰਸਿਖਾਂ ਨੂੰ ਪਕੜ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਜੀਵ ਹੋਏ ਪਲੀਤ, ਰਸਨਾ ਮਦਿ ਮਾਸ ਲਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸਚ ਭੂਮਿਕਾ ਜਾਣ ਭੂਪਤ ਭੂਪ ਚਰਨ ਟਿਕਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਰਨਹਾਰ ਸਮਰਥ, ਕਲ ਦਾ ਅੰਤ ਕਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇ ਕੇ ਸੋਹੰ ਗਿਆਨ ਜਿਨ੍ਹਾਂ ਨੂੰ ਆਣ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਧੰਨ ਜਣੇਂਦੀ ਮਾਂ ਜਿਨ ਪੂਤ ਗੁਰ ਚਰਨੀਂ ਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਗਤ ਸੁੰਵੇ ਘਰ ਕਾਉਂ, ਜਿਨ੍ਹਾਂ ਗੁਰ ਤੋਂ ਮੁਖ ਭਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਰਗਾਹ ਮਿਲੇ ਨਾ ਥਾਉਂ, ਚੁਰਾਸੀ ਗੇੜ ਹੈ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਨਮੇ ਮਰੇ ਮਰ ਜਨਮੇ ਬਿਨ ਗੁਰ ਕਿਸੇ ਨਾ ਪਾਰ ਲੰਘਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਭੋਗਾਵੇ ਘੋਗੜ ਜੂਨ ਨਿੰਦਕਾਂ ਮੁਖ ਵਿਸ਼ਟਾ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਹੋ ਕਿਰਪਾਲ ਪ੍ਰਭ ਜੋਤ ਪ੍ਰਗਟਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਧਰਨੀ ਧਰ ਨਰ ਸਿੰਘ ਨਰਾਇਣ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇਵੇ ਜਿਸ ਨੂੰ ਦਾਨ ਸੋਹੰ ਰਸਨਾ ਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬੁਝੀ ਜੋਤ ਜਗਾਏ ਅਗਿਆਨ ਅੰਧੇਰ ਗਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜਪਾ ਕੇ ਆਪਣਾ ਨਾਉਂ ਗਿਆਨ ਗੋਝ ਉਠਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦਿਤਾ ਖੋਲ੍ਹ ਕਿਵਾੜ, ਵਾਜਾ ਪਵਣ ਵਜਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਅਨਹਦ ਵਜਾਈ ਧੁਨ, ਦਸਵਾਂ ਦਵਾਰ ਖੁਲ੍ਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਝਿਰਨਾ ਝਿਰੇ ਅਪਾਰ ਅੰਮ੍ਰਿਤ ਬੂੰਦ ਚੁਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਵਰਸੇ ਕਿਰਪਾ ਧਾਰ, ਨਾਭ ਕਵਲ ਮੇਂ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਵੇ ਜੀਵ ਉਧਾਰ ਗੁਰ ਠਾਂਡਾ ਨਿਜ ਮਾਹਿ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਵੇਖੇ ਜੋਤ ਅਪਾਰ ਦੇਹ ਵਿਚ ਜਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਭਗਤ ਕਰੇ ਪ੍ਰਕਾਸ਼ ਕਰਮ ਲਲਾਟ ਲਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗਵਾਏ ਮਨੋਂ ਵਿਕਾਰ, ਬ੍ਰਹਮ ਰੂਪ ਦਰਸਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋ ਕੇ ਜੀਵ ਉਧਾਰ, ਜੀਵ ਦੇ ਵਿਚ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਪ ਵੇਖੇ ਖੇਲ ਅਪਾਰ, ਕਿਸੇ ਨਾ ਨਜ਼ਰੀ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਦੇਵੇ ਗਿਆਨ, ਸੋਹੰ ਸ਼ਬਦ ਸੁਣਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸਤਿਜੁਗ ਲਾਵੇ ਆਣ ਸ਼ੇਰ ਸਿੰਘ ਨਾਮ ਧਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਅਛਲ ਛਲਨ ਛਲ ਆਪ ਕਲ ਮਹਿ ਆਣ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਪ ਇਹ ਜੋਤ ਅਧਾਰ ਕਿਸੇ ਨਾ ਭੇਵ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇਵੇ ਗਰੜ ਆ ਮਾਣ ਉਪਰ ਚਰਨ ਟਿਕਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਚਰਨੋਧਕ ਬੂੰਦ ਅਪਾਰ ਮਾਤਲੋਕ ਲਿਆਇਆ ।

ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਏਕ ਬੂੰਦ ਪ੍ਰਵਾਹ ਗੰਗਾ ਨੀਰ ਵਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਅੰਮ੍ਰਿਤ ਅਗਾਹ ਦੇਹ ਦਾ ਰੋਗ ਗਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਜਾਮਾ ਧਾਰ, ਸਿੱਖਾਂ ਨੂੰ ਆਣ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਰ ਕਿਰਪਾ ਅਪਾਰ ਅੰਮ੍ਰਿਤ ਮੁਖ ਚਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਵੇ ਆਤਮਾ ਸ਼ਾਂਤ ਦੇਹ ਰੋਗ ਗਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕੋਟ ਜੋਗੀਸ਼ਰ ਮੰਗਣ ਕਿਸੇ ਇਹ ਹੱਥ ਨਾ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਤੇਤੀਸ ਕਰੋੜ ਦੇਵਤਾ ਆਏ ਗਲ ਵਿਚ ਪੱਲਾ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਅੰਮ੍ਰਿਤ ਗੁਰ ਬਬਾਣ ਬਰਖੇ ਆਪ ਰਘੁਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਇਆ ਸੁਫਲ ਜਹਾਨ ਜਿਨ ਮਹਾਰਾਜ ਸ਼ੇਰ ਸਿੰਘ ਚਰਨੀਂ ਸੀਸ ਨਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸਦਾ ਰੂਪ ਅਗੰਮ ਕਿਸੇ ਨਜ਼ਰ ਨਾ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਭਗਤਨ ਹੋ ਕੇ ਥੰਮ ਕਲਜੁਗ ਆਣ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਨਿਖੁੱਟ ਨਾ ਜਾਣ ਦਮ, ਜਿਨ੍ਹਾਂ ਮੇਰਾ ਨਾਮ ਧਿਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗੁਰਸਿਖ ਹੈ ਠਾਂਡਾ ਚੰਦ ਵਿਚ ਆਕਾਸ਼ ਬਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗੁਰਸਿਖਾਂ ਦਿਤਾ ਮਾਣ ਬੈਕੁੰਠ ਧਾਮ ਪੁਚਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਪ ਜੋਤ ਸਰੂਪ ਸਿੱਖ ਵਿਚ ਜੋਤ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇ ਕੇ ਆਪ ਗਿਆਨ, ਸੋਹੰ ਸ਼ਬਦ ਸੁਣਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇ ਨਿਮਾਣਿਆਂ ਮਾਣ ਰਾਜਨ ਨੂੰ ਤਖ਼ਤੋਂ ਲਾਹਿਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਵੇ ਸਚ ਨਿਸ਼ਾਨ ਚਾਰ ਵਰਨ ਕਰ ਇਕ ਬਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਪ ਬ੍ਰਹਮ ਸਰੂਪ ਜੀਵ ਬ੍ਰਹਮ ਸਰੂਪ ਉਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਾਣਸ ਜਨਮ ਦਿਤਾ ਹਾਰ, ਜਿਨ੍ਹਾਂ ਗੁਰ ਤੋਂ ਮੁਖ ਭਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪ੍ਰਗਟੀ ਜੋਤ ਅਪਾਰ ਸਿੱਖ ਦੇਹ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਹੋ ਅਵਤਾਰ ਸ਼ੇਰ ਸਿੰਘ ਨਾਮ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸਿੱਖ ਕਲਜੁਗ ਚੰਦਨ ਬੇਮੁਖ ਨਿੰਮ ਵਾਂਗ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬਣਾਇਆ ਬੈਕੁੰਠ ਆ ਧਾਮ, ਜਿਥੇ ਆ ਦਰਸ ਦਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਏ ਆਪ ਕਿਰਪਾਲ, ਨਿਰੰਜਣ ਜੋਤ ਜਗ ਲਿਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਨਾ ਇਹ ਜਨਮੇ ਨਾ ਇਹ ਮਰੇ ਬਿਨ ਨਾੜੀ ਵਿਚ ਦੇਹ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਗੁਰ ਸੰਗਤ ਦਿਤਾ ਮਾਣ, ਜਿਨ੍ਹਾਂ ਹਰਿ ਜਸ ਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਆਈ ਕਾਣ, ਵਾਹਵਾ ਸਤਿਜੁਗ ਸਤਿ ਸਤਿ ਸਤਿ ਵਰਤਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਭਗਤ ਉਧਾਰਨ ਆਪ, ਜਾਮਾ ਘਨਕਪੁਰੀ ਵਿਚ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਲਏ ਬਿਰਦ ਸੰਭਾਲ ਸਿੱਖਾਂ ਸਿਰ ਛਤਰ ਝੁਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਰੇ ਸੇਵ ਅਪਾਰ, ਸਿੱਖਾਂ ਸਿਰ ਚਵਰ ਝੁਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇਵੇ ਭਗਤਨ ਮਾਣ ਅੰਤ ਕਾਲ ਜਮ ਨੇੜ ਨਾ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋਵੇ ਸਦਾ ਦਿਆਲ ਸਿੱਖਾਂ ਨੂੰ ਦਾਨ ਦਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸੋਹੰ ਸ਼ਬਦ ਨਿਧਾਨ ਗੁਰਮੁਖਾਂ ਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇ ਕੇ ਬ੍ਰਹਮ ਗਿਆਨ, ਆਪਣਾ ਨਾਮ ਜਪਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਪ ਵਡਾ ਪ੍ਰਬੀਨ, ਭਗਤਾਂ ਦੇ ਵਸ ਹੋ ਆਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਉਪਾਏ

੧੦੫
੦੧

ਆਪਣਾ ਆਪ, ਨਾਉਂ ਨਿਰੰਕਾਰ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਸਮਰਥ ਪੁਰਖ ਅਪਾਰ, ਜਿਨ੍ਹਾਂ ਆ ਚਰਨ ਤਕਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਆਪ ਦੇਵੇ ਗਿਆਨ, ਜਗਤ ਮਾਇਆ ਨੀਂਦ ਸਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਭਗਤ ਵਛਲ ਕਿਰਪਾਲ ਕਲਜੁਗ ਦਰਸ ਦਿਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪ੍ਰਗਟੀ ਜੋਤ ਮੁਰਾਰ, ਨਿਹਕਲੰਕ ਅਖਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਹਾਰਾਜ ਸ਼ੇਰ ਸਿੰਘ ਸਦਾ ਮਿਹਰਵਾਨ ਸਿੱਖਾਂ ਦੀ ਲਾਜ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਧੰਨ ਸੁਹਾਵੀ ਰੈਣ ਜਿਥੇ ਰੰਗ ਬਿਰੰਗਣ ਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਕਲਜੁਗ ਦਿਤੇ ਤਾਰ, ਨਾਮ ਮਜੀਠ ਚੜ੍ਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪਾਪਾਂ ਦਿਤੀ ਹਾਰ, ਸੋਹੰ ਸ਼ਬਦ ਚਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਡੁੱਬਦੇ ਦਿਤੇ ਤਾਰ, ਜਿਨ੍ਹਾਂ ਰਲ ਮੰਗਲ ਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਹੋ ਪਵਣ ਸਵਾਰ, ਚਾਰ ਕੁੰਟ ਇਹ ਡੰਕ ਵਜਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਵਾਂਗ ਜਲ ਦੀ ਧਾਰ, ਪਾਪਾਂ ਜਗਤ ਰੁੜ੍ਹਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਦੇ ਕੇ ਨਾਮ ਨਿਧਾਨ ਸਿੱਖਾਂ ਨੂੰ ਆਣ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪਤਿਤ ਉਧਾਰਨ ਆਪ ਦੁੱਖਾਂ ਦਾ ਡੇਰਾ ਢਾਹਿਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜੋਤ ਜਗਾਈ ਅਪਾਰ ਕਲਜੁਗ ਕਾਲ ਕਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਹਾਰਾਜ ਸ਼ੇਰ ਸਿੰਘ ਭਇਆ ਅਵਤਾਰ, ਸੋਹੰ ਸ਼ਬਦ ਸੁਣਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਜੀਵ ਜੁਗਤ ਚਲਾਇਆ ਰਾਹ, ਸੋਹੰ ਬਾਣ ਲਗਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਬਾਹੋਂ ਪਕੜ ਲੈ ਉਠਾਲ, ਫੜ ਪੂਰਬ ਜਨਮ ਦਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਵਿਛੜੇ ਵਕਤ ਆ ਰਾਮ, ਤਿਨ੍ਹਾਂ ਨੂੰ ਜਨਮ ਦਿਵਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਵਿਛੜੇ ਵਕਤ ਮੁਰਾਰ, ਜਿਨ੍ਹਾਂ ਨੂੰ ਚਰਨੀਂ ਲਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਪ੍ਰਗਟ ਹੋ ਕਰਤਾਰ ਭਗਤਾਂ ਨੂੰ ਆਣ ਤਰਾਇਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਮਹਾਰਾਜ ਸ਼ੇਰ ਸਿੰਘ ਹੋ ਨਿਰਵੈਰ, ਜਗਤ ਅਵਤਾਰ ਅਖਵਾਇਆ । ਈਸ਼ਰ ਜੋਤ ਜਗਤ ਮੇਂ ਆਏ, ਜੁਗੋ ਜੁਗ ਇਹ ਖੇਲ ਰਚਾਇਓ । ਈਸ਼ਰ ਜੋਤ ਜਗਤ ਮੇਂ ਆਏ, ਜੁਗੋ ਜੁਗ ਭੇਸ ਵਟਾਇਓ । ਈਸ਼ਰ ਜੋਤ ਜਗਤ ਮੇਂ ਆਏ, ਸਰਗੁਣ ਨਿਰਗੁਣ ਮਾਹਿ ਉਪਾਇਓ । ਈਸ਼ਰ ਜੋਤ ਜਗਤ ਮੇਂ ਆਏ, ਪਾਤਾਲ ਆਕਾਸ਼ ਮਾਤ ਬਣਾਇਓ । ਈਸ਼ਰ ਜੋਤ ਜਗਤ ਮੇਂ ਆਏ, ਆਕਾਰ ਦਾਤਾਰ ਬ੍ਰਹਮਾ ਪ੍ਰਗਟਾਇਓ । ਈਸ਼ਰ ਜੋਤ ਜਗਤ ਮੇਂ ਆਏ, ਸ਼ਿਵ ਸ਼ੰਕਰ ਦੇਹ ਪਲਟਾਇਓ । ਈਸ਼ਰ ਜੋਤ ਜਗਤ ਮੇਂ ਆਏ, ਮੋਹਣੀ ਰੂਪ ਹੋ ਸ਼ਿਵ ਭੁਲਾਇਓ । ਈਸ਼ਰ ਜੋਤ ਜਗਤ ਮੇਂ ਆਏ, ਜੁਗ ਪ੍ਰਮਾਣ ਪਾਏ ਮਾਇਓ । ਈਸ਼ਰ ਜੋਤ ਜਗਤ ਮੇਂ ਆਏ, ਤਰੇਤੇ ਰਾਮ ਰਘੁਬੰਸ ਅਖਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇ ਸਖੀ ਦਾਨ ਦੁਆਪਰ ਜੋਤ ਪ੍ਰਗਟਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੁਆਪਰ ਕ੍ਰਿਸ਼ਨ ਮੁਰਾਰ ਅਖਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਪਾ ਮਾਇਆ ਸਭ ਜਗਤ ਭੁਲਾਇਓ । ਈਸ਼ਰ ਜੋਤ ਜਗਤ ਮੇਂ ਆਏ, ਕਲਜੁਗ ਕਾਰ ਕਰਨ ਪ੍ਰਭ ਬਿਗਸਾਇਓ । ਈਸ਼ਰ ਜੋਤ ਜਗਤ ਮੇਂ ਆਏ, ਘਨਕਪੁਰੀ ਨੂੰ ਭਾਗ ਲਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਪ੍ਰਗਟ ਹੋ ਨਿਰੰਕਾਰ ਨਿਹਕਲੰਕ ਅਖਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਮਹਾਰਾਜ ਸ਼ੇਰ ਸਿੰਘ ਨਾਮ ਧਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਛੱਡ ਦੇਹ ਪ੍ਰਭ ਜੋਤ ਪ੍ਰਗਟਾਇਓ । ਈਸ਼ਰ ਜੋਤ ਜਗਤ ਮੇਂ ਆਏ, ਜੁਗੋ ਜੁਗ ਇਹ ਖੇਲ ਰਚਾਇਓ । ਈਸ਼ਰ ਜੋਤ ਜਗਤ ਮੇਂ ਆਏ, ਲੱਜਿਆ ਰੱਖਣ ਭਗਤ ਦੀ ਨਾਉਂ

ਅਨੇਕ ਰਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਬਾਲ ਅਵਸਥਾ ਧ੍ਰੂ ਤਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਲੱਜਿਆ ਰੱਖੇ ਪ੍ਰਹਿਲਾਦ, ਨਰ ਸਿੰਘ ਨਰਾਇਣ ਅਖਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਹੋਏ ਬਾਵਨ ਰੂਪ ਘਰ ਜਾਏ ਬਲ ਤਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਲੱਜਿਆ ਰੱਖੇ ਅੰਬਰੀਕ ਚਕਰ ਸੁਦਰਸ਼ਨ ਬਾਣ ਚਲਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇ ਕੇ ਨਾਮ ਗਿਆਨ ਜਨਕ ਭਗਤ ਤਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਜੋੜੀ ਜੋੜ ਖੜਾਉਂ ਹਰੀ ਚੰਦ ਸਮਝਾਇਓ । ਈਸ਼ਰ ਜੋਤ ਜਗਤ ਮੇਂ ਆਏ, ਭਗਤ ਬਿਦਰ ਘਰ ਭੋਗ ਲਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਸੁਦਾਮਾ ਦਲਿਦਰੀ ਗਲੇ ਲਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਨਾਮਦੇਉ ਦੇ ਛੱਪਰ ਛਾਇਓ । ਈਸ਼ਰ ਜੋਤ ਜਗਤ ਮੇਂ ਆਏ, ਜੈਦੇਉ ਦੇ ਲੇਖ ਲਿਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਗੁਰਮੁਖ ਬੇਣੀ ਭਗਤ ਤਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਰਵਿਦਾਸ ਚੁਮਾਰ ਆ ਦਰਸ ਦਿਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਸਦਨਾ ਤਾਰ ਕਸਾਈ ਸੈਣ ਰੂਪ ਦਿਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇ ਕੇ ਆਪਣਾ ਨਾਮ ਭਗਤ ਕਬੀਰ ਤਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਦਰੋਪਤੀ ਲੱਜਿਆ ਆਣ ਰਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਬਿਨ ਭਗਤਾਂ ਕਿਸੇ ਦਰਸ ਨਾ ਪਾਇਓ । ਈਸ਼ਰ ਜੋਤ ਜਗਤ ਮੇਂ ਆਏ, ਹੋ ਪ੍ਰਤੱਖ ਧੰਨੇ ਕਾ ਭੋਗ ਲਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਸੋ ਜਾਣੇ ਜਿਸ ਆਪ ਬੁਝਾਇਓ । ਈਸ਼ਰ ਜੋਤ ਜਗਤ ਮੇਂ ਆਏ, ਭਗਤ ਤਰਲੋਚਨ ਦਰਸ ਦਿਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਗਨਕਾ ਪਾਪਣ ਨਾਮ ਦਿਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਪਾਪਣ ਪੂਤਨਾ ਦੇਹ ਛੁਡਾਇਓ । ਈਸ਼ਰ ਜੋਤ ਜਗਤ ਮੇਂ ਆਏ, ਬਧਕ ਮਾਰੇ ਬਾਣ ਕ੍ਰਿਸ਼ਨ ਗਲੇ ਲਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਕਲਜੁਗ ਆ ਕੇ ਖੇਲ ਰਚਾਇਓ । ਈਸ਼ਰ ਜੋਤ ਜਗਤ ਮੇਂ ਆਏ, ਈਸਾ ਮੂਸਾ ਮੁਹੰਮਦ ਉਪਜਾਇਓ । ਈਸ਼ਰ ਜੋਤ ਜਗਤ ਮੇਂ ਆਏ, ਦਸ ਅਵਤਾਰ ਇਕ ਜੋਤ ਜਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਆਪਣਾ ਬਲ ਪ੍ਰਭ ਆਪ ਰਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਜਾਮਾ ਧਾਰ ਅਵਤਾਰ ਸ਼ੇਰ ਸਿੰਘ ਕਹਾਇਓ । ਈਸ਼ਰ ਜੋਤ ਜਗਤ ਮੇਂ ਆਏ, ਭਗਤ ਜਨਾਂ ਨੂੰ ਆਣ ਤਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਤਾਰ ਬਹੋਲ ਸਿੰਘ ਜਿਨ ਸੀਸ ਉਠਾਇਓ । ਈਸ਼ਰ ਜੋਤ ਜਗਤ ਮੇਂ ਆਏ, ਤਾਰੇ ਸਿੱਖ ਗੁਜਰ ਸਿੰਘ ਸੇਵ ਕਮਾਇਓ । ਈਸ਼ਰ ਜੋਤ ਜਗਤ ਮੇਂ ਆਏ, ਹੋ ਚਤੁਰਭੁਜ ਆਪਣਾ ਨਾਮ ਕਹਾਇਓ । ਈਸ਼ਰ ਜੋਤ ਜਗਤ ਮੇਂ ਆਏ, ਸੋਹੰ ਸ਼ਬਦ ਨਾਮ ਦਿਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਗਿਆਨ ਜੋਤ ਮਾਹਣਾ ਸਿੰਘ ਵਿਚ ਜਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਹੋਏ ਕ੍ਰਿਸ਼ਨ ਮੁਰਾਰ ਪਾਲ ਸਿੰਘ ਦਰਸ ਦਿਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਤਾਰੇ ਸਭ ਪਰਿਵਾਰ ਜਿਨ ਗੁਰ ਸੇਵ ਕਮਾਇਓ । ਈਸ਼ਰ ਜੋਤ ਜਗਤ ਮੇਂ ਆਏ, ਤਾਰਿਆ ਬੁੱਧ ਸਿੰਘ ਆਣ ਬਾਲੇ ਚੱਕ ਧਾਮ ਬਣਾਇਓ । ਈਸ਼ਰ ਜੋਤ ਜਗਤ ਮੇਂ ਆਏ, ਕਰੇ ਖੇਲ ਅਪਾਰ ਕਿਸੇ ਭੇਵ ਨਾ ਪਾਇਓ । ਈਸ਼ਰ ਜੋਤ ਜਗਤ ਮੇਂ ਆਏ, ਦਿਤਾ ਆਪ ਆ ਮਾਣ ਅਮਰ ਅਮਰਾਪਦ ਪਾਇਓ । ਈਸ਼ਰ ਜੋਤ ਜਗਤ ਮੇਂ ਆਏ, ਸੱਤ ਜੇਠ ਸਵਰਨ ਸਚਖੰਡ ਸਿਧਾਇਓ । ਈਸ਼ਰ ਜੋਤ ਜਗਤ ਮੇਂ ਆਏ, ਤਜਿਆ ਧ੍ਰੂ ਦਿਤਾ ਉਤਾਰ ਸਿੱਖ ਦਰ ਅੱਗੇ ਬਹਾਇਓ । ਈਸ਼ਰ ਜੋਤ ਜਗਤ ਮੇਂ ਆਏ, ਕੋਈ ਨਾ ਜਾਣੇ ਸਾਰ, ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਜੋਤ ਸਰੂਪ ਵਿਚ ਦੇਹ ਸਮਾਇਓ । ਈਸ਼ਰ

੧੦੭
੦੧

ਜੋਤ ਜਗਤ ਮੇਂ ਆਏ, ਜੋਤ ਨਿਰੰਜਣ ਵਿਚ ਜਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਮਾਣਸ ਦੇਹ ਦੇ ਵਿਚ ਸਮਾਇਓ । ਈਸ਼ਰ ਜੋਤ ਜਗਤ ਮੇਂ ਆਏ, ਬਿਨ ਦੇਹ ਤੋਂ ਨਿਹਕਲੰਕ ਅਖਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਧਾਰੇ ਸਿੱਖ ਅਪਾਰ ਵਿਛੜੇ ਚਰਨ ਲਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਲੱਜਿਆ ਰੱਖ ਪ੍ਰਭ ਆਪ ਭਗਤਨ ਦੀ ਪੈਜ ਰਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਖਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇਖ ਦੇਹ ਅਪਾਰ ਜੋਤ ਅਗੰਮ ਜਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਐਸਾ ਦਰਸ ਅਪਾਰ ਦੇਹ ਡਗਮਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਵਿਚ ਹੋ ਕੇ ਸਿੱਖ ਅਡੋਲ, ਸਾਰਾ ਜਗਤ ਡੁਲਾਇਓ । ਈਸ਼ਰ ਜੋਤ ਜਗਤ ਮੇਂ ਆਏ, ਆਪ ਬੈਠ ਸੋਹੇ ਵਿਚ ਸੰਗਤ, ਚਾਰ ਕੁੰਟ ਪ੍ਰਭ ਅਗਨ ਲਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਬਹਿ ਕੇ ਆਪ ਅਤੋਲ ਝੂਠਾ ਜਗਤ ਤੁਲਾਇਓ । ਈਸ਼ਰ ਜੋਤ ਜਗਤ ਮੇਂ ਆਏ, ਅੰਤਕਾਲ ਕਲ ਆਣ ਕਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਬਾਹੋਂ ਪਕੜ ਜਨ ਭਗਤ ਤਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਸੁੱਤੇ ਸਿੱਖ ਅਨਭੋਲ ਮਹਾਰਾਜ ਸ਼ੇਰ ਸਿੰਘ ਘਰ ਮਾਹਿ ਆਇਓ । ਈਸ਼ਰ ਜੋਤ ਜਗਤ ਮੇਂ ਆਏ, ਦੇਵੇ ਸ਼ਬਦ ਅਨਮੋਲ ਸੋਹੰ ਨਾਮ ਜਪਾਇਓ । ਈਸ਼ਰ ਜੋਤ ਜਗਤ ਮੇਂ ਆਏ, ਗੁਣ ਨਿਧਾਨ ਘਰ ਆ ਸਿੱਖਾਂ ਦੇ ਲੇਖ ਲਿਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਟੁੱਟੀ ਗੰਢਣਹਾਰ ਪ੍ਰਭ ਟੁੱਟੀ ਗੰਢੇ, ਆਪ ਭਜਨ ਸਿੰਘ ਫੇਰ ਜਿਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਅੰਮ੍ਰਿਤ ਬਰਖਾ ਲਾ ਭਜਨ ਦੇ ਮੁਖ ਚਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਕੱਟੇ ਹਉਮੇ ਰੋਗ, ਜਾਨ ਵਿਚ ਜੋਤ ਜਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਆਪ ਬ੍ਰਹਮ ਸਰੂਪ ਸਿੱਖ ਬ੍ਰਹਮ ਸਰੂਪ ਬਣਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇ ਕੇ ਸ਼ਬਦ ਗਿਆਨ ਸੋਹੰ ਜਹਾਜ਼ ਬਣਾਇਓ । ਈਸ਼ਰ ਜੋਤ ਜਗਤ ਮੇਂ ਆਏ, ਕਲ ਕੀਤੀ ਕਿਰਪਾ ਅਪਾਰ, ਗੁਰਸਿਖਾਂ ਗੁਰ ਚਰਨ ਲਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਹੋਵੇ ਅੰਧਿਆਰ ਕਲ ਮੇਂ ਭਾਰੀ ਗੁਰਸਿਖਾਂ ਮਨ ਗੁਰ ਗਿਆਨ ਦਿਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਕਲੂ ਜੀਵ ਹੋਏ ਖ਼ੁਆਰ ਗੁਰਮੁਖਾਂ ਗੁਰ ਆਣ ਤਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਭਗਤ ਜਨਾਂ ਨੂੰ ਚਰਨੀਂ ਲਾਇਆ, ਬੇਮੁਖਾਂ ਤੋਂ ਮੁਖ ਛੁਪਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇਵੇ ਦਰਸ ਅਪਾਰ ਦੁੱਖ ਕਲੇਸ਼ ਗਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਦਿਤੇ ਸਿੱਖ ਉਧਾਰ ਮਹਾਰਾਜ ਸ਼ੇਰ ਸਿੰਘ ਨਾਮ ਰਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਗੁਰਸੰਗਤ ਗੁਰ ਮਾਣ ਦਿਵਾਇਓ । ਈਸ਼ਰ ਜੋਤ ਜਗਤ ਮੇਂ ਆਏ, ਦਰਗਾਹ ਹੋਏ ਪਰਵਾਨ ਜਿਨ੍ਹਾਂ ਮੇਰਾ ਹਰਿ ਜਸ ਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਤਿਨ੍ਹਾਂ ਵਿਟਹੁ ਕੁਰਬਾਨ ਜਿਨ੍ਹਾਂ ਗੁਰ ਚਰਨੀਂ ਸੀਸ ਝੁਕਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇ ਦਰਸ ਅਪਾਰ ਦਰ ਆਏ ਤਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਕਰੇ ਖੇਲ ਅਚਰਜ ਦੀਪਕ ਜੋਤ ਜਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਤਿਨ੍ਹਾਂ ਨਾ ਮਿਲੇ ਠਾਉਂ ਜਿਨ੍ਹਾਂ ਸੌਂ ਕੇ ਵਕਤ ਵਿਹਾਇਓ । ਈਸ਼ਰ ਜੋਤ ਜਗਤ ਮੇਂ ਆਏ, ਮਹਾਰਾਜ ਸ਼ੇਰ ਸਿੰਘ ਸਦ ਮਿਹਰਵਾਨ ਤਜ ਦੇਹ ਜੋਤ ਪ੍ਰਗਟਾਇਓ । ਈਸ਼ਰ ਜੋਤ ਜਗਤ ਮੇਂ ਆਏ, ਸਤਿਜੁਗ ਸਤਿ ਸਤਿ ਸਤਿ ਵਰਤਾਇਓ । ਈਸ਼ਰ ਜੋਤ ਜਗਤ ਮੇਂ ਆਏ, ਆਪ ਅਖੰਡ ਸਚ ਰਾਹ ਬਤਾਇਓ । ਈਸ਼ਰ ਜੋਤ ਜਗਤ ਮੇਂ ਆਏ, ਜਗਾਈ ਜੋਤ ਅਪਾਰ ਸ਼ੇਰ ਸਿੰਘ ਨਾਮ ਧਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇ ਕੇ ਬ੍ਰਹਮ ਗਿਆਨ ਗੁਰਸਿਖ ਤਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਬ੍ਰਹਮਾ

ਵਿਸ਼ਨ ਮਹੇਸ਼ ਸਭ ਕੋਲ ਬਹਾਇਓ । ਈਸ਼ਰ ਜੋਤ ਜਗਤ ਮੇਂ ਆਏ, ਤੇਤੀਸ ਕਰੋੜ ਖੜ੍ਹੇ ਦਰ ਸੀਸ ਝੁਕਾਇਓ । ਈਸ਼ਰ ਜੋਤ ਜਗਤ ਮੇਂ ਆਏ, ਗੁਰਸਿਖਾਂ ਗੁਰ ਪਕੜ ਚਰਨ ਲਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇਵੇ ਦਰਗਾਹ ਮਾਣ ਗੁਰਸਿਖ ਬੈਕੁੰਠ ਸਿਧਾਇਓ । ਈਸ਼ਰ ਜੋਤ ਜਗਤ ਮੇਂ ਆਏ, ਕਰ ਕੇ ਸੇਵਾ ਅਪਾਰ ਜਨਮ ਮਰਨ ਦਾ ਫੰਦ ਮੁਕਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇਵੇ ਸਿੱਖ ਆ ਤਾਰ ਚੁਰਾਸੀ ਗੇੜ ਕਟਾਇਓ । ਈਸ਼ਰ ਜੋਤ ਜਗਤ ਮੇਂ ਆਏ, ਘਰ ਆ ਕੇ ਦੇਵੇ ਮਾਣ ਸਿੱਖਾਂ ਦੀ ਲਾਜ ਰਖਾਇਓ । ਈਸ਼ਰ ਜੋਤ ਜਗਤ ਮੇਂ ਆਏ, ਕਲ ਵਿਚ ਭਗਤ ਲਏ ਪਛਾਣ ਮਹਾਰਾਜ ਸ਼ੇਰ ਸਿੰਘ ਨਾਮ ਧਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਕਲ ਵਿਚ ਲਏ ਅਵਤਾਰ ਸਤਿਜੁਗ ਆਣ ਲਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇਵੇ ਜੀਵ ਉਧਾਰ ਸੋਹੰ ਸ਼ਬਦ ਸੁਣਾਇਓ । ਈਸ਼ਰ ਜੋਤ ਜਗਤ ਮੇਂ ਆਏ, ਨਿਮਾਣਿਆਂ ਦੇਵੇ ਮਾਣ ਗ਼ਰੀਬਾਂ ਨੂੰ ਗਲੇ ਲਗਾਇਓ । ਈਸ਼ਰ ਜੋਤ ਜਗਤ ਮੇਂ ਆਏ, ਹੰਕਾਰੀ ਦਿਤੇ ਨਿਵਾਰ ਰਾਣਿਆਂ ਨੂੰ ਫੜ ਤਖਤੋਂ ਲਾਹਿਓ । ਈਸ਼ਰ ਜੋਤ ਜਗਤ ਮੇਂ ਆਏ, ਚਾਰ ਵਰਨ ਕਰ ਇਕ ਬਹਾਇਓ । ਈਸ਼ਰ ਜੋਤ ਜਗਤ ਮੇਂ ਆਏ, ਆਪ ਹੈ ਬ੍ਰਹਮ ਸਰੂਪ, ਜੀਵ ਬ੍ਰਹਮ ਸਰੂਪ ਉਪਾਇਓ । ਈਸ਼ਰ ਜੋਤ ਜਗਤ ਮੇਂ ਆਏ, ਈਸ਼ਰ ਜੋਤ ਸਰਬ ਜੀਵ ਇਕ ਰੰਗ ਸਮਾਇਓ । ਈਸ਼ਰ ਜੋਤ ਜਗਤ ਮੇਂ ਆਏ, ਆਪ ਏਕਾ ਨਾਉਂ ਇਕ ਸ਼ਬਦ ਸੁਣਾਇਓ । ਈਸ਼ਰ ਜੋਤ ਜਗਤ ਮੇਂ ਆਏ, ਦੇ ਕੇ ਸੋਹੰ ਗਿਆਨ, ਸਤਿਜੁਗ ਰਾਹ ਬਤਾਇਓ । ਈਸ਼ਰ ਜੋਤ ਜਗਤ ਮੇਂ ਆਏ, ਘਰ ਦੇਵੇ ਦਰਸ ਸੁਜਾਨ, ਬਾਹੋਂ ਪਕੜ ਗੁਰਸਿਖ ਆਣ ਤਰਾਇਓ । ਈਸ਼ਰ ਜੋਤ ਜਗਤ ਮੇਂ ਆਏ, ਪ੍ਰਗਟ ਹੋਏ ਮੁਰਾਰ, ਮਹਾਰਾਜ ਸ਼ੇਰ ਸਿੰਘ ਨਾਮ ਰਖਾਇਓ ।

੧੦੬
੦੧

❊ ੩੧ ਵਿਸਾਖ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਿਸ਼ਨ ਕੌਰ ਦੇ ਗ੍ਰਿਹ ❊

ਲਿਖਤ ਲੇਖ ਗੁਰ ਕਲਮ ਚਲਾਈ । ਝੂਠੀ ਦੇਹ ਸਚ ਬਣਤ ਬਣਾਈ । ਦੇਹ ਅੰਧਿਆਰ ਦੀਪਕ ਜੋਤ ਜਗਾਈ । ਕਿਰਪਾ ਕਰ ਕਰਤਾਰ, ਸਰਨ ਪੜੇ ਦੀ ਲਾਜ ਰਖਾਈ । ਗੁਰਸਿਖ ਹੋਏ ਅਪਾਰ, ਚਾਰ ਜੁਗ ਭਗਤਨ ਜਸ ਗਾਈ । ਹੋਵੇ ਜੋਤ ਆਧਾਰ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਈ । ਆਇਆ ਕਲ ਹੈ ਧਾਰ, ਜਿਨ ਇਹ ਬਣਤ ਬਣਾਈ । ਦੇ ਕੇ ਦਰਸ ਸੁਜਾਨ, ਦੁੱਖਾਂ ਦੀ ਢੇਰੀ ਢਾਹੀ । ਜੋ ਆਏ ਚਲ ਦਰਬਾਰ, ਇਕ ਲੱਖ ਅੱਸੀ ਹਜ਼ਾਰ ਭੂਤ ਪਰੇਤ ਸਭ ਨਸ਼ਟ ਹੋ ਜਾਈ । ਗੁਰ ਸੰਗਤ ਦਿਤਾ ਮਾਣ, ਘਰ ਘਰ ਮਿਲੇ ਵਧਾਈ । ਦਰ ਆਏ ਪ੍ਰਵਾਨ, ਪੁੱਤਰ ਦਾਤ ਗੁਰ ਝੋਲੀ ਪਾਈ । ਅੱਜ ਦਿਹਾੜਾ ਅਪਾਰ, ਗੁਰ ਪੂਰੇ ਇਹ ਦਇਆ ਕਮਾਈ । ਪੂਰਬ ਕਰ ਵਿਚਾਰ, ਗੁਰਸਿਖਾਂ ਨੂੰ ਦਾਤ ਦਿਵਾਈ । ਦੇਵੇ ਦਾਤ ਅਪਾਰ, ਨਿਪੁੰਸਕ ਸਿੱਖ ਨਾ ਜਾਈ । ਗੁਰ ਚਰਨੀਂ ਜਿਨ ਸੀਸ ਝੁਕਾਇਆ, ਪਾਰਬ੍ਰਹਮ ਪਰਮੇਸ਼ਰ ਪਾਇਆ । ਗੁਰ ਚਰਨੀਂ ਜਿਨ ਸੀਸ ਝੁਕਾਇਆ, ਗਵਾਇਆ ਮਮਤਾ ਰੋਗ ਸਤਿਜੁਗ ਜੋਤ ਜਗਾਇਆ । ਗੁਰ ਚਰਨੀਂ ਜਿਨ ਸੀਸ ਝੁਕਾਇਆ, ਮਾਨਸ ਜਨਮ ਅਮੋਲ ਸੁਫਲ ਆਣ ਕਰਾਇਆ । ਗੁਰ ਚਰਨੀਂ ਜਿਨ ਸੀਸ ਝੁਕਾਇਆ, ਛੋਡੀ ਜਗਤ ਕੀ ਪ੍ਰੀਤ, ਸਤਿਗੁਰ ਸਤਿ ਮਨਾਇਆ । ਗੁਰ ਚਰਨੀਂ ਜਿਨ ਸੀਸ ਝੁਕਾਇਆ, ਤਰੇ ਆਪ ਆਪਣਾ ਕੁਟੰਬ ਤਰਾਇਆ । ਗੁਰ ਚਰਨੀਂ ਜਿਨ ਸੀਸ ਝੁਕਾਇਆ, ਕਲਜੁਗ ਉਧਰੇ ਜੀਵ ਮਹਾਰਾਜ ਸ਼ੇਰ ਸਿੰਘ ਘਰ ਮਾਹਿ ਪਾਇਆ । ਗੁਰ ਚਰਨੀਂ ਜਿਨ

ਸੀਸ ਝੁਕਾਇਆ, ਦਰਗਾਹ ਹੋਵੇ ਪ੍ਰਵਾਨ ਵਿਚੋਂ ਮਾਣ ਗਵਾਇਆ । ਗੁਰ ਚਰਨੀਂ ਜਿਨ ਸੀਸ ਝੁਕਾਇਆ, ਹੋਏ ਸੁਫਲ ਜਹਾਨ ਜਿਨ ਗੁਰ ਸੰਗਤ ਵਿਚ ਬਹਾਇਆ । ਗੁਰ ਚਰਨੀਂ ਜਿਨ ਸੀਸ ਝੁਕਾਇਆ, ਲਾਹ ਮਨੋਂ ਵਿਕਾਰ ਰੰਗ ਮਜੀਠ ਚੜ੍ਹਾਇਆ । ਗੁਰ ਚਰਨੀਂ ਜਿਨ ਸੀਸ ਝੁਕਾਇਆ, ਗਵਾਇਆ ਮਨੋਂ ਵਿਕਾਰ ਸੋਹੰ ਨਾਮ ਦਿਵਾਇਆ । ਗੁਰ ਚਰਨੀਂ ਜਿਨ ਸੀਸ ਝੁਕਾਇਆ, ਕਲਜੁਗ ਦਿਤਾ ਤਾਰ, ਜਨਮ ਮਰਨ ਦਾ ਗੇੜ ਚੁਕਾਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਹੋਵੇ ਜੋਤ ਆਧਾਰ ਰਸਨਾ ਮਦਿ ਮਾਸ ਨਾ ਲਾਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਵਿਚ ਚੁਰਾਸੀ ਹੋਏ ਨਾ ਖ਼ੁਆਰ, ਗੁਰ ਸਾਚਾ ਇਹ ਸ਼ਬਦ ਸੁਣਾਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਮੇਰਾ ਨਾਮ ਅਪਾਰ ਕਲਜੁਗ ਜੀਵ ਆਣ ਤਰਾਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਮਹਾਰਾਜ ਸ਼ੇਰ ਸਿੰਘ ਭਗਤ ਆਧਾਰ ਪੈਜ ਰੱਖਣ ਭਗਤ ਆਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਕੋਟ ਬ੍ਰਹਿਮੰਡ ਦਾਤਾ ਘਰ ਮੇਂ ਪਾਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਤੁਠਾ ਆਪ ਦਾਤਾਰ ਅੰਮ੍ਰਿਤ ਮੀਂਹ ਬਰਸਾਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਅੰਤ ਗਿਆ ਸੁਧਾਰ ਜਮ ਡੰਡ ਨਾ ਖਾਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਹੋਇਆ ਜੋਤ ਆਧਾਰ ਧਰਮ ਰਾਏ ਨੇ ਮੁਖ ਭਵਾਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਦਿਤਾ ਸਤਿਗੁਰ ਮਾਣ ਸੰਗਤ ਦੇ ਵਿਚ ਬਹਾਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਗੁਣ ਨਿਧਾਨ ਘਰ ਆ ਕੇ ਅੰਤ ਕਾਲ ਦਰਸ ਦਿਖਾਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਦਿਤਾ ਪਾਰ ਉਤਾਰ ਧਾਮ ਬੈਕੁੰਠ ਪੁਚਾਇਆ । ਗੁਰ ਚਰਨੀਂ ਜਿਨ ਸੀਸ ਨਿਵਾਇਆ, ਮਹਾਰਾਜ ਸ਼ੇਰ ਸਿੰਘ ਕਰਮ ਵਿਚਾਰ ਜੋਤੀ ਜੋਤ ਮਿਲਾਇਆ ।

੧੧੦
੦੧

❊ ੧ ਜੇਠ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਪੂਰਨ ਸਿੰਘ ਦੇ ਗ੍ਰਿਹ ❊

ਗੁਰ ਸੰਗਤ ਮਿਲ ਹਰਿ ਜਸ ਗਾਇਆ, ਛੱਡ ਗਗਨ ਪਾਤਾਲ ਵਿਚ ਮਾਤ ਆਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਪ੍ਰਭ ਅਬਿਨਾਸ਼ੀ ਘਰ ਮੇਂ ਪਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਜੋਤ ਸਰੂਪ ਪ੍ਰਭ ਨਜ਼ਰੀ ਆਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਛੱਡ ਬ੍ਰਹਿਮੰਡ ਘਰ ਠਾਂਡੇ ਆਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਜਗਨ ਨਾਥ ਗੋਪਾਲ ਬੀਠਲਾ ਘਰ ਮੇਂ ਪਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਮੁਕੰਦ ਮਨੋਹਰ ਪ੍ਰਭ ਨਜ਼ਰੀ ਆਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਮਹਾਸਾਰਥੀ ਆ ਸਤਿਜੁਗ ਲਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਕਲੂ ਕਾਲ ਕਰ ਸੋਹੰ ਸ਼ਬਦ ਸੁਣਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਦੇਵੇ ਮਾਣ ਆਪ ਗੁਰ ਪੂਰਾ ਚਰਨ ਕਵਲ ਦੇ ਵਿਚ ਬਹਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਗਿਆਨ ਜੋਤ ਹਿਰਦਾ ਪ੍ਰਭ ਸਿੰਘ ਜੋਤ ਜਗਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਦੇਵੇ ਖੋਲ੍ਹ ਕਿਵਾੜ, ਅੰਮ੍ਰਿਤ ਬੂੰਦ ਮੁਖ ਚੁਆਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਗੁਰਸਿਖਾਂ ਦੇਵੇ ਮਾਣ ਝਿਰਨਾਂ ਨਿਝਰੋਂ ਝਿਰਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਸੋਹੰ ਜਪੇ ਨਾਉਂ ਕਵਲ ਮੁਖ ਖੁਲ੍ਹਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਮਹਾਰਾਜ ਸ਼ੇਰ ਸਿੰਘ ਜਪੇ ਨਾਉਂ ਦਸਵਾਂ ਦਵਾਰ ਪ੍ਰਭ ਦਰਸਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਸੋ ਬੂਝੇ ਜਿਨ

ਸ਼ਰਨੀ ਲਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਆਪਣਾ ਭੇਤ ਨਾ ਕਿਸੇ ਬਤਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਖਾਣੀ ਬਾਣੀ ਗਗਨ ਪਤਾਲ ਰਹਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਬੈਠ ਅਡੋਲ ਜੀਵ ਜੰਤ ਸਮਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਮਾਨਸ ਜਨਮ ਦਿਤਾ ਰੋਲ ਗੁਰ ਪੂਰੇ ਦੀ ਸਰਨੀ ਨਾ ਆਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਦਰ ਆਏ ਪ੍ਰਵਾਨ ਜਿਨ੍ਹਾਂ ਗੁਰਮੁਖਾਂ ਗੁਰ ਨਾਮ ਧਿਆਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਸਾਹਿਬ ਅਡੀਠ ਜਿਸ ਇਹ ਖੇਲ ਰਚਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਬੈਠਾ ਸਵੱਛ ਸਰੂਪ ਨਹੀਂ ਉੂੰ ਪਰਦਾ ਪਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਸੰਸਾ ਕਰੇ ਦੂਰ ਦੁੱਖ ਕਲੇਸ਼ ਦਾ ਨਾਸ ਕਰਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਪਾਪੀ ਅਪਰਾਧੀ ਕੀਤੇ ਚੂਰ ਜਿਨ੍ਹਾਂ ਗੁਰ ਤੋਂ ਮੁਖ ਭਵਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਕਲੂ ਕਾਲ ਨਿਹਕਲੰਕ ਹੋ ਆਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਪ੍ਰਗਟਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਗੁਰ ਸੰਗਤ ਗੁਰ ਨਜ਼ਰੀ ਆਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਸੋਹੰ ਸ਼ਬਦ ਗੁਰ ਗਿਆਨ ਦਵਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਟੁੱਟੀ ਗੰਢੇ ਆਣ ਗੁਰ ਵਿਛੜਿਆਂ ਗੁਰ ਮੇਲ ਕਰਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਵਿਛੜੇ ਜੁਗ ਚਾਰ ਅੰਤ ਕਲੂ ਪ੍ਰਭ ਮੇਲ ਕਰਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਪ੍ਰਗਟ ਜੋਤ ਆਕਾਰ ਵਾਹਵਾ ਸਤਿਜੁਗ ਲਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਬ੍ਰਹਮਾ ਵਿਸ਼ਨ ਮਹੇਸ਼ ਦਰ ਖੜ੍ਹੇ ਸੀਸ ਝੁਕਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਕੋਟ ਬ੍ਰਹਿਮੰਡ ਦਾਤਾ ਘਰ ਮਾਹਿ ਪਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਸੰਸਾ ਕੀਤਾ ਦੂਰ ਭਰਮ ਭਉ ਚੁਕਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਚਲ ਆਓ ਹਜ਼ੂਰ ਜਿਨ੍ਹਾਂ ਮਨ ਭੇਖ ਵਟਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਪ੍ਰਭ ਤੋਲੇ ਪੂਰੇ ਤੋਲ ਨਹੀਓਂ ਮੁਖ ਛੁਪਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਦੇ ਕੇ ਸੋਹੰ ਗਿਆਨ ਚਾਰ ਵਰਨ ਉਪਦੇਸ਼ ਦਿਵਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਜੋਤ ਸਰੂਪ ਆਪ ਜਗਤ ਜੋਤ ਜਲਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਭਗਤ ਉਧਾਰ ਆਪ ਗੁਰਸਿਖਾਂ ਸਿਰ ਹੱਥ ਟਿਕਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਬੇਮੁਖਾਂ ਆਈ ਹਾਰ, ਮਦਿ ਮਾਸ ਅਹਾਰ ਬਣਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਕਲਜੁਗ ਦਿਤੇ ਤਾਰ ਜਿਨ੍ਹਾਂ ਪ੍ਰਭ ਦਇਆ ਕਮਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਸਰਬ ਗਵਾਏ ਮਾਣ ਆਪਣਾ ਨਾਮ ਜਪਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਆਪ ਏਕੰਕਾਰ ਦੂਸਰ ਨਾ ਕੋਇ ਰਹਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਹੋਇਆ ਜਗਤ ਆਕਾਰ ਧੁੰਧੂਕਾਰ ਜਗਤ ਜਲਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਗੁਰਸਿਖਾਂ ਦਿਤਾ ਤਾਰ ਜਿਨ੍ਹਾਂ ਪ੍ਰਭ ਦਰਸ ਦਿਖਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਕਲਜੁਗ ਕੀਤੇ ਪਾਰ ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਸਰਨ ਤਕਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਛੱਡ ਧਾਮ ਬੈਕੁੰਠ ਡੇਰਾ ਮਾਤ ਹੈ ਲਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਛੱਡ ਬਾਸ਼ਕ ਸੇਜ ਉਤੇ ਪਲੰਘ ਸੁਹਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਧਰਨੀ ਧਰ ਨਰ ਸਿੰਘ ਨਰਾਇਣ ਆਇਆ । ਗੁਰ ਸੰਗਤ ਮਿਲ ਹਰਿ ਜਸ

ਗਾਇਆ, ਅਚੁੱਤ ਪਾਰਬ੍ਰਹਮ ਪਰਮੇਸ਼ਰ ਜੁਗੋ ਜੁਗ ਜੋਤ ਪ੍ਰਗਟਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਦੇਵਣ ਬ੍ਰਹਮ ਗਿਆਨ ਈਸ਼ਰ ਦੇਹ ਵਿਚ ਆਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਜੋਤ ਸਰੂਪ ਪ੍ਰਭ ਅਬਿਨਾਸ਼ ਸਰਬ ਜੀਵ ਦੇ ਵਿਚ ਸਮਾਇਆ । ਗੁਰ ਸੰਗਤ ਮਿਲ ਹਰਿ ਜਸ ਗਾਇਆ, ਮਹਾਰਾਜ ਸ਼ੇਰ ਸਿੰਘ ਹੋ ਮਿਹਰਵਾਨ, ਕਲਜੁਗ ਆ ਮਾਣ ਦਵਾਇਆ । ਈਸ਼ਰ ਆਪਣਾ ਆਪ ਉਪਾਇਆ । ਕੁਦਰਤ ਰੂਪ ਸ੍ਰਿਸ਼ਟ ਬਣਾਇਆ । ਜਗੇ ਜੋਤ ਨਿਰੰਜਣ ਰਾਇਆ । ਉਨੰਜਾ ਪਵਣ ਸਿਰ ਛਤਰ ਝੁਲਾਇਆ । ਨਾ ਇਹ ਡੁੱਲੇ ਨਾ ਕਿਸੇ ਡੁਲਾਇਆ । ਚਾਰ ਜੁਗ ਪ੍ਰਭ ਖੇਲ ਰਚਾਇਆ । ਨਾਉਂ ਆਪ ਨਿਰੰਕਾਰ ਰਖਾਇਆ । ਕਵਲ ਨਾਭ ਦਾ ਮੁਖ ਖੁਲ੍ਹਾਇਆ । ਬ੍ਰਹਮ ਸਰੂਪ ਬ੍ਰਹਮਾ ਉਪਾਇਆ । ਚਾਰ ਮੁਖ ਕਾ ਸਰੂਪ ਲਗਾਇਆ । ਜਗਤ ਗੁਰੂ ਇਹ ਪਾਈ ਮਾਇਆ । ਸ਼ਿਵਾ ਦਾ ਆਣ ਮਾਣ ਗਵਾਇਆ । ਮੋਹਣੀ ਰੂਪ ਹੋ ਦਰਸ ਦਿਖਾਇਆ । ਹੋਏ ਰਾਮ ਰਘਵੰਸ, ਘਰ ਭੀਲਣੀ ਭੋਗ ਲਗਾਇਆ । ਦੁਆਪਰ ਕ੍ਰਿਸ਼ਨ ਮੁਰਾਰ ਬਿਦਰ ਨੂੰ ਆਣ ਤਰਾਇਆ । ਕਲਜੁਗ ਲੈ ਅਵਤਾਰ ਸ਼ੇਰ ਸਿੰਘ ਨਾਮ ਰਖਾਇਆ । ਪ੍ਰਗਟੀ ਜੋਤ ਅਪਾਰ, ਪੈਜ ਭਗਤਨ ਦੀ ਰੱਖਣ ਆਇਆ । ਸਤਿਜੁਗ ਲੈ ਅਵਤਾਰ, ਧ੍ਰੂ ਪ੍ਰਹਿਲਾਦ ਤਰਾਇਆ । ਬਲ ਰਾਜੇ ਦਿਤਾ ਮਾਣ, ਵਿਚ ਪਾਤਾਲ ਪੁਚਾਇਆ । ਅੰਬਰੀਕ ਦਿਤਾ ਤਾਰ, ਦੁਰਬਾਸ਼ਾ ਸ਼ਰਨੀ ਲਾਇਆ । ਜਨਕ ਦਿਤਾ ਉਧਾਰ, ਗੁਰ ਪੁਰੀ ਸਿਧਾਇਆ । ਦਰੋਪਤ ਹੋਈ ਪਾਰ, ਘਨਈਆ ਘਰ ਮਾਹਿ ਪਾਇਆ । ਬਿਦਰ ਪਾਈ ਸਾਰ, ਜਿਥੇ ਪ੍ਰਭ ਭੋਗ ਲਗਾਇਆ । ਸੁਦਾਮੇ ਦਲਿਦਰੀ ਕਰੀ ਵਿਚਾਰ, ਚਾਰ ਪਦਾਰਥ ਦਾਨ ਦਿਵਾਇਆ । ਜੁਗੋ ਜੁਗ ਪ੍ਰਭ ਭੇਸ ਵਟਾਇਆ ਕਬੀ ਜੋਤ ਸਰੂਪ ਕਬੀ ਦੇਹ ਪਲਟਾਇਆ । ਸੋਈ ਪਾਏ ਸਾਰ, ਜਿਨ੍ਹਾਂ ਗੁਰ ਦਰਸ ਦਿਖਾਇਆ । ਜੈਦੇਉ ਦਿਤਾ ਤਾਰ, ਨਵਾਂ ਲੇਖ ਲਿਖਾਇਆ । ਨਾਮੇ ਪਾਈ ਸਾਰ, ਦਿਤੀ ਗਾਏ ਜਿਵਾਲ ਦੁੱਧ ਨੂੰ ਭੋਗ ਲਗਾਇਆ । ਧੰਨੇ ਲਿਆ ਭਾਲ, ਪੱਥਰੋਂ ਭਗਵਾਨ ਬੀਠਲਾ ਪਾਇਆ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਸੋ ਵੇਖੇ ਜਿਨ ਆਪ ਬੁਝਾਇਆ । ਦਿਤਾ ਬੇਣੀ ਤਾਰ, ਇਕ ਮਨ ਜੋਤ ਜਗਾਇਆ । ਕੀਤਾ ਸੰਗਤ ਪਿਆਰ, ਸੈਣ ਰੂਪ ਹਰਿ ਵਟਾਇਆ । ਐਸਾ ਪ੍ਰਭ ਦਾਤਾਰ, ਜੁਗ ਜੁਗ ਜਗਤ ਭੁਲਾਇਆ । ਭਗਤਾਂ ਆਈ ਵਿਚਾਰ, ਜਿਨ੍ਹਾਂ ਪ੍ਰਭ ਦਾ ਦਰਸ਼ਨ ਪਾਇਆ । ਬੇਮੁਖ ਨਾ ਪਾਵਣ ਸਾਰ, ਐਵੇਂ ਬਿਰਥਾ ਜਨਮ ਗਵਾਇਆ । ਗੁਰਸਿਖਾਂ ਪਾਈ ਸਾਰ, ਜਿਨ੍ਹਾਂ ਹਰਿ ਦਰਸ ਦਿਖਾਇਆ । ਕਲਜੁਗ ਦਿਤਾ ਤਾਰ, ਗੁਰ ਚਰਨੀਂ ਜਿਨ ਸੀਸ ਝੁਕਾਇਆ । ਸਤਿਜੁਗ ਲਾਇਆ ਪਾਰ, ਸੋਹੰ ਸ਼ਬਦ ਸੁਣਾਇਆ । ਹਿਰਦੇ ਹੋਵੇ ਗਿਆਨ, ਗਿਆਨ ਗੋਝ ਵਖਾਇਆ । ਮਾਣਸ ਜਨਮ ਲਿਆ ਹਾਰ, ਜਿਨ੍ਹਾਂ ਗੁਰ ਤੋਂ ਮੁਖ ਭਵਾਇਆ । ਮਹਾਰਾਜ ਸ਼ੇਰ ਸਿੰਘ ਭਏ ਅਵਤਾਰ, ਕ੍ਰਿਸ਼ਨ ਮੁਰਾਰ ਪ੍ਰਗਟਾਇਆ । ਰਵਿਦਾਸ ਦਿਤਾ ਤਾਰ, ਹੋਏ ਅਧੀਨ ਪ੍ਰਭ ਜਸ ਗਾਇਆ । ਬਾਹਰ ਮੈਲੇ ਚੀਥੜੇ, ਵਿਚ ਲਾਲ ਰੰਗ ਗੁਲਾਲ ਲਗਾਇਆ । ਕਬੀਰ ਪਾਈ ਸਾਰ, ਸਚਖੰਡ ਸਿਧਾਇਆ । ਅਜਾਮਲ ਪਾਪੀ ਦਿਤਾ ਤਾਰ, ਨਾਉਂ ਨਰਾਇਣ ਮੁਖੋਂ ਗਾਇਆ । ਗਨਕਾ ਦਿਤੀ ਤਾਰ, ਨਾਮ ਨਿਰੰਜਣ ਨਾਮ ਦਿਵਾਇਆ । ਪਾਪਣ ਪੂਤਨਾ ਦਿਤੀ ਪਛਾੜ, ਕ੍ਰਿਸ਼ਨ ਨੂੰ ਜਿਨ ਦੁੱਧ ਚੁੰਘਾਇਆ । ਬੱਧਕ ਦਿਤਾ ਤਾਰ, ਜਿਨ ਗੁਰ ਚਰਨੀਂ ਤੀਰ ਲਗਾਇਆ । ਪ੍ਰਗਟ ਕ੍ਰਿਸ਼ਨ ਮੁਰਾਰ, ਨਿਮਾਣਿਆਂ ਨੂੰ ਗਲੇ ਲਗਾਇਆ । ਕਲਜੁਗ ਲੈ ਅਵਤਾਰ, ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਜੋਤ ਸੰਗ ਜੋਤ ਮਿਲਾਇਆ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਸਚ ਸੁੱਚ ਸਭ ਥਾਂ ਵਰਤਾਇਆ ।

ਵਾਹਵਾ ਸਤਿਗੁਰ ਸਤਿਜੁਗ ਲਾਇਆ, ਮਦਿ ਮਾਸ ਦਾ ਨਾਸ ਕਰਾਇਆ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਬ੍ਰਹਮ ਸਰੂਪ ਬ੍ਰਹਮ ਸਮਾਇਆ । ਵਾਹਵਾ ਸਤਿਗੁਰ ਸਤਿਜੁਗ ਲਾਇਆ, ਆਪ ਇਕ ਬਹੁ ਰੰਗ ਸਮਾਇਆ । ਪ੍ਰਗਟ ਆਪਣੀ ਜੋਤ, ਕਲ ਮਾਹਿ ਦਰਸ ਦਿਖਾਇਆ । ਦੇ ਤ੍ਰੈਕੁਟੀ ਖੋਲ੍ਹ, ਅਨਹਦ ਸ਼ਬਦ ਵਜਾਇਆ । ਜੋ ਤਿਨ੍ਹ ਪਾਏ ਸਾਰ, ਤਿਨ੍ਹਾਂ ਜਮ ਡੰਡ ਨੇੜ ਨਾ ਆਇਆ । ਰਸਨਾ ਜਪੇ ਨਾਉਂ, ਦੁੱਖ ਕਲੇਸ਼ ਪ੍ਰਭ ਨਾਸ ਕਰਾਇਆ । ਅੰਤ ਕਾਲ ਪ੍ਰਭ ਹੋਏ ਕਿਰਪਾਲ ਦਰਸ ਦਿਖਾਇਆ । ਗੁਰਸਿਖ ਵਿਚ ਬਬਾਣ ਗੁਰ ਪੁਰੀ ਸਿਧਾਇਆ । ਪ੍ਰਗਟ ਹੋ ਭਗਵਾਨ ਸਤਿਜੁਗ ਰਾਹ ਚਲਾਇਆ । ਗੁਰਸਿਖਾਂ ਦੇਵੇ ਮਾਣ, ਧਾਮ ਬੈਕੁੰਠ ਪੁਚਾਇਆ । ਆਪ ਹੈ ਜੋਤ ਸਰੂਪ, ਸਿੱਖ ਵਿਚ ਜੋਤ ਸਮਾਇਆ । ਪ੍ਰਭ ਵਿਸਮਾਦੇ ਵਿਸਮਾਦ ਸਮਾਇਆ । ਗੁਰਸਿਖਾਂ ਸੰਗ ਬੇਮੁਖ ਤਰਾਇਆ । ਚੰਦਨ ਪਾਸ ਨਿੰਮ ਮਹਿਕਾਇਆ । ਸੋਹੰ ਸ਼ਬਦ ਗੁਰ ਬਾਣ ਚਲਾਇਆ । ਚਾਰ ਕੁੰਟ ਜਗਤ ਜਲਾਇਆ । ਜੋਤ ਸਰੂਪ ਪਾਣੀ ਪਵਣ ਸਮਾਇਆ । ਬੈਠ ਆਪ ਅਡੋਲ, ਸਾਰਾ ਜਗਤ ਡੁਲਾਇਆ । ਬੈਠੇ ਜੀਵ ਅਣਭੋਲ, ਕਲਜੁਗ ਸਿਰ ਤੇ ਆਇਆ । ਦਿਤੇ ਜੀਵ ਆ ਰੋਲ, ਨਿਹਕਲੰਕ ਜੋਤ ਪ੍ਰਗਟਾਇਆ । ਮਹਾਰਾਜ ਸ਼ੇਰ ਸਿੰਘ ਆਪ ਅਤੋਲ, ਸਾਰਾ ਜਗਤ ਤੁਲਾਇਆ । ਗੁਰਸਿਖਾਂ ਦੇ ਗਿਆਨ, ਆਪਣਾ ਆਪ ਬੁਝਾਇਆ । ਕਲਜੁਗ ਹੋ ਕਿਰਪਾਲ, ਸਿੱਖਾਂ ਨੂੰ ਦਰਸ ਦਿਖਾਇਆ । ਛੱਡ ਖੰਡ ਬ੍ਰਹਿਮੰਡ, ਸਿੱਖਾਂ ਵਿਚ ਡੇਰਾ ਲਾਇਆ । ਇਹ ਧਾਮ ਅਪਾਰ, ਜਿਥੇ ਗੁਰ ਚਰਨ ਟਿਕਾਇਆ । ਕੱਟੇ ਹਉਮੇ ਰੋਗ, ਦੁੱਖਾਂ ਦਾ ਨਾਸ ਕਰਾਇਆ । ਗੁਣ ਨਿਧਾਨ ਘਰ ਆ ਲੇਖ ਲਿਖਾਇਆ । ਟੁੱਟੀ ਗੰਢੇ ਆਪ, ਸਮਰਥ ਪੁਰਖ ਆਪ ਰਘੁਰਾਇਆ । ਬੈਠੇ ਆਪ ਸਮਰਥ, ਪ੍ਰਭ ਨੇ ਭੇਸ ਵਟਾਇਆ । ਪ੍ਰਭ ਹੈ ਅਕਥ, ਕਿਸੇ ਕਥੇ ਨਾ ਜਾਇਆ । ਇਹ ਦੇਹ ਸਵੱਛ, ਜਿਥੇ ਪ੍ਰਭ ਜੋਤ ਜਗਾਇਆ । ਸੋਹੰ ਨਾਮ ਵੱਥ, ਜੀਆਂ ਨੂੰ ਦਾਨ ਦਵਾਇਆ । ਬੇਮੁੱਖਾਂ ਪਾਈ ਨੱਥ, ਦਰ ਦਰ ਚੱਕਰ ਲਵਾਇਆ । ਨਿਮਾਣਿਆਂ ਦੇਵੇ ਮਾਣ, ਰਾਣਿਆਂ ਤਖ਼ਤੋਂ ਲਾਹਿਆ । ਆਪ ਬ੍ਰਹਮ ਸਰੂਪ, ਜੀਵ ਬ੍ਰਹਮ ਉਪਾਇਆ । ਗਵਾਏ ਸਭ ਦਾ ਮਾਣ, ਚਾਰ ਵਰਨ ਕਰ ਇਕ ਬਹਾਇਆ । ਤੀਨ ਲੋਕ ਹੋਈ ਜੈ ਜੈਕਾਰ, ਸੋਹੰ ਸ਼ਬਦ ਧੁਨ ਵਜਾਇਆ । ਦੇਵੀ ਦੇਵਤੇ ਕਰਨ ਵਿਚਾਰ, ਕਿਥੇ ਗੁਰ ਸ਼ਬਦ ਅਲਾਇਆ । ਬ੍ਰਹਮਾ ਵਿਸ਼ਨ ਮਹੇਸ਼ ਖੜ੍ਹੇ ਦਰਬਾਰ, ਤਿਨ੍ਹਾਂ ਗੁਰ ਨਜ਼ਰ ਨਾ ਆਇਆ । ਬ੍ਰਹਮਾ ਆਈ ਹਾਰ, ਆਪਣਾ ਆਪ ਗਵਾਇਆ । ਪ੍ਰਗਟਿਆ ਜੋਤ ਸਰੂਪ, ਵਿਚ ਜੋਤ ਸਮਾਇਆ । ਗਗਨ ਪਤਾਲ ਪ੍ਰਭ ਨੇ ਆਣ ਹਿਲਾਇਆ । ਸ੍ਰਿਸ਼ਟੀ ਸਾਜੇ ਆਪ ਪ੍ਰਭ ਹੈ ਜੋਤ ਸਰੂਪਾ । ਅਨਹਦ ਸ਼ਬਦ ਵਜਾਏ ਭੂਪਾ । ਸੋਹੰ ਸ਼ਬਦ ਸਦਾ ਅਨੂਪਾ । ਨਾਮ ਨਿਰੰਜਣ ਗੁਰਚਰਨ ਸਰਬ ਮਿਲ ਹੈ ਸੂਖਾ । ਮਹਾਰਾਜ ਸ਼ੇਰ ਸਿੰਘ ਸਦਾ ਸਦ ਖੇਲ ਅਨੂਪਾ । ਗੁਰਸਿਖਾਂ ਮਨ ਸਦਾ ਖੁਮਾਰੀ । ਨਿਰੰਜਣ ਜੋਤ ਆਕਾਸ਼ੋਂ ਉਤਾਰੀ । ਪ੍ਰਭ ਅਬਿਨਾਸ਼ੀ ਸਦ ਨਿਰਾਧਾਰੀ । ਗੁਰਸਿਖਾਂ ਪੈਜ ਆਣ ਸਵਾਰੀ । ਕਲਜੁਗ ਹਉਮੇ ਕਟ ਬਿਮਾਰੀ । ਸੋਹੰ ਸ਼ਬਦ ਗੁਰ ਕੀਤੀ ਕਾਰੀ । ਦਰ ਆਏ ਮਨ ਦੁਬਧਾ ਭਾਰੀ । ਨਰਕਵਾਸ ਹੋਵੇ ਦੁਸ਼ਟ ਦੁਰਾਚਾਰੀ । ਉਨ੍ਹਾਂ ਲਏ ਉਧਾਰ, ਜਿਨ ਹਿਰਦੇ ਨਾਮ ਮੁਖ ਉਚਾਰੀ । ਕਲਜੁਗ ਭਏ ਅਵਤਾਰ, ਮਹਾਰਾਜ ਸ਼ੇਰ ਸਿੰਘ ਨਿਰੰਕਾਰੀ । ਨਿਰੰਕਾਰ ਅਛੱਲ ਅਡੋਲ । ਜੋਤ ਸਰੂਪ ਜਗਤ ਮੌਲ । ਸਾਧ ਸੰਗਤ ਵਿਚ ਪ੍ਰਭ ਸਦਾ ਅਡੋਲ । ਸੋਹੰ ਸ਼ਬਦ ਸੁਣਾਵੇ ਅਨਮੋਲ । ਮਹਾਰਾਜ ਸ਼ੇਰ ਸਿੰਘ ਸਦਾ ਅਣਤੋਲ । ਗੁਰ ਪੂਰੇ ਦੀ ਇਹ ਵਡਿਆਈ । ਸਰਨ ਪੜੇ ਦੀ ਲਾਜ ਰਖਾਈ । ਪਸੂ ਪਰੇਤੋਂ ਦੇਵ ਬਣਾਈ । ਕੋਈ ਨਾ ਖੋਜੇ ਘਰ ਦੇ ਬੁਝਾਈ । ਜੋਤ ਜੁਗਤ ਪ੍ਰਭ

ਇਹ ਚਲਾਈ । ਜਿਉਂ ਦੀਪਕ ਸੰਗ ਦੀਪਕ ਜਲ ਜਾਈ । ਗੁਰ ਸੰਗਤ ਗੁਰ ਮਾਣ ਦਿਵਾਇਆ । ਆਏ ਦਰ ਪ੍ਰਵਾਨ, ਜਿਨ ਸਰਨੀਂ ਸੀਸ ਝੁਕਾਇਆ । ਕਿਰਪਾ ਕਰੇ ਕਰਤਾਰ, ਦੁੱਖਾਂ ਦਾ ਡੇਰਾ ਢਾਹਿਆ । ਵਾਂਗ ਕ੍ਰਿਸ਼ਨ ਮੁਰਾਰ, ਨਿਮਾਣਿਆਂ ਗਲੇ ਲਗਾਇਆ । ਬਰਸੇ ਕਿਰਪਾ ਧਾਰ, ਅੰਮ੍ਰਿਤ ਮੁਖ ਚੁਆਇਆ । ਪਾਰਬ੍ਰਹਮ ਪਰਮੇਸ਼ਵਰ ਘਰ ਮਾਹਿ ਪਾਇਆ । ਦੁੱਖਾਂ ਲਾਹੇ ਕਾਣ, ਗੁਰਸਿਖਾਂ ਨੂੰ ਮਾਣ ਦਿਵਾਇਆ । ਦੇ ਕੇ ਸੋਹੰ ਗਿਆਨ, ਆਪਣਾ ਨਾਮ ਜਪਾਇਆ । ਡਿੱਗੇ ਦਰ ਤੇ ਆਣ, ਸਿਰ ਤੇ ਛਤਰ ਝੁਲਾਇਆ । ਦਰਗਾਹ ਦਿਤਾ ਮਾਣ, ਜਿਨ੍ਹਾਂ ਗੁਰ ਦਰਸ਼ਨ ਪਾਇਆ । ਹੋਏ ਭਵਜਲ ਪਾਰ, ਜਿਨ੍ਹਾਂ ਗੁਰ ਨਾਮ ਧਿਆਇਆ । ਦੇ ਕੇ ਦਰਸ ਅਪਾਰ, ਕਲਜੁਗ ਆਣ ਤਰਾਇਆ । ਮਹਾਰਾਜ ਸ਼ੇਰ ਸਿੰਘ ਨਿਰਾਹਾਰ, ਜੋਤ ਰੂਪ ਸਮਾਇਆ । ਜੋਤੀ ਜੋਤ ਅਗੰਮ ਕਿਸੇ ਭੇਦ ਨਾ ਪਾਇਆ । ਗੁਰਮੁਖਾਂ ਦੇ ਬੁਝਾਏ, ਜਿਨ੍ਹਾਂ ਦਰ ਤੇ ਸੀਸ ਝੁਕਾਇਆ । ਗੁਰ ਪੁਰੀ ਗੁਰ ਧਾਮ ਬਣਾਇਆ । ਜਿਥੇ ਈਸ਼ਰ ਜੋਤ ਪ੍ਰਗਟਾਇਆ । ਰਲ ਮਿਲ ਸਖੀਆਂ ਮੰਗਲ ਗਾਇਆ । ਗੁਰ ਸੰਗਤ ਪ੍ਰਭ ਰਿਦੇ ਧਿਆਇਆ । ਪਲੰਘ ਉਠਾਇਆ ਸੀਸ, ਝੂਲਾ ਝੂਲ ਹਿਲਾਇਆ । ਕਰ ਕੇ ਖੇਲ ਅਪਾਰ, ਧੱਕਾ ਜਗਤ ਨੂੰ ਲਾਇਆ । ਡੁੱਬਦੇ ਲਾਏ ਪਾਰ, ਜਿਨ੍ਹਾਂ ਗੁਰ ਦਰਸ ਦਿਖਾਇਆ । ਮੋਰ ਖੰਭ ਗੁਰ ਚਵਰ ਲੈ, ਗੁਰਸਿਖਾਂ ਸਿਰ ਝੁਲਾਇਆ । ਦੁੱਖ ਖੰਡਣਹਾਰ ਪ੍ਰਭ ਪੂਰਾ, ਦੇਹ ਕਸ਼ਟ ਸਭ ਨਾਸ ਕਰਾਇਆ । ਹੋਏ ਕਿਰਪਾਲ ਪ੍ਰਭ ਦਿਤਾ ਦਾਨ, ਸੋਹੰ ਸ਼ਬਦ ਕਾਇਆ ਕੰਚਨ ਰੋਗ ਗਵਾਇਆ । ਜੋ ਜਨ ਸਿਮਰੇ ਮੇਰਾ ਨਾਉਂ, ਭੈ ਭਿਆਨਕ ਵਿਚ ਹੋਏ ਸਹਾਇਆ । ਮੈਂ ਆਪ ਪੂਰਨ ਪੁਰਖ ਪਰਮੇਸ਼ਰ, ਮਾਤ ਪਾਤਾਲ ਆਕਾਸ਼ ਸੁਹਾਇਆ । ਮੇਰੀ ਜੋਤ ਸਦਾ ਅਡੋਲ, ਤੀਨ ਲੋਕ ਦੇ ਵਿਚ ਸਮਾਇਆ । ਐਸਾ ਮੇਰਾ ਨਾਮ ਨਿਰਾਲਾ, ਬਿਨ ਭਗਤਾਂ ਕਿਸੇ ਹੱਥ ਨਾ ਆਇਆ । ਮਹਾਰਾਜ ਸ਼ੇਰ ਸਿੰਘ ਸਦ ਮਿਹਰਵਾਨ, ਦਰ ਆਇਆਂ ਦਾ ਦੁੱਖ ਗਵਾਇਆ । ਘਟ ਘਟ ਵਾਸੀ ਸਰਬ ਨਿਵਾਸੀ, ਕਲਜੁਗ ਦਾ ਅੰਤ ਕਰਾਇਆ । ਜਪਾਵੇ ਸੋਹੰ ਨਾਮ, ਦਰਗਾਹ ਵਿਚ ਤਰਾਇਆ । ਬੇਮੁੱਖਾਂ ਆਈ ਹਾਰ, ਨਿੰਦਕਾਂ ਸਿਰ ਛਾਹੀ ਪਾਇਆ । ਗੁਰਸਿਖਾਂ ਮਨ ਵਿਚਾਰ, ਪੂਰਾ ਸਤਿਗੁਰ ਘਰ ਮੇਂ ਪਾਇਆ । ਆਪਣਾ ਸਤਿਗੁਰ ਭੇਵ ਖੁਲ੍ਹਾਵੇ, ਜਗਤ ਡੰਕ ਸੋਹੰ ਲਾਇਆ । ਹੰਕਾਰੀਆਂ ਨਿੰਦਕਾਂ ਮਾਣ ਗਵਾ ਕੇ, ਨਿਮਾਣਿਆਂ ਤਾਈਂ ਗਲੇ ਲਗਾਇਆ । ਜੋ ਦਰ ਚਲ ਕੇ ਪਰਖਣ ਆਏ, ਉਹਨਾਂ ਇਹ ਵਰ ਘਰ ਪਾਇਆ । ਦੁਰਮਤ ਦੇਹ ਫਿਰੇ ਦੁਰਾਚਾਰੀ, ਧਰਮ ਰਾਏ ਨੱਕ ਨੱਥ ਪਾਇਆ । ਕੁੰਭੀ ਨਰਕ ਫੜੇ ਫੜ ਡਾਰੀ, ਰੋਵੇ ਬਪਰਾ ਨਾ ਕਿਸੇ ਛੁਡਾਇਆ । ਐਸੀ ਪ੍ਰਭ ਦੇ ਸਜ਼ਾਏ, ਹਾਹਾਕਾਰ ਕਰ ਬਿਲਲਾਇਆ । ਕੋਈ ਨਾ ਲਵੇ ਸਾਰ, ਐਸਾ ਪ੍ਰਭ ਨੇ ਡੰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਭਇਆ ਅਵਤਾਰ, ਹੰਕਾਰੀਆਂ ਤਾਈਂ ਨਾਸ ਕਰਾਇਆ । ਮਨ ਮੇਂ ਧਰੇ ਧਿਆਨ, ਚਰਨ ਨਾ ਸੀਸ ਝੁਕਾਏ । ਮਨ ਮੇਂ ਧਰੇ ਗੁਮਾਨ, ਦਰ ਦਰ ਚੋਟਾਂ ਖਾਏ । ਮਨ ਮੇਂ ਹੋਵੇ ਗੁਮਾਨ, ਦਰਗਹਿ ਵਿਚ ਠੌਰ ਨਾ ਪਾਵੇ । ਪਾਪੀ ਅਪਰਾਧੀ ਕੁਸ਼ਟੀ ਕੋਹੜੀ ਕੁਲ ਤਾਈਂ ਕਲੰਕ ਲਵਾਵੇ । ਐਸਾ ਸ਼ਬਦ ਗੁਰ ਲਿਖਾਏ । ਪੂਰਾ ਦੁਖੀਆ ਹੋਵੇ ਜਗਤ ਬਿਲਲਾਵੇ । ਸ਼ਬਦ ਰੂਪ ਗੁਰ ਬਚਨ ਲਿਖਾਇਆ । ਸ਼ਬਦ ਰੂਪ ਵਿਚ ਦੇਹ ਦੇ ਆਇਆ । ਸ਼ਬਦ ਰੂਪ ਪ੍ਰਭ ਜੋਤ ਜਗਾਇਆ । ਸ਼ਬਦ ਰੂਪ ਧੁਨ ਸ਼ਬਦ ਵਜਾਇਆ । ਸ਼ਬਦ ਰੂਪ ਸੋਹੰ ਨਾਮ ਦ੍ਰਿੜਾਇਆ । ਸ਼ਬਦ ਰੂਪ ਅਗਿਆਨ ਅੰਧੇਰ ਚੁਕਾਇਆ । ਸ਼ਬਦ ਰੂਪ ਸਰਬ ਥਾਏਂ ਸਮਾਇਆ । ਸ਼ਬਦ ਰੂਪ ਕਿਸੇ ਨਜ਼ਰ ਨਾ ਆਇਆ । ਸ਼ਬਦ ਰੂਪ ਗੁਰਸਿਖਾਂ ਪ੍ਰਗਟਾਇਆ । ਸ਼ਬਦ ਰੂਪ ਹੰਕਾਰੀਆਂ ਹੰਕਾਰ ਗਵਾਇਆ ।

ਸ਼ਬਦ ਰੂਪ ਨਿਹਕਲੰਕ ਅਖਵਾਇਆ । ਸ਼ਬਦ ਰੂਪ ਸੰਸਾਰ ਸਾਗਰ ਸਿੱਖ ਪਾਰ ਤਰਾਇਆ । ਸ਼ਬਦ ਰੂਪ ਜੀਵ ਜੰਤ ਸੁਹਾਇਆ । ਸ਼ਬਦ ਰੂਪ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਸੁਰਤ ਸ਼ਬਦ ਜੋ ਜਨ ਲਾਵੇ, ਅਨਹਦ ਸ਼ਬਦ ਮਨ ਵਜਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਰਾਗ ਰਿਸਾਰੰਗ ਘਰ ਮਾਹਿ ਪਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਦੀਪਕ ਜੋਤ ਦੇਹ ਮਾਹਿ ਜਗਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਨਿਜ ਘਰ ਬੈਠਾ ਤਾੜੀ ਲਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਜੋਤੀ ਜੋਤ ਪ੍ਰਭ ਸੰਗ ਮਿਲ ਜਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਅੰਧਘੋਰ ਪ੍ਰਭ ਅਬਿਨਾਸ਼ੀ ਪਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਸਤਿਜੁਗ ਸਾਚਾ ਪ੍ਰਭ ਆਪ ਦਿਖਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਸਤਿਜੁਗ ਸ਼ਬਦ ਸੋਹੰ ਗੁਣ ਗਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਹੋਵੇ ਬ੍ਰਹਮ ਗਿਆਨ ਵਿਚੋਂ ਭੇਤ ਚੁਕਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਮਨੋਂ ਜਾਏ ਵਿਕਾਰ ਹਿਰਦੇ ਜੋਤ ਜਗਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਹੋਵੇ ਜੋਤ ਆਧਾਰ ਅਗਿਆਨ ਅੰਧੇਰ ਗਵਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਪ੍ਰਗਟ ਹੋ ਪ੍ਰਭ ਆਪ ਆਪਣਾ ਆਪ ਦਰਸਾਵੇ । ਸੁਰਤ ਸ਼ਬਦ ਜੋ ਜਨ ਲਾਵੇ, ਕਲਜੁਗ ਜਾਮਾ ਧਾਰ ਮਹਾਰਾਜ ਸ਼ੇਰ ਸਿੰਘ ਪੈਜ ਰਖਾਵੇ ।

❊ ੨ ਜੇਠ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਠਾਕਰ ਸਿੰਘ ਦੇ ਗ੍ਰਿਹ ❊

ਗੁਰ ਗਹਿਰ ਗੰਭੀਰ ਪ੍ਰਗਟੇ ਘਰ ਭਗਤ ਸੁਜਾਨਾ । ਧੰਨ ਮੰਦਰ ਚਰਨ ਧਰਾਪਿਆ ਵਿਸ਼ਨੂੰ ਭਗਵਾਨਾ । ਕਲਜੁਗ ਤਾਰਨ ਆ ਗਿਆ, ਕਰ ਖੇਲ ਬਿਧਨਾਨਾ । ਹਰਿ ਮੰਦਰ ਥਾਨ ਸੁਹਾ ਲਿਆ, ਵਾਂਗ ਭਗਤ ਸੁਦਾਮਾ । ਗੁਰਸਿਖਾਂ ਮਾਣ ਦਿਵਾ ਲਿਆ, ਉਪਜੇ ਬ੍ਰਹਮ ਗਿਆਨਾ । ਸੋਹੰ ਸ਼ਬਦ ਦਿਵਾ ਲਿਆ, ਮਨ ਉਪਜੇ ਗੁਰ ਨਾਮਾ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾ ਲਿਆ, ਸੁਫਲ ਹੋਵੇ ਸਭ ਕਾਮਾ । ਧੰਨ ਸੁਹਾਇਆ ਥਾਨ, ਜਿਥੇ ਗੁਰ ਜੋਤ ਜਗਾਏ । ਧੰਨ ਸੁਹਾਇਆ ਥਾਨ, ਜਿਥੇ ਗੁਰ ਭੋਗ ਲਗਾਏ । ਧੰਨ ਸੁਹਾਇਆ ਥਾਨ, ਜਿਥੇ ਗੁਰ ਰੋਗ ਗਵਾਏ । ਧੰਨ ਸੁਹਾਇਆ ਥਾਨ, ਜਿਥੇ ਵਿਛੜੇ ਸੰਜੋਗ ਮਿਲਾਏ । ਧੰਨ ਸੁਹਾਇਆ ਥਾਨ, ਜਿਥੇ ਗੁਰਸਿਖ ਬਣਾਏ । ਧੰਨ ਸੁਹਾਇਆ ਥਾਨ, ਜਿਥੇ ਜੀਵ ਤਾਈਂ ਗੁਰ ਗਿਆਨ ਦਿਵਾਏ । ਧੰਨ ਸੁਹਾਇਆ ਥਾਨ, ਜਿਥੇ ਨਰ ਨਰਾਇਣ ਨਿਰੰਜਣ ਆਏ । ਧੰਨ ਸੁਹਾਇਆ ਥਾਨ, ਜਿਥੇ ਨਾਥ ਤ੍ਰਲੋਕੀ ਭਗਤ ਤਰਾਏ । ਧੰਨ ਸੁਹਾਇਆ ਥਾਨ, ਜਿਥੇ ਆਤਮ ਜੋਤ ਗੁਰ ਦੇ ਜਗਾਏ । ਧੰਨ ਸੁਹਾਇਆ ਥਾਨ, ਜਿਥੇ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ । ਧੰਨ ਗੁਰਸਿਖ ਜਿਨ ਸੇਵ ਕਮਾਈ । ਧੰਨ ਗੁਰਸਿਖ ਜਿਨ ਮਿਲੀ ਵਡਿਆਈ । ਧੰਨ ਗੁਰਸਿਖ ਜਿਨ ਬੂਝ ਬੁਝਾਈ । ਧੰਨ ਗੁਰਸਿਖ ਹਉਮੇ ਮਮਤਾ ਮੈਲ ਗਵਾਈ । ਧੰਨ ਗੁਰਸਿਖ ਸਿੱਖੀ ਸਿਖਿਆ ਮਨ ਟਿਕਾਈ । ਧੰਨ ਗੁਰਸਿਖ ਗੁਰ ਪੂਰੇ ਦੀ ਸੋਝੀ ਪਾਈ । ਧੰਨ ਗੁਰਸਿਖ ਕਲ ਵਿਚ ਬੰਸ ਲਿਆ ਤਰਾਈ । ਧੰਨ ਗੁਰਸਿਖ ਮੁਕਤ ਜੁਗਤ ਦੀ ਸੋਝੀ ਪਾਈ । ਧੰਨ ਗੁਰਸਿਖ ਸੇਵਾ ਵਿਚ ਪਿਆਰ ਘਰ ਜੋਤ ਜਗਾਈ । ਧੰਨ ਗੁਰਸਿਖ ਉਪਜੇ ਨਾਮ ਸੋਹੰ ਸ਼ਬਦ ਦੀ ਸੋਝੀ ਪਾਈ । ਧੰਨ ਗੁਰਸਿਖ ਜਗਤ ਗਵਾਇਆ ਮਾਣ ਚਰਨ ਸੀਸ ਝੁਕਾਈ । ਧੰਨ ਗੁਰਸਿਖ ਪਾਰਬ੍ਰਹਮ ਪ੍ਰਭ ਪਏ ਸਰਨਾਈ । ਧੰਨ ਗੁਰਸਿਖ ਆਵਣ ਜਾਵਣ ਬਿਆਧਿ ਮਿਟਾਈ । ਧੰਨ ਗੁਰਸਿਖ ਸਰਬ ਸੂਖ ਘਰ ਮਾਹਿ ਪਾਈ । ਧੰਨ ਗੁਰਸਿਖ

ਕਲੂ ਅਗਨ ਪੋਹੇ ਨਾ ਰਾਈ । ਧੰਨ ਗੁਰਸਿਖ ਜਿਸ ਪ੍ਰਭ ਦੇ ਵਡਿਆਈ । ਧੰਨ ਗੁਰਸਿਖ ਕਰ ਸੇਵਾ ਈਸ਼ਰ ਜੋਤ ਪ੍ਰਗਟਾਈ । ਮਾਨਸ ਜਨਮ ਸੁਜਾਨ, ਜੇ ਗੁਰ ਸੇਵ ਕਮਾਵੇ । ਮਾਨਸ ਜਨਮ ਸੁਜਾਨ, ਜੇ ਗੁਰ ਚਰਨੀਂ ਸੀਸ ਝੁਕਾਵੇ । ਮਾਨਸ ਜਨਮ ਸੁਜਾਨ, ਮਿਲ ਸਾਧ ਸੰਗਤ ਹਰਿ ਜਸ ਗਾਵੇ । ਮਾਨਸ ਜਨਮ ਸੁਜਾਨ, ਮਨੋ ਅਭਿਮਾਨ ਚੁਕਾਵੇ । ਮਾਨਸ ਜਨਮ ਸੁਜਾਨ, ਜੀਵ ਜੀਵ ਜੀਵ ਦਇਆ ਕਮਾਵੇ । ਮਾਨਸ ਜਨਮ ਸੁਜਾਨ, ਗੁਰ ਗੁਰ ਗੁਰ ਦਰਸ ਦਰਸਾਵੇ । ਮਾਨਸ ਜਨਮ ਸੁਜਾਨ, ਇਕ ਮਨ ਹੋ ਪ੍ਰਭ ਰਿਦੇ ਧਿਆਵੇ । ਮਾਨਸ ਜਨਮ ਸੁਜਾਨ, ਘਰ ਬੈਠੇ ਅੰਤਰਜਾਮੀ ਪਾਵੇ । ਮਾਨਸ ਜਨਮ ਸੁਜਾਨ, ਜਿਨ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ । ਗੁਰਸਿਖਾਂ ਸਦ ਬਲਿਹਾਰ, ਜਿਨ੍ਹਾਂ ਪ੍ਰਭ ਨਾਮ ਚਿਤਾਰਿਆ । ਗੁਰਸਿਖਾਂ ਸਦ ਬਲਿਹਾਰ, ਜਿਨ੍ਹਾਂ ਮਿਲੇ ਪ੍ਰਭ ਅਪਰ ਅਪਾਰਿਆ । ਗੁਰਸਿਖਾਂ ਸਦ ਬਲਿਹਾਰ, ਦੇਵੇ ਗੁਰ ਨਾਮ ਭੰਡਾਰਿਆ । ਗੁਰਸਿਖਾਂ ਸਦ ਬਲਿਹਾਰ, ਜਿਨ੍ਹਾਂ ਸੋਹੰ ਸ਼ਬਦ ਵਿਚਾਰਿਆ । ਗੁਰਸਿਖਾਂ ਸਦ ਬਲਿਹਾਰ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਨਿਮਸਕਾਰਿਆ । ਪ੍ਰਗਟ ਜੋਤ ਪ੍ਰਭ ਠਾਕਰ, ਜਿਸ ਜਗਤ ਪਸਾਰਿਆ । ਪ੍ਰਗਟ ਜੋਤ ਪ੍ਰਭ ਠਾਕਰ, ਜੀਵ ਜੰਤ ਉਧਾਰਿਆ । ਪ੍ਰਗਟ ਜੋਤ ਪ੍ਰਭ ਠਾਕਰ, ਜਿਸ ਅੰਤ ਨਾ ਪਾਰਾਵਾਰਿਆ । ਪ੍ਰਗਟ ਜੋਤ ਪ੍ਰਭ ਠਾਕਰ, ਜੁਗ ਜੁਗ ਦੇਹ ਪਲਟਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਸਦ ਸਦ ਸਦ ਨਿਮਸਕਾਰਿਆ । ਪ੍ਰਗਟ ਜੋਤ ਪ੍ਰਭ ਠਾਕਰ, ਕਲਜੁਗ ਆ ਭਗਤਾਂ ਨੂੰ ਤਾਰਿਆ । ਪ੍ਰਗਟ ਜੋਤ ਪ੍ਰਭ ਠਾਕਰ, ਭੈ ਭੰਜਨ ਸਿੱਖ ਉਧਾਰਿਆ । ਪ੍ਰਗਟ ਜੋਤ ਪ੍ਰਭ ਠਾਕਰ, ਬੈਠਾ ਵਿਚ ਦੇਹ ਪ੍ਰਭ ਨਿਰਾਧਾਰਿਆ । ਪ੍ਰਗਟ ਜੋਤ ਪ੍ਰਭ ਠਾਕਰ, ਕੋਟ ਬ੍ਰਹਿਮੰਡ ਜਿਸ ਪਸਰ ਪਸਾਰਿਆ । ਪ੍ਰਗਟ ਜੋਤ ਪ੍ਰਭ ਠਾਕਰ, ਚੰਦ ਸੂਰਜ ਜਿਸ ਸੇਵਾ ਲਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਤੀਨ ਲੋਕ ਇਕ ਰੰਗ ਸਮਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਬ੍ਰਹਮ ਬਿੰਦ ਸਭ ਜਗਤ ਉਪਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਆਪਣਾ ਆਪ ਵਿਚ ਟਿਕਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਮਾਇਆ ਰੂਪੀ ਜੀਵ ਪਰਦਾ ਪਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਰਾਖੇ ਹਉਮੈ ਰੋਗ, ਦੇਹ ਅੰਧੇਰ ਰਖਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਜੋਤ ਜਗਾ ਨਿਰਾਲੀ ਦੇਹ ਦੀਪਕ ਡਗਮਗਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਜੀਵ ਵਿਕਾਰੇ ਵਿਚ ਪ੍ਰਭ ਛੁਪਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਕਰ ਕਰਮ ਵਿਚਾਰ ਭਗਤਾਂ ਨੂੰ ਦਰਸ ਦਿਖਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਆਪ ਬ੍ਰਹਮ ਸਰੂਪ ਸਿੱਖ ਬ੍ਰਹਮ ਸਰੂਪ ਬਣਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਆਪ ਜੋਤ ਨਿਰੰਜਣ ਸਿੱਖ ਜੋਤ ਨਿਰੰਜਣ ਬਣਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਕਲਜੁਗ ਲੈ ਸਾਰ ਭਵਜਲ ਪਾਰ ਤਰਾ ਲਿਆ । ਪ੍ਰਗਟ ਜੋਤ ਪ੍ਰਭ ਠਾਕਰ, ਮਹਾਰਾਜ ਸ਼ੇਰ ਸਿੰਘ ਭਗਤ ਉਧਾਰ ਸਿੱਖਾਂ ਨੂੰ ਆਣ ਤਰਾ ਲਿਆ । ਸੋਈ ਸੁਹੰਦਾ ਥਾਉਂ, ਜਿਥੇ ਗੁਰ ਚਰਨ ਧਰੰਦੇ । ਸੋਈ ਸੁਹੰਦਾ ਥਾਉਂ, ਜਿਥੇ ਜੋਤ ਮਰਗੰਦੇ । ਸੋਈ ਸੁਹੰਦਾ ਥਾਉਂ, ਜਿਥੇ ਗੁਰਸਿਖ ਤਰੰਦੇ । ਸੋਈ ਸੁਹੰਦਾ ਥਾਉਂ, ਜਿਥੇ ਫੜ ਮਨ ਭਵੰਦੇ । ਸੋਈ ਸੁਹੰਦਾ ਥਾਉਂ, ਜਿਥੇ ਗੁਰ ਗਿਆਨ ਦਿਵੰਦੇ । ਸੋਈ ਸੁਹੰਦਾ ਥਾਉਂ, ਜਿਥੇ ਪ੍ਰਭ ਜੋਤ ਜਗੰਦੇ । ਸੋਈ ਸੁਹੰਦਾ ਥਾਉਂ, ਜਿਥੇ ਪ੍ਰਗਟ ਸਦ ਬਖ਼ਸ਼ੰਦੇ । ਸੋਈ ਸੁਹੰਦਾ ਥਾਉਂ, ਜਿਥੇ ਲਿਆਂ ਨਾਉਂ ਦੁੱਖ ਢਹਿੰਦੇ । ਸੋਈ ਸੁਹੰਦਾ ਥਾਉਂ, ਜਿਥੇ ਸਿੱਖ ਗੁਰ ਚਰਨ ਪੜੰਦੇ । ਸੋਈ ਸੁਹੰਦਾ ਥਾਉਂ, ਜਿਥੇ ਉਪਜੇ ਪ੍ਰਭ ਮੁਕੰਦੇ । ਸੋਈ ਸੁਹੰਦਾ ਥਾਉਂ, ਜਿਥੇ ਮਹਾਰਾਜ ਸ਼ੇਰ ਸਿੰਘ ਸਿੱਖ ਕਰਮ ਲਿਖੰਦੇ ।

❊ ੩ ਜੇਠ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਅਮਰਜੀਤ ਸਿੰਘ ਦੇ ਗ੍ਰਿਹ ❊

ਗੁਰ ਪੂਰਾ ਕਰਮ ਕਮਾਂਵੰਦਾ, ਕਲਜੁਗ ਡੁੱਬਦੇ ਆਣ ਤਰਾਏ । ਗੁਰ ਪੂਰਾ ਕਰਮ ਕਮਾਂਵੰਦਾ, ਦੁਖੀਆਂ ਦੇ ਦੁੱਖ ਗਵਾਏ । ਗੁਰ ਪੂਰਾ ਕਰਮ ਕਮਾਂਵੰਦਾ, ਪਾਪੀ ਅਗਨ ਦੇ ਵਾਂਗ ਜਲਾਏ । ਗੁਰ ਪੂਰਾ ਕਰਮ ਕਮਾਂਵੰਦਾ, ਅੰਮ੍ਰਿਤ ਮੇਘ ਵਰਖਾ ਲਾਏ । ਗੁਰ ਪੂਰਾ ਕਰਮ ਕਮਾਂਵੰਦਾ, ਗਵਾਏ ਵਿਚੋਂ ਰੋਗ ਜੀਵ ਸੁਖੀ ਕਰਾਏ । ਗੁਰ ਪੂਰਾ ਕਰਮ ਕਮਾਂਵੰਦਾ, ਬਾਲ ਬਿਰਧ ਦੇਵੇ ਤਾਰ ਸਰਨ ਪੜੇ ਦੀ ਲਾਜ ਰਖਾਏ । ਗੁਰ ਪੂਰਾ ਕਰਮ ਕਮਾਂਵੰਦਾ, ਦੇਵੇ ਜੋਤ ਆਧਾਰ ਰਸਨਾ ਨਾਮ ਜਪਾਏ । ਗੁਰ ਪੂਰਾ ਕਰਮ ਕਮਾਂਵੰਦਾ, ਦੁਨੀ ਸੁੱਤੀ ਪੈਰ ਪਸਾਰ ਭਗਤ ਪਕੜ ਉਠਾਏ । ਗੁਰ ਪੂਰਾ ਕਰਮ ਕਮਾਂਵੰਦਾ, ਬੇਮੁੱਖਾਂ ਆਈ ਹਾਰ ਗੁਰਸਿਖਾਂ ਜੈ ਜੈ ਜੈਕਾਰ ਕਰਾਏ । ਗੁਰ ਪੂਰਾ ਕਰਮ ਕਮਾਂਵੰਦਾ, ਪ੍ਰਗਟ ਜੋਤ ਅਪਾਰ ਸਿੱਖਾਂ ਸਿਰ ਛਤਰ ਝੁਲਾਏ । ਗੁਰ ਪੂਰਾ ਕਰਮ ਕਮਾਂਵੰਦਾ, ਕਲਜੁਗ ਲਏ ਸਾਰ ਜਿਨ੍ਹਾਂ ਨੂੰ ਦਰਸ ਦਿਖਾਏ । ਗੁਰ ਪੂਰਾ ਕਰਮ ਕਮਾਂਵੰਦਾ, ਕੱਟੇ ਹਉਮੇ ਰੋਗ ਸੋਹੰ ਨਾਮ ਜਪਾਏ । ਗੁਰ ਪੂਰਾ ਕਰਮ ਕਮਾਂਵੰਦਾ, ਮਹਾਰਾਜ ਸ਼ੇਰ ਸਿੰਘ ਭਏ ਅਵਤਾਰ ਜੋਤ ਜਗਤ ਜਲਾਏ । ਗੁਰ ਪੂਰਾ ਕਰਮ ਕਮਾਂਵੰਦਾ, ਬੱਧੇ ਜੀਵ ਬਿਲਲਾਈਅਨ ਦੇ ਅੰਮ੍ਰਿਤ ਪਕੜ ਛੁਡਾਏ । ਗੁਰ ਪੂਰਾ ਕਰਮ ਕਮਾਂਵੰਦਾ, ਕਰਨ ਕਰਾਵਣਹਾਰ ਸਮਰਥ ਭੂਤਾਂ ਪਰੇਤਾਂ ਨਸ਼ਟ ਕਰਾਏ । ਗੁਰ ਪੂਰਾ ਕਰਮ ਕਮਾਂਵੰਦਾ, ਮੁਖ ਅੰਮ੍ਰਿਤ ਬੂੰਦ ਚਵਾਏ ਕਾਇਆ ਤਪਤ ਬੁਝਾਏ । ਗੁਰ ਪੂਰਾ ਕਰਮ ਕਮਾਂਵੰਦਾ, ਹੋਏ ਆਪ ਕਿਰਪਾਲ ਸਾਧ ਸੰਗਤ ਮਾਣ ਦਵਾਏ । ਗੁਰ ਪੂਰਾ ਕਰਮ ਕਮਾਂਵੰਦਾ, ਜਿਨ੍ਹਾਂ ਆਈ ਵਿਚਾਰ ਤਿਨ੍ਹਾਂ ਸੰਗਤ ਸੰਗ ਰਲਾਏ । ਗੁਰ ਪੂਰਾ ਕਰਮ ਕਮਾਂਵੰਦਾ, ਹੋ ਜੋਤ ਆਧਾਰ ਦੁਖੀਆਂ ਦੇ ਦੁੱਖ ਗਵਾਏ । ਗੁਰ ਪੂਰਾ ਕਰਮ ਕਮਾਂਵੰਦਾ, ਕਲਜੁਗ ਪਾਇਆ ਜੋਰ ਗੁਰਸਿਖਾਂ ਨੂੰ ਪਾਰ ਲੰਘਾਏ । ਗੁਰ ਪੂਰਾ ਕਰਮ ਕਮਾਂਵੰਦਾ, ਦੇਵੇ ਨਾਮ ਗਿਆਨ ਸੋਹੰ ਨਾਮ ਜਪਾਏ । ਗੁਰ ਪੂਰਾ ਕਰਮ ਕਮਾਂਵੰਦਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲੱਗਿਆਂ ਲਾਜ ਰਖਾਏ ।

❊ ੪ ਜੇਠ ੨੦੦੭ ਬਿਕ੍ਰਮੀ ਚੇਤ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ❊

ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਪਾਰਬ੍ਰਹਮ ਪ੍ਰਭ ਜੋਤ ਪਰਗਟਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਤੀਨ ਲੋਕ ਜੋਤ ਜਗਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਪਰਗਟ ਭਏ ਸਰਬ ਸੁਖਦਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜਗਤ ਆਏ ਆਪ ਰਘੁਰਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਗੁਰ ਪੂਰੇ ਘਰ ਜੋਤ ਪਰਗਟਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜੈ ਜੈ ਜੈਕਾਰ ਮਾਤਲੋਕ ਕਰਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਖੰਡ ਬ੍ਰਹਿਮੰਡ ਪ੍ਰਭ ਜਸ ਗਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜੋਤ ਨਿਰੰਜਣ ਪ੍ਰਭ ਜਗਤ ਜਗਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਗਣ ਗੰਧਰਬ ਫੂਲਨ ਵਰਖਾ ਲਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਕਰੋੜ ਤੇਤੀਸ ਰਹੇ ਲਿਵ ਲਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਇੰਦਰ ਇੰਦਰਾਸਣ ਬੈਠੇ ਵਰਖਾ ਲਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਬ੍ਰਹਮਾ ਵਿਸ਼ਨ ਮਹੇਸ਼ ਨਿਗਾਹ ਮਾਤ ਟਿਕਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਚੰਦ ਸੂਰਜ ਦੋਵੇਂ ਬੈਠੇ ਮੁਖ ਛੁਪਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਗੁਰ ਠਾਂਡਾ ਠੰਡ

ਜੋਤ ਸਮਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਪਰਗਟ ਭਏ ਪ੍ਰਭ ਸੁਖਦਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਹੋ ਮਿਹਰਵਾਨ ਇਹ ਜੋਤ ਪਰਗਟਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਤ੍ਰੇਤਾ ਰਾਮ ਜਗਤ ਗੋਸਾਈਂ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਕਾਹਨ ਘਨਈਆ ਜੋਤ ਪਰਗਟਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਕ੍ਰਿਸ਼ਨ ਮੁਰਾਰ ਇਹ ਬਣਤ ਬਣਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਕਲਜੁਗ ਹੋਇਆ ਘੋਰ ਰਹੇ ਜੀਵ ਬਿਲਲਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਪਾਪਾਂ ਪਾਇਆ ਜੋਰ ਸਚ ਸੁੱਚ ਨਸ਼ਟ ਹੋ ਜਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਧਰਤ ਕਰੇ ਪੁਕਾਰ ਪਾਪਾਂ ਤੋਂ ਦੇ ਛੁਡਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਕਰਕੇ ਖੇਲ ਅਪਾਰ ਪ੍ਰਭ ਨੇ ਜੋਤ ਪਰਗਟਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਕੋਈ ਨਾ ਜਾਣੇ ਸਾਰ ਇਹ ਬਿੰਗ ਕਸਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜੋਤ ਤੋਂ ਪਰਗਟ ਜੋਤ ਜੋਤ ਜਗਤ ਪਰਗਟਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਬਿਆਪੇ ਸਭੇ ਦੁੱਖ ਕਲਜੁਗ ਲਏ ਤਰਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਵਿਸ਼ਨੂੰ ਪਰਗਟ ਆਪ ਮਾਨਸ ਦੇਹ ਬਣਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜੇਠ ਪੰਜ ਘਰ ਘਰ ਮਿਲੇ ਵਧਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਕਿਰਪਾ ਕਰ ਅਪਾਰ ਈਸ਼ਰ ਕਲਜੁਗ ਦੇ ਵਡਿਆਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਧੰਨ ਸੁਹਾਵਾ ਥਾਨ ਜਿਥੇ ਪ੍ਰਭ ਜੋਤ ਪਰਗਟਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਕੁੱਖ ਤਾਬੋ ਦੀ ਸੁਫਲ ਕਰਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਪਿਤਾ ਜਵੰਦ ਸਿੰਘ ਪੂਤ ਰਘੁਰਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਮਹਾਰਾਜ ਸ਼ੇਰ ਸਿੰਘ ਜੋਤ ਜਗਤ ਟਿਕਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਮਿਲ ਸਖੀਆਂ ਮੰਗਲ ਗਾਇਆ ਧੰਨ ਜਣੇਦੀ ਮਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜਗਤ ਭਏ ਉਜਿਆਰ ਭਗਤ ਹਰਿ ਜਸ ਗਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜਾਮਾ ਲਿਆ ਧਾਰ ਕਲ ਨਿਹਕਲੰਕ ਅਖਵਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਮਹਾਰਾਜ ਸ਼ੇਰ ਸਿੰਘ ਲੈ ਅਵਤਾਰ ਤੀਨ ਲੋਕ ਜੈ ਜੈ ਜੈਕਾਰ ਕਰਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਅੱਜ ਸੁਹਾਵੀ ਰਾਤ ਪ੍ਰਭ ਜੋਤ ਜਗਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਬਿਕ੍ਰਮੀ ਉਨੀਂ ਸੌ ਪੰਜਾਹ ਲਿਖਵਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜੇਠ ਪੰਜਵੀਂ ਆਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਮੰਗਲਵਾਰ ਥਿਤ ਲਿਖਾਏ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਘਨਕਪੁਰੀ ਨੂੰ ਭਾਗ ਲਗਾਏ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਚੰਦ ਸੂਰਜ ਖੜ੍ਹੇ ਦਰ ਸੀਸ ਝੁਕਾਏ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਮਾਤਲੋਕ ਪ੍ਰਭ ਜੋਤ ਪਰਗਟਾਏ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਕਲਜੁਗ ਹੋ ਨਿਹਕਲੰਕ ਆਏ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਮਹਾਰਾਜ ਸ਼ੇਰ ਸਿੰਘ ਬਾਲਕ ਦੇਹ ਜੋਤ ਜਗਾਏ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਦੇਹ ਸਚ ਸੁੱਚ ਦੀਪਕ ਪਰਗਾਸਿਆ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਵਿਚ ਦੇਹ ਈਸ਼ਰ ਨਿਵਾਸਿਆ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਪ੍ਰਗਟੀ ਜੋਤ ਅਪਾਰ ਹੋਵੇ ਜਗਤ ਧਰਵਾਸਿਆ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਸੱਚਾ ਹੋਵੇ ਦਰਬਾਰ ਸਚ ਗੁਰ ਪਰਗਾਸਿਆ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਅੱਜ ਸੁਹਾਵੀ ਰਾਤ ਦੇਵੇ ਦਾਨ ਅਪਾਰ ਜਾਏ ਨਾ ਕੋਏ ਨਿਰਾਸਿਆ । ਕਲਜੁਗ ਦੇਵੇ ਤਾਰ ਜਿਨ ਆਹਾਰ ਸ਼ਰਾਬ ਨਾ ਮਾਸਿਆ । ਗੁਰਸਿਖ ਵਿਚ ਸੰਸਾਰ, ਜਿਉਂ ਕੰਚਨ ਪਰਗਾਸਿਆ । ਮਹਾਰਾਜ ਸ਼ੇਰ ਸਿੰਘ ਆਪ ਨਿਰੰਕਾਰ, ਭਗਤਨ ਦਾਸਿਆ । ਉਪਜੀ ਜੋਤ ਅਪਾਰ । ਜੋਤ

ਨਿਰੰਜਣ ਜਗਤ ਚਮਕਾਰ । ਵਿਚ ਸ੍ਰਿਸ਼ਟ ਨਾ ਹੋਵੇ ਵਿਚਾਰ । ਕਲਜੁਗ ਆਏ ਨਿਹਕਲੰਕ ਅਵਤਾਰ । ਵਿਚ ਦੁਆਪਰ ਕ੍ਰਿਸ਼ਨ ਮੁਰਾਰ । ਸੁੱਤਾ ਪਰਭਾਸ ਵਿਚ ਗੋਡੇ ਚਰਨ ਪਸਾਰ । ਕ੍ਰਿਸ਼ਨ ਜੋਤ ਸ਼ੇਰ ਸਿੰਘ ਅਵਤਾਰ । ਜਿਥੇ ਮਾਰੇ ਬੱਧਕ ਬਾਣ । ਕਲਜੁਗ ਵਿਚ ਮੇਰੀ ਪਛਾਣ । ਚਰਨ ਖੱਬਾ ਸਚ ਨਿਸ਼ਾਨ । ਗਿੱਟੇ ਉਪਰ ਤੀਰ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਪਰਗਟੇ ਵਿਸ਼ਨੂੰ ਭਗਵਾਨ । ਈਸ਼ਰ ਜੋਤ ਵਿਚ ਦੇਹ ਜਗਾ ਕੇ । ਆਪ ਬੈਠਾ ਮੁਖ ਛੁਪਾ ਕੇ । ਬਾਲ ਅਵਸਥਾ ਖੇਲ ਰਚਾ ਕੇ । ਦੇਵੇ ਦਰਸ ਭਗਤਨ ਘਰ ਜਾ ਕੇ । ਆਪਣਾ ਆਪ ਪ੍ਰਭ ਆਪ ਰਖਾ ਕੇ । ਮਨੀ ਸਿੰਘ ਨੂੰ ਦਰਸ ਦਿਖਾ ਕੇ । ਜੋਤ ਸਰੂਪ ਬ੍ਰਹਮ ਗਿਆਨ ਦਿਵਾ ਕੇ । ਮਹਾਰਾਜ ਸ਼ੇਰ ਸਿੰਘ ਸਚ ਰੂਪ ਵਟਾ ਕੇ । ਦਰਸ ਦਿਖਾਇਆ ਆਪ ਪ੍ਰਭ ਠਾਕਰ, ਮਨੀ ਸਿੰਘ ਨੂੰ ਘਰ ਜਾ ਕਰ । ਵੇਖੀ ਦੇਹ ਨਿਰਮਲ ਕਰਮ ਨੇ ਉਜਾਗਰ । ਦਿਤਾ ਦਰਸ ਭਗਤ ਸੁਖ ਸਾਗਰ । ਹੋਏ ਅਨੰਦ ਬੈਠਾ ਇਕਾਗਰ । ਮਹਾਰਾਜ ਸ਼ੇਰ ਸਿੰਘ ਜਗਤ ਉਜਾਗਰ । ਦਰਸ਼ਨ ਦੇਖ ਮਨ ਬਿਗਸਾਏ । ਬਿਨ ਦੇਖੇ ਫਿਰ ਠੰਡ ਨਾ ਪਾਏ । ਦਿਨ ਰਾਤ ਰਿਹਾ ਬਿਲਲਾਏ । ਦਿਉ ਦਰਸ ਕਾਇਆ ਸ਼ਾਂਤ ਹੋ ਜਾਏ । ਗੁਰ ਦਰਸ਼ਨ ਕੋ ਮੇਰੇ ਨੈਣ ਤਰਸਾਏ । ਮਹਾਰਾਜ ਸ਼ੇਰ ਸਿੰਘ ਹੋਏ ਸਹਾਏ । ਸਰਨ ਪੜੇ ਦੀ ਲਾਜ ਰਖਾਏ ਦਿਨ ਰਾਤ ਬੈਠਾ ਹਰਿ ਜਸ ਗਾਏ । ਐਸਾ ਗਿਆਨ ਸ਼ਬਦ ਗੁਰ ਦੀਆ । ਦਿਤਾ ਜੋਤ ਆਧਾਰ ਹੋਇਆ ਨਿਰਮਲ ਜੀਆ । ਫਲ ਪਾਇਆ ਸ਼ਬਦ ਅਪਾਰ, ਬੀਜ ਪੂਰਬਲਾ ਬੀਆ । ਦਿਤਾ ਆਪ ਆਧਾਰ, ਸਤਿਗੁਰ ਕਰ ਕੇ ਹੀਆ । ਪੂਰੀ ਹੋਈ ਵਿਚਾਰ, ਜੋਤ ਜਗਾਈ ਜੀਆ । ਮਹਾਰਾਜ ਸ਼ੇਰ ਸਿੰਘ ਕਰਮ ਵਿਚਾਰ, ਸਤਿਗੁਰ ਦਰਸ਼ਨ ਦੀਆ । ਪ੍ਰਭ ਦਰਸ਼ਨ ਦਰਸਾ, ਸਦ ਪਿਆਸ ਮਿਟਾਈ । ਪ੍ਰਭ ਦਰਸ਼ਨ ਦਰਸਾ, ਮਨ ਦੀ ਬਿਆਧ ਗਵਾਈ । ਪ੍ਰਭ ਦਰਸ਼ਨ ਪਾ ਬਿਗਸਾ ਸਰਬ ਚਿੰਤ ਮਿਟਾਈ । ਪ੍ਰਭ ਦਰਸ਼ਨ ਪਾ, ਮਨ ਦੀ ਧੀਰ ਧਰਾਈ । ਪ੍ਰਭ ਦਰਸ਼ਨ ਪਾ, ਸਚ ਸ਼ਬਦ ਦੀ ਸੋਝੀ ਪਾਈ । ਪ੍ਰਭ ਦਰਸ਼ਨ ਪਾ, ਦੂਈ ਦਵੈਤ ਮਿਟਾਈ । ਪ੍ਰਭ ਦਰਸ਼ਨ ਪਾ, ਜਨਮ ਜਨਮ ਦੀ ਸੋਝੀ ਪਾਈ । ਪ੍ਰਭ ਦਰਸ਼ਨ ਪਾ, ਸਾਧ ਸੰਗਤ ਵਿਚ ਰਿਹਾ ਪ੍ਰਭ ਜਸ ਗਾਈ । ਪ੍ਰਭ ਦਰਸ਼ਨ ਪਾ, ਮਹਾਰਾਜ ਸ਼ੇਰ ਸਿੰਘ ਰਿਹਾ ਚਿੱਤ ਸਮਾਈ । ਸ਼ਬਦ ਰੂਪ ਗੁਰ ਦਰਸ਼ਨ ਦੇ ਕੇ, ਸੰਤ ਤਾਈਂ ਗਿਆਨ ਦਿਵਾਇਆ । ਸ਼ਬਦ ਰੂਪ ਗੁਰ ਦਰਸ਼ਨ ਦੇ ਕੇ, ਜਾਮਾ ਆਪਣਾ ਸਭ ਦਿਖਾਇਆ । ਜੋਤ ਰੂਪ ਪ੍ਰਭ ਦਰਸ਼ਨ ਦੇ ਕੇ, ਕਲਜੁਗ ਮਾਇਆ ਅਗਨ ਜਲਾਇਆ । ਸ਼ਬਦ ਰੂਪ ਪ੍ਰਭ ਦਰਸ਼ਨ ਦੇ ਕੇ, ਮਨੀ ਸਿੰਘ ਦਾ ਸੰਸਾ ਲਾਹਿਆ । ਸ਼ਬਦ ਰੂਪ ਪ੍ਰਭ ਦਰਸ਼ਨ ਦੇ ਕੇ, ਮਹਾਰਾਜ ਸ਼ੇਰ ਸਿੰਘ ਆਪਣਾ ਤੇਜ ਵਖਾਇਆ । ਕਲਜੁਗ ਕਰਮ ਪ੍ਰਭ ਆਪ ਵਿਚਾਰਿਆ । ਕਰਨਹਾਰ ਜਾਮਾ ਘਨਕਪੁਰੀ ਵਿਚ ਧਾਰਿਆ । ਦੇ ਕੇ ਸ਼ਬਦ ਵਿਚਾਰ ਪ੍ਰਭ ਆਪਣਾ ਆਪ ਚਿਤਾਰਿਆ । ਮਨੀ ਸਿੰਘ ਨੂੰ ਦੇਵਾਂ ਤਾਰ ਦੇ ਕੇ ਦਰਸ ਅਪਾਰਿਆ । ਦੇ ਕੇ ਸ਼ਬਦ ਗਿਆਨ ਸੰਤਨ ਦੀ ਪੈਜ ਸਵਾਰਿਆ । ਮਹਾਰਾਜ ਸ਼ੇਰ ਸਿੰਘ ਪਰਗਟ ਅਵਤਾਰ ਕਲਜੁਗ ਕਰਮ ਵਿਚਾਰਿਆ । ਐਸਾ ਕਰਮ ਕਲੂ ਵਿਚ ਹੋਇਆ । ਝੂਠੇ ਧੰਦੇ ਜਗਤ ਹੈ ਮੋਹਿਆ । ਸਤਿਗੁਰ ਭੁੱਲਾ ਸ੍ਰਿਸ਼ਟ ਹੈ ਸੋਇਆ । ਮਹਾਰਾਜ ਸ਼ੇਰ ਸਿੰਘ ਜਗਤ ਜੋਤ ਬਿਲੋਆ । ਮਨੀ ਸਿੰਘ ਪ੍ਰਭ ਦਰਸ ਦਿਖਾਏ । ਕਰਨ ਕਾਰ ਕਲੂ ਹਰਿ ਜੀ ਆਏ । ਪਰਗਟ ਆਪ ਨਰਾਇਣ ਕਲਜੁਗ ਜੋਤ ਜਗਾਏ । ਭਗਤ ਲੋਕ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਕਾਲ ਕਰਾਏ । ਕਲਜੁਗ ਜੋਤ ਪ੍ਰਭ ਧਾਰੇ । ਜਿਸ ਕੋ ਸਦਾ ਸਦਾ ਸਦਾ ਨਿਮਸਕਾਰੇ । ਆਪਣਾ ਸ਼ਬਦ ਰਸਨਾ ਸੋਹੰ ਉਚਾਰੇ । ਬਾਲ ਅਵਸਥਾ

੧੧੬
੦੧

ਦਰਸ ਦੇਵੇ ਵਾਂਗ ਕ੍ਰਿਸ਼ਨ ਮੁਰਾਰੇ । ਭਗਤਨ ਦੇਵੇ ਤਾਰ, ਮਨੀ ਸਿੰਘ ਨੂੰ ਪਾਰ ਉਤਾਰੇ । ਦੇ ਕੇ ਜੋਤ ਆਧਾਰ, ਆਪਣਾ ਦਰਸ ਦਿਖਾ ਰੇ । ਕਲਜੁਗ ਜਾਮਾ ਧਾਰ ਪਰਗਟੇ ਮਹਾਰਾਜ ਸ਼ੇਰ ਸਿੰਘ ਨਰ ਅਵਤਾਰੇ । ਨਰ ਅਵਤਾਰ ਆਪ ਪ੍ਰਭ ਆਇਆ । ਕਲੂ ਕਾਲ ਜਿਸ ਆਣ ਕਰਾਇਆ । ਆਪਣਾ ਨਾਉਂ ਜੀਵ ਜੰਤ ਜਪਾਇਆ । ਸ਼ਬਦ ਸੋਹੰ ਮੁਖ ਰਖਾਇਆ । ਬਾਕੀ ਸਭਨ ਦਾ ਅੰਤ ਕਰਾਇਆ । ਸਰਬਤ ਤੀਰਥਾਂ ਮਾਣ ਗਵਾਇਆ । ਸਰਬ ਧਾਮ ਪ੍ਰਭ ਜੋਤ ਖਿਚਾਇਆ । ਸਰਬ ਧਾਮ ਮਿਹਰਵਾਨ ਅਖਵਾਇਆ । ਸਰਬ ਜਾਪ ਪ੍ਰਭ ਭਸਮ ਕਰਾਇਆ । ਸੋਹੰ ਸ਼ਬਦ ਗੁਰ ਗਿਆਨ ਦਿਵਾਇਆ । ਓਅੰ ਭਏ ਆਪ ਸੋਹੰ ਸ਼ਬਦ ਸੁਣਾਇਆ । ਗਵਾਇਆ ਸਭ ਦਾ ਮਾਣ, ਜਗਤ ਗੁਰ ਚਰਨ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਅੱਗੇ ਨਾ ਸੀਸ ਝੁਕਾਇਆ । ਦੇ ਕੇ ਬ੍ਰਹਮ ਗਿਆਨ ਮਨੀ ਸਿੰਘ ਦਰਸ ਦਿਖਾਇਆ । ਦੀਆ ਦਰਸ ਆਪ ਗੁਰ ਪੂਰੇ । ਵਾਜੇ ਦਰ ਤੇ ਅਨਹਦ ਤੂਰੇ । ਸਰਬ ਸਰੂਪ ਰਿਹਾ ਭਰਪੂਰੇ । ਮਨੀ ਸਿੰਘ ਜੋਤ ਜਗਾਈ ਵਾਂਗ ਕੋਹਤੂਰੇ । ਨੈਣੀ ਪੇਖੋ ਮਹਾਰਾਜ ਸ਼ੇਰ ਸਿੰਘ ਸਦਾ ਹਜ਼ੂਰੇ । ਸੋਹੰ ਸ਼ਬਦ ਸਦਾ ਭਰਪੂਰੇ । ਐਸਾ ਦਰਸ ਗਿਆਨ ਗੁਰ ਤੋਂ ਪਾਇਆ । ਮਨ ਨਾ ਧਰੇ ਧੀਰ ਕਰਨ ਦਰਸ ਸੰਤ ਉਠ ਧਾਹਿਆ । ਸਿੱਖ ਸੰਗਤ ਨਾਲੇ ਪਾਇਆ । ਘਨਕਪੁਰੀ ਨੂੰ ਚਲ ਕੇ ਆਇਆ । ਮਨ ਮੇਂ ਚਾਓ ਗੁਰ ਦਰਸ਼ਨ ਪਾਈਏ, ਬਾਹਰ ਆ ਕੇ ਡੇਰਾ ਲਾਇਆ । ਉਹ ਸੁਹਾਇਆ ਥਾਨ, ਜਿਥੇ ਸੰਤ ਮਨ ਇਹ ਚਾਉ ਸੁਹਾਇਆ । ਐਸੀ ਬਣਤ ਪ੍ਰਭ ਆਪ ਬਣਾਈ, ਗੁਰ ਘਰ ਬੈਠ ਦਰਸ਼ਨ ਪਾਇਆ । ਮਨ ਦੀ ਇੱਛਾ ਹੋਈ ਪੂਰ, ਮਹਾਰਾਜ ਸ਼ੇਰ ਸਿੰਘ ਦਰਸ਼ਨ ਪਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਮਨੀ ਸਿੰਘ ਘਰ ਸਾਚਾ ਪਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਸਰਬ ਕਲਾ ਏਕ ਰੰਗ ਰਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਜੋਤ ਨਿਰੰਜਣ ਜਗਤ ਵਰਸਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਸਾਧ ਸੰਤ ਮਨ ਤ੍ਰਿਪਤ ਕਰਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਗਿਆਨ ਜੋਤ ਪ੍ਰਭ ਜੋਤ ਜਗਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਮਨੀ ਸਿੰਘ ਗੁਰ ਨਜ਼ਰੀ ਆਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਜਿਨ ਵਿਚੋਂ ਮੋਹ ਚੁਕਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਭਗਤ ਜਨਾਂ ਅੰਧ ਵਿਸ਼ਵਾਸ਼ ਤਜਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਅਨਹਦ ਸ਼ਬਦ ਮਨ ਵਜਾਇਆ । ਪਾਰਬ੍ਰਹਮ ਗੁਰ ਦਰਸਨ ਪਾਇਆ, ਕੋਟ ਜਨਮ ਦੇ ਪਾਪ ਖਿਨ ਮਹਿ ਲਾਹਿਆ । ਪਾਰਬ੍ਰਹਮ ਗੁਰ ਦਰਸਨ ਪਾਇਆ, ਡੁੱਬਦੇ ਲਏ ਤਾਰ ਜਿਨ੍ਹਾਂ ਗੁਰ ਚਰਨੀਂ ਲਾਇਆ । ਪਾਰਬ੍ਰਹਮ ਗੁਰ ਦਰਸਨ ਪਾਇਆ, ਹੋਇਆ ਜਗਤ ਅਧਾਰ ਜਿਨ੍ਹਾਂ ਸਿਰ ਹੱਥ ਟਿਕਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਹੋਏ ਪੁਰਖ ਸੁਜਾਨ ਜਿਨ੍ਹਾਂ ਗੁਰ ਨਾਮ ਧਿਆਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਭਗਤ ਵਛਲ ਕਿਰਪਾਲ ਜਿਨ੍ਹਾਂ ਹਰਿ ਮੰਗਲ ਗਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਹੋਏ ਜੋਤ ਸਮਾਨ ਅੰਤ ਸੰਗ ਜੋਤ ਮਿਲਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਆਪ ਏਕ ਸਰਬ ਏਕ ਰੰਗ ਸਮਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਕਲਜੁਗ ਆਈ ਹਾਰ ਸਤਿਜੁਗ ਨਜ਼ਰੀ ਆਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਕਰ ਕੇ ਕਰਮ ਵਿਚਾਰ ਸੋਹੰ ਨਾਮ ਦਿਵਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਮਨੋ ਜਾਏ ਵਿਕਾਰ ਹਉਮੈ ਰੋਗ ਗਵਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ, ਸਤਿਜੁਗ ਪਾਰ ਉਤਾਰ ਜਿਨ੍ਹਾਂ ਦਰਸ ਦਿਖਾਇਆ । ਪਾਰਬ੍ਰਹਮ ਗੁਰ ਦਰਸ ਦਿਖਾਇਆ ਮਹਾਰਾਜ ਸ਼ੇਰ ਸਿੰਘ ਆਪ ਅਵਤਾਰ ਭਗਤਨ ਰਾਹ ਬਤਾਇਆ । ਜੇਠ ਪੰਚਮ

ਪ੍ਰਭ ਜਗ ਆਇਆ, ਗੁਰਸਿਖਾਂ ਮਨ ਵੱਜੀ ਵਧਾਈ । ਜੇਠ ਪੰਚਮ ਪ੍ਰਭ ਜੋਤ ਜਗਾਇਆ, ਅਗਿਆਨ ਅੰਧੇਰ ਨਸ਼ਟ ਹੋ ਜਾਈ । ਪੰਚਮ ਜੇਠ ਪ੍ਰਭ ਜੋਤ ਧਰਾਇਆ, ਘਨਕਪੁਰੀ ਗੁਰ ਭਾਗ ਲਗਾਇਆ । ਜੇਠ ਪੰਚਮ ਪ੍ਰਭ ਦੇਹ ਧਾਰੇ, ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਜੇਠ ਪੰਚਮ ਹੋਵੇ ਵਡਭਾਗੀ, ਮਿਲ ਸਖੀਆਂ ਮੰਗਲ ਗਾਇਆ । ਜੇਠ ਪੰਚਮ ਦਿਨ ਵਡਭਾਗੀ, ਗੁਣ ਨਿਧਾਨ ਘਰ ਦਰਸ ਦਰਸਾਇਆ । ਜੇਠ ਪੰਚਮ ਹੋਵੇ ਵਡਭਾਗੀ, ਗੁਰਮੁਖਾਂ ਘਰ ਪਰਮੇਸ਼ਵਰ ਪਾਇਆ । ਜੇਠ ਪੰਚਮ ਹੋਵੇ ਵਡਭਾਗੀ, ਪਰਗਟ ਭਏ ਨਿਰੰਕਾਰ ਜਗਤ ਤੇ ਪਾਈ ਮਾਇਆ । ਜੇਠ ਪੰਚਮ ਹੋਵੇ ਵਡਭਾਗੀ, ਸਦ ਮਿਹਰਵਾਨ ਆਪਣਾ ਆਪ ਉਪਾਇਆ । ਜੇਠ ਪੰਚਮ ਹੋਵੇ ਵਡਭਾਗੀ, ਰਾਮ ਰਮਈਆ ਪ੍ਰਭ ਬਣਤ ਬਣਾਇਆ । ਜੇਠ ਪੰਚਮ ਹੋਵੇ ਵਡਭਾਗੀ, ਕ੍ਰਿਸ਼ਨ ਘਨਈਆ ਦੇਹ ਪਲਟਾਇਆ । ਜੇਠ ਪੰਚਮ ਹੋਵੇ ਵਡਭਾਗੀ, ਮਹਾਰਾਜ ਸ਼ੇਰ ਸਿੰਘ ਜਨਮ ਉਪਾਇਆ । ਜੇਠ ਪੰਚਮ ਹੋਵੇ ਵਡਭਾਗੀ, ਨਿਹਕਲੰਕ ਅਵਤਾਰ ਪਰਗਟਾਇਆ । ਪੰਚਮ ਜੇਠ ਹੋਵੇ ਵਡਭਾਗੀ, ਕਲਜੁਗ ਜਨਮ ਪ੍ਰਭ ਪਾਇਆ । ਪੰਚਮ ਜੇਠ ਹੋਵੇ ਵਡਭਾਗੀ, ਈਸ਼ਰ ਜੋਤ ਜਗਤ ਜਲਾਇਆ । ਪੰਚਮ ਜੇਠ ਹੋਵੇ ਵਡਭਾਗੀ, ਜਾਮਾ ਧਾਰ ਨਰ ਸਿੰਘ ਪ੍ਰਭ ਆਇਆ । ਪੰਚਮ ਜੇਠ ਹੋਵੇ ਵਡਭਾਗੀ, ਦੇਵੀ ਦੇਵਤੇ ਹਰਿ ਹਰਿ ਮੰਗਲ ਗਾਇਆ । ਪੰਚਮ ਜੇਠ ਹੋਵੇ ਵਡਭਾਗੀ, ਮਨ ਤਨ ਸੀਤਲ ਭਗਤ ਕਰਾਇਆ । ਪੰਚਮ ਜੇਠ ਹੋਵੇ ਵਡਭਾਗੀ, ਜੋਤ ਲੜਿੰਦੇ ਪ੍ਰਭ ਗੁਰ ਦਰਸ ਦਿਖਾਇਆ । ਪੰਚਮ ਜੇਠ ਹੋਵੇ ਵਡਭਾਗੀ, ਮਹਾਰਾਜ ਸ਼ੇਰ ਸਿੰਘ ਜਨਮ ਉਪਾਇਆ । ਕਲਜੁਗ ਆਪ ਪ੍ਰਭ ਜਾਮਾ ਧਾਰਿਆ । ਪਰਗਟ ਭਏ ਪ੍ਰਭ ਨਰ ਅਵਤਾਰਿਆ । ਸ੍ਰਿਸ਼ਟ ਸਾਜ ਜਿਸ ਪਸਰ ਪਸਾਰਿਆ । ਸਰਬ ਜੀਵ ਦਿਤੀ ਜੋਤ ਅਧਾਰਿਆ । ਗੁਰ ਐਸੇ ਕੋ ਸਦ ਬਲਹਾਰਿਆ । ਕਰ ਕਿਰਪਾ ਜਿਸ ਪਾਰ ਉਤਾਰਿਆ । ਮਹਾਰਾਜ ਸ਼ੇਰ ਸਿੰਘ ਸਦ ਨਿਮਸਕਾਰਿਆ । ਸੋਹੰ ਸ਼ਬਦ ਗੁਰ ਗਿਆਨ ਚਿਤਾਰਿਆ । ਕਲਜੁਗ ਪਰਗਟੀ ਪ੍ਰਭ ਜੋਤ ਅਪਾਰਾ । ਸਰਬ ਨਿਰੰਤਰ ਅਪਰੰਪਰ ਪਾਰਾ । ਭਰਤੰਬਰ ਜਗਤ ਉਧਾਰਾ । ਛਿਨ ਭੰਗਰ ਗਰਬ ਨਿਵਾਰਾ । ਜੇਠ ਪੰਚਮ ਧੰਨ ਦਿਹਾੜਾ । ਗੁਰਸਿਖ ਲੰਘੇ ਪਾਪ ਹਾਰਾ । ਮਹਾਰਾਜ ਸ਼ੇਰ ਸਿੰਘ ਸ੍ਰਿਸ਼ਟ ਚਬਾਈ ਦਾੜ੍ਹਾ । ਐਸਾ ਪ੍ਰਭ ਭਏ ਬਲਵੰਤ । ਸਰਬ ਧਾਮ ਕੀਤੇ ਭਸਮੰਤ । ਬੈਠ ਅਡੋਲ ਆਪ ਨਿਰੰਤ । ਸਰਬ ਸ੍ਰਿਸ਼ਟ ਕਰ ਈਸ਼ਰ ਕੰਤ । ਦੇਵੇ ਉਧਾਰ ਜੋਤ ਪ੍ਰਭ ਜੰਤ । ਹੰਕਾਰੀ ਸਰਬ ਕੀਏ ਭਸਮੰਤ । ਤਾਰੇ ਸਿੱਖ ਜਿਨ੍ਹਾਂ ਗੁਰ ਮਨ ਤਨ ਸੰਤ । ਪ੍ਰਭ ਅਬਿਨਸ਼ੀ ਆਪ ਭਗਤਨ ਭਗਵੰਤ । ਕਲਜੁਗ ਜਾਮਾ ਸਚ ਲਿਖੰਤ । ਨਿਹਕਲੰਕ ਪਰਗਟ ਭਗਵੰਤ । ਮਹਾਰਾਜ ਸ਼ੇਰ ਸਿੰਘ ਗਰਬ ਨਿਵੰਤ । ਪ੍ਰਭ ਗਰਬ ਨਿਵਾਰੇ ਹੰਕਾਰੀ ਮਾਰੇ ਪਤਤ ਉਧਾਰੇ ਜਿਨ ਸੇਵ ਕਮਾ ਲਿਆ । ਡੁੱਬਦੇ ਤਾਰੇ ਵਿਚ ਸੰਸਾਰੇ, ਸੇਵਕ ਸਿੱਖ ਗੁਰ ਤਾਰੇ ਜਿਨ ਗੁਰ ਚਰਨ ਲਗਾ ਲਿਆ । ਭਗਤ ਉਧਾਰੇ ਦੁਸ਼ਟ ਸੰਘਾਰੇ, ਰਾਣੇ ਮਹਾਰਾਣੇ ਤਖ਼ਤੋਂ ਉਤਾਰੇ ਜਿਨ੍ਹਾਂ ਗੁਰ ਤੋਂ ਮੁਖ ਭਵਾ ਲਿਆ । ਕਰਮ ਵਿਚਾਰੇ ਬੈਠ ਨਿਰਾਧਾਰੇ, ਸਰਬ ਸੂਖ ਗੁਰ ਦਰਬਾਰੇ ਜਿਨ੍ਹਾਂ ਸੀਸ ਝੁਕਾ ਲਿਆ । ਕਲਜੁਗ ਅਵਤਾਰੇ ਅਪਰਾਧੀ ਤਾਰੇ, ਸੋਹੰ ਨਾਮ ਉਧਾਰੇ ਮੰਤਰ ਨਾਮ ਦ੍ਰਿੜਾ ਲਿਆ । ਪ੍ਰਭ ਸਦ ਬਲਹਾਰੇ ਜਗਤ ਉਧਾਰੇ ਦਰ ਸਿੱਖ ਅਪਾਰੇ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾ ਲਿਆ । ਧੰਨ ਗੁਰਸਿਖ ਜਿਨ ਦਰਸ਼ਨ ਕਰਿਆ । ਧੰਨ ਗੁਰਸਿਖ ਜਿਨ ਮਨ ਤਨ ਹਰਿਆ । ਧੰਨ ਗੁਰਸਿਖ ਜਿਨ ਰਸਨਾ ਨਾਮ ਉਚਰਿਆ । ਧੰਨ ਗੁਰਸਿਖ ਜਿਨ ਮੋਹਣ ਮਾਧਵ ਨਦਰੀ ਪਰਿਆ । ਧੰਨ ਗੁਰਸਿਖ ਜਿਨ ਹਰਿ ਪ੍ਰਭ ਕਿਰਪਾ ਕਰਿਆ । ਧੰਨ ਗੁਰਸਿਖ ਜਿਨ੍ਹਾਂ ਘਰ ਗੁਰ ਆਸਾ ਵਰਿਆ । ਧੰਨ ਗੁਰਸਿਖ

ਜਿਥੇ ਪ੍ਰਭ ਦੁੱਖ ਦਲਿਦਰ ਹਰਿਆ । ਧੰਨ ਗੁਰਸਿਖ ਜਿਨ ਮਹਾਰਾਜ ਸ਼ੇਰ ਸਿੰਘ ਸਰਨੀ ਪਰਿਆ । ਸਰਨ ਪੜੇ ਜੋ ਸਤਿਗੁਰ ਕੇਰੀ । ਜੇਠ ਪੰਚਮ ਪ੍ਰਭ ਕਰੇ ਨਾ ਦੇਰੀ । ਦੀਨਾਂ ਨਾਥ ਦੁੱਖ ਭੰਜਨ ਢੇਰੀ । ਸਰਬ ਸਮਰਥ ਜੋਤ ਆ ਮੇਰੀ । ਮਹਾਰਾਜ ਸ਼ੇਰ ਸਿੰਘ ਵਿਚ ਕਲ ਹਨੇਰੀ । ਸੋਹੰ ਸ਼ਬਦ ਆ ਦੇਵੇ ਦਾਤ ਵਡੇਰੀ । ਨਾਮ ਪਦਾਰਥ ਗੁਰ ਦਰ ਤੋਂ ਪਾਈਏ । ਨਾਮ ਪਦਾਰਥ ਗੁਰ ਚਰਨ ਲਗਾਈਏ । ਜੀਅ ਕਾ ਰਥ ਸਦ ਹਰਿ ਗੁਣ ਗਾਈਏ । ਸਰਬ ਸੂਖ ਸਾਰਥ ਹਰਿ ਦਰਸ਼ਨ ਪਾਈਏ । ਮਹਾਰਾਜ ਸ਼ੇਰ ਸਿੰਘ ਸਮਰਥ ਆਪਣੀ ਬਣਤ ਬਣਾਈਏ । ਪੰਚਮ ਜੇਠ ਕਲ ਧਾਰੀ । ਨਿਰੰਜਣ ਜੋਤ ਆਕਾਸ਼ੋਂ ਉਤਾਰੀ । ਜੋਤ ਜਗਤ ਚਮਤਕਾਰੀ । ਕੋਈ ਨਾ ਜਾਣੇ ਪ੍ਰਭ ਖੇਲ ਅਪਾਰੀ । ਕਲਜੁਗ ਤਾਰੇ ਜੀਵ ਨਿਰੰਕਾਰੀ । ਗੁਰਸਿਖਾਂ ਮਨ ਪ੍ਰਭ ਦਰਸ ਖ਼ੁਮਾਰੀ । ਦੇਵੇ ਦਰਸ ਪ੍ਰਭ ਜੋਤ ਆਧਾਰੀ । ਐਸੇ ਗੁਰ ਕੋ ਸਦ ਬਲਹਾਰੀ । ਸੋਹੰ ਸ਼ਬਦ ਗੁਰ ਗਿਆਨ ਚਿਤਾਰੀ । ਮਹਾਰਾਜ ਸ਼ੇਰ ਸਿੰਘ ਪਰਗਟ ਨਿਰੰਕਾਰੀ । ਨਿਰੰਕਾਰ ਨਰਾਇਣ ਗੁਰ ਆਇਆ । ਪੰਚਮ ਜੇਠ ਦਿਨ ਸੁਹਾਇਆ । ਗੁਰਮੁਖਾਂ ਮਿਲ ਗੁਰ ਨਾਮ ਧਿਆਇਆ । ਬੇਮੁਖਾਂ ਸੌਂ ਕੇ ਵਕ਼ਤ ਲੰਘਾਇਆ । ਹਾਹਾਕਾਰ ਕਰਕੇ ਸ਼ੋਰ ਮਚਾਇਆ । ਗੁਰ ਕਾ ਸ਼ਬਦ ਨਾ ਮਨ ਵਸਾਇਆ । ਝੂਠੀ ਦੇਹ ਹੰਕਾਰ ਸਮਾਇਆ । ਪ੍ਰਭ ਦਾ ਭੇਤ ਨਾ ਕਿਸੇ ਪਾਇਆ । ਮੈਂ ਮਮਤਾ ਵਿਚ ਜਨਮ ਗਵਾਇਆ । ਕਲਜੁਗ ਐਸੀ ਪਾਈ ਮਾਇਆ । ਮਨੂਆ ਲੋਭੀ ਫਿਰਤ ਤਿਸਾਇਆ । ਮਾਇਆਧਾਰੀ ਕਲਜੁਗ ਅਖਵਾਇਆ । ਈਸ਼ਰ ਨਾਮ ਦਿਲੋਂ ਭੁਲਾਇਆ । ਆਪਣਾ ਆਪ ਆਪ ਆਪ ਪਰਗਟਾਇਆ । ਗੁਰ ਸਾਚੇ ਇਹ ਕਰਮ ਕਮਾਇਆ । ਬਿਨ ਥੰਮਾਂ ਗਗਨ ਰਹਾਇਆ । ਅੰਡਜ ਜੇਰਜ ਉਤਭੁਜ ਸੇਤਜ ਇਨ੍ਹਾਂ ਵਿਚੋਂ ਸਿੱਖ ਕਢਾਇਆ । ਈਸ਼ਰ ਬ੍ਰਹਮ ਸਰੂਪ ਸਿੱਖ ਵਿਚ ਜੋਤ ਸਮਾਇਆ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ ਸਭ ਦਾ ਮਾਣ ਗਵਾਇਆ । ਸੋਹੰ ਦੇ ਗਿਆਨ ਆਪਣਾ ਨਾਮ ਜਪਾਇਆ । ਜੇਠ ਪੰਚਮ ਦਿਨ ਵਡਭਾਗੀ, ਜਿਨ ਮਹਾਰਾਜ ਸ਼ੇਰ ਸਿੰਘ ਜੋਤ ਜਗਾਇਆ । ਜੋਤ ਜਗਾਈ ਪ੍ਰਭ ਨਿਰਾਲਮ । ਭੇਤ ਨਾ ਪਾਵੇ ਸਾਰੀ ਆਲਮ । ਪਰਗਟ ਭਇਆ ਜਗਤ ਬਾਲਮ । ਮਹਾਰਾਜ ਸ਼ੇਰ ਸਿੰਘ ਭਗਤ ਗ਼ਾਲਮ । ਜਨਮ ਧਾਰ ਲਏ ਅਵਤਾਰ । ਕਰਮ ਵਿਚਾਰ ਗੁਰਸਿਖਾਂ ਤਾਰਿਆ । ਸਦ ਬਲਹਾਰ ਭਗਤ ਉਧਾਰ, ਕਰ ਨਿਮਸਕਾਰ ਕਲਜੁਗ ਨਿਹਕਲੰਕ ਅਖਵਾ ਲਿਆ । ਮਨ ਸ਼ਬਦ ਵਿਚਾਰ, ਗੁਰ ਪਾਰ ਉਤਾਰ, ਪਰਗਟ ਮੁਕੰਦ ਮੁਰਾਰ, ਕਲਜੁਗ ਜਾਮਾ ਧਾਰਿਆ । ਪਰਗਟ ਨਰ ਅਵਤਾਰ, ਕਰ ਦਰਸ ਅਪਾਰ, ਹੋਵੇ ਭਵਜਲ ਪਾਰ, ਮਹਾਰਾਜ ਸ਼ੇਰ ਸਿੰਘ ਜਿਨ ਰਿਦੇ ਚਿਤਾਰਿਆ । ਬਿਨ ਗੁਰ ਕਿਸੇ ਨਾ ਮਿਲੇ ਵਡਿਆਈ, ਬਿਨ ਗੁਰ ਕਿਸੇ ਨਾ ਸੋਝੀ ਪਾਈ । ਬਿਨ ਗੁਰ ਜੋਤ ਨਾ ਕਿਸੇ ਜਗਾਈ । ਬਿਨ ਗੁਰ ਅਗਿਆਨ ਅੰਧੇਰ ਨਾ ਵਿਚੋਂ ਜਾਈ । ਬਿਨ ਗੁਰ ਦੇਹ ਦੀਪਕ ਵਿਚ ਨਾ ਜੋਤ ਜਗਾਈ । ਬਿਨ ਗੁਰ ਸੋਝੀ ਕਿਨੇ ਨਾ ਪਾਈ । ਬਿਨ ਗੁਰ ਮਿਲੇ ਨਾ ਨਾਮ ਵਡਿਆਈ । ਬਿਨ ਗੁਰ ਭੁਲੀ ਫਿਰੇ ਲੋਕਾਈ । ਬਿਨ ਗੁਰ ਝੂਠੇ ਧੰਦੇ ਜਨਮ ਗਵਾਈ । ਬਿਨ ਗੁਰ ਮਾਇਆ ਮਮਤਾ ਵਿਚ ਸ੍ਰਿਸ਼ਟ ਰਹਾਈ । ਬਿਨ ਗੁਰ ਕੋਈ ਨਾ ਪਾਰ ਲੰਘਾਈ । ਬਿਨ ਗੁਰ ਜਨਮ ਜਨਮ ਦੁੱਖ ਪਾਈ । ਬਿਨ ਗੁਰ ਕੋਈ ਨਾ ਚਰਨ ਲਗਾਈ । ਬਿਨ ਗੁਰ ਭਵਜਲ ਨਾ ਪਾਰ ਤਰਾਏ । ਬਿਨ ਗੁਰ ਕੋਈ ਨਾ ਦੁਖੀਆਂ ਦੇ ਦੁੱਖ ਗਵਾਏ । ਬਿਨ ਗੁਰ ਕੋਈ ਨਾ ਹਉਮੈ ਦੀ ਮੈਲ ਗਵਾਏ । ਬਿਨ ਗੁਰ ਕੋਈ ਨਾ ਸਿੱਖ ਦੀ ਪੈਜ ਰਖਾਏ । ਬਿਨ ਗੁਰ ਕੋਈ ਨਾ ਕਲਜੁਗ ਆਣ ਤਰਾਏ । ਬਿਨ ਗੁਰ ਕੋਈ ਨਾ ਆਣ ਭੇਤ ਖੁਲ੍ਹਾਏ । ਬਿਨ

ਗੁਰ ਕੋਈ ਨਾ ਜੋਤ ਜਗਾਏ । ਬਿਨ ਗੁਰ ਕੋਈ ਨਾ ਸਚ ਮਾਰਗ ਪਾਏ । ਬਿਨ ਗੁਰ ਕੋਈ ਨਾ ਗਿਆਨ ਨਾਮ ਦਿਵਾਏ । ਬਿਨ ਗੁਰ ਕੋਈ ਨਾ ਸੋਝੀ ਪਾਏ । ਬਿਨ ਗੁਰ ਕੋਏ ਨਾ ਗੁਰ ਗਿਆਨ ਗੋਝ ਬਤਾਏ । ਬਿਨ ਗੁਰ ਕੋਏ ਨਾ ਵਿਚੋਂ ਪ੍ਰਭ ਦਰਸਾਏ । ਬਿਨ ਗੁਰ ਕੋਈ ਨਾ ਜੀਵ ਦਾ ਭੇਤ ਖੁਲ੍ਹਾਏ । ਬਿਨ ਗੁਰ ਕੋਏ ਨਾ ਸਿੱਖ ਕੋ ਮਾਣ ਦਿਵਾਏ । ਬਿਨ ਗੁਰ ਕੋਈ ਨਾ ਭਾਣਾ ਸਚ ਵਰਤਾਏ । ਬਿਨ ਗੁਰ ਕੋਈ ਨਾ ਜੀਵ ਦੀ ਬਣਤ ਬਣਾਏ । ਬਿਨ ਗੁਰ ਕੋਈ ਨਾ ਭੁੱਲਿਆਂ ਲੈ ਤਰਾਏ । ਬਿਨ ਗੁਰ ਕੋਈ ਨਾ ਜੀਵ ਦੀ ਪੈਜ ਰਖਾਏ । ਬਿਨ ਗੁਰ ਕੋਈ ਨਾ ਅਗਿਆਨ ਅੰਧੇਰ ਗਵਾਏ । ਬਿਨ ਗੁਰ ਕੋਈ ਨਾ ਸੰਸਾ ਰੋਗ ਗਵਾਏ । ਬਿਨ ਗੁਰ ਕੋਈ ਨਾ ਭਾਂਡਾ ਭਰਮ ਭੰਨਾਏ । ਬਿਨ ਗੁਰ ਕੋਈ ਨਾ ਆਪਣੀ ਜੋਤ ਜਗਾਏ । ਬਿਨ ਗੁਰ ਕੋਈ ਨਾ ਪੰਜਵੀਂ ਜੇਠ ਮਨਾਏ । ਬਿਨ ਗੁਰ ਕੋਏ ਨਾ ਆਪਣੀ ਜੋਤ ਆਪਣੇ ਵਿਚ ਸਮਾਏ । ਬਿਨ ਗੁਰ ਕੋਈ ਨਾ ਸਿੱਖ ਕੋ ਮਾਣ ਦਿਵਾਏ । ਬਿਨ ਗੁਰ ਕੋਈ ਨਾ ਭਰਮ ਚੁਕਾਏ । ਬਿਨ ਗੁਰ ਕੋਈ ਨਾ ਕਲਜੁਗ ਸੋਝੀ ਪਾਏ । ਬਿਨ ਗੁਰ ਕੋਈ ਨਾ ਰਸਨਾ ਹਰਿ ਗੁਣ ਗਾਏ । ਬਿਨ ਗੁਰ ਕੋਈ ਨਾ ਗੁਰ ਕਾ ਸ਼ਬਦ ਅਲਾਏ । ਬਿਨ ਗੁਰ ਕੋਈ ਨਾ ਮੰਗਲਾਚਾਰ ਕਰਾਏ । ਬਿਨ ਗੁਰ ਕੋਈ ਨਾ ਕਲਜੁਗ ਪਾਰ ਲੰਘਾਏ । ਮਹਾਰਾਜ ਸ਼ੇਰ ਸਿੰਘ ਸਿਰ ਦੇ ਕੇ ਹੱਥ, ਸਿੱਖਾਂ ਦੀ ਲਾਜ ਰਖਾਏ । ਗੁਰਸਿਖਾਂ ਮਨ ਚਾਉ ਘਨੇਰਾ, ਪ੍ਰਭ ਅਬਿਨਾਸ਼ੀ ਘਰ ਮਾਹਿ ਪਾਇਆ । ਗੁਰਸਿਖਾਂ ਮਨ ਚਾਉ ਘਨੇਰਾ, ਹਰਿ ਹਰਿ ਹਰਿ ਜੀ ਹਰ ਥਾਂ ਸਮਾਇਆ । ਗੁਰਸਿਖਾਂ ਮਨ ਚਾਉ ਘਨੇਰਾ, ਜੋਤ ਨਿਰੰਜਣ ਪ੍ਰਗਟ ਰਘੁਰਾਇਆ । ਗੁਰਸਿਖਾਂ ਮਨ ਚਾਉ ਘਨੇਰਾ, ਕਲ ਦਰਸ਼ਨ ਨਿਹਕਲੰਕ ਪਾਇਆ । ਗੁਰਸਿਖਾਂ ਮਨ ਚਾਉ ਘਨੇਰਾ, ਸਤਿਜੁਗ ਮਿਹਰਵਾਨ ਤ੍ਰੇਤਾ ਰਾਮ ਨਬੇਰਾ । ਗੁਰਸਿਖਾਂ ਮਨ ਚਾਉ ਘਨੇਰਾ, ਦੁਆਪਰ ਕ੍ਰਿਸ਼ਨ ਮੁਰਾਰ ਕੱਟੇ ਅਗਿਆਨ ਅੰਧੇਰਾ । ਗੁਰਸਿਖਾਂ ਮਨ ਚਾਉ ਘਨੇਰਾ, ਪਰਗਟੀ ਜੋਤ ਅਪਾਰ ਮਹਾਰਾਜ ਸ਼ੇਰ ਸਿੰਘ ਸਤਿਗੁਰ ਮੇਰਾ । ਗੁਰਸਿਖਾਂ ਮਨ ਚਾਉ ਘਨੇਰਾ, ਪੰਜ ਜੇਠ ਗੁਰਪੁਰਬ ਮਨਾਈ । ਗੁਰਸਿਖਾਂ ਮਨ ਚਾਉ ਘਨੇਰਾ, ਗੁਰ ਦਰਸ਼ਨ ਮਨ ਤ੍ਰਿਪਤ ਕਰਾਈ । ਗੁਰਸਿਖਾਂ ਮਨ ਚਾਉ ਘਨੇਰਾ, ਤ੍ਰੈਲੋਕੀ ਨਾਥ ਨਰਾਇਣ ਦਰਸਾਈਏ । ਗੁਰਸਿਖਾਂ ਮਨ ਚਾਉ ਘਨੇਰਾ, ਕਲਜੁਗ ਪਾਪ ਕਰਮ ਗਵਾਈਏ । ਗੁਰਸਿਖਾਂ ਮਨ ਚਾਉ ਘਨੇਰਾ, ਸਤਿਗੁਰ ਪੂਰਾ ਵਿਚ ਬਹਾਈਏ । ਗੁਰਸਿਖਾਂ ਮਨ ਚਾਉ ਘਨੇਰਾ, ਕਲਜੁਗ ਵਿਚੋਂ ਆਪ ਤਰ ਜਾਈਏ । ਗੁਰਸਿਖਾਂ ਮਨ ਚਾਉ ਘਨੇਰਾ, ਝੂਠੀ ਜਗਤ ਪ੍ਰੀਤ ਨਿਹੁੰ ਚਰਨਾਂ ਸੰਗ ਲਾਈਏ । ਗੁਰਸਿਖਾਂ ਮਨ ਚਾਉ ਘਨੇਰਾ, ਮਹਾਰਾਜ ਸ਼ੇਰ ਸਿੰਘ ਘਰ ਮਾਹਿ ਪਾਈਏ । ਗੁਰਸਿਖਾਂ ਮਨ ਵੱਜੀ ਵਧਾਈ, ਪਰਗਟ ਜੋਤ ਹੋਇਆ ਉਜਿਆਰਾ । ਗੁਰਸਿਖਾਂ ਮਨ ਵੱਜੀ ਵਧਾਈ, ਜੋਤ ਨਿਰੰਜਣ ਜਗਤ ਉਤਾਰਾ । ਗੁਰਸਿਖਾਂ ਮਨ ਵੱਜੀ ਵਧਾਈ, ਪਾਰਬ੍ਰਹਮ ਪ੍ਰਭ ਭਏ ਦਰਸਾਰਾ । ਗੁਰਸਿਖਾਂ ਮਨ ਵੱਜੀ ਵਧਾਈ, ਕਲਜੁਗ ਵਿਚ ਗੁਰੂ ਉਧਾਰਾ । ਗੁਰਸਿਖਾਂ ਮਨ ਵੱਜੀ ਵਧਾਈ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰਾ । ਗੁਰਸਿਖਾਂ ਮਨ ਵੱਜੀ ਵਧਾਈ, ਗੁਰਮੁਖ ਨਾਉਂ ਗੁਰ ਜਗਤ ਉਜਿਆਰਾ । ਗੁਰਸਿਖਾਂ ਮਨ ਹੋਈ ਵਧਾਈ, ਗੁਰ ਪ੍ਰੀਤ ਗੁਰਚਰਨ ਦਵਾਰਾ । ਗੁਰਸਿਖਾਂ ਮਨ ਹੋਈ ਵਧਾਈ, ਲੰਘਾਵੇ ਪਾਰ ਆਪ ਕਰਤਾਰਾ । ਗੁਰਸਿਖਾਂ ਮਨ ਹੋਈ ਵਧਾਈ, ਜੋਤ ਜਗਾਈ ਅਪਰ ਅਪਾਰਾ । ਗੁਰਸਿਖਾਂ ਮਨ ਹੋਈ ਵਧਾਈ, ਹੋਵੇ ਸ਼ਬਦ ਗਿਆਨ ਜਾਵੇ ਧੁੰਧੂਕਾਰਾ । ਗੁਰਸਿਖਾਂ ਮਨ ਹੋਈ ਵਧਾਈ, ਗੁਰ ਪੂਰਾ ਲਏ ਪਛਾਣ ਜਿਸ ਕੀਆ ਪਸਾਰਾ । ਗੁਰਸਿਖਾਂ ਮਨ ਹੋਈ ਵਧਾਈ, ਕਰ ਦਰਸ

ਦਾਤਾਰ ਜਿਨ ਇਹ ਬਣਤ ਬਣਾਈ । ਗੁਰਸਿਖਾਂ ਮਨ ਹੋਈ ਵਧਾਈ, ਗੁਰ ਠਾਂਡਾ ਗੁਰ ਦਰਬਾਰ ਸਿੱਖਾਂ ਦੀ ਪੈਜ ਰਖਾਈ । ਗੁਰਸਿਖਾਂ ਮਨ ਹੋਈ ਵਧਾਈ, ਉਤਮ ਇਹ ਵਿਹਾਰ ਪ੍ਰਭ ਦੀ ਜੋਤ ਜਗਤ ਮੇਂ ਆਈ । ਗੁਰਸਿਖਾਂ ਮਨ ਹੋਈ ਵਧਾਈ, ਭੁੱਲੀ ਸ੍ਰਿਸ਼ਟ ਅਨਭੋਲ, ਪ੍ਰਭ ਦੀ ਸਾਰ ਨਾ ਪਾਈ । ਗੁਰਸਿਖਾਂ ਮਨ ਹੋਈ ਵਧਾਈ, ਘਰ ਘਰ ਹੋਏ ਜੈਕਾਰ ਸ਼ਬਦ ਧੁਨ ਗੁਰ ਆਪ ਵਜਾਈ । ਗੁਰਸਿਖਾਂ ਮਨ ਹੋਈ ਵਧਾਈ, ਦੇ ਕੇ ਬ੍ਰਹਮ ਗਿਆਨ ਗੁਰ ਸੰਗਤ ਗੁਰ ਪਾਰ ਕਰਾਈ । ਗੁਰਸਿਖਾਂ ਮਨ ਹੋਈ ਵਧਾਈ, ਪ੍ਰਭ ਆਪ ਅਤੋਲ ਤੋਲਿਆ ਨਾ ਜਾਈ । ਗੁਰਸਿਖਾਂ ਮਨ ਹੋਈ ਵਧਾਈ, ਨਿਮਾਣਿਆਂ ਦੇਵੇ ਮਾਣ ਗ਼ਰੀਬਾਂ ਗਲੇ ਲਗਾਈ । ਗੁਰਸਿਖਾਂ ਮਨ ਹੋਈ ਵਧਾਈ, ਕਲਜੁਗ ਲਏ ਪਛਾਣ, ਪਰਗਟ ਹੋ ਪ੍ਰਭ ਦਰਸ ਦਿਖਾਈ । ਗੁਰਸਿਖਾਂ ਮਨ ਹੋਈ ਵਧਾਈ, ਜਿਨ੍ਹਾਂ ਰਸਨਾ ਹਰਿ ਹਰਿ ਹਰਿ ਜਸ ਗਾਈ । ਗੁਰਸਿਖਾਂ ਮਨ ਹੋਈ ਵਧਾਈ, ਪੰਚਮ ਜੇਠ ਜਿਨ ਖ਼ੁਸ਼ੀ ਮਨਾਈ । ਗੁਰਸਿਖਾਂ ਮਨ ਹੋਈ ਵਧਾਈ, ਗੁਰ ਪੂਰਾ ਘਰ ਮਾਹਿ ਪਾਈ । ਗੁਰਸਿਖਾਂ ਮਨ ਹੋਈ ਵਧਾਈ, ਹੋਏ ਪ੍ਰਭ ਕਿਰਪਾਲ ਭਗਤਨ ਦਰਸ ਦਿਖਾਈ । ਗੁਰਸਿਖਾਂ ਮਨ ਹੋਈ ਵਧਾਈ, ਭਗਤ ਉਧਾਰਨ ਆਪ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਈ । ਦੇਵੇ ਦਰਸ਼ਨ ਗੁਰ ਜੋਤ ਪਰਗਾਸਿਆ । ਭੁੱਲਾ ਜੀਵ ਫਿਰੇ ਜਗਤ ਉਦਾਸਿਆ । ਬਿਨ ਸਤਿਗੁਰ ਝੂਠੀ ਦੇਹ ਨਿਰਾਸਿਆ । ਕੋਈ ਨਾ ਕੱਟਣਹਾਰ ਗਲੋਂ ਜਮ ਫਾਸਿਆ । ਗੁਰ ਚਰਨ ਕਰ ਪਿਆਰ, ਨੌਂ ਨਿਧ ਹੋਵੇ ਦਾਸਿਆ । ਮਹਾਰਾਜ ਸ਼ੇਰ ਸਿੰਘ ਪਰਗਟ ਕਰਤਾਰ, ਸਰਬ ਸੂਖ ਵਾਸਿਆ । ਸਰਬ ਸੂਖ ਗੁਰ ਚਰਨ ਪਿਆਰ । ਸਰਬ ਸੂਖ ਗੁਰ ਰਿਦੇ ਚਿਤਾਰ । ਸਰਬ ਸੂਖ ਗੁਰ ਸੰਗਤ ਪਿਆਰ । ਸਰਬ ਸੂਖ ਮਹਾਰਾਜ ਸ਼ੇਰ ਸਿੰਘ ਰਿਦੇ ਚਿਤਾਰ । ਮਾਨਸ ਜਨਮ ਜਗਤ ਮੇਂ ਪਾਇਆ । ਬਿਨ ਗੁਰ ਪੂਰੇ ਕਿਸੇ ਪਾਰ ਨਾ ਲਾਇਆ । ਮੋਹ ਮਮਤਾ ਵਿਚ ਫਿਰੇ ਲੁਭਾਇਆ । ਦੁਨਿਆਵੀ ਝੰਜਟਾਂ ਵਿਚ ਫਸਾਇਆ । ਦੁਖਾਂ ਕਲੇਸ਼ਾਂ ਡੇਰਾ ਲਾਇਆ । ਦੇਹ ਰੋਗੀ ਵਿਚ ਰੋਗ ਵਧਾਇਆ । ਹੋਵੇ ਕਸ਼ਟ ਅਪਾਰ ਬਿਨ ਗੁਰ ਕੋਏ ਨਾ ਦੇ ਛੁਡਾਇਆ । ਜੇਠ ਪੰਚਮ ਦਿਤਾ ਤਾਰ, ਜਿਨ ਗੁਰ ਦਰਸ਼ਨ ਪਾਇਆ । ਆਤਮ ਹੋਏ ਉਜਿਆਰ, ਦੁੱਖਾਂ ਦਾ ਨਾਸ ਕਰਾਇਆ । ਪਰਗਟ ਜੋਤ ਅਪਾਰ, ਸਿੱਖਾਂ ਦਾ ਕਰਮ ਲਿਖਾਇਆ । ਆਪ ਬੈਠਾ ਨਿਰਾਧਾਰ, ਦੀਪਕ ਜੋਤ ਜਗਾਇਆ । ਗੁਰ ਪੂਰੇ ਜਾਇਓ ਬਲਹਾਰ, ਕਲਜੁਗ ਪਾਰ ਤਰਾਇਆ । ਭਗਤ ਜਨਾਂ ਪ੍ਰਭ ਦੇਵੇ ਮਾਣ, ਈਸ਼ਰ ਜੋਤ ਜਗਤ ਪਲਟਾਏ । ਭਗਤ ਜਨਾਂ ਪ੍ਰਭ ਦੇਵੇ ਮਾਣ, ਜੋਤ ਨਿਰੰਜਣ ਦੇਹ ਵਿਚ ਆਏ । ਭਗਤ ਜਨਾਂ ਪ੍ਰਭ ਦੇਵੇ ਮਾਣ, ਖੋਲ੍ਹ ਕਿਵਾੜ ਦਰਸ ਦਿਖਾਏ । ਭਗਤ ਜਨਾਂ ਪ੍ਰਭ ਦੇਵੇ ਮਾਣ, ਗੁਰਸਿਖ ਮਹਿੰਮਾ ਆਪ ਜਣਾਏ । ਭਗਤ ਜਨਾਂ ਪ੍ਰਭ ਦੇਵੇ ਮਾਣ, ਗੁਰਬਾਣੀ ਵਿਚ ਨਾਮ ਲਿਖਵਾਏ । ਭਗਤ ਜਨਾਂ ਪ੍ਰਭ ਦੇਵੇ ਮਾਣ, ਜੁਗੋ ਜੁਗ ਅਟੱਲ ਰਹਿ ਜਾਣ । ਭਗਤ ਜਨਾਂ ਪ੍ਰਭ ਦੇਵੇ ਮਾਣ, ਗੁਰਸਿਖਾਂ ਵਿਟਹੁ ਕੁਰਬਾਣ । ਭਗਤ ਜਨਾਂ ਪ੍ਰਭ ਦੇਵੇ ਮਾਣ, ਕਲਜੁਗ ਵਿਚ ਲੀਆ ਗੁਰ ਪਛਾਣ । ਭਗਤ ਜਨਾਂ ਪ੍ਰਭ ਦੇਵੇ ਮਾਣ, ਮਿਲ ਸੰਗਤ ਜੋ ਹਰਿ ਜਸ ਗਾਣ । ਭਗਤ ਜਨਾਂ ਪ੍ਰਭ ਦੇਵੇ ਮਾਣ, ਜੋਤ ਸਰੂਪ ਪ੍ਰਭ ਜੋਤ ਜਗਾਣ । ਭਗਤ ਜਨਾਂ ਪ੍ਰਭ ਦੇਵੇ ਮਾਣ, ਦੇਵੇ ਦਾਤ ਅਪਾਰ ਮਨ ਮੇਂ ਉਪਜੇ ਸ਼ਬਦ ਗਿਆਨ । ਭਗਤ ਜਨਾਂ ਪ੍ਰਭ ਦੇਵੇ ਮਾਣ, ਕੋਏ ਨਾ ਜਾਵੇ ਨਿਰਾਸ ਗੁਰ ਚਰਨ ਲਾਏ ਧਿਆਨ । ਭਗਤ ਜਨਾਂ ਪ੍ਰਭ ਦੇਵੇ ਮਾਣ, ਮਹਾਰਾਜ ਸ਼ੇਰ ਸਿੰਘ ਬਣੇ ਬਬਾਣ । ਭਗਤ ਜਨਾਂ ਜਾਈਏ ਕੁਰਬਾਨ, ਜਿਨ ਕੀ ਮਹਿੰਮਾ ਪ੍ਰਭ ਆਪ ਗਣਾਏ । ਭਗਤ ਜਨਾਂ ਜਾਈਏ ਕੁਰਬਾਨ, ਧ੍ਰੂ ਪ੍ਰਹਿਲਾਦ ਪ੍ਰਭ ਸੰਗ ਸਮਾਏ । ਭਗਤ ਜਨਾਂ ਜਾਈਏ

੧੨੪
੦੧

ਕੁਰਬਾਨ, ਭਗਤ ਅੰਬਰੀਕ ਪਾਰ ਲੰਘਾਏ । ਭਗਤ ਜਨਾਂ ਜਾਈਏ ਕੁਰਬਾਨ, ਜਨਮ ਦਰੋਪਤੀ ਮਾਣ ਦਿਵਾਏ । ਭਗਤ ਜਨਾਂ ਜਾਈਏ ਕੁਰਬਾਨ, ਬਿਦਰ ਸੁਦਾਮੇ ਦਰਸ ਦਿਖਾਏ । ਭਗਤ ਜਨਾਂ ਜਾਈਏ ਕੁਰਬਾਨ, ਘਰ ਜਿਨ੍ਹਾਂ ਦੇ ਈਸ਼ਰ ਆਏ । ਭਗਤ ਜਨਾਂ ਜਾਈਏ ਕੁਰਬਾਨ, ਜੈਦੇਉ ਨਾਮਾ ਚਰਨ ਲਗਾਏ । ਭਗਤ ਜਨਾਂ ਜਾਈਏ ਕੁਰਬਾਨ, ਤਰਲੋਚਣ ਨਾ ਦੁੱਖ ਉਠਾਏ । ਭਗਤ ਜਨਾਂ ਜਾਈਏ ਕੁਰਬਾਨ, ਬੇਣੀ ਸੈਣ ਪ੍ਰਭ ਭੇਸ ਵਟਾਏ । ਭਗਤ ਜਨਾਂ ਜਾਈਏ ਕੁਰਬਾਨ, ਈਸ਼ਰ ਜਿਨ੍ਹਾਂ ਦੇ ਦਰ ਤੇ ਆਏ । ਭਗਤ ਜਨਾਂ ਜਾਈਏ ਕੁਰਬਾਨ, ਗਨਕਾ ਅਜਾਮਲ ਪੂਤਨਾ ਸਭ ਜੋਤ ਮਿਲਾਏ । ਭਗਤ ਜਨਾਂ ਜਾਈਏ ਕੁਰਬਾਨ, ਕਬੀਰ ਤਾਈਂ ਸਚਖੰਡ ਵਖਾਏ । ਭਗਤ ਜਨਾਂ ਜਾਈਏ ਕੁਰਬਾਨ, ਨਾਮਦੇਉ ਰਵਿਦਾਸ ਤਰਾਏ । ਭਗਤ ਜਨਾਂ ਜਾਈਏ ਕੁਰਬਾਨ, ਬੱਧਕ ਤੀਰ ਕ੍ਰਿਸ਼ਨ ਚਰਨ ਲਗਾਏ । ਭਗਤ ਜਨਾਂ ਜਾਈਏ ਕੁਰਬਾਨ, ਜਿਥੇ ਈਸ਼ਰ ਦਰਸ ਦਿਖਾਏ । ਭਗਤ ਜਨਾਂ ਜਾਈਏ ਕੁਰਬਾਨ, ਜੁਗੋ ਜੁਗ ਪ੍ਰਭ ਦਰਸ ਦਿਖਾਏ । ਭਗਤ ਜਨਾਂ ਜਾਈਏ ਕੁਰਬਾਨ, ਜੋਤ ਸਦਾ ਪ੍ਰਭ ਸੰਗ ਸਮਾਏ । ਭਗਤ ਜਨਾਂ ਜਾਈਏ ਕੁਰਬਾਨ, ਕਲਜੁਗ ਭਏ ਅਵਤਾਰ ਸ਼ੇਰ ਸਿੰਘ ਨਾਮ ਰਖਾਏ । ਗੁਰਸਿਖਾਂ ਦਿਤਾ ਤਾਰ, ਜਿਨ੍ਹਾਂ ਚਰਨ ਲਗਾਏ । ਬੇਮੁਖਾਂ ਦਿਤੀ ਹਾਰ, ਜਿਨ੍ਹਾਂ ਮੁਖ ਭਵਾਏ । ਉਪਜੇ ਭਗਤ ਅਪਾਰ, ਜਿਨਾਂ ਗੁਰ ਨਾਮ ਲਿਖਾਏ । ਇਹ ਸੁਹਾਵੇ ਮੰਦਰ, ਜਿਥੇ ਗੁਰ ਚਰਨ ਟਿਕਾਏ । ਇਹ ਸੁਹਾਵੇ ਮੰਦਰ, ਜਿਥੇ ਗੁਰ ਧਾਮ ਰਚਾਏ । ਇਹ ਸੁਹਾਵੇ ਮੰਦਰ, ਜਿਥੇ ਸਚਖੰਡ ਬਣ ਜਾਏ । ਇਹ ਸੁਹਾਵੇ ਮੰਦਰ, ਜਿਥੇ ਕਲਸੀਆਂ ਨੂੰ ਮਾਣ ਦਿਵਾਏ । ਇਹ ਸੁਹਾਵੇ ਮੰਦਰ, ਨਾਮ ਚੇਤ ਸਿੰਘ ਜੁਗ ਚਾਰ ਰਹਿ ਜਾਏ । ਇਹ ਸੁਹਾਵੇ ਮੰਦਰ, ਜਿਥੇ ਪ੍ਰਭ ਸੁਖ ਆਸਣ ਲਾਏ । ਇਹ ਸੁਹਾਵੇ ਮੰਦਰ, ਜਿਥੇ ਪ੍ਰਭ ਚਰਨ ਭਾਰ ਰਖਾਏ । ਇਹ ਸੁਹਾਵੇ ਮੰਦਰ, ਜਿਥੇ ਈਸ਼ਰ ਦੱਖਣ ਦਿਸ਼ਾ ਸਿਰ ਰਖਾਏ । ਇਹ ਸੁਹਾਵੇ ਮੰਦਰ, ਜਿਥੇ ਲਹਿੰਦੇ ਮੁਖ ਰਖਾਏ । ਇਹ ਸੁਹਾਵੇ ਮੰਦਰ, ਜਿਥੇ ਪ੍ਰਭ ਜੋਤ ਜਗਾਏ । ਇਹ ਸੁਹਾਵੇ ਮੰਦਰ, ਜਿਥੇ ਪ੍ਰਭ ਸਵਰਨ ਦੀ ਦੇਹ ਛੁਡਾਏ । ਇਹ ਸੁਹਾਵੇ ਮੰਦਰ, ਜਿਥੇ ਪ੍ਰਭ ਬੈਠਾ ਆਏ । ਇਹ ਸੁਹਾਵੇ ਮੰਦਰ, ਜਿਥੇ ਸਤਿਜੁਗ ਰਾਹ ਬਣਾਏ । ਇਹ ਸੁਹਾਵੇ ਮੰਦਰ, ਜਿਥੇ ਗਣ ਗੰਧਰਬ ਸੀਸ ਝੁਕਾਏ । ਇਹ ਸੁਹਾਵੇ ਮੰਦਰ, ਜਿਥੇ ਸਤਿਜੁਗ ਸਤਿ ਧਾਮ ਅਖਵਾਏ । ਇਹ ਸੁਹਾਵੇ ਮੰਦਰ, ਜਿਥੇ ਮਹਾਰਾਜ ਸ਼ੇਰ ਸਿੰਘ ਭਗਤ ਵਡਿਆਏ । ਐਸੀ ਭਗਤ ਦੇਉ ਵਡਿਆਈ, ਝੂਠੀ ਦੇਹ ਦੀ ਪ੍ਰੀਤ ਤਜਾਈ । ਧਾਮ ਬੈਕੁੰਠ ਰਿਹਾ ਸਮਾਈ । ਈਸ਼ਰ ਜੋਤ ਪ੍ਰਭ ਖਿੱਚ ਵਖਾਈ । ਜੇਠ ਸੱਤ ਪ੍ਰਭ ਬਣਤ ਬਣਾਈ । ਈਸ਼ਰ ਦੋ ਹਜ਼ਾਰ ਛੇ ਬਿਕ੍ਰਮੀ ਸਤਿਜੁਗ ਸਤਿ ਬਣਾਈ । ਤਜ ਦੇਹ ਸਵਰਨ ਪਰਮਗਤ ਪਾਈ । ਪਰਗਟ ਗੁਣ ਨਿਧਾਨ ਇਹ ਬੂਝ ਬੁਝਾਈ । ਛੱਡ ਜਗਤ ਪ੍ਰੀਤ, ਸਚ ਘਰ ਬੈਠਾ ਜਾਈ । ਉਪਜੇ ਪ੍ਰਭ ਜੋਤ, ਪ੍ਰਭ ਜੋਤ ਲਏ ਮਿਲਾਈ । ਦੂਸਰ ਨਾਹੀਂ ਕੋਏ, ਏਕ ਪ੍ਰਭ ਥਿਰ ਰਹਾਈ । ਸਤਿਜੁਗ ਦਿਤਾ ਮਾਣ, ਭਗਤ ਨੇ ਪਦਵੀ ਪਾਈ । ਬੈਠਾ ਹੋ ਦਰਬਾਨ ਧ੍ਰੂ ਪਰੇ ਹਟਾਈ । ਮੁੱਕਾ ਆਵਣ ਜਾਵਣ, ਖੜ੍ਹਾ ਦਰ ਸੀਸ ਝੁਕਾਈ । ਗੁਰ ਪੂਰੇ ਹੋ ਮਿਹਰਵਾਨ ਦਰਗਾਹ ਸਚ ਵਖਾਈ । ਸਿੱਖ ਉਧਾਰਨ ਆਪ ਪ੍ਰਭ ਇਹ ਖੇਲ ਰਚਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿਜੁਗ ਜੋਤ ਜਗਾਈ । ਸਤਿਜੁਗ ਸਤਿ ਸਤਿ ਸਤਿ ਗੁਰ ਵਰਤਾਵੇ । ਗੁਰ ਪ੍ਰਸਾਦਿ ਸਿੱਖ ਦਰਸ਼ਨ ਪਾਵੇ । ਦੇ ਕੇ ਸੋਹੰ ਗਿਆਨ ਕਲਜੁਗ ਜੀਵ ਤਰਾਵੇ । ਮਹਾਰਾਜ ਸ਼ੇਰ ਸਿੰਘ ਸਦ ਮਿਹਰਵਾਨ ਭਗਤਨ ਦੀ ਪੈਜ ਰਖਾਵੇ । ਗੁਣ ਨਿਧਾਨ ਇਹ ਕਰਮ ਕਮਾਏ । ਕਲਜੁਗ ਆਣ ਭਗਤ ਤਰਾਏ । ਵਿਛੜਿਆਂ ਨੂੰ ਮੇਲ ਗੁਰ ਚਰਨ ਲਗਾਏ । ਦੇਵੇ

੧੨੫
੦੧

ਸੁਰਤ ਧਿਆਨ, ਅਨਹਦ ਸ਼ਬਦ ਵਜਾਏ । ਪਾਵੇ ਭਗਤ ਧਿਆਨ, ਮਹਾਰਾਜ ਸ਼ੇਰ ਸਿੰਘ ਘਰ ਮਾਹਿ ਪਾਵੇ । ਭਗਤ ਵਛਲ ਅਨਾਥ ਪ੍ਰਭ ਨਾਥ । ਸਰਬ ਜੀਵ ਸਦਾ ਹੈ ਸਾਥ । ਜੀਵ ਵਿਨਾਸੀ ਪ੍ਰਭ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਕਰ ਭਗਤ ਪਰਕਾਸ਼ । ਭਗਤ ਉਧਾਰਨ ਆਪ ਪ੍ਰਭ ਆਇਆ । ਜੋਤ ਸਰੂਪ ਵਿਚ ਦੇਹ ਸਮਾਇਆ । ਕਲੂ ਕਾਲ ਜਿਸ ਆਣ ਖਪਾਇਆ । ਸਤਿਜੁਗ ਸਾਚਾ ਰਾਹ ਬਤਾਇਆ । ਗੁਰਸਿਖਾਂ ਗੁਰ ਗਿਆਨ ਦਵਾਇਆ । ਸੋਹੰ ਸ਼ਬਦ ਜਹਾਜ਼ ਬਣਾਇਆ । ਚਾੜ੍ਹ ਪਾਲ ਸਿੰਘ ਬੈਕੁੰਠ ਪੁਚਾਇਆ । ਸਵਰਨ ਸਿੰਘ ਸਚ ਰਾਹ ਸਿਧਾਇਆ । ਗੁਰ ਧਾਮ ਜਿਸ ਆਸਣ ਲਾਇਆ । ਇੰਦਲੋਕ ਸ਼ਿਵਲੋਕ ਜਿਸ ਬ੍ਰਹਮਲੋਕ ਤਜਾਇਆ । ਭਗਤ ਦੇ ਵਡਿਆਈ ਪ੍ਰਭ ਦਰ ਅੱਗੇ ਬਹਾਇਆ । ਧੰਨ ਜਣੇਂਦੀ ਮਾਈ, ਜਿਨ ਪੂਤ ਸਵਰਨ ਇਹ ਜਾਇਆ । ਜਗਤ ਮਿਲੇ ਵਧਾਈ, ਪਿਤਾ ਘਰ ਪੂਤ ਕਵਲ ਲਗਾਇਆ । ਮਹਾਰਾਜ ਸ਼ੇਰ ਸਿੰਘ ਸਦਾ ਸੁਖਦਾਈ, ਕਲਜੁਗ ਆ ਭਗਤ ਵਡਿਆਇਆ । ਐਸੀ ਪ੍ਰਭ ਨੇ ਖੇਲ ਰਚਾਈ, ਉਲਟੀ ਜਗਤ ਤੇ ਪਾਈ ਮਾਇਆ । ਗਿਆਨ ਵਿਹੁਣੇ ਸਾਰ ਨਾ ਜਾਨਣ, ਮੁਖੋਂ ਬੋਲਣ ਇਸ ਘਰ ਵਿਚ ਛਾਇਆ । ਬੈਠਾ ਆਪ ਗੋਸਾਈਂ, ਸੱਚਾ ਸਵਰਨ ਜਿਸ ਗੋਦ ਬਹਾਇਆ । ਨਾ ਪ੍ਰਭ ਡੋਲੇ ਨਾ ਕਿਸੇ ਡੁਲਾਵੇ, ਭਗਤ ਆਪਣਾ ਜਗਤ ਵਡਿਆਇਆ । ਗੁਰਮੁਖ ਨਾਮ ਉਧਾਰ, ਸੋਹੰ ਸ਼ਬਦ ਸੁਣਾਇਆ । ਬਾਣੀ ਬੋਹਥ ਸਤਿਗੁਰ ਪੂਰਾ ਘਰ ਚੇਤ ਸਿੰਘ ਡੇਰਾ ਲਾਇਆ । ਮੈਂ ਹਾਂ ਪਰੀ ਪੂਰਨ ਪਰਮੇਸ਼ਵਰ, ਦੇ ਦੁਹਾਈ ਪੱਲਾ ਫਿਰਾਇਆ ।

੧੨੬
੦੧

❋ ੫ ਜੇਠ ੨੦੦੭ ਬਿਕ੍ਰਮੀ ਪਿੰਡ ਕਲਸੀ ਜ਼ਿਲਾ ਅੰਮ੍ਰਿਤਸਰ ਬਚਨ ਹੋਏ ❋

ਗੁਰਪ੍ਰਸਾਦਿ ਗੁਰ ਪ੍ਰਸਾਦ ਕਰਾਈਏ । ਗੁਰਪ੍ਰਸਾਦਿ ਗੁਰ ਦਰਸ਼ਨ ਪਾਈਏ । ਗੁਰਪ੍ਰਸਾਦਿ ਪ੍ਰਭ ਜੋਤ ਜਗਾਈਏ । ਗੁਰਪ੍ਰਸਾਦਿ ਕਾਇਆ ਤਪਤ ਬੁਝਾਈਏ । ਗੁਰਪ੍ਰਸਾਦਿ ਚੰਨਣ ਵਾਂਗ ਦੇਹ ਬਣਾਈਏ । ਗੁਰਪ੍ਰਸਾਦਿ ਗੁਰ ਸੇਵ ਕਮਾਈਏ । ਗੁਰਪ੍ਰਸਾਦਿ ਗੁਰ ਭੇਟ ਚੜ੍ਹਾਈਏ । ਗੁਰਪ੍ਰਸਾਦਿ ਘਰ ਨੌਂ ਨਿਧ ਪਾਈਏ । ਗੁਰਪ੍ਰਸਾਦਿ ਗੁਰ ਦਰ ਮੰਗਣ ਆਈਏ । ਗੁਰਪ੍ਰਸਾਦਿ ਨਾਮ ਪਦਾਰਥ ਝੋਲੀ ਪਾਈਏ । ਗੁਰਪ੍ਰਸਾਦਿ ਮਨ ਦਾ ਭਰਮ ਗਵਾਈਏ । ਗੁਰਪ੍ਰਸਾਦਿ ਪੂਰਾ ਸਤਿਗੁਰ ਨੈਣ ਦਰਸਾਈਏ । ਗੁਰਪ੍ਰਸਾਦਿ ਦੁੱਖ ਦਲਿਦਰ ਸਰਬ ਗਵਾਈਏ । ਗੁਰਪ੍ਰਸਾਦਿ ਜਨਮ ਸੁਫਲ ਜਗਤ ਕਰਾਈਏ । ਗੁਰਪ੍ਰਸਾਦਿ ਮਨੁੱਖ ਦੇਹ ਨੂੰ ਲੇਖੇ ਲਾਈਏ । ਗੁਰਪ੍ਰਸਾਦਿ ਗੁਰ ਵਡਭਾਗੀ ਘਰ ਮਹਿ ਪਾਈਏ । ਗੁਰਪ੍ਰਸਾਦਿ ਗੁਰ ਅੰਜਣ ਨਾਮ ਨੇਤਰੀਂ ਪਾਈਏ । ਗੁਰਪ੍ਰਸਾਦਿ ਥਿਰ ਘਰ ਬੈਠ ਗੁਰ ਨਾਮ ਦ੍ਰਿੜਾਈਏ । ਗੁਰਪ੍ਰਸਾਦਿ ਕਲਜੁਗ ਵਿਚ ਆਣ ਤਰ ਜਾਈਏ । ਗੁਰਪ੍ਰਸਾਦਿ ਜਗਜੀਵਨ ਦਾਤਾ ਰਸਨਾ ਨਿੱਤ ਗਾਈਏ । ਗੁਰਪ੍ਰਸਾਦਿ ਆਪ ਤਰੇ ਕੁਟੰਬ ਤਰਾਈਏ । ਗੁਰਪ੍ਰਸਾਦਿ ਭੈ ਭੰਜਨ ਮਿਹਰਵਾਨ ਮਨ ਬਖ਼ਸ਼ਾਈਏ । ਗੁਰਪ੍ਰਸਾਦਿ ਤ੍ਰੈਲੋਕੀ ਨਾਥ ਉਤੇ ਪਲੰਘ ਬਹਾਈਏ । ਗੁਰਪ੍ਰਸਾਦਿ ਨੇਤਰ ਖੋਲ੍ਹ ਗੁਰ ਚਰਨ ਦਰਸਾਈਏ । ਗੁਰਪ੍ਰਸਾਦਿ ਮਨ ਮੇਂ ਹੋਏ ਗਿਆਨ, ਸ਼ਬਦ ਰੂਪ ਗੁਰ ਦਰਸ਼ਨ ਪਾਈਏ । ਗੁਰਪ੍ਰਸਾਦਿ ਗੁਰ ਸੰਗਤ ਰਲ ਜਾਈਏ । ਗੁਰਪ੍ਰਸਾਦਿ ਮਦਿ ਮਾਸ ਨਾ ਰਸਨਾ ਲਾਈਏ । ਗੁਰਪ੍ਰਸਾਦਿ ਅੰਮ੍ਰਿਤ ਫਲ ਗੁਰ ਦਰ ਤੇ ਪਾਈਏ । ਗੁਰਪ੍ਰਸਾਦਿ ਆਪਣੀ ਮਹਿੰਮਾ ਆਪ ਲਿਖਵਾਈਏ । ਗੁਰਪ੍ਰਸਾਦਿ ਗੁਰ ਪੂਰਾ ਸਿਰ ਛਤਰ ਝੁਲਾਈਏ । ਗੁਰਪ੍ਰਸਾਦਿ

ਜ਼ਾਤ ਪਾਤ ਦਾ ਭੇਤ ਮੁਕਾਈਏ । ਗੁਰਪ੍ਰਸਾਦਿ ਚਾਰ ਵਰਨ ਇਕ ਹੋ ਜਾਈਏ । ਗੁਰਪ੍ਰਸਾਦਿ ਵਿਚ ਸੰਗਤ ਭੈਣ ਭਰਾ ਬਣ ਜਾਈਏ । ਗੁਰਪ੍ਰਸਾਦਿ ਗੁਰ ਦਰਸ਼ਨ ਪਰਮਗਤ ਪਾਈਏ । ਗੁਰਪ੍ਰਸਾਦਿ ਪ੍ਰਭ ਅਬਿਨਾਸ਼ ਸਦ ਰਿਦੇ ਧਿਆਈਏ । ਗੁਰਪ੍ਰਸਾਦਿ ਆਤਮ ਜੋਤ ਗੁਰ ਜੋਤ ਜਗਾਈਏ । ਗੁਰਪ੍ਰਸਾਦਿ ਅਗਿਆਨ ਅੰਧੇਰ ਨਾਸ ਕਰਾਈਏ । ਗੁਰਪ੍ਰਸਾਦਿ ਉਪਜੇ ਬ੍ਰਹਮ ਗਿਆਨ ਸਦਾ ਸੁਖ ਪਾਈਏ । ਗੁਰਪ੍ਰਸਾਦਿ ਸਾਧ ਸੰਗਤ ਮਿਲ ਹਰਿ ਜਸ ਗਾਈਏ । ਗੁਰਪ੍ਰਸਾਦਿ ਚਰਨ ਕਵਲ ਗੁਰ ਸੀਸ ਝੁਕਾਈਏ । ਗੁਰਪ੍ਰਸਾਦਿ ਪੂਰਨ ਪਰਮੇਸ਼ਵਰ ਗੁਣ ਗਾਈਏ । ਗੁਰਪ੍ਰਸਾਦਿ ਵਾਹ ਵਾਹ ਕਰਦਿਆ ਸਤਿਗੁਰ ਪਾਈਏ । ਗੁਰਪ੍ਰਸਾਦਿ ਜੇਠ ਪੰਚਮੀਂ ਦਿਨ ਮਨਾਈਏ । ਗੁਰਪ੍ਰਸਾਦਿ ਜੋਤ ਨਿਰੰਜਣ ਨਿਤ ਦਰਸ਼ਨ ਪਾਈਏ । ਗੁਰਪ੍ਰਸਾਦਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗੁਣ ਗਾਈਏ । ਗੁਰਪ੍ਰਸਾਦਿ ਗੁਰਪ੍ਰਸਾਦ ਕਰਾਈਏ । ਗੁਰਪ੍ਰਸਾਦਿ ਕਮਾਈ ਸੁਫਲ ਕਰਾਈਏ । ਗੁਰਪ੍ਰਸਾਦਿ ਦੁੱਧ ਪੁੱਤ ਦੀ ਤੋਟ ਨਾ ਪਾਈਏ । ਗੁਰਪ੍ਰਸਾਦਿ ਸਾਚਾ ਸਾਚਾ ਸ਼ਾਹ ਇਕ ਰੰਗ ਸਮਾਈਏ । ਗੁਰਪ੍ਰਸਾਦਿ ਸੋਹੰ ਸ਼ਬਦ ਗੁਣ ਗਾਈਏ । ਗੁਰਪ੍ਰਸਾਦਿ ਸਚਖੰਡ ਸਮਾਈਏ । ਗੁਰਪ੍ਰਸਾਦਿ ਜੋਤ ਸਰੂਪ ਅੰਤ ਜੋਤ ਮਿਲ ਜਾਈਏ । ਗੁਰਪ੍ਰਸਾਦਿ ਆਵਣ ਜਾਵਣ ਪੰਧ ਮੁਕਾਈਏ । ਗੁਰਪ੍ਰਸਾਦਿ ਗੇੜ ਚੁਰਾਸੀ ਫੇਰ ਨਾ ਆਈਏ । ਗੁਰਪ੍ਰਸਾਦਿ ਕਰਮ ਲੇਖ ਫੇਰ ਲਿਖਾਈਏ । ਗੁਰਪ੍ਰਸਾਦਿ ਪਿਛਲੀ ਭੁੱਲ ਬਖ਼ਸ਼ਾ ਅੱਗੇ ਨੂੰ ਮਾਰਗ ਪਾਈਏ । ਗੁਰਪ੍ਰਸਾਦਿ ਮਨੋ ਗਵਾਈਏ ਵਿਕਾਰ, ਨਾਮ ਅਮੋਲਕ ਪਾਈਏ । ਗੁਰਪ੍ਰਸਾਦਿ ਚਤੁਰਭੁਜ ਕਰਤਾਰ, ਗੁਰੂ ਵਿਚ ਸਮਾਈਏ । ਗੁਰਪ੍ਰਸਾਦਿ ਆਦਿ ਅੰਤ ਰੰਗ ਇਕ ਹੋ ਜਾਈਏ । ਗੁਰਪ੍ਰਸਾਦਿ ਪੁਰਖ ਨਿਰੰਜਣ ਸਰਬ ਸੁਖ ਪਾਈਏ । ਗੁਰਪ੍ਰਸਾਦਿ ਕਰ ਪ੍ਰਸਾਦ ਗੁਰ ਭੋਗ ਲਗਾਈਏ । ਗੁਰਪ੍ਰਸਾਦਿ ਗੁਰ ਦਰ ਆਇਆ ਸੁਫਲ ਕਰਾਈਏ । ਗੁਰਪ੍ਰਸਾਦਿ ਸੁਖ ਸਾਗਰ ਵਿਚ ਆਣ ਤਰ ਜਾਈਏ । ਗੁਰਪ੍ਰਸਾਦਿ ਦੁੱਖਾਂ ਵਾਲਾ ਭਾਰ ਗੁਰ ਦਰ ਤੇ ਲਾਹੀਏ । ਗੁਰਪ੍ਰਸਾਦਿ ਦੁੱਖੀ ਕਾਇਆ ਕੰਚਨ ਬਣ ਜਾਈਏ । ਗੁਰਪ੍ਰਸਾਦਿ ਵਾਂਗ ਚੰਦਨ ਸਦਾ ਮਹਿਕਾਈਏ । ਗੁਰਪ੍ਰਸਾਦਿ ਦਾਤਾ ਕਰਤਾ ਜਲ ਥਲ ਸਮਾਈਏ । ਗੁਰਪ੍ਰਸਾਦਿ ਸਾਧ ਸੰਗਤ ਮਿਲ ਹਰਿ ਜਸ ਗਾਈਏ । ਗੁਰਪ੍ਰਸਾਦਿ ਕਲੂ ਕਾਲ ਵਿਚ ਪਾਰ ਕਰਾਈਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਦਰਸ਼ਨ ਪਾਈਏ । ਗੁਰਪ੍ਰਸਾਦਿ ਜੇਠ ਪੰਚਮ ਸੋਹੰ ਨਾਮ ਧਿਆਈਏ । ਗੁਰਪ੍ਰਸਾਦਿ ਗੁਰਸੰਗਤ ਪ੍ਰਸਾਦ ਕਰਾਈਏ । ਗੁਰਪ੍ਰਸਾਦਿ ਦਰਗਾਹ ਵਿਚ ਗੁਰ ਮਾਣ ਦਵਾਏ । ਗੁਰਪ੍ਰਸਾਦਿ ਗੁਰ ਸਾਚਾ ਸਚ ਬਚਨ ਲਿਖਾਏ । ਗੁਰਪ੍ਰਸਾਦਿ ਸਤਿਜੁਗ ਮਾਰਗ ਆਪ ਚਲਾਏ । ਗੁਰਪ੍ਰਸਾਦਿ ਧੰਨ ਗੁਰਸਿਖ ਜੋ ਗੁਰ ਚਰਨੀ ਲਾਏ । ਗੁਰਪ੍ਰਸਾਦਿ ਧੰਨ ਗੁਰਸਿਖ ਖੜ੍ਹੇ ਦਰ ਸੀਸ ਝੁਕਾਏ । ਗੁਰਪ੍ਰਸਾਦਿ ਅੱਜ ਦਿਨ ਵਡਭਾਗੀ, ਮਹਾਰਾਜ ਸ਼ੇਰ ਸਿੰਘ ਅਵਤਾਰ ਆਏ । ਗੁਰਪ੍ਰਸਾਦਿ ਜੇਠ ਪੰਚਵੀ ਹੋਵੇ ਵਡਭਾਗੀ, ਮਾਤਲੋਕ ਪ੍ਰਭ ਜੋਤ ਜਗਾਏ । ਗੁਰਪ੍ਰਸਾਦਿ ਗੁਰ ਕਰਮ ਵਿਚਾਰਿਆ । ਗੁਰਪ੍ਰਸਾਦਿ ਗੁਰਸਿਖਾਂ ਗੁਰ ਜਨਮ ਸਵਾਰਿਆ । ਗੁਰਪ੍ਰਸਾਦਿ ਗੁਰ ਕਲਜੁਗ ਪਾਰ ਉਤਾਰਿਆ । ਗੁਰਪ੍ਰਸਾਦਿ ਗੁਰ ਪੂਰੇ ਸਦ ਬਲਹਾਰਿਆ । ਗੁਰਪ੍ਰਸਾਦਿ ਜੇਠ ਪੰਜਵੀਂ ਜਗਤ ਉਧਾਰਿਆ । ਗੁਰਪ੍ਰਸਾਦਿ ਪਰਗਟੇ ਮਹਾਰਾਜ ਸ਼ੇਰ ਸਿੰਘ ਸਦਾ ਬਲਹਾਰਿਆ । ਗੁਰਪ੍ਰਸਾਦਿ ਗੁਰਸਿਖਾਂ ਗੁਰ ਪਾਰ ਉਤਾਰਿਆ । ਗੁਰਪ੍ਰਸਾਦਿ ਗੁਰਸਿਖ ਨਾਉਂ ਗੁਰ ਰਸਨ ਉਚਾਰਿਆ । ਗੁਰਪ੍ਰਸਾਦਿ ਸੋਹੰ ਨਾਉਂ ਭਗਤ ਭੰਡਾਰਿਆ । ਗੁਰਪ੍ਰਸਾਦਿ ਕੱਟੇ ਹਉਮੈ ਰੋਗ, ਕਿਲ ਵਿਖ ਪਾਰ ਉਤਾਰਿਆ । ਗੁਰਪ੍ਰਸਾਦਿ ਗਵਾਏ ਕਾਇਆ ਰੋਗ, ਗੁਰਸਿਖ ਜਨਮ ਸਵਾਰਿਆ । ਗੁਰਪ੍ਰਸਾਦਿ ਜਿਥੇ

੧੨੭
੦੧

ਸੋਹੇ ਭਗਤ ਗੁਰ ਪੂਰੇ ਬਲਹਾਰਿਆ । ਗੁਰਪ੍ਰਸਾਦਿ ਮਿਲੀ ਵਧਾਈ, ਜੇਠ ਪੰਚਮ ਪ੍ਰਭ ਦਰਸ਼ਨ ਪਾ ਲਿਆ । ਗੁਰ ਪ੍ਰਸਾਦਿ ਹੋਏ ਦਰ ਪਰਵਾਨ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਸਿਰ ਹੱਥ ਟਿਕਾ ਲਿਆ । ਜੇਠ ਪੰਚਮ ਪ੍ਰਭ ਜੋਤ ਆਕਾਰ । ਕਲਜੁਗ ਦੇਵੇ ਜੀਵ ਉਧਾਰ । ਰੋਗ ਸੋਗ ਪ੍ਰਭ ਕਟਣੇਹਾਰ । ਹੋਏ ਨਿਮਾਣਾ ਚਲ ਆਏ ਦਰਬਾਰ । ਸੋਮਾ ਸੋਮਾ ਝਿਰੇ ਅਪਾਰ । ਗੁਣਵੰਤ ਪ੍ਰਭ ਨਾਰ ਪਿਆਰ । ਵਾਂਗ ਅਹਲਿਆ ਦਿਤੀ ਤਾਰ । ਪ੍ਰਭ ਜੋਤ ਹੋਵੇ ਦੇਹ ਆਧਾਰ । ਸਰਬ ਸੁਖ ਪੰਜ ਤੱਤ ਵਿਚਾਰ । ਕਾਮ ਕਰੋਧ ਲੋਭ ਮੋਹ ਪ੍ਰਭ ਦੇਵੇ ਮਾਰ । ਰਸਨਾ ਸਿਮਰੇ ਪ੍ਰਭ ਨਿਰੰਕਾਰ ਨਿਰੰਕਾਰ । ਆਤਮ ਸ਼ਾਂਤ ਹੋਏ ਜਗਤ ਉਧਾਰ । ਗੁਰ ਸਾਚਾ ਕਲੂ ਕਰਮ ਵਿਚਾਰ । ਸਦ ਬਖ਼ਸ਼ਿੰਦਾ ਸਦਾ ਦਾਤਾਰ । ਮਹਾਰਾਜ ਸ਼ੇਰ ਸਿੰਘ ਦੇਵੇ ਕੰਨਿਆ ਤਾਰ । ਹਿਤ ਚਿਤ ਗੁਰ ਚਰਨ ਪਿਆਰ । ਸਰਬ ਸੂਖ ਗੁਰ ਨਾਮ ਦਵਾਰ । ਗੁਰ ਰੰਗਣ ਨਾਮ ਰੰਗ ਮਜੀਠ ਪਿਆਰ । ਸੋਮਾ ਗਵਾਏ ਨਾਮ, ਨਾਮ ਸਰਬਜੀਤ ਰਖਾਇਆ । ਮਹਾਰਾਜ ਸ਼ੇਰ ਸਿੰਘ ਹੋ ਦਿਆਲ, ਦੇਹ ਦਾ ਦੁੱਖ ਗਵਾਇਆ । ਸੋਹੰ ਸ਼ਬਦ ਦੇ ਗਿਆਨ, ਜੇਠ ਪੰਚਮ ਸ਼ਬਦ ਜਣਾਇਆ । ਗੁਰ ਪੂਰੇ ਇਹ ਬਣਤ ਬਣਾਈ । ਉਤੋਂ ਅੱਧੀ ਰਾਤ ਵਿਹਾਈ । ਗੁਰ ਪੂਰੇ ਇਹ ਖੇਲ ਰਚਾਈ । ਦੁਨੀਆਂ ਸੁੰਞ ਮਸਾਣ ਸਵਾਈ । ਭਗਤ ਸੋਹਿਨ ਗੁਰ ਦਰਸ਼ਨ ਪਾਈ । ਗੁਰ ਪੂਰੇ ਇਹ ਬੂਝ ਬੁਝਾਈ । ਗਿਆਨ ਵਿਹੂਣਾ ਕੋਏ ਨਾ ਜਾਈ । ਨਾਉਂ ਲਈਏ ਦੁੱਖ ਡੇਰਾ ਢਾਈ । ਗੁਰਸੰਗਤ ਪ੍ਰਭ ਮਿਲੇ ਵਧਾਈ । ਕਲਜੁਗ ਮਿਲੇ ਜਿਨ੍ਹਾਂ ਰਘੁਰਾਈ । ਗੁਰਸਿਖਾਂ ਗੁਰ ਨੀਂਹ ਰਖਾਈ । ਨਾਮ ਨਿਰੰਜਣ ਰੰਗ ਦਏ ਚੜ੍ਹਾਈ । ਚੰਦ ਸੂਰਜ ਜਿੰਨਾਂ ਤੇਜ਼ ਸਵਾਈ । ਉਚ ਪਦਵੀ ਗੁਰਸਿਖ ਨੇ ਪਾਈ । ਜਿਥੇ ਈਸ਼ਰ ਰਿਹਾ ਸਮਾਈ । ਬਿਨ ਬਾਤੀ ਬਿਨ ਤੇਲ ਹੋਏ ਜੋਤ ਰੁਸ਼ਨਾਈ । ਪ੍ਰਭ ਅਗੰਮ ਅਪਾਰ, ਧਰਤ ਧਵਲ ਆਕਾਸ਼ ਬਣਾਈ । ਮਹਾਰਾਜ ਸ਼ੇਰ ਸਿੰਘ ਸਿੱਖ ਨਿਵਾਸ ਡੁੱਬਦੇ ਲਏ ਬਚਾਈ । ਗੁਰ ਗਹਿਰ ਗੰਭੀਰ ਗੁਰ ਸਾਗਰ । ਸਿੱਖ ਨਿਰਮਲ ਕਰਮ ਹੋਏ ਉਜਾਗਰ । ਆਏ ਚਰਨ ਦਵਾਰ ਪ੍ਰਭ ਦੇਵੇ ਆਦਰ । ਕਲਜੁਗ ਰੱਖੇ ਆਪ ਮਹਾਰਾਜ ਸ਼ੇਰ ਸਿੰਘ ਭਗਤ ਉਜਾਗਰ । ਭਗਤੀਹੀਣ ਜੋ ਦਰ ਤੇ ਆਇਆ । ਸੋਹੰ ਨਾਮ ਦੇ ਪਾਰ ਤਰਾਇਆ । ਜਰਮ ਕਰਮ ਧਰਮ ਪ੍ਰਭ ਲੇਖ ਲਿਖਾਇਆ । ਘਰ ਮੰਗਲ ਵਿਚ ਦੇਹ ਵਖਾਇਆ । ਨਿਜਾ ਨੰਦਨ ਸੁੱਖ ਆਤਮ ਪਾਇਆ । ਜਗਤ ਜੋਤ ਪ੍ਰਭ ਦਰਸ਼ਨ ਪਾਇਆ । ਮਹਾਰਾਜ ਸ਼ੇਰ ਸਿੰਘ ਸਦਾ ਅਡੋਲ ਜਿਸ ਚਰਨ ਲਗਾਇਆ । ਚਰਨ ਕਵਲ ਗੁਰ ਕਰ ਪਰਨਾਮ । ਅੰਤ ਕਾਲ ਪ੍ਰਭ ਦਰਸ਼ਨ ਪਾਨ । ਵਿਚ ਬੈਕੁੰਠ ਜਾਣ ਬਬਾਣ । ਪ੍ਰਭ ਜੋਤ ਸਰੂਪ ਗੁਰਸਿਖ ਜੋਤ ਮਿਲ ਜਾਣ । ਸੋਹੰ ਪੁਰਖ ਸੁਜਾਨ ਕਲਜੁਗ ਸੋਹੰ ਗਾਣ । ਜਗਤ ਉਧਾਰੇ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਭਗਤ ਭਗਵਾਨ ਸਦਾ ਹੈ ਏਕਾ । ਭਗਤ ਜਨਾਂ ਹੈ ਮਾਂ ਪਿਉ ਬੇਟਾ । ਭਗਤ ਜਨਾਂ ਗੁਰ ਪੂਰੇ ਟੇਕਾ । ਮਹਾਰਾਜ ਸ਼ੇਰ ਸਿੰਘ ਪਸਰ ਅਨੇਕਾ । ਗੁਰ ਪੂਰਾ ਅਪਰ ਅਪਾਰਿਆ । ਵਿਚ ਪਾਤਾਲ ਨੈਣ ਮੁੰਧਾਰਿਆ । ਚਰਨ ਝੱਸ ਲਛਮੀ ਮਨ ਹੰਕਾਰ ਵਧਾ ਲਿਆ । ਮਨ ਮੇਂ ਆਏ ਮਾਣ ਮੈਂ ਪ੍ਰਭ ਸੁਖ ਆਸਣ ਸਵਾ ਲਿਆ । ਪ੍ਰਭ ਸਦਾ ਅਡੋਲ ਨਾ ਕਿਸੇ ਡੁਲਾ ਲਿਆ । ਪ੍ਰਭ ਸਦਾ ਅਤੋਲ ਨਾ ਕਿਸੇ ਤੁਲਾ ਲਿਆ । ਦੇ ਕੇ ਸਚ ਗਿਆਨ ਮਾਇਆ ਭਰਮ ਗਵਾ ਲਿਆ । ਪ੍ਰਭ ਸਦਾ ਅਨੂਪ ਇਕ ਰੰਗ ਸਮਾ ਲਿਆ । ਆਪ ਸਦਾ ਹੈ ਜਾਗ ਜਗਤ ਸਵਾ ਲਿਆ । ਵਿਚ ਦੇਸ ਪਾਤਾਲ ਪ੍ਰਭ ਬਾਸ਼ਕ ਸੇਜ ਸਵਾ ਲਿਆ । ਵਿਚ ਮਾਤ ਪ੍ਰਭ ਬਣਤ ਬਣਾਏ । ਜੁਗੋ ਜੁਗ ਜੋਤ ਪਰਗਟਾਏ । ਧਾਰ ਦੇਹ ਪ੍ਰਭ ਜਗਤ ਭੁਲਾਏ । ਪਰਗਟ ਜੋਤ ਪ੍ਰਭ

੧੨੮
੦੧

ਭਗਤ ਤਰਾਏ । ਸਿਧ ਸਾਦਕ ਬੈਠੇ ਤਾੜੀ ਲਾਏ । ਰਖੀਸ਼ਰ ਮੁਨੀਸ਼ਰ ਰਹੇ ਬਿਲਲਾਏ । ਜਪ ਤਪ ਹਠ ਵਿਚ ਪ੍ਰਭ ਨਜ਼ਰ ਨਾ ਆਏ । ਕੋਟੀ ਕੋਟ ਬਹੈ ਸੰਤ ਸਮਾਧੀ ਲਾਏ । ਹਰਿ ਦਰਸ਼ਨ ਤੋਂ ਸਭ ਫਿਰਤ ਤਿਸਾਏ । ਨਿਉਲੀ ਕਰਮ ਕਰ ਕਸ਼ਟ ਉਠਾਏ । ਆਤਮ ਸੁਧ ਪਵਿਤ ਹੋ ਜਾਏ । ਰਤਨ ਅਮੋਲਕ ਦੇਹ ਮੇਂ ਪਾਏ । ਲਾਲ ਗੁਲਾਲ ਪ੍ਰਭ ਰੰਗ ਚੜ੍ਹਾਏ । ਬਿਨ ਕਰਮ ਪ੍ਰਭ ਨਜ਼ਰ ਨਾ ਆਏ । ਪੂਰਬ ਜਨਮ ਪ੍ਰਭ ਲੇਖੇ ਲਾਏ । ਗੁਰਸਿਖ ਤੇ ਕਲਜੁਗ ਦਇਆ ਕਮਾਏ । ਦੇ ਦਰਸ ਅਪਾਰ ਸਿਖੀ ਸਿੱਖ ਤਰਾਏ । ਖੋਲ੍ਹ ਹਰਿ ਕਾ ਦਵਾਰ ਗੁਰ ਪੁਰੀ ਪੁਚਾਏ । ਦੇਵੇ ਜਨਮ ਸੁਧਾਰ, ਜੋਤ ਸੰਗ ਜੋਤ ਮਿਲਾਏ । ਸਿੱਖ ਉਤਾਰੇ ਪਾਰ, ਫਿਰ ਜਨਮ ਨਾ ਪਾਏ । ਗੁਰ ਬਿਨ ਕਵਣ ਕਰੇ ਅਧਾਰ, ਸਚਖੰਡ ਵਖਾਏ । ਮਹਾਰਾਜ ਸ਼ੇਰ ਸਿੰਘ ਗੁਰ ਕਰਤਾਰ, ਗੁਰਸਿਖਾਂ ਗੁਰ ਧਾਮ ਪੁਚਾਏ । ਨਿਰੰਜਣ ਜੋਤ ਈਸ਼ਰ ਆਕਾਰ । ਵਿਚ ਆਕਾਸ਼ ਪ੍ਰਭ ਜੋਤ ਚਮਤਕਾਰ । ਸਦਾ ਅਡੋਲ ਰਹੇ ਨਿਰਾਧਾਰ । ਬਿਨ ਬਾਤੀ ਬਿਨ ਤੇਲ ਬਾਤੀ ਜਗੇ ਆਪਾਰ । ਡਗਮਗ ਜੋਤ ਜਗੇ ਜੋਤ, ਉਨੰਜਾ ਪਵਣ ਸਿਰ ਚਲੇ ਛਤਰ ਝੁਲਾਰ । ਜੋਤ ਸਰੂਪ ਜੋਤ ਪ੍ਰਭ ਉਪਜੇ, ਜੋਤ ਜਗਤ ਪ੍ਰਭ ਦੇਤ ਅਧਾਰ । ਸਰਬ ਤਾਈਂ ਪ੍ਰਭ ਦੇਵੇ ਮਾਣ, ਚੰਦ ਸੂਰਜ ਸਭ ਕਰਨ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਇਕ ਸਰੂਪ, ਤੀਨ ਲੋਕ ਰੱਖੇ ਜੋਤ ਅਧਾਰ । ਸੋ ਵੱਡਾ ਜਿਸ ਪ੍ਰਭ ਜੋਤ ਜਗਾਏ । ਸੋ ਵੱਡਾ ਜਿਸ ਭਰਮ ਚੁਕਾਏ । ਸੋ ਵੱਡਾ ਜਿਸ ਸੋਹੰ ਸ਼ਬਦ ਸੁਣਾਏ । ਸੋ ਵੱਡਾ ਜਿਸ ਗੋਝ ਗਿਆਨ ਖੁਲ੍ਹਾਏ । ਸੋ ਵੱਡਾ ਜਿਸ ਰੰਗਣ ਨਾਮ ਚੜ੍ਹਾਏ । ਸੋ ਵੱਡਾ ਜਿਸ ਪ੍ਰਭ ਦਰਸ ਦਿਖਾਏ । ਸੋ ਵੱਡਾ ਜਿਸ ਪ੍ਰਭ ਚਰਨੀਂ ਲਾਏ । ਸੋ ਵੱਡਾ ਜਿਸ ਜਨਮ ਜਨਮ ਦੀ ਸੋਝੀ ਪਾਏ । ਸੋ ਵੱਡਾ ਜਿਸ ਭਿਖਿਆ ਨਾਮ ਦੀ ਪਾਏ । ਸੋ ਵੱਡਾ ਜਿਸ ਪ੍ਰਭ ਕਰਮ ਕਮਾਏ । ਸੋ ਵੱਡਾ ਜਿਸ ਨਰ ਨਰਾਇਣ ਮਾਣ ਦਵਾਏ । ਸੋ ਵੱਡਾ ਜੋ ਸੰਗਤ ਰਲ ਜਾਏ । ਸੋ ਵੱਡਾ ਚਰਨ ਕਵਲ ਵਿਚ ਸੇਵ ਕਮਾਏ । ਸੋ ਵੱਡਾ ਜਿਸ ਮਹਾਰਾਜ ਸ਼ੇਰ ਸਿੰਘ ਸਿਰ ਹੱਥ ਰਖਾਏ । ਸੋ ਵੱਡਾ ਪ੍ਰਭ ਆਪ ਜਿਸ ਵੱਡੀ ਵਡਿਆਈ । ਸੋ ਵੱਡਾ ਜਿਸ ਸ੍ਰਿਸ਼ਟ ਉਪਾਈ । ਸੋ ਵੱਡਾ ਜਿਸ ਚੁਰਾਸੀ ਲੱਖ ਜੂਨ ਬਣਾਈ । ਸੋ ਵੱਡਾ ਸਰਬ ਜੀਵ ਜੋਤ ਜਿਸ ਜਗਾਈ । ਸੋ ਵੱਡਾ ਜੀਵ ਜੀਵ ਵਿਚ ਬੈਠਾ ਤਾੜੀ ਲਾਈ । ਸੋ ਵੱਡਾ ਆਪ ਦੇਖੇ ਕਿਸੇ ਨਜ਼ਰ ਨਾ ਆਈ । ਸੋ ਵੱਡਾ ਮਾਤ ਗਰਭ ਮੇਂ ਜਿਸ ਬਣਤ ਬਣਾਈ । ਸੋ ਵੱਡਾ ਕਰ ਅੰਸ ਆਕਾਰ ਵਿਚ ਜੋਤ ਟਿਕਾਈ । ਸੋ ਵੱਡਾ ਜਿਸ ਦੇਹ ਦੀਪਕ ਕਰੀ ਰੁਸ਼ਨਾਈ । ਸੋ ਵੱਡਾ ਦੇਹ ਮੇਂ ਪਵਣ ਸਰੂਪ ਸਵਾਸ ਚਲਾਈ । ਸੋ ਵੱਡਾ ਅਗਨੀ ਤੇਜ ਦੇਹ ਜਲਾਈ । ਸੋ ਵੱਡਾ ਪ੍ਰਭ ਆਪ ਵਿਚ ਦੇਹ ਸਮਾਈ । ਸੋ ਵੱਡਾ ਜੀਵ ਕਿਸੇ ਨਾ ਸੋਝੀ ਪਾਈ । ਸੋ ਵੱਡਾ ਜੋਤ ਆਪਣੀ ਵਿਚ ਟਿਕਾਈ । ਸੋ ਵੱਡਾ ਮਹਾਰਾਜ ਸ਼ੇਰ ਸਿੰਘ ਜਗਤ ਗੋਸਾਈਂ । ਊਚ ਅਗੰਮ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਪਰਗਟੇ ਨਿਰੰਕਾਰਾ । ਕਲਜੁਗ ਹੋਏ ਜੋਤ ਚਮਤਕਾਰਾ । ਸਤਿਜੁਗ ਵਰਤੇ ਵਿਚ ਸੰਸਾਰਾ । ਗੁਰ ਪੂਰੇ ਗੁਰਸਿਖ ਪਿਆਰਾ । ਗੁਰ ਚਰਨ ਸੱਚਾ ਗੁਰਦਵਾਰਾ । ਗੁਰ ਅੰਮ੍ਰਿਤ ਭਗਤ ਭੰਡਾਰਾ । ਪੀ ਬੂੰਦ ਖੁਲ੍ਹੇ ਦਸਵਾਂ ਦਵਾਰਾ । ਦੇਵੇ ਦਰਸ ਵਿਚ ਦੇਹ ਅੰਧਿਆਰਾ । ਗਿਆਨ ਜੋਤ ਹੋਏ ਉਜਿਆਰਾ । ਸੋਹੰ ਸ਼ਬਦ ਗੁਰੂ ਸਚ ਵਿਚਾਰਾ । ਮਹਾਰਾਜ ਸ਼ੇਰ ਸਿੰਘ ਨਿਰਵੈਰ ਸਮਾਰਾ । ਪ੍ਰਭ ਪੂਰਨ ਸਮਰਥ, ਜਿਸ ਸਰਬ ਆਕਾਰਿਆ । ਪ੍ਰਭ ਪੂਰਨ ਸਮਰਥ, ਜਿਸ ਆਪਣਾ ਆਪ ਉਪਾ ਲਿਆ । ਪ੍ਰਭ ਪੂਰਨ ਸਮਰਥ, ਜੋਤ ਨਿਰੰਜਣ ਨਾਉਂ ਨਿਰੰਕਾਰ ਰਖਾ ਲਿਆ । ਪ੍ਰਭ ਪੂਰਨ ਸਮਰਥ, ਤੀਨ ਲੋਕ ਸਮਾ

੧੨੯
੦੧
ਨਿਹਕਲੰਕ ਹਰਿ ਸ਼ਬਦ

ਰਿਹਾ । ਪ੍ਰਭ ਪੂਰਨ ਸਮਰਥ, ਕਿਸੇ ਆਦਿ ਅੰਤ ਨਾ ਪਾ ਲਿਆ । ਪ੍ਰਭ ਪੂਰਨ ਸਮਰਥ, ਖੰਡ ਬ੍ਰਹਿਮੰਡ ਪ੍ਰਭ ਜੋਤ ਜਗਾ ਲਿਆ । ਪ੍ਰਭ ਪੂਰਨ ਸਮਰਥ, ਪਤਾਲ ਬਾਸ਼ਕ ਸੇਜ ਸੁਹਾ ਲਿਆ । ਪ੍ਰਭ ਪੂਰਨ ਸਮਰਥ, ਕੁਦਰਤ ਰੂਪ ਸ੍ਰਿਸ਼ਟ ਉਪਾ ਲਿਆ । ਪ੍ਰਭ ਪੂਰਨ ਸਮਰਥ, ਈਸ਼ਰ ਕਰ ਆਕਾਰ ਬ੍ਰਹਮਾ ਰੂਪ ਪਰਗਟਾ ਲਿਆ । ਪ੍ਰਭ ਪੂਰਨ ਸਮਰਥ, ਹੋ ਪਰਤੱਖ ਮੁਖ ਚਾਰ ਲਗਾ ਲਿਆ । ਪ੍ਰਭ ਪੂਰਨ ਸਮਰਥ, ਵੇਦ ਚਾਰ ਪ੍ਰਭ ਜਸ ਗਾ ਲਿਆ । ਪ੍ਰਭ ਪੂਰਨ ਸਮਰਥ, ਆਪ ਏਕ ਅਨੇਕ ਰੰਗ ਸਮਾ ਲਿਆ । ਪ੍ਰਭ ਪੂਰਨ ਸਮਰਥ, ਲੱਖ ਚੁਰਾਸੀ ਜੀਵ ਉਪਾ ਲਿਆ । ਪ੍ਰਭ ਪੂਰਨ ਸਮਰਥ, ਬੇਮੁਖਾਂ ਤੋਂ ਮੁਖ ਛੁਪਾ ਲਿਆ । ਪ੍ਰਭ ਪੂਰਨ ਸਮਰਥ, ਗੁਰਮੁਖਾਂ ਕਰ ਧਿਆਨ ਵਿਚੋਂ ਪਾ ਲਿਆ । ਪ੍ਰਭ ਪੂਰਨ ਸਮਰਥ, ਦੇ ਜੋਤ ਅਧਾਰ ਦੀਪਕ ਜੋਤ ਜਗਾ ਲਿਆ । ਪ੍ਰਭ ਪੂਰਨ ਸਮਰਥ, ਅੰਮ੍ਰਿਤ ਬੂੰਦ ਅਪਾਰ ਝਿਰਨਾ ਨਿਝਰੋਂ ਆਪ ਝਿਰਾ ਲਿਆ । ਪ੍ਰਭ ਪੂਰਨ ਸਮਰਥ, ਭਗਤ ਗੁਰ ਭੇਤ ਮੁਕਾ ਲਿਆ । ਪ੍ਰਭ ਪੂਰਨ ਸਮਰਥ, ਜੋਤ ਪ੍ਰਭ ਜੋਤ ਮਿਲਾ ਲਿਆ । ਪ੍ਰਭ ਪੂਰਨ ਸਮਰਥ, ਦੇ ਦਰਸ ਪ੍ਰਭ ਭਗਤ ਨਿਹਾਲਿਆ । ਪ੍ਰਭ ਪੂਰਨ ਸਮਰਥ, ਜੁਗ ਜੁਗ ਭੇਸ ਵਟਾ ਲਿਆ । ਪ੍ਰਭ ਪੂਰਨ ਸਮਰਥ, ਸਤਿਜੁਗ ਹੋ ਮਿਹਰਵਾਨ ਗ਼ਰੀਬਾਂ ਨੂੰ ਗਲੇ ਲਗਾ ਲਿਆ । ਪ੍ਰਭ ਪੂਰਨ ਸਮਰਥ, ਤ੍ਰੇਤਾ ਪਰਗਟ ਰਾਮ ਭੀਲਣੀ ਭੋਗ ਲਗਾ ਲਿਆ । ਪ੍ਰਭ ਪੂਰਨ ਸਮਰਥ, ਨੀਚੋਂ ਊਚ ਊਚੋਂ ਨੀਚ ਬਹਾ ਲਿਆ । ਪ੍ਰਭ ਪੂਰਨ ਸਮਰਥ, ਸਿਲਾ ਛੁਹਾਏ ਚਰਨ ਅਹਲਿਆ ਬਬਾਣ ਬਿਠਾ ਲਿਆ । ਪ੍ਰਭ ਪੂਰਨ ਸਮਰਥ, ਕਰ ਕੇ ਕਰਮ ਵਿਚਾਰ ਬੰਸ ਰਾਵਣ ਗਾਲਿਆ । ਪ੍ਰਭ ਪੂਰਨ ਸਮਰਥ, ਦੇ ਕੇ ਬ੍ਰਹਮ ਗਿਆਨ ਬਾਲਮੀਕ ਸਮਝਾ ਲਿਆ । ਪ੍ਰਭ ਪੂਰਨ ਸਮਰਥ, ਦੇ ਸਖੀਆਂ ਦਾਨ ਜਾਮਾ ਦੁਆਪਰ ਉਲਟਾ ਲਿਆ । ਪ੍ਰਭ ਪੂਰਨ ਸਮਰਥ, ਪਰਗਟ ਜੋਤ ਅਪਾਰ ਕ੍ਰਿਸ਼ਨ ਨਾਮ ਰਖਾ ਲਿਆ । ਪ੍ਰਭ ਪੂਰਨ ਸਮਰਥ, ਕਰ ਕੇ ਖੇਲ ਅਪਾਰ ਬਿੰਦਰਾਬਨ ਭਾਗ ਲਗਾ ਲਿਆ । ਪ੍ਰਭ ਪੂਰਨ ਸਮਰਥ, ਕੀਤੇ ਚੋਹਲ ਅਨੇਕ ਸਖੀਆਂ ਖੇਲ ਰਚਾ ਲਿਆ । ਪ੍ਰਭ ਪੂਰਨ ਸਮਰਥ, ਦਿਤੇ ਭਗਤ ਤਾਰ ਜਿਨ ਰਸਨਾ ਗਾ ਲਿਆ । ਪ੍ਰਭ ਪੂਰਨ ਸਮਰਥ, ਸੁਦਾਮਾ ਦਲਿੱਦਰੀ ਦਿਤਾ ਤਾਰ, ਤੰਦਲ ਭੋਗ ਲਗਾ ਲਿਆ । ਪ੍ਰਭ ਪੂਰਨ ਸਮਰਥ, ਛੱਡ ਦਰਯੋਧਨ ਘਰ ਬਿਦਰ ਬਿਸਰਾਮ ਭੋਜਨ ਭੋਗ ਲਗਾ ਲਿਆ । ਪ੍ਰਭ ਪੂਰਨ ਸਮਰਥ, ਦਰੋਪਤੀ ਦਿਤੀ ਤਾਰ ਮੁਕੰਦ ਮਨੋਹਰ ਲਖਮੀ ਨਰਾਇਣ ਧਿਆ ਲਿਆ । ਪ੍ਰਭ ਪੂਰਨ ਸਮਰਥ, ਅਰਜਨ ਦੇ ਗਿਆਨ ਹੰਕਾਰ ਗਵਾ ਲਿਆ । ਪ੍ਰਭ ਪੂਰਨ ਸਮਰਥ, ਦਿਤਾ ਭਗਤ ਤਾਰ ਗੀਤਾ ਅਠਾਰਾਂ ਧਿਆਏ ਸੁਣਾ ਲਿਆ । ਪ੍ਰਭ ਪੂਰਨ ਸਮਰਥ, ਕਰਨਹਾਰ ਵੈਰਾਟ ਰੂਪ ਵਟਾ ਲਿਆ । ਪ੍ਰਭ ਪੂਰਨ ਸਮਰਥ, ਮੈਂ ਹਾਂ ਆਪ ਅਕੱਥ ਤੇਰਾ ਨਾਮ ਵਡਿਆ ਲਿਆ । ਪ੍ਰਭ ਪੂਰਨ ਸਮਰਥ, ਕੀਤੀ ਸ੍ਰਿਸ਼ਟ ਸਭ ਭੱਖ ਥੋੜ੍ਹਾ ਭੇਤ ਰਖਾ ਲਿਆ । ਪ੍ਰਭ ਪੂਰਨ ਸਮਰਥ, ਕ੍ਰਿਸ਼ਨ ਭਗਵਾਨ ਹੋ ਸਮਰਥ, ਦੁਆਪਰ ਖ਼ਤਮ ਕਰਾ ਲਿਆ । ਪ੍ਰਭ ਪੂਰਨ ਸਮਰਥ, ਕਲਜੁਗ ਕਰਮ ਵਿਚਾਰ, ਅਥਰਬਣ ਵੇਦ ਸਿੱਖਾ ਲਿਆ । ਪ੍ਰਭ ਪੂਰਨ ਸਮਰਥ, ਇਸ ਨੂੰ ਦਿਤੀ ਹਾਰ ਈਸ਼ਰ ਨਾਉਂ ਰਖਾ ਲਿਆ । ਪ੍ਰਭ ਪੂਰਨ ਸਮਰਥ, ਦੇ ਜੋਤ ਆਧਾਰ ਈਸਾ ਮੂਸਾ ਮੁਹੰਮਦ ਉਪਾ ਲਿਆ । ਪ੍ਰਭ ਪੂਰਨ ਸਮਰਥ, ਦਿਤੀ ਮਤਿ ਵਿਭਚਾਰ ਭਗਤਾਂ ਉਲਟਾਂ ਪੰਥ ਚਲਾ ਲਿਆ । ਪ੍ਰਭ ਪੂਰਨ ਸਮਰਥ, ਕਲਜੁਗ ਆਈ ਹਾਰ ਮਾਲਕ ਦੋ ਬਣਾ ਲਿਆ । ਪ੍ਰਭ ਪੂਰਨ ਸਮਰਥ, ਹੋਏ ਪਾਪ ਅਪਾਰ, ਨਾਨਕ ਜੋਤ ਜਗਾ ਲਿਆ । ਪ੍ਰਭ ਪੂਰਨ ਸਮਰਥ, ਸੇਵਾ ਕਰ ਅਪਾਰ ਅੰਗਦ ਜੋਤ ਜਗਾ ਲਿਆ । ਪ੍ਰਭ ਪੂਰਨ ਸਮਰਥ, ਅਮਰਦਾਸ ਨਿਥਾਵਾਂ ਅਵਸਥਾ ਬਿਰਧ ਪ੍ਰਭ ਪਾ ਲਿਆ । ਪ੍ਰਭ ਪੂਰਨ ਸਮਰਥ, ਹੋਈ

੧੩੦
੦੧
ਨਿਹਕਲੰਕ ਹਰਿ ਸ਼ਬਦ

ਕਿਰਪਾ ਅਪਾਰ ਦਾਸ ਰਾਮ ਸੋਢੀ ਬੰਸ ਚਲਾ ਲਿਆ । ਪ੍ਰਭ ਪੂਰਨ ਸਮਰਥ, ਕਰ ਕਿਰਪਾ ਅਪਾਰ ਅਰਜਨ ਦਰਸ ਦਿਖਾ ਲਿਆ । ਪ੍ਰਭ ਪੂਰਨ ਸਮਰਥ, ਹਰਿਗੋਬਿੰਦ ਭਏ ਅਵਤਾਰ ਸਿਰ ਛਤਰ ਝੁਲਾ ਲਿਆ । ਪ੍ਰਭ ਪੂਰਨ ਸਮਰਥ, ਹਰਿ ਰਾਏ ਨਾਮ ਦਵਾਏ ਘਰ ਸ਼ਾਹ ਨਾਮ ਦਵਾ ਲਿਆ । ਪ੍ਰਭ ਪੂਰਨ ਸਮਰਥ, ਹਰਿਕ੍ਰਿਸ਼ਨ ਜਗਤ ਉਧਾਰ ਬਾਲ ਉਮਰ ਵਿਚ ਜੋਤ ਮਿਲਾ ਲਿਆ । ਪ੍ਰਭ ਪੂਰਨ ਸਮਰਥ, ਗੁਰ ਤੇਗਬਹਾਦਰ ਹੋ ਬ੍ਰਹਮ ਵਿਚਾਰ ਈਸ਼ਰ ਧਿਆ ਲਿਆ । ਪ੍ਰਭ ਪੂਰਨ ਸਮਰਥ, ਹੋਏ ਜਗਤ ਵਿਚਾਰ ਮੱਖਣ ਜਹਾਜ਼ ਤਰਾ ਲਿਆ । ਪ੍ਰਭ ਪੂਰਨ ਸਮਰਥ, ਪਰਗਟ ਦਸਵੀਂ ਜੋਤ ਨਾਮ ਗੋਬਿੰਦ ਰਖਾ ਲਿਆ । ਪ੍ਰਭ ਪੂਰਨ ਸਮਰਥ, ਕਰ ਖੇਲ ਅਪਾਰ ਆਪਣਾ ਆਪ ਵਖਾ ਲਿਆ । ਪ੍ਰਭ ਪੂਰਨ ਸਮਰਥ, ਪ੍ਰਭ ਨਾ ਪਾਏ ਸਾਰ ਅੰਤ ਅੰਤ ਸਮਾ ਲਿਆ । ਪ੍ਰਭ ਪੂਰਨ ਸਮਰਥ, ਕਲਜੁਗ ਕਰਮ ਵਿਚਾਰ ਪਰਗਟੇ ਸ਼ੇਰ ਸਿੰਘ ਨਿਰੰਕਾਰਿਆ । ਪ੍ਰਭ ਪੂਰਨ ਸਮਰਥ, ਐਸੀ ਦਿਤੀ ਹਾਰ ਦੁਸ਼ਟਾਂ ਆਣ ਸੰਘਾਰਿਆ । ਪ੍ਰਭ ਪੂਰਨ ਸਮਰਥ, ਦੇ ਕੇ ਬ੍ਰਹਮ ਗਿਆਨ ਗੁਰਸਿਖਾਂ ਪਾਰ ਉਤਾਰਿਆ । ਪ੍ਰਭ ਪੂਰਨ ਸਮਰਥ, ਗੁਰ ਪੂਰੇ ਹੋ ਮਿਹਰਵਾਨ ਸਿੱਖਾ ਸਿਰ ਹੱਥ ਟਿਕਾ ਲਿਆ । ਪ੍ਰਭ ਪੂਰਨ ਸਮਰਥ, ਮਹਾਰਾਜ ਸ਼ੇਰ ਸਿੰਘ ਆਪ ਸਮਰਥ ਜਾਮਾ ਘਨਕਪੁਰੀ ਵਿਚ ਪਾ ਲਿਆ । ਪਰਗਟ ਜੋਤ ਆਪ ਨਿਰੰਕਾਰਾ । ਕਲਜੁਗ ਹੋਏ ਭਗਤ ਉਧਾਰਾ । ਸੋਹਣ ਸਿੰਘ ਗੁਰ ਚਰਨ ਦਵਾਰਾ । ਭਗਤ ਵਛਲ ਪ੍ਰਭ ਅਪਰ ਅਪਾਰਾ । ਜਨਮ ਮਰਨ ਤੋਂ ਪ੍ਰਭ ਸਦਾ ਨਿਆਰਾ । ਆਦਿ ਅੰਤ ਪ੍ਰਭ ਏਕੰਕਾਰਾ । ਭਗਤ ਜਨ ਦਰ ਹਰਿ ਕਾ ਦਵਾਰਾ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ ਹੋਏ ਉਜਿਆਰਾ । ਜੋਤ ਨਿਰੰਜਣ ਪ੍ਰਭ ਜਗਤ ਜਗਾਈ । ਪਰਗਟ ਹੋਏ ਆਪ ਰਘੁਰਾਈ । ਗੁਰਮੁਖਾਂ ਇਹ ਬੂਝ ਬੁਝਾਈ । ਹਿਰਦੇ ਰੰਗਣ ਨਾਮ ਚੜ੍ਹਾਈ । ਚਰਨ ਲਿਵ ਲਾਗੀ, ਛੁਟੀ ਸਰਬ ਲੋਕਾਈ । ਕਲਜੁਗ ਤਾਰੇ ਆਪ, ਪ੍ਰਭ ਭਏ ਸਰਨਾਈ । ਸੋਹੰ ਦੇ ਗਿਆਨ, ਬ੍ਰਹਮ ਭੇਵ ਖੁਲ੍ਹਾਈ । ਉਪਜੇ ਸ਼ਬਦ ਅਪਾਰ, ਅਨਹਦ ਧੁਨ ਵਜਾਈ । ਦਰਸ ਦੇਵੇ ਕ੍ਰਿਸ਼ਨ ਮੁਰਾਰ, ਸਿਰ ਮੁਕਟ ਟਿਕਾਈ । ਹੋਏ ਭਗਤ ਗਿਆਨ, ਜਿਨ ਮਹਾਰਾਜ ਸ਼ੇਰ ਸਿੰਘ ਰਿਦੇ ਧਿਆਈ । ਸੱਚਾ ਸਤਿਗੁਰ ਸਚ ਵਰਤਾਏ । ਸਚ ਸੁੱਚ ਵਿਚ ਦੇਹ ਸਮਾਏ । ਝੂਠੀ ਦੇਹ ਗੁਰ ਦਰ ਨਾ ਆਏ । ਕਾਇਆ ਕੰਚਨ ਪ੍ਰਭ ਦਰਸ਼ਨ ਪਾਏ । ਕੱਟੇ ਹਉਮੇ ਰੋਗ, ਸਤਿ ਸੰਤੋਖ ਵਰਤਾਏ । ਉਪਜੇ ਮਨ ਗਿਆਨ, ਹਰਿ ਜੀ ਦਰਸ ਦਿਖਾਏ । ਕਲ ਵਿਚ ਹੋ ਕਿਰਪਾਲ ਸਿੱਖਾ ਦੀ ਪੈਜ ਰਖਾਏ । ਕਰ ਜੋਤ ਆਕਾਰ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ, ਜੁਗ ਉਲਟਾਏ । ਜੁਗੋ ਜੁਗ ਪ੍ਰਭ ਖੇਲ ਰਚਾਇਆ । ਗਿਆ ਕਲਜੁਗ ਸਤਿਜੁਗ ਵਰਤਾਇਆ । ਸਤਿਗੁਰ ਪੁਰਖ ਨਿਰੰਜਣ ਪ੍ਰਭ ਜੋਤ ਜਗਾਇਆ । ਗੁਰ ਪ੍ਰਸਾਦਿ ਭਗਤਨ ਦਰ ਪਾਇਆ । ਉਪਜੇ ਬ੍ਰਹਮ ਗਿਆਨ, ਹਰਿ ਹਰਿ ਮੰਗਲ ਗਾਇਆ । ਸਤਿਗੁਰ ਨਾਮ ਬਬਾਣ, ਗੁਰਸਿਖਾਂ ਪਾਰ ਕਰਾਇਆ । ਸਰਬ ਜੋਤ ਪ੍ਰਭ ਜਾਣ, ਸਰਬ ਸੁਖ ਆਸਣ ਲਾਇਆ । ਮੂਰਖ ਮੁਗਧ ਨਾ ਜਾਣੇ ਸਾਰ, ਵਿਚ ਪਰਮੇਸ਼ਵਰ ਦੇਹ ਸਮਾਇਆ । ਗੁਰਸਿਖ ਚਤੁਰ ਸੁਜਾਨ, ਜਿਨ੍ਹਾਂ ਗੁਰ ਨਾਮ ਦਿਵਾਇਆ । ਹੋਵੇ ਜਗਤ ਕਲਿਆਨ, ਦੇਹ ਹਰਿ ਮੰਦਰ ਸਤਿਗੁਰ ਪਾਇਆ । ਹੋਏ ਆਤਮ ਅਧਾਰ, ਜੋਤ ਜਗੰਦਾ ਪ੍ਰਭ ਨਜ਼ਰੀ ਆਇਆ । ਗੁਰ ਚਰਨ ਜਾਉ ਬਲਹਾਰ, ਕਲਜੁਗ ਆਣ ਤਰਾਇਆ । ਮਹਾਰਾਜ ਸ਼ੇਰ ਸਿੰਘ ਪਰਗਟ ਨਿਰੰਕਾਰ, ਸੋਹੰ ਸ਼ਬਦ ਜਪਾਇਆ । ਜਪ ਸੋਹੰ ਸਰਬ ਸੁਖ ਆਤਮ । ਸ਼ਬਦ ਧੁਨ ਇਕ ਰੰਗ ਮਹਾਤਮ । ਪ੍ਰਭ ਅਬਿਨਾਸ਼ ਨਾ ਹੋਵੇ ਖਾਤਮ । ਮਹਾਰਾਜ ਸ਼ੇਰ ਸਿੰਘ ਜੀਵ ਜੋਤ ਜਗਾਤਨ । ਜੀਵ ਜੋਤ ਪ੍ਰਭ ਆਪ ਜਗਾਏ ।

੧੩੧
੦੧

ਮਾਤ ਗਰਭ ਸੇ ਬਾਹਰ ਕਢਾਏ । ਨੌਂ ਪਰਗਟ ਦਸਵਾਂ ਗੁਪਤ ਰਖਾਏ । ਕਰ ਕਰਮ ਵਿਚਾਰ, ਪ੍ਰਭ ਸਰਨੀ ਲਾਏ । ਦੇਵੇ ਜਨਮ ਸਵਾਰ, ਗੁਰਸਿਖਾਂ ਪ੍ਰਭ ਚਰਨੀਂ ਲਾਏ । ਮਹਾਰਾਜ ਸ਼ੇਰ ਸਿੰਘ ਭਗਤ ਉਧਾਰ, ਬੈਠਾ ਭੇਤ ਛੁਪਾਏ । ਜਗਨ ਨਾਥ ਪ੍ਰਭ ਖੇਲ ਰਚਾਇਆ । ਛੱਡ ਦੇਹ ਜੋਤ ਰੂਪ ਸਮਾਇਆ । ਕਲਜੁਗ ਅੰਤਮ ਅੰਤ ਪ੍ਰਭ ਦਰਸ ਦਿਖਾਇਆ । ਰਾਮ ਭਏ ਕ੍ਰਿਸ਼ਨ ਈਸ਼ਰ ਸ਼ੇਰ ਸਿੰਘ ਅਖਵਾਇਆ । ਪੂਰਨ ਹੋ ਅਵਤਾਰ, ਸ਼ੇਰ ਸਿੰਘ ਸੋਹੰ ਸ਼ਬਦ ਚਲਾਇਆ । ਏਕ ਪ੍ਰਭ ਆਪ ਏਕ ਹੈ, ਸ੍ਰਿਸ਼ਟਾ ਵਰਨ ਚਾਰ ਇਕ ਰੰਗ ਸਮਾਇਆ । ਜੀਵ ਏਕ ਵਿਚ ਬ੍ਰਹਮ ਸਰੂਪਾ, ਏਕ ਜੋਤ ਸਰਬ ਜੀਵ ਜਿਵਾਇਆ । ਨਿਮਾਣਿਆਂ ਨਿਤਾਣਿਆਂ ਗੁਰ ਮਾਣ ਦਵਾਇਆ । ਦੇ ਜੋਤ ਅਧਾਰ ਸਤਿਗੁਰ ਸਤਿਜੁਗ ਲਾਇਆ । ਸਤਿਜੁਗ ਰਥਵਾਹੀ ਸੱਚਾ ਸਤਿਗੁਰ ਮਨੀ ਸਿੰਘ ਬਣਾਇਆ । ਕਰੇ ਜਗਤ ਉਧਾਰ, ਜਿਸ ਨਾਮ ਧਿਆਇਆ । ਮਹਾਰਾਜ ਸ਼ੇਰ ਸਿੰਘ ਆਪ ਨਿਰੰਕਾਰ, ਜਗਤ ਇਹ ਡੰਕ ਵਜਾਇਆ । ਗੁਰ ਪੂਰਾ ਹੋ ਮਿਹਰਵਾਨ, ਸਭ ਦੁੱਖ ਮਿਟਾਇਆ । ਮੋਤਾ ਨਾ ਪਾਵੇ ਸਾਰ, ਨਾਮ ਭਗਵਾਨ ਰਖਾਇਆ । ਦੇ ਜੋਤ ਅਪਾਰ, ਦੀਪਕ ਮਹੱਲ ਜਗਾਇਆ । ਲਾਏ ਰੰਗ ਅਪਾਰ ਹਰਿ ਕਰਤਾਰ, ਹੋ ਅਭੇਦ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਸਚ ਅਵਤਾਰ, ਭਾਂਡਾ ਭਰਮ ਗਵਾਇਆ । ਹੋ ਆਪ ਕਿਰਪਾਲ, ਨਵਾਂ ਲੇਖ ਲਿਖਾਇਆ । ਹੋਏ ਜੋਤ ਅਧਾਰ, ਜੇ ਗੁਰਸਿਖ ਗੁਰ ਨਾਮ ਵਸਾਇਆ । ਊਧਮ ਨੂੰ ਦੇਵਾਂ ਤਾਰ, ਜਨਮ ਦਾ ਗੇੜ ਚੁਕਾਇਆ । ਬਚਨ ਜਾਏ ਜੇ ਹਾਰ, ਜੂਨ ਘੋਗੜ ਪ੍ਰਭ ਦੇ ਲਿਖਾਇਆ । ਮਦਿ ਮਾਸ ਜੇ ਕਰੇ ਆਹਾਰ, ਵਿਸ਼ਟਾ ਮੁਖ ਰਖਾਇਆ । ਗੁਰ ਚਰਨ ਰੱਖੇ ਪਿਆਰ, ਕਲਜੁਗ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਸਚ ਅਵਤਾਰ, ਰੂਪ ਅਨੂਪ ਵਟਾਇਆ । ਕਦੇ ਨਾ ਆਵੇ ਹਾਰ, ਨਾਮ ਰੰਗ ਗੁਰ ਗੋਬਿੰਦ ਚੜ੍ਹਾਇਆ । ਪੂਰਬ ਕਰਮ ਵਿਚਾਰ, ਮਹਾਰਾਜ ਸ਼ੇਰ ਸਿੰਘ ਬਚਨ ਲਿਖਾਇਆ । ਸਰਬ ਕਲਾ ਸਮਰਥ, ਪ੍ਰਭ ਆਏ ਕਲ ਧਾਰਿਆ । ਦੇ ਸਿੱਖਾ ਸਿਰ ਹੱਥ, ਜਨਮ ਮਰਨ ਸਵਾਰਿਆ । ਵੇਖ ਸੱਚੀ ਵੱਥ, ਸੁੱਤਾਂ ਮਾਣ ਦਵਾ ਲਿਆ । ਦੀਪਕ ਦੇਹ ਜਗਾਏ, ਦੀਪ ਸਿੰਘ ਪਾਰ ਉਤਾਰਿਆ । ਜਗਤ ਉਧਾਰਨ ਆਪ, ਸਰਬ ਗੁਣ ਮਾਣ ਦਵਾ ਲਿਆ । ਆਪ ਪ੍ਰਭ ਸਮਰਥ, ਸਮਰਥ ਪੂਤ ਬਣਾ ਲਿਆ । ਮਹਾਰਾਜ ਸ਼ੇਰ ਸਿੰਘ ਨਾਮ ਆ ਵਥ, ਸਰਬ ਨੂੰ ਪਾਰ ਲੰਘਾ ਲਿਆ । ਬੇਣੀ ਕਰ ਵਿਚਾਰ, ਸ਼ਾਮਾ ਸ਼ਾਂਤ ਬਣਾ ਲਿਆ । ਸੁਖ ਸਾਗਰ ਕਰ ਵਿਚਾਰ, ਦੁੱਖ ਭੰਜਨ ਪਾ ਲਿਆ । ਕਦੇ ਨਾ ਆਵੇ ਹਾਰ, ਪਿੱਠ ਤੇ ਹੱਥ ਟਿਕਾ ਲਿਆ । ਮਹਾਰਾਜ ਸ਼ੇਰ ਸਿੰਘ ਦੇ ਵੱਥ, ਆਪਣਾ ਬਿਰਦ ਸੰਭਾਲਿਆ । ਪੰਚਮ ਰੰਗ ਏਕ, ਇਕ ਜੋਤ ਜਗਾ ਲਿਆ । ਮਹਾਰਾਜ ਸ਼ੇਰ ਸਿੰਘ ਸਦਾ ਬਬੇਕ, ਕਿਸੇ ਭੇਤ ਨਾ ਪਾ ਲਿਆ । ਕਰੇ ਸਤਿਜੁਗ ਖੇਲ ਅਨੇਕ, ਮਨੀ ਸਿੰਘ ਟੇਕ ਰਖਾ ਲਿਆ । ਮੋਤਾ ਭਗਤ ਭਗਵਾਨ, ਜਿਸ ਪ੍ਰਭ ਵਿਚ ਸਮਾ ਲਿਆ । ਊਧਮ ਉਤਰੇ ਪਾਰ, ਜੇ ਗੁਰ ਬਚਨ ਪਾ ਲਿਆ । ਦੀਪ ਸਿੰਘ ਦੇਹ ਅਪਾਰ, ਜਿਥੇ ਪ੍ਰਭ ਸ਼ਬਦ ਧੁਨ ਵਜਾ ਲਿਆ । ਸ਼ਾਮੇ ਆਏ ਸਾਰ, ਜਾਂ ਗੁਰ ਸਿਰ ਹੱਥ ਟਿਕਾ ਲਿਆ । ਪੰਚਮ ਲਾਏ ਪਾਰ, ਮਹਾਰਾਜ ਸ਼ੇਰ ਸਿੰਘ ਵਿਚ ਸਮਾ ਲਿਆ । ਸਤਿਜੁਗ ਸਤਿ ਸਤਿ ਸਤਿ ਵਰਤਾਏ, ਸਰਬ ਰੰਗ ਇਕ ਸਮਾ ਲਿਆ । ਗੁਰ ਸੰਗਤ ਪਾਇਆ ਮਾਣ, ਜਿਸ ਦਰਸ਼ਨ ਪਾ ਲਿਆ । ਹੋਏ ਸਦਾ ਜੈ ਜੈਕਾਰ, ਦਰ ਆ ਜਿਸ ਸੀਸ ਝੁਕਾ ਲਿਆ । ਮਹਾਰਾਜ ਸ਼ੇਰ ਸਿੰਘ ਪੂਰਨ ਅਵਤਾਰ, ਦਰਗਾਹ ਭਗਤ ਵਡਿਆ ਲਿਆ । ਗੁਰ ਪੂਰਾ ਸਰਬ ਗੁਣਤਾਸ । ਸੋਹੰ ਸ਼ਬਦ ਭਗਤ ਪਰਕਾਸ਼ । ਸੋਹੰ ਸ਼ਬਦ ਆਤਮ ਸਵਾਸ । ਸੋਹੰ ਸ਼ਬਦ ਕਰੇ ਬ੍ਰਹਮ ਨਿਵਾਸ ।

੧੩੨
੦੧

ਸੋਹੰ ਸ਼ਬਦ ਪਾਵੇ ਜੁਗ ਆਸ । ਸੋਹੰ ਸ਼ਬਦ ਜੀਵ ਧਰੇ ਆਸ । ਸੋਹੰ ਸ਼ਬਦ ਕਰੇ ਮਨ ਦੁੱਖ ਨਾਸ । ਸੋਹੰ ਸ਼ਬਦ ਸਿੱਖ ਰਹੇ ਰਾਸ । ਸੋਹੰ ਸ਼ਬਦ ਗੁਰ ਚਰਨ ਨਿਵਾਸ । ਸੋਹੰ ਸ਼ਬਦ ਸਦਾ ਪ੍ਰਭ ਪਾਸ । ਸੋਹੰ ਸ਼ਬਦ ਨਾ ਗਰਭ ਨਿਵਾਸ । ਸੋਹੰ ਸ਼ਬਦ ਜਪ, ਨਾ ਜਮ ਕੀ ਫਾਸ । ਸੋਹੰ ਸ਼ਬਦ ਨਾ ਹੋਵੇ ਉਦਾਸ । ਸੋਹੰ ਸ਼ਬਦ ਦੇਹ ਚੰਦਨ ਪਰਭਾਸ । ਸੋਹੰ ਸ਼ਬਦ ਬ੍ਰਹਮ ਨਿਵਾਸ । ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਪ੍ਰਭ ਕਵਲ ਬਿਗਾਸ । ਕਲਜੁਗ ਆ ਜਿਸ ਨਾਮ ਚਿਤਾਰਿਆ । ਕਰ ਕਿਰਪਾ ਪ੍ਰਭ ਪਾਰ ਉਤਾਰਿਆ । ਜੇਠ ਪੰਚਮ ਪ੍ਰਭ ਜੋਤ ਅਕਾਰਿਆ । ਸਰਬ ਸ੍ਰਿਸ਼ਟ ਵਡ ਹੰਕਾਰਿਆ । ਜੋਤ ਸਰੂਪ ਪ੍ਰਭ ਪਕੜ ਸੰਘਾਰਿਆ । ਗੁਰਸਿਖਾਂ ਗੁਰ ਚਰਨ ਦਰਸਾ ਲਿਆ । ਰਲ ਮਿਲ ਸਖੀਆਂ ਮੰਗਲ ਗਾ ਲਿਆ । ਪ੍ਰਭ ਅਬਿਨਾਸ਼ੀ ਘਰ ਮਾਹਿ ਪਾ ਲਿਆ । ਕਰੇ ਜਗਤ ਖਵਾਰ ਬੇਮੁਖਾਂ ਮੁਖ ਭਵਾ ਲਿਆ । ਬਾਕੀ ਹੋਏ ਨਾਸ ਇਹ ਧਾਮ ਅਟੱਲ ਰਖਾ ਲਿਆ । ਕਲਜੁਗ ਹੋਵੇ ਪਾਰ, ਜਿਨ ਏ ਸੀਸ ਝੁਕਾ ਲਿਆ । ਸਤਿਜੁਗ ਦੇਵਾਂ ਮਾਣ, ਖੰਡ ਸਚ ਬਣਾ ਲਿਆ । ਦੇਵੇ ਵੱਡਾ ਮਾਣ, ਧਰਤ ਸੁਹਾਵੇ ਜਿਥੇ ਤਾਜ ਸੁਹਾ ਲਿਆ । ਹੋਵੇ ਰੰਗ ਅਪਾਰ, ੨ ੩ ੪ ਪ੍ਰਭ ਰੰਗ ਰੰਗਾ ਲਿਆ । ਹੋਵੇ ਧਾਮ ਅਪਾਰ, ਹਾੜ ਪੰਜ ਜਿਥੇ ਗੁਰ ਉਠ ਬਹਾ ਲਿਆ । ਮਹਾਰਾਜ ਸ਼ੇਰ ਸਿੰਘ ਕਲਜੁਗ ਅਧਾਰ, ਇਕ ਰੰਗ ਸਮਾ ਲਿਆ । ਸਤਿਜੁਗ ਬਣੇ ਧਾਮ ਨਿਆਰਾ । ਸ੍ਰਿਸ਼ਟ ਸਭ ਕਰੇ ਨਿਮਸਕਾਰਾ । ਇਹ ਸੁਹਾਏ ਥਾਨ, ਜਿਥੇ ਗੁਰ ਚਰਨ ਦਵਾਰਾ । ਸਭ ਦਵਾਏ ਮਾਣ, ਜਿਥੇ ਪ੍ਰਭ ਪੁਰਖ ਅਪਾਰਾ । ਹੋਣ ਦਰ ਪਰਵਾਨ, ਮਿਲੇ ਆਪ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੁਹਾਏ ਸਚਖੰਡ ਦਵਾਰਾ । ਗੁਰ ਧਾਮ ਗੁਰ ਪੁਰੀ ਸਦਾਏ । ਹਰਿ ਭਗਤ ਜਿਥੇ ਹਰਿ ਜਸ ਗਾਏ । ਸੁਰਤ ਸ਼ਬਦ ਪ੍ਰਭ ਮਨ ਚਿਤ ਲਾਏ । ਅਨਹਦ ਧੁਨ ਰਾਗ ਰਮਈਆ ਗਾਏ । ਸੁਹਾਈ ਭੂਮਿਕਾ ਜਿਥੇ ਗੁਰ ਚਰਨ ਟਿਕਾਏ । ਉਧਰੇ ਜੀਵ ਖੜ੍ਹੇ ਦਰ ਸੀਸ ਝੁਕਾਏ । ਹੋਏ ਭਗਤ ਭਗਵਾਨ ਬ੍ਰਹਮ ਦੀ ਬੂਝ ਬੁਝਾਏ । ਹਿਰਦੇ ਦੇ ਵਿਚਾਰ, ਨਿਜਾਨੰਦ ਦਰਸ ਦਿਖਾਏ । ਕਰਮ ਨਾ ਦੇਵੇ ਹਾਰ, ਜਿਨ੍ਹਾਂ ਪ੍ਰਭ ਦਇਆ ਕਮਾਏ । ਪਾ ਸਰਬ ਦੀ ਸਾਰ, ਜਿਸ ਇਹ ਜੀਵ ਉਪਾਏ । ਸਦਾ ਕਰ ਵਿਚਾਰ, ਜੀਵ ਜੰਤ ਸਮਾਏ । ਗੁਰ ਕਾ ਸ਼ਬਦ ਵਿਚਾਰ, ਕੁੰਭੀ ਨਰਕ ਨਾ ਜਾਏ । ਮਨ ਮੇਂ ਧਰੇ ਧਿਆਨ, ਜੋਤ ਬ੍ਰਹਮ ਦਰਸਾਏ । ਸੋਹੰ ਭਗਤ ਬਲਵਾਨ, ਸੋਹੰ ਰਸਨਾ ਗੁਣ ਗਾਏ । ਅੰਤ ਜੋਤ ਮਿਲ ਜਾਣ, ਜਿਨ ਪ੍ਰਭ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਕਰਮ ਨਿਸ਼ਾਨ, ਸਰਬ ਨੂੰ ਪਾਰ ਕਰਾਏ । ਪਾਰਬ੍ਰਹਮ ਪ੍ਰਭ ਪਾਇਆ, ਜਿਨ ਧੁਰ ਕਰਮ ਲਿਖਾਇਆ । ਪਾਰਬ੍ਰਹਮ ਪ੍ਰਭ ਪਾਇਆ, ਕਲਜੁਗ ਆਣ ਜਿਸ ਦਰਸ ਦਿਖਾਇਆ । ਪਾਰਬ੍ਰਹਮ ਪ੍ਰਭ ਪਾਇਆ, ਰੰਗ ਰੰਗੀਲਾ ਮਾਧੋ ਸਿੱਖ ਵਿਚ ਸਮਾਇਆ । ਪਾਰਬ੍ਰਹਮ ਪ੍ਰਭ ਪਾਇਆ, ਕਿਰਪਾ ਕਰ ਕੇ ਗੁਰਸਿਖ ਬਣਾਇਆ । ਪਾਰਬ੍ਰਹਮ ਪ੍ਰਭ ਪਾਇਆ, ਦੇ ਸ਼ਬਦ ਅਮੋਲ ਆਪਣਾ ਭੇਤ ਖੁਲ੍ਹਾਇਆ । ਪਾਰਬ੍ਰਹਮ ਪ੍ਰਭ ਪਾਇਆ, ਮਹਾਰਾਜ ਸ਼ੇਰ ਸਿੰਘ ਆਪਣਾ ਨਾਮ ਜਪਾਇਆ । ਮਹਾਰਾਜ ਸ਼ੇਰ ਸਿੰਘ ਪੂਰਨ ਭਗਵਾਨ । ਮਹਾਰਾਜ ਸ਼ੇਰ ਸਿੰਘ ਪੂਰਨ ਭਗਵਾਨ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਪੂਰਨ ਭਗਵਾਨ ਸ਼ਬਦ ਦੀਬਾਣ । ਮਹਾਰਾਜ ਸ਼ੇਰ ਸਿੰਘ ਪੂਰਨ ਭਗਵਾਨ ਤੀਨ ਲੋਕ ਏਕ ਸਮਾਨ । ਮਹਾਰਾਜ ਸ਼ੇਰ ਸਿੰਘ ਪੂਰਨ ਭਗਵਾਨ ਖੰਡ ਬ੍ਰਹਿਮੰਡ ਜੋਤ ਜਗਾਣ । ਮਹਾਰਾਜ ਸ਼ੇਰ ਸਿੰਘ ਪੂਰਨ ਭਗਵਾਨ ਨਿਹਕਲੰਕ ਬਲਵਾਨ । ਮਹਾਰਾਜ ਸ਼ੇਰ ਸਿੰਘ ਪੂਰਨ ਭਗਵਾਨ ਭਗਤ ਬਖ਼ਸ਼ਾਨ । ਮਹਾਰਾਜ ਸ਼ੇਰ ਸਿੰਘ ਪੂਰਨ ਭਗਵਾਨ, ਭਗਤ ਭਗਵੰਤ ਦੋਏ ਏਕ ਸਮਾਨ ।

੧੩੩
੦੧

ਬਿਨ ਭਗਤ ਗੁਰ ਦਰ ਨਾ ਪਾਣ । ਬਿਨ ਦਰ ਗੁਰ ਬੂਝ ਨਾ ਬੁਝਾਣ । ਬਿਨ ਬੂਝੇ ਗੁਰ ਦਰਸ ਨਾ ਪਾਣ । ਬਿਨ ਦਰਸ ਨਾ ਜੋਤ ਸਮਾਣ । ਬਿਨ ਜੋਤ ਨਾ ਦੇਹ ਧਰਾਣ । ਬਿਨ ਦੇਹ ਨਾ ਪ੍ਰਭ ਕੋ ਪਾਣ । ਮਹਾਰਾਜ ਸ਼ੇਰ ਸਿੰਘ ਸਰਬ ਗੁਣ ਗਾਣ । ਸਰਬ ਸੂਖ ਰਸਨਾ ਹਰਿ ਗੁਣ ਗਾਈਏ । ਸਰਬ ਸੂਖ, ਮਹਾਰਾਜ ਸ਼ੇਰ ਸਿੰਘ ਰਿਦੇ ਧਿਆਈਏ । ਸਰਬ ਸੂਖ ਦੋਏ ਜੋੜ ਦਰ ਮੰਗਣ ਆਈਏ । ਸਰਬ ਸੂਖ, ਦਰ ਸੀਸ ਝੁਕਾਈਏ । ਸਰਬ ਸੂਖ, ਏਕਾ ਲਿਵ ਲਾਈਏ । ਸਰਬ ਸੂਖ, ਰਸਨਾ ਹਰਿ ਗੁਣ ਗਾਈਏ । ਸਰਬ ਸੂਖ, ਨਾਮ ਪਦਾਰਥ ਪਾਈਏ । ਸਰਬ ਸੂਖ, ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈਏ । ਗੁਰਪ੍ਰਸਾਦਿ ਗੁਰਚਰਨ ਧਿਆਨ । ਗੁਰਪ੍ਰਸਾਦਿ ਹੋਏ ਬ੍ਰਹਮ ਗਿਆਨ । ਗੁਰਪ੍ਰਸਾਦਿ ਗੁਰਮੁਖ ਮੁਖ ਪਾਣ । ਗੁਰਪ੍ਰਸਾਦਿ ਗੁਰ ਸੰਗਤ ਗੁਰ ਇਕ ਸਮਾਨ । ਗੁਰਪ੍ਰਸਾਦਿ ਭਗਤ ਦਰ ਮੰਗਲ ਗਾਣ । ਗੁਰਪ੍ਰਸਾਦਿ ਮਹਾਰਾਜ ਸ਼ੇਰ ਸਿੰਘ ਤਾਰੇ ਪਾਹਨ । ਸੰਗਤ ਸਤਿਗੁਰ ਸਤਿ ਵਰਤਾਇਆ । ਸਤਿ ਸੰਤੋਖ ਗੁਰ ਗਿਆਨ ਦਿਵਾਇਆ । ਕਰਮ ਜਰਮ ਪਾਪ ਦੇਹ ਮਿਟਾਇਆ । ਅਵਿਗਤ ਅਗੋਚਰ ਵਿਚ ਸਮਾਇਆ । ਧੰਨ ਗੁਰਸਿਖ ਰੈਣ ਸਾਰੀ ਜਿਨ ਮੰਗਲ ਗਾਇਆ । ਹੋਏ ਪਰਭਾਤੀ ਪ੍ਰਭ ਰੰਗ ਰਾਤੀ ਗੁਰ ਪੂਰੇ ਇਹ ਮਾਣ ਦਵਾ ਲਿਆ । ਸਚਖੰਡ ਸਰਬ ਗੁਣ ਅੰਤਰ, ਪੂਰਨ ਸਿੰਘ ਜਿਸ ਪੂਰਬ ਵਿਚਾਰਿਆ । ਪੂਰਬ ਸਿੱਖ ਕਦੇ ਮਰੇ ਨਾ ਜਾਇਆ । ਸਰਬ ਸੂਖ ਪ੍ਰਭ ਦੇ ਨਿਰੰਤਰ, ਕਰੇ ਗਿਆਨ ਫਿਰ ਅੰਧੇਰ ਨਾ ਛਾਇਆ । ਸਤਿ ਸਤਿ ਸਤਿ ਗੁਰ ਸੰਗਤ, ਜਿਨ੍ਹਾਂ ਮਿਲ ਕਰ ਹਰਿ ਜਸ ਗਾਇਆ । ਰੰਗ ਰੰਗ ਦੇਵੇ ਨਾਮ ਪ੍ਰਭ ਰੰਗਤ, ਸੋਹੰ ਸ਼ਬਦ ਗੁਰ ਝੋਲੀ ਪਾਇਆ । ਗਿਆ ਅੰਧੇਰਾ ਸੰਸਾ ਚੂਕਾ, ਸ਼ਬਦ ਸੁਰਤ ਪ੍ਰਭ ਰੰਗ ਲਾਇਆ । ਭਗਤ ਵਿਚਾਰ ਗੁਰ ਸ਼ਰਨੀ ਲਾਏ, ਦੇ ਦਰਸ ਕਲ ਪਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਸਰਬ ਘਟ ਵਾਸੀ, ਗੁਰਸਿਖਾਂ ਜਿਨ ਪਾਰ ਤਰਾਇਆ ।

੧੩੪
੦੧

❊ ੬ ਜੇਠ ੨੦੦੭ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ❊

ਗੁਰਸ਼ਬਦ ਭਗਤਨ ਗਿਆਨ । ਗੁਰਸ਼ਬਦ ਪਾਵੇ ਚਤੁਰ ਸੁਜਾਨ । ਗੁਰਸ਼ਬਦ ਹੋਵੇ ਬ੍ਰਹਮ ਗਿਆਨ । ਗੁਰਸ਼ਬਦ ਹੋਵੇ ਪ੍ਰਭ ਜੋਤ ਜਗਾਣ । ਗੁਰਸ਼ਬਦ ਦੀਪਕ ਜੋਤ ਦੇਹ ਜਗਾਣ । ਗੁਰਸ਼ਬਦ ਨਿਜਾਨੰਦ ਸੁਜਾਨ । ਗੁਰ ਸ਼ਬਦ ਆਤਮ ਜੋਤ ਜਗਾਣ । ਗੁਰਸ਼ਬਦ ਈਸ਼ ਜੀਵ ਇਕ ਹੋ ਜਾਣ । ਗੁਰਸ਼ਬਦ ਗੁਰ ਏਕਾ ਰੰਗ ਮਾਣ । ਗੁਰਸ਼ਬਦ ਗੁਰਮੁਖ ਹੋ ਜਾਣ । ਗੁਰਸ਼ਬਦ ਗੁਰ ਸਚ ਨਿਸ਼ਾਨ । ਗੁਰਸ਼ਬਦ ਪਾਵੇ ਦਰਗਾਹ ਮਾਣ । ਗੁਰਸ਼ਬਦ ਜਗਤ ਪਾਰ ਉਤਰਾਨ । ਗੁਰਸ਼ਬਦ ਸਚ ਘਰ ਥਾਨ । ਗੁਰਸ਼ਬਦ ਗੁਰ ਦਰ ਤੇ ਮਾਣ । ਗੁਰਸ਼ਬਦ ਜੋਤੀ ਜੋਤ ਮਿਲ ਜਾਣ । ਗੁਰਸ਼ਬਦ ਮਹਾਰਾਜ ਸ਼ੇਰ ਸਿੰਘ ਵਿਚ ਭਗਤ ਸਮਾਣ । ਗੁਰਸ਼ਬਦ ਗੁਰ ਦੇਵੇ ਗਿਆਨ । ਗੁਰਸ਼ਬਦ ਗੁਰਚਰਨ ਧਿਆਨ । ਗੁਰਸ਼ਬਦ ਜੀਵ ਸੋਝੀ ਪਾਣ । ਗੁਰਸ਼ਬਦ ਸਚ ਸੁੱਚ ਸਮਾਨ । ਗੁਰਸ਼ਬਦ ਭਗਤਨ ਸੁਖ ਮਾਨ । ਗੁਰਸ਼ਬਦ ਮਹਾਰਾਜ ਸ਼ੇਰ ਸਿੰਘ ਮਿਲ ਜਾਣ । ਸੁਰਤ ਸ਼ਬਦ ਗੁਰਚਰਨ ਪਿਆਰ । ਸੁਰਤ ਸ਼ਬਦ ਪਾਰਬ੍ਰਹਮ ਸੰਸਾਰ । ਸੁਰਤ ਸ਼ਬਦ ਪਾਵੇ ਮੋਖ ਦਵਾਰ । ਸੁਰਤ ਸ਼ਬਦ ਮਿਲ ਅਬਿਨਾਸ਼ੀ ਕਰਤਾਰ । ਸੁਰਤ ਸ਼ਬਦ ਤਿਆਗੇ ਸੰਸਾਰ । ਸੁਰਤ ਸ਼ਬਦ ਹੋਵੇ ਬ੍ਰਹਮ ਵਿਚਾਰ । ਸੁਰਤ ਸ਼ਬਦ ਦੇਹ ਜੋਤ ਆਧਾਰ । ਸੁਰਤ ਸ਼ਬਦ ਹੋਵੇ ਨਿਰਾਧਾਰ ।

ਸੁਰਤ ਸ਼ਬਦ ਪ੍ਰਭ ਮਿਲੇ ਦਾਤਾਰ । ਸੁਰਤ ਸ਼ਬਦ ਅਨਹਦ ਧੁਨਕਾਰ । ਸੁਰਤ ਸ਼ਬਦ ਜਗਤ ਜੋਤ ਅਪਾਰ । ਸੁਰਤ ਸ਼ਬਦ ਨਾ ਵਿਸਰੇ ਕਰਤਾਰ । ਸੁਰਤ ਸ਼ਬਦ ਪੇਖੇ ਮਹਾਰਾਜ ਸ਼ੇਰ ਸਿੰਘ ਜੀਅ ਉਧਾਰ । ਗਿਆਨ ਸ਼ਬਦ ਗੁਰ ਨਾਮ ਦ੍ਰਿੜਾਇਆ । ਗਿਆਨ ਸ਼ਬਦ ਸਚ ਮਾਰਗ ਪਾਇਆ । ਗਿਆਨ ਸ਼ਬਦ ਸਤਿਜੁਗ ਚਲਾਇਆ । ਗਿਆਨ ਸ਼ਬਦ ਸੋਹੰ ਮੁਖ ਰਖਾਇਆ । ਗਿਆਨ ਸ਼ਬਦ ਤੀਨ ਲੋਕ ਦਰਸਾਇਆ । ਗਿਆਨ ਸ਼ਬਦ ਗੁਰ ਗਿਆਨ ਦਵਾਇਆ । ਗਿਆਨ ਸ਼ਬਦ ਗੁਰ ਚਰਨ ਬਖ਼ਸ਼ਾਇਆ । ਗਿਆਨ ਸ਼ਬਦ ਜੀਵ ਸਰਬ ਸੁਖ ਪਾਇਆ । ਗਿਆਨ ਸ਼ਬਦ ਗੁਰਮੁਖ ਗੁਰ ਰੰਗ ਸਮਾਇਆ । ਗਿਆਨ ਸ਼ਬਦ ਮਹਾਰਾਜ ਸ਼ੇਰ ਸਿੰਘ ਆਪਣਾ ਰੂਪ ਦਰਸਾਇਆ । ਸ਼ਬਦ ਰੂਪ ਪ੍ਰਭ ਦਰਸ ਦਿਖਾਏ । ਸ਼ਬਦ ਰੂਪ ਸਚ ਬੂਝ ਬੁਝਾਏ । ਸ਼ਬਦ ਰੂਪ ਸਿੱਖ ਚਰਨੀ ਲਾਏ । ਸ਼ਬਦ ਰੂਪ ਦਰ ਸੀਸ ਝੁਕਾਏ । ਸ਼ਬਦ ਰੂਪ ਸਿਰ ਹੱਥ ਟਿਕਾਏ । ਸ਼ਬਦ ਰੂਪ ਬ੍ਰਹਮ ਜੋਤ ਜਗਾਏ । ਸ਼ਬਦ ਰੂਪ ਆਤਮ ਭੇਤ ਖੁਲ੍ਹਾਏ । ਸ਼ਬਦ ਰੂਪ ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਦਵਾਏ । ਸਰਬ ਸ਼ਬਦ ਈਸ਼ਰ ਗੁਣ ਗਾਇਆ । ਸਰਬ ਸ਼ਬਦ ਹਰਿ ਨਾਮ ਧਿਆਇਆ । ਸਰਬ ਸ਼ਬਦ ਪ੍ਰਭ ਅਬਿਨਾਸ਼ ਵਡਿਆਇਆ । ਸਰਬ ਸ਼ਬਦ ਜਗਤ ਉਧਾਰ ਰਖਾਇਆ । ਸਰਬ ਸ਼ਬਦ ਮਹਾਰਾਜ ਸ਼ੇਰ ਸਿੰਘ ਜਸ ਗਾਇਆ । ਸਰਬ ਸ਼ਬਦ ਗੁਰ ਨਿਰੰਜਣ ਦੇਉ । ਸਰਬ ਸ਼ਬਦ ਗੁਰ ਨਾਮ ਸੇਉ । ਸਰਬ ਸ਼ਬਦ ਗੁਰ ਆਤਮ ਦੇਉ । ਸਰਬ ਸ਼ਬਦ ਮਹਾਰਾਜ ਸ਼ੇਰ ਸਿੰਘ ਅਲਖ ਅਭੇਉ । ਉਪਜੇ ਸ਼ਬਦ ਮਨ ਵੱਜੇ ਵਧਾਈ । ਉਪਜੇ ਸ਼ਬਦ ਜੀਵ ਪ੍ਰਭ ਦਇਆ ਕਮਾਈ । ਉਪਜੇ ਸ਼ਬਦ ਪ੍ਰਭ ਜੋਤ ਜਗਾਈ । ਉਪਜੇ ਸ਼ਬਦ ਸੰਸਾ ਚੁੱਕ ਜਾਈ । ਉਪਜੇ ਸ਼ਬਦ ਮਿਲੇ ਰਘੁਰਾਈ । ਉਪਜੇ ਸ਼ਬਦ ਸਰਬ ਸੁਖਦਾਈ । ਉਪਜੇ ਸ਼ਬਦ ਬ੍ਰਹਮ ਰੂਪ ਹੋ ਜਾਈ । ਉਪਜੇ ਸ਼ਬਦ ਝੂਠੀ ਕਾਇਆ ਮਾਣ ਦਵਾਈ । ਉਪਜੇ ਸ਼ਬਦ ਦਸਵਾਂ ਦਵਾਰ ਖੁਲ੍ਹ ਜਾਈ । ਉਪਜੇ ਸ਼ਬਦ ਅਨਹਦ ਸ਼ਬਦ ਪਰਮਗਤ ਪਾਈ । ਉਪਜੇ ਸ਼ਬਦ ਮਹਾਰਾਜ ਸ਼ੇਰ ਸਿੰਘ ਜਿਸ ਉਪਰ ਆਪ ਦਇਆ ਕਮਾਈ । ਗੁਰਸ਼ਬਦ ਅਨਹਦ ਧੁਨਕਾਰ । ਗੁਰਸ਼ਬਦ ਪ੍ਰਭ ਜੋਤ ਚਮਤਕਾਰ । ਗੁਰਸ਼ਬਦ ਕਵਲ ਮੁਖ ਚਰਨਾਰ । ਗੁਰਸ਼ਬਦ ਅੰਮ੍ਰਿਤ ਬੂੰਦ ਬਰਸਾਰ । ਗੁਰਸ਼ਬਦ ਦਰਸ ਕਰਤਾਰ । ਗੁਰਸ਼ਬਦ ਦੀਪਕ ਦੇਹ ਉਜਿਆਰ । ਗੁਰਸ਼ਬਦ ਜੋਤ ਨਿਰੰਜਣ ਜਗੇ ਅਪਾਰ । ਗੁਰਸ਼ਬਦ ਪ੍ਰਭ ਦੀਦਾਰ । ਗੁਰਸ਼ਬਦ ਸੁਝੇ ਮੁਰਾਰ । ਗੁਰਸ਼ਬਦ ਸੋਹੰ ਨਿਰਾਧਾਰ । ਗੁਰਸ਼ਬਦ ਜੀਵ ਬੁੱਝੇ ਵੀਚਾਰ । ਗੁਰਸ਼ਬਦ ਜਗਤ ਉਧਾਰ । ਗੁਰਸ਼ਬਦ ਪਾਏ ਗੁਰਮੁਖ ਸਾਰ । ਗੁਰਸ਼ਬਦ ਗੁਰਸਿਖ ਲੰਘਾਏ ਪਾਰ । ਗੁਰਸ਼ਬਦ ਮਹਾਰਾਜ ਸ਼ੇਰ ਸਿੰਘ ਜੋਤ ਅਧਾਰ । ਗੁਰਮੁਖ ਸੋ ਜਿਸ ਨਾਮ ਚਿਤਾਰਿਆ । ਗੁਰਮੁਖ ਸੋ ਜਿਸ ਦਰਸ ਦਰਸਾ ਰਿਹਾ । ਗੁਰਮੁਖ ਸੋ ਜੋ ਪ੍ਰਭ ਚਰਨ ਨਿਮਸਕਾਰਿਆ । ਗੁਰਮੁਖ ਸੋ ਜਿਸ ਦੇ ਜੋਤ ਅਧਾਰਿਆ । ਗੁਰਮੁਖ ਸੋ ਜਿਸ ਸ਼ਬਦ ਧੁਨਕਾਰਿਆ । ਗੁਰਮੁਖ ਸੋ ਜਿਸ ਪਾਰਬ੍ਰਹਮ ਵਿਚਾਰਿਆ । ਗੁਰਮੁਖ ਸੋ ਜਿਸ ਮਿਲੇ ਬਨਵਾਰਿਆ । ਗੁਰਮੁਖ ਸੋ ਜਿਸ ਰਿਦੇ ਕਰਤਾਰਿਆ । ਗੁਰਮੁਖ ਸੋ ਜਿਸ ਸੋਹੰ ਰਿਦੇ ਚਿਤਾਰਿਆ । ਗੁਰਮੁਖ ਸੋ ਜਿਸ ਮਿਲੇ ਰਾਮ ਅਵਤਾਰਿਆ । ਗੁਰਮੁਖ ਸੋ ਜਿਸ ਤੁੱਠੇ ਕ੍ਰਿਸ਼ਨ ਮੁਰਾਰਿਆ । ਗੁਰਮੁਖ ਸੋ ਜਿਸ ਕਲਜੁਗ ਮਹਾਰਾਜ ਸ਼ੇਰ ਸਿੰਘ ਦਰਸ਼ਨ ਪਾ ਲਿਆ । ਗੁਰਮੁਖ ਸੋ ਜਿਸ ਗੁਰੂ ਵਿਚਾਰਿਆ । ਗੁਰਮੁਖ ਸੋ ਜਿਸ ਪ੍ਰਭ ਚਰਨ ਲਗਾ ਲਿਆ । ਗੁਰਮੁਖ ਸੋ ਜਿਸ ਮਦਿ ਮਾਸ ਨਾ ਰਸਨਾ ਲਾ ਲਿਆ । ਗੁਰਮੁਖ ਸੋ ਜਿਸ ਨਿਹਕਲੰਕ ਕਲ ਵਿਚ ਪਾ ਲਿਆ । ਗੁਰਮੁਖ ਸੋ ਜਿਸ ਦੁਖ ਨਿਵਾਰਨ ਭਗਵਾਨ ਬੀਠਲੋ

ਪਾ ਲਿਆ । ਗੁਰਮੁਖ ਸੋ ਜਿਸ ਪ੍ਰਭ ਦਰ ਮਾਣ ਦਵਾ ਲਿਆ । ਗੁਰਮੁਖ ਸੋ ਜਿਸ ਮਿਲ ਹਰਿਸੰਗਤ ਹਰਿ ਜਸ ਗਾ ਲਿਆ । ਗੁਰਮੁਖ ਸੋ ਜਿਸ ਪ੍ਰਭ ਅਬਿਨਾਸ਼ ਘਰ ਮੇਂ ਪਾ ਲਿਆ । ਗੁਰਮੁਖ ਸੋ ਜਿਸ ਮਹਾਰਾਜ ਸ਼ੇਰ ਸਿੰਘ ਚਰਨੀਂ ਸੀਸ ਨਿਵਾ ਲਿਆ । ਗੁਰਮੁਖ ਸੋ ਜਿਸ ਪ੍ਰਭ ਗਿਆਨ ਦਵਾ ਲਿਆ । ਗੁਰਮੁਖ ਸੋ ਜਿਸ ਨਿਜਾਨੰਦ ਸਮਾ ਲਿਆ । ਗੁਰਮੁਖ ਸੋ ਜਿਸ ਪ੍ਰਭ ਦਇਆ ਕਮਾ ਲਿਆ । ਗੁਰਮੁਖ ਸੋ ਜਿਸ ਸੋਹੰ ਲਿਵ ਲਾ ਲਿਆ । ਗੁਰਮੁਖ ਸੋ ਜਿਨ ਕਲਜੁਗ ਮਹਾਰਾਜ ਸ਼ੇਰ ਸਿੰਘ ਰਿਦੇ ਧਿਆ ਲਿਆ । ਗੁਰਮੁਖ ਸੋ ਜਿਸ ਪ੍ਰਭ ਗਰਬ ਨਿਵਾਰਿਆ । ਗੁਰਮੁਖ ਸੋ ਜਿਸ ਪ੍ਰਭ ਦਰਸ ਦਰਸਾ ਲਿਆ । ਗੁਰਮੁਖ ਸੋ ਜਿਸ ਪ੍ਰਭ ਪਰਗਟ ਜੋਤ ਚਮਕਾ ਰਿਹਾ । ਗੁਰਮੁਖ ਸੋ ਲਗ ਗੁਰ ਚਰਨ ਜਨਮ ਸਵਾਰਿਆ । ਗੁਰਮੁਖ ਸੋ ਜਿਸ ਸਰਬ ਘਟ ਵਾਸੀ ਆਣ ਦਰਸਾ ਲਿਆ । ਗੁਰਮੁਖ ਸੋ ਜਿਸ ਮਹਾਰਾਜ ਸ਼ੇਰ ਸਿੰਘ ਸੰਗਤ ਵਿਚ ਰਲਾ ਲਿਆ । ਗੁਰਚਰਨ ਲਾਗ ਸਰਬ ਸੁਖ ਮਾਣਿਆ । ਗੁਰਚਰਨ ਲਾਗ ਪਾਪ ਮਥਣ ਮਧਾਣਿਆ । ਗੁਰਚਰਨ ਲਾਗ ਮਾਣ ਜਾਏ ਰਾਣਿਆ । ਗੁਰਚਰਨ ਲਾਗ ਮਿਲੇ ਦਰਸ ਨਿਮਾਣਿਆ । ਗੁਰਚਰਨ ਲਾਗ ਆਤਮ ਸੁਖ ਜੀਵ ਅੰਞਾਣਿਆ । ਗੁਰਚਰਨ ਲਾਗ ਅੰਤਕਾਲ ਵਿਚ ਬਬਾਣ ਬਿਠਾਣਿਆ । ਗੁਰਚਰਨ ਲਾਗ ਪ੍ਰਭ ਜੋਤ ਸਰੂਪ ਜੋਤ ਮਿਲ ਜਾਣਿਆ । ਗੁਰਚਰਨ ਲਾਗ ਮਿਟੇ ਜਗਤ ਆਵਣ ਜਾਣਿਆ । ਗੁਰਚਰਨ ਲਾਗ ਨਾਮ ਭਗਤ ਵਖਾਣਿਆ । ਗੁਰਚਰਨ ਲਾਗ ਗੁਰ ਦਰ ਮਿਲੇ ਨਿਤਾਣਿਆ । ਗੁਰਚਰਨ ਲਾਗ ਮਹਾਰਾਜ ਸ਼ੇਰ ਸਿੰਘ ਬੈਕੁੰਠ ਸੁਹਾਣਿਆ । ਗੁਰਦਰਸ ਸਰਬ ਸੁਖ ਉਪਜੇ, ਘਰ ਪਾਈਏ ਗੁਣ ਨਿਧਾਨ ਜੀਓ । ਗੁਰਦਰਸ ਸਰਬ ਦੁੱਖ ਬਿਨਸੇ, ਪ੍ਰਭ ਭਗਤ ਲੈ ਪਛਾਣ ਜੀਓ । ਗੁਰਦਰਸ ਸਰਬ ਸੁਖ ਉਪਜੇ, ਮਿਲੇ ਗੁਰਸ਼ਬਦ ਨਿਰਬਾਣ ਜੀਓ । ਗੁਰਦਰਸ ਸਰਬ ਦੁੱਖ ਬਿਨਸੇ, ਲਾਗਾ ਗੁਰਚਰਨ ਧਿਆਨ ਜੀਓ । ਗੁਰਦਰਸ ਸਰਬ ਸੁਖ ਉਪਜੇ, ਪ੍ਰਭ ਦੇ ਬ੍ਰਹਮ ਗਿਆਨ ਜੀਓ । ਗੁਰਦਰਸ ਸਰਬ ਦੁੱਖ ਬਿਨਸੇ, ਕਰੇ ਕਿਰਪਾ ਮਿਹਰਵਾਨ ਜੀਓ । ਗੁਰਦਰਸ ਸਰਬ ਸੁਖ ਉਪਜੇ, ਸੋਹੰ ਸ਼ਬਦ ਦੇਵੇ ਗੁਰ ਗਿਆਨ ਜੀਓ । ਗੁਰਦਰਸ ਸਰਬ ਦੁੱਖ ਬਿਨਸੇ, ਮਿਲਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੀਓ । ਕਲਜੁਗ ਪਰਗਟ ਜੋਤ ਨਿਰੰਜਣ, ਸਰਬ ਸ੍ਰਿਸ਼ਟ ਤੇ ਪਾਈ ਮਾਇਆ । ਕਲਜੁਗ ਪਰਗਟ ਪ੍ਰਭ ਭਏ ਦਰਦ ਦੁੱਖ ਭੰਜਨ, ਬਿਨ ਗੁਰਸਿਖ ਕਿਸੇ ਦਿਸ ਨਾ ਆਇਆ । ਕਲਜੁਗ ਪਰਗਟੇ ਤ੍ਰੈਲੋਕੀ ਨੰਦਨ, ਬੇਮੁਖਾਂ ਤੋਂ ਮੁਖ ਛੁਪਾਇਆ । ਕਲਜੁਗ ਪਰਗਟ ਜੋਤ ਨਿਰੰਜਣ, ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਕਲਜੁਗ ਪਰਗਟ ਜੋਤ ਨਿਰੰਜਣ, ਛੱਡ ਦੇਹ ਜੋਤ ਸਰੂਪ ਸਮਾਇਆ । ਕਲਜੁਗ ਪਰਗਟ ਜੋਤ ਨਿਰੰਜਣ, ਨਿਹਕਲੰਕ ਪ੍ਰਭ ਆਪ ਅਖਵਾਇਆ । ਕਲਜੁਗ ਪਰਗਟ ਜੋਤ ਨਿਰੰਜਣ, ਜੋਤ ਰੂਪ ਹੋ ਸਿੱਖ ਸਮਾਇਆ । ਕਲਜੁਗ ਪਰਗਟ ਜੋਤ ਨਿਰੰਜਣ, ਸੋਹੰ ਸ਼ਬਦ ਮਾਰਗ ਜਗਤ ਚਲਾਇਆ । ਕਲਜੁਗ ਪਰਗਟ ਜੋਤ ਨਿਰੰਜਣ, ਸਤਿਜੁਗ ਸਾਚਾ ਸਚ ਵਰਤਾਇਆ । ਕਲਜੁਗ ਪਰਗਟ ਜੋਤ ਨਿਰੰਜਣ, ਅਚਰਜ ਖੇਲ ਜਗਤ ਰਚਾਇਆ । ਕਲਜੁਗ ਪਰਗਟ ਜੋਤ ਨਿਰੰਜਣ, ਗ਼ਰੀਬਾਂ ਤਾਈਂ ਗਲੇ ਲਗਾਇਆ ।

੧੩੬
੦੧

ਨਾਉਂ ਨਿਰੰਕਾਰ ਮਹਿੰਮਾ ਅਪਰ ਅਪਾਰਿਆ । ਨਾਉਂ ਨਿਰੰਕਾਰ ਤੀਨ ਲੋਕ ਜੋਤ ਆਕਾਰਿਆ । ਨਾਉਂ ਨਿਰੰਕਾਰ ਆਪਣਾ ਆਪ ਉਪਾ ਲਿਆ । ਨਾਉਂ ਨਿਰੰਕਾਰ ਕੁਦਰਤ ਰੂਪ ਸ੍ਰਿਸ਼ਟ ਉਪਾ ਲਿਆ । ਨਾਉਂ ਨਿਰੰਕਾਰ ਪ੍ਰਭ ਜੋਤ, ਜੋਤ ਸਰੂਪ ਜਗਤ ਜਗਾ ਲਿਆ । ਨਾਉਂ ਨਿਰੰਕਾਰ ਆਪਣੇ ਵਿਚ ਸਮਾ ਲਿਆ । ਨਾਉਂ ਨਿਰੰਕਾਰ ਭੇਤ ਕਿਸੇ ਨਾ ਪਾ ਲਿਆ । ਨਾਉਂ ਨਿਰੰਕਾਰ ਬ੍ਰਹਮਾ ਵਿਸ਼ਨ ਮਹੇਸ਼ ਰਸਨਾ ਗਾ ਲਿਆ । ਨਾਉਂ ਨਿਰੰਕਾਰ ਖੰਡ ਬ੍ਰਹਿਮੰਡ ਸਮਾ ਲਿਆ । ਨਾਉਂ ਨਿਰੰਕਾਰ ਦੁੱਖ ਭੰਜਨ ਨਾਉਂ ਰਖਾ ਲਿਆ । ਨਾਉਂ ਨਿਰੰਕਾਰ ਜੋਤ ਦੀਪਕ ਵਿਚ ਦੇਹ ਜਗਾ ਲਿਆ । ਨਾਉਂ ਨਿਰੰਕਾਰ ਤੀਨ ਲੋਕ ਇਕ ਰੰਗ ਸਮਾ ਲਿਆ । ਨਾਉਂ ਨਿਰੰਕਾਰ ਇੰਦ ਸ਼ਿਵ ਬ੍ਰਹਮਾ ਰਸਨਾ ਗਾ ਲਿਆ । ਨਾਉਂ ਨਿਰੰਕਾਰ ਚਾਰ ਵੇਦ ਰਾਗ ਅਲਾ ਲਿਆ । ਨਾਉਂ ਨਿਰੰਕਾਰ ਰਿਖ ਮੁਨ ਨਿਓਲੀ ਆਸਣ ਕਰ ਪ੍ਰਭ ਚਿੱਤ ਲਾ ਲਿਆ । ਨਾਉਂ ਨਿਰੰਕਾਰ ਆਪ ਅਡੋਲ ਕਿਸੇ ਭੇਵ ਨਾ ਪਾ ਲਿਆ । ਨਾਉਂ ਨਿਰੰਕਾਰ ਖੰਡ ਸਚ ਸੁਚ ਆਸਣ ਲਾ ਲਿਆ । ਨਾਉਂ ਨਿਰੰਕਾਰ ਹੋਵੇ ਜੋਤ ਪਰਕਾਸ਼, ਬਿਨ ਤੇਲ ਦੀਪਕ ਜਗਾ ਲਿਆ । ਨਾਉਂ ਨਿਰੰਕਾਰ ਮਾਤ ਆਕਾਸ਼ ਪਾਤਾਲ ਥਿਰ ਰਹਾ ਲਿਆ । ਨਾਉਂ ਨਿਰੰਕਾਰ ਬਾਸ਼ਕ ਸੇਜ ਸਿੰਘ ਆਸਣ ਲਾ ਲਿਆ । ਨਾਉਂ ਨਿਰੰਕਾਰ ਨੈਣ ਮੁੰਦਾਰ ਲਛਮੀ ਚਰਨ ਝਸਾ ਲਿਆ । ਨਾਉਂ ਨਿਰੰਕਾਰ ਪ੍ਰਭ ਸਦ ਅਬਿਨਾਸ਼, ਜਗਤ ਵਿਨਾਸੀ ਬਣਾ ਲਿਆ । ਨਾਉਂ ਨਿਰੰਕਾਰ ਪ੍ਰਭ ਭਰਤੰਬਰ, ਸਰਬ ਜੀਵ ਸਮਾ ਲਿਆ । ਨਾਉਂ ਨਿਰੰਕਾਰ ਪ੍ਰਭ ਛਿਨ ਭੰਗਰ, ਭੇਵ ਜੀਵ ਨਾ ਪਾ ਲਿਆ । ਨਾਉਂ ਨਿਰੰਕਾਰ ਰੂਪ ਮਾਇਆ ਜਗਤ ਉਪਾ ਲਿਆ । ਨਾਉਂ ਨਿਰੰਕਾਰ ਮਾਰਗ ਜਗ ਰਈਅਤ ਤੋਂ ਸਦ ਗੁਣ ਬਣਾ ਲਿਆ । ਨਾਉਂ ਨਿਰੰਕਾਰ ਊਚ ਵਿਚ ਸਮਾ ਲਿਆ । ਨਾਉਂ ਨਿਰੰਕਾਰ ਜੁਗੋ ਜੁਗ ਭੇਸ ਵਟਾ ਲਿਆ । ਨਾਉਂ ਨਿਰੰਕਾਰ ਕਬੀ ਜੋਤ ਸਰੂਪ ਕਬੀ ਦੇਹ ਆਸਣ ਲਾ ਲਿਆ । ਨਾਉਂ ਨਿਰੰਕਾਰ ਸਤਿ ਮਿਹਰਵਾਨ, ਸਤਿ ਸਤਿ ਸਤਿ ਵਰਤਾ ਲਿਆ । ਨਾਉਂ ਨਿਰੰਕਾਰ ਭਇਓ ਰਾਮ ਅਵਤਾਰ, ਤ੍ਰੇਤਾ ਰਮਈਆ ਗੁਣ ਗਾ ਲਿਆ । ਨਾਉਂ ਨਿਰੰਕਾਰ ਯਜ਼ੁਰ ਧਰ ਜੋਤ ਨਿਰੰਜਣ, ਕ੍ਰਿਸ਼ਨ ਨਾਉਂ ਰਖਾ ਲਿਆ । ਨਾਉਂ ਨਿਰੰਕਾਰ ਕਵਲ ਨੈਣ ਮੁਕਟ ਬੈਣ ਮਹਾਸਾਰਥੀ ਆਪ ਅਖਵਾ ਲਿਆ । ਨਾਉਂ ਨਿਰੰਕਾਰ ਕੋਟਨ ਜੀਵ ਧਰ ਧਿਆਨ, ਪ੍ਰਭ ਅਬਿਨਾਸ਼ ਦਾ ਭੇਤ ਨਾ ਪਾ ਲਿਆ । ਨਾਉਂ ਨਿਰੰਕਾਰ ਦੇ ਪ੍ਰਭ ਗਿਆਨ, ਭਗਤ ਅਰਜਨ ਤਰਾ ਲਿਆ । ਨਾਉਂ ਨਿਰੰਕਾਰ ਭਇਓ ਕ੍ਰਿਸ਼ਨ ਮੁਰਾਰ, ਗੀਤਾ ਗਿਆਨ ਗੋਝ ਅਲਾ ਲਿਆ । ਨਾਉਂ ਨਿਰੰਕਾਰ ਕੀਏ ਖੇਲ ਅਪਾਰ, ਦੁਆਪਰ ਭੇਸ ਵਟਾ ਲਿਆ । ਨਾਂਓ ਨਿਰੰਕਾਰ ਕਲੂ ਕਾਲ ਜਨ ਕਲ ਵਰਤਾ ਲਿਆ । ਨਾਉਂ ਨਿਰੰਕਾਰ ਪਰਗਟ ਜੋਤ ਅਪਾਰ ਘਨਕਪੁਰੀ ਭਾਗ ਲਗਾ ਲਿਆ । ਨਾਉਂ ਨਿਰੰਕਾਰ ਕਿਸੇ ਨਾ ਪਾਈ ਸਾਰ, ਜਾਮਾ ਵਿਸ਼ਨੂੰ ਭਗਵਾਨ ਪਾ ਲਿਆ । ਨਾਉਂ ਨਿਰੰਕਾਰ ਮੈਂ ਹਾਂ ਵਿਸ਼ਨੂੰ ਭਗਵਾਨ, ਸਰਬ ਜੀਵ ਵਿਚ ਸਮਾ ਲਿਆ । ਨਾਉਂ ਨਿਰੰਕਾਰ ਕਲਜੁਗ ਜਾਮਾ ਧਾਰ, ਨਿਹਕਲੰਕ ਅਖਵਾ ਲਿਆ । ਨਾਉਂ ਨਿਰੰਕਾਰ ਮੈਂ ਇਕ ਰੰਗ, ਬਹੁ ਰੰਗ ਜਗਤ ਵਖਾ ਲਿਆ । ਨਾਉਂ ਨਿਰੰਕਾਰ ਪਰਗਟ ਜੋਤ ਅਪਾਰ, ਵਿਚ ਦੇਹ ਸਮਾ ਲਿਆ । ਨਾਉਂ ਨਿਰੰਕਾਰ ਸਰਬ ਕਲਾ ਸਮਰਥ, ਸੋਲਾਂ ਕਲ ਵਿਸ਼ਨੂੰ ਭਗਵਾਨ ਕਲ ਵਡਿਆ ਲਿਆ । ਨਾਉਂ ਨਿਰੰਕਾਰ ਵੱਜੇ ਸ਼ਬਦ ਧੁਨਕਾਰ, ਮਨੀ ਸਿੰਘ ਦਰਸ ਦਿਖਾ ਲਿਆ । ਨਾਉਂ ਨਿਰੰਕਾਰ ਉਪਜੇ ਸ਼ਬਦ ਗਿਆਨ, ਨੇਤਰ ਪੇਖ ਈਸ਼ਰ ਸੀਸ ਝੁਕਾ ਲਿਆ । ਨਾਉਂ ਨਿਰੰਕਾਰ ਜਿਸ ਨੇ ਪਾਈ ਸਾਰ, ਪੱਲਾ ਜਗਤ ਫਿਰਾ ਲਿਆ ।

੧੩੭
੦੧

ਨਾਉਂ ਨਿਰੰਕਾਰ ਕਲਜੁਗ ਲੈ ਅਵਤਾਰ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾ ਲਿਆ । ਨਾਉਂ ਨਿਰੰਕਾਰ ਗੁਰਸਿਖਾਂ ਦਿਤਾ ਤਾਰ, ਸੋਹੰ ਸ਼ਬਦ ਗੁਰ ਗਿਆਨ ਦਵਾ ਲਿਆ । ਨਾਉਂ ਨਿਰੰਕਾਰ ਕਲਜੁਗ ਭਗਤ ਭੰਡਾਰ, ਅੰਮ੍ਰਿਤ ਬੂੰਦ ਮੁਖ ਚਵਾ ਲਿਆ । ਨਾਉਂ ਨਿਰੰਕਾਰ ਖੜ੍ਹੇ ਦਰ ਬ੍ਰਹਮਾ ਵਿਸ਼ਨ ਮਹੇਸ਼ ਗਲ ਪੱਲਾ ਪਾ ਲਿਆ । ਨਾਉਂ ਨਿਰੰਕਾਰ ਕੋਟ ਤੇਤੀਸ ਦਰ ਸੀਸ ਝੁਕਾ ਲਿਆ । ਨਾਉਂ ਨਿਰੰਕਾਰ ਜੋਤ ਸਰੂਪ ਕਲਜੁਗ ਖੇਲ ਰਚਾ ਲਿਆ । ਨਾਉਂ ਨਿਰੰਕਾਰ ਛੱਡ ਦੇਹ ਅਪਾਰ, ਜੋਤ ਸਰੂਪ ਵਿਚ ਸਿੱਖ ਸਮਾ ਲਿਆ । ਨਾਉਂ ਨਿਰੰਕਾਰ ਉਪਜੇ ਬ੍ਰਹਮ ਗਿਆਨ, ਜਿਸ ਦਰ ਸੀਸ ਝੁਕਾ ਲਿਆ । ਨਾਉਂ ਨਿਰੰਕਾਰ ਗੁਰਸਿਖਾਂ ਦੇਵੇ ਤਾਰ, ਗੁਣ ਨਿਧਾਨ ਘਰ ਆ ਲੇਖ ਲਿਖਾ ਲਿਆ । ਨਾਉਂ ਨਿਰੰਕਾਰ ਆਏ ਦਰ ਪਰਵਾਨ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਰਿਦੇ ਧਿਆ ਲਿਆ । ਨਾਉਂ ਨਿਰੰਕਾਰ ਦਸ ਪਾਸ ਮਿਲੇ ਬਨਵਾਲਿਆ । ਨਾਉਂ ਨਿਰੰਕਾਰ ਕਲ ਲੈ ਅਵਤਾਰ, ਗੁਰਮੁਖਾਂ ਗੁਰ ਦਰਸ ਦਿਖਾ ਲਿਆ । ਨਾਉਂ ਨਿਰੰਕਾਰ ਬੇਮੁਖ ਪਾਏ ਨਾ ਸਾਰ, ਧੱਕ ਪਰੇ ਹਟਾ ਲਿਆ । ਨਾਉਂ ਨਿਰੰਕਾਰ ਦਰਗਾਹ ਮਿਲੇ ਨਾ ਮਾਣ, ਜਿਨ੍ਹਾਂ ਗੁਰ ਤੋਂ ਮੁਖ ਭਵਾ ਲਿਆ । ਨਾਉਂ ਨਿਰੰਕਾਰ ਮਾਤਲੋਕ ਜੋਤ ਸਰੂਪ ਬਚਨ ਲਿਖਾ ਲਿਆ । ਨਾਉਂ ਨਿਰੰਕਾਰ ਗੁਰਸਿਖ ਬ੍ਰਹਮ ਸਰੂਪ, ਬ੍ਰਹਮ ਭੇਤ ਗੁਰ ਆਪ ਮੁਕਾ ਲਿਆ । ਨਾਉਂ ਨਿਰੰਕਾਰ ਦੇ ਦਰਸ ਅਪਾਰ, ਭਰਮ ਮਨ ਚੁਕਾ ਲਿਆ । ਨਾਉਂ ਨਿਰੰਕਾਰ ਧਰਤ ਧਵਲ ਆਕਾਰ, ਤੀਨ ਲੋਕ ਸਮਾ ਲਿਆ । ਨਾਉਂ ਨਿਰੰਕਾਰ ਭਗਤ ਵਛਲ ਕਿਰਪਾਲ, ਨਿਮਾਣਿਆਂ ਮਾਣ ਦਿਵਾ ਲਿਆ । ਨਾਉਂ ਨਿਰੰਕਾਰ ਕਲਜੁਗ ਦੇਵੇ ਤਾਰ, ਜਿਨ ਗੁਰਚਰਨੀਂ ਸੀਸ ਝੁਕਾ ਲਿਆ । ਨਾਉਂ ਨਿਰੰਕਾਰ ਕਿਰਪਾ ਨਿਧ ਸਰਬ ਲਵੇ ਸਾਰ, ਦੁਖੀਆਂ ਦੁੱਖ ਗਵਾ ਲਿਆ । ਨਾਉਂ ਨਿਰੰਕਾਰ ਪ੍ਰਭ ਆਏ, ਜੋਤ ਸਰੂਪ ਵਿਚ ਦੇਹ ਸਮਾ ਲਿਆ । ਨਾਉਂ ਨਿਰੰਕਾਰ ਬਿਨ ਨਬਜ਼ ਰਸਨਾ ਬਚਨ ਲਿਖਾ ਲਿਆ । ਨਾਉਂ ਨਿਰੰਕਾਰ ਗੁਰਸਿਖ ਉਧਰੇ ਪਾਰ, ਜਿਨ੍ਹਾਂ ਹਰਿ ਜਸ ਗਾ ਲਿਆ । ਨਾਉਂ ਨਿਰੰਕਾਰ ਗੁਰਸੰਗਤ ਪਾਇਆ ਮਾਣ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਵਿਚ ਬਹਾ ਲਿਆ । ਨਾਉਂ ਨਿਰੰਕਾਰ ਗੁਰਮੁਖਾਂ ਦੇਵੇ ਮਾਣ, ਦਰਗਾਹ ਵਿਚ ਬਹਾ ਲਿਆ । ਨਾਉਂ ਨਿਰੰਕਾਰ ਅੰਤਕਾਲ ਪ੍ਰਭ ਦਰਸ ਦਿਖਾ ਲਿਆ । ਨਾਉਂ ਨਿਰੰਕਾਰ ਗੁਰਮੁਖਾਂ ਦੇਵੇ ਮਾਣ, ਵਿਚ ਬਬਾਣ ਬਿਠਾ ਲਿਆ । ਨਾਉਂ ਨਿਰੰਕਾਰ ਕਲਜੁਗ ਦੇਵੇ ਤਾਰ, ਪਸੂ ਪ੍ਰੇਤ ਕਰ ਦੇਵ ਬਹਾ ਲਿਆ । ਨਾਉਂ ਨਿਰੰਕਾਰ ਗੁਰਸਿਖਾਂ ਦੇਵੇ ਮਾਣ, ਚੰਦਨ ਵਾਸ ਨਿੰਮ ਮਹਿਕਾ ਲਿਆ । ਨਾਉਂ ਨਿਰੰਕਾਰ ਗੁਰਸਿਖਾਂ ਦੇਵੇ ਮਾਣ, ਸਿੱਖਾ ਸੰਗ ਬੇਮੁਖ ਤਰਾ ਲਿਆ । ਨਾਉਂ ਨਿਰੰਕਾਰ ਆਪ ਪ੍ਰਭ ਜੋਤ ਸਰੂਪ, ਜੀਵ ਵਿਚ ਜੋਤ ਮਿਲਾ ਲਿਆ । ਨਾਉਂ ਨਿਰੰਕਾਰ ਧੰਨ ਧੰਨ ਧੰਨ ਗੁਰਸਿਖ ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਚਰਨ ਲਗਾ ਲਿਆ । ਨਾਉਂ ਨਿਰੰਕਾਰ ਕਲਜੁਗ ਜਾਮਾ ਧਾਰ, ਆਪਣਾ ਭੇਸ ਵਟਾ ਲਿਆ । ਨਾਉਂ ਨਿਰੰਕਾਰ ਕਿਸੇ ਨਾ ਪਾਈ ਸਾਰ, ਮਾਇਆ ਜਗਤ ਭੁਲਾ ਲਿਆ । ਨਾਉਂ ਨਿਰੰਕਾਰ ਭੁੱਲੇ ਜੀਵ ਗਵਾਰ, ਬਿਰਥਾ ਜਨਮ ਗਵਾ ਲਿਆ । ਨਾਉਂ ਨਿਰੰਕਾਰ ਸੱਚਾ ਇਹ ਗੁਰ ਧਾਮ, ਜਿਥੇ ਪ੍ਰਭ ਜੋਤ ਜਗਾ ਲਿਆ । ਨਾਉਂ ਨਿਰੰਕਾਰ ਬੈਠ ਪ੍ਰਭ ਅਡੋਲ ਸਿੰਘਾਸਣ ਲਾ ਲਿਆ । ਨਾਉਂ ਨਿਰੰਕਾਰ ਕਲਜੁਗ ਜਾਮਾ ਧਾਰ, ਵਿਛੜੇ ਆਣ ਮਿਲਾ ਲਿਆ । ਨਾਉਂ ਨਿਰੰਕਾਰ ਜੁਗੋ ਜੁਗ ਪ੍ਰਭ ਦੇਵੇ ਮਾਣ, ਭਗਤ ਜਨਾਂ ਗੁਰਮੁਖ ਵਡਿਆ ਲਿਆ । ਨਾਉਂ ਨਿਰੰਕਾਰ ਕਲਜੁਗ ਅੰਧਘੋਰ, ਮਹਾਰਾਜ ਸ਼ੇਰ ਸਿੰਘ ਦੀਪਕ ਜੋਤ ਜਗਾ ਲਿਆ । ਨਾਉਂ ਨਿਰੰਕਾਰ ਪਾਪੀ ਡੁੱਬੇ ਵਿਚ ਮੰਝਧਾਰ, ਗੁਰਸਿਖਾਂ ਗੁਰ ਪਾਰ ਲੰਘਾ ਲਿਆ । ਨਾਉਂ ਨਿਰੰਕਾਰ ਦਇਆ ਕਰੇ ਪ੍ਰਭ ਕਰਤਾਰ, ਲੱਖ ਚੁਰਾਸੀ ਗੇੜ ਮੁਕਾ ਲਿਆ ।

ਨਾਉਂ ਨਿਰੰਕਾਰ ਗੁਰਸਿਖਾਂ ਦੇਵੇ ਤਾਰ, ਜਨਮ ਮਰਨ ਜੰਜਾਲ ਤੁੜਾ ਲਿਆ । ਨਾਉਂ ਨਿਰੰਕਾਰ ਕਰ ਕਿਰਪਾ ਅਪਾਰ, ਗਰਭ ਵਾਸ ਨਾ ਫੇਰਾ ਪਾ ਲਿਆ । ਨਾਉਂ ਨਿਰੰਕਾਰ ਕਲਜੁਗ ਜਾਮਾ ਧਾਰ, ਸਿੱਖਾਂ ਨੂੰ ਚਰਨ ਲਗਾ ਲਿਆ । ਨਾਉਂ ਨਿਰੰਕਾਰ ਦੇ ਬ੍ਰਹਮ ਗਿਆਨ, ਸ਼ਬਦ ਰੂਪ ਪ੍ਰਭ ਦਰਸ ਦਿਖਾ ਲਿਆ । ਨਾਉਂ ਨਿਰੰਕਾਰ ਵੱਜੇ ਸ਼ਬਦ ਧੁਨਕਾਰ, ਅਨਹਦ ਸ਼ਬਦ ਮਨ ਵਜਾ ਲਿਆ । ਪ੍ਰਭ ਸਰਨਾਈ ਦੁਖ ਬਿਨਾਸੇ । ਪ੍ਰਭ ਸਰਨਾਈ ਆਤਮ ਜੋਤ ਪਰਗਾਸੇ । ਪ੍ਰਭ ਸਰਨਾਈ ਨਿੰਦਕ ਦੂਤ ਗਲ ਫਾਸੇ । ਪ੍ਰਭ ਸਰਨਾਈ ਗੁਰਸਿਖ ਹੋਈ ਬੰਦ ਖਲਾਸੇ । ਪ੍ਰਭ ਸਰਨਾਈ ਜਗਤ ਗਵਾਇਆ ਵਿਚ ਹਾਸੇ । ਪ੍ਰਭ ਸਰਨਾਈ ਭੁੱਲੀ ਲੋਕਾਈ ਵੇਖ ਜਗਤ ਤਮਾਸ਼ੇ । ਪ੍ਰਭ ਸਰਨਾਈ ਮਿਲੇ ਪ੍ਰਭ ਅਬਿਨਾਸ਼ੇ । ਪ੍ਰਭ ਸਰਨਾਈ ਸੋਹੰ ਸ਼ਬਦ ਗੂੰਜ ਗੁੰਜਾਰ ਆਕਾਸ਼ੇ । ਪ੍ਰਭ ਸਰਨਾਈ ਦਰਗਾਹ ਗੁਰਸਿਖ ਸਭ ਆਸੇ । ਪ੍ਰਭ ਸਰਨਾਈ ਗਰਭ ਜੂਨ ਨਾ ਵਾਸੇ । ਪ੍ਰਭ ਸਰਨਾਈ ਸਿੱਖ ਹੋਵੇ ਨਾ ਨਰਕ ਨਿਵਾਸੇ । ਪ੍ਰਭ ਸਰਨਾਈ ਅੰਤ ਕਾਲ ਹੋਏ ਸੁਖੀ ਸਵਾਸੇ । ਪ੍ਰਭ ਸਰਨਾਈ ਗੁਰ ਚਰਨ ਕਲਜੁਗ ਰਹਿਰਾਸੇ । ਪ੍ਰਭ ਸਰਨਾਈ ਮਹਾਰਾਜ ਸ਼ੇਰ ਸਿੰਘ ਗੁਰਸਿਖ ਦੇ ਪਾਸੇ । ਪ੍ਰਭ ਸਰਨਾਈ ਪ੍ਰਭ ਕਰਮ ਲਿਖਤ ਲਿਖਾਸੇ । ਪ੍ਰਭ ਸਰਨਾਈ ਛੁੱਟੇ ਜਗਤ ਭੋਗ ਬਿਲਾਸੇ । ਪ੍ਰਭ ਸਰਨਾਈ ਨਿਰੰਜਣ ਜੋਤ ਆਕਾਸ਼ੇ । ਪ੍ਰਭ ਸਰਨਾਈ ਦਰਸ ਸਰਬ ਨਿਵਾਸੇ । ਪ੍ਰਭ ਸਰਨਾਈ ਸੋਹੰ ਸ਼ਬਦ ਸਰਬ ਗੁਣਤਾਸੇ । ਪ੍ਰਭ ਸਰਨਾਈ ਖੰਡ ਸਚ ਨਿਵਾਸੇ । ਪ੍ਰਭ ਸਰਨਾਈ ਮਹਾਰਾਜ ਸ਼ੇਰ ਸਿੰਘ ਕਲਜੁਗ ਕਰੇ ਬੰਦ ਖਲਾਸੇ । ਗੁਰਚਰਨ ਸੇਵ ਪਾਰਬ੍ਰਹਮ ਪ੍ਰਭ ਪਾਈਏ । ਗੁਰਚਰਨ ਸੇਵ ਗੁਣ ਨਿਧਾਨ ਘਰ ਦਰਸਾਈਏ । ਗੁਰਚਰਨ ਸੇਵ ਜਨਮ ਜਨਮ ਦੇ ਪਾਪ ਗਵਾਈਏ । ਗੁਰਚਰਨ ਸੇਵ ਦੁੱਖ ਦੇਹ ਪ੍ਰਭ ਗਵਾਈਏ । ਗੁਰਚਰਨ ਸੇਵ ਸਚ ਸੁੱਚ ਇਕ ਰੰਗ ਸਮਾਈਏ । ਗੁਰਚਰਨ ਸੇਵ ਰੰਗ ਮਜੀਠ ਝੂਠੀ ਦੇਹ ਚੜ੍ਹਾਈਏ । ਗੁਰਚਰਨ ਸੇਵ ਸੋਨਾ ਕੰਚਨ ਇਕ ਦਰਸਾਈਏ । ਗੁਰਚਰਨ ਸੇਵ ਸੋਹੰ ਸ਼ਬਦ ਗਿਆਨ ਦਵਾਈਏ । ਗੁਰਚਰਨ ਸੇਵ ਮਹਾਰਾਜ ਸ਼ੇਰ ਸਿੰਘ ਦਰਸ਼ਨ ਪਾਈਏ । ਗੁਰਚਰਨ ਸੇਵ ਵਿਚੋਂ ਹਉਮੇ ਮੈਲ ਗਵਾਈਏ । ਗੁਰਚਰਨ ਸੇਵ ਚਰਨ ਕਵਲ ਕੇਸ ਚਵਰ ਝੁਲਾਈਏ । ਗੁਰਚਰਨ ਸੇਵ ਕਲਜੁਗ ਨਿਹਕਲੰਕ ਦਰਸਾਈਏ । ਗੁਰਚਰਨ ਸੇਵ ਫਿਰ ਜਨਮ ਨਾ ਪਾਈਏ । ਗੁਰਚਰਨ ਸੇਵ ਅੰਤ ਕਾਲ ਪ੍ਰਭ ਜੋਤ ਮਿਲ ਜਾਈਏ । ਗੁਰਚਰਨ ਸੇਵ ਮਹਾਰਾਜ ਸ਼ੇਰ ਸਿੰਘ ਘਰ ਮਾਹਿ ਪਾਈਏ ।

੧੩੯
੦੧

❊ ੧੫ ਜੇਠ ੨੦੦੭ ਬਿਕ੍ਰਮੀ ਜੇਠੂਵਾਲ ❊

ਕਲਜੁਗ ਕੀਆ ਖੇਲ ਅਪਾਰਾ । ਜੋਤ ਜਗਾਈ ਅਪਰ ਅਪਾਰਾ । ਸੋਹੰ ਸ਼ਬਦ ਭਗਤ ਭੰਡਾਰਾ । ਮਹਾਰਾਜ ਸ਼ੇਰ ਸਿੰਘ ਦਰ ਸਚ ਦਵਾਰਾ । ਪਰਗਟ ਜੋਤ ਆਪ ਨਿਰੰਕਾਰਾ । ਅੰਤ ਨਾ ਪਾਏ ਪ੍ਰਭ ਪਾਰਾ ਵਾਰਾ । ਕੁਦਰਤ ਰੂਪ ਸਭ ਸ੍ਰਿਸ਼ਟ ਪਸਾਰਾ । ਲੱਖ ਚੁਰਾਸੀ ਜੂਨ ਆਕਾਰਾ । ਜੋਤ ਨਿਰੰਜਣ ਵਿਚ ਨਿਰਾਧਾਰਾ । ਮੂਰਖ ਮੁਗਧ ਨਾ ਪ੍ਰਭੂ ਵਿਚਾਰਾ । ਗੁਰਸਿਖਾਂ ਮਨ ਸ਼ਬਦ ਉਜਿਆਰਾ । ਉਪਜੇ ਰਾਗ ਹੋਏ ਧੁਨਕਾਰਾ । ਦੇ ਦਰਸ ਗੁਰ ਪਾਰ ਉਤਾਰਾ । ਪ੍ਰਭ ਅਬਿਨਾਸ਼ੀ ਠਾਕਰ ਤੁਮਾਰਾ । ਸੇਵਕ ਚਰਨ ਪਰਗਟ ਜੋਤ ਝਮਕਾਰਾ । ਝੂਠੀ ਦੇਹ ਹੋਏ ਦੀਪਕ ਉਜਿਆਰਾ । ਸੋਹੰ ਵਣਜ ਕਰ ਬਣ ਵਣਜਾਰਾ । ਪਰਗਟ ਭਇਓ ਘਰ ਦਾਤਾਰਾ । ਗੁਰਮੁਖਾਂ ਜਿਸ ਪਾਰ ਉਤਾਰਾ । ਮਹਾਰਾਜ ਸ਼ੇਰ ਸਿੰਘ ਸਦ ਬਲਹਾਰਾ ।

ਗੁਰ ਪੂਰੇ ਤੋਂ ਸਦ ਬਲ ਜਾਈਏ । ਨਿਹਕਲੰਕ ਨਿਜ ਘਰ ਮਾਹਿ ਪਾਈਏ । ਦੇਹ ਦੀਪਕ ਆਤਮ ਜੋਤ ਜਗਾਈਏ । ਖੁਲ੍ਹੇ ਦਵਾਰ ਦਰ ਗੁਰ ਦਾ ਪਾਈਏ । ਛੁਟੇ ਤ੍ਰੈਕੁਟੀ ਕਵਲ ਨਾਭ ਖੁਲ੍ਹਾਈਏ । ਝਿਰਨਾ ਝਿਰੇ ਝਰ ਝਰ ਸੇ ਅੰਮ੍ਰਿਤ ਬੂੰਦ ਮੁਖ ਚਵਾਈਏ । ਹੋਏ ਤ੍ਰਿਪਤ ਸ਼ਾਂਤ ਮਨ, ਗੁਰ ਪੂਰੇ ਦਾ ਦਰਸ਼ਨ ਪਾਈਏ । ਹੋਏ ਕਿਰਪਾਲ ਆਪ ਪ੍ਰਭ ਠਾਕਰ, ਗੁਰ ਚਰਨ ਲਾਗ ਸੇਵ ਕਮਾਈਏ । ਜਗਤ ਉਧਾਰ ਸਰਬ ਸੁਖ ਸਾਗਰ, ਮੋਹਣ ਮਾਧਵ ਮੇਂ ਰੰਗ ਮਜੀਠ ਚੜ੍ਹਾਈਏ । ਕਲਜੁਗ ਕਰਮ ਹੋਏ ਉਜਾਗਰ, ਮਹਾਰਾਜ ਸ਼ੇਰ ਸਿੰਘ ਸਰਨ ਤਕਾਈਏ । ਸਰਨ ਪੜੇ ਪ੍ਰਭ ਅੰਤਰਜਾਮੀ, ਜੋਤ ਸਰੂਪ ਜੋਤ ਮਿਲ ਜਾਈਏ । ਸਰਨ ਪੜੇ ਪ੍ਰਭ ਅੰਤਰਜਾਮੀ, ਹੋ ਜੋਤ ਰੂਪ ਇਕ ਰੰਗ ਸਮਾਈਏ । ਸਰਨ ਪੜੇ ਪ੍ਰਭ ਅੰਤਰਜਾਮੀ, ਜਨਮ ਮਰਨ ਦੁੱਖ ਕਟਾਈਏ । ਸਰਨ ਪੜੇ ਪ੍ਰਭ ਅੰਤਰਜਾਮੀ, ਗੁਣ ਨਿਧਾਨ ਦਰਸ ਦਰਸਾਈਏ । ਸਰਨ ਪੜੇ ਪ੍ਰਭ ਅੰਤਰਜਾਮੀ, ਉਪਜੇ ਗਿਆਨ ਵਿਕਾਰ ਤਜਾਈਏ । ਸਰਨ ਪੜੇ ਪ੍ਰਭ ਅੰਤਰਜਾਮੀ, ਭਗਤ ਜਨਾਂ ਸੰਗ ਰਲ ਜਾਈਏ । ਸਰਨ ਪੜੇ ਪ੍ਰਭ ਅੰਤਰਜਾਮੀ, ਬੈਕੁੰਠ ਧਾਮ ਬੈਠ ਆਸਣ ਲਾਈਏ । ਸਰਨ ਪੜੇ ਪ੍ਰਭ ਅੰਤਰਜਾਮੀ, ਮਹਾਰਾਜ ਸ਼ੇਰ ਸਿੰਘ ਕਲਜੁਗ ਪਾਰ ਤਰਾਈਏ ।

❊ ੧੮ ਜੇਠ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ❊

ਗੁਰਸਿਖ ਚਾਤਰਕ ਸਦਾ ਬਿਲਲਾਏ, ਪ੍ਰਭ ਅਬਿਨਾਸ਼ੀ ਘਰ ਮਾਹਿ ਪਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਅੰਮ੍ਰਿਤ ਬੂੰਦ ਮੁਖ ਚਵਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਕਵਲ ਨਾਭ ਮੁਖ ਖੁਲ੍ਹਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਅੰਮ੍ਰਿਤ ਨਾਮ ਦੇਹ ਮੇਂ ਪਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਜੋਤ ਨਿਰੰਜਣ ਜੀਵ ਜਗਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਪ੍ਰਭ ਜੋਤ ਸਰੂਪ ਜੋਤ ਮਿਲ ਜਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਨਿਜਾਨੰਦ ਮਾਹਿ ਸਮਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਹੋ ਵਿਸਮਾਦ ਨਾ ਅੰਗ ਸਮਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਖੰਡ ਬ੍ਰਹਿਮੰਡ ਇਕ ਹੋ ਜਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਭਵ ਸਾਗਰ ਪਾਰ ਤਰ ਜਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਮਿਲ ਸਾਧ ਸੰਗਤ ਹਰਿ ਜਸ ਗਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਗੁਰ ਚਰਨ ਮਨ ਬਿਗਸਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਧੰਨ ਧੰਨ ਧੰਨ ਗੁਰ ਰਸਨਾ ਗਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਸੋਹੰ ਨਾਮ ਗੁਰ ਦਰ ਤੇ ਪਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਹਰਿ ਜੂ ਹਰਿ ਹਰਿ ਹਰਿਮੰਦਰ ਮਾਹਿ ਪਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਕਰ ਦਰਸ ਪ੍ਰਭ ਭਰਮ ਭਉ ਗਵਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਪ੍ਰਭ ਦਰਸ ਫਿਰ ਜਨਮ ਨਾ ਪਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਮਿਲ ਗੁਰ ਅੰਤ ਕਾਲ ਨਾ ਕਾਲ ਸਤਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਕਲਜੁਗ ਨਿਹਕਲੰਕ ਸ਼ਰਨ ਤਕਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਗੁਣ ਨਿਧਾਨ ਘਰ ਨਿਜ ਮਾਹਿ ਪਾਈਏ । ਗੁਰਸਿਖ ਚਾਤਰਕ ਸਦਾ ਬਿਲਲਾਏ, ਮਹਾਰਾਜ ਸ਼ੇਰ ਸਿੰਘ ਰਿਦੇ ਸਮਾਈਏ । ਕਲਜੁਗ ਪਰਗਟ ਓਅੰਕਾਰਾ । ਸੋਹੰ ਸ਼ਬਦ ਸਤਿਜੁਗ ਆਪਾਰਾ । ਤੀਨ ਲੋਕ ਹੋਵੇ ਧੁਨਕਾਰਾ । ਗੁਰਮੁਖਾਂ ਮਨ ਹੋਏ ਵਿਚਾਰਾ । ਗੁਰਸਿਖਾਂ

ਮਨ ਹਰਿ ਕਾ ਦਵਾਰਾ । ਨਾਮ ਗੁਰ ਅੰਮ੍ਰਿਤ ਜਲ ਧਾਰਾ । ਸਰਬ ਸੂਖ ਦੇਵੇ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਪਰਗਟ ਸਚ ਅਵਤਾਰਾ । ਕਲਜੁਗ ਪਰਗਟ ਆਪ ਪ੍ਰਭ ਅਬਿਨਾਸ਼ੀ । ਗੁਰਸਿਖਾਂ ਕਰੇ ਬੰਦ ਖੁਲਾਸੀ । ਬੇਮੁਖਾਂ ਗਲ ਜਮ ਕੀ ਫਾਸੀ । ਜਰਮ ਹਾਰ ਗਏ ਕੁੰਭੀ ਨਰਕ ਪੜੇ ਸ਼ਰਾਬੀ ਮਾਸੀ । ਗੁਰਸਿਖ ਗੁਰਚਰਨ ਰਹਿਰਾਸੀ । ਕਲਜੁਗ ਮਿਲਿਆ ਪ੍ਰਭ ਸਰਬ ਘਟ ਵਾਸੀ । ਰਿਧ ਸਿਧ ਹੋਵੇ ਸਿੱਖਾਂ ਦਾਸੀ । ਪਰਗਟ ਭਇਓ ਘਨਕਪੁਰ ਵਾਸੀ । ਜੋਤ ਨਿਰੰਜਣ ਸਦਾ ਅਬਿਨਾਸ਼ੀ । ਮਹਾਰਾਜ ਸ਼ੇਰ ਸਿੰਘ ਲਗ ਸ਼ਰਨ ਸਾਧ ਸੰਗਤ ਤਰ ਜਾਸੀ । ਸਾਧ ਸੰਗਤ ਗੁਰ ਮਾਣ ਦਵਾਇਆ । ਘਰ ਘਰ ਸੋਹੰ ਸ਼ਬਦ ਸੁਣਾਇਆ । ਧੰਨ ਧੰਨ ਧੰਨ ਗੁਰਦੇਵ, ਪਰਗਟ ਹੋ ਜਿਸ ਦਰਸ ਦਿਖਾਇਆ । ਧੰਨ ਧੰਨ ਧੰਨ ਗੁਰਦੇਵ, ਕਲੂ ਕਾਲ ਅੰਤ ਆਣ ਕਰਾਇਆ । ਧੰਨ ਧੰਨ ਧੰਨ ਗੁਰ ਚਰਨ ਸੇਵ, ਮੋਹਣ ਮਾਧਵ ਜਿਨ ਘਰ ਮਾਹਿ ਪਾਇਆ । ਧੰਨ ਧੰਨ ਧੰਨ ਗੁਰਦੇਵ, ਛਡ ਦੇਹ ਜੋਤ ਰੂਪ ਸਮਾਇਆ । ਧੰਨ ਧੰਨ ਧੰਨ ਸਰਬ ਅਭੇਵ, ਕਲਜੁਗ ਨਿਹਕਲੰਕ ਅਖਵਾਇਆ । ਧੰਨ ਧੰਨ ਧੰਨ ਪ੍ਰਭ ਗੁਰਦੇਵ, ਲੋਕਮਾਤ ਬੈਕੁੰਠ ਧਾਮ ਬਣਾਇਆ । ਧੰਨ ਧੰਨ ਧੰਨ ਪ੍ਰਭ ਗੁਰਦੇਵ, ਵਿਛੜਿਆਂ ਜਿਨ ਚਰਨੀਂ ਲਗਾਇਆ । ਧੰਨ ਧੰਨ ਧੰਨ ਗੁਰਦੇਵ, ਗੁਰਸਿਖਾਂ ਗੁਰ ਮਾਣ ਦਿਵਾਇਆ । ਧੰਨ ਧੰਨ ਧੰਨ ਗੁਰਦੇਵ, ਗੁਰਸਿਖਾਂ ਗੁਰ ਸਚ ਦਰਸਾਇਆ । ਧੰਨ ਧੰਨ ਧੰਨ ਗੁਰਦੇਵ, ਜੋਤ ਰੂਪ ਸਭ ਖੇਲ ਰਚਾਇਆ । ਧੰਨ ਧੰਨ ਧੰਨ ਗੁਰਦੇਵ, ਫੂਲ ਵਰਖਾ ਸਿਰ ਸਿੱਖਾ ਲਾਇਆ । ਧੰਨ ਧੰਨ ਧੰਨ ਗੁਰਦੇਵ, ਗਣ ਗੰਧਰਬ ਚਰਨੀਂ ਸੀਸ ਨਿਵਾਇਆ । ਧੰਨ ਧੰਨ ਧੰਨ ਗੁਰਦੇਵ, ਤੇਤੀਸ ਕਰੋੜ ਖੜ੍ਹੇ ਦਰ ਸੀਸ ਝੁਕਾਇਆ । ਧੰਨ ਧੰਨ ਧੰਨ ਗੁਰਦੇਵ, ਕਲਜੁਗ ਆ ਸਿੱਖ ਵਡਿਆਇਆ । ਧੰਨ ਧੰਨ ਧੰਨ ਗੁਰਦੇਵ, ਸੋਹੰ ਦੇ ਗਿਆਨ ਦੀਪਕ ਫੇਰ ਜਗਾਇਆ । ਧੰਨ ਧੰਨ ਧੰਨ ਗੁਰਦੇਵ, ਕਲਜੁਗ ਲਏ ਤਾਰ ਚਰਨ ਜਿਸ ਸੀਸ ਝੁਕਾਇਆ । ਧੰਨ ਧੰਨ ਧੰਨ ਗੁਰਦੇਵ, ਪਾਰਬ੍ਰਹਮ ਪਰਮੇਸ਼ਵਰ ਹੋ ਘਰ ਠਾਂਡੇ ਆਇਆ । ਧੰਨ ਧੰਨ ਧੰਨ ਗੁਰਦੇਵ, ਕੋਟ ਅਪਰਾਧੀ ਤਾਰ ਸਾਧ ਸੰਗਤ ਵਿਚ ਮਿਲਾਇਆ । ਧੰਨ ਧੰਨ ਧੰਨ ਗੁਰਦੇਵ, ਦੇਵੇ ਚਰਨ ਨਿਵਾਸ ਜਿਨ੍ਹਾਂ ਇਕ ਮਨ ਧਿਆਇਆ । ਧੰਨ ਧੰਨ ਧੰਨ ਗੁਰਦੇਵ, ਦੇ ਕੇ ਬ੍ਰਹਮ ਗਿਆਨ ਅੰਧ ਅਗਿਆਨ ਗਵਾਇਆ । ਧੰਨ ਧੰਨ ਧੰਨ ਗੁਰਦੇਵ, ਅੰਮ੍ਰਿਤ ਦੇ ਭੰਡਾਰ ਦੁਖੀਆਂ ਦਾ ਦੁੱਖ ਗਵਾਇਆ । ਧੰਨ ਧੰਨ ਧੰਨ ਗੁਰਦੇਵ, ਨਿੰਦਕਾਂ ਸਿਰ ਛਾਰ ਕੋਟ ਜਨਮ ਘੋਗੜ ਦਾ ਪਾਇਆ । ਧੰਨ ਧੰਨ ਧੰਨ ਗੁਰਦੇਵ, ਚਾਰ ਜੁਗ ਹੋਏ ਖੁਆਰ, ਵਿਸ਼ਟਾ ਮੁਖ ਰਖਾਇਆ । ਧੰਨ ਧੰਨ ਧੰਨ ਗੁਰਦੇਵ, ਮਨ ਮੇਂ ਕਰੇ ਗੁਮਾਨ ਕੂੜ ਕੁਟੰਬ ਗਿਰਾਇਆ । ਧੰਨ ਧੰਨ ਧੰਨ ਗੁਰਦੇਵ, ਬੇਮੁਖ ਨਾ ਕਰੇ ਪਛਾਣ ਜਮਾਂ ਦੇ ਵਸ ਪਵਾਇਆ । ਧੰਨ ਧੰਨ ਧੰਨ ਗੁਰਦੇਵ, ਗਵਾਏ ਜਨਮ ਹਾਰ ਸੂਕਰ ਜੂਨ ਲਿਖਾਇਆ । ਧੰਨ ਧੰਨ ਧੰਨ ਗੁਰਦੇਵ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ ਭਗਤ ਜਨਾਂ ਨੂੰ ਪਾਰ ਲੰਘਾਇਆ । ਧੰਨ ਸਿੱਖ ਜਿਸ ਨਾਮ ਚਿਤਾਰਿਆ । ਗੁਰ ਪੂਰਾ ਜਿਸ ਕਰਮ ਚਿਤਾਰਿਆ । ਗੁਰ ਪੂਰਾ ਜਿਸ ਪਾਰ ਉਤਾਰਿਆ । ਧੰਨ ਸਿੱਖ ਜਿਸ ਪ੍ਰਭ ਚਰਨੀਂ ਨਿਮਸਕਾਰਿਆ । ਮਿਲਿਆ ਪਾਰਬ੍ਰਹਮ ਪ੍ਰਭ ਅਪਰ ਅਪਾਰਿਆ । ਧੰਨ ਸਿੱਖ ਜਿਨ ਸੋਹੰ ਸ਼ਬਦ ਰਸਨਾ ਉਚਾਰਿਆ । ਮਿਲੇ ਮਹਾਰਾਜ ਸ਼ੇਰ ਸਿੰਘ ਕਲਜੁਗ ਨਿਰੰਕਾਰਿਆ । ਨਿਰੰਕਾਰ ਪ੍ਰਭ ਜੋਤ ਜਗਾਈ । ਉਲਟੀ ਖੇਲ ਕਲਜੁਗ ਵਖਾਈ । ਜੋਤ ਨਿਰੰਜਣ ਸਿੱਖ ਦੇਹ ਸਮਾਈ । ਸਾਰੀ ਭੁੱਲੀ ਫਿਰੇ ਲੋਕਾਈ । ਬਿਨ ਸਿੱਖ ਕਿਸੇ ਸਾਰ ਨਾ ਪਾਈ । ਸੋ ਜਾਣੇ ਜਿਸ ਪ੍ਰਭ ਦੇ ਬੁਝਾਈ । ਆਦਿ ਅੰਤ ਪ੍ਰਭ ਇਕ ਹੋ ਜਾਈ । ਸਰਬ ਸ੍ਰਿਸ਼ਟ ਪ੍ਰਭ

ਰਿਹਾ ਸਮਾਈ । ਆਪਣਾ ਭੇਵ ਨਾ ਕਿਸੇ ਜਣਾਈ । ਗੁਰਮੁਖਾਂ ਸ਼ਬਦ ਸੋਝੀ ਪਾਈ । ਕਰ ਚਰਨ ਧਿਆਨ ਅਨਹਦ ਧੁਨ ਵਜਾਈ । ਰਾਮ ਰਮਈਆ ਮਨ ਮਾਹਿ ਪਾਈ । ਕਲਜੁਗ ਆਣ ਮਿਲੀ ਵਡਿਆਈ । ਗੁਰਸਿਖਾਂ ਦੀ ਪ੍ਰਭ ਬਣਤ ਬਣਾਈ । ਦਰਗਾਹ ਸੱਚੀ ਸਚਖੰਡ ਵਖਾਈ । ਗੁਰਸਿਖ ਗੁਰ ਪੁਰੀ ਸਿਧਾਈ । ਜਮ ਕੰਕਰ ਕੋਈ ਨੇੜ ਨਾ ਆਈ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ । ਭਗਤ ਭਗਤ ਭਗਤ ਪ੍ਰਭ ਆਪ ਵਡਿਆਇਆ । ਸੋਹੰ ਦੇ ਗਿਆਨ, ਮੰਤਰ ਨਾਮ ਦ੍ਰਿੜਾਇਆ । ਦੇ ਦਰਸ ਨਿਧਾਨ, ਥਿਰ ਅਟੱਲ ਰਖਾਇਆ । ਉਪਜੇ ਬ੍ਰਹਮ ਗਿਆਨ, ਚਾਰ ਜੁਗ ਗੁਰ ਮਾਣ ਦਵਾਇਆ । ਗੁਰਸਿਖਾਂ ਦੇ ਕੇ ਨਾਮ, ਗੁਰਮੁਖ ਬਾਣੀ ਨਾਮ ਧਰਾਇਆ । ਸਤਿ ਪੁਰਖ ਨਿਰੰਜਣ ਪ੍ਰਭ ਦਾਤਾ, ਸਤਿਜੁਗ ਸਤਿ ਸਤਿ ਸਤਿ ਵਰਤਾਇਆ । ਕਲਜੁਗ ਆਣ ਦਿਤੀ ਵਡਿਆਈ, ਨਿਮਾਣਿਆਂ ਤਾਈਂ ਚਰਨ ਲਗਾਇਆ । ਤੀਨ ਲੋਕ ਹੋਏ ਮੁਖ ਉਜਲ, ਸੋਹੰ ਸ਼ਬਦ ਜਿਨ ਰਸਨੀ ਗਾਇਆ । ਜਨਮ ਮਰਨ ਫਿਰ ਕਦੇ ਨਾ ਆਇਆ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਗੁਰ ਦਰ ਆਣ ਦਰਸ ਜਿਸ ਕਰਿਆ । ਭਵ ਸਾਗਰ ਪ੍ਰਭ ਪਾਰ ਉਤਰਿਆ । ਦੁੱਖ ਦਲਿਦਰ ਜਗਤ ਕਾ ਹਰਿਆ । ਅੰਤ ਕਾਲ ਮਿਲੇ ਪ੍ਰਭ ਆਸਾ ਵਰਿਆ । ਪਾਪੀ ਅਪਰਾਧੀ ਸੰਗ ਸਿੱਖਨ ਤਰਿਆ । ਸੀਸ ਛੋਹੇ ਚਰਨ ਪਾਰ ਉਹ ਪਰਿਆ । ਮਹਾਰਾਜ ਸ਼ੇਰ ਸਿੰਘ ਸਰਬ ਸੁਖ ਦਾਤਾ, ਦਰਗਾਹ ਸੱਚੀ ਅੱਗੇ ਖੜ੍ਹਿਆ । ਦਰਗਾਹ ਸਚ, ਸਚ ਪ੍ਰਭ ਕਾ ਖੇਲ । ਦੀਪਕ ਜੋਤ ਅਗੰਮ, ਬਿਨ ਬਾਤੀ ਬਿਨ ਤੇਲ । ਪ੍ਰਭ ਰੂਪ ਅਗੰਮ, ਜੋਤ ਸਰੂਪ ਲਏ ਜੋਤ ਮੇਲ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ, ਕਲਜੁਗ ਆਣ ਕੀਆ ਜਿਸ ਖੇਲ । ਜਗਤ ਚਲਾਇਓ ਪੰਥ ਨਿਆਰਾ, ਸੋਹੰ ਸ਼ਬਦ ਦੀਓ ਭੰਡਾਰਾ । ਕਿਰਤਮ ਨਾਮ ਰਸਨਾ ਉਚਾਰਾ । ਜਗਤ ਤਪੇ ਜਿਉਂ ਆਵਾ ਘੁਮਿਆਰਾ । ਭਗਤ ਦਰ ਠਾਂਡੇ ਥਿਰ ਅੰਮ੍ਰਿਤ ਧਾਰਾ । ਅੰਮ੍ਰਿਤ ਬੂੰਦ ਬਰਸੇ ਕਵਲ ਮੰਵਾਰਾ । ਉਪਜੇ ਸ਼ਬਦ ਮਨ ਵੱਜੇ ਧੁਨਕਾਰਾ । ਨਿਜਾਨੰਦ ਸੁਖ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਖੋਲ੍ਹੇ ਸਿੱਖ ਦਸਮ ਦਵਾਰਾ । ਦਸਮ ਦਵਾਰ ਪ੍ਰਭ ਆਪ ਖੁਲ੍ਹਾਏ । ਸਿਰ ਤੇ ਦੇ ਕੇ ਹੱਥ ਸਿੱਖ ਨੂੰ ਸੋਝੀ ਪਾਏ । ਦੇ ਦਰਸ ਅਪਾਰ, ਚਰਨੀਂ ਸਿੱਖ ਲਗਾਏ । ਭਗਤ ਵਛਲ ਭੰਡਾਰ, ਅੰਮ੍ਰਿਤ ਮੁਖ ਚੁਆਏ । ਕਿਸੇ ਨਾ ਪਾਈ ਸਾਰ, ਖੇਲ ਕਰਤਾਰ ਰਚਾਏ । ਕਲਜੁਗ ਕਰਮ ਵਿਚਾਰ, ਜੋਤ ਸਰੂਪ ਰਘੁਰਾਏ । ਨਿਰਮਲ ਦੇਹ ਅਨਮੋਲ, ਜਿਥੇ ਪ੍ਰਭ ਰਿਹਾ ਸਮਾਏ । ਬੈਠ ਆਪ ਅਡੋਲ, ਰਿਹਾ ਗਿਆਨ ਦਿਵਾਏ । ਕਲਜੁਗ ਜੀਵ ਅਣਭੋਲ, ਮਨ ਦਾ ਭਰਮ ਨਾ ਜਾਏ । ਸਤਿਗੁਰ ਤੋਲੇ ਪੂਰੇ ਤੋਲ, ਹਉਮੈ ਸ਼ਬਦ ਜਲਾਏ । ਇਹ ਕਲਜੁਗ ਵਕਤ ਅਨਮੋਲ, ਫਿਰ ਹੱਥ ਨਾ ਆਏ । ਮਨੋਂ ਗਵਾਏ ਵਿਕਾਰ, ਚਰਨੀਂ ਸੀਸ ਝੁਕਾਏ । ਭੁੱਲਾਂ ਲਉ ਬਖ਼ਸ਼ਾ, ਘਰ ਨਿਰੰਜਣ ਆਏ । ਮਨ ਮੇਂ ਕਰੇ ਹੰਕਾਰ, ਗੁਰ ਦੀ ਬਾਣ ਰਖਾਏ । ਮਨ ਮੇਂ ਕਰੇ ਵਿਕਾਰ, ਦੇਹ ਕੁਸ਼ਟੀ ਹੋ ਜਾਏ । ਗੁਰਚਰਨ ਧਰੇ ਧਿਆਨ, ਚੰਦਨ ਵਾਂਗ ਮਹਿਕਾਏ । ਗੁਰਸੰਗਤ ਕਰੇ ਪਿਆਰ, ਅਮਰਾਪਦ ਪਾਏ । ਗੁਰ ਸ਼ਬਦ ਕਰੇ ਵਿਚਾਰ, ਅਗਿਆਨ ਅੰਧੇਰ ਗਵਾਏ । ਮਹਾਰਾਜ ਸ਼ੇਰ ਸਿੰਘ ਰਿਦੇ ਚਿਤਾਰ, ਸਵੱਛ ਸਰੂਪ ਦਰਸ ਦਿਖਾਏ । ਸਵੱਛ ਸਰੂਪ ਰੰਗ ਮੇਰਾ ਜਾਣੋ । ਪ੍ਰਭ ਰੰਗ ਏਕ, ਪਰਵੇਸ਼ ਅਨੇਕ ਵਖਾਣੋ । ਸੋਹੰ ਜਪੇ ਨਾਉਂ, ਉਪਜੇ ਬ੍ਰਹਮ ਗਿਆਨੋ । ਮਨ ਮੇਂ ਚਿਤਵੇ ਨਾਉਂ, ਦਰਸ ਪਾਵੇ ਠਾਨੋ । ਗੁਰ ਚਰਨ ਕਰੇ ਪਿਆਰ, ਮਹਾਰਾਜ ਸ਼ੇਰ ਸਿੰਘ ਤੋੜੇ ਅਭਿਮਾਨੋ । ਅਬਗਤ ਅਗੋਚਰ ਪ੍ਰਭ ਆਪ ਅਖਵਾਵੇ । ਸ਼ਰਨ ਆਏ ਦੀ ਪੈਜ ਰਖਾਏ । ਕਿਰਪਾ ਕਰੇ ਨਿਰਾਹਾਰ, ਸਰਬ ਜੀਵਾਂ ਵਿਚ ਨਿਰਵੈਰ ਸਮਾਵੇ । ਕਰੇ ਖੇਲ ਅਪਾਰ, ਜੁਗੋ ਜੁਗ ਜੋਤ ਜਗਾਵੇ ।

੧੪੨
੦੧

ਆਏ ਆਪਣਾ ਬਲ ਧਾਰ, ਚਤੁਰਭੁਜ ਕਹਾਵੇ । ਭਗਤਾਂ ਦੇਵੇ ਤਾਰ, ਸਵਾਮੀ ਸਮਰਥ ਅਖਵਾਵੇ । ਦੁਸ਼ਟਾਂ ਦੇਵੇ ਮਾਰ, ਨੱਕ ਨੱਥ ਪਵਾਵੇ । ਨਿਮਾਣਿਆਂ ਦੇਵੇ ਤਾਰ, ਜਿਨ੍ਹਾਂ ਗੁਰ ਚਰਨ ਲਗਾਵੇ । ਲੈ ਕਰਮ ਵਿਚਾਰ, ਜਿਨ੍ਹਾਂ ਸਿਰ ਹੱਥ ਟਿਕਾਵੇ । ਬੇਮੁਖ ਗਏ ਹਾਰ, ਦਰ ਮੰਗਣ ਭਿਖ ਨਾ ਪਾਵੇ । ਡੁੱਬੇ ਮੁਗਧ ਗਵਾਰ, ਦਰ ਦਰ ਚੋਟਾਂ ਖਾਵੇ । ਕਰਮਾਂ ਦਿਤੀ ਹਾਰ, ਜਮ ਦਰ ਬੱਧਾ ਜਾਵੇ । ਗੁਰਸਿਖ ਮਹਿੰਮਾ ਅਪਰ ਅਪਾਰ, ਸਚਖੰਡ ਸਮਾਵੇ । ਜਿਥੇ ਪ੍ਰਭ ਆਕਾਰ, ਗੁਰ ਪੁਰੀ ਗੁਰ ਧਾਮ ਅਖਵਾਵੇ । ਮਹਾਰਾਜ ਸ਼ੇਰ ਸਿੰਘ ਨਾਮ ਬਾਬਣ ਗੁਰਸਿਖ ਬੈਕੁੰਠ ਪੁਚਾਵੇ ।

❊ ੧੬ ਜੇਠ ੨੦੦੭ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ❊

ਕਰਮ ਕਰ ਗੁਰ ਕਰਮ ਵਿਚਾਰਿਆ । ਕਰ ਕਿਰਪਾ ਗੁਰ ਪਾਰ ਉਤਾਰਿਆ । ਜੋਤ ਨਿਰੰਜਣ ਸਦ ਬਲਹਾਰਿਆ । ਸਤਿਜੁਗ ਮਿਹਰਵਾਨ ਸਦ ਨਿਮਸਕਾਰਿਆ । ਤ੍ਰੇਤਾ ਰਾਮ ਅਵਤਾਰ, ਦੁਆਪਰ ਕ੍ਰਿਸ਼ਨ ਮੁਰਾਰਿਆ । ਕਲਜੁਗ ਲੈ ਅਵਤਾਰ, ਮਹਾਰਾਜ ਸ਼ੇਰ ਸਿੰਘ ਨਿਰੰਕਾਰਿਆ । ਕਲਜੁਗ ਕਰਮ ਵਿਚਾਰ, ਗੁਰਸਿਖ ਪਾਰ ਉਤਾਰਿਆ । ਹੋਵੇ ਭਵਜਲ ਪਾਰ, ਪਰਗਟ ਭਏ ਜਿਥੇ ਪ੍ਰਭ ਜੋਤ ਅਧਾਰਿਆ । ਗੁਰ ਚਰਨ ਜਾਓ ਕੁਰਬਾਨ, ਜਿਸ ਇਹ ਖੇਲ ਰਚਾ ਲਿਆ । ਚਲੇ ਖੇਲ ਜਗਤ ਅਪਾਰਾ । ਤੀਨ ਲੋਕ ਪ੍ਰਭ ਕਰੇ ਨਿਮਸਕਾਰਾ । ਪਰਗਟ ਜੋਤ ਜਗਤ ਉਜਿਆਰਾ । ਮਨਮੁਖਾਂ ਸਦ ਮਨ ਅੰਧਿਆਰਾ । ਗੁਰਮੁਖ ਬੂਝੇ ਕਰ ਵਿਚਾਰਾ । ਦੇ ਦਰਸ ਗੁਰ ਕਲਜੁਗ ਉਧਾਰਾ । ਦੀਨਾ ਨਾਥ ਪ੍ਰਭ ਜੋਤ ਚਮਤਕਾਰਾ । ਘਟ ਘਟ ਵਾਸੀ ਬੈਠਾ ਅਗੰਮ ਅਪਾਰਾ । ਸਰਬ ਸੂਖ ਗੁਰ ਚਰਨ ਦਰਸਾਰਾ । ਕਰੇ ਦੇਵ ਮੂਰਖ ਮੁਗਧ ਗਵਾਰਾ । ਪ੍ਰਭ ਅਬਿਨਾਸ਼ੀ ਸਦਾ ਸਦਾ ਸਦਾ ਨਿਮਸਕਾਰਾ । ਪ੍ਰਭ ਅਬਿਨਾਸ਼ੀ ਪਰਗਟੇ ਕਲ ਧਾਰਾ । ਕਲਜੁਗ ਆਏ ਜੋਤ ਪ੍ਰਭ ਧਾਰੇ । ਖੰਡ ਬ੍ਰਹਿਮੰਡ ਸਦਾ ਨਿਮਸਕਾਰੇ । ਤੀਨ ਲੋਕ ਗੁਰ ਚਰਨ ਦਵਾਰੇ । ਗੁਰਸਿਖ ਗੁਰ ਦਰਸ ਪਾਰ ਉਤਾਰੇ । ਮਿਲੇ ਜਸ ਸਚ ਹਰਿ ਕੇ ਦਵਾਰੇ । ਝੂਠੇ ਸਾਰੇ ਜਗਤ ਪਸਾਰੇ । ਮਹਾਰਾਜ ਸ਼ੇਰ ਸਿੰਘ ਜੋਤ ਸਦਾ ਸਦਾ ਸਦਾ ਚਮਤਕਾਰੇ । ਚਮਤਕਾਰ ਜੋਤ ਗੁਰ ਦੀਆ । ਗੁਰਸਿਖਾਂ ਨਾਉਂ ਗੁਰ ਬੀਆ । ਦਰਗਾਹ ਹੋਵੇ ਸੁਖੀ ਸੁਹੇਲਾ ਜੀਆ । ਨਾਮ ਅੰਮਿਉਂ ਰਸ ਗੁਰ ਚਰਨੀਂ ਪੀਆ । ਸੋਹੰ ਸ਼ਬਦ ਗਿਆਨ ਗੁਰ ਦੀਆ । ਉਪਜੇ ਗਿਆਨ ਗੁਰ ਠਾਂਡਾ ਥੀਆ । ਮਹਾਰਾਜ ਸ਼ੇਰ ਸਿੰਘ ਗੁਰਸਿਖ ਉਧਾਰੇ, ਮੁਖ ਜਗਤ ਉਜਲ ਕੀਆ । ਗੁਰਮੁਖ ਨਾਉਂ ਜਗਤ ਉਜਿਆਰਾ, ਜੋਤ ਨਿਰੰਜਣ ਸਦ ਚਮਤਕਾਰਾ । ਗੁਰਮੁਖ ਨਾਉਂ ਜਗਤ ਉਜਿਆਰਾ, ਆਤਮ ਦਰਸ ਸਦਾ ਗੁਰ ਦਵਾਰਾ । ਗੁਰਮੁਖ ਨਾਉਂ ਸਦਾ ਮੁਖ ਉਜਲ, ਵੱਜੇ ਸ਼ਬਦ ਸੋਹੰ ਧੁਨਕਾਰਾ । ਗੁਰਮੁਖ ਨਾਮ ਸਦਾ ਮੁਖ ਉਜਲ, ਕਲਜੁਗ ਕੀਆ ਪਾਰ ਉਤਾਰਾ । ਗੁਰਮੁਖ ਨਾਮ ਸਦਾ ਮੁਖ ਉਜਲ, ਅੰਤ ਕਾਲ ਪ੍ਰਭ ਜੋਤ ਮੰਝਾਰਾ । ਗੁਰਮੁਖ ਨਾਮ ਸਦਾ ਮੁਖ ਉਜਲ, ਧਾਮ ਬੈਕੁੰਠ ਮਿਲੇ ਗੁਰ ਦਰਬਾਰਾ । ਗੁਰਮੁਖਾਂ ਪ੍ਰਭ ਦੇ ਵਡਿਆਈ, ਮਹਾਰਾਜ ਸ਼ੇਰ ਸਿੰਘ ਘਰ ਪਤਤ ਉਧਾਰਾ । ਪਤਤ ਉਧਾਰਨ ਹੈ ਭਵ ਭੰਜਨ । ਪਤਤ ਪਾਵਨ ਦੁੱਖ ਭੈ ਭੰਜਨ । ਪਰਗਟ ਭਇਉ ਤ੍ਰੈਲੋਕੀ ਨੰਦਨ । ਗੁਰਸਿਖ ਜਗਤ ਮਹਿਕਾਏ ਵਾਂਗ ਚੰਦਨ । ਦੋਏ ਜੋੜ ਕਰੋ ਗੁਰ ਚਰਨ ਬੰਦਨ । ਮਹਾਰਾਜ ਸ਼ੇਰ ਸਿੰਘ ਪਰਗਟੀ ਜੋਤ ਨਿਰੰਜਣ । ਪਰਗਟੀ ਜੋਤ ਪ੍ਰਭ ਨਿਰਬਿਕਾਰ । ਸਰਬ ਜੀਵ ਪ੍ਰਭ ਜੋਤ ਅਧਾਰ । ਲੱਖ ਚੁਰਾਸੀ ਮਾਣਸ ਉਤਮ ਵੀਚਾਰ ।

੧੪੩
੦੧

ਕਲਜੁਗ ਭੁੱਲੇ ਪ੍ਰਭ ਪਾਈ ਨਾ ਸਾਰ । ਦਰ ਦਰ ਲੂੜੇ ਹੋਏ ਜਗਤ ਖੁਆਰ । ਬਿਨ ਗੁਰ ਕੋਈ ਨਾ ਲਾਵੇ ਪਾਰ । ਝੂਠੀ ਦੁਨੀਆ ਝੂਠਾ ਪਸਾਰ । ਸਦ ਅਬਿਨਾਸ਼ੀ ਪ੍ਰਭ ਆਪ ਨਿਰੰਕਾਰ । ਖੰਡ ਬ੍ਰਹਿਮੰਡ ਜਿਸ ਜੋਤ ਅਧਾਰ । ਮਾਇਆ ਰੂਪ ਸ੍ਰਿਸ਼ਟ ਪਸਰਿਓ ਪਸਾਰ । ਕਲਜੁਗ ਦੇਵੇ ਹਾਰ, ਜੀਆ ਕਰਮ ਵਿਚਾਰ । ਗੁਰਸਿਖ ਦੇਵੇ ਤਾਰ, ਜਿਨ੍ਹਾਂ ਗੁਰ ਚਰਨ ਪਿਆਰ । ਉਤਮ ਦੇ ਗਿਆਨ ਕਰ ਦਏ ਉਧਾਰ । ਦਰ ਆਏ ਦੇਵੇ ਤਾਰ, ਮਹਾਰਾਜ ਸ਼ੇਰ ਸਿੰਘ ਪਰਗਟ ਨਰ ਅਵਤਾਰ । ਨਰ ਨਰਾਇਣ ਆਪ ਪ੍ਰਭ ਆਇਆ । ਨਿਹਕਲੰਕ ਜੋਤ ਰੂਪ ਅਖਵਾਇਆ । ਸੋਹੰ ਸ਼ਬਦ ਗੁਰ ਡੰਕ ਲਗਾਇਆ । ਚੱਕਰ ਸੁਦਰਸ਼ਨ ਬਾਣ ਬੇਮੁਖਾਂ ਲਾਇਆ । ਦੇ ਕੇ ਬ੍ਰਹਮ ਗਿਆਨ ਗੁਰ ਗੁਰ ਗੁਰ ਦਿਵਾਇਆ । ਦੇ ਕੇ ਸਚ ਨਿਵਾਸ ਸਚਖੰਡ ਪੁਚਾਇਆ । ਛੋਡ ਜਗਤ ਪਰਭਾਸ, ਜੋਤ ਸੰਗ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਸਦ ਬਲਹਾਰ, ਕਰਮ ਵਿਚਾਰ ਗੁਰ ਕਰਮ ਤਰਾਇਆ । ਗੁਰ ਗੋਬਿੰਦ ਗੁਰ ਗਿਆਨ ਦਵਾਇਆ । ਪਰਗਟ ਜੋਤ ਮਰਗਿੰਦ, ਅਚਰਜ ਖੇਲ ਰਚਾਇਆ । ਕਲਜੁਗ ਸਰਬ ਨਰਿੰਦ, ਨਿਹਕਲੰਕ ਅਖਵਾਇਆ । ਮਹਾਰਾਜ ਸ਼ੇਰ ਸਿੰਘ ਸਦ ਬਖ਼ਸ਼ੰਦ, ਪਰਗਟ ਹੋ ਸਿੱਖ ਤਰਾਇਆ । ਧੰਨ ਗੁਰਸਿਖ ਦਇਆ ਕਮਾਏ । ਧੰਨ ਗੁਰਸਿਖ ਚਰਨ ਲਗਾਏ । ਧੰਨ ਗੁਰਸਿਖ ਘਰ ਜੋਤ ਪ੍ਰਗਟਾਏ । ਧੰਨ ਗੁਰਸਿਖ ਹਰਿ ਹਰਿ ਹਰਿ ਨਜ਼ਰੀ ਆਏ । ਧੰਨ ਗੁਰਸਿਖ ਮੁਖ ਉਜਲ ਜਗਤ ਕਰਾਏ । ਧੰਨ ਗੁਰਸਿਖ ਲੱਗੀ ਚਰਨ ਤੋੜ ਨਿਭਾਏ । ਧੰਨ ਗੁਰਸਿਖ ਟੁੱਟੀ ਗੰਢਣਹਾਰ ਗੰਢ ਵਖਾਏ । ਧੰਨ ਗੁਰਸਿਖ ਘਟ ਘਟ ਰਿਹਾ ਸਮਾਏ । ਧੰਨ ਗੁਰਸਿਖ ਕਲਜੁਗ ਜੋਤ ਘਨਕਪੁਰੀ ਪਰਗਟਾਏ । ਧੰਨ ਗੁਰਸਿਖ ਛੱਡ ਦੇਹ ਜੋਤ ਰੂਪ ਹੋ ਜਾਏ । ਧੰਨ ਗੁਰਸਿਖ ਅੰਤ ਕਾਲ ਕਲ ਲਏ ਖਪਾਏ । ਧੰਨ ਗੁਰਸਿਖ ਵਾਹਵਾ ਸਤਿਜੁਗ ਸਾਚਾ ਲਾਏ । ਧੰਨ ਗੁਰਸਿਖ ਸੋਹੰ ਦੇ ਗਿਆਨ ਸਭ ਸਿੱਖ ਤਰਾਏ । ਧੰਨ ਗੁਰਸਿਖ ਰੰਗ ਰੰਗੀਲਾ ਮਾਧੋ ਹਰਿ ਰੰਗ ਸਮਾਏ । ਧੰਨ ਗੁਰਸਿਖ ਪਾਰਬ੍ਰਹਮ ਪਰਮੇਸ਼ਵਰ ਅੰਤਰਜਾਮੀ ਆਪ ਅਖਵਾਏ । ਧੰਨ ਗੁਰਸਿਖ ਮੋਹਣ ਮਾਧਵ ਕ੍ਰਿਸ਼ਨ ਮੁਰਾਰ ਜੋਤ ਪਰਗਟਾਏ । ਧੰਨ ਗੁਰਸਿਖ ਅਬਿਨਾਸ਼ੀ ਅਬਗਤ ਅਗੋਚਰ ਹਰ ਥਾਏਂ ਸਮਾਏ । ਧੰਨ ਗੁਰਸਿਖ ਕੋਟ ਜਨਮ ਦੇ ਵਿਛੜੇ ਕਲਜੁਗ ਲਏ ਮਿਲਾਏ । ਧੰਨ ਗੁਰਸਿਖ ਗੁਰਸਿਖਾਂ ਦੇਵੇ ਤਾਰ ਮਹਾਰਾਜ ਸ਼ੇਰ ਸਿੰਘ ਪਰਗਟ ਭਗਤ ਵਡਿਆਏ । ਸੋ ਵੱਡਾ ਜਿਸ ਪ੍ਰਭ ਵਡਿਆਇਆ । ਸੋ ਵੱਡਾ ਜਿਸ ਪ੍ਰਭ ਦਰਸ ਦਿਖਾਇਆ । ਸੋ ਵੱਡਾ ਜਿਸ ਰਸਨਾ ਹਰਿ ਹਰਿ ਹਰਿ ਗਾਇਆ । ਸੋ ਵੱਡਾ ਨਰ ਨਰਾਇਣ ਘਰ ਮਾਹਿ ਪਾਇਆ । ਸੋ ਵੱਡਾ ਜਿਸ ਭਾਂਡਾ ਭਰਮ ਚੁਕਾਇਆ । ਸੋ ਵੱਡਾ ਝੂਠੀ ਦੇਹ ਪ੍ਰਭ ਸਾਚਾ ਪਾਇਆ । ਸੋ ਵੱਡਾ ਜੋ ਗੁਰ ਚਰਨ ਚਿੱਤ ਲਾਇਆ । ਸੋ ਵੱਡਾ ਜਿਸ ਮਹਾਰਾਜ ਸ਼ੇਰ ਸਿੰਘ ਚਰਨੀਂ ਲਾਇਆ । ਗੁਰਚਰਨ ਸਦਾ ਨਰਾਇਣ । ਮਿਲੇ ਆਪ ਲੱਖਮੀ ਨਰਾਇਣ । ਪਰਗਟ ਭਏ ਸਦ ਨਰਵੈਣ । ਗੁਰਸਿਖ ਗੁਰ ਚਰਨ ਤਰਾਇਣ । ਬੇਮੁਖ ਭਵਜਲ ਵਿਚ ਚੋਟਾਂ ਖਾਇਣ । ਨਿੰਦਕ ਦੁਸ਼ਟ ਸਿਰ ਖੇਹ ਪਵਾਇਣ । ਮਾਨੀ ਅਭਿਮਾਨੀ ਨਰਕ ਨਿਵਾਸ ਪ੍ਰਭ ਲਿਖਾਇਣ । ਕਰੋ ਦਰਸ ਗੁਰਚਰਨ ਦਵਾਰੇ, ਪਰਗਟ ਭਇਓ ਮਹਾਰਾਜ ਸ਼ੇਰ ਸਿੰਘ ਨਰ ਨਰਾਇਣ । ਨਰ ਨਰਾਇਣ ਜਗਤ ਪ੍ਰਭ ਆਇਆ । ਧਾਰ ਖੇਲ ਚਤੁਰਭੁਜ ਕਹਾਇਆ । ਸਾਵਲ ਸੁੰਦਰ ਜਾਮਾ ਉਲਟਾਇਆ । ਕਵਲ ਨੈਣ ਸਿਰ ਮੁਕਟ ਸਜਾਇਆ । ਮਹਾਸਾਰਥੀ ਪ੍ਰਭ ਆਪ ਅਖਵਾਇਆ । ਉਤਮ ਦੇ ਗਿਆਨ, ਅਰਜਨ ਧੀਰ ਧਰਾਇਆ । ਕਲਜੁਗ ਲੈ ਅਵਤਾਰ, ਸ਼ੇਰ ਸਿੰਘ ਨਾਮ ਰਖਾਇਆ । ਛੱਡੀ ਦੇਹ ਅਪਾਰ, ਸਿੱਖ ਵਿਚ ਜੋਤ ਸਮਾਇਆ । ਦਿਤਾ ਖੋਲ੍ਹ ਭੰਡਾਰ,

ਗੁਰਮੁਖਾਂ ਗੁਰ ਰਾਗ ਸੁਣਾਇਆ । ਚਾਰ ਜੁਗ ਦੇਵੇ ਮਾਣ, ਸੁਰਤ ਸ਼ਬਦ ਮਨ ਵਸਾਇਆ । ਹੋਵੇ ਬੈਕੁੰਠ ਵਾਸ, ਸੋਹੰ ਰਸਨਾ ਗਾਇਆ । ਕਲਜੁਗ ਹੋਈ ਰਹਿਰਾਸ, ਜਿਨ ਮਹਾਰਾਜ ਸ਼ੇਰ ਸਿੰਘ ਦਰਸ਼ਨ ਪਾਇਆ । ਕਲਜੁਗ ਆਣ ਪ੍ਰਭ ਦਰਸ ਦਿਖਾਵੇ । ਗੁਰ ਚਰਨ ਸੰਗ ਜੋ ਸੀਸ ਲਗ ਜਾਵੇ । ਵਾਂਗ ਅਹਿਲਿਆ ਸਿਲਾ ਤਰ ਜਾਵੇ । ਮਿਲੇ ਅੰਤ ਬਬਾਣ, ਦਰਗਾਹ ਸਚ ਪੁਚਾਵੇ । ਹੋਵੇ ਉਤਮ ਧਾਮ, ਜਿਥੇ ਜੋਤ ਨਿਰੰਜਣ ਜਗਾਵੇ । ਮਹਾਰਾਜ ਸ਼ੇਰ ਸਿੰਘ ਗੁਰ ਪੂਰਾ ਮਿਹਰਵਾਨ, ਸਿੱਖ ਜੋਤ ਗੁਰ ਵਿਚ ਮਿਲਾਵੇ । ਗੁਰ ਕੀ ਜੋਤ ਜਗਤ ਨਾ ਜਾਣੇ । ਗੁਰ ਕੀ ਜੋਤ ਬੈਕੁੰਠ ਰਹਾਣੇ । ਗੁਰ ਕੀ ਜੋਤ ਸਦਾ ਡਗਮਗਾਣੇ । ਗੁਰ ਕੀ ਜੋਤ ਹਰਿ ਰੰਗ ਮਾਣੇ । ਗੁਰ ਕੀ ਜੋਤ ਉਪਜੇ ਜੀਵ ਅੰਞਾਣੇ । ਗੁਰ ਕੀ ਜੋਤ ਸਰਬ ਜੂਨ ਸਮਾਣੇ । ਗੁਰ ਕੀ ਜੋਤ ਭੇਵ ਗੁਰੂ ਹੀ ਜਾਣੇ । ਗੁਰ ਕੀ ਜੋਤ ਮਹਾਰਾਜ ਸ਼ੇਰ ਸਿੰਘ ਚਲੇ ਆਪਣੇ ਭਾਣੇ । ਭਾਣਾ ਜਗਤ ਪ੍ਰਭ ਆਪ ਵਰਤਾਇਆ । ਆਪਣਾ ਭੇਵ ਨਾ ਕਿਸੇ ਜਤਾਇਆ । ਪਰਗਟੇ ਜੋਤ ਅਪਾਰ, ਕਲ ਦਾ ਮਾਣ ਗਵਾਇਆ । ਸਤਿਜੁਗ ਦਿਤਾ ਮਾਣ, ਸੋਹੰ ਸ਼ਬਦ ਸੁਣਾਇਆ । ਸੁਰ ਅਸੁਰ ਪ੍ਰਭ ਦੇਵੇ ਤਾਰ, ਜਿਨ੍ਹਾਂ ਚਰਨੀਂ ਸੀਸ ਝੁਕਾਇਆ । ਹੋਵੇ ਬ੍ਰਹਮ ਸਰੂਪ, ਜਿਨ੍ਹਾਂ ਪਾਰਬ੍ਰਹਮ ਪ੍ਰਭ ਪਾਇਆ । ਪ੍ਰਭ ਹੈ ਰੰਗ ਅਨੂਪ, ਧਰਤ ਧਵਲ ਆਕਾਸ਼ ਸਮਾਇਆ । ਗੁਰ ਪੂਰਾ ਵੱਡਾ ਭੂਪ, ਸ੍ਰਿਸ਼ਟ ਰੰਗ ਰੰਗਾਇਆ । ਮਹਾਰਾਜ ਸ਼ੇਰ ਸਿੰਘ ਮਹਿੰਮਾ ਅਨੂਪ, ਪਰਗਟ ਜੋਤ ਜਿਸ ਜੁਗ ਕਲ ਉਲਟਾਇਆ । ਕਲੂ ਕਾਲ ਗੁਰ ਕਰਮ ਵਿਚਾਰਿਆ । ਕੁਕਰਮਾਂ ਦਿਤੀ ਹਾਰ, ਡੋਬੇ ਵਿਚ ਮੰਝਧਾਰਿਆ । ਜਗਤ ਉਧਾਰੇ ਆਪ, ਸਤਿਜੁਗ ਲਾਵੇ ਸਚ ਨਿਰੰਕਾਰਿਆ । ਸਭ ਨੂੰ ਦੇਵੇ ਤਾਰ, ਊਚ ਨੀਚ ਇਕ ਰੰਗ ਮੁਰਾਰਿਆ । ਮਹਾਰਾਜ ਸ਼ੇਰ ਸਿੰਘ ਦਰਸ ਅਪਾਰ, ਮਿਲੇ ਭਗਤ ਵਣਜਾਰਿਆ । ਗੁਰਸਿਖ ਦਾਨ ਦੇਵੇ ਗੁਰ ਪੂਰਾ । ਸਮਰਥ ਪੁਰਖ ਅਬਿਨਾਸ਼ੀ ਉਤਰੇ ਮਨ ਵਸੂਰਾ । ਸਰਬ ਥਾਏਂ ਪ੍ਰਭ ਜੋਤ ਸਮਾਈ, ਸੋਹੰ ਸ਼ਬਦ ਨਾ ਗਿਆਨ ਅਧੂਰਾ । ਵਾਜਾ ਅਨਹਦ ਤੂਰਾ ਲਖਾ ਨਾ ਜਾਏ ਪਾਰਬ੍ਰਹਮ ਪਰਮੇਸ਼ਵਰ ਕਲਜੁਗ ਪਰਗਟ ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ । ਸਤਿ ਸੰਤੋਖ ਪ੍ਰਭ ਗੁਰਸਿਖ ਦਿਵਾਇਆ । ਸਿਮਰੇ ਮੇਰਾ ਨਾਮ, ਕਦੇ ਮਰੇ ਨਾ ਜਾਇਆ । ਦਰਗਾਹ ਮਿਲੇ ਥਾਉਂ, ਜਿਸ ਗੁਰ ਚਰਨ ਲਗਾਇਆ । ਝਿਰਨਾ ਝਿਰੇ ਅਪਾਰ, ਸ਼ਬਦ ਗਿਆਨ ਦਵਾਇਆ । ਸੋਹੰ ਸ਼ਬਦ ਉਜਿਆਰ, ਦੇਹ ਅੰਧਿਆਰ ਮਿਟਾਇਆ । ਮਹਾਰਾਜ ਸ਼ੇਰ ਸਿੰਘ ਭਗਤ ਪਿਆਰ, ਲਗ ਚਰਨ ਤਰਾਇਆ । ਹਰਿ ਰੰਗ ਹਰਿ ਭਗਤਾਂ ਮਾਣਿਆ । ਹਰਿ ਰੰਗ ਗੁਰਮੁਖਾਂ ਮਨ ਸਦਾ ਸਮਾਣਿਆ । ਹਰਿ ਰੰਗ ਹਰ ਜੀਵ ਪ੍ਰਭ ਜਾਣਿਆ । ਹਰਿ ਰੰਗ ਪ੍ਰਭ ਜੋਤ ਜੀਵ ਜੰਤ ਅੰਞਾਣਿਆਂ । ਹਰਿ ਰੰਗ ਨਾ ਬੂਝੇ ਭੁੱਲਾ ਪ੍ਰਭ ਭੁਲਾਣਿਆ । ਹਰਿ ਰੰਗ ਜਾਣੇ ਜਿਸ ਪ੍ਰਭ ਜਾਣਿਆ । ਹਰਿ ਰੰਗ ਪ੍ਰਭ ਪੂਰਾ, ਮਹਾਰਾਜ ਸ਼ੇਰ ਸਿੰਘ ਹਰਿ ਰੰਗ ਵਖਾਣਿਆ । ਭਗਤਾਂ ਹਰਿਜੂ ਹਰਿ ਪਿਆਰਾ । ਹਰਿ ਜੂ ਜੁਗੋ ਜੁਗ ਜੋਤ ਪਿਆਰਾ । ਕਲਜੁਗ ਪਰਗਟੀ ਜੋਤ ਸ਼ੇਰ ਸਿੰਘ ਨਿਰੰਕਾਰਾ । ਸੋਹੰ ਸ਼ਬਦ ਚਲਤ ਅੱਗੇ ਜੁਗ ਚਾਰਾ । ਗੁਰਮੁਖ ਨਾਉਂ ਗੁਰਬਾਣੀ ਗੁਰਮੁਖ ਉਚਾਰਾ । ਕਲਜੁਗ ਕਿਰਤਮ ਕਰਮ ਪ੍ਰਭ ਆਪ ਵਿਚਾਰਾ । ਦੇ ਦਰਸ ਸਿੱਖ ਪਾਰ ਉਤਾਰਾ । ਦੀਨਾਂ ਨਾਥ ਸਦਾ ਦੁੱਖ ਭੰਜਨ, ਮਹਾਰਾਜ ਸ਼ੇਰ ਸਿੰਘ ਕਲ ਅਵਤਾਰਾ । ਸੋਹਣ ਬੰਕ ਦਵਾਰ, ਜਿਥੇ ਗੁਰ ਦਰਸ ਦਿਖਾਇਆ । ਸੋਹਣ ਬੰਕ ਦਵਾਰ, ਪਰਗਟ ਜੋਤ ਨਿਰੰਜਣ ਰਾਇਆ । ਸੋਹਣ ਬੰਕ ਦਵਾਰ, ਗੁਰਸਿਖ ਘਰ ਗੁਰ ਭੋਗ ਲਗਾਇਆ । ਸੋਹਣ ਬੰਕ ਦਵਾਰ, ਜਿਥੇ ਮਿਲ ਸੰਗਤ ਹਰਿ ਜਸ ਗਾਇਆ । ਸੋਹਣ ਬੰਕ ਦਵਾਰ, ਕਰ ਕਿਰਪਾ ਗੁਰ ਗੁਰਪ੍ਰਸਾਦਿ

ਵਰਤਾਇਆ । ਸੋਹਣ ਬੰਕ ਦਵਾਰ, ਭੋਜਨ ਭੱਖ ਲੇਹਜ ਫੇਹਜ ਇਕ ਰੰਗ ਮਿਲਾਇਆ । ਸੋਹਣ ਬੰਕ ਦਵਾਰ, ਜਿਥੇ ਕੱਲਰ ਕਵਲ ਲਗਾਇਆ । ਸੋਹਣ ਬੰਕ ਦਵਾਰ, ਪਰਗਟ ਮਹਾਰਾਜ ਸ਼ੇਰ ਸਿੰਘ ਸਰਬ ਸੁਖਦਾਇਆ । ਸਰਬ ਸੁਖ ਗੁਰ ਚਰਨ ਦਵਾਰ । ਅੰਮ੍ਰਿਤ ਸ਼ਬਦ ਬਰਖੇ ਗੁਰ ਨਿਰਾਧਾਰ । ਭਇਉ ਜੋਤ ਵਿਚ ਦੇਹ ਵਿਕਾਰ । ਬਾਣੀ ਬੋਹਥ ਗੁਰ ਅਪਰ ਅਪਾਰ । ਸਚ ਘਰ ਵਾਸੀ ਪਰਗਟ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਭਇਉ ਪੂਰਨ ਅਵਤਾਰ । ਸਦ ਬਖ਼ਸ਼ੰਦ ਸਦ ਮਿਹਰਵਾਨਾ । ਗੁਰਸਿਖ ਘਰ ਪਰਗਟੇ ਗੁਰ ਗੁਣ ਨਿਧਾਨਾ । ਜੀਵ ਨਾ ਪਾਵਣ ਸਾਰ, ਮਾਇਆ ਭੁੱਲਾ ਮੂਰਖ ਮੁਗਧ ਅੰਞਾਣਾ । ਗੁਰਸਿਖਾਂ ਦੇਵੇ ਗਿਆਨ, ਸੋਹੰ ਸ਼ਬਦ ਗਿਆਨਾ । ਕਲਜੁਗ ਲੈ ਅਵਤਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਗੁਰਪ੍ਰਸਾਦ ਗੁਰ ਭੇਟ ਚੜ੍ਹਾਈਏ । ਪ੍ਰਭ ਪੂਰਨ ਜਗਤ ਤਰਾਨ, ਸਦ ਭੁੱਲ ਬਖ਼ਸ਼ਾਈਏ । ਗੁਰ ਸੰਗਤ ਦੇ ਵਰਤਾਏ, ਭੰਡਾਰਾ ਭਗਤ ਖੁਲਾਈਏ । ਮਹਾਰਾਜ ਸ਼ੇਰ ਸਿੰਘ ਦੁਖ ਨਿਵਾਰ, ਸਦ ਚਰਨ ਲਗ ਜਾਈਏ । ਗੁਰ ਕਿਰਪਾ ਕਰ ਗੁਰ ਅੰਮ੍ਰਿਤ ਬਰਖੇ, ਧੰਨ ਗੁਰਸਿਖ ਜਿਨ ਮੁਖ ਚੁਆਇਆ । ਗੁਰ ਕਿਰਪਾ ਕਰ ਗੁਰ ਅੰਮ੍ਰਿਤ ਬਰਖੇ, ਧੰਨ ਗੁਰਸਿਖ ਜਿਨ ਪ੍ਰਭ ਦਰਸ਼ਨ ਪਾਇਆ । ਗੁਰ ਕਿਰਪਾ ਕਰ ਗੁਰ ਅੰਮ੍ਰਿਤ ਬਰਖੇ, ਧੰਨ ਗੁਰਸਿਖ ਜਿਨ੍ਹਾਂ ਪ੍ਰਭ ਚਰਨ ਸੇਵ ਕਮਾਇਆ । ਗੁਰ ਕਿਰਪਾ ਕਰ ਗੁਰ ਅੰਮ੍ਰਿਤ ਬਰਖੇ, ਧੰਨ ਗੁਰਸਿਖ ਜਿਨ੍ਹਾਂ ਮਿਲ ਹਰਿ ਜਸ ਗਾਇਆ । ਗੁਰ ਕਿਰਪਾ ਕਰ ਗੁਰ ਅੰਮ੍ਰਿਤ ਬਰਖੇ, ਧੰਨ ਗੁਰਸਿਖ ਜਿਨ ਮਹਾਰਾਜ ਸ਼ੇਰ ਸਿੰਘ ਗੁਰ ਪਰਗਟਾਇਆ । ਗੁਰ ਕਿਰਪਾ ਕਰ ਗੁਰ ਅੰਮ੍ਰਿਤ ਬਰਖੇ, ਧੰਨ ਗੁਰਸਿਖ ਜਿਨ ਸੰਗ ਨਾਮ ਵਿਹੂਣ ਪਾਰ ਤਰਾਇਆ । ਗੁਰ ਕਿਰਪਾ ਕਰ ਗੁਰ ਅੰਮ੍ਰਿਤ ਬਰਖੇ, ਧੰਨ ਗੁਰਸਿਖ ਜਿਨ ਪ੍ਰਭ ਚਰਨੀਂ ਸੀਸ ਝੁਕਾਇਆ । ਧੰਨ ਗੁਰ ਧੰਨ ਗੁਰ ਧੰਨ ਗੁਰ ਸਤਿਗੁਰ ਪੂਰਾ, ਦਰ ਆਇਆ ਜਿਸ ਪਾਰ ਲੰਘਾਇਆ । ਧੰਨ ਗੁਰ ਧੰਨ ਗੁਰ ਧੰਨ ਗੁਰ ਧੰਨ ਸਤਿਗੁਰ ਪੂਰਾ, ਗੁਣ ਨਿਧਾਨ ਘਰ ਲੇਖ ਲਿਖਾਇਆ । ਧੰਨ ਗੁਰ ਧੰਨ ਗੁਰ ਧੰਨ ਗੁਰ ਧੰਨ ਸਤਿਗੁਰ ਪੂਰਾ, ਗੁਰਸੰਗਤ ਗੁਰ ਅੰਮ੍ਰਿਤ ਮੇਘ ਬਰਸਾਇਆ । ਧੰਨ ਗੁਰ ਧੰਨ ਗੁਰ ਧੰਨ ਗੁਰ ਧੰਨ ਸਤਿਗੁਰ ਪੂਰਾ, ਚਾਤਰਕ ਸਿੱਖ ਸਦਾ ਮਨ ਸਦਾ ਬਿਲਲਾਇਆ । ਧੰਨ ਗੁਰ ਧੰਨ ਗੁਰ ਧੰਨ ਗੁਰ ਧੰਨ ਸਤਿਗੁਰ ਪੂਰਾ, ਅੰਮ੍ਰਿਤ ਬੂੰਦ ਸਵਾਂਤ ਮਨ ਸ਼ਾਂਤ ਕਰਾਇਆ । ਧੰਨ ਗੁਰ ਧੰਨ ਗੁਰ ਧੰਨ ਗੁਰ ਧੰਨ ਸਤਿਗੁਰ ਪੂਰਾ, ਗੁਰਸਿਖਾਂ ਦੇਵੇ ਦਾਨ, ਕਾਇਆ ਰੰਗ ਮਜੀਠ ਚੜ੍ਹਾਇਆ । ਧੰਨ ਗੁਰ ਧੰਨ ਗੁਰ ਧੰਨ ਗੁਰ ਧੰਨ ਸਤਿਗੁਰ ਪੂਰਾ, ਦੇ ਦਰਸ ਅਪਾਰ ਬਾਂਹੋਂ ਪਕੜ ਕਲ ਪਾਰ ਤਰਾਇਆ । ਧੰਨ ਗੁਰ ਧੰਨ ਗੁਰ ਧੰਨ ਗੁਰ ਧੰਨ ਸਤਿਗੁਰ ਪੂਰਾ, ਸਾਧ ਸੰਗਤ ਜਿਸ ਦਰਸ ਦਿਖਾਇਆ । ਧੰਨ ਗੁਰ ਧੰਨ ਗੁਰ ਧੰਨ ਗੁਰ ਧੰਨ ਸਤਿਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਜਗਤ ਭਗਤ ਵਡਿਆਇਆ । ਸਚਖੰਡ ਗੁਰ ਸਚ ਸਿੱਖ ਵਖਾਏ । ਪੀ ਅੰਮ੍ਰਿਤ ਬੂੰਦ ਗੁਰਸਿਖ ਅਮਰਾ ਪਦ ਪਾਏ । ਹੋਵੇ ਚਰਨ ਨਿਵਾਸ ਪ੍ਰਭ ਦਰ ਦਰਸ ਨਿਤ ਪਾਏ । ਹੋਵੇ ਜੋਤ ਪਰਕਾਸ਼, ਜੋਤ ਜੀਵ ਜੋਤ ਮਿਲ ਜਾਏ । ਭਇਉ ਰਾਗ ਆਕਾਸ਼, ਅਨਹਦ ਸ਼ਬਦ ਮਨ ਧੁਨ ਵਜਾਏ । ਉਪਜੇ ਮਨ ਗਿਆਨ, ਰਸਨਾ ਸੋਹੰ ਸ਼ਬਦ ਗੁਣ ਗਾਏ । ਮਹਾਰਾਜ ਸ਼ੇਰ ਸਿੰਘ ਕਲਜੁਗ ਅਵਤਾਰ, ਛੱਡ ਦੇਹ ਨਿਰੰਕਾਰ ਅਖਵਾਏ ।

ਸੁਰਤ ਸ਼ਬਦ ਗੁਰ ਅੰਜਨ ਪਾਈਏ । ਸੁਰਤ ਸ਼ਬਦ ਪ੍ਰਭ ਰੰਗ ਸਮਾਈਏ । ਸੁਰਤ ਸ਼ਬਦ ਸਚ ਘਰ ਦਰਸਾਈਏ । ਸੁਰਤ ਸ਼ਬਦ ਸਚ ਬੂਝ ਬੁਝਾਈਏ । ਸੁਰਤ ਸ਼ਬਦ ਸ਼ਬਦ ਰੂਪ ਪ੍ਰਭ ਦਰਸਾਈਏ । ਸੁਰਤ ਸ਼ਬਦ ਕਲਜੁਗ ਤਰ ਜਾਈਏ । ਸੁਰਤ ਸ਼ਬਦ ਸਦ ਅਬਿਨਾਸ਼ੀ ਘਰ ਮਾਹਿ ਪਾਈਏ । ਸੁਰਤ ਸ਼ਬਦ ਲੱਖ ਚੁਰਾਸੀ ਗੇੜ ਚੁਕਾਈਏ । ਸੁਰਤ ਸ਼ਬਦ ਗੁਰ ਪੂਰਾ ਘੋਲ ਘੁੰਮਾਈਏ । ਸੁਰਤ ਸ਼ਬਦ ਆਤਮ ਦਰਸ ਦਰਸਾਈਏ । ਸੁਰਤ ਸ਼ਬਦ ਝੂਠੀ ਦੇਹ ਕੰਚਨ ਬਣਾਈਏ । ਸੁਰਤ ਸ਼ਬਦ ਪ੍ਰੀਤ ਹਰਿ ਚਰਨ ਲਗਾਈਏ । ਸੁਰਤ ਸ਼ਬਦ ਕਾਮ ਕਰੋਧ ਲੋਭ ਮੋਹ ਭਸਮ ਕਰਾਈਏ । ਸੁਰਤ ਸ਼ਬਦ ਥਿਰ ਘਰ ਬੈਠ ਤਾੜੀ ਲਾਈਏ । ਸੁਰਤ ਸ਼ਬਦ ਅਨਹਦ ਸ਼ਬਦ ਮਨ ਵਜਾਈਏ । ਸੁਰਤ ਸ਼ਬਦ ਖੋਲ੍ਹ ਤ੍ਰੈਕੁਟੀ ਦੀਪਕ ਦੇਹ ਜਗਾਈਏ । ਸੁਰਤ ਸ਼ਬਦ ਪ੍ਰਭ ਜੋਤ ਸਰੂਪ ਜੋਤ ਮਿਲ ਜਾਈਏ । ਸੁਰਤ ਸ਼ਬਦ ਮਨ ਗਰਬ ਗਵਾਈਏ । ਸੁਰਤ ਸ਼ਬਦ ਮਹਾਰਾਜ ਸ਼ੇਰ ਸਿੰਘ ਸੰਗ ਮਿਲ ਜਾਈਏ । ਗੁਰਚਰਨ ਲਾਗੇ ਜਿਸ ਪ੍ਰਭ ਦਇਆ ਕਮਾਏ । ਗੁਰਸਿਖ ਵਡਭਾਗੇ ਪ੍ਰਭ ਅਬਿਨਾਸ਼ ਦਰਸ ਦਿਖਾਏ । ਸਭ ਦੁੱਖ ਨਾਸੇ, ਗੁਰ ਚਰਨ ਸੀਸ ਨਿਵਾਏ । ਭੰਡਾਰ ਗੁਰ ਸਤਿਗੁਰ ਪਾਸੇ, ਅੰਮ੍ਰਿਤ ਦੇਵੇ ਮੁਖ ਚਵਾਏ । ਕੋਈ ਨਾ ਜਾਏ ਨਿਰਾਸੇ, ਕਰ ਆਸ ਗੁਰ ਦਰ ਤੇ ਆਏ । ਕਲਜੁਗ ਭਏ ਖੁਲਾਸੇ, ਜਿਨ ਮਹਾਰਾਜ ਸ਼ੇਰ ਸਿੰਘ ਚਰਨ ਲਗਾਏ । ਗੁਰ ਚਰਨ ਸਿੱਖ ਨਿਮਸਕਾਰਿਆ । ਹੋ ਮਿਹਰਵਾਨ ਗੁਰ ਪਾਰ ਉਤਾਰਿਆ । ਜੁਗੋ ਜੁਗ ਪ੍ਰਭ ਜੋਤ ਅਧਾਰਿਆ । ਜੋਤ ਪ੍ਰਭ ਏਕ, ਦੀਪਕ ਅਨੇਕ ਜਗਤ ਉਜਿਆਰਿਆ । ਭਇਓ ਆਪ ਬਿਬੇਕ, ਤਿਸ ਸਦ ਸਦ ਸਦ ਨਿਮਸਕਾਰਿਆ । ਕਲਜੁਗ ਭਏ ਵਿਸੇਖ, ਮਹਾਰਾਜ ਸ਼ੇਰ ਸਿੰਘ ਜਿਸ ਰਿਦੇ ਚਿਤਾਰਿਆ । ਗੁਰ ਸ਼ਰਨ ਗੁਰਸਿਖ ਜੋ ਆਏ । ਹੋ ਮਿਹਰਵਾਨ ਪ੍ਰਭ ਦਰਸ ਦਿਖਾਏ । ਟੁੱਟੀ ਗੰਢਣਹਾਰ ਗੋਪਾਲ, ਕਲਜੁਗ ਆਣ ਸਿੱਖ ਤਰਾਏ । ਸਦ ਸਮਰਥ ਪੁਰਖ ਅਪਾਰ, ਸਚ ਸੁੱਚ ਸਤਿਜੁਗ ਵਰਤਾਏ । ਸਤਿਜੁਗ ਸਤਿ ਸਤਿ ਸਤਿ ਗੁਰ ਮਾਣ ਦਿਵਾਇਆ, ਮਨੀ ਸਿੰਘ ਗੁਰ ਤਖ਼ਤ ਬਹਾਏ । ਘਟ ਘਟ ਪ੍ਰਭ ਸਰਬ ਨਿਰੰਤਰ, ਭਗਤਾਂ ਪ੍ਰਭ ਭੇਤ ਖੁਲ੍ਹਾਏ । ਕਲਜੁਗ ਆਣ ਭਏ ਉਜਿਆਰਾ, ਰੰਗ ਰੰਗ ਰੰਗ ਪ੍ਰਭ ਨਾਮ ਚੜ੍ਹਾਏ । ਐਸਾ ਹੋਵੇ ਖੇਲ ਅਪਾਰਾ, ਪ੍ਰਭ ਰੰਗ ਮਾਣਾ ਕੋਈ ਭੇਵ ਨਾ ਪਾਏ । ਸਦ ਸਦ ਸਦ ਬਲਿਹਾਰਾ ਹੋਏ ਜਗਤ ਉਧਾਰਾ, ਕਲਜੁਗ ਪਰਗਟ ਮਹਾਰਾਜ ਸ਼ੇਰ ਸਿੰਘ ਨਿਰੰਕਾਰਾ, ਬਾਂਹੋਂ ਪਕੜ ਸਿੱਖ ਲਏ ਤਰਾਏ । ਕਲਜੁਗ ਵਣਜ ਕੀਆ ਗੁਰਸਿਖਾਂ, ਨਾਮ ਪਦਾਰਥ ਗੁਰ ਦਰ ਤੇ ਪਾਇਆ । ਕਲਜੁਗ ਵਣਜ ਕੀਆ ਗੁਰਸਿਖਾਂ, ਨਾਉਂ ਨਰਾਇਣ ਵਿਚ ਦੇਹ ਸਮਾਇਆ । ਕਲਜੁਗ ਵਣਜ ਕੀਆ ਗੁਰਸਿਖਾਂ, ਮੋਹਣ ਮਾਧਵ ਨਰ ਨਰਾਇਣ ਬੀਠਲਾ ਘਰ ਮਾਹਿ ਪਾਇਆ । ਕਲਜੁਗ ਵਣਜ ਕੀਆ ਗੁਰਸਿਖਾਂ, ਲੱਜਿਆ ਉਧਾਰਨ ਦੂਖ ਨਿਵਾਰਨ ਕਰਮ ਵਿਚਾਰਨ ਪ੍ਰਭ ਅਬਿਨਾਸ਼ ਦਰਸ ਪ੍ਰਭ ਦਰਸਾਇਆ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਪਰਗਟ ਜੋਤ ਅਪਾਰ, ਕਰਮ ਕਰ ਵੀਚਾਰ ਗੁਰਸਿਖ ਤਰਾਇਆ । ਗੁਰਸਿਖ ਗੁਰ ਦਰ ਹੋਵੇ ਪਰਵਾਨਾ । ਗੁਰਸਿਖ ਮਹਿੰਮਾ ਕਥਨ ਮਹਾਨਾ । ਗੁਰਸਿਖ ਪੂਰੇ ਸਦ ਬਲ ਬਲ ਜਾਣਾ । ਗੁਰਸਿਖ ਮਿਲਿਆ ਵਿਸ਼ਨੂੰ ਭਗਵਾਨਾ । ਗੁਰਸਿਖ ਜਾਣੇ ਗੁਰ ਬਿਧਨਾਨਾ । ਨਾਨਾ ਸ਼ਬਦ ਮਨ ਹੋਏ ਗਿਆਨਾ । ਗੁਰਚਰਨ ਗੁਰਸਿਖ ਲਾਗ ਸਦਾ ਧਿਆਨਾ । ਅੰਤ ਕਾਲ ਪ੍ਰਭ ਦੇਵੇ ਬੈਕੁੰਠ ਬਥਾਣਾ । ਕਿਰਪਾ ਨਿਧਾਨ ਕਿਰਪਾ

ਨਿਧ ਕਰਤਾ, ਗੁਰਸਿਖ ਹੋ ਗੁਰਮੁਖ ਸਦ ਜੋਤ ਮਿਲਾਨਾ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਕਲਜੁਗ ਤਾਰੇ ਸਿੱਖ ਸੋਹੰ ਦੇ ਬ੍ਰਹਮ ਗਿਆਨਾ । ਬ੍ਰਹਮ ਗਿਆਨ ਗੁਰ ਦਰ ਤੇ ਪਾਈਏ । ਹੋਏ ਸ਼ਬਦ ਘਨਘੋਰ, ਸੁਰਤ ਗੁਰ ਚਰਨ ਲਗਾਈਏ । ਗੁਰ ਬਿਨ ਨਾਹੀ ਹੋਰ ਜਿਸ ਚਰਨ ਲਾਗ ਭਵਜਲ ਤਰ ਜਾਈਏ । ਕਲਜੁਗ ਦਿਤਾ ਤਾਰ, ਨਿਹਕਲੰਕ ਸਦ ਬਲ ਬਲ ਜਾਈਏ । ਭਿਛਕ ਸਦ ਸਦ ਸਦ ਕਿਰਪਾਲ, ਦਰ ਆਏ ਭਿਖਿਆ ਗੁਰ ਨਾਮ ਲੈ ਜਾਈਏ । ਸਰਬ ਰੱਖਕ ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਤਿਸ ਚਰਨ ਲਾਗ ਜਨਮ ਮਰਨ ਦਾ ਗੇੜ ਚੁਕਾਈਏ । ਗੁਰ ਚਰਨ ਜਿਸ ਕੀਆ ਪਿਆਰ । ਸੋ ਜਨ ਉਧਰੇ ਵਿਚ ਸੰਸਾਰ । ਗਰਭਵਾਸ ਨਾ ਹੋਵੇ ਸਚ ਨਿਸਤਾਰ । ਸੁਫਲ ਜਨਮ ਮਾਣਸ ਜਿਨ ਗੁਰ ਚਰਨ ਪਿਆਰ । ਮਿਲੇ ਆਪ ਪ੍ਰਭ ਬਨਵਾਲੀ, ਸਦਾ ਸਦਾ ਸਦਾ ਰਹੇ ਨਿਰਾਧਾਰ । ਗੁਰਸਿਖ ਨਾ ਜਾਏ ਖਾਲੀ, ਮਨ ਮੇਂ ਧਰੇ ਦਰਸ ਕਰਤਾਰ । ਜੋਤ ਨਿਰੰਜਣ ਪ੍ਰਗਟ ਅਕਾਲੀ, ਮਾਤਲੋਕ ਕੀਓ ਆਕਾਰ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਗੁਰਸਿਖਾਂ ਕੀਨੀ ਪੂਰਬਕ ਵੀਚਾਰ । ਸੋ ਬੂਝੇ ਜਿਸ ਪ੍ਰਭ ਬੁਝਾਏ । ਦਰਸ ਦੇ ਅਨਮੋਲ, ਭਉ ਭਰਮ ਗਵਾਏ । ਸੋ ਜਾਣੇ ਕਰਤਾਰ, ਜਿਸ ਰੰਗ ਰੰਗੀਲਾ ਰੰਗ ਨਾਮ ਚੜ੍ਹਾਏ । ਜਗਤ ਸੱਚਾ ਭਤਾਰ, ਸਰਬ ਮੇਂ ਬੈਠਾ ਆਸਣ ਲਾਏ । ਬੇਮੁਖ ਨਾ ਜਾਣੇ ਸਾਰ, ਈਸ਼ਰ ਜੋਤ ਵਿਚ ਦੇਹ ਰਖਾਏ । ਗੁਰਮੁਖ ਹੋਏ ਅਧਾਰ, ਹੋਏ ਦਿਆਲ ਪ੍ਰਭ ਦਰਸ ਦਿਖਾਏ । ਗੁਰਸੰਗਤ ਉਤਰੇ ਪਾਰ, ਹਰਿ ਹਰਿ ਹਰਿ ਮੰਗਲ ਗੁਰ ਦਰ ਤੇ ਗਾਏ । ਭਗਤ ਉਧਾਰਨ ਆਪ ਗੁਰ ਸੂਰਾ, ਜੁਗੋ ਜੁਗ ਆਣ ਪੈਜ ਰਖਾਏ । ਸਰਬ ਵਥ ਦੇਵੇ ਪ੍ਰਭ ਸਵਾਮੀ, ਗੁਰਸਿਖ ਤੋਟ ਨਾ ਆਵੇ ਕੋਇ । ਧੰਨ ਧੰਨ ਧੰਨ ਗੁਰਸਿਖ ਸਤਿਗੁਰ ਪੂਰਾ, ਭਗਤ ਵਛਲ ਲਾਜ ਰਖਾਏ । ਸਤਿਗੁਰ ਸਤਿ ਪੁਰਖ ਨਿਰੰਜਣ, ਸਤਿ ਦੀਪਕ ਸਤਿ ਦੇਹ ਜਗਾਏ । ਸਤਿ ਸਤਿ ਸਤਿ ਵਰਤੇ ਵਿਚ ਸਤਿਜੁਗ, ਸਚ ਸੁਚ ਵਿਚ ਜੀਵ ਸਮਾਏ । ਸੋਹੰ ਸ਼ਬਦ ਸਰਬ ਧੁਨ ਉਪਜੇ, ਏਕ ਸ਼ਬਦ ਸਭ ਸ੍ਰਿਸ਼ਟ ਸਮਾਏ । ਆਪ ਏਕ ਪ੍ਰਭ ਜੀਵ ਅਨੇਕਾ, ਅੰਤ ਜੋਤ ਪ੍ਰਭ ਏਕ ਮਿਲਾਏ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਸਤਿਜੁਗ ਸੋਹੰ ਸ਼ਬਦ ਮੁੱਖ ਰਖਾਏ, ਸੋਹੰ ਸ਼ਬਦ ਸਤਿਜੁਗ ਹੋ ਗਿਆਨਾ । ਸੋਹੰ ਸ਼ਬਦ ਸਤਿਜੁਗ ਗੁਰਮੁਖ ਪਛਾਣਾ । ਸੋਹੰ ਸ਼ਬਦ ਸਤਿਜੁਗ ਮਿਲੇ ਮਾਣਾ । ਸੋਹੰ ਸ਼ਬਦ ਸਤਿਜੁਗ ਕਰੇ ਕਲਿਆਨਾ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਪ੍ਰਗਟ ਜੋਤ ਸਰੂਪ ਅੰਤ ਜੋਤ ਸਭ ਜੀਵ ਬਿਲਾਨਾ ।

੧੪੮
੦੧

❊ ੨੦ ਜੇਠ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਸੋਹਣ ਸਿੰਘ ਦੇ ਗ੍ਰਿਹ ❊

ਗੁਰਮੁਖਾਂ ਗੁਰ ਕਲਜੁਗ ਲੱਧਾ, ਘਰ ਲਾਗਾ ਰੰਗ ਮੁਰਾਰਾ ਜੀਉ । ਗੁਰਸਿਖਾਂ ਗੁਰ ਕਲਜੁਗ ਲੱਧਾ, ਜਗਤ ਕਰੇ ਉਜਿਆਰਾ ਜੀਓ । ਗੁਰਮੁਖਾਂ ਗੁਰ ਕਲਜੁਗ ਲੱਧਾ, ਗੁਰ ਦੇਵੇ ਨਾਮ ਭੰਡਾਰਾ ਜੀਓ । ਗੁਰਸਿਖਾਂ ਗੁਰ ਕਲਜੁਗ ਲੱਧਾ, ਘਰ ਪ੍ਰਗਟ ਅਪਰ ਅਪਾਰਾ ਜੀਓ । ਗੁਰਮੁਖਾਂ ਗੁਰ ਕਲਜੁਗ ਲੱਧਾ, ਪ੍ਰਭ ਦੇਵੇ ਭਗਤ ਭੰਡਾਰਾ ਜੀਓ । ਗੁਰਸਿਖਾਂ ਗੁਰ ਕਲਜੁਗ ਲੱਧਾ, ਗੁਰ ਕਰੇ ਜਗਤ ਉਜਿਆਰਾ ਜੀਓ । ਗੁਰਮੁਖਾਂ ਗੁਰ ਕਲਜੁਗ ਲੱਧਾ, ਮਹਾਰਾਜ ਸ਼ੇਰ ਸਿੰਘ ਭਗਤ ਅਧਾਰਾ ਜੀਓ । ਗੁਰਮੁਖ ਨਾਉਂ ਗੁਰ ਨਾਮ ਦਿਵਾਇਆ । ਗੁਰਸਿਖ ਨਿਬਾਵਿਆਂ ਥਾਨ ਦਿਵਾਇਆ ।

ਗੁਰਮੁਖ ਨਾਉਂ ਸੋਹੰ ਸ਼ਬਦ ਜਪਾਇਆ । ਗੁਰਸਿਖ ਮਨ ਚਾਉ, ਗੁਰਚਰਨ ਸੀਸ ਝੁਕਾਇਆ । ਗੁਰਮੁਖ ਮਿਲੇ ਹਰਿ ਠਾਉਂ, ਰਸਨਾ ਹਰਿ ਹਰਿ ਹਰਿ ਜਸ ਗਾਇਆ । ਗੁਰਸਿਖ ਗੁਰ ਕਰੇ ਪਸਾਓ, ਪ੍ਰਗਟ ਜੋਤ ਰੂਪ ਪ੍ਰਭ ਦਰਸ ਦਿਖਾਇਆ । ਗੁਰਮੁਖਾਂ ਗੁਰ ਸਾਚੀ ਨਾਉ, ਕਲਜੁਗ ਚਾਉ ਗੁਰ ਬੰਨੇ ਲਾਇਆ । ਗੁਰਸਿਖਾਂ ਮਨ ਗੁਰ ਕਾ ਭਾਉ, ਕਦੇ ਨਾ ਡੋਲੇ ਸਿੱਖ ਕਿਸੇ ਡੁਲਾਇਆ । ਗੁਰਮੁਖਾਂ ਸਦ ਬਲ ਜਾਓ, ਸਚਖੰਡ ਜਿਨ ਕਰਮ ਟਿਕਾਇਆ । ਗੁਰਸਿਖਾਂ ਦਿਵਸ ਰੈਣ ਗਾਓ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਚਰਨੀ ਸੀਸ ਝੁਕਾਇਆ । ਗੁਰਮੁਖਾਂ ਘਰ ਗੁਰ ਦਰਬਾਰਾ । ਗੁਰਸਿਖਾਂ ਮਨ ਪ੍ਰਭ ਜੋਤ ਆਧਾਰਾ । ਗੁਰਮੁਖਾਂ ਗੁਰ ਨਾਉਂ ਜਗਤ ਪਿਆਰਾ । ਗੁਰਸਿਖਾਂ ਗੁਰ ਮਿਲੇ ਗਿਰਧਾਰਾ । ਗੁਰਮੁਖਾਂ ਲੱਧਾ ਕ੍ਰਿਸ਼ਨ ਮੁਰਾਰਾ । ਗੁਰਸਿਖਾਂ ਮਿਲਿਆ ਸ਼ੇਰ ਸਿੰਘ ਨਿਰੰਕਾਰਾ । ਨਿਰੰਕਾਰ ਅਛਲ ਅਡੋਲ ਪ੍ਰਭ ਹਰਿ ਰੰਗ ਮਾਣਿਆ । ਨਾਉਂ ਰੰਗ ਮਜੀਠੀ ਘੋਲ, ਗੁਰਸਿਖਾਂ ਆਤਮ ਰੰਗ ਚੜ੍ਹਾਨਿਆ । ਪ੍ਰਭ ਕਿਸੇ ਨਾ ਆਵੇ ਤੋਲ, ਸਦ ਆਪ ਜਗਤ ਤੁਲਾਨਿਆ । ਮਹਾਰਾਜ ਸ਼ੇਰ ਸਿੰਘ ਆਪ ਅਡੋਲ, ਸਭ ਜਗਤ ਡੁਲਾਨਿਆ । ਗੁਰ ਗੋਬਿੰਦ ਦੋਏ ਭਏ ਪ੍ਰਕਾਸ਼ਾ । ਪ੍ਰਭ ਦੀ ਜੋਤ ਗੁਰਸਿਖ ਭਰਵਾਸਾ । ਸਰਬ ਸ੍ਰਿਸ਼ਟ ਵਿਚ ਪ੍ਰਭ ਵਾਸਾ । ਆਏ ਦਰ ਨਾ ਜਾਏ ਨਿਰਾਸਾ । ਬੇਮੁਖ ਹੋਏ ਨਰਕ ਨਿਵਾਸਾ । ਗੁਰਸਿਖ ਆਏ ਸਦਾ ਰਹਿਰਾਸਾ । ਗੁਰਮੁਖ ਵਡਿਆਈ ਗੁਰ ਦੇ ਸਭ ਆਸਾ । ਮਹਾਰਾਜ ਸ਼ੇਰ ਸਿੰਘ ਖੇਲ ਜਗਤ ਮਾਰਿਓ ਵਿਚ ਹਾਸਾ । ਬੰਧਨ ਬੰਧੇ ਬੰਦਾ ਬੰਧ ਵਖਾਏ । ਬੇਮੁਖ ਹੋਇਆ ਚੁਰਾਸੀ ਗੇੜਾ ਖਾਏ । ਨਾਮ ਵਿਹੂਣਾ ਦਰ ਦਰ ਚੋਟਾਂ ਖਾਏ । ਬਿਨ ਗੁਰ ਕੋਈ ਨਾ ਪਾਰ ਲੰਘਾਏ । ਧਰਮ ਰਾਏ ਪ੍ਰਭ ਦੇ ਸਜ਼ਾਏ । ਨਰਕ ਨਿਵਾਸ ਸਦਾ ਬਿਲਲਾਏ । ਗੁਰਸਿਖ ਉਧਰੇ ਗੁਰ ਚਰਨ ਲਗਾਏ । ਬਿਨਸੇ ਪਾਪ ਜਿਨ ਪ੍ਰਭ ਦਇਆ ਕਮਾਏ । ਅਮੋਘ ਦਰਸ਼ਨ ਗੁਰ ਗੋਬਿੰਦ ਦਰਸਾਏ । ਅਜੂਨੀ ਰਹਿਤ ਜੋਤ ਪ੍ਰਗਟਾਏ । ਨਾਮ ਪਦਾਰਥ ਗੁਰਸਿਖਾਂ ਗੁਰ ਝੋਲੀ ਪਾਏ । ਦੇ ਅਮੋਲ ਵਥ, ਸੋਹੰ ਸ਼ਬਦ ਮੰਤਰ ਦ੍ਰਿੜਾਏ । ਮਹਾਰਾਜ ਸ਼ੇਰ ਸਿੰਘ ਸਦਾ ਅਕੱਥ, ਸਰਨ ਪੜੇ ਦੀ ਲਾਜ ਰਖਾਏ । ਸੁਖ ਸਾਗਰ ਗੁਰ ਕੇ ਚਰਨ । ਸਦ ਰਿਧ ਨਾਗਰ ਦੁੱਖ ਸਭ ਹਰਨ । ਆਪਣਾ ਕੀਆ ਆਪ ਜੀਵ ਭਰਨ । ਗੁਰ ਚਰਨ ਲਾਗ ਕਲਜੁਗ ਸਿੱਖ ਤਰਨ । ਗੁਰ ਚਰਨ ਪ੍ਰੀਤ ਨਾ ਜਮ ਤੋਂ ਡਰਨ । ਪਤਿਤ ਪਾਪੀ ਪ੍ਰਭ ਦਰਸ ਕਰ ਤਰਨ । ਕੋਟ ਅਪਰਾਧ ਛਿਨ ਮਹਿ ਹਰਨ । ਜੋਤ ਸਰੂਪ ਗੁਰ ਨਿਰੰਜਣ ਚਰਨ । ਏਕ ਕਰਾਏ ਪ੍ਰਭ ਚਾਰ ਵਰਨ । ਮਹਾਰਾਜ ਸ਼ੇਰ ਸਿੰਘ ਲਗ ਚਰਨ ਗੁਰਸਿਖ ਤਰਨ । ਤਰਨ ਤਾਰਨ ਸਮਰਥ ਗੁਣਵੰਤਿਆ । ਸਿੱਖ ਸਿੱਖਾਂ ਦੇਵੇ ਹੱਥ ਪ੍ਰਭ ਆਪ ਭਗਵੰਤਿਆ । ਦੋਵੇਂ ਜੋੜ ਕਰੋ ਪ੍ਰਭ ਪਾਸ ਬੇਨੰਤਿਆ । ਦਰ ਸਖੀਆਂ ਮੰਗਲ ਗਾਏ ਘਰ ਘਰ ਸੋਭਾਵੰਤਿਆ । ਪ੍ਰਭ ਕਲਜੁਗ ਜੋਤ ਪ੍ਰਗਟਾਏ, ਕਲਾ ਕਲ ਸਦ ਧਰੰਤਿਆ । ਮਹਾਰਾਜ ਸ਼ੇਰ ਸਿੰਘ ਸਦ ਕਿਰਪਾਲ, ਭੁੱਲੇ ਜੀਵ ਪ੍ਰਭ ਸਦਾ ਬਖ਼ਸ਼ੰਤਿਆ ।

੧੪੯
੦੧

❊ ੨੦ ਜੇਠ ੨੦੦੭ ਬਿਕ੍ਰਮੀ ਪ੍ਰੀਤਮ ਸਿੰਘ ਦੇ ਘਰ ਬਚਨ ਹੋਏ ❊

ਭੁਗਤ ਭਗਤਾ ਗੁਰ ਆਪ ਸਵਾਰਿਆ । ਭਗਤ ਰੰਗ ਗੁਰ ਏਕ ਨਿਸਤਾਰਿਆ । ਭਗਤ ਗੁਰ ਗੋਬਿੰਦ ਜਗਤ ਜੋਤ ਚਮਤਕਾਰਿਆ । ਭਗਤ ਭਗਵਾਨ ਗੁਰ ਸੰਤ ਮਨੀ ਸਿੰਘ ਮਹਾਰਾਜ ਸ਼ੇਰ ਸਿੰਘ ਆਪ ਨਿਰੰਕਾਰਿਆ । ਜੋਤ ਅਟੱਲ ਸਦਾ ਪ੍ਰਬਲ ਜਾਓ ਬਲ ਬਲ ਜੋਤ ਜਗਤ ਉਧਾਰਿਆ । ਆਪ ਅਚਲ ਮਹਿੰਮਾ ਅਖੱਲ ਪ੍ਰਗਟ ਕਲ ਦੇਵੇ ਭਗਤ ਭੰਡਾਰਿਆ । ਨਰ ਸਿੰਘ ਨਰ ਬਲ ਮਹਾਰਾਜ ਸ਼ੇਰ ਸਿੰਘ ਪਾਰਬ੍ਰਹਮ ਗੁਰਸਿਖ ਭਵਜਲ ਤਾਰਿਆ । ਭਗਤ ਗੁਰ ਗੋਬਿੰਦ ਪ੍ਰਭ ਮੇਲ ਮਿਲਾਇਆ । ਤੀਨ ਲੋਕ ਇਕ ਰੰਗ ਸਮਾਇਆ । ਛੱਡ ਖੰਡ ਬ੍ਰਹਿਮੰਡ ਨਿਰੰਕਾਰ ਨਰਾਇਣ ਪ੍ਰਭ ਆਇਆ । ਬੇਮੁਖਾਂ ਲਾਏ ਡੰਡ, ਭਗਤਾਂ ਸੰਗ ਜਾਏ ਹੰਢ, ਕਲਜੁਗ ਨਿਹਕਲੰਕ ਆਪ ਅਖਵਾਇਆ । ਗੁਰਸਿਖ ਮੰਗ ਚਾੜ੍ਹੇ ਰੰਗ, ਗੁਰਸਿਖ ਭਵਜਲ ਪਾਰ ਉਤਾਰਿਆ । ਕਰਮ ਹੋਏ ਭੰਗ, ਦਰ ਆਏ ਮੰਗ ਪ੍ਰਭ ਦੇਵੇ ਰੰਗ, ਜਿਨ ਚਰਨ ਨਿਮਸਕਾਰਿਆ । ਵਸੇ ਬ੍ਰਹਿਮੰਡ ਘਰ ਸਿੱਖ ਸਚਖੰਡ, ਗੁਰਸੰਗਤ ਮਨ ਸਦਾ ਅਰੰਗ, ਗੁਰ ਪੂਰੇ ਜਾਓ ਬਲ ਬਲਹਾਰਿਆ । ਗੁਰ ਨਾਉਂ ਤਰੰਗ, ਸਿੱਖ ਜਾਏ ਪਾਰ ਲੰਘ, ਮਨ ਗੁਰ ਦਰਸ ਉਮੰਗ, ਜੁਗ ਜੁਗ ਗੁਰ ਪੈਜ ਸਵਾਰਿਆ । ਪ੍ਰਭ ਹਰਿ ਹਰਿ ਰੰਗ, ਸਾਧ ਸੰਗਤ ਗੁਰ ਸਦਾ ਹੈ ਸੰਗ, ਪ੍ਰਭ ਅਬਿਨਾਸ਼ ਨਾ ਹੋਏ ਭੰਗ, ਕਲਜੁਗ ਆਣ ਗੁਰਸਿਖ ਪਾਰ ਉਤਾਰਿਆ । ਮੂਰਖ ਮੁਗਧ ਹੋਏ ਦੰਗ, ਗੁਰਸਿਖਾਂ ਗੁਰ ਲਾਏ ਸੰਗ, ਦੇ ਦਰਸ ਮਨ ਚਾੜ੍ਹ ਮਜੀਠੀ ਰੰਗ, ਮਹਾਰਾਜ ਸ਼ੇਰ ਸਿੰਘ ਸ਼ਬਦ ਰੂਪ ਦਰਸਾ ਰਿਹਾ । ਸ਼ਬਦ ਰੂਪ ਪ੍ਰਭ ਸਰਬ ਘਟ ਵਸਿਆ । ਉਪਜੇ ਗਿਆਨ ਜਿਸ ਪ੍ਰਭ ਹਿਰਦੇ ਵਸਿਆ । ਗੁਰਮੁਖ ਹਰਿ ਰੰਗ ਪ੍ਰਭ ਦੇਹ ਵਿਚ ਵਸਿਆ । ਬੇਮੁਖਾਂ ਚਰਨ ਧੂੜ ਮਿਲੇ ਨਾ ਭਿਖਿਆ । ਗੁਰਸੰਗਤ ਗੁਰ ਦਰਸ ਮਨ ਕੀ ਇਛਿਆ । ਪ੍ਰਗਟ ਭਇਓ ਆਪ ਨਿਰੰਕਾਰ, ਕਰੇ ਭਗਤਨ ਰਛਿਆ । ਪ੍ਰਭ ਅਬਿਨਾਸ਼ ਸਰਬ ਸੁਖ ਦਾਤਾ, ਮਹਾਰਾਜ ਸ਼ੇਰ ਸਿੰਘ ਜੇਠ ਵੀਹ ਕਰ ਪੂਰਨ ਇਛਿਆ । ਜੇਠ ਜੁੜੰਦਾ ਰੰਗ ਰੰਗੀਲਾ ਮਾਧੋ ਇਕ ਰੰਗ ਸਮਾਇਆ । ਜੋੜ ਜੁੜੰਦਾ ਕੋਲ ਬਹੰਦਾ ਦਰਸ ਦਖੰਦਾ, ਵਿਛੜਿਆਂ ਪ੍ਰਭ ਮੇਲ ਮਿਲਾਇਆ । ਗਰਬ ਗਿਰੰਦਾ ਦਰਸ ਦਿਖੰਦਾ ਸਦ ਬਖ਼ਸ਼ਿੰਦਾ ਦੋਏ ਜੋੜ ਕਰ ਇਕ ਬਹਾਇਆ । ਭਗਤ ਤਰੰਦਾ, ਮਹਾਰਾਜ ਸ਼ੇਰ ਸਿੰਘ ਕਰੇ ਜੀਵ ਚਿੰਦਾ, ਜਿਸ ਨੇ ਜਨਮ ਦਿਵਾਇਆ । ਦਿਨ ਸੁਹਾਇਆ ਭਗਤ ਗੁਰ ਗੋਬਿੰਦ ਜਿਸ ਮੇਲ ਕਰਾਇਆ । ਤਰਨ ਤਾਰਨ ਸਮਰਥ ਪ੍ਰਭ ਆਣ ਸਾਧ ਸੰਗਤ ਦੁਖ ਮਿਟਾਇਆ । ਕਲਜੁਗ ਅਗਨ ਰਥ ਗੁਰ ਪਾਈ ਨੱਕ ਨੱਥ, ਕੀਤਾ ਸਥ ਗੁਰ ਪੂਰੇ ਸ੍ਵਾਂਗ ਵਰਤਾਇਆ । ਭਗਤਾਂ ਵਥ ਸੋਹੰ ਸ਼ਬਦ ਅਕੱਥ, ਸਤਿਜੁਗ ਧਰਮ ਰਥ, ਮਹਾਰਾਜ ਸ਼ੇਰ ਸਿੰਘ ਜਗਤ ਚਲਾਇਆ । ਪ੍ਰਭ ਪ੍ਰਬੀਨ ਭਗਤ ਅਧੀਨ, ਬੇਮੁਖ ਹੀਨ ਦਰ ਚੋਟਾਂ ਖਾਇਆ । ਗੁਰਸਿਖ ਅਧੀਨ ਜਿਉਂ ਜਲ ਮੀਨ, ਸਦਾ ਗੁਰ ਆਤਮ ਚੀਨ, ਮਨ ਰੰਗ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਸਿੱਖ ਗੁਰਚਰਨ ਲੀਨ, ਕਰ ਕਿਰਪਾ ਗੁਰ ਪਾਰ ਤਰਾਇਆ । ਧਰਤ ਸੁਹਾਈ ਜਿਥੇ ਪ੍ਰਭ ਜੋਤ ਪ੍ਰਗਟਾਈ । ਹਰਿ ਹਰਿ ਹਰਿ ਰੰਗ ਲਾਈ । ਉਪਜੇ ਗਿਆਨ ਚਰਨ ਕਵਲ ਸੀਸ ਝੁਕਾਈ । ਸਤਿ ਪੁਰਖਾ ਸਤਿਜੁਗ ਸੋਝੀ ਪਾਈ । ਗੁਰਮੁਖਾਂ ਸੋਹੰ ਸੋਝੀ ਪਾਈ । ਬੇਮੁਖਾਂ ਸਿਰ ਛਾਹੀ ਪਾਈ । ਹਾਹਾਕਾਰ ਕਰਨ ਬਿਲਲਾਈ । ਮਹਾਰਾਜ ਸ਼ੇਰ ਸਿੰਘ ਸਰਬ ਕਲ ਧਾਰੇ, ਗੁਰ ਗੁਰਮੁਖ ਗੁਰ ਭੇਤ ਰਖਾਈ । ਕਲਜੁਗ ਆਣ ਕਰਮ ਗੁਰ ਕੀਆ । ਸੋਹੰ ਸ਼ਬਦ ਬੂਝ ਬੁਝਾਈ । ਆਏ ਸ਼ਾਂਤ ਸੁਖ ਮਨ ਉਪਜੇ, ਗੁਰ ਪੂਰੇ ਗੁਰਸਿਖ

ਸੋਝੀ ਪਾਈ । ਜਰਮ ਕਰਮ ਮਲ ਉਤਰੇ ਦੋਵੇਂ ਨਾਉਂ ਰੰਗ ਪ੍ਰਭ ਦੇ ਚੜ੍ਹਾਈ । ਸਚ ਸੁੱਚ ਦੇਹ ਮੇਂ ਉਪਜੇ, ਸੁਰਤ ਸ਼ਬਦ ਗੁਰ ਸੋਝੀ ਪਾਈ । ਤਨ ਮਨ ਸਤਿਗੁਰ ਹਰਿਆ ਕੀਆ । ਅਨਹਦ ਧੁਨ ਮਨ ਵਜਾਈ । ਗੁਰਸਿਖ ਗੁਰ ਚਰਨ ਤਕਾਈ । ਖੋਲ੍ਹ ਤ੍ਰੈਕੁਟੀ ਪ੍ਰਭ ਜੋਤ ਪ੍ਰਗਟਾਈ । ਤ੍ਰੈਲੋਕੀ ਨਾਥ ਦੇ ਤ੍ਰੈ ਲੋਚਣ, ਗੁਰਮੁਖ ਗੁਰ ਨਿਧਾਨ ਦਵਾਈ । ਹਉਮੇ ਸੰਸਾ ਮਿਟੇ ਸਭ ਰੋਗਨ, ਅਨਹਦ ਧੁਨ ਪ੍ਰਭ ਮਨ ਵਜਾਈ । ਝਿਰਨਾ ਝਿਰੇ ਅਪਰ ਅਪਾਰ, ਅੰਮ੍ਰਿਤ ਬੂੰਦ ਗੁਰ ਵਰਖਾ ਲਾਈ । ਖੋਲ੍ਹ ਕਪਾਟ ਗੁਰ ਦਰਸ਼ਨ ਦੀਆ, ਅੰਮ੍ਰਿਤ ਨਾਭ ਮੁਖ ਚਵਾਈ । ਅਚਰਜ ਵਿਚ ਅਚਰਜ ਥੀਆ, ਬੁਝੀ ਦੀਪਕ ਗੁਰ ਸ਼ਬਦ ਜਗਾਈ । ਧਰ ਧਿਆਨ ਸਦਾ ਗੁਰ ਦਰਸੇ, ਨਿਰੰਜਣ ਜੋਤ ਪ੍ਰਭ ਵਿਚ ਦੇਹ ਜਗਾਈ । ਕਾਇਆ ਕੋਟ ਭਇਆ ਸਭ ਊਜਲ, ਗੁਰ ਪੂਰੇ ਜੇ ਦਇਆ ਕਮਾਈ । ਸਤਿ ਸੰਤੋਖ ਸਰਬ ਗੁਣ ਉਪਜੇ, ਨਿਜਾਨੰਦ ਨਿਜ ਮਾਹਿ ਪਾਈ । ਤਨ ਮਾਟੀ ਭਇਓ ਉਜਿਆਰਾ, ਸਚ ਸੂਝ ਗੁਰ ਨਾਵੇਂ ਪਾਈ । ਕਲਜੁਗ ਸਦਾ ਗੁਰਸਿਖ ਊਜਲ, ਮਹਾਰਾਜ ਸ਼ੇਰ ਸਿੰਘ ਪੈਜ ਰਖਾਈ । ਈਸ਼ਰ ਜੋਤ ਭਇਓ ਪ੍ਰਕਾਸ਼ਾ । ਮਾਤ ਪਾਤਾਲ ਵਿਚ ਆਕਾਸ਼ਾ । ਵਿਚ ਬੈਠ ਵੇਖੇ ਪ੍ਰਭ ਜਗਤ ਤਮਾਸ਼ਾ । ਗੁਰਸਿਖ ਗੁਰਚਰਨ ਪਿਆਸਾ । ਬੇਮੁਖ ਦੇਖ ਕਰਨ ਮੁਖ ਹਾਸਾ । ਕਰਮ ਧਰਮ ਦੋਵੇਂ ਹੋਏ ਨਾਸਾ । ਗੁਰਸਿਖ ਹੋਏ ਨਾਮ ਰਹਿਰਾਸਾ । ਛੋਡ ਆਹਾਰ ਸ਼ਰਾਬ ਮਾਸਾ, ਸੋਹੰ ਸ਼ਬਦ ਮਿਲੇ ਸਰਬ ਗੁਣ ਤਾਸਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਭਰਵਾਸਾ । ਗੁਰਚਰਨ ਜੋ ਮਨ ਚਿਤ ਲਾਏ । ਜੋਤ ਨਿਰੰਜਣ ਪ੍ਰਭ ਦੇ ਜਗਾਏ । ਗੁਰਚਰਨ ਜੋ ਮਨ ਚਿਤ ਲਾਏ, ਸਦ ਮਿਹਰਵਾਨ ਪ੍ਰਭ ਦਰਸ ਦਿਖਾਏ । ਗੁਰਚਰਨ ਜੋ ਮਨ ਚਿੱਤ ਲਾਏ, ਰਾਮ ਰਮਈਆ ਘਰ ਮਾਹਿ ਪਾਏ । ਗੁਰਚਰਨ ਜੋ ਮਨ ਚਿੱਤ ਲਾਏ, ਮੁਕੰਦ ਮਨੋਹਰ ਲਖ਼ਮੀ ਨਰਾਇਣ ਦਰਸਾਏ । ਗੁਰਚਰਨ ਜੋ ਮਨ ਚਿੱਤ ਲਾਏ, ਮਧੁਰ ਬੈਣ ਕਵਲ ਨੈਣ ਸਿਰ ਮੁਕਟ ਸਜਾਏ । ਗੁਰਚਰਨ ਜੋ ਮਨ ਚਿੱਤ ਲਾਏ, ਮੋਹਣ ਮਾਧਵ ਕ੍ਰਿਸ਼ਨ ਮੁਰਾਰ ਨਜ਼ਰੀ ਆਏ । ਗੁਰਚਰਨ ਜੋ ਮਨ ਚਿੱਤ ਲਾਏ, ਕਲਜੁਗ ਜੋਤ ਸਰੂਪ ਪ੍ਰਭ ਜੋਤ ਦਰਸਾਏ । ਗੁਰਚਰਨ ਜੋ ਮਨ ਚਿੱਤ ਲਾਏ, ਮਹਾਰਾਜ ਸ਼ੇਰ ਸਿੰਘ ਨਰ ਅਵਤਾਰ ਸਵੱਛ ਸਰੂਪ ਹੋ ਦਰਸ ਦਿਖਾਏ । ਗੁਰਚਰਨ ਜੋ ਮਨ ਚਿੱਤ ਲਾਏ, ਕਲਜੁਗ ਕਰਮ ਪ੍ਰਭ ਦੇ ਮਿਟਾਏ । ਗੁਰਚਰਨ ਜੋ ਮਨ ਚਿੱਤ ਲਾਏ, ਗੁਣ ਨਿਧਾਨ ਘਰ ਆ ਲੇਖ ਲਿਖਾਏ । ਗੁਰਚਰਨ ਜੋ ਮਨ ਚਿੱਤ ਲਾਏ, ਦੇ ਸ਼ਬਦ ਆਧਾਰ ਕਲਜੁਗ ਪ੍ਰਭ ਪਾਰ ਕਰਾਏ । ਗੁਰਚਰਨ ਜੋ ਮਨ ਚਿੱਤ ਲਾਏ, ਵਿਚ ਚੁਰਾਸੀ ਜੀਵ ਫੇਰ ਨਾ ਆਏ । ਗੁਰਚਰਨ ਜੋ ਮਨ ਚਿੱਤ ਲਾਏ, ਭਗਤ ਵਛਲ ਗੁਰ ਭਗਤ ਤਰਾਏ । ਗੁਰਚਰਨ ਜੋ ਮਨ ਚਿੱਤ ਲਾਏ, ਜਮ ਕਾ ਡੰਨ ਨੇੜ ਨਾ ਆਏ । ਗੁਰਚਰਨ ਜੋ ਮਨ ਚਿੱਤ ਲਾਏ, ਵਾਂਗ ਅਜਾਮਲ ਪਾਪੀ ਤਰ ਜਾਏ । ਗੁਰਚਰਨ ਜੋ ਮਨ ਚਿੱਤ ਲਾਏ, ਅੰਤ ਕਾਲ ਪ੍ਰਭ ਦਰਸ ਦਿਖਾਏ । ਗੁਰਚਰਨ ਜੋ ਮਨ ਚਿੱਤ ਲਾਏ, ਮਾਇਆ ਮਮਤਾ ਵਿਚ ਨਾ ਜੀਵ ਸਬਾਏ । ਗੁਰਚਰਨ ਜੋ ਮਨ ਚਿੱਤ ਲਾਏ, ਸਚ ਘਰ ਵਾਸੀ ਸਚਖੰਡ ਪੁਚਾਏ । ਗੁਰਚਰਨ ਜੋ ਮਨ ਚਿੱਤ ਲਾਏ, ਪ੍ਰਭ ਜੋਤ ਸਰੂਪ ਵਿਚ ਜੋਤ ਮਿਲਾਏ । ਗੁਰਚਰਨ ਜੋ ਮਨ ਚਿੱਤ ਲਾਏ, ਮਹਾਰਾਜ ਸ਼ੇਰ ਸਿੰਘ ਸਿੱਖ ਦੀ ਪੈਜ ਰਖਾਏ । ਗੁਰਸਿਖ ਸੋ ਜਿਸ ਕਰਮ ਵਿਚਾਰਿਆ । ਗੁਰਸਿਖ ਸੋ ਜਿਸ ਸ਼ਬਦ ਉਧਾਰਿਆ । ਗੁਰਸਿਖ ਸੋ ਜਿਸ ਪਾਰਬ੍ਰਹਮ ਨਿਮਸਕਾਰਿਆ । ਗੁਰਸਿਖ ਸੋ ਜਿਸ ਹਉਮੇ ਰੋਗ ਨਿਵਾਰਿਆ । ਗੁਰਸਿਖ ਸੋ ਜੋ ਡਿੱਗੇ ਚਰਨ ਦਵਾਰਿਆ । ਗੁਰਸਿਖ ਸੋ ਜਿਨ ਮਿਲਿਆ ਗੁਰ ਨਾਮ ਭੰਡਾਰਿਆ । ਗੁਰਸਿਖ ਸੋ ਜਿਸ ਰਸਨਾ ਸੋਹੰ ਸ਼ਬਦ ਵਿਚਾਰਿਆ ।

ਗੁਰਸਿਖ ਸੋ ਜਿਸ ਜਗਾਏ ਜੋਤ ਪ੍ਰਭ ਅਪਰ ਅਪਾਰਿਆ । ਗੁਰਸਿਖ ਸੋ ਜਿਨ ਮਿਲਿਆ ਪ੍ਰਭ ਨਿਰਾਧਾਰਿਆ । ਗੁਰਸਿਖ ਸੋ ਜਿਸ ਮਹਾਰਾਜ ਸ਼ੇਰ ਸਿੰਘ ਚਰਨ ਕਵਲ ਪਿਆਰਿਆ । ਗੁਰਚਰਨ ਸਿੱਖ ਕਰੇ ਪਿਆਰ । ਕਲਜੁਗ ਲਾਇਆ ਸਤਿਗੁਰ ਪਾਰ । ਮਨ ਮੇਂ ਉਪਜੇ ਸ਼ਬਦ ਗੁੰਜਾਰ । ਨੈਣੀ ਪੇਖ ਗੁਰ ਦਰਸਾਰ । ਰਿਦੇ ਧਰ ਗੁਰਚਰਨ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਸਦ ਸਦ ਸਦ ਬਲਿਹਾਰ । ਕਲਜੁਗ ਪ੍ਰਗਟੇ ਪ੍ਰਭ ਅਗੰਮ ਅਪਾਰਾ । ਜੋਤ ਨਿਰੰਜਣ ਮਹਿੰਮਾ ਅਪਰ ਅਪਾਰ । ਛੱਡ ਦੇਹ ਹੋਏ ਜੋਤ ਨਿਰਾਧਾਰਾ । ਪ੍ਰਭ ਅਪਰੰਪਰ ਕਰੇ ਖੇਲ ਨਿਆਰਾ । ਗੁਰਸਿਖਾਂ ਗੁਰ ਦਰ ਘਰ ਗੁਰਚਰਨ ਦਵਾਰਾ । ਬੇਮੁਖਾਂ ਗੁਰ ਦਰ ਸਦਾ ਧ੍ਰਿਗਕਾਰਾ । ਕਲਜੁਗ ਕਰਮ ਪ੍ਰਭ ਆਪ ਵਿਚਾਰਾ । ਬਿਲਲਾਵਣ ਜੀਵ ਜਿਵੇਂ ਨਰਕ ਮੰਝਾਰਾ । ਪ੍ਰਗਟੀ ਜੋਤ ਨਿਰੰਕਾਰਾ । ਸੋਹੰ ਸ਼ਬਦ ਭਗਤ ਭੰਡਾਰਾ । ਸਤਿਜੁਗ ਸਤਿ ਸਤਿ ਸਤਿ ਹੋਏ ਵਰਤਾਰਾ । ਚਾਰ ਵਰਨ ਲਾਗ ਗੁਰ ਚਰਨ ਦਵਾਰਾ । ਸੋਹੰ ਸ਼ਬਦ ਪ੍ਰਗਟੇ ਸਭ ਸ੍ਰਿਸ਼ਟ ਉਜਿਆਰਾ । ਕਲਜੁਗ ਅੰਤ ਕਰੇ ਪ੍ਰਭ ਆਪ ਕਰਤਾਰਾ । ਸਰਬ ਸ਼ਕਤ ਖਿੱਚੇ ਗੁਰ ਦਾਤਾਰਾ । ਮਹਾਰਾਜ ਸ਼ੇਰ ਸਿੰਘ ਪ੍ਰਗਟਿਓ ਕਲ ਅਵਤਾਰਾ । ਪ੍ਰਗਟ ਭਇਓ ਜਗਤ ਬਨਵਾਲੀ । ਦਰ ਤੇ ਖੜ੍ਹੇ ਪ੍ਰਭ ਜੀਵ ਸਵਾਲੀ । ਕਲਜੁਗ ਪ੍ਰਗਟੀ ਜੋਤ ਨਿਰਾਲੀ । ਪ੍ਰਗਟ ਭਇਓ ਪ੍ਰਭ ਸ੍ਰਿਸ਼ਟ ਦਾ ਵਾਲੀ । ਜੁਗੋ ਜੁਗ ਘਾਲ ਗੁਰਸਿੱਖਾਂ ਘਾਲੀ । ਕਲਜੁਗ ਆਣ ਪ੍ਰਭ ਸਾਰ ਸਮਾਲੀ । ਘੋਰ ਅੰਧੇਰ ਦੀਪਕ ਦੇਹ ਜਗਾ ਲੀ । ਮਹਾਰਾਜ ਸ਼ੇਰ ਸਿੰਘ ਜੋਤ ਜਗਤ ਸਰਬ ਦਾ ਵਾਲੀ । ਕਰ ਕਿਰਪਾ ਗੁਰ ਅੰਮ੍ਰਿਤ ਬਰਖੇ, ਦਰ ਲਾਗਾ ਰੰਗ ਮੁਰਾਰਾ ਜੀਓ । ਦੇ ਦਾਤ ਗੁਰ ਸੰਗਤ ਤਾਈਂ, ਮੁਖ ਲਾਏ ਅੰਮ੍ਰਿਤ ਭੰਡਾਰਾ ਜੀਓ । ਕਰਮ ਜਰਮ ਹੋਏ ਜਗ ਊਜਲ, ਪ੍ਰਭ ਬਖ਼ਸ਼ੇ ਅੰਮ੍ਰਿਤ ਧਾਰਾ ਜੀਓ । ਆਏ ਸ਼ਾਂਤ ਸਰਬ ਸੁਖ ਉਪਜੇ, ਆਤਮ ਸ਼ਾਂਤ ਗੁਰ ਦਰ ਦਰਸਾਰਾ ਜੀਓ । ਪਤਿਤ ਉਧਾਰ ਭੈ ਭੰਜਣ, ਦੁੱਖੀਏ ਦੇਵੇ ਤਾਰ ਅੰਮ੍ਰਿਤ ਬਰਸਾਰਾ ਜੀਓ । ਹੰਕਾਰ ਨਿਵਾਰਨ ਭਵਖੰਡਨ, ਪ੍ਰਭ ਸਦਾ ਸਦਾ ਕਰੇ ਜੀਵ ਉਧਾਰਾ ਜੀਓ । ਕਲਜੁਗ ਕਿਰਪਾ ਕਰ ਪ੍ਰਭ ਠਾਕਰ, ਧਰੀ ਜੋਤ ਜਗਤ ਨਿਰੰਕਾਰਾ ਜੀਓ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਕਰੇ ਖੇਲ ਅਪਰ ਅਪਾਰਾ ਜੀਓ । ਅਚਰਜ ਖੇਲ ਜਗਤ ਗੁਰ ਕੀਆ । ਸੋਹੰ ਦੇ ਕੇ ਨਾਮ ਕਰੇ ਨਿਰਮਲ ਜੀਆ । ਗੁਰਸਿਖਾਂ ਪਾਵੇ ਸਾਰ, ਸ਼ਬਦ ਗਿਆਨ ਜਗਤ ਗੁਰ ਦੀਆ । ਕਲਜੁਗ ਕਰ ਧਿਆਨ, ਪੂਰਬ ਕਰਮ ਜਗਤ ਸਿੱਖ ਬੀਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਅੰਮ੍ਰਿਤ ਨਾਮ ਗੁਰ ਦਰ ਗੁਰਸਿੱਖਾਂ ਪੀਆ । ਅਮੋਘ ਦਰਸ਼ਨ ਗੁਰ ਦਰਸਾਵੇ । ਕੋਟ ਅਪਰਾਧੀ ਦਰ ਤਰਾਵੇ । ਹਰਿ ਹਰਿ ਹਰਿ ਪ੍ਰਗਟੀ ਜੋਤ ਅਪਾਰੇ । ਕਰੇ ਖੇਲ ਪ੍ਰਭ ਵਿਚ ਸੰਸਾਰੇ । ਹੋਏ ਘੋਰ ਕਲਜੁਗ ਅੰਤ ਕਾਲ ਜੋਤ ਸਮਰਥ ਜੋਤ ਪ੍ਰਗਟਾਵੇ । ਬੈਕੁੰਠ ਵਾਸੀ ਸਰਬ ਦੁੱਖ ਭੰਜਨ, ਜਾਮਾ ਧਾਰ ਭਾਗ ਘਨਕਪੁਰੀ ਲਗਾਵੇ । ਕਰ ਨਿਮਸਕਾਰ ਜਾਓ ਬਲਿਹਾਰ, ਜੋਤ ਅਪਾਰ ਸਿੱਖ ਦੇਹ ਸਮਾਵੇ । ਸਤਿ ਪੁਰਖ ਨਿਰੰਜਣ ਗੁਰ ਦਰਸ ਦਿਖਾਇਆ । ਨਿਰਾਧਾਰ ਨਿਰਵੈਰ ਜੋਤ ਰੂਪ ਪ੍ਰਭ ਦੇਹ ਸਮਾਇਆ । ਮਾਣ ਗਵਾਏ ਕਲੂ ਖਪਾਏ, ਪ੍ਰਗਟ ਹੋ ਗੁਰ ਸਤਿਜੁਗ ਲਾਇਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਹੋ ਚਤੁਰਭੁਜ ਜੁਗ ਉਲਟਾਇਆ । ਕਲਜੁਗ ਪਾਈ ਪ੍ਰਭ ਜਗਤ ਤੇ ਮਾਇਆ । ਪ੍ਰਗਟ ਜੋਤ ਅਪਾਰ, ਆਪਣਾ ਆਪ ਛੁਪਾਇਆ । ਛੱਡ ਦੇਹ ਨਿਰਾਧਾਰ, ਜੋਤ ਰੂਪ ਪ੍ਰਭ ਭੇਸ ਵਟਾਇਆ । ਜਗਤ ਭੁਲਾਏ ਸ੍ਰਿਸ਼ਟ ਖਪਾਏ ਆਪਣਾ ਭੇਤ ਨਾ ਕਿਸੇ ਜਤਾਇਆ । ਗੁਰਸਿਖ ਗੁਰਪੁਰੀ ਗੁਰ ਮਾਣ ਦਿਵਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ

ਪੂਰਾ, ਕਲਜੁਗ ਵਿਚ ਮੇਲ ਕਰਾਇਆ । ਗੁਰਸਿਖ ਗੁਰ ਏਕ ਸਮਾਨਾ । ਗੁਰਸਿਖ ਗੁਰ ਚਾਓ ਮਨ ਧਿਆਨਾ । ਗੁਰਮੁਖ ਮਿਲੇ ਮੇਰਾ ਨਾਉਂ ਮਹਾਨਾ । ਗੁਰ ਮਿਲ ਪਾਏ ਮੇਰਾ ਸ਼ਬਦ ਗਿਆਨਾ । ਗੁਰ ਮਿਲ ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਸਭ ਤੇ ਊਚ ਵਿਸ਼ਨੂੰ ਭਗਵਾਨਾ । ਗੁਰ ਕੇ ਭਾਉ ਭਗਤ ਹੀ ਜਾਣੇ । ਗੁਰ ਕੇ ਭਾਉ ਭਗਤ ਰੰਗ ਮਾਣੇ । ਗੁਰ ਕੇ ਭਾਉ ਗੁਰਸਿਖ ਤਰ ਜਾਣੇ । ਗੁਰ ਕੇ ਭਾਉ ਮਿਲੇ ਨਾਮ ਨਿਧਾਨੇ । ਗੁਰ ਕੇ ਭਾਉ ਕਰੇ ਪ੍ਰਭ ਚਿਤ ਧਿਆਨੇ । ਗੁਰ ਕੇ ਭਾਉ ਮਹਾਰਾਜ ਸ਼ੇਰ ਸਿੰਘ ਗੁਰਸਿਖ ਪਛਾਣੇ । ਜੋਤ ਜੋਤ ਜੋਤ ਪ੍ਰਭ ਜੋਤ ਸਰੂਪਾ । ਸਰਬ ਕਲਾ ਸਮਰਥ ਪ੍ਰਭ ਆਪ ਵਡ ਭੂਪਾ । ਮਹਿੰਮਾ ਅਪਰ ਅਪਾਰ ਜੋਤ ਰੰਗ ਅਨੂਪਾ । ਜੋਤ ਦੇਵੇ ਤਾਰ ਵਿਚ ਅੰਧ ਕੂਪਾ । ਮਹਾਰਾਜ ਸ਼ੇਰ ਸਿੰਘ ਕਰੇ ਸਿੱਖ ਵਿਚਾਰ ਕਰੇ ਸਵੱਛ ਸਰੂਪਾ । ਸਵੱਛ ਸਰੂਪ ਸਦਾ ਰੰਗ ਰਾਤਾ । ਬਲ ਬਲ ਬਲ ਜਾਓ ਗੁਰਸਿਖ ਪੂਰੇ, ਕਲਜੁਗ ਆ ਜਿਸ ਗੁਰ ਪਛਾਤਾ । ਗਿਆ ਅਭਿਮਾਨ ਮਿਲੇ ਘਨਕਪੁਰ ਵਾਸੀ, ਉਪਜੇ ਗਿਆਨ ਵਿਚ ਜਗਤ ਬਿਧਾਤਾ । ਗੁਰ ਚਰਨ ਧਿਆਨ ਹਰਿ ਰੰਗ ਮਾਣ, ਸੋਹੰ ਸ਼ਬਦ ਰੰਗ ਰਾਤਾ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਖੰਡ ਵਰਭੰਡ ਸਰਬ ਵਿਚ ਜੋਤ ਜਗਾਤਾ । ਕਰੋ ਅਰਦਾਸ ਸੰਗਤ ਵਿਚ ਦੋਏ ਜੋੜ ਕਰ ਬੰਦਨਾ । ਦੁੱਖ ਨਿਵਾਰੋ ਪ੍ਰਭ ਆਪ ਤਰਲੋਕੀ ਨੰਦਨਾ । ਕਲਜੁਗ ਹੋਏ ਖੁਆਰ ਲਿਖਾਵੇ ਧੁਰ ਭਾਗ ਬੰਦਨਾ । ਗੁਰਚਰਨ ਲਾਗ ਪਤਿਤ ਉਧਾਰੇ, ਜਗਤ ਮਹਿਕਾਏ ਵਾਂਗ ਚੰਦਨਾ । ਗਰਬ ਨਿਵਾਰੇ ਡੁਬਦੇ ਤਾਰੇ ਗੁਰਸਿਖ ਪਾਰ ਉਤਾਰੇ, ਗੁਰਚਰਨ ਕਰੋ ਸਦ ਸਦ ਸਦ ਬੰਦਨਾ ।

੧੫੩
੦੧

❊ ੨੧ ਜੇਠ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਠਾਕਰ ਸਿੰਘ ਦੇ ਗ੍ਰਿਹ ❊

ਰੰਗ ਰੰਗ ਰੰਗ ਰੰਗ ਗੁਰ ਨਾਮ ਚੜ੍ਹਾਏ । ਮੰਗ ਮੰਗ ਮੰਗ ਮੰਗ ਪ੍ਰਭ ਮਨ ਚਰਨ ਤਿਸਾਏ । ਸਤਿ ਸਤਿ ਪ੍ਰਭ ਸਤਿ ਵਰਤਾਏ । ਝੂਠੀ ਦੇਹ ਸਚ ਜੋਤ ਜਗਾਏ । ਨਾਮ ਨਿਧਾਨ ਪ੍ਰਭ ਗਿਆਨ ਦਵਾਏ । ਗੁਰਮੁਖ ਸਿੱਖ ਹੋਵੇ ਜਗ ਉਜਲ, ਮਹਾਰਾਜ ਸ਼ੇਰ ਸਿੰਘ ਘਰ ਚਰਨ ਟਿਕਾਏ । ਚਰਨ ਕਵਲ ਜਿਸ ਬਣ ਆਏ । ਸਦਾ ਅਨੰਦ ਮਨ ਭੂਖ ਨਾ ਰਾਏ । ਦਰਗਾਹ ਮਾਣ ਸਚਖੰਡ ਦਰਸਾਏ । ਦੇਵੇ ਦਾਨ ਪ੍ਰਭ ਘਰ ਮੇਂ ਪਾਏ । ਸਦਾ ਮਿਹਰਵਾਨ ਕਲਜੁਗ ਗੁਰਸਿਖ ਤਰਾਏ । ਹੋ ਕਿਰਪਾਲ ਨਾਮ ਭਿਛਿਆ ਪਾਏ । ਮਹਾਰਾਜ ਸ਼ੇਰ ਸਿੰਘ ਸਦ ਬਲ ਜਾਈਏ, ਬਾਹੋਂ ਪਕੜ ਜਨ ਲਏ ਤਰਾਏ । ਪ੍ਰਗਟ ਭਇਓ ਪ੍ਰਭ ਸਮਰਥ । ਨਾਮ ਗਿਆਨ ਧਿਆਨ ਪ੍ਰਭ ਦੇਵੇ ਵਥ । ਸਦਾ ਅਡੋਲ ਨਿਰੋਲ ਅਮੋਲ ਸਿਰ ਗੁਰ ਦਾ ਹੱਥ । ਮਹਾਰਾਜ ਸ਼ੇਰ ਸਿੰਘ ਸਦਾ ਅਡੋਲ, ਪੂਰਨ ਪ੍ਰਮੇਸ਼ਵਰ ਸਮਰਥ । ਗਿਆਨ ਦੀਏ ਗੁਰ ਨਾਮ ਜਪਾਏ । ਧਿਆਨ ਕੀਏ ਸਭ ਲਿਵ ਲਾਏ । ਦਇਆਵਾਨ ਹੋ ਪ੍ਰਭ ਦਇਆ ਕਮਾਵੇ । ਨਾਮ ਪਦਾਰਥ ਵਿਚ ਦੇਹ ਪਾਵੇ । ਮਹਾਰਾਜ ਸ਼ੇਰ ਸਿੰਘ ਸਰਬ ਘਟ ਵਸਿਆ, ਜਨਮ ਜਨਮ ਦੀ ਮੇਲ ਗਵਾਵੇ । ਗੁਰਚਰਨ ਜਿਸ ਲੱਗਾ ਧਿਆਨਾ । ਚਾਰ ਜੁਗ ਸਿੱਖ ਰਹੇ ਨਿਸ਼ਾਨਾ । ਉਧਾਰੇ ਸਿੱਖ ਪ੍ਰਭ ਦੇ ਗਿਆਨਾ । ਮਹਾਰਾਜ ਸ਼ੇਰ ਸਿੰਘ ਪ੍ਰਗਟਿਆ ਵਿਸ਼ਨੂੰ ਭਗਵਾਨਾ । ਗੁਰ ਸਾਗਰ ਗੁਰ ਗਹਿਰ ਗੰਭੀਰਾ । ਗੁਰ ਉਜਾਗਰ ਗੁਰ ਗੁਣੀ ਗਹੀਰਾ । ਗੁਰ ਰਤਨਾਗਰ ਗੁਰ ਨਾਉਂ ਵਿਚ ਦੇਹ ਹੀਰਾ । ਗੁਰ ਕਾ ਸ਼ਬਦ ਜੁਗ ਚਾਰ ਵਰਤੀਰਾ । ਮਹਾਰਾਜ ਸ਼ੇਰ ਸਿੰਘ ਜੱਗ ਤੋੜੇ ਬੰਧਨ, ਦੇਵੇ ਦਰਸ ਜੋਤ ਸਰੂਪ ਛੱਡ ਸਰੀਰਾ । ਊਚ ਅਪਾਰ ਗੁਰ

ਦਰਬਾਰਾ । ਜਿਥੇ ਵਸੇ ਪ੍ਰਭ ਆਪ ਨਿਰੰਕਾਰਾ । ਅੰਮ੍ਰਿਤ ਬਰਖੇ ਜਿਉਂ ਜਲ ਧਾਰਾ । ਜਗੇ ਜੋਤ ਨਿਰੰਜਣ ਅਪਾਰਾ । ਤੀਨ ਲੋਕ ਪ੍ਰਭ ਭਗਤ ਪਸਾਰਾ । ਜੋਤ ਸਰੂਪ ਕਰੇ ਜੋਤ ਜਗਤ ਉਜਿਆਰਾ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਸਭ ਕਰੇ ਨਿਮਸਕਾਰਾ । ਧਾਰ ਖੇਲ ਪ੍ਰਭ ਜੋਤ ਅਧਾਰਾ । ਸ੍ਰਿਸ਼ਟ ਉਪਾਈ ਵਿਚ ਆਪ ਨਿਰਾਧਾਰਾ । ਕਵਲ ਨਾਭ ਬ੍ਰਹਮਾ ਪਸਰ ਪਸਾਰਾ । ਕਰ ਕਿਰਪਾ ਮੁਖ ਚਾਰ ਨਿਆਰਾ । ਵੇਦ ਚਾਰ ਵਿਸ਼ਨੂੰ ਭਗਵਾਨ ਸਰਬ ਦੀ ਸਾਰਾ । ਚਾਰ ਵੇਦ ਚਾਰ ਮੁਖ ਲਿਖਾਏ । ਚਾਰ ਵੇਦ ਚਾਰ ਜੁਗ ਵਰਤਾਏ । ਜੁਗ ਚਾਰ ਪ੍ਰਭ ਜੋਤ ਪ੍ਰਗਟਾਏ । ਜੁਗ ਚਾਰ ਸਤਿ ਸਤਿ ਸਤਿ ਮਿਹਰਵਾਨ ਹੋ ਆਏ । ਜੀਵ ਜੰਤ ਰਸਨਾ ਹਰਿ ਹਰਿ ਹਰਿ ਗੁਣ ਗਾਏ । ਸਿਧ ਸਾਧ ਬੈਠੇ ਤਾੜੀ ਲਾਏ । ਸ਼ਿਵ ਸ਼ੰਕਰ ਜਟਾ ਜੂਟ ਰਖਾਏ । ਬਾਸ਼ਕ ਤਸ਼ਕਾ ਗਲ ਲਟਕਾਏ । ਲਾਗ ਗੁਰ ਚਰਨ ਪ੍ਰਭ ਦਰਸ ਪਾਏ । ਅੰਤ ਕਾਲ ਪ੍ਰਭ ਸਭ ਮਾਣ ਗਵਾਏ । ਆਪਣਾ ਭੇਦ ਨਾ ਕਿਸੇ ਬਤਾਏ । ਅਛਲ ਛਲ ਮੋਹਣੀ ਰੂਪ ਬਣਾਏ । ਭੁੱਲਾ ਸ਼ਿਵ ਕਾਮੀ ਹਲਕਾਏ । ਕਰੇ ਖੇਲ ਪ੍ਰਭ ਦੇਹ ਪਲਟਾਏ । ਦੇ ਦਰਸ ਸਭ ਸੋਝੀ ਪਾਏ । ਹੋਵੇ ਅਧੀਨ ਖੜ੍ਹਾ ਦਰ ਸੀਸ ਝੁਕਾਏ । ਹਉਂ ਭੁੱਲਾ ਬਖ਼ਸ਼ ਗੋਬਿੰਦ ਰਾਏ । ਹੋ ਕਿਰਪਾਲ ਪ੍ਰਭ ਮਾਣ ਦਿਵਾਏ । ਪੂਜਾ ਸ਼ਿਵ ਜਗਤ ਰਹਿ ਜਾਏ । ਜੁਗ ਚਾਰ ਵਰਨ ਚਾਰ ਸਭ ਸੀਸ ਝੁਕਾਏ । ਪ੍ਰਗਟ ਨਰ ਅਵਤਾਰ ਸ਼ਕਤੀ ਖਿੱਚ ਵਖਾਏ । ਪ੍ਰਗਟ ਜੋਤ ਅਪਾਰ ਜੋਤ ਵਿਚ ਜੋਤ ਮਿਲਾਏ । ਜਗਤ ਸੋਹੰ ਗਿਆਨ ਪੂਜਾ ਸ਼ਿਵ ਹਟਾਏ । ਉਪਜੇ ਬ੍ਰਹਮ ਗਿਆਨ, ਰਸਨਾ ਨਾਮ ਧਿਆਏ । ਪ੍ਰਗਟ ਆਪ ਨਿਰੰਕਾਰ, ਕਲਜੁਗ ਦੇ ਉਲਟਾਏ । ਸਚਖੰਡ ਸਚ ਸਤਿਜੁਗ ਲਾਇਆ । ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਆਪ ਅਪਰੰਪਰ ਪ੍ਰਭ ਅਗੰਮ ਅਪਾਰਾ । ਜੁਗੋ ਜੁਗ ਕਰੇ ਜੋਤ ਚਮਤਕਾਰਾ । ਸਤਿਜੁਗ ਕੀਤਾ ਪਾਰ ਕਿਨਾਰਾ । ਗੌਤਮ ਰਿਖ ਵਡ ਉਜਿਆਰਾ । ਜੁਗ ਉਲਟਾਵੇ ਰਸਨਾ ਦੁਆਰਾ । ਲਾਏ ਤਰੇਤਾ ਭਇਉ ਰਾਮ ਅਵਤਾਰਾ । ਰਿਗ ਵੇਦ ਜਿਸ ਪਾਰ ਉਤਾਰਾ । ਦੇ ਵਡਿਆਈ ਪ੍ਰਭ ਭਗਤਨ ਤਾਰਾ । ਭੀਲਣੀ ਤਾਈਂ ਦਰਸਾਏ ਸਚ ਦਵਾਰਾ । ਰਾਮ ਰਾਮ ਰਾਮ ਰਮਈਆ ਜਗਤ ਉਧਾਰਾ । ਦੁਸ਼ਟਾਂ ਲਾਹੇ ਘਾਣ, ਕਰ ਜੁਗ ਆਕਾਰਾ । ਭਗਤਨ ਦੇਵੇ ਤਾਰ, ਦੇ ਦਰਸ ਅਪਾਰਾ । ਸਿਲਾ ਦੇਵੇ ਤਾਰ, ਛੋਹੇ ਚਰਨ ਗੁਦਾਰਾ । ਤਰੇਤਾ ਗਵਾਇਆ ਮਾਣ, ਪ੍ਰਭ ਰਾਮ ਅਵਤਾਰਾ । ਦਵਾਪਰ ਪ੍ਰਗਟਿਓ ਰਾਮ ਕ੍ਰਿਸ਼ਨ ਅਵਤਾਰਾ । ਕ੍ਰਿਸ਼ਨ ਕਿਸੂ ਮਾਧੋ ਸਦ ਨਿਮਸਕਾਰਾ । ਦੇ ਕੇ ਬ੍ਰਹਮ ਗਿਆਨ, ਗੀਤਾ ਰਸਨ ਉਚਾਰਾ । ਸਤਿ ਸਤਿ ਸਤਿ ਮਿਹਰਵਾਨ, ਪ੍ਰਭ ਭਗਤਨ ਤਾਰਾ । ਛੱਡ ਛੱਡ ਛੱਡ ਰਾਜਨ ਦਰਬਾਰਾ । ਕਰ ਕਰ ਕਰ ਪਿਆਰ ਸੁਦਾਮਾ ਬਿਦਰ ਆ ਤਾਰਾ । ਹਰਿ ਹਰਿ ਹਰਿ ਨਰਾਇਣ ਭਗਤ ਜਨਾਂ ਪਿਆਰਾ । ਦੁਆਪਰ ਹੋਇਆ ਪਾਰ ਕਲਜੁਗ ਕੀਆ ਪਸਾਰਾ । ਯਜੁਰ ਗਿਆ ਵੇਦ ਅਥਰਬਣ ਲੈ ਉਤਾਰਾ । ਐੜਾ ਅਥਰਬਣ ਉਪਜੇ ਅੱਲ੍ਹਾ ਨੂਰ ਅਪਾਰਾ । ਅੱਲ੍ਹਾ ਇਲਾਹੋ ਨੂਰ, ਈਸ਼ਰ ਜੋਤ ਚਮਤਕਾਰਾ । ਕਲਜੁਗ ਕਰੇ ਖ਼ੁਆਰ, ਖੰਡਾ ਦੇ ਦੋ ਧਾਰਾ । ਰਾਮ ਸਾਰ ਰਸੂਲ ਗਿਆ ਪਸਾਰਾ । ਕਲਜੁਗ ਦਿਤੀ ਹਾਰ, ਈਸਾ ਮੂਸਾ ਪ੍ਰਭ ਦੇ ਉਤਾਰਾ । ਕਲਜੁਗ ਹੋਏ ਖ਼ੁਆਰ, ਜਿਉਂ ਜੀਵ ਵਿਚ ਨਰਕ ਮੰਝਾਰਾ । ਹੋਏ ਸਭ ਖ਼ੁਆਰ, ਪ੍ਰਭ ਖੇਲ ਅਪਾਰਾ । ਦੇ ਜੋਤ ਅਧਾਰ ਪ੍ਰਗਟੇ ਦਸ ਅਵਤਾਰਾ । ਕਿਸੇ ਨਾ ਪਾਈ ਸਾਰ, ਪ੍ਰਭ ਕੀ ਕਰੇ ਵਰਤਾਰਾ । ਲੈ ਕੇ ਈਸ਼ਰ ਓਟ ਸਭ ਚਲਾਏ ਪੰਥ ਨਿਆਰਾ । ਕਿਸੇ ਨਾ ਪਾਈ ਸਾਰ, ਸਦ ਸਦ ਸਦ ਇਕ ਜੋਤ ਅਧਾਰਾ । ਪ੍ਰਭ ਆਪ ਜੋਤ ਸਰੂਪ, ਸਰਬ ਜੀਵ ਜੰਤ ਪ੍ਰਭ ਜੋਤ ਅਧਾਰਾ । ਉਪਜੇ ਜੋਤ ਸਰੂਪ,

ਅੰਤ ਕਾਲ ਹੋਏ ਜੋਤ ਸਮਾਰਾ । ਕਲਜੁਗ ਹੋਇਆ ਘੋਰ, ਜਗਤ ਭਇਓ ਧੁੰਧੂਕਾਰਾ । ਕੋਇ ਨਾ ਪਾਵੇ ਸਾਰ, ਗੁਰ ਬਿਨ ਡੁੱਬੇ ਸਭ ਸੰਸਾਰਾ । ਈਸ਼ਰ ਸਦ ਬਲਿਹਾਰ, ਜੁਗ ਜੁਗ ਪ੍ਰਭ ਲੈ ਅਵਤਾਰਾ । ਕਲਜੁਗ ਕਰਮ ਵਿਚਾਰ, ਪ੍ਰਗਟ ਭਇਓ ਜੋਤ ਚਮਤਕਾਰਾ । ਸਰਬ ਗਵਾਏ ਮਾਣ, ਕੁਰਾਨ ਅੰਜੀਲ ਜਗਤ ਕੀਆ ਕਿਨਾਰਾ । ਚੌਥਾ ਜੁਗ ਉਲਟਾਏ, ਚਾਰ ਵੇਦ ਖਪਾਏ, ਸੋਹੰ ਸ਼ਬਦ ਅਲਾਏ, ਸਚ ਸ਼ਬਦ ਜੁਗ ਚਾਰਾ । ਗੀਤਾ ਗਿਆਨ ਗਵਾਏ, ਬਾਣੀ ਥਿਰ ਨਾ ਰਹਾਏ, ਈਸ਼ਰ ਜੋਤ ਪ੍ਰਗਟਾਏ, ਸਤਿਜੁਗ ਸਾਚਾ ਲਾਏ, ਭਗਤਨ ਦੇਵੇ ਨਾਮ ਅਧਾਰਾ । ਸਚ ਸੁੱਚ ਵਰਤਾਏ । ਜੂਠ ਝੂਠ ਖਪਾਏ, ਪਾਪੀ ਅਪਰਾਧੀ ਸਰਬ ਖਪਾਏ, ਪ੍ਰਭ ਭਗਤ ਤਰਾਏ ਜੋ ਆਏ ਗੁਰ ਦਰਬਾਰਾ । ਪ੍ਰਗਟ ਜੋਤ ਨਿਰੰਜਣ ਰਾਏ, ਕਲਜੁਗ ਕੂੜਾ ਦੀਆ ਉਲਟਾਏ, ਸਤਿਜੁਗ ਸਾਚੀ ਬਣਤ ਬਣਾਏ, ਮਹਾਰਾਜ ਸ਼ੇਰ ਸਿੰਘ ਆਪ ਨਿਰੰਕਾਰਾ । ਨਿਰੰਕਾਰੀ ਨਿਰਵੈਰ ਸਮਾਵੇ, ਕਰ ਖੇਲ ਅਪਾਰ ਚਤੁਰਭੁਜ ਕਹਾਵੇ । ਸਰਬਤਰ ਗੁਆਏ ਮਾਣ, ਸੋਹੰ ਸ਼ਬਦ ਮੁਖ ਰਖਾਵੇ । ਗੁਰਸਿਖਾਂ ਦੇਵੇ ਤਾਰ, ਜਿਨ੍ਹਾਂ ਕਲਜੁਗ ਚਰਨ ਲਗਾਵੇ । ਮਨ ਉਪਜੇ ਬ੍ਰਹਮ ਗਿਆਨ, ਜਿਨ੍ਹਾਂ ਸਿਰ ਗੁਰ ਹੱਥ ਟਿਕਾਵੇ । ਮਿਲੇ ਨਾਮ ਨਿਧਾਨ, ਜਿਨ ਪ੍ਰਭ ਦਇਆ ਕਮਾਵੇ । ਦੇਵੇ ਗੋਝ ਗਿਆਨ, ਸਚ ਦੀ ਜੋਤ ਜਗਾਵੇ । ਝੂਠੀ ਛੱਡ ਪ੍ਰੀਤ, ਪ੍ਰਭ ਦੀ ਆਸ ਤਕਾਵੇ । ਗੁਰ ਪੂਰਾ ਹੋ ਮਿਹਰਵਾਨ, ਜਨਾਂ ਨੂੰ ਪਾਰ ਲੰਘਾਵੇ । ਮਹਾਰਾਜ ਸ਼ੇਰ ਸਿੰਘ ਆਪ ਨਿਰੰਕਾਰ, ਨਿਰਧਨ ਸਰਧਨ ਦੋਵੇਂ ਤਰਾਵੇ । ਜਗਤ ਗੁਰ ਆਇਆ, ਮਨੀ ਸਿੰਘ ਨਾਮ ਰਖਾਇਆ । ਹੋਵੇ ਸ਼ਬਦ ਗਿਆਨ, ਗੋਬਿੰਦ ਗੋਬਿੰਦ ਪ੍ਰਗਟਾਇਆ । ਜਾਮਾ ਆਇਆ ਧਾਰ, ਕਲਜੁਗ ਨਿਹਕਲੰਕ ਅਖਵਾਇਆ । ਬੇਮੁਖਾਂ ਨਾ ਦੇਵੇ ਦੀਦਾਰ, ਐਸੀ ਪਾਈ ਮਾਇਆ । ਗੁਰਸਿਖਾਂ ਦੇਵੇ ਤਾਰ, ਸ਼ਬਦ ਰੂਪ ਪ੍ਰਭ ਦਰਸ ਦਿਖਾਇਆ । ਕਲਜੁਗ ਕਰਮ ਵਿਚਾਰ, ਚਰਨ ਸੰਗ ਜੋੜ ਮਿਲਾਇਆ । ਗੁਰ ਪੂਰੇ ਹੋ ਮਿਹਰਵਾਨ, ਨਾਮ ਨਿਧਾਨ ਦਿਵਾਇਆ । ਮਹਾਰਾਜ ਸ਼ੇਰ ਸਿੰਘ ਪ੍ਰਗਟ ਭਗਵਾਨ, ਸਤਿਜੁਗ ਸਾਚਾ ਲਾਇਆ । ਸਤਿਜੁਗ ਸੋਹੇ ਧਾਮ, ਜਿਥੇ ਗੁਰ ਸਾਚਾ ਆਏ । ਸਤਿਜੁਗ ਸੋਹੇ ਧਾਮ, ਜਿਥੇ ਗੁਰ ਚਰਨ ਟਿਕਾਏ । ਸਤਿਜੁਗ ਸੋਹੇ ਧਾਮ, ਜਿਥੇ ਪ੍ਰਭ ਜੋਤ ਜਗਾਏ । ਸਤਿਜੁਗ ਸੋਹੇ ਧਾਮ, ਜਿਥੇ ਨੈਣ ਮੁੰਧਾਰ ਦਰਸ ਦਿਖਾਏ । ਸਤਿਜੁਗ ਸੋਹੇ ਧਾਮ, ਜਿਥੇ ਬੈਕੁੰਠ ਵਾਸੀ ਰਿਹਾ ਸਮਾਏ । ਸਤਿਜੁਗ ਸੋਹੇ ਧਾਮ, ਜਿਥੇ ਪ੍ਰਭ ਸੋਹੰ ਗਿਆਨ ਦਿਵਾਏ । ਸਤਿਜੁਗ ਸੋਹੇ ਧਾਮ, ਜਿਥੇ ਪ੍ਰਭ ਭਗਤ ਤਰਾਏ । ਸਤਿਜੁਗ ਸੋਹੇ ਧਾਮ, ਜਿਥੇ ਪ੍ਰਭ ਸ਼ਰਨ ਪੜੇ ਦੀ ਲਾਜ ਰਖਾਏ । ਸਤਿਜੁਗ ਸੋਹੇ ਧਾਮ, ਜਿਥੇ ਬੈਠ ਸਾਚੀ ਲਿਖਤ ਕਰਾਏ । ਸਤਿਜੁਗ ਸੋਹੇ ਧਾਮ, ਜਿਥੇ ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚਾ ਲਾਏ । ਧੰਨ ਸੁਹਾਇਆ ਥਾਨ, ਜਿਥੇ ਪ੍ਰਭ ਆਸਣ ਲਾਇਆ । ਧੰਨ ਸੁਹਾਇਆ ਧਾਮ, ਜਿਥੇ ਗੁਰ ਬੈਕੁੰਠ ਬਣਾਇਆ । ਧੰਨ ਸੁਹਾਇਆ ਧਾਮ, ਜਿਥੇ ਜਗਤ ਭੁਲਾਇਆ । ਧੰਨ ਸੁਹਾਇਆ ਧਾਮ, ਜਿਥੇ ਸੰਗਤ ਰਲ ਮੰਗਲ ਗਾਇਆ । ਧੰਨ ਸੁਹਾਇਆ ਧਾਮ, ਜਿਥੇ ਪ੍ਰਭ ਰਾਣਿਆਂ ਮਹਾਰਾਣਿਆਂ ਨੂੰ ਤਖ਼ਤੋਂ ਲਾਹਿਆ । ਧੰਨ ਸੁਹਾਇਆ ਧਾਮ, ਜਿਥੇ ਸਚ ਗੁਰ ਸਚ ਬਚਨ ਲਿਖਾਇਆ । ਧੰਨ ਸੁਹਾਇਆ ਧਾਮ, ਜਿਥੇ ਚਾਰ ਵਰਨ ਕਰ ਗੁਰ ਇਕ ਬਹਾਇਆ । ਧੰਨ ਸੁਹਾਇਆ ਧਾਮ, ਜਿਥੇ ਪ੍ਰਭ ਸੋਹੰ ਦੇ ਗਿਆਨ ਜਗਤ ਤਰਾਇਆ । ਧੰਨ ਸੁਹਾਇਆ ਧਾਮ, ਜਿਥੇ ਪ੍ਰਗਟ ਹੋ ਨਿਰੰਕਾਰ ਕਲਜੁਗ ਦਰਸ ਦਿਖਾਇਆ । ਧੰਨ ਸੁਹਾਇਆ ਧਾਮ, ਪ੍ਰਗਟ ਭਏ ਮਾਤ ਖੰਡ ਬ੍ਰਹਿਮੰਡ ਤਜਾਇਆ । ਧੰਨ ਸੁਹਾਇਆ ਧਾਮ, ਪ੍ਰਗਟ ਨਰ ਅਵਤਾਰ ਬ੍ਰਹਮਾ ਪਾਰ ਕਰਾਇਆ । ਧੰਨ ਸੁਹਾਇਆ ਧਾਮ, ਜਿਥੇ ਤੀਨ ਲੋਕ ਪ੍ਰਭ ਬਣਤ ਬਣਾਇਆ । ਧੰਨ ਸੁਹਾਇਆ ਧਾਮ,

ਜਿਥੇ ਮਹਾਰਾਜ ਸ਼ੇਰ ਸਿੰਘ ਚਰਨ ਟਿਕਾਇਆ । ਸਤਿਗੁਰ ਸਾਚਾ ਸਚ ਸਤਿਜੁਗ ਲਾਏ । ਸਤਿਗੁਰ ਸਾਚਾ ਸਚ ਸ਼ਬਦ ਸੁਣਾਏ । ਸਤਿਗੁਰ ਸਾਚਾ ਸੋਹੰ ਗਿਆਨ ਜਗਤ ਦਿਵਾਏ । ਸਤਿਗੁਰ ਸਾਚਾ ਸਤਿਜੁਗ ਸਾਚਾ ਸਚ ਸੁੱਚ ਵਰਤਾਏ । ਸਤਿਗੁਰ ਸਾਚਾ ਮਦਿ ਮਾਸ ਨਸ਼ਟ ਕਰਾਏ । ਸਤਿਗੁਰ ਸਾਚਾ ਜੀਵ ਜੰਤ ਵਿਚ ਦਇਆ ਕਮਾਏ । ਸਤਿਗੁਰ ਸਾਚਾ ਹਰਿ ਹਰਿ ਹਰਿ ਰਸਨਾ ਨਾਮ ਜਪਾਏ । ਸਤਿਗੁਰ ਸਾਚਾ ਆਪ ਥਿਰ ਹੋ ਸਰਬ ਥਿਨਸਾਏ । ਸਤਿਗੁਰ ਸਾਚਾ ਆਪਣੀ ਮਹਿੰਮਾ ਆਪ ਲਿਖਾਏ । ਸਤਿਗੁਰ ਸਾਚਾ ਸਤਿਜੁਗ ਸਤਿ ਸੰਗਤ ਸੰਗ ਸਮਾਏ । ਸਤਿਗੁਰ ਸਾਚਾ ਮੂਰਖ ਮੁਗਧ ਅੰਞਾਣ ਦੇ ਕੇ ਸ਼ਬਦ ਗਿਆਨ ਬੁਝਾਏ । ਸਤਿਗੁਰ ਸਾਚਾ ਮਾਣ ਅਭਿਮਾਨ ਦੇ ਦਰਸ ਮਿਟਾਏ । ਸਤਿਗੁਰ ਸਾਚਾ ਅਧਰਮ ਕੁਕਰਮ ਨਸ਼ਟ ਹੋ ਜਾਏ । ਸਤਿਗੁਰ ਸਾਚਾ ਸਚ ਪਰੀਖਤ ਆਪ ਹੋ ਜਾਏ । ਸਤਿਗੁਰ ਸਾਚਾ ਸਚ ਸੰਜਮ ਸਚ ਰਿਹਾ ਸਮਾਏ । ਸਤਿਗੁਰ ਸਾਚਾ ਸਚਖੰਡ ਮਾਤਲੋਕ ਬਣਾਏ । ਸਤਿਗੁਰ ਸਾਚਾ ਗੁਰਸਿਖ ਤਰਾਏ । ਸਤਿਗੁਰ ਸਾਚਾ ਸਾਧ ਸੰਗਤ ਕਲ ਮਾਣ ਦਵਾਏ । ਸਤਿਗੁਰ ਸਾਚਾ ਕਰ ਚਰਨ ਪ੍ਰਨਾਮ, ਚਰਨ ਗੁਰ ਆਸ ਰਖਾਏ । ਸਤਿਗੁਰ ਸਾਚਾ ਦੇਵੇ ਸਭ ਨੂੰ ਤਾਰ, ਭਵਜਲ ਪਾਰ ਕਰਾਏ । ਸਤਿਗੁਰ ਸਾਚਾ ਸਭ ਦੀ ਲੇਵੇ ਸਾਰ, ਹਰ ਜੀਵ ਮੇਂ ਰਿਹਾ ਸਮਾਏ । ਸਤਿਗੁਰ ਸਾਚਾ ਜੀਵ ਨਾ ਪਾਵੇ ਸਾਰ, ਜਿਸ ਵਿਚ ਬੈਠਾ ਆਸਣ ਲਾਏ । ਸਤਿਗੁਰ ਸਾਚਾ ਦੇਵੇ ਸ਼ਬਦ ਗੁੰਜਾਰ, ਜੋ ਗੁਰ ਧਿਆਨ ਲਗਾਏ । ਸਤਿਗੁਰ ਸਾਚਾ ਦੇਵੇ ਬ੍ਰਹਮ ਗਿਆਨ, ਗੁਰਸਿਖ ਰਿਦੇ ਧਿਆਏ । ਸਤਿਗੁਰ ਸਾਚਾ ਜੀਵ ਜਗਤ ਨਾ ਜਾਏ ਨਿਰਾਸ, ਜੇ ਗੁਰ ਓਟ ਤਕਾਏ । ਸਤਿਗੁਰ ਸਾਚਾ ਭਗਤ ਵਛਲ ਕਿਰਪਾਲ, ਭਗਤਾਂ ਦੀ ਪੈਜ ਰਖਾਏ । ਸਤਿਗੁਰ ਦੇਖੇ ਇਹ ਜਗਤ ਤਮਾਸ਼ਾ । ਜੀਵ ਉਪਾਏ ਅਪ ਤੇਜ ਵਾਏ ਪ੍ਰਿਥਮੀ ਆਕਾਸ਼ਾ । ਮਨ ਮਤਿ ਬੁਧਿ ਜੀਵ ਆਤਮ ਧਰਵਾਸਾ । ਜੀਵ ਨਾ ਪਾਏ ਸਾਰ, ਵਿਚ ਦੇਹ ਗੁਰ ਪੂਰੇ ਵਾਸਾ । ਪ੍ਰਭ ਦੇਵੇ ਪਰਦਾ ਖੋਲ੍ਹ, ਜਿਸ ਗੁਰ ਚਰਨ ਭਰਵਾਸਾ । ਮਿਲੇ ਸ਼ਬਦ ਅਨਮੋਲ, ਹੋਵੇ ਆਤਮ ਪ੍ਰਕਾਸ਼ਾ । ਵਿਚ ਦਿਸੇ ਜੋਤ ਅਡੋਲ, ਜਗਾਈ ਪ੍ਰਭ ਅਬਿਨਾਸ਼ਾ । ਗੁਰ ਪੂਰੇ ਵੇਖੇ ਚੋਹਲ, ਕਲਜੁਗ ਜੀਵ ਹੋਏ ਬੈਠ ਨਿਰਾਸਾ । ਮਹਾਰਾਜ ਸ਼ੇਰ ਸਿੰਘ ਸਰਬ ਜੀਵ ਜੰਤ ਭਇਓ ਵਾਸਾ । ਰਸ ਰਸ ਰਸਨਾ ਗੁਰ ਮੁਖ ਚੁਆਇਆ । ਮਿਲ ਮਿਲ ਮਿਲ ਸਖੀਆਂ ਹਰਿ ਜਸ ਗਾਇਆ । ਹੱਸ ਹੱਸ ਹੱਸ ਗੁਰ ਪੂਰੇ ਨਾਮ ਜਪਾਇਆ । ਨੱਸ ਨੱਸ ਨੱਸ ਗੁਰਸੰਗਤ ਗੁਰ ਸ਼ਬਦ ਝੋਲੀ ਪਾਇਆ । ਦੱਸ ਦੱਸ ਦੱਸ ਪ੍ਰਭ ਸਿੱਖ ਮਾਰਗ ਪਾਇਆ । ਵਸ ਵਸ ਵਸ ਉਜੜਿਆ ਪ੍ਰਭ ਫੇਰ ਵਸਾਇਆ । ਫਸ ਫਸ ਜਮ ਫਾਸ ਪ੍ਰਭ ਗਲੋਂ ਕਟਾਇਆ । ਧੰਨ ਧੰਨ ਧੰਨ ਗੁਰ ਸਤਿਗੁਰ ਪੂਰਾ, ਦਰ ਘਰ ਆਇਆ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਦੁਖੀਆਂ ਦਾ ਜਿਸ ਦੁੱਖ ਗਵਾਇਆ । ਪ੍ਰਭ ਦਰ ਖੜ੍ਹੇ ਦੋਏ ਜੋੜ ਸਵਾਲੀ । ਬਖ਼ਸ਼ੇ ਅਵਗੁਣ ਪ੍ਰਭ ਮਿਲੇ ਬਨਵਾਲੀ । ਪ੍ਰਗਟ ਹੋਇਆ ਸਰਬ ਸ੍ਰਿਸ਼ਟ ਵਾਲੀ । ਗੁਰਸਿਖਾਂ ਘਾਲ ਗੁਰ ਥਾਂਏ ਪਾ ਲੀ । ਉਧਰੇ ਜੀਵ ਜਿਨ ਪ੍ਰੀਤ ਗੁਰਚਰਨ ਲਗਾ ਲੀ । ਹੋਏ ਅਤੀਤ ਜਿਨ੍ਹਾਂ ਦਰ ਸੇਵ ਕਮਾ ਲੀ । ਹੋਏ ਪੁਨੀਤ ਜਿਨ੍ਹਾਂ ਦਰਸ ਪ੍ਰਭ ਜੋਤ ਦਰਸਾ ਲੀ । ਸੋਹੰ ਸ਼ਬਦ ਪ੍ਰਭ ਨਾਮ ਰਖਾ ਲੀ । ਮਹਾਰਾਜ ਸ਼ੇਰ ਸਿੰਘ ਸਦ ਲਾਗੋ ਚਰਨਾਂ, ਕਾਇਆ ਰੋਗ ਪ੍ਰਭ ਸਰਬ ਮਿਟਾ ਲੀ ।

੧੫੬
੦੧
ਨਿਹਕਲੰਕ ਹਰਿ ਸ਼ਬਦ

ਗੁਰ ਕਰਮ ਕਮਾਇੰਦਾ । ਕਰ ਪ੍ਰਗਟ ਸ਼ਬਦ ਸੁਣਾਇੰਦਾ । ਦੇ ਸੋਹੰ ਸ਼ਬਦ ਗਿਆਨ, ਪਰਦਾ ਆਤਮ ਲਾਹਿੰਦਾ । ਭੁੱਲੇ ਕਲਜੁਗ ਆਣ, ਗੁਰ ਸਚ ਮਾਰਗ ਲਾਇੰਦਾ । ਗੁਰ ਪਾਪੀਆਂ ਦੇਵੇ ਤਾਰ, ਜੋ ਗੁਰ ਦਰ ਤੇ ਆਇੰਦਾ । ਬੇਮੁਖਾਂ ਦੇਵੇ ਹਾਰ, ਹੋ ਮਾਣਸ ਮੁਖ ਭਵਾਇੰਦਾ । ਪ੍ਰਭ ਦੇਵੇ ਬ੍ਰਹਮ ਗਿਆਨ, ਮਨ ਅਨਹਦ ਸ਼ਬਦ ਵਜਾਇੰਦਾ । ਭਵ ਸਾਗਰ ਉਤਰੇ ਪਾਰ, ਗੁਰਚਰਨੀਂ ਜੋ ਚਿਤ ਲਾਇੰਦਾ । ਦਰਗਾਹ ਦੇਵੇ ਮਾਣ, ਜੋ ਗੁਰਸਿਖ ਨਾਮ ਸਦਾਇੰਦਾ । ਪ੍ਰਭ ਕਰੇ ਜੋਤ ਪ੍ਰਕਾਸ਼, ਅੰਤਰ ਜੀਵ ਜੋਤ ਜਗਾਇੰਦਾ । ਪ੍ਰਭ ਦੇ ਕੇ ਬ੍ਰਹਮ ਗਿਆਨ, ਦਰ ਠਾਂਡਾ ਦਰਸਾਇੰਦਾ । ਹੰਕਾਰੀਆਂ ਨਿੰਦਕਾਂ ਕਰੇ ਖ਼ੁਆਰ, ਦਰ ਮੰਗਣ ਭਿਖ ਨਾ ਪਾਇੰਦਾ । ਗੁਰਮੁਖਾਂ ਦੇਵੇ ਮਾਣ, ਵਿਚ ਦਰਗਹਿ ਸਚ ਬਿਠਾਇੰਦਾ । ਮਹਾਰਾਜ ਸ਼ੇਰ ਸਿੰਘ ਪ੍ਰਗਟ ਭਗਵਾਨ, ਗੁਰਸਿਖ ਜੋਤ ਮਿਲਾਇੰਦਾ । ਜੋਤ ਜਗਤ ਪ੍ਰਭ ਆਪ ਜਗਾਵੇ । ਪ੍ਰਭ ਅਬਿਨਾਸ਼ੀ ਸਦਾ ਰਹਾਵੇ । ਜੁਗਤ ਜਗਤ ਮਾਇਆ ਰੂਪ ਬਣਾਵੇ । ਮਾਇਆ ਮਮਤਾ ਕਲ ਜੀਵ ਡੁਬਾਵੇ । ਬੇਮੁਖਾਂ ਗੁਰਚਰਨ ਨਾ ਲਾਵੇ । ਗੁਰਸਿਖਾਂ ਘਰ ਜੈ ਜੈ ਜੈਕਾਰ ਕਰਾਵੇ । ਅਨੰਦ ਮੰਗਲ ਹੋਏ ਗੁਰ ਕੇਰਾ, ਹਰਿ ਹਰਿ ਹਰਿ ਰਸਨਾ ਨਾਮ ਜਪਾਵੇ । ਪ੍ਰਗਟ ਕੀਓ ਪ੍ਰਭ ਜੋਤ ਪ੍ਰਕਾਸ਼ਾ, ਦਰ ਆਇਆਂ ਗੁਰ ਪਾਰ ਲਗਾਵੇ । ਸ਼ਬਦ ਰੂਪ ਗੁਰ ਖੇਲ ਰਚਾਇਓ । ਪ੍ਰਗਟ ਜੋਤ ਵਿਚ ਸਿੱਖ ਸਮਾਵੇ । ਸਰਬ ਕਲਾ ਸਮਰਥ ਪ੍ਰਭ ਪੂਰਾ, ਆਪ ਅਭੇਵ ਕੋਈ ਭੇਦ ਨਾ ਪਾਵੇ । ਰੰਗ ਰੰਗੀਲਾ ਮੋਹਣ ਮਾਧਵ, ਜੁਗੋ ਜੁਗ ਪ੍ਰਭ ਜੋਤ ਜਗਾਵੇ । ਜੋਤ ਜਗਾਏ ਆਪ ਪ੍ਰਭ ਠਾਕਰ, ਛਡ ਦੇਹ ਵਿਚ ਜੋਤ ਸਮਾਵੇ । ਕਵਲ ਨੈਣ ਗੁਰ ਕਰਮ ਕਰੰਦਾ, ਦਇਆ ਧਾਰ ਸਤਿ ਸਤਿਜੁਗ ਲਾਵੇ । ਹਰਿ ਮਿਲ ਭਗਤ ਹੋਏ ਮਨ ਤਨ ਹਰਿਆ, ਸਚ ਸ਼ਬਦ ਗੁਰ ਗਿਆਨ ਦਿਵਾਵੇ । ਰਾਮ ਕ੍ਰਿਸ਼ਨ ਪ੍ਰਗਟਿਓ ਭਗਵਾਨਾ, ਮਹਾਰਾਜ ਸ਼ੇਰ ਸਿੰਘ ਨਾਮ ਰਖਾਵੇ । ਨਾਉਂ ਨਿਧਾਨ ਮਿਲ ਗੁਰਸਿਖਾਂ ਪਾਇਆ । ਗੁਰਸਿਖਾਂ ਪਾਏ ਸਾਰ, ਜਿਨ੍ਹਾਂ ਹਰਿ ਦਰਸ ਦਿਖਾਇਆ । ਦਰਸ ਦਿਖਾਏ ਆਪ ਗੁਰ ਪੂਰਾ, ਕ੍ਰਿਸ਼ਨ ਬਾਲ ਸਿਰ ਮੁਕਟ ਟਿਕਾਇਆ । ਕਲਜੁਗ ਆਣ ਭਗਤ ਗੁਰ ਤਾਰੇ, ਵਿਛੜਿਆਂ ਗੁਰ ਮੇਲ ਕਰਾਇਆ । ਦਰਸ ਦੇਵੇ ਆਪ ਪ੍ਰਭ ਕਰਤਾ, ਗੁਰਸਿਖਾਂ ਮਨ ਰੰਗ ਮਜੀਠ ਚੜ੍ਹਾਇਆ । ਸਚ ਉਪਦੇਸ਼ ਕੀਆ ਜਗ ਅੰਤਰ, ਸੋਹੰ ਸ਼ਬਦ ਮੁਖ ਰਖਾਇਆ । ਓਅੰ ਆਪ ਪ੍ਰਭ ਕਰੇ ਨਿਰੰਕਾਰਾ, ਸੋਹੰ ਸ਼ਬਦ ਗੁਰ ਨਾਮ ਰਖਾਇਆ । ਜੋਤ ਨਿਰੰਜਣ ਜੋਤ ਆਕਾਰਾ, ਜੀਵ ਜੰਤ ਸਭ ਕੀਆ ਪਸਾਰਾ । ਨਾਦਾਨੀ ਅਭਿਮਾਨੀ ਪ੍ਰਭ ਦਰਸ ਨਾ ਪਾਇਓ, ਕਲਜੁਗ ਡੋਬੇ ਵਿਚ ਮੰਝਧਾਰਾ । ਗੁਰਮੁਖਾਂ ਮਿਲਿਆ ਜਗ ਕਰਤਾ, ਪ੍ਰਗਟ ਭਇਓ ਜੋਤ ਸੰਸਾਰਾ । ਕਰਮ ਧਰਮ ਗੁਰ ਆਪ ਵਿਚਾਰਿਆ, ਕਰ ਕਿਰਪਾ ਪ੍ਰਭ ਪਾਰ ਉਤਾਰਾ । ਮਹਾਰਾਜ ਸ਼ੇਰ ਸਿੰਘ ਪ੍ਰਭ ਨਰਿੰਦਰ, ਸੋਹੰ ਸ਼ਬਦ ਭਗਤ ਦੀਆ ਭੰਡਾਰਾ । ਸੋਹੰ ਸ਼ਬਦ ਰਸਨਾ ਗਾਇਆ । ਤਨ ਮਨ ਹਰਿਆ, ਧੰਨ ਘਰ ਮਾਹਿ ਪਾਇਆ । ਉਪਜੇ ਗਿਆਨ ਹੋਵੇ ਤਨ ਸੀਤਲ, ਅੰਤ ਕਾਲ ਨਾ ਕਾਲ ਖਪਾਇਆ । ਗੁਰਚਰਨ ਲਾਗ ਭਵ ਸਾਗਰ ਤਰੀਏ, ਗਰਭਵਾਸ ਗੁਰ ਬੰਧ ਕਟਾਇਆ । ਕਲਜੁਗ ਸਿੱਖ ਚੰਦਨ ਮਹਿਕਾਏ, ਸੋਹੰ ਜਿਨ੍ਹਾਂ ਰਸਨਾ ਗਾਇਆ । ਪਸੂ ਪਰੇਤੋਂ ਦੇਵ ਕਰੇ ਗੁਰ ਪੂਰਾ, ਜਮ ਡੰਡ ਨਾ ਸਿਰ ਤੇ ਆਇਆ । ਗੁਰਸਿਖਾਂ ਮਨ ਚਾਉ ਘਨੇਰਾ, ਪ੍ਰਭ ਅਬਿਨਾਸ਼ੀ ਘਰ ਮਹਿ ਪਾਇਆ । ਬੇਮੁਖਾਂ ਘਰ ਸਦਾ ਹਨੇਰਾ, ਜਿਨ੍ਹਾਂ ਗੁਰ ਤੋਂ ਮੁਖ ਭਵਾਇਆ । ਮਹਾਰਾਜ ਸ਼ੇਰ ਸਿੰਘ ਜਗਤ ਗੁਰ ਦਾਤਾ, ਕਿਲਵਿਖ ਕਾਟ ਜਿਸ ਨਾਮ ਜਪਾਇਆ । ਪ੍ਰਭ

੧੫੭
੦੧

ਭਇਓ ਜੋਤ ਪ੍ਰਕਾਸ਼, ਕਲਜੁਗ ਕਰਮ ਕਮਾਇਆ । ਦੁੱਖੀ ਜੀਵ ਕਰਨ ਪੁਕਾਰ, ਸੋਹੰ ਸ਼ਬਦ ਗੁਰ ਬਾਣ ਚਲਾਇਆ । ਗੁਰਚਰਨ ਧਿਆਨ ਸੁਖ ਮਨ ਉਪਜੇ, ਰੋਗ ਸੋਗ ਪ੍ਰਭ ਦੇ ਮਿਟਾਇਆ । ਸ਼ਬਦ ਤੇਗ ਗੁਰ ਆਪ ਉਠਾਈ, ਕਲਜੁਗ ਕਰਮ ਸਭ ਨਸ਼ਟ ਕਰਾਇਆ । ਰਸਨਾ ਸ਼ਬਦ ਆਪ ਪ੍ਰਭ ਉਪਜੇ, ਇਕ ਲੱਖ ਅੱਸੀ ਹਜ਼ਾਰ ਭੂਤ ਪ੍ਰੇਤ ਬਣਾਇਆ । ਮੇਰਾ ਨਾਮ ਨਿਰਬਾਣ ਭਇਓ ਜਗ ਅੰਤਰ, ਗੁਰ ਨਾਨਕ ਮੰਤਰ ਸਚ ਕਰ ਵਖਾਇਆ । ਮਸਾਣ ਪੌਣ ਪੌਣ ਸ਼ਬਦ ਗੁਰ ਬਾਧੇ, ਬੀਰ ਅਠਾਰਾਂ ਨਾਸ ਕਰਾਇਆ । ਬੀਰ ਮੁਹੰਮਦ ਸੰਗ ਚਾਰ ਯਾਰਾ, ਖ਼ਵਾਜਾ ਖ਼ਿਜ਼ਰ ਡੋਬੇ ਜਲ ਧਾਰਾ । ਹਾਕਨ ਡਾਕਨ ਝਾਕਨ ਗੁਰ ਸਿਰ ਮੁਨਵਾਏ, ਫਿਰੇ ਲੁਬਾਈ ਹੋਵੇ ਕਲ ਖ਼ੁਆਰਾ । ਅੰਚਨੀ ਕੰਚਨੀ ਨਿਰੰਚਨੀ ਕੋਈ ਨੇੜ ਨਾ ਆਏ, ਸਚ ਸ਼ਕਤ ਪ੍ਰਭ ਖਿੱਚ ਵਖਾਏ ਵਿਚ ਸੰਸਾਰਾ । ਮਵਕਲ ਨਾ ਕੋਈ ਭੈ ਰਖਾਏ, ਸ਼ਹੀਦ ਮੁਰੀਦ ਗੁਰਸਿਖ ਨੇੜ ਨਾ ਆਏ, ਸੋਹੰ ਸ਼ਬਦ ਜਲੇ ਅੰਗਿਆਰਾ । ਰੋਗ ਸੋਗ ਸਰਬ ਗੁਰ ਮੇਟੇ, ਕਲਜੁਗ ਕੀਓ ਜੋਤ ਚਮਤਕਾਰਾ । ਛਲ ਛਿਦਰ ਬਲੀਆ ਛਲੀਆ ਸਭ ਭਸਮ ਕਰਾਏ, ਗੁਰ ਦਰ ਬੱਧੇ ਚੋਟਾਂ ਖਾਇਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਅੰਮ੍ਰਿਤ ਬਰਖਾ ਲਾ ਦੁਖੀਆਂ ਦੁੱਖ ਮਿਟਾਇਆ । ਅੰਮ੍ਰਿਤ ਅਮਰ ਰੂਪ ਗੁਰ ਆਪ ਵਰਸਾਏ । ਗੁਰ ਗੋਬਿੰਦ ਮਿਲ ਗੁਰਸੰਗਤ ਸ਼ਾਂਤ ਵਰਤਾਏ । ਗੁਰਸੰਗਤ ਮਨ ਪ੍ਰਭ ਨਾਮ ਰੰਗਤ, ਦੇ ਦਰਸ ਅਗਿਆਨ ਅੰਧੇਰ ਚੁਕਾਏ । ਕਲਜੁਗ ਪ੍ਰਗਟਿਓ ਆਪ ਨਿਰੰਕਾਰਾ, ਆਤਮ ਵਿਚ ਪ੍ਰਭ ਜੋਤ ਜਗਾਏ । ਜਗੇ ਜੋਤ ਗੁਰ ਚਰਨ ਦਵਾਰੇ, ਉਪਜੇ ਸ਼ਬਦ ਮਨ ਧੁਨ ਵਜਾਏ । ਸ਼ਬਦ ਪ੍ਰਭ ਦਰਸ਼ਨ ਪਾਈਏ, ਨਿਜਾਨੰਦ ਰਿਹਾ ਸਮਾਏ । ਗੁਰ ਬਿਨ ਕੋਈ ਨਾ ਸੰਸਾ ਚੂਕੇ, ਦੇ ਗਿਆਨ ਗੁਰ ਗੋਝ ਵਖਾਏ । ਅੰਮ੍ਰਿਤ ਬੂੰਦ ਆਪ ਗੁਰ ਵਰਖੇ, ਗੁਰਸਿਖਾਂ ਗੁਰ ਮੁਖ ਚਵਾਏ । ਬਿਨ ਗੁਰ ਕੋਈ ਨਾ ਸਾਰ ਸਮਾਲੇ, ਝਿਰਨਾ ਅੰਮ੍ਰਿਤ ਨਾ ਕੋਈ ਝਿਰਾਏ । ਝਿਰ ਝਿਰ ਝਿਰ ਝਿਰਨਾ ਬੂੰਦ ਉਪਜੇ, ਅੰਮ੍ਰਿਤ ਬੂੰਦ ਕਵਲ ਮੁਖ ਪਾਏ । ਖੁਲ੍ਹੇ ਕਵਲ ਗੁਰ ਦੇ ਪ੍ਰਗਾਸਿਆ, ਦੇਹ ਦੀਪਕ ਗੁਰ ਜੋਤ ਜਗਾਏ । ਜਗੇ ਜੋਤ ਸ਼ਾਂਤ ਮਨ ਉਪਜੇ, ਨਿਜ ਘਰ ਬੈਠੇ ਤਾੜੀ ਲਾਏ । ਰਾਮ ਨਾਮ ਰਸਨਾ ਨਿੱਤ ਗਾਏ, ਘਰ ਬੈਠ ਪ੍ਰਭ ਅਬਿਨਾਸ਼ੀ ਪਾਏ । ਪ੍ਰਭ ਅਬਿਨਾਸ਼ ਭਗਤ ਰਖਵਾਲਾ, ਜੁਗੋ ਜੁਗ ਪ੍ਰਭ ਭੇਸ ਰਖਾਏ । ਆਦਿ ਅੰਤ ਪ੍ਰਭ ਕਿਸੇ ਨਾ ਪਾਇਆ, ਕਬ ਜੋਤ ਸਰੂਪ ਕਬ ਦੇਹ ਪਲਟਾਏ । ਪ੍ਰਭ ਕੀ ਮਹਿੰਮਾ ਵੇਦ ਨਾ ਜਾਨਣ, ਆਪਣਾ ਭੇਤ ਨਾ ਕਿਸੇ ਜਤਾਏ । ਜੋਤ ਆਧਾਰ ਰਹੇ ਪ੍ਰਭ ਠਾਕਰ, ਜੋਤ ਆਧਾਰ ਸਭ ਜੀਵ ਰਖਾਏ । ਭੇਵ ਨਾ ਪਾਵਣ ਪੂਰਾ ਗੁਰ ਨਾ ਪਛਾਨਣ ਅੱਜ ਵਿਚ ਬੈਠਾ ਆਸਣ ਲਾਏ । ਅੰਤਕਾਲ ਪ੍ਰਭ ਕਿਨੇ ਨਾ ਬਤਾਇਓ, ਜੋਤ ਸਰੂਪ ਹੋ ਜੋਤ ਲੈ ਜਾਏ । ਨਾਮ ਵਿਹੂਣ ਦਰ ਢੋਈ ਨਾ ਪਾਇਣ, ਜਮ ਕੀ ਫਾਸ ਪ੍ਰਭ ਗਲੇ ਪਵਾਏ । ਗੁਰਸਿਖਾਂ ਗੁਰ ਪਾਰ ਉਤਾਰੇ, ਅੰਤਕਾਲ ਪ੍ਰਭ ਦਰਸ ਦਿਖਾਏ । ਗੁਰਮੁਖ ਸਦਾ ਜਗਤ ਨਿਰਾਲਮ, ਵਿਚ ਬਬਾਣ ਪ੍ਰਭ ਲਏ ਬਿਠਾਏ । ਸਚ ਸ਼ਬਦ ਗੁਰ ਸਿੱਖਨ ਦੀਆ, ਸੋਹੰ ਸ਼ਬਦ ਜਗ ਵਰਤਾਏ । ਖਾਣੀ ਬਾਣੀ ਗਗਨ ਪਤਾਲੀ, ਸਰਬ ਤਾਈਂ ਪ੍ਰਭ ਦੇ ਉਲਟਾਏ । ਏਕ ਸ਼ਬਦ ਪ੍ਰਭ ਆਪ ਹੈ ਏਕਾ, ਏਕ ਸ੍ਰਿਸ਼ਟ ਜਿਸ ਵਿਚ ਸਮਾਏ । ਝੂਠੀ ਕਾਇਆ ਵਿਚ ਜੋਤ ਪ੍ਰਕਾਸ਼ਾ, ਚਾਰ ਵਰਨ ਪ੍ਰਭ ਰੰਗ ਇਕ ਸਮਾਏ । ਸੋ ਵੱਡਾ ਜਿਸ ਹਰਿ ਰੰਗ ਮਾਣਿਆਂ, ਗੁਰਮੁਖ ਨਾਉਂ ਜਗਤ ਰਹਿ ਜਾਏ । ਸਤਿਜੁਗ ਖੇਲ ਕਰੇ ਪ੍ਰਭ ਨਿਆਰਾ, ਮਦਿ ਮਾਸ ਸਭ ਨਸ਼ਟ ਹੋ ਜਾਏ । ਅਹਾਰ ਕਰੇ ਜੋ ਮਾਨੁਖ ਦੇਹੀ, ਜਨਮ ਜਨਮ ਜੂਨ ਪ੍ਰਭ ਅਗਨ, ਜਨਮ ਜਨਮ ਪ੍ਰਭ ਜੂਨ ਪ੍ਰੇਤ ਲਿਖਾਏ । ਅੰਤ ਕਾਲ ਨਾ ਕੋਈ ਸਹਾਈ, ਗੁਰ ਬਿਨ ਕੋਈ ਨਾ ਪਾਰ

ਲੰਘਾਏ । ਕਲੂ ਕਾਲ ਭਇਓ ਅੰਧਿਆਰਾ, ਕਰਮ ਧਰਮ ਨਸ਼ਟ ਹੋ ਜਾਏ । ਕਰਮ ਕਲੂ ਵਿਚ ਆਪ ਨਿਰੰਕਾਰਾ, ਪ੍ਰਗਟ ਜੋਤ ਨਿਹਕਲੰਕ ਹੋ ਆਏ । ਮਹਾਰਾਜ ਸ਼ੇਰ ਸਿੰਘ ਪੂਰਨ ਪਰਮੇਸ਼ਰ, ਧਾਰ ਖੇਲ ਚਤੁਰਭੁਜ ਕਹਾਏ । ਸਚ ਸਚ ਸਚ ਸਤਿਜੁਗ ਗੁਰ ਵਖਾਣਿਆਂ । ਹਰਿ ਹਰਿ ਹਰਿ ਰੰਗ ਗੁਰਸਿਖਾਂ ਮਾਣਿਆਂ । ਤਰ ਤਰ ਤਰ ਗੁਰ ਚਰਨ ਨਿਮਾਣਿਆਂ । ਜਰ ਜਰ ਜਰ ਦੁੱਖ ਬੇਮੁਖ ਅੰਞਾਣਿਆਂ । ਮਰ ਮਰ ਮਰ ਕਲਜੁਗ ਗੁਰ ਭੁਲਾਣਿਆਂ । ਵਡ ਵਡ ਵਡ ਪ੍ਰਭ ਆਪ ਭਗਤ ਵਡਾਣਿਆਂ । ਚਾੜ੍ਹ ਚਾੜ੍ਹ ਚਾੜ੍ਹ ਸਚਖੰਡ ਵਖਾਣਿਆਂ । ਮਹਾਰਾਜ ਸ਼ੇਰ ਸਿੰਘ ਚਲੇ ਆਪਣੇ ਭਾਣਿਆਂ । ਗੁਰਸਿਖਾਂ ਘਰ ਗੁਰ ਚਰਨ ਦਵਾਰਾ । ਬੇਮੁਖਾਂ ਦਰ ਨਰਕ ਮੰਝਾਰਾ । ਗੁਰਸਿਖਾਂ ਮਨ ਚਾਉ ਨਿਆਰਾ । ਬੇਮੁਖਾਂ ਮਨ ਵਧੇ ਵਿਕਾਰਾ । ਗੁਰਸਿਖਾਂ ਕਲ ਪ੍ਰਭ ਦਰਸਾਰਾ । ਬੇਮੁਖਾਂ ਦੇਵੇ ਪ੍ਰਭ ਨਰਕ ਨਵਾਰਾ । ਗੁਰਮੁਖਾਂ ਦੇ ਗੁਰ ਅੰਮ੍ਰਿਤ ਭੰਡਾਰਾ । ਬੇਮੁਖਾਂ ਮੁਖ ਵਿਸ਼ਟ ਮੁਗਾਰਾ । ਮਹਾਰਾਜ ਸ਼ੇਰ ਸਿੰਘ ਗੁਰ ਸਚ ਗੁਰ ਪੂਰਾ, ਕਲਜੁਗ ਭਗਤ ਪਾਵੇ ਸਾਰਾ । ਭਗਤ ਭਗਵੰਤ ਦੋਏ ਏਕ ਸਰੂਪਾ । ਵਿਚ ਭਗਤ ਵਸੇ ਆਪ ਪ੍ਰਭ ਭੂਪਾ । ਪ੍ਰਗਟ ਜੋਤ ਵਿਚ ਅੰਧ ਕੂਪਾ । ਨਾਮ ਨਿਰੰਜਣ ਭਇਓ ਸਵੱਛ ਸਰੂਪਾ । ਮਹਾਰਾਜ ਸ਼ੇਰ ਸਿੰਘ ਭਗਤ ਉਧਾਰਨ ਪ੍ਰਗਟ ਜੋਤ ਆਪ ਪ੍ਰਭ ਅਨੂਪਾ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਦਰ ਜਗਤ ਗੁਰ ਆਪ ਦਿਖਾਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਨਾਥ ਤ੍ਰੈਲੋਕੀ ਮਾਤ ਸਮਾਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਸਰਬ ਘਟ ਵਾਸੀ ਸਿੱਖ ਦੇਹ ਸਮਾਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਖੰਡ ਵਰਭੰਡ ਬ੍ਰਹਿਮੰਡ ਜਿਸ ਰੰਗ ਲਾਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਲੋਕ ਤੀਨ ਜੈ ਜੈ ਜੈਕਾਰ ਕਰਾਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਪਤਿਤ ਉਧਾਰਨ ਗੁਰ ਚਰਨ ਟਿਕਾਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਜਿਥੇ ਮਿਲ ਸੰਗਤ ਹਰਿ ਹਰਿ ਹਰਿ ਜਸ ਗਾਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਕਲਜੁਗ ਓਟ ਗਈ ਜਗਤ ਪਿਤ ਭਏ ਸਰਨਾਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਮੁਕੰਦ ਮਨੋਹਰ ਕਿਰਪਾਨਿਧ ਆਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਗੁਰਪ੍ਰਸਾਦਿ ਸਤਿ ਸਤਿ ਸਤਿ ਵਰਤਾਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਗੁਰ ਦਰ ਆਇਆ ਨਾ ਜੀਵ ਬਿਲਲਾਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਕਰ ਦਰਸ ਗੁਰ ਮਨ ਸਹਿੰਸਾ ਲਾਹਿਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਜਗਤ ਨਿਆਰਾ ਸਰਬ ਪਧਾਰਾ ਪ੍ਰਭ ਦਰਸਾਇਆ । ਗੁਰ ਕਿਰਪਾ ਹੋਏ ਦਿਨ ਵਡਭਾਗੀ, ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ ਭਗਤ ਜਨਾਂ ਸਿਰ ਹੱਥ ਟਿਕਾਇਆ । ਕਲਜੁਗ ਪ੍ਰਭਾਸ ਗੁਰਸਿਖ ਵਿਚ ਚੰਦਨ । ਦੋਏ ਜੋੜ ਕਰੇ ਦਰ ਬੰਦਨ । ਤਾਰੇ ਆਪ ਪ੍ਰਭ ਤ੍ਰੈਲੋਕੀ ਨੰਦਨ । ਦਰ ਤੇ ਖੜ੍ਹੇ ਗੁਰ ਦਰਸ ਮਨ ਮੰਗਣ । ਸੋਹੰ ਸ਼ਬਦ ਦੇ ਗਿਆਨ, ਗੁਰ ਪੂਰੇ ਮਨ ਚਾੜ੍ਹੀ ਰੰਗਣ । ਗੁਰਸਿਖ ਗੁਰ ਏਕ ਪ੍ਰਭ ਰੂਪਾ ਗੁਰਸਿਖ ਰਹੇ ਰੰਗਣ । ਮਹਾਰਾਜ ਸ਼ੇਰ ਸਿੰਘ ਸਦ ਕਿਰਪਾਲਾ, ਦੂਖ ਨਿਵਾਰਨ ਆਪ ਭੈ ਭੰਜਨ । ਪਤਤ ਪਵਣ ਪ੍ਰਭ ਆਪ ਭੈ ਭੰਜਨ । ਹੰਕਾਰ ਨਿਵਾਰਨ ਹੈ ਭਵ ਖੰਡਨ । ਜਗਤ ਉਧਾਰੇ ਕਰੇ ਦਰਸ ਮਨ ਮੰਗਣ । ਮਹਾਰਾਜ ਸ਼ੇਰ ਸਿੰਘ ਪਤਿਤ ਉਧਾਰਨ, ਗੁਰਸਿਖ ਮਨ ਚਾੜ੍ਹੇ ਰੰਗਣ । ਸਤਿ ਪੁਰਖ ਪ੍ਰਭ ਆਪ ਨਿਰੰਜਣ, ਪ੍ਰਗਟ ਅਗੰਮ ਅਪਾਰਾ ਜੀਉ । ਸਰਬ ਸਮਰਥ ਕਲਜੁਗ ਲਏ ਅਵਤਾਰਾ ਜੀਉ । ਪ੍ਰਭ ਅਕੱਥ ਪ੍ਰਭ ਵਰਤੇ ਘਰ ਭੰਡਾਰਾ ਜੀਉ । ਪੀ ਬੂੰਦ ਅੰਮ੍ਰਿਤ ਮਨ ਤ੍ਰਿਪਤਾਸੇ, ਗੁਰ ਬਰਸੇ ਅੰਮ੍ਰਿਤ ਧਾਰਾ ਜੀਉ । ਗੁਰਸਿਖ ਗੁਰ ਚਰਨ ਬਿਗਾਸੇ ਕਰ ਦਰਸ ਕਰ ਦੇ ਪਾਰਾ ਜੀਉ । ਪ੍ਰਭ ਅਛਲ

ਪ੍ਰਭ ਅਡੋਲ, ਸਦਾ ਰਹੇ ਨਿਰਾਧਾਰਾ ਜੀਉ । ਕਲਜੁਗ ਤੋਲਿਆ ਪੂਰੇ ਤੋਲ, ਕਰ ਕਰਮ ਵਿਚਾਰਾ ਜੀਉ । ਗੁਰਸਿਖਾਂ ਦੀਆ ਸ਼ਬਦ ਅਨਮੋਲ, ਦੇ ਦਰਸ ਪਾਰ ਉਤਾਰਾ ਜੀਉ । ਕਰ ਦਰਸ ਜਿਨ ਹਰਿ ਰੰਗ ਮਾਣਿਆਂ, ਕਲਜੁਗ ਹੋਏ ਆਧਾਰਾ ਜੀਉ । ਮਨਮੁਖ ਜਿਨ੍ਹਾਂ ਗੁਰ ਨਾ ਪਛਾਣਿਆਂ, ਤਿਨ੍ਹਾਂ ਪ੍ਰਭ ਨਰਕ ਨਿਵਾਰਾ ਜੀਉ । ਪ੍ਰਗਟੀ ਜੋਤ ਆਪ ਪ੍ਰਭ ਭੂਪਤ, ਹੋਏ ਪ੍ਰਕਾਸ਼ ਜਗਤ ਚਮਕਾਰਾ ਜੀਉ । ਜੋਤ ਨਿਰੰਜਣ ਸਰਬ ਘਟ ਵਸੇ, ਲੈ ਆਏ ਕਲ ਅਵਤਾਰਾ ਜੀਉ । ਝੂਠੀ ਮਾਇਆ ਜਗਤ ਭੁਲਾਇਆ, ਕੋਈ ਅੰਤ ਨਾ ਪਾਰਾਵਾਰਾ ਜੀਉ । ਗੁਰਸਿਖ ਨਾਉਂ ਸਦਾ ਰੰਗ ਰਾਤੇ, ਜਿਨ੍ਹਾਂ ਮਿਲਿਆ ਨਰ ਅਵਤਾਰਾ ਜੀਉ । ਸੋਹੰ ਸ਼ਬਦ ਗਿਆਨ ਗੁਰ ਦੀਆ, ਦੇਹ ਹੋਵੇ ਸ਼ਬਦ ਧੁਨਕਾਰਾ ਜੀਉ । ਅਨਹਦ ਧੁਨ ਆਤਮ ਉਪਜੇ, ਪ੍ਰਭ ਮਿਲੇ ਆਪ ਨਿਰੰਕਾਰਾ ਜੀਉ । ਮਹਾਰਾਜ ਸ਼ੇਰ ਸਿੰਘ ਸਦ ਅਬਿਨਾਸ਼, ਪ੍ਰਗਟੇ ਕਲਜੁਗ ਲੈ ਅਵਤਾਰਾ ਜੀਉ । ਗੁਰਚਰਨ ਧਿਆਨ ਗੁਰਸਿਖ ਤਰ ਜਾਣ, ਮਿਲੇ ਨਾਮ ਨਿਧਾਨ ਉਤਰੇ ਸਿੱਖ ਪਾਰਾ ਜੀਉ । ਮਿਟੇ ਅਭਿਮਾਨ ਗੁਰਚਰਨ ਜਾਣ, ਗੁਰਸੰਗਤ ਰਲ ਤਰ ਜਾਣ, ਪ੍ਰਭ ਦਰਸ ਨਿਰੰਕਾਰਾ ਜੀਉ । ਪ੍ਰਭ ਪ੍ਰਗਟ ਭਏ ਗੁਰ ਗੋਬਿੰਦ ਬਲਵਾਨ, ਸਰਬ ਘਟ ਜਾਣ, ਆਤਮ ਕਰੇ ਪਛਾਣ, ਕਰੇ ਸਰਬ ਪਸਾਰਾ ਜੀਉ । ਸੋਹੰ ਸ਼ਬਦ ਗਿਆਨ ਪਾਵਣ ਸਿੱਖ ਸੁਜਾਨ, ਮਹਾਰਾਜ ਸ਼ੇਰ ਸਿੰਘ ਲਗ ਚਰਨ ਤਰ ਜਾਣ, ਗੁਰ ਮਿਲਿਆ ਅਪਰ ਅਪਾਰਾ ਜੀਉ । ਜੁਗੋ ਜੁਗ ਪ੍ਰਭ ਲੈ ਅਵਤਾਰਿਆ । ਜੋਤ ਰੂਪ ਪ੍ਰਭ ਧ੍ਰੂ ਚਮਤਕਾਰਿਆ । ਪ੍ਰਹਿਲਾਦ ਤਾਰੇ ਪ੍ਰਗਟ ਨਰ ਸਿੰਘ ਅਵਤਾਰਿਆ । ਅੰਬਰੀਕ ਉਧਾਰੇ ਦੁਰਬਾਸ਼ਾ ਸੁਧਾਰੇ, ਬਾਣ ਚਕਰ ਸੁਦਰਸ਼ਨ ਮਾਰਿਆ । ਜਨਕ ਜਨਮ ਸੁਧਾਰੇ, ਨਾਉਂ ਨਰਕ ਨਿਵਾਰੇ ਭਗਤ ਵਡਿਆ ਲਿਆ । ਹਰੀ ਚੰਦ ਮਾਣ ਗਵਾਇਆ, ਜੋੜੀ ਜੋੜ ਵਖਾਇਆ, ਮਿਲ ਸੰਗਤ ਗਾ ਲਿਆ । ਦਰਯੋਧਨ ਘਰ ਤਜਾਇਆ, ਬਿਦਰ ਘਰ ਭੋਗ ਲਗਾਇਆ ਕ੍ਰਿਸ਼ਨ ਭਗਵਾਨਿਆ । ਸੁਦਾਮੇ ਮਾਣ ਦੁਆਇਆ, ਸਿੰਘਾਸਣ ਉਪਰ ਬਿਠਾਇਆ, ਤੰਦਲ ਤਾਈਂ ਗੁਰ ਭੋਗ ਲਗਾ ਲਿਆ । ਨਾਮਦੇਉ ਤਰਾਇਆ, ਗੁਣ ਨਿਧਾਨ ਘਰ ਆ ਲੇਖ ਲਿਖਾਇਆ, ਦੇ ਉਪਦੇਸ ਜਰਮ ਸਫਲ ਕਰਾ ਲਿਆ । ਨਾਮਾ ਆਣ ਤਰਾਇਆ, ਦੁੱਧ ਨੂੰ ਭੋਗ ਲਵਾਇਆ, ਦਿਹੁਰਾ ਆਣ ਫਿਰਾਇਆ, ਗਾਏ ਮੋਈ ਫੇਰ ਜਿਵਾ ਲਿਆ । ਨਾਈ ਸੈਣ ਤਰਾਇਆ, ਸਾਧ ਸੰਗਤ ਮਾਣ ਦਿਵਾਇਆ, ਰੈਣ ਸਾਰੀ ਹਰਿ ਜਸ ਗਾਇਆ, ਸੈਣ ਰੂਪ ਹਰਿ ਵਟਾ ਲਿਆ । ਰਾਮ ਰਮਈਆ ਮਨ ਵਸਾਇਆ, ਜੁਲਾਹਾ ਕਬੀਰ ਤਰਾਇਆ, ਰਾਮਾ ਨੰਦ ਜਿਸ ਗੁਰ ਬਣਾ ਲਿਆ । ਸੈਣ ਆਣ ਤਰਾਇਆ, ਰੂਪ ਅਨੂਪ ਵਟਾਇਆ, ਗਰੀਬ ਨਿਵਾਜ਼ ਗਰੀਬਾਂ ਤਾਈਂ ਮਾਣ ਦਿਵਾ ਲਿਆ । ਜੁਗੋ ਜੁਗ ਪ੍ਰਭ ਅੰਤਰਜਾਮੀ, ਆਪਣਾ ਤੇਜ ਵਧਾ ਲਿਆ । ਸਧਨੇ ਮਾਣ ਗਵਾਇਆ, ਈਸ਼ਰ ਰਿਦੇ ਧਿਆਇਆ, ਨੀਹਾਂ ਵਿਚੋਂ ਕਢਾ ਲਿਆ । ਅਜਾਮਲ ਆਣ ਤਰਾਇਆ, ਨਾਉ ਪੂਤ ਨਰਾਇਣ ਰਖਾਇਆ, ਅੰਤ ਕਾਲ ਨਰਾਇਣ ਰਸਨਾ ਗਾਇਆ, ਘਰ ਸਚ ਬਹਾ ਲਿਆ । ਗਨਕਾ ਪਾਪਣ ਤਾਰੀ, ਦੇ ਨਾਮ ਭੰਡਾਰੀ ਆ ਕੇ ਪੈਜ ਸਵਾਰੀ, ਵਿਚ ਬਬਾਣ ਬਿਠਾ ਲਿਆ । ਪੂਤਨਾ ਪਾਪਣ ਤਾਰੀ, ਕ੍ਰਿਸ਼ਨ ਤਾਈਂ ਜਿਸ ਕਰੀ ਖੁਆਰੀ, ਕੱਢ ਸਾਸ ਪ੍ਰਭ ਦੇਹ ਛੁਡਾ ਲਿਆ । ਰਵਿਦਾਸ ਚੁਮਾਰ ਤਰਾਇਆ, ਨਾਮ ਪਦਾਰਥ ਪਾਇਆ, ਅੰਦਰ ਲਾਲ ਛੁਪਾਇਆ, ਬਾਹਰ ਭੇਸ ਵਟਾ ਲਿਆ । ਜੁਗੋ ਜੁਗ ਪ੍ਰਭ ਭੇਸ ਵਟਾ ਲਿਆ । ਕਲਜੁਗ ਜਾਮਾ ਧਾਰ, ਘਨਕਪੁਰੀ ਭਾਗ ਲਵਾ ਲਿਆ । ਖੰਡ ਸਚ ਕਰੇ ਨਿਵਾਸ, ਪਾਲ ਸਿੰਘ ਸਚਖੰਡ ਬਹਾ ਲਿਆ । ਦੇ ਸਵਰਨ ਮਾਣ, ਧ੍ਰੂ ਜਿਸ ਪਰੇ ਹਟਾ ਲਿਆ । ਮਾਣਾ ਸਿੰਘ ਦੇ ਮਾਣ, ਵਿਚ ਜੋਤ ਮਿਲਾ ਲਿਆ । ਚਾੜ੍ਹ ਨਾਮ ਰੰਗਣ, ਰੰਗਾ ਸਿੰਘ ਰੰਗ ਰੰਗਾ

ਲਿਆ । ਗੁਰਸਿਖ ਦੇਵੇ ਤਾਰ, ਤਨ ਮਨ ਧਨ ਜਿਨ ਚਰਨ ਲਗਾ ਲਿਆ । ਗੁਜਰ ਸਿੰਘ ਜਾਓ ਬਲਿਹਾਰ, ਗੁਰ ਜਿਸ ਸੀਸ ਉਠਾ ਲਿਆ । ਮਹਾਰਾਜ ਸ਼ੇਰ ਸਿੰਘ ਭਗਤ ਵਛਲ ਅਖਵਾ ਲਿਆ ।

❋ ੨੨ ਜੇਠ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਰਣਜੀਤ ਕੌਰ ਦੇ ਗ੍ਰਿਹ ❋

ਗੁਰਸਿਖ ਸਦਾ ਹਰਿ ਰੰਗ ਮਾਣੇ । ਗੁਰਸਿਖ ਚਲੇ ਗੁਰ ਕੇ ਭਾਣੇ । ਗੁਰਸਿਖ ਗੁਰ ਜਿਉਂ ਬਾਲ ਅੰਞਾਣੇ । ਗੁਰਸਿਖ ਸਿੱਖ ਗੁਰ ਦੋਏ ਏਕ ਸਮਾਨੇ । ਗੁਰਸਿਖ ਗੁਰ ਚਰਨ ਲਾਗ ਸਰਬ ਤਰ ਜਾਣੇ । ਗੁਰਸਿਖ ਗੁਰ ਸਮਾਣੇ । ਗੁਰਸਿਖ ਗੁਰ ਵਿਚ ਬਬਾਣ ਬਿਠਾਣੇ । ਗੁਰਸਿਖ ਗੁਰ ਗੁਰਪੁਰੀ ਲੈ ਜਾਣੇ । ਗੁਰਸਿਖ ਸਦ ਗੁਰ ਮਨ ਭਾਣੇ । ਗੁਰਸਿਖ ਜਗਤ ਪ੍ਰਭ ਵਡਿਆਣੇ । ਗੁਰਸਿਖ ਬਿਨ ਕੋਈ ਨਾ ਗੁਰ ਪਛਾਣੇ । ਗੁਰਸਿਖ ਉਪਜੇ ਸਦਾ ਬ੍ਰਹਮ ਗਿਆਨੇ । ਗੁਰਸਿਖ ਦਰਸ ਗੁਰ ਘਰ ਮੇਂ ਪਾਨੇ । ਗੁਰਸਿਖ ਸੰਗ ਬੇਮੁਖ ਤਰ ਜਾਣੇ । ਗੁਰਸਿਖ ਚੰਦਨ ਵਾਂਗ ਸਦਾ ਮਹਿਕਾਣੇ । ਗੁਰਸਿਖ ਹੋਏ ਗੁਰ ਦੀ ਬਾਣੇ । ਗੁਰਸਿਖ ਮੁਕਾਏ ਆਵਣ ਜਾਣੇ । ਗੁਰਸਿਖ ਸਦਾ ਅਟੱਲ ਹੋ ਜਾਣੇ । ਗੁਰਸਿਖ ਗੁਰ ਵਿਚ ਸਮਾਣੇ । ਗੁਰਸਿਖ ਗੁਰ ਪੂਰੇ ਵਿਚ ਜੋਤ ਮਿਲਾਣੇ । ਗੁਰਸਿਖ ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਆ ਕੇ ਸਿੱਖ ਤਰਾਣੇ । ਸੇਵਕ ਸਿੱਖ ਸਭ ਗੁਰ ਤਾਰਿਆ । ਵਿਚ ਚਰਨ ਜਿਨ ਆ ਨਿਮਸਕਾਰਿਆ । ਮਿਲੇ ਆਪ ਪਰਵਰਦਿਗਾਰਿਆ । ਕੱਟੀ ਫਾਸ ਦਰਸ ਦਰਸਾਰਿਆ । ਹੋਏ ਸੁਖਾਲੇ ਸਾਸ, ਰਸਨਾ ਸੋਹੰ ਸ਼ਬਦ ਉਚਾਰਿਆ । ਘਰ ਪ੍ਰਗਟ ਗੁਣ ਨਿਧਾਨ, ਐਸੇ ਗੁਰ ਕੋ ਸਦ ਸਦ ਸਦ ਬਲਹਾਰਿਆ । ਗੁਰ ਦੇ ਦਰਸ ਅਪਾਰ, ਗੁਰਸਿਖ ਆ ਤਾਰਿਆ । ਤੱਤੀ ਵਾਉ ਨਾ ਲਾਗੇ, ਪਾਰਬ੍ਰਹਮ ਜਿਨ ਰਿਦੇ ਚਿਤਾਰਿਆ । ਹੋਏ ਸਦਾ ਅਡੋਲ, ਜਿਨ੍ਹਾਂ ਨਾਮ ਨਿਰੰਜਣ ਪਾ ਲਿਆ । ਰਸਨਾ ਮੁਖੋਂ ਹਰਿ ਹਰਿ ਬੋਲ, ਪ੍ਰਭ ਅਬਿਨਾਸ਼ ਵਿਚ ਰਿਦੇ ਧਿਆ ਲਿਆ । ਪ੍ਰਭ ਮਿਲ ਕੋਇ ਨਾ ਰਹੇ ਤੋਟ, ਜਗਤ ਝੂਠੀ ਖੇਲ ਰਚਾ ਲਿਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਆਏ ਗੁਰਸਿਖ ਤਰਾ ਲਿਆ । ਗੁਰਸਿਖਾਂ ਘਰ ਸਦਾ ਵਧਾਈ, ਕਰ ਪ੍ਰੇਮ ਗੁਰ ਗੋਬਿੰਦ ਪ੍ਰਗਟਾ ਲਿਆ । ਗੁਰਸਿਖਾਂ ਮਨ ਸਦਾ ਵਧਾਈ, ਜਿਨ ਮਾਤਲੋਕ ਸਚਖੰਡ ਬਣਵਾ ਲਿਆ । ਗੁਰਸਿਖਾਂ ਮਨ ਸਦਾ ਵਧਾਈ, ਜਿਨ੍ਹਾਂ ਵਿਸ਼ਨੂੰ ਭਗਵਾਨ ਵਿਚ ਬਹਾ ਲਿਆ । ਗੁਰਸਿਖਾਂ ਮਨ ਸਦਾ ਵਧਾਈ, ਹਰਿ ਹਰਿ ਹਰਿ ਦਰਸ਼ਨ ਹਰ ਥਾਏਂ ਪਾ ਲਿਆ । ਗੁਰਸਿਖਾਂ ਮਨ ਸਦਾ ਵਧਾਈ, ਸਤਿ ਸਤਿ ਸਤਿ ਕਰ ਸਤਿ ਪੁਰਖ ਨਿਰੰਜਣ ਪਾ ਲਿਆ । ਗੁਰਸਿਖਾਂ ਮਨ ਸਦਾ ਵਧਾਈ, ਗੁਰਚਰਨ ਲਾਗ ਬੰਸ ਤਰਾ ਲਿਆ । ਗੁਰਸਿਖਾਂ ਮਨ ਸਦਾ ਵਧਾਈ, ਨਾਮ ਪਦਾਰਥ ਗੁਰ ਦਰ ਤੇ ਪਾ ਲਿਆ । ਗੁਰਸਿਖਾਂ ਮਨ ਸਦਾ ਵਧਾਈ, ਜਨਮ ਮਰਨ ਦਾ ਫੰਦ ਕਟਾ ਲਿਆ । ਗੁਰਸਿਖਾਂ ਮਨ ਸਦਾ ਵਧਾਈ, ਦਰਸ ਪਰਸ ਮਨ ਤ੍ਰਿਪਤ ਕਰਾ ਲਿਆ । ਗੁਰਸਿਖਾਂ ਮਨ ਸਦਾ ਵਧਾਈ, ਚਰਨ ਕਵਲ ਦਰ ਸੀਸ ਝੁਕਾ ਲਿਆ । ਗੁਰਸਿਖਾਂ ਮਨ ਸਦਾ ਵਧਾਈ, ਜੋਤ ਨਿਰੰਜਣ ਨਾਮ ਨਰਾਇਣ ਘਰ ਸਹਿਜੇ ਪਾ ਲਿਆ । ਗੁਰਸਿਖਾਂ ਮਨ ਸਦਾ ਵਧਾਈ, ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ ਗੁਰਸਿਖਾਂ ਸਿਰ ਹੱਥ ਟਿਕਾ ਲਿਆ । ਗੁਰਸਿਖ ਕਰਮ ਗੁਰ ਆਪ ਵਖਾਣੇ । ਗੁਰਸਿਖ ਭੇਵ ਕੋਈ ਜੀਵ ਨਾ ਜਾਣੇ । ਗੁਰਸਿਖ ਸੇਵ ਗੁਰ

੧੬੧ ੦੧

ਪਾਏ ਖ਼ਜ਼ਾਨੇ । ਗੁਰਸਿਖ ਵਿਚ ਗੁਰ ਅਭੇਵ ਮਹਾਰਾਜ ਸ਼ੇਰ ਸਿੰਘ ਜੋਤ ਜਗਾਣੇ । ਜੋਤ ਜਗਤ ਪ੍ਰਭ ਭਈ ਦਰਸਾਏ । ਭਗਤ ਭਗਵੰਤ ਦੀ ਸੋਝੀ ਪਾਏ । ਭਗਤ ਭਗਵੰਤ ਇਕ ਜੋਤ ਹੋ ਜਾਏ । ਮਹਾਰਾਜ ਸ਼ੇਰ ਸਿੰਘ ਸਦਾ ਗੁਣਵੰਤ, ਤੀਨ ਲੋਕ ਰਿਹਾ ਸਮਾਏ । ਸਤਿਜੁਗ ਚਲੇ ਸ਼ਬਦ ਅਪਾਰਾ । ਸੋਹੰ ਸ਼ਬਦ ਹੋ ਜਗਤ ਉਜਿਆਰਾ । ਵਰਨ ਚਾਰ ਸੋਹਣ ਗੁਰ ਚਰਨ ਦਵਾਰਾ । ਦੇ ਨਾਮ ਗੁਰ ਖੋਲ੍ਹ ਭੰਡਾਰਾ । ਦੇ ਗਿਆਨ ਝੂਠੀ ਦੇਹ ਪਸਾਰਾ । ਕਰ ਧਿਆਨ ਗੁਰਸਿਖ ਗੁਰ ਪਾਰ ਉਤਾਰਾ । ਹੋ ਨਿਰਬਾਣ ਗੁਰਸਿਖ ਪਾਰ ਉਤਾਰਾ । ਮਹਾਰਾਜ ਸ਼ੇਰ ਸਿੰਘ ਜੋਤ ਜਗਾਈ, ਪ੍ਰਗਟ ਭਇਓ ਆਪ ਨਿਰੰਕਾਰਾ । ਨਾਮ ਨਾਮ ਨਾਮ ਗੁਰ ਨਾਮ ਉਪਦੇਸਿਆ । ਸਚ ਧਾਮ ਧਾਮ ਧਾਮ ਜਿਥੇ ਸਿੱਖ ਉਪਦੇਸਿਆ । ਹਰਿ ਕਾਮ ਕਾਮ ਕਾਮ ਕਰੇ ਜੁਗੋ ਜੁਗ ਵੇਸਿਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਜੋਤ ਸਰੂਪ ਵਿਚ ਸਿੱਖ ਪ੍ਰਵੇਸ਼ਿਆ । ਗੁਰ ਧਾਮ ਹਰਿ ਕਾ ਦਵਾਰ । ਗੁਰ ਕਾ ਧਾਮ ਪ੍ਰਭ ਜੋਤ ਨਿਰੰਕਾਰ । ਗੁਰ ਧਾਮ ਗੁਰਸਿਖ ਪਿਆਰ । ਗੁਰ ਧਾਮ ਪ੍ਰਭ ਲਿਉ ਤਾਰ । ਗੁਰ ਧਾਮ ਜਗਤ ਜੋਤ ਅਪਾਰ । ਗੁਰ ਧਾਮ ਸਚਖੰਡ ਵਿਚਾਰ । ਗੁਰ ਧਾਮ ਮਹਾਰਾਜ ਸ਼ੇਰ ਸਿੰਘ ਗੁਰ ਧਾਮ ਸਚਖੰਡ ਵਿਚਾਰ । ਗੁਰ ਧਾਮ ਆਣ ਸੁਹਾਇਆ । ਆਪ ਪ੍ਰਭ ਏਕ, ਜੁਗ ਅਨੇਕ ਉਲਟਾਇਆ । ਧਰ ਜੋਤ ਵਿਚ ਕਲ ਦੇ ਆਇਆ । ਨਾਮ ਨਾਮ ਸਚ ਸਚ ਮਾਰਗ ਪਾਇਆ । ਸੋਹੰ ਸ਼ਬਦ ਗੁਰ ਗਿਆਨ ਦਵਾਇਆ । ਭਗਤ ਅਧਾਰ ਨਿਹਕਲੰਕ ਅਖਵਾਇਆ । ਸਿੱਖਨ ਤਾਰਨ ਸਤਿਗੁਰ ਆਇਆ । ਖੰਡ ਸਚ ਬ੍ਰਹਿਮੰਡ ਸਚ ਆਪ ਸਚ ਸਚ ਸਚ ਸਚ ਵਰਤਾਇਆ । ਨਾਮ ਸਚ ਧਾਮ ਸਚ ਸਚ ਗੁਰ ਸਚ ਸਤਿਜੁਗ ਲਾਇਆ । ਕਲਜੁਗ ਕੱਚ ਸ੍ਰਿਸ਼ਟ ਜਾਏ ਅਗਨ ਮੱਚ, ਗੁਰ ਪੂਰਾ ਸ਼ਬਦ ਲਿਖਾਏ ਸਚ, ਕਲਜੁਗ ਜੀਵਾਂ ਭੇਤ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਖੇਲ ਕਰੇ ਨਿਰਾਲਾ, ਛੱਡ ਦੇਹ ਜੋਤ ਰੂਪ ਆਇਆ । ਜੋਤ ਰੂਪ ਕਰੇ ਖੇਲ ਨਿਰਾਲਾ, ਸ਼ਬਦ ਰੂਪ ਜਗਾਏ ਜੋਤ ਅਪਾਰਾ । ਸਰਬ ਸੁਖ ਗੁਰ ਚਰਨ ਦਵਾਰਾ । ਸੋਹੰ ਸ਼ਬਦ ਗੁਰ ਸਚ ਭੰਡਾਰਾ । ਅੰਮ੍ਰਿਤ ਨਾਮ ਪ੍ਰਭ ਦਏ ਨਿਰੰਕਾਰਾ । ਗੁਣ ਨਿਧਾਨ ਲਿਖੇ ਲੇਖ ਅਪਾਰਾ । ਸਚ ਸ਼ਬਦ ਦੇਹ ਹੋਏ ਆਧਾਰਾ । ਸੁਰਤ ਸ਼ਬਦ ਪ੍ਰਭ ਪਾਏ ਦਰਸ ਅਪਾਰਾ । ਵੱਜੇ ਧੁਨ ਖੁੱਲ੍ਹੇ ਦਸਮ ਦੁਆਰਾ । ਹੋਏ ਧੁਨਕਾਰਾ ਦੀਪਕ ਜੋਤ ਜਗੇ ਅਪਾਰਾ । ਬ੍ਰਹਮ ਗਿਆਨ ਹੋਏ ਮਹਾਰਾਜ ਸ਼ੇਰ ਸਿੰਘ ਮਿਲੇ ਨਿਰੰਕਾਰਾ । ਕਲਜੁਗ ਆਣ ਗੁਰ ਖੇਲ ਰਚਾਇਆ । ਨਿਰਧਨ ਦੇਖ ਗੁਰ ਦਰਸ ਦਿਖਾਇਆ । ਗ਼ਰੀਬਾਂ ਗੁਰ ਦਰਗਾਹ ਮਾਣ ਦਿਵਾਇਆ । ਗੁਰਸਿਖਾਂ ਸੋਹੰ ਸ਼ਬਦ ਨਾਮ ਸਚ ਦ੍ਰਿੜਾਇਆ । ਪਤਤ ਉਧਾਰਨ ਨਿਹਕਲੰਕ ਅਖਵਾਇਆ । ਸ੍ਰਿਸ਼ਟ ਭਿਖਾਰਨ ਇਕ ਦਰ ਪਾਇਆ । ਸਿੱਖ ਉਧਾਰਨ ਗੁਰ ਚਰਨ ਲਗਾਇਆ । ਸਤਿਜੁਗ ਤਾਰਨ ਸਤਿਗੁਰ ਆਇਆ । ਕਲਜੁਗ ਆਣ ਜਿਨ ਬੰਨੇ ਲਾਇਆ । ਮਹਾਰਾਜ ਸ਼ੇਰ ਸਿੰਘ ਸਚ ਨਾਮ ਰਖਾਇਆ । ਗੁਰ ਸ਼ਬਦ ਅਨਹਦ ਧੁਨਕਾਰ । ਗੁਰ ਸ਼ਬਦ ਗੁਰ ਸਚ ਨਿਸਤਾਰ । ਗੁਰ ਸ਼ਬਦ ਅਨਹਦ ਗਿਆਨ ਵਿਚਾਰ । ਗੁਰ ਸ਼ਬਦ ਗੁਰਸਿਖਾਂ ਪਾਈ ਸਾਰ । ਗੁਰ ਸ਼ਬਦ ਗੁਰ ਦਸਵਾਂ ਦਵਾਰ । ਗੁਰ ਸ਼ਬਦ ਦੇਵੇ ਜੀਵਨ ਅਧਾਰ । ਗੁਰ ਸ਼ਬਦ ਆਤਮ ਜਗੇ ਜੋਤ ਅਪਾਰ । ਗੁਰ ਸ਼ਬਦ ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਅਪਾਰ । ਕਲਜੁਗ ਕਲ ਪ੍ਰਭ ਆਪ ਵਰਤਾਈ । ਦੇਵੇ ਦਰਸ ਸਦਾ ਸੁਖਦਾਈ । ਧੰਨ ਗੁਰ ਗੁਰਸਿਖਾਂ ਘਾਲ ਥਾਏਂ ਪਾਏ । ਸ਼ਬਦ ਰੂਪ ਦੇਵੇ ਦਰਸ ਗੁਰ ਪੂਰਾ, ਹੱਥ ਜੋੜ ਗੁਰਸਿਖ ਚਰਨ ਸੀਸ ਝੁਕਾਏ । ਕਲਜੁਗ ਖੇਲ ਅਪਰ ਅਪਾਰਾ, ਮਹਾਰਾਜ ਸ਼ੇਰ ਸਿੰਘ ਇਹ ਚਾਲ

ਚਲਾਏ । ਕੋਟ ਵਾਰ ਪ੍ਰਭ ਕੀਆ ਪਸਾਰਾ । ਐਸਾ ਖੇਲ ਕਰੇ ਨਿਰੰਕਾਰਾ । ਕਲਜੁਗ ਆਣ ਪ੍ਰਭ ਭਏ ਪੂਰਨ ਅਵਤਾਰਾ । ਨਰ ਅਵਤਾਰ ਸਚ ਉਰਧਾਰਾ । ਦੇਵੇ ਦਰਸ ਗੁਰ ਮੰਗਣ ਗੁਰਦਵਾਰਾ । ਪਲਟੇ ਜੋਤ ਤੀਨ ਲੋਕ ਚਮਤਕਾਰਾ । ਹਰਿ ਜੀ ਆਇਆ ਕਲ ਲੈ ਅਵਤਾਰਾ ।

❊ ੧੬ ਹਾੜ ੨੦੦੭ ਬਿਕ੍ਰਮੀ ਰਾਣੀ ਖੇਤ ਜ਼ਿਲਾ ਅਲਮੋੜਾ ਚੁਬਾਤੀਆਂ ਬਚਨ ਹੋਏ ❊

ਅੰਮ੍ਰਿਤ ਬੂੰਦ ਗੁਰ ਅੰਮ੍ਰਿਤ ਬਰਸਾਇਆ । ਅੰਮ੍ਰਿਤ ਬੂੰਦ ਗੁਰ ਅਮਰ ਚੜ੍ਹਾਇਆ । ਗੁਰਸਿਖਾਂ ਗੁਰ ਦਵਾਰ ਦਸਮ ਖੁਲ੍ਹਾਇਆ । ਗੁਰਸਿਖਾਂ ਗੁਰ ਨਿਜਾਨੰਦ ਦਰਸਾਇਆ । ਗੁਰਸਿਖਾਂ ਗੁਰ ਅੰਤਕਾਲ ਵਿਚ ਜੋਤ ਮਿਲਾਇਆ । ਗੁਰਸਿਖਾਂ ਗੁਰ ਸਚ ਧਾਮ ਪੁਚਾਇਆ । ਗੁਰਸਿਖਾਂ ਗੁਰ ਜੋਤ ਨਿਰੰਜਣ ਵਿਚ ਸਮਾਇਆ । ਗੁਰਸਿਖਾਂ ਗੁਰ ਕਲਜੁਗ ਵਿਚ ਮਾਣ ਦਿਵਾਇਆ । ਗੁਰਸਿਖਾਂ ਗੁਰ ਵਿਛੜਿਆਂ ਆਣ ਮਿਲਾਇਆ । ਗੁਰਸਿਖਾਂ ਗੁਰ ਮਹਾਰਾਜ ਸ਼ੇਰ ਸਿੰਘ ਆਣ ਜਗਤ ਤਰਾਇਆ । ਜਗਤ ਉਜਿਆਰੇ ਪ੍ਰਭ ਕਿਰਪਾਲਾ । ਭਗਤ ਵਛਲ ਗੁਰ ਦੀਨ ਦਿਆਲਾ । ਗੁਰਸਿਖਾਂ ਗੁਰ ਦਰ ਧਰਮਸਾਲਾ । ਮਹਾਰਾਜ ਸ਼ੇਰ ਸਿੰਘ ਸਚ ਸਚ ਸਚ ਰਖਵਾਲਾ । ਗੁਰ ਸਾਚਾ ਸਚ ਸੁਚ ਵਰਤਾਵੇ । ਜੋਤ ਨਿਰੰਜਣ ਵਿਚ ਜਗਤ ਜਗਾਵੇ । ਪੂਰਬ ਉਤਰ ਦਿਸ਼ਾ ਅਗਨ ਲਗਾਵੇ । ਸ੍ਰਿਸ਼ਟ ਸਾਰੀ ਟੁੰਬ ਉਠਾਵੇ । ਮੋਤਾ ਖ਼ੂਨ ਜਗ ਵਰਖਾ ਲਾਵੇ । ਆਪਣੀ ਕਲਾ ਪ੍ਰਭ ਆਪ ਵਰਤਾਵੇ । ਕੋਈ ਜੀਵ ਭੇਵ ਨਾ ਪਾਵੇ । ਵਿਚ ਸੰਸਾਰ ਹਾਹਾਕਾਰ ਮਚਾਵੇ । ਗੁਰਸਿਖਾਂ ਮੁਖ ਜੈ ਜੈ ਜੈਕਾਰ ਕਰਾਵੇ । ਗੁਰਪੁਰੀ ਗੁਰ ਭਾਗ ਲਗਾਵੇ । ਜਿਥੇ ਜੋਤ ਨਿਰੰਜਣ ਅਚਲਤ ਕਰਾਵੇ । ਮਹਾਰਾਜ ਸ਼ੇਰ ਸਿੰਘ ਕਲਜੁਗ ਜੋਤ ਜਗਾਵੇ । ਪ੍ਰਗਟ ਜੋਤ ਪ੍ਰਭ ਕਲਜੁਗ ਨਿਰੰਕਾਰਾ । ਨਿਹਕਲੰਕ ਪ੍ਰਭ ਲੈ ਅਵਤਾਰਾ । ਛੱਡ ਦੇਹ ਹੋਏ ਜੋਤ ਆਧਾਰਾ । ਉਪਜੇ ਗਿਆਨ ਗੁਰਚਰਨ ਦਵਾਰਾ । ਭਗਤ ਜਨਾਂ ਹਰਿ ਭਗਤ ਭੰਡਾਰਾ । ਜਗਤ ਉਧਾਰੇ ਗੁਰਸਿਖ ਤਾਰੇ ਪ੍ਰਭ ਲੈ ਅਵਤਾਰਾ । ਪਾਪੀ ਸੰਘਾਰੇ ਨਰਕ ਨਿਵਾਰੇ ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰਾ । ਨਿਹਕਲੰਕ ਪ੍ਰਭ ਜਗਤ ਅਖਵਾਏ । ਜੁਗੋ ਜੁਗ ਇਹ ਖੇਲ ਰਚਾਏ । ਕਲਜੁਗ ਛੱਡ ਦੇਹ ਜੋਤ ਰੂਪ ਹੋ ਜਾਏ । ਸਤਿਜੁਗ ਸਤਿ ਮਿਹਰਵਾਨ ਸਤਿ ਸਤਿ ਵਰਤਾਏ । ਤਰੇਤਾ ਪ੍ਰਗਟ ਰਾਮ, ਰਿਗ ਵੇਦ ਪ੍ਰਭ ਮਾਣ ਦਿਵਾਏ । ਦਵਾਪਰ ਕ੍ਰਿਸ਼ਨ ਮੁਰਾਰ, ਅਰਜਨ ਪ੍ਰਭ ਗਿਆਨ ਦਿਵਾਏ । ਉਚਰ ਗੀਤਾ ਗਿਆਨ ਜਗਤ ਦੇ ਸਮਝਾਏ । ਕਲਜੁਗ ਜਾਮਾ ਧਾਰ, ਮਹਾਰਾਜ ਸ਼ੇਰ ਸਿੰਘ ਨਾਮ ਰਖਾਏ । ਛੱਡ ਦੇਹ ਅਪਾਰ ਜੋਤ ਸਰੂਪ ਹੋ ਜਾਏ । ਹੋਏ ਜਗਤ ਖੁਆਰ, ਗੁਰ ਪੂਰਾ ਇਹ ਬਚਨ ਲਿਖਾਏ । ਗੁਰਸਿਖਾਂ ਦਿਤਾ ਤਾਰ, ਜਿਨ੍ਹਾਂ ਗੁਰ ਚਰਨ ਲਗਾਏ । ਹੋਏ ਜਗਤ ਉਧਾਰ ਜਿਨ੍ਹਾਂ ਪ੍ਰਭ ਕਲਜੁਗ ਦਰਸ ਦਿਖਾਏ । ਭਗਤ ਸੋਹਣ ਹਰਿ ਦਵਾਰ, ਹਰਿ ਹਰਿ ਹਰਿ ਦਰਸ ਨੈਣ ਤ੍ਰਿਪਤਾਏ । ਕਲਜਗ ਦਿਤਾ ਮਾਣ ਮਹਾਰਾਜ ਸ਼ੇਰ ਸਿੰਘ ਗੁਰਸਿਖ ਤਰਾਏ । ਗੁਰਸਿਖਾਂ ਗੁਰ ਮਾਣ ਦਵਾਇਆ । ਗੁਰਸਿਖਾਂ ਹਰਿ ਜੂ ਹਰਿ ਘਰ ਮਾਹਿ ਪਾਇਆ । ਗੁਰਸਿਖਾਂ ਪ੍ਰਭ ਦਰਸ਼ਨ ਦਿਖਾਇਆ । ਗੁਰਸਿਖਾਂ ਮੁਕੰਦ ਮਨੋਹਰ ਲਖ਼ਮੀ ਨਰਾਇਣ ਪ੍ਰਭ ਨਜ਼ਰੀ ਆਇਆ । ਗੁਰਸਿਖਾਂ ਅਚੁਤ ਪਾਰਬ੍ਰਹਮ ਪਰਮੇਸ਼ਰ ਸਚ ਦਰਸ ਦਿਖਾਇਆ । ਗੁਰਸਿਖਾਂ ਕਲਜੁਗ ਜਨਮ ਅਮੋਲਕ ਪਾਇਆ । ਗੁਰਸਿਖਾਂ ਪ੍ਰਭ ਹੋਏ ਕਿਰਪਾਲ, ਚੁਰਾਸੀ ਗੇੜ ਕਟਾਇਆ । ਗੁਰਸਿਖਾਂ ਦੇ ਨਾਮ ਅਧਾਰ, ਪ੍ਰਭ ਪੂਰੇ ਕਰਮ ਕਮਾਇਆ ।

ਗੁਰਸਿਖਾਂ ਜਗਤ ਨਾ ਆਏ ਹਾਰ, ਜਿਨ੍ਹਾਂ ਗੁਰਚਰਨ ਧਿਆਨ ਲਗਾਇਆ । ਗੁਰਸਿਖਾਂ ਸਦਾ ਬਲਿਹਾਰ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰਾ । ਪ੍ਰਗਟੇ ਜੋਤ ਹੋਏ ਜਗਤ ਉਜਿਆਰਾ । ਪਾਪੀ ਅਪਰਾਧੀ ਪ੍ਰਭ ਡੋਬੇ ਨਰਕ ਮਝਾਰਾ । ਮਦਿ ਮਾਸ ਜੋ ਲਾਏ ਰਸਨਾ ਦਵਾਰਾ । ਮਾਣਸ ਜਨਮ ਜਗਤ ਮੇਂ ਹਾਰਾ । ਮਹਾਰਾਜ ਸ਼ੇਰ ਸਿੰਘ ਪ੍ਰਗਟਿਓ ਕਲ ਨਰ ਅਵਤਾਰਾ । ਧੰਨ ਗੁਰਸਿਖ ਜਿਨ੍ਹਾਂ ਗੁਰਚਰਨ ਪਿਆਰਾ । ਭਇਓ ਕਿਰਪਾਲ ਆਪ ਕਰਤਾਰਾ । ਦੇਵੇ ਦਰਸ ਆਪ ਨਿਰੰਕਾਰਾ । ਜੋਤ ਜਗਾਏ ਵਿਚ ਦੇਹ ਅਪਰ ਅਪਾਰਾ । ਉਪਜੇ ਗਿਆਨ ਵਿਚ ਦੇਹ ਸ਼ਬਦ ਧੁਨਕਾਰਾ । ਪ੍ਰਗਟੇ ਜੋਤ ਆਤਮ ਜੋਤ ਹੋਏ ਚਮਤਕਾਰਾ । ਬੁਝੀ ਦੀਪਕ ਪ੍ਰਭ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਗੁਰ ਪ੍ਰਗਟਿਓ ਅਪਰ ਅਪਾਰਾ । ਅਪਰ ਅਪਾਰ ਪ੍ਰਭ ਅੰਤਰਜਾਮੀ । ਮਧ ਸੂਦਨ ਦਾਮੋਦਰ ਸਵਾਮੀ । ਕ੍ਰਿਸ਼ਨ ਮੁਰਾਰ ਜਗਤ ਨੇਹਕਾਮੀ । ਭਗਤ ਵਛਲ ਆਪ ਪ੍ਰਭ ਸਵਾਮੀ । ਪ੍ਰਗਟ ਜੋਤ ਹੋਏ ਕਲਜੁਗ ਮਹਾਰਾਜ ਸ਼ੇਰ ਸਿੰਘ ਸਦਾ ਅੰਤਰਜਾਮੀ । ਸਰਬ ਸੂਖ ਗੁਰਚਰਨ ਦਵਾਰਾ । ਕਰ ਦਰਸ ਪ੍ਰਗਟੇ ਜੋਤ ਅਪਰ ਅਪਾਰਾ । ਜੁਗੋ ਜੁਗ ਜਗਤ ਪ੍ਰਭ ਲੈ ਅਵਤਾਰਾ । ਕਲਜੁਗ ਜਾਮਾ ਧਾਰੇ ਪ੍ਰਭ ਨਿਰੰਕਾਰਾ । ਜਗਤ ਭੁੱਲਾ ਹੋਏ ਖੁਆਰ ਗੁਰਸਿਖਾਂ ਪ੍ਰਭ ਪਾਰ ਉਤਾਰਾ । ਬੇਮੁਖਾਂ ਮਨ ਸਦਾ ਹੰਕਾਰਾ । ਰਸਨਾ ਚਲੇ ਸਦਾ ਵਿਕਾਰਾ । ਗੁਰਸਿਖਾਂ ਹਰਿ ਨਾਮ ਪਿਆਰਾ । ਉਪਜੇ ਗਿਆਨ ਪ੍ਰਭ ਦੇਵੇ ਨਾਮ ਭਗਤ ਭੰਡਾਰਾ । ਕਲਜੁਗ ਜਾਮਾ ਧਾਰ ਪ੍ਰਗਟਿਓ ਨਿਹਕਲੰਕ ਅਵਤਾਰਾ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਕੀਓ ਪਾਰ ਉਤਾਰਾ । ਕਲਜੁਗ ਆਣ ਗੁਰ ਕਲਜੁਗ ਕਰਮ ਵਿਚਾਰਿਆ । ਕਲਜੁਗ ਆਣ ਗੁਰ ਜੋਤ ਜਗਾਈ ਅਪਰ ਅਪਾਰਿਆ । ਕਲਜੁਗ ਆਣ ਗੁਰ ਧਾਰੇ ਖੇਲ ਰੰਗ ਕਰਤਾਰਿਆ । ਕਲਜੁਗ ਆਣ ਗੁਰ ਜੋਤ ਸਰੂਪ ਜਗਤ ਸੰਘਾਰਿਆ । ਕਲਜੁਗ ਆਣ ਗੁਰ ਰੰਗ ਇਕ ਹੋ ਸਰਬ ਸਮਾਣਿਆਂ । ਕਲਜੁਗ ਆਣ ਗੁਰ ਸੋਹੰ ਸ਼ਬਦ ਮਾਰੇ ਬਾਣਿਆਂ । ਕਲਜੁਗ ਆਣ ਗੁਰ ਭੁੰਨੇ ਪਾਪੀ ਭਠਿਆਲੇ ਦਾਣਿਆਂ । ਕਲਜੁਗ ਆਣ ਪ੍ਰਭ ਹੋਏ ਨਿਹਕਲੰਕ ਇਹ ਰੰਗ ਦਿਖਾਣਿਆਂ । ਕਲਜੁਗ ਜਾਮਾ ਧਾਰ ਮਹਾਰਾਜ ਸ਼ੇਰ ਸਿੰਘ ਜਗਤ ਭੁਲਾਣਿਆਂ । ਜਗਤ ਭੁਲਿਆ ਗੁਰ ਚਰਨ ਨਾ ਲਾਏ । ਜਗਤ ਭੁਲਿਆ ਗੁਰ ਦਰਸ ਨਾ ਦਿਖਾਏ । ਜਗਤ ਭੁਲਿਆ ਆਤਮ ਠੰਡ ਨਾ ਪਾਏ । ਜਗਤ ਭੁਲਿਆ ਗੁਰ ਦੀ ਸੂਝ ਨਾ ਪਾਏ । ਜਗਤ ਭੁਲਿਆ ਗੁਰ ਝੂਠੇ ਧੰਦੇ ਲਾਏ । ਜਗਤ ਭੁਲਿਆ ਮਾਇਆ ਮਮਤਾ ਵਿਚ ਮਨ ਵਸਾਏ । ਜਗਤ ਭੁਲਿਆ ਦੇਹ ਦੁਰਮਤ ਹੋਏ ਜਾਏ । ਜਗਤ ਭੁਲਿਆ ਗੁਰ ਆਇਆ ਸਾਰ ਨਾ ਪਾਏ । ਜਗਤ ਭੁਲਿਆ ਨਿਹਕਲੰਕ ਪ੍ਰਭ ਜੋਤ ਪ੍ਰਗਟਾਏ । ਜਗਤ ਭੁਲਿਆ ਮਹਾਰਾਜ ਸ਼ੇਰ ਸਿੰਘ ਚਰਨ ਨਾ ਲਾਏ । ਗੁਰਸਿਖਾਂ ਗੁਰ ਚਰਨ ਲਗਾਇਆ । ਕਲਜੁਗ ਜਾਮਾ ਧਾਰ ਪ੍ਰਭ ਦਰਸ ਦਿਖਾਇਆ । ਦੇਵੇ ਦਰਸ ਅਪਾਰ, ਮੁਕੰਦ ਮਨੋਹਰ ਪ੍ਰਭ ਨਜ਼ਰੀ ਆਇਆ । ਕਲਜੁਗ ਦਿਤਾ ਤਾਰ, ਜਿਨ੍ਹਾਂ ਗੁਰ ਚਰਨ ਲਗਾਇਆ । ਕਰੇ ਖੇਲ ਅਪਾਰ, ਜੋਤ ਨਿਰੰਜਣ ਆਪ ਰਘੁਰਾਇਆ । ਗੁਰਸਿਖਾਂ ਦਿਤਾ ਤਾਰ, ਸੁਰਤ ਸ਼ਬਦ ਗੁਰ ਗਿਆਨ ਦਿਵਾਇਆ । ਹੋਏ ਜੋਤ ਆਧਾਰ, ਦੀਪਕ ਦੇਹ ਵਿਚ ਜੋਤ ਜਗਾਇਆ । ਜਾਮਾ ਲਿਆ ਧਾਰ, ਘਨਕਪੁਰੀ ਪ੍ਰਭ ਭਾਗ ਲਗਾਇਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ ਪ੍ਰਗਟ ਜੋਤ ਅਪਾਰ, ਕਲਜੁਗ ਨਾਸ ਕਰਾਇਆ । ਉਪਜੇ ਸ਼ਬਦ ਗੁਰਚਰਨ ਧਿਆਨਾ । ਉਪਜੇ ਸ਼ਬਦ ਪ੍ਰਭ ਦੇ ਗਿਆਨਾ । ਉਪਜੇ ਸ਼ਬਦ ਜਗੇ ਜੋਤ ਵਿਚ ਦੇਹ ਨਿਧਾਨਾ । ਉਪਜੇ ਸ਼ਬਦ ਗੁਰ ਸ਼ਬਦ ਬੁਝਾਨਾ ।

੧੬੪
੦੧

ਉਪਜੇ ਸ਼ਬਦ ਮਿਲੇ ਵਿਸ਼ਨੂੰ ਭਗਵਾਨਾ । ਉਪਜੇ ਸ਼ਬਦ ਪ੍ਰਭ ਦਰਸ ਹੋਏ ਬਿਧਨਾਨਾ । ਉਪਜੇ ਸ਼ਬਦ ਗੁਰ ਸੋਹੰ ਸ਼ਬਦ ਵਖਾਨਾ । ਉਪਜੇ ਸ਼ਬਦ ਹਰਿ ਭਗਤ ਹਰਿ ਚਰਨ ਧਿਆਨਾ । ਉਪਜੇ ਸ਼ਬਦ ਪ੍ਰਭ ਹਰਿ ਰੰਗ ਜੀਵ ਜੰਤ ਸਮਾਣਾ । ਉਪਜੇ ਸ਼ਬਦ ਪ੍ਰਭ ਦੇਵੇ ਨਾਮ ਦਾਨਾ । ਉਪਜੇ ਸ਼ਬਦ ਮਨ ਭਏ ਗਿਆਨਾ । ਉਪਜੇ ਸ਼ਬਦ ਆਤਮ ਜੋਤ ਪ੍ਰਭ ਜੋਤ ਮਿਲਾਨਾ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਰਾਓ ਰੰਕ ਜਿਸ ਇਕ ਸਮਾਨਾ । ਕਲਜੁਗ ਲੈ ਅਵਤਾਰ, ਕਲਜੁਗ ਪਾਰ ਉਤਾਰਿਆ । ਕਲਜੁਗ ਲੈ ਅਵਤਾਰ, ਗੁਰਸਿਖਾਂ ਗੁਰ ਪਾਰ ਉਤਾਰਿਆ । ਕਲਜੁਗ ਲੈ ਅਵਤਾਰ, ਜੀਵ ਜੰਤ ਪ੍ਰਭ ਕਰਮ ਵਿਚਾਰਿਆ । ਕਲਜੁਗ ਲੈ ਅਵਤਾਰ, ਬੇਮੁਖਾਂ ਗੁਰ ਨਰਕ ਨਿਵਾਰਿਆ । ਕਲਜੁਗ ਲੈ ਅਵਤਾਰ, ਗੁਰਸਿਖਾਂ ਗੁਰ ਚਰਨ ਲਗਾ ਲਿਆ । ਕਲਜੁਗ ਲੈ ਅਵਤਾਰ, ਕਲੂ ਕਾਲ ਕਲੂ ਗੁਰ ਉਲਟਾ ਲਿਆ । ਸਤਿਜੁਗ ਲਾਏ ਅਪਾਰ, ਸਤਿਗੁਰ ਸਚ ਸੁੱਚ ਵਰਤਾ ਲਿਆ । ਮਦਿ ਮਾਸ ਜੋ ਕਰੇ ਅਹਾਰ, ਤਿਨ੍ਹਾਂ ਨਰਕ ਨਿਵਾਸ ਦਿਵਾ ਲਿਆ । ਗੁਰਸਿਖਾਂ ਗੁਰ ਚਰਨ ਪਿਆਰ, ਅੰਮ੍ਰਿਤ ਬੂੰਦ ਮੁਖ ਚਵਾ ਲਿਆ । ਸਭ ਦਾ ਗਵਾਏ ਮਾਣ, ਪ੍ਰਭ ਸੋਹੰ ਸ਼ਬਦ ਚਲਾ ਲਿਆ । ਪ੍ਰਭ ਸਰੂਪ ਏਕ, ਜਗਤ ਰੂਪ ਅਨੇਕ ਵਟਾ ਲਿਆ । ਜੁਗੋ ਜੁਗ ਲੈ ਅਵਤਾਰ, ਭਗਤ ਜਨਾਂ ਪ੍ਰਭ ਆਣ ਤਰਾ ਲਿਆ । ਕਲਜੁਗ ਜਾਮਾ ਧਾਰ, ਨਿਹਕਲੰਕ ਪ੍ਰਭ ਆਪ ਅਖਵਾ ਲਿਆ । ਤਜੀ ਦੇਹ ਜੋਤ ਸਰੂਪ, ਮਹਾਰਾਜ ਸ਼ੇਰ ਸਿੰਘ ਕਲਜੁਗ ਉਲਟਾ ਲਿਆ । ਧਰੇ ਜੋਤ ਜਗਤ ਗੁਰ ਪੂਰਾ । ਅਨਹਦ ਸ਼ਬਦ ਸਦਾ ਸਰੂਰਾ । ਹੋਏ ਅੰਧਘੋਰ ਉਪਜੇ ਰਾਗ ਸ਼ਬਦ ਗੁਰ ਸਤਿਗੁਰ ਪੂਰਾ । ਉਪਜੇ ਗਿਆਨ ਮਾਨੇ ਸਦਾ ਮਨ ਅਨੰਦ ਘਨਘੋਰਾ । ਜਗੇ ਜੋਤ ਸਦਾ ਨਿਰਾਲਮ, ਉਪਜੇ ਦਰਸ ਮਿਲੇ ਗੁਰ ਸੂਰਾ । ਮਹਾਰਾਜ ਸ਼ੇਰ ਸਿੰਘ ਜਗਤ ਪ੍ਰਗਾਸਿਓ ਜਿਸ ਦਾ ਬਚਨ ਨਾ ਹੋਏ ਅਧੂਰਾ । ਮੁਖ ਵਾਕ ਕਰੇ ਗੁਰ ਪੂਰਾ । ਜਗਤ ਉਧਾਰੇ ਆਪ ਸਚ ਸੂਰਾ । ਤੀਨ ਲੋਕ ਪ੍ਰਭ ਸਦ ਭਰਪੂਰਾ । ਵਿਚ ਪਤਾਲ ਪ੍ਰਭ ਨੈਣ ਮਧੂਰਾ । ਬਾਸ਼ਕ ਸੇਜ ਬੈਠਾ ਗੁਰ ਸਤਿਗੁਰ ਪੂਰਾ । ਵਿਚ ਆਕਾਸ਼ ਪ੍ਰਭ ਜੋਤ ਸਰੂਰਾ । ਉਨੰਜਾ ਪਵਣ ਚਵਰ ਸਿਰ ਹੂਰਾ । ਜਗੇ ਜੋਤ ਅਟੱਲ ਪ੍ਰਭ ਹਜ਼ੂਰਾ । ਵਿਚ ਪਤਾਲ ਲਛਮੀ ਪ੍ਰਭ ਚਰਨ ਹਜ਼ੂਰਾ । ਵਿਚ ਮਾਤ ਪ੍ਰਭ ਵਿਚ ਦੇਹ ਹੈ ਤੂਰਾ । ਕੋਈ ਨਾ ਜਾਣੇ ਗੁਰ ਪ੍ਰਗਟਿਓ ਆਣ ਕਲਜੁਗ ਸਤਿਗੁਰ ਪੂਰਾ । ਲੈ ਅਵਤਾਰ ਭਗਤਨ ਉਧਾਰ ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ । ਜੋ ਨਾ ਭੁੱਲੇ ਮੇਰਾ ਨਾਉਂ, ਤਿਨ੍ਹਾਂ ਦੁੱਖ ਨਾ ਬਿਆਪੇ । ਜੋ ਨਾ ਭੁੱਲੇ ਮੇਰਾ ਨਾਉਂ, ਤਿਨ੍ਹਾਂ ਕੋਈ ਰੋਗ ਨਾ ਸਿਆਪੇ । ਜੋ ਨਾ ਭੁੱਲੇ ਮੇਰਾ ਨਾਉਂ, ਤਿਨ੍ਹਾਂ ਮਿਲਿਆ ਹਰਿ ਹਰਿ ਹਰਿ ਮਿਲਿਆ ਆਪੇ । ਜੋ ਨਾ ਭੁੱਲੇ ਮੇਰਾ ਨਾਉਂ, ਝੂਠੀ ਦੇਹ ਵਿਚ ਪ੍ਰਭ ਬਿਆਪੇ । ਜੋ ਨਾ ਭੁੱਲੇ ਮੇਰਾ ਨਾਉਂ, ਹਰ ਰੰਗ ਵਿਚ ਹਰਿ ਹਰਿ ਹਰਿ ਪ੍ਰਭ ਜਾਪੇ । ਜੋ ਨਾ ਭੁੱਲੇ ਮੇਰਾ ਨਾਉਂ, ਸਮਰਥ ਪੁਰਖ ਪ੍ਰਭ ਦਰਸ ਦਰਸਾਪੇ । ਜੋ ਨਾ ਭੁੱਲੇ ਮੇਰਾ ਨਾਉਂ, ਮਹਾਰਾਜ ਸ਼ੇਰ ਸਿੰਘ ਨਿਜ ਆਤਮ ਪ੍ਰਕਾਸ਼ੇ । ਨਿਜਾਨੰਦ ਨਿਜ ਮਾਹਿ ਪਾਏ । ਗੁਰ ਪੂਰਾ ਜਾਂ ਦਰਸ ਦਿਖਾਏ । ਬੁਝੀ ਦੀਪਕ ਪ੍ਰਭ ਵਿਚ ਦੇਹ ਜਗਾਏ । ਗਿਆਨ ਜੋਤ ਹਿਰਦਾ ਹੋ ਜਾਏ । ਗਿਆਨ ਗੋਝ ਪ੍ਰਭ ਆਪ ਖੁਲ੍ਹਾਏ । ਜੋਤ ਨਿਰੰਜਣ ਵਿਚ ਦੇਹ ਪ੍ਰਗਟਾਏ । ਗਿਆਨ ਉਪਜੇ ਧਿਆਨ ਗੁਰ ਚਰਨ ਲਗਾਏ । ਆਤਮ ਪ੍ਰਕਾਸ਼ ਹਰਿ ਦਰਸ਼ਨ ਪਾਏ । ਗੁਰਸਿਖ ਰੰਗ ਗੁਰ ਰੰਗ ਮਜੀਠ ਚੜ੍ਹਾਏ । ਧਾਰ ਖੇਲ ਅਪਾਰ ਪ੍ਰਭ ਚਤੁਰਭੁਜ ਕਹਾਏ । ਬਨ ਮਾਲਾ ਭਿਬੂਖਨ ਕਵਲ ਨੈਣ ਸਿਰ ਮੁਕਟ ਟਿਕਾਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਲੈ ਅਵਤਾਰ ਕ੍ਰਿਸ਼ਨ ਦੇ ਦਰਸ ਦਿਖਾਏ । ਕਲਜੁਗ ਪ੍ਰੀਤ

ਗੁਰ ਚਰਨ ਧਿਆਨਾ । ਉਪਜੇ ਗਿਆਨ ਪ੍ਰਭ ਰਿਦੇ ਸਮਾਨਾ । ਹਰਿ ਹਰਿ ਰੰਗ ਹਰਿ ਇਕ ਸਮਾਨਾ । ਹਰਿ ਜੀਉ ਉਪਜੇ ਦੇਵੇ ਬ੍ਰਹਮ ਗਿਆਨਾ । ਉਪਜੇ ਗਿਆਨ ਗੁਰਚਰਨ ਧਿਆਨਾ । ਮਾਣੇ ਰੰਗ ਪ੍ਰਭ ਜੋਤ ਸਮਾਨਾ । ਕਲਜੁਗ ਪ੍ਰਗਟੇ ਵਿਸ਼ਨੂੰ ਭਗਵਾਨਾ । ਸੋਹੰ ਸ਼ਬਦ ਨਾਮ ਹੈ ਦਾਨਾ । ਕਲਜੁਗ ਆਇਓ ਪ੍ਰਭ ਲੈ ਅਵਤਾਰਾ । ਦੁਆਪਰ ਕ੍ਰਿਸ਼ਨ ਮੁਰਾਰ, ਕਲਜੁਗ ਸ਼ੇਰ ਸਿੰਘ ਨਿਰੰਕਾਰਾ । ਜੁਗੋ ਜੁਗ ਪ੍ਰਭ ਲੈ ਅਵਤਾਰਾ । ਕਰੇ ਜੋਤ ਪ੍ਰਕਾਸ਼, ਮਿਟੇ ਕਲਜੁਗ ਅੰਧਿਆਰਾ । ਹੋਏ ਰਹਿਰਾਸ ਸੋਹੰ ਸ਼ਬਦ ਲੈ ਅਵਤਾਰਾ । ਹੋਏ ਸਭ ਦਾ ਨਾਸ, ਲਿਖਾਏ ਆਪ ਪ੍ਰਭ ਗਿਰਧਾਰਾ । ਗੁਰਸਿਖ ਉਤਰੇ ਪਾਰ, ਜਿਨ੍ਹਾਂ ਪ੍ਰੀਤ ਗੁਰ ਚਰਨ ਦੁਆਰਾ । ਬੇਮੁਖਾਂ ਆਈ ਹਾਰ, ਜਿਨ੍ਹਾਂ ਰਸਨਾ ਹਰਿ ਹਰਿ ਹਰਿ ਨਾਮ ਨਾ ਉਚਾਰਾ । ਕਲਜੁਗ ਨਰ ਅਵਤਾਰ, ਮਹਾਰਾਜ ਸ਼ੇਰ ਸਿੰਘ ਆਪ ਨਿਰੰਕਾਰਾ । ਨਿਰੰਕਾਰ ਅਛਲ ਅਡੋਲਿਆ । ਜੋਤ ਸਰੂਪ ਸਭ ਜਗਤ ਮੌਲਿਆ । ਕਲਜੁਗ ਲੈ ਅਵਤਾਰ, ਆਪਣਾ ਆਪ ਛੁਪਾ ਲਿਆ । ਛੱਡ ਦੇਹ ਪ੍ਰਭ ਜੋਤ ਸਰੂਪ ਹੋ ਜਗਤ ਭੁਲਾ ਲਿਆ । ਕੋਇ ਨਾ ਪਾਏ ਸਾਰ, ਜੋਤ ਸਰੂਪ ਪ੍ਰਭ ਵਿਚ ਸਿੱਖ ਸਮਾ ਲਿਆ । ਦੇਵੇ ਬ੍ਰਹਮ ਗਿਆਨ, ਗੁਰ ਪੂਰੇ ਮੁਖ ਵਾਕ ਸੁਣਾ ਲਿਆ । ਮਾਨਸ ਜਨਮ ਲਿਆ ਸੁਧਾਰ, ਜਿਨ੍ਹਾਂ ਕਲਜੁਗ ਮਹਾਰਾਜ ਸ਼ੇਰ ਸਿੰਘ ਦਾ ਦਰਸ਼ਨ ਪਾ ਲਿਆ । ਗੁਰ ਦਰਸ ਗੁਰ ਦਰ ਤੇ ਪਾਏ । ਹਉਮੇ ਮਮਤਾ ਮੈਲ ਗਵਾਏ । ਨਾਉਂ ਨਿਰੰਜਣ ਆਤਮ ਜੋਤ ਜਗਾਏ । ਝੂਠੀ ਦੇਹ ਵਿਚ ਸਚ ਸੁੱਚ ਵਰਤਾਏ । ਹਰਿ ਭਗਤ ਹਰਿ ਦਰਸ਼ਨ ਪਾਏ । ਹਰਿ ਜੂ ਬੱਧਾ ਗੁਰਸਿਖ ਘਰ ਆਏ । ਕਰੇ ਜੋਤ ਪ੍ਰਕਾਸ਼ ਸੋਹੰ ਸ਼ਬਦ ਗੁਰ ਗਿਆਨ ਦਿਵਾਏ । ਸੋ ਸੁਹਾਏ ਥਾਨ, ਜਿਥੇ ਗੁਰ ਦਰਸ ਦਿਖਾਏ । ਸੋ ਸੁਹਾਏ ਥਾਨ, ਜਿਥੇ ਪ੍ਰਭ ਜੋਤ ਜਗਾਏ । ਗੁਰਸਿਖਾਂ ਦੇ ਗਿਆਨ, ਦੂਈ ਦਵੈਤ ਮਿਟਾਏ । ਗੁਰ ਸੰਗਤ ਹੋ ਮਿਹਰਵਾਨ, ਪ੍ਰਭ ਜੋਤ ਪ੍ਰਗਟਾਏ । ਨਿਰੰਜਣ ਜੋਤ ਅਗੰਮ, ਕੋਈ ਭੇਦ ਨਾ ਪਾਏ । ਸੋ ਜਨ ਜਾਣੇ, ਜਿਨ੍ਹਾਂ ਪ੍ਰਭ ਦਵਾਰ ਦਸਮ ਖੁਲ੍ਹਾਏ । ਹੋਏ ਸ਼ਬਦ ਧੁਨਕਾਰ, ਮਨ ਅਨਹਦ ਸ਼ਬਦ ਵਜਾਏ । ਉਪਜੇ ਰਾਗ ਰਸਾਰ, ਆਤਮ ਹਰਿ ਹਰਿ ਹਰਿ ਮੰਗਲ ਗਾਏ । ਲਾਗੇ ਚਰਨ ਧਿਆਨ, ਗੁਰ ਪੂਰਾ ਦਰਸ ਦਿਖਾਏ । ਉਪਜੇ ਬ੍ਰਹਮ ਗਿਆਨ, ਮਹਾਰਾਜ ਸ਼ੇਰ ਸਿੰਘ ਜੋਤ ਜਗਾਏ । ਦੋਏ ਜੋੜ ਕਰੋ ਗੁਰ ਬੰਦਨ । ਗੁਰ ਕਾ ਸਿੱਖ ਕਲਜੁਗ ਪ੍ਰਭਾਸ ਜਿਉਂ ਚੰਦਨ । ਪ੍ਰਗਟੀ ਜੋਤ ਪ੍ਰਭ ਤ੍ਰੈਲੋਕੀ ਨੰਦਨ । ਦੇਵੀ ਦੇਵ ਸਭ ਪ੍ਰਭ ਦਰ ਤੇ ਮੰਗਣ । ਬ੍ਰਹਮਾ ਵਿਸ਼ਨ ਮਹੇਸ਼ ਈਸ਼ਵਰ ਨਾਮ ਮਨ ਹਰਿ ਰੰਗਨ । ਰੂਪ ਅਗੰਮ ਪ੍ਰਭ ਭੈ ਭੰਜਨ । ਗੁਰ ਕਾ ਦਰਸ ਗੁਰਸਿਖ ਨਿੱਤ ਮੰਗਣ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਸੋਹੰ ਸ਼ਬਦ ਦੀਆ ਜਗ ਅੰਜਨ । ਧੰਨ ਧੰਨ ਗੁਰਸਿਖ, ਜਿਨ੍ਹਾਂ ਕਲਜੁਗ ਹਰਿ ਨਾਮ ਚਿਤਾਰਿਆ । ਧੰਨ ਧੰਨ ਗੁਰਸਿਖ, ਜਿਨ੍ਹਾਂ ਕਲਜੁਗ ਗੁਰਚਰਨ ਨਿਮਸਕਾਰਿਆ । ਧੰਨ ਧੰਨ ਗੁਰਸਿਖ, ਜਿਨ੍ਹਾਂ ਗੁਰ ਦਰਸ ਮਾਨਸ ਜਨਮ ਸਵਾਰਿਆ । ਧੰਨ ਧੰਨ ਗੁਰਸਿਖ, ਜਿਨ੍ਹਾਂ ਕਲਜੁਗ ਹੋਵੇ ਜੋਤ ਉਜਿਆਰਿਆ । ਧੰਨ ਧੰਨ ਗੁਰਸਿਖ, ਜਿਨ੍ਹਾਂ ਕਲਜੁਗ ਮਿਲੇ ਪ੍ਰਭ ਅਪਰ ਅਪਾਰਿਆ । ਧੰਨ ਧੰਨ ਗੁਰਸਿਖ, ਜਿਨ੍ਹਾਂ ਕਲਜੁਗ ਮਿਲੇ ਪ੍ਰਭ ਨਿਰਾਧਾਰਿਆ । ਧੰਨ ਧੰਨ ਗੁਰਸਿਖ, ਜਿਨ੍ਹਾਂ ਕਲਜੁਗ ਦਰਸ ਮਿਲੇ ਬਨਵਾਲਿਆ । ਧੰਨ ਧੰਨ ਗੁਰਸਿੱਖ, ਜਿਨ੍ਹਾਂ ਕਲਜੁਗ ਮਿਲੇ ਕ੍ਰਿਸ਼ਨ ਮੁਰਾਰਿਆ । ਧੰਨ ਧੰਨ ਗੁਰਸਿਖ, ਜਿਨ੍ਹਾਂ ਕਲਜੁਗ ਦੇਵੇ ਦਰਸ ਮਹਾਰਾਜ ਸ਼ੇਰ ਸਿੰਘ ਨਿਰੰਕਾਰਿਆ । ਧੰਨ ਧੰਨ ਗੁਰਸਿਖ, ਜਿਨ੍ਹਾਂ ਕਲਜੁਗ ਸੋਹੰ ਸ਼ਬਦ ਰਸਨਾ ਉਚਾਰਿਆ । ਸੋਹੰ ਸ਼ਬਦ ਉਤਮ ਗਿਆਨ । ਬੂਝੇ ਸੋ ਜੋ ਪੁਰਖ ਸੁਜਾਨ । ਪਾਵੇ ਸੋ ਜਿਸ ਗੁਰਚਰਨ ਧਿਆਨ । ਗਾਵੇ

ਸੋ ਜਿਸ ਪ੍ਰਭ ਦੇਵੇ ਦਾਨ । ਧਾਰੇ ਸੋ ਜਿਸ ਪ੍ਰਭ ਦੇ ਦਇਆਵਾਨ । ਦਰਸਾਰੇ ਸੋ ਜਿਸ ਪ੍ਰਭ ਹੋਏ ਮਿਹਰਵਾਨ । ਪਾਵੇ ਸੋ ਜਿਸ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਨ । ਦਰਸ ਦਿਖਾਵੇ ਪ੍ਰਭ ਅਬਿਨਾਸ਼ੀ । ਰਿਧ ਸਿਧ ਪ੍ਰਭ ਚਰਨਾ ਕੀ ਦਾਸੀ । ਸਰਬ ਵਸਿਆ ਸਰਬ ਘਟ ਵਾਸੀ । ਕਲਜੁਗ ਪ੍ਰਗਟੀ ਜੋਤ ਅਬਿਨਾਸ਼ੀ । ਜਗਤ ਸਾਰਾ ਸਦਾ ਵਿਨਾਸੀ । ਗੁਰਸਿਖ ਗੁਰਚਰਨ ਰਹਿਰਾਸੀ । ਜਗੇ ਜੋਤ ਹੋਏ ਆਤਮ ਪ੍ਰਕਾਸ਼ੀ । ਮਿਟੇ ਅਗਿਆਨ ਰਸਨਾ ਪ੍ਰਭ ਗੁਣ ਗਾ ਸੀ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਸਰਬ ਸੂਖ ਗੁਰਚਰਨ ਨਿਵਾਸੀ । ਗੁਰਚਰਨ ਉਪਜੇ ਬ੍ਰਹਮ ਗਿਆਨਾ । ਗੁਰਚਰਨ ਸਰਬ ਰਸ ਮਾਣਾ । ਗੁਰਚਰਨ ਪ੍ਰਭ ਦਰਸ਼ਣ ਪਾਣਾ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਜੋਤ ਜਗਾਏ ਮਹਾਨਾ । ਭਗਤ ਵਛਲ ਪ੍ਰਭ ਬਨਵਾਲੀ । ਭਗਤ ਵਛਲ ਸਰਬ ਰਖਵਾਲੀ । ਭਗਤ ਵਛਲ ਪ੍ਰਭ ਜੋਤ ਜਗਾ ਲੀ । ਜੁਗੋ ਜੁਗ ਭਗਤਨ ਪ੍ਰਭ ਪੈਜ ਰਖਾ ਲੀ । ਕੋਇ ਨਾ ਜਾਣੇ ਭੇਓ ਈਸ਼ਵਰ ਜੋਤ ਨਿਰਾਲੀ । ਮਹਾਰਾਜ ਸ਼ੇਰ ਸਿੰਘ ਭਗਤ ਰਖਵਾਲੀ । ਜੁਗੋ ਜੁਗ ਪ੍ਰਭ ਲੈ ਅਵਤਾਰਾ । ਭਗਤ ਜਨਾਂ ਪ੍ਰਭ ਪਾਰ ਉਤਾਰਾ । ਬਾਲਕ ਧ੍ਰੂ ਕਰੇ ਉਜਿਆਰਾ । ਪ੍ਰਹਿਲਾਦ ਤਾਰ ਨਰ ਸਿੰਘ ਪ੍ਰਭ ਲੈ ਅਵਤਾਰਾ । ਧਾਰ ਬਾਵਨ ਰੂਪ ਬਲ ਨੂੰ ਪਾਰ ਉਤਾਰਾ । ਅੰਬਰੀਕ ਦਿਵਾਏ ਮਾਣ, ਚੱਕਰ ਸੁਦਰਸ਼ਨ ਬਾਣ ਗੁਰ ਮਾਰਾ । ਇੰਦਲੋਕ ਬ੍ਰਹਮਲੋਕ ਸ਼ਿਵਲੋਕ ਤਜ ਗਿਆ ਬੈਕੁੰਠ ਪ੍ਰਭ ਚਰਨ ਦਵਾਰਾ । ਭਗਤ ਜਨਾਂ ਪ੍ਰਭ ਦੇਵੇ ਮਾਣ, ਜੁਗੋ ਜੁਗ ਪ੍ਰਭ ਲੈ ਅਵਤਾਰਾ । ਦਿਤਾ ਜਨਕ ਤਾਰ, ਸਚਖੰਡ ਜਾਏ ਸੁਧਾਰਾ । ਤਾਰਾ ਕੀਤੀ ਪਾਰ, ਜਿਸ ਪਿਆਰ ਗੁਰਸੰਗਤ ਦਵਾਰਾ । ਬਿਦਰ ਹੋਇਆ ਪਾਰ, ਝੁੱਗੀ ਸੁੱਤਾ ਪ੍ਰਭ ਪੈਰ ਪਸਾਰਾ । ਸੁਦਾਮਾ ਕਰਮ ਵਿਚਾਰ, ਚਾਰ ਪਦਾਰਥ ਮਿਲੇ ਪ੍ਰਭ ਚਰਨ ਦਵਾਰਾ । ਜੈਦੇਉ ਪਾਈ ਸਾਰ, ਲੇਖ ਲਿਖਾਏ ਅਪਰ ਅਪਾਰਾ । ਨਾਮਦੇਉ ਦਿਤਾ ਤਾਰ, ਪਾਏ ਦਰਸ ਮਾਣੇ ਰੰਗ ਕਰਤਾਰਾ । ਤਰਲੋਚਨ ਭਰਮ ਨਿਵਾਰ, ਰਸਨਾ ਜਪਾਇਓ ਨਾਮ ਗਿਰਧਾਰਾ । ਅੰਤਕਾਲ ਅਜਾਮਲ ਤਰਿਓ, ਕਰ ਦਰਸ ਤਰਿਓ ਰਵਿਦਾਸ ਚੁਮਾਰਾ । ਬੇਣੀ ਕਰੇ ਵਿਚਾਰ, ਪ੍ਰਭ ਦੀ ਜੋਤ ਸਦਾ ਨਿਰਾਧਾਰਾ । ਦਰੋਪਤੀ ਪਾਈ ਸਾਰ, ਰੱਖੀ ਲਾਜ ਕ੍ਰਿਸ਼ਨ ਮੁਰਾਰਾ । ਗਨਕਾ ਉਤਰੀ ਪਾਰ, ਰਾਮ ਨਾਮ ਰਸਨਾ ਉਚਾਰਾ । ਉਧਰੇ ਭਗਤ ਕਬੀਰ, ਵੇਖੇ ਸਚਖੰਡ ਪ੍ਰਭ ਨਿਰੰਕਾਰਾ । ਸੈਣ ਰੂਪ ਪ੍ਰਭ ਆਪ ਬਣਾਏ, ਗੁਰਸੰਗਤ ਜੋ ਕਰੇ ਪਿਆਰਾ । ਪੂਤਨਾ ਦਿਤੀ ਤਾਰ, ਜਿਹੜੀ ਪਛਾੜੀ ਵਾਂਗ ਪਹਾੜਾ । ਬੱਧਕ ਲਾਇਆ ਤੀਰ, ਗੁਣ ਅਵਗੁਣ ਹਰਿ ਨਾ ਵਿਚਾਰਾ । ਭਗਤ ਜਨਾਂ ਪ੍ਰਭ ਦੇਵੇ ਮਾਣ, ਜੁਗੋ ਜੁਗ ਪ੍ਰਭ ਲੈ ਅਵਤਾਰਾ । ਪ੍ਰਗਟੀ ਜੋਤ ਨਿਰੰਕਾਰ, ਕਲਜੁਗ ਨਿਹਕਲੰਕ ਅਵਤਾਰਾ । ਜੋਤ ਰੂਪ ਅਗੰਮ ਸ਼ੇਰ ਸਿੰਘ ਨਾਮ ਉਚਾਰਾ । ਛੱਡੀ ਦੇਹ ਅਨਮੋਲ, ਜੋਤ ਸਰੂਪ ਪ੍ਰਭ ਸਰਬ ਸਮਾਰਾ । ਕਲਜੁਗ ਦੇਵੇ ਹਾਰ, ਨਰ ਲੈ ਅਵਤਾਰਾ । ਸ੍ਰਿਸ਼ਟ ਹੋਏ ਖੁਆਰ, ਸੋਹੰ ਸ਼ਬਦ ਬਾਣ ਗੁਰ ਮਾਰਾ । ਗੁਰਸਿਖ ਉਧਰੇ ਪਾਰ, ਜਿਨ੍ਹਾਂ ਹਰਿ ਨਾਮ ਪਿਆਰਾ । ਕਲਜੁਗ ਜੋਤ ਅਪਾਰ, ਕੋਇ ਨਾ ਪਾਵੇ ਸਾਰਾ । ਉਲਟੀ ਸ੍ਰਿਸ਼ਟ ਪ੍ਰਭ ਕੀਨੀ ਜੋਤ ਜਗਤ ਹੋਏ ਚਮਤਕਾਰਾ । ਸੋਹੰ ਸ਼ਬਦ ਸਰਬ ਪ੍ਰਕਾਸ਼ੇ, ਚਾਰ ਕੁੰਟ ਹੋਏ ਜੈ ਜੈ ਜੈਕਾਰਾ । ਏਕ ਪ੍ਰਭ ਆਪ ਸਰੂਪਾ, ਏਕ ਸ਼ਬਦ ਹੋਏ ਜਗਤ ਵਰਤਾਰਾ । ਸਤਿਜੁਗ ਸਤਿ ਸਤਿ ਸਤਿ ਪ੍ਰਭ ਵਰਤਾਏ, ਸੋਹੰ ਸ਼ਬਦ ਜਪੇ ਪੁਰਖ ਅਪਾਰਾ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਪ੍ਰਗਟਿਓ ਨਰ ਲੈ ਅਵਤਾਰਾ । ਗੁਰ ਕਾ ਨਾਉਂ ਗੁਰਸਿਖ ਜਾਣੇ । ਗੁਰ ਕਾ ਨਾਉਂ ਗੁਰ ਸ਼ਬਦ ਪਛਾਣੇ । ਗੁਰ ਕਾ ਨਾਉਂ ਗੁਰ ਭਗਤ ਹੀ ਮਾਣੇ । ਗੁਰ ਕਾ ਨਾਉਂ ਬ੍ਰਹਮ

ਗਿਆਨੇ । ਗੁਰ ਕਾ ਨਾਉਂ ਹੋਏ ਆਤਮ ਧਿਆਨੇ । ਗੁਰ ਕਾ ਨਾਉਂ ਗੁਰਸੰਗਤ ਮਿਲਾਨੇ । ਗੁਰ ਕਾ ਨਾਉਂ ਸਹੰਸਰ ਰੋਗ ਮਿਟਾਨੇ । ਗੁਰ ਕਾ ਨਾਉਂ ਆਤਮ ਜੋਤ ਜਗਾਨੇ । ਗੁਰ ਕਾ ਨਾਉਂ ਝੂਠੀ ਦੇਹ ਵਿਚ ਸਚ ਵਖਾਨੇ । ਗੁਰ ਕਾ ਨਾਉਂ ਹਰਿ ਪ੍ਰਭ ਜੋਤ ਜਗਾਨੇ । ਗੁਰ ਕਾ ਨਾਉਂ ਖੰਡ ਬ੍ਰਹਿਮੰਡ ਗੁਰਸਿਖ ਦਰਸਾਨੇ । ਗੁਰ ਕਾ ਨਾਉਂ ਹਰਿ ਰੰਗ ਦਿਸੇ ਹਰ ਇਕ ਸਮਾਨੇ । ਗੁਰ ਕਾ ਨਾਉਂ ਪ੍ਰਭ ਜੋਤ ਸਾਧ ਸੰਗਤ ਮਿਲਾਨੇ । ਗੁਰ ਕਾ ਨਾਉਂ ਗੁਰਸਿਖ ਗੁਰ ਧਾਮ ਪਹੁੰਚਾਨੇ । ਗੁਰ ਕਾ ਨਾਉਂ ਗੁਰਸਿਖ ਵਿਚ ਬੈਕੁੰਠ ਪਹੁੰਚਾਨੇ । ਗੁਰ ਕਾ ਨਾਉਂ ਗੁਰਸਿਖ ਚੁਰਾਸੀ ਗੇੜ ਕਟਾਨੇ । ਗੁਰ ਕਾ ਨਾਉਂ ਹਰ ਜੀਵ ਗੁਰ ਦਰਸ ਦਿਖਾਨੇ । ਗੁਰ ਕਾ ਨਾਉਂ ਗੁਰਸਿਖ ਤੋੜੇ ਅਭਿਮਾਨੇ । ਗੁਰ ਕਾ ਨਾਉਂ ਗੁਰਸਿਖ ਸਦਾ ਗੁਰਚਰਨ ਧਿਆਨੇ । ਗੁਰ ਕਾ ਨਾਉਂ ਗੁਰਸਿਖ ਸਦਾ ਹੀ ਮਾਨੇ । ਗੁਰ ਕਾ ਨਾਉਂ ਗੁਰਸਿਖ ਆਪ ਮਾਨੇ । ਗੁਰ ਕਾ ਨਾਉਂ ਗੁਰਸਿਖ ਪ੍ਰਭ ਜੋਤ ਬੂਝ ਬੁਝਾਨੇ । ਗੁਰ ਕਾ ਨਾਉਂ ਗੁਰਸਿਖ ਚਲੇ ਗੁਰ ਕੇ ਭਾਣੇ । ਗੁਰ ਕਾ ਨਾਉਂ ਗੁਰਸਿਖ ਗੁਰ ਸ਼ਬਦ ਪਛਾਣੇ । ਗੁਰ ਕਾ ਨਾਉਂ ਗੁਰ ਸ਼ਬਦ ਉਪਜਾਵੇ । ਗੁਰ ਕਾ ਨਾਉਂ ਅਨਹਦ ਸ਼ਬਦ ਧੁਨ ਵਜਾਵੇ । ਗੁਰ ਕਾ ਨਾਉਂ ਖੋਲ੍ਹ ਤ੍ਰੈਕੁਟੀ ਪ੍ਰਭ ਦਰਸ ਦਰਸਾਵੇ । ਗੁਰ ਕਾ ਨਾਉਂ ਸਚ ਮਾਰਗ ਪਾਵੇ । ਗੁਰ ਕਾ ਨਾਉਂ ਗੁਰਚਰਨ ਲਾਗ ਦਰਸ ਦਰਸਾਵੇ । ਗੁਰ ਕਾ ਨਾਉਂ ਗੁਰ ਸੋਹੰ ਸ਼ਬਦ ਅਲਾਵੇ । ਗੁਰ ਕਾ ਨਾਉਂ ਗੁਰ ਪਾਰਬ੍ਰਹਮ ਪਰਮੇਸ਼ਰ ਪਾਵੇ । ਗੁਰ ਕਾ ਨਾਉਂ ਧਰਤ ਧਵਲ ਆਕਾਸ਼ ਇਕ ਰੰਗ ਸਮਾਵੇ । ਗੁਰ ਕਾ ਨਾਉਂ ਖਾਣੀ ਬਾਣੀ ਗਗਨ ਪਤਾਲੀ ਸਰਬ ਥਾਏਂ ਰਹਾਵੇ । ਗੁਰ ਕਾ ਨਾਉਂ ਜੀਵ ਜੰਤ ਸਰਬ ਤਰਾਵੇ । ਗੁਰ ਕਾ ਨਾਉਂ ਗੁਰਮੁਖ ਕੋਈ ਪਾਵੇ । ਗੁਰ ਕਾ ਨਾਉਂ ਗੁਰ ਸਚ ਨਾਮ ਮੰਤਰ ਦ੍ਰਿੜਾਵੇ । ਗੁਰ ਕਾ ਨਾਉਂ ਆਤਮ ਭੂਪਤ ਰੰਗ ਲਗਾਵੇ । ਗੁਰ ਕਾ ਨਾਉਂ ਗੁਰਸਿਖ ਗੁਰਮੁਖ ਬਣਾਵੇ । ਗੁਰ ਕਾ ਨਾਉਂ ਖੰਡ ਬ੍ਰਹਿਮੰਡ ਸਰਬ ਹੈ ਗਾਵੇ । ਗੁਰ ਕਾ ਨਾਉਂ ਤੀਨ ਲੋਕ ਏਕ ਰਹਾਵੇ । ਗੁਰ ਕਾ ਨਾਉਂ ਪ੍ਰਭ ਅਬਿਨਾਸ਼ ਸੰਗ ਮਿਲਾਵੇ । ਗੁਰ ਕਾ ਨਾਉਂ ਜੀਵ ਜੁਗਤ ਪ੍ਰਗਟਾਵੇ । ਗੁਰ ਕਾ ਨਾਉਂ ਗੁਰ ਠਾਂਡਾ ਘਰ ਮਾਹਿ ਪਾਵੇ । ਗੁਰ ਕਾ ਨਾਉਂ ਸਚਖੰਡ ਸਚ ਸਚ ਸਚ ਦਰਸਾਵੇ । ਗੁਰ ਕਾ ਨਾਉਂ ਦੇਹ ਦੀਪਕ ਵਿਚ ਜੋਤ ਜਗਾਵੇ । ਗੁਰ ਕਾ ਨਾਉਂ ਬੁਝੀ ਜੋਤ ਫਿਰ ਉਪਜਾਵੇ । ਗੁਰ ਕਾ ਨਾਉਂ ਗੋਝ ਗਿਆਨ ਵਿਚ ਦੇਹ ਪ੍ਰਗਟਾਵੇ । ਗੁਰ ਕਾ ਨਾਉਂ ਸਰਬ ਸੂਖ ਨਿਜ਼ ਆਤਮ ਪਾਏ । ਗੁਰ ਕਾ ਨਾਉਂ ਗੁਰਮੁਖ ਸਤਿ ਰਸਨਾ ਗਾਏ । ਗੁਰ ਕਾ ਨਾਉਂ ਗੁਰਸਿਖ ਸਦਾ ਮਨ ਭਾਏ । ਗੁਰ ਕਾ ਨਾਉਂ ਗੁਰਸਿਖ ਸੰਗਤ ਮਹਾਰਾਜ ਸ਼ੇਰ ਸਿੰਘ ਕਲਜੁਗ ਲਏ ਮਿਲਾਏ । ਗੁਰ ਕਾ ਸ਼ਬਦ ਊਚ ਅਗੰਮ ਅਪਾਰਾ । ਗੁਰ ਕਾ ਸ਼ਬਦ ਹਰਿ ਭਗਤ ਭੰਡਾਰਾ । ਗੁਰ ਕਾ ਸ਼ਬਦ ਗੁਰਸਿਖ ਸਵਾਰਾ । ਗੁਰ ਕਾ ਸ਼ਬਦ ਉਪਜੇ ਆਤਮ ਦਵਾਰਾ । ਗੁਰ ਕਾ ਸ਼ਬਦ ਗੁਰਸਿਖ ਮਿਲਾਏ ਨਿਰੰਕਾਰਾ । ਗੁਰ ਕਾ ਸ਼ਬਦ ਗੁਰਸਿਖ ਕਲਜੁਗ ਪਾਰ ਉਤਾਰਾ । ਗੁਰ ਕਾ ਸ਼ਬਦ ਸੋਹੰ ਚਲੇ ਅਪਰ ਅਪਾਰਾ । ਗੁਰ ਕਾ ਸ਼ਬਦ ਸੋਹੰ ਸਤਿਜੁਗ ਲੈ ਅਵਤਾਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰਾ । ਗੁਰ ਕਾ ਸ਼ਬਦ ਸੋਹੰ ਉਤਮ ਨਿਆਰਾ । ਗੁਰ ਕਾ ਨਾਉਂ ਸਰਬ ਗੁਣ ਤਾਰਾ । ਗੁਰ ਕਾ ਨਾਉਂ ਪ੍ਰਗਟੇ ਜੋਤ ਆਪ ਨਿਰੰਕਾਰਾ । ਗੁਰ ਕਾ ਨਾਉਂ ਗੁਰਸਿਖ ਭਰਵਾਸਾ ਦੇਵੇ ਦਾਨ ਹਰਿ ਨਾਉਂ ਭਗਤ ਭੰਡਾਰਾ । ਗੁਰ ਕਾ ਸ਼ਬਦ ਮਿਲੇ ਪ੍ਰਭ ਅਬਿਨਾਸ਼ੀ ਸਰਬ ਘਟ ਵਾਸੀ, ਹੋਏ ਗਿਆਨ ਗੁਰ ਦਰਸ ਅਪਾਰਾ । ਗੁਰ ਕਾ ਸ਼ਬਦ ਭਗਤ ਜਨ ਜਾਨਣ, ਆਤਮ ਸ਼ਬਦ ਨਿੱਤ ਆਤਮ ਮਾਨਣ, ਮਿਟੇ ਅਗਿਆਨ ਮਨ ਹੋਏ

੧੬੮
੦੧

ਗਿਆਨਨ । ਸੋਹੰ ਸ਼ਬਦ ਹੋਏ ਧੁਨਕਾਰਾ । ਆਤਮ ਜੋਤ ਆਤਮ ਪ੍ਰਕਾਸ਼ੇ । ਗੁਰ ਕਾ ਸ਼ਬਦ ਸਰਬ ਦੁੱਖ ਨਾਸੇ । ਹਰਿ ਹਰਿ ਮਿਲਿਓ ਪ੍ਰਭ ਅਬਿਨਾਸ਼ੇ । ਪ੍ਰਗਟੀ ਜੋਤ ਆਪ ਨਿਰੰਕਾਰਾ । ਪ੍ਰਭ ਕਿਰਪਾਲ ਭਗਤ ਵਛਲ ਦੀਨ ਦਿਆਲ, ਗੁਰ ਸ਼ਬਦ ਆਤਮ ਲਾਲ ਗੁਲਾਲ ਹੋਏ ਜੋਤ ਦੇਹ ਚਮਤਕਾਰਾ । ਪ੍ਰਭ ਦਰਸ਼ਨ ਪਾਇਆ, ਗੁਰ ਸ਼ਬਦ ਗੁਰ ਗਿਆਨ ਦਿਵਾਇਆ, ਰੋਗ ਸੋਗ ਸਭ ਦੇ ਚੁਕਾਇਆ, ਜੋਤ ਜਗਾਈ ਪ੍ਰਭ ਅਪਰ ਅਪਾਰਾ । ਹਰਿ ਹਰਿ ਪ੍ਰਭ ਹਿਰਦੇ ਵਸਿਆ, ਗੁਰ ਕਾ ਸ਼ਬਦ ਗੁਰਦੇਵ ਦਰਸਿਆ, ਆਤਮ ਸੁਖ ਮਿਲੇ ਮਨ ਹਰਸਿਆ , ਬੂਝ ਬੁਝਾਏ ਪ੍ਰਭ ਸਿਰਜਣਹਾਰਾ । ਰਾਮ ਨਾਮ ਮਨ ਮਾਹਿ ਪਾਇਆ, ਗੁਰ ਕਾ ਸ਼ਬਦ ਗੁਰ ਦਰਸ਼ਨ ਪਾਇਆ, ਜੋਤ ਨਿਰੰਜਣ ਵਿਚ ਦੇਹ ਜਗਾਇਆ, ਪ੍ਰਗਟੇ ਜੋਤ ਪ੍ਰਭ ਕਰਤਾਰਾ । ਕਲਜੁਗ ਆਣ ਪ੍ਰਭ ਭਗਤ ਤਰਾਏ, ਗੁਰਸਿਖਾਂ ਗੁਰ ਮਾਣ ਦਿਵਾਏ, ਖੰਡ ਬ੍ਰਹਿਮੰਡ ਪ੍ਰਭ ਦੇ ਉਲਟਾਏ, ਕਰੇ ਖੇਲ ਅਚੱਲ ਨਿਆਰਾ । ਜੁਗ ਚੌਥੇ ਦਾ ਮਾਣ ਗਵਾਇਆ, ਕਲੂ ਕਾਲ ਕਰਨ ਹਰਿ ਜੂ ਆਇਆ, ਧਾਰ ਖੇਲ ਚਤੁਰਭੁਜ ਕਹਾਇਆ, ਸਾਵਲ ਸੁੰਦਰ ਰੂਪ ਬਣਾਇਆ, ਕਰੇ ਰੰਗ ਆਪ ਗਿਰਧਾਰਾ । ਬ੍ਰਹਮੇ ਦਾ ਹੁਣ ਮਾਣ ਗਵਾਇਆ, ਚਾਰ ਵੇਦ ਦਾ ਅੰਤ ਕਰਾਇਆ, ਸੋਹੰ ਸ਼ਬਦ ਗੁਰ ਜਗਤ ਚਲਾਇਆ, ਨਾਮ ਸ਼ਬਦ ਪ੍ਰਭ ਦਏ ਭੰਡਾਰਾ । ਕੁਰਾਨ ਅੰਜ਼ੀਲ ਕੋਈ ਰਹਿਣ ਨਾ ਪਾਏ, ਬਾਣੀ ਦਾ ਹੁਣ ਮਾਣ ਗੁਆਏ, ਈਸ਼ਵਰ ਜੋਤ ਜਗਤ ਪ੍ਰਗਟਾਏ, ਗੁਰ ਪੂਰਾ ਗੁਰਸਿਖਾਂ ਮੁੱਖ ਵਾਕ ਸੁਣਾਏ, ਐਸਾ ਜਗਤ ਕੀਆ ਉਜਿਆਰਾ । ਐਸੀ ਕਲਾ ਪ੍ਰਭ ਆਪ ਵਰਤਾਏ, ਮਦਿ ਮਾਸ ਸਭ ਨਸ਼ਟ ਹੋ ਜਾਏ, ਸੋਹੰ ਸ਼ਬਦ ਗੁਰ ਜਗਤ ਚਲਾਏ, ਸਤਿਜੁਗ ਸਤਿ ਹੋਏ ਵਰਤਾਰਾ । ਗੁਰ ਕਾ ਨਾਉਂ ਭਗਤ ਜਨ ਗਾਇਨ, ਹੋਏ ਗਿਆਨ ਗੁਰ ਚਰਨ ਧਿਆਇਨ, ਭਗਤ ਜਨ ਪ੍ਰਭ ਦਰਸ਼ਨ ਪਾਇਣ, ਕਲਜੁਗ ਪ੍ਰਗਟਿਓ ਪ੍ਰਭ ਜੋਤ ਨਿਰੰਕਾਰਾ । ਗੁਰਸਿਖ ਤਰਾਇਣ ਗੁਣ ਗੋਬਿੰਦ ਗਾਇਣ, ਘਨਕਪੁਰੀ ਗੁਰ ਦਰਸ਼ਨ ਪਾਇਣ, ਜਿਥੇ ਮਹਾਰਾਜ ਸ਼ੇਰ ਸਿੰਘ ਲੈ ਅਵਤਾਰਾ । ਕਲਜੁਗ ਆਣ ਜਿਸ ਕਲ ਸਵਾਰੀ, ਗੁਰਸਿੱਖਾਂ ਗੁਰ ਪਾਰ ਉਤਾਰੀ, ਜੋਤ ਨਿਰੰਜਣ ਸਰਬ ਉਧਾਰੀ, ਪ੍ਰਗਟੇ ਆਪ ਪ੍ਰਭ ਮੁਰਾਰਾ । ਸੋ ਬੂਝੇ ਜਿਨ ਆਪ ਬੁਝਾਏ, ਬਿਨ ਗੁਰ ਕੋਈ ਭੇਵ ਨਾ ਪਾਏ, ਦੇਵੇ ਦਰਸ ਆਪ ਰਘੁਰਾਏ, ਉਪਜੇ ਸ਼ਬਦ ਅਗੰਮ ਅਪਾਰਾ । ਗੁਰਸਿਖਾਂ ਗੁਰ ਦਰਸ਼ਨ ਪਾਇਆ, ਧੰਨ ਗੁਰਸਿਖ ਜਿਨ੍ਹਾਂ ਗੁਰ ਚਰਨ ਸੀਸ ਨਿਵਾਇਆ, ਮਨ ਮੇਂ ਉਪਜੇ ਗਿਆਨ ਹਰਿ ਜੀਓ ਹਰ ਮਾਹਿ ਪਾਇਆ, ਚਤੁਰਭੁਜ ਪ੍ਰਭ ਤੀਨ ਲੋਕ ਆਕਾਰਾ । ਤੀਨ ਲੋਕ ਪ੍ਰਭ ਜੋਤ ਪ੍ਰਕਾਸਿਆ, ਨਜ਼ਰ ਨਾ ਆਵੇ ਹਰ ਜੀਵ ਮੇਂ ਵਾਸਿਆ, ਪਾਵੇ ਸੋ ਜਿਨ ਪ੍ਰਭ ਆਤਮ ਪ੍ਰਗਾਸਿਆ, ਜੋਤ ਜਗਾਵੇ ਗੁਰ ਅਪਰ ਅਪਾਰਾ । ਰੰਗ ਏਕ ਕੋਈ ਰੂਪ ਨਾ ਜਾਣੇ, ਪ੍ਰਭ ਏਕ ਰੰਗ ਅਨੇਕ ਭੇਖ ਵਖਾਣੇ, ਜੋਤ ਇਕ ਕੋਟਨ ਜੀਵ ਵਿਚ ਸਮਾਨੇ, ਪ੍ਰਭ ਕਾ ਭੇਉ ਅਗੰਮ ਅਪਾਰਾ । ਕਲਜੁਗ ਪ੍ਰਗਟੀ ਜੋਤ ਨਿਰੰਕਾਰੀ, ਕੋਈ ਨਾ ਜਾਣੇ ਸ਼ੇਰ ਸਿੰਘ ਕ੍ਰਿਸ਼ਨ ਮੁਰਾਰੀ, ਬਾਣੀ ਬੋਹਥ ਨਿਹਕਲੰਕ ਅਵਤਾਰੀ, ਭਗਤ ਜਨਾਂ ਗੁਰ ਦੇਵੇ ਗਿਆਨਾ । ਤਰੇ ਸਿੱਖ ਜਿਨ੍ਹਾਂ ਹਰਿ ਰੰਗ ਮਾਣਿਆ, ਉਧਰੇ ਸਿੱਖ ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਕਲਜੁਗ ਪਛਾਣਿਆਂ, ਧੰਨ ਗੁਰਸਿਖ ਜਿਨ੍ਹਾਂ ਹਰਿ ਰੰਗ ਮਾਣਿਆਂ, ਨਿਹਕਲੰਕ ਕਲਜੁਗ ਅਵਤਾਰਾ । ਕਲਜੁਗ ਲੈ ਅਵਤਾਰ ਪ੍ਰਭ ਨੇ ਭੇਵ ਚੁਕਾਇਆ, ਕਿਰਪਾ ਕਰ ਅਪਾਰ ਮਨੀ ਸਿੰਘ ਨੂੰ ਦਰਸ ਦਿਖਾਇਆ, ਦਿਤਾ ਸੰਤ ਤਾਰ ਦਿਲ ਦਾ ਗੋਝ ਚੁਕਾਇਆ, ਕਲਜੁਗ ਦਿਤਾ ਤਾਰ, ਜਾਮਾ ਲੈ ਅਪਾਰਾ । ਵਰਤੇ ਸਚ ਹੋਵੇ ਗੁਰ ਜੋਤ ਅਧਾਰ, ਗੁਰ ਪੂਰਾ ਗੁਰਸੰਗਤ ਦੇਵੇ ਤਾਰ, ਗੁਰਸਿਖਾਂ ਸਦ ਰਹੇ ਗੁਰ ਚਰਨ ਪਿਆਰ, ਮਨ

ਦਾ ਕਪਟ ਪ੍ਰਭ ਨਿਵਾਰਾ । ਮਨੀ ਸਿੰਘ ਪ੍ਰਭ ਦੇ ਵਡਿਆਈ, ਉਚ ਪਦਵੀ ਥਿਰ ਘਰ ਤੇ ਪਾਈ, ਜੋਤ ਨਿਰੰਜਣ ਵਿਚ ਦੇਹ ਟਿਕਾਈ, ਗੁਰ ਪੂਰੇ ਸਚ ਸ਼ਾਹ ਪਾ ਲਿਆ । ਜਗਤ ਗੁਰ ਹੋਵੇ ਉਜਿਆਰਾ, ਜੋਤ ਜਗਾਏ ਸ਼ੇਰ ਸਿੰਘ ਨਿਰੰਕਾਰਾ, ਸਰਬ ਦੁਖ ਗੁਰਚਰਨ ਨਿਵਾਰਾ, ਭਗਤ ਜਨਾਂ ਸਦ ਪ੍ਰਭ ਵਾਸਿਆ । ਗੁਰਸੰਗਤ ਪ੍ਰਭ ਮਾਣ ਦਿਵਾਏ, ਗੁਰਸੰਗਤ ਪ੍ਰਭ ਰਿਹਾ ਸਮਾਏ, ਗੁਰਸੰਗਤ ਪ੍ਰਭ ਜੋਤ ਪ੍ਰਗਟਾਏ, ਮਨੀ ਸਿੰਘ ਪ੍ਰਭ ਵਿਚ ਨਿਵਾਸਿਆ । ਗੁਰਸੰਗਤ ਹਰਿ ਇਕ ਸਮਾਨਾ । ਗੁਰਸੰਗਤ ਪ੍ਰਗਟਾਵੇ ਵਿਸ਼ਨੂੰ ਭਗਵਾਨਾ । ਗੁਰਸੰਗਤ ਪ੍ਰਭ ਜੋਤ ਜਗਾਨਾ । ਉਪਜੇ ਸ਼ਬਦ ਵੱਜੇ ਧੁਨਕਾਨਾ । ਪ੍ਰਭ ਦਰਸ ਮਨ ਜੋਤ ਜਗਾਈਏ । ਪ੍ਰਭ ਦਰਸ ਸਚਖੰਡ ਦਰਸਾਈਏ । ਪ੍ਰਭ ਦਰਸ ਜੋਤ ਸਰੂਪ ਹੋ ਜਾਈਏ । ਸਦਾ ਸਦਾ ਪ੍ਰਭ ਆਪ ਉਪਕਾਰਿਆ । ਜੁਗ ਕਲ ਪ੍ਰਭ ਆਪ ਉਲਟਾਏ । ਜੋਤ ਨਿਰੰਜਣ ਵਿਚ ਦੇਹ ਜਗਾਏ । ਕਲਜੁਗ ਜਾਮਾ ਧਾਰ ਸ਼ੇਰ ਸਿੰਘ ਨਾਮ ਰਖਾਏ । ਸੋਹੰ ਸ਼ਬਦ ਚਲੇ ਜਗਤ ਉਧਾਰਿਆ । ਸੋਹੰ ਸ਼ਬਦ ਸਤਿਜੁਗ ਸਤਿ ਸਤਿ ਵਰਤਾਏ । ਸੋਹੰ ਸ਼ਬਦ ਪ੍ਰਭ ਜੋਤ ਜਗਾਏ । ਸੋਹੰ ਸ਼ਬਦ ਆਤਮ ਕਰੇ ਪ੍ਰਕਾਸ਼, ਸਚ ਸੁੱਚ ਵਿਚ ਦੇਹ ਵਰਤਾਏ । ਸੋਹੰ ਸ਼ਬਦ ਹੋਏ ਪ੍ਰਕਾਸ਼, ਜੀਵ ਆਤਮ ਪ੍ਰਭ ਜੋਤ ਜਗਾਏ । ਸੋਹੰ ਸ਼ਬਦ ਸਦਾ ਅਬਿਨਾਸ਼, ਪ੍ਰਭ ਅਬਿਨਾਸ਼ੀ ਆਪ ਲਿਖਾਏ । ਸੋਹੰ ਸ਼ਬਦ ਸਰਬ ਗੁਣਤਾਸ, ਬੁਝੀ ਦੀਪਕ ਵਿਚ ਦੇਹ ਜਗਾਏ । ਸੋਹੰ ਸ਼ਬਦ ਹੋਏ ਰਹਿਰਾਸ, ਅਨਹਦ ਸ਼ਬਦ ਮਨ ਧੁਨ ਵਜਾਏ । ਸੋਹੰ ਸ਼ਬਦ ਉਪਜੇ ਰਘੁਨਾਥ, ਆਤਮ ਜੋਤ ਪ੍ਰਭ ਦਰਸ ਦਿਖਾਏ । ਸੋਹੰ ਸ਼ਬਦ ਮਨ ਭਏ ਪ੍ਰਕਾਸ਼, ਅੰਮ੍ਰਿਤ ਝਿਰਨਾ ਨਿਝਰੋਂ ਝਿਰਾਏ । ਅੰਮ੍ਰਿਤ ਮੇਘ ਗੁਰ ਪੂਰਾ ਬਰਖ਼ੇ, ਏਕ ਬੂੰਦ ਕਵਲ ਮੇਂ ਪਾਏ । ਖੁੱਲ੍ਹੇ ਕਵਲ ਹੋਏ ਜੋਤ ਪ੍ਰਕਾਸਿਆ, ਆਤਮ ਦਵਾਰ ਪ੍ਰਭ ਪਰਦੇ ਹਟਾਏ । ਨਿਰੰਜਣ ਜੋਤ ਕਰੇ ਦੇਹ ਉਜਿਆਰਾ, ਖੋਲ੍ਹ ਤ੍ਰੈਕੁਟੀ ਪ੍ਰਭ ਦਰਸ ਦਿਖਾਏ । ਹਰਿ ਰੰਗ ਹਰਿ ਮਾਹਿ ਜਾਨਣ, ਨਿਜਾਨੰਦ ਪ੍ਰਭ ਰਿਹਾ ਸਮਾਏ । ਨਿਜਾਨੰਦ ਜੋ ਜਨ ਜਾਣੇ, ਹਰਿ ਦਰਸ਼ਨ ਹਰਿ ਮਾਹਿ ਪਾਏ । ਪ੍ਰਭ ਅਬਿਨਾਸ਼ ਅਵਿਗਤ ਅਗੋਚਰ, ਤੀਨ ਲੋਕ ਰਿਹਾ ਸਮਾਏ । ਖੰਡ ਬ੍ਰਹਿਮੰਡ ਪ੍ਰਭ ਏਕ ਸਰੂਪਾ, ਮਾਤਲੋਕ ਪ੍ਰਭ ਜੋਤ ਜਗਾਏ । ਜੁਗੋ ਜੁਗ ਪ੍ਰਭ ਲੈ ਅਵਤਾਰਾ, ਭਗਤ ਜਨਾਂ ਨੂੰ ਆਪ ਤਰਾਏ । ਸਤਿਜੁਗ ਹੋਏ ਮਿਹਰਵਾਨ, ਤਰੇਤਾ ਰਾਮ ਅਖਵਾਏ । ਦਵਾਪਰ ਕ੍ਰਿਸ਼ਨ ਮੁਰਾਰ, ਕਲਜੁਗ ਸ਼ੇਰ ਸਿੰਘ ਨਾਮ ਰਖਾਏ । ਕਲਜੁਗ ਜਾਮਾ ਧਾਰ ਘਨਕਪੁਰੀ ਗੁਰ ਭਾਗ ਲਗਾਏ । ਗੁਰਸਿਖਾਂ ਦੇਵੇ ਤਾਰ, ਜਿਨ੍ਹਾਂ ਗੁਰ ਚਰਨੀ ਸੀਸ ਝੁਕਾਏ । ਬੇਮੁਖਾਂ ਆਈ ਹਾਰ, ਗੁਰ ਤੋਂ ਜਿਨ੍ਹਾਂ ਮੁਖ ਛੁਪਾਏ । ਬੇਮੁਖ ਨਾ ਪਾਇਣ ਸਾਰ, ਪ੍ਰਭ ਜੋਤ ਜਗਤ ਪ੍ਰਗਟਾਏ । ਕਲਜੁਗ ਕਰਮ ਵੀਚਾਰ, ਗੁਰ ਪੂਰਾ ਆਣ ਮਾਣ ਗਵਾਏ । ਗੁਰਸਿਖਾਂ ਘਰ ਜੈਕਾਰ, ਜੋ ਹਰਿ ਨਾਮ ਕਲ ਧਿਆਏ । ਬੇਮੁਖਾਂ ਨਰਕ ਨਿਵਾਸ, ਜੋ ਰਸਨਾ ਮਦਿ ਮਾਸ ਲਗਾਏ । ਨਿਰੰਜਣ ਜੋਤ ਹੋਏ ਆਕਾਰ, ਸਤਿਗੁਰ ਪੂਰਾ ਸਤਿ ਸਚ ਵਰਤਾਏ । ਸਭ ਦਾ ਗੁਆਏ ਮਾਣ, ਸੋਹੰ ਸ਼ਬਦ ਮੁਖ ਰਖਾਏ । ਉਪਜੇ ਬ੍ਰਹਮ ਗਿਆਨ, ਜੋ ਜੀਵ ਰਸਨਾ ਗਾਏ । ਪ੍ਰਗਟੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਭੇਵ ਨਾ ਪਾਏ । ਕਲਜੁਗ ਪ੍ਰਗਟਿਓ ਸ਼ੇਰ ਸਿੰਘ ਅਵਤਾਰੇ । ਜੋਤ ਸਰੂਪ ਸਰਬ ਸ੍ਰਿਸ਼ਟ ਸੰਘਾਰੇ । ਛਡ ਦੇਹ ਹੋਏ ਜੋਤ ਆਧਾਰੀ । ਜੋਤ ਨਿਰੰਜਣ ਅਪਰ ਅਪਾਰੀ । ਜੀਵ ਜੰਤ ਸਭ ਜੋਤ ਹਮਾਰੀ । ਪ੍ਰਗਟੀ ਜੋਤ ਕਲਜੁਗ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਜਾਓ ਸਦਾ ਸਦਾ ਚਰਨ ਬਲਿਹਾਰੀ । ਗੁਰਸਿਖ ਮਨ ਗੁਰ ਚਰਨ ਪਿਆਸਿਆ । ਗੁਰਚਰਨ ਦਰਸ ਆਤਮ ਧਰਾਸਿਆ । ਗੁਰਚਰਨ ਵੱਜੇ ਬਾਣ ਵਿਚ ਪ੍ਰਭਾਸਿਆ । ਦੇਵੇ ਬਧਕ ਤਾਰ,

ਕਰੇ ਕ੍ਰਿਸ਼ਨ ਖੁਲਾਸਿਆ । ਕਲਜੁਗ ਜਾਮਾ ਧਾਰ, ਦੇਵੇ ਦਰਸ ਪ੍ਰਭ ਪੁਰਖ ਅਬਿਨਾਸਿਆ । ਗੁਰ ਗੁਰਸਿਖਾਂ ਲਾਵੇ ਪਾਰ, ਜਿਨ੍ਹਾਂ ਗੁਰ ਚਰਨ ਪਿਆਸਿਆ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ ਨਿਹਕਲੰਕ ਹੋਏ ਸਰਬ ਨਿਵਾਸਿਆ । ਸਰਬ ਨਿਵਾਸੀ ਪ੍ਰਭ ਜੋਤ ਸਰੂਪਿਆ । ਮਹਿੰਮਾ ਅਪਰ ਅਪਾਰ, ਪ੍ਰਭ ਵਡ ਭੂਪਿਆ । ਤੇਰੀ ਕੋਇ ਨਾ ਪਾਏ ਸਾਰ, ਹਰ ਰੰਗ ਅਨੂਪਿਆ । ਹੋਏ ਜੋਤ ਪ੍ਰਕਾਸ਼, ਜਗਤ ਅੰਧ ਕੂਪਿਆ । ਮੇਰੀ ਕੋਇ ਨਾ ਪਾਏ ਸਾਰ, ਨਾ ਰੂਪ ਨਾ ਰੇਖਿਆ । ਭਗਤ ਜਨ ਕਰਨ ਵਿਚਾਰ, ਜਿਨ੍ਹਾਂ ਵਿਚ ਵਿਸੇਖਿਆ । ਤੇਰਾ ਜੋਤ ਆਕਾਰ, ਗੁਰਮੁਖਾਂ ਕਲਜੁਗ ਰੰਗ ਤੇਰਾ ਦੇਖਿਆ । ਜੁਗੋ ਜੁਗ ਲੈ ਅਵਤਾਰ, ਪ੍ਰਭ ਕੱਢੇ ਭੁਲੇਖਿਆ । ਧੰਨ ਧੰਨ ਗੁਰਸਿਖ, ਜਿਨ੍ਹਾਂ ਕਲਜੁਗ ਮਹਾਰਾਜ ਸ਼ੇਰ ਸਿੰਘ ਪੇਖਿਆ । ਪ੍ਰਭ ਕਾ ਰੂਪ ਅਗੰਮ, ਜੀਵ ਨਾ ਜਾਣਿਆ । ਪ੍ਰਭ ਕਾ ਰੂਪ ਅਗੰਮ, ਭਗਤ ਜਨਾਂ ਪਛਾਣਿਆ । ਪ੍ਰਭ ਕਾ ਰੂਪ ਅਗੰਮ, ਜੀਵ ਜੰਤ ਵਿਚ ਸਮਾਣਿਆ । ਪ੍ਰਭ ਕਾ ਰੂਪ ਅਗੰਮ, ਅੰਤਕਾਲ ਜੋਤ ਵਿਚ ਮਿਲਾਣਿਆ । ਪ੍ਰਭ ਕਾ ਰੂਪ ਅਗੰਮ, ਪੁਰਖ ਨਿਰੰਜਣ ਵਿਚ ਸਮਾਣਿਆ । ਪ੍ਰਭ ਕਾ ਰੂਪ ਅਗੰਮ, ਸੋ ਜਾਣੇ ਜੋ ਚਲੇ ਗੁਰ ਕੇ ਭਾਣਿਆ । ਪ੍ਰਭ ਕਾ ਰੂਪ ਅਗੰਮ, ਜੋਤ ਇਕ ਰੰਗ ਬਹੁਤ ਸਮਾਣਿਆ । ਪ੍ਰਭ ਕਾ ਰੂਪ ਅਗੰਮ, ਜੀਵ ਜੰਤ ਵਿਚ ਸਮਾਣਿਆ । ਪ੍ਰਭ ਕਾ ਰੂਪ ਅਗੰਮ, ਬਿਨ ਗੁਰ ਕੋਈ ਭੇਵ ਨਾ ਪਾਣਿਆ । ਪ੍ਰਭ ਕਾ ਰੂਪ ਅਗੰਮ, ਤੀਨ ਲੋਕ ਸਦਾ ਪ੍ਰਵਾਣਿਆ । ਪ੍ਰਭ ਕਾ ਰੂਪ ਅਗੰਮ, ਵਿਚ ਆਕਾਸ਼ ਪ੍ਰਭ ਜੋਤ ਸਦਾ ਡਗਮਗਾਣਿਆ । ਪ੍ਰਭ ਕਾ ਰੂਪ ਅਗੰਮ, ਵਿਚ ਬੈਕੁੰਠ ਇਕ ਰੰਗ ਹੋ ਜਾਣਿਆ । ਪ੍ਰਭ ਕਾ ਰੂਪ ਅਗੰਮ, ਉਨੰਜਾ ਪਵਣ ਸਿਰ ਛਤਰ ਝੁਲਾਣਿਆ । ਪ੍ਰਭ ਕਾ ਰੂਪ ਅਗੰਮ ਬਿਨ ਬਾਤੀ ਬਿਨ ਤੇਲ ਦੀਪਕ ਸਦਾ ਜਗਾ ਲਿਆ । ਪ੍ਰਭ ਕਾ ਰੂਪ ਅਗੰਮ, ਵਿਚ ਮਾਤ ਦੀਪਕ ਵਿਚ ਦੇਹ ਜਗਾ ਲਿਆ । ਪ੍ਰਭ ਕਾ ਰੂਪ ਅਗੰਮ, ਵਿਚ ਮਾਤ ਕਬ ਜੋਤ ਸਰੂਪ, ਕਬ ਵਿਚ ਦੇਹ ਸਮਾ ਲਿਆ । ਪ੍ਰਭ ਕਾ ਰੂਪ ਅਗੰਮ, ਜੁਗੋ ਜੁਗ ਲੈ ਅਵਤਾਰ ਸਰਬ ਦਾ ਮਾਣ ਨਿਵਾਰਿਆ । ਪ੍ਰਭ ਕਾ ਰੂਪ ਅਗੰਮ, ਕਲਜੁਗ ਪ੍ਰਗਟੀ ਜੋਤ ਅੰਤ ਨਾ ਪਾਰਾਵਾਰਿਆ । ਪ੍ਰਭ ਕਾ ਰੂਪ ਅਗੰਮ, ਸ਼ੇਰ ਸਿੰਘ ਪਾਏ ਨਾਉਂ ਕਲਜੁਗ ਪਾਰ ਉਤਾਰਿਆ । ਪ੍ਰਭ ਕਾ ਰੂਪ ਅਗੰਮ, ਸੋਹੰ ਰਚਿਓ ਨਾਉਂ ਭਗਤ ਜਨਾਂ ਗੁਰ ਗਿਆਨ ਦਿਵਾ ਲਿਆ । ਪ੍ਰਭ ਕਾ ਰੂਪ ਅਗੰਮ, ਵਿਚ ਪਾਤਾਲ ਬਾਸ਼ਕ ਸੇਜ ਆਸਣ ਲਾ ਲਿਆ । ਪ੍ਰਭ ਕਾ ਰੂਪ ਅਗੰਮ ਵਿਚ ਪਤਾਲ ਪ੍ਰਭ ਨੈਣ ਮੁੰਧਾਲਿਆ । ਪ੍ਰਭ ਕਾ ਰੂਪ ਅਗੰਮ, ਵਿਚ ਪਾਤਾਲ ਲਛਮੀ ਖੜੀ ਚਰਨ ਦਵਾਰਿਆ । ਪ੍ਰਭ ਕਾ ਰੂਪ ਅਗੰਮ, ਸੇਵਾ ਕਰ ਅਪਾਰ ਪ੍ਰਭ ਆਲਸ ਵਡਿਆ ਲਿਆ । ਪ੍ਰਭ ਕਾ ਰੂਪ ਅਗੰਮ, ਪ੍ਰਭ ਸਦਾ ਅਡੋਲ ਨਾ ਕਿਸੇ ਡੁਲਾ ਲਿਆ । ਪ੍ਰਭ ਕਾ ਰੂਪ ਅਗੰਮ, ਜੋਤ ਸਰੂਪ ਆਪਣਾ ਆਪ ਉਪਾ ਲਿਆ । ਪ੍ਰਭ ਕਾ ਰੂਪ ਅਗੰਮ, ਹੋਏ ਜੋਤ ਆਧਾਰ ਜੀਵ ਜੰਤ ਪ੍ਰਭ ਜੋਤ ਜਗਾ ਲਿਆ । ਪ੍ਰਭ ਕਾ ਰੂਪ ਅਗੰਮ, ਨਿਰਾਹਾਰੀ ਨਿਰਵੈਰ ਸਮਾ ਲਿਆ । ਪ੍ਰਭ ਕਾ ਰੂਪ ਅਗੰਮ, ਨਿਰੰਕਾਰ ਅਛਲ ਨਾ ਕਿਸੇ ਡੁਲਾ ਲਿਆ । ਪ੍ਰਭ ਕਾ ਰੂਪ ਅਗੰਮ, ਕਲਜੁਗ ਪ੍ਰਭ ਭੇਸ ਵਟਾ ਲਿਆ । ਕਰ ਜੋਤ ਆਕਾਰ ਨਾਭ ਕਵਲ ਬ੍ਰਹਮਾ ਪ੍ਰਗਟਾ ਲਿਆ । ਪਾਈ ਦੇਹ ਅਪਾਰ, ਮੁਖ ਚਾਰ ਵੇਦ ਰਚਾ ਲਿਆ । ਸਤਿਜੁਗ ਹੋਏ ਮਿਹਰਵਾਨ, ਆਪਣਾ ਆਪ ਉਪਾ ਲਿਆ । ਤਰੇਤਾ ਭਇਓ ਰਾਮ, ਵੇਦ ਰਿਗ ਪ੍ਰਭ ਮਾਣ ਦਿਵਾ ਲਿਆ । ਦਵਾਪਰ ਕ੍ਰਿਸ਼ਨ ਮੁਰਾਰ, ਵੇਦ ਯਜੁਰ ਪਾਰ ਲੰਘਾ ਲਿਆ । ਅਰਜਨ ਦੇ ਗਿਆਨ, ਗੀਤਾ ਗੋਝ ਗਿਆਨ ਲਿਖਾ ਲਿਆ । ਕਲਜੁਗ ਅਥਰਬਣ ਵੇਦ, ਅੱਲਾ ਨਾਮ ਰਖਾ ਲਿਆ । ਸ਼ੇਰ ਸਿੰਘ ਲੈ ਅਵਤਾਰ, ਕ੍ਰਿਸ਼ਨ ਜੋਤ ਪ੍ਰਗਟਾ ਲਿਆ । ਕਲਜੁਗ ਉਧਰੇ

ਪਾਰ, ਸੋਹੰ ਸ਼ਬਦ ਗੁਰ ਨਾਮ ਵਡਿਆ ਲਿਆ । ਗੁਰਸਿਖਾਂ ਪਾਈ ਸਾਰ, ਜਿਨ੍ਹਾਂ ਹਰਿਜੂ ਹਰ ਘਰ ਮੇਂ ਪਾ ਲਿਆ । ਚੜ੍ਹੇ ਰੰਗ ਅਪਾਰ, ਨਿਜਾਨੰਦ ਪ੍ਰਭ ਦਰਸ ਦਿਖਾ ਲਿਆ । ਪਤਤ ਪਾਵਣ ਦੁੱਖ ਭੈ ਭੰਜਣ, ਪ੍ਰਭ ਜਨਮ ਮਰਨ ਦੁੱਖ ਮਿਟਾ ਲਿਆ । ਆਤਮ ਪ੍ਰਕਾਸ਼ ਲੱਖ ਚੁਰਾਸੀ ਵਿਨਾਸ਼, ਅੰਤਕਾਲ ਸੰਗ ਜੋਤ ਮਿਲਾ ਲਿਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਸਚਖੰਡ ਜਿਸ ਆਸਣ ਲਾ ਲਿਆ । ਗੁਰਚਰਨ ਧਿਆਨ ਪ੍ਰਭ ਦਰਸ਼ਨ ਪਾਈਏ । ਗੁਰਚਰਨ ਧਿਆਨ ਮੋਹਣ ਮਾਧਵ ਕ੍ਰਿਸ਼ਨ ਮੁਰਾਰ ਹਰਿ ਰੰਗ ਸਮਾਈਏ । ਸ੍ਰੀ ਰਾਮ ਚੰਦ ਜਿਨ ਰੂਪ ਨਾ ਰੇਖਿਆ, ਕਰ ਦਰਸ ਇਕ ਰੰਗ ਹੋ ਜਾਈਏ । ਸਹਸ ਮੂਰਤ ਨੇਤਰ ਹੈ ਸਹਸ, ਬਿਨ ਨਾ ਗੁਰ ਬੂਝ ਬੁਝਾਈਏ । ਭਗਤ ਵਛਲ ਅਨਾਥ ਨਾਥੇ, ਕਲਜੁਗ ਜੋਤ ਨਿਰੰਜਣ ਦਰਸ ਹੈ ਪਾਈਏ । ਗੋਪੀ ਨਾਥ ਸਗਲ ਹੈ ਸਾਥੇ, ਬਿਨ ਗੁਰ ਆਤਮ ਜੋਤ ਨਾ ਜਗਾਈਏ । ਬਾਸਦੇਵ ਨਿਰੰਜਣ ਦਾਤਾ, ਕਲਜੁਗ ਸ਼ੇਰ ਸਿੰਘ ਨਾਮ ਰਖਾਈਏ । ਮੁਕੰਦ ਮਨੋਹਰ ਲਖ਼ਮੀ ਨਰਾਇਣ, ਭਗਤ ਵਛਲ ਪ੍ਰਭ ਰਸਨਾ ਗਾਈਏ । ਦਰੋਪਤੀ ਲਜਿਆ ਨਿਵਾਰ ਉਧਾਰਨ, ਕ੍ਰਿਸ਼ਨ ਘਨਈਆ ਸਦ ਦਰਸ਼ਨ ਪਾਈਏ । ਕਮਲਾ ਕੰਤ ਕਰੇ ਕੰਤੂਹਲ, ਅਨਦ ਬਿਨੋਦੀ ਸਭ ਰੰਗ ਚੜ੍ਹਾਈਏ । ਸ੍ਰੀ ਰੰਗ ਪ੍ਰਭ ਬੈਕੁੰਠ ਕੇ ਵਾਸੀ, ਹਰਿ ਹਰਿ ਰਸਨਾ ਹਰਿ ਗੁਣ ਗਾਈਏ । ਮਛ ਕਛ ਕੂਰਮ ਆ ਗਿਆ ਅਉਤਰਾਸੀ, ਪ੍ਰਭ ਪੂਰਾ ਕਰ ਦਰਸ ਬਿਗਸਾਈਏ । ਕੇਸਵ ਚਲਤ ਕਰੇ ਨਿਰਾਲੇ, ਕਲਜੁਗ ਕੀਤਾ ਲੋੜੇ ਸੋ ਪਾਈਏ । ਨਿਰਹਾਰੀ ਪ੍ਰਭ ਨਿਰਵੈਰ ਸਦਾਏ, ਬਿਨ ਭਗਤਾਂ ਕੋਈ ਨਾ ਜਾਣੇਗਾ । ਧਾਰ ਖੇਲ ਚਤੁਰਭੁਜ ਕਹਾਏ, ਕੋਈ ਵਿਰਲਾ ਹੀ ਰੰਗ ਮਾਣੇਗਾ । ਸਾਵਲ ਸੁੰਦਰ ਰੂਪ ਬਣਾਵੇ, ਬੇਨ ਸੁਣਤ ਮਨ ਬਿਗਸਾਵੇਗਾ । ਭਗਤ ਜਨਾਂ ਹੋਏ ਜੋਤ ਪ੍ਰਕਾਸ਼ਿਆ, ਅਨਹਦ ਸ਼ਬਦ ਮਨ ਵਜਾਵੇਗਾ । ਹੋਏ ਪ੍ਰਕਾਸ਼ ਆਤਮ ਉਜਿਆਰਾ । ਜੋਤ ਸਰੂਪ ਪ੍ਰਭ ਦਰਸ ਦਿਖਾਵੇਗਾ । ਧੰਨ ਗੁਰਸਿਖ ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਪਛਾਣਿਆ, ਗੁਰ ਪੂਰਾ ਤਿਨ੍ਹਾਂ ਚਰਨ ਲਗਾਵੇਗਾ । ਬਨ ਮਾਲਾ ਭਿਬੂਖਣ ਕਵਲ ਨੈਣ ਪ੍ਰਭ ਦਰਸ ਦਿਖਾਵੇਗਾ । ਸੁੰਦਰ ਕੁੰਡਲ ਮੁਕਟ ਬੈਨ ਪ੍ਰਭ ਦਰਸ ਦਿਖਾਵੇਗਾ । ਸੋਹੰ ਸ਼ਬਦ ਚਲੇ ਨਿਆਰਾ, ਰਾਓ ਰੰਕ ਇਕ ਰੰਗ ਸਮਾਵੇਗਾ । ਏਕ ਜੋਤ ਪ੍ਰਭ ਜਗਤ ਪ੍ਰਗਾਸਿਆ, ਜੋਤ ਸਰੂਪ ਪ੍ਰਭ ਭੇਦ ਚੁਕਾਵੇਗਾ । ਪ੍ਰਭ ਸ਼ਬਦ ਹੈ ਏਕਾ, ਏਕ ਜੋਤ ਜਗਤ ਜੀਵ ਉਪਜਾਵੇਗਾ । ਕਲਜੁਗ ਬਾਣ ਸੋਹੰ ਗੁਰ ਲਾਇਆ, ਚਾਰ ਕੁੰਟ ਹਾਹਾਕਾਰ ਮਚ ਜਾਵੇਗਾ । ਉਧਰੇ ਸਿੱਖ ਜਿਨ ਗੁਰ ਚਰਨ ਪਿਆਸਿਆ, ਵਾਂਗ ਬਿਦਰ ਰੰਕ ਤਰ ਜਾਵੇਗਾ । ਦਰਯੋਧਨ ਛੱਡ ਮਹੱਲ, ਘਰ ਬਿਦਰ ਕ੍ਰਿਸ਼ਨ ਡੇਰਾ ਲਗਾਵੇਗਾ । ਕਲਜੁਗ ਲੈ ਅਵਤਾਰ, ਭਗਤ ਜਨਾਂ ਪ੍ਰਭ ਮਾਣ ਦਿਵਾਵੇਗਾ । ਮੂਰਖ ਮੁਗਧ ਅੰਞਾਣ ਨਾ ਪਾਵਣ ਸਾਰ, ਜੋਤ ਸਰੂਪ ਪ੍ਰਭ ਜੋਤ ਪ੍ਰਗਟਾਵੇਗਾ । ਗੁਰਮੁਖਾਂ ਪਾਈ ਸਾਰ, ਨਿਹਕਲੰਕ ਛੱਡ ਦੇਹ, ਕਲਜੁਗ ਮਹਾਰਾਜ ਸ਼ੇਰ ਸਿੰਘ ਅਖਵਾਵੇਗਾ । ਸ਼ੇਰ ਸਿੰਘ ਪ੍ਰਗਟਿਓ ਨਰ ਅਵਤਾਰਾ । ਕਲਜੁਗ ਕੀਤਾ ਜਿਸ ਪਾਰ ਕਿਨਾਰਾ । ਮਦਿ ਮਾਸੀ ਹੋਏ ਜਗਤ ਖੁਆਰਾ । ਸਤਿਜੁਗ ਸਾਚਾ ਸਚ ਲਾਏ ਨਿਰੰਕਾਰਾ । ਵੇਦ ਚਾਰ ਗੁਰ ਪਾਰ ਉਤਾਰਾ । ਅੰਜ਼ੀਲ ਕੁਰਾਨ ਗਏ ਜਗਤ ਮਝਾਰਾ । ਬਾਣੀ ਗੀਤਾ ਗੁਰ ਪਾਰ ਉਤਾਰਾ । ਸਰਬਤ ਤੀਰਥ ਗੁਰਚਰਨ ਦਵਾਰਾ । ਕਲਜੁਗ ਪ੍ਰਗਟਿਓ ਸ਼ੇਰ ਸਿੰਘ ਨਰਾਇਣ ਨਰ ਅਵਤਾਰਾ । ਸਤਿਜੁਗ ਸੋਹੰ ਸ਼ਬਦ ਚਲੇ ਅਪਰ ਅਪਾਰਾ । ਚਾਰ ਕੁੰਟ ਹੋਏ ਮਹਾਰਾਜ ਸ਼ੇਰ ਸਿੰਘ ਜੈ ਜੈਕਾਰਾ । ਜੋਤ ਸਰੂਪ ਪ੍ਰਭ ਜੁਗ ਉਲਟਾਇਆ । ਜੋਤ ਸਰੂਪ ਪ੍ਰਭ ਕਲਜੁਗ ਕਹਿਰ ਵਰਤਾਇਆ । ਜੋਤ ਸਰੂਪ ਜੀਵ ਜੰਤ ਵਿਚ ਵਿਕਾਰ ਚਲਾਇਆ । ਜੋਤ ਸਰੂਪ ਪ੍ਰਭ ਇਹ ਪਾਈ ਮਾਇਆ । ਜੋਤ ਸਰੂਪ ਕਲਜੁਗ

ਮਦਿ ਮਾਸ ਆਹਾਰ ਬਣਾਇਆ । ਜੋਤ ਸਰੂਪ ਕਲਜੁਗ ਲੈ ਅਵਤਾਰ, ਘਨਕਪੁਰੀ ਗੁਰ ਭਾਗ ਲਗਾਇਆ । ਜੋਤ ਸਰੂਪ ਗੁਰ ਅਰਜਨ ਸ਼ਬਦ ਵਿਚਾਰ, ਸਰ ਅੰਮ੍ਰਿਤ ਗੁਰ ਚਰਨ ਟਿਕਾਇਆ । ਇਹ ਸੁਹਾਇਆ ਥਾਨ, ਜਿਥੇ ਸ੍ਰੀ ਰਾਮ ਚੰਦਰ ਚਰਨ ਟਿਕਾਇਆ । ਬੇਮੁਖਾਂ ਨਾ ਪਾਈ ਸਾਰ, ਹਾ ਹਾ ਕਰ ਸ਼ੋਰ ਮਚਾਇਆ । ਲਿਖਤ ਲਿਖਾਈ ਅਪਰ ਅਪਾਰ, ਸਰ ਅੰਮ੍ਰਿਤ ਨੂੰ ਥੇਹ ਕਰਾਇਆ । ਐਸਾ ਸਮਾਂ ਪ੍ਰਭ ਲੈ ਆਵੇ । ਅੰਮ੍ਰਿਤਸਰ ਦਾ ਨਾਮ ਮਿਟਾਇਆ । ਸਤਿ ਸ਼ਬਦ ਗੁਰ ਗਿਆਨ ਦ੍ਰਿੜਾਵੇ, ਅੰਡਜ ਜੇਰਜ ਉਤਭੁਜ ਸੇਤਜ ਸਰਬ ਜੀਵ ਰਹਾਵੇ । ਪ੍ਰਭ ਜੋਤ ਸਰੂਪ ਜੋਤ ਜਗਤ ਜੁਗਤ ਵਿਚ ਜੀਓ ਜਗਾਵੇ । ਪ੍ਰਭ ਪੂਰਨ ਸਮਰਥ, ਜੋਤ ਸਰੂਪ ਵਿਚ ਸਿੱਖ ਸਮਾਵੇ । ਪ੍ਰਭ ਅਬਿਨਾਸ਼ ਸਦਾ ਅਕੱਥ, ਕਥੀ ਕਥ ਕਿਸੇ ਨਜ਼ਰ ਨਾ ਆਵੇ । ਤੀਨ ਲੋਕ ਪ੍ਰਭ ਜੋਤ ਸਰੂਪਾ, ਖੰਡ ਬ੍ਰਹਿਮੰਡ ਪ੍ਰਭ ਜੋਤ ਜਗਾਵੇ । ਕਲਜੁਗ ਭਗਤ ਉਧਾਰ, ਦੇਹ ਦੀਪਕ ਪ੍ਰਭ ਜੋਤ ਜਗਾਵੇ । ਪੂਰਨ ਪੁਰਖ ਸਮਰਥ, ਜਿਥੇ ਪ੍ਰਭ ਜੋਤ ਸਦਾ ਪਰਵੇਸਿਆ । ਜੋਤ ਅਡੋਲ ਸਦਾ ਨਿਰੰਕਾਰ, ਕਲਜੁਗ ਆਣ ਪ੍ਰਗਟੇ ਮਰਗੇਸਿਆ । ਮਹਾਰਾਜ ਸ਼ੇਰ ਸਿੰਘ ਕਲਜੁਗ ਗੁਰ ਸਤਿਗੁਰ ਪੂਰਾ, ਐਸੇ ਗੁਰ ਕੋ ਸਦਾ ਆਦੇਸਿਆ । ਜਗਤ ਪਿਤ ਪ੍ਰਭ ਭਏ ਸਹਾਇਆ । ਭੈ ਭਿਆਨਕ ਵਿਚ ਪ੍ਰਭ ਹੋਏ ਸਹਾਇਆ । ਭਗਤ ਜਨ ਧਿਆਨ ਗੁਰਚਰਨ ਲਗਾਇਆ । ਧਰਨੀ ਧਰ ਈਸ਼ਰ ਨਰ ਸਿੰਘ ਨਰਾਇਣ ਪ੍ਰਭ ਨਜ਼ਰੀ ਆਇਆ । ਕਲਜੁਗ ਲੈ ਅਵਤਾਰ, ਦਾਹੜਾਂ ਹੇਠ ਸਭ ਸ੍ਰਿਸ਼ਟ ਚਬਾਇਆ । ਪ੍ਰਭ ਜੋਤ ਨਿਰਾਧਾਰ, ਜਗਤ ਵਿਚ ਅਗਨ ਜਲਾਇਆ । ਪੂਰਬ ਕਰਮ ਵਿਚਾਰ, ਗੁਰਮੁਖਾਂ ਗੁਰ ਦਰਸ ਦਿਖਾਇਆ । ਕਲਜੁਗ ਉਤਰੇ ਪਾਰ, ਮੋਹਣ ਮਾਧਵ ਕ੍ਰਿਸ਼ਨ ਮੁਰਾਰ ਜਗਦੀਸ਼ਰ ਹਰਿ ਜੂ ਅਸੁਰ ਸੰਘਾਰ ਹਰਿ ਪ੍ਰਭ ਨਜ਼ਰੀ ਆਇਆ । ਕੋਟ ਅਪਰਾਧੀ ਪ੍ਰਭ ਦਿਤੇ ਤਾਰ, ਜਿਨ੍ਹਾਂ ਸੀਸ ਝੁਕਾਇਆ । ਬੇਮੁਖਾਂ ਆਈ ਹਾਰ, ਗੁਰਸਿਖ ਦਰਗਾਹ ਮਾਣ ਦਿਵਾਇਆ । ਭਵਜਲ ਉਤਰੇ ਪਾਰ, ਅੰਤਕਾਲ ਨਰ ਨਰਾਇਣ ਨਜ਼ਰੀ ਆਇਆ । ਸਰਬ ਦੁਖ ਨਿਵਾਰ, ਜੋਤ ਸਰੂਪ ਪ੍ਰਭ ਜੋਤ ਜਗਾਇਆ । ਖੰਡ ਸਚ ਹੋਏ ਨਿਵਾਸ, ਜਿਨ੍ਹਾਂ ਪ੍ਰਭ ਜੋਤ ਮਿਲਾਇਆ । ਪ੍ਰਭ ਸਰਬ ਗੁਣਤਾਸ, ਦੇ ਦਰਸ ਸਭ ਰੋਗ ਮਿਟਾਇਆ । ਕਲਜੁਗ ਭਗਤ ਪ੍ਰਗਾਸ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਚਰਨ ਲਗਾਇਆ । ਗੁਰ ਗੋਬਿੰਦ ਜਗਤ ਪ੍ਰਗਾਸੇ । ਧੰਨ ਗੁਰਸਿਖ ਜਿਨ੍ਹਾਂ ਗੁਰਚਰਨ ਪਿਆਸੇ । ਝੂਠੀ ਸ੍ਰਿਸ਼ਟ ਡੁੱਬੀ ਵਿਚ ਹਾਸੇ । ਕੋਈ ਨਾ ਕੱਟੇ ਰੋਗ ਚੁਰਾਸੇ । ਅੰਮ੍ਰਿਤ ਬੂੰਦ ਗੁਰ ਦਰ ਤੇ ਪਾਈਏ, ਹੋਏ ਚੁਰਾਸੀ ਬੰਦ ਖੁਲਾਸੇ । ਗੁਣ ਨਿਧਾਨ ਗੁਰ ਪੂਰਾ ਪਾਈਏ, ਆਤਮ ਜੋਤ ਬ੍ਰਹਮ ਪ੍ਰਗਾਸੇ । ਆਤਮ ਬ੍ਰਹਮ ਬ੍ਰਹਮ ਸਚ ਸੁੱਚਾ, ਈਸ਼ਰ ਜੋਤ ਬ੍ਰਹਮ ਨਿਵਾਸੇ । ਬ੍ਰਹਮ ਸਰੂਪ ਜੋ ਜਨ ਜਾਣੇ, ਆਤਮ ਜੋਤ ਨਿਰੰਜਣ ਪ੍ਰਕਾਸ਼ੇ । ਮਧ ਸੂਦਨ ਦਾਮੋਦਰ ਸਵਾਮੀ, ਘਟ ਘਟ ਵਾਸੀ ਸਰਬ ਨਿਵਾਸੇ । ਪੂਰਨ ਪੁਰਖ ਅਗੰਮ ਅਪਾਰਾ, ਸਰਬ ਸੁਖ ਗੁਰਚਰਨ ਹੈ ਪਾਸੇ । ਹਰਿ ਹਰਿ ਹਰਿ ਨਾਮ ਸਦਾ ਮੁਖ ਉਪਜੇ, ਹਰਿ ਸ਼ਬਦ ਮਨ ਤ੍ਰਿਪਤਾਸੇ । ਉਪਜੇ ਗਿਆਨ ਵੱਜੇ ਧੁਨਕਾਰਾ, ਅਨਹਦ ਸ਼ਬਦ ਵਿਚ ਆਤਮ ਪ੍ਰਕਾਸ਼ੇ । ਖੁਲ੍ਹੀ ਤ੍ਰਿਕੁਟੀ ਹੋਇਆ ਉਜਿਆਰਾ, ਜੋਤ ਨਿਰੰਜਣ ਵਿਚ ਆਕਾਸ਼ੇ । ਸ਼ਬਦ ਧੁਨ ਸਦਾ ਮਨ ਉਪਜੇ, ਨਾਭ ਕਵਲ ਅੰਮ੍ਰਿਤ ਬੂੰਦ ਮੁਖ ਚਵਾਸੇ । ਐਸਾ ਗਿਆਨ ਦੇਵੇ ਗੁਰ ਪੂਰਾ, ਕਲਜੁਗ ਹੋਏ ਰਹਿਰਾਸੇ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਕੀਨੀ ਬੰਦ ਖ਼ੁਲਾਸੇ ।

੧੭੩
੦੧

❋ ੨ ਭਾਦਰੋਂ ੨੦੦੭ ਬਿਕ੍ਰਮੀ ਚਬਾਤੀਆਂ ਬਚਨ ਹੋਏ ❋

ਪ੍ਰਭ ਪੂਰਨ ਸਮਰਥ, ਕਲਜੁਗ ਜੋਤ ਪ੍ਰਗਟਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਝੂਠੀ ਦੇਹ ਵਿਚ ਜੋਤ ਜਗਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਕਰ ਜੋਤ ਪ੍ਰਕਾਸ਼ ਅੰਧੇਰ ਮਿਟਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਆਪਣਾ ਭੇਦ ਨਾ ਕਿਸੇ ਬਤਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਗਗਨ ਪਾਤਾਲ ਮਾਤ ਰਹਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਤੀਨ ਲੋਕ ਜੋਤ ਜਗਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਖਾਣੀ ਬਾਣੀ ਵਿਚ ਸਮਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਜੋਤ ਨਿਰੰਜਣ ਵਿਚ ਦੇਹ ਜਗਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਆਣ ਨਿਹਕਲੰਕ ਅਖਵਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਜੁਗੋ ਜੁਗ ਜੋਤ ਪ੍ਰਗਟਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਧਰਨੀ ਧਰ ਈਸ਼ਰ ਨਰ ਸਿੰਘ ਨਰਾਇਣ ਅਖਵਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਮੁਕੰਦ ਮਨੋਹਰ ਪ੍ਰਭ ਨਜ਼ਰੀ ਆਵੇ । ਪ੍ਰਭ ਪੂਰਨ ਸਮਰਥ, ਕਲਜੁਗ ਸੁੰਦਰ ਕੁੰਡਲ ਕਵਲ ਨੈਣ ਦਰਸਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਮੁਕਟ ਬੈਣ ਸਿਰ ਟਿਕਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਝੂਠੇ ਧੰਦੇ ਜਗਤ ਭੁਲਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਸਾਧ ਸੰਗਤ ਵਿਚ ਸਮਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਨੈਣ ਮੁਧਾਰ ਜਗਤ ਜੋਤ ਜਗਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਛਡ ਬੈਕੁੰਠ ਵਿਚ ਮਾਤ ਦੇ ਆਵੇ । ਪ੍ਰਭ ਪੂਰਨ ਸਮਰਥ, ਕਲਜੁਗ ਆਪ ਇਕ ਰੰਗ ਇਕ ਸਮਾਵੇ । ਪ੍ਰਭ ਪੂਰਨ ਸਮਰਥ, ਅੰਤ ਕਾਲ ਕਲ ਆਪ ਕਰਾਵੇ । ਪ੍ਰਭ ਪੂਰਨ ਸਮਰਥ, ਆਪਣੀ ਮਹਿੰਮਾ ਆਪ ਜਣਾਵੇ । ਪ੍ਰਭ ਪੂਰਨ ਸਮਰਥ, ਦੀਨਾ ਨਾਥ ਭੈ ਭੰਜਨ ਅਖਵਾਵੇ । ਪ੍ਰਭ ਪੂਰਨ ਸਮਰਥ, ਦੀਨਾ ਨਾਥ ਆਪਣਾ ਭੇਤ ਖੁਲਾਵੇ । ਪ੍ਰਭ ਪੂਰਨ ਸਮਰਥ, ਕਲਜੁਗ ਪ੍ਰਗਾਸਿਆ, ਮਹਾਰਾਜ ਸ਼ੇਰ ਸਿੰਘ ਸਰਬ ਦੁਖ ਮਿਟਾਵੇ । ਪ੍ਰਭ ਪੂਰਨ ਸਮਰਥ, ਜਗਤ ਦੀਨਾ ਨਾਥ ਅਖਵਾਵੇ । ਪ੍ਰਭ ਪੂਰਨ ਸਮਰਥ, ਕਲੂ ਕਾਲ ਪ੍ਰਭ ਆਪ ਮਿਟਾਵੇ । ਪ੍ਰਭ ਪੂਰਨ ਸਮਰਥ, ਗੁਰਮੁਖਾਂ ਗੁਰ ਹਰਿ ਰੰਗ ਚੜ੍ਹਾਵੇ । ਪ੍ਰਭ ਪੂਰਨ ਸਮਰਥ, ਭਗਤ ਜਨਾਂ ਹਰਿ ਮਾਹਿ ਸਮਾਵੇ । ਪ੍ਰਭ ਪੂਰਨ ਸਮਰਥ, ਆਤਮ ਜੋਤ ਵਿਚ ਜੀਵ ਜਗਾਵੇ । ਪ੍ਰਭ ਪੂਰਨ ਸਮਰਥ, ਹਰ ਜੀਵ ਪ੍ਰਭ ਸਦਾ ਸਮਾਵੇ । ਪ੍ਰਭ ਪੂਰਨ ਸਮਰਥ, ਜੁਗੋ ਜੁਗ ਪ੍ਰਭ ਖੇਲ ਰਚਾਵੇ । ਸਤਿਜੁਗ ਭਇਓ ਮਿਹਰਵਾਨ, ਸਤਿ ਸਤਿ ਕਲ ਵਰਤਾਵੇ । ਪ੍ਰਭ ਪੂਰਨ ਸਮਰਥ, ਤਰੇਤਾ ਭਇਓ ਰਾਮ ਨਾਮ ਸ੍ਰਿਸ਼ਟ ਚਲਾਵੇ । ਅਸੁਰ ਸੰਘਾਰ ਕ੍ਰਿਸ਼ਨ ਮੁਰਾਰ ਦਿਤਾ ਭਗਤ ਉਧਾਰ, ਗੀਤਾ ਗਿਆਨ ਲਿਖਾਵੇ । ਕਲਜੁਗ ਮਹਾਰਾਜ ਸ਼ੇਰ ਸਿੰਘ ਜੋਤ ਪ੍ਰਗਟਾਵੇ, ਸੋਹੰ ਸ਼ਬਦ ਚਲਾਵੇ । ਸੋਹੰ ਹੋਏ ਉਜਿਆਰਾ, ਬਾਕੀ ਸਭ ਨਸ਼ਟ ਹੋ ਜਾਵੇ । ਐਸਾ ਬਾਣ ਸ਼ਬਦ ਗੁਰ ਲਾਇਆ । ਚਾਰ ਕੁੰਟ ਹਾਹਾਕਾਰ ਕਰਾਇਆ । ਭੁੱਲਾ ਜਗਤ ਗੁਰ ਸਚ ਨਾ ਪਛਾਤਾ, ਐਸਾ ਪਰਦਾ ਕਲਜੁਗ ਪਾਇਆ । ਪ੍ਰਗਟੀ ਜੋਤ ਵਿਚ ਘਨਕਪੁਰੀ ਦੇ, ਮਹਾਰਾਜ ਸ਼ੇਰ ਸਿੰਘ ਨਜ਼ਰ ਨਾ ਆਇਆ । ਕਲਜੁਗ ਪ੍ਰਗਟਿਓ ਨਰ ਅਵਤਾਰਾ । ਜੋਤ ਸਰੂਪ ਆਪ ਦਾਤਾਰਾ । ਜੀਅ ਜੋਤ ਵਿਚ ਦੇਹ ਅਧਾਰਾ । ਆਪਣਾ ਆਪ ਨਾ ਜੀਵ ਵਿਚਾਰਾ । ਸਚਖੰਡ ਵਸੇ ਆਪ ਗਿਰਧਾਰਾ । ਜਗਤ ਜੋਤ ਪ੍ਰਭ ਕਰੇ ਉਜਿਆਰਾ । ਨਜ਼ਰ ਨਾ ਆਵੇ ਆਪ ਕਲ ਧਾਰਾ । ਆਤਮ ਪ੍ਰਵੇਸ਼ ਅੰਧੇਰ ਨਿਵਾਰਾ । ਪਤਤ ਪਾਪ ਪ੍ਰਭ ਦਰਸ ਨਿਵਾਰਾ । ਮਹਾਰਾਜ ਸ਼ੇਰ ਸਿੰਘ ਸਚਖੰਡ ਦੁਆਰਾ । ਨਿਰੰਜਣ ਜੋਤ ਵਿਚ ਦੇਹ ਸਮਾਏ । ਪ੍ਰਭ ਅਬਿਨਾਸ਼ੀ ਉਲਟੀ ਕਲਾ ਵਰਤਾਏ । ਜੋਤ ਸਰੂਪ ਸਰਬ ਸ੍ਰਿਸ਼ਟ ਜਲਾਏ । ਜੋਤ ਸਰੂਪ ਜੀਵ ਜੰਤ ਭੁਲਾਏ । ਸਰਬ ਸੂਖ ਸਰਬ ਘਟ ਵਸਿਆ, ਆਦਿ ਅੰਤ

ਕੋਈ ਨਾ ਪਾਏ । ਸਰਬ ਥਾਏਂ ਪ੍ਰਭ ਰਿਹਾ ਸਮਾਏ । ਮਹਿੰਮਾ ਆਪਣੀ ਨਾ ਕਿਸੇ ਜਣਾਏ । ਕਰਤਾ ਪ੍ਰਭ ਆਪ ਨਿਰੰਤਰ, ਜੋਤ ਨਿਰੰਜਣ ਵਿਚ ਜਗ ਦੇ ਆਏ । ਭੁੱਲੀ ਸ੍ਰਿਸ਼ਟ ਗੁਰ ਨਾ ਵਿਚਾਰੇ । ਪ੍ਰਭ ਅਬਿਨਾਸ਼ੀ ਸਦਾ ਹੈ ਨਾਲੇ । ਮਾਇਆ ਭੁਲਾਇਆ ਜਗਤ ਭੁਲਾਇਆ, ਹਰਿ ਘਰ ਮੇਂ ਹਰਿ ਕੋਈ ਨਾ ਪਾਏ । ਮਹਾਰਾਜ ਸ਼ੇਰ ਸਿੰਘ ਸਰਬ ਕਾ ਦਾਤਾ, ਚਾਰ ਵਰਨ ਜਿਸ ਇਕ ਕਰਾਏ । ਕਲਜੁਗ ਹੋਵੇ ਅੰਧ ਅੰਧਿਆਰਾ । ਜੋਤ ਨਿਰੰਜਣ ਕੀਓ ਉਜਿਆਰਾ, ਨਿਹਕਲੰਕ ਭਗਤ ਜਨ ਪਿਆਰਾ । ਮਹਾਰਾਜ ਸ਼ੇਰ ਸਿੰਘ ਪ੍ਰਗਟਿਓ ਕਲ ਲੈ ਅਵਤਾਰਾ । ਘਨਕਪੁਰੀ ਵਿਚ ਗੁਰ ਭਾਗ ਲਗਾਵੇ । ਜਲ ਧਾਰਾ ਗੁਰ ਧਾਮ ਬਣ ਜਾਵੇ । ਧਾਰ ਖੇਲ ਚਤੁਰਭੁਜ ਕਹਾਵੇ । ਸਾਵਲ ਸੁੰਦਰ ਪ੍ਰਭ ਰੂਪ ਬਣਾਵੇ । ਉਲਟੀ ਮਤ ਸ੍ਰਿਸ਼ਟ ਵਿਚ ਪਾਵੇ । ਸ਼ਬਦ ਬਾਣ ਜਗਤ ਜਲਾਵੇ । ਬੇਮੁਖ ਦਰ ਤੇ ਧੱਕੇ ਖਾਵੇ । ਮਦਿ ਮਾਸੀ ਸਭ ਨਸ਼ਟ ਹੋ ਜਾਵੇ । ਜੁਗ ਚੌਥੇ ਵਿਚ ਨਿਹਕਲੰਕ ਜੋਤ ਪ੍ਰਗਟਾਵੇ । ਮਹਾਰਾਜ ਸ਼ੇਰ ਸਿੰਘ ਨਾਮ ਰਖਾਵੇ । ਕਲੂ ਕਾਲ ਪ੍ਰਭ ਦੇ ਮਿਟਾਏ । ਸੋਹੰ ਸ਼ਬਦ ਜਗਤ ਗੁਰ ਗਿਆਨ ਦਿਵਾਏ । ਸਚਖੰਡ ਵਿਚ ਮਾਤ ਬਣਾਈ । ਜਿਥੇ ਪ੍ਰਭ ਜੋਤ ਪ੍ਰਗਟਾਈ । ਪਾਪੀਆਂ ਅਪਰਾਧੀਆਂ ਸਾਰ ਨਾ ਪਾਈ । ਝੂਠੀ ਸ੍ਰਿਸ਼ਟ ਕਲਜੁਗ ਵਿਚ ਸਮਾਈ । ਵਾਹਵਾ ਗੁਰ ਪੂਰਾ ਸਤਿਜੁਗ ਲਾਈ । ਆਪ ਸਤਿ ਸਤਿਵਾਦੀ ਜੀਵ ਪ੍ਰਗਟਾਈ । ਜੀਵ ਵਿਸਮਾਦੀ ਵਿਚ ਵਿਸਮਾਦ ਸਮਾਈ । ਮਹਾਰਾਜ ਸ਼ੇਰ ਸਿੰਘ ਭਗਤ ਵਡਿਆਈ । ਜੀਵ ਵਿਸਮਾਦੀ ਪ੍ਰਗਟ ਭਇਓ ਆਪ ਪ੍ਰਭ ਵਿਨੋਦ ਵਿਨਾਦੀ । ਜਗਨ ਨਾਥ ਗੋਪਾਲ ਮੁਖ ਭਣੀ ਸਰਬ ਕੇ ਸਾਥੀ । ਪੀਤ ਪੀਤੰਬਰ ਤ੍ਰੈਭਵਨ ਧਨੀ, ਪਵਣ ਪਾਣ ਪ੍ਰਗਟਿਓ ਪ੍ਰਭ ਅਬਿਨਾਸ਼ੀ । ਜਗਤ ਬਾਣ ਗੁਰ ਸ਼ਬਦ ਚਲਾਇਆ, ਹੋਵਣ ਨਾਸ ਸਰਬ ਅਪਰਾਧੀ । ਭਗਤ ਜਨਾਂ ਹਰਿ ਨਾਮ ਧਿਆਇਆ, ਕਲਜੁਗ ਪ੍ਰਗਟੇ ਆਪ ਰਘੁਰਾਦੀ । ਸਰਬ ਸੂਖ ਆਤਮ ਪ੍ਰਗਾਸਿਆ, ਦੇਵੇ ਦਰਸ ਪ੍ਰਭ ਗੁਣ ਵਾਦੀ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਆਣ ਸ੍ਰਿਸ਼ਟ ਜਿਨ ਸਾਧੀ । ਕਲਜੁਗ ਆਣ ਪ੍ਰਭ ਭਏ ਪ੍ਰਗਾਸਿਆ । ਹਰ ਜੀਵ ਵਿਚ ਪ੍ਰਭ ਵੇਖ ਤਮਾਸ਼ਿਆ । ਗੁਰਸਿਖਾਂ ਲਗ ਚਰਨ ਰਹਿਰਾਸਿਆ । ਦੇਵੇ ਦਰਸ ਪ੍ਰਭ ਅਬਿਨਾਸਿਆ । ਭਗਤ ਜਨਾਂ ਸਰਬ ਦੁਖ ਵਿਨਾਸਿਆ । ਮਹਾਰਾਜ ਸ਼ੇਰ ਸਿੰਘ ਕਲਜੁਗ ਜਪਿਓ ਰਸਨਾ ਸਵਾਸਿਆ । ਪ੍ਰਗਟੇ ਜੋਤ ਪ੍ਰਭ ਕਲ ਨਿਰੰਕਾਰ । ਕਰੇ ਖੇਲ ਜਗਤ ਪ੍ਰਭ ਅਪਰ ਅਪਾਰ । ਸਚ ਸੁੱਚ ਵੇਖੇ ਕਰੇ ਭਗਤ ਉਜਿਆਰ । ਕੋਈ ਨਾ ਜਾਣੇ ਪ੍ਰਭ ਬੈਠ ਜਿਸ ਸਦ ਨਿਮਸਕਾਰ । ਸੋਹੰ ਸ਼ਬਦ ਚਲੇ ਰਹਿਰਾਸ । ਕਲਜੁਗ ਕੀਆ ਜਿਸ ਪਾਰ ਕਿਨਾਰਾ । ਸੋਹੰ ਸ਼ਬਦ ਸਤਿਜੁਗ ਪ੍ਰਕਾਸ਼ੇ, ਮਹਾਰਾਜ ਸ਼ੇਰ ਸਿੰਘ ਲਿਓ ਅਵਤਾਰਾ । ਕਲਜੁਗ ਪ੍ਰਗਟਿਓ ਆਪ ਨਿਹਕਾਮੀ । ਸਰਬ ਕਾ ਕਰਤਾ ਸਰਬ ਕਾ ਸਵਾਮੀ । ਚਾਰ ਵੇਦ ਕੀਏ ਜਿਸ ਖਾਮੀ । ਕੁਰਾਨ ਅੰਜੀਲ ਮਿਟਾਏ ਸਭ ਨਾਮੀ । ਖਾਣੀ ਬਾਣੀ ਪ੍ਰਭ ਵਿਚ ਜੋਤ ਸਮਾਨੀ । ਸੋਹੰ ਸ਼ਬਦ ਹੋਏ ਬ੍ਰਹਿਨਾਮੀ । ਜੋ ਉਪਜੇ ਸੋ ਲਏ ਮਿਲਾਏ, ਪ੍ਰਭ ਵਡ ਦਾਤਾ ਸਦਾ ਸੁਖ ਦਾਮੀ । ਏਕ ਆਪ ਏਕ ਜਗਤ ਉਪਾਇਆ, ਏਕ ਸ਼ਬਦ ਪ੍ਰਭ ਦੇਵੇ ਦਾਨੀ । ਸੋਹੰ ਸ਼ਬਦ ਹੋਏ ਜਗਤ ਉਜਿਆਰਾ, ਪਾਏ ਸੋ ਜਿਸ ਬਖ਼ਸ਼ੇ ਪ੍ਰਭ ਅਬਿਨਾਸ਼ੀ । ਮੂਰਖ ਮੁਗਧ ਸਾਰ ਨਾ ਜਾਨਣ, ਮਾਇਆ ਭੁਲਾਏ ਮਦਿ ਮਾਸੀ, ਸਦ ਨਰਕ ਨਿਵਾਸੀ । ਸ਼ਬਦ ਲਿਖਾਏ ਪ੍ਰਭ ਅੰਤਰਜਾਮੀ, ਬਿਨ ਗੁਰ ਕੋਇ ਨਾ ਕਰੇ ਬੰਦ ਖੁਲਾਸੀ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਨਿਹਕਲੰਕ ਕਲ ਜਗਤ ਅਖਵਾਸੀ । ਕਰਮ ਧਰਮ ਗੁਰ ਆਪ ਵਿਚਾਰਿਆ । ਗੁਰਸਿਖ ਸੋਹਣ ਗੁਰ ਚਰਨ ਦਵਾਰਿਆ । ਦੇਵੇ ਦਰਸ ਪ੍ਰਗਟ ਹੋ ਆਪ

ਕਰਤਾਰਿਆ । ਦੇਵੇ ਮਾਣ ਆਪ ਗੁਰ ਸੂਰਾ, ਕਰ ਕਿਰਪਾ ਜਿਸ ਪਾਰ ਉਤਾਰਿਆ । ਜਨਮ ਮਰਨ ਗੁਰ ਗੁਰਸਿਖ ਨਿਵਾਰਿਆ । ਕਰ ਦਰਸ ਮਨ ਹੋਏ ਅਧਾਰਿਆ । ਕਰੇ ਨਿਵਾਸ ਸਿੱਖ ਗੁਰ ਚਰਨਾ, ਸਚਖੰਡ ਗੁਰ ਚਰਨ ਦਵਾਰਿਆ । ਜੋਤ ਵਿਚ ਪ੍ਰਭ ਜੋਤ ਮਿਲਾ ਕੇ, ਸਚਖੰਡ ਗੁਰਸਿਖ ਨਿਵਾਰਿਆ । ਬੈਕੁੰਠ ਧਾਮ ਸਰਬ ਸੁਖ ਵਸਿਆ, ਜਿਥੇ ਸ਼ੇਰ ਸਿੰਘ ਰਿਹਾ ਸਮਾਏ । ਗੁਰ ਪੂਰਾ ਗੁਰਸਿਖ ਤਰਾਏ । ਸੋਹੰ ਸ਼ਬਦ ਗੁਰ ਗਿਆਨ ਦਿਵਾਏ । ਗੁਰ ਪੂਰਾ ਗੁਰਸਿਖ ਬਣਾਏ । ਮਦਿ ਮਾਸ ਤੋਂ ਜੀਵ ਹਟਾਏ । ਜੋਤ ਨਿਰੰਜਣ ਸਦਾ ਅਬਿਨਾਸ਼, ਜੋਤ ਸਿੱਖ ਪ੍ਰਭ ਲਏ ਮਿਲਾਏ । ਜੋਤ ਆਕਾਰ ਸਦਾ ਅਪਰੰਪਰ, ਜੋਤ ਸਰੂਪ ਜੀਵ ਜਗਤ ਜਗਾਏ । ਐਸੀ ਜੋਤ ਜਗਤ ਪ੍ਰਗਾਸਿਓ, ਗੁਰਸਿਖਾਂ ਗੁਰ ਗਿਆਨ ਦਿਵਾਏ । ਜੋਤ ਸ਼ਬਦ ਗੁਰ ਚਾਲੇ, ਛਡ ਦੇਹ ਨਿਹਕਲੰਕ ਅਖਵਾਏ । ਨਿਹਕਲੰਕ ਆਪ ਪ੍ਰਭ ਪੂਰਾ, ਛੱਡ ਆਕਾਸ਼ ਵਿਚ ਮਾਤ ਦੇ ਆਏ । ਕਲਜੁਗ ਜੀਵ ਕੋਈ ਭੇਦ ਨਾ ਜਾਣੇ । ਸਚਖੰਡ ਵਾਸੀ ਵਿਚ ਦੇਹ ਸਮਾਏ । ਵਿਚ ਦੇਹ ਪ੍ਰਭ ਜੋਤ ਨਿਰੰਜਣ, ਝੂਠਾ ਜਗਤ ਕੋਈ ਸਾਰ ਨਾ ਪਾਏ । ਸ਼ਰਨ ਲੱਗੇ ਸਰਬ ਸੁਖ ਉਪਜੇ, ਦਵਾਰ ਦਸਮ ਪ੍ਰਭ ਦੇ ਖੁਲ੍ਹਾਏ । ਅਨਹਦ ਸ਼ਬਦ ਵੱਜੇ ਧੁਨਕਾਰਾ, ਆਤਮ ਜੋਤ ਪ੍ਰਭ ਦਰਸ ਦਿਖਾਏ । ਝਿਰਨਾ ਝਿਰ ਬੂੰਦ ਇਕ ਉਪਜੇ, ਅੰਮ੍ਰਿਤ ਬੂੰਦ ਕਵਲ ਮੇਂ ਪਾਏ । ਖੁਲ੍ਹੇ ਕਵਲ ਹੋਏ ਉਜਿਆਰਾ, ਪ੍ਰਭ ਪੂਰਨ ਵਿਚ ਨਜ਼ਰੀ ਆਏ । ਖੋਲ੍ਹ ਤ੍ਰੈਕੁਟੀ ਤ੍ਰੈਭਵਨ ਬੁਝਾਇਆ, ਨਿਜਾਨੰਦ ਪ੍ਰਭ ਰਿਹਾ ਸਮਾਏ । ਭਗਤ ਜਨਾਂ ਗੁਰ ਕਿਰਪਾ ਕੀਨੀ, ਕਲਜੁਗ ਆਣ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਅੰਤ ਕਲੂ ਦਾ ਆਣ ਕਰਾਏ । ਅੰਤ ਕਾਲ ਕਲ ਆਪ ਕਰਾਇਆ, ਸਤਿਗੁਰ ਸਾਚੇ ਸਚ ਸ਼ਬਦ ਸੁਣਾਏ । ਸੋਹੰ ਸ਼ਬਦ ਜਗਤ ਉਜਿਆਰਾ, ਗਿਆਨ ਗੋਝ ਦਾ ਭੇਤ ਮਿਟਾਏ । ਆਵੇ ਸ਼ਾਂਤ ਮਨ ਤ੍ਰਿਪਤਾਸੇ, ਪ੍ਰਭ ਪੂਰਾ ਜਬ ਦਰਸ ਦਿਖਾਏ । ਸਰਬ ਸੁਖ ਗੁਰ ਦਰਸ਼ਨ ਪਾਇਆ । ਝੂਠੀ ਦੇਹ ਸਚ ਸੁੱਚ ਵਰਤਾਏ । ਘਨਕਪੁਰੀ ਗੁਰ ਭਾਗ ਲਗਾਇਆ । ਕਲਜੁਗ ਆਣ ਜੋਤ ਪ੍ਰਗਟਾਏ । ਨਿਹਕਲੰਕ ਸਦਾ ਨਿਹਕਾਮੀ, ਸਰਬ ਸ੍ਰਿਸ਼ਟ ਭਸਮ ਕਰਾਏ । ਮੁਖ ਵਾਕ ਗੁਰ ਆਪ ਲਿਖਾਇਆ । ਮਹਾਰਾਜ ਸ਼ੇਰ ਸਿੰਘ ਬਾਣ ਲਗਾਏ । ਛੱਡ ਦੇਹ ਜੋਤ ਰੂਪ ਸਮਾਇਆ । ਦੇਵੇ ਗਿਆਨ ਪ੍ਰਗਟ ਰਘੁਰਾਇਆ । ਜਗੇ ਜੋਤ ਹੋਏ ਜਗਤ ਰੁਸ਼ਨਾਇਆ । ਤੀਨ ਲੋਕ ਜੈ ਜੈ ਕਾਰ ਕਰਾਇਆ । ਪ੍ਰਗਟਾਵੇ ਗੁਰ ਗੁਰ ਸਿੰਘ ਮਨੀ ਸਚ ਤਖ਼ਤ ਸਤਿ ਬਹਾਇਆ । ਤਰੇ ਸੋ ਜਿਨ ਗੁਰ ਚਰਨ ਸੀਸ ਨਿਵਾਇਆ । ਉਨੀਂ ਸੌ ਤਰਵੰਜਾ ਬਿਕ੍ਰਮੀ ਅੰਮ੍ਰਿਤਸਰ ਗੁਰ ਬਚਨ ਲਿਖਾਇਆ । ਬਚਨ ਲਿਖਾਏ ਆਪ ਗੁਰ ਸਾਖੀ, ਸਰਅੰਮ੍ਰਿਤ ਨੂੰ ਥੇਹ ਕਰਾਇਆ । ਐਸਾ ਧਾਮ ਬਣੇ ਇਕ ਨਿਆਰਾ, ਜਿਥੇ ਸਤਿਗੁਰ ਚਰਨ ਟਿਕਾਇਆ । ਐਸੀ ਕਲਾ ਕਲੂ ਕਲ ਵਰਤੇ, ਜਮਨਾ ਕਿਨਾਰੇ ਪ੍ਰਭ ਜੋਤ ਪ੍ਰਗਟਾਇਆ । ਸਚ ਬਚਨ ਗੁਰ ਸਾਚ ਲਿਖਾਏ । ਅੱਸੂ ਉਨੀ ਇਹ ਭੇਤ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਐਸੀ ਕਲਾ ਆਪ ਵਰਤਾਏ । ਨਿਰਧਨ ਸਰਧਨ ਗੁਰ ਮਾਣ ਦਿਵਾਏ । ਏਕ ਜੋਤ ਇਕ ਰੰਗ ਹੋ ਜਾਏ । ਦੀਨਾਂ ਨਾਥ ਪ੍ਰਭ ਪੂਰਨ ਸਮਰਥ, ਪ੍ਰਗਟ ਜੋਤ ਦਰਸ ਦਿਖਾਏ । ਆਦਿ ਜੁਗਾਦਿ ਸਰਬ ਸੁਖ ਦਾਤਾ, ਭਗਤ ਜਨਾਂ ਹਰਿ ਪੈਜ ਰਖਾਏ । ਬੇਮੁਖ ਸਾਰੇ ਨਰਕ ਨਿਵਾਰੇ, ਝੂਠਾ ਜੀਵ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਜੋਤ ਪ੍ਰਗਾਸਿਆ, ਪ੍ਰਗਟ ਬੁਘੀਂ ਦਰਸ ਦਿਖਾਏ । ਤਰਨ ਤਾਰਨੋ ਇਕ ਮੀਲ ਦੁਰਾਡਾ । ਪ੍ਰਗਟੇ ਜੋਤ ਗੁਰ ਪੂਰਾ ਸਤਿਗੁਰ ਡਾਹਡਾ । ਜੋਤ ਜਗਾਏ ਆਪ ਪੁਰਖ ਨਿਰੰਜਣ, ਦੇਵੇ ਮਾਣ ਮਨੀ ਸਿੰਘ ਹੋਵੇ ਵਡਭਾਗਾ । ਮਹਾਰਾਜ

ਸ਼ੇਰ ਸਿੰਘ ਜੋਤ ਜੀਵ ਜਗਾਵੇ, ਜਗਤ ਦਰਸਾਵੇ ਸਤਿਗੁਰ ਠਾਂਡਾ । ਠੰਡ ਪਏ ਗੁਰ ਦਰਸ਼ਨ ਪਾਇਆ । ਉਪਜੇ ਗਿਆਨ ਨੈਣ ਦਰਸਾਇਆ । ਹੋਏ ਧਿਆਨ ਗੁਰ ਚਰਨ ਸੀਸ ਝੁਕਾਇਆ । ਜਾਵੇ ਮਾਣ ਪ੍ਰਭ ਨਜ਼ਰੀ ਆਇਆ । ਮਨੀ ਸਿੰਘ ਪ੍ਰਭ ਮਾਣ ਦਿਵਾਇਆ । ਸਤਿਜੁਗ ਵਿਚ ਸਚ ਗੁਰੂ ਬਣਾਇਆ । ਸੋਹੰ ਸ਼ਬਦ ਗੁਰ ਗਿਆਨ ਦਿਵਾਇਆ । ਮਹਾਰਾਜ ਸ਼ੇਰ ਸਿੰਘ ਸਿਰ ਹੱਥ ਟਿਕਾਇਆ । ਚਾਰ ਵਰਨ ਗੁਰ ਚਰਨੀਂ ਪਾਇਆ । ਰਾਣਿਆਂ ਮਹਾਰਾਣਿਆਂ ਪ੍ਰਭ ਮਾਣ ਗਵਾਇਆ । ਸਚ ਤਖ਼ਤ ਸਤਿਜੁਗ ਸੁਹਾਇਆ । ਸਤਿਗੁਰ ਮਨੀ ਸਿੰਘ ਸਚ ਚਰਨ ਟਿਕਾਇਆ । ਸਚ ਸ਼ਬਦ ਸ਼ਬਦ ਗੁਰ ਗਿਆਨਨ, ਜੋਤ ਸਰੂਪ ਜਗਤ ਜਗਾਇਆ । ਪ੍ਰਗਟ ਭਇਓ ਆਪ ਨਿਰੰਕਾਰਾ, ਐਸਾ ਦਰਸ ਪ੍ਰਭ ਆਣ ਦਿਖਾਇਓ । ਚਕਰ ਚਿਹਨ ਜਿਸ ਦਾ ਕੋਈ ਨਾ ਜਾਣੇ, ਜੋਤ ਸਰੂਪ ਪ੍ਰਭ ਵਿਚ ਦੇਹ ਸਮਾਇਓ । ਕਲਜੁਗ ਆਣ ਜੋਤ ਪ੍ਰਗਟਾਈ, ਸਤਿਜੁਗ ਸਾਚਾ ਰਾਹ ਬਤਾਇਓ । ਮੇਰਾ ਨਾਉਂ ਸਰਬ ਸੁਖ ਦਾਤਾ, ਸੋਹੰ ਸ਼ਬਦ ਗੁਰ ਗਿਆਨ ਦਿਵਾਇਓ । ਖੰਡ ਬ੍ਰਹਿਮੰਡ ਸਰਬ ਮੇਂ ਵਸਿਓ, ਸਰਬ ਪ੍ਰਕਾਸ਼ ਆਪ ਰਘੁਰਾਇਓ । ਬ੍ਰਹਮਾ ਵਿਸ਼ਨ ਮਹੇਸ਼ ਸਰਬ ਕਾ ਦਾਤਾ, ਤੀਨ ਲੋਕ ਪ੍ਰਭ ਜੋਤ ਜਗਾਇਓ । ਵਿਚ ਪਾਤਾਲ ਪ੍ਰਭ ਬਾਸ਼ਕ ਸੇਜਾ, ਚਰਨ ਝੱਸਣ ਲਛਮੀ ਲਾਇਓ । ਵਿਚ ਅਕਾਸ਼ ਪ੍ਰਭ ਜੋਤ ਨਿਰੰਜਣ, ਜਗੇ ਜੋਤ ਡਗਮਗਾਇਓ । ਉਨੰਜਾ ਪਵਣ ਚਵਰ ਸਿਰ ਹੋਤੇ, ਜੋਤ ਅਡੋਲ ਨਾ ਕਿਸੇ ਡੁਲਾਇਓ । ਪ੍ਰਗਟੀ ਜੋਤ ਮਾਤ ਵਿਚ ਆ ਕੇ, ਮਹਾਰਾਜ ਸ਼ੇਰ ਸਿੰਘ ਨਾਮ ਰਖਾਇਓ । ਛੱਡ ਦੇਹ ਹੋਏ ਪ੍ਰਭ ਜੋਤ ਸਰੂਪਾ, ਨਿਹਕਲੰਕ ਜਗਤ ਅਖਵਾਇਓ । ਨਿਹਕਲੰਕ ਹੋ ਜਗਤ ਪ੍ਰਭ ਘਾਲੇ, ਪਾਪੀ ਅਪਰਾਧੀ ਨਰਕ ਮੇਂ ਪਾਇਓ । ਭਗਤ ਜਨਾਂ ਆਣ ਦਰਸ ਦਿਖਾਇਆ । ਕਲਜੁਗ ਕਾਲ ਸੋਹੰ ਸ਼ਬਦ ਕਰਾਇਓ । ਮੈਂ ਹਾਂ ਪਰੀ ਪੂਰਨ ਪ੍ਰਮੇਸ਼ਵਰ, ਗੁਣ ਅਵਗੁਣ ਕਦੀ ਨਾ ਵਿਚਾਰਿਓ । ਚਰਨ ਆਏ ਸਭ ਤਰ ਜਾਏ, ਮਹਾਰਾਜ ਸ਼ੇਰ ਸਿੰਘ ਸਿਰ ਹੱਥ ਟਿਕਾਇਓ । ਭੁੱਲੀ ਸ੍ਰਿਸ਼ਟ ਗਿਆਨ ਗੁਰ ਦੇਵੇ, ਕਲਜੁਗ ਆਣ ਚਤੁਰਭੁਜ ਕਹਾਇਓ । ਐਸਾ ਦਾਨ ਸਿੱਖਨ ਗੁਰ ਦੇਵੇ, ਸੋਹੰ ਸ਼ਬਦ ਦੀਪਕ ਦੇਹ ਜਗਾਇਓ । ਜਗੇ ਦੀਪਕ ਹੋਏ ਉਜਿਆਰਾ, ਮਹਾਰਾਜ ਸ਼ੇਰ ਸਿੰਘ ਨਿਜ ਘਰ ਮੇਂ ਪਾਇਓ । ਹੋਏ ਦਰਸ ਥਿਰ ਘਰ ਵਾਸਾ, ਦੇਵੇ ਦਰਸ ਪ੍ਰਭ ਆਪ ਅਬਿਨਾਸੀ । ਭਗਤ ਜਨਾਂ ਦੇ ਪੜਦੇ ਲਾਹੇ, ਦੇਵੇ ਗਿਆਨ ਜਗਤ ਗੁਰ ਵਾਸੀ । ਮਹਾਰਾਜ ਸ਼ੇਰ ਸਿੰਘ ਸਰਬ ਘਟ ਵਾਸੀ । ਦੇਵੇ ਨਾਮ ਹਰਿ ਨਾਮ ਦ੍ਰਿੜਾਏ । ਭਗਤ ਜਨਾਂ ਨੂੰ ਸੋਝੀ ਪਾਏ । ਪੂਰਨ ਸਿੰਘ ਵਿਚ ਪ੍ਰਭ ਜੋਤ ਜਗਾਏ । ਚਾਰ ਜੁਗ ਪ੍ਰਭ ਮਾਣ ਦਿਵਾਏ । ਸਚਖੰਡ ਗੁਰ ਸਚ ਵਖਾਏ । ਸੋਹੰ ਸ਼ਬਦ ਜਗਤ ਗਿਆਨ ਦਿਵਾਏ । ਧਰਤ ਧਵਲ ਆਕਾਸ਼ ਸਭ ਮੇਂ ਰਿਹਾ ਸਮਾਏ । ਪ੍ਰਭ ਕਾ ਭੇਤ ਕੋਈ ਨਾ ਪਾਏ । ਖਾਣੀ ਬਾਣੀ ਗਗਨ ਪਾਤਾਲੀ ਜੀਵ ਜੰਤ ਪ੍ਰਭ ਰਿਹਾ ਸਮਾਏ । ਝੂਠਾ ਜਗਤ ਸਚ ਜੋਤ ਪ੍ਰਕਾਸ਼ੇ, ਸਚ ਮਾਰਗ ਗੁਰ ਦੇ ਬੁਝਾਏ । ਸਚ ਸਚ ਸਚ ਸਭ ਜਗਤ ਵਰਤਾਏ । ਐਸਾ ਸਤਿਗੁਰ ਸਚ ਸ਼ਬਦ ਲਿਖਾਏ । ਸ਼ਬਦ ਸੁਰਤ ਸਰਬ ਸੁਖ ਪਾਇਆ, ਦੇਵੇ ਦਰਸ ਆਪ ਰਘੁਰਾਏ । ਨਾਉਂ ਮੇਰਾ ਸਰਬ ਰੰਗ ਰਾਤਾ, ਰੰਗ ਚਲੂਲ ਵਿਚ ਦੇਹ ਚੜ੍ਹਾਏ । ਨਾਉਂ ਮੇਰਾ ਕੋਇ ਜਨ ਜਪੇ, ਜੋ ਜਪੇ ਚੰਦਨ ਵਾਂਗ ਜਗਤ ਮਹਿਕਾਏ । ਕੋਟ ਦਰਸ਼ਨ ਹਰਿ ਨਾਮ ਧਿਆਇਆ । ਹਰਿ ਜੂ ਬੱਧਾ ਸਿੱਖ ਘਰ ਆਏ । ਭਗਤ ਜਨਾਂ ਪ੍ਰਭ ਦਰਸ ਦਿਖਾਏ । ਜੁਗੋ ਜੁਗ ਆਣ ਪੈਜ ਰਖਾਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਦੇ ਦਰਸ ਜਿਨ ਸਿੱਖ ਤਰਾਏ । ਗੁਰ ਕਾ ਸ਼ਬਦ ਗੁਰਸਿਖ ਹੀ ਜਾਨਣ । ਗੁਰ ਕਾ ਸ਼ਬਦ ਭਗਤ ਹੀ ਮਾਨਣ । ਗੁਰ ਕਾ ਸ਼ਬਦ ਮਨ

੧੭੭
੦੧

ਦੇਵੇ ਗਿਆਨਣ । ਗੁਰ ਕਾ ਸ਼ਬਦ ਆਤਮ ਜੋਤ ਜਗਾਨਣ । ਗੁਰ ਕਾ ਸ਼ਬਦ ਨਿਜਾਨੰਦ ਰਸ ਮਾਨਣ । ਗੁਰ ਕਾ ਸ਼ਬਦ ਪ੍ਰਭ ਸਰੂਪ ਸਮਾਨਣ । ਗੁਰ ਕਾ ਸ਼ਬਦ ਦੇਵੇ ਆਤਮ ਚਾਨਣ । ਗੁਰ ਕਾ ਸ਼ਬਦ ਹਰਿ ਹਰਿ ਹਰਿ ਰਿਦੇ ਸਮਾਨਣ । ਗੁਰ ਕਾ ਸ਼ਬਦ ਮਾਇਆ ਮਮਤਾ ਮੋਹ ਤਜਾਨਣ । ਗੁਰ ਕਾ ਸ਼ਬਦ ਸਿੱਖ ਗੁਰ ਦਰ ਤੇ ਪਾਨਣ । ਗੁਰ ਕਾ ਸ਼ਬਦ ਮਿਲ ਸਾਧ ਸੰਗਤ ਰਸਨਾ ਬਖਾਨਣ । ਗੁਰ ਕਾ ਸ਼ਬਦ ਕਾਇਆ ਕੂੜੀ ਵਿਚ ਦੇਵੇ ਚਾਨਣ । ਗੁਰ ਕਾ ਸ਼ਬਦ ਕਲਜੁਗ ਰੋਗ ਸੋਗ ਮਿਟਾਨਣ । ਗੁਰ ਕਾ ਸ਼ਬਦ ਜੋਤ ਸਰੂਪ ਸਭ ਜੋਤ ਮਿਲਾਨਣ । ਗੁਰ ਕਾ ਸ਼ਬਦ ਗੁਰ ਕਿਰਪਾ ਗੁਰਸਿਖ ਹੀ ਪਾਨਣ । ਗੁਰ ਕਾ ਸ਼ਬਦ ਗੁਰਸਿਖਾਂ ਦਾਨਣ । ਗੁਰ ਕਾ ਸ਼ਬਦ ਸਤਿ ਸਤਿਜੁਗ ਪਛਾਨਣ । ਗੁਰ ਕਾ ਸ਼ਬਦ ਸੋਹੰ ਸ਼ਬਦ ਗੁਰ ਸ਼ਬਦ ਪਛਾਨਣ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਦੇ ਦਰਸ ਦੇਹ ਅੰਧਿਆਰ ਮਿਟਾਨਣ । ਗੁਰਸ਼ਬਦ ਗੁਰਸਿਖ ਕਮਾਏ । ਗੁਰਸ਼ਬਦ ਕੋਈ ਵਿਰਲਾ ਪਾਏ । ਗੁਰਸ਼ਬਦ ਕਲਜੁਗ ਪੰਧ ਮੁਕਾਏ । ਗੁਰਸ਼ਬਦ ਅਨੰਦ ਸ਼ਬਦ ਵੁਠਾਏ । ਗੁਰਸ਼ਬਦ ਭਰਮ ਭੌ ਗਵਾਏ । ਗੁਰਸ਼ਬਦ ਗੁਰ ਦਰਸ ਦਿਖਾਏ । ਗੁਰਸ਼ਬਦ ਸਚ ਸੁੱਚ ਵਿਚ ਦੇਹ ਵਰਤਾਏ । ਗੁਰਸ਼ਬਦ ਨੈਣਹੀਣ ਜੋਤ ਜਗਾਏ । ਗੁਰਸ਼ਬਦ ਭਗਤ ਜਨਾਂ ਥਿਰ ਘਰ ਸੋਝੀ ਪਾਏ । ਗੁਰਸ਼ਬਦ ਹਰਿ ਜੂ ਹਰਿ ਸੰਗ ਮਿਲਾਏ । ਗੁਰਸ਼ਬਦ ਮਿਲੇ ਸਰਬ ਸੁਖਦਾਏ । ਗੁਰਸ਼ਬਦ ਸੋਹੰ ਰੂਪ ਵਿਚ ਸ਼ਬਦ ਉਪਾਏ । ਸੋਹੰ ਸ਼ਬਦ ਸਤਿਜੁਗ ਸਤਿ ਸਤਿ ਵਰਤਾਏ । ਗੁਰਸ਼ਬਦ ਹੋਏ ਸਿੱਖਨ ਸਹਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਡਾਹਡਾ, ਨਿਹਕਲੰਕ ਹੋ ਬਚਨ ਲਿਖਾਏ । ਬਚਨ ਲਿਖਾਏ ਪ੍ਰਭ ਦੇਵੇ ਗਿਆਨਾ । ਹੰਕਾਰੀਆਂ ਦੁਰਾਚਾਰੀਆਂ ਪ੍ਰਭ ਤੋੜੇ ਅਭਿਮਾਨਾ । ਭਗਤ ਜਨਾਂ ਕਲਜੁਗ ਹਰਿਜੂ ਪਛਾਣਾ । ਬੇਮੁਖਾਂ ਗੁਰ ਪਰੇ ਹਟਾਣਾ । ਗੁਰਸਿਖ ਦਰਸ ਗੁਰ ਦਾਨਾ । ਬੇਮੁਖਾਂ ਹੋਏ ਕਸ਼ਟ ਮਹਾਨਾ । ਗੁਰਸਿਖਾਂ ਪ੍ਰਭ ਸੰਗ ਜੋਤ ਮਿਲਾਨਾ । ਬੇਮੁੱਖਾਂ ਨਾ ਮਿਲੇ ਟਿਕਾਣਾ । ਗੁਰਸਿਖਾਂ ਸਤਿਗੁਰ ਮਨੀ ਸਿੰਘ ਚਰਨੀਂ ਲਾਣਾ । ਬੇਮੁੱਖਾਂ ਨਰਕ ਨਿਵਾਸ ਦਿਵਾਣਾ । ਕਲਜੁਗ ਪ੍ਰਗਟਿਓ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸੋਹੰ ਸਤਿਜੁਗ ਹੋਏ ਪ੍ਰਧਾਨਾ । ਸੋਹੰ ਸ਼ਬਦ ਸਤਿਜੁਗ ਸਤਿ ਚਾਲੇ । ਉਪਜੇ ਗਿਆਨ ਜੋ ਜੀਵ ਰਸਨਾ ਘਾਲੇ । ਹੋਵੇ ਗਿਆਨ ਜੋ ਹਿਰਦੇ ਵਸਾ ਲੇ । ਪਾਵੇ ਵਿਸ਼ਨੂੰ ਭਗਵਾਨ ਗੋਝ ਗਿਆਨ ਮਿਟਾ ਲੇ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਹ ਸ਼ਬਦ ਕਮਾ ਲੇ । ਪ੍ਰਭ ਹੋਏ ਕਿਰਪਾਲ, ਜਗਤ ਪ੍ਰਗਾਸਿਆ । ਪ੍ਰਭ ਹੋਏ ਕਿਰਪਾਲ, ਈਸ਼ਰ ਜੋਤ ਵਿਚ ਦੇਹ ਨਿਵਾਸਿਆ । ਪ੍ਰਭ ਹੋਏ ਕਿਰਪਾਲ, ਮਾਤ ਆਇਓ ਆਪ ਅਬਿਨਾਸਿਆ । ਪ੍ਰਭ ਹੋਏ ਕਿਰਪਾਲ, ਸੁਹਾਏ ਥਾਨ ਜਿਥੇ ਘਟ ਵਾਸਿਆ । ਪ੍ਰਭ ਹੋਏ ਕਿਰਪਾਲ, ਕਲਜੁਗ ਦੇਵੇ ਜੀਵ ਧਰਵਾਸਿਆ । ਪ੍ਰਭ ਹੋਏ ਕਿਰਪਾਲ, ਸਮਰਥ ਪੁਰਖ ਆਪ ਰਘੁਨਾਥਿਆ । ਪ੍ਰਭ ਹੋਏ ਕਿਰਪਾਲ, ਗੁਰਸਿਖਾਂ ਦੇਵੇ ਦਰਸ, ਸਚ ਸਚ ਸਚ ਗੁਰ ਸਾਖਿਆ । ਪ੍ਰਭ ਹੋਏ ਕਿਰਪਾਲ, ਹਰਿ ਭਗਤਾਂ ਵਿਚ ਹਰਿ ਪ੍ਰਭ ਵਾਸਿਆ । ਪ੍ਰਭ ਹੋਏ ਕਿਰਪਾਲ, ਦੀਨਾ ਨਾਥ ਦੀਨ ਕੇ ਨਾਥਿਆ । ਪ੍ਰਭ ਹੋਏ ਕਿਰਪਾਲ, ਭਗਤ ਵਛਲ ਸਰਬ ਕੇ ਸਾਥਿਆ । ਪ੍ਰਭ ਹੋਏ ਕਿਰਪਾਲ, ਜੋ ਜਨ ਸਿਮਰੇ ਤਿਨ ਪ੍ਰਭ ਜੋਤ ਸੰਗ ਮਿਲਾਸਿਆ । ਪ੍ਰਭ ਹੋਏ ਕਿਰਪਾਲ, ਆਪ ਅਟੱਲ ਨਾ ਕਦੇ ਵਿਨਾਸਿਆ । ਪ੍ਰਭ ਹੋਏ ਕਿਰਪਾਲ, ਪ੍ਰਗਟ ਭਇਓ ਜਗਤ ਪ੍ਰਭਾਸਿਆ । ਪ੍ਰਭ ਹੋਏ ਕਿਰਪਾਲ, ਚਾਰ ਵਰਨ ਗੁਰ ਚਰਨ ਲਗਾਸਿਆ । ਪ੍ਰਭ ਹੋਏ ਕਿਰਪਾਲ, ਰਾਉ ਰੰਕ ਹੋਵੇ ਇਕ ਰਹਿਰਾਸਿਆ । ਪ੍ਰਭ ਹੋਏ ਕਿਰਪਾਲ, ਗੁਰਸਿਖਾਂ ਗੁਰ ਦੁੱਖ ਦਰਦ ਵਿਗਾਸਿਆ । ਪ੍ਰਭ ਹੋਏ ਕਿਰਪਾਲ, ਕਲਜੁਗ ਆਣ

ਦੇਵੇ ਦਰਸ ਸਿੱਖਾਂ ਗੁਰ ਤਾਸਿਆ । ਪ੍ਰਭ ਹੋਏ ਕਿਰਪਾਲ, ਬੇਮੁਖਾਂ ਕਲਜੁਗ ਨਰਕ ਨਿਵਾਸਿਆ । ਪ੍ਰਭ ਹੋਏ ਕਿਰਪਾਲ, ਮਦਿ ਮਾਸ ਕੀਨੀ ਜਗਤ ਬੰਦ ਖੁਲਾਸਿਆ । ਪ੍ਰਭ ਹੋਏ ਕਿਰਪਾਲ, ਗੁਰਸੰਗਤ ਦੇਵੇ ਦਰਸ ਪਿਆਸਿਆ । ਪ੍ਰਭ ਹੋਏ ਕਿਰਪਾਲ, ਦੇ ਦਰਸ ਜਨਮ ਮਰਨ ਗੁਰਸਿਖਾਂ ਦੁੱਖ ਵਿਨਾਸਿਆ । ਪ੍ਰਭ ਹੋਏ ਕਿਰਪਾਲ, ਕਲਜੁਗ ਲੈ ਅਵਤਾਰ ਨਿਹਕਲੰਕ ਜਗਤ ਅਖਵਾਸਿਆ । ਪ੍ਰਭ ਹੋਏ ਕਿਰਪਾਲ, ਸੋਹੰ ਸ਼ਬਦ ਕਰੇ ਜਗਤ ਜੋਤ ਪ੍ਰਗਾਸਿਆ । ਪ੍ਰਭ ਹੋਏ ਕਿਰਪਾਲ, ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਮੁਖ ਵਾਕ ਸੁਣਾਸਿਆ । ਗਾਵੇ ਸੁਣੇ ਸੋ ਪ੍ਰਭ ਪਾਵੇ । ਪਾਵੇ ਧਿਆਵੇ ਪ੍ਰਭ ਦਰਸ ਦਿਖਾਵੇ । ਰੰਗ ਰੰਗ ਰੰਗ ਪ੍ਰਭ ਹਰਿ ਰੰਗ ਲਗਾਵੇ । ਮੰਗ ਮੰਗ ਮੰਗ ਰਸਨਾ ਨਿੱਤ ਨਾਮ ਧਿਆਵੇ । ਅੰਗ ਅੰਗ ਅੰਗ ਹਰਿਜੂ ਹਰ ਅੰਗ ਸਮਾਵੇ । ਸੰਗ ਸੰਗ ਸੰਗ ਹਰਿ ਜੂ ਸੰਗ ਸਮਾਵੇ । ਭੰਗ ਭੰਗ ਭੰਗ ਬੇਮੁਖਾਂ ਪ੍ਰਭ ਨਜ਼ਰ ਨਾ ਆਵੇ । ਧੰਨ ਧੰਨ ਧੰਨ ਗੁਰ ਪੂਰਾ ਬੈਠਾ ਜੋਤ ਜਗਾਵੇ । ਕਲਾ ਧਾਰ ਕਰਮ ਵਿਚਾਰ, ਕੂੜ ਕਰਮ ਵਿਚ ਦੇਹ ਮਿਟਾਵੇ । ਦੇਹ ਸੁਧਾਰ ਦੇਵੇ ਜੋਤ ਆਧਾਰ, ਬੁਝੀ ਦੀਪਕ ਪ੍ਰਭ ਆਪ ਜਗਾਵੇ । ਮਹਾਰਾਜ ਸ਼ੇਰ ਸਿੰਘ ਨਾਮ ਨਿਰੰਜਣ, ਆਦਿ ਅੰਤ ਕੋਈ ਭੇਵ ਨਾ ਪਾਵੇ । ਆਦਿ ਅੰਤ ਮੈਂ ਏਕੰਕਾਰਾ । ਮੇਰਾ ਨਾਮ ਸ੍ਰਿਸ਼ਟ ਉਧਾਰਾ । ਸ੍ਰਿਸ਼ਟ ਉਪਾਈ ਦਿਤੀ ਵਡਿਆਈ, ਜੋਤ ਸਰੂਪ ਸਰਬ ਕੀਆ ਆਕਾਰਾ । ਕੋਏ ਨਾ ਜਾਣੇ ਪ੍ਰਭ ਪਛਾਣੇ ਜੀਵ ਜੰਤ ਪ੍ਰਭ ਜੋਤ ਆਧਾਰਾ । ਕਲਜੁਗ ਆਣ ਭਗਤ ਪਛਾਣ, ਪ੍ਰਭ ਦੇਵੇ ਦਰਸ ਅਪਾਰਾ । ਜੋਤ ਅਗਨ ਲਗਾਏ, ਪਾਪੀ ਆਣ ਖਪਾਏ, ਨਰਕ ਨਿਵਾਸ ਮਧਾਰਾ । ਸੋਹੰ ਸ਼ਬਦ ਚਲਾਏ, ਨਿਹਕਲੰਕ ਅਖਵਾਏ ਮਹਾਰਾਜ ਸ਼ੇਰ ਸਿੰਘ ਲੈ ਅਵਤਾਰਾ । ਨਰ ਅਵਤਾਰ ਜਗਤ ਲੈ ਆਇਓ । ਜੋਤ ਸਰੂਪ ਜਗਤ ਜਲਾਇਓ । ਬ੍ਰਹਮਾ ਗਵਾਏ ਮਾਣ, ਸਿੰਘ ਪਾਲ ਪ੍ਰਭ ਮਾਣ ਦਿਵਾਇਓ । ਜੋਤ ਜਗਾਈ ਕਰਮ ਵਿਚਾਰ, ਸਵਰਨ ਧ੍ਰੂ ਥਾਏਂ ਬਿਠਾਇਓ । ਸੂਰਤ ਪੂਰਨ ਉਤਰੇ ਪਾਰ, ਸੁਤ ਜਿਨ੍ਹਾਂ ਸੰਗ ਦੀਪ ਜਗਾਇਓ । ਮਹਾਰਾਜ ਸ਼ੇਰ ਸਿੰਘ ਕਲਜੁਗ ਤੀਨ ਲੋਕ ਉਲਟਾਇਓ । ਆਪ ਅਪਰੰਪਰ ਕਿਸੇ ਭੇਦ ਨਾ ਜਣਾਵੇ । ਆਪ ਜੋਤ ਸਰੂਪ ਸਭ ਜੀਵ ਜੋਤ ਜਗਾਵੇ । ਸ਼ਬਦ ਰੂਪ ਐਸੀ ਕਲਾ ਵਰਤਾਵੇ । ਖੰਡ ਬ੍ਰਹਿਮੰਡ ਸਭ ਪ੍ਰਭ ਹਿਲਾਵੇ । ਭਾਣਾ ਗੁਰ ਨਾ ਕੋਈ ਮਿਟਾਵੇ । ਮਹਾਰਾਜ ਸ਼ੇਰ ਸਿੰਘ ਕਰੇ ਕਰਾਵੇ । ਪ੍ਰਗਟ ਜੋਤ ਭਇਓ ਪ੍ਰਕਾਸ਼ਾ । ਮੇਰਾ ਨਾਉਂ ਸਰਬ ਗੁਣਤਾਸਾ । ਉਪਜੇ ਜੋਤ ਹੋਏ ਕਲਜੁਗ ਵਿਨਾਸਾ । ਪ੍ਰਭ ਆਇਓ ਵੇਖਣ ਜਗਤ ਤਮਾਸ਼ਾ । ਨਾਉਂ ਰੱਖੇ ਨਾਮ ਜਗਤ ਗੁਣਤਾਸਾ । ਸਭ ਤੇ ਊਚ ਪ੍ਰਭ ਅਬਿਨਾਸ਼ਾ । ਸਰਬ ਸ੍ਰਿਸ਼ਟ ਪ੍ਰਭ ਕਰੇ ਨਾਸਾ । ਗੁਰਸਿਖਾਂ ਮਨ ਗੁਰਸ਼ਬਦ ਪਿਆਸਾ । ਸੋਹੰ ਸ਼ਬਦ ਮਨ ਜਪੇ ਸਵਾਸ ਸਵਾਸਾ । ਸਰਬ ਸੂਖ ਪ੍ਰਭ ਆਤਮ ਪ੍ਰਕਾਸ਼ਾ । ਜਗੇ ਜੋਤ ਦੇਹ ਘਟ ਵਾਸਾ । ਉਪਜੇ ਸ਼ਬਦ ਆਤਮ ਪ੍ਰਕਾਸ਼ਾ । ਸਤਿਜੁਗ ਸਤਿ ਸਤਿ ਸਤਿ ਪ੍ਰਭ ਵਰਤਾਏ, ਮਹਾਰਾਜ ਸ਼ੇਰ ਸਿੰਘ ਸਰਬ ਗੁਣਤਾਸਾ । ਸਰਬ ਸੂਖ ਗੁਰਚਰਨ ਦਵਾਰਿਆ । ਭਗਤ ਜਨ ਸੋ ਜਿਨ ਸੋਹੰ ਸ਼ਬਦ ਰਸਨਾ ਉਚਾਰਿਆ । ਮਨ ਤੇ ਤਨ ਸੋ ਜਿਨ ਹਰਿ ਹਰਿ ਹਰਿ ਰਸ ਮਾਣਿਆ । ਜਨ ਸੋ ਕਲਜੁਗ ਆਣ ਜਿਨ ਮਹਾਰਾਜ ਸ਼ੇਰ ਸਿੰਘ ਚਰਨ ਨਿਮਸਕਾਰਿਆ । ਚਰਨ ਕਵਲ ਜੋ ਨਿਮਸਕਾਰੇ । ਕਲਜੁਗ ਪਤਤ ਉਧਰੇ ਗੁਰਚਰਨ ਦਵਾਰੇ । ਲਖ਼ਮੀ ਨਰਾਇਣ ਮੁਕੰਦ ਮਨੋਹਰ ਸਦਾ ਹੈ ਨਾਲੇ । ਸ੍ਰੀ ਰੰਗ ਬੈਕੁੰਠ ਕਾ ਵਾਸੀ, ਭਗਤ ਜਨਾਂ ਕਲ ਪੈਜ ਸਵਾਰੇ । ਸ੍ਰੀ ਰਾਮ ਚੰਦ ਜਿਸ ਰੂਪ ਨਾ ਰੇਖਿਆ, ਕਲਜੁਗ ਆਣ ਪ੍ਰਭ ਨਾਉਂ ਵਟਾ ਲੇ । ਕ੍ਰਿਸ਼ਨ ਮੁਰਾਰ ਅਸੁਰ ਸੰਘਾਰ ਲੇ । ਨਿਹਕਲੰਕ ਅਵਤਾਰ ਸ਼ੇਰ ਸਿੰਘ ਨਾਮ ਰਖਾ ਲੇ । ਗੁਰਸੰਗਤ ਦੇਵੇ ਤਾਰ,

ਭਗਤ ਜਨਾਂ ਹੋਵੇ ਜੋਤ ਆਧਾਰ, ਬੇਮੁਖਾਂ ਪ੍ਰਭ ਪਾਏ ਨਰਕ, ਐਸਾ ਸ਼ਬਦ ਲਿਖਾਇਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਆਣ ਜੋਤ ਸਰੂਪ ਜਗਤ ਉਲਟਾਇਆ । ਜੋਤ ਸਰੂਪ ਪ੍ਰਭ ਜਗਤ ਜਲਾਇਆ । ਜੋਤ ਸਰੂਪ ਨੌਂ ਖੰਡ ਪ੍ਰਿਥਮੀ ਬਾਣ ਚਕਰ ਲਗਾਇਆ । ਜੋਤ ਸਰੂਪ ਪ੍ਰਭ ਤੀਨ ਲੋਕ ਸੋਹੰ ਸ਼ਬਦ ਸੁਦਰਸ਼ਨ ਚਲਾਇਆ । ਜੋਤ ਸਰੂਪ ਪ੍ਰਭ ਬੈਠ ਅਟਲ ਜਗਤ ਉਲਟਾਇਆ । ਜੋਤ ਸਰੂਪ ਪ੍ਰਭ ਛੱਡ ਦੇਹ ਜੋਤ ਵਿਚ ਬੈਕੁੰਠ ਸਮਾਇਆ । ਜੋਤ ਸਰੂਪ ਪ੍ਰਭ ਛੱਡ ਬੈਕੁੰਠ, ਦੇਹ ਵਿਚ ਸਿੱਖ ਸਮਾਇਆ । ਜੋਤ ਸਰੂਪ ਪ੍ਰਭ ਨੇਹਚਲ ਛੱਡ ਧਾਮ, ਵਿਚ ਮਾਤ ਦੇ ਆਇਆ । ਜੋਤ ਸਰੂਪ ਪ੍ਰਭ ਸਿੱਖ ਜਗਾਵੇ, ਜੋਤ ਪ੍ਰਗਟਾਵੇ । ਮੁਕਤ ਜੁਗਤ ਪ੍ਰਭ ਆਪ ਬਤਾਵੇ । ਜਗਨ ਗਗਨ ਸਰਬ ਸੁਖ ਦਾਤਾ, ਆਪਣੀ ਜੋਤ ਪ੍ਰਭ ਆਪ ਜਗਾਵੇ । ਜੋਤ ਸਰੂਪ ਸਰਬ ਨਿਰੰਤਰ, ਕਲੂ ਕਾਲ ਕਲ ਆਣ ਤਰਾਵੇ । ਐਸੀ ਕਲ ਸਰੂਪ ਜੋਤ ਪ੍ਰਭ ਵਰਤੇ, ਚਾਰ ਕੁੰਟ ਹਾਹਾਕਾਰ ਮਚ ਜਾਵੇ । ਜੋਤ ਸਰੂਪ ਆਪ ਪ੍ਰਭ ਪੂਰਨ, ਨਿਜ ਘਰ ਬੈਠਾ ਤਾੜੀ ਲਾਵੇ । ਜੋਤ ਸਰੂਪ ਕਲਜੁਗ ਕਲ ਆਇਆ, ਮਾਇਆ ਰੂਪ ਜਗਤ ਭੁਲਾਏ । ਜੋਤ ਸਰੂਪ ਐਸੀ ਕਲ ਫੇਰੀ, ਹਰਿਜੂ ਬੈਠਾ ਨਜ਼ਰ ਨਾ ਆਏ । ਜੋਤ ਸਰੂਪ ਜਗਤ ਭੁਲਾਇਆ, ਪ੍ਰਭ ਪੂਰੇ ਦਾ ਭੇਤ ਨਾ ਪਾਏ । ਜੋਤ ਸਰੂਪ ਜਗਤ ਜੁਗ ਕਲ ਉਲਟਾਏ, ਆਪ ਆਪਣੀ ਦੇਹ ਛੁਡਾਏ । ਜੋਤ ਸਰੂਪ ਐਸੀ ਜੋਤ ਜਗਾਏ ਨਿਰਾਲਮ, ਬੇਮੁਖ ਕੋਈ ਸਾਰ ਨਾ ਪਾਏ । ਦਇਆ ਧਾਰ ਆਪ ਪ੍ਰਭ ਬਖ਼ਸ਼ੇ, ਸੋ ਬੂਝੇ ਜਿਸ ਆਪ ਬੁਝਾਏ । ਐਸੀ ਜੋਤ ਪ੍ਰਭ ਕੀ ਸੂਖਮ, ਭਗਤ ਜਨਾਂ ਪ੍ਰਭ ਦੇ ਦਿਖਾਏ । ਭਗਤ ਬਿਨਾ ਕੋਈ ਭੇਦ ਨਾ ਜਾਨਣ, ਮਨਮੁਖ ਦਰ ਤੇ ਧੱਕੇ ਖਾਏ । ਮਦਿ ਮਾਸੀ ਕੋਈ ਰਹਿਣ ਨਾ ਪਾਏ । ਐਸੀ ਕਲਾ ਪ੍ਰਭ ਵਰਤਾਏ । ਐਸਾ ਖੇਲ ਕਲਜੁਗ ਕਰਾਇਆ, ਆਪਣਾ ਭੇਦ ਨਾ ਕਿਸੇ ਜਣਾਏ । ਕੁੰਭੀ ਨਰਕ ਸਭਨ ਨੂੰ ਪਾਇਆ, ਮਦਿ ਮਾਸ ਜੋ ਰਸਨਾ ਲਾਏ । ਸੋਹੰ ਸ਼ਬਦ ਹੋਏ ਉਜਿਆਰਾ, ਸਤਿਜੁਗ ਪ੍ਰਭ ਸਤਿ ਵਰਤਾਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਜੋਤ ਜਗਤ ਵਿਚ ਲਏ ਪ੍ਰਗਟਾਏ । ਜਗੇ ਜੋਤ ਸਤਿਜੁਗ ਸਤਿਵਾਦੀ । ਕੋਇ ਨਾ ਰਹੇ ਮਾਧ ਹੈ ਮਾਦੀ । ਐਸੀ ਸ੍ਰਿਸ਼ਟ ਸ਼ਬਦ ਗੁਰ ਸਾਧੀ । ਭਗਤ ਜਨਾਂ ਹਰਿ ਆਦਿ ਜੁਗਾਦੀ । ਭਗਤ ਜਨਾਂ ਗੁਰ ਚਰਨ ਲਗਾਇਆ, ਉਪਜੇ ਸ਼ਾਂਤ ਸਦਾ ਸੁਖਵਾਦੀ । ਬੇਮੁਖ ਪਕੜ ਨਰਕ ਨਿਵਾਰੇ, ਕੋਈ ਨਾ ਜੀਵੇ ਮਧਿਆ ਮਾਧੀ । ਐਸਾ ਸ਼ਬਦ ਸੋਹੰ ਪ੍ਰਭ ਚਲਾਇਆ, ਸਤਿਜੁਗ ਸਤਿ ਸਤਿ ਸਤਿ ਸਦਾ ਸਤਿਵਾਦੀ । ਮਹਾਰਾਜ ਸ਼ੇਰ ਸਿੰਘ ਇਹ ਚਲਤ ਬਣਾਇਓ, ਨਿਹਕਲੰਕ ਨਾਉਂ ਅਖਵਾਦੀ । ਗੁਰਸੰਗਤ ਗੁਰ ਮਾਣ ਦਿਵਾਵੇ । ਗੁਰਸੰਗਤ ਪ੍ਰਭ ਜੋਤ ਪ੍ਰਗਟਾਵੇ । ਗੁਰਸੰਗਤ ਮਿਲ ਹਰਿ ਹਰਿ ਰਸਨਾ ਗਾਵੇ । ਗੁਰਸੰਗਤ ਸੁਹਾਏ ਥਾਨ, ਜਿਥੇ ਪ੍ਰਭ ਜੋਤ ਜਗਾਵੇ । ਗੁਰਸੰਗਤ ਉਪਜੇ ਹਰਿ ਨਾਉਂ, ਗੁਰਮੁਖ ਬਣ ਜਾਵੇ । ਗੁਰਸੰਗਤ ਗੁਰਮੁਖ ਗੁਰ ਡੇਰਾ ਲਾਵੇ । ਗੁਰਸੰਗਤ ਹਰਿ ਧਾਮ ਪ੍ਰਗਟਾਵੇ, ਵਿਚ ਕਲ ਦੇ ਆਵੇ । ਗੁਰਸੰਗਤ ਗੁਰ ਨਾਉਂ ਪ੍ਰਕਾਸ਼, ਜੋਤ ਸਰੂਪ ਪ੍ਰਭ ਬੂਝ ਬੁਝਾਵੇ । ਗੁਰਸੰਗਤ ਗੁਰਚਰਨ ਪਿਆਸ, ਪ੍ਰਭ ਅਬਿਨਾਸ਼ੀ ਅਵਿਗਤ ਅਗੋਚਰ ਨੈਣੀ ਦਰਸਾਵੇ । ਗੁਰਸੰਗਤ ਗੁਰ ਸ਼ਬਦ ਸੁਣਾਇਆ, ਕੋਈ ਵਿਰਲਾ ਪਾਵੇ । ਗੁਰਸੰਗਤ ਗੁਰ ਪ੍ਰਗਟ ਕੀਨਾ, ਕਲਜੁਗ ਜੋਤ ਗੁਰਸੰਗਤ ਸਮਾਵੇ । ਗੁਰਸੰਗਤ ਗੁਰ ਰੰਗ ਮਾਣੇ, ਗੁਰ ਕੀ ਮਹਿੰਮਾ ਲਖੀ ਨਾ ਜਾਵੇ । ਗੁਰਸੰਗਤ ਗੁਰ ਦਰਸ ਦਿਖਾਇਆ, ਐਸਾ ਦਿਨ ਫੇਰ ਕਦੇ ਨਾ ਆਵੇ । ਜੋਤ ਨਿਰੰਜਣ ਵਿਚ ਜੋਤ ਸਮਾਵੇ । ਛੱਡ ਮਾਤ ਵਿਚ ਆਕਾਸ਼ ਰਹਾਵੇ । ਜੋਤ ਨਿਰੰਜਣ ਵਿਚ ਸਿੱਖ ਦੇ ਸਮਾਵੇ । ਛੱਡ ਆਕਾਸ਼ ਵਿਚ ਮਾਤ ਦੇ ਆਵੇ । ਐਸੀ ਕਲਾ ਆਪ ਪ੍ਰਭ ਵਰਤੇ, ਕਲਜੁਗ ਬਾਣ

ਸ਼ਬਦ ਗੁਰ ਲਾਵੇ । ਸੋਹੰ ਸ਼ਬਦ ਗਿਆਨ ਗੁਰ ਦੇਵੇ, ਗੁਰ ਸਤਿਜੁਗ ਸਤਿ ਲਾਵੇ । ਭਗਤ ਜਨਾਂ ਕਲਜੁਗ ਗੁਰ ਦਰ ਸੂਝਿਆ, ਵਿਛੜਿਆਂ ਪ੍ਰਭ ਲਏ ਮਿਲਾਏ । ਮਹਾਰਾਜ ਸ਼ੇਰ ਸਿੰਘ ਕ੍ਰਿਸ਼ਨ ਮੁਰਾਰ, ਦਵਾਪਰ ਜੋਤ ਵਿਚ ਕਲ ਜਗਾਏ । ਕਲੂ ਜੀਵ ਹੋਣ ਨਰਕ ਨਿਵਾਸੀ, ਪ੍ਰਭ ਪੂਰੇ ਦਾ ਕੋਈ ਭੇਵ ਨਾ ਪਾਏ । ਛੱਡੀ ਦੇਹ ਪ੍ਰਭ ਆਪ ਨਿਰੰਤਰ, ਜੋਤ ਸਰੂਪ ਹੋ ਚਲਤ ਕਰਾਏ । ਕਰੇ ਖ਼ੁਆਰ ਸ਼ਬਦ ਗੁਰ ਮਾਰ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਖਵਾਏ । ਗੁਰਸੰਗਤ ਗੁਰ ਦਰ ਸੂਝਿਆ । ਗੁਰਸੰਗਤ ਗੁਰ ਪੂਰਾ ਬੂਝਿਆ । ਬੇਮੁਖ ਦਰ ਤੇ ਰਸਨਾ ਲੂਝਿਆ । ਗੁਰ ਪੂਰਾ ਦੇਖ ਗੁਰਸਿਖ ਝੂਜਿਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਗੁਰਸਿਖਾਂ ਬਿਨ ਕਿਸੇ ਨਾ ਬੂਝਿਆ । ਗੁਰ ਪੂਰਾ ਅੰਮ੍ਰਿਤ ਆਪ ਬਣਾਵੇ । ਗੁਰਸਿਖਾਂ ਗੁਰ ਮੁਖ ਚਵਾਵੇ । ਕਾਇਆ ਕਸ਼ਟ ਪ੍ਰਭ ਦੇ ਹਟਾਏ । ਐਸੀ ਵਰਖਾ ਗੁਰ ਅੰਮ੍ਰਿਤ ਲਾਏ । ਦੁੱਖੀ ਜੀਵ ਕੋਈ ਰਹਿਣ ਨਾ ਪਾਏ । ਅੰਮ੍ਰਿਤ ਬੂੰਦ ਜਿਸ ਜਨ ਮੁਖ ਲਗ ਜਾਏ । ਅੰਮ੍ਰਿਤ ਗੁਰ ਕਾ ਸਚ ਜੋਤ ਪ੍ਰਗਟਾਏ । ਕੁਸ਼ਟੀ ਕੋਹੜੀ ਖਿਨ ਮੇਂ ਸਤਿ ਸਰੂਪ ਹੋ ਜਾਏ । ਆਪਣੀ ਜੋਤ ਪ੍ਰਭ ਸੰਗ ਮਿਲਾਏ । ਗੁਰਸੰਗਤ ਗੁਰ ਇਹ ਨਿਸ਼ਾਨ ਦਿਵਾਏ । ਅੰਮ੍ਰਿਤ ਗੁਰ ਕਾ ਦੇਹ ਅਨਰੋਗ ਕਰਾਏ । ਜੋ ਜਨ ਆਏ ਸ਼ਰਨ ਗੁਰ ਪਰਿਆ, ਅੰਮ੍ਰਿਤ ਬੂੰਦ ਦੇ ਅਮਰ ਕਰਾਏ । ਬੇਮੁਖ ਇਸ ਦੀ ਸਾਰ ਨਾ ਜਾਨਣ, ਜੋਤ ਸਰੂਪ ਪ੍ਰਭ ਅੰਮ੍ਰਿਤ ਮੇਘ ਵਰਖਾਏ । ਸਤਿ ਸਤਿ ਸਤਿ ਗੁਰਸੰਗਤ ਗੁਰ ਅੰਮ੍ਰਿਤ ਸਿੱਖ ਗੁਰ ਰਸਨਾ ਪਾਏ । ਪੀ ਅੰਮ੍ਰਿਤ ਸਰਬ ਦੁੱਖ ਕਾਟੇ, ਸਚ ਬਚਨ ਪ੍ਰਭ ਆਪ ਲਿਖਾਏ । ਸੋਹੰ ਸ਼ਬਦ ਅੰਮ੍ਰਿਤ ਪ੍ਰਵੇਸ਼ਿਆ, ਖੋਲ੍ਹ ਕੁਆੜ ਪ੍ਰਭ ਦੇ ਦਰਸਾਏ । ਮਹਾਰਾਜ ਸ਼ੇਰ ਸਿੰਘ ਇਹ ਕਰਮ ਕਰਾਇਆ, ਜੋਤ ਸਰੂਪ ਹੋ ਅੰਮ੍ਰਿਤ ਬਰਖਾ ਲਾਏ ।

੧੮੧
੦੧

❊ ੩ ਅੱਸੂ ੨੦੦੭ ਬਿਕ੍ਰਮੀ ਰਾਣੀਖੇਤ ਪਲਟਨ ਵਿਚ ਬਚਨ ਹੋਏ ❊

ਪ੍ਰਭ ਉਪਾਏ ਪ੍ਰਿਥਮੀ ਆਕਾਸ਼ਾ । ਪਸੂ ਪ੍ਰੇਤ ਜੀਵ ਪ੍ਰਭ ਕਾ ਵਾਸਾ । ਬਾਂਧੇ ਸਭ ਕੀਏ ਦਾਸਨ ਦਾਸਾ । ਹੋਏ ਜਗਤ ਗੁਰਸਿਖ ਰਹਿਰਾਸਾ । ਤੀਨ ਲੋਕ ਸਰਬ ਘਟ ਵਾਸੀ । ਪਵਣ ਪਾਣੀ ਪ੍ਰਭ ਚਰਨ ਕੇ ਦਾਸੀ । ਸੋਹੰ ਸ਼ਬਦ ਨਾਮ ਨਿਰਬਾਣਾ । ਸਤਿਜੁਗ ਕੀਨੋ ਪ੍ਰਭ ਪ੍ਰਕਾਸ਼ਾ । ਐਸਾ ਬਾਣ ਜਗਤ ਪ੍ਰਭ ਲਾਇਆ । ਸ੍ਰਿਸ਼ਟ ਖੁਆਰ ਗਲ ਦੁੱਖ ਪਹਿਨਾਇਆ । ਉਨੰਜਾ ਪਵਣ ਚਵਰ ਸਿਰ ਹੋਤੇ, ਜੋਤ ਸਰੂਪ ਵਿਚ ਦੇਹ ਸਮਾਇਆ । ਖਾਣ ਬਾਣ ਗਗਨ ਪਾਤਾਲ, ਜੀਵ ਜੰਤ ਪ੍ਰਭ ਵਿਚ ਸਮਾਇਆ । ਆਦਿ ਅੰਤ ਕੋਈ ਭੇਵ ਨਾ ਜਾਣੇ, ਪ੍ਰਗਟ ਜੋਤ ਨਿਹਕਲੰਕ ਅਖਵਾਇਆ । ਜੋਤ ਸਰੂਪ ਜਗਤ ਗੁਰ ਜਾਣੇ, ਦੋ ਹਜ਼ਾਰ ਸੱਤ ਬਿਕ੍ਰਮੀ ਕਹਿਰ ਵਰਤਾਇਆ । ਮੁਖ ਵਾਕ ਪ੍ਰਭ ਆਪ ਲਿਖਾਏ, ਅੱਸੂ ਉਨੀਂ ਸਚ ਸਚ ਲਿਖਾਇਆ । ਅੱਸੂ ਤਿੰਨ ਦੋ ਹਜ਼ਾਰ ਚਾਰ ਘਨਕਪੁਰ ਗੁਰ ਧਾਮ ਰਚਾਇਆ । ਹੋਏ ਅੰਧੇਰ ਬਚਨ ਗੁਰ ਵਰਤੇ, ਐਸਾ ਬਚਨ ਪ੍ਰਭ ਵਿਚ ਦਰਬਾਰ ਲਿਖਾਇਆ । ਕੋਏ ਨਾ ਜਾਣੇ ਪ੍ਰਭ ਕੇ ਭਾਣੇ, ਝੂਠ ਸਮਝ ਇਹ ਵਕਤ ਵਿਹਾਇਆ । ਬਚਨ ਲਿਖਾਏ ਗੁਰ ਧਾਮ ਬਣਾਏ, ਹਾ ਹਾ ਹਾ ਕਾਰ ਵਿਚ ਜਗਤ ਮਚਾਇਆ । ਦੋ ਹਜ਼ਾਰ ਚਾਰ ਬਿਕ੍ਰਮੀ ਤਿੰਨ ਅੱਸੂ, ਘਨਕਪੁਰੀ ਪ੍ਰਭ ਭਾਗ ਲਗਾਏ । ਗੁਰਸੰਗਤ ਆਈ ਪ੍ਰਭ ਭਏ ਸਰਨਾਈ, ਪ੍ਰਗਟੀ ਜੋਤ ਆਪ ਰਘੁਰਾਈ, ਗੁਰਸਿਖਾਂ ਮਿਲ ਸੇਵ ਕਮਾ ਲਿਆ । ਬਚਨ ਅਮੋੜੇ ਗੁਰਚਰਨ ਆ ਜੋੜੇ, ਪ੍ਰਭ ਦਰਸ਼ਨ ਹਰਿ ਦਰ ਤੇ ਲੋੜੇ, ਸਿੰਘ ਮੋਹਣ ਵਿਚ ਜੋਤ ਮਿਲਾ ਲਿਆ ।

ਗੁਰ ਧਾਮ ਰਚਾਇਆ, ਸਚ ਬਚਨ ਲਿਖਾਇਆ, ਅੰਧ ਅੰਧੇਰ ਰਖਾਇਆ, ਐਸਾ ਕਹਿਰ ਜਗਤ ਵਰਤਾ ਲਿਆ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਜੋਤ ਸਰੂਪ ਜਗਤ ਪ੍ਰਗਟਾ ਲਿਆ । ਅੱਸੂ ਤਿੰਨ ਪ੍ਰਭ ਦੇ ਵਡਿਆਈ, ਸਤਿਜੁਗ ਸਤਿ ਸਤਿ ਸਤਿ ਪ੍ਰਭ ਨੀਂਹ ਰਖਾ ਲਿਆ । ਕਲਜੁਗ ਪੁਟ ਪੁਟ ਪ੍ਰਭ ਜੜ੍ਹ ਪੁਟਾ ਗਿਆ । ਸਮੇਂ ਅਨੁਸਾਰ ਪ੍ਰਭ ਲੈ ਅਵਤਾਰ, ਹੋਏ ਜਗਤ ਉਧਾਰ, ਬੇਮੁਖਾਂ ਕੋਈ ਥਾਏਂ ਨਾ ਪਾਈ, ਸਾਧ ਸੰਗਤ ਉਧਾਰ ਭਗਤ ਵਛਲ ਪ੍ਰਭ ਗਿਰਧਾਰ, ਗੋਪੀ ਨਾਥ ਆਪ ਮੁਰਾਰ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾ ਲਿਆ । ਗੁਰਚਰਨ ਪਿਆਰ ਰਿਦੇ ਉਰਧਾਰ, ਕਲਜੁਗ ਗੁਰਸਿਖ ਉਦਰੇ ਪਾਰ, ਜੋਤ ਸਰੂਪ ਜਿਸ ਦਰਸ਼ਨ ਪਾ ਲਿਆ । ਅਸੁਰ ਸੰਘਾਰ ਗੁਰ ਦਰਸ ਭਗਤ ਭੰਡਾਰ, ਸੋਹੰ ਸ਼ਬਦ ਰਸਨਾ ਉਚਾਰ, ਚਾਰ ਵੇਦ ਜਿਸ ਮਾਣ ਗਵਾ ਲਿਆ । ਮਹਾਰਾਜ ਸ਼ੇਰ ਸਿੰਘ ਨਾਮ ਨਿਰੰਜਣ, ਭਗਤ ਜਨਾਂ ਮਿਲ ਰਸਨਾ ਗਾ ਲਿਆ । ਮਨੀ ਸਿੰਘ ਸੁਖ ਮਨ ਦਾ ਪਾਇਆ । ਨਿਹਕਲੰਕ ਹੋ ਬ੍ਰਹਮ ਗਿਆਨ ਦਿਵਾਇਆ । ਹੋਏ ਜੋਤ ਅਧਾਰ, ਦੇਹ ਦੀਪਕ ਵਿਚ ਜੋਤ ਜਗਾਇਆ । ਸੰਗਤ ਉਧਰੇ ਪਾਰ, ਜਿਸ ਤੇਰਾ ਕਲ ਦਰਸ਼ਨ ਪਾਇਆ । ਸ਼ੇਰ ਸਿੰਘ ਲੈ ਅਵਤਾਰ, ਕਰਮ ਗੁਰ ਆਪ ਲਿਖਾਇਆ । ਜਗਾਈ ਜੋਤ ਅਪਾਰ, ਸਚ ਤਖ਼ਤ ਗੁਰ ਆਪ ਬਹਾਇਆ । ਸਤਿਜੁਗ ਸਤਿ ਪੁਰਖ ਸਤਿਵਾਦੀ, ਜੋਤ ਨਿਰੰਜਣ ਵਿਚ ਦੇਹ ਪ੍ਰਭ ਜੋਤ ਸਰੂਪ ਸਮਾਇਆ । ਸਰਬ ਸੂਖ ਗੁਰਚਰਨ ਦਵਾਰੇ, ਉਪਜੇ ਸ਼ਾਂਤ ਗੁਰ ਦਰਸ਼ਨ ਪਾਇਆ । ਨਾਮ ਨਿਧਾਨ ਆਤਮ ਪ੍ਰਕਾਸ਼ੇ, ਸਤਿਗੁਰ ਮਨੀ ਸਿੰਘ ਜਿਸ ਚਰਨ ਲਗਾਇਆ । ਕਲਜੁਗ ਕਾਲ ਕੱਟੀ ਜਮ ਫਾਸੀ, ਗੁਰ ਪੂਰੇ ਸਿਰ ਹੱਥ ਟਿਕਾਇਆ । ਆਪਣਾ ਭੇਵ ਨਾ ਕਿਸੇ ਜਣਾਵੇ, ਅੰਧਘੋਰ ਕਲਜੁਗ ਨੇ ਪਾਇਆ । ਅੰਤਕਾਲ ਕਲ ਆਪ ਖਪਾ ਕੇ, ਪ੍ਰਗਟ ਹੋ ਕੇ ਜਗਤ ਦਰਸਾਇਆ । ਮਹਾਰਾਜ ਸ਼ੇਰ ਸਿੰਘ ਪੂਰਨ ਪਰਮੇਸ਼ਰ, ਜੋਤ ਸਰੂਪ ਹੋ ਨਿਹਕਲੰਕ ਅਖਵਾਇਆ । ਨਿਹਕਲੰਕ ਪ੍ਰਭ ਨਿਰੰਜਣ ਜੋਤਾ । ਆਦਿ ਅੰਤ ਪ੍ਰਭ ਏਕ ਰੰਗ ਹੋਤਾ । ਗੁਰਸਿਖ ਨਰਕ ਨਾ ਖਾਧੇ ਗੋਤਾ । ਸਤਿਜੁਗ ਸਤਿ ਸਰਬ ਸੁਖ ਹੋਤਾ । ਦੇਵੇ ਮਾਣ ਆਪ ਪ੍ਰਭ ਮੋਤਾ । ਐਸੀ ਕਲਾ ਜਗਤ ਵਿਚ ਵਰਤੇ, ਮਹਾਰਾਜ ਸ਼ੇਰ ਸਿੰਘ ਜੋਤ ਸਰੂਪਾ । ਜੋਤ ਸਰੂਪ ਭਗਤ ਉਧਾਰਨ । ਕਲਜੁਗ ਆਇਆ ਨਿਹਕਲੰਕ ਉਤਾਰਨ । ਸਰਬ ਜਗਤ ਸੰਘਾਰਨ । ਭਗਤ ਜਨਾਂ ਹਰਿ ਕਾਜ ਸਵਾਰਨ । ਦੇਵੇ ਦਰਸ ਜਿਨ ਤਨ ਹੋਏ ਗਿਆਨਣ । ਸੰਗਤ ਵਿਚ ਪ੍ਰਭ ਸਦਾ ਜੋਤ ਸਮਾਨਣ । ਦੇ ਵਡਿਆਈ ਪੁਰਖ ਬਿਧਾਤੇ, ਜਗਾਏ ਜੋਤ ਜਗਤ ਗੁਰ ਦਾਨਣ । ਦੇਵੇ ਵਡਿਆਈ ਆਪ ਪ੍ਰਭ ਪਰਮੇਸ਼ਵਰ, ਮਨੀ ਸਿੰਘ ਸਤਿਗੁਰ ਬਨਾਨਣ । ਨੈਣੀ ਜੋਤ ਨਿਰੰਜਣ ਵਸੇ, ਜੋ ਜਨ ਜਾਏ ਦਰਸ ਗੁਰ ਪਾਨਣ । ਜਗੇ ਜੋਤ ਆਤਮ ਪ੍ਰਕਾਸ਼ੇ, ਆਦਿ ਅੰਤ ਜਿਨ ਗੁਰਚਰਨ ਧਿਆਨਣ । ਆਪ ਪ੍ਰਗਟਾਏ ਪ੍ਰਭ ਜੋਤ ਜਗਾਏ, ਕਲਜੁਗ ਅੰਤ ਕਰਾਏ, ਕਲਜੁਗ ਸਤਿਜੁਗ ਦੇਵੇ ਆਪ ਪ੍ਰਭ ਮਾਨਣ । ਗੁਰਸਿਖ ਬਿਲਲਾਏ ਮਹਾਰਾਜ ਸ਼ੇਰ ਸਿੰਘ ਜੋਤ ਪ੍ਰਗਟਾਏ, ਕਲਜੁਗ ਜੀਵ ਸਭ ਨਸ਼ਟ ਕਰਾਏ, ਗੁਰਸਿਖ ਦਰਸ ਗੁਰ ਪਾਨਣ । ਸੋਹੰ ਸ਼ਬਦ ਚਲਾਏ, ਚਾਰ ਵੇਦ ਪ੍ਰਭ ਮਾਣ ਗਵਾਏ, ਕੁਰਾਨ ਅੰਜ਼ੀਲ ਕੋਈ ਰਹਿਣ ਨਾ ਪਾਏ, ਖਾਣੀ ਬਾਣੀ ਅਥਰਬਣ ਮਾਣ ਗੁਆਏ, ਹੋਏ ਸ਼ੇਰ ਜਗਤ ਪ੍ਰਧਾਨਣ । ਜੋਤ ਪ੍ਰਗਟਾਏ ਨਿਹਕਲੰਕ ਅਖਵਾਏ, ਮਨੀ ਸਿੰਘ ਪ੍ਰਭ ਜੋਤ ਜਗਾਏ, ਕਲਜੁਗ ਤੋੜੇ ਜੋਤ ਅਭਿਮਾਨਣ । ਚਾਰ ਵਰਨ ਤਰਾਏ, ਗੁਰਚਰਨੀਂ ਲਾਏ, ਰਾਓ ਰੰਕ ਇਕ ਰੰਗ ਸਮਾਏ, ਪ੍ਰਭ ਜੋਤ ਸਰੂਪ ਵਿਚ ਜੀਵ ਰਹਾਏ, ਜਨ ਭਗਤ ਭੇਤ ਇਹ ਜਾਨਣ । ਮਦਿ ਮਾਸ ਜੋ ਖਾਏ, ਕਲਜੁਗ ਜਗਤ ਅਗਨ ਵਿਚ ਜਲਾਏ, ਖੰਡ ਸਚ ਨਾ

ਮਿਲੇ ਥਾਏਂ, ਨਰਕ ਨਿਵਾਸ ਪਾਏ ਸਜ਼ਾਏ, ਆਪਣਾ ਆਪ ਕੀਆ ਜੀਵ ਪਾਨਣ । ਵਿਕਾਰ ਵਧਾਏ ਪ੍ਰਭ ਭੁਲਾਏ, ਜਗਨ ਨਾਥ ਗੋਪਾਲ ਭੈ ਭੰਜਨ ਨਜ਼ਰ ਨਾ ਆਏ, ਕੂੜ ਕਰਮ ਸੰਗ ਦੇਹ ਜਲ ਜਾਨਣ । ਕੋਈ ਨਾ ਸਹਾਏ, ਕਰਨ ਹਾਏ ਹਾਏ, ਬਿਨ ਪ੍ਰਭ ਕੋਈ ਥਾਏਂ ਨਾ ਪਾਏ, ਕਲੂ ਜੀਵ ਦੁੱਖ ਬਿਲਲਾਨਣ । ਜਿਨ ਦਰਸ਼ਨ ਪਾਏ ਹਰਿ ਨਾਮ ਧਿਆਏ, ਸੋਹੰ ਸ਼ਬਦ ਰਸਨਾ ਗਾਏ, ਜਨ ਭਗਤ ਜੋਤ ਮਿਲ ਜਾਨਣ । ਪ੍ਰਭ ਜੋਤ ਜਗਾਏ, ਧਾਮ ਬੈਕੁੰਠ ਲੈ ਜਾਏ, ਵਿਚ ਜੋਤ ਮਿਲਾਏ, ਆਪ ਅਭੇਦ ਪ੍ਰਭ ਪੂਰਨ ਜੋਤ ਵਿਚ ਜੋਤ ਮਿਲ ਜਾਨਣ । ਕਲਜੁਗ ਆਣ ਪ੍ਰਗਟੇ ਪ੍ਰਭ, ਮਹਾਰਾਜ ਸ਼ੇਰ ਸਿੰਘ ਨਾਉਂ ਗੁਰਸਿਖ ਹੀ ਜਾਨਣ । ਗੁਰਸਿਖ ਕਲਜੁਗ ਰੰਗ ਰਾਤਾ । ਜਗਾਵੇ ਜੋਤ ਪ੍ਰਭ ਪੁਰਖ ਬਿਧਾਤਾ । ਦੇਵੇ ਗਿਆਨ ਜਗਤ ਗੁਰ ਦਾਤਾ । ਭਗਤ ਵਛਲ ਹਰਿ ਰੰਗ ਸਮਾਤਾ । ਗੁਰਸਿਖ ਗੁਰਚਰਨ ਪਿਆਰ ਜਗਤ ਹੈ ਨਾਤਾ । ਸੋ ਜਨ ਉਧਰੇ ਜਿਨ ਬਖ਼ਸ਼ੇ ਆਪ ਪ੍ਰਭ ਗੁਣ ਨਿਧਾਨ ਸਿਧਾਤਾ । ਤੀਨ ਲੋਕ ਪ੍ਰਭ ਸਦਾ ਪ੍ਰਵੇਸ਼ਿਓ, ਜੋਤ ਸਰੂਪ ਜਗ ਨਾ ਜਾਤਾ । ਖੰਡ ਬ੍ਰਹਿਮੰਡ ਸਭ ਇਕ ਸਮਾਨਾ, ਆਪ ਅਛਲ ਅਛੱਲ ਅਛਾਤਾ । ਜੋਤ ਜਗਾਏ ਜਗਤ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਕਿਸੇ ਗੁਰਮੁਖ ਜਾਤਾ । ਕਲਜੁਗ ਨਾਮ ਨਿਧਾਨ ਸੋਹੰ ਪ੍ਰਭ ਦੀਓ, ਪਾਵੇ ਦਰਸ ਪ੍ਰਭ ਜੋਤ ਸਮਾਤਾ । ਗੁਰਸਿਖਾਂ ਮਿਲ ਹਰਿ ਗੁਣ ਗਾਏ, ਪ੍ਰਗਟੇ ਜੋਤ ਆਪ ਵਿਧ ਨਾਤਾ । ਅੱਸੂ ਤਿੰਨ ਵਡਭਾਗਾ, ਦੇਵੇ ਮਾਣ ਗੁਰਸਿਖ ਗੁਰ ਦਾਤਾ । ਧੰਨ ਧੰਨ ਧੰਨ ਗੁਰਸਿਖ ਜਿਨ ਚਰਨ ਨਿਮਸਕਾਰਿਆ, ਮਹਾਰਾਜ ਸ਼ੇਰ ਸਿੰਘ ਸਦਾ ਹੈ ਸਾਥਾ । ਨਿਹਕਲੰਕ ਕਲ ਆਪ ਅਖਵਾ ਕੇ, ਜੋਤ ਸਰੂਪ ਨਾ ਜਗਤ ਪਛਾਤਾ । ਖੇਲ ਰਚਾਏ ਸਮਾਂ ਲਿਆਏ, ਦੇਰ ਨਾ ਲਾਏ, ਗੁਰਸਿਖਾਂ ਮਨ ਜੋਤ ਪਿਆਸਾ । ਲਿਖਤ ਕਰਾਏ ਸਭ ਦਾ ਮਾਣ ਗਵਾਏ, ਸੋਹੰ ਸ਼ਬਦ ਚਲਾਏ ਪ੍ਰਭ ਗੁਣਤਾਸਾ । ਸ੍ਰਿਸ਼ਟ ਖਪਾਏ, ਜੋਤ ਸਰੂਪ ਜਗਤ ਜਲਾਏ, ਨਿਹਕਲੰਕ ਆਪ ਅਖਵਾਏ, ਪ੍ਰਭ ਭਗਵੰਤ ਸਰਬ ਸੁਖ ਦਾਤਾ । ਬੇਮੁਖ ਖਪਾਏ, ਤੀਨ ਭਵਨ ਪ੍ਰਭ ਦੇ ਉਲਟਾਏ, ਧ੍ਰੂ ਮਾਣ ਤਜਾਏ, ਸਵਰਨ ਦਰਬਾਨ ਹੋ ਜਾਵੇ, ਜਿਸ ਗੁਰ ਚਰਨ ਪਛਾਤਾ । ਚਾਰ ਵੇਦ ਖਪਾਏ, ਬ੍ਰਹਮਾ ਵਿਚ ਜੋਤ ਮਿਲਾਏ, ਪਾਲ ਸਿੰਘ ਪ੍ਰਭ ਮਾਣ ਦਿਵਾਏ, ਜੁਗ ਚਾਰ ਹੋਏ ਜਗਤ ਵਿਧਾਤਾ । ਖਾਣੀ ਬਾਣੀ ਕੋਈ ਰਹਿਣ ਨਾ ਪਾਏ, ਸਰਬਤ ਤੀਰਥਾਂ ਮਾਣ ਗਵਾਏ, ਏਕ ਜੋਤ ਪ੍ਰਭ ਜਗਤ ਜਗਾਏ, ਸੋਹੰ ਸ਼ਬਦ ਗੁਰ ਗਿਆਨ ਦਿਵਾਏ, ਸਤਿਜੁਗ ਹੋਵੇ ਗਿਆਨ ਦਿਵਾਤਾ । ਕਲਜੁਗ ਪ੍ਰਭ ਅੰਤ ਕਰਾਏ, ਜੁਗ ਚੌਥਾ ਦੇ ਉਲਟਾਏ, ਧਰੀ ਜੋਤ ਜਗਤ ਗੁਰ ਸਾਗਰ, ਨਾਮ ਨਿਰੰਜਣ ਸਭ ਰਸਨਾ ਗਾਏ, ਮਹਾਰਾਜ ਸ਼ੇਰ ਸਿੰਘ ਕਲਜੁਗ ਪ੍ਰਗਾਸਾ । ਜੋਤ ਸਰੂਪ ਵਿਚ ਦੇਹ ਸਮਾਏ, ਬਚਨ ਲਿਖਾਏ ਆਪ ਗੁਰ ਗਿਆਤਾ । ਕਲਜੁਗ ਜੀਵ ਕੋਈ ਭੇਤ ਨਾ ਪਾਵੇ, ਸੋਹੰ ਸ਼ਬਦ ਜਗਤ ਗੁਰ ਦਾਤਾ । ਸਤਿਜੁਗ ਸਤਿ ਸਤਿ ਸਤਿ ਵਰਤਾਏ, ਰੂਪ ਅਗੰਮ ਪ੍ਰਭ ਕਾ ਭਇਆ, ਜੋਤ ਸਰੂਪ ਵਿਚ ਦੇਹ ਸਮਾਇਆ । ਆਪ ਏਕ ਜਗਤ ਭੇਖ ਮੇਂ ਰਾਇਆ । ਜੋਤ ਜਗਾਏ ਨਜ਼ਰ ਨਾ ਆਏ ਪ੍ਰਭ ਗੁਰਦੇਵਾ । ਭਗਤ ਵਛਲ ਅਖਵਾਏ, ਚਤੁਰਭੁਜ ਦਰਸ ਦਿਖਾਏ, ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਸੋਹੰ ਸ਼ਬਦ ਜਨ ਦੇਵੇ ਗਿਆਨਾ । ਸੋਹੰ ਸ਼ਬਦ ਗੁਰਚਰਨ ਧਿਆਨਾ । ਸੋਹੰ ਸ਼ਬਦ ਕਲਜੁਗ ਸੰਗ ਜੋਤ ਮਿਲਾਣਾ । ਸੋਹੰ ਸ਼ਬਦ ਮਿਲਾਏ ਸੰਗ ਵਿਸ਼ਨੂੰ ਭਗਵਾਨਾ । ਵਸਤ ਸੋ ਜੋ ਗੁਰ ਦਰ ਤੇ ਪਾਈਏ । ਵਸਤ ਸੋ ਜਿਸ ਆਤਮ ਜੋਤ ਜਗਾਈਏ । ਵਸਤ ਸੋ ਜਿਤ ਹਰਿ ਦਰਸ਼ਨ ਪਾਈਏ । ਵਸਤ ਸੋ ਜਿਸ ਮਿਲਿਆਂ ਏਕ ਰੰਗ ਹੋ ਜਾਈਏ । ਵਸਤ ਸੋ ਕਲਜੁਗ ਕਲ ਵਾਸੀ ਪਾਈਏ । ਸ਼ਬਦ ਸੋ ਜਿਸ ਜਪ ਸਚਖੰਡ ਸਮਾਈਏ । ਸ਼ਬਦ ਸੋ ਜਿਸ ਸਿਮਰਨ

ਪ੍ਰਭ ਅਬਿਨਾਸ਼ੀ ਪਾਈਏ । ਸ਼ਬਦ ਸੋ ਜਿਤ ਸਿਮਰਨ ਨਿਜਾਨੰਦ ਦਰਸਾਈਏ । ਸ਼ਬਦ ਸੋ ਜਿਤ ਸਿਮਰਨ ਅੰਮ੍ਰਿਤ ਬੂੰਦ ਕਵਲ ਮੇਂ ਪਾਈਏ । ਸ਼ਬਦ ਸੋ ਜਿਤ ਸਿਮਰਤ ਫ਼ਿਰਨਾ ਨਿਝਰੋਂ ਝਿਰਾਈਏ । ਸ਼ਬਦ ਸੋ ਜਿਤ ਸਿਮਰਤ ਵਿਚ ਦੇਹ ਮੇ ਪਾਈਏ । ਸ਼ਬਦ ਸੋ ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤਜਾਈਏ । ਸ਼ਬਦ ਸੋ ਜਪ ਬੈਕੁੰਠ ਧਾਮ ਗੁਰ ਚਰਨੀਂ ਜਾਈਏ । ਸ਼ਬਦ ਸੋ ਪ੍ਰਭ ਜੋਤ ਸਰੂਪ ਵਿਚ ਜੋਤ ਮਿਲ ਜਾਈਏ । ਸ਼ਬਦ ਸੋ ਜਿਤ ਸਿਮਰਤ ਕਲਜੁਗ ਪਾਰ ਕਰਾਈਏ । ਸ਼ਬਦ ਸੋ ਜਿਤ ਸਿਮਰਤ ਮਹਾਰਾਜ ਸ਼ੇਰ ਸਿੰਘ ਦਰਸ਼ਨ ਪਾਈਏ । ਸੋਹੰ ਸ਼ਬਦ ਸਰਬ ਕਾ ਦਾਤਾ, ਕਲਜੁਗ ਜੀਵ ਭੁੱਲ ਨਾ ਜਾਈਏ । ਸਾਚੀ ਬਾਣੀ ਗੁਰ ਰਸਨ ਵਖਾਣੀ, ਸਤਿਜੁਗ ਹੋਵੇ ਭਗਤਾਂ ਖਾਣੀ, ਹੋਵੇ ਗਿਆਨ ਜਿਨ ਹਿਰਦੇ ਵਸਾਣੀ । ਦੇਵੇ ਆਪ ਪ੍ਰਭ ਪਦ ਨਿਰਬਾਣੀ । ਜੁਗੋ ਜੁਗ ਜਗਤ ਅਵਤਾਰ, ਮਹਾਰਾਜ ਸ਼ੇਰ ਸਿੰਘ ਚਰਨ ਕੁਰਬਾਨੀ । ਜੁਗੋ ਜੁਗ ਪ੍ਰਭ ਜੋਤ ਪ੍ਰਗਟਾਏ । ਮਾਇਆ ਰੂਪ ਇਹ ਸ੍ਰਿਸ਼ਟ ਉਪਾਏ । ਤੀਨ ਲੋਕ ਪ੍ਰਭ ਕੀ ਥਾਏਂ । ਖੰਡ ਬ੍ਰਹਿਮੰਡ ਕੋਈ ਖਾਲੀ ਨਾਹੇ । ਐਸੀ ਜੋਤ ਜਗਤ ਜਗਾਏ । ਚਾਰ ਵਰਨ ਪ੍ਰਭ ਚਰਨੀਂ ਲਾਏ । ਮਾਣ ਅਭਿਮਾਣ ਕਿਸੇ ਰਹਿਣ ਨਾ ਪਾਏ । ਗੁਰ ਏਕ ਪ੍ਰਭ ਜਗਤ ਅਟੱਲ, ਅਟੱਲ ਜੋਤ ਪ੍ਰਭ ਦੇਹ ਜਗਾਏ । ਧਾਰੇ ਖੇਲ ਆਪ ਪ੍ਰਭ ਪੂਰਨ, ਚਤੁਰਭੁਜ ਮਹਾਰਾਜ ਸ਼ੇਰ ਸਿੰਘ ਅਖਵਾਏ । ਪਤਿਤ ਪਾਵਣ ਦੁੱਖ ਭੈ ਭੰਜਨ । ਹੰਕਾਰ ਨਿਵਾਰਨ ਤ੍ਰਿਲੋਕੀ ਨੰਦਨ । ਮੇਰਾ ਸਿੱਖ ਕਲਜੁਗ ਵਿਚ ਪ੍ਰਭਾਸ ਜਿਉਂ ਚੰਦਨ । ਬੈਠੇ ਗੁਰ ਦਰਬਾਰ ਅੱਸੂ ਤਿੰਨ ਦਰਸ ਗੁਰ ਮੰਗਣ । ਮਹਾਰਾਜ ਸ਼ੇਰ ਸਿੰਘ ਜੋਤ ਪ੍ਰਗਟਾਈ, ਦੇਵੇ ਦਰਸ ਪ੍ਰਭ ਤ੍ਰਿਲੋਕੀ ਨੰਦਨ । ਸ਼ਬਦ ਲਿਖਾਏ ਭੇਦ ਖੁਲ੍ਹਾਏ, ਸਾਧ ਸੰਗਤ ਪ੍ਰਭ ਰਾਹ ਬਤਾਏ, ਸੁਨ ਸਮਾਧ ਜਿਨ ਪ੍ਰਭ ਗੁਰ ਚਰਨ ਸੰਗ ਮਹਿੰਮਾ ਜੋਤ ਸਰੂਪ ਹਿਰਦੇ ਪ੍ਰਵੇਸ਼ੇ, ਆਵੇ ਨਜ਼ਰ ਪ੍ਰਭ ਭੈ ਭੰਜਨ । ਸਾਧ ਸੰਗਤ ਗੁਰਚਰਨ ਦਵਾਰੇ, ਦਰਸ਼ਨ ਦਾਨ ਦੋਏ ਜੋੜ ਮੰਗਣ । ਬਖ਼ਸ਼ ਆਪ ਪ੍ਰਭ ਗੁਸਾਈਂਆ, ਆਏ ਦਰ ਦੇ ਗਿਆਨ ਗੁਰ ਅੰਞਨ । ਸਰਬ ਸੂਖ ਪ੍ਰਭ ਦੇ ਵਡਿਆਈ, ਅੱਸੂ ਤਿੰਨ ਚਾੜ੍ਹੇ ਸਾਧ ਸੰਗਤ ਮਨ ਰੰਗਣ । ਮਹਾਰਾਜ ਸ਼ੇਰ ਸਿੰਘ ਪੂਰਨ ਪਰਮੇਸ਼ਵਰ, ਜੋਤ ਪ੍ਰਗਟਾਈ ਕਲਜੁਗ ਪ੍ਰਭ ਭੈ ਭੰਜਨ । ਸੋਹੰ ਸ਼ਬਦ ਸਿੱਖਨ ਗੁਰ ਦੇਵੇ, ਥਿਰ ਘਰ ਸੋਝੀ ਮਨ ਸਦਾ ਅਨੰਦਨ । ਨਿਹਕਲੰਕ ਪ੍ਰਭ ਜੋਤ ਸਰੂਪਾ, ਬੇਮੁਖਾਂ ਸੋਹੰ ਸ਼ਬਦ ਜਲਾਏ ਜਲਨ । ਅੰਮ੍ਰਿਤ ਜਲ ਜਲ ਜਲ ਏ ਧਾਰਾ । ਦੇਵੇ ਅੰਮ੍ਰਿਤ ਆਪ ਗਿਰਧਾਰਾ । ਕਰ ਦਰਸ ਪ੍ਰਭ ਪਾਰ ਉਤਾਰਾ । ਅੰਮ੍ਰਿਤ ਨਾਮ ਵਿਚ ਦੇਹ ਅੰਗਿਆਰਾ । ਰਸਨਾ ਰਸ ਰਸ ਉਧਰਨ ਮਝਾਰਾ । ਰਾਗ ਸੋਹੰ ਪ੍ਰਭ ਵਿਚ ਦੇਹ ਨਿਵਾਰਾ । ਸੋਹੰ ਸ਼ਬਦ ਅੰਮ੍ਰਿਤ ਪ੍ਰਵੇਸ਼ੇ, ਪੀ ਅੰਮ੍ਰਿਤ ਹੋਏ ਪੇਟ ਸੁਧਾਰਾ । ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਇਆ, ਅੰਮ੍ਰਿਤ ਅਮਰ ਵਿਚ ਸੰਸਾਰਾ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਪ੍ਰਭ ਕੀ ਜੋਤ ਜਗਤ ਮੇਂ ਆਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਨਿਹਕਲੰਕ ਪ੍ਰਭ ਇਹ ਥਾਨ ਸੁਹਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਦੇਹ ਦੀਪਕ ਉਜਿਆਰ, ਜਗਤ ਹੋਏ ਰੁਸ਼ਨਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਅੱਸੂ ਤਿੰਨ ਮਿਲੇ ਜਗਤ ਭਗਤ ਵਡਿਆਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਕਲਜੁਗ ਲੇਖ ਪ੍ਰਭ ਦੇ ਮਿਟਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜੋਤ ਸਰੂਪ ਇਹ ਲਿਖਤ ਕਰਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਸਤਿਜੁਗ ਸਤਿ ਹੋਵੇ ਤੇਰੀ ਵਡਿਆਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜੇਠ ਪੰਜ ਸੰਗ ਸੋਭਾ ਪਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਸਤਿਜੁਗ ਸਾਚੀ ਸਤਿਗੁਰ ਪੂਰੇ ਨੀਂਹ ਰਖਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਕਰੋੜ ਤੇਤੀਸ ਘਰ ਆ ਮੰਗਲ ਗਾਈ ।

੧੮੪
੦੧

ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਮਿਲ ਸਾਧ ਸੰਗਤ ਘਨਕਪੁਰੀ ਪ੍ਰਭ ਜੋਤ ਜਗਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਹੋਵੇ ਸ਼ਬਦ ਘਨਘੋਰ, ਰਸਨਾ ਹਰਿ ਹਰਿ ਹਰਿ ਜਸ ਗਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਧਾਮ ਇਹ ਕਲ ਕਰੇ ਅੰਧਿਆਰਾ, ਸਤਿਜੁਗ ਜੋਤ ਪ੍ਰਭ ਲਏ ਜਗਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜੇਠ ਪੰਜ ਤੈਨੂੰ ਮਿਲੇ ਵਡਿਆਈ ਜੋਤ ਨਿਰੰਜਣ ਵਿਚ ਮਾਤ ਦੇ ਆਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਸੋਹੰ ਸ਼ਬਦ ਕੁੰਟ ਚਾਰ ਜੈ ਜੈ ਜੈਕਾਰ ਕਰਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਮਹਾਰਾਜ ਸ਼ੇਰ ਸਿੰਘ ਕਲਜੁਗ ਦੇ ਅਵਤਾਰ । ਪੰਚਮ ਜੇਠ ਪ੍ਰਭ ਲੈ ਅਵਤਾਰਾ । ਪ੍ਰਗਟੇ ਜੋਤ ਨਿਹਕਲੰਕ ਅਵਤਾਰਾ । ਬਚਨ ਲਿਖਾਏ ਪ੍ਰਭ ਜੋਤ ਨਿਰਾਧਾਰਾ । ਜਗੇ ਜੋਤ ਜੇਠ ਪੰਚਮ ਮਿਟੇ ਅੰਧੇਰ ਹੋਏ ਜਗਤ ਉਜਿਆਰਾ । ਮਹਾਰਾਜ ਸ਼ੇਰ ਸਿੰਘ ਜੋਤ ਪ੍ਰਕਾਸ਼ੇ, ਮਾਤਲੋਕ ਬਣੇ ਸਚਖੰਡ ਦਵਾਰਾ । ਸੋਹੰ ਸ਼ਬਦ ਦੇਵੇ ਗੁਰ ਦਾਤਾ, ਭਗਤ ਜਨਾਂ ਹੋ ਸਚ ਭੰਡਾਰਾ । ਸਾਧ ਸੰਗਤ ਮਿਲੇ ਵਧਾਈ, ਅੱਸੂ ਤਿੰਨ ਮਿਲੇ ਮੁਰਾਰਾ । ਪ੍ਰਭ ਕੀ ਜੋਤ ਸਦਾ ਸਹਾਈ, ਜੁਗੋ ਜੁਗ ਲੈ ਅਵਤਾਰਾ । ਤਰੇਤਾ ਰਾਮ, ਦਵਾਪਰ ਕ੍ਰਿਸ਼ਨ ਮੁਰਾਰੀ । ਕਲਜੁਗ ਪ੍ਰਗਟਿਓ ਆਣ ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰੀ । ਨਿਹਕਲੰਕ ਜਗਤ ਅਖਵਾਵੇ । ਬਿਨ ਸਿੱਖਾਂ ਕਿਸੇ ਨਜ਼ਰ ਨਾ ਆਵੇ । ਜੋਤ ਸਰੂਪ ਵਿਚ ਅਗਨ ਜਲਾਵੇ । ਬਾਣ ਅਗਨ ਸੋਹੰ ਗੁਰ ਲਾਵੇ । ਥਿਰ ਘਰ ਵਾਸੀ ਬੈਠ ਅਡੋਲ ਸ੍ਰਿਸ਼ਟ ਡੁਲਾਵੇ । ਆਪ ਅਣਤੋਲ ਪ੍ਰਭ ਜੋਤ ਸਰੂਪਾ, ਕਲਜੁਗ ਜੀਵ ਅਗਨ ਜਲਾਵੇ । ਕਲੂ ਕਾਲ ਅੰਤ ਪ੍ਰਭ ਕਰਤਾ, ਮਦਿ ਮਾਸੀ ਕੋਈ ਰਹਿਣ ਨਾ ਪਾਵੇ । ਗਿਆਨ ਗੁਰ ਉਪਦੇਸ਼ੇ, ਭਗਤ ਜਨਾਂ ਜੀਵ ਜਗਤ ਮਿਲਾਵੇ । ਨਾਮ ਨਿਰੰਜਣ ਦੇਵੇ ਗੁਰ ਅੰਞਨ, ਗੁਰਚਰਨ ਸੰਗ ਸਿੱਖ ਨਿਤ ਮਾਵੇ । ਸਤਿਜੁਗ ਪ੍ਰਗਟ ਜੋਤ ਪ੍ਰਭ ਅਬਿਨਾਸ਼ੇ, ਦੇ ਦਰਸ ਗੁਰ ਚਰਨੀਂ ਲਾਵੇ । ਚਰਨ ਲਾਗ ਹੋਏ ਮਨ ਚਾਨਣ, ਗੁਰਸਿਖ ਦਇਆ ਪ੍ਰਭ ਆਪ ਕਮਾਵੇ । ਜੋਤ ਸਰੂਪ ਜਗਤ ਪ੍ਰਵੇਸ਼ੇ, ਹਾਜ਼ਰ ਹੋ ਪ੍ਰਭ ਦਰਸ ਦਿਖਾਵੇ । ਸਵੱਛ ਸਰੂਪ ਪ੍ਰਭ ਦੇਹ ਬਿਨਾਸੀ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ । ਗੁਰਸਿਖ ਗੁਰ ਦਰ ਪ੍ਰਵਾਨਾ, ਕਰ ਦਰਸ ਚਰਨ ਸੀਸ ਝੁਕਾਏ । ਮਿਲੇ ਆਪ ਪ੍ਰਭ ਭਗਵਾਨਾ, ਗੁਰਸਿਖ ਬੈਠਾ ਰਿਦੇ ਵਸਾਏ । ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਦਾਨਾ, ਸੋਹੰ ਸ਼ਬਦ ਜੋ ਰਸਨਾ ਗਾਏ । ਸੋਹੰ ਸ਼ਬਦ ਦੇਵੇ ਵਡਿਆਈ । ਸੋਹੰ ਚਰਨ ਪ੍ਰਭ ਵਿਚ ਸਮਾਈ । ਸੋਹੰ ਸ਼ਬਦ ਸਤਿਜੁਗ ਸਤਿ ਸਤਿ ਸਤਿ ਵਰਤਾਈ । ਸੋਹੰ ਸ਼ਬਦ ਆਤਮ ਗਿਆਨ ਵਿਚ ਦੇਹ ਪਾਈ । ਸੋਹੰ ਸ਼ਬਦ ਜਪ ਮਿਟੇ ਅੰਧੇਰਾ, ਦਇਆ ਕਰ ਪ੍ਰਭ ਜੋਤ ਜਗਾਈ । ਸੋਹੰ ਸ਼ਬਦ ਪ੍ਰਭ ਕਾ ਸਾਧ ਸੰਗਤ ਦਾਨ ਗੁਰ ਦਰ ਤੇ ਪਾਈ । ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਰਸਨ ਵਖਾਨਾ, ਕੁੰਟ ਚਾਰ ਜੈ ਜੈ ਜੈਕਾਰ ਕਰਾਈ । ਨਿਹਕਲੰਕ ਸਰਬ ਕਾ ਕਰਤਾ, ਜੋਤ ਸਰੂਪ ਖੇਲ ਰਚਾਈ । ਪ੍ਰਭ ਕਾ ਰੂਪ ਨਾ ਰੰਗ, ਨਾ ਕਿਸੇ ਜਾਣਿਆ । ਪ੍ਰਭ ਕਾ ਰੂਪ ਨਾ ਰੰਗ, ਜੋਤ ਸਰੂਪ ਤੀਨ ਲੋਕ ਰਹਾਨਿਆ । ਪ੍ਰਭ ਕਾ ਰੂਪ ਨਾ ਰੰਗ, ਕਲਜੁਗ ਮਥੇ ਜਿਉਂ ਮਥਣ ਮਧਾਣਿਆ । ਪ੍ਰਭ ਕਾ ਰੂਪ ਨਾ ਰੰਗ, ਜੋਤ ਸਰੂਪ ਨਿਹਕਲੰਕ ਅਖਵਾਨਿਆ । ਸੋਹੰ ਸ਼ਬਦ ਸਤਿਜੁਗ ਚਲਾਨਿਆ । ਧੰਨ ਧੰਨ ਧੰਨ ਗੁਰਸਿੱਖ, ਮਹਾਰਾਜ ਸ਼ੇਰ ਸਿੰਘ ਜੋ ਚਲੇ ਤੇਰੇ ਭਾਣਿਆ । ਜੋਤ ਜਗਤ ਜਗਨ ਨਾਥ ਗੋਪਾਲ ਮੁਖ ਭਨੀ । ਸਾਰੰਗ ਧਰ ਭਗਵਾਨ ਬੀਠਲਾ ਪੀਤ ਪਿਤੰਬਰ ਤ੍ਰੈਭਵਨ ਧਨੀ । ਭਗਤ ਉਧਾਰ ਜਗਤ ਸੰਘਾਰ ਕਲਜੁਗ ਲੈ ਅਵਤਾਰ ਨਿਹਕਲੰਕ ਸ਼ਾਮ ਘਨੀ । ਸੋਹੰ ਸ਼ਬਦ ਵਿਚਾਰ, ਕਲਜੁਗ ਪਾਰ ਉਤਾਰ, ਸਤਿਜੁਗ ਲਾਵੇ ਪ੍ਰਭ ਪੁਰਖ ਅਪਾਰ, ਭਗਤ ਵਛਲ ਆਪ ਧਨ ਧਨੀ । ਕਰੇ ਜੋਤ ਆਕਾਰ, ਨਰ ਕਲ

ਲੈ ਅਵਤਾਰ, ਮਹਾਰਾਜ ਸ਼ੇਰ ਸਿੰਘ ਪ੍ਰਗਟੇ ਕ੍ਰਿਸ਼ਨ ਮੁਰਾਰ, ਸਾਧ ਸੰਗਤ ਗੁਰਚਰਨ ਸੰਗ ਬਣੀ । ਜਲ ਮਝਾਰ ਖੰਡ ਬ੍ਰਹਿਮੰਡ ਹੋਏ ਜੋਤ ਅਧਾਰ, ਵਿਚ ਪਾਤਾਲ ਪ੍ਰਭ ਨੈਣ ਮੁਧਾਰ, ਲਛਮੀ ਪ੍ਰਭ ਚਰਨ ਛਲੀ । ਵਿਚ ਆਕਾਸ਼ ਪ੍ਰਭ ਜੋਤ ਸਰੂਪਾ, ਵਜਾਏ ਸ਼ਬਦ ਅਨਹਦ ਜਗਤ ਭੂਪਾ, ਹੋਏ ਗਿਆਨ ਵਿਚ ਆਤਮ ਅੰਧ ਕੂਪਾ, ਦੇਵੇ ਗਿਆਨ ਆਪ ਮਨ ਗਨੀ । ਵਿਚ ਮਾਤ ਪ੍ਰਭ ਜੋਤ ਪ੍ਰਕਾਸ਼, ਹੋਵੇ ਦੇਹ ਨਿਵਾਸ ਪ੍ਰਭ ਜੋਤ ਅਬਿਨਾਸ਼, ਪ੍ਰਗਟੇ ਪ੍ਰਭ ਜੋਤ ਸਰੂਪਾ । ਹੋਵੇ ਬੰਦ ਖਲਾਸ ਗੁਰ ਚਰਨ ਨਿਵਾਸ, ਮਹਾਰਾਜ ਸ਼ੇਰ ਸਿੰਘ ਕਲ ਸਦ ਹੈ ਪਾਸ, ਦੇਵੇ ਦਰਸ ਆਪ ਅਨੂਪਾ । ਦੇ ਦਰਸ ਪ੍ਰਭ ਜੋਤ ਜਗਾਏ, ਗਿਆਨ ਅੰਧੇਰ ਵਿਚ ਦੇਹ ਮਿਟਾਏ, ਸਚ ਸੁੱਚ ਦੀਪਕ ਦੇਹ ਜਲਾਏ, ਦੇਵੇ ਦਰਸ ਪ੍ਰਭ ਇਕ ਰੂਪਾ । ਤ੍ਰੈਭਵਨ ਸੁਝਾਇਆ ਨਿਜਾਨੰਦ ਦਰਸਾਇਆ, ਖੋਲ੍ਹ ਤ੍ਰੈਕੁਟੀ ਪ੍ਰਭ ਦਰਸ਼ਨ ਪਾਇਆ, ਸਦਾ ਸੁਰਜੀਤ ਪ੍ਰਭ ਸਤਿ ਸਰੂਪਾ । ਸੋਹੰ ਸ਼ਬਦ ਗੁਣ ਗਾਇਆ, ਕਲਜੁਗ ਨਾਮ ਨਿਧਾਨ ਗੁਰ ਦਰ ਤੇ ਪਾਇਆ, ਮਹਾਰਾਜ ਸ਼ੇਰ ਸਿੰਘ ਸਿਰ ਹੱਥ ਟਿਕਾਇਆ, ਹੋਵੇ ਸਹਾਈ ਜਗਤ ਕਾ ਭੂਪਾ । ਨਾੜੀ ਬਹੱਤਰ ਪ੍ਰਭ ਰੋਗ ਗਵਾਏ । ਤਪ ਸੱਪ ਪਲੀਤ ਵਿਚ ਦੇਹ ਮਿਟਾਏ । ਅਮਕਾ ਕਾਜ਼ੀ ਕੋਈ ਨੇੜ ਨਾ ਆਏ । ਜੋ ਆਵੇ, ਸੋਹੰ ਸ਼ਬਦ ਗੁਰ ਚੋਟ ਚਲਾਵੇ । ਤੀਨ ਤਾਪ ਨਾ ਥਿਰ ਰਹਾਵੇ । ਖਾਨ ਪਕਾਨ ਨਾ ਜੀਵ ਸਤਾਵੇ । ਸੋਹੰ ਸ਼ਬਦ ਜੋ ਰਸਨਾ ਗਾਵੇ । ਦੇਹ ਅਨਰੋਗ ਤੁਰਤ ਹੋ ਜਾਵੇ । ਗਿਆਨ ਬਾਨ ਗੁਰ ਦਰਦ ਚਲਾਇਆ, ਰੋਗ ਸੋਗ ਵਿਚ ਦੇਹ ਮਿਟਾਏ । ਸੋਹੰ ਸ਼ਬਦ ਨਾਮ ਸਚ ਮੰਤਰ ਦ੍ਰਿੜਾਏ । ਕਾਲ ਰੂਪ ਹੋ ਰੋਗ ਖਪਾਏ । ਐਸੀ ਦੇਵੇ ਸ਼ਬਦ ਵਡਿਆਈ, ਸਿਮਰਤ ਸਿਮਰੇ ਸਿਮਰ ਸੁਖ ਪਾਏ । ਗੁਰ ਦਾ ਸਚ ਦਵਾਰ ਦੇਖਿਆ ਜੀਵ ਕੋਇ ਨਾ ਬਿਲਲਾਏ । ਸਭ ਤੇ ਊਚ ਅਗੰਮ ਅਪਾਰਾ, ਜੋਤ ਸਰੂਪ ਵਿਚ ਸਿੱਖ ਸਮਾਏ । ਜੋਤ ਸਰੂਪ ਜਗਤ ਕਲ ਕਾਤੀ ਜੀਊੜਾ ਨਿਰਮਲ ਦੇਹ ਨਾਮ ਕਰਾਏ । ਹੋਵੇ ਆਧਾਰ ਰਸਨ ਵਿਚਾਰ, ਸੋਹੰ ਸ਼ਬਦ ਗੁਰ ਨਾਮ ਦਿਵਾਏ । ਦੁੱਖ ਨਿਵਾਰ ਆਤਮ ਆਧਾਰ, ਭਗਤ ਭੰਡਾਰ ਮਹਾਰਾਜ ਸ਼ੇਰ ਸਿੰਘ ਸਚ ਬਚਨ ਲਿਖਾਏ ।

❊ ੨੨ ਅੱਸੂ ੨੦੦੭ ਬਿਕ੍ਰਮੀ ਜੇਠੂਵਾਲ ਬਿਸ਼ਨ ਕੌਰ ਦੇ ਗ੍ਰਿਹ ❊

ਕਲਜੁਗ ਪ੍ਰਗਟ ਨਰ ਨਰਾਇਣ । ਦਾੜਾਂ ਅੱਗੇ ਪ੍ਰਿਥਮ ਧਰਾਇਣ । ਬਾਵਣ ਰੂਪ ਪ੍ਰਭ ਭੇਖ ਨਾ ਪਾਇਣ । ਕਲਜੁਗ ਨੀਯਤ ਜਗਤ ਹੈ ਡਾਇਣ । ਗੁਰਸਿਖ ਗੁਰਦਰ ਸ਼ਬਦ ਸੋਹੰ ਗਾਇਣ । ਦਰਸ ਪਾਏ ਮਨ ਤ੍ਰਿਪਤਾਏ, ਕਲ ਭਗਤ ਜਨ ਅਖਵਾਇਣ । ਵਕਤ ਵਿਹਾਏ ਫਿਰ ਹੱਥ ਨਾ ਆਏ, ਪ੍ਰਭ ਨਜ਼ਰ ਨਾ ਆਏ, ਜੁਗ ਚੌਥਾ ਕਾਲ ਖਾਇਣ । ਜੋਤ ਪ੍ਰਗਟਾਏ ਗੁਰਸਿਖ ਮਨ ਜੋਤ ਜਗਾਏ, ਬੇਮੁਖ ਕਰਦੇ ਹਾਏ ਹਾਏ, ਪ੍ਰਭ ਪੂਰਾ ਦਰਸ ਨਾ ਪਾਇਣ । ਅਗਨ ਲਾਏ ਕੋਇ ਨਾ ਬੁਝਾਏ, ਸੋਹੰ ਸ਼ਬਦ ਚਲਾਏ, ਸ਼ਬਦ ਰੂਪ ਜਗਤ ਜਲਾਇਣ । ਖੇਡ ਰਚਾਏ ਹੱਥ ਨਾ ਲਾਏ, ਸੋਹੰ ਸ਼ਬਦ ਬਾਣ ਗੁਰ ਲਾਏ, ਬੈਠ ਅਡੋਲ ਤੀਨ ਲੋਕ ਹਲਾਇਣ । ਤੀਨ ਲੋਕ ਉਲਟਾਏ, ਬ੍ਰਹਮਾ ਮਾਣ ਗਵਾਏ, ਮਹਾਰਾਜ ਸ਼ੇਰ ਸਿੰਘ ਇਹ ਕਲ ਵਰਤਾਇਣ । ਜਗਤ ਪ੍ਰਕਾਸ਼ਿਆ ਸ੍ਰਿਸ਼ਟ ਅੰਧ ਅੰਧਾਸਿਆ, ਗੁਰਸਿਖ ਗੁਰ ਗਿਆਨ ਦਿਵਾਇਣ । ਸੰਗ ਚਰਨ ਰਹਿਰਾਸਿਆ, ਭਗਤ ਜਨਾਂ ਪ੍ਰਭ ਦਾਸਨ ਦਾਸਿਆ, ਬੰਦ ਖ਼ਲਾਸ ਕਰੇ ਨਰਾਇਣ । ਕਲ ਕਹਿਰ ਵਰਤਾਇਆ, ਨਿਹਕਲੰਕ ਧਾਰ ਖੇਲ ਚਤੁਰਭੁਜ ਕਹਾਇਆ, ਦਵਾਪਰ ਕ੍ਰਿਸ਼ਨ

ਮੁਰਾਰ, ਕਲਜੁਗ ਮਹਾਰਾਜ ਸ਼ੇਰ ਸਿੰਘ ਅਖਵਾਇਆ, ਸੋਹੰ ਸ਼ਬਦ ਗੁਰ ਡੰਕ ਚਲਾਇਆ, ਸ੍ਰਿਸ਼ਟ ਡੁੱਬੀ ਵਿਚ ਕਲ ਦੀ ਮਾਇਆ, ਆਪਣਾ ਭੇਦ ਨਾ ਕਿਸੇ ਬਤਾਇਨ । ਬੇਮੁਖ ਪ੍ਰਭ ਨਰਕ ਨਿਵਾਰੇ, ਗੁਰਸਿਖ ਹੋਏ ਗੁਰ ਰਹਿਰਾਸੇ, ਜਗਨ ਨਾਥ ਕਰੇ ਸਿੱਖ ਬੰਦ ਖ਼ੁਲਾਸੇ, ਭਗਤ ਜਨਾਂ ਗੁਰ ਮਾਣ ਦਵਾਇਣ । ਲੇਖ ਲਿਖਤ ਮਿਟਾਏ, ਸ਼ਬਦ ਰੂਪ ਪ੍ਰਭ ਜੋਤ ਜਗਾਏ, ਦੇਵੇ ਦਰਸ ਆਪ ਰਘੁਰਾਏ, ਅਨਦ ਬਿਨੋਦੀ ਕਲ ਜੋਤ ਪ੍ਰਗਟਾਇਨ । ਘਟ ਵਾਸੀ ਸਰਬ ਨਿਵਾਸੀ, ਦੀਨਾ ਨਾਥ ਪ੍ਰਭ ਦੁੱਖ ਭੰਜਨ ਸਭ ਰੋਗ ਗਵਾਸੀ, ਜੋ ਜਨ ਆਏ ਦਰਸ ਦਰ ਪਾਇਨ । ਨਿਰਾਹਾਰੀ ਨਿਰਵੈਰ ਸਦਾਏ, ਜੋਤ ਸਰੂਪ ਵਿਚ ਦੇਹ ਸਮਾਏ, ਭੁੱਲੀ ਸ੍ਰਿਸ਼ਟੀ ਕੋਈ ਭੇਵ ਨਾ ਪਾਏ, ਕਲਜੁਗ ਚਲਤ ਪ੍ਰਭ ਆਪ ਕਰਾਇਨ । ਪਤਿਤ ਪਾਵਣ ਪ੍ਰਭ ਭੈ ਭੰਜਨ, ਹੰਕਾਰ ਨਿਵਾਰੇ ਸ੍ਰਿਸ਼ਟ ਪ੍ਰਭ ਤ੍ਰਲੋਕੀ ਨੰਦਨ, ਗੁਰਸਿਖ ਗੁਰ ਦਰ ਦੋਏ ਜੋੜ ਇਹ ਮੰਗਣ, ਦੇਵੇ ਦਰਸ ਪ੍ਰਭ ਨਰਾਇਣ । ਦਰਸ਼ਨ ਦੇਵੇ ਪ੍ਰਭ ਜੋਤ ਸਰੂਪ ਨਜ਼ਰ ਆਵੇ ਗੁਰ ਗੁਰ ਗੁਰ ਸਿੱਖ ਗੁਰ ਭੇਤ ਚੁਕਾਵੇ ਸਵੱਛ ਸਰੂਪ ਪ੍ਰਭ ਦੇਹ ਪ੍ਰਗਟਾਇਨ । ਦਰਸ ਦਿਖਾਵੇ ਹਿਰਦੇ ਜੋਤ ਜਗਾਏ, ਨਿਜ਼ ਘਰ ਵਾਸੀ ਨਿਜ਼ ਮਾਹਿ ਨਜ਼ਰੀ ਆਏ, ਖੋਲ੍ਹ ਕਿਵਾੜ ਪ੍ਰਭ ਜੋਤ ਜਗਾਇਨ । ਆਤਮ ਪ੍ਰਕਾਸਿਆ ਜੀਵ ਧਰਵਾਸਿਆ, ਸੋਹੰ ਸ਼ਬਦ ਜਗਤ ਰਹਿਰਾਸਿਆ । ਮਹਾਰਾਜ ਸ਼ੇਰ ਸਿੰਘ ਸਚ ਬਚਨ ਲਿਖਾਇਨ । ਸਤਿ ਸਤਿ ਸਤਿ ਪੁਰਖ ਪ੍ਰਭ ਅਪਰੰਪਰਾ । ਭਖ ਭਖ ਭਖ ਕਲ ਪ੍ਰਭ ਭਖ ਭਸਮੰਤਰਾ । ਰੱਖ ਰੱਖ ਰੱਖ ਦਰ ਤੇਰੇ ਭਗਤ ਜਨ ਰਖਵੰਤਰਾ । ਸਤਿ ਸਤਿ ਸਤਿ ਸਤਿਜੁਗ ਤੇਰਾ ਸਤਿਰੰਗਤਰਾ । ਪ੍ਰਭ ਕਾ ਭਾਣਾ ਪ੍ਰਭ ਹੀ ਜਾਣੇ । ਜੀਵ ਜੰਤ ਭਏ ਜਗਤ ਅੰਞਾਣੇ । ਸੋਹੰ ਚਲੇ ਬਾਣ, ਦੁਖੀ ਜੀਵ ਜਗਤ ਬਿਲਲਾਣੇ । ਜਲ ਥਲ ਥਲ ਜਲ ਕਰੇ ਪ੍ਰਭ ਰੰਗ ਇਕ ਕਲ ਲਾਇਓ ਟਿਕਾਣੇ । ਸਤਿਜੁਗ ਸਤਿ ਸਤਿ ਵਰਤਾਵੇ, ਰਹੇ ਸੋ ਜੋ ਚਲੇ ਗੁਰ ਕੇ ਭਾਣੇ । ਸੋਹੰ ਚਲਾਏ ਕਲਜੁਗ ਨਾਸ ਕਰਾਏ, ਮਦਿ ਮਾਸੀ ਕੋਈ ਰਹਿਣ ਨਾ ਪਾਏ, ਐਸੀ ਕਰੇ ਜਗਤ ਇਹ ਹਾਨੀ, ਕਲ ਉਲਟਾਏ ਪ੍ਰਭ ਦੇਰ ਨਾ ਲਾਏ, ਭੁੱਲੀ ਸ੍ਰਿਸ਼ਟ ਗੁਰ ਨਜ਼ਰ ਨਾ ਆਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ ।

੧੮੭
੦੧

❊ ੨੪ ਅੱਸੂ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਜੁਗੋ ਜੁਗ ਪ੍ਰਭ ਜੋਤ ਪ੍ਰਗਟਾਇਨ । ਕਲਜੁਗ ਪ੍ਰਗਟਿਓ ਨਰ ਨਰਾਇਣ । ਅੰਧ ਕੂਪ ਜਗਤ ਵਿਹਾਏ, ਸਰਬ ਸਰੂਪ ਪ੍ਰਭ ਦਰਸ਼ਨ ਪਾਇਨ । ਨਿਜ ਘਰ ਵਾਸੀ ਨਿਜ ਮਾਹਿ ਪਾਇਨ । ਆਤਮ ਜੋਤ ਗੁਰਸਿਖ ਗੁਰ ਦਰ ਜਗਾਇਨ । ਕਾਇਆ ਨਿਰਮਲ ਪ੍ਰਭ ਪ੍ਰਮੇਸ਼ਵਰ ਰਿਦੇ ਵਸਾਇਨ । ਮਾਇਆਧਾਰੀ ਕਲ ਖੁਆਰੀ, ਖਾਵੇ ਕਾਲ ਜਗਤ ਜਿਉਂ ਡਾਇਨ । ਗੁਰਸਿਖ ਸਵਾਰੇ ਜਗਤ ਉਧਾਰੇ, ਦਰ ਆਏ ਦਰਸ਼ਨ ਪਾਇਨ । ਬੇਮੁਖ ਖਪਾਏ ਸੋਹੰ ਸ਼ਬਦ ਬਾਨ ਜਿਉਂ ਲਾਏ, ਮਦਿ ਮਾਸੀ ਕੋਈ ਰਹਿਣ ਨਾ ਪਾਇਨ । ਪ੍ਰਭ ਆਪ ਪ੍ਰਕਾਸ਼ਿਆ ਜਗਤ ਵਿਨਾਸਿਆ, ਭਗਤ ਜਨਾਂ ਹੱਥ ਟਿਕਾਸਿਆ, ਮਾਤ ਪਾਤਾਲ ਲੋਕ ਸਰਬ ਹੈ ਵਾਸਿਆ, ਭਗਤ ਜਨਾਂ ਹਰਿ ਸਦ ਦਰਸ਼ਨ ਦਾਸ ਦਾਸਿਆ, ਬੇਮੁਖ ਦਰ ਤੇ ਥਾਏਂ ਨਾ ਪਾਇਨ । ਗੁਰਸਿਖ ਸ਼ਾਬਾਸਿਆ, ਗੁਰਚਰਨ ਲਾਗ ਰਹਿਰਾਸਿਆ, ਮਹਾਰਾਜ ਸ਼ੇਰ ਸਿੰਘ ਜੋਤ ਅਬਿਨਾਸ਼, ਜੋਤ ਸਰੂਪ ਸ੍ਰਿਸ਼ਟ ਜਲਾਇਨ । ਕਲ ਜੋਤ ਪ੍ਰਗਟਾਈ, ਸ੍ਰਿਸ਼ਟ ਅਗਨ ਜਲਾਈ, ਸ਼ਬਦ ਬਾਣ ਪ੍ਰਭ ਲਗਾਇਨ । ਕਲ ਖਪਾਏ ਦੇਰ ਨਾ ਲਾਏ, ਮਹਾਰਾਜ ਜੋਤ ਸਰੂਪ ਦੇਹ ਜੋਤ ਜਗਾਇਨ । ਸ੍ਰਿਸ਼ਟ ਜਲਾਈ ਸਚ ਲਿਖਤ

ਕਰਾਈ, ਪ੍ਰਗਟ ਹੋ ਕੇ ਦਰਸ ਦਖਾਇਨ । ਰਸਨਾ ਅਲਾਵੇ ਕਿਸੇ ਨਜ਼ਰ ਨਾ ਆਵੇ, ਗੁਰਸਿਖ ਪੂਰਨ ਬੂਝ ਬੁਝਾਇਨ । ਦਰਸ ਦਿਖਾਵੇ ਨਿਹਕਲੰਕ ਅਖਵਾਏ, ਜੋਤ ਸਰੂਪ ਕਾਰ ਭੁਗਤਾਇਨ । ਭਗਤ ਦਰ ਦਰਸਾਵੇ ਦਰਸ ਦਿਖਾਵੇ, ਬ੍ਰਹਮ ਸਰੂਪ ਪ੍ਰਭ ਗੁਣ ਨਿਧਾਇਨ । ਆਤਮ ਜੋਤ ਜਗਾਵੇ, ਗੁਰਸਿਖ ਗੁਰ ਦਰਸ ਦਿਖਾਵੇ, ਨਿਜਾਨੰਦ ਪ੍ਰਭ ਸਦਾ ਸਮਾਇਣ । ਸੋਹੰ ਸ਼ਬਦ ਸੁਣਾਵੇ, ਅਨਹਦ ਧੁਨ ਵਜਾਵੇ, ਕਵਲ ਨਾਭ ਖੁਲ੍ਹਾਵੇ, ਅੰਮ੍ਰਿਤ ਬੂੰਦ ਮੁਖ ਚਵਾਇਣ । ਅੰਮ੍ਰਿਤ ਬੂੰਦ ਬਰਸਾਵੇ, ਦਵਾਰ ਦਸਮ ਖੁਲ੍ਹਾਵੇ, ਗੁਰਸਿਖ ਗੁਰ ਕਰਮ ਕਮਾਵੇ, ਗੁਰਸਿਖ ਗੁਰ ਦਰ ਸੋਹੰ ਸ਼ਬਦ ਜਗਾਵੇ, ਕਲ ਜੋਤ ਪ੍ਰਗਟਾਵੇ, ਦੇਹ ਪ੍ਰਵੇਸ਼ ਕਿਸੇ ਨਜ਼ਰ ਨਾ ਆਵੇ, ਮਹਾਰਾਜ ਸ਼ੇਰ ਸਿੰਘ ਨਾਮ ਰਖਾਵੇ, ਭਗਤ ਵਛਲ ਸਦ ਅਖਵਾਇਨ । ਭਗਤ ਵਛਲ ਨਾਥਾਂ ਨਾਥ, ਗੁਰਸਿਖਾਂ ਪ੍ਰਭ ਸਦਾ ਹੈ ਸਾਥ, ਧਾਰ ਖੇਲ ਚਤੁਰਭੁਜ ਅਖਵਾਇਨ । ਅਬਿਨਾਸ਼ੀ ਅਵਿਗਤ ਅਗੋਚਰ, ਗੁਰਸਿਖਾਂ ਗੁਰ ਦੈਨ ਨਾ ਓਚਰ, ਸੋਹੰ ਸ਼ਬਦ ਜਗਤ ਨਰਾਇਣ । ਜੋਤ ਸਰੂਪ ਜਿਸ ਰੂਪ ਨਾ ਰੇਖਿਆ, ਬਨਵਾਲੀ ਚਕਰ ਪਾਨ ਜਿਸ ਪੇਖਿਆ, ਬੇਮੁੱਖਾਂ ਪ੍ਰਭ ਨਜ਼ਰ ਨਾ ਆਇਨ । ਨਿਰੰਕਾਰ ਅਛੱਲ ਨਾ ਡੋਲਿਆ, ਜੋਤ ਸਰੂਪ ਸਭ ਜਗ ਮੌਲਿਆ, ਕਲਜੁਗ ਨਿਹਕਲੰਕ ਅਖਵਾਇਨ । ਚੌਥਾ ਜੁਗ ਵਿਹਾਇਆ, ਚਾਰ ਵੇਦ ਖਪਾਇਆ, ਖਾਣੀ ਬਾਣੀ ਗਗਨ ਪਾਤਾਲੀ ਜੋਤ ਸਰੂਪ ਪ੍ਰਭ ਜਲਾਇਆ, ਸੋਹੰ ਸ਼ਬਦ ਸਰੂਪ ਡੰਕ ਵਜਾਇਆ, ਸਤਿ ਸਤਿ ਸਤਿ ਸਤਿਜੁਗ ਲਾਇਨ । ਪਾਪੀ ਅਪਰਾਧੀ ਕਾਲ ਖਪਾਏ, ਕਲੂ ਕਾਲ ਪ੍ਰਭ ਆਪ ਵਰਤਾਏ, ਐਸਾ ਖੇਲ ਚਲਤ ਕਰਾਇਨ । ਨਿਰਹਾਰੀ ਨਿਰਵੈਰ ਸਮਾਏ, ਖੰਡ ਬ੍ਰਹਿਮੰਡ ਜੋਤ ਸਰੂਪ ਪ੍ਰਭ ਧਰ ਉਲਟਾਏ, ਅਮਰ ਸੀਤਲ ਵਾਂਗ ਚੰਦ ਰੈਣ । ਇਹ ਬਚਨ ਲਿਖਾਇਆ, ਦੀਪਕ ਦੂਜਾ ਫੇਰ ਜਗਾਇਆ, ਦੂਜੇ ਜੁਗ ਸੋਹੰ ਸਹਾਇਆ, ਐਸੀ ਲਿਖਤ ਕਰਾਇਣ ਨਰਾਇਣ । ਇਹ ਭੇਤ ਖੁਲ੍ਹਾਇਆ ਅਮਰਾ ਅਮਰਾ ਅਮਰਾ ਅਮਰਾਪਦ ਪਾਇਆ, ਸੂਰਤ ਜੋਤ ਜਗਤ ਪ੍ਰਭ ਜਗਾਇਨ । ਸਚ ਲਿਖਤ ਕਰਾਈ, ਸਤਿਜੁਗ ਸਤਿ ਮਿਲੇ ਵਡਿਆਈ, ਮਹਾਰਾਜ ਸ਼ੇਰ ਸਿੰਘ ਜੋਤ ਪ੍ਰਗਟਾਈ, ਭੁੱਲੀ ਸ੍ਰਿਸ਼ਟ ਨਰਕ ਨਿਵਾਇਨ । ਨਰਕ ਨਿਵਾਰੇ ਸ੍ਰਿਸ਼ਟ ਸੰਘਾਰੇ, ਜੋਤ ਸਰੂਪ ਕਰ ਖੇਲ ਕਰਤਾਰੇ, ਪ੍ਰਭ ਕਾ ਰੰਗ ਸਦਾ ਰੰਗਾਇਣ । ਗੁਰਸਿਖ ਸਵਾਰੇ ਸੋਹਨ ਚਰਨ ਦਵਾਰੇ, ਕਲਜੁਗ ਪ੍ਰਭ ਲੈ ਅਵਤਾਰੇ, ਆਪਣਾ ਭੇਵ ਨਾ ਕਿਸੇ ਬਤਾਇਨ । ਚਲਤ ਕਰਾਏ, ਰਾਓ ਰੰਕ ਇਕ ਰੰਗ ਹੋ ਜਾਏ, ਪ੍ਰਭ ਜੋਤ ਸਰਬ ਮਾਹਿ ਸਮਾਏ, ਮਨੀ ਸਿੰਘ ਸ਼ਬਦ ਸਚ ਹੋ ਜਾਇਨ । ਨਿਹਕਲੰਕ ਅਖਵਾਇਆ ਕਲਜੁਗ ਭੁਲਾਇਆ, ਦੁਆਪਰ ਕ੍ਰਿਸ਼ਨ ਮੁਰਾਰ ਕਲ ਮਹਾਰਾਜ ਸ਼ੇਰ ਸਿੰਘ ਨਾਉਂ ਰਖਾਇਆ । ਸਰਬ ਤੋਂ ਵੱਡਾ ਨਰ ਨਰਾਇਣ, ਜੁਗ ਚਾਲੀ ਪ੍ਰਭ ਜੋਤ ਜਗਾਏ, ਐਸੀ ਕਲ ਸ੍ਰਿਸ਼ਟ ਉਪਾਏ, ਨਿਹਕਲੰਕ ਅਖਵਾਇਨ । ਸੋਹੰ ਸ਼ਬਦ ਚਲਾਇਆ, ਗੁਰਸਿਖਾਂ ਗੁਰ ਗਿਆਨ ਦਵਾਇਆ, ਦਰ ਮਾਂਦੇ ਸਰਬ ਸੁਖ ਪਾਇਣ । ਜੋਤ ਸਰੂਪ ਜਗਤ ਆਕਾਰੇ । ਤੀਨ ਲੋਕ ਹੋਏ ਜੈ ਜੈ ਜੈਕਾਰੇ । ਭਗਤ ਜਨ ਸੋਹਣ ਗੁਰ ਚਰਨ ਦਵਾਰੇ । ਜੀਵ ਜੰਤ ਪ੍ਰਭ ਪੂਰਨ ਪ੍ਰਮੇਸ਼ਵਰ ਆਧਾਰੇ । ਸਰਬ ਵਾਸੀ ਆਪ ਗਿਰਧਾਰੇ । ਜਗਨ ਨਾਥ ਗੋਪਾਲ ਮੁਖ ਭਨੀ ਸਰਬ ਕੇ ਕਾਜ ਸਵਾਰੇ । ਸਾਰੰਗ ਧਰ ਭਗਵਾਨ ਬੀਠਲੋ, ਦੇਵੇ ਦਰਸ ਜਿਉਂ ਕ੍ਰਿਸ਼ਨ ਮੁਰਾਰੇ । ਮੁਕੰਦ ਮਨੋਹਰ ਲਖ਼ਮੀ ਨਰਾਇਣ ਕਲਜੁਗ ਪ੍ਰਗਟ ਗੁਰਸਿਖ ਪੈਜ ਸਵਾਰੇ । ਸੋਹੰ ਸ਼ਬਦ ਗਿਆਨ ਉਪਦੇਸਿਓ, ਕਲਜੁਗ ਮਿਲਿਓ ਆਪ ਬਨਵਾਰੇ । ਦਰਸ ਦਿਖਾਏ ਆਪ ਨਰੇਸ਼ਿਓ, ਮਹਾਰਾਜ ਸ਼ੇਰ ਸਿੰਘ ਪੈਜ ਸਵਾਰੇ ।

ਜੋਤ ਨਿਰੰਜਣ ਜਗਤ ਉਧਾਰਨ । ਜੋਤ ਨਿਰੰਜਣ ਬੇਮੁਖ ਨਰਕ ਨਿਵਾਰਨ । ਜੋਤ ਨਿਰੰਜਣ ਸ੍ਰਿਸ਼ਟ ਸੰਘਾਰਨ । ਜੋਤ ਨਿਰੰਜਣ ਭਗਤ ਜਨਾਂ ਦੇਵੇ ਚਾਨਣ । ਜੋਤ ਨਿਰੰਜਣ ਸਰਬ ਜੀਵ ਉਪਾਨਣ । ਜੋਤ ਨਿਰੰਜਣ ਕਲਜੁਗ ਅਗਿਆਨ ਅੰਧੇਰ ਮਿਟਾਨਣ । ਜੋਤ ਨਿਰੰਜਣ ਅੰਤ ਗੁਰਸਿਖ ਮਿਲ ਜਾਨਣ । ਜੋਤ ਨਿਰੰਜਣ ਭਗਤ ਵਖਾਨਣ । ਜੋਤ ਨਿਰੰਜਣ ਬੇਮੁਖ ਸਾਰ ਨਾ ਜਾਨਣ । ਜੋਤ ਨਿਰੰਜਣ ਕਲ ਸੋਹੰ ਮਾਰੇ ਬਾਨਨ । ਜੋਤ ਨਿਰੰਜਣ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਨ । ਵਿਸ਼ਨੂੰ ਆਪਣਾ ਆਪ ਨਾਮ ਰਖਾਏ । ਸਰਬ ਸ੍ਰਿਸ਼ਟ ਪ੍ਰਭ ਰਿਹਾ ਸਮਾਏ । ਜੋਤ ਸਰੂਪ ਪ੍ਰਭ ਭਗਵਾਨ ਨਜ਼ਰ ਨਾ ਆਏ । ਵਿਸ਼ਨੂੰ ਹੋ ਕਿਰਪਾਲ ਜੀਵ ਜੰਤ ਵਿਚ ਸਮਾਏ । ਭਗਵਾਨ ਬੀਠਲਾ ਅਡੋਲ, ਤੀਨ ਲੋਕ ਜੋਤ ਜਗਾਏ । ਵਿਸ਼ਨੂੰ ਕਰ ਆਕਾਰ, ਲੱਖ ਚੁਰਾਸੀ ਜੀਵ ਉਪਾਏ । ਭਗਵਾਨ ਆਪ ਹੈ ਅਤੋਲ, ਬੈਠ ਅਡੋਲ ਜਗਤ ਤੁਲਾਏ । ਵਿਸ਼ਨੂੰ ਕਰ ਪ੍ਰਵੇਸ਼, ਜੀਵ ਜੰਤ ਭੁਲਾਏ । ਭਗਵਾਨ ਆਪ ਛਲਣ ਛਲ, ਸ਼ਬਦ ਰੂਪ ਖੇਲ ਕਲ ਵਰਤਾਏ । ਵਿਸ਼ਨੂੰ ਆਪ ਨਿਰਾਕਾਰ, ਜੀਵ ਨੂੰ ਨਜ਼ਰ ਨਾ ਆਏ । ਵਿਸ਼ਨੂੰ ਕਲ ਆਧਾਰ, ਜੀਵ ਬੇਮੁਖ ਕਰਾਏ । ਭਗਵਾਨ ਪੈਜ ਸਵਾਰ, ਗੁਰਸਿਖਾਂ ਨੂੰ ਲੈ ਬਚਾਏ । ਕਲ ਲੈ ਅਵਤਾਰ, ਸਤਿਜੁਗ ਸਾਚੀ ਨੀਂਹ ਰਖਾਏ । ਵਿਸ਼ਨੂੰ ਹੋ ਪ੍ਰਭ ਜਗਤ ਭੁਲਾਇਆ, ਐਸੀ ਮਾਇਆ ਕਲ ਵਿਚ ਪਾਏ । ਕਲ ਗਵਾਇਆ, ਸਤਿਜੁਗ ਸਤਿ ਵਰਤਾਇਆ, ਵਿਸ਼ਨੂੰ ਖੇਲ ਮਿਟਾਇਆ, ਭਗਵਾਨ ਵਿਚ ਸਮਾਇਆ, ਸਤਿਜੁਗ ਵਰਤਾਏ, ਸੋਹੰ ਸ਼ਬਦ ਚਲਾਏ । ਮਹਾਰਾਜ ਸ਼ੇਰ ਸਿੰਘ ਨਾਮ ਰਖਾਏ, ਏਕ ਰੂਪ ਪ੍ਰਭ ਜੋਤ ਜਗਾਏ । ਸਤਿਜੁਗ ਹੋਏ ਜੋਤ ਚਮਤਕਾਰਾ । ਸਤਿਜੁਗ ਹੋਏ ਪ੍ਰਭ ਆਕਾਰਾ । ਸਤਿਜੁਗ ਪ੍ਰਗਟਾਏ ਰਾਮ ਕ੍ਰਿਸ਼ਨ ਮੁਰਾਰਾ । ਸਤਿਜੁਗ ਸਰਬ ਕਾ ਦਾਤਾ, ਮਹਾਰਾਜ ਸ਼ੇਰ ਸਿੰਘ ਨਰ ਅਵਤਾਰਾ । ਨਰ ਅਵਤਾਰ ਸਰਬ ਸੁਖ ਦਾਤਾ । ਪ੍ਰਗਟ ਭਇਓ ਸ੍ਰਿਸ਼ਟ ਗਿਆਤਾ । ਜੀਵ ਸਰੂਪ ਬ੍ਰਹਮ, ਬ੍ਰਹਮ ਨਾ ਕਿਸੇ ਪਛਾਤਾ । ਦੇਵੇ ਗਿਆਨ ਗੁਰਸਿਖ ਹੋਵੇ ਮਿਹਰਵਾਨ ਪੁਰਖ ਬਿਧਾਤਾ । ਖੋਲ੍ਹ ਲੋਚਣ ਪ੍ਰਭ ਤਰੰਗ, ਅਨਹਦ ਸ਼ਬਦ ਵੱਜੇ ਰੰਗ ਰਾਤਾ । ਦਰਸ਼ਨ ਦੇ ਪ੍ਰਭ ਜੋਤ ਦਰਸਾਵੇ, ਗੁਰਸਿਖਾਂ ਨਿਹਕਲੰਕ ਪਛਾਤਾ । ਸਿਰ ਹੱਥ ਟਿਕਾਏ, ਜਮ ਨੇੜ ਨਾ ਆਏ, ਅੰਤ ਕਾਲ ਪ੍ਰਭ ਚਰਨ ਹੈ ਨਾਤਾ । ਮਾਤਲੋਕ ਤਜਾਏ, ਸਚਖੰਡ ਗੁਰਸਿਖ ਸਮਾਏ, ਜਿਥੇ ਮਹਾਰਾਜ ਸ਼ੇਰ ਸਿੰਘ ਜੋਤ ਜਗਾਏ, ਗੁਰਚਰਨ ਜਸ ਕਰ ਸੀਸ ਨਿਵਾਤਾ । ਜੋਤ ਸਰੂਪ ਹੋ ਜਾਏ, ਪ੍ਰਭ ਮਾਹਿ ਸਮਾਏ, ਫਿਰ ਜਨਮ ਨਾ ਪਾਏ, ਪ੍ਰਗਟ ਈਸ਼ਰ ਜੋਤ ਪ੍ਰਗਟ ਸਿੱਖ ਹੈ ਸਾਥਾ । ਜੂਨ ਉਧਾਰੇ ਜੂਨ ਸੁਧਾਰੇ, ਗੁਰਸਿਖ ਗੁਰਸੰਗਤ ਮਨ ਸੋਹਨ ਗੁਰਚਰਨ ਦਵਾਰੇ, ਕੋਏ ਨਾ ਜਾਣੇ ਪ੍ਰਭ ਬਿਧ ਗਾਤਾ । ਜੁਗ ਉਲਟਾਏ, ਜਨ ਭਗਤ ਪ੍ਰਭ ਵਡਿਆਏ, ਜੋਤ ਸਰੂਪ ਦਰਸ ਦਿਖਾਏ, ਮਹਾਰਾਜ ਸ਼ੇਰ ਸਿੰਘ ਸਦਾ ਹੈ ਸਾਥਾ । ਗੁਰਸਿਖ ਕਲਜੁਗ ਜੋਤ ਸਰੂਪ । ਗੁਰਸਿਖ ਕਲਜੁਗ ਸਦਾ ਅਨੂਪ । ਗੁਰਸਿਖ ਕਲਜੁਗ ਸਵੱਛ ਸਰੂਪ । ਗੁਰਸਿਖ ਕਲਜੁਗ ਨਾ ਆਵੇ ਵਿਚ ਅੰਧ ਕੂਪ । ਗੁਰਸਿਖ ਦਰਸੇ ਸਦਾ ਪ੍ਰਭ ਕਾ ਸਰੂਪ । ਗੁਰਸਿਖ ਕਲਜੁਗ ਸ਼ਬਦ ਸੋਹੰ ਅਨੂਪ । ਗੁਰਸਿਖ ਮਹਾਰਾਜ ਸ਼ੇਰ ਸਿੰਘ ਚਰਨ ਸੰਗ ਭੂਪ । ਕਲਜੁਗ ਵਰਤਾਇਆ, ਸ਼ਬਦ ਸਰੂਪ ਸ਼ਬਦ ਚਲਾਇਆ, ਬੈਠ ਅਡੋਲ ਸ੍ਰਿਸ਼ਟ ਡੁਲਾਇਆ, ਗੁਰਸਿਖਾਂ ਮਨ ਸਦਾ ਧਰਵਾਸਿਆ । ਜਗਤ ਜਲਾਇਆ ਰਾਓ ਰੰਕ ਕਰ ਇਕ ਬਹਾਇਆ, ਤੀਨ ਲੋਕ ਪ੍ਰਭ ਦੇ ਉਲਟਾਇਆ, ਗੁਰਸਿਖ ਕਲਜੁਗ ਚੰਦਨ ਪ੍ਰਭਾਸਿਆ । ਸ਼ਬਦ ਚਲਾਏ, ਮਦਿ ਮਾਸੀ ਕੋਈ ਨਜ਼ਰ ਨਾ ਆਏ, ਨਰਕ ਨਿਵਾਸ ਦਵਾਏ, ਕੋਈ ਨਾ ਕਰੇ ਬੰਦ ਖੁਲਾਸਿਆ । ਸਤਿਵਾਦੀ ਸਤਿ ਪੁਰਖ ਸਤਿਵਾਦਿਆ, ਦੇ ਸੋਹੰ ਨਾਮ

ਆਪਣਾ ਨਾਮ ਜਪਾਏ, ਸਤਿਜੁਗ ਸਾਚਾ ਸਚ ਸਚ ਸਚ ਲਾਏ, ਕਲਜੁਗ ਪ੍ਰਭ ਦੇ ਉਲਟਾਸਿਆ । ਜੋਤ ਪ੍ਰਗਟਾਏ ਨਿਹਕਲੰਕ ਅਖਵਾਏ, ਮਹਾਰਾਜ ਸ਼ੇਰ ਸਿੰਘ ਨਾਮ ਰਖਾਏ, ਤੀਨ ਲੋਕ ਆਪ ਪ੍ਰਭ ਵਾਸਿਆ । ਗੁਰਪ੍ਰਸਾਦਿ ਗੁਰ ਦਰਸ਼ਨ ਪਾਇਆ । ਗੁਰਪ੍ਰਸਾਦਿ ਗੁਰ ਅੰਗ ਲਗਾਇਆ । ਗੁਰਪ੍ਰਸਾਦਿ ਗੁਰਸਿਖਾਂ ਜੁਗ ਕਲ ਤਰਾਇਆ । ਗੁਰਪ੍ਰਸਾਦਿ ਸਾਧ ਸੰਗਤ ਹਰਿ ਜਸ ਗਾਇਆ । ਗੁਰਪ੍ਰਸਾਦਿ ਜਨਮ ਅਮੋਲਕ ਕਲਜੁਗ ਕਰਾਇਆ । ਗੁਰਪ੍ਰਸਾਦਿ ਕਾਲ ਅੰਤ ਜਮ ਨੇੜ ਨਾ ਆਇਆ । ਗੁਰਪ੍ਰਸਾਦਿ ਜਨਮ ਮਰਨ ਦਾ ਫੰਦ ਕਟਾਇਆ । ਗੁਰਪ੍ਰਸਾਦਿ ਸਤਿਜੁਗ ਸਤਿ ਘਰ ਵਖਾਇਆ । ਗੁਰਪ੍ਰਸਾਦਿ ਭਗਤ ਜਨ ਗੁਰ ਚਰਨ ਦਰਸਾਇਆ । ਗੁਰਪ੍ਰਸਾਦਿ ਬਹੱਤਰ ਜਾਮੇ ਭਗਤ ਜਨ ਪ੍ਰਭ ਮਾਣ ਦਿਵਾਇਆ । ਕਰੇ ਭਗਤ ਉਧਾਰ, ਪਾਲ ਸਿੰਘ ਮੁੱਖ ਰਖਾਇਆ । ਲਿਆ ਜਨਮ ਸੁਧਾਰ, ਸਵਰਨ ਦਰਬਾਨ ਬਣਾਇਆ । ਮਾਣਾ ਰੰਗਾ ਦਿਤੇ ਤਾਰ, ਪੰਜਵਾਂ ਸਿੰਘ ਬੁੱਧ ਰਲਾਇਆ । ਸਿੰਘ ਮੋਹਣ ਨਾ ਹੋਏ ਖੁਆਰ, ਤਿੰਨ ਅੱਸੂ ਜਿਨ ਬਚਨ ਉਲਟਾਇਆ । ਦੋ ਹਜ਼ਾਰ ਚਾਰ ਬਿਕ੍ਰਮੀ ਨੀਂਹ ਰਖਾਈ ਸਚ ਦਰਬਾਰ, ਸਤਿਜੁਗ ਬਣਾਇਆ । ਦੇਹ ਰੁਲਾਈ ਸ੍ਰਿਸ਼ਟੀ ਖਪਾਈ, ਕਲਜੁਗ ਆਪ ਰਘੁਨਾਥ ਉਲਟਾਇਆ । ਧਾਮ ਸਚ ਬਣਾਇਆ, ਮਹਾਰਾਜ ਸ਼ੇਰ ਸਿੰਘ ਵਿਚ ਆਸਣ ਲਾਇਆ, ਬੈਠ ਅੰਦਰ ਜਗਤ ਅੰਧੇਰ ਵਰਤਾਇਆ । ਸੋਹੰ ਸ਼ਬਦ ਚਲਾਇਆ, ਕੁਰਾਨ ਅੰਜ਼ੀਲ ਸਭ ਨਸ਼ਟ ਕਰਾਇਆ । ਗਿਆ ਅਥਰਬਣ ਵੇਦ, ਚੌਥਾ ਜੁਗ ਖਪਾਇਆ । ਗੀਤਾ ਮਾਣ ਗਵਾਇਆ, ਦੁਆਪਰ ਕ੍ਰਿਸ਼ਨ ਮੁਰਾਰ, ਕਲਜੁਗ ਨਿਹਕਲੰਕ ਅਖਵਾਇਆ । ਦੇ ਸੋਹੰ ਗਿਆਨ, ਸਤਿਜੁਗ ਰਾਹ ਬਤਾਇਆ । ਕਲ ਗੁਰਸਿਖ ਉਧਰੇ ਪਾਰ, ਮਹਾਰਾਜ ਸ਼ੇਰ ਸਿੰਘ ਜਿਨ ਚਰਨੀਂ ਲਾਇਆ । ਹੋਵੇ ਸ਼ਬਦ ਜਗਤ ਵਰਤਾਰਾ । ਭਗਤ ਜਨਾਂ ਸੋਹੰ ਭੰਡਾਰਾ । ਗੁਰਚਰਨ ਸਿੱਖਾਂ ਸੱਚਾ ਗੁਰਦਵਾਰਾ । ਹੋਏ ਜਨਮ ਦੁਰਲੱਭ, ਕਲਜੁਗ ਦਰਸ ਅਪਾਰਾ । ਮਹਾਰਾਜ ਸ਼ੇਰ ਸਿੰਘ ਆਪ ਪ੍ਰਕਾਸ਼ੇ, ਕੋਇ ਨਾ ਜਾਣੇ ਜੋਤ ਚਮਤਕਾਰਾ । ਸਰਬ ਸ੍ਰਿਸ਼ਟ ਸਦ ਅਬਿਨਾਸ਼ੇ, ਏਕ ਅਬਿਨਾਸ਼ ਆਪ ਨਿਰੰਕਾਰਾ । ਨਿਹਕਲੰਕ ਕਲੰਕ ਜਗ ਲਾਗਾ, ਮਹਾਰਾਜ ਸ਼ੇਰ ਸਿੰਘ ਕੀਆ ਖੇਲ ਨਿਆਰਾ । ਖੇਲ ਪ੍ਰਭ ਕਾ ਕੋਈ ਨਾ ਜਾਣੇ । ਜੀਉ ਕਲਜੁਗ ਭਏ ਅੰਞਾਣੇ । ਪਾਪੀ ਭੁੱਜਣ ਜਿਉਂ ਦਾਣੇ । ਗੁਰਚਰਨ ਲਾਗ ਪਤਤ ਸੁਘੜ ਸਿਆਣੇ । ਮਹਾਰਾਜ ਸ਼ੇਰ ਸਿੰਘ ਸ਼ਬਦ ਅਨਰਾਗ, ਦਰ ਆਏ ਮੂਰਖ ਮੁਗਧ ਭਏ ਸਿਆਣੇ । ਸੋਹੰ ਸ਼ਬਦ ਕਲ ਆਤਮ ਜਾਗ, ਭਗਤ ਜਨਾਂ ਪ੍ਰਭ ਖੜ੍ਹਾ ਸਰਹਾਣੇ । ਆਪ ਵੇਖੇ ਗੁਰਸਿਖ ਪੇਖੇ, ਜੋਤ ਸਰੂਪ ਪ੍ਰਭ ਦਰਸ ਦਿਖਾਣੇ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਜੋਤ ਸਰੂਪ ਵਿਚ ਸਿੱਖ ਸਮਾਣੇ ।

੧੬੦
੦੧

❊ ੨੫ ਅੱਸੂ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਗੁਰਸਿਖ ਗੁਣ ਨਿਧਾਨ, ਗੁਰ ਆਪ ਪਛਾਣੇ । ਗੁਰਸਿਖ ਚਤੁਰ ਸੁਜਾਣ, ਚਲੇ ਗੁਰ ਕੇ ਭਾਣੇ । ਗੁਰਸਿਖ ਉਤਮ ਇਹ ਵਿਚਾਰ, ਜਗ ਹੋ ਰਹੇ ਨਿਮਾਣੇ । ਪ੍ਰਭ ਬਖਸ਼ੇ ਜੋਤ ਅਪਾਰ, ਕਾਇਆ ਕਪਟ ਜਲਾਣੇ । ਆਤਮ ਭਇਓ ਪ੍ਰਕਾਸ਼, ਦੀਨਾ ਬੰਧਪ ਕਲ ਬੰਦ ਕਟਾਣੇ । ਸਿਮਰੋ ਸਵਾਸ ਸਵਾਸ ਸਵਾਸ, ਸੋਹੰ ਸ਼ਬਦ ਜਗਤ ਪ੍ਰਧਾਨੇ । ਗੁਰਸੰਗਤ ਗੁਰਚਰਨ ਨਿਵਾਸ, ਜਨਮ ਅਮੋਲਕ ਕਲ ਸੁਫਲ ਕਰਾਣੇ । ਬੇਮੁਖ ਦਰ ਤੇ ਭਏ ਨਿਰਾਸ, ਦਰ ਦਰ ਦਰ ਕਲ ਧੱਕੇ ਖਾਣੇ । ਕੋਏ ਨਾ ਦੇਵੇ ਧਰਵਾਸ, ਗੇੜ ਚੁਰਾਸੀ ਪ੍ਰਭ ਨੇ ਪਾਣੇ, ਮਹਾਰਾਜ ਸ਼ੇਰ ਸਿੰਘ ਜਗਤ ਪ੍ਰਕਾਸ਼, ਘਨਕਪੁਰੀ ਜੋਤ ਜਗਾਣੇ ।

ਘਨਕਪੁਰੀ ਗੁਰ ਧਾਮ ਸੁਹਾਏ, ਉਨੀ ਸੌ ਉਨੱਤਰ ਬਿਕ੍ਰਮੀ ਲਿਖਾਈ, ਦੋ ਹਜ਼ਾਰ ਚਾਰ ਸਚ ਕਰਾਈ, ਹੁਕਮ ਪ੍ਰਭ ਕਾ ਸਤਿ ਵਰਤਾਣੇ । ਗੁਰਸਿਖ ਗੁਰ ਦੇ ਬੁਝਾਣੇ । ਬਿਨ ਸੂਝੇ ਕਿਸੇ ਸੂਝ ਨਾ ਆਏ, ਕਲਜੁਗ ਪ੍ਰਭ ਭੇਤ ਛੁਪਾਣੇ । ਰੰਗ ਨਾਮ ਚੜ੍ਹਾਏ, ਹੋਏ ਆਪ ਸਹਾਏ, ਗੁਰਸਿਖਾਂ ਪ੍ਰਭ ਆਪ ਪਛਾਣੇ । ਨਜ਼ਰ ਨਾ ਆਏ, ਜੋਤ ਸਰੂਪ ਬਚਨ ਲਿਖਾਏ, ਸੋਹੰ ਸ਼ਬਦ ਮੁਖ ਵਾਕ ਸੁਹਾਣੇ । ਸ਼ੇਰ ਸਿੰਘ ਨਾਮ ਰਖਾਏ, ਨਿਹਕਲੰਕ ਜਗਤ ਇਹ ਆਏ, ਗੁਰਸਿਖ ਬਾਹੋਂ ਪਕੜ ਤਰਾਣੇ । ਗੁਰਸਿਖ ਨਾਉਂ ਕਰ ਅਪਰ ਅਪਾਰਾ । ਗੁਰਸਿਖ ਨਾਉਂ ਮਿਲੇ ਪ੍ਰਭ ਨਿਰੰਕਾਰਾ । ਗੁਰਸਿਖ ਥਾਉਂ ਖੰਡ ਸਚ ਗੁਰਚਰਨ ਦਵਾਰਾ । ਗੁਰਸਿਖ ਜਾਓ ਸਦ ਸਦ ਸਦ ਬਲਿਹਾਰਾ । ਗੁਰਸਿਖ ਨਾਉਂ ਨਾਉਂ ਸੋਹੰ ਸ਼ਬਦ ਅਪਾਰਾ । ਗੁਰਸਿਖ ਨਾਉਂ ਲਗੇ ਜੋਤ ਆਤਮ ਜੋਤ ਅਧਾਰਾ । ਗੁਰਸਿਖ ਨਾਉਂ ਬੇਮੁਖਾਂ ਕਲ ਸ਼ਬਦ ਗੁਰ ਮਾਰਾ । ਗੁਰਸਿਖ ਨਾਉਂ ਬੇਮੁਖ ਡਾਲੇ ਅਗਨ ਦਵਾਰਾ । ਗੁਰਸਿਖ ਨਾਉਂ ਕਲਜੁਗ ਮਿਲੇ ਨਿਹਕਲੰਕ ਅਵਤਾਰਾ । ਗੁਰਸਿਖ ਨਾਉਂ ਮਹਾਰਾਜ ਸ਼ੇਰ ਸਿੰਘ ਗੁਰਸਿਖ ਪਿਆਰਾ । ਸੋਹੰ ਨਾਉਂ ਸ਼ਬਦ ਵਡਿਆਈ । ਸੋਹੰ ਨਾਉਂ ਭਗਤਨ ਦਾਤ, ਗੁਰ ਦਰ ਤੇ ਪਾਈ । ਸੋਹੰ ਨਾਉਂ ਰਸਨਾ ਜਪ, ਮਿਲੇ ਆਪ ਰਘੁਰਾਈ । ਸੋਹੰ ਨਾਉਂ ਗੁਰਚਰਨ ਲਾਗ, ਕਲ ਕੁਲ ਤਰਾਈ । ਸੋਹੰ ਨਾਉਂ ਸ਼ਬਦ ਸੁਰਤ ਸਿੱਖ ਸੋਝੀ ਪਾਈ । ਸੋਹੰ ਨਾਉਂ ਕਲਜੁਗ ਅਗਨ ਜਲਾਏ, ਆਤਮ ਸ਼ਾਂਤ ਦਿਵਾਈ । ਸੋਹੰ ਨਾਉਂ ਭਰਮ ਭਉ ਚੁਕਾਇਆ, ਬੁਝੀ ਦੀਪਕ ਵਿਚ ਦੇਹ ਜਗਾਈ । ਸੋਹੰ ਨਾਉਂ ਪ੍ਰਭ ਪਰਮੇਸ਼ਰ ਜੋਤ ਸਰੂਪ ਜਿਸ ਖੇਲ ਰਚਾਈ । ਸੋਹੰ ਸ਼ਬਦ ਪ੍ਰਭ ਕਾ ਨਾਉਂ, ਸਤਿਜੁਗ ਵਰਤੇ ਸਚ ਲਿਖਤ ਕਰਾਈ । ਸੋਹੰ ਨਾਉਂ ਅੰਮ੍ਰਿਤ ਮੇਰਾ ਬਰਖੇ, ਜੈ ਜੈ ਜੈਕਾਰ ਤੀਨ ਲੋਕ ਕਰਾਈ । ਸੋਹੰ ਨਾਉਂ ਜਪ ਪਰਮੇਸ਼ਰ ਪੁਰਖੇ, ਜਿਨ ਇਹ ਬਣਤ ਬਣਾਈ । ਸੋਹੰ ਨਾਉਂ ਜਗਤ ਜੁਗ ਵਰਤੇ, ਗਿਆਨ ਅੰਧੇਰ ਦੇਹ ਮਿਟਾਈ । ਸੋਹੰ ਨਾਉਂ ਬਾਣ ਜੁਗ ਲਾਗਾ, ਵਿਚ ਅਗਨ ਸ੍ਰਿਸ਼ਟ ਜਲਾਈ । ਸੋਹੰ ਨਾਉਂ ਜਪੇ ਭਗਤ ਵਡਭਾਗਾ, ਕਲਜੁਗ ਜਿਸ ਤੇ ਦਇਆ ਕਮਾਈ । ਸੋਹੰ ਨਾਉਂ ਸ਼ਬਦ ਅਨਰਾਗਾ, ਗੁਰਚਰਨ ਸੰਗ ਜਿਸ ਜੋੜ ਜੁੜਾਈ । ਗੁਰਸਿਖ ਕਲਜੁਗ ਵਡਭਾਗਾ, ਮਹਾਰਾਜ ਸ਼ੇਰ ਸਿੰਘ ਜਿਸ ਦਰਸ ਦਿਖਾਈ । ਬੇਮੁਖਾਂ ਜਨਮ ਦੁੱਖ ਲਾਗਾ, ਨਿਹਕਲੰਕ ਨਜ਼ਰ ਨਾ ਆਈ । ਗੁਰਸਿਖਾਂ ਗੁਰ ਦੇ ਵਡਿਆਈ, ਸਾਧ ਸੰਗਤ ਮਿਲ ਖੰਡ ਸਚ ਬਣਾਈ । ਜਿਥੇ ਪ੍ਰਗਟੇ ਆਪ ਵਡਭਾਗਾ, ਕਥਨ ਨਾ ਜਾਈ ਪ੍ਰਭ ਕੀ ਵਡਿਆਈ । ਅੰਤ ਕਾਲ ਕਲ ਨਹੀਂ ਸਤਾਏ, ਸੋਹੰ ਸ਼ਬਦ ਜਿਨ ਰਸਨਾ ਗਾਈ । ਗੁਰਸਿਖਾਂ ਦਰ ਠਾਂਡਾ ਮਾਣੇ, ਜਿਥੇ ਪੂਰਨ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਸਭ ਜਗਤ ਰਾਨਿਆ, ਗੁਰਸਿਖਾਂ ਪ੍ਰਭ ਹੋਏ ਸਹਾਈ ।

੧੬੧
੦੧

❊ ੨੬ ਅੱਸੂ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਪ੍ਰਭ ਪ੍ਰਗਟੇ ਜੋਤ ਪ੍ਰਕਾਸ਼ਾ । ਗੁਰਸਿਖ ਨਿਰਮਲ ਵਾਂਗ ਆਕਾਸ਼ਾ । ਕਲਜੁਗ ਦੀਉ ਸੋਹੰ ਧਰਵਾਸਾ । ਆਪਣਾ ਨਾਮ ਕੀਓ ਭਰਵਾਸਾ । ਗੁਰਸਿਖ ਗਾਇਨ ਮਿਲ ਰਸਨ ਸਵਾਸਾ । ਗੁਰਚਰਨ ਲਾਗ ਹੋਏ ਰਹਿਰਾਸਾ । ਗੁਰ ਪੂਰਾ ਸਦ ਨਿਮਸਕਾਰੇ, ਗੁਰਸਿਖ ਸਦ ਬਲ ਬਲ ਜਾਸਾ । ਖੰਡ ਬ੍ਰਹਿਮੰਡ ਪ੍ਰਭ ਦੇਵੇ ਦੰਡ, ਗੁਰਸਿਖ ਜੋਤ ਸਦਾ ਪ੍ਰਕਾਸ਼ਾ । ਕਲ ਉਲਟਾਏ ਸਰਬ ਮਾਣ ਗੁਆਏ, ਗੁਰਸਿਖਾਂ ਮਨ ਪ੍ਰਭ ਦਰਸ ਪਿਆਸਾ । ਚੁਰਾਸੀ ਗੇੜ

ਨਾ ਆਏ, ਮਹਾਰਾਜ ਸ਼ੇਰ ਸਿੰਘ ਵਿਚ ਜੋਤ ਮਿਲਾਏ, ਸਾਧ ਸੰਗਤ ਪ੍ਰਭ ਸਦ ਹੈ ਵਾਸਾ । ਸਾਧ ਸੰਗਤ ਰਸਨਾ ਹਰਿ ਗੁਣ ਗਾਵੇ । ਸਾਧ ਸੰਗਤ ਹਰਿ ਕਲ ਪੈਜ ਰਖਾਵੇ । ਸਾਧ ਸੰਗਤ ਸਿਰ ਨਿਰਭੈ ਹੱਥ ਟਿਕਾਵੇ । ਸਾਧ ਸੰਗਤ ਪ੍ਰਗਟ ਹੋ ਪ੍ਰਭ ਦਰਸ ਦਿਖਾਵੇ । ਸਾਧ ਸੰਗਤ ਆਤਮ ਪ੍ਰਕਾਸ਼, ਸੋਹੰ ਸ਼ਬਦ ਰਸਨਾ ਗਾਵੇ । ਸਾਧ ਸੰਗਤ ਸਦ ਅਬਿਨਾਸ਼, ਅੰਤਕਾਲ ਜਮ ਨੇੜ ਨਾ ਆਵੇ । ਸਾਧ ਸੰਗਤ ਸਦਾ ਸੁਖ ਵਾਸ, ਖੰਡ ਧਾਮ ਗੁਰਚਰਨ ਬਣਾਵੇ । ਸਾਧ ਸੰਗਤ ਨਾ ਹੋਵੇ ਵਿਨਾਸ਼, ਨਿਹਕਲੰਕ ਜੋਤ ਪ੍ਰਗਟਾਵੇ । ਸਾਧ ਸੰਗਤ ਪ੍ਰਭ ਹੈ ਵਾਸ, ਪ੍ਰਗਟ ਹੋਵੇ ਦਰਸ ਦਿਖਾਵੇ । ਸਾਧ ਸੰਗਤ ਪ੍ਰਭ ਕਾ ਵਾਸ, ਮਹਾਰਾਜ ਸ਼ੇਰ ਸਿੰਘ ਨਜ਼ਰੀ ਆਵੇ । ਜੋਤ ਪ੍ਰਗਟਾਵੇ ਦਰਸ ਦਿਖਾਵੇ, ਗੁਰਮੁਖਾਂ ਇਹ ਬੂਝ ਬੁਝਾਵੇ । ਖੇਲ ਰਚਾਵੇ ਕਹਿਰ ਵਰਤਾਵੇ । ਸ੍ਰਿਸ਼ਟ ਅਗਨ ਸ਼ਬਦ ਜਲਾਵੇ । ਦੇਹ ਤਜਾਏ ਜੋਤ ਸਰੂਪ ਹੋ ਜਾਵੇ । ਪ੍ਰਗਟ ਹੋ ਦਰਸ ਦਿਖਾਵੇ । ਨਿਰੰਕਾਰ ਨਿਰਵੈਰ ਸਦਾਵੇ । ਜੋਤ ਨਿਰੰਜਣ ਜਗਤ ਭੁਲਾਵੇ । ਬੈਠ ਅਡੋਲ ਸਰਬ ਰਿਹਾ ਸਮਾਏ । ਗਿਆ ਵਕਤ ਫਿਰ ਹੱਥ ਨਾ ਆਏ । ਬੇਮੁਖ ਜੀਵ ਅਗਨ ਜਲਾਏ । ਗੁਰਸਿਖ ਤਰਾਏ ਗੁਰ ਦਰ ਤੇ ਆਏ । ਜਨਮ ਜਨਮ ਪ੍ਰਭ ਰੋਗ ਮਿਟਾਏ । ਰੋਗ ਗਵਾਏ ਕਾਇਆ ਕਪਟ ਵਿਹਾਏ । ਮਦਿ ਮਾਸੀ ਕੋਈ ਠੌਹਰ ਨਾ ਪਾਏ । ਗੁਰਮੁਖਾਂ ਨਾਮ ਨਿਧਾਨ ਦਿਵਾਏ । ਅੰਮ੍ਰਿਤ ਬੂੰਦ ਕਵਲ ਮੇਂ ਪਾਏ । ਅਨਹਦ ਸ਼ਬਦ ਮਨ ਧੁਨ ਵਜਾਏ । ਆਤਮ ਪ੍ਰਕਾਸ਼ੇ ਹਉਮੇ ਰੋਗ ਗਵਾਏ । ਦੁਬਦਾ ਨਾਸੇ ਇਕ ਰੰਗ ਹੋ ਜਾਏ । ਵੇਦ ਚਾਰ ਵਿਨਾਸੇ, ਸੋਹੰ ਸ਼ਬਦ ਪ੍ਰਕਾਸ਼ੇ, ਨਿਹਕਲੰਕ ਭਗਵਾਨ ਅਖਵਾਏ । ਗੁਰਸਿਖ ਗੁਰਚਰਨ ਭਰਵਾਸੇ, ਕਲਜੁਗ ਅਗਨ ਸ਼ਾਂਤ ਕਰਾਏ । ਬੇਮੁਖ ਵਿਨਾਸੇ ਜਨਮ ਮਾਨਸ ਗਵਾਇਆ ਵਿਚ ਹਾਸੇ, ਮਹਾਰਾਜ ਸ਼ੇਰ ਸਿੰਘ ਨਜ਼ਰ ਨਾ ਆਏ । ਬੈਠਾ ਆਪ ਅਤੋਲ, ਜਗਤ ਜਿਨ ਤੋਲਿਆ । ਬੈਠਾ ਆਪ ਅਡੋਲ, ਜਗਤ ਸਭ ਡੋਲਿਆ । ਬੈਠਾ ਕਰੇ ਕਲੋਲ, ਜਗਤ ਸਭ ਰੋਲਿਆ । ਪ੍ਰਭ ਕੇ ਬਚਨ ਅਨਮੋਲ, ਕਲਜੁਗ ਜਿਸ ਖੋਹ ਲਿਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਛਡ ਦੇਹ ਜੋਤ ਸਰੂਪ ਹੋ ਬੋਲਿਆ । ਜੋਤ ਦੇਹ ਦੇਹ ਜੋਤ ਨਿਆਰੀ । ਈਸ਼ਰ ਜੋਤ ਸਭ ਸ੍ਰਿਸ਼ਟ ਆਕਾਰੀ । ਜੀਵ ਦੇਹ ਦੇਹ ਜੀਵ ਨਿਰਾਧਾਰੀ । ਈਸ਼ਰ ਜੋਤ ਕਰੇ ਜਗਤ ਖ਼ੁਆਰੀ । ਭਗਤ ਜਨਾਂ ਪ੍ਰਭ ਪੈਜ ਸਵਾਰੀ । ਕਲਜੁਗ ਪ੍ਰਗਟਿਓ ਮਹਾਰਾਜ ਸ਼ੇਰ ਸਿੰਘ ਨਿਰੰਕਾਰੀ । ਕਲਜੁਗ ਪ੍ਰਗਟੇ ਆਪ ਨਿਰੰਕਾਰ । ਸ੍ਰਿਸ਼ਟ ਵਗਾਏ ਜਿਉਂ ਜਲ ਕੀ ਧਾਰ । ਕੋਈ ਨਾ ਸਹਾਏ ਹੋਏ ਸ਼ਬਦ ਕੀ ਮਾਰ । ਬਚਨ ਲਿਖਾਏ ਕਲ ਲੈ ਅਵਤਾਰ । ਜੁਗ ਚਾਰ ਸ਼ਬਦ ਸੋਹੰ ਸਿਕਦਾਰ । ਭਗਤ ਜਨ ਸੋਹਨ ਹਰਿ ਕੇ ਦਵਾਰ । ਬੇਮੁਖ ਖਾਇਨ ਜਮ ਕੀ ਮਾਰ । ਭਗਤ ਜਨਾਂ ਪ੍ਰਭ ਪੈਜ ਸਵਾਰ । ਬੇਮੁਖ ਡਾਰੇ ਨਰਕ ਮਝਾਰ । ਗੁਰਸਿਖ ਉਧਰੇ ਕਲਜੁਗ ਪਾਰ । ਮਦਿ ਮਾਸੀ ਹੋਏ ਜਗਤ ਖੁਆਰ । ਕੋਏ ਨਾ ਜਾਣੇ ਪ੍ਰਭ ਪੂਰਨ ਅਵਤਾਰ । ਮਹਾਰਾਜ ਸ਼ੇਰ ਸਿੰਘ ਸਚ ਸਿਰਜਨਹਾਰ । ਸਰਬ ਸ੍ਰਿਸ਼ਟ ਕਾ ਪ੍ਰਭ ਆਪ ਗਿਆਤਾ । ਸਰਬ ਜੀਵ ਪ੍ਰਭ ਜੋਤ ਜਗਾਤਾ । ਕੋਈ ਨਾ ਜਾਣੇ ਪ੍ਰਭ ਹਰਿ ਰੰਗ ਰਾਤਾ । ਮਹਾਰਾਜ ਸ਼ੇਰ ਸਿੰਘ ਕਲ ਗੁਰਸਿਖ ਪਛਾਤਾ । ਸੋ ਬੂਝੇ ਜਿਸ ਬੂਝ ਬੁਝਾਏ । ਸੋ ਬੂਝੇ ਜਿਸ ਦਰਸ ਦਿਖਾਏ । ਸੋ ਬੂਝੇ ਜਿਸ ਅਗਿਆਨ ਅੰਧੇਰ ਮਿਟਾਏ । ਸੋ ਬੂਝੇ ਜਿਸ ਜੋਤ ਸਰੂਪ ਪ੍ਰਭ ਦਰਸ ਦਿਖਾਏ । ਸੋ ਬੂਝੇ ਜਿਸ ਹਉਮੇ ਰੋਗ ਗਵਾਏ । ਸੋ ਬੂਝੇ ਜਿਸ ਕਰ ਕਿਰਪਾ ਪ੍ਰਭ ਸ਼ਰਨੀ ਲਾਏ । ਸੋ ਬੂਝੇ ਜਿਸ ਸਾਧ ਸੰਗਤ ਮਿਲ ਹਰਿ ਗੁਣ ਗਾਏ । ਸੋ ਬੂਝੇ ਜਿਤ ਸਿਰ ਪ੍ਰਭ ਹੱਥ ਟਿਕਾਏ । ਘਰ ਦਰ ਦਰ ਘਰ ਸਾਚਾ ਸੂਝੇ, ਗੁਰਚਰਨ ਲਾਗ ਜੋ ਸੀਸ ਝੁਕਾਏ । ਸੋ ਬੂਝੇ ਜਿਸ ਮਹਾਰਾਜ ਸ਼ੇਰ

ਸਿੰਘ ਸੋਝੀ ਪਾਏ । ਗੁਰਸਿਖ ਜਾਣੇ ਪ੍ਰਭ ਅੰਤਰਜਾਮੀ । ਗੁਰਸਿਖ ਜਾਣੇ ਪ੍ਰਗਟ ਭਇਓ ਆਪ ਪ੍ਰਭ ਸਵਾਮੀ । ਗੁਰਸਿਖ ਜਾਣੇ ਪ੍ਰਭ ਪ੍ਰਮੇਸ਼ਵਰ ਸਦਾ ਸਿਕਦਾਰੀ, ਬੇਮੁਖ ਨਾ ਜਾਣੇ ਨਾ ਬੂਝੇ ਕਾਮੀ । ਬੇਮੁਖ ਨਾ ਜਾਣੇ ਕਲਜੁਗ ਆਇਆ ਮਹਾਰਾਜ ਸ਼ੇਰ ਸਿੰਘ ਸਰਬ ਕਾ ਸਵਾਮੀ । ਗੁਰਸਿਖ ਮੰਗ ਮਨ ਹਰਿ ਕਾ ਰੰਗ । ਗੁਰਸਿਖ ਮੰਗ ਸਦ ਗੁਰਚਰਨ ਕਾ ਸੰਗ । ਗੁਰਸਿਖ ਮੰਗ ਜਰਮ ਏ ਮਾਣਸ ਹੋਏ ਨਾ ਭੰਗ । ਗੁਰਸਿਖ ਮੰਗ ਗੁਰ ਦਰ ਸ਼ਬਦ ਸੋਹੰ । ਗੁਰਸਿਖ ਮੰਗ ਮਹਾਰਾਜ ਸ਼ੇਰ ਸਿੰਘ ਚਰਨ ਕਾ ਸੰਗ । ਚਰਨਕਵਲ ਜਿਸ ਸੰਗ ਬਣ ਆਏ । ਚਰਨ ਕਵਲ ਵਾਂਗ ਕਵਲ ਖੁਲ੍ਹਾਏ । ਜਗਤ ਸਾਗਰ ਗੁਰਸਿਖ ਵਿਚ ਕਵਲ ਤਰਾਏ । ਸ੍ਰਿਸ਼ਟ ਮਿਟ ਜਾਏ ਗੁਰਸਿਖ ਨਾਉਂ ਰਹਾਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਸੋਹੰ ਦੇ ਗਿਆਨ ਸਿੱਖਾਂ ਦੀ ਪੈਜ ਰਖਾਏ । ਗੁਰਸਿਖਾਂ ਗੁਰ ਮਾਣ ਦਿਵਾਏ । ਸਤਿਜੁਗ ਸਾਚਾ ਪ੍ਰਭ ਦੇ ਵਖਾਏ । ਬਿਨ ਸਿੱਖਾਂ ਕੋਈ ਰਹਿਣ ਨਾ ਪਾਏ । ਜੋਤ ਸਰੂਪ ਕਲ ਕਹਿਰ ਵਰਤਾਏ । ਜੋਤ ਅਗਨ ਸੀਤਲ ਹੈ ਜੀਆ, ਜੋਤ ਅਗਨ ਰਲ ਜਾਏ । ਸੋਹੰ ਸ਼ਬਦ ਜਪੋ ਹੋਏ ਮੁਕਤਾ, ਮਹਾਰਾਜ ਸ਼ੇਰ ਸਿੰਘ ਵਿਚ ਸਮਾਏ ।

❊ ੨੭ ਅੱਸੂ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਕਲਜੁਗ ਪ੍ਰਗਟਿਆ ਨਰ ਲੈ ਅਵਤਾਰਾ । ਚਾਰ ਕੂਟ ਜੋਤ ਚਮਤਕਾਰਾ । ਤੀਨ ਲੋਕ ਜਸ ਹੋਏ ਹਮਾਰਾ । ਮਾਤਲੋਕ ਹੋਏ ਅੰਧ ਅੰਧਿਆਰਾ । ਬੇਮੁਖ ਕਰ ਨਰਕ ਦਵਾਰਾ । ਗੁਰਸਿਖਾਂ ਮਿਲਿਆ ਹਰਿ ਬਨਵਾਰਾ । ਕਲਜੁਗ ਕੀਓ ਜਿਨ ਪਾਰ ਉਤਾਰਾ । ਮਹਾਰਾਜ ਸ਼ੇਰ ਸਿੰਘ ਪ੍ਰਗਟਿਓ ਕਲ ਨਿਹਕਲੰਕ ਅਵਤਾਰਾ । ਨਿਹਕਲੰਕ ਨੇਹੁ ਨਾ ਤੋੜੇ । ਗੁਰਸਿਖ ਦਰ ਤੇ ਸੰਗ ਚਰਨ ਪ੍ਰਭ ਜੋੜੇ । ਬੇਮੁਖ ਕੂਕਰ ਸੂਕਰ ਗਰਭ ਜੂਨ ਮੇਂ ਰੋੜ੍ਹੇ । ਅੰਤਕਾਲ ਕਲ ਆਪ ਪ੍ਰਭ ਪ੍ਰਗਟ, ਪਾਪੀ ਜੀਵ ਨਾ ਚਰਨੀਂ ਜੋੜੇ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਦਰ ਆਇਆ ਨਾ ਖ਼ਾਲੀ ਮੋੜੇ । ਗੁਰ ਦਰ ਸਾਚਾ ਦਰਬਾਰਾ । ਪ੍ਰਗਟੀ ਜੋਤ ਨਿਹਕਲੰਕ ਅਵਤਾਰਾ । ਸਾਧ ਸੰਗਤ ਪ੍ਰਭ ਵਿਚ ਪਾਤਾਲ ਆਕਾਸ਼ ਮਾਤ ਸੰਗ ਦੇਵੇ ਸਿੱਖ ਸਹਾਰਾ । ਨਾਉਂ ਨਾਮ ਨਿਧਾਨ ਗੁਰ ਦੇ ਕੇ, ਸੋਹੰ ਸ਼ਬਦ ਗੁਰਸਿਖਾਂ ਨਾਮ ਪਿਆਰਾ । ਸਾਧ ਸੰਗਤ ਦਰ ਘਰ ਸੂਝਿਆ, ਜਿਥੇ ਵਸਿਆ ਆਪ ਨਿਰੰਕਾਰਾ । ਗੁਰਸਿਖਾਂ ਪ੍ਰਭ ਪੂਰਨ ਬੂਝਿਆ, ਦੇਵੇ ਦਰਸ ਆਪ ਨਿਰਾਧਾਰਾ । ਦਰਸ਼ਨ ਪਾਏ ਦੁਖ ਰੋਗ ਗਵਾਏ, ਮਿਲੇ ਸ਼ਾਹੁ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਆਪ ਪ੍ਰਭ ਠਾਕਰ, ਜਿਸ ਨੇ ਪਸਰਿਆ ਸ਼੍ਰਿਸਟ ਪਸਾਰਾ । ਸਰਬ ਪਸਾਰ ਪ੍ਰਭ ਕਾ ਜਾਣੋ । ਸਰਬ ਆਕਾਰ ਈਸ਼ਰ ਮਾਨੋ । ਸਰਬ ਵਿਕਾਰ ਚਲੇ ਬਿਨ ਵਿਸ਼ਨੂੰ ਭਗਵਾਨੋ । ਸਰਬ ਅਹਾਰ ਦੇਵੇ, ਨਾ ਬੂਝੇ ਜੀਵ ਨਿਧਾਨੋ । ਹੋਏ ਮਿਹਰਵਾਨ ਆਪ ਪਰਮੇਸ਼ਰ, ਖਾਲੀ ਨਾ ਜਾਏ ਕੋਈ ਦਰ ਸੁਲਤਾਨੋ । ਨਿਹਕਲੰਕ ਲੈ ਅਵਤਾਰ, ਸੋਹੰ ਦੇਵੇ ਬ੍ਰਹਮ ਗਿਆਨੋ । ਭਗਤ ਜਨਾਂ ਹਰਿ ਦਰਸ਼ਨ ਦੇਵੇ, ਐਸਾ ਹਰਿ ਜੀ ਰਸਨ ਬਖਾਨੋ । ਆਪ ਕਰਨਹਾਰ ਪ੍ਰਭ ਠਾਕਰ, ਏਸ ਸਮਾਨ ਕੋਈ ਹੋਰ ਨਾ ਮਾਨੋ । ਜਾਂਹ ਦੇਖੋ ਤਾਂਹ ਪ੍ਰਭ ਹਾਜ਼ਰ, ਗੁਰਪ੍ਰਸਾਦ ਗੁਰ ਭੋਗ ਲਗਾਨੋ । ਦੁਖ ਵਿਨਾਸ ਕਰੇ ਗੁਣਤਾਸ, ਪ੍ਰਭ ਕਾ ਨਾਉਂ ਸ਼ਬਦ ਸਚ ਜਾਨੋ । ਮਹਾਰਾਜ ਸ਼ੇਰ ਸਿੰਘ ਜਗਤ ਪ੍ਰਕਾਸਿਆ, ਨਜ਼ਰ ਨਾ ਆਵੇ ਗੁਣ ਨਿਧਾਨੋ ।

ਜਗਤ ਉਪਾਏ ਜੀਵ ਜੰਤ ਰਹਾਏ, ਕਿਸੇ ਨਜ਼ਰ ਨਾ ਆਨਿਆਂ । ਮਾਇਆ ਜਗਤ ਖਾਏ, ਕਹਿਰ ਗੁਰ ਵਰਤਾਏ, ਕੋਏ ਨਾ ਜਾਣੇ ਗੁਰ ਕੇ ਭਾਣਿਆਂ । ਨਿਹਕਲੰਕ ਅਖਵਾਏ, ਮਦਿ ਮਾਸੀ ਖਪਾਏ, ਭੁੱਲੀ ਸ੍ਰਿਸ਼ਟ ਜਿਉਂ ਅੰਞਾਣਿਆਂ । ਹਰਿ ਨਾਮ ਜਪਾਏ, ਗੁਰਸਿਖ ਤਰਾਏ, ਦਰ ਸਚ ਪਛਾਣਿਆਂ । ਸਾਧ ਸੰਗਤ ਬਖ਼ਸ਼ਾਏ, ਪਤਤ ਪਾਪੀ ਜੋ ਦਰ ਤੇ ਆਏ, ਸੋਹੰ ਸ਼ਬਦ ਚਲੇ ਗੁਰ ਬਾਨਿਆ । ਸਤਿਜੁਗ ਸਤਿ ਵਰਤਾਏ, ਗੁਰਸਿਖਾਂ ਪ੍ਰਭ ਹੋਏ ਸਹਾਏ, ਅਗਨ ਕਲੂ ਵਿਚ ਆਪ ਰਖਾਣਿਆਂ । ਸੋਹੰ ਸ਼ਬਦ ਚਲਾਏ, ਭਗਤ ਜਨਾਂ ਮੁਖ ਰਖਾਏ, ਦੇਵੇ ਨਾਉਂ ਆਪ ਨਿਧਾਨਿਆਂ । ਮਹਾਰਾਜ ਸ਼ੇਰ ਸਿੰਘ ਨਾਉਂ ਰਖਾਏ, ਕਲਜੁਗ ਪ੍ਰਗਟ ਜੁਗ ਸਤਿ ਚਲਾਏ, ਪ੍ਰਭ ਕੀ ਜੋਤ ਸਦ ਆਵਣ ਜਾਣਿਆਂ । ਗਗਨ ਅਗਨ ਜਗਤ ਲਗਨ, ਮੁਖ ਵਾਕ ਕਰਤਾਰਾ । ਮਗਨ ਦਗਨ ਜਗਤ ਨਗਨ, ਗੁਰ ਪੂਰਾ ਜਿਨ੍ਹਾਂ ਮਨ ਵਿਸਾਰਾ । ਭਗਤ ਮਗਨ ਸੰਗ ਜੋਤ ਜਗਨ, ਕਰੇ ਆਪ ਜੋਤ ਚਮਤਕਾਰਾ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਰੇ ਖੇਲ ਅਪਰ ਅਪਾਰਾ । ਅਪਰ ਅਪਾਰ ਪ੍ਰਭ ਅੰਤਰਜਾਮੀ । ਨਿਜ ਘਰ ਵਸਿਆ ਸਰਬ ਕਾ ਸਵਾਮੀ । ਕਲਜੁਗ ਜੀਵ ਸਰਬ ਨਿਹਕਾਮੀ । ਮਹਾਰਾਜ ਸ਼ੇਰ ਸਿੰਘ ਆਪ ਪ੍ਰਕਾਸ਼ੀ, ਗੁਰਸਿਖ ਚਰਨ ਲਾਗ ਮੇਰੇ ਪਰੇ ਪਾਰਗਰਾਮੀ । ਪਾਰਗਰਾਮ ਗੁਰਸਿਖਾਂ ਪਾਇਆ । ਜਿਥੇ ਜੋਤ ਪ੍ਰਭ ਸਦ ਰੁਸ਼ਨਾਇਆ । ਬਿਨ ਬਾਤੀ ਬਿਨ ਤੇਲ ਦੀਪਕ ਜੋਤ ਜਗਾਇਆ । ਗੁਰਸਿਖਾਂ ਉਹ ਗਰਾਮ, ਜਿਥੇ ਪ੍ਰਭ ਆਪਣਾ ਆਪ ਉਪਾਇਆ । ਕਲਜੁਗ ਮਿਲਿਆ ਆਪ ਘਰ ਸ਼ਾਮ ਨਿਹਕਲੰਕ ਅਖਵਾਇਆ । ਗੁਰਸਿਖ ਨਾ ਖਾਏ ਕਾਲ, ਅੰਤਕਾਲ ਸੰਗ ਜੋਤ ਮਿਲਾਇਆ । ਪ੍ਰਭ ਕਾ ਰੂਪ ਅਗੰਮ, ਵਿਚ ਸਰਬ ਜੀਵ ਰਹਾਇਆ । ਗੁਰਸਿਖ ਦੇਵੇ ਮਾਣ ਮਹਾਰਾਜ ਸ਼ੇਰ ਸਿੰਘ, ਜਨਮ ਮਰਨ ਦਾ ਗੇੜ ਮੁਕਾਇਆ । ਗਰਭ ਜੂਨ ਗੁਰਸਿਖ ਨਾ ਆਏ । ਪ੍ਰਭ ਜੋਤ ਸਰੂਪ ਸਿੱਖ ਵਿਚ ਜੋਤ ਮਿਲਾਏ । ਬੈਠ ਆਪ ਅਡੋਲ, ਤੀਨ ਲੋਕ ਹਿਲਾਏ । ਗੁਰਸਿਖ ਉਧਰੇ ਪਾਰ, ਜਿਨਾਂ ਪ੍ਰਭ ਦਰਸ ਦਿਖਾਏ । ਕਲ ਨਾ ਹੋਏ ਖ਼ੁਆਰ, ਜਿਨ੍ਹਾਂ ਸੰਗ ਚਰਨ ਮਿਲਾਏ । ਸਤਿਜੁਗ ਹੋਏ ਆਧਾਰ, ਸਤਿ ਪੁਰਖ ਗੁਰਸਿਖ ਰਹਿ ਜਾਏ । ਮਹਾਰਾਜ ਸ਼ੇਰ ਸਿੰਘ ਮਾਣ ਦਿਵਾਇਆ, ਬਚਨ ਰਸਨਾ ਆਪ ਲਿਖਾਏ । ਈਸ਼ਰ ਰਸਨਾ ਰਸ ਰਸਾਇਣ । ਗੁਰਸਿਖ ਕਲਜੁਗ ਭਗਤ ਨਰਾਇਣ । ਬਿਨ ਸਿੱਖਾਂ ਦੁੱਖੀ ਜੀਵ ਸਰਬ ਹਿੰਦਵੈਣ । ਅੰਤਕਾਲ ਗੁਰ ਦਰਸ਼ਨ ਪਾਏ, ਚਰਨ ਲਾਗ ਜੋ ਸੀਸ ਨਿਵਾਇਣ । ਸੋਹੰ ਸ਼ਬਦ ਸਰਬ ਕਾ ਦਾਤਾ, ਉਤਰੇ ਪਾਰ ਜੋ ਰਸਨ ਗਾਇਣ । ਮਹਾਰਾਜ ਸ਼ੇਰ ਸਿੰਘ ਭਇਓ ਗਿਆਤਾ, ਚਾਰ ਜੁਗ ਭੇਤ ਖੁਲ੍ਹਾਇਣ । ਨਿਹਕਲੰਕ ਸਰਬ ਸੁਖ ਦਾਤਾ, ਗੁਰਮੁਖ ਵਿਰਲੇ ਕੋਈ ਪਾਇਣ ।

੧੬੪
੦੧

❊ ੨੬ ਅੱਸੂ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਸ਼ਰਧਨ ਕੀ ਪ੍ਰਭ ਸ਼ਰਧਾ ਪੂਰੇ । ਸਦ ਅਬਿਨਾਸ਼ ਸੰਗ ਸਿੱਖ ਹਜ਼ੂਰੇ । ਕਰਮ ਵਿਗਾਸ ਸਦ ਅਨਹੱਦ ਤੂਰੇ । ਹੋਏ ਵਿਨਾਸ ਜਗਤ ਕੇ ਸੂਰੇ । ਸਰਬ ਗੁਣਤਾਸ ਸਰਬ ਭਰਪੂਰੇ । ਮਹਾਰਾਜ ਸ਼ੇਰ ਸਿੰਘ ਕਰ ਦਰਸ ਉਤਰੇ ਸਗਲ ਵਸੂਰੇ । ਕਾਇਆ ਕੋਟ ਪ੍ਰਭ ਆਪ ਸਵਾਰਿਆ । ਕੰਚਨ ਕੰਚਨ ਕਰ ਨਿਹਕੰਟਕ ਮਾਰਿਆ । ਅੰਚਨ ਅੰਚਨ ਅੰਚਨ ਸ਼ਬਦ ਗੁਰ ਸਾੜਿਆ । ਮਹਾਰਾਜ ਸ਼ੇਰ ਸਿੰਘ ਪ੍ਰਭ ਕਿਰਪਾਲਾ, ਗੁਰਸਿਖਾਂ ਜਿਸ ਦੁੱਖ ਨਿਵਾਰਿਆ ।

ਦੁੱਖ ਨਿਵਾਰੇ ਆਪ ਪ੍ਰਭ ਕਰਤਾ । ਕਾਜ ਸਵਾਰੇ ਸਰਬ ਦੁੱਖ ਹਰਤਾ । ਚਰਨ ਲਾਗ ਜੀਵ ਜਮ ਡੰਡ ਨਾ ਭਰਤਾ । ਮਹਾਰਾਜ ਸ਼ੇਰ ਸਿੰਘ ਕਲ ਪ੍ਰਗਟਿਓ ਕਰਤਾ । ਕਲਜੁਗ ਅੰਤ ਜੋਤ ਪ੍ਰਕਾਸ਼ੀ । ਤੀਨ ਲੋਕ ਸਰਬ ਪ੍ਰਲੋਕ ਪ੍ਰਭ ਚਰਨ ਕੇ ਦਾਸੀ । ਕਰਨਹਾਰ ਆਪ ਪ੍ਰਭ ਕਰਤਾ, ਦੁਖੀ ਜੀਵ ਕਰੇ ਬੰਦ ਖ਼ਲਾਸੀ । ਦੁਸ਼ਟ ਸੰਘਾਰ ਸਰਬ ਕਾ ਧਰਤਾ, ਤਿਸ ਸਾਹਿਬ ਕੇ ਬਲ ਬਲ ਜਾਸੀ । ਨਿਹਕਲੰਕ ਆਪ ਦੁੱਖ ਹਰਤਾ, ਮਹਾਰਾਜ ਸ਼ੇਰ ਸਿੰਘ ਪ੍ਰਗਟਿਆ ਅਬਿਨਾਸ਼ੀ । ਸੋਹੰ ਨਾਉਂ ਉਤਮ ਗਿਆਨਾ । ਸੋਹੰ ਨਾਉਂ ਜਪ ਸਰਬ ਸੁਖ ਮਾਨਾ । ਸੋਹੰ ਨਾਉਂ ਜਪ ਮਿਲੇ ਵਿਸ਼ਨੂੰ ਭਗਵਾਨਾ । ਸੋਹੰ ਨਾਉਂ ਮਹਾਰਾਜ ਸ਼ੇਰ ਸਿੰਘ ਦੇਵੇ ਉਤਮ ਗਿਆਨਾ । ਜੀਵ ਜੰਤ ਪ੍ਰਭ ਕਾ ਵਾਸ । ਜੋਤ ਸਰੂਪ ਸਰਬ ਪ੍ਰਕਾਸ਼ । ਬੇਮੁਖ ਕਲ ਹੋਏ ਵਿਨਾਸ । ਗੁਰਸਿਖ ਉਧਰੇ ਗੁਰਚਰਨ ਪਾਸ । ਮਹਾਰਾਜ ਸ਼ੇਰ ਸਿੰਘ ਭਗਤਨ ਦਾਸ । ਭਗਤਨ ਦੇਵੇ ਆਪ ਵਡਿਆਈ । ਕਲਜੁਗ ਆਣ ਹੋਇਓ ਸਹਾਈ । ਸ਼ਬਦ ਸਰੂਪ ਪ੍ਰਭ ਸ੍ਰਿਸ਼ਟ ਜਲਾਈ । ਖੰਡ ਸਚ ਸਚ ਵਸੇ ਰਘੁਰਾਈ । ਪ੍ਰਭ ਸਰੂਪ ਕਾ ਕੋਈ ਭੇਵ ਨਾ ਪਾਈ । ਕਲਜੁਗ ਕੀਓ ਕਾਲ, ਸਤਿਜੁਗ ਸਤਿਗੁਰ ਮਨੀ ਸਿੰਘ ਜੋਤ ਜਗਾਈ । ਹੋਏ ਚੰਨਣ ਪ੍ਰਭਾਸ, ਸਾਧ ਸੰਗਤ ਗੁਰ ਚਰਨ ਮਹਿਕਾਈ । ਮਹਾਰਾਜ ਸ਼ੇਰ ਸਿੰਘ ਸਦ ਬਲ ਜਾਸ, ਗੁਰਸਿਖਾਂ ਦੇਵੇ ਵਡਿਆਈ । ਗੁਰਸਿਖ ਉਧਰੇ ਪਾਰ, ਜਨਮ ਮਰਨ ਸਵਾਰਿਆ । ਗੁਰਸਿਖ ਉਧਰੇ ਪਾਰ, ਸੋਹੰ ਸ਼ਬਦ ਜਿਨ੍ਹਾਂ ਰਿਦੇ ਚਿਤਾਰਿਆ । ਗੁਰਸਿਖ ਉਧਰੇ ਪਾਰ, ਪ੍ਰਭ ਅਬਿਨਾਸ਼ ਜਿਨ ਘਰ ਮਹਿ ਪਾ ਲਿਆ । ਗੁਰਸਿਖ ਹੋਏ ਰਹਿਰਾਸ, ਸੋਹੰ ਸ਼ਬਦ ਇਕ ਰਸਨਾ ਗਾ ਲਿਆ । ਹੋਏ ਜੋਤ ਪ੍ਰਕਾਸ਼ ਮਹਾਰਾਜ ਸ਼ੇਰ ਸਿੰਘ ਜਿਸ ਨਾਮ ਧਿਆ ਲਿਆ । ਪ੍ਰਭ ਕਾ ਨਾਉਂ ਜਗਤ ਉਜਾਗਰ । ਸੋਹੰ ਸ਼ਬਦ ਦੇਵੇ ਭਗਤ ਗੁਰ ਸਾਗਰ । ਜਪੇ ਰਸਨਾ ਭਰੇ ਤਨ ਗਾਗਰ । ਮਹਾਰਾਜ ਸ਼ੇਰ ਸਿੰਘ ਕਰੇ ਕਰਮ ਨਿਰਮਲ ਉਜਾਗਰ । ਸਤਿਜੁਗ ਲਾਗੇ ਸਚ ਸ਼ਬਦ ਸੋਹੰ ਚਾਲੇ । ਸਤਿਜੁਗ ਲਾਗੇ ਸਚ ਮਨੀ ਸਿੰਘ ਮਿਲੇ ਦੀਨ ਦਿਆਲੇ । ਸਤਿਜੁਗ ਲਾਗੇ ਸਚ ਗੁਰਸਿਖਾਂ ਪ੍ਰੀਤ ਗੁਰਚਰਨ ਸਮਾਲੇ । ਸਤਿਜੁਗ ਲਾਗੇ ਸਚ ਗੁਰ ਪੂਰਾ ਕੋਈ ਗੁਰਮੁਖ ਪਾ ਲੇ । ਸਤਿਜੁਗ ਲਾਗੇ ਸਚ ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਆਪ ਵਖਾਲੇ । ਦੇ ਦਰਸ ਪ੍ਰਭ ਮਾਣ ਗਵਾਏ । ਦੇ ਦਰਸ ਪ੍ਰਭ ਜੋਤ ਜਗਾਏ । ਦੇ ਦਰਸ ਕਾਇਆ ਕੋਟ ਕੁਕਰਮ ਗਵਾਏ । ਦੇ ਦਰਸ ਪ੍ਰਭ ਸਰਬ ਰੋਗ ਗਵਾਏ । ਦੇ ਦਰਸ ਪ੍ਰਭ ਸੰਸਾ ਰੋਗ ਚੁਕਾਏ । ਦੇ ਦਰਸ ਪ੍ਰਭ ਸੋਹੰ ਸ਼ਬਦ ਗਿਆਨ ਦਿਵਾਏ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਕਲ ਹੋਏ ਸਹਾਏ । ਕਲ ਲੈ ਅਵਤਾਰ ਜਗਤ ਸੰਘਾਰਿਆ । ਕਲ ਲੈ ਅਵਤਾਰ, ਜੋਤ ਸਰੂਪ ਜਗਤ ਪ੍ਰਵਾਰਿਆ । ਕਲਜੁਗ ਲੈ ਅਵਤਾਰ, ਘਨਕਪੁਰੀ ਜਾਮਾ ਧਾਰਿਆ । ਕਲਜੁਗ ਲੈ ਅਵਤਾਰ, ਗੁਰਸਿਖਾਂ ਮਿਲੇ ਕ੍ਰਿਸ਼ਨ ਮੁਰਾਰਿਆ । ਕਲਜੁਗ ਲੈ ਅਵਤਾਰ, ਤੀਨ ਲੋਕ ਹੋਏ ਜੋਤ ਅਧਾਰਿਆ । ਕਲਜੁਗ ਲੈ ਅਵਤਾਰ, ਸੋਹੰ ਦੇਵੇ ਭਗਤ ਭੰਡਾਰਿਆ । ਕਲਜੁਗ ਲੈ ਅਵਤਾਰ, ਦੁੱਖ ਵਿਨਾਸ ਆਪ ਬਨਵਾਰਿਆ । ਕਲਜੁਗ ਲੈ ਅਵਤਾਰ, ਗੁਰਸਿਖਾਂ ਹਰਿ ਕਾਜ ਸਵਾਰਿਆ । ਕਲਜੁਗ ਲੈ ਅਵਤਾਰ, ਮਹਾਰਾਜ ਸ਼ੇਰ ਸਿੰਘ ਪ੍ਰਗਟ ਹੋਵੇ ਵਿਚ ਸੰਸਾਰਿਆ ।

ਆਤਮ ਧਰੇ ਧਿਆਨ, ਪ੍ਰਭ ਦਰਸਾਈਏ । ਆਤਮ ਧਰੇ ਧਿਆਨ, ਬ੍ਰਹਮ ਸਰੂਪ ਹੋ ਜਾਈਏ । ਆਤਮ ਧਰੇ ਧਿਆਨ, ਪ੍ਰਭ ਦਰਸ਼ਨ ਪਾਈਏ ।

ਆਤਮ ਧਰੇ ਧਿਆਨ, ਦੀਪਕ ਦੇਹ ਜਗਾਈਏ । ਆਤਮ ਧਰੇ ਧਿਆਨ, ਸੋਹੰ ਸ਼ਬਦ ਗਿਆਨ ਗੁਰ ਦਰ ਪਾਈਏ । ਆਤਮ ਧਰੇ ਧਿਆਨ, ਅਮਕਾ ਕਾਜ਼ੀ ਨੇੜ ਨਾ ਆਈਏ । ਆਤਮ ਧਰੇ ਧਿਆਨ, ਸੱਪ ਤਪ ਭੂਤ ਪਲੀਤ ਦਰ ਪਰੇ ਧਕਾਈਏ । ਆਤਮ ਧਰੇ ਧਿਆਨ, ਜਮ ਕਾ ਭਉ ਮਨ ਚੁਕਾਈਏ । ਆਤਮ ਧਰੇ ਧਿਆਨ, ਪ੍ਰਭ ਜੋਤ ਸਰੂਪ ਵਿਚ ਆਤਮ ਪਾਈਏ । ਆਤਮ ਧਰੇ ਧਿਆਨ, ਨਿਹਕਲੰਕ ਮਹਾਰਾਜ ਸ਼ੇਰ ਸਿੰਘ ਦਰ ਦਰਸ਼ਨ ਪਾਈਏ । ਘਰ ਵਰ ਜਗਤ ਵਿਹਾਰਾ । ਦੁੱਖ ਕਲੇਸ਼ ਮਿਟੇ ਅੰਧਿਆਰਾ । ਝੂਠੀ ਕਾਇਆ, ਵਸੇ ਵਿਚ ਨਿਰੰਕਾਰਾ । ਦੇਵੇ ਦਰਸ਼ਨ ਕਰੇ ਜੋਤ ਆਕਾਰਾ । ਸੋਹੰ ਸ਼ਬਦ ਹੋਏ ਜੀਵ ਉਧਾਰਾ । ਮਹਾਰਾਜ ਸ਼ੇਰ ਸਿੰਘ ਬਖ਼ਸ਼ੇ ਗੁਰਸਿਖਾਂ ਗੁਰਚਰਨ ਦਵਾਰਾ । ਗੁਰਚਰਨ ਗੁਰਸਿਖ ਲਗ ਜਾਏ । ਬੇਮੁਖ ਦਰ ਧੱਕੇ ਖਾਏ । ਗੁਰਸਿਖ ਪ੍ਰਭ ਸੰਗ ਜੋਤ ਜਗਾਏ । ਬੇਮੁਖ ਪਕੜ ਰਾਏ ਧਰਮ ਦਏ ਸਜ਼ਾਏ । ਗੁਰਸਿਖ ਗੁਰਚਰਨ ਨਿਵਾਸ, ਅੰਤਕਾਲ ਵਿਚ ਜੋਤ ਮਿਲਾਏ । ਮਹਾਰਾਜ ਸ਼ੇਰ ਸਿੰਘ ਅਨਾਥਾਂ ਨਾਥ, ਸ਼ਰਨ ਪੜੇ ਦੀ ਲਾਜ ਰਖਾਏ । ਜੋ ਜਨ ਆਏ ਗੁਰ ਚਰਨ ਗੁਰ ਲਾਗੇ । ਭੂਤ ਪਰੇਤ ਜਿਨ ਖ਼ਵੀਸ ਪਰੀ ਮਵਕਲ ਦਰ ਤੇ ਭਾਗੇ । ਕਰ ਦਰਸ ਸੋਈ ਆਤਮ ਜਾਗੇ । ਮਹਾਰਾਜ ਸ਼ੇਰ ਸਿੰਘ ਦਰਸ ਅਮੋਲਕ, ਕਲ ਪਾਇਆ ਕਿਸੇ ਗੁਰਸਿਖ ਵਡਭਾਗੇ । ਗੁਰਸਿਖ ਵਡਭਾਗ ਜਿਨ੍ਹਾਂ ਗੁਰ ਦਰਸ ਦਿਖਾਵੇ । ਗੁਰਸਿਖ ਵਡਭਾਗ ਜਿਨ੍ਹਾਂ ਪ੍ਰਭ ਚਰਨੀਂ ਲਾਵੇ । ਗੁਰਸਿਖ ਵਡ ਭਾਗ ਜਿਨ੍ਹਾਂ ਜੋਤ ਸਰੂਪ ਪ੍ਰਭ ਨਜ਼ਰੀ ਆਵੇ । ਗੁਰਸਿਖ ਸਦ ਸੋਵਤ ਜਾਗਤ ਸੋਵਤ ਪ੍ਰਭ ਕਾ ਦਰਸ਼ਨ ਪਾਵੇ । ਗੁਰਸਿਖ ਮਨ ਗੁਰਚਰਨ ਲਾਗ ਸੋਵਤ ਮਹਾਰਾਜ ਸ਼ੇਰ ਸਿੰਘ ਆਣ ਜਗਾਵੇ । ਜਗਤ ਆਵਣ ਜਾਣਾ ਗੁਰ ਕਾ ਭਾਣਾ । ਮੂਰਖ ਭੁੱਲਾ ਜੀਵ ਅੰਞਾਣਾ । ਜਿਸ ਉਪਾਇਆ ਤਿਨ ਮਨ ਭੁਲਾਣਾ । ਜਗਤ ਵਕਾਰ ਸੰਗ ਮਨ ਲੁਟਾਣਾ । ਕਲਜੁਗ ਹੋਏ ਖੁਆਰ, ਬਿਨ ਗੁਰ ਕਿਨੇ ਪਾਰ ਲੰਘਾਣਾ । ਨਿਹਕਲੰਕ ਲੈ ਅਵਤਾਰ, ਭਗਤ ਜਨਾਂ ਸੋਹੰ ਦੇਵੇ ਨਾਮ ਬਬਾਣਾ । ਮਹਾਰਾਜ ਸ਼ੇਰ ਸਿੰਘ ਨਾਮ ਅਧਾਰ, ਗੁਰਸਿਖਾਂ ਗੁਰਚਰਨ ਟਿਕਾਣਾ । ਕਲਜੁਗ ਜੀਵ ਜੁਗਤ ਪ੍ਰਭ ਕੀਨੀ । ਸੋਹੰ ਸ਼ਬਦ ਜਲਾਇਓ ਬੇਮੁਖਾਂ ਪਕੜ ਸਜ਼ਾਏ ਦੀਨੀ । ਅਗਨ ਮਝਾਰ ਇਹ ਜਗਤ ਜਲਾਇਓ, ਮਦਿ ਮਾਸੀ ਹੋਸੀ ਦੇਹ ਨਾਬੀਨੀ । ਰਸਨਾ ਲਾਗ ਵਿਕਾਰ ਵਧਾਇਓ, ਗੁਰਸਿਖਾਂ ਮਨ ਸ਼ਬਦ ਧੁਨ ਭੀਨੀ । ਜੈ ਜੈ ਜੈਕਾਰ ਕਰਾਇਓ, ਐਸੀ ਦਾਤ ਨਾਮ ਗੁਰ ਪੂਰੇ ਦੀਨੀ । ਜਗਤ ਅੰਧਿਆਰ ਦੀਪਕ ਜੋਤ ਗੁਰਸਿਖ ਜਗਾਇਓ, ਸੋਹੰ ਆਧਾਰ ਜਲ ਜਿਉਂ ਮੀਨੀ । ਕਲ ਅਧਾਰ ਅਨਰਾਗ ਚਲਾਇਓ, ਸਭ ਕੀ ਜੋਤ ਆਪ ਪ੍ਰਭ ਛੀਨੀ । ਸਰਬਤ ਤੀਰਥਾਂ ਮਾਣ ਪ੍ਰਭ ਗਵਾਇਓ, ਐਸੀ ਕਲਮ ਮਨੀ ਸਿੰਘ ਫੜ ਲੀਨੀ । ਸ਼ਬਦ ਤੇਜ ਵਿਚ ਲਿਖਤ ਕਰਾਇਓ, ਕਰ ਸੇਵਾ ਦਰ ਸਾਚਾ ਪਾਇਆ, ਛੱਡ ਦੇਹ ਪ੍ਰਲੋਕ ਸਿਧਾਇਓ । ਸੰਤ ਪਿਆਰ ਕਰੇ ਦਾਤਾਰ, ਦੇਹ ਆਧਾਰ ਪੂਤ ਕਹਾਇਓ । ਵੱਜੇ ਧੁਨਕਾਰ ਦਿਤੀ ਸ਼ਬਦ ਗੁੰਜਾਰ, ਮਨੀ ਸਿੰਘ ਦੀਪਕ ਫੇਰ ਜਗਾਇਓ । ਮਹਾਰਾਜ ਸ਼ੇਰ ਸਿੰਘ ਜੋਤ ਅਧਾਰ, ਸੰਤ ਪੂਤ ਦਿਤਾ ਤਾਰ, ਸਤਿਗੁਰ ਪੂਰਾ ਮਾਣ ਦਿਵਾਇਓ । ਬਚਨ ਲਿਖਾਵੇ ਆਪ ਪ੍ਰਭ ਸੁਖ ਅੰਦਰ । ਜੋਤ ਜਗਾਈ ਜਗੇ ਵਿਚ ਦੇਹ ਮੰਦਰ । ਨਾਮ ਗਿਆਨ ਗੁਰ ਚਰਨ ਧਿਆਨ, ਸੋਹੰ ਸ਼ਬਦ ਤਨ ਜੋੜੇ ਜੰਦਰ । ਬੇਮੁੱਖਾਂ ਮੁਖ ਵਾਕ ਨਾ ਵਿਚਾਰ, ਮਹਾਰਾਜ ਸ਼ੇਰ ਸਿੰਘ ਬੈਠਾ ਗੁਰਸਿਖ ਅੰਦਰ । ਗੁਰਸਿਖ ਤਨ ਮਨ ਪ੍ਰਭ ਕਾ ਵਾਸ । ਗੁਰਸਿਖ ਜਨ ਜਿਨ ਪ੍ਰਭ ਕੀਓ ਦਾਸ । ਗੁਰਸਿਖ ਪ੍ਰਭ ਇਹ ਦੇਵੇ ਧੁਨ, ਸਭ ਤੋਂ ਚਰਨ ਪਿਆਸ । ਮਹਾਰਾਜ ਸ਼ੇਰ ਸਿੰਘ ਹੋਏ ਪ੍ਰਸੰਨ, ਗੁਰਸਿਖ ਸੋਹਨ ਪ੍ਰਭ ਪੂਰਨ ਪਾਸ । ਗੁਰਸਿਖ ਮਾਣ ਪ੍ਰਭ ਕਾ ਕਰਨਾ । ਗੁਰਸਿਖ

ਹੋਏ ਨਾ ਕਿਤਉਂ ਡਰਨਾ । ਗੁਰਸਿਖ ਮਾਣ ਲੱਗ ਪ੍ਰਭ ਗੁਰ ਕੀ ਸਰਨਾ । ਗੁਰਸਿਖ ਮਾਣ ਸੋਹੰ ਸ਼ਬਦ ਦੁੱਖ ਕਲੇਸ਼ ਹਰਨਾ । ਗੁਰਸਿਖ ਸਦ ਅਬਿਨਾਸ਼, ਅੰਤਕਾਲ ਪ੍ਰਭ ਜੋਤ ਹੈ ਰਲਨਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਵਾਸ । ਗੁਰਸਿਖ ਬ੍ਰਹਮ ਗਿਆਨੀ ਉਤਮ ਕਰਨਾ । ਪ੍ਰਭ ਵੱਡਾ ਜਿਸ ਦੇ ਵਡਿਆਈ । ਪ੍ਰਭ ਵੱਡਾ ਜਿਸ ਕਲਜੁਗ ਜੋਤ ਜਗਾਈ । ਪ੍ਰਭ ਵੱਡਾ ਅਮੇਟ ਨਾ ਮੇਟਿਆ ਜਾਈ । ਪ੍ਰਭ ਵੱਡਾ ਤੀਨ ਲੋਕ ਪੜੇ ਸਰਨਾਈ । ਪ੍ਰਭ ਵੱਡਾ ਸਰਬ ਰਿਹਾ ਸਮਾਈ । ਪ੍ਰਭ ਵੱਡਾ ਅਗੰਮ ਕਿਸੇ ਨਜ਼ਰ ਨਾ ਆਈ । ਪ੍ਰਭ ਵੱਡਾ ਗੁਰਸਿਖਾਂ ਦੇ ਵਡਿਆਈ । ਪ੍ਰਭ ਵੱਡਾ ਕਲਜੁਗ ਆਨ ਜਿਨ ਪੈਜ ਰਖਾਈ । ਪ੍ਰਭ ਵੱਡਾ ਪ੍ਰਗਟ ਜੋਤ ਮਹਾਰਾਜ ਸ਼ੇਰ ਸਿੰਘ ਨਾਮ ਰਖਾਈ । ਜੋਤ ਨਿਰੰਜਣ ਮੇਰਾ ਨਾਉਂ । ਸੋਹੰ ਚਲੇ ਸਭਨ ਥਾਉਂ । ਚਾਰ ਜੁਗ ਪ੍ਰਭ ਅਗੰਮ ਅਥਾਹੋ । ਮਹਾਰਾਜ ਸ਼ੇਰ ਸਿੰਘ ਪ੍ਰਗਟਿਆ ਬੇਪਰਵਾਹੋ । ਬੇਪ੍ਰਵਾਹ ਪ੍ਰਮੇਸ਼ਰ ਲਾਧਾ । ਜਨਮ ਮਰਨ ਗੁਰਸਿਖਾਂ ਸਾਧਾ । ਬੇਮੁਖਾਂ ਕਲ ਧੱਕਾ ਖਾਧਾ । ਗੁਰਸਿਖਾਂ ਸੋਹੰ ਨਾਉਂ ਰਸਨਾ ਸਵਾਦਾ । ਬੇਮੁਖਾਂ ਮਨ ਵਿਕਾਰ ਬਿਆਧਾ । ਮਹਾਰਾਜ ਸ਼ੇਰ ਸਿੰਘ ਸਭ ਜਗਤ ਸੰਗ ਜੁਗਤ ਹੈ ਗਾਧਾ । ਜੋਗ ਜੁਗਤ ਨਾ ਪ੍ਰਭ ਕੀ ਜਾਣੇ । ਗੁਰਸਿਖ ਚਲੇ ਗੁਰ ਕੇ ਭਾਣੇ । ਦੁੱਖ ਸੁਖ ਛੱਡ ਹਰਿ ਰੰਗ ਮਾਣੇ । ਮੇਰਾ ਨਾਉਂ ਸੋਹੰ ਸ਼ਬਦ ਪਛਾਣੇ । ਰਸਨਾ ਗਾਓ, ਛੁੱਟੇ ਆਵਣ ਜਾਣੇ । ਮੂਰਖ ਮੁਗਧ ਕਰ ਦਰਸ ਹੋਏ ਸੁਘੜ ਸਿਆਣੇ । ਪਾਪੀ ਅਪਰਾਧੀ ਸਭ ਪਾਰ ਪਰਾਇਣੇ । ਧੰਨ ਧੰਨ ਧੰਨ ਉਹ ਰਸਨਾ, ਕਲਜੁਗ ਮਹਾਰਾਜ ਸ਼ੇਰ ਸਿੰਘ ਨਾਉਂ ਵਖਾਣੇ । ਕਲਜੁਗ ਕਰਮ ਲਿਖਾਏ ਮਿਟਾਏ ਬਿਧਾਤਾ । ਕਲਜੁਗ ਜੀਵ ਖਪਾਏ ਗੁਆਏ, ਗੁਰਸਿਖਾਂ ਪ੍ਰਭ ਆਪ ਪਛਾਤਾ । ਸਰਬ ਸ੍ਰਿਸ਼ਟ ਸੁਆਏ, ਆਪ ਹਾਹਾਕਾਰ ਕਰਾਏ, ਗੁਰਸਿਖ ਹੋਏ ਸ਼ਬਦ ਗਿਆਤਾ । ਬੇਮੁਖ ਭੁਆਏ ਪ੍ਰਭ ਨਜ਼ਰ ਨਾ ਆਏ, ਗੁਰਸਿਖਾਂ ਮਨ ਜੋਤ ਜਗਾਤਾ । ਮਧ ਮਾਸੀ ਖਪਾਏ ਨਰਕ ਨਿਵਾਸ ਦਿਵਾਏ, ਰੰਗਣ ਨਾਉਂ ਮਨ ਗੁਰਸਿਖ ਚੜ੍ਹਾਤਾ । ਸਤਿਜੁਗ ਲਾਏ ਸਤਿ ਸਤਿ ਵਰਤਾਏ, ਐਸੀ ਬਿਧ ਕਰੇ ਬਿਧ ਨਾਤਾ । ਧੰਨ ਧੰਨ ਧੰਨ ਧੰਨ ਗੁਰਸਿਖਾਂ ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਕਲ ਪਛਾਤਾ । ਕਵਣ ਪਛਾਣੇ ਕਵਣ ਹੈ ਜਾਣੇ, ਸੋ ਜਾਣੇ ਜਿਸ ਆਪ ਜਣਾਏ । ਭਗਤ ਜਣਾਏ ਪ੍ਰਭ ਦਰਸ ਦਿਖਾਏ ਐਸੀ ਜੋਤ ਪ੍ਰਭ ਆਪ ਪ੍ਰਗਟਾਏ । ਗੁਰਸਿਖ ਨਿਤਾਣੇ ਚਲੇ ਗੁਰ ਕੇ ਭਾਣੇ, ਸੋਹੰ ਸ਼ਬਦ ਨਾਮ ਦਿਵਾਏ । ਬੇਮੁਖ ਨਤਾਣੇ ਕਲ ਧੱਕੇ ਖਾਣੇ, ਗੁਰ ਪੂਰਾ ਚਰਨ ਨਾ ਲਾਏ । ਮਹਾਰਾਜ ਸ਼ੇਰ ਸਿੰਘ ਆਪ ਪਰਮੇਸ਼ਰ, ਗੁਰਸਿਖ ਮਿਲਣ ਦੀ ਬਣਤ ਬਣਾਏ । ਗੁਰਸਿਖ ਮਿਲ ਗੁਰਸੰਗਤ ਕਹੀਏ । ਗੁਰਸੰਗਤ ਮਿਲ ਸੋਹੰ ਸ਼ਬਦ ਗੁਣ ਗਹੀਏ । ਸੋਹੰ ਸ਼ਬਦ ਰਸਨ ਆਤਮ ਜੋਤ ਜਗਈਏ । ਵੱਜੇ ਧੁਨ ਆਤਮ ਸੁਨ ਸੁਨ ਨਾ ਸਹੀਏ । ਮਹਾਰਾਜ ਸ਼ੇਰ ਸਿੰਘ ਗੁਣ ਸਦ ਰਸਨਾ ਗਾਈਏ । ਗੁਣ ਨਿਧਾਨ ਪ੍ਰਗਟੇ ਦਾਤਾਰਾ । ਜੋਤ ਸਰੂਪ ਜੋਤ ਜਗਤ ਆਕਾਰਾ । ਕੋਈ ਨਾ ਜਾਣਿਓ, ਪ੍ਰਗਟਿਓ ਜੁਗ ਸ਼ਾਹੋ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਭਗਤ ਪ੍ਰਿਤਪਾਲਕ, ਦੇਵੇ ਸੋਹੰ ਨਾਉਂ ਭੰਡਾਰਾ । ਨਾਮ ਦਾਨ ਸੋਹੰ ਗੁਰ ਦੇ ਕੇ, ਦੁੱਖ ਦਰਦ ਨਿਵਾਰਿਆ । ਦੇਹੀ ਦੇਹ ਸੁਖ ਪ੍ਰਭ ਦੇ ਕੇ, ਗੁਣ ਨਿਧਾਨ ਜਨ ਭਗਤ ਉਧਾਰਿਆ । ਸੁਰਤ ਏਕ ਕਰੇ ਮਨ ਏਕੇ, ਗੁਰਸਿਖ ਲਾਗੇ ਚਰਨ ਦਵਾਰਿਆ । ਗੁਰਸਿਖ ਕਰ ਕੇ ਜਗਤ ਬਿਬੇਕੇ, ਸਰਬ ਸ੍ਰਿਸ਼ਟ ਪ੍ਰਭ ਵਾਂਗ ਕੂਕਰ ਦੁਰਕਾਰਿਆ । ਗੁਰਸਿਖ ਜਨਮ ਲਾਏ ਪ੍ਰਭ ਲੇਖੇ, ਜੋ ਦਰ ਆਏ ਚਰਨ ਨਿਮਸਕਾਰਿਆ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰਾ, ਭਗਤ ਜਨਾਂ ਕਰ ਪਾਰ ਉਤਾਰਿਆ । ਸੰਗਤ ਕਰੇ ਬੇਨਤੀਆਂ, ਸੁਣ ਕਿਰਪਾ ਧਰ । ਦੇਹੀ ਦੁੱਖ ਨਿਵਾਰ ਦੇ, ਚਲ ਆਏ ਦਰ ।

੧੬੭
੦੧

ਚਰਨ ਹੇਤ ਪਿਆਰ ਦੇ, ਨਾਮ ਸਾਚਾ ਵਰ । ਦੇਹ ਰੋਗ ਗਵਾਈਏ, ਕਲਜੁਗ ਲਾਧਾ ਸਾਚਾ ਘਰ । ਸਚ ਘਰ ਆਈਏ, ਸਰਬ ਸੁਖ ਪਾਈਏ, ਕਲਜੁਗ ਪ੍ਰਗਟੇ ਅਵਤਾਰ ਨਰ । ਸੋਹੰ ਸ਼ਬਦ ਸੁਣਾਈਏ, ਦੁੱਖ ਰੋਗ ਮਿਟਾਏ ਮਹਾਰਾਜ ਸ਼ੇਰ ਸਿੰਘ ਆਸਾ ਵਰ । ਆਤਮ ਆਸ ਬੇਨਤੀ ਕਰੇ । ਦੁੱਖ ਦਲਿਦਰ ਨਿਵਾਰੇ ਹਰੇ । ਉਧਰੇ ਸਿੱਖ ਸਰਨ ਜੋ ਪਰੇ । ਕਾਇਆ ਮੰਦਰ ਦੀਪਕ ਜੋਤ ਪ੍ਰਭ ਧਰੇ । ਜਗੇ ਜੋਤ ਆਤਮ ਉਜਿਆਰਾ, ਗੁਰਸਿਖ ਮੇਰਾ ਜਗਤ ਨਾ ਮਰੇ । ਅੰਤਕਾਲ ਮਿਲੇ ਸਚ ਦਵਾਰਾ, ਮਹਾਰਾਜ ਸ਼ੇਰ ਸਿੰਘ ਸਰਨ ਜੋ ਪਰੇ । ਸਰਨ ਪਰੇ ਸਭ ਰੋਗ ਮਿਟਾਏ । ਮਹਾਰਾਜ ਸ਼ੇਰ ਸਿੰਘ ਸਿਰ ਹੱਥ ਟਿਕਾਏ । ਖੰਡ ਸਚ ਸਚ ਧਾਮ ਬਿਠਾਏ । ਮਹਾਰਾਜ ਸ਼ੇਰ ਸਿੰਘ ਗੁਰਸਿਖ ਵਿਚ ਜੋਤ ਮਿਲਾਏ । ਜੋਤ ਜਗਤ ਮੇਰਾ ਹੈ ਚਾਨਣ । ਆਤਮ ਜੋਤ ਜਨ ਭਗਤ ਪਛਾਨਣ । ਸੋਹੰ ਸ਼ਬਦ ਪ੍ਰਭ ਦੇਵੇ ਗਿਆਨਣ । ਮੇਰਾ ਨਾਉਂ ਸਤਿ ਨਿਰੰਜਣ ਮਾਨਣ । ਭਗਤਨ ਭਾਉ ਰਸਨਾ ਨਾਉਂ ਬਖਾਨਣ । ਦੁੱਖ ਮਿਟਾਓ ਗੁਰਚਰਨ ਧਿਆਨਣ । ਗੁਰਸੰਗਤ ਜਗਤ ਦੇਵੇ ਗੁਰ ਮਾਨਣ । ਗੁਰਸਿਖ ਕਲਜੁਗ ਉਤਰੇ ਪਾਰ, ਮਹਾਰਾਜ ਸ਼ੇਰ ਸਿੰਘ ਜਿਨ ਰਿਦੇ ਧਿਆਨਣ । ਰਿਦੇ ਧਿਆਨ ਮਿਲੇ ਜਗ ਦਾਤਾ । ਗੁਰਸਿਖ ਬ੍ਰਹਮ ਗਿਆਨ ਬ੍ਰਹਮ ਸਰੂਪ ਪਛਾਤਾ । ਸਰਬ ਗੁਆਏ ਮਾਣ ਮਿਲੇ ਆਪ ਰਘੁਰਾਤਾ । ਮਹਾਰਾਜ ਸ਼ੇਰ ਸਿੰਘ ਪਰ ਉਪਕਾਰੀ, ਗੁਰਸਿਖ ਸੋਵੇ ਬਾਹੋਂ ਪਕੜ ਪ੍ਰਭ ਆਪ ਜਗਾਤਾ । ਆਤਮ ਜਾਗੇ ਪ੍ਰਭ ਮਿਲੇ ਵਡਭਾਗ । ਦੁੱਖ ਨੇੜ ਨਾ ਲਾਗੇ, ਸੋਏ ਕਰਮ ਜੀਵ ਕੇ ਜਾਗੇ । ਸੋਹੰ ਸ਼ਬਦ ਅਨਦਿਨ ਧੁਨ ਵਾਜੇ । ਭਗਤ ਜਨ ਤਨ ਹਰਿ ਮੰਦਰ ਵਾਜੇ । ਮਹਾਰਾਜ ਸ਼ੇਰ ਸਿੰਘ ਹੋਏ ਮਿਹਰਵਾਨਾ, ਐਸੀ ਬਣਤ ਸਿੱਖ ਦੀ ਸਾਜੇ । ਦੁੱਖ ਦੁੱਖ ਦੁੱਖ ਗੁਰ ਦਰ ਤੇ ਗੁਆਇਆ । ਦੁੱਖ ਦੁੱਖ ਦੁੱਖ ਗੁਰ ਝੋਲੀ ਪਾਇਆ । ਦੁੱਖ ਦੁੱਖ ਦੁੱਖ ਗੁਰ ਦੁੱਖ ਮਿਟਾਇਆ । ਸੁਖ ਸੁਖ ਸੁਖ ਗੁਰਸਿਖ ਸਾਗਰ ਵਿਚ ਤਰਾਇਆ । ਸੁਖ ਸੁਖ ਸੁਖ ਗੁਰਸਿਖਾਂ ਪ੍ਰਭ ਝੋਲੀ ਪਾਇਆ । ਬੇਮੁਖਾਂ ਕਾਲੇ ਮੁਖ ਮੁਖ, ਜਿਨ੍ਹਾਂ ਪ੍ਰਭ ਦਰਸ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਘਰ ਸੁਖ ਸੁਖ ਸੁਖ, ਗੁਰਸਿਖਾਂ ਘਰ ਮਾਹਿ ਪਾਇਆ । ਘਰ ਮਾਹਿ ਮਿਲਿਆ ਆਪ ਬਨਵਾਲਾ । ਗੁਰਸਿਖਾਂ ਪ੍ਰਭ ਕਲ ਰਖਵਾਲਾ । ਬੇਮੁਖਾਂ ਹੋਏ ਜਗਤ ਧੁੰਦਾਲਾ । ਗੁਰਸਿਖਾਂ ਸੋਹੰ ਮਿਲੇ ਨਾਮ ਸੁਖਾਲਾ । ਭੈ ਭਿਆਨਕ ਮਹਾਰਾਜ ਸ਼ੇਰ ਸਿੰਘ ਹੋਏ ਰਖਵਾਲਾ । ਕਰੇ ਰੱਛਿਆ ਆਪ ਕਿਰਪਾਲਾ । ਦੁੱਖ ਭੰਜਨ ਆਪ ਦੀਨ ਦਿਆਲਾ । ਭਗਤ ਜਨਾਂ ਹਰਿ ਤੋੜ ਜੰਜਾਲਾ । ਦੇਵੇ ਤਾਰ ਸਿਰ ਬਾਲੀ ਬਾਲਾ । ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਰਖਵਾਲਾ ।

੧੬੮
੦੧

❊ ਪਹਿਲੀ ਕੱਤਕ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਗੁਰਦਰਸ ਆਤਮ ਤ੍ਰਿਪਤਾਸਿਆ । ਗੁਰਦਰਸ ਗੁਰਸਿਖ ਗੁਰ ਚਰਨ ਨਿਵਾਸਿਆ । ਗੁਰਦਰਸ ਦੇਵੇ ਮਾਣ ਗੁਰ ਆਪ ਸਿੱਖ ਸ਼ਾਬਾਸਿਆ । ਮਹਾਰਾਜ ਸ਼ੇਰ ਸਿੰਘ ਜਗਤ ਜਲਾਏ, ਭਗਤ ਜਨਾਂ ਕਰੇ ਬੰਦ ਖ਼ੁਲਾਸਿਆ । ਗੁਰ ਦਰਸ਼ਨ ਕਰਿਆ ਤਨ ਮਨ ਹਰਿਆ । ਗੁਰਸਿਖ ਦਰ ਤੇ ਆਸਾ ਵਰਿਆ । ਜੋਤ ਨਿਰੰਜਣ ਦਰਸ ਜਿਨ ਕਰਿਆ । ਨਿਹਕਲੰਕ ਨਾ ਕਿਸੇ ਤੋਂ ਡਰਿਆ । ਜੋਤ ਸਰੂਪ ਆਪ ਪ੍ਰਭ ਹਰਿਆ । ਬੇਮੁਖਾਂ ਦਰ ਗੁਰ ਨਜ਼ਰ ਨਾ ਪਰਿਆ । ਗੁਰਸਿਖਾਂ ਦਰਸ ਠਾਂਡਾ ਕਰਿਆ । ਜਗੇ ਜੋਤ ਆਤਮ ਪ੍ਰਕਾਸ਼ੇ, ਗਿਆਨ ਜੋਤ ਹਿਰਦਾ ਪ੍ਰਭ ਕਰਿਆ ।

ਦਰਸ ਦਿਖਾਵੇ ਨਜ਼ਰੀ ਆਵੇ ਕ੍ਰਿਸ਼ਨ ਮੁਰਾਰ ਨਾਮ ਸ਼ੇਰ ਸਿੰਘ ਧਰਿਆ । ਜੋਤ ਨਿਰੰਜਣ ਪ੍ਰਭ ਕਲ ਪ੍ਰਗਟਾਏ, ਗੁਰਸਿਖਾਂ ਪ੍ਰਭ ਗੁਰ ਦੇ ਬੁਝਾਈ । ਹੋ ਮਿਹਰਵਾਨ ਆਪ ਪ੍ਰਭ ਠਾਕਰ, ਬਾਹੋਂ ਪਕੜ ਸਿੱਖ ਲੈ ਆਈ । ਜੋਤ ਜਗਾਈ ਸ੍ਰਿਸ਼ਟ ਜਲਾਈ, ਗੁਰਸਿਖਾਂ ਘਰ ਸਦਾ ਰੰਗ ਲਾਈ । ਐਸਾ ਖੇਲ ਪ੍ਰਭੂ ਨੇ ਕਰਿਆ । ਈਸ਼ਰ ਪ੍ਰਗਟਿਓ ਨਰ ਨਰਾਇਣ, ਦਾੜ੍ਹਾਂ ਅਗਾਰੇ ਪ੍ਰਿਥਮ ਚੁਬਾਇਣ, ਬੇਮੁਖ ਕੋਈ ਜਗਤ ਨਾ ਅੜਿਆ । ਸੋਹੰ ਬਾਣ ਸ਼ਬਦ ਗੁਰ ਡਾਹਢਾ, ਬੇਮੁਖਾਂ ਕਲ ਭਾਂਡਾ ਭਰਿਆ । ਮਹਾਰਾਜ ਸ਼ੇਰ ਸਿੰਘ ਭਗਤ ਕਿਰਪਾਲਾ, ਦੇ ਦਰਸ ਕਰੇ ਤਨ ਮਨ ਹਰਿਆ । ਤਨ ਮਨ ਦੇਹ ਵਿਚ ਜੋਤ ਹੈ, ਜੀਵ ਜੋਤ ਨਿਰੰਜਣ ਦੇਹ ਪ੍ਰਕਾਸ਼ੇ । ਜੀਉ ਨਾ ਜਾਣੇ ਪ੍ਰਭ ਕਾ ਭੇਉ । ਆਪ ਉਪਾਏ ਆਪ ਖਪਾਏ, ਆਪ ਅਡੋਲ ਜੋਤ ਸਰੂਪ ਹੋ ਰਿਓ । ਦਰਸ ਦਿਵਾਏ ਗੁਰਸਿਖ ਪ੍ਰਭ ਜੋਤ ਜਗਾਏ, ਨਾਮ ਨਿਧਾਨ ਬੀਜ ਹੈ ਬੀਓ । ਸੋਹੰ ਸ਼ਬਦ ਸੁਣਾਏ ਧੁਨ ਮਨ ਵਜਾਏ, ਗਿਆਨ ਨਿਰਮਲ ਜੀਓ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ ਗੁਰਸਿਖ ਤਰਾਏ, ਨਾਮ ਨਿਧਾਨ ਰਸ ਗੁਰ ਦਰ ਤੇ ਪੀਓ । ਨਾਮ ਨਿਧਾਨ ਗੁਰਦਰ ਤੇ ਪਾਈਏ । ਚਰਨ ਲਾਗ ਕਲਜੁਗ ਤਰ ਜਾਈਏ । ਸ਼ਬਦ ਸੁਰਤ ਧੁਨ ਮਨ ਵਜਾਈਏ । ਆਤਮ ਹੋਏ ਪ੍ਰਕਾਸ਼, ਦੀਪਕ ਵਿਚ ਦੇਹ ਜਗਾਈਏ । ਜੋਤ ਦੀਪਕ ਦੇਹ ਉਜਿਆਰਾ, ਕਰ ਦਰਸ ਕਲ ਤਰ ਜਾਈਏ । ਗੁਰਸਿਖ ਦਰ ਤੇ ਮਨ ਸ਼ਬਦ ਵਿਗਾਸੇ, ਮਹਾਰਾਜ ਸ਼ੇਰ ਸਿੰਘ ਚਰਨ ਸੀਸ ਨਿਵਾਈਏ । ਗੁਰਚਰਨੀਂ ਜਿਨ ਸੀਸ ਨਿਵਾਇਆ । ਨਿਰਹਾਰੀ ਨਿਰਵੈਰ ਪ੍ਰਭ ਨਜ਼ਰੀ ਆਇਆ । ਜਗੇ ਜੋਤ ਅਗੰਮ, ਖੋਲ੍ਹ ਕਿਵਾੜ ਪ੍ਰਭ ਦਰਸ ਦਿਖਾਇਆ । ਕਲਜੁਗ ਉਤਰੇ ਪਾਰ, ਭਗਤ ਜਨਾਂ ਪ੍ਰਭ ਆਪ ਵਡਿਆਇਆ । ਦੇਵੇ ਬ੍ਰਹਮ ਗਿਆਨ, ਜੋਤ ਸਰੂਪ ਆਪ ਰਘੁਰਾਇਆ । ਆਤਮ ਧਰੇ ਧਿਆਨ, ਨਿਜਾਨੰਦ ਪ੍ਰਭ ਦੇਹ ਦਰਸਾਇਆ । ਹੋਏ ਬ੍ਰਹਮ ਗਿਆਨ, ਦੇ ਦਰਸ ਪ੍ਰਭ ਗੁਰਸਿਖ ਤਰਾਇਆ । ਮਹਾਰਾਜ ਸ਼ੇਰ ਸਿੰਘ ਜਗਤ ਪ੍ਰਗਾਸਿਓ, ਨਿਹਕਲੰਕ ਹੋ ਡੰਕ ਵਜਾਇਆ । ਨਿਹਕਲੰਕ ਜਗਤ ਕਲੰਕ ਲਗਾਏ । ਪ੍ਰਗਟ ਜੋਤ ਕਲ ਪ੍ਰਭ ਕਿਸੇ ਨਜ਼ਰ ਨਾ ਆਏ । ਛੱਡ ਦੇਹ ਅਪਾਰ, ਜੋਤ ਸਰੂਪ ਪ੍ਰਭ ਰਿਹਾ ਸਮਾਏ । ਸਾਧ ਸੰਗਤ ਰਸਨ ਜਸ ਗਾਏ, ਹਰਿ ਜੀਓ ਹਰ ਦਰ ਬੱਧਾ ਆਏ । ਕੋਈ ਜੀਓ ਪਹੁੰਚ ਨਾ ਸਕੇ ਧਾਮ ਸਚ ਜਿਥੇ ਪ੍ਰਭ ਜੋਤ ਜਗਾਏ । ਜੋਤ ਸਰੂਪ ਤੀਨ ਲੋਕ ਪ੍ਰਭ ਵਸਿਆ, ਮਾਤ ਪਾਤਾਲ ਆਕਾਸ਼ ਰਹਾਵੇ । ਖੰਡ ਬ੍ਰਹਿਮੰਡ ਸਰਬ ਵਰਭੰਡ, ਜੋਤ ਸਰੂਪ ਜੋਤ ਜਗਤ ਜੀਵ ਜਗਾਵੇ । ਗੁਰਸਿਖ ਮੁਖ ਸਦਾ ਜਗ ਉਜਲ, ਸੋਹੰ ਸ਼ਬਦ ਜੋ ਰਸਨਾ ਗਾਏ । ਨਿਹਕਲੰਕ ਆਪ ਨਿਰਾਧਾਰਾ, ਦੇ ਦਰਸ ਦੁੱਖ ਰੋਗ ਗਵਾਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਸਰਨ ਪਰੇ ਕੀ ਲਾਜ ਰਖਾਏ । ਜੋ ਜਨ ਆਏ ਚਰਨ ਗੁਰ ਪਰੇ । ਦੁੱਖ ਕਲੇਸ਼ ਆਪ ਪ੍ਰਭ ਹਰੇ । ਮਿਲ ਸਾਧ ਸੰਗਤ ਰਸਨਾ ਸੋਹੰ ਸ਼ਬਦ ਰਰੇ । ਹੋਏ ਬੰਦ ਖ਼ੁਲਾਸ, ਨਰਕ ਮਝਾਰ ਗੁਰਸਿਖ ਨਾ ਪਰੇ । ਨਾਉਂ ਨਰਾਇਣ ਸ਼ਬਦ ਹੈ ਡਾਹਢਾ, ਪਾਏ ਸੋ ਕਿਰਪਾ ਜਿਸ ਕਰੇ । ਕਰ ਕਿਰਪਾ ਗੁਣ ਨਿਧਾਨਾ, ਗੁਰਸਿਖ ਦਰ ਜੋੜ ਦੋਏ ਖਰੇ । ਰੱਖੇ ਲਾਜ ਪ੍ਰਭ ਪੂਰਨ, ਕਲਜੁਗ ਆਣ ਸਿਰ ਹੱਥ ਧਰੇ । ਕਲਜੁਗ ਵਾਉ ਛੋਹ ਨਾ ਸਕੇ, ਸੋਹੰ ਸ਼ਬਦ ਹਿਰਦੇ ਵਰੇ । ਅੰਤ ਕਾਲ ਦਰਸ ਪ੍ਰਭ ਦੇ ਕੇ, ਜੋਤ ਵਿਚ ਜੋਤ ਪ੍ਰਭ ਧਰੇ । ਖੰਡ ਸਚ ਗੁਰ ਧਾਮ ਰਚਾਇਆ, ਬੈਠ ਅਡੋਲ ਗੁਰਸਿਖ ਗੁਰ ਦਰ ਖਰੇ । ਮਹਾਰਾਜ ਸ਼ੇਰ ਸਿੰਘ ਕਿਸੇ ਨਜ਼ਰ ਨਾ ਆਏ, ਜੋਤ ਸਰੂਪ ਵਿਚ ਸਿੱਖ ਹੈ ਵਰੇ । ਪ੍ਰਭ ਕਾ ਸਰੂਪ ਜਗਤ ਨਿਆਰਾ । ਬੂਝੇ ਸੋ ਜਿਸ ਬੁਝਾਏ ਆਪ ਨਿਰੰਕਾਰਾ । ਪ੍ਰਭ ਸਰੂਪ ਜੋਤ ਆਕਾਰਾ । ਜੋਤ ਸਰੂਪ ਪਸਰਿਓ ਜਗਤ ਪਸਾਰਾ । ਜੋਤ

ਸਰੂਪ ਪ੍ਰਭ ਜਗਤ ਜਲਾਇਆ, ਵਹਾਇਆ ਜਲ ਕੀ ਧਾਰਾ । ਕਲ ਖਪਾਇਆ ਸਤਿਜੁਗ ਲਗਾਇਆ, ਸਤਿ ਸਤਿ ਸਤਿ ਵਰਤਾਏ ਆਪ ਨਿਰੰਕਾਰਾ । ਜੋਤ ਪ੍ਰਗਟਾਏ ਨਿਹਕਲੰਕ ਅਖਵਾਏ, ਮਦਿ ਮਾਸੀ ਖਪਾਵੇ ਐਸਾ ਤੋੜੇ ਪ੍ਰਭ ਹੰਕਾਰਾ । ਬੇਮੁਖ ਜਲਾਵੇ ਸਿੱਖ ਤਰਾਵੇ, ਗੁਰਸਿਖ ਉਤਰੇ ਪਾਰ ਕਿਨਾਰਾ । ਸੋਹੰ ਸ਼ਬਦ ਚਲਾਵੇ ਸਰਬ ਖਪਾਵੇ, ਏਕ ਜੋਤ ਹੋਏ ਏਕ ਪਸਾਰਾ । ਈਸ਼ਰ ਏਕ ਜੋਤ ਹੈ ਏਕਾ, ਈਸ਼ਰ ਜੋਤ ਜਗਤ ਨਿਵਾਰਾ । ਮਹਾਰਾਜ ਸ਼ੇਰ ਸਿੰਘ ਇਹ ਬਣਤ ਬਣਾਈ, ਸੋਹੰ ਸ਼ਬਦ ਬਾਣ ਜਗਤ ਮਾਰਾ । ਸੋਹੰ ਬਾਣ ਜਗਤ ਗੁਰ ਲਾਵੇ । ਸਾਚਾ ਘਰ ਕਿਸੇ ਨਜ਼ਰ ਨਾ ਆਵੇ । ਬੇਮੁਖ ਹੋਏ ਦਰ ਧੱਕੇ ਖਾਵੇ । ਗੁਰਸਿਖ ਨਾਮ ਨਿਰੰਜਣ ਪਾ ਕਰ, ਕਲਜੁਗ ਸਦ ਪਾਰ ਕਰਾਵੇ । ਮਹਾਰਾਜ ਸ਼ੇਰ ਸਿੰਘ ਦੇ ਦਰਸ, ਕਲਜੁਗ ਸਿੱਖ ਪੈਜ ਰਖਾਵੇ । ਸੱਚਾ ਉਹ ਧਾਮ ਜਿਥੇ ਪ੍ਰਭ ਵਸਿਆ । ਸੱਚਾ ਉਹ ਧਾਮ, ਜਿਥੇ ਪਾਪੀ ਨੱਸਿਆ । ਸੱਚਾ ਉਹ ਧਾਮ ਜਿਥੇ ਗੁਰਸਿਖਾਂ ਪ੍ਰਭ ਸ਼ਬਦ ਸੋਹੰ ਦੱਸਿਆ । ਮਹਾਰਾਜ ਸ਼ੇਰ ਸਿੰਘ ਭਗਤ ਤਰਾਏ, ਸ਼ਬਦ ਰੂਪ ਹੋ ਹਿਰਦੇ ਵਸਿਆ । ਹਿਰਦੇ ਹੋ ਪ੍ਰਵੇਸ਼ ਦੇਵੇ ਦੇਹ ਗਿਆਨਾ । ਸੋਹੰ ਸ਼ਬਦ ਦੇ ਦਾਨ, ਮਿਟੇ ਆਵਣ ਜਾਣਾ । ਗੁਰਚਰਨ ਜੀਵ ਧਿਆਨ, ਮਿਲੇ ਵਿਸ਼ਨੂੰ ਭਗਵਾਨਾ । ਬੇਮੁਖ ਠੌਹਰ ਨਾ ਪਾਇਣ, ਪੂਰਾ ਸਤਿਗੁਰ ਨਾ ਪਛਾਨਾ । ਗੁਰਸਿਖਾਂ ਪ੍ਰਭ ਮਿਹਰਵਾਨ, ਕਲਜੁਗ ਦੇਵੇ ਦਰਸ ਹੈ ਦਾਨਾ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਹੋ ਨਿਹਕਲੰਕ ਕਿਸੇ ਨਜ਼ਰ ਨਾ ਆਨਾ । ਨਿਹਕਲੰਕ ਹੋ ਜੋਤ ਸਰੂਪਾ । ਨਿਹਕਲੰਕ ਆਪ ਵਡ ਭੂਪਾ । ਨਿਹਕਲੰਕ ਪ੍ਰਗਟੇ ਅੰਧ ਕੂਪਾ । ਨਿਹਕਲੰਕ ਕਿਸੇ ਨਜ਼ਰ ਨਾ ਆਵੇ, ਜੋਤ ਸਰੂਪ ਪ੍ਰਭ ਜੋਤ ਸਰੂਪਾ । ਨਿਹਕਲੰਕ ਕਲੰਕ ਜਗ ਲਾ ਕੇ ਸ੍ਰਿਸ਼ਟ ਜਲੇ ਜਿਉਂ ਪੰਜ ਜੇਠ ਕੀ ਧੂਪਾ । ਨਿਹਕਲੰਕ ਨਰਾਇਣ ਨਰ ਆਇਆ, ਈਸ਼ਰ ਜੋਤ ਸਰੂਪ ਪ੍ਰਭ ਜੋਤ ਹੈ ਰੂਪਾ । ਨਿਹਕਲੰਕ ਰੂਪ ਹੈ ਅਗੰਮ, ਅਗੰਮ ਅਗੋਚਰ ਪ੍ਰਭ ਅਨੇਕ ਸਰੂਪਾ । ਨਿਹਕਲੰਕ ਸ੍ਰਿਸ਼ਟ ਕਰੇ ਭੰਗ, ਮਹਾਰਾਜ ਸ਼ੇਰ ਸਿੰਘ ਕਲ ਪ੍ਰਗਟਿਓ ਸਤਿ ਸਰੂਪਾ । ਨਿਹਕਲੰਕ ਪ੍ਰਭ ਆਪ ਅਖਵਾਏ । ਜਾਮਾ ਲਿਆ ਧਾਰ, ਘਨਕਪੁਰੀ ਪ੍ਰਭ ਭਾਗ ਲਗਾਏ । ਕਲਜੁਗ ਹੋਏ ਖੁਆਰ, ਸਤਿਜੁਗ ਸਤਿ ਸਤਿ ਸਤਿ ਵਰਤਾਏ । ਹੋਏ ਸ਼ਬਦ ਗੁੰਜ਼ਾਰ, ਸੋਹੰ ਸ਼ਬਦ ਜੋ ਰਸਨਾ ਗਾਏ । ਮਿਲੇ ਭਗਤ ਭੰਡਾਰ, ਦੇ ਦਰਸ ਗੁਰਸਿਖ ਤਰਾਵੇ । ਅੰਤ ਨਾ ਹੋਏ ਖ਼ੁਆਰ, ਮਹਾਰਾਜ ਸ਼ੇਰ ਸਿੰਘ ਵਿਚ ਜੋਤ ਮਿਲਾਵੇ । ਈਸ਼ਰ ਜੋਤ ਜਗਤ ਪ੍ਰਕਾਸ਼ਾ । ਸਰਬ ਜੀਵ ਮੇਂ ਪ੍ਰਭ ਕਾ ਵਾਸਾ । ਭਗਤ ਜਨਾਂ ਗੁਰ ਚਰਨ ਭਰਵਾਸਾ । ਬੇਮੁਖਾਂ ਦਰ ਮਿਲੇ ਹਾਸਾ । ਪਾਪੀਆਂ ਕੀਨਾ ਪ੍ਰਭ ਨਰਕ ਨਿਵਾਸਾ । ਗੁਰਸਿਖਾਂ ਸਦ ਬਲ ਬਲ ਜਾਸਾ । ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਦਿਲਾਸਾ । ਕਰੋ ਦਰਸ ਗੁਰ ਦਰ ਤੇ ਆ ਕੇ । ਦੀਪਕ ਲਿਓ ਜਗਾਏ, ਆਤਮ ਜੋਤ ਪ੍ਰਕਾਸ਼ਾ । ਹਉਮੇ ਦਿਉ ਜਲਾਏ, ਅਗਿਆਨ ਅੰਧੇਰ ਬਿਨਾਸਾ । ਸੋਹੰ ਮੇਰਾ ਨਾਉਂ, ਸਿਮਰੋ ਰਸਨ ਸਵਾਸਾ । ਦੇਵੇ ਦਰਸ ਅਪਾਰ, ਪ੍ਰਭ ਪੂਰਾ ਸ਼ਾਹੋ ਸ਼ਾਬਾਸ਼ਾ । ਗੁਰਸਿਖ ਲਾਏ ਪਾਰ, ਨਿਹਕਲੰਕ ਜੋਤ ਅਬਿਨਾਸ਼ਾ । ਮਹਾਰਾਜ ਸ਼ੇਰ ਸਿੰਘ ਆਪ ਨਿਰੰਜਣ, ਦੇ ਦਰਸ ਹੋਏ ਭਗਤ ਧਰਵਾਸਾ । ਅਥਰਬਣ ਵੇਦ ਗਵਾਇਆ ਚੌਥਾ ਜੁਗ ਖਪਾਇਆ, ਜੋਤ ਜਗਤ ਧਰੀ ਗੁਰ ਆ ਕੇ । ਸੋਹੰ ਚਲਾਇਆ ਸਭ ਦਾ ਮਾਣ ਗਵਾਇਆ, ਨਿਹਕਲੰਕ ਪ੍ਰਗਟਿਓ ਆ ਕੇ । ਜੁਗ ਉਲਟਾਇਆ ਭਰਮ ਚੁਕਾਇਆ, ਸ਼ਬਦ ਸੱਚਾ ਪ੍ਰਭ ਸਚ ਲਿਖਾ ਕੇ । ਐਸਾ ਕਰਮ ਕਮਾਇਆ ਪੜਦਾ ਪਾਇਆ, ਬੈਠਾ ਆਪ ਪ੍ਰਭ ਜੋਤ ਜਗਾ ਕੇ । ਜਗਤ ਭੁਲਾਇਆ ਨਜ਼ਰ ਨਾ ਆਇਆ, ਜਗਤ ਖਪਾਇਆ ਰਸਨਾ ਬਚਨ ਲਿਖਾ ਕੇ । ਕਹਿਰ ਵਰਤਾਇਆ ਵਿੱਚ ਅਗਨ ਜੋਤ ਜਗਤ ਪ੍ਰਭ ਲਾ

੨੦੧
੦੧

ਕੇ । ਅਛਲ ਛਲਨ ਜਗ ਆਇਆ, ਆਪ ਅਡੋਲ ਬੈਠ ਜਗਤ ਜਲਾਇਆ, ਸਾਧ ਸੰਗਤ ਵਸਿਆ ਪ੍ਰਭ ਆ ਕੇ । ਜੀਵ ਜੰਤ ਭੁਲਾਇਆ, ਬਾਣ ਸ਼ਬਦ ਜਗਤ ਗੁਰ ਲਾਇਆ, ਬੈਠਾ ਪ੍ਰਭ ਭੇਸ ਵਟਾ ਕੇ । ਮਿਹਰਵਾਨ ਅਖਵਾਇਆ, ਰਾਮ ਨਾਉਂ ਤਰਾਇਆ ਅੰਤਕਾਲ ਦੇਹ ਤਜਾ ਕੇ । ਯਜੁਰ ਭਾਗ ਲਗਾਇਆ, ਕ੍ਰਿਸ਼ਨ ਸ਼ਾਮ ਅਖਵਾਇਆ, ਦੁਆਪਰ ਗਿਆ ਉਲਟਾ ਕੇ । ਕਲਜੁਗ ਜੋਤ ਜਗਾਇਆ, ਨਿਹਕਲੰਕ ਅਖਵਾਇਆ, ਘਨਕਪੁਰੀ ਪ੍ਰਭ ਮਾਣ ਦਵਾ ਕੇ । ਦੇਹ ਤਜਾਇਆ ਵਿਚ ਸਿੱਖ ਸਮਾਇਆ, ਬੈਠਾ ਪ੍ਰਭ ਦੇਹ ਜੋਤ ਜਗਾ ਕੇ । ਬੇਮੁਖ ਖਪਾਇਆ ਗੁਰਸਿਖ ਤਰਾਇਆ, ਗੁਰ ਦਰ ਆਇਆ ਸੀਸ ਝੁਕਾ ਕੇ । ਨਾਮ ਨਿਧਾਨ ਦਿਵਾਇਆ, ਜਗਤ ਜਲੰਦਾ ਪ੍ਰਭ ਚਰਨ ਤਰਾਇਆ, ਆਤਮ ਬੈਠਾ ਧਿਆਨ ਲਗਾ ਕੇ । ਪ੍ਰਭ ਵਡਿਆਇਆ ਗੁਰਸਿਖ ਕਲ ਪਾਰ ਤਰਾਇਆ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਖਵਾ ਕੇ । ਨਿਹਕਲੰਕ ਆਪ ਪ੍ਰਭ ਨਿਰਵੈਰਾ । ਵਕਤ ਲੈ ਆਵੇ ਦੇਰ ਨਾ ਲਾਵੇ, ਸ੍ਰਿਸ਼ਟ ਝੜੇ ਬੇਰ ਜਿਉਂ ਬੇਰਾ । ਸਿੱਖ ਤਰਾਵੇ ਦਰਸ ਦਿਖਾਵੇ, ਗੁਰਸਿਖ ਮਿਟੇ ਮਨ ਤੇਰਾ ਮੇਰਾ । ਬੇਮੁਖ ਜਲਾਵੇ ਕਲ ਖਪਾਵੇ, ਬਿਨ ਗੁਰ ਹੋਇਆ ਜਗਤ ਅੰਧੇਰਾ । ਮਹਾਰਾਜ ਸ਼ੇਰ ਸਿੰਘ ਨਜ਼ਰ ਨਾ ਆਇਆ, ਨਰ ਅਵਤਾਰ ਲੈ ਪਾਇਆ ਫੇਰਾ । ਨਰ ਅਵਤਾਰ ਜਗਤ ਪ੍ਰਭ ਆ ਕੇ । ਜੋਤ ਜਗਾਈ ਪ੍ਰਭ ਦਇਆ ਕਮਾ ਕੇ । ਕਲ ਖਪਾਇਆ ਜਾਏ ਸਤਿਜੁਗ ਲਾ ਕੇ । ਧਰਮ ਚਲਾਏ ਸੋਹੰ ਸ਼ਬਦ ਸੁਣਾ ਕੇ । ਸੋਹੰ ਸ਼ਬਦ ਚਲਾਏ ਗੁਰਸਿਖਾਂ ਇਹ ਮਾਰਗ ਪਾ ਕੇ । ਪਤਤ ਪਾਵਨ ਦੁੱਖ ਭੈ ਭੰਜਨ, ਸਰਬ ਜੀਆਂ ਦੇ ਦੁੱਖੜੇ ਲਾਹ ਕੇ । ਮਹਾਰਾਜ ਸ਼ੇਰ ਸਿੰਘ ਸਵੱਛ ਸਰੂਪਾ, ਗੁਰਸਿਖਾਂ ਰੱਖੇ ਬਣਤ ਬਣਾ ਕੇ । ਸਤਿਜੁਗ ਸਾਚਾ ਰਾਹ ਚਲਾਇਆ । ਸੋਹੰ ਸ਼ਬਦ ਨਾਮ ਬਬਾਣ ਬਣਾਇਆ । ਪੂਰਾ ਸਤਿਗੁਰ ਸਚ ਤਖ਼ਤ ਬਹਾਇਆ । ਜੋਤ ਸਰੂਪ ਪ੍ਰਭ ਆਪ ਵਡਿਆਇਆ । ਦੇ ਕੇ ਦਰਸ ਅਪਾਰ, ਦੇਹ ਕਾ ਕੁਫ਼ਲ ਖੁਲ੍ਹਾਇਆ । ਹੋਇਆ ਜੋਤ ਪ੍ਰਕਾਸ਼, ਅੰਮ੍ਰਿਤ ਨਾਮ ਰਸ ਪਾਇਆ । ਝਿਰਨਾ ਝਿਰੇ ਆਪ, ਬੂੰਦ ਅੰਮ੍ਰਿਤ ਮੇਰਾ ਬਰਸਾਇਆ । ਅੰਮ੍ਰਿਤ ਬੂੰਦ ਆਪ ਪ੍ਰਭ ਬਰਖੇ, ਕਵਲ ਨਾਭ ਦਾ ਮੁਖ ਖੁਲ੍ਹਾਇਆ । ਖੁਲ੍ਹੇ ਕਵਲ ਬੂੰਦ ਇਕ ਬਰਸੇ, ਦਵਾਰ ਦਸਵਾਂ ਪ੍ਰਭ ਪਰਦਾ ਲਾਹਿਆ । ਗੁਰਸਿਖਾਂ ਜਗਤ ਬਲਿਹਾਰ, ਜੋਤ ਸਰੂਪ ਪ੍ਰਭ ਦਰਸ਼ਨ ਪਾਇਆ । ਮਹਾਰਾਜ ਸ਼ੇਰ ਸਿੰਘ ਆਪ ਨਿਰਾਧਾਰ, ਗੁਰਸਿਖਾਂ ਦੇ ਵਿਚ ਸਮਾਇਆ । ਗੁਰਸਿਖਾਂ ਪ੍ਰਭ ਦੇ ਵਡਿਆਈ । ਗੁਰਸਿਖਾਂ ਪ੍ਰਭ ਸੇਵ ਕਮਾਈ । ਗੁਰਸਿਖਾਂ ਵਿਚ ਭੇਵ ਨਾ ਕਾਈ । ਗੁਰਸਿਖਾਂ ਵਿਚ ਪ੍ਰਭ ਨਿਰੰਜਣ ਜੋਤ ਟਿਕਾਈ । ਗੁਰਸਿਖਾਂ ਮਿਲ ਪ੍ਰਭ ਲਿਆ ਪ੍ਰਗਟਾਈ । ਗੁਰਸਿਖਾਂ ਇਹ ਮਿਲੀ ਵਧਾਈ, ਜੋਤ ਨਿਰੰਜਣ ਸਚ ਤਖ਼ਤ ਬਹਾਈ । ਸਚ ਧਾਮ ਸਚਖੰਡ ਦਵਾਰਾ, ਜਿਥੇ ਬੈਠੇ ਆਪ ਰਘੁਰਾਈ । ਉਤਮ ਜਗੇ ਦੀਪਕ ਨਿਆਰਾ, ਗੁਰਸਿਖ ਜੋਤ ਪ੍ਰਭ ਆਪ ਜਗਾਈ । ਜੋਤ ਜਗਾਈ ਸੋਝੀ ਪਾਈ, ਸੁਤਿਆਂ ਸਿੱਖ ਪ੍ਰਭ ਦਰਸ ਦਿਖਾਈ । ਦਰਸ ਦਿਖਾਏ ਥਿਰ ਘਰ ਸੋਝੀ ਪਾਏ, ਹਿਰਦਾ ਸ਼ਾਂਤ ਕਾਇਆ ਸੀਤ ਕਰਾਈ । ਮਹਾਰਾਜ ਸ਼ੇਰ ਸਿੰਘ ਸਰਬ ਗੁਣ ਦਾਤਾ, ਬਾਹੋਂ ਪਕੜ ਗੁਰਸਿਖ ਤਰਾਈ । ਗੁਰਸਿਖ ਤਾਰੇ ਆਪ ਪ੍ਰਭ ਠਾਕਰ । ਗੁਰਸਿਖ ਕਲਜੁਗ ਭਗਤ ਰਤਨਾਗਰ । ਗੁਰਸਿਖ ਨਿਰਮਲ ਕਵਲ ਜਿਉਂ ਸਾਗਰ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਪ੍ਰਗਟੇ ਜੋਤ ਹੋਏ ਉਜਾਗਰ । ਜਗੇ ਜੋਤ ਜੋਤ ਜਗਤ ਜਲਾਵੇ । ਜਗੇ ਜੋਤ ਸਰਬ ਸ੍ਰਿਸ਼ਟ ਰੁਲਾਵੇ । ਪ੍ਰਗਟੇ ਜੋਤ ਕਿਸੇ ਨਜ਼ਰ ਨਾ ਆਵੇ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਨਿਹਕਲੰਕ ਜਗਤ ਅਖਵਾਵੇ । ਨਿਹਕਲੰਕ ਜੋਤ ਜਗਾਈ । ਨਿਹਕਲੰਕ ਪ੍ਰਭ ਦੇਹ ਤਜਾਈ । ਨਿਹਕਲੰਕ ਹੋ

ਪ੍ਰਭ ਸ੍ਰਿਸ਼ਟ ਹਿਲਾਈ । ਨਿਹਕਲੰਕ ਸਰਬ ਭੇਖ ਮਿਟਾਈ । ਨਿਹਕਲੰਕ ਕੁੰਟ ਚਾਰ ਜੈ ਜੈ ਜੈਕਾਰ ਕਰਾਈ । ਨਿਹਕਲੰਕ ਲੈ ਅਵਤਾਰ, ਰੰਗ ਰੂਪ ਨਾ ਕਿਸੇ ਵਖਾਈ । ਤਜੀ ਦੇਹ ਹੋਏ ਜੋਤ ਸਰੂਪ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਨਾਉਂ ਰਖਾਈ । ਨਿਹਕਲੰਕ ਆਪ ਗੁਣ ਨਿਧਾਨਾ । ਨਿਹਕਲੰਕ ਆਏ ਜਗਤ ਜਿਉਂ ਬਾਨਾ । ਨਿਹਕਲੰਕ ਵਿਰਲੇ ਗੁਰਮੁਖ ਪਛਾਨਾ । ਨਿਹਕਲੰਕ ਤੀਨ ਲੋਕ ਇਕ ਸਮਾਨਾ । ਨਿਹਕਲੰਕ ਅਖਵਾਏ ਮਹਾਰਾਜ ਸ਼ੇਰ ਸਿੰਘ ਜੋਤ ਵਿਸ਼ਨੂੰ ਭਗਵਾਨਾ । ਵਿਸ਼ਨੂੰ ਭਗਵਾਨ ਪ੍ਰਭ ਆਕਾਰਾ । ਵਿਸ਼ਨੂੰ ਆਕਾਰ ਸਰਬ ਸ੍ਰਿਸ਼ਟ ਆਕਾਰਾ । ਵਿਸ਼ਨੂੰ ਕਰ ਦਰਸ ਗੁਰ ਮਨ ਸਦਾ ਅਨੰਦ । ਗੁਰਸਿਖ ਜਗਤ ਸੀਤਲ ਚੰਦ । ਬੇਮੁਖ ਜਲੇ ਜਗਤ ਬੰਦ ਬੰਦ । ਥਿਰ ਘਰ ਨਾ ਸੂਝੇ ਹੋਏ ਅੰਧੇਰ ਅੰਧ । ਜਗਤ ਦੁਰਕਾਰੇ ਨਰਕ ਨਿਵਾਰੇ, ਕੋਇ ਨਾ ਦਏ ਛੁਡਾਏ ਜਮਡੰਡ । ਗੁਰਸਿਖ ਉਧਾਰੇ ਪੈਜ ਸਵਾਰੇ, ਮਹਾਰਾਜ ਸ਼ੇਰ ਸਿੰਘ ਆਪ ਬਖ਼ਸ਼ੰਦ । ਬਖ਼ਸ਼ਣਹਾਰਾ ਪ੍ਰਭ ਕਿਰਪਾਲਾ । ਦੀਨਾਂ ਨਾਥ ਭਗਤ ਰਖਵਾਲਾ । ਜਗਤ ਜਲਾਵੇ ਜਿਉਂ ਅਗਨ ਜਵਾਲਾ । ਮਹਾਰਾਜ ਸ਼ੇਰ ਸਿੰਘ ਕਲਜੁਗ ਹੋਏ ਭਗਤ ਰਖਵਾਲਾ । ਭਗਤ ਜਨਾਂ ਗੁਰ ਚਰਨ ਪਿਆਸਾ । ਭਗਤ ਜਨਾਂ ਪ੍ਰਭ ਗੁਰ ਦੁੱਖ ਦਰਦ ਵਿਨਾਸਾ । ਲਾਗ ਚਰਨ ਹੋਏ ਰਹਿਰਾਸਾ । ਕਰ ਦਰਸ ਹੋਏ ਬੰਦ ਖੁਲਾਸਾ । ਗੁਰਸਿਖ ਸਦ ਬਲਿਹਾਰ, ਸੋਹੰ ਜਪਿਓ ਜਿਸ ਨਾਮ ਸਵਾਸਾ । ਮਹਾਰਾਜ ਸ਼ੇਰ ਸਿੰਘ ਆਪ ਦੁੱਖ ਹਰਤਾ, ਸਿੱਖਾ ਦੀਓ ਦਰਸ ਭਰਵਾਸਾ । ਪ੍ਰਭ ਲੈ ਅਵਤਾਰ ਜਗਤ ਸੰਘਾਰਿਆ । ਪ੍ਰਭ ਜੋਤ ਸਰੂਪ ਭਗਤ ਉਧਾਰਿਆ । ਪ੍ਰਭ ਨਿਹਕੰਟਕ ਆਪਣਾ ਆਪ ਵਿਚ ਜਗਤ ਆਕਾਰਿਆ । ਮਹਾਰਾਜ ਸ਼ੇਰ ਸਿੰਘ ਤੀਨ ਭਵਨ ਹੋਏ ਜੈ ਜੈ ਜੈਕਾਰਿਆ । ਜੈ ਜੈ ਜੈਕਾਰ ਜਗਤ ਜੈਕਾਰਾ । ਜੈ ਜੈ ਜੈਕਾਰ ਸੋਹੰ ਸ਼ਬਦ ਭਗਤ ਭੰਡਾਰਾ । ਜੈ ਜੈ ਜੈਕਾਰ ਚਾਰ ਜੁਗ ਹੋਏ ਉਜਿਆਰਾ । ਜੈ ਜੈ ਜੈਕਾਰ ਕਲਜੁਗ ਦੁਸ਼ਟ ਪ੍ਰਭ ਮਾਰਾ । ਜੈ ਜੈ ਜੈਕਾਰ ਮਚਾਏ ਜਗਤ ਹਾਹਾਕਾਰਾ । ਜੈ ਜੈ ਜੈਕਾਰ ਹੋਏ ਸ੍ਰਿਸ਼ਟ ਅੰਧਿਆਰਾ । ਜੈ ਜੈ ਜੈਕਾਰ ਕਰ ਗੁਰਸਿਖਾਂ ਬੁਝੇ ਗੁਰ ਦਰ ਸੱਚਾ ਦਰਬਾਰਾ । ਜੈ ਜੈ ਜੈਕਾਰ ਸੋਹੰ ਸ਼ਬਦ ਕੁੰਟ ਚਾਰ ਜੈਕਾਰਾ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਕਲਜੁਗ ਕੀਓ ਪਾਰ ਕਿਨਾਰਾ । ਅੰਮ੍ਰਿਤ ਬਰਖਾ ਲਾਈ, ਗੁਰ ਪੂਰਾ ਕਰਮ ਕਮਾਇੰਦਾ । ਆਤਮ ਸ਼ਾਂਤ ਕਰਾਈ, ਬੂੰਦ ਅੰਮ੍ਰਿਤ ਮੁਖ ਚਵਾਇੰਦਾ । ਅਗਨ ਦੇਹ ਜਲਾਈ, ਕਾਇਆ ਸੀਤਲ ਠੰਡ ਕਰਾਇੰਦਾ । ਪ੍ਰਭ ਪੂਰੇ ਦਇਆ ਕਮਾਈ, ਦੁੱਖ ਦੇਹ ਦਰਦ ਹਟਾਇੰਦਾ । ਦਰ ਆਏ ਮਿਲੇ ਵਡਿਆਈ, ਕਰ ਕਿਰਪਾ ਅੰਮ੍ਰਿਤ ਮੁਖ ਚਵਾਇੰਦਾ । ਭੈ ਭਿਆਨਕ ਪ੍ਰਭ ਹੋਇਆ ਸਹਾਈ, ਭੂਤ ਪਲੀਤ ਵਿਚ ਦੇਹ ਜਲਾਇੰਦਾ । ਸਾਧ ਸੰਗਤ ਮਿਲੀ ਵਧਾਈ, ਦੇ ਦਰਸ ਪ੍ਰਭ ਨਜ਼ਰੀ ਨਜ਼ਰ ਕਰਾਇੰਦਾ । ਵਿਚੋਂ ਮਾਣ ਗਵਾਈ, ਅੰਮ੍ਰਿਤ ਧਾਰ ਦੂਖ ਨਿਵਾਰ ਪ੍ਰਭ ਅਖਵਾਇੰਦਾ । ਕਲਜੁਗ ਅਵਤਾਰ ਦੇਵੇ ਭਗਤ ਭੰਡਾਰ, ਅੰਮ੍ਰਿਤ ਬੂੰਦ ਕਵਲ ਮੇਂ ਪਾਇੰਦਾ । ਜੋ ਜਨ ਆਏ ਗੁਰ ਚਰਨ ਸੀਸ ਝੁਕਾਏ, ਪਤਤ ਪਾਪੀ ਪਵਿਤ ਕਰਾਇੰਦਾ । ਗੁਰਸਿਖਾਂ ਵਿਚ ਸਮਾਏ, ਪ੍ਰਭ ਪੁਰਖ ਨਿਰੰਜਣ ਚਰਨ ਧੂੜ ਗੁਰਸਿਖ ਮਸਤਕ ਲਾਇੰਦਾ । ਬਣਤ ਬਣਾਵੇ ਦਵਾਪਰ ਵਿਛੜੇ, ਕਲਜੁਗ ਪ੍ਰਭ ਮੇਲ ਮਿਲਾਇੰਦਾ । ਆਪਣਾ ਆਪ ਛੁਪਾਏ, ਜੋਤ ਪ੍ਰਗਟਾਏ ਭਗਤ ਜਨਾਂ ਸੋਝੀ ਪਾਇੰਦਾ । ਕੋਈ ਥਿਰ ਨਾ ਰਹਾਏ, ਪ੍ਰਭ ਬਿਨ ਕੋਈ ਠੌਹਰ ਨਾ ਪਾਏ, ਆਪ ਅਪਰੰਪਰ ਪ੍ਰਮੇਸ਼ਵਰ ਜਗਤ ਬਣਾਇੰਦਾ । ਧਰਨੀ ਧਰ ਈਸ਼ਰ ਨਰ ਸਿੰਘ ਨਰਾਇਣ, ਪ੍ਰਗਟ ਹੋ ਸਾਧ ਸੰਗਤ ਦਰਸ ਦਿਖਾਇੰਦਾ । ਜਨਮ ਸੁਫਲ ਕਰਾਏ, ਜੋ ਜਨ ਗੁਰ ਦਰ ਆਏ, ਫਿਰ ਜਨਮ ਨਾ ਪਾਇੰਦਾ । ਵਿਚ ਜੋਤ ਮਿਲਾਏ, ਧਾਮ ਸਚਖੰਡ ਸਚ ਲੈ ਜਾਏ, ਅਟਲ ਆਪ ਅਟਲ ਗੁਰਸਿਖ ਰਖਾਇੰਦਾ ।

ਜੋਤ ਜਗੇ ਜਿਥੇ ਨਰਾਇਣ ਬਣਤ ਬਣਾਏ, ਆਪ ਜੋਤ ਸਰੂਪ ਸਦ ਡਗਮਗਾਇੰਦਾ । ਜੋਤ ਸਰੂਪ ਪ੍ਰਭ ਵਿਚ ਆਕਾਸ਼ਿਆ, ਵਿਚ ਮਾਤ ਈਸ਼ਰ ਜੋਤ ਸਰੂਪ ਵਿਚ ਸਿੱਖ ਸਮਾਇੰਦਾ । ਗੁਣ ਨਿਧਾਨ ਕਿਰਪਾ ਨੰਦ, ਭਗਤ ਜਨਾਂ ਘਰ ਜੋਤ ਪ੍ਰਗਟਾਇੰਦਾ । ਸੱਚਾ ਪ੍ਰਗਟੇ ਨਿਰੰਕਾਰ, ਹੋਏ ਸ੍ਰਿਸ਼ਟ ਖੁਆਰ, ਪ੍ਰਭ ਪੂਰਾ ਮੁਖ ਛੁਪਾਇੰਦਾ । ਭਗਤ ਅਧਾਰ ਪੂਰਨ ਅਵਤਾਰ, ਅੰਮ੍ਰਿਤ ਬੂੰਦ ਪ੍ਰਭ ਅਮਰ ਕਰਾਇੰਦਾ । ਅੰਮ੍ਰਿਤ ਅਮਰ ਅਮਰ ਪ੍ਰਭ ਰੂਪਾ, ਪ੍ਰਭ ਕਾ ਰੂਪ ਕਿਸੇ ਨਜ਼ਰ ਨਾ ਆਇੰਦਾ । ਨਜ਼ਰ ਨਾ ਆਵੇ ਸਰਬ ਰਹਾਵੇ, ਬਿਨ ਬਾਤੀ ਬਿਨ ਤੇਲ ਪ੍ਰਭ ਦੀਪਕ ਦੇਹ ਜਲਾਇੰਦਾ । ਲੱਖ ਚੁਰਾਸੀ ਉਪਾਵੇ, ਸਰਬ ਦੇ ਵਿਚ ਸਮਾਵੇ, ਅੰਤਕਾਲ ਖਾਲੀ ਦੇਹ ਕਰਾਇੰਦਾ । ਕਿਸੇ ਹੱਥ ਨਾ ਆਵੇ, ਆਤਮ ਵਿਚ ਰਹਾਵੇ, ਮਾਇਆ ਰੂਪ ਸਭ ਪਰਦਾ ਪਾਇੰਦਾ । ਸੋਹੰ ਸ਼ਬਦ ਜੋ ਗਾਵੇ, ਰੰਗ ਰੰਗੀਲਾ ਮਾਧੋ ਨਿਜ ਮਾਹੇ ਪਾਵੇ, ਜੋਤ ਸਰੂਪ ਵਿਚ ਜੋਤ ਜਗਾਇੰਦਾ । ਨਿਹਕਲੰਕ ਅਖਵਾਵੇ, ਜੋਤ ਸਰੂਪ ਖੇਲ ਰਚਾਵੇ, ਭਗਤ ਜਨਾਂ ਹਰਿ ਹਰਿ ਹਰਿ ਦਰਸ ਦਿਖਾਇੰਦਾ । ਚਰਨ ਲਗਾਵੇ ਕਲਜੁਗ ਧਰਤ ਹਿਲ ਜਾਵੇ, ਮਹਾਰਾਜ ਸ਼ੇਰ ਸਿੰਘ ਸਿਰ ਹੱਥ ਟਿਕਾਇੰਦਾ । ਕਲਜੁਗ ਹੋਏ ਭੈ ਭਿਆਨਕ । ਵਰਤੇ ਕਹਿਰ ਅਚਨ ਅਚਾਨਕ । ਭੁੱਲੀ ਸ੍ਰਿਸ਼ਟ ਬਚਨ ਗੁਰ ਨਾਨਕ । ਗੁਰ ਜਗਤ ਜਿਉਂ ਮੋਤੀ ਮਾਣਕ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ, ਅੰਤਕਾਲ ਵਿਚ ਭੈ ਭਿਆਨਕ ।

❋ ੨ ਕੱਤਕ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

੨੦੩
੦੧

ਕਲਜੁਗ ਪ੍ਰਗਟੇ ਪਤਤ ਪਾਵਨ, ਈਸ਼ਰ ਜੋਤ ਜਗਤ ਗੁਰ ਚਾਨਣਾ । ਭਗਤ ਜਨਾਂ ਹਰਿ ਦਰ ਬੂਝਿਆ, ਪ੍ਰਭ ਮਿਲਿਆ ਸੁਘੜ ਸੁਜਾਨਣਾ । ਸੋਹੰ ਸ਼ਬਦ ਰਸ ਲੂਝਿਆ, ਤਿਸ ਦੇਵੇ ਬ੍ਰਹਮ ਗਿਆਨਣਾ । ਗੁਰਸਿਖ ਚਰਨ ਪਿਆਰ, ਕਿਰਪਾਨੰਦ ਦੇਵੇ ਇਹ ਦਾਨਣਾ । ਜਗਾਵੇ ਜੋਤ ਅਪਾਰ, ਸਤਿ ਪੁਰਖ ਸਤਿ ਮਾਨਣਾ । ਬੈਠਾ ਆਪ ਅਡੋਲ, ਜਗਤ ਕਰਾਇਆ ਸਰਬ ਦੀਵਾਨਣਾ । ਪ੍ਰਭ ਤੋਲੇ ਪੂਰਾ ਤੋਲ, ਕਲਜੁਗ ਜੀਵ ਅੰਤ ਕਲ ਖਪਾਨਣਾ । ਮਹਾਰਾਜ ਸ਼ੇਰ ਸਿੰਘ ਬਚਨ ਅਮੋਲ, ਗੁਰਸਿਖਾਂ ਮਨ ਭਾਵਨਾ । ਗੁਰਸਿਖਾਂ ਗੁਰਦਰ ਸੀਸ ਨਿਵਾਇਆ । ਬੇਮੁਖਾਂ ਸਿਰ ਛਾਰ ਕਲ ਧੱਕਾ ਲਾਇਆ । ਗੁਰਸਿਖਾਂ ਦੇ ਉਧਾਰ, ਜੋਤ ਸਰੂਪ ਪ੍ਰਭ ਦਰਸ ਦਿਖਾਇਆ । ਬੇਮੁਖ ਹੋਏ ਖ਼ੁਆਰ, ਹਰਿ ਕਰਤਾ ਨਜ਼ਰ ਨਾ ਆਇਆ । ਗੁਰਸਿਖਾਂ ਹੋਏ ਆਧਾਰ, ਦੀਪਕ ਜੋਤ ਜਗਾਇਆ । ਬੇਮੁਖ ਹੋਏ ਲਾਚਾਰ, ਕਾਲ ਫਾਸ ਕਲ ਸਿਰ ਤੇ ਆਇਆ । ਗੁਰਸਿਖ ਬ੍ਰਹਮ ਵਿਚਾਰ, ਗੁਰ ਪੂਰੇ ਬੂਝ ਬੁਝਾਇਆ । ਬੇਮੁਖ ਜਨਮ ਦਿਨ ਚਾਰ, ਵਿਚ ਚੁਰਾਸੀ ਗੇੜ ਲਗਾਇਆ । ਗੁਰਸਿਖ ਉਤਰੇ ਪਾਰ, ਜੋਤ ਸਰੂਪ ਅੰਤ ਜੋਤ ਮਿਲਾਇਆ । ਬੇਮੁਖ ਲਏ ਨਾ ਕੋਏ ਸਾਰ, ਗੁਰ ਪੂਰੇ ਮੁਖ ਭਵਾਇਆ । ਗੁਰਸਿਖ ਬੈਠੇ ਠਾਂਡੇ ਦਰਬਾਰ, ਜੋਤ ਸਰੂਪ ਥਾਨ ਸਚਖੰਡ ਰਚਾਇਆ । ਨਿਹਕਲੰਕ ਲੈ ਅਵਤਾਰ, ਸੋਹੰ ਬਾਣ ਜਗਤ ਪ੍ਰਭ ਲਾਇਆ । ਮਹਾਰਾਜ ਸ਼ੇਰ ਸਿੰਘ ਜੋਤ ਆਕਾਰ, ਵਿਚ ਮਾਤ ਜੋਤ ਪ੍ਰਗਟਾਇਆ । ਕਲਜੁਗ ਆਇਆ ਅੰਧ ਅੰਧਿਆਰਾ । ਪ੍ਰਗਟਿਓ ਜੋਤ ਸਰੂਪ ਆਪ ਗਿਰਧਾਰਾ । ਗੁਰਸਿਖਾਂ ਦੇ ਗਿਆਨ, ਆਤਮ ਹੋਏ ਚਮਤਕਾਰਾ । ਗੁਰਸਿਖ ਮਨ ਗੁਰਚਰਨ ਧਿਆਨ, ਚਰਨ ਕਵਲ ਸਾਚਾ ਦਰਬਾਰਾ । ਸਚ ਦਰਬਾਰ ਜਿਥੇ ਲੈ ਪ੍ਰਭ ਅਵਤਾਰਾ । ਬੇਮੁਖ ਨਾ ਪਾਇਣ ਸਾਰ, ਕਲਜੁਗ ਪ੍ਰਗਟਿਓ ਆਪ ਨਿਰੰਕਾਰਾ । ਜੋਤ ਸਰੂਪ ਜਗਤ

ਹਰਿ ਵਸਿਆ, ਰਹੇ ਪ੍ਰਭ ਸਦਾ ਨਿਰਾਧਾਰਾ । ਗੁਰਸਿਖਾਂ ਕਲ ਹਰਿ ਰੰਗ ਮਾਣਿਆਂ, ਜਿਨ੍ਹਾਂ ਬੁਝਾਏ ਵਖਾਏ ਰੰਗ ਅਪਰ ਅਪਾਰਾ । ਧਰਤ ਹਿਲਾਈ ਸ੍ਰਿਸ਼ਟ ਖਪਾਈ, ਐਸਾ ਕਰੇ ਖੇਲ ਅਪਾਰਾ । ਕਲਜੁਗ ਉਲਟਾਏ ਸਤਿਜੁਗ ਸਾਚਾ ਲਾਏ, ਮਹਾਰਾਜ ਸ਼ੇਰ ਸਿੰਘ ਲੈ ਅਵਤਾਰਾ । ਲੈ ਅਵਤਾਰ ਜਗਤ ਪ੍ਰਕਾਸ਼ਿਆ । ਕਰ ਦਰਸ ਦੁੱਖ ਦਰਦ ਵਿਨਾਸਿਆ । ਜੋਤ ਜਗਾਈ ਗੁਰਸਿਖਾਂ ਪ੍ਰਭ ਬੂਝ ਬੁਝਾਈ, ਗੁਰ ਪੂਰੇ ਕਉ ਸਦ ਬਲ ਜਾਸਿਆ । ਸ੍ਰਿਸ਼ਟ ਭੁਲਾਈ ਬੇਮੁਖ ਦਰ ਤੇ ਠੌਹਰ ਨਾ ਪਾਈ, ਅੰਤ ਕਾਲ ਗਲ ਜਮ ਕੀ ਫਾਸਿਆ । ਗੁਰਸਿਖ ਪਹਿਨਾਈ ਸੋਹੰ ਸ਼ਬਦ ਰੰਗਣ ਦੇ ਚੜ੍ਹਾਈ, ਅੰਤ ਕਾਲ ਕਰੇ ਬੰਦ ਖੁਲਾਸਿਆ । ਕਲਜੁਗ ਪ੍ਰਗਟੇ ਆਪ ਰਘੁਰਾਈ, ਮਹਾਰਾਜ ਸ਼ੇਰ ਸਿੰਘ ਨਾਮ ਰਖਾਈ, ਗੁਰਸਿਖਾਂ ਗੁਰ ਚਰਨ ਰਹਿਰਾਸਿਆ । ਗੁਰਚਰਨ ਸਚ ਗੁਰ ਕੇ ਧਾਮਾ । ਕਲਜੁਗ ਪ੍ਰਗਟਿਓ ਨਰ ਕਾ ਜਾਮਾ । ਤਰੇਤਾ ਰਾਮ ਅਵਤਾਰ, ਦਵਾਪਰ ਕ੍ਰਿਸ਼ਨ ਸ਼ਾਮਾ । ਕਲਜੁਗ ਕਰਮ ਵਿਚਾਰ, ਨਿਹਕਲੰਕ ਵਜਾਏ ਸ਼ਬਦ ਦਮਾਮਾ । ਹੋਏ ਜਗਤ ਖ਼ੁਆਰ, ਸ਼ਬਦ ਲਿਖਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਪ੍ਰਭ ਕਾ ਬਚਨ ਪ੍ਰਭ ਕਾ ਰੰਗ । ਗੁਰ ਕਾ ਸ਼ਬਦ ਸਰਬ ਦੁੱਖ ਭੰਗ । ਗੁਰ ਦਰਬਾਰ ਜੋ ਜਨ ਆਏ, ਸੋਹੰ ਸ਼ਬਦ ਨਾਮ ਸਦ ਮੰਗ । ਉਪਜੇ ਗਿਆਨ ਮਿਟੇ ਅੰਧੇਰਾ, ਦੇਵੇ ਦਰਸ ਆਪ ਅਨਰੰਗ । ਹੰਕਾਰ ਨਿਵਾਰੇ ਦੁਸ਼ਟ ਸੰਘਾਰੇ, ਜੋਤ ਸਰੂਪ ਜਗਤ ਪ੍ਰਭ ਜੰਗ । ਸੋਹੰ ਸ਼ਬਦ ਵਿਚਾਰੇ, ਮਹਾਰਾਜ ਸ਼ੇਰ ਸਿੰਘ ਚਰਨ ਨਿਮਸਕਾਰੇ, ਸੋਹੰ ਸ਼ਬਦ ਚਲੇ ਅਨਰਾਗਾ । ਸਿਮਰੇ ਜਨ ਵੱਜੇ ਅਨਹਦ ਵਾਜਾ । ਉਪਜੇ ਮਨ ਧੁਨ ਜਿਉਂ ਨਾਦਾ । ਜਗਾਏ ਜੋਤ ਦੇਵੇ ਦਰਸ ਪ੍ਰਭ ਅਗਾਧਾ । ਗੁਰਸਿਖਾਂ ਗੁਰ ਜਨਮ ਸਵਾਰਿਆ, ਸ਼ਰਨ ਲਾਏ ਦਰਸ ਦਿਖਾਏ ਤਨ ਮਨ ਸਾਧਾ । ਮਹਾਰਾਜ ਸ਼ੇਰ ਸਿੰਘ ਚਲਤ ਕਰਾਏ, ਜੁਗਤ ਜਗਤ ਇਹ ਬਣਾਏ ਕਲੂ ਕਾਲ ਰੂਪ ਜਗਤ ਹੈ ਖਾਧਾ । ਪ੍ਰਭ ਕਾ ਧਾਮ ਸਦਾ ਅਖੰਡ । ਪ੍ਰਭ ਵਸੇ ਖੰਡ ਬ੍ਰਹਿਮੰਡ । ਕਲਜੁਗ ਹੋਇਆ ਅੰਤ ਮਲੰਗ । ਉਤਮ ਰੰਗ ਮਹਾਰਾਜ ਸ਼ੇਰ ਸਿੰਘ ਗੁਰਸਿਖ ਸਰਬ ਦੁੱਖ ਖੰਡ । ਸੋਹੰ ਨਾਮ ਗੁਰ ਕੀ ਵੱਥ, ਕਲਜੁਗ ਦੇਵੇ ਆਪ ਕਰਤਾਰਾ । ਸੋਹੰ ਨਾਮ ਗੁਰ ਕੀ ਵੱਥ, ਗੁਰਮੁਖ ਪਾਏ ਆ ਗੁਰ ਕੇ ਦਵਾਰਾ । ਸੋਹੰ ਨਾਮ ਗੁਰ ਕੀ ਵੱਥ, ਭਗਤ ਜਨਾਂ ਦੇ ਭੰਡਾਰਾ । ਸੋਹੰ ਨਾਮ ਗੁਰ ਕੀ ਵੱਥ, ਕਲਜੁਗ ਕੀਓ ਜਿਸ ਪਾਰ ਕਿਨਾਰਾ । ਸੋਹੰ ਨਾਮ ਗੁਰ ਕੀ ਵੱਥ, ਗੁਰਸਿਖ ਸਿਮਰ ਉਤਰੇ ਪਾਰ ਕਿਨਾਰਾ । ਸੋਹੰ ਨਾਮ ਗੁਰ ਕੀ ਵੱਥ, ਰਸਨਾ ਉਚਰੇ ਕਿਰਪਾ ਕਰੇ ਜਿਸ ਗਿਰਧਾਰਾ । ਸੋਹੰ ਨਾਮ ਗੁਰ ਕੀ ਵੱਥ, ਰਸਨਾ ਸਿਮਰੇ ਦੇਵੇ ਦਰਸ ਆਪ ਨਿਰੰਕਾਰਾ । ਸੋਹੰ ਨਾਮ ਗੁਰ ਕੀ ਵੱਥ, ਕਲਜੁਗ ਪ੍ਰਗਟਿਓ ਆਪ ਕ੍ਰਿਸ਼ਨ ਮੁਰਾਰਾ । ਸੋਹੰ ਨਾਮ ਗੁਰ ਕੀ ਵੱਥ, ਖਾਣੀ ਬਾਣੀ ਗਗਨ ਪਾਤਾਲ ਪ੍ਰਭ ਜੋਤ ਆਕਾਰਾ । ਸੋਹੰ ਨਾਮ ਸ਼ਬਦ ਅਕੱਥ, ਗੁਰਸਿਖ ਪਾਵੇ ਨਾਮ ਉਜਿਆਰਾ । ਸੋਹੰ ਸ਼ਬਦ ਸੋਹੰ ਨਾਮ ਸਤਿਜੁਗ ਰਥ, ਰਸਨਾ ਸਿਮਰੇ ਸ੍ਰਿਸ਼ਟ ਉਤਰੇ ਪਾਰਾ । ਮਹਾਰਾਜ ਸ਼ੇਰ ਸਿੰਘ ਸਦਾ ਸਿਰ ਰੱਖੇ ਹੱਥ, ਜੋ ਜਨ ਆਏ ਚਰਨ ਨਿਮਸਕਾਰਾ । ਸੋਹੰ ਸ਼ਬਦ ਸਤਿਜੁਗ ਚਲਾਇਆ । ਸੋਹੰ ਸ਼ਬਦ ਕਲ ਭੱਖ ਕਰਾਇਆ । ਸੋਹੰ ਸ਼ਬਦ ਗੁਰ ਦਰ ਗੁਰਸਿਖ ਧਿਆਇਆ । ਸੋਹੰ ਸ਼ਬਦ ਨਾਮ ਪਦਾਰਥ ਪ੍ਰਭ ਝੋਲੀ ਪਾਇਆ । ਸੋਹੰ ਸ਼ਬਦ ਰਸਨਾ ਜਪ, ਜੋਤ ਸਰੂਪ ਪ੍ਰਭ ਮੇਲ ਮਿਲਾਇਆ । ਸੋਹੰ ਸ਼ਬਦ ਉਤਮ ਰਸ, ਬ੍ਰਹਮ ਸਰੂਪ ਜਿਸ ਦਰਸਾਇਆ । ਸੋਹੰ ਸ਼ਬਦ ਕਰੇ ਸਭ ਭਸ, ਕਾਮ ਕਰੋਧ ਵਿਚ ਦੇਹ ਜਲਾਇਆ । ਸੋਹੰ ਸ਼ਬਦ ਕਰੇ ਪ੍ਰਭ ਵਸ, ਜੋ ਸਿਮਰੇ ਪ੍ਰਭ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਭਗਤਨ ਵਸ, ਸਾਧ ਸੰਗਤ ਵਿਚ ਦਰਸ ਦਿਖਾਇਆ । ਦਰਸ ਦਿਖਾਵੇ

ਆਪ ਅਪਰੰਪਰ ਪੂਰਾ । ਜੋਤ ਜਗਾਵੇ ਕਰੇ ਗਿਆਨ ਭਸਮੰਤਰਾ । ਏਕ ਜੋਤ ਪ੍ਰਭ ਜੋਤ ਸਰੂਪਾ, ਜਗੇ ਜੋਤ ਵਿਚ ਦੇਹ ਨਿਰੰਤਰਾ । ਅਗਿਆਨ ਅੰਧੇਰ ਗਵਾਏ, ਦੀਪਕ ਜੋਤ ਵਿਚ ਦੇਹ ਜਗਾਏ, ਸੋਹੰ ਸ਼ਬਦ ਦੇਵੇ ਗੁਰਮੰਤਰਾ । ਪ੍ਰਭ ਦਰਸ ਦਿਖਾਵੇ, ਦਵਾਪਰ ਵਿਛੜੇ ਕਲ ਲਏ ਮਿਲਾਏ, ਕਿਰਪਾ ਕਰੇ ਪ੍ਰਭ ਨਿਰੰਤਰਾ । ਬੇਮੁਖ ਖਪਾਏ ਗੁਰਸਿਖ ਤਰਾਏ, ਸੋਹੰ ਦੇਵੇ ਗਿਆਨ ਨਿਰੰਤਰਾ । ਨਿਹਕਲੰਕ ਅਖਵਾਵੇ, ਮਹਾਰਾਜ ਸ਼ੇਰ ਸਿੰਘ ਨਾਮ ਰਖਾਵੇ, ਛੱਡ ਦੇਹ ਜੋਤ ਸਰੂਪ ਰਹੰਤਰਾ । ਜੋਤ ਸਰੂਪ ਪ੍ਰਭ ਸਰਬ ਪਰਕਾਸ਼ੇ । ਜੋਤ ਸਰੂਪ ਪ੍ਰਭ ਤੀਨ ਲੋਕ ਪ੍ਰਕਾਸ਼ੇ । ਜੋਤ ਸਰੂਪ ਪ੍ਰਗਟਿਓ ਕਲ, ਕਰ ਦਰਸ ਦੁੱਖ ਦਰਦ ਵਿਨਾਸੇ । ਜੋਤ ਸਰੂਪ ਪ੍ਰਭ ਧਰਨੀ ਧਰ, ਗੁਰਸਿਖ ਗਾਓ ਸਦ ਰਸਨ ਸਵਾਸੇ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪਾ, ਭਗਤ ਜਨਾਂ ਕਰੇ ਬੰਦ ਖੁਲਾਸੇ । ਸ਼ਬਦ ਰੂਪ ਗੁਰ ਸ਼ਬਦ ਚਲਾਇਆ । ਸ਼ਬਦ ਰੂਪ ਗੁਰ ਸ਼ਬਦ ਬਾਣ ਅਗਨ ਚਲਾਇਆ । ਸ਼ਬਦ ਰੂਪ ਸਰਬ ਸ੍ਰਿਸ਼ਟ ਪ੍ਰਭ ਦੇ ਖਪਾਇਆ । ਸ਼ਬਦ ਰੂਪ ਸ਼ਬਦ ਗੁਰ ਉਚਰੇ, ਸ਼ਬਦ ਸ਼ਬਦ ਗੁਰ ਮੇਲ ਕਰਾਇਆ । ਸ਼ਬਦ ਰੂਪ ਪ੍ਰਭ ਦੇਹ ਪ੍ਰਕਾਸ਼ੇ, ਬੇਮੁਖਾਂ ਨਜ਼ਰ ਨਾ ਆਇਆ । ਸ਼ਬਦ ਰੂਪ ਪ੍ਰਭ ਕਰੇ ਵਿਨਾਸੇ, ਖੰਡ ਸਚ ਬੈਠ ਜੋਤ ਜਗਾਇਆ । ਸ਼ਬਦ ਰੂਪ ਪ੍ਰਭ ਦੇਹ ਤਜਾਈ, ਛੱਡ ਦੇਹ ਨਿਹਕਲੰਕ ਅਖਵਾਇਆ । ਨਿਹਕਲੰਕ ਨਿਰੰਜਣ ਨਰਾਇਣ, ਪਾਰਬ੍ਰਹਮ ਪਰਮੇਸ਼ਰ ਕਿਸੇ ਭੇਵ ਨਾ ਪਾਇਆ । ਮੁਕੰਦ ਮਨੋਹਰ ਲਖ਼ਮੀ ਨਰਾਇਣ, ਪ੍ਰਭ ਜੋਤ ਪ੍ਰਗਟਾਇਆ । ਅਬਿਨਾਸ਼ੀ ਅਵਿਗਤ ਅਗੋਚਰ, ਜੋਤ ਸਰੂਪ ਵਿਚ ਦੇਹ ਸਿੱਖ ਸਮਾਇਆ । ਅਛੱਲ ਅਡੋਲ ਅਤੋਲ ਪ੍ਰਭ ਪੂਰਨ, ਬਾਹੋਂ ਪਕੜ ਪ੍ਰਭ ਗੁਰਸਿਖ ਤਰਾਇਆ । ਮਹਾਰਾਜ ਸ਼ੇਰ ਸਿੰਘ ਦਰਸ ਅਨਮੋਲ, ਜੋਤ ਪ੍ਰਗਟਾਏ ਬੇਮੁਖਾਂ ਨਜ਼ਰ ਨਾ ਆਏ, ਗੁਰਸਿਖਾਂ ਦਰਸ ਦਿਖਾਇਆ । ਗੁਰਸਿਖ ਤਰਾਏ, ਬੇਮੁਖ ਜਲਾਏ, ਮਦਿ ਮਾਸੀ ਨਰਕ ਨਿਵਾਸ ਦਿਵਾਇੰਦਾ । ਕਲਜੁਗ ਅਗਨ ਜਲਾਏ ਦੁੱਖੀ ਜੀਵ ਬਿਲਲਾਏ, ਗੁਰਸਿਖਾਂ ਮੁਖ ਅੰਮ੍ਰਿਤ ਬੂੰਦ ਚਵਾਇੰਦਾ । ਆਤਮ ਸ਼ਾਂਤ ਕਰਾਏ, ਨਿਜਾਨੰਦ ਪ੍ਰਭ ਦਰਸਾਏ, ਦੇ ਦਰਸ ਪੜਦੇ ਲਾਹਿੰਦਾ । ਪੜਦਾ ਲਾਹਿਆ ਭਰਮ ਭਉ ਚੁਕਾਇਆ, ਆਤਮ ਹੋ ਪ੍ਰਕਾਸ਼ ਦੀਪਕ ਜੋਤ ਜਗਾਇੰਦਾ । ਭਗਤ ਰਾਏ ਹੋਏ ਸਹਾਏ, ਸਵੱਛ ਸਰੂਪ ਪ੍ਰਭ ਨਜ਼ਰੀ ਆਇੰਦਾ । ਗੁਰਸਿਖ ਵਡਿਆਏ ਚਰਨ ਲਗਾਏ, ਪ੍ਰਭ ਭਵਜਲ ਪਾਰ ਕਰਾਇੰਦਾ । ਅੰਤ ਕਾਲ ਪ੍ਰਭ ਜੋਤ ਮਿਲਾਏ, ਗੁਰਸਿਖਾਂ ਦਰਸ ਦਿਖਾਇੰਦਾ । ਜਮ ਨੇੜ ਨਾ ਆਏ, ਸਤਿਗੁਰ ਪੂਰਾ ਹੋਏ ਸਹਾਏ, ਐਸੀ ਬਣਤ ਪ੍ਰਭ ਆਪ ਬਣਾਇੰਦਾ । ਵਿਚ ਬਬਾਣ ਬਿਠਾਏ, ਖੰਡ ਸਚ ਗੁਰ ਧਾਮ ਪੁਚਾਏ, ਜੋਤ ਸਰੂਪ ਜਿਥੇ ਪ੍ਰਭ ਡਗਮਗਾਇੰਦਾ । ਚੁਰਾਸੀ ਗੇੜ ਚੁਕਾਏ, ਅਟਲ ਪਦਵੀ ਗੁਰਸਿਖ ਗੁਰਦਰ ਤੇ ਪਾਏ, ਜੋਤ ਸਰੂਪ ਵਿਚ ਜੋਤ ਮਿਲਾਇੰਦਾ । ਨਿਹਕਲੰਕ ਅਖਵਾਏ, ਛੱਡ ਦੇਹ ਜੋਤ ਸਰੂਪ ਹੋ ਜਾਏ, ਗੁਰਸਿਖਾਂ ਬੂਝ ਬੁਝਾਇੰਦਾ । ਮਹਾਰਾਜ ਸ਼ੇਰ ਸਿੰਘ ਨਾਮ ਰਖਾਵੇ, ਅੰਤ ਕਲੂ ਆਪ ਕਰਾਏ, ਸਤਿਜੁਗ ਸਚ ਲਾਇੰਦਾ । ਸਤਿਜੁਗ ਵਰਤੇ ਸਚ ਪਸਾਰਾ । ਈਸ਼ਰ ਜੋਤ ਹੋਏ ਜਗਤ ਆਕਾਰਾ । ਜੀਵ ਜੰਤ ਸਭ ਜੋਤ ਆਧਾਰਾ । ਪ੍ਰਭ ਕੀ ਜੋਤ ਸਰਬ ਪਸਰ ਪਸਾਰਾ । ਸਤਿਜੁਗ ਉਪਜੇ ਆਪ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਗੁਰਚਰਨ ਦਵਾਰਾ । ਦੁਖੀ ਦਰ ਬਿਲਲਾਏ ਦਏ ਦੁਹਾਈਆ । ਜਨਮ ਬਿਰਥਾ ਜਾਏ, ਦਰ ਦਰ ਠੋਕਰਾਂ ਖਾਈਆ । ਦੁਖੀਆਂ ਦੁੱਖ ਨਿਵਾਰ ਦੇ, ਤੇਰੇ ਹੱਥ ਵਡਿਆਈਆ । ਕਰੀ ਦਰ ਪੁਕਾਰ ਬਿੰਗ ਕਸਾਈਆ । ਢੱਠੇ ਹਰਿ ਦਵਾਰ, ਗੁਣ ਅਵਗੁਣ ਨਾ ਵਿਚਾਰ, ਢਠੇ ਦਰ ਘਰ ਘਰ ਦਰ ਮਿਲਣ ਵਧਾਈਆ । ਕਲ ਕਲੇਸ਼ ਕਰਮ ਵਿਚਾਰ, ਨਾਮ ਦਾਨ ਪਲੇ ਪਾਈਆ । ਦੁਖੀ ਹੋ ਜਗਤ ਬਿਲਲਾਏ, ਬਿਨ ਪੁੱਤਰਾਂ ਮਾਵਾਂ

ਸਦਾ ਸਵਾਈਆ । ਦੇ ਦਿਲਾਸਾ ਤੇਰੇ ਚਰਨ ਭਰਵਾਸਾ, ਦੇ ਦਾਤ ਦਾਤ ਗੁਰ ਡਾਹਢੇ ਸਭ ਭੁੱਖਿਆਂ ਭੁੱਖ ਗਵਾਈਆ । ਦਰਸ ਤੇਰਾ ਸਦਾ ਮਨ ਉਪਜੇ, ਰੱਖਣਹਾਰੇ ਲਾਜ ਰੱਖ ਵਖਾਈਆ । ਮਹਾਰਾਜ ਸ਼ੇਰ ਸਿੰਘ ਢਹਿ ਪਇਓ ਦਵਾਰੇ, ਚਰਨ ਲਾਗ ਸਾਧ ਸੰਗਤ ਰਲ ਜਾਈਆ । ਸਾਧ ਸੰਗਤ ਪ੍ਰਭ ਵਸਣੇਹਾਰਾ । ਸਾਧ ਸੰਗਤ ਵਿਚ ਲੈ ਅਵਤਾਰਾ । ਸਾਧ ਸੰਗਤ ਬਿਨ ਸ੍ਰਿਸ਼ਟ ਝੱਖ ਮਾਰਾ । ਸਾਧ ਸੰਗਤ ਬੂਝੇ ਹਰਿ ਕਾ ਦਵਾਰਾ । ਸਾਧ ਸੰਗਤ ਰੰਗ ਮਾਣੇ ਜੁਗ ਹੈ ਚਾਰਾ । ਸੋਹੰ ਦੇ ਗਿਆਨ, ਗੁਰਸਿਖਾਂ ਗੁਰ ਪਾਰ ਉਤਾਰਾ । ਕਲਜੁਗ ਲੈ ਅਵਤਾਰ, ਮਹਾਰਾਜ ਸਿੰਘ ਜੋਤ ਆਧਾਰਾ । ਜੋਤ ਆਧਾਰ ਨਿਰੰਜਣ ਦੇਉ । ਸ੍ਰਿਸ਼ਟ ਭੁਲਾਈ ਪ੍ਰਭ ਪੂਰਨ ਦਿਉ । ਸ੍ਰਿਸ਼ਟ ਭੁਲਾਈ ਗੁਰਸਿਖ ਜਣਾਈ, ਸੋਹੰ ਸ਼ਬਦ ਮਹਾਂ ਰਸ ਪੀਓ । ਪ੍ਰਭ ਹੱਥ ਵਡਿਆਈ, ਮਹਾਰਾਜ ਸ਼ੇਰ ਸਿੰਘ ਪੈਜ ਰਖਾਈ, ਕਰ ਦਰਸ ਹੋਏ ਨਿਰਮਲ ਜੀਓ । ਦਰਸ ਦਾਸ ਜਨ ਗੁਰ ਕਾ ਕਰਿਆ । ਰਸਨਾ ਉਚਰੇ ਨਾਉਂ ਆਤਮ ਠਾਂਡਾ ਕਰਿਆ । ਗੁਰਸਿਖ ਪਾਇਨ ਥਾਂਓ, ਦੀਪਕ ਜੋਤ ਜਿਥੇ ਪ੍ਰਭ ਧਰਿਆ । ਭਗਤ ਵਛਲ ਵਸੇ ਸਭ ਠਾਂਓ, ਦੇਵੇ ਦਰਸ ਸਭ ਆਸਾ ਵਰਿਆ । ਮਹਾਰਾਜ ਸ਼ੇਰ ਸਿੰਘ ਸਦਾ ਗੁਣ ਗਾਓ, ਮਾਣਸ ਜਨਮ ਜਿਸ ਕਰਿਆ । ਮਨਸਾ ਮਨ ਜੋ ਧਾਰੇ, ਗੁਰ ਕਾ ਸ਼ਬਦ ਨਾ ਮਨ ਵਿਚਾਰੇ, ਕਲਜੁਗ ਡੁੱਬੇ ਵਿਚ ਮੰਝਧਾਰੇ । ਮਾਣ ਗਵਾਇਆ ਜਗਤ ਦੁੱਖ ਪਾਇਆ, ਮਾਣਸ ਜਨਮ ਜਗਤ ਗਏ ਹਾਰੇ । ਅੰਤਕਾਲ ਕਾਲ ਖਪਾਇਆ, ਲੱਖ ਚੁਰਾਸੀ ਵਿਚ ਚੱਕਰ ਲਾਇਆ, ਆਤਮ ਸਦਾ ਅਡੋਲ ਦੇਹ ਨਿਮਾਣਿਆਂ । ਦੁੱਖੜੇ ਦੇ ਕਲੋਲ, ਪੀੜੇ ਤਿਲ ਜਿਉਂ ਘਾਣਿਆਂ । ਦੇਹ ਦੁੱਖ ਨਾ ਸਕੇ ਤੋਲ, ਬਹੱਤਰ ਨਾੜਾਂ ਵਿਚ ਸਮਾਣਿਆਂ । ਜਪ ਤਪ ਖਟ ਰੋਗ ਪ੍ਰਭ ਮਾਰੇ, ਮਥੇ ਜਿਉਂ ਮਥਨ ਮਧਾਣਿਆਂ । ਕਚ ਪ੍ਰਭ ਤੋੜੇ ਝੱਟ ਭੁੱਲਾ ਜੀਵ ਜਿਉਂ ਬਾਲ ਅੰਞਾਣਿਆਂ । ਗੁਰ ਪੂਰੇ ਬਿਨ ਕੋਈ ਰੱਖ ਨਾ ਸਕੇ, ਦੂਖ ਨਿਵਾਰ ਨਾ ਕੋਈ ਅਖਵਾਣਿਆਂ । ਮਹਾਰਾਜ ਸ਼ੇਰ ਸਿੰਘ ਆਪ ਸਮਰਥ, ਅੰਮ੍ਰਿਤ ਬਰਖਾ ਲਾਏ ਦੁੱਖ ਮਿਟਾਣਿਆਂ । ਝੂਠੀ ਦੇਹ ਵਿਚ ਪ੍ਰੀਤਮ ਸਾਚਾ । ਝੂਠੀ ਕਾਇਆ ਜਿਉਂ ਕੁੰਭ ਕਾਚਾ । ਹਉਮੈ ਰੋਗ ਵਿਚ ਦੇਹ ਆਂਚਾ । ਪ੍ਰਭ ਕੀ ਜੋਤ ਰਚੇ ਵਿਚ ਦੇਹ ਮਹਾਰਾਜ ਸ਼ੇਰ ਸਿੰਘ ਜਲਾਵੇ ਜੀਵ ਕੀ ਆਂਚਾ ।

❊ ੩ ਕੱਤਕ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਅਰਸ਼ ਅਰਸ਼ ਅਰਸ਼ ਛੱਡ ਅਰਸ਼, ਮਾਤ ਜੋਤ ਪ੍ਰਗਟਾ ਲਿਆ । ਬਰਸ ਬਰਸ ਅੰਮ੍ਰਿਤ ਮੇਘ ਬਰਸ, ਸੋਹੰ ਸ਼ਬਦ ਬਰਸਾ ਲਿਆ । ਤਰਸ ਤਰਸ ਕਰ ਤਰਸ, ਗੁਰ ਚਰਨ ਲਗਾ ਲਿਆ । ਹਰਸ ਹਰਸ ਕਰ ਦਰਸ, ਗੁਰ ਹਰਸ ਮਿਟਾ ਲਿਆ । ਗੁਰਸੰਗਤ ਲੈ ਤਾਰ, ਬੇਮੁਖਾਂ ਨਰਕ ਨਿਵਾਸ ਦਵਾ ਲਿਆ । ਮਹਾਰਾਜ ਸ਼ੇਰ ਸਿੰਘ ਭਗਤ ਭੰਡਾਰ, ਦੇ ਦਰਸ ਤਨ ਮਨ ਗੁਰਸਿਖ ਧੀਰ ਧਰਾ ਲਿਆ । ਧਰੇ ਧੀਰ ਮਨ ਗੁਰ ਦਰਸ ਪਾ ਲਿਆ । ਸੋਹੰ ਸ਼ਬਦ ਵੱਜੇ ਤੀਰ, ਬਾਣ ਅਣਿਆਲਾ ਜੁਗ ਚਾਰ ਚਲਾ ਲਿਆ । ਸੋਹੰ ਸ਼ਬਦ ਗੁਰਸਿਖ ਸੀਤਲ, ਅੰਮ੍ਰਿਤ ਬਰਖ਼ ਪ੍ਰਭ ਮੁਖ ਚਵਾ ਲਿਆ । ਰਸਨਾ ਜਪ ਹੋਏ ਰਸਨ ਸਰੀਰ, ਅੰਧ ਅੰਧੇਰ ਦੇਹ ਵਿਚ ਦੇ ਮਿਟਾਇਆ । ਹਉਮੈ ਤੋੜ ਜ਼ੰਜੀਰ, ਖੋਲ੍ਹ ਤ੍ਰੈਕੁਟੀ ਪ੍ਰਭ ਦਰਸ ਦਿਖਾਇਆ । ਗੁਰਸਿਖ ਉਜਲ ਵਾਂਗ ਕਬੀਰ, ਕਲੂ ਕਾਲ ਨਿਹਕਲੰਕ ਜਿਨ ਸੀਸ ਨਿਵਾਇਆ । ਹੋਏ ਆਤਮ ਸ਼ਾਂਤ ਸਰੀਰ, ਜੋਤ ਪ੍ਰਕਾਸ਼ ਪ੍ਰਭ ਅੰਧੇਰ ਮਿਟਾਇਆ । ਗੁਰ

ਪੂਰਨ ਗਹਿਰ ਗੰਭੀਰ, ਜੋਤ ਸਰੂਪ ਜਗਤ ਵਿਚ ਆਇਆ । ਗੁਰ ਵੱਡਾ ਪੀਰਾਂ ਸਿਰ ਪੀਰ, ਬੈਠ ਸਿੰਘਾਸਣ ਦਰਸ ਦਿਖਾਇਆ । ਸਿੰਘ ਆਸਣ ਬੈਠੇ ਆਪ ਰਘੁਬੀਰ, ਤਰੇਤਾ ਜੁਗ ਜਿਉਂ ਉਲਟਾਇਆ । ਪ੍ਰਗਟੇ ਜੋਤ ਕ੍ਰਿਸ਼ਨ ਮੁਰਾਰ, ਦਵਾਪਰ ਅੰਧ ਜਿਸ ਸ੍ਰਿਸ਼ਟ ਕਰਾਇਆ । ਕਲਜੁਗ ਮਹਾਰਾਜ ਸ਼ੇਰ ਸਿੰਘ ਅਛੱਲ ਸਰੀਰ, ਛੱਡ ਦੇਹ ਜੋਤ ਰੂਪ ਹੋ ਆਇਆ । ਜੋਤ ਸਰੂਪ ਕਲਜੁਗ ਪ੍ਰਭ ਵਸਿਆ । ਭਗਤਨ ਦੇ ਦੀਦਾਰ, ਬੇਮੁਖਾਂ ਥਿਰ ਘਰ ਨਾ ਦੱਸਿਆ । ਗੁਰ ਦੇਵੇ ਪੈਜ ਸਵਾਰ, ਬੇਮੁਖ ਜਨਮ ਗਵਾਵੇ ਹੱਸਿਆ । ਜਿਸ ਨੇਹੁ ਕਲ ਗੁਰਚਰਨ ਪਿਆਰ, ਦੇ ਦਰਸ ਸਚ ਸਰੂਪ ਦੱਸਿਆ । ਸੋਹੰ ਸ਼ਬਦ ਰਸਨ ਵਿਚਾਰ, ਨਜ਼ਰੀਂ ਆਵੇ ਪ੍ਰਭ ਵਿਚ ਦੇਹ ਵਸਿਆ । ਮਦਿ ਮਾਸੀ ਨਰਕ ਮਝਾਰ, ਸਚ ਦਰਬਾਰ ਕੋਲ ਪਾਪੀ ਨੱਸਿਆ । ਗੁਰਸਿਖਾਂ ਜੋਤ ਆਧਾਰ, ਜੋਤ ਸਰੂਪ ਪ੍ਰਭ ਸਦਾ ਵਿਗਸਿਆ । ਧਰਨੀ ਧਰ ਈਸ਼ਰ ਲੈ ਨਰ ਅਵਤਾਰ, ਜਨਮ ਧਾਮ ਪ੍ਰਭ ਘਨਕਪੁਰੀ ਵਸਿਆ । ਮਨੀ ਸਿੰਘ ਸੰਤ ਦੇ ਦੀਦਾਰ, ਸ਼ਬਦ ਸਰੂਪ ਹਿਰਦੇ ਪ੍ਰਭ ਵਸਿਆ । ਆਇਆ ਧੁਰ ਦਰਬਾਰ, ਕਰ ਦਰਸ ਦਰਸ ਦਰਸ ਕਲਜੁਗ ਮਹਾਰਾਜ ਸ਼ੇਰ ਸਿੰਘ ਦੇਵੇ ਅੰਮ੍ਰਿਤ ਨਾਮ ਰਸਿਆ ।

ਜੋਤ ਜੋਤ ਜੋਤ ਸਰੂਪ ਪ੍ਰਭ ਕਲ ਚਾਨਣਾ । ਹੋਤ ਹੋਤ ਹੋਤ ਸਰਬ ਸ੍ਰਿਸ਼ਟ ਨਿਧਾਨਣਾ । ਸੋਤ ਸੋਤ ਸੋਤ ਸੋਵਤ ਸ੍ਰਿਸ਼ਟ ਪ੍ਰਭ ਨਹੀਂ ਪਛਾਨਣਾ । ਰੋਤ ਰੋਤ ਰੋਤ ਸ੍ਰਿਸ਼ਟ ਰੋਵਤ, ਸੋਹੰ ਸ਼ਬਦ ਮਾਰੇ ਗੁਰ ਬਾਨਣਾ । ਮੋਹਤ ਮੋਹਤ ਮੋਹਤ ਗੁਰਸਿਖ ਮਨ ਮੋਹਤ, ਕਰ ਦਰਸ ਹੋਏ ਬ੍ਰਹਮ ਗਿਆਨਣਾ । ਸੋਹੰ ਸ਼ਬਦ ਉਤਮ ਜੋਤ ਜਗਾਏ, ਪ੍ਰਭ ਦੇਹ ਗੁਣ ਨਿਧਾਨਣਾ । ਗੁਰਮੁਖ ਗੁਰਸਿਖ ਸਦਾ ਜੁਗ ਹੋਤ, ਪ੍ਰਗਟੇ ਜੋਤ ਜਬ ਵਿਸ਼ਨੂੰ ਭਗਵਾਨਣਾ । ਵਿਸ਼ਨੂੰ ਭਗਵਾਨ ਗੁਣ ਨਿਧਾਨ ਕਿਸੇ ਨਹੀਂ ਵਿਚਾਰਿਆ । ਸਰਬ ਅਸਥਾਨ ਪ੍ਰਭ ਚਰਨ ਲੱਗ ਜਾਣ, ਸਚ ਦਰਬਾਰ ਇਕ ਗੁਰ ਚਰਨ ਦਵਾਰਿਆ । ਬੇਮੁਖ ਦੁੱਖ ਪਾਣ ਕਲਜੁਗ ਕੀਨੀ ਸਰਬ ਨਿਧਾਨ, ਸੂਝੇ ਬੂਝੇ ਨਾ ਗੁਰ ਦਰਬਾਰਿਆ । ਨਿਹਕਲੰਕ ਲੈ ਅਵਤਾਰ, ਮਹਾਰਾਜ ਸ਼ੇਰ ਸਿੰਘ ਜਗਤ ਸੰਘਾਰਿਆ । ਕਰ ਜੋਤ ਪ੍ਰਕਾਸ਼ ਸ੍ਰਿਸ਼ਟ ਆਕਾਰਿਆ । ਈਸ਼ਰ ਮਾਇਆ ਜਗਤ ਆਕਾਰ, ਮਾਇਆ ਰੂਪ ਪਸਰ ਪਸਾਰਿਆ । ਲੱਖ ਚੁਰਾਸੀ ਜੂਨ ਉਪਾਈ, ਸਰਬ ਵਿਚ ਜੋਤ ਆਧਾਰਿਆ । ਪ੍ਰਭ ਜੋਤ ਸਰੂਪ ਸਰਬ ਮੇਂ ਵਸਿਆ, ਊਚ ਨੀਚ ਇਕ ਰੰਗ ਕਰਤਾਰਿਆ । ਜੁਗੋ ਜੁਗ ਪ੍ਰਭ ਲੈ ਅਵਤਾਰ, ਭਗਤ ਜਨ ਕਾਜ ਸਵਾਰਿਆ । ਮਛ ਕਛ ਪ੍ਰਭ ਦੇਹ ਧਾਰ, ਜਲ ਜੀਵਤ ਪਾਰ ਉਤਾਰਿਆ । ਸਤਿਜੁਗ ਸਤਿ ਸਤਿ ਸਤਿ ਮਿਹਰਵਾਨ, ਸਤਿ ਸਰੂਪ ਨਿਰਾਧਾਰਿਆ । ਦੁਆਪਰ ਲੈ ਅਵਤਾਰ ਕ੍ਰਿਸ਼ਨ ਮੁਰਾਰਿਆ । ਤਰੇਤਾ ਲਿਆ ਸੁਧਾਰ, ਰਾਮ ਰੂਪ ਵਿਚ ਦੇਹ ਸੁਧਾਰਿਆ । ਭਗਤ ਹੇਤ ਕਰੇ ਪ੍ਰਕਾਸ਼, ਬਾਲ ਧ੍ਰੂ ਦੇ ਦਰਸ ਕਰੇ ਜੋਤ ਉਧਾਰਿਆ । ਨਰ ਸਿੰਘ ਰੂਪ ਅਨੂਪ, ਥੰਮ੍ਹ ਪਾੜ ਭਗਤ ਪ੍ਰਹਿਲਾਦ ਪ੍ਰਭ ਤਾਰਿਆ । ਕਰਉ ਢਾਈ ਕਰ ਅਛਲ ਅਛਲਨ, ਪ੍ਰਭ ਬਲ ਪਾਰ ਉਤਾਰਿਆ । ਅੰਬਰੀਕ ਜਨ ਵਿਚਾਰਾ, ਬਾਨ ਚੱਕਰ ਸੁਦਰਸ਼ਨ ਦੁਰਬਾਸ਼ਾ ਮਾਰਿਆ । ਜਨਕ ਬਿਦੇਹ ਜੋਤ ਆਧਾਰ, ਕਲਜੁਗ ਨਾਉਂ ਨਾਨਕ ਨਿਰੰਕਾਰੀ ਅਖਵਾ ਲਿਆ । ਹਰੀ ਚੰਦ ਪ੍ਰਭ ਤਨ ਮਨ ਵਾਰ, ਹੋਏ ਚੰਡਾਲ ਕਰਮ ਨੀਚ ਸੰਭਾਲਿਆ । ਦਰੋਪਤਾ ਰੱਖ ਲਾਜ ਨਰ ਆਧਾਰ, ਕੋਟ ਚੀਰ ਹੋਏ ਛਿਨ ਆਤਮ ਵਿਚਾਰਿਆ । ਬਿਦਰ ਝੁੱਗੀ ਸੁੱਤਾ ਪੈਰ ਪਸਾਰ, ਪ੍ਰਭ ਦੁਰਯੋਧਨ ਹੰਕਾਰ ਨਿਵਾਰਿਆ । ਸੁਦਾਮਾ ਦਲਿਦਰੀ ਦਿਤਾ ਤਾਰ,

ਬਾਹੋਂ ਪਕੜ ਉਪਰ ਸਿੰਘਾਸਣ ਬਹਾ ਲਿਆ । ਜੈਦਿਉ ਕਰਮ ਵਿਚਾਰ, ਭਗਤ ਰੂਪ ਪ੍ਰਭ ਲੇਖ ਲਿਖਾ ਲਿਆ । ਨਾਮ ਦੇਉ ਦਰਸ ਨਿਰੰਜਣ ਪਾਇਆ, ਪ੍ਰਗਟ ਹੋ ਪ੍ਰਭ ਭੋਗ ਲਗਾ ਲਿਆ । ਬੇਣੀ ਕਰਮ ਅਦਆਤਮੀ ਬੈਠ ਇਕਾਂਤ ਦਰਸ ਪ੍ਰਭ ਪਾਇਆ । ਤਰਲੋਚਨ ਕਰੇ ਪੁਕਾਰ, ਦਿਉ ਦਰਸ ਆਪ ਰਘੁਰਾਇਆ । ਦਿਤਾ ਤਾਰ ਰਵਿਦਾਸ ਚੁਮਾਰ, ਫੜ ਕਸੀਰਾ ਪ੍ਰਭ ਕੰਗਣ ਵਟਾਇਆ । ਕਬੀਰ ਪ੍ਰਭ ਦੇਵੇ ਧੀਰ, ਸਚਖੰਡ ਜਿਸ ਆਸਣ ਲਾਇਆ । ਸੈਨ ਨਾਈ ਦਿਤਾ ਤਾਰ, ਰਾਣਾ ਰਝਾਏ ਆਪ ਪ੍ਰਭ ਆਇਆ । ਜੁਗੋ ਜੁਗ ਪ੍ਰਭ ਲੈ ਅਵਤਾਰ, ਸੈਨ ਰੂਪ ਹੋ ਪ੍ਰਭ ਸੇਵ ਕਮਾਇਆ । ਗਨਕਾ ਉਤਰੀ ਪਾਰ, ਹਿਰਦੇ ਰਾਮ ਨਾਮ ਵਸਾਇਆ । ਪੂਤਨਾ ਹੋਈ ਪਾਰ, ਮੋਹਨ ਮੁੰਮੇ ਜਗਤ ਕ੍ਰਿਸ਼ਨ ਪਾਇਆ । ਅਜਾਮਲ ਪਾਈ ਸਾਰ, ਨਾਉਂ ਨਰਾਇਣ ਅੰਤ ਕਾਲ ਧਿਆਇਆ । ਬਧਕ ਲਾਇਆ ਬਾਣ, ਚਰਨ ਕਵਲ ਕ੍ਰਿਸ਼ਨ ਚਮਕਾਇਆ । ਪ੍ਰਭ ਪਤਤ ਦੇਵੇ ਤਾਰ, ਹੋਏ ਅਧੀਨ ਜਿਨ ਸੀਸ ਨਿਵਾਇਆ । ਕਲਜੁਗ ਲੈ ਅਵਤਾਰ, ਅੰਤ ਕਲੂ ਕਾਲ ਆਪ ਕਰਾਇਆ । ਬ੍ਰਹਮਾ ਆਈ ਹਾਰ, ਸਰਬ ਸ੍ਰਿਸ਼ਟ ਹੱਥ ਸਿੰਘ ਪਾਲ ਫੜਾਇਆ । ਸਵਰਨ ਹੋਇਆ ਸਰਬ ਸਮਰਥ, ਧ੍ਰੂ ਦਰ ਜਿਸ ਪਰੇ ਹਟਾਇਆ । ਅਮਰ ਅਮਰ ਅਮਰ ਸਿੰਘ ਹੋਏ, ਜੁਗ ਦੂਜੇ ਮਾਣ ਦਿਵਾਇਆ । ਸਿੰਘ ਮਾਣਾ ਮੰਨੇ ਪ੍ਰਭ ਕਾ ਭਾਣਾ, ਗੁਰ ਪੁਰੀ ਅੰਤ ਕਾਲ ਸਿਧਾਇਆ । ਭਗਤ ਵਡਿਆਇਆ ਸਿੰਘ ਬੁੱਧ ਤਰਾਇਆ, ਜਿਸ ਮਿਲਿਆ ਨਿਹਚਲ ਟਿਕਾਣਾ । ਮੋਹਣ ਸਿੰਘ ਬਚਾਇਆ, ਸ਼ਬਦ ਅਮੋੜ ਪ੍ਰਭ ਦੇਹ ਛੁਡਾਇਆ । ਚਰਨ ਕਵਲ ਪ੍ਰਭ ਨਿਵਾਸ ਦਿਵਾਇਆ । ਰੰਗਾ ਸਿੰਘ ਰੰਗ ਲਾਇਆ, ਨਾਮ ਰੰਗ ਮੰਗ ਦੇਹ ਚੜ੍ਹਾਇਆ । ਸਰਨ ਪਰੇ ਪ੍ਰਭ ਲਾਜ ਰਖਾਇਆ । ਬਾਜ ਸਿੰਘ ਸਰਬ ਦੁੱਖ ਭੰਗ, ਮਨ ਅਮੰਗ ਅੰਤ ਕਾਲ ਜੋਤ ਸਮਾਇਆ । ਗੁਜਰ ਸਿੰਘ ਪ੍ਰਭ ਤਾਰਿਆ । ਦਾਤਾ ਹੋ ਦਾਤ ਦੇਵੇ ਭਗਤ ਜਨ ਵਣਜਾਰਿਆ । ਦਰ ਮੰਗਣ ਕਰ ਪੁਕਾਰ, ਪਾ ਪ੍ਰੇਮ ਪਰਮ ਪਿਆਰਿਆ । ਤਨ ਮਨ ਠਰਿਆ ਪ੍ਰਭ ਦਰਸ਼ਨ ਕਰਿਆ, ਕਲਜੁਗ ਜੀਵ ਕਰ ਦਰਸ ਜਨਮ ਸਵਾਰਿਆ । ਨਿਹਕਲੰਕ ਹੋ ਆਏ ਚਤੁਰਭੁਜ ਕਹਾਏ, ਕਰੋ ਦਰਸ ਗੁਰ ਠਾਂਡੇ ਦਰਬਾਰਿਆ । ਮਹਾਰਾਜ ਸ਼ੇਰ ਸਿੰਘ ਸਰਬ ਸਮਾਏ, ਜਗਤ ਅੰਧੇਰ ਗੁਰਸਿਖਾਂ ਮਨ ਜੋਤ ਜਗਾਏ, ਗੁਰਸਿਖ ਹੋਏ ਜਗਤ ਨਿਆਰਿਆ । ਗੁਰਸਿਖ ਨਾਮ ਨਿਰਮਲ, ਗੁਰ ਚਰਨ ਪਿਆਸਾ । ਗੁਰਸਿਖ ਨਾਮ ਨਿਰਮਲ, ਜੋਤ ਸਰੂਪ ਵਿਚ ਦੇਹ ਵਾਸਾ । ਗੁਰਸਿਖ ਨਾਉਂ ਜਗਤ ਸਦ ਨਿਰਮਲ, ਹਰਿ ਹਰਿ ਜਪੇ ਰਸਨ ਸਵਾਸ ਸਵਾਸਾ । ਗੁਰਸਿਖ ਨਾਉਂ ਕਲਜੁਗ ਸਦ ਨਿਰਮਲ, ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਦੇਵੇ ਦਰਸ ਦਿਲਾਸਾ । ਕਰ ਦਰਸ ਮਨ ਹੋਏ ਅਨੰਦਾ । ਕਰ ਦਰਸ ਪ੍ਰਭ ਪ੍ਰਗਟੇ ਸਦ ਬਖ਼ਸ਼ਿੰਦਾ । ਕਰ ਦਰਸ ਕਲ ਆਏ ਗੁਰ ਗੁਣੀ ਗਹਿੰਦਾ । ਕਰ ਦਰਸ ਪ੍ਰਭ ਜੋਤ ਸਰੂਪ ਵਿਚ ਦੇਹ ਸਦ ਰਹਿੰਦਾ । ਕਰ ਦਰਸ ਪ੍ਰਭ ਰੰਗ ਅਨੂਪ, ਪ੍ਰਗਟੇ ਜੋਤ ਜੁਗ ਜੁਗ ਮਰਗਿੰਦਾ । ਕਰ ਦਰਸ ਉਤਰੇ ਮਨ ਕੀ ਭੁੱਖ, ਗੁਰਮੁਖ ਨਾਉਂ ਨੀਰ ਕਲ ਵਹਿੰਦਾ । ਕਰ ਦਰਸ ਪ੍ਰਭ ਰਿਦੇ ਚਿਤਾਰ, ਦੇਵੇ ਦਰਸ ਪ੍ਰਭ ਦੇਹ ਦਹਿੰਦਾ । ਸੋਹੰ ਸ਼ਬਦ ਅੰਮ੍ਰਿਤ ਰਸ, ਮਹਾਰਾਜ ਸ਼ੇਰ ਸਿੰਘ ਗੁਰਸਿਖ ਪਲਿੰਦਾ । ਅੰਮ੍ਰਿਤ ਪੀ ਅਮਰ ਪਦ ਪਾਏ, ਅਮਰ ਹੋ ਅਮਰ ਵਿਚ ਵਸਾਇਆ । ਜੋਤ ਸਰੂਪ ਜੋਤ ਮਿਲ ਜਾਏ, ਆਵਣ ਜਾਵਣ ਜਗਤ ਚੁਕਾਇਆ । ਗੇੜ ਚੁਰਾਸੀ ਫੇਰ ਨਾ ਪਾਏ, ਕਲਜੁਗ ਨਾਉਂ ਨਿਧਾਨ ਸੋਹੰ ਜਿਨ ਪਾਇਆ । ਅੰਤਕਾਲ ਜਮ ਡੰਡ ਨਾ ਲਾਏ, ਨਿਹਕਲੰਕ ਜਿਨ ਚਰਨ ਸੀਸ ਨਿਵਾਇਆ । ਅੰਤਕਾਲ ਪ੍ਰਭ ਹੋਏ ਸਹਾਏ, ਭਗਤ ਵਛਲ ਪ੍ਰਭ ਬਿਰਦ ਰਖਾਇਆ । ਵਿਚ ਬਬਾਣ ਲੈ ਬਿਠਾਏ, ਗੁਰਮੁਖ

ਗੁਰ ਜਗਤ ਤਰਾਇਆ । ਧਾਮ ਬੈਕੁੰਠ ਦੇ ਪੁਚਾਏ, ਮਹਾਰਾਜ ਸ਼ੇਰ ਸਿੰਘ ਜਿਨ ਧਿਆਇਆ । ਦੇ ਦਰਸ ਪ੍ਰਭ ਦੇਹ ਛੁਡਾਏ, ਦੇਵੇ ਦਰਸ ਪ੍ਰਭ ਅੰਤਰ ਅੰਤਰਾ । ਪ੍ਰਗਟੇ ਜੋਤ ਪ੍ਰਭ ਜੁਗਾ ਜੁਗੰਤਰਾ । ਕਰੋ ਦਰਸ ਗੁਰ ਦਰ ਆਏ, ਪ੍ਰਗਟ ਭਇਓ ਨਿਰਵੈਰ ਨਿਰਵੰਤਰਾ । ਕਲਜੁਗ ਹੋਇਆ ਕਹਿਰ, ਸ਼ਬਦ ਰੂਪ ਜਗਤ ਭਸਮੰਤਰਾ । ਰਸਨਾ ਬਚਨ ਜਲ ਕੀ ਲਹਿਰ, ਦੁੱਖੀ ਜੀਵ ਜਗਤ ਦੁੱਖ ਅੰਤਰਾ । ਗੁਰਸਿਖ ਪੂਜੇ ਗੁਰ ਕੇ ਪੈਰ, ਜਿਨ ਮਿਲਿਆ ਦਰਸ ਤੰਤਰਾ । ਈਸ਼ਰ ਜੋਤ ਸਦਾ ਨਿਰਵੈਰ, ਕਰ ਵਿਚਾਰ ਪ੍ਰਭ ਵਿਚ ਦੇਹ ਵਸਤੰਤਰਾ । ਨਿਹਕਲੰਕ ਆਪ ਪ੍ਰਭ ਗਹਿਰ, ਮਹਾਰਾਜ ਸ਼ੇਰ ਸਿੰਘ ਭਗਤ ਭਗਵੰਤਰਾ । ਭਗਤ ਭੁਗਤ ਪ੍ਰਭ ਆਪ ਸਵਾਰੇ । ਜੀਵ ਜੁਗਤ ਦੇ ਮੁਕਤ, ਸੋਹੰ ਸ਼ਬਦ ਜੋ ਰਸਨ ਵਿਚਾਰੇ । ਗੁਰ ਕਾ ਸ਼ਬਦ ਜੋਤ ਜਗਾਏ, ਕਰੇ ਅੰਧੇਰ ਜਿਉਂ ਦੀਪਕ ਉਜਿਆਰੇ । ਮਹਾਰਾਜ ਸ਼ੇਰ ਸਿੰਘ ਜੋਤ ਪ੍ਰਗਟਾਈ, ਬੂਝ ਬੁਝਾਏ ਗੁਰਸਿਖ ਧਿਆਏ । ਗੁਰਪ੍ਰਸਾਦਿ ਗੁਰਸਿਖਾਂ ਗੁਰ ਦਰ ਸੂਝਿਆ । ਗੁਰਪ੍ਰਸਾਦਿ ਗੁਰ ਸਾਚਾ ਜਿਨ ਕਲਜੁਗ ਬੂਝਿਆ । ਗੁਰਪ੍ਰਸਾਦਿ ਗੁਰਚਰਨ ਲਾਗ ਭਾਉ ਦੂਜਾ ਨਾ ਲਗਿਆ । ਗੁਰਪ੍ਰਸਾਦਿ ਮਨ ਸ਼ਬਦ ਵੈਰਾਗ ਗੁਰਸਿਖ ਦਰ ਦਰ ਲੂਝਿਆ । ਗੁਰਪ੍ਰਸਾਦਿ ਜੋਤ ਆਧਾਰ ਗੁਰਸਿਖ ਗੁਰਚਰਨ ਕਲਜੁਗ ਝੂਜਿਆ । ਗੁਰਪ੍ਰਸਾਦਿ ਪ੍ਰਭ ਆਦਿ ਜੁਗਾਦਿ ਗੁਰਮੁਖਾਂ ਥਿਰ ਘਰ ਬੂਝਿਆ । ਗੁਰਪ੍ਰਸਾਦਿ ਪ੍ਰਭ ਵਿਨੋਦ ਵਿਨਾਦ, ਮਹਾਰਾਜ ਸ਼ੇਰ ਸਿੰਘ ਦਰਸ ਦੇਵੇ ਸਦਾ ਆਤਮ ਗੂਝਿਆ ।

ਗੁਰਪ੍ਰਸਾਦਿ ਗੁਰਦਰ ਪੁਚਾਣਾ । ਗੁਰਪ੍ਰਸਾਦਿ ਕਲ ਮਿਟਿਆ ਆਵਣ ਜਾਣਿਆਂ । ਗੁਰਪ੍ਰਸਾਦਿ ਕਰ ਦਰਸ ਗੁਰਚਰਨ ਰੰਗ ਮਾਣਿਆਂ । ਗੁਰਪ੍ਰਸਾਦਿ ਗੁਰਸਿਖ ਪੂਰਾ ਕਲਜੁਗ ਚਲੇ ਗੁਰ ਕੇ ਭਾਣਿਆਂ । ਗੁਰਪ੍ਰਸਾਦਿ ਉਤਰੇ ਕਲ ਕਲੇਸ਼ ਵਸੂਰਾ, ਨਿਹਕਲੰਕ ਜਿਨ ਜੋਤ ਸਰੂਪ ਪੁਚਾਣਿਆਂ । ਪ੍ਰਭ ਕਾ ਬਚਨ ਨਾ ਹੋਏ ਅਧੂਰਾ, ਸੋਹੰ ਬਾਣ ਰਸਨ ਗੁਰ ਮਾਰਿਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਬੇਮੁਖਾਂ ਵਿਚ ਗੁਰਸਿਖ ਪਛਾਣਿਆਂ । ਗੁਰ ਜਗਾਵੇ ਗੁਰਸਿਖ ਮਨ ਜੋਤਾ । ਗੁਰ ਤਰਾਵੇ ਗੁਰਸਿਖ ਚਰਨ ਲਾਗ ਦੁੱਖ ਖੋਤਾ । ਨਾਮ ਦ੍ਰਿੜਾਵੇ ਸੋਹੰ ਗਿਆਨ ਰਸ ਜਿਸ ਛੋਤਾ । ਭਗਤ ਜਨਾਂ ਪ੍ਰਭ ਭੇਵ ਚੁਕਾਵੇ, ਜੁਗੋ ਜੁਗ ਪ੍ਰਭ ਜੋਤ ਸਰੋਤਾ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ, ਦੇਵੇ ਮਾਣ ਸਦਾ ਸਿੱਖ ਬਹੁਤਾ । ਹਰਿ ਕਾ ਨਾਉਂ ਭਗਤ ਮਨ ਧਰਿਆ । ਹਰਿ ਕਾ ਨਾਉਂ ਜਪ ਤਨ ਮਨ ਹਰਿਆ । ਹਰਿ ਕਾ ਨਾਉਂ ਦੇਹ ਸਰਬ ਦੁੱਖ ਹਰਿਆ । ਹਰਿ ਕਾ ਨਾਉਂ ਇਕ ਰੰਗ ਰੰਗ ਤਨ ਮਨ ਗੁਰਸਿਖ ਕਰਿਆ । ਹਰਿ ਕਾ ਨਾਉਂ ਗੁਰਸਿਖਾਂ ਕਰ ਪ੍ਰੇਮ ਰਸਨ ਉਚਰਿਆ । ਹਰਿ ਕਾ ਨਾਉਂ ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਧਰਿਆ । ਹਰਿ ਕਾ ਨਾਉਂ ਜਗਤ ਰਸਾਇਣ । ਧੰਨ ਧੰਨ ਗੁਰਸਿਖ ਕਲਜੁਗ ਜਿਸ ਰਸਨਾ ਜਪਾਇਣ । ਉਤਮ ਵੱਥ ਆਤਮ ਹੈ ਸੁਖ, ਪ੍ਰਭ ਕੀ ਜੋਤ ਦੇਹ ਜੋਤ ਜਗਾਇਣ । ਕਲ ਦੇ ਕਰ ਰੱਖੇ ਹੱਥ, ਦੂਖ ਵਿਨਾਸ਼ ਅਬਿਨਾਸ਼ ਸਿਰ ਹੱਥ ਟਕਾਇਣ । ਬੇਮੁਖ ਖਪਾਇਣ ਨਿੰਦਕ ਨਰਕ ਵਗਾਇਣ, ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਸਚ ਲਿਖਾਇਣ । ਹਰਿ ਕਾ ਰੂਪ ਬੂਝੇ ਨਾ ਕਪਟੀ ਕਾਮੀ । ਕੋਇ ਨਾ ਜਾਣੇ ਅਚੁੱਤ ਪਾਰਬ੍ਰਹਮ ਪ੍ਰਭ ਅੰਤਰਜਾਮੀ । ਰਿਖੀ ਕੇਸ ਗਵਰਧਨ ਧਾਰੀ, ਪ੍ਰਗਟੇ ਜੋਤ ਕ੍ਰਿਸ਼ਨ ਸਵਾਮੀ । ਕਲੂ ਜੀਵ ਅੰਤ ਅਗਨ ਜਲਾਇਣ, ਅੰਤਕਾਲ ਕੋਇ ਨਾ ਸੁਖ ਦਾਮੀ । ਮਦਿ ਮਾਸੀ ਸਭ ਨਸ਼ਟ ਹੋ ਜਾਇਣ, ਪ੍ਰਗਟੇ ਜੋਤ ਪ੍ਰਭ ਨਿਹਕਾਮੀ । ਨਿਹਕੇਵਲ ਨਿਹਕੰਟਕ ਕਹਾਇਣ, ਜਲ ਥਲ ਹਰਿ ਸਵਾਮੀ । ਸ੍ਰਿਸ਼ਟ ਭੁਲਾਈ

ਪ੍ਰਭ ਭੂਲ ਭੁਲਾਣੀ । ਗੁਰਸਿਖਾਂ ਮਨ ਜੋਤ ਜਗਾਇਣ, ਦੇ ਦਰਸ ਨਿਰਮਲ ਦੇਹ ਕਰਾਈਏ, ਜਗਾਏ ਜੋਤ ਜਗਤ ਜੁਗਦਾਮੀ । ਹੋਏ ਪ੍ਰਕਾਸ਼ ਦੇਹ ਸੁਖੀ ਸਵਾਸਾ, ਗੁਰਚਰਨ ਭਰਵਾਸਾ ਹੈ ਪ੍ਰਭ ਅੰਤਰਜਾਮੀ । ਮਹਾਰਾਜ ਸ਼ੇਰ ਸਿੰਘ ਸਦ ਬਲ ਬਲ ਜਾਸਾ, ਤੀਨ ਲੋਕ ਕਲ ਮਿਲਿਆ ਸਵਾਮੀ । ਤੀਨ ਲੋਕ ਪ੍ਰਭ ਵਸਨੇਹਾਰਾ । ਵਿਚ ਪਤਾਲ ਪ੍ਰਭ ਨੈਣ ਮੁਧਾਰਾ । ਬਾਸ਼ਕ ਸੇਜ ਸੁਖ ਪ੍ਰਭ ਨਿਰੰਕਾਰਾ । ਕੋਇ ਨਾ ਜਾਣੇ ਪਾਤਾਲ ਵਾਸ ਜੋਤ ਆਕਾਰਾ । ਵਿਚ ਆਕਾਸ਼ ਪ੍ਰਭ ਜੋਤ ਚਮਤਕਾਰਾ । ਉਨੰਜਾ ਪਵਣ ਸਿਰ ਚਵਰ ਝੁਲਾਰਾ । ਬ੍ਰਹਮਾ ਵਿਸ਼ਨ ਮਹੇਸ਼ ਦਰ ਕਰਨ ਪੁਕਾਰਾ । ਸੱਤ ਕਾਲੇ ਸੱਤ ਸੁਫੇਦ, ਪ੍ਰਭ ਕਾ ਰਥ ਵਿਚ ਆਕਾਸ਼ ਨਿਆਰਾ । ਜੋਤ ਸਰੂਪ ਪ੍ਰਭ ਕਰਤਾ, ਬਿਨ ਬਾਤੀ ਬਿਨ ਤੇਲ ਦੀਪਕ ਜਗੇ ਨਿਆਰਾ । ਜੋਤ ਸਰੂਪ ਜੋਤ ਜਗ ਵਰਤੇ, ਕਰ ਆਕਾਰ ਪਸਰੇ ਜਗਤ ਪਸਾਰਾ । ਜੀਵ ਉਪਾਏ ਜੋਤ ਵਿਚ ਦੇਹ ਟਿਕਾਏ, ਕੋਇ ਨਾ ਜਾਣੇ ਪ੍ਰਭ ਵਿਚ ਵਸਣੇਹਾਰਾ । ਜੀਵ ਬਣਤ ਬਣਾਏ, ਆਪ ਵਿਚ ਸਚਖੰਡ ਰਹਾਏ, ਜੋਤ ਸਰੂਪ ਰਵੇ ਰੰਗ ਕਰਤਾਰਾ । ਅਬਿਨਾਸ਼ੀ ਅਵਿਗਤ ਅਗੋਚਰ, ਏਕ ਸਰੂਪ ਤੀਨ ਲੋਕ ਪਸਾਰਾ । ਆਪ ਅਡੋਲ ਜੋਤ ਪ੍ਰਭ ਡਲਕੇ, ਖੰਡ ਬ੍ਰਹਿਮੰਡ ਚੱਕਰ ਪ੍ਰਭ ਚਰਨ ਦਵਾਰਾ । ਆਪ ਅਖੰਡ ਵਸੇ ਵਰਭੰਡ, ਅੰਤਕਾਲ ਕਲ ਦੇਵੇ ਡੰਡ, ਕਰੇ ਖੇਲ ਚੌਥੇ ਜੁਗ ਨਿਆਰਾ । ਜੋਤ ਸਰੂਪ ਜੋਤ ਪ੍ਰਭ ਕਰਤਾ, ਵਿਚ ਆਕਾਸ਼ ਜੋਤ ਆਕਾਰਾ । ਵਿਚ ਪਾਤਾਲ ਪ੍ਰਭ ਸਦਾ ਰਹਾਵੇ, ਮਾਤਲੋਕ ਇਹ ਪਸਰ ਪਸਾਰਾ । ਈਸ਼ਰ ਜੋਤ ਹੋਏ ਦੇਹ ਆਕਾਰਾ । ਸੋ ਬੂਝੇ ਜਿਸ ਆਪ ਬੁਝਾਏ, ਜੁਗੋ ਜੁਗ ਪ੍ਰਭ ਮਾਤ ਲੈ ਅਵਤਾਰਾ । ਕਲੂ ਕਾਲ ਇਹ ਖੇਲ ਰਚਾਇਆ, ਛੱਡ ਦੇਹ ਹੋਏ ਜੋਤ ਆਧਾਰਾ । ਜੋਤ ਸਰੂਪ ਖੇਲ ਪ੍ਰਭ ਰਚਿਆ, ਜਗਤ ਵਹਾਈ ਜਿਉਂ ਜਲ ਕੀ ਧਾਰਾ । ਦੋ ਹਜ਼ਾਰ ਸੱਤ ਬਿਕ੍ਰਮੀ ਕਹਿਰ ਵਰਤਾਈ, ਬਚਨ ਸਤਿ ਹੋਏ ਸਤਿ ਵਰਤਾਰਾ । ਅੰਤ ਸਮਾਂ ਪ੍ਰਭ ਅੰਤ ਵਖਾਏ, ਵਰਨ ਚਾਰ ਚਲ ਆਇਨ ਗੁਰਚਰਨ ਦਵਾਰਾ । ਪ੍ਰਭ ਜੋਤ ਪ੍ਰਗਟਾਏ ਤੇਜ ਵਧਾਏ, ਸ਼ਬਦ ਰੂਪ ਤੋੜੇ ਹੰਕਾਰਾ । ਬਾਣੀ ਗੁਰ ਉਪਜਾਏ, ਬੱਧੀ ਦੇਹ ਛੁਡਾਏ, ਪਕੜ ਸੰਗਰੂਰ ਲੈ ਆਏ, ਹੋਏ ਜੋਤ ਜਗਤ ਚਮਤਕਾਰਾ । ਏਕ ਸ਼ਬਦ ਜਲਾਏ, ਰਾਣੇ ਮਹਾਰਾਣੇ ਤਖ਼ਤੋਂ ਲਾਹੇ, ਹੋਏ ਨਿਮਾਣੇ ਦਰ ਆਏ, ਗਲ ਪੱਲੇ ਪਾਏ, ਦੀਪਕ ਦੀਸੇ ਜਿਉਂ ਅਗਨ ਅੰਗਿਆਰਾ । ਸੋਈ ਰਹੀਸੇ ਜੋ ਗੁਰਚਰਨ ਥੀਸੇ, ਜੋਤ ਅਪਰੰਪਰ ਦੁਸ਼ਟ ਝੱਖ ਮਾਰਾ । ਮਨੀ ਸਿੰਘ ਕਲਮ ਚਲਾਈ, ਮਸਤੂਆਣਾ ਗੁਰ ਸਚ ਗੁਰ ਧਾਮ ਬਣਾਈ, ਸਰਅੰਮ੍ਰਿਤ ਥੇਹ ਕਰਾਈ, ਐਸਾ ਹੋਏ ਜਗਤ ਵਰਤਾਰਾ । ਨਿਹਕਲੰਕ ਜੋਤ ਪ੍ਰਗਟਾਈ, ਸਤਿਗੁਰ ਮਨੀ ਸਿੰਘ ਮਿਲੇ ਵਧਾਈ, ਸਭ ਸ੍ਰਿਸ਼ਟ ਪਕੜ ਗੁਰਚਰਨੀਂ ਲਾਈ, ਚਾਰ ਕੁੰਟ ਹੋਏ ਜੈ ਜੈ ਜੈਕਾਰਾ । ਏਕ ਸ਼ਬਦ ਗੁਰਸਿਖ ਲਿਵ ਲਾਈ, ਕਰ ਦਰਸ ਆਤਮ ਅਗਨ ਜਲਾਈ, ਸ਼ਾਂਤ ਸਰੂਪ ਪ੍ਰਭ ਸੀਤਲ ਧਾਰਾ । ਗੁਰ ਦਰ ਗੁਰਸਿਖ ਮਿਲੇ ਵਡਿਆਈ, ਨਾਉਂ ਨਿਰੰਜਣ ਗੁਰ ਦਰ ਤੇ ਪਾਈ, ਭਗਤ ਵਛਲ ਪ੍ਰਭ ਪੈਜ ਰਖਾਈ, ਕਲ ਮਿਲਿਆ ਪੂਰਨ ਪ੍ਰਭ ਅਪਾਰਾ । ਸੋਹੰ ਸ਼ਬਦ ਰਸਨ ਜਨ ਗਾਈ । ਮਹਾਰਾਜ ਸ਼ੇਰ ਸਿੰਘ ਦਰਸ ਨਿਜ ਘਰ ਮਾਹਿ ਪਾਈ, ਦਰਸ ਜੋਤ ਗੁਰਸਿਖ ਭੰਡਾਰਾ । ਗਾਓ ਗਾਓ ਰਸਨਾ ਪ੍ਰਭ ਅੰਤਮ ਵੇਲਾ । ਪਾਓ ਪਾਓ ਪ੍ਰਭ ਘਰ ਸੁਖੀ ਸੁਹੇਲਾ । ਜਾਓ ਜਾਓ ਬਲ ਮਿਲਿਆ ਪ੍ਰਭ ਗਰਬ ਗੁਹੇਲਾ । ਰਾਓ ਰਾਓ ਰਾਓ ਪ੍ਰਭ ਸੰਗ ਰੰਕ ਹੈ ਮੇਲਾ । ਧਿਆਓ ਧਿਆਓ ਧਿਆਓ ਗੁਰ ਧਿਆਇਣ ਵੇਲਾ । ਮਹਾਰਾਜ ਸ਼ੇਰ ਸਿੰਘ ਜਾਉ ਬਲਿਹਾਰ, ਵਿਛੜਿਆਂ ਸੰਗ ਚਰਨ ਜੋ ਮੇਲਾ । ਚਰਨ ਲਾਗ ਗੁਰਸਿਖ ਮਨ ਤ੍ਰਿਪਤਾਸਿਆ । ਕਲਜੁਗ ਜੀਵ ਭੁਲਾਏ, ਗੁਰਸਿਖ ਮਨ ਪ੍ਰਭ ਦਰਸ ਧਰਵਾਸਿਆ । ਬੇਮੁਖ

ਪ੍ਰਭ ਅੰਤ ਖਪਾਏ, ਗੁਰਸੰਗਤ ਪਾਏ ਮਾਣ ਗੁਰਚਰਨ ਨਿਵਾਸਿਆ । ਪ੍ਰਭ ਲੇਵੇ ਭਗਤ ਪਛਾਣ, ਬੇਮੁਖ ਦੇ ਸਦਾ ਹੈ ਬਾਸਿਆ । ਗੁਰਸਿਖ ਚਤੁਰ ਸੁਜਾਨ, ਆਤਮ ਧਿਆਨ ਚਰਨ ਗੁਰ ਵਾਸਿਆ । ਸਦ ਸਦ ਸਦ ਜਾਉ ਕੁਰਬਾਨ, ਮਹਾਰਾਜ ਸ਼ੇਰ ਸਿੰਘ ਮਿਲੇ ਅਬਿਨਾਸ਼ਿਆ । ਪ੍ਰਭ ਅਬਿਨਾਸ਼ੀ ਜੋਤ ਆਕਾਰਾ । ਸ੍ਰਿਸ਼ਟ ਵਿਨਾਸ਼ੀ ਤਨ ਜਲੇ ਵਿਕਾਰਾ । ਬੇਮੁਖ ਨਰ ਜਾਸੀ, ਕਲ ਨਾ ਸੂਝੇ ਗੁਰ ਦਵਾਰਾ । ਗੁਰਸਿਖਾਂ ਪ੍ਰਭ ਅੰਤ ਵਖਾਸੀ, ਐਸਾ ਖੇਲ ਰਚੇ ਪ੍ਰਭ ਨਿਆਰਾ । ਕਲਜੁਗ ਜੀਵ ਖਪਾਏ, ਸਤਿ ਪੁਰਖਾ ਸਤਿਜੁਗ ਵਖਾਏ, ਸੋਹੰ ਚਲੇ ਸ਼ਬਦ ਨਿਆਰਾ । ਸਚ ਧਾਮ ਗੁਰ ਚਰਨ ਬਣਾਏ, ਬੈਠ ਅਡੋਲ ਵਿਚ ਜੋਤ ਜਗਾਏ, ਮਹਾਰਾਜ ਸ਼ੇਰ ਸਿੰਘ ਪਰਉਪਕਾਰਾ । ਗੁਰ ਅੰਮ੍ਰਿਤ ਬਰਖੇ ਜਲ ਉਤਮ ਨੀਰਾ, ਸਰਬ ਸੂਖ ਦੇਹ ਹੋਏ ਵਰਤੇ ਜਗਤ ਭਏ ਸਰੀਰਾ । ਕਾਇਆ ਕਪਟ ਪ੍ਰਭ ਆਪ ਜਲਾਇਆ । ਅੰਮ੍ਰਿਤ ਬੂੰਦ ਕਰੇ ਸ਼ਾਂਤ ਸਰੀਰਾ । ਦਰ ਜਲਾਇਨ ਗੁਰਸਿਖ ਕਰ ਦਰਸ ਨਰਾਇਣ, ਪ੍ਰਗਟਿਓ ਪ੍ਰਭ ਗਹਿਰ ਗੰਭੀਰਾ । ਵਲ ਛਲ ਕਰਾਇਨ, ਗੁਰਦਰ ਬੱਧੇ ਡੰਡ ਇਹ ਪਾਇਨ, ਜਨਮ ਗਵਾਇਆ ਅਮੋਲਕ ਹੀਰਾ । ਆਪਣਾ ਆਪ ਛੁਡਾਇਆ, ਸ਼ਬਦ ਵਿਚ ਸਿਰ ਬੰਨ੍ਹ ਧਰਾਇਆ, ਬਚਨ ਕਰਾਏ ਆਪ ਗੁਰ ਪੂਰਾ । ਅੰਮ੍ਰਿਤ ਬਰਸਾਵੇ ਦੁੱਖ ਦਰਦ ਮਿਟਾਵੇ, ਸੋਹੰ ਸ਼ਬਦ ਗਿਆਨ ਗੁਰ ਦੇਵੇ ਧੀਰਾ । ਅੰਮ੍ਰਿਤ ਦੀਆ ਨਿਰਮਲ ਜੀਆ, ਮਹਾਰਾਜ ਸ਼ੇਰ ਸਿੰਘ ਤੋੜੇ ਦੇਹ ਜੰਜ਼ੀਰਾ ।

❋ ੪ ਕੱਤਕ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

੨੧੧
੦੧

ਗੁਰ ਦਰ ਧੁਨ ਗੁਰ ਧੁਨਕਾਰਾ । ਦੁਖੀ ਜਗਤ ਰੋਵੇ ਕਰ ਹਾਹਾਕਾਰਾ । ਸਤਿਗੁਰ ਸੱਚਾ ਗੁਰ ਦਰਸ਼ਨ, ਦਰਸ਼ਨ ਸਿੱਖ ਗੁਰ ਦਰਬਾਰਾ । ਕਲਜੁਗ ਲਵੇ ਰੱਖ, ਪ੍ਰਗਟ ਸਿਰਜਣਹਾਰਾ । ਸ੍ਰਿਸ਼ਟ ਹੋਈ ਸਭ ਸੱਥ, ਪ੍ਰਭ ਕੀ ਜੋਤ ਕੀਆ ਕਿਨਾਰਾ । ਗੁਰਸਿਖਾਂ ਗੁਰ ਦੇਵੇ ਵੱਥ, ਸੋਹੰ ਸ਼ਬਦ ਕਲਜੁਗ ਨਿਆਰਾ । ਗੁਰ ਸ਼ਬਦ ਚਲਾਇਆ ਸਚ ਰਥ, ਚੜ੍ਹੇ ਕੋਈ ਗੁਰਸਿਖ ਪਿਆਰਾ । ਮਹਾਰਾਜ ਸ਼ੇਰ ਸਿੰਘ ਜਗਤ ਸਿਰ ਹੱਠ, ਪਾਪੀ ਡੁੱਬੇ ਵਿਚ ਮੰਝਧਾਰਾ । ਨਿਹਕਲੰਕ ਬੇਮੁੱਖਾਂ ਪਾਈ ਨੱਥ, ਜੋਤ ਸਰੂਪ ਹੋਏ ਦੇਹ ਸਵਾਰਾ । ਅਗਨ ਜਲਾਏ, ਧਰਮ ਰਾਏ ਦਏ ਸਜ਼ਾਏ, ਮਹਾਰਾਜ ਸ਼ੇਰ ਸਿੰਘ ਨਾ ਮਿਲੇ ਦੀਦਾਰਾ । ਦੀਦਾਰ ਦਾਤਾਰ ਦਰ ਦਰ ਗੁਰਸਿਖ ਮੰਗਣਾ । ਜਗਤ ਸਾਗਰ ਅਤਿ ਦੁਖਿਆਰ । ਗੁਰਸਿਖ ਵਿਰਲੇ ਕਿਸੇ ਪਾਰ ਲੰਘਣਾ । ਬੇਮੁਖ ਦਰ ਦਰ ਹੋਏ ਖੁਆਰ, ਮਦਿ ਮਾਸੀ ਪਕੜ ਧਰਮ ਰਾਏ ਡੰਨਣਾ । ਗੁਰਸਿਖ ਜਗਤ ਉਜਿਆਰ, ਸੋਹੇ ਵਿਚ ਪ੍ਰਭਾਸ ਜਿਉਂ ਚੰਦਣਾ । ਕਲਜੁਗ ਪ੍ਰਗਟਿਓ ਨਰ ਅਵਤਾਰ, ਵਿਸ਼ਨੂੰ ਭਗਵਾਨ ਸਤਿ ਸਤਿ ਸਤਿ ਕਰ ਮੰਨਣਾ । ਗੁਰ ਸਾਚਾ ਹੈ ਠਠਿਆਰ, ਕਾਚਾ ਕੁੰਭ ਹੁਣ ਭੰਨਣਾ । ਸੋਹੰ ਸ਼ਬਦ ਦੇ ਆਧਾਰ, ਗੁਰਸਿਖ ਮਨ ਸ਼ਬਦ ਸੰਗ ਬੰਨ੍ਹਣਾ । ਲਿਆ ਜਗਤ ਭਤਾਰ, ਸੀਸ ਝੁਕਾਏ ਦਾਨ ਗੁਰ ਦਰ ਤੇ ਮੰਗਣਾ । ਕਾਰਜ ਦਏ ਸਵਾਰ, ਦੋਏ ਜੋੜ ਜੋ ਕਰੇ ਬੰਦਨਾ । ਲੱਖ ਪਾਪੀ ਉਤਰੇ ਪਾਰ, ਆਏ ਦਰਬਾਰ ਸੰਗ ਸਾਧ ਸੰਗਤ ਜਿਨ ਮੰਗਣਾ । ਉਤਮ ਕਰ ਵਿਚਾਰ, ਦੀਪਕ ਜੋਤ ਜਗਾਏ ਜਗਤ ਜਗੰਨਣਾ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਭਾਂਡਾ ਭਉ ਝੂਠੀ ਦੇਹ ਦਾ ਭੰਨਣਾ । ਪ੍ਰਭ ਰੰਗ ਮਾਣੇ, ਸਦ ਬਖ਼ਸ਼ਿੰਦ ਪਹਿਚਾਣੇ । ਰਸਨਾ ਰਸ ਰਸ ਰਸ ਨਾਮ ਰਸ ਹਰਿ ਕਾ ਮਾਣੇ । ਆਤਮ ਹੋਏ ਗਿਆਨ, ਈਸ਼ਰ ਜੋਤ ਸਰੂਪ ਆਤਮ ਬ੍ਰਹਮ ਪਛਾਣੇ । ਅੰਤਕਾਲ

ਨਾ ਖਾਏ ਕਾਲ, ਜਾਓ ਵਿਚ ਬੈਕੁੰਠ ਬਬਾਣੇ । ਭਗਤ ਜਨ ਨਾ ਹੋਏ ਖ਼ੁਆਰ, ਆਤਮ ਧਿਆਨ ਗੁਰਚਰਨ ਸਿਆਨੇ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਗੁਰਸਿਖਾਂ ਮਿਲਿਆ ਪਦ ਨਿਰਬਾਨੇ । ਨਿਜਾਨੰਦ ਪ੍ਰਭ ਨਿਜ ਘਰ ਵਾਸਾ । ਕਲਜੁਗ ਵੇਖੇ ਜਗਤ ਤਮਾਸ਼ਾ । ਕਲੂ ਵਿਚ ਆਏ ਜੀਵ ਭੁਲਾਏ, ਬੈਠ ਅਡੋਲ ਸਦਾ ਗੁਰ ਵਾਸਾ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਇਆ, ਸੋਹੰ ਨਾਉਂ ਜਗਤ ਭਰਵਾਸਾ । ਗੁਰ ਪ੍ਰਗਟੇ ਕਲ ਦੁੱਖ ਭੰਜਨਾ । ਦੇਵੇ ਬ੍ਰਹਮ ਗਿਆਨ, ਸ਼ਬਦ ਸੋਹੰ ਅੰਜਨਾ । ਗੁਰ ਬੈਠਾ ਵਿਚ ਦਰਬਾਰ, ਅਟੱਲ ਜੋਤ ਪ੍ਰਭ ਨਿਰੰਜਣਾ । ਨਿਹਕਲੰਕ ਸਰਬ ਸੁਖ ਸਾਰ, ਮਹਾਰਾਜ ਸ਼ੇਰ ਸਿੰਘ ਵਸੇ ਵਰਭੰਡਨਾ । ਸਤਿਜੁਗ ਉਪਜੇ ਸਤਿ ਪੁਰਖਾ, ਸਤਿ ਸਤਿ ਸਤਿ ਪ੍ਰਭ ਸਤਿ ਵਰਤਾਇੰਦਾ । ਸਤਿਜੁਗ ਆਏ ਗੁਰਸਿਖ ਦਰ ਤੇ, ਗੁਰ ਦੇ ਮਾਣ ਜੁਗ ਭਗਤ ਬਣਾਇੰਦਾ । ਦੇ ਦਰਸ ਕਿਰਪਾ ਧਾਰ, ਗੁਰਸਿਖਾਂ ਕਾਗੋਂ ਹੰਸ ਬਣਾਇੰਦਾ । ਨਿਗਮ ਕਰ ਵਿਚਾਰ, ਸਤਿਜੁਗ ਜਾਮਾ ਸਤਿ ਪੁਰਖ ਪ੍ਰਗਟਾਇੰਦਾ । ਕੋਇ ਰਹੇ ਨਾ ਜੀਵ ਵਿਭਚਾਰ, ਰਹੇ ਸੋ ਜੋ ਰਸਨਾ ਸੋਹੰ ਸੋਹੰ ਸੋਹੰ ਸ਼ਬਦ ਗਾਇੰਦਾ । ਕਲਜੁਗ ਲਏ ਅਵਤਾਰ, ਜੋਤ ਸਰੂਪ ਪ੍ਰਭ ਸਭ ਮਾਣ ਗਵਾਇੰਦਾ । ਵੇਦ ਚਾਰ ਖਪਾਏ, ਚੌਥਾ ਜੁਗ ਉਲਟਾਏ, ਸਤਿਜੁਗ ਸਾਚਾ ਫੇਰ ਲਗਾਇੰਦਾ । ਬ੍ਰਹਮਾ ਜੋਤ ਰਲਾਏ, ਸ੍ਰਿਸ਼ਟ ਹੱਥ ਸਿੰਘ ਪਾਲ ਫੜਾਏ, ਅਚਲ ਪ੍ਰਭ ਚਲਤ ਕਰਾਇੰਦਾ । ਧ੍ਰੂ ਅੰਤ ਕਰਾਏ, ਦਰਬਾਨ ਸਵਰਨ ਕਰਾਏ, ਅਮਰਾਪਦ ਗੁਰਸਿਖ ਪਾਇੰਦਾ । ਥਿਰ ਘਰ ਸਮਾਏ, ਪ੍ਰਭ ਦਰਸ਼ਨ ਪਾਏ, ਕੁਖ ਮਾਤ ਸੁਫਲ ਕਰਾਇੰਦਾ । ਪ੍ਰਭ ਮਾਣ ਦਿਵਾਏ, ਦਰਬਾਨ ਬਣਾਏ, ਦੇ ਦਰਸ ਰੰਗਣ ਨਾਮ ਚੜ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਬਾਹੋਂ ਪਕੜ ਸਿੱਖ ਪਾਰ ਲੰਘਾਇੰਦਾ । ਬੇਮੁਖ ਕਲ ਹੋਏ ਖ਼ੁਆਰ ਦਰ ਮੰਗਣ ਭਿਖ ਨਾ ਪਾਇੰਦਾ । ਗੁਰਸਿਖ ਉਧਰਨ ਪਾਰ, ਪ੍ਰਗਟ ਜੋਤ ਪ੍ਰਭ ਦਰਸ ਦਿਖਾਇੰਦਾ । ਈਸ਼ਰ ਸਦਾ ਬਿਦੋਸ਼, ਦੋਸ਼ ਜੀਵ ਲਗਾਇੰਦਾ । ਰਸਨਾ ਦੇਵੇ ਗਿਆਨ, ਪਾਪੀ ਮੁਗਧ ਅੰਞਾਣ, ਫਿਰ ਕੋਇ ਨਾ ਪ੍ਰਭ ਪ੍ਰਗਟਿਓ ਨਿਰਬਾਣ, ਗੁਰਸਿਖਾਂ ਭੇਤ ਚੁਕਾਇੰਦਾ । ਪ੍ਰਭ ਜੋਤ ਸਰੂਪ ਨਿਤਾਣਿਆਂ ਤਾਣ, ਦਰ ਆਏ ਪਾਰ ਕਰਾਇੰਦਾ । ਹੋਏ ਨਾ ਜਗਤ ਖ਼ੁਆਰ, ਹੋਏ ਅਧੀਨ ਚਰਨ ਸੀਸ ਨਿਵਾਇੰਦਾ । ਪ੍ਰਭ ਬੈਠਾ ਨਿਰਾਧਾਰ, ਨਿਰਵੈਰ ਆਪ ਅਖਵਾਇੰਦਾ । ਰੰਗ ਅਨੂਪ ਸਵੱਛ ਸਰੂਪ, ਜਗਤ ਬਣਤ ਪ੍ਰਭ ਆਪ ਬਣਾਇੰਦਾ । ਕਲੂ ਕਾਲ ਅੰਤ ਕਹਿਰ ਵਰਤੇ, ਗੁਰ ਸ਼ਬਦ ਸਰੂਪ ਸਚ ਸੁਣਾਇੰਦਾ । ਗੁਰਸਿਖ ਜਮ ਡੰਡ ਨਾ ਭਰਤਾ, ਅੰਤ ਕਾਲ ਪ੍ਰਭ ਦਰਸ ਦਿਖਾਇੰਦਾ । ਵਕਤ ਹੈ ਆਇਆ, ਗੁਰਸਿਖ ਗੁਰ ਪਕੜ ਉਠਾਇਆ, ਸਤਿਜੁਗ ਸਾਚਾ ਰਾਹ ਬਤਾਇੰਦਾ । ਪ੍ਰਭ ਦਰ ਦਿਖਾਇਆ, ਜੋਤ ਸਰੂਪ ਵਿਚ ਦੇਹ ਸਿੱਖ ਸਮਾਇਆ, ਭੁਲੇਖੇ ਜਗਤ ਭੁਲਾਇੰਦਾ । ਜੋ ਜਨ ਚਰਨ ਛੋਹ ਜਾਏ ਮਾਨਸ ਜਨਮ ਮੁਕਤ ਕਰਾਏ, ਗੁਰ ਪੂਰਾ ਬੰਧਨ ਤੋੜ ਤੁੜਾਇੰਦਾ । ਗੁਰਸਿਖ ਸਮਾਏ ਪੂਰਨ ਦੇਹ ਵਿਚ ਪ੍ਰਮੇਸ਼ਰ ਜੋਤ ਆਏ, ਜੋਤ ਸਰੂਪ ਪ੍ਰਭ ਜਗਤ ਜਲਾਇੰਦਾ । ਪ੍ਰਭ ਜੋਤ ਪ੍ਰਗਟਾਏ, ਆਪਣਾ ਖੇਲ ਰਚਾਏ, ਚਾਰ ਕੁੰਟ ਹਾਹਾਕਾਰ ਕਰਾਇੰਦਾ । ਜਗਤ ਆਕਾਰ ਜੋਤ ਪ੍ਰਭ ਕਰਿਆ, ਖਿੱਚ ਜੋਤ ਤਨ ਖੇਹ ਕਰਾਇੰਦਾ । ਭਾਂਡਾ ਦੇਹ ਆਪ ਪ੍ਰਭ ਘੜਿਆ, ਬੇਮੁਖਾਂ ਭੰਨ ਵਖਾਇੰਦਾ । ਜਗਨ ਨਾਥ ਦਰਸ ਜਿਨ ਕਰਿਆ, ਮਹਾਰਾਜ ਸ਼ੇਰ ਸਿੰਘ ਚਰਨ ਲਗਾਇੰਦਾ । ਗੁਰ ਕੀ ਸੇਵਾ ਚਰਨ ਹਜ਼ੂਰਾ । ਗੁਰ ਕੀ ਸੇਵਾ ਮਨ ਉਤਰੇ ਸਗਲ ਵਸੂਰਾ । ਗੁਰ ਕੀ ਸੇਵਾ ਕਰੇ ਕੋਈ ਸਿੱਖ ਪੂਰਾ । ਗੁਰ ਕੀ ਸੇਵਾ ਕਰ ਹੈ ਸਤਿਗੁਰ ਪੂਰਾ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਚਰਨੋਂ ਕੀਤਾ ਜਗਤ ਹੈ ਦੂਰਾ । ਹਰਿ ਹਰਿ ਹਰਿ ਕਾ ਰੰਗ ਸਦਾ ਅਬਿਨਾਸ਼ੀ । ਸ੍ਰੀ

ਰੰਗ ਬੈਕੁੰਠ ਕਾ ਵਾਸੀ । ਮਛ ਕਛ ਕੂਰਮ ਆਗਿਆ ਅਉਤਰਾਸੀ । ਤੀਨ ਲੋਕ ਪ੍ਰਭ ਚਰਨ ਕੇ ਦਾਸੀ । ਕੇਸਵ ਚਲਤ ਕਰੇ ਨਿਰਾਲੇ, ਕੋਇ ਨਾ ਜਾਣੇ ਕਲਜੁਗ ਜੋਤ ਪ੍ਰਕਾਸ਼ੀ । ਜਗਤ ਜਲੇ ਜਿਉਂ ਅਗਨ ਜਵਾਲਾ । ਬੁਝੇ ਅਗਨ ਜੋ ਜਨ ਰਸਨ ਸੋਹੰ ਨਾਮ ਪਿਆਸੀ । ਮਹਾਰਾਜ ਸ਼ੇਰ ਸਿੰਘ ਬਾਣ ਚਲਾਇਆ, ਸ਼ਬਦ ਰੂਪ ਜਗਤ ਸਭ ਘਾਸੀ । ਸ਼ਬਦ ਬਾਣ ਬ੍ਰਹਮਾ ਮਾਰਿਆ । ਸ਼ਬਦ ਬਾਣ ਸੰਗ ਪਾਰ ਉਤਾਰਿਆ । ਸ਼ਬਦ ਬਾਣ ਕਲ ਸ੍ਰਿਸ਼ਟ ਸੰਘਾਰਿਆ । ਸ਼ਬਦ ਬਾਣ ਬੇਮੁਖਾਂ ਮਿਲੇ ਕਲ ਅੰਧਿਆਰਿਆ । ਸ਼ਬਦ ਬਾਣ ਵੱਜੇ ਮਨ ਗੁਰਸਿੱਖਾਂ, ਸੋਹੰ ਨਿਕਲੇ ਰਸਨ ਧੁਨਕਾਰਿਆ । ਸ਼ਬਦ ਬਾਣ ਗੁਰਸਿਖ ਮਨ ਲੱਗੇ, ਜਗਤ ਵਿਕਾਰ ਛੱਡ ਆਪ ਸਵਾਰਿਆ । ਸ਼ਬਦ ਬਾਣ ਦੇਹ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਰੱਖੇ ਪੈਜ ਮੁਰਾਰਿਆ । ਸਤਿਜੁਗ ਵਰਤੇ ਸਤਿ ਵਰਤੰਤਾ । ਸਤਿਜੁਗ ਮਿਲੇ ਪ੍ਰਭ ਭਗਤ ਭਗਵੰਤਾ । ਸਤਿਜੁਗ ਮਿਲੇ ਸਾਧ ਸੰਗਤ ਜਿਉਂ ਸੰਤਾ । ਸਤਿਜੁਗ ਦੁੱਖ ਸਭ ਹਰੇ, ਨਿਹਕਲੰਕ ਜੋ ਚਰਨ ਪੜੰਤਾ । ਮਾਤਾ ਗਰਭ ਜੂਨ ਧਰੇ, ਅੰਤਕਾਲ ਪ੍ਰਭ ਜੋਤ ਮਿਲੰਤਾ । ਉਤਮ ਗੁਰਸਿਖ ਵਿਚਾਰ, ਮਹਾਰਾਜ ਸ਼ੇਰ ਸਿੰਘ ਜੋ ਸ਼ਰਨ ਰਹੰਤਾ । ਸ਼ਰਨ ਪ੍ਰਭ ਕੀ ਕੋਈ ਵਿਰਲਾ ਲੋੜੇ । ਕਲਜੁਗ ਜੀਵ ਭਰਮ ਭੁਲਾਇਆ, ਮਾਇਆ ਮਮਤਾ ਜਾਲ ਨਾ ਤੋੜੇ । ਕਰੋਧ ਹੰਕਾਰ ਭਰਮ ਭੁਲਾਇਆ, ਸ਼ੌਹ ਦਰਿਆ ਜੀਵ ਹੈ ਰੋੜ੍ਹੇ । ਸਤਿਜੁਗ ਸਤਿ ਪੁਰਖ ਉਧਰੇ ਪਾਰ, ਨਿਹਕਲੰਕ ਜਨ ਪ੍ਰੀਤ ਜੋ ਜੋੜੇ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਝੂਠੀ ਮਾਟੀ ਵਿਚ ਤਜਾਈ ਗੋਰੇ । ਦੇਹ ਤਜਾਈ ਜੋਤ ਪ੍ਰਗਟਾਈ, ਤੀਨ ਲੋਕ ਹੋਈ ਜੈਕਾਰੇ । ਸ਼ਬਦ ਧੁਨ ਵਜਾਈ ਅਨਹਦ ਰਾਗ ਸੁਣਾਈ , ਮਿਲਿਆ ਪ੍ਰਭ ਅਪਰ ਅਪਾਰੇ । ਗੁਰਸੰਗਤ ਤਰਾਈ, ਕਲਜੁਗ ਮਾਣ ਦਿਵਾਈ, ਹਉਮੈ ਮਮਤਾ ਜੋ ਮਨ ਤੇ ਹੋਰੇ । ਮਹਾਰਾਜ ਸ਼ੇਰ ਸਿੰਘ ਸਦ ਮਿਹਰਵਾਨਾ, ਟੁੱਟੀ ਗੰਢ ਚਰਨ ਸੰਗ ਜੋਰੇ ।

੨੧੩
੦੧

❊ ੧੨ ਕੱਤਕ ੨੦੦੭ ਬਿਕ੍ਰਮੀ ਮੇਰਠ ਪਲਟਨ ਵਿਚ ਬਚਨ ਹੋਏ ❊

ਕਲਜੁਗ ਪ੍ਰਗਟਿਓ ਪ੍ਰਭ ਨਿਰੰਤਰਾ । ਸੋਹੰ ਸ਼ਬਦ ਕਰੇ ਜਗਤ ਭਸਮੰਤਰਾ । ਆਦਿ ਅੰਤ ਪ੍ਰਭ ਸਰਬ ਥਾਏਂ ਰਹੰਤਰਾ । ਕਲਜੁਗ ਲੈ ਅਵਤਾਰ ਜੁਗੋ ਜੁਗ ਪ੍ਰਭ ਜੋਤ ਜਗੰਤਰਾ । ਆਤਮ ਧਰੇ ਧਿਆਨ, ਅਗਿਆਨ ਅੰਧੇਰ ਵਿਚ ਦੇਹ ਨਿਵੰਤਰਾ । ਜਗੀ ਜੋਤ ਅਟੱਲ, ਆਕਾਰ ਕੋਈ ਨਾ ਜਾਣੇ, ਜੋਤ ਸਰੂਪ ਪ੍ਰਭ ਖੇਲ ਕਰੰਤਰਾ । ਸ੍ਰਿਸ਼ਟ ਲੰਘਾਏ ਪਾਰ, ਚੌਥਾ ਜੁਗ ਵਿਚ ਨਰਕ ਨਿਵਾਸ ਦਵੰਤਰਾ । ਗੁਰਸਿਖ ਉਧਰੇ ਪਾਰ, ਸੋਹੰ ਸ਼ਬਦ ਮਿਲੇ ਗੁਰ ਮੰਤਰਾ । ਤੀਨ ਲੋਕ ਪ੍ਰਭ ਕਾ ਆਕਾਰ, ਖੰਡ ਬ੍ਰਹਿਮੰਡ ਪ੍ਰਭ ਚਰਨ ਰਖੰਤਰਾ । ਨਿਹਕਲੰਕ ਜੋਤ ਆਕਾਰ, ਨਿਰਾਧਾਰ ਵਿਚ ਦੇਹ ਵਸੰਤਰਾ । ਮਹਾਰਾਜ ਸ਼ੇਰ ਸਿੰਘ ਭਗਤ ਭੰਡਾਰ, ਗੁਰਸਿਖ ਉਜਲ ਗੁਰਚਰਨ ਲਗੰਤਰਾ । ਗੁਰਚਰਨ ਜਗਤ ਭਰਵਾਸਾ । ਕਲਜੁਗ ਵੇਖੇ ਪ੍ਰਭ ਤਮਾਸ਼ਾ । ਆਪ ਭੁਲਾਏ ਦੇਵੇ ਨਰਕ ਨਿਵਾਸਾ । ਗੁਰਸਿਖ ਪਾਰ ਕਰਾਏ ਸੋਹੰ ਸ਼ਬਦ ਦੇ ਧਰਵਾਸਾ । ਗੁਣ ਨਿਧਾਨ ਅੰਤਰਜਾਮੀ ਪ੍ਰਭ ਘਰ ਮਾਹਿ ਪਾਉ, ਭਗਤ ਜਨਾਂ ਬੇਮੁਖ ਕਰਨ ਹਾਸਾ । ਦੇ ਦਰਸ ਗੁਰ ਮਾਣ ਗਵਾਏ, ਜਨ ਭਗਤ ਨਾ ਹੋਏ ਨਿਰਾਸਾ । ਨਾਮ ਰਤਨ ਗੁਰ ਅੰਮ੍ਰਿਤ ਜਗ ਪੀਆ, ਨਿਰਮਲ ਜੀਆ ਆਤਮ ਰਾਸਾ । ਹੋਏ ਸੁਘੜ ਸੁਜਾਨ, ਆਤਮ ਹੋਏ ਜੋਤ ਪ੍ਰਕਾਸ਼ਾ । ਗੁਰਸਿਖਾਂ ਪ੍ਰਭ ਦੇਵੇ ਮਾਣ, ਆਤਮ ਗਿਆਨ

ਗੁਰਚਰਨ ਨਿਵਾਸਾ । ਤੀਨ ਲੋਕ ਪ੍ਰਭ ਘਟ ਵਸਿਆ, ਬੇਮੁਖਾਂ ਨਾ ਰਘੁਨਾਥ ਪਛਾਤਾ । ਕਲਜੁਗ ਲੈ ਅਵਤਾਰ, ਜੋਤ ਪ੍ਰਗਟਾਈ ਨਿਹਕਲੰਕ ਬਿਧਾਤਾ । ਚਰਨ ਲਾਗ ਮਿਲੇ ਵਡਿਆਈ, ਰਾਓ ਰੰਕ ਸਰਬ ਪ੍ਰਭ ਸਾਥਾ । ਏਕ ਸ਼ਬਦ ਪ੍ਰਭ ਜਗਤ ਚਲਾਇਓ, ਹੰਕਾਰ ਨਿਵਾਰ ਸਰਬ ਪ੍ਰਭ ਘਾਤਾ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਨਿਜ ਘਰ ਪ੍ਰਗਟਿਓ ਨਿਜ ਘਰ ਵਾਸਾ । ਨਿਜ ਘਰ ਵਸੇ ਆਪ ਅਪਰੰਪਰਾ । ਦੇ ਦਰਸ ਮੁਖ ਊਜਲ ਕਰੰਤਰਾ । ਪ੍ਰਭ ਅਬਿਨਾਸ਼ੀ ਸਰਬ ਥਾਏਂ ਰਹੰਤਰਾ । ਮਹਾਰਾਜ ਸ਼ੇਰ ਸਿੰਘ ਦੇ ਬ੍ਰਹਮ ਗਿਆਨ, ਕਲਜੁਗ ਦੁੱਖ ਗੁਰਸਿਖਾਂ ਗਵੰਤਰਾ । ਗੁਰਸਿਖ ਸੋ ਜਿਸ ਗੁਰ ਪਛਾਣਿਆਂ । ਗੁਰਸਿਖ ਕਲਜੁਗ ਜਨਮ ਧਾਰ, ਨਿਹਕਲੰਕ ਜਿਸ ਚਰਨ ਲਗਾਣਿਆਂ । ਗੁਰਸਿਖ ਸੋਏ ਕਲ ਸ੍ਰਿਸ਼ਟ, ਜੋਤ ਸਰੂਪ ਪ੍ਰਭ ਦਰਸ਼ਨ ਪਾਣਿਆਂ । ਗੁਰਸਿਖ ਸੋਏ ਮਹਾਰਾਜ ਸ਼ੇਰ ਸਿੰਘ ਸਚ ਨਾਮ ਵਖਾਣਿਆਂ । ਗੁਰਸਿਖ ਨਿਗਮ ਵਿਚਾਰ, ਚਤੁਰਭੁਜ ਦਰਸ ਦਿਖਾਣਿਆਂ । ਕਲਜੁਗ ਹੋਏ ਸ਼ਬਦ ਧੁਨਕਾਰ, ਅਨਹਦ ਸ਼ਬਦ ਦੇਹ ਵਜਾਣਿਆਂ । ਪੂਰਨ ਪੁਰਖ ਕਰੀ ਵਿਚਾਰ, ਸਚ ਮੰਦਰ ਗੁਰਸਿਖ ਦੇਹ ਸਮਾਣਿਆਂ । ਅਟੱਲ ਆਪ ਨਿਰੰਕਾਰ, ਨਿਹਕਲੰਕ ਲੈ ਅਵਤਾਰ ਜਗਤ ਭੁਲਾਣਿਆਂ । ਮਹਾਰਾਜ ਸ਼ੇਰ ਸਿੰਘ ਖੋਲ੍ਹੇ ਦਸਮ ਦਵਾਰ, ਦੋਏ ਜੋੜ ਜਿਸ ਸੀਸ ਨਿਵਾਣਿਆਂ । ਗੁਰਚਰਨ ਜਿਸ ਸੀਸ ਨਿਵਾਏ । ਕਾਇਆ ਕਪਟ ਵਿਕਾਰ ਦੇਹ ਜਲਾਏ । ਮਿਲੇ ਪੁਰਖ ਅਪਾਰ, ਸਚ ਸੁੱਚ ਵਿਚ ਦੇਹ ਪ੍ਰਭ ਜਗਾਏ । ਨਿਰੰਜਣ ਜੋਤ ਸਰਬ ਸੁਖ ਸਾਰ, ਕਲਜੁਗ ਪ੍ਰਗਟ ਨਿਹਕਲੰਕ ਅਖਵਾਏ । ਕੋਏ ਨਾ ਜਾਣੇ ਜਗਤ ਭਤਾਰ, ਮਹਾਰਾਜ ਸ਼ੇਰ ਸਿੰਘ ਸਰਬ ਸੁਖ ਦਾਏ । ਸਰਬ ਸੁਖ ਗੁਰ ਚਰਨ ਦਖਾਲਾ । ਕਲਜੁਗ ਹੋਏ ਖੁਆਰ, ਬੇਮੁਖ ਜਲੇ ਅਗਨ ਜਲਾਲਾ । ਗੁਰਸਿਖ ਉਧਰੇ ਪਾਰ, ਜਿਨ੍ਹਾਂ ਮਿਲਿਆ ਭਗਤ ਵਛਲ ਕਿਰਪਾਲਾ । ਅਗੰਮ ਅਗੋਚਰ ਸਦ ਕਰਮ ਵਿਚਾਰ, ਭਗਤ ਜਨਾਂ ਹੋਵੇ ਰਖਵਾਲਾ । ਮਦਿ ਮਾਸੀ ਨਰਕ ਮਝਾਰ, ਸੋਹੰ ਸ਼ਬਦ ਬਾਣ ਸੁਖਾਲਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਕੋਇ ਨਾ ਜਾਣੇ ਵਿਸ਼ਨੂੰ ਭਗਵਾਨਾ । ਭਗਤਨ ਦੇਵੇ ਕਲਜੁਗ ਵਡਿਆਈ । ਅਗਨ ਲਗਾਏ ਕਹਿਰ ਵਰਤਾਏ, ਦੋ ਹਜ਼ਾਰ ਸੱਤ ਬਿਕ੍ਰਮੀ ਲਿਖਤ ਸਤਿ ਕਰਾਈ । ਨਿਰੰਜਣ ਜੋਤ ਜਗਾਈ, ਘਟ ਘਟ ਵੇਖੇ ਸਰਬ ਸੁਖਦਾਈ । ਐਸਾ ਕਰੇ ਜਗਤ ਅੰਧਿਆਰਾ, ਮਹਾਰਾਜ ਸ਼ੇਰ ਸਿੰਘ ਨਾਮ ਨਿਰੰਜਣ ਪਰਗਟ ਜੋਤ ਕਲ ਲੈ ਅਵਤਾਰਾ । ਕਲਜੁਗ ਅੰਤ ਪ੍ਰਭ ਆਪ ਕਰੰਤਾ । ਸਤਿਜੁਗ ਵਾਹਵਾ ਸੋਹੰ ਸ਼ਬਦ ਵਰਤੰਤਾ । ਬੇਮੁਖ ਨਰਕ ਨਿਵਾਰ ਗੁਰਸਿਖ ਚਰਨ ਰਹੰਤਾ । ਦੇ ਦਰਸ ਅਪਾਰ, ਨਿਜਾਨੰਦ ਸੁਖ ਵਰਤੰਤਾ । ਕੋਟਨ ਕੋਟ ਕੋਟ ਹੋਏ ਇਕ ਵਾਰ, ਵਿਰਲਾ ਹੋਏ ਜਗਤ ਸਾਧ ਸੰਤਾ । ਨਿਹਕਲੰਕ ਜੋਤ ਆਕਾਰ, ਮਹਾਰਾਜ ਸ਼ੇਰ ਸਿੰਘ ਕਲ ਕਰਮ ਕਰੰਤਾ । ਕਲਜੁਗ ਪਰਗਟ ਪ੍ਰਭ ਕਪਟ ਵਿਚਾਰਿਆ । ਤ੍ਰੇਤਾ ਰਾਮ ਅਵਤਾਰ, ਦੁਆਪਰ ਕ੍ਰਿਸ਼ਨ ਮੁਰਾਰਿਆ । ਕਲਜੁਗ ਲੈ ਅਵਤਾਰ, ਨਿਹਕਲੰਕ ਗੁਰ ਜੋਤ ਆਕਾਰਿਆ । ਸੋਹੰ ਸ਼ਬਦ ਚੱਕਰ ਸੁਦਰਸ਼ਨ ਬਾਣ ਲਾਏ ਜਗਤ ਪ੍ਰਭ ਨਰਕ ਨਿਵਾਰਿਆ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਗੁਰਸਿਖਾਂ ਬ੍ਰਹਮ ਸਰੂਪ ਦਰਸ ਦੀਦਾਰਿਆ । ਪ੍ਰਭ ਦਰਸ਼ਨ ਕਰ ਉਜਲ ਜੀਆ । ਕਲਜੁਗ ਨਾਮ ਸੋਹੰ ਜਿਸ ਲੀਆ । ਹੋਏ ਆਤਮ ਗਿਆਨ, ਸਰਬ ਨਿਧਾਨ ਪ੍ਰਭ ਜੋਤ ਜਗਈਆ । ਕਲਜੁਗ ਪੁਰਖ ਸੁਜਾਨ, ਮਦਿ ਮਾਸ ਜੋ ਨਾ ਰਸਨ ਰਸਈਆ । ਬੇਮੁਖ ਪਕੜ ਪਛਾੜ, ਨਰਕ ਨਿਵਾਸ ਪ੍ਰਭ ਭੁਗਤਈਆ । ਨਿਰਧਨ ਪ੍ਰਭ ਦੇਵੇ ਮਾਣ, ਚਰਨ ਲਾਗ ਜਿਸ ਆਸ ਰਖਈਆ । ਕਲਜੁਗ ਪਰਗਟਿਓ ਵਿਸ਼ਨੂੰ ਭਗਵਾਨ, ਅਮਰ ਜੋਤ ਕ੍ਰਿਸ਼ਨ ਘਨਈਆ । ਮਹਾਰਾਜ ਸ਼ੇਰ ਸਿੰਘ ਭਗਤ ਆਧਾਰ, ਦੇ ਦਰਸ ਆਤਮ

ਜੋਤ ਪ੍ਰਭ ਕਲ ਜਗਈਆ । ਕਲ ਕਹਿਰ ਗੁਰ ਕਹਿਰ ਵਰਤੰਤਾ । ਜੁਗ ਚੌਥਾ ਪ੍ਰਭ ਭਸਮ ਕਰੰਤਾ । ਸਤਿਜੁਗ ਸਤਿ ਸਤਿ ਪੁਰਖ ਨਿਰੰਜਣ, ਸਤਿ ਸਤਿ ਵਰਤੰਤਾ । ਦੇ ਦਰਸ ਗੁਰ ਮਾਣ ਗਵਾਇਆ, ਚਰਨ ਕਵਲ ਗੁਰਸਿਖ ਰਹੰਤਾ । ਸਚ ਮੰਦਰ ਗੁਰ ਧਾਮ ਰਚਾਇਆ, ਵਿਚ ਸਿੱਖ ਸਦਾ ਵਸੰਤਾ । ਆਤਮ ਨਾਮ ਮਹਾਰਾਜ ਸ਼ੇਰ ਸਿੰਘ ਜੋ ਜਨ ਰਸਨ ਵਸੰਤਾ । ਅੰਤਕਾਲ ਦੇ ਦਰਸ ਅਪਾਰਾ, ਗੁਰਸਿਖ ਮਿਲੇ ਜੋਤ ਭਗਵੰਤਾ । ਸਚਖੰਡ ਨਿਵਾਸ ਗੁਰਸਿਖ ਰਹਿਰਾਸ, ਸੋਹੰ ਸਿਮਰੇ ਜੋ ਰਸਨ ਸਵਾਸ, ਪ੍ਰਭ ਕਾ ਰੂਪ ਅਨੰਤ ਅਨੰਤਾ । ਏਕ ਜੋਤ ਜਗਤ ਆਕਾਰ, ਸਰਬ ਜੀਵ ਪ੍ਰਭ ਵਿਚ ਵਸੰਤਾ । ਨਿਹਕਲੰਕ ਲੈ ਅਵਤਾਰ, ਬੇਮੁਖ ਪਕੜ ਦੁੱਖ ਭੁਗੰਤਾ । ਮਹਾਰਾਜ ਸ਼ੇਰ ਸਿੰਘ ਜੋਤ ਨਿਰਾਧਾਰ, ਹੋਏ ਸਹਾਈ ਸਾਧਨ ਸੰਤਾ । ਸਾਧ ਸੰਤ ਪ੍ਰਭ ਰੂਪ ਸਮਾਨ । ਸਾਧ ਸੰਤ ਕਲ ਉਪਜੇ ਭਗਤ ਭਗਵਾਨ । ਸੋਹੰ ਸ਼ਬਦ ਜੋ ਰਸਨ ਉਚਰੇ, ਸੋਈ ਪੁਰਖ ਸੁਘੜ ਸੁਜਾਨ । ਆਤਮ ਜੋਤ ਜਗਤ ਉਜਿਆਰਾ, ਸੋਹੰ ਸ਼ਬਦ ਦੇਵੇ ਪ੍ਰਭ ਦਾਨ । ਹਰਿਜਨ ਦੇਵੇ ਭਗਤ ਭੰਡਾਰਾ, ਪ੍ਰਭ ਕੀ ਜੋਤ ਜਗਤ ਇਕ ਸਮਾਨ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰਾ, ਸੋਹੰ ਸ਼ਬਦ ਕਰੇ ਪਰਧਾਨ । ਸੋਹੰ ਸ਼ਬਦ ਸਤਿ ਜਪੇ ਸਤਿ ਪੁਰਖਾ । ਕਲਜੁਗ ਅਗਨ ਜਲਾਏ, ਜੀਵ ਜੰਤ ਸਭ ਵਿਰਖਾ । ਧਰਮ ਰਾਏ ਦੇ ਸਜ਼ਾਏ, ਮਦਿ ਮਾਸ ਜੋ ਰਸਨ ਹੈ ਦਿਰਖਾ । ਮਹਾਰਾਜ ਸ਼ੇਰ ਸਿੰਘ ਜੋਤ ਮਹਾਨ, ਕਲਜੁਗ ਪਰਗਟੇ ਇਕ ਜੋਤ ਇਕ ਕਿਰਖਾ । ਜੋਤ ਜਗਤ ਨਿਰਮਲ ਨਿਰਬਾਣੀ । ਪ੍ਰਭ ਕੀ ਜੋਤ ਨਾ ਬੇਮੁਖ ਪਛਾਣੀ । ਗੁਰਸੰਗਤ ਗੁਰਚਰਨ ਜੋਤ ਵਡਾਣੀ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਨਿਹਕਲੰਕ ਅਗਨ ਜਲਾਣੀ । ਸ਼ਬਦ ਅਗਨ ਜਗਤ ਜਲਾਇਆ । ਕੋਏ ਨਾ ਜਾਣੇ ਪ੍ਰਭ ਕਾ ਤੇਜ਼ ਸਵਾਇਆ । ਬੇਮੁਖ ਰਾਣੇ ਨਰਕ ਨਿਵਾਸ ਦਿਵਾਇਆ । ਗੁਰਸਿਖਾਂ ਪ੍ਰਭ ਸਦ ਹੈ ਸਾਥੇ, ਦੇ ਦਰਸ ਗਿਆਨ ਦਿਵਾਇਆ । ਕਲਜੁਗ ਭੁੱਲੇ ਮੂਰਖ ਮੁਗਧ ਅੰਞਾਣ, ਪ੍ਰਭ ਕਾ ਭੇਵ ਕਿਸੇ ਨਾ ਪਾਇਆ । ਪ੍ਰਭ ਕੀ ਜੋਤ ਜਗਤ ਵਰਤੰਤ, ਸੋਹੰ ਸ਼ਬਦ ਇਕ ਰਾਗ ਚਲਾਇਆ । ਸਤਿਜੁਗ ਹੋਵੇ ਸਤਿ ਵਰਤਾਰਾ, ਚਾਰ ਵਰਨ ਪ੍ਰਭ ਇਕ ਕਰਾਇਆ । ਨਿਮਾਣਿਆਂ ਪ੍ਰਭ ਦੇ ਸਹਾਰਾ, ਹੰਕਾਰੀਆਂ ਪ੍ਰਭ ਮਾਣ ਗਵਾਇਆ । ਜੋਤ ਜਗਤ ਜਗੇ ਅਗੰਮ ਅਪਾਰ, ਸਰਬ ਜੀਵ ਵਿਚ ਸਮਾਇਆ । ਕੋਇ ਨਾ ਜਾਣੇ ਪ੍ਰਭ ਆਪ ਨਿਰੰਕਾਰ, ਤੀਨ ਲੋਕ ਪ੍ਰਭ ਸਮਾਇਆ । ਸੋਹੰ ਸ਼ਬਦ ਸਰਬ ਗੁਣਤਾਸ, ਦੇ ਸ਼ਬਦ ਗੁਣ ਨਿਧਾਨ ਅੰਧੇਰ ਗਵਾਇਆ । ਮਹਾਰਾਜ ਸ਼ੇਰ ਸਿੰਘ ਜੋਤ ਵਿਸ਼ਨੂੰ ਭਗਵਾਨ, ਕਲਜੁਗ ਪਰਗਟ ਨਿਹਕਲੰਕ ਅਖਵਾਇਆ । ਨਿਹਕਲੰਕ ਕਰੇ ਜਗਤ ਨਕਾਰਾ । ਸੋਹੰ ਸ਼ਬਦ ਬਾਣ ਗੁਰ ਮਾਰਾ । ਚਾਰ ਕੁੰਟ ਹੋਵੇ ਪਰਕਾਸ਼, ਅਨਹਦ ਸ਼ਬਦ ਵੱਜੇ ਧੁਨਕਾਰਾ । ਗੁਰਸਿਖਾਂ ਗੁਰਚਰਨ ਰਹਿਰਾਸ, ਕਲਜੁਗ ਦਰਸ ਭਗਤ ਭੰਡਾਰਾ । ਮਹਾਰਾਜ ਸ਼ੇਰ ਸਿੰਘ ਜੋਤ ਅਬਿਨਾਸ਼, ਕੋਏ ਨਾ ਬੂਝੇ ਕਰ ਵਿਚਾਰਾ । ਪ੍ਰਭ ਦਰਸ ਪ੍ਰਭ ਉਤਮ ਵਿਚਾਰਾ । ਪਾਵੇ ਸੋ ਜਿਸ ਦੇਵੇ ਦਰਸ ਗਿਰਧਾਰਾ । ਤਰ ਜਾਵੇ ਸੋ ਆਤਮ ਜੋਤ ਜਗਾਵੇ, ਨਿਜਾਨੰਦ ਪ੍ਰਭ ਕਰੇ ਉਜਿਆਰਾ । ਕਵਲ ਨਾਭ ਖੁਲ੍ਹਾਵੇ, ਸੋ ਅੰਮ੍ਰਿਤ ਬੂੰਦ ਮੁਖ ਚਵਾਏ, ਪ੍ਰਭ ਕਾ ਰੂਪ ਸਚ ਨਿਸਤਾਰਾ । ਗੁਰਚਰਨ ਲਗ ਤਰ ਜਾਵੇ, ਸੋ ਮਹਾਰਾਜ ਸ਼ੇਰ ਸਿੰਘ ਕਲ ਦਰਸ ਦਿਖਾਵੇ, ਦੇਵੇ ਨਾਮ ਆਧਾਰਾ । ਨਾਮ ਦਾਨ ਗੁਰਸਿਖਾਂ ਗੁਰਦਰ ਤੇ ਪਾਇਆ । ਕਲਜੁਗ ਹੋਏ ਸੁਜਾਨ, ਚਤੁਰਭੁਜ ਜਿਸ ਦਰਸ ਦਿਖਾਇਆ । ਪੀਤ ਪੀਤੰਬਰ ਮਿਲੇ ਬੀਠਲਾ ਭਗਵਾਨ, ਚੰਦ ਸੂਰਜ ਜਿਸ ਜੋਤ ਜਗਾਇਆ । ਪ੍ਰਭ ਕੀ ਜੋਤ ਮਹਾਨ, ਤੀਨ ਲੋਕ ਕਰੇ ਰੁਸ਼ਨਾਇਆ । ਗੁਰਚਰਨ ਲਾਗ ਮਿਲੇ ਭਗਵਾਨ, ਜੋਤ ਸਰੂਪ ਪ੍ਰਭ ਜੋਤ ਜਗਤ ਜਗਾਇਆ । ਕਲਜੁਗ ਜੀਵ

ਧਣੇ ਜਿਉਂ ਧਾਨ, ਸੋਹੰ ਸ਼ਬਦ ਸਿਰ ਮੌਲਾ ਪਾਇਆ । ਬੇਮੁਖ ਨਾ ਕਰਨ ਪਛਾਣ, ਜੋਤ ਸਰੂਪ ਪ੍ਰਭ ਜਗਤ ਜਲਾਇਆ । ਗੁਰਸਿਖ ਦਰ ਪਰਵਾਨ, ਕਲਜੁਗ ਆਣ ਜਿਸ ਪ੍ਰਭ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਹੋ ਕਲੰਕ ਜਗਤ ਲਗਾਇਆ । ਜਗਤ ਕਲੰਕ ਕਲ ਵਿਚ ਏ ਲਾਗਾ । ਪਰਗਟੇ ਜੋਤ ਕੋਈ ਮਿਲੇ ਵਡਭਾਗਾ । ਬੇਮੁਖ ਨਜ਼ਰ ਨਾ ਆਵੇ, ਗੁਰ ਦਰ ਧੱਕਾ ਖਾਧਾ । ਬੇਮੁਖ ਪਕੜ ਪਛਾੜ, ਸੋਹੰ ਸ਼ਬਦ ਪਰਗਟੇ ਆਦਿ ਜੁਗਾਦਾ । ਬੇਮੁਖ ਅੰਤ ਖੁਆਰ, ਮਹਾਰਾਜ ਸ਼ੇਰ ਸਿੰਘ ਜਿਸ ਕਲ ਨਾ ਲਾਧਾ । ਕਲਜੁਗ ਆਇਆ ਆਪ ਅਖੰਡਤ । ਕਲਜੁਗ ਜੀਵ ਨਰਕ ਨਿਵਾਰੇ, ਗੁਰ ਚਰਨ ਲਾਗ ਮਿਲੇ ਜਨ ਜੰਨਤ । ਭਗਤ ਜਨ ਦਰ ਦਰ ਪਰਵਾਨ, ਸੋਹੰ ਜਾਪ ਵਿਚ ਸਾਧ ਸੰਗਤ । ਛੱਡ ਸਰਬ ਵਿਕਾਰ, ਸੋਹੰ ਸ਼ਬਦ ਗੁਰ ਦਰ ਤੇ ਮੰਗਤ । ਹੋਏ ਆਤਮ ਉਜਿਆਰ, ਨਾਮ ਰੰਗਣ ਚਾੜ੍ਹੇ ਮਨ ਰੰਗਤ । ਕਲਜੁਗ ਪਰਗਟਿਓ ਲੈ ਅਵਤਾਰ, ਮਹਾਰਾਜ ਸ਼ੇਰ ਸਿੰਘ ਪ੍ਰਭ ਦੁੱਖ ਖੰਡਤ । ਗੁਰਚਰਨ ਲਾਗ ਦੁੱਖ ਨਾ ਵਿਆਪੇ, ਕਲ ਸੂਝੇ ਹਰਿ ਦਵਾਰਾ । ਨਿਹਕਲੰਕ ਪ੍ਰਭ ਮਿਲਿਆ ਆਪੇ, ਦੇਵੇ ਭਗਤ ਭੰਡਾਰਾ । ਸੋਹੰ ਨਾਉਂ ਰਸਨ ਜੋ ਜਾਪੇ, ਕਲਜੁਗ ਨਾ ਹੋਏ ਖੁਆਰਾ । ਦੂਖ ਰੋਗ ਪ੍ਰਭ ਦਰਸ ਸੰਤਾਪੇ, ਹਰਿ ਨਾਮ ਨਿਰੰਜਣ ਅਲਖ ਅਪਾਰਾ । ਸੋਹੰ ਸ਼ਬਦ ਜੋ ਜਨ ਰਸਨਾ ਜਾਪੇ, ਮਹਾਰਾਜ ਸ਼ੇਰ ਸਿੰਘ ਅੰਤ ਹੋਏ ਸਹਾਰਾ । ਜਗਤ ਗਿਰਧਾਰ ਕ੍ਰਿਸ਼ਨ ਮੁਰਾਰ, ਸਾਵਲ ਸੁੰਦਰ ਪ੍ਰਭ ਰੂਪ ਵਟਾਇਆ । ਪਤਾਲ ਸੁੱਤਾ ਨੈਣ ਮੁਧਾਰ, ਕਲਜੁਗ ਜੋਤ ਨਿਰੰਜਣ ਪਰਗਟ ਨਿਹਕਲੰਕ ਅਖਵਾਇਆ । ਜਗਤ ਡੋਬਿਆ ਵਿਚ ਅੰਧ ਅੰਧਿਆਰ, ਆਤਮ ਪੜਦਾ ਪ੍ਰਭ ਮਾਇਆ ਪਾਇਆ । ਗੁਰਸਿਖਾਂ ਪ੍ਰਭ ਦਰਸ ਨਿਆਰਾ, ਨਜ਼ਰੀ ਆਵੇ ਆਪ ਰਘੁਰਾਇਆ । ਰਾਓ ਰੰਕ ਪ੍ਰਭ ਸਰਬ ਪਰਵੇਸ਼ਿਓ, ਸਤਿਜੁਗ ਸਾਚਾ ਰਾਹ ਬਤਾਇਓ । ਸੋਹੰ ਸ਼ਬਦ ਹੋਵੇ ਭਰਵਾਸਾ, ਬਾਕੀ ਸਭ ਦਾ ਮਾਣ ਗਵਾਇਓ । ਜੁਗ ਚੌਥਾ ਅੰਤ ਕਲ ਕਰਤਾ, ਨਿਹਕਲੰਕ ਪ੍ਰਭ ਨਾਉਂ ਰਖਾਇਓ । ਸੋਹੰ ਸ਼ਬਦ ਜਗਤ ਭਸਮੰਤਾ, ਮਹਾਰਾਜ ਸ਼ੇਰ ਸਿੰਘ ਕਲਜੁਗ ਬਾਣ ਲਗਾਇਓ । ਸਤਿਜੁਗ ਆਵੇ ਸਤਿ ਪਰਗਟੇ ਪ੍ਰਭ ਨਿਰਧਾਰਾ, ਮੂਰਖ ਮੁਗਧ ਅੰਞਾਣ ਕੋਈ ਭੇਵ ਨਾ ਜਾਣੇ, ਜੁਗੋ ਜੁਗ ਪ੍ਰਭ ਲੈ ਅਵਤਾਰਾ । ਜੋਤ ਨਿਰੰਜਣ ਉਤਮ ਨਿਰਾਲੀ, ਜੀਵ ਜੰਤ ਪ੍ਰਭ ਜੋਤ ਚਮਤਕਾਰਾ । ਹੋਵੇ ਪਰਕਾਸ਼ ਗੁਰ ਦਰਸ਼ਨ ਪਾਇਆ, ਆਤਮ ਜੋਤ ਕਰੇ ਦੇਹ ਉਜਿਆਰਾ । ਜਗੇ ਜੋਤ ਵਿਚ ਦੇਹ ਦੀਪਕ, ਸੋਹੰ ਸ਼ਬਦ ਜਿਨ ਰਸਨ ਵਿਚਾਰਾ । ਸਤਿ ਸਤਿ ਸਤਿ ਹੋਏ ਮਿਹਰਵਾਨ, ਤ੍ਰੇਤਾ ਪਰਗਟਿਓ ਰਾਮ ਅਵਤਾਰਾ ਦੁਆਪਰ ਕ੍ਰਿਸ਼ਨ ਮੁਰਾਰ । ਅਬਿਨਾਸ਼ੀ ਅਵਿਗਤ ਅਗੋਚਰ, ਜੋਤ ਜਗਾਈ ਕ੍ਰਿਸ਼ਨ ਮੁਰਾਰਾ । ਕਲਜੁਗ ਜੋਤ ਪ੍ਰਭ ਪਰਗਟ, ਨਿਹਕਲੰਕ ਜੋਤ ਅਵਤਾਰਾ । ਮਹਾਰਾਜ ਸ਼ੇਰ ਸਿੰਘ ਆਪ ਪ੍ਰਿਤਪਾਲਕ, ਜੋ ਜਨ ਆਏ ਪ੍ਰਭ ਚਰਨ ਦਵਾਰਾ । ਕਲਜੁਗ ਸੀਸ ਗੁਰ ਚਰਨ ਨਿਵਾਇਆ । ਮਿਲਿਆ ਪ੍ਰਭ ਪੁਰਖ ਪਰਮੇਸ਼ਵਰ, ਵਿਚੋਂ ਜਿਸ ਮਾਣ ਗਵਾਇਆ । ਜਗੇ ਜੋਤ ਜੋਤ ਮਨ ਅੰਦਰ, ਕਲਜੁਗ ਅਗਨ ਪ੍ਰਭ ਦੇ ਜਲਾਇਆ । ਨਿਜਾਨੰਦ ਗੁਰਸਿਖ ਮਨ ਭੋਗਣ, ਆਤਮ ਸ਼ਾਂਤ ਜੋਤ ਸਰੂਪ ਪ੍ਰਭ ਨਜ਼ਰੀ ਆਇਆ । ਬੇਮੁਖ ਹੋਏ ਗੁਰਚਰਨ ਵਿਜੋਗਣ, ਕਲਜੁਗ ਪ੍ਰਭ ਨਜ਼ਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਛੜ ਸਦਾ ਦੁੱਖ ਭੋਗਣ, ਸਾਚਾ ਸ਼ਬਦ ਗੁਰ ਸਚ ਲਿਖਾਇਆ । ਸਚ ਸ਼ਬਦ ਆਪ ਪ੍ਰਭ ਸਾਚਾ । ਝੂਠਾ ਜਗਤ ਦੇਹ ਝੂਠਾ ਕਾਚਾ । ਝੂਠੀ ਦੇਹ ਪਰਗਟਿਓ ਆਪ ਦੇਖੇ ਪ੍ਰਭ ਰੰਗ ਤਮਾਸ਼ਾ । ਮਹਾਰਾਜ ਸ਼ੇਰ ਸਿੰਘ ਜਗਤ ਜਲਾਇਆ, ਗੁਰਸਿਖਾਂ ਦੇਵੇ ਚਰਨ ਭਰਵਾਸਾ । ਉਤਮ ਜਗਤ

ਪਰਸਨਾ । ਪਰਗਟੀ ਜੋਤ ਅਕਾਲ, ਕਲਜੁਗ ਸਭ ਦਸਣਾ । ਕਲਜੁਗ ਕਹਿਰ ਸ਼ਬਦ ਗੁਰ ਵਰਤੇ, ਜੋਤ ਅਗਨ ਜੁਗ ਵਰਤਨਾ । ਗੁਰਚਰਨ ਲਾਗ ਸਰਬ ਦੁੱਖ ਹਰਤੇ, ਨਿਹਕਲੰਕ ਸਚ ਰਸਨ ਪਰਸਨਾ । ਮਹਾਰਾਜ ਸ਼ੇਰ ਸਿੰਘ ਕਲ ਪਾਰ ਉਤਾਰ, ਨਿਹਕਲੰਕ ਭਗਵਾਨ ਦਰਸ ਦਰਸਨਾ ।

❊ ੨੬ ਪੋਹ ੨੦੦੭ ਬਿਕ੍ਰਮੀ ਮੇਰਠ ਬਚਨ ਹੋਏ ❊

ਗੁਰਸਿਖਾਂ ਮਨ ਚਾਉ ਘਨੇਰਾ, ਮਿਲੇ ਪ੍ਰਭ ਪੂਰਨ ਅਬਿਨਾਸ਼ਿਆ । ਕਲਜੁਗ ਹੋਏ ਘੋਰ ਅੰਧੇਰਾ, ਸਤਿਜੁਗ ਪਰਗਟਿਓ ਸਰਬ ਨਿਵਾਸਿਆ । ਅਚੁੱਤ ਪਾਰਬ੍ਰਹਮ ਪਰਮੇਸ਼ਵਰ, ਖੰਡ ਬ੍ਰਹਿਮੰਡ ਸਰਬ ਨਿਵਾਸਿਆ । ਕਰੋੜ ਤੇਤੀਸ ਸਦਾ ਬਿਲਲਾਵਣ, ਮਿਲੇ ਦਰਸ ਮਨ ਤ੍ਰਿਪਤਾਸਿਆ । ਗੁਰਸਿਖਾਂ ਮਨ ਮਿਲੇ ਵਧਾਈ, ਨਿਹਕਲੰਕ ਜਨ ਸਿਰ ਛਤਰ ਝੁਲਾਸਿਆ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਕਰੇ ਬੰਦ ਖੁਲਾਸਿਆ । ਸੋਹੰ ਸ਼ਬਦ ਦੇਵੇ ਦਾਨ ਗੁਰ ਦਾਤਾ । ਧੰਨ ਧੰਨ ਗੁਰਸਿਖ, ਜਿਨ੍ਹਾਂ ਜੋਤ ਸਰੂਪ ਪ੍ਰਭ ਪਛਾਤਾ । ਹਰਿ ਹਰਿ ਵਿਚ ਵਸਿਆ, ਮੂਰਖ ਮੁਗਧ ਅੰਞਾਣ ਨਾ ਪਛਾਤਾ । ਭਗਤ ਵਛਲ ਹਰਿ ਹਰਿ ਭੰਡਾਰ, ਸੋਹੰ ਸ਼ਬਦ ਦੇਵੇ ਗੁਣ ਦਾਤਾ । ਘਨਕਪੁਰੀ ਲੈ ਅਵਤਾਰ, ਨਰ ਨਰਾਇਣ ਸਰਬ ਕਾ ਦਾਤਾ । ਬੇਮੁਖ ਜਗਤ ਨਾ ਰਹਿਣ, ਸ਼ਬਦ ਬਾਣ ਲਾਏ ਬਿਧਾਤਾ । ਮਹਾਰਾਜ ਸ਼ੇਰ ਸਿੰਘ ਭਗਤ ਉਧਾਰ, ਸਦ ਰਵੇ ਸਦ ਰੰਗ ਰਾਤਾ । ਸ਼ਬਦ ਲੱਗੇ ਬਾਣ, ਜਗਤ ਸੰਘਾਰਿਆ । ਬੇਮੁਖ ਨਰਕ ਨਿਵਾਰ, ਕਰਮ ਵਿਚਾਰਿਆ । ਗੁਰਮੁਖ ਉਧਰੇ ਪਾਰ, ਸੋਹੰ ਨਾਮ ਜਿਨ ਰਸਨ ਉਚਾਰਿਆ । ਕਲਜਗ ਕਰਮ ਵਿਚਾਰ, ਛੱਡ ਬ੍ਰਹਿਮੰਡ ਪ੍ਰਭ ਮਾਤ ਪਧਾਰਿਆ । ਆਪ ਅਤੁੱਲ ਸਚ ਜਗਤ ਤੁਲਾਇਆ, ਮਹਾਰਾਜ ਸ਼ੇਰ ਸਿੰਘ ਲਿਆ ਅਵਤਾਰਿਆ । ਕਲਜੁਗ ਲੈ ਅਵਤਾਰ, ਸੋਹੰ ਸ਼ਬਦ ਡੰਕ ਵਜਾ ਲਿਆ । ਪ੍ਰਭ ਕਾ ਰੂਪ ਅਗੰਮ, ਗੁਰਸਿਖ ਕਰਨ ਧੰਨ ਧੰਨ ਧੰਨ । ਕਲਜੁਗ ਮਿਲਿਆ ਸਤਿਗੁਰ ਪੂਰਾ ਪ੍ਰਭ ਪਾਰਬ੍ਰਹਮ । ਕਰ ਦਰਸ ਹੋਏ ਜੀਵ ਸੁਫਲ ਜਨਮ । ਮਹਾਰਾਜ ਸ਼ੇਰ ਸਿੰਘ ਮਿਟਾਵੇ ਸਰਬ ਆਤਮ ਭਰਮ । ਜੋਤ ਸਰੂਪ ਜਗਤ ਗੁਰ ਦਾਤਾ । ਜੀਵ ਜੰਤ ਵਿਚ ਸਮਾਏ, ਅਡੋਲ ਪੁਰਖ ਬਿਧਾਤਾ । ਕਲਜੁਗ ਵਿਰਲੇ ਗੁਰਮੁਖ ਪਛਾਤਾ । ਮਹਾਰਾਜ ਸ਼ੇਰ ਸਿੰਘ ਸਦ ਕੁਰਬਾਨ, ਜਿਸ ਭਗਤ ਮਿਲਾਤਾ । ਮੁਕੰਦ ਮਨੋਹਰ ਲਖਮੀ ਨਰਾਇਣ ਪ੍ਰਭ ਨਜ਼ਰੀ ਆਏ । ਭਗਤ ਵਛਲ ਅਨਾਥ ਨਾਥੇ, ਮਾਤ ਪਾਤਾਲ ਆਕਾਸ਼ ਸਮਾਏ । ਤੀਨ ਲੋਕ ਸਰਬ ਥਾਏਂ ਰਹਾਏ । ਜਨ ਭਗਤਾਂ ਦੇ ਦਰਸ, ਆਤਮ ਜੋਤ ਜਗਾਏ । ਆਤਮ ਜੋਤ ਦੀਪਕ ਦੇਹ ਨਿਆਰਾ, ਬਿਨ ਗੁਰ ਕੋਏ ਬੂਝ ਨਾ ਪਾਏ । ਪ੍ਰਭ ਕੀ ਜੋਤ ਨਿਰਮਲ ਨਿਰਾਲੀ, ਜੋ ਵੇਖੇ ਤਿਸ ਨਜ਼ਰੀ ਆਏ । ਗੁਰਸਿਖਾਂ ਮਨ ਜੋਤ ਪਰਕਾਸ਼ੇ, ਬੇਮੁਖ ਦਰ ਤੇ ਧੱਕੇ ਖਾਏ । ਗੁਰਚਰਨ ਲਾਗ ਕਲਜੁਗ ਰਾਸੇ, ਸੋਹੰ ਸ਼ਬਦ ਹੋਏ ਸਹਾਏ । ਨਿਹਕਲੰਕ ਲੈ ਅਵਤਾਰ, ਆਪਣਾ ਭੇਵ ਨਾ ਕਿਸੇ ਜਣਾਏ । ਜੋਤ ਸਰੂਪ ਜਗਤ ਆਕਾਰ, ਰਾਓ ਰੰਕ ਪ੍ਰਭ ਇਕ ਕਰਾਏ । ਪਾਰਬ੍ਰਹਮ ਰੂਪ ਅਗੰਮ, ਸਰਬ ਜੀਵ ਜਗ ਆਪ ਉਪਾਏ । ਖਾਣੀ ਬਾਣੀ ਗਗਨ ਪਾਤਾਲੀ, ਜੀਵ ਜੰਤ ਦੇ ਵਿਚ ਸਮਾਏ । ਕਲਜੁਗ ਕਾਲ ਕੀਉ ਕਲਹਾਰੀ, ਵਾਹਵਾ ਸਤਿਗੁਰ ਸਤਿਜੁਗ ਲਾਏ । ਅਨਹਦ ਸ਼ਬਦ ਹੋਏ ਧੁਨਕਾਰ, ਸੋਹੰ ਸ਼ਬਦ ਜੋ ਰਸਨਾ ਗਾਏ । ਤ੍ਰੇਤਾ ਰਾਮ ਅਵਤਾਰ ਦੁਆਪਰ ਕ੍ਰਿਸ਼ਨ ਮੁਰਾਰ, ਕਲਜੁਗ ਲੈ ਅਵਤਾਰ ਨਿਹਕਲੰਕ ਅਖਵਾਏ । ਨਿਹਕਲੰਕ ਪ੍ਰਭ ਲੈ ਅਵਤਾਰੇ । ਸੋਏ ਕਹੇ ਧੰਨ ਧੰਨ, ਜੋ ਜਨ ਆਏ ਚਰਨ ਨਿਮਸਕਾਰੇ ।

ਹਰਿਜਨ ਪ੍ਰਭ ਪੂਰਾ ਵਸੇ, ਜਨ ਉਪਜੇ ਜੋਤ ਨਿਗਮ ਨਿਰਾਧਾਰੇ । ਕਲਜੁਗ ਲੈ ਅਵਤਾਰ, ਭਗਤ ਜਨਾਂ ਪ੍ਰਭ ਪਾਰ ਉਤਾਰੇ । ਪ੍ਰਭ ਕਾ ਰੂਪ ਅਗੰਮ, ਨਾ ਕਿਸੇ ਚਿਤਾਰੇ । ਪ੍ਰਭ ਕਾ ਰੂਪ ਅਗੰਮ, ਲੱਖ ਚੁਰਾਸੀ ਵਿਚ ਆਕਾਰੇ । ਪ੍ਰਭ ਕਾ ਰੂਪ ਅਗੰਮ, ਵਿਚ ਪਾਤਾਲ ਨੈਣ ਮੁਧਾਰੇ । ਪ੍ਰਭ ਕਾ ਰੂਪ ਅਗੰਮ, ਮਹਾਰਾਜ ਸ਼ੇਰ ਸਿੰਘ ਜੋਤ ਆਕਾਰੇ । ਸੋਈ ਸੁਹਾਏ ਥਾਨ ਪ੍ਰਭ ਲੈ ਅਵਤਾਰੇ । ਸਤਿ ਪੁਰਖ ਸਤਿ ਮਿਹਰਵਾਨ ਜਗ ਭਏ ਅਪਾਰੇ । ਜਲ ਥਲ ਤਾਰੇ ਆਪ ਪ੍ਰਭ ਭਗਤ ਅਧਾਰੇ । ਨਰ ਸਿੰਘ ਨਰ ਨਰਾਇਣ, ਬਾਵਨ ਰੂਪ ਮੰਗੇ ਬਲ ਦਵਾਰੇ । ਸਦ ਪਰਕਾਸ਼ ਤੀਨ ਲੋਕ ਜਗਤ ਆਕਾਰੇ । ਸੋਹੰ ਸ਼ਬਦ ਸਰਬ ਗੁਣਤਾਸ, ਜਗਤ ਮਚਾਏ ਧੁੰਧੂਕਾਰੇ । ਨਿਹਕਲੰਕ ਆਪ ਰਘੁਨਾਥ, ਜਿਸ ਨੇ ਪਸਰੇ ਜਗਤ ਪਸਾਰੇ । ਮਹਾਰਾਜ ਸ਼ੇਰ ਸਿੰਘ ਭਗਤਨ ਦਾਸ, ਪਰਗਟੀ ਜੋਤ ਕਲ ਲੈ ਅਵਤਾਰੇ । ਜੋ ਆਏ ਗੁਰ ਧਾਮ, ਮਾਨਸ ਜਨਮ ਸਵਾਰਿਆ । ਜੋ ਆਏ ਗੁਰ ਧਾਮ, ਕਰ ਦਰਸ ਦੁੱਖ ਦੇਹ ਨਿਵਾਰਿਆ । ਜੋ ਆਏ ਗੁਰ ਧਾਮ, ਮਿਲ ਪਾਰਬ੍ਰਹਮ ਅਗੰਮ ਅਪਾਰਿਆ । ਜੋ ਆਏ ਗੁਰ ਧਾਮ, ਹਉਮੇ ਤੋੜ ਮਾਣ ਗੁਰ ਚਰਨ ਸੀਸ ਝੁਕਾ ਲਿਆ । ਜੋ ਆਏ ਗੁਰ ਧਾਮ, ਨਿਜਾਨੰਦ ਨਿਜ ਮਾਹੇ ਪਾ ਲਿਆ । ਜੋ ਆਏ ਗੁਰ ਧਾਮ, ਸੋਹੰ ਸ਼ਬਦ ਗੁਰ ਗਿਆਨ ਦਿਵਾ ਲਿਆ । ਜੋ ਆਏ ਗੁਰ ਧਾਮ, ਝਿਰਨਾ ਝਿਰੇ ਅਪਾਰ, ਕਵਲ ਨਾਭ ਅੰਮ੍ਰਿਤ ਬੂੰਦ ਮੁਖ ਚਵਾ ਲਿਆ । ਅਨਹਦ ਸ਼ਬਦ ਹੋਏ ਧੁਨਕਾਰ, ਜੋਤ ਸਰੂਪ ਦਰਸ਼ਨ ਪਾ ਲਿਆ । ਗੁਰਸਿਖ ਉਧਰੇ ਪਾਰ, ਦੋਏ ਜੋੜ ਜਿਸ ਸੀਸ ਨਿਵਾ ਲਿਆ । ਗੁਰਸਿਖ ਜਗਤ ਵਿਚ ਜਿਉਂ ਚੰਦਨ ਪਰਭਾਸ, ਪਸੂ ਪਰੇਤੋਂ ਦੇਵ ਬਣਾ ਲਿਆ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤਜ, ਵਿਚ ਬੈਕੁੰਠ ਆਸਣ ਲਾ ਲਿਆ । ਭਗਤ ਜਨਾਂ ਹਰਿ ਦੇਵੇ ਮਾਣ, ਜਿਉਂ ਧ੍ਰੂ ਦਰ ਬਹਾ ਲਿਆ । ਵਿਚ ਜੋਤ ਪਰਕਾਸ਼ ਖੰਡ ਸਚ ਡਗਮਗਾ ਲਿਆ । ਮਹਾਰਾਜ ਸ਼ੇਰ ਸਿੰਘ ਜਗਤ ਧਰਵਾਸ, ਭਗਤ ਜਨਾਂ ਬੰਦ ਕਟਵਾ ਲਿਆ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਸਤਿਗੁਰ ਸਾਚੀ ਸੱਚੀ ਕਲ ਜੋਤ ਪਰਗਟਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਸਾਰੰਗ ਧਰ ਭਗਵਾਨ ਬੀਠਲਾ ਦੇਵੇ ਦਰਸ ਆਪ ਰਘੁਰਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਗੁਰਚਰਨ ਲਾਗ ਗੁਰਸਿਖ ਬਣ ਆਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਪਤਤ ਪਾਵਨ ਦੁੱਖ ਭੈ ਭੰਜਨ ਪਰਗਟ ਹੋਏ ਅੰਮ੍ਰਿਤ ਵਰਖਾ ਲਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਗੁਰ ਚਰਨ ਲਾਗ ਮਿਲੀ ਵਡਿਆਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਸਾਧ ਸੰਗਤ ਪ੍ਰਭ ਰਿਹਾ ਸਮਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਦੇ ਦਰਸ ਪੁਰਖ ਬਿਧਾਤੇ ਗੁਰਸਿਖ ਤ੍ਰਿਖਾ ਬੁਝਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਚਰਨ ਕਵਲ ਕਵਲ ਗੁਰ ਬੂਝੋ, ਕਲਜੁਗ ਪਾਈ ਕੁੰਟ ਚਾਰ ਦੁਹਾਈ । ਭਗਤ ਜਨਾਂ ਪ੍ਰਭ ਨਾਮ ਦਿਵਾਇਆ, ਅੰਤਕਾਲ ਪ੍ਰਭ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਜਿਨ ਨਾਮ ਧਿਆਇਆ, ਜੈ ਜੈਕਾਰ ਤੀਨ ਲੋਕ ਕਰਾਈ । ਸੋਹੰ ਸ਼ਬਦ ਗੁਰ ਬਾਣ ਚਲਾਇਆ, ਗੁਰ ਪੂਰਾ ਕਰਮ ਕਰਾਇੰਦਾ । ਆਪ ਅਡੋਲ ਜਗਤ ਪੂਰੇ ਤੋਲ ਤੁਲਾਇੰਦਾ । ਆਪ ਅਤੁਟ ਅਤੋਲ ਗੁਰਮੁਖਾਂ ਪਾਰ ਕਰਾਇੰਦਾ । ਗੁਰਸਿਖ ਬਚਨ ਅਮੋਲ, ਮਾਣ ਜੀਵ ਗਵਾਇੰਦਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੋਲੇ ਪੂਰੇ ਤੋਲ, ਕੰਡੇ ਨਾਮ ਚੜ੍ਹਾਇੰਦਾ । ਗੁਰਚਰਨ ਕਲ ਵੱਡੀ ਸਿਕਦਾਰੀ । ਹਉਮੇ ਵਿਚੋਂ ਜੀਵ ਨਾ ਮਾਰੀ । ਗੁਰ ਕਾ ਸ਼ਬਦ ਨਾ ਖੇਲ ਮਦਾਰੀ । ਕਲਜੁਗ ਪਰਗਟੇ ਨਿਹਕਲੰਕ ਨਰ ਨਰਾਇਣ ਨਰ ਅਵਤਾਰੀ । ਚਰਨਕਵਲ ਕਰੇ ਅਰਦਾਸ । ਦੁਖ ਨਿਵਾਰ ਸਦਾ ਪ੍ਰਭ ਪਾਸ । ਜੀਵ ਉਧਾਰੇ ਆਪ ਪ੍ਰਿਤਪਾਰੇ, ਸੋਹੰ ਜਪੇ ਜੋ ਸਵਾਸ ਸਵਾਸ । ਹਾਕਨੀ ਡਾਕਨੀ ਅੰਚਨੀ ਕੰਚਨੀ

ਕਲਾ ਸੋਦਰੀ ਖੇਲ ਕੀਏ ਨਿਆਰੇ । ਸ਼ਦੌਣ ਮਾਈ ਪੌਣ ਪਵਣ ਪੌਣ ਦੇਹ ਕੀ ਕਾਰੇ । ਦੁਰਾਚਾਰ ਜਗਤ ਵਿਭਚਾਰਨ, ਬਾਲ ਮਾਤਾ ਗੋਦ ਲਏ ਅਵਤਾਰੇ । ਅਗਣ ਬਾਣ ਗੁਰ ਮਾਰੇ, ਆਤਮ ਸ਼ਾਂਤ ਸ਼ਬਦ ਜਿਉਂ ਜਲ ਧਾਰੇ । ਗਰਭ ਰੋਗ ਪ੍ਰਭ ਸ਼ਬਦ ਸਰੂਪ ਪਾਰ ਉਤਾਰੇ ।

❊ ੩੦ ਪੋਹ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਪਤਿ ਰਾਖੀ ਪਾਰਬ੍ਰਹਮ, ਕਲਜੁਗ ਅੰਧਿਆਰਿਆ । ਗੁਰ ਪੂਰਾ ਮਿਹਰਵਾਨ, ਦਰ ਘਰ ਕਾਜ ਸਵਾਰਿਆ । ਗੁਰਸੰਗਤ ਜਾਉ ਬਲਹਾਰ, ਜਿਨ ਰਸਨਾ ਸੋਹੰ ਸ਼ਬਦ ਉਚਾਰਿਆ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ, ਕਰ ਕਿਰਪਾ ਜਿਨ ਪਾਰ ਉਤਾਰਿਆ । ਗੁਰਚਰਨ ਪ੍ਰੀਤ ਪ੍ਰੀਤਮ ਮਿਲੇ ਵਧਾਈ, ਗੁਰਮੁਖ ਹੋਏ ਗੁਰਸਿਖਾਂ ਵਿਚ ਪ੍ਰਭ ਥੰਮ੍ਹ ਖਲਾਰਿਆ । ਬਲ ਬਲ ਜਾਵਾਂ ਜਿਨ ਮਹਾਰਾਜ ਸ਼ੇਰ ਸਿੰਘ ਚਰਨ ਲਗਾਰਿਆ । ਗੁਣ ਨਿਧਾਨ ਗੁਣ ਦਾਤਾ ਆਇਆ । ਬੰਦੀ ਛੋੜ ਭਗਤ ਵਡਿਆਇਆ । ਦੇ ਪ੍ਰਭ ਗਿਆਨ, ਜਗਤ ਮਾਨ ਸਿਰ ਛਤਰ ਝੁਲਾਇਆ । ਮਿਲੇ ਭਗਵਾਨ, ਜਮ ਕੀ ਟੁੱਟੀ ਕਾਨ, ਗੁਰਸੰਗਤ ਮਾਣ ਦਵਾਇਆ । ਨਿਹਕਲੰਕ ਆਪ ਰੰਗ ਰਾਤਾ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾਇਆ । ਕਲ ਧਾਰ ਕਲਜੁਗ ਘਰ ਸਿੱਖ ਪਰਕਾਸ਼ਿਆ । ਕਵਲ ਚਰਨ ਕਰ ਨਿਮਸਕਾਰ, ਹੋਵੇ ਕਲ ਅੰਤ ਬੰਦ ਖੁਲਾਸਿਆ । ਭਗਤ ਵਛਲ ਆਪ ਨਰ ਅਵਤਾਰ, ਜੋਤ ਅਟੱਲ ਸਦਾ ਅਬਿਨਾਸ਼ਿਆ । ਦੇਹ ਧਾਰ ਵਿਚ ਸਾਧ ਸੰਗਤ, ਦੇਵੇ ਦਰਸ ਪ੍ਰਭ ਦਾਸਨ ਦਾਸਿਆ । ਸੋਹੰ ਦੇਵੇ ਨਾਉਂ ਹਰਿ ਭਗਤ ਭੰਡਾਰ, ਪਾਵੇ ਸੋ ਜਨ ਜਿਨ ਸਿਰ ਹੱਥ ਟਿਕਾਸਿਆ । ਤੀਨ ਲੋਕ ਥਿਰ ਰਹਾਵੇ, ਨਿਹਕਲੰਕ ਘਟ ਘਟ ਵਾਸਿਆ । ਮਹਾਰਾਜ ਸ਼ੇਰ ਸਿੰਘ ਦੁੱਖ ਨਿਵਾਰ, ਗੁਰਸਿਖਾਂ ਕੀਨੀ ਬੰਦ ਖੁਲਾਸਿਆ । ਕਲ ਆਇਆ ਪ੍ਰਭ ਜਾਮਾ ਧਾਰ । ਨਿਹਕਲੰਕ ਨਰ ਅਵਤਾਰ । ਬੇਮੁਖਾਂ ਮਾਰੇ ਸੋਹੰ ਸ਼ਬਦ ਕਟਾਰ । ਗੁਰਸਿਖਾਂ ਦੇ ਨਾਮ ਸੋਹੰ ਆਧਾਰ । ਦੇ ਦਰਸ ਨਿਜ ਘਰ ਮਾਹਿ, ਬਾਂਹੋ ਪਕੜ ਦੇ ਤਾਰ । ਲੱਖ ਚੁਰਾਸੀ ਗੇੜ ਨਾ ਆਵੇ, ਦੋਏ ਜੋੜ ਕਰੇ ਨਿਮਸਕਾਰ । ਰੈਣ ਸਬਾਈ ਗੁਰਸਿਖਾਂ ਮਨ ਵਧਾਈ, ਮਹਾਰਾਜ ਸ਼ੇਰ ਸਿੰਘ ਪਰਗਟਿਓ ਏਕੰਕਾਰ । ਏਕੰਕਾਰ ਕਰਤਾ ਕਹੀਏ । ਧਨੀ ਜੈ ਜਲ ਥਲ ਰਹੀਏ । ਸਰਬ ਗਵਾਏ ਮਾਣ, ਸੋਹੰ ਸ਼ਬਦ ਰਸਨ ਗਵਈਏ । ਸ੍ਰਿਸ਼ਟ ਪੀੜੇ ਜਿਉਂ ਕੋਹਲੂ ਘਾਣ, ਗੋਤਮ ਰਥ ਬਜਰ ਹੋਏ ਪਈਏ । ਸਾਧ ਸੰਗਤ ਮਿਲ ਹਰਿ ਗੁਣ ਗਾਓ, ਹਰਿ ਹਰਿ ਹਰਿ ਨਾਉਂ ਰਸਨਾ ਲਈਏ । ਨਿਹਕਲੰਕ ਨਰ ਨਜ਼ਰੀ ਆਵੇ, ਹੋਏ ਅਧੀਨ ਪ੍ਰਭ ਚਰਨੀਂ ਪਈਏ । ਅੰਤਕਾਲ ਹੋਏ ਚਰਨ ਨਿਵਾਸ, ਜਮ ਕਾ ਡੰਡ ਨਾ ਅੰਤ ਕਾਲ ਸਹੀਏ । ਜੋਤ ਸਰੂਪ ਜੋਤ ਮਿਲ ਜਾਈਏ । ਕਰ ਦਰਸ ਆਤਮ ਜੋਤ ਜਗਈਏ । ਕਰ ਦਰਸ ਮਨ ਤ੍ਰਿਪਤਾਸਿਆ, ਗਿਆਨ ਅੰਧੇਰ ਗੋਝ ਮਿਟਈਏ । ਮਹਾਰਾਜ ਸ਼ੇਰ ਸਿੰਘ, ਜਗਤ ਪਰਕਾਸ਼ਿਆ, ਚਰਨ ਲਾਗ ਦੁੱਖ ਦਰਦ ਨਾ ਸਹੀਏ । ਚਰਨ ਲਾਗ ਮਿਲੇ ਵਡਿਆਈ । ਏਥੇ ਓਥੇ ਪ੍ਰਭ ਹੋਏ ਸਹਾਈ । ਵਿਚ ਬੈਕੁੰਠ ਗੁਰਸਿਖ ਪ੍ਰਭ ਜੋਤ ਟਕਾਈ । ਨਿਰਮਲ ਦੀਵਾ ਨਿਰਮਲ ਬਾਤੀ, ਸੋਹੰ ਸ਼ਬਦ ਬੱਤੀ ਗਿਆਨ ਲਗਾਈ । ਨਾਮ ਨਿਧਾਨ ਗੁਰ ਦਰ ਤੇ ਪਾਈਏ, ਜਿਨ ਹਉਮੈ ਵਿਚੋਂ ਮੈਲ ਗਵਾਈ । ਨਿਹਕਲੰਕ ਰੰਗ ਸਦਾ ਸਰੂਰਾ, ਜੋਤ ਸਰੂਪ ਦੇਹ ਪਲਟਾਈ । ਰਸਨਾ ਬਚਨ ਨਾ ਹੋਏ ਅਧੂਰਾ, ਸਤਿਗੁਰ ਸਾਚੇ ਸਚ ਲਿਖਤ ਕਰਾਈ । ਲੋੜੀਦੜਾ ਘਰ ਸਾਜਨ ਆਇਆ, ਖੰਡ ਬ੍ਰਹਿਮੰਡ

ਜੈ ਜੈਕਾਰ ਕਰਾਈ । ਇੰਦ ਇੰਦਰਾਸਣ ਆਏ ਗੁਰਸਿਖ ਦਰਬਾਰੇ, ਦੇਵਤਿਆਂ ਦਰ ਫੁਲ ਵਰਖਾ ਲਾਈ । ਧੰਨ ਧੰਨ ਧੰਨ ਗੁਰਸੰਗਤ, ਜਿਥੇ ਮਹਾਰਾਜ ਸ਼ੇਰ ਸਿੰਘ, ਜੋਤ ਪਰਗਟਾਈ । ਪਰਗਟੇ ਜੋਤ ਜਗਤ ਬਿਲਲਾਵੇ । ਪਰਗਟੇ ਜੋਤ ਹਾਹਾਕਾਰ ਮਚ ਜਾਵੇ । ਪਰਗਟੇ ਜੋਤ ਮਦਿ ਮਾਸੀ ਨਜ਼ਰ ਨਾ ਆਵੇ । ਪਰਗਟੇ ਜੋਤ ਸਭ ਧਾਮ ਮਾਣ ਗਵਾਵੇ । ਪਰਗਟੇ ਜੋਤ ਸੋਹੰ ਸ਼ਬਦ ਇਕ ਜਗਤ ਜਲਾਵੇ । ਪਰਗਟੇ ਜੋਤ ਜੋਤ ਸਰੂਪ ਪ੍ਰਭ ਦਰਸ ਦਿਖਾਵੇ । ਪਰਗਟੇ ਜੋਤ ਗੁਰਸਿਖਾਂ ਮਨ ਅਨਹਦ ਸ਼ਬਦ ਵਜਾਵੇ । ਪਰਗਟੇ ਜੋਤ ਬੰਦੀ ਛੋੜ ਪ੍ਰਭ ਅਖਵਾਵੇ । ਪਰਗਟੇ ਜੋਤ ਗੁਰਸਿਖਾਂ ਗੁਰ ਸੇਵ ਸਚ ਲੇਖੇ ਲਾਵੇ । ਪਰਗਟੇ ਜੋਤ ਬਚਨ ਅਤੋਲ ਸਭ ਜਗਤ ਤੁਲਾਵੇ । ਪਰਗਟੇ ਜੋਤ ਆਪ ਅਡੋਲ, ਸਭ ਸ੍ਰਿਸ਼ਟ ਡੁਲਾਵੇ । ਪਰਗਟੇ ਜੋਤ ਆਪ ਪ੍ਰਭ ਘੋਖ, ਬੇਮੁਖਾਂ ਨਜ਼ਰ ਨਾ ਆਵੇ । ਪਰਗਟੇ ਜੋਤ ਗੁਰਸਿਖਾਂ ਪ੍ਰਭ ਹਰਿ ਦਰ ਦਰ ਹਰਿ ਘਰ ਦਰਸ ਦਿਖਾਵੇ । ਨਿਹਕਲੰਕ ਨਾਮ ਨਰਾਇਣ, ਜੋਤ ਸਰੂਪ ਹੋ ਵਿਚ ਸਿੱਖ ਸਮਾਵੇ । ਭਾਂਡਾ ਭਾਉ ਭਰਮ ਪ੍ਰਭ ਤੋੜੇ, ਸੋਹੰ ਸ਼ਬਦ ਡੰਕ ਪ੍ਰਭ ਲਾਵੇ । ਗੁਰਸਿਖਾਂ ਮਨ ਧੁਨਕਾਰ, ਜਗਤ ਹੋਵੇ ਖੁਆਰ, ਕਲਜੁਗ ਐਸਾ ਡੌਰੂ ਵਾਹਵੇ । ਮਹਾਰਾਜ ਸ਼ੇਰ ਸਿੰਘ, ਪਰਗਟੇ ਜਗ ਸ਼ਾਖ਼, ਵਾਹਵਾ ਸੋਹੰ ਸ਼ਬਦ ਸਾਚਾ ਚਲਾਵੇ । ਸੋਹੰ ਸਾਚਾ ਸ਼ਬਦ ਨਿਰਬਾਣ । ਕਲਜੁਗ ਦੀਆ ਪ੍ਰਭ ਗੁਰਸਿਖਾਂ ਬਬਾਣ । ਰਸਣਾ ਗਾਓ ਹਰਿ ਰਸ ਪਾਓ, ਕੋਇ ਨਾ ਹੋਏ ਕਿਸੇ ਦੀਬਾਨ । ਸਦਾ ਸਹਾਈ ਆਪ ਅਪਰੰਪਰ, ਪਰਗਟ ਹੋਏ ਜਾਣੀ ਜਾਣ । ਨਿਹਕਲੰਕ ਜਿਨ ਨਜ਼ਰੀ ਆਇਆ, ਤਿਨ ਸਿੱਖਾ ਜਾਓ ਸਦ ਕੁਰਬਾਨ । ਗੁਰਸਿਖ ਸਾਚਾ ਰੂਪ, ਜਿਥੇ ਹਰਿ ਪ੍ਰਭ ਵਸਿਆ । ਗੁਰਸਿਖ ਸੱਚਾ ਪ੍ਰਭ ਸਰੂਪ, ਜੋਤ ਸਰੂਪ ਜਿਸ ਆਪਣਾ ਆਪ ਦੱਸਿਆ । ਸ੍ਰਿਸ਼ਟ ਭੁਲਾਈ ਸੋਹੰ ਸ਼ਬਦ ਚਾਰ ਕੂਟ, ਮਹਾਰਾਜ ਸ਼ੇਰ ਸਿੰਘ ਫਿਰੇ ਨਾਮ ਦੁਹਾਈ, ਬੇਮੁਖ ਰੋਵੇ ਮੇਰਾ ਸਿੱਖ ਹੱਸਿਆ । ਭੇਦ ਅਣਮੋਲ ਗੁਰਸਿਖ ਜਣਾਵੇ, ਜਾਣੇ ਸੋ ਜਿਸ ਹਿਰਦੇ ਪ੍ਰਭ ਵਸਿਆ । ਖੰਡ ਬ੍ਰਹਿਮੰਡ ਤੀਨ ਲੋਕ ਤ੍ਰੈਭਵਨ ਕਰਨ ਨਿਮਸਕਾਰ, ਗੁਰਚਰਨ ਸਭ ਰਵ ਸਸਿਆ । ਮੇਰਾ ਰੂਪ ਅਪਾਰ, ਨਿਰੰਕਾਰ ਨਿਰਾਧਾਰ, ਜੀਵ ਜੋਤ ਆਧਾਰ, ਬੇਮੁਖਾਂ ਮਾਰੇ ਸ਼ਬਦ ਗੁਰ ਮਾਰ, ਗੁਰਸਿਖਾਂ ਰਾਹ ਸਾਚਾ ਦੱਸਿਆ । ਕਰ ਖੇਲ ਕਰਤਾਰ, ਕੋਈ ਨਾ ਪਾਵੇ ਸਾਰ, ਐਸਾ ਵਰਤੇ ਅੰਧ ਅੰਧਿਆਰ, ਨਿਹਕਲੰਕ ਜੋਤ ਸਰੂਪ ਜਗਤ ਗ੍ਰਸਿਆ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਘਟ ਘਟ ਵਾਸੀ ਵਿਚ ਸਾਧ ਸੰਗਤ ਵਸਿਆ । ਸਾਧ ਸੰਗਤ ਮਨ ਚਾਉ, ਪ੍ਰਭ ਦਰਸ਼ਨ ਕਰਨਾ । ਹਰਿ ਹਰਿ ਗੁਣ ਗਾਇਆ, ਜੋਤ ਸਰੂਪ ਨਿਜ ਘਰ ਪਰਗਟਾਇਆ, ਦੇਵੇ ਦਰਸ ਪ੍ਰਭ ਧਰਨੀ ਧਰਨਾ । ਹੋਏ ਸਹਾਈ ਦੇ ਵਡਿਆਈ, ਅੰਤਕਾਲ ਦੁੱਖ ਸਿੱਖ ਨਾ ਭਰਨਾ । ਮਹਾਰਾਜ ਸ਼ੇਰ ਸਿੰਘ ਪੈਜ ਰਖਾਈ, ਚਰਨ ਲਾਗ ਗੁਰਸੰਗਤ ਤਰਨਾ । ਤਨ ਮਨ ਠਰਿਆ ਲਗ ਗੁਰ ਚਰਨਾਰ । ਗੁਰ ਸਾਚਾ ਸ਼ਾਹੋ ਸਚ ਭਤਾਰ । ਗੁਰਸਿਖਾਂ ਪ੍ਰਭ ਦਰਸ ਹੈ ਹਰਿ ਦਵਾਰ । ਝੂਠੀ ਸ੍ਰਿਸ਼ਟ ਹੋਈ ਕਲ ਖ਼ੁਆਰ । ਪਾਈ ਦੂਜੇ ਵਿਚ ਮੰਵਧਾਰ । ਨਿੰਦਕ ਨਿੰਦੇ ਉਰਾਰ ਨਾ ਪਾਰ । ਧੰਨ ਧੰਨ ਧੰਨ ਗੁਰਸਿਖ, ਸੋਹੰ ਸ਼ਬਦ ਕਰ ਰਸਨ ਵਿਚਾਰ । ਮਹਾਰਾਜ ਸ਼ੇਰ ਸਿੰਘ ਕਲ ਪਰਗਟਿਆ ਨਿਹਕਲੰਕ ਅਵਤਾਰ । ਨਿਹਕਲੰਕ ਨਰਕ ਨਿਵਾਰੇ । ਗੁਰਸਿਖਾਂ ਧਾਮ ਖੰਡ ਸਚ ਦਵਾਰੇ । ਜਮ ਕਾ ਡੰਡ ਗੁਰਸਿਖ ਨਾ ਮਾਰੇ । ਮਹਾਰਾਜ ਸ਼ੇਰ ਸਿੰਘ ਘਰ ਆਪ ਪੈਜ ਸਵਾਰੇ । ਪਰਗਟੇ ਪਰਕਾਸ਼ੇ ਪਰਗਟੇ ਗੁਰਸਿਖਾਂ ਕਰੇ ਬੰਦ ਖੁਲਾਸੇ । ਗੁਰਸਿਖ ਉਜਲ ਜਿਉਂ ਚੰਦਨ ਪਰਭਾਸੇ । ਬੇਮੁਖ ਨਾਦਾਨ ਲਗੇ ਸੋਹੰ ਬਾਣ, ਧਰਮ ਰਾਏ ਸਜ਼ਾਏ ਫਾਸੇ । ਗੁਰਸਿਖ ਗੁਣੀ ਨਿਧਾਨ, ਜਿਨ੍ਹਾਂ ਮਿਲਿਆ ਵਿਸ਼ਨੂੰ ਭਗਵਾਨ, ਮਹਾਰਾਜ ਸ਼ੇਰ ਸਿੰਘ ਸਦਾ ਹੈ ਪਾਸੇ ।

ਮਹਾਰਾਜ ਸ਼ੇਰ ਸਿੰਘ ਗੁਣ ਗਹਿਰ ਗੰਭੀਰ । ਰਸਨਾ ਬਚਨ ਤੋੜੇ ਗੁਰਸਿਖ ਜੰਜ਼ੀਰ । ਸੋਹੰ ਸ਼ਬਦ ਹੋਏ ਮਨ ਕੀ ਧੀਰ । ਮਹਾਰਾਜ ਸ਼ੇਰ ਸਿੰਘ ਕੁੰਟ ਚਾਰ ਘੱਤ ਦੇਵੇ ਵਹੀਰ । ਸ਼ਬਦ ਸ਼ਬਦ ਸ਼ਬਦ ਜਗ ਵਹਿਣਾ । ਬਿਨ ਗੁਰਸਿਖ ਕਿਸੇ ਜਗ ਨਾ ਰਹਿਣਾ । ਸੋਹੰ ਨਾਉਂ ਦੇਵੇ ਝੂਠੀ ਦੇਹ ਪ੍ਰਭ ਗਹਿਣਾ । ਉਤਮ ਇਹ ਥਾਉਂ, ਜਿਥੇ ਸਾਧ ਸੰਗਤ ਰਲ ਬਹਿਣਾ । ਸਚ ਬਚਨ ਸਚ ਸਵਾਉ, ਮੁਖ ਵਾਕ ਗੁਰ ਸਾਚਾ ਕਹਿਣਾ । ਰੈਣ ਵਹਾਈ ਭੁੱਲੀ ਸ੍ਰਿਸ਼ਟ ਵਿਚ ਨੀਂਦ ਗਵਾਈ, ਗੁਰਸਿਖ ਦਰਸੇ ਦਰਸ ਪ੍ਰਭ ਨੈਣਾ । ਅੰਮ੍ਰਿਤ ਬਰਸੇ ਬੇਮੁਖ ਤਰਸੇ, ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਦੇਵੇ ਕਲਜੁਗ ਲਹਿਣਾ । ਗੁਰ ਪੂਰਾ ਲੇਖ ਲਿਖਾਇੰਦਾ । ਭਗਤਾਂ ਦੇਵੇ ਤਾਰ, ਸਚ ਮਾਰਗ ਲਾਇੰਦਾ । ਬੇਮੁਖ ਹੋਏ ਖੁਆਰ, ਵਕਤ ਵਿਹਾਏ ਪਛੁਤਾਇੰਦਾ । ਕਰੇ ਨਜ਼ਰੀ ਨਿਹਾਲ, ਪਰਗਟ ਜੋਤ ਅਪਾਰ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇੰਦਾ । ਕਰ ਦਰਸ ਪ੍ਰਭ ਦੀਨ ਦਿਆਲਾ । ਭਗਤ ਵਛਲ ਗੁਰਸਿਖ ਕਿਰਪਾਲਾ । ਦੇਵੇ ਨਾਉਂ ਸੋਹੰ ਹੋਵੇ ਸਿੱਖ ਲਾਲ ਗੁਲਾਲਾ । ਜਗੇ ਜੋਤ ਵਿਚ ਲਿਲਾਟ, ਮੇਰਾ ਧਾਮ ਸੱਚੀ ਧਰਮਸਾਲਾ । ਮਹਾਰਾਜ ਸ਼ੇਰ ਸਿੰਘ ਆਪ ਪਰਕਾਸ਼, ਜਿਸ ਦਾ ਰੂਪ ਬੇਮਿਸਾਲਾ । ਪ੍ਰਭ ਸਰੂਪ ਜਿਸ ਨਜ਼ਰੀ ਆਇਆ । ਏਕ ਜੋਤ ਹੋਵੇ ਜੋਤ ਵਿਚ ਜੋਤ ਸਮਾਇਆ । ਆਵਣ ਜਾਣਾ ਜਾਣਾ ਆਵਣ ਪੰਧ ਮੁਕਾਇਆ ।

❊ ਪਹਿਲੀ ਮਾਘ ੨੦੦੭ ਬਿਕ੍ਰਮੀ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ਬਚਨ ਹੋਏ ❊

੨੨੧
੦੧

ਰੱਖ ਰੱਖ ਰੱਖ ਪਤਿ ਰੱਖ ਤੇਰੀ ਸਰਨਾਈ । ਦੇ ਦਰਸ ਸਮਰਥ ਪ੍ਰਭ ਦਇਆ ਕਮਾਈ । ਗੁਰਸਿਖਾਂ ਦਰਸ਼ਨ ਉਤਮ ਵੱਥ, ਕਰ ਦਰਸ ਤ੍ਰਿਖਾ ਬੁਝਾਈ । ਸ੍ਰਿਸ਼ਟ ਸਬਾਈ ਲੱਖੀ ਸੱਥ, ਸ਼ਬਦ ਤੇਗ ਗੁਰ ਕਲਮ ਬਣਾਈ । ਬੇਮੁਖਾਂ ਨੱਕ ਪਾਈ ਨੱਥ, ਧਰਮ ਰਾਏ ਦੇ ਸਜਾਈ । ਸਾਧ ਸੰਗਤ ਉਤੇ ਮੇਰਾ ਹੱਥ, ਚਰਨ ਆ ਮਿਲੇ ਵਡਿਆਈ । ਮਹਾਰਾਜ ਸ਼ੇਰ ਸਿੰਘ ਪਰਗਟ ਸਮਰਥ, ਝੂਠੇ ਧੰਦੇ ਜਗਤ ਲਗਾਈ । ਜੂਠਾ ਝੂਠਾ ਜਗਤ ਕਰਾਇਆ । ਜੋਤ ਸਰੂਪ ਇਹ ਭੇਤ ਰਖਾਇਆ । ਨਾ ਇਹ ਜਾਵੇ ਨਾ ਕੋਇ ਪਾਵੇ, ਗੁਰਸਿਖਾਂ ਦੇ ਵਿਚ ਸਮਾਇਆ । ਧੰਨ ਧੰਨ ਧੰਨ ਗੁਰਸਿਖਾਂ ਮਿਲ ਹਰਿ ਹਰਿ ਹਰਿ ਮੰਗਲ ਹਰਿ ਦਰ ਤੇ ਗਾਇਆ । ਕਰ ਦਰਸ ਹੋਏ ਪਰਸੰਨ, ਗੁਰ ਘਰ ਪ੍ਰਭ ਪਰਮੇਸ਼ਵਰ ਆਇਆ । ਬੇਮੁਖਾਂ ਦੇਵੇ ਡੰਨ, ਐਸਾ ਬਾਣ ਨਿਹਕਲੰਕ ਲਗਾਇਆ । ਮਹਾਰਾਜ ਸ਼ੇਰ ਸਿੰਘ ਮੁਖੋਂ ਕਹੋ ਧੰਨ ਧੰਨ ਧੰਨ, ਕਲਜੁਗ ਪਰਗਟ ਗੁਰਸਿਖ ਤਰਾਇਆ । ਗੁਰਸਿਖ ਭੇਵ ਗੁਰਸਿਖ ਦੇਵ । ਗੁਰਸਿਖ ਪਾਵੇ ਸੋਹੰ ਨਾਉਂ ਮੇਵ । ਮਹਾਰਾਜ ਸ਼ੇਰ ਸਿੰਘ ਦੇਵੇ ਦਰਸ, ਬਖ਼ਸ਼ੇ ਚਰਨ ਸੇਵ । ਬੇਮੁਖ ਹੋਏ ਜਗਤ ਭਿਖਾਰੀ । ਨਜ਼ਰ ਨਾ ਆਵੇ ਧੁਰ ਦਰਬਾਰੀ । ਛਿਨ ਭੰਗਰ ਜਿਨ ਸ੍ਰਿਸ਼ਟ ਸਵਾਰੀ । ਗੁਰਸਿਖਾਂ ਮਿਲ ਪ੍ਰਭ ਜੋਤ ਖੰਡ ਸਚ ਉਤਾਰੀ । ਸਦ ਸਦ ਸਦ ਜਾਉ ਕੁਰਬਾਨ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਮਿਲਿਆ ਬਨਵਾਰੀ । ਪਰਗਟੇ ਗਿਰਧਰ ਗਰਬ ਗਵਾਏ । ਨਿਮਾਣਿਆਂ ਪ੍ਰਭ ਮਾਣ ਦਿਵਾਏ । ਗੁਰਸਿਖਾਂ ਦੇ ਉਤਮ ਗਿਆਨ, ਸੋਹੰ ਸ਼ਬਦ ਸਚ ਜਣਾਏ । ਪ੍ਰਭ ਪੂਰਾ ਹੋ ਕਿਰਪਾਲ, ਅੰਤ ਕਾਲ ਹੋਏ ਸਹਾਏ । ਦਰਸ਼ਨ ਦੇਵੇ ਬਿਰਧ ਆ ਬਾਲ, ਜਹੇ ਦੇਖੇ ਤਹੇ ਨਜ਼ਰੀ ਆਏ । ਗੁਰਸਿਖਾਂ ਹੋਈ ਪੂਰੀ ਘਾਲ, ਦਲਿਦਰ ਰੋਗ ਪ੍ਰਭ ਗਵਾਏ । ਭਗਤ ਵਛਲ ਪ੍ਰਭ ਕਿਰਪਾਲ, ਚੱਕਰ ਸੁਦਰਸ਼ਨ ਬਾਣ ਲਗਾਏ । ਜੋਤ

ਸਰੂਪ ਸਰਬ ਗੁਣਤਾਸ, ਥਾਨ ਥਨੰਤਰ ਰਿਹਾ ਸਮਾਏ । ਜਗਤ ਖੁਆਰ ਭਰੇ ਪ੍ਰਭ ਭੰਡਾਰ, ਭੁੱਖਿਆਂ ਦੇਵੇ ਭੁੱਖ ਗਵਾਏ । ਲੈ ਅਵਤਾਰ ਮਹਾਰਾਜ ਸ਼ੇਰ ਸਿੰਘ, ਬਿਨ ਸਿੱਖਾਂ ਕਿਸੇ ਨਜ਼ਰ ਨਾ ਆਏ । ਨਦਰ ਕਰੇ ਤਾਂ ਨਜ਼ਰੀਂ ਆਵੇ । ਬੇਮੁਖ ਜੀਵ ਠੌਹਰ ਨਾ ਪਾਵੇ । ਹਾਹਾਕਾਰ ਮੱਚੇ ਜਗਤ ਬਿਲਲਾਵੇ । ਗੁਰਸਿਖ ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ ਰਸਨਾ ਗਾਵੇ । ਸਿਰ ਤੇ ਹੱਥ ਰੱਖ ਮਨੀ ਸਿੰਘ ਪੈਜ ਰਖਾਵੇ । ਦੇਵੇ ਦੁਤਰ ਤਾਰ, ਨਿਹਕਲੰਕ ਇਹ ਤੇਜ ਵਖਾਵੇ । ਪ੍ਰਭ ਕੀ ਜੋਤ ਅਪਰ ਅਪਾਰ, ਜੇ ਕੋਏ ਵੇਖੇ ਤਾਂ ਨਜ਼ਰ ਨਾ ਆਵੇ । ਗੁਰਸਿਖਾਂ ਜਾਓ ਸਦ ਬਲਹਾਰ, ਜਿਨ੍ਹਾਂ ਵਿਚ ਪ੍ਰਭ ਸਦਾ ਸਮਾਵੇ । ਕਾਇਆ ਕੱਪੜ ਹੋਏ ਛਾਰ, ਸੋਹੰ ਸ਼ਬਦ ਸੰਗ ਰਹਿ ਜਾਵੇ । ਜੋਤ ਸਰੂਪ ਆਪ ਨਿਰਾਧਾਰ, ਤੀਨ ਲੋਕ ਵਿਚ ਸਮਾਵੇ । ਗੁਰਸਿਖਾਂ ਬਖ਼ਸ਼ੇ ਪ੍ਰਭ ਬਖ਼ਸ਼ਣਹਾਰ, ਜਰਮ ਮਰਨ ਦੇ ਫੰਦ ਕਟਾਵੇ । ਪ੍ਰਭ ਕਾ ਰੂਪ ਅਗੰਮ ਅਪਾਰ । ਗੁਰਸਿਖ ਨੇੜੇ ਬੇਮੁਖ ਦੂਰ । ਗੁਣ ਨਿਧਾਨ ਪ੍ਰਭ ਭਰਪੂਰ । ਸਾਧ ਸੰਗਤ ਵਿਚ ਸਦਾ ਹਜ਼ੂਰ । ਆਸਾ ਮਨਸਾ ਪ੍ਰਭ ਮਨ ਦੀ ਪੂਰ । ਜਗੇ ਜੋਤ ਗੁਰਸਿਖ ਦੇਹ ਵਾਂਗ ਕੋਹਤੂਰ । ਜੋਤ ਸਰੂਪ ਗੁਰਸਿਖਾਂ ਦੇਵੇ ਜੋਤ ਨੂਰ । ਬੇਮੁਖ ਮਾਰੇ ਜਿਉਂ ਭਠਲ ਮਨੂਰ । ਸਾਧ ਸੰਗਤ ਸੋਹੰ ਮਧੁਰ ਹਦੂਰ । ਮਹਾਰਾਜ ਸ਼ੇਰ ਸਿੰਘ ਨਾਮ ਗੁਰਸਿਖ ਸਰੂਰ । ਦੇਵੇ ਦਾਤ ਆਪ ਦਾਤਾਰਾ । ਸੋਹੰ ਨਾਮ ਸ਼ਬਦ ਅਪਾਰਾ । ਹਰਿ ਰੰਗ ਲਾਵੇ ਗੁਰਸਿਖ ਤਰ ਜਾਵੇ, ਦੇਵੇ ਦਰਸ ਨਿਗਮ ਮੁਰਾਰਾ । ਰਾਓ ਮਿਟਾਵੇ ਰੰਕ ਤਰਾਵੇ, ਸੋਹੰ ਸ਼ਬਦ ਚਲਾਵੇ ਜਗਤ ਪ੍ਰਭਾਰਾ । ਸ੍ਰਿਸ਼ਟ ਘਾਵੇ ਬਾਣ ਲਗਾਵੇ, ਸੋਹੰ ਚਲੇ ਸ਼ਬਦ ਦੋ ਧਾਰਾ । ਗਰਭਵਾਸ ਤਜਾਵੇ, ਮਿਲ ਜੋਤ ਪ੍ਰਭ ਜਾਵੇ, ਦੇਵੇ ਦਰਸ ਆਪ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਮਦ ਧਰ ਧਰ ਮਦ ਜਾਣ, ਜੋਤ ਪਾਵੇ ਗੁਰਸਿਖ ਦਵਾਰਾ । ਨਿਹਕਲੰਕ ਪ੍ਰਭ ਬੇਅੰਤ, ਕੀਆ ਸ਼ਬਦ ਜਗਤ ਵਰਤਾਰਾ । ਸ਼ਬਦ ਚਲਾਇਆ ਡੰਕ ਲਗਾਇਆ । ਹਾਹਾਕਾਰ ਕਰੇ ਜਗਤ ਰੁਲਾਇਆ । ਜੋਤ ਸਰੂਪ ਹੋ ਆਇਆ, ਕਿਸੇ ਨਜ਼ਰ ਨਾ ਆਇਆ, ਵੇਖ ਵਿਗਸੇ ਵਿਚ ਦੇਹ ਸਮਾਇਆ । ਲੋੜੀਂਦੜਾ ਘਰ ਸਾਜਣ ਆਇਆ । ਧੰਨ ਧੰਨ ਧੰਨ ਗੁਰਸਿਖ ਗੁਰ ਦੇ ਵਧਾਈ, ਪ੍ਰਭ ਪਰਮੇਸ਼ਵਰ ਜਿਨ ਨਦਰੀ ਆਇਆ । ਸਾਧ ਸੰਗਤ ਪ੍ਰਭ ਦੇ ਵਡਿਆਈ, ਮਹਾਰਾਜ ਸ਼ੇਰ ਸਿੰਘ ਜਿਸ ਵਿਚ ਬਹਾਇਆ । ਅੰਮ੍ਰਿਤ ਪੀਆ ਨਿਰਮਲ ਜੀਆ, ਗੁਰ ਪੂਰੇ ਕਾਜ ਸਵਾਰਿਆ । ਦਰਸ਼ਨ ਕੀਆ ਮਿਲਿਆ ਪਰਬੀਆ, ਜਨਮ ਮਰਨ ਜਿਨ ਆਣ ਸਵਾਰਿਆ । ਆਤਮ ਤ੍ਰਿਪਤੀਆ ਸਦ ਵਿਚ ਦੇਹ ਵਸੀਆ, ਦੇ ਦਰਸ ਨਦਰੀ ਨਦਰ ਨਿਹਾਰਿਆ । ਦੇ ਦਰਸ ਘਨਈਆ ਘਰ ਆ ਰਮਈਆ, ਕਰ ਕਿਰਪਾ ਪਾਰ ਉਤਾਰਿਆ । ਰੰਗ ਰੰਗ ਰੰਗ ਪ੍ਰਭ ਦੇ ਦਿਖਾਏ, ਦਿਨ ਦਿਨ ਦਿਨ ਪ੍ਰਭ ਤੇਜ ਵਧਾਏ, ਬੇਮੁਖ ਸਾਰੇ ਦਏ ਖਪਾਏ, ਐਸੀ ਮਾਰੇ ਸ਼ਬਦ ਕਟਾਰਿਆ । ਸਚ ਮਿਲੇ ਸਚ ਮਿਲਾਵਣ ਹਾਰਿਆ । ਇਕ ਰੰਗ ਵਖਾਏ, ਵਿਚ ਦੇਹ ਪ੍ਰਭ ਜਗਾਏ, ਅੰਧ ਘੋਰ ਦੀਪਕ ਜੋਤ ਜਗਾਏ, ਹੋਵੇ ਦੇਹ ਚਮਤਕਾਰਿਆ । ਅਨਹਦ ਸ਼ਬਦ ਵਜਾਏ, ਸਰਬ ਦਾਤਾ ਨਜ਼ਰੀ ਆਏ, ਪਰਗਟ ਹੋ ਜਿਸ ਕਾਜ ਸਵਾਰਿਆ । ਜੋਤ ਪਵਣ ਪਵਣ ਜੋਤ ਪ੍ਰਭ ਜਗਤ ਜਲਾਏ, ਬੈਠ ਅਡੋਲ ਰਿਹਾ ਇਕ ਥਾਏ, ਬਿਨ ਸਿੱਖਾ ਕਿਸੇ ਨਜ਼ਰ ਨਾ ਆਏ, ਐਸਾ ਲਾਵੇ ਡੰਕ ਮੁਰਾਰਿਆ । ਨਰਕ ਨਿਵਾਸ ਦਵਾਏ, ਮਦਿ ਮਾਸ ਜੋ ਰਸਨਾ ਲਾਏ, ਨਰ ਨਰਾਇਣ ਨਿਰੰਜਣ ਦਾਤਾ, ਨਿਹਕਲੰਕ ਹੋ ਜਗਤ ਸੰਘਾਰਿਆ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਸੋਹੰ ਦੇਵੇ ਭਗਤ ਭੰਡਾਰਿਆ । ਉਤਮ ਜੁਗੋ ਜੁਗ ਭਗਵਾਨ ਵਿਸ਼ਨੂੰ ਗਾਥਾ । ਵਿਭਚਾਰ ਦੁਰਾਚਾਰ ਪ੍ਰਭ ਜਗਤ ਬਣਾਇਆ, ਸ਼ਬਦ ਰੂਪ ਨਾ ਰਘੁਨਾਥ ਪਛਾਤਾ । ਪਰਗਟੇ ਆਪ ਪਤਤ ਪਾਵਨ, ਦੇਵੇ ਦਾਤ ਸਰਬ ਸੁਖ ਦਾਤਾ । ਵਿਛੜੇ ਲਏ

ਮਿਲਾ, ਆਤਮ ਦੇਵੇ ਜੋਤ ਜਗਾ, ਪ੍ਰਭ ਪੂਰਾ ਕਰਮ ਬਿਧਾਤਾ । ਲੱਖ ਚੁਰਾਸੀ ਦੇ ਕਟਾ, ਲੱਗੀ ਚਰਨ ਗੁਰਸਿਖਾਂ ਦੇ ਨਿਭਾ, ਸੇਵੋ ਚਰਨ ਗੁਰ ਟੇਕੋ ਮਾਥਾ । ਮਹਾਰਾਜ ਸ਼ੇਰ ਸਿੰਘ ਭਗਤ ਆਧਾਰ, ਘਰ ਪਰਗਟਿਆ ਜੋਤ ਮੁਰਾਰ, ਭਗਤਨ ਸਦ ਹੈ ਸਾਥਾ । ਦਇਆਧਾਰ ਕਰਮ ਵਿਚਾਰ, ਕਿਰਪਾ ਕਰੇ ਆਪ ਪ੍ਰਭ ਕਿਰਪਨ । ਸ੍ਰਿਸ਼ਟ ਸੰਘਾਰ ਕਰ ਖੁਆਰ, ਬੇਮੁਖਾਂ ਕਲ ਆਏ ਧੜਕਨ । ਬੇਮੁਖਾਂ ਮਨ ਏਹੋ ਰੜਕਨ । ਕਰਨਹਾਰ ਨਦਰ ਕਰੇ ਦੇਵੇ ਤਾਰ, ਬੇਮੁਖ ਬੱਧੇ ਫਾਸ ਲਟਕਨ । ਸ਼ਬਦ ਗੁੰਜਾਰ ਵਿਚ ਸੰਸਾਰ, ਮਹਾਰਾਜ ਸ਼ੇਰ ਸਿੰਘ ਗੁਰਮੁਖਾਂ ਆਇਆ ਕਲ ਬਖ਼ਸ਼ਣ ।

ਦਇਆ ਕੀਨੀ ਦਇਆ ਧਾਰੀ । ਦੇਵੇ ਦਰਸ ਦਾਨ ਗਿਰਧਾਰੀ । ਥਾਨ ਸੁਹਾਇਆ ਪ੍ਰਭ ਆਸਣ ਲਾਇਆ, ਪਰਗਟੇ ਜੋਤ ਨਿਰੰਜਣ ਨਿਰੰਕਾਰੀ । ਸੋਹੰ ਸ਼ਬਦ ਚਲਾਇਆ, ਛੱਡੀ ਦੇਹ ਜੋਤ ਅਟਾਰੀ । ਘਰ ਠਾਂਡੇ ਆਇਆ, ਮਹਾਰਾਜ ਸ਼ੇਰ ਸਿੰਘ ਪੈਜ ਸਵਾਰੀ । ਗੁਰਸਿਖਾਂ ਮਨ ਗੁਰਚਰਨ ਪਿਆਸਾ । ਦੇਵੇ ਦਰਸ ਪ੍ਰਭ ਦਾਸਨ ਦਾਸਾ । ਦੇਵੇ ਦਰਸ ਸ਼ਬਦ ਸੋਹੰ ਭਰਵਾਸਾ । ਮੇਰੀ ਜੋਤ ਅਗੰਮ ਅਪਾਓ, ਤੀਨ ਲੋਕ ਚਰਨ ਧਰਵਾਸਾ । ਖੰਡ ਬ੍ਰਹਿਮੰਡ ਪ੍ਰਭ ਨਦਰ ਚਲਾਵੇ, ਜਨਮ ਗਵਾਵੇ ਬੇਮੁਖ ਕਰ ਹਾਸਾ । ਦਰਸ ਦਿਖਾਵੇ ਹਉਮੇ ਰੋਗ ਜਲਾਵੇ, ਕਲਜੁਗ ਕੀਨੇ ਬੰਦ ਖੁਲਾਸਾ । ਕਲਜੁਗ ਉਲਟਾਵੇ ਸਤਿਗੁਰ ਸਤਿਜੁਗ ਲਾਵੇ, ਸਾਧ ਸੰਗਤ ਵਿਚ ਸਚ ਸ਼ਾਹੁ ਸ਼ਾਬਾਸਾ । ਅਛਲ ਛਲਨ ਪ੍ਰਭ ਛਲ ਕਰ ਆਇਆ । ਛੱਡ ਦੇਹ ਜੋਤ ਸਰੂਪ ਹੋ ਵਿਚ ਜਗਤ ਸਮਾਇਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦੇ ਖੇਲ ਰਚਾਇਆ । ਪ੍ਰਭ ਕੀ ਜੋਤ ਉਤਮ ਦੀਆ ਸੋਹੰ ਦੇਵੇ ਜੋਤ ਵਿਚ ਦੇਹ ਜਗਾਇਆ । ਚਲਾਏ ਇਕਰਖ ਇਕ ਰੰਗ ਵਖਾਏ, ਮਹਾਰਾਜ ਸ਼ੇਰ ਸਿੰਘ ਤੇਜ ਸਵਾਇਆ । ਪਰਗਟੀ ਜੋਤ ਆਪ ਪ੍ਰਭ ਗਵਰਾ । ਮੋਰ ਪੰਖ ਪਕਟ ਹੱਥ ਚਵਰਾ । ਬਿਨ ਹਰਿ ਦਰਸ ਅੰਤ ਨਾ ਮਿਲੇ ਕੋਏ ਗੁਰਸਿਖ ਭਇਆ ਗੁਰਸਿਖ ਚਰਨ ਕਵਲਾ । ਮਿਲੇ ਅਬਿਨਾਸ਼ ਜਗਦੀਸ਼ਰ ਦਾਤਾ, ਕਰ ਦਰਸ ਜਿਨਸ ਮਾਨੁਖ ਸਵਰਾ । ਸਾਧ ਗੁਰ ਪੂਰੇ ਸਾਧਿਆ, ਮਹਾਰਾਜ ਸ਼ੇਰ ਸਿੰਘ ਕਲਜੁਗ ਆਇਆ ਦਵਰਾ । ਗੁਰ ਧਾਮ ਗੁਰ ਆਸਣ ਲਾਇਆ । ਬਲਿਹਾਰ ਜਾਉ ਤਿਨ੍ਹਾਂ ਗੁਰਸਿਖਾਂ ਜਿਨ੍ਹਾਂ ਪ੍ਰਭ ਦਰਸ਼ਨ ਪਾਇਆ । ਹਉਂ ਵਾਰ ਜਾਓ ਤਿਨ੍ਹਾਂ ਗੁਰਮੁਖਾਂ, ਜਿਨ੍ਹ ਰਸਨਾ ਸ਼ੇਰ ਸਿੰਘ ਨਾਉਂ ਗਾਇਆ । ਦਰ ਆਇਆਂ ਦਾਨ ਦੇਵੇ ਭਿਖਾ, ਆਤਮ ਗਿਆਨ ਮਿਲੇ ਰਘੁਰਾਇਆ । ਸੋਹੰ ਸ਼ਬਦ ਮਾਰੇ ਸਭ ਦੁੱਖਾਂ, ਜੁਗ ਚੌਥੇ ਪ੍ਰਭ ਆਣ ਲਿਖਾਇਆ । ਧੰਨ ਧੰਨ ਧੰਨ ਗੁਰਸੰਗਤ ਘਰ ਘਰ ਸੁੱਖਾ, ਪ੍ਰਭ ਪਰਮੇਸ਼ਵਰ ਪਾਇਆ । ਲਾਏ ਬਾਣ ਪ੍ਰਭ ਬੇਮੁਖਾਂ, ਜਿਨ੍ਹਾਂ ਪ੍ਰਭ ਨਾ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਜਮ ਜੰਧਾਰ, ਫੜ ਫੜ ਬਾਹੋਂ ਜਗਤ ਡੁਬਾਇਆ । ਨਿਹਕਲੰਕ ਜੋਤ ਅਵਤਾਰ, ਗੁਰਸਿਖਾਂ ਵਿਚ ਚਰਨ ਬਹਾਇਆ । ਨੈਣ ਤਰਸ ਉਤਰੇ ਮਨ ਤ੍ਰਿਖਾ, ਬਿਮਲ ਸਰੂਪ ਪ੍ਰਭ ਜੋਤ ਪਰਗਟਾਇਆ । ਉਤਮ ਸਿੱਖ ਕਲਜੁਗ ਪ੍ਰਭ ਕੀਏ, ਮਨ ਵਿਖ ਸਭ ਮਾਣ ਗਵਾਇਆ । ਬ੍ਰਹਮਾ ਇੰਦਰ ਫਨਿੰਦਰ ਸ਼ਿਵ ਆਦਿਕ, ਕੁਮੇਰ ਸੁਮੇਰ ਪ੍ਰਭ ਖੇਲ ਮਿਟਾਇਆ । ਧਿਆਨ ਗਿਆਨ ਨਾਮ ਦਰ ਦੀਆ, ਖੰਡ ਸਚ ਸਿੱਖ ਵਡਿਆਇਆ । ਬੇਮੁਖ ਨਿੰਦਕ ਮੁਖ ਦੁਰਾਚਾਰੀ, ਅੰਤਕਾਲ ਮੁਖ ਵਿਸ਼ਟਾ ਪਾਇਆ । ਮਦਿ ਮਾਸੀ ਮਾਨੁਖ ਅਹੰਕਾਰੀ, ਪ੍ਰਭ ਪੂਰੇ ਨਰਕ ਨਿਵਾਸ ਦਵਾਇਆ । ਗੁਰਸਿਖਾਂ ਹੋਇਆ ਆਪ ਪ੍ਰਭ ਸਾਕੀ, ਅੰਮ੍ਰਿਤ ਸਾਚਾ ਜਾਮ ਪਿਲਾਇਆ । ਹਉਮੇ ਤੋੜ ਸੱਚੀ ਸਿੱਖ ਭਾਖੀ, ਕਰ ਕਿਰਪਾ ਨਦਰ ਨਿਹਾਲ ਕਰਾਇਆ । ਕੱਟੀ ਗਲੋਂ

ਆਪ ਜਮ ਫਾਸੀ, ਦੇ ਦਰਸ ਨਿਹਾਲ ਕਰਾਇਆ । ਬੇਮੁਖ ਨਾ ਜਾਣੇ ਬੈਠਾ ਘਟ ਘਟ ਵਾਸੀ, ਮਹਾਰਾਜ ਸ਼ੇਰ ਸਿੰਘ ਰਘੁਰਾਇਆ । ਗੁਣ ਗਾਵੇ ਰਸਨਾ ਰਸਾਇਣ । ਮਿਲੇ ਪ੍ਰਭ ਪੂਰਨ ਅਬਿਨਾਸ਼ੀ, ਨਿਹਕਲੰਕ ਭਗਤ ਪਰਾਇਣ । ਗੁਰਸਿਖ ਵਾਸ ਕਰੇ ਖੰਡ ਸਚ ਪ੍ਰਭ ਵਾਸੀ । ਮਹਾਰਾਜ ਸ਼ੇਰ ਸਿੰਘ ਸਚ ਅਵਤਾਰ, ਚਰਨ ਲਾ ਸਿੱਖ ਰਹਿਰਾਸੀ । ਵਕਤ ਅਨਮੋਲ ਪ੍ਰਭ ਅਨਮੁਲੜਾ ਲਾਇਆ । ਸ੍ਰਿਸ਼ਟੀ ਡੋਬੇ ਕਰ ਅਨਭੋਲ, ਗੁਰਸਿਖਾਂ ਬਾਂਹੋਂ ਪਕੜ ਜਗਾਇਆ । ਕਲਜੁਗ ਤੋਲਿਆ ਪੂਰੇ ਤੋਲ, ਬਾਣ ਸੋਹੰ ਲਾ ਜਗਤ ਭੁਲਾਇਆ । ਗੁਰਸਿਖ ਲਏ ਪ੍ਰਭ ਜਗਤ ਵਿਰੋਲ, ਕਰ ਕਿਰਪਾ ਵਿਚ ਚਰਨ ਬਹਾਇਆ । ਬੈਠਾ ਵਿਚ ਆਪ ਅਡੋਲ, ਨਾ ਪ੍ਰਭ ਡੋਲੇ ਨਾ ਕਿਸੇ ਡੁਲਾਇਆ । ਈਸ਼ਰ ਵਾਕ ਸਦਾ ਸਚ ਬੋਲ, ਜੋਤ ਸਰੂਪ ਜਗਤ ਭੁਲਾਇਆ । ਸਾਧ ਸੰਗਤ ਪ੍ਰਭ ਸਦਾ ਹੈ ਮੌਲ, ਗੁਰਸਿਖਾਂ ਪ੍ਰਭ ਸਮਾਂ ਸੁਹਾਇਆ । ਬਾਸ਼ਕ ਉਪਰ ਰੱਖੀ ਧੌਲ, ਤਸ਼ਕ ਸੇਜ ਪ੍ਰਭ ਆਸਣ ਲਾਇਆ । ਵਿਚ ਆਕਾਸ਼ ਜਗੇ ਜੋਤ, ਜੋਤ ਸਰੂਪ ਪ੍ਰਭ ਡਗਮਗਾਇਆ । ਵਿਚ ਮਾਤ ਹੋਏ ਪਰਕਾਸ਼, ਕਲਜੁਗ ਘਨਕਪੁਰ ਪ੍ਰਭ ਭਾਗ ਲਗਾਇਆ । ਸਿਮਰ ਸਵਾਸ ਹੋਏ ਅੰਧ ਵਿਨਾਸ, ਸਚ ਆਸਣ ਪ੍ਰਭ ਡੇਰਾ ਲਾਇਆ । ਗੁਰਸਿਖ ਮਿਲ ਕਵਲ ਬਿਗਾਸਨ, ਜਿਨ ਘਰ ਪਰਗਟੇ ਆਪ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਹੋਏ ਦਾਸਨ, ਜੋਤ ਸਰੂਪ ਜਿਸ ਗੁਰ ਪਰਗਟਾਇਆ । ਗੁਰਸਿਖ ਜਾਣੇ ਕੋਏ ਗੁਰ ਕਾ ਰੰਗ । ਗੁਰਸਿਖ ਜਾਣੇ ਪ੍ਰਭ ਸਦਾ ਅਭੰਗ । ਗੁਰਸਿਖ ਹੋਏ ਨਾ ਕਲਜੁਗ ਨੰਗ । ਸ਼ਬਦ ਸਰੂਪ ਪ੍ਰਭ ਸ੍ਰਿਸ਼ਟ ਘਾਈ ਜੰਗ । ਦੇਵੇ ਦਰਸ ਆਪ ਪ੍ਰਭ, ਸਾਧ ਸੰਗਤ ਮਨ ਚਾੜ੍ਹੇ ਰੰਗ । ਕਰ ਕਿਰਪਾ ਪ੍ਰਭ ਖੇਲ ਕਰਾਈ, ਸਿੱਖ ਦੁੱਖੜੇ ਕੀਨੇ ਭੰਗ । ਰਾਓ ਮਿਟਾਵੇ ਮਾਣ ਰੰਕਾ ਸਾਜਿਆ । ਸੱਚਾ ਸੁਹਾਏ ਥਾਉਂ ਜਿਥੇ ਪ੍ਰਭ ਸਾਜਿਆ । ਗਏ ਸਭ ਪਸਾਉ ਮਿਲੇ ਗ਼ਰੀਬ ਨਿਵਾਜਿਆ । ਨਿਹਕਲੰਕ ਅਗੰਮ ਅਥਾਹੋ, ਲਓ ਦਾਨ ਸਿੱਖੋ ਖੁਲ੍ਹੇ ਦਰਵਾਜਿਆ । ਹੋਏ ਸ਼ਬਦ ਗੁੰਜਾਰ, ਮਨ ਵੱਜੇ ਅਨਹਦ ਵਾਜਿਆ । ਪੂਰੀ ਕਰੋ ਵਿਚਾਰ, ਬੈਠਾ ਸਚ ਸ਼ਾਹੋ ਰਾਜਨ ਰਾਜਿਆ । ਸਰਬ ਸ੍ਰਿਸ਼ਟ ਜੋਤ ਆਕਾਰ, ਮਾਇਆ ਰੂਪ ਜਗਤ ਇਹ ਸਾਜਿਆ । ਕਲਜੁਗ ਪਰਗਟਿਆ ਲੈ ਅਵਤਾਰ, ਸਭ ਤੋਂ ਵੱਡਾ ਸ਼ੇਰ ਸਿੰਘ ਮਹਾਰਾਜਿਆ । ਤਾਰੇ ਤਾਰਨਹਾਰ, ਪ੍ਰਭ ਗੁਰਸਿਖ ਤਾਰੇ । ਕਰੇ ਜੋਤ ਆਕਾਰ, ਪ੍ਰਭ ਜੋਤ ਕ੍ਰਿਸ਼ਨ ਮੁਰਾਰੇ । ਜਾਮਾ ਲਿਆ ਧਾਰ, ਪੁਰਖ ਅਪਰ ਅਪਾਰੇ । ਵਰਤੇ ਰੰਗ ਕਰਤਾਰ, ਹੁਕਮ ਸਤਿ ਸਰਕਾਰੇ । ਨਿਰਧਨ ਦੇਵੇ ਤਾਰ, ਸਰਧਨ ਘਰ ਮੁਰਾਰੇ । ਭੁੱਖਿਆਂ ਦੇ ਆਹਾਰ, ਕਲੇਸ਼ ਕੱਟੇ ਸਾਰੇ । ਗੁਰਪੁਰਬ ਮਨਾ ਅਪਾਰ, ਬੈਠ ਅਪਾਰ ਸਚ ਸ਼ਾਹੋ ਦਵਾਰੇ । ਲਿਆ ਜਨਮ ਸਵਾਰ, ਭਵਜਲ ਉਤਰੇ ਪਾਰੇ । ਪ੍ਰਭ ਅੰਮ੍ਰਿਤ ਬਰਖੇ ਕਿਰਪਾ ਧਾਰ, ਸ਼ਬਦ ਬਰਖੇ ਜਿਉਂ ਬੂੰਦਾਰੇ । ਸਤਿ ਪੁਰਖਾ ਮਿਲੇ ਆਪ ਨਰਾਇਣ, ਡੁੱਬਦੇ ਕਲਜੁਗ ਪਾਰ ਉਤਾਰੇ । ਗੁਰਮੁਖ ਸਚ ਸਲਾਹਿਣ, ਜਿਨ ਮਿਲਿਆ ਹਰਿ ਹਰਿ ਦਵਾਰੇ । ਮਹਾਰਾਜ ਸ਼ੇਰ ਸਿੰਘ ਜਾਉ ਸਦ ਸਦ ਸਦ ਬਲਿਹਾਰੇ । ਜਾਉ ਬਲਿਹਾਰ ਜਿਨ ਜੋਤ ਦੀਪਕ ਬਾਲਿਆ । ਵਿਛੜੇ ਲਏ ਮਿਲਾਏ, ਅਚਰਜ ਖੇਲ ਦਿਖਾਲਿਆ । ਵਿਛੜ ਕਦੇ ਨਾ ਜਾਏ, ਜਿਨ ਸਿਰ ਹੱਥ ਟਿਕਾ ਲਿਆ । ਗੁਰਸਿਖਾਂ ਹੋਵੇ ਸਹਾਏ, ਬਾਂਹੋਂ ਪਕੜ ਪਾਰ ਲੰਘਾ ਲਿਆ । ਬੇਮੁਖਾਂ ਕੋਏ ਨਾ ਥਾਂਏ, ਮਾਨਸ ਜਨਮ ਬਿਰਥਾ ਗਵਾ ਲਿਆ । ਮਹਾਰਾਜ ਸ਼ੇਰ ਸਿੰਘ ਵਸੇ ਹਰ ਥਾਏਂ, ਜਿਸ ਰਸਨਾ ਗਾਇਆ ਤਿਸ ਵਿਚੋਂ ਪਾ ਲਿਆ । ਰਸਨਾ ਜਪ ਰਾਮ ਰਸਾਇਣ । ਸਿਮਰਤ ਸੋਹੰ ਦੁੱਖ ਨਾ ਪੈਣ । ਆਤਮ ਜੋਤ ਪੇਖੇ ਦਰਸ ਗੁਰ ਨੈਣ । ਗੁਰ ਕੇ ਸ਼ਬਦ ਮੀਠਾ ਸੁੱਖ ਬੈਣ । ਕਲਜੁਗ ਤਾਰੇ ਜਾਮਾ ਦੈਣ । ਸ੍ਰਿਸ਼ਟ ਵਹਾਈ ਉਲਟੇ ਵਹਿਣ ।

ਗੁਰਸਿਖਾਂ ਦੀਆ ਸੋਹੰ ਨਾਮ ਸੁਖੈਣ । ਮਹਾਰਾਜ ਸ਼ੇਰ ਸਿੰਘ ਦਰਸ ਕਰ ਸਰਬ ਤਰ ਜਾਇਣ । ਪ੍ਰਭ ਦਰਸ਼ਨ ਕੋਈ ਵਿਰਲਾ ਪਾਏ । ਪ੍ਰਭ ਦਰਸ ਕਰ ਸਿੱਖ ਬਿਗਸਾਵੇ । ਮਨ ਹਰਸ ਸਰਬ ਮਿਟ ਜਾਵੇ । ਨਾਮ ਸੋਹੰ ਰਸਨਾ ਜੋ ਗਾਵੇ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਦਰਸ ਦਿਖਾਵੇ । ਪ੍ਰਭ ਕਾ ਦਰਸ਼ਨ ਉਤਮ ਨਿਆਰਾ । ਗੁਰਮੁਖ ਬੂਝੇ ਕਰ ਵਿਚਾਰਾ । ਅੰਮ੍ਰਿਤ ਬਰਖੇ ਜਿਉਂ ਜਲ ਧਾਰਾ । ਨਿਜਾਨੰਦ ਸੁਖ ਮਿਲੇ ਅਪਾਰਾ । ਤਰਨਤਾਰਨ ਆਪ ਕਰਤਾਰਾ । ਸਾਧ ਸੰਗਤ ਹਰਿ ਦਰਸ ਭੰਡਾਰਾ । ਦੇਵੇ ਦਰਸ ਵਿਚ ਕਲ ਮਝਾਰਾ । ਮਹਾਰਾਜ ਸ਼ੇਰ ਸਿੰਘ ਸਰਬ ਦਾਤਾਰਾ । ਗੁਰਦਰ ਆਏ ਨਾਉਂ ਗੁਰ ਪਾਓ । ਗੁਰਦਰ ਆਏ ਸੋਹੰ ਨਾਉਂ ਰਸਨਾ ਗਾਓ । ਗੁਰਦਰ ਆਏ ਚਰਨਕਵਲ ਸੰਗ ਬਿਗਸਾਓ । ਗੁਰਦਰ ਆਏ ਕਰ ਦਰਸ ਆਤਮ ਜੋਤ ਜਗਾਓ । ਗੁਰਦਰ ਆਏ ਕਾਇਆ ਅੰਧਿਆਰ ਅੰਧ ਚੁਕਾਓ । ਗੁਰਦਰ ਆਏ ਗੁਰ ਕਾ ਸ਼ਬਦ ਮਨ ਵਸਾਓ । ਗੁਰਦਰ ਆਏ ਅਮੋਲਕ ਨਾਉਂ ਰਸਨਾ ਗੁਰ ਗਾਓ । ਗੁਰਦਰ ਆਏ ਦੁੱਖ ਦਲਿਦਰ ਸਰਬ ਗਵਾਓ । ਗੁਰਦਰ ਆਏ, ਚੰਦਨ ਵਾਂਗ ਸਦਾ ਮਹਿਕਾਓ । ਗੁਰਦਰ ਆਏ ਭਿੰਨੀ ਰੈਣ ਭਿੰਨੜੀ ਹੋ ਜਾਓ । ਗੁਰਦਰ ਆਏ ਜੋਤ ਸਰੂਪ ਸੰਗ ਜੋਤ ਮਿਲਾਓ । ਗੁਰਦਰ ਆਏ ਕਾਇਆ ਕਪਟ ਵਿਕਾਰ ਤਜਾਓ । ਗੁਰਦਰ ਆਏ ਚੰਦ ਸੂਰਜ ਗੁਰਸਿਖ ਬਣ ਜਾਓ । ਗੁਰਦਰ ਆਏ ਕਰ ਦਰਸ ਅਗਿਆਨ ਗਵਾਓ । ਗੁਰਦਰ ਆਏ ਕਰ ਦਰਸ ਮਹਾਰਾਜ ਸ਼ੇਰ ਸਿੰਘ ਵਿਚ ਸਮਾਓ । ਜੋਤ ਸਰੂਪ ਪ੍ਰਭ ਗੁਰ ਵਿਚ ਸਿੱਖ ਸਮੀਪਿਆ । ਕਿਰਪਾ ਕਰੇ ਆਪ ਕਰਤਾਰ, ਕਰੇ ਪਤਤ ਪੁਨੀਤਿਆ । ਇਹ ਵਿਹਾਰ ਸੱਚੀ ਸਰਕਾਰ, ਜੁਗੋ ਜੁਗ ਚਲੇ ਪ੍ਰਭ ਰੀਤਿਆ । ਫੇਰ ਹੋਵੇ ਖੁਆਰ, ਵਕ਼ਤ ਨਾ ਆਏ ਸਮਾਂ ਇਹ ਬੀਤਿਆ । ਨਿਹਕਲੰਕ ਲੈ ਅਵਤਾਰ, ਸ਼ਬਦ ਰੂਪ ਸਮਾਂ ਏਹ ਜੀਤਿਆ । ਦੇਵੇ ਭਗਤ ਭੰਡਾਰ, ਸੋਹੰ ਨਾਉਂ ਅਤੀਤਿਆ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਕਰੇ ਵਿਹਾਰ ਜਿਉਂ ਗੁਰ ਕੀ ਰੀਤਿਆ । ਗਣ ਗੰਧਰਬ ਪ੍ਰਭ ਸਰਬ ਸੁਖ ਵਾਸੀ । ਤੀਨ ਲੋਕ ਪ੍ਰਭ ਚਰਨ ਕੀ ਦਾਸੀ । ਧੰਨ ਧੰਨ ਧੰਨ ਗੁਰਸਿਖ ਜਿਨ ਸੇਵਿਆ ਆਤਮ ਰਾਸੀ । ਕਰੇ ਆਤਮ ਪਰਸੰਨ, ਅੰਤ ਕਾਲ ਤੋੜੇ ਜਮ ਫਾਸੀ । ਮਹਾਰਾਜ ਸ਼ੇਰ ਸਿੰਘ ਦੇਵੇ ਸਿੱਖ ਤਾਰ, ਕਲਜੁਗ ਆਇਆ ਘਨਕਪੁਰ ਵਾਸੀ । ਕੁਮੇਰ ਕਰੇ ਪ੍ਰਭ ਜਗਤ ਖੁਆਰੀ, ਚੇਤ ਸਿੰਘ ਬਣਿਓ ਜਗਤ ਭੰਡਾਰੀ । ਗੁਰ ਦਰ ਮਿਲੇ ਸੱਚੀ ਸਿਕਦਾਰੀ । ਪੂਰੇ ਸਿੱਖ ਜਾਉ ਬਲਿਹਾਰੀ । ਗੁਰਚਰਨ ਲਾਗ ਜਿਨ ਕੁਲ ਸੁਧਾਰੀ । ਪੂਤ ਸਵਰਨ ਬਣਿਆ ਧੁਰ ਦਰਬਾਰੀ । ਮੰਗੇ ਦਾਨ ਕਰ ਨਿਮਸਕਾਰੀ । ਦੇਵੇ ਦਾਤ ਬਣਾਏ ਜਗਤ ਭੰਡਾਰੀ । ਖੰਡ ਸਚ ਹੋਵੇ ਜੈ ਜੈ ਜੈਕਾਰੀ । ਸੋਹੰ ਦੇਵੇ ਸ਼ਬਦ ਬਿਉਹਾਰੀ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ, ਗੁਰਸਿਖਾਂ ਦੀ ਜਿਨ ਪੈਜ ਸਵਾਰੀ । ਪੂਜੇ ਚਰਨ ਕਵਲ ਗੁਰ ਸੂਰਾ । ਬਚਨ ਲਿਖਾਏ ਸਰਬ ਭਰਪੂਰਾ । ਸਿੱਖ ਅਡੋਲ ਜਿਉਂ ਕੋਹਤੂਰਾ । ਪ੍ਰਭ ਕਾ ਨਾਮ ਆਤਮ ਸੁਖ ਸਰੂਰਾ । ਨਿਹਕਲੰਕ ਗੁਰਸਿਖ ਨੇੜ ਨਾ ਜਾਣੋ ਦੂਰਾ । ਬੇਮੁਖਾਂ ਕਾ ਕੀਨਾ ਚੂਰਾ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਲਾਹੇ ਸਗਲ ਵਸੂਰਾ । ਸਗਲ ਸਮਰਥ ਕਲ ਧਾਰੇ । ਚੰਚਲ ਕਾਇਆ ਜਿਤ ਵਸੇ ਰਾਮ ਮੁਰਾਰੇ । ਅਨੰਦ ਨਿਰਮਲ ਨਿਜ ਘਰ ਵਸੇ ਨਿਹਕਲੰਕ ਲੈ ਅਵਤਾਰੇ । ਲੈ ਅਵਤਾਰ ਕਰੇ ਜਗਤ ਅਧਾਰ, ਨਾ ਕੋਇ ਪਾਏ ਸਾਰ, ਬੇਮੁਖ ਦਰ ਪ੍ਰਭ ਪਰੇ ਦੁਰਕਾਰੇ । ਗੁਰਸਿਖਾਂ ਮਿਲਿਆ ਚਰਨ ਪਿਆਰ, ਦੇ ਦਰਸ ਪ੍ਰਭ ਪਾਰ ਉਤਾਰੇ । ਪੰਚਮ ਜੇਠ ਮਾਤ ਵੱਜੀ ਵਧਾਈ, ਆਇਆ ਅਚੁਤ ਪਾਰਬ੍ਰਹਮ ਨਿਹਤਾਰੇ । ਖੇਲ ਕੀਆ ਅਤ ਨਿਆਰਾ, ਦੇਵੇ ਦਰਸ ਸੰਤਨ ਰੈਣਾਰੇ । ਕਰੇ ਦਰਸ ਸੰਤ ਨਿਰਾਲਮ,

ਅੰਮ੍ਰਿਤ ਝਿਰਨਾ ਨਿਝਰ ਝਿਲਾਰੇ । ਕਵਲ ਬੂੰਦ ਮਿਲ ਖੇਲ ਖਿਲਾਇਆ, ਖੋਲ੍ਹ ਕਪਾਟ ਦੇ ਪ੍ਰਭ ਦਸਮ ਦਵਾਰੇ । ਪਰਗਟੇ ਅਬਿਨਾਸ਼ ਸੰਤਨ ਕੀਨਾ ਦਾਸ, ਦੇਵੇ ਦਰਸ ਜਿਉਂ ਕ੍ਰਿਸ਼ਨ ਮੁਰਾਰੇ । ਮਨੀ ਸਿੰਘ ਸ਼ਾਬਾਸ, ਜੋ ਚਲ ਆਇਆ ਪ੍ਰਭ ਦਰਬਾਰੇ । ਕਰ ਦਰਸ ਮਨ ਹੋਏ ਤ੍ਰਿਪਤਾਸ, ਖੱਬਾ ਚਰਨ ਕਵਲ ਪ੍ਰਭ ਝਾੜੇ । ਨੇਤਰ ਨੀਰ ਪ੍ਰਭ ਸੋਮਾ, ਪ੍ਰਭ ਮਿਲਿਆ ਅਗੰਮ ਅਪਾਰੇ । ਭੂਰੀ ਕਾਲੀ ਮਿਲਿਆ ਕਲਧਾਰੀ, ਸੋਹੰ ਸ਼ਬਦ ਚਲੇ ਗੁੰਜਾਰੇ । ਨੈਣੀ ਪੇਖਿਆ ਸੱਚਾ ਸਤਿਗੁਰ, ਸਚ ਕਰ ਵੇਖਿਆ ਰਸਨਾ ਬੋਲੇ ਹਉ ਵਾਰੇ ਵਾਰੇ । ਮੰਗੇ ਦਾਨ ਰੱਖੇ ਸਰਨਾਈ, ਬਿਰਧ ਅਵਸਥਾ ਢਹਿ ਪਿਆ ਦਵਾਰੇ । ਬਾਲ ਸਰੂਪ ਬਾਲ ਤੇਰੀ ਲੀਲ੍ਹਾ, ਮੈਂ ਅਨਭੋਲ ਤੇਰੇ ਸ਼ਬਦ ਬੁਲਾਰੇ । ਮੈਂ ਕੁਛ ਨਾ ਜਾਣਾ, ਤੇਰਾ ਰੂਪ ਨਾ ਪਛਾਣਾ, ਰੰਗ ਰੰਗ ਰੰਗ ਕਰੇ ਕਰਤਾਰੇ । ਦਰਸ਼ਨ ਪਾਇਆ ਮਨ ਤ੍ਰਿਪਤ ਕਰਾਇਆ, ਰਸਨਾ ਉਚਰੇ ਮਹਾਰਾਜ ਸ਼ੇਰ ਸਿੰਘ ਨਿਰੰਕਾਰੇ ਨਿਰੰਕਾਰੇ । ਸੰਤਨ ਆਇਆ ਸਚਖੰਡ ਦਵਾਰੇ । ਦੀਨੀ ਦਾਤ ਪ੍ਰਭ ਅਪਰ ਅਪਾਰੇ । ਸ਼ਬਦ ਚਲਾਏ ਸਦਾ ਧੁਨਕਾਰ, ਮਾਣੇ ਰੰਗ ਸਚ ਸ਼ਾਹੋ ਭਤਾਰ । ਕਲਮ ਚਲਾਏ ਕਰੇ ਸ੍ਰਿਸ਼ਟ ਮਾਰ । ਪੂਰਾ ਸਤਿਗੁਰ ਸਦ ਸਦ ਰਸਨ ਉਚਾਰ । ਮੈਂ ਮੁਗਧ ਅੰਞਾਣ ਤੂੰ ਪ੍ਰਭ ਦੇਵੇਂ ਤਾਰ । ਮਹਾਰਾਜ ਸ਼ੇਰ ਸਿੰਘ ਦਰ ਤੇਰਾ ਪਾਇਆ, ਬੋਲੇ ਮਨੀ ਸਿੰਘ ਮੁਖੋਂ ਬਾਰ ਬਾਰ ਬਾਰ । ਦਰ ਪਾਇਆ ਬਣ ਦਰਵੇਸ ਮੈਂ । ਦਰ ਤੇਰਾ ਸਾਚਾ, ਜੋਤ ਸਰੂਪ ਜੋਤ ਪਰਵੇਸ਼ ਮੇਂ । ਸੋਹੰ ਸ਼ਬਦ ਤੇਰੀ ਧੁਨਕਾਰ, ਚਲੇ ਦੇਸ ਦੇਸ ਮੇਂ । ਮਹਾਰਾਜ ਸ਼ੇਰ ਸਿੰਘ ਤੇਰਾ ਸਚ ਦਰਬਾਰ, ਵੇਖਾਂ ਮੈਂ ਫ਼ਕੀਰੀ ਭੇਸ ਮੇਂ । ਚਰਨ ਸੰਗ ਰੱਖ ਪਿਆਰ, ਦੋਏ ਜੋੜ ਕਰਾਂ ਆਦੇਸ ਮੈਂ ।

ਈਸ਼ਰ ਗੁਰ ਗੁਰ ਈਸ਼ਰ ਆਪਣਾ ਆਪ ਉਪਾਇਆ । ਮਿਲ ਪੰਚਮ ਹਰਿ ਪ੍ਰਭ ਖੇਲ ਰਚਾਇਆ । ਧੰਨ ਧੰਨ ਇਹਦੀ ਵਡਿਆਈ, ਜਿਸ ਪ੍ਰਭ ਦਰਸ਼ਨ ਪਾਇਆ । ਗੁਰ ਪੂਰੇ ਪੰਚਮ ਦੇ ਵਡਿਆਈ, ਗੁਰਸਿਖਾਂ ਸਿੱਖ ਵਡਿਆਇਆ । ਪੁਸ਼ਪ ਵਰਖਾ ਕਰ, ਸਚ ਦਰਬਾਰ ਸਿੱਖ ਦਰਸਾਇਆ । ਉਤਮ ਮਿਲੇ ਦਰ, ਧਰਨੀ ਧਰ ਈਸ਼ਰ ਘਰ ਆਇਆ । ਘਰ ਮਿਲਿਆ ਸਾਚਾ ਹਰੀ ਹਰਿ, ਜਿਸ ਰੰਗ ਨਾਮ ਸੋਹੰ ਚੜ੍ਹਾਇਆ । ਸਿੱਖਾਂ ਦੇ ਧਰਵਾਸ ਸਚ ਸ਼ਬਦ ਅਲਾਇਆ । ਬਖ਼ਸ਼ੇ ਬਖ਼ਸ਼ਣਹਾਰ, ਸਦ ਬਖ਼ਸ਼ਿੰਦ ਬਖ਼ਸ਼ਣ ਆਇਆ । ਪੁਸ਼ਪ ਮਾਲਾ ਪ੍ਰਭ ਦੇਵੇ ਹਾਰ, ਚੇਤ ਸਿੰਘ ਸਿਰ ਸਿਹਰਾ ਲਾਇਆ । ਵਡਿਭਾਗੀ ਏ ਵਡਭਾਗ, ਭਗਤ ਭਗਤ ਭਗਤ ਦਰ ਸੁਹਾਇਆ । ਦੇਵੇ ਸੱਚੀ ਦਾਤ, ਸਚ ਵਕ਼ਤ ਪ੍ਰਭ ਸਚ ਸੁਹਾਇਆ । ਮਹਾਰਾਜ ਸ਼ੇਰ ਸਿੰਘ ਰੱਖੇ ਹੱਥ, ਗੁਰਸਿਖਾਂ ਮਿਲ ਪ੍ਰਭ ਦਰਸ਼ਨ ਕਰਿਆ । ਕਰ ਦਰਸ ਤਨ ਮਨ ਠਰਿਆ । ਜੋਤ ਸਰੂਪ ਪ੍ਰਭ ਵਿਚ ਵਸਰਿਆ । ਧਿਆਨ ਗਿਆਨ ਨਿਧਾਨ ਪ੍ਰਭ ਦੇਵੇ ਆਸਾ ਵਰਿਆ । ਸੁਜਾਨ ਪ੍ਰਭ ਸਿੱਖ ਗੁਰਚਰਨ ਲਗ ਜਾਣ, ਗੁਰਸਿਖ ਜਗ ਦੁਤਰ ਤਰਿਆ । ਭਗਤ ਭਗਵਾਨ ਅੰਤ ਇਕ ਹੋ ਜਾਣ, ਜੋਤ ਸਰੂਪ ਜੋਤ ਰੰਗ ਕਰਿਆ । ਸ਼ਬਦ ਸਚ ਬਖਾਨ, ਰਸਨਾ ਗਾਓ ਗੁਣੀ ਨਿਧਾਨ, ਦੇ ਪਰਸਾਦ ਦੁੱਖ ਨਿਵਰਿਆ । ਮੂਰਖ ਮੁਗਧ ਭੁੱਲਾ ਅੰਞਾਣ, ਮਹਾਰਾਜ ਸ਼ੇਰ ਸਿੰਘ ਪਰਗਟੇ ਜਾਣੀ ਜਾਣ, ਦੇਖ ਦੇਖ ਦੇਖ ਗੁਰਸਿਖ ਵਰਿਆ । ਕਰੋ ਨਿਮਸਕਾਰ ਗੁਰਚਰਨ ਸਰੇਵੋ । ਆਪਣਾ ਆਪ ਗੁਰ ਅੱਗੇ ਧਰੇਵੋ । ਮੇਰੇ ਸੇਵਾਦਾਰ ਸਰਬ ਗੁਣ ਮੇਵੋ । ਮਿਲਿਆ ਵਿਸ਼ਨੂੰ ਭਗਵਾਨ ਅਲਖ ਅਭੇਵੋ । ਸੋਹੰ ਸ਼ਬਦ ਨਿਰਬਾਣ ਸਿਮਰੋ ਸਭ ਦੇਵੀ ਦੇਵੋ । ਗੁਰਸਿਖਾਂ ਇਹ ਥਾਨ ਸੁਹਾਇਆ, ਜਗਾਵੇ ਜੋਤ ਆਪ ਪ੍ਰਭ ਜੋਤੀ । ਗੁਰਸਿਖ ਪਕੜ ਹਾਰ ਪਰੋਇਆ, ਕਲਜੁਗ ਮੇਲੇ ਸਿੱਖ ਜਗ

ਮੋਤੀ । ਅਚਰਜ ਖੇਲ ਕਰੇ ਅਪਰੰਪਰ, ਪ੍ਰਭ ਕੀ ਕਲਾ ਜੋਤ ਸਰੋਤੀ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਗੁਰਸਿਖਾਂ ਸਿਰ ਫੁੱਲ ਬਰਖਾ ਹੋਤੀ । ਫੂਲਨ ਕੀ ਬਰਖਾ ਬਰਖਾਵੇ । ਚਤੁਰਭੁਜ ਚਰਨ ਸੰਗ ਸੰਗਤ ਤਰਾਵੇ । ਦੇਵੇ ਸੱਚਾ ਧਾਮ, ਵਿਚ ਨਿਵਾਸ ਬੈਕੁੰਠ ਦਿਵਾਵੇ । ਜਿਥੇ ਜੋਤ ਪਰਕਾਸ਼, ਬਿਨ ਬਾਤੀ ਬਿਨ ਤੇਲ ਜਗਾਵੇ । ਓਥੇ ਹੋਏ ਪ੍ਰਭ ਪਰਕਾਸ਼, ਉਨੰਜਾ ਪਵਣ ਸਿਰ ਛਤਰ ਝੁਲਾਵੇ । ਰਵ ਸਸ ਸੀਸ ਚਰਨ ਝੁਕਾਵੇ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼, ਜੋਤ ਲੀਆ ਜਗਤ ਅਵਤਾਰਾ । ਜਲ ਥਲ ਮਈਅਲ ਪਸਰਿਆ ਪਸਾਰਾ । ਬੇਮੁਖ ਰੋੜ੍ਹੇ ਨਰਕ ਮਝਾਰਾ । ਗੁਰਸਿਖ ਉਤਰੇ ਕਰ ਦਰਸ ਚਰਨਾਰਾ । ਕਰੋ ਨਿਮਸਕਾਰ ਮਹਾਰਾਜ ਸ਼ੇਰ ਸਿੰਘ ਪਰਗਟਿਆ ਨਰ ਅਵਤਾਰਾ । ਅਚਰਜ ਕਲਾ ਕਲਜੁਗ ਵਰਤਾਈ । ਸਾਧ ਸੰਗਤ ਪ੍ਰਭ ਜੋਤ ਪਰਗਟਾਈ । ਅਨੰਦ ਬਿਨੋਦ ਰਵ ਰਿਹਾ ਸਰਬ ਠਾਂਈ । ਸਾਰੰਗ ਧਰ ਗੋਪਾਲ ਮੁਖ ਭਨੀ, ਜਿਸ ਨੇ ਸਾਰੀ ਸ੍ਰਿਸ਼ਟ ਭੁਲਾਈ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਇਆ, ਚਾਰ ਕੁੰਟ ਪਏ ਦੁਹਾਈ । ਗੁਰਸਿਖੋ ਰੰਗ ਮਾਣੋ ਪ੍ਰਭ ਪਰਮੇਸ਼ਰਾ । ਗੁਰ ਚਰਨ ਧਰੋ ਧਿਆਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਾਣੋ ਘਰ ਮਿਲਿਆ ਪ੍ਰਭ ਪਰਮੇਸ਼ਰਾ ।

❊ ੧੩ ਮਾਘ ੨੦੦੭ ਬਿਕ੍ਰਮੀ ਦਰਸ਼ਨ ਸਿੰਘ ਲਲੀਆ ਵਾਲੇ ਦੇ ਗ੍ਰਿਹ ਦਿੱਲੀ ❊

ਭਗਤ ਵਛਲ ਨਾਥ ਨਰਾਇਣ । ਭਗਤ ਜਨ ਘਰ ਆਏ ਦਰਸ਼ਨ ਪਾਇਣ । ਬੇਮੁਖ ਦਰ ਤੇ ਧੱਕੇ ਖਾਇਣ । ਗੁਰਸਿਖ ਪ੍ਰੀਤ ਗੁਰਚਰਨ ਲਗਾਇਣ । ਦੁਸ਼ਟ ਦੁਰਾਚਾਰ ਪ੍ਰਭ ਨਸ਼ਟ ਕਰਾਇਣ । ਸੋਹੰ ਸ਼ਬਦ ਸਤਿ ਪੁਰਖ ਸਦ ਰਸਨੀ ਰਸਾਇਣ । ਕਲਜੁਗ ਪਰਗਟਿਓ ਮਹਾਰਾਜ ਸ਼ੇਰ ਸਿੰਘ ਭਗਤ ਤਰਾਇਣ । ਗੁਰਸਿਖਾਂ ਦਰ ਪ੍ਰਭ ਆਪ ਪਛਾਤਾ । ਕਲਜੁਗ ਮਿਲਿਆ ਪੁਰਖ ਬਿਧਾਤਾ । ਸੁਰਤ ਸ਼ਬਦ ਵਡ ਗਿਆਨ ਗਿਆਤਾ । ਧੰਨ ਧੰਨ ਧੰਨ ਗੁਰਸਿਖ ਮਹਾਰਾਜ ਸ਼ੇਰ ਸਿੰਘ ਜਿਨ ਆਪ ਪਛਾਤਾ । ਜੋਤ ਸਰੂਪ ਪ੍ਰਭ ਕਲਜੁਗ ਆਇਆ । ਨਿਹਕਲੰਕ ਦਰ ਗੁਰਸਿਖ ਮਾਣਿਆਂ । ਧੰਨ ਧੰਨ ਗੁਰਸਿਖ ਚਰਨ ਗੁਰ ਸੇਵ ਕਮਾਣਿਆਂ । ਕਲਜੁਗ ਤਾਰਿਆ ਪ੍ਰਭ ਪੂਰਨ ਸਿਖ, ਹਰਿ ਰੰਗ ਜਿਸ ਆਤਮ ਮਾਣਿਆਂ । ਕਲਜੁਗ ਤਾਰੇ ਪ੍ਰਭ ਅੰਤਰਜਾਮੀ । ਜੋਤ ਜਗਾਵੇ ਗੁਰ ਸੱਚੇ ਧਾਮੀ । ਜੋਤ ਸਰੂਪ ਭਗਤ ਵਛਲ ਆਪ ਨਿਹਕਾਮੀ । ਕਲਜੁਗ ਲਿਉ ਅਵਤਾਰ, ਮਹਾਰਾਜ ਸ਼ੇਰ ਸਿੰਘ ਜਗਤ ਸਵਾਮੀ । ਕਲਜੁਗ ਅਚਰਜ ਖੇਲ ਆਪ ਪ੍ਰਭ ਕਰਤਾ । ਦੇ ਦਰਸ ਦੁੱਖ ਸਭ ਹਰਤਾ । ਬੇਮੁਖ ਦਰ ਤੇ ਦੁੱਖ ਰਹੇ ਭਰਤਾ । ਜੋਤ ਸਰੂਪ ਪਰਗਟਿਓ ਮਹਾਰਾਜ ਸ਼ੇਰ ਸਿੰਘ ਕਰਤਾ । ਜੋਤ ਸਰੂਪ ਪ੍ਰਭ ਜਗਤ ਪਰਕਾਸ਼ਿਓ । ਕਲਜੁਗ ਅੰਧਿਆਰ ਵੇਖੇ ਜਗਤ ਤਮਾਸਿਓ । ਗੁਰਸਿਖ ਗੁਰ ਚਰਨ ਪਿਆਰ, ਸਚ ਸ਼ਾਹ ਪਾਏ ਅਬਿਨਾਸ਼ਿਓ । ਧੰਨ ਧੰਨ ਮਹਾਰਾਜ ਸ਼ੇਰ ਸਿੰਘ ਜਿਨ ਤਾਰੇ ਗੁਰਸਿਖ, ਜਿਉਂ ਚੰਦਨ ਪਰਭਾਸਿਓ । ਗੁਰਸਿਖ ਕਲਜੁਗ ਮੁਖ ਉਜਿਆਰਾ । ਹਰਿ ਹਰਿ ਹਰਿ ਮਿਲਿਆ ਜਿਨ ਆਪ ਨਿਰੰਕਾਰਾ । ਘਟ ਘਟ ਘਟ ਰਵੇ ਜਗਤ ਭਤਾਰਾ । ਕਲਜੁਗ ਪਰਗਟਿਓ ਨਿਹਕਲੰਕ ਅਵਤਾਰਾ । ਸੋਹੰ ਸ਼ਬਦ ਹਰਿ ਭਗਤ ਭੰਡਾਰਾ । ਆਤਮ ਪਰਕਾਸ਼ ਮਿਟੇ ਦੇਹ ਅੰਧਿਆਰਾ । ਦੁਖ ਵਿਨਾਸ ਜਗੇ ਜੋਤ ਨਿਰੰਕਾਰਾ । ਕਲਜੁਗ ਪਰਗਟਿਓ ਮਹਾਰਾਜ ਸ਼ੇਰ ਸਿੰਘ ਗੁਰ ਗੁਰਸਿਖ ਤਾਰਨਹਾਰਾ । ਦੇ ਦਰਸ ਪ੍ਰਭ ਗੁਰਸਿਖ ਤਾਰਿਆ । ਕਰ ਕਿਰਪਾ ਕਲਜੁਗ ਪਾਰ ਉਤਾਰਿਆ ।

ਪਤਤ ਪਾਵਨ ਪ੍ਰਭ ਦੁੱਖ ਭੈ ਭੰਜਨ, ਪਰਗਟਿਓ ਜੋਤ ਕ੍ਰਿਸ਼ਨ ਮੁਰਾਰਿਆ । ਸਤਿ ਸਤਿ ਸਤਿ ਜਗਤ ਗੁਰ ਤਾਰੇ, ਸੋਹੰ ਸ਼ਬਦ ਪ੍ਰਭ ਰਸਨ ਉਚਾਰਿਆ । ਵੱਥ ਵੱਥ ਵੱਥ ਪ੍ਰਭ ਗੁਰਸਿਖ ਝੋਲੀ ਪਾਏ, ਚਰਨ ਆਏ ਜੋ ਨਿਮਸਕਾਰਿਆ । ਹੱਥ ਹੱਥ ਹੱਥ ਪ੍ਰਭ ਗੁਰਸਿਖ ਹੱਥ ਟਿਕਾਏ, ਕਲਜੁਗ ਤਾਰੇ ਅੰਧ ਅੰਧਿਆਰਿਆ । ਮਹਾਰਾਜ ਸ਼ੇਰ ਸਿੰਘ ਕਲ ਵਰਤਾਏ, ਕਲਜੁਗ ਮਿਟਾਏ ਸੋਹੰ ਸ਼ਬਦ ਬਾਣ ਗੁਰ ਮਾਰਿਆ । ਸੋਹੰ ਸ਼ਬਦ ਬਾਣ ਗੁਰ ਮਾਰਾ । ਕੁੰਟ ਚਾਰ ਹਾਹਾਕਾਰਾ । ਕੋਏ ਨਾ ਜਾਣੇ ਪ੍ਰਭ ਖੇਲ ਅਪਾਰਾ । ਰਸਨਾ ਸ਼ਬਦ ਚਲੇ ਜਗਤ ਦੋ ਧਾਰਾ । ਕਲਜੁਗ ਪਰਗਟਿਓ ਨਰ ਨਰਾਇਣ ਕਲਜੁਗ ਅਵਤਾਰਾ । ਜੋਤ ਸਰੂਪ ਪ੍ਰਭ ਜਗਤ ਵਰਤਾਰਾ । ਮਹਾਰਾਜ ਸ਼ੇਰ ਸਿੰਘ ਪਰਗਟਿਓ ਕ੍ਰਿਸ਼ਨ ਮੁਰਾਰਾ । ਸੋ ਸੁਹਾਇਆ ਥਾਨ, ਜਿਥੇ ਪ੍ਰਭ ਦਰਸ ਦਿਖਾਇਆ । ਸੋ ਸੁਹਾਇਆ ਥਾਨ, ਜਿਥੇ ਪ੍ਰਭ ਜੋਤ ਜਗਾਇਆ । ਸੋ ਸੁਹਾਇਆ ਥਾਨ, ਜਿਥੇ ਨਿਹਕਲੰਕ ਹੋ ਆਇਆ । ਸੋ ਸੁਹਾਇਆ ਥਾਨ, ਜਿਥੇ ਗੁਰਸਿਖਾਂ ਮਾਣ ਦਵਾਇਆ । ਸੋ ਸੁਹਾਇਆ ਥਾਨ, ਜਿਥੇ ਥਿਰ ਘਰ ਵਾਸੀ ਨਿਜ ਘਰ ਆਸਣ ਲਾਇਆ । ਸੋ ਸੁਹਾਇਆ ਥਾਨ, ਜਿਥੇ ਮਹਾਰਾਜ ਸ਼ੇਰ ਸਿੰਘ ਜਨ ਭਗਤ ਤਰਾਇਆ । ਭਗਤ ਜਨਾਂ ਹਰਿ ਦਰਸ ਪਿਆਸਾ । ਵਰ ਘਰ ਮਿਲਿਆ ਪ੍ਰਭ ਅਬਿਨਾਸ਼ਾ । ਮਾਣ ਗਵਾਏ ਜਿਉਂ ਰਿਖੀ ਦੁਰਬਾਸਾ । ਜਨ ਤਰਾਏ ਦੇ ਦਰਸ਼ਨ ਦਾਸਨ ਦਾਸਾ । ਬੇਮੁਖ ਖਪਾਏ ਹੋਏ ਨਰਕ ਨਿਵਾਸਾ । ਗੁਰਸਿਖ ਤਰਾਏ ਚਰਨ ਲਗਾਏ, ਪਰਗਟੇ ਆਪ ਸਰਬ ਘਟ ਵਾਸਾ । ਨਿਹਕਲੰਕ ਜਗ ਆਏ ਸ਼ੇਰ ਸਿੰਘ ਨਾਂ ਰਖਾਏ, ਝੂਠੀ ਸ੍ਰਿਸ਼ਟ ਜਣਾਏ ਆਸਾ । ਸ਼ਬਦ ਚਲਾਏ ਬੇਮੁਖ ਖਪਾਏ, ਜਨ ਭਗਤ ਤਰਾਏ ਜਿਨ੍ਹਾਂ ਗੁਰਚਰਨ ਤਰਾਸਾ । ਆਪ ਅਪਰੰਪਰ ਸਰਬ ਰਿਹਾ ਸਮਾਏ, ਜਿਨ ਜਾਣਿਆਂ ਤਿਨ ਨਦਰੀ ਆਏ । ਗੁਰਸਿਖ ਮਾਣ ਦਵਾਏ, ਦਿਉ ਦਰਸ ਮਿਟੇ ਆਤਮ ਤ੍ਰਿਪਤਾਸਾ । ਜੋਤ ਸਰੂਪ ਜੋਤ ਪਰਗਟਾਏ, ਬੇਮੁਖਾਂ ਪ੍ਰਭ ਨਜ਼ਰ ਨਾ ਆਏ, ਗੁਰਸਿਖਾਂ ਪ੍ਰਭ ਸਦਾ ਹੈ ਪਾਸਾ । ਗੁਰਸਿਖ ਸਦ ਸਦਾ ਪ੍ਰਭ ਵਸਿਆ । ਕਲ ਲੈ ਅਵਤਾਰ ਗੁਰਮੁਖਾਂ ਪ੍ਰਭ ਦਰਸ਼ਨ ਦੱਸਿਆ । ਬੇਮੁਖ ਸ੍ਰਿਸ਼ਟ ਖਵਾਰ, ਪ੍ਰਭ ਕਾ ਰੂਪ ਨਾ ਹਿਰਦੇ ਵਸਿਆ । ਮਹਾਰਾਜ ਸ਼ੇਰ ਸਿੰਘ ਦੇ ਭਗਤ ਭੰਡਾਰ, ਸੋਹੰ ਸ਼ਬਦ ਰਸਨ ਰਸਿਆ । ਸੋਹੰ ਸ਼ਬਦ ਜੋ ਜਨ ਰਸਨਾ ਗਾਇਣ । ਪ੍ਰਭ ਕਾ ਰੂਪ ਨਿਜ ਮਹਿ ਪਾਇਣ । ਝੂਠੀ ਕਾਇਆ ਸਚ ਜੋਤ ਜਗਾਇਣ । ਕਵਲ ਨਾਭ ਬੂੰਦ ਅੰਮ੍ਰਿਤ ਮੁਖ ਚਵਾਇਣ । ਖੋਲ੍ਹ ਤ੍ਰੈਕੁਟੀ ਪ੍ਰਭ ਦਰਸ ਦਿਖਾਇਆ, ਨਿਜਾਨੰਦ ਨਿਜ ਮਾਹਿ ਦਰਸਾਇਣ । ਭਗਤ ਜਨਾਂ ਹਰਿ ਆਤਮ ਪਰਕਾਸ਼ਿਆ, ਅਨਹਦ ਸ਼ਬਦ ਮਨ ਵਜਾਇਣ । ਵੱਜੇ ਧੁਨ ਹੋਵੇ ਧੁਨਕਾਰਾ, ਜੋਤ ਸਰੂਪ ਜੋਤ ਦੀਪਕ ਵਿਚ ਦੇਹ ਜਗਾਇਣ । ਜੋਤ ਸਰੂਪ ਜੋਤ ਪਰਕਾਸ਼ੇ, ਮਹਾਰਾਜ ਸ਼ੇਰ ਸਿੰਘ ਪਰਗਟਿਓ ਭਗਤ ਤਰਾਇਣ । ਭਗਤ ਜਨਾਂ ਹਰਿ ਆਪ ਤਰਾਇਆ । ਜੁਗੋ ਜੁਗ ਪ੍ਰਭ ਖੇਲ ਰਚਾਇਆ । ਕਲਜੁਗ ਲੈ ਅਵਤਾਰ ਜਗਤ ਤੇ ਪਾਈ ਮਾਇਆ । ਸੋਹੰ ਲਾਇਆ ਬਾਣ ਜਿਸ ਜਗਤ ਹੈ ਘਾਇਆ । ਸ੍ਰਿਸ਼ਟ ਭੁਲਾਈ ਆਪ ਭਗਵਾਨ, ਜੋਤ ਸਰੂਪ ਨਾ ਦਰਸ ਦਿਖਾਇਆ । ਗੁਰਸਿਖਾਂ ਪ੍ਰਭ ਦਿਤਾ ਦਾਨ, ਸੋਹੰ ਸ਼ਬਦ ਜਗਤ ਵਡਿਆਇਆ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ ਕਲਜੁਗ ਲੈ ਅਵਤਾਰ, ਜੁਗ ਚੌਥਾ ਜਿਸ ਆਣ ਖਪਾਇਆ । ਕਲਜੁਗ ਪਰਗਟਿਆ ਜੋਤ ਸਰੂਪ ਪ੍ਰਭ ਨਿਹਕਲੰਕ । ਸੋਹੰ ਸ਼ਬਦ ਚਾਰ ਕੁੰਟ ਪ੍ਰਭ ਵਜਾਇਆ ਡੰਕ । ਦੇ ਨਿਮਾਣਿਆਂ ਮਾਣ, ਏਕ ਕਰੇ ਪ੍ਰਭ ਰਾਓ ਰੰਕ । ਗੁਰਸਿਖ ਦੇਵੇ ਮਾਣ, ਤ੍ਰੇਤਾ ਵਿਚ ਭਗਤ ਜਿਉਂ ਜਨਕ । ਧਾਰ ਖੇਲ ਚਤੁਰਭੁਜ ਪ੍ਰਭ ਆਇਆ, ਕਰੋ ਨਿਮਸਕਾਰ ਬਾਰ ਅਨਕ । ਕਲਜੁਗ ਲੈ ਅਵਤਾਰ, ਮਹਾਰਾਜ ਸ਼ੇਰ ਸਿੰਘ ਪਰਗਟਿਓ ਪੁਰੀ ਵਿਚ ਘਨਕ ।

ਘਣਕਪੁਰੀ ਘਣਸ਼ਾਮ ਪ੍ਰਭ ਆਇਆ । ਰਾਓ ਰੰਕ ਜਿਨ ਆਪ ਕਰਾਇਆ । ਤੀਨ ਲੋਕ ਪ੍ਰਭ ਜੋਤ ਜਗਾਇਆ । ਜੋਤ ਜਗਾਏ ਭਗਤ ਵਛਲ ਤਰਾਏ, ਗੁਰਸਿਖਾਂ ਪ੍ਰਭ ਦਰਸ ਦਿਖਾਇਆ । ਸਤਿ ਪੁਰਖ ਨਿਰੰਜਣ ਪ੍ਰਭ ਨਰਾਇਣ ਆਇਆ । ਮਾਤ ਪਾਤਾਲ ਆਕਾਸ਼ ਵਸੇ ਆਪ ਰਘੁਰਾਇਆ । ਜੋਤ ਸਰੂਪ ਜਗਤ ਪਰਕਾਸ਼ੇ, ਤੀਨ ਲੋਕ ਪ੍ਰਭ ਜੋਤ ਜਗਾਇਆ । ਵਿਚ ਪਾਤਾਲ ਪ੍ਰਭ ਨੈਣ ਮੁੰਧਾਰ, ਬਾਸ਼ਕ ਸ਼ੇਸ਼ ਪ੍ਰਭ ਸੇਜ ਬਣਾਇਆ । ਵਿਚ ਆਕਾਸ਼ ਪ੍ਰਭ ਜੋਤ ਪਰਕਾਸ਼, ਉਨੰਜਾ ਪਵਣ ਸਿਰ ਛਤਰ ਝੁਲਾਇਆ । ਪਰਗਟਿਓ ਮਾਤ, ਸੋਹੰ ਸ਼ਬਦ ਗਿਓ ਪ੍ਰਭ ਥਾਪ, ਮਹਾਰਾਜ ਸ਼ੇਰ ਸਿੰਘ ਇਤ ਰਸਨਾ ਗਾਇਆ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਪ੍ਰਭ ਪੂਰਨ ਪਰਮੇਸ਼ਰ ਕਲਜੁਗ ਜੋਤ ਪਰਗਟਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਧੰਨ ਧੰਨ ਧੰਨ ਗੁਰਸਿਖ ਜਿਥੇ ਪ੍ਰਭ ਭਏ ਸਹਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਛੱਡ ਖੰਡ ਸਚ ਪ੍ਰਭ ਕਲ ਜੋਤ ਪਰਗਟਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਨਿਹਕਲੰਕ ਪ੍ਰਭ ਸਰਬ ਗੁਣਤਾਸ, ਸਾਚੀ ਜੋਤ ਸਚ ਘਰ ਆਈ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ ਕਲਜੁਗ ਚਰਨ ਲਾਗ ਮਿਲੇ ਵਡਿਆਈ । ਗੁਰਚਰਨ ਦਰਸ ਕਰੇ ਵਡਭਾਗਾ । ਸੋਹੰ ਸ਼ਬਦ ਮਿਲੇ ਅਨੁਰਾਗਾ । ਰਸਨਾ ਸਿਮਰੇ ਜੀਵ ਸੋਇਆ ਜਾਗਾ । ਮਹਾਰਾਜ ਸ਼ੇਰ ਸਿੰਘ ਜਿਨ ਮਿਲਿਆ, ਕਲਜੁਗ ਸੋਈ ਪੁਰਖ ਵਡਭਾਗਾ । ਕਲਜੁਗ ਪਰਗਟਿਓ ਪ੍ਰਭ ਅਪਰੰਪਰਾ । ਸੋਹੰ ਸ਼ਬਦ ਚਲਾਇਓ ਜਗਤ ਨਿਰੰਤਰਾ । ਪ੍ਰਭ ਤੇਜ ਵਖਾਏ ਜਗਤ ਜਲਾਏ ਜਿਉਂ ਦੀਪਕ ਜੋਤ ਜਗੰਤਰਾ । ਬੇਮੁਖ ਖਪਾਏ ਡੇਰ ਨਾ ਲਾਏ, ਪ੍ਰਭ ਅਬਿਨਾਸ਼ ਆਪ ਭਗਵੰਤਰਾ । ਜਨ ਭਗਤ ਤਰਾਏ, ਜਿਸ ਚਰਨੀਂ ਲਾਏ, ਸਾਧ ਸੰਗਤ ਸਿਰ ਹੱਥ ਰਖੰਤਰਾ । ਚਰਨ ਸੀਸ ਝੁਕਾਏ, ਨਾਮ ਨਿਧਾਨ ਗੁਰ ਦਰ ਤੇ ਪਾਏ, ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਸਰਬ ਵਰਤੰਤਰਾ । ਜੋਤ ਸਰੂਪ ਪ੍ਰਭ ਜਗ ਦਾਤਾ । ਕਲਜੁਗ ਵਿਰਲੇ ਗੁਰਸਿਖ ਪਛਾਤਾ । ਬੇਮੁਖ ਨਰਕ ਨਿਵਾਸ ਦੇ ਵਿਧਾਤਾ । ਮਹਾਰਾਜ ਸ਼ੇਰ ਸਿੰਘ ਕਲਜੁਗ ਮਿਲਿਆ, ਗੁਰਸਿਖਾਂ ਜਗ ਜੀਵਨ ਦਾਤਾ । ਜੁਗੋ ਜੁਗ ਪ੍ਰਭ ਜਗਤ ਅਵਤਰਿਆ । ਸਤਿਜੁਗ ਸਤਿ ਹੋਏ ਮਿਹਰਵਾਨ ਹਰਿ ਹਰਿਆ । ਤ੍ਰੇਤਾ ਜੋਤ ਆਧਾਰ ਆਪ ਰਮਰਿਆ । ਦੁਆਪਰ ਪਰਕਾਸ਼ ਪ੍ਰਭ ਕ੍ਰਿਸ਼ਨ ਮੁਰਰਿਆ । ਕਲਜੁਗ ਲੈ ਅਵਤਾਰ, ਸ਼ੇਰ ਸਿੰਘ ਨਾਉਂ ਪ੍ਰਭ ਧਰਿਆ । ਛੱਡ ਦੇਹ ਅਪਾਰ, ਜੋਤ ਸਰੂਪ ਹੋ ਪ੍ਰਭ ਜਗਤ ਸਭ ਵਰਿਆ । ਪ੍ਰਭ ਆਪ ਸਮਰਥ, ਕਲਜੁਗ ਅਗਨ ਚਲਾਇਆ ਰਥ, ਦੇਵੇ ਭੰਨ ਆਪ ਜੋ ਘੜਿਆ । ਬੇਮੁਖਾਂ ਪ੍ਰਭ ਪਾਏ ਨੱਥ, ਗੁਰਸਿਖਾਂ ਦੇਵੇ ਨਾਮ ਵੱਥ, ਕਲਜੁਗ ਤਰੇ ਦਰਸ ਜਿਨ ਕਰਿਆ । ਮਹਾਰਾਜ ਸ਼ੇਰ ਸਿੰਘ ਆਪ ਸਮਰਥ, ਜਿਸ ਦੀ ਮਹਿੰਮਾ ਕਥਨਾ ਅਕੱਥ, ਕਰ ਦਰਸ ਪ੍ਰਭ ਆਸਾ ਵਰਿਆ । ਗੁਰਚਰਨ ਆਸ ਜੋ ਜਨ ਲਗਾਵੇ । ਗੁਰਚਰਨ ਪਿਆਸ ਜੀਵ ਰਿਦੇ ਸਮਾਵੇ । ਹਰਿ ਹਰਿ ਹਰਿ ਹਰਿ ਆਤਮ ਰਸਨ ਅਘਾਵੇ । ਹਰਿ ਜੂ ਬੱਧਾ ਗੁਰਸਿਖ ਘਰ ਚਲ ਆਵੇ । ਬੇਮੁਖ ਕੋਈ ਠੌਹਰ ਨਾ ਪਾਵੇ । ਕਰ ਦਰਸ ਗੁਰਸਿਖ ਮਨ ਬਿਗਸਾਵੇ । ਦੇ ਦਰਸ ਪ੍ਰਭ ਦੇਵੇ ਤਾਰ, ਕਲਜੁਗ ਆਣ ਪੈਜ ਰਖਾਵੇ । ਅੰਤ ਕਾਲ ਨਾ ਹੋਏ ਖੁਆਰ । ਜੋਤ ਸਰੂਪ ਪ੍ਰਭ ਦਰਸ ਦਿਖਾਵੇ । ਗੁਰਸਿਖ ਹੋਵੇ ਸਚ ਘਰ ਵਾਸ, ਜੋਤ ਸਰੂਪ ਵਿਚ ਜੋਤ ਮਿਲਾਵੇ । ਭਗਤ ਜਨਾਂ ਪ੍ਰਭ ਦਾਸਨ ਦਾਸ, ਬਾਂਹੋਂ ਪਕੜ ਧਾਮ ਬੈਕੁੰਠ ਪੁਚਾਵੇ । ਗੁਰਚਰਨ ਲਾਗ ਹੋਵੇ ਰਹਿਰਾਸ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ । ਕਰ ਦਰਸ਼ਨ ਹੋਏ ਆਤਮ ਚਾਨਣਾ । ਹਰਿ ਰੰਗ ਹਰਿ ਦਰ ਗੁਰਸਿਖਾਂ ਮਾਨਣਾ । ਮਨ ਉਮੰਗ ਦੇ ਦਰਸ ਪ੍ਰਭ ਰੰਗ ਸੋਹੰ ਸ਼ਬਦ ਦੇਵੇ ਦਾਨਣਾ । ਕਲਜੁਗ ਪਰਗਟਿਓ ਲੈ ਅਵਤਾਰ, ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨਣਾ । ਵਿਸ਼ਨੂੰ ਭਗਵਾਨ ਜੋਤ ਨਿਰੰਕਾਰੀ । ਗੁਰਸਿਖ ਪੈਜ ਪ੍ਰਭ ਆਣ ਸਵਾਰੀ । ਦੇਵੇ ਦਰਸ ਘਰ ਆਏ ਸਚ ਸ਼ਾਹੋ ਦਰਬਾਰੀ । ਕਲਜੁਗ ਪਾਇਆ ਮਾਣ, ਜਿਨ ਮਿਲਿਆ ਮਹਾਰਾਜ ਸ਼ੇਰ ਸਿੰਘ ਆਪ ਨਿਰੰਕਾਰੀ । ਪਰਗਟ ਭਇਆ ਕਲਜੁਗ ਨਿਰੰਕਾਰਾ । ਗੁਰਸਿਖਾਂ ਪ੍ਰਭ ਦਰਸ ਅਪਾਰਾ । ਸਤਿਜੁਗ ਚਲੇ ਸੋਹੰ ਸ਼ਬਦ ਨਿਆਰਾ । ਮਹਾਰਾਜ ਸ਼ੇਰ ਸਿੰਘ ਦੇਹ ਤਜਾਈ, ਨਿਹਕਲੰਕ ਹੋ ਕਰੇ ਜਗਤ ਵਰਤਾਰਾ । ਸਤਿਗੁਰ ਤੇਗ ਚਲਾਈ, ਸਭ ਸ੍ਰਿਸ਼ਟ ਪ੍ਰਭ ਆਪ ਭੁਲਾਈ । ਕੁੰਟ ਚਾਰ ਹਾਹਾਕਾਰ ਮਚ ਜਾਈ । ਬਚਨ ਅਮੋਲ ਨਾ ਬਿਰਥਾ ਜਾਈ । ਨਿਹਕਲੰਕ ਹੋ ਪ੍ਰਭ ਦੇ ਖਪਾਈ । ਬੇਮੁਖਾਂ ਲਾਏ ਬਾਣ, ਪ੍ਰਭ ਦੀ ਜੋਤ ਨਾ ਨਜ਼ਰੀ ਆਈ । ਮਹਾਰਾਜ ਸ਼ੇਰ ਸਿੰਘ ਅਛਲ ਛਲ, ਛੱਡ ਦੇਹ ਜੋਤ ਪਰਗਟਾਈ । ਪ੍ਰਭ ਕਾ ਕੋਏ ਭੇਦ ਨਾ ਜਾਣੇ । ਆਦਿ ਅੰਤ ਨਾ ਕੋਏ ਪਛਾਣੇ । ਸੋਹੰ ਸ਼ਬਦ ਜਗਤ ਪ੍ਰਭ ਲਾਇਆ ਬਾਣੇ । ਸ੍ਰਿਸ਼ਟ ਭੁੱਜੇ ਜਿਉਂ ਭੁੱਜੇ ਭਠਿਆਲੇ ਦਾਣੇ । ਮਦਿ ਮਾਸੀ ਪ੍ਰਭ ਲਾਏ ਠਿਕਾਣੇ । ਕਰ ਦਰਸ ਅਪਾਰ, ਕਲਜੁਗ ਗੁਰਸਿਖ ਤਰ ਜਾਣੇ । ਜੋਤ ਸਰੂਪ ਕਰ ਆਕਾਰ, ਭਗਤ ਜਨਾਂ ਹਰਿ ਦਰਸ ਦਿਖਾਣੇ । ਨਿਹਕਲੰਕ ਲੈ ਅਵਤਾਰ, ਤਖ਼ਤੋਂ ਲਾਹੇ ਰਾਜੇ ਰਾਣੇ । ਸੋਹੰ ਸ਼ਬਦ ਜਗਤ ਵਰਤਾਰ, ਰਾਓ ਰੰਕ ਕਰੇ ਪ੍ਰਭ ਏਕ ਸਮਾਣੇ । ਮਦਿ ਮਾਸ ਜੋ ਕਰੇ ਆਹਾਰ, ਕਲਜੁਗ ਜੀਵ ਪ੍ਰਭ ਅੰਤ ਖਪਾਣੇ । ਧੰਨ ਧੰਨ ਧੰਨ ਗੁਰਸਿਖ ਜਿਨ ਗੁਰਚਰਨ ਪਿਆਰ, ਹੋਏ ਨਿਮਾਣੇ ਚਲੇ ਗੁਰ ਕੇ ਭਾਣੇ । ਮਹਾਰਾਜ ਸ਼ੇਰ ਸਿੰਘ ਭਗਤ ਭੰਡਾਰ, ਦੇ ਦਰਸ ਕਰ ਦੇਵੇ ਪਾਰ, ਭਗਤ ਜਨਾਂ ਸਦ ਵਿਚ ਸਮਾਣੇ । ਕਰ ਕਿਰਪਾ ਪ੍ਰਭ ਅੰਮ੍ਰਿਤ ਬਰਖੇ, ਗੁਰਸਿਖਾਂ ਦੇ ਮੁਖ ਚਵਾਵੇ । ਸੋਹੰ ਸ਼ਬਦ ਦੇ ਗਿਆਨ, ਹਉਮੇ ਮਮਤਾ ਰੋਗ ਗਵਾਵੇ । ਦੇਵੇ ਦਰਸ ਆਪ ਪ੍ਰਭ ਦਾਨ, ਖੰਡ ਬ੍ਰਹਿਮੰਡ ਸਦ ਵਿਚ ਸਮਾਵੇ । ਗੁਣਵੰਤ ਆਪ ਨਰਾਇਣ, ਗੁਰਸਿਖ ਜੋਤ ਵਿਚ ਲਲਾਟ ਜਗਾਵੇ । ਥਾਨ ਸੁਹਾਏ ਪ੍ਰਭ ਜੋਤ ਪਰਗਟਾਏ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ । ਸਤਿਗੁਰ ਦੇਵੇ ਅੰਮ੍ਰਿਤ ਹਰਿ ਭਗਤ ਭੰਡਾਰ । ਅੰਤਕਾਲ ਮਿਲੇ ਗੁਰਸਿਖਾਂ ਗੁਰਚਰਨ ਦਵਾਰ । ਕਲਜੁਗ ਮਿਲੇ ਤਿਨ੍ਹਾਂ ਵਡਿਆਈ, ਜਿਨ੍ਹਾਂ ਮਿਲੇ ਪ੍ਰਭ ਸਚ ਭਤਾਰਾ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ ਮੱਚੇ ਸ੍ਰਿਸ਼ਟ ਦੁਹਾਈ, ਚਾਰ ਕੁੰਟ ਹੋਵੇ ਧੁੰਦੂਕਾਰਾ । ਸਭਨਾ ਦਾ ਮਾਣ ਗਵਾਈ, ਸੋਹੰ ਸ਼ਬਦ ਮਿਲੇ ਵਡਿਆਈ, ਸਤਿਜੁਗ ਲਾਏ ਆਪ ਨਿਰੰਕਾਰਾ । ਅੰਤਕਾਲ ਕਲ ਆਪ ਖਪਾਏ । ਨਿਰਹਾਰੀ ਪ੍ਰਭ ਜੋਤ ਸਰੂਪ ਹੋ ਆਏ । ਕਲਜੁਗ ਲੈ ਅਵਤਾਰ, ਘਨਕਪੁਰੀ ਪ੍ਰਭ ਭਾਗ ਲਗਾਏ । ਜਾਮਾ ਲਿਆ ਧਾਰ ਜਗ ਆਇਆ ਦੁਸ਼ਟ ਸੰਘਾਰ, ਮਹਾਰਾਜ ਸ਼ੇਰ ਸਿੰਘ ਨਾਮ ਰਖਾਏ । ਛੱਡੀ ਦੇਹ ਆਪ ਗਿਰਧਾਰ, ਜੋਤ ਸਰੂਪ ਜਗਤ ਵਰਤਾਰ, ਨਿਹਕਲੰਕ ਨਾ ਨਜ਼ਰੀ ਆਏ । ਈਸ਼ਰ ਜੋਤ ਸਰਬ ਪਰਕਾਸ਼, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼, ਧੰਨ ਧੰਨ ਧੰਨ ਗੁਰਸਿਖ ਜਿਥੇ ਪ੍ਰਭ ਕਾ ਵਾਸ, ਬੇਮੁਖਾਂ ਪ੍ਰਭ ਨਜ਼ਰ ਨਾ ਆਏ । ਰਸਨਾ ਸਿਮਰੇ ਜੋ ਜਨ ਸਵਾਸ ਸਵਾਸ, ਸੋਹੰ ਸ਼ਬਦ ਮਿਲੇ ਗੁਣਤਾਸ, ਮਹਾਰਾਜ ਸ਼ੇਰ ਸਿੰਘ ਰਸਨ ਲਿਖਾਏ । ਸੋਹੰ ਸ਼ਬਦ ਲਿਖਾਏ ਗੁਰ ਪੂਰਾ । ਪ੍ਰਭ ਕਾ ਬਚਨ ਨਾ ਹੋਏ ਅਧੂਰਾ । ਸੋਹੰ ਸ਼ਬਦ ਤਨ ਗੁਰਸਿਖ ਸਰੂਰਾ । ਰਸਨਾ ਗਾਵੇ ਰਿਦੇ ਧਿਆਵੇ, ਕਲਜੁਗ ਮਿਲੇ ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ । ਪ੍ਰਭ ਕਾ ਰੂਪ ਅਗੰਮ, ਜੋਤ ਅਪਰ ਅਪਾਰਾ । ਪ੍ਰਭ ਕਾ ਰੂਪ ਅਗੰਮ, ਜੋਤ ਸਰੂਪ ਪ੍ਰਭ ਜੁਗੋ ਜੁਗ ਲੈ ਅਵਤਾਰਾ । ਪ੍ਰਭ ਕਾ ਰੂਪ ਅਗੰਮ, ਜੋਤ ਸਰੂਪ ਜੀਵ ਜੰਤ ਆਤਮ ਦੇਹ ਜੋਤ ਕਰੇ ਉਜਿਆਰਾ । ਪ੍ਰਭ ਕਾ ਰੂਪ ਗੁਰਸਿਖ ਕਲਜੁਗ ਕਹੀਏ ਧੰਨ ਧੰਨ ਧੰਨ, ਜਿਨ੍ਹਾਂ ਮਿਲਿਆ ਮਹਾਰਾਜ ਸ਼ੇਰ ਸਿੰਘ ਪ੍ਰਭ ਕਰਤਾਰਾ । ਮਨੀ ਸਿੰਘ ਧੰਨ ਧੰਨ ਧੰਨ । ਉਨੀਂ

ਸੌ ਉਨੱਤਰ ਬਿਕ੍ਰਮੀ ਦਸ ਚੇਤ ਗੁਰ ਘਰ ਜਿਨ ਲਈ ਸ਼ਰਨ । ਲਿਆ ਸ਼ਬਦ ਆਪ ਦਰ ਜਾ ਕੇ, ਦੇਵੇ ਪ੍ਰਭ ਦਾਨ ਤਾਰੇ ਭਗਤ ਜਨ । ਹੋਈ ਧੁੰਨਕਾਰ ਸ਼ਬਦ ਗੁੰਜਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ਼ਬਦ ਲਿਆ ਮੰਨ । ਦਸ ਚੇਤ ਪਿੰਡ ਭੰਡਾਲ । ਮਨੀ ਸਿੰਘ ਹੋਇਆ ਲਾਲ ਗੁਲਾਲ । ਹਿਰਦੇ ਵਸਿਆ ਪ੍ਰਭ ਆਪ ਗੋਪਾਲ । ਦੀਨਾਂ ਨਾਥ ਸੰਤਨ ਕਿਰਪਾਲ । ਮਹਾਰਾਜ ਸ਼ੇਰ ਸਿੰਘ ਭਗਤ ਵਿਸ਼ਾਲ । ਐਸੀ ਸ਼ਬਦ ਪ੍ਰਭ ਜੋਤ ਜਗਾਈ । ਮਨੀ ਸਿੰਘ ਪ੍ਰਭ ਸੋਝੀ ਪਾਈ । ਕਰ ਨਿਮਸਕਾਰ ਪ੍ਰਭ ਜੋਤ ਵਿਚ ਜੋਤ ਮਿਲਾਈ । ਸੋਹੰ ਸ਼ਬਦ ਉਚਾਰ, ਚਾਰ ਕੁੰਟ ਮਹਾਰਾਜ ਸ਼ੇਰ ਸਿੰਘ ਤੇਰੀ ਹੋਈ ਦੁਹਾਈ । ਕਲਜੁਗ ਪਰਗਟਿਆ ਨਰ ਨਰਾਇਣ ਸ਼ੇਰ ਸਿੰਘ ਅਵਤਾਰ । ਸ਼ਬਦ ਚਲਾਵੇ ਮਨੀ ਸਿੰਘ ਜੋਤ ਜਗਾਵੇ ਪ੍ਰਭ ਅਪਰ ਅਪਾਰ । ਲਿਖਤ ਕਰਾਵੇ ਆਪਣਾ ਆਪ ਛੁਪਾਵੇ, ਐਸੀ ਖੇਲ ਕਰੇ ਅਪਾਰ । ਮਨੀ ਸਿੰਘ ਮਾਣ ਦਿਵਾਵੇ, ਬਚਨ ਸਤਿ ਕਰਾਵੇ ਜੋਤ ਸਰੂਪ ਦੇ ਕਰਤਾਰ । ਮਨੀ ਸਿੰਘ ਪ੍ਰਭ ਬਚਨ ਲਿਖਾਇਆ । ਸਾਲ ਅਠਤੀਵੇਂ ਪ੍ਰਭ ਪੂਰਾ ਕਰਾਇਆ । ਅੰਤਕਾਲ ਕਾਲ ਪ੍ਰਭ ਕਰਤਾ, ਕੱਲੂ ਕਾਲ ਆਪ ਖਪਾਇਆ । ਬਚਨ ਲਿਖਾਇਆ ਸਤਿ ਸਤਿ ਵਰਤਾਇਆ, ਦੋ ਹਜ਼ਾਰ ਸੱਤ ਬਿਕ੍ਰਮੀ ਪ੍ਰਭ ਅੰਤਮ ਖੇਲ ਰਚਾਇਆ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ, ਵਿਛੜਿਆਂ ਜਿਨ ਆਣ ਮਿਲਾਇਆ । ਗੁਰਪਰਸਾਦਿ ਗੁਰ ਦਰ ਸੂਝਿਆ । ਗੁਰਪਰਸਾਦਿ ਗੁਰ ਪੂਰਾ ਬੂਝਿਆ । ਗੁਰਪਰਸਾਦਿ ਗੁਰਸਿਖ ਗੁਰ ਦਰ ਝੂਜਿਆ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ ਸੋਹੰ ਦੇਵੇ ਦਾਨ ਰਸਨਾ ਗੁਰਸਿਖ ਲੂਝਿਆ ।

੨੩੧
੦੧

ਸੋਹੰ ਸ਼ਬਦ ਜਗਤ ਉਜਿਆਰਾ । ਸੋਹੰ ਸ਼ਬਦ ਹਰਿ ਦੇਵੇ ਭਗਤ ਭੰਡਾਰਾ । ਸੋਹੰ ਸ਼ਬਦ ਰੰਗ ਰਿਦੇ ਮੁਰਾਰਾ । ਸੋਹੰ ਸ਼ਬਦ ਕਰੇ ਪ੍ਰਭ ਜੋਤ ਚਮਤਕਾਰਾ । ਸੋਹੰ ਸ਼ਬਦ ਕਲ ਪਾਵੇ ਪੁਰਖ ਅਪਾਰਾ । ਸੋਹੰ ਸ਼ਬਦ ਸੱਚੇ ਸਿਉਂ ਮਿਲਾਵਣਹਾਰਾ । ਸੋਹੰ ਸ਼ਬਦ ਲਿਖਾਵੇ ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰਾ । ਸੋਹੰ ਸ਼ਬਦ ਦੇ ਵਡਿਆਈ, ਸਰਬ ਕੀਨੋ ਨਾਸਾ । ਸੋਹੰ ਸ਼ਬਦ ਪ੍ਰਭ ਜੋਤ ਜਗਾਈ, ਜੋਤ ਸਰੂਪ ਸਦ ਹੈ ਪਾਸਾ । ਸੋਹੰ ਸ਼ਬਦ ਦੀਪਕ ਦੇਹ ਜਗਾਈ, ਈਸ਼ਰ ਜੋਤ ਦੇਹ ਵਿਚ ਵਾਸਾ । ਮਹਾਰਾਜ ਸ਼ੇਰ ਸਿੰਘ ਰਸਨਾ ਸਿੱਖ ਗਾਈ, ਅੰਤਕਾਲ ਨਾ ਹੋਏ ਨਿਰਾਸਾ ।

❊ ੨੩ ਫੱਗਣ ੨੦੦੭ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ❊

ਕਲਜੁਗ ਪਰਗਟਿਓ ਜੋਤ ਸਰੂਪ ਜੋਤ ਆਕਾਰੀ । ਜੋਤ ਸਰੂਪ ਸਰਬ ਪ੍ਰਭ ਭੂਪ, ਜੋਤ ਜਗਤ ਲਾਏ ਚਿੰਗਾਰੀ । ਮਹਿੰਮਾ ਅਨੂਪ ਸਾਚਾ ਪ੍ਰਭ ਸਚ ਸਰੂਪ, ਸ਼ਬਦ ਚਲਾਏ ਖੰਡਾ ਦੋ ਧਾਰੀ । ਦੁਸ਼ਟ ਖਪਾਏ ਜੋਤ ਨਿਰੰਜਣ, ਹਰੀਜਨਾਂ ਪ੍ਰਭ ਪੈਜ ਸਵਾਰੀ । ਸੋਹੰ ਸ਼ਬਦ ਬੇਮੁਖਾਂ ਖਾਵੇ ਜੋਤ ਜਮਦੂਤ ਦੂਰ ਕਰ ਗੁਰਸਿਖਾਂ ਪ੍ਰਭ ਪੈਜ ਸਵਾਰੀ । ਮਨਮੁਖ ਡੋਬੇ ਮਾਇਆ ਮਮਤਾ ਵਿਚ ਅੰਧ ਕੂਪ, ਗੁਰਸਿਖ ਰਸਨਾ ਰਾਮ ਮੁਰਾਰੀ । ਮਹਾਰਾਜ ਸ਼ੇਰ ਸਿੰਘ ਏਕ ਸਰੂਪ, ਏਕ ਜੋਤ ਜਗਤ ਕਰੇ ਖੁਆਰੀ । ਜੁਗ ਚੌਥਾ ਕਲ ਕੁਲਵੰਤਾ । ਕੁਕਰਮ ਕਰਮ ਰਿਦੇ ਪਰਗਟਾਵੇ ਪ੍ਰਭ ਭਗਵੰਤਾ । ਸ਼ਬਦ ਚਲਾਵੇ ਜਗਤ ਜਲਾਵੇ, ਸੋਹੰ ਸ਼ਬਦ ਕਹਿਰ ਵਰਤੰਤਾ । ਨਜ਼ਰ ਨਾ ਆਵੇ ਚਾਰ ਕੂਟ, ਚਾਰ ਦਿਸ਼ ਜੋਤ ਸਰੂਪ ਪ੍ਰਭ ਜੋਤ ਅਗਨ ਲਗਾਵੇ,

ਸਰਬ ਨਿਰੰਤਰ ਸਰਬ ਥਾਈਂ ਰਹੰਤਾ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਗੁਰਸਿਖਾਂ ਮਨ ਸਦਾ ਰਸੰਤਾ । ਸਰਬ ਨਿਵਾਸੀ ਸਰਬ ਘਟ ਵਸਿਆ । ਕਲਜੁਗ ਆਵੇ ਭੇਤ ਪ੍ਰਭ ਦੱਸਿਆ । ਬੇਮੁਖ ਦਰ ਤੇ ਵਾਂਗ ਸੁਆਨ ਹੈ ਨੱਸਿਆ । ਬੇਮੁਖ ਦਰ ਤੇ ਨਜ਼ਰ ਨਾ ਆਵੇ ਰਾਤ ਜੋਤ ਚਾਂਦ ਜਿਉਂ ਮੱਸਿਆ । ਗੁਰਸਿਖਾਂ ਸਦ ਸਦ ਬਲਿਹਾਰ, ਮਹਾਰਾਜ ਸ਼ੇਰ ਸਿੰਘ ਜਿਨ ਹਿਰਦੇ ਵਸਿਆ । ਹਿਰਦੇ ਵਸੇ ਪ੍ਰਭ ਕਿਰਪਾਲਾ । ਜਗਾਵੇ ਜੋਤ ਦੇਹ ਦੀਪਕ ਜਿਉਂ ਜੋਤ ਜਵਾਲਾ । ਗੁਰਸਿਖ ਵੱਡਾ, ਸੋਹੰ ਸ਼ਬਦ ਵਸੇ ਦੇਹ ਸੱਚੀ ਧਰਮਸਾਲਾ । ਮਹਾਰਾਜ ਸ਼ੇਰ ਸਿੰਘ ਰਿਦੇ ਧਿਆਇਆ, ਘਰ ਦਰ ਪਾਇਆ ਪ੍ਰਭ ਗੋਪਾਲਾ । ਪ੍ਰਭ ਪਾਇਆ ਪ੍ਰਭ ਦਰ ਆ ਕੇ । ਰੋਗ ਗਵਾਇਆ ਨੈਣ ਦਰਸਾ ਕੇ । ਰਿਦੇ ਵਸਾਇਆ ਰਸਨਾ ਗਾ ਕੇ । ਮਹਾਰਾਜ ਸ਼ੇਰ ਸਿੰਘ ਪਰਗਟੇ ਸਾਧ ਸੰਗਤ ਵਿਚ ਆ ਕੇ । ਸਾਧ ਸੰਗਤ ਵਿਚ ਇਹ ਵਡਿਆਈ । ਪਰਗਟ ਕਰੇ ਜੋਤ ਰਘੁਰਾਈ । ਤੀਨ ਲੋਕ ਛੱਡ ਆਏ ਸਰਬ ਸੁਖਦਾਈ । ਹਾਹਾਕਾਰ ਹੋਏ ਜਗ ਅੰਦਰ, ਗੁਰਸਿਖ ਰਸਨਾ ਸੋਹੰ ਗਾਈ । ਦੁਰਾਚਾਰ ਪ੍ਰਭ ਨਰਕ ਨਿਵਾਸੇ, ਗੁਰਸਿਖ ਘਰ ਜੈ ਜੈ ਜੈਕਾਰ ਕਰਾਈ । ਸੱਚਾ ਸ਼ਾਹੋ ਸਚ ਸ਼ਾਬਾਸੇ, ਮਹਾਰਾਜ ਸ਼ੇਰ ਸਿੰਘ ਕਲ ਹੋਏ ਸਹਾਈ । ਹਰਿ ਹਰਿ ਪ੍ਰਭ ਆਇਆ ਹਰਿ ਨਿਰੰਕਾਰਾ । ਖੇਲ ਰਚਾਏ ਨਜ਼ਰ ਨਾ ਆਏ, ਕਰੇ ਖੁਆਰ ਸਰਬ ਸੰਸਾਰਾ । ਮਿਟ ਨਾ ਜਾਏ ਸਰਬ ਰਹਾਏ, ਰੰਗ ਰਵੇ ਰੰਗ ਕਰਤਾਰਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਕਰੇ ਜੋਤ ਜਗਤ ਵਰਤਾਰਾ । ਜਗਤ ਜੋਤ ਜੋਤ ਜਲਾਵੇ । ਅੰਤਮ ਖੇਲ ਕਰੇ ਪ੍ਰਭ ਕਰਤਾ, ਚੰਡ ਪਰਚੰਡ ਜਗਤ ਜਲਾਵੇ । ਮਦਿ ਮਾਸੀ ਦੁੱਖ ਕਲਜੁਗ ਭਰਤਾ, ਅੰਤਕਾਲ ਪ੍ਰਭ ਨਜ਼ਰ ਨਾ ਆਵੇ । ਗੁਰਸਿਖ ਗੁਰਚਰਨ ਰਹਿਰਾਸ, ਕਰੇ ਦਰਸ ਜਮ ਡੰਡ ਨਾ ਖਾਵੇ । ਮਹਾਰਾਜ ਸ਼ੇਰ ਸਿੰਘ ਕਰੇ ਪਰਕਾਸ਼, ਜੋਤ ਸਰੂਪ ਵਿਚ ਜੋਤ ਮਿਲਾਵੇ । ਜੋਤ ਪ੍ਰਭ ਦੀ ਜਗਤ ਜਲੰਤਾ । ਕਰੇ ਖੇਲ ਪ੍ਰਭ ਭਗਵੰਤਾ । ਜਲ ਥਲ ਥਲ ਜਲ ਕਰੰਤਾ । ਮਹਾਰਾਜ ਸ਼ੇਰ ਸਿੰਘ ਸਰਬ ਥਾਏਂ ਰਹੰਤਾ । ਸਰਬ ਸ੍ਰਿਸ਼ਟ ਜੀਵ ਜੰਤ ਕਲਜੁਗ ਭਰਿਸ਼ਟ, ਗੁਰਸਿਖ ਉਜਲ ਸੋਹੰ ਸ਼ਬਦ ਰਸਨ ਰਸੰਤਾ । ਆਪ ਤਾਰੇ ਜਿਉਂ ਗੁਰ ਵਸ਼ਿਸ਼ਟ, ਦੇ ਵਡਿਆਈ ਸਾਧਨ ਸੰਤਾ । ਵਡਿਆਈ ਵੱਡੀ ਵਡ ਪ੍ਰਭ ਨਾਉਂ । ਗੁਰ ਦਰ ਆਈਏ ਪਾਈਏ ਦਰ ਘਰ ਠਾਉਂ । ਬੇਮੁਖਾਂ ਦਰ ਮਿਲੇ ਨਾ ਥਾਉਂ । ਭਗਤਨ ਤਾਰੇ ਪਕੜ ਬਾਂਹੋਂ । ਦੁਸ਼ਟ ਸੰਘਾਰੇ ਬਾਣ ਸਾਚਾ ਨਾਉਂ । ਨਾਮ ਬਾਣ ਜਗਤ ਸੰਘਾਰੇ । ਚੱਕਰ ਸੁਦਰਸ਼ਨ ਰਸਨਾ ਮਾਰੇ, ਪ੍ਰਭ ਜੋਤ ਜਲੰਤਾ । ਸਰਬ ਸ੍ਰਿਸ਼ਟ ਕਰੇ ਖੁਆਰ, ਜੀਵ ਜੰਤ ਮੁਖ ਮੋੜ ਭਗਵੰਤਾ । ਲੈ ਅਵਤਾਰ ਕਲ ਕਰ ਖੁਆਰ, ਗੁਰਮੁਖ ਤਾਰ ਮਹਾਰਾਜ ਸ਼ੇਰ ਸਿੰਘ ਸਤਿ ਸਤਿ ਸਤਿ ਵਰਤੰਤਾ । ਸਤਿ ਸਤਿ ਵਰਤਾਏ ਪ੍ਰਭ ਖੇਲ ਨਿਆਰਾ । ਕੋਏ ਨਾ ਮੇਟੇ ਪ੍ਰਭ ਖੇਲ ਅਪਾਰਾ । ਵਕ਼ਤ ਗਵਾਏ ਫਿਰ ਹੱਥ ਨਾ ਆਏ ਨਜ਼ਰ ਨਾ ਆਏ ਪ੍ਰਭ ਸਚ ਦਵਾਰਾ । ਜਿਨ ਸ਼ਰਨ ਲਗਾਏ ਸਿਰ ਹੱਥ ਟਿਕਾਏ, ਦੇਵੇ ਦਰਸ ਅਗੰਮ ਅਪਾਰਾ । ਜੋਤ ਜਗਾਏ ਆਤਮ ਗਿਆਨ ਦਿਵਾਏ ਸਤਿ ਸਤਿਗੁਰ ਦਵਾਰਾ । ਨੈਣ ਦਰਸਾਏ ਗੁਰਸਿਖ ਵਡ ਵਡਭਾਗੀ ਪਾਏ, ਮਹਾਰਾਜ ਸ਼ੇਰ ਸਿੰਘ ਚਰਨ ਸਹਾਰਾ । ਚਰਨ ਲਗਾਏ ਪ੍ਰਭ ਧਰਨੀ ਧਰ । ਪਰਗਟੇ ਜੋਤ ਗੁਰਸਿਖ ਘਰ । ਸਾਧ ਸੰਗਤ ਪਾਏ ਮਾਣ ਨਿਹਕਲੰਕ ਪ੍ਰਭ ਆਸਾ ਵਰ । ਸ਼ਬਦ ਚਲਾਏ ਮਹਾਰਾਜ ਸ਼ੇਰ ਸਿੰਘ ਸੋਹੰ ਖੋਲ੍ਹ ਦੇਵੇ ਪ੍ਰਭ ਦਸਵਾਂ ਦਰ । ਨਰ ਅਵਤਾਰ ਨਿਰੰਕਾਰ ਪ੍ਰਭ ਹੋਇਆ । ਕਲੂ ਕਾਲ ਗੁਰਦਰ ਤੇ ਰੋਇਆ । ਸਤਿਜੁਗ ਸਚ ਸਚ ਸ਼ਬਦ ਸੋਹੰ ਹੋਇਆ । ਮਹਾਰਾਜ ਸ਼ੇਰ ਸਿੰਘ ਖੇਲ ਰਚਾਏ ਨਾ ਜਾਣੇ ਕੋਇਆ । ਸਤਿਜੁਗ ਵਰਤੇ ਸੋਹੰ ਗਿਆਨਾ । ਸਤਿਜੁਗ

ਵਰਤੇ ਸੋਹੰ ਨਾਮ ਨਿਧਾਨਾ । ਸਤਿਜੁਗ ਵਰਤੇ ਦੁੱਖ ਭੰਜਨ ਨਾਉਂ ਪ੍ਰਭ ਸੁਜਾਨਾ । ਸਤਿਜੁਗ ਵਰਤਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਮਹਾਰਾਜ ਸ਼ੇਰ ਸਿੰਘ ਜੁਗ ਸਤਿ ਵਰਤਾਏ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਚਲਾਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਖਵਾਏ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਜਗਤ ਪਤਿ ਆਏ । ਮਹਾਰਾਜ ਸ਼ੇਰ ਸਿੰਘ ਨਿਮਾਣਿਆਂ ਦੇ ਮਾਣ, ਸਚ ਤਖ਼ਤ ਬਹਾਏ । ਮਹਾਰਾਜ ਸ਼ੇਰ ਸਿੰਘ ਗੁਣ ਨਿਧਾਨ ਚਾਰ ਵਰਨ ਜਿਸ ਇਕ ਕਰਾਏ । ਮਹਾਰਾਜ ਸ਼ੇਰ ਸਿੰਘ ਤੋੜੇ ਅਭਿਮਾਨ, ਰਾਓ ਰੰਕ ਇਕ ਹੋ ਜਾਏ । ਮਹਾਰਾਜ ਸ਼ੇਰ ਸਿੰਘ ਸਰਬ ਵਰਤਮਾਨ, ਜੀਵ ਜੰਤ ਦੇ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਸ਼ਬਦ ਨਿਰਬਾਣ, ਮਦਿ ਮਾਸੀ ਨਰਕ ਨਿਵਾਸ ਦਿਵਾਏ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸਚਖੰਡ ਵਸਾਏ । ਮਹਾਰਾਜ ਸ਼ੇਰ ਸਿੰਘ ਕਰ ਦਰਸ ਹੋਏ ਧਰਵਾਸ, ਜਨ ਸਿਮਰੇ ਪ੍ਰਭ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਸਤਿ ਸਤਿ ਸਤਿਜੁਗ ਪਰਕਾਸ਼, ਕਰ ਦਰਸ ਅਨੰਦ ਚਿਤ ਗੁਰਸਿਖ ਹੋ ਜਾਏ । ਮਹਾਰਾਜ ਸ਼ੇਰ ਸਿੰਘ ਜਪਾਏ ਸੋਹੰ ਸਵਾਸ ਸਤਿਜੁਗ ਸਾਚਾ ਸਚ ਵਰਤਾਏ । ਸਤਿ ਸਚ ਸਚ ਸਤਿ ਜੀਵ ਹਿਰਦੇ ਵਸੇ । ਸੋਹੰ ਸ਼ਬਦ ਗਿਆਨ ਗੁਰ ਦੱਸੇ । ਬੇਮੁਖ ਗੁਰ ਦਰ ਜਾਇਣ ਨੱਸੇ । ਗੁਰਸਿਖ ਪ੍ਰਭ ਹਿਰਦੇ ਵਸੇ । ਮਹਾਰਾਜ ਸ਼ੇਰ ਸਿੰਘ ਕਰੇ ਪਰਕਾਸ਼, ਜਗਤ ਜੋਤ ਜਿਉਂ ਰਵ ਸੱਸੇ । ਸਤਿਜੁਗ ਭਗਤ ਪ੍ਰਭ ਆਪ ਪਰਗਟਾਵੇ । ਜੋਤ ਸਰੂਪ ਪ੍ਰਭ ਨਜ਼ਰੀ ਆਵੇ । ਦਰਸ਼ਨ ਕਰ ਗੁਰਸਿਖ ਮਨ ਤ੍ਰਿਪਤਾਵੇ । ਹੋਏ ਅਲੋਪ ਪ੍ਰਭ ਨਜ਼ਰ ਨਾ ਆਵੇ । ਦੋਏ ਜੋੜ ਕਰੋ ਅਰਦਾਸ, ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ । ਗੁਰਸਿਖ ਪੁਕਾਰ ਗੁਰ ਦਰਬਾਰੇ । ਗੁਰਸਿਖ ਘਰ ਆਏ ਪ੍ਰਭ ਪੈਜ ਸਵਾਰੇ । ਨਿਹਕਲੰਕ ਕਿਰਪਾ ਧਰ ਚਰਨ ਲਾਏ ਪਾਰ ਉਤਾਰੇ । ਕਲਜੁਗ ਹਰਤਾ ਮਹਾਰਾਜ ਸ਼ੇਰ ਸਿੰਘ ਗੁਰਸਿਖ ਵਾਂਗ ਕਵਲ ਫੁੱਲ ਤਾਰੇ । ਜਗਤ ਤਿਆਗੀ ਗੁਰਸਿਖ ਵਡਭਾਗੀ । ਰਸਨਾ ਨਾਉਂ ਰਸਨ ਰਸਾਇਣ, ਪ੍ਰਭ ਦਰਸ ਪ੍ਰੀਤ ਮਨ ਲਾਗੀ । ਦਰ ਆਏ ਨਾ ਕੋਏ ਗੁਰਸਿਖ ਨਾ ਹੋਏ ਮਾਸੀ ਸ਼ਰਾਬੀ ।

੨੩੩
੦੧

❊ ੨੬ ਫੱਗਣ ੨੦੦੭ ਬਿਕ੍ਰਮੀ ਜੇਠੂਵਾਲ ❊

ਸਤਿਗੁਰ ਪਰਗਟਿਓ ਗਹਿਰ ਗੰਭੀਰ । ਕਲਜੁਗ ਮਾਰੇ ਸ਼ਬਦ ਪ੍ਰਭ ਤੀਰ । ਜਲ ਥਲ ਥਲ ਜਲ ਵਹਾਏ ਨੀਰ । ਪੂਤ ਮਾਤ ਛੁਡਾਏ ਸੀਰ । ਮਾਤ ਪਿਤਾ ਭੈਣ ਛੱਡੇ ਵੀਰ । ਭਾਣਾ ਕਲਜੁਗ ਸਤਿਗੁਰ ਵਰਤੇ ਪਏ ਜਗਤ ਵਹੀਰ । ਬਿਨ ਪ੍ਰਭ ਕੋਏ ਨਾ ਰੱਖੇ ਧੀਰ । ਗੁਰਚਰਨ ਲਾਗ ਆਤਮ ਸ਼ਾਂਤ ਹੋਏ ਸਰੀਰ । ਕਲਜੁਗ ਪਰਗਟਿਓ ਮਹਾਰਾਜ ਸ਼ੇਰ ਸਿੰਘ ਵਡ ਪੀਰਾਂ ਪੀਰ । ਵਡ ਪੀਰ ਅਹਿਮਦ ਔਲੀਏ ਅਗਿਆਸ ਮਾਰੇ । ਚਾਰ ਯਾਰਾਂ ਸੰਗ ਮੁਹੰਮਦ ਦਰ ਰਹੇ ਪੁਕਾਰੇ । ਚਾਰ ਚੱਕ ਚਲਾਇਆ ਸੋਹੰ ਖੰਡਾ ਦੋ ਧਾਰੇ । ਮਹਾਰਾਜ ਸ਼ੇਰ ਸਿੰਘ ਜਗਤ ਭੁਲਾਇਆ, ਦੇ ਦਰਸ ਗੁਰਸਿਖ ਤਾਰੇ । ਗੁਰਸਿਖਾਂ ਘਰ ਗੁਰ ਵਡਭਾਗਾ । ਸ੍ਰਿਸ਼ਟ ਸੁਲਾਈ ਗੁਰਸਿਖ ਜਾਗਾ । ਆਤਮ ਨਿਰਮਲ ਨਾ ਲਾਗੇ ਦਾਗ਼ਾ । ਮਹਾਰਾਜ ਸ਼ੇਰ ਸਿੰਘ ਪਰਗਟਿਓ ਚਰਨ ਨਾ ਆਵੇ ਕਲ ਜੀਵ ਅਭਾਗਾ । ਈਸ਼ਰ ਜੋਤ ਸਦ ਨੂਰ ਨੁਰਾਨੀ । ਸ਼ਬਦ ਬਾਣ ਗੁਰ ਲਾਏ ਨਾ ਕੋਏ ਰਹੇ ਕੁਰਾਨੀ । ਦੂਤ ਦੁਸ਼ਟ ਖਪਾਏ ਅੰਤ ਕਰਾਏ ਸਰਬ ਮੁਸਲਮਾਨੀ । ਅੰਜ਼ੀਲ ਅਜਰਾਈਲ ਕਰ ਈਸਾ ਮੂਸਾ ਕਲ ਆਵੇ ਹਾਨੀ । ਪਕੜ ਲਿਆਏ ਪ੍ਰਭ ਚਰਨ

ਜੋਤ ਭਗਤ ਭਵਾਨੀ । ਅਠ ਸਠ ਤੀਰਥ ਭਰਮ ਚੁਕਾਇਣ, ਪਰਗਟਿਆ ਮਹਾਰਾਜ ਸ਼ੇਰ ਸਿੰਘ ਜਗਤ ਨਿਹਕਾਮੀ । ਸਭਨ ਮਾਣ ਗਵਾਏ ਸੋਹੰ ਸ਼ਬਦ ਚਲਾਇਆ । ਸਰਬ ਸ੍ਰਿਸ਼ਟ ਨਿਵਾਏ, ਆਪਣਾ ਆਪ ਪ੍ਰਭ ਆਪ ਵਡਿਆਇਆ । ਦੁਸ਼ਟਾਂ ਦੇ ਖਪਾਏ, ਜਨ ਭਗਤ ਤਰਾਏ, ਦੇ ਗਿਆਨ ਨਾਮ ਜਪਾਇਆ । ਕੋਇ ਨਾ ਪਾਏ ਥਾਨ, ਬੇਮੁਖਾਂ ਪ੍ਰਭ ਧੱਕਾ ਲਾਇਆ । ਜਿਨ੍ਹਾਂ ਪ੍ਰਭ ਹੋਏ ਸਹਾਏ, ਅੰਤਕਾਲ ਚਰਨ ਮਿਲਾਇਆ । ਆਤਮ ਰੰਗ ਮਜੀਠ ਚੜ੍ਹਾਏ, ਗੁਰਸਿਖ ਪ੍ਰਭ ਦਰਸ਼ਨ ਪਾਇਆ । ਸਾਧ ਸੰਗਤ ਪ੍ਰਭ ਵਿਚ ਰਲਾਏ, ਜਨ ਚਰਨੀਂ ਆਏ ਜਿਸ ਸੀਸ ਝੁਕਾਇਆ । ਕਲਜੁਗ ਉਤਰੇ ਪਾਰ, ਸਤਿਜੁਗ ਸਾਚਾ ਤਖ਼ਤ ਰਚਾਇਆ । ਗੁਰਸਿਖਾਂ ਪ੍ਰਭ ਦੇ ਮਾਣ, ਸਚਖੰਡ ਜੋਤ ਸਰੂਪ ਬਹਾਇਆ । ਸਭ ਕਿਛ ਵਰਤੇ ਜਾਣੀ ਜਾਣ, ਬੇਮੁਖਾਂ ਭੇਤ ਨਾ ਪਾਇਆ । ਦੇਵੇ ਮਾਣ ਆਪ ਨਿਮਾਣਿਆਂ, ਪਰਗਟ ਹੋ ਸਿਰ ਹੱਥ ਟਿਕਾਇਆ । ਜਾਓ ਵਿਟਹੁ ਕੁਰਬਾਨ, ਜਿਨ੍ਹਾਂ ਸੋਹੰ ਨਾਮ ਧਿਆਇਆ । ਸੁਹਾਇਆ ਥਾਨ ਕਲਜੁਗ, ਜਿਥੇ ਮਹਾਰਾਜ ਸ਼ੇਰ ਸਿੰਘ ਆਸਣ ਲਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਤਿ ਵਡ ਭੂਪਾ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ ਜੋਤ ਸਰੂਪਾ । ਕਰੇ ਚਲਤ ਅਪਰ ਅਪਾਰ, ਮਹਿਮਾ ਪ੍ਰਭ ਅਚਲ ਅਨੂਪਾ । ਨਜ਼ਰ ਨਾ ਆਏ ਆਪ ਕਰਤਾਰ, ਜਿਤ ਰੇਖ ਰੰਗ ਨਾ ਕੋਇ ਰੂਪਾ । ਜੋਤ ਸਰੂਪ ਵਿਚ ਸਿੱਖ ਪਰਕਾਸ਼ਿਓ, ਸਦਾ ਅਨੰਦ ਚਿਤ ਪ੍ਰਭ ਸਵੱਛ ਸਰੂਪਾ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ ਤਾਰੇ ਸਿੱਖ ਵਿਚ ਕਲਜੁਗ ਅੰਧ ਕੂਪਾ । ਬੈਠਾ ਅਡੋਲ ਪ੍ਰਭ ਆਪ ਨਿਰਵੈਰ । ਜੋਤ ਸਰੂਪ ਜਲਾਵੇ ਹੋਏ ਜਗਤ ਵਿਚ ਕਹਿਰ । ਬੇਮੁਖ ਪਕੜ ਪਛਾੜੇ ਸੋਹੰ ਸ਼ਬਦ ਪ੍ਰਭ ਦੇਵੇ ਜਹਿਰ । ਗੁਰਸਿਖ ਤਾਰੇ ਆਪ ਦੁੱਖ ਹਰਤਾ, ਪੂਜੋ ਚਰਨ ਕਵਲ ਨਾ ਜਾਨੋ ਪੈਰ ।

੨੩੪
੦੧

❊ ੨੭ ਫੱਗਣ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ❊

ਸਤਿਗੁਰ ਪਰਗਟਿਓ ਰਾਜਨ ਰਾਜਾ । ਗੁਰਸਿਖ ਘਰ ਆਏ ਸਵਾਰਨ ਕਾਜਾ । ਅਨਹਦ ਸ਼ਬਦ ਵਜਾਏ ਵਾਜਾ । ਸ਼ਰਨ ਪੜੇ ਦੀ ਰਾਖੇ ਪ੍ਰਭ ਲਾਜਾ । ਮਹਾਰਾਜ ਸ਼ੇਰ ਸਿੰਘ ਪਰਗਟਿਆ ਸ੍ਰਿਸ਼ਟ ਜਿਨ ਸਾਜਨ ਸਾਜਾ । ਸ੍ਰਿਸ਼ਟ ਉਪਾਈ ਉਪਾਵਣਹਾਰੇ । ਜੀਵ ਜੰਤ ਵਿਚ ਜਲ ਥਲ ਥਾਰੇ । ਹਿਰਦੇ ਵਸੇ ਪ੍ਰਭ ਅਪਰ ਅਪਾਰੇ । ਆਤਮ ਜੋਤ ਵਿਚ ਦੇਹ ਨਿਆਰੇ । ਕਿਰਪਾ ਕਰ ਗੁਰਸਿਖ ਕਲਜੁਗ ਪ੍ਰਭ ਤਾਰੇ । ਬੇਮੁਖ ਡੋਬੇ ਵਿਚ ਮੰਝਧਾਰੇ । ਸ੍ਰਿਸ਼ਟ ਲਾਚਾਰ ਹੋਏ ਖੁਆਰ ਚਾਰ ਕੁੰਟ ਹੋਏ ਹਾਹਾਕਾਰ ਮਹਾਰਾਜ ਸ਼ੇਰ ਸਿੰਘ ਜੋਤ ਅਪਾਰ ਪਰਗਟੇ ਕਰਤਾਰੇ । ਗੁਰਸਿਖ ਸੋਹਨ ਗੁਰਚਰਨ ਦਵਾਰੇ । ਗੁਰਚਰਨ ਚਰਨ ਕਵਲ । ਨਿਮਸਕਾਰ ਨਿਮਸਕਾਰ ਨਿਮਸਕਾਰ ਕਰ ਖੁਲ੍ਹੇ ਕਵਲ । ਧੰਨ ਸੁਹਾਈ ਧੰਨ ਸੁਹਾਈ ਧੰਨ ਸੁਹਾਈ ਗੁਰਚਰਨ ਛੁਹੇ ਜਿਸ ਧਵਲ । ਗੁਰਸਿਖ ਵਡਿਆਈ ਗੁਰਸਿਖ ਵਡਿਆਈ ਗੁਰਸਿਖ ਵਡਿਆਈ ਅੰਮ੍ਰਿਤ ਬੂੰਦ ਵਸੇ ਜਿਸ ਕਵਲ । ਮਹਾਰਾਜ ਸ਼ੇਰ ਸਿੰਘ ਤੀਨ ਲੋਕ ਰਹਾਈ, ਪਾਤਾਲ ਆਕਾਸ਼ ਧਾਰ ਜੋਤ ਬੈਠਾ ਉਪਰ ਧਵਲ । ਜੋਤ ਸਰੂਪ ਹੋਵੇ ਦੇਹ ਨਿਆਰਾ । ਗੁਰਸਿਖ ਵਿਚ ਜੋਤ ਸਰੂਪ ਪਰਵੇਸ਼ਿਆ । ਕਲਜੁਗ ਚਲਤ ਕਰੇ ਅਪਾਰ, ਬਿਨ ਗੁਰਸਿਖ ਪ੍ਰਭ ਕਿੰਨੇ ਨਾ ਦੇਖਿਆ । ਗੁਰਸਿਖ ਨਿਉਂ ਚਰਨ ਵਿਚਾਰ, ਸੋਹੰ ਸ਼ਬਦ ਵਿਚ ਦੇਹ ਪਰਵੇਸ਼ਿਆ । ਮਾਨਸ ਜਨਮ ਕਲ ਗਏ ਸੁਧਾਰ, ਨਿਹਕਲੰਕ ਕਰ ਸਦਾ ਆਦੇਸਿਆ । ਮਹਾਰਾਜ ਸ਼ੇਰ ਸਿੰਘ ਜਿਸ ਨਾਉਂ ਉਚਾਰਾ । ਮਹਾਰਾਜ ਸ਼ੇਰ ਸਿੰਘ ਜਸ

ਨਾਉਂ ਨਿਹਕਲੰਕ ਨਰ ਨਰਾਇਣ ਜਗਤ ਖਪਾਉ ਹਾਹਾਕਾਰ ਮਚਾਇਣ । ਵਕ਼ਤ ਵਿਹਾਉ ਨਜ਼ਰ ਨਾ ਆਉ, ਭੂਲੀ ਸ੍ਰਿਸ਼ਟ ਪਾ ਵੈਣ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਉ, ਸੋਹੰ ਸ਼ਬਦ ਚਲਾਉ, ਚਰਨ ਲਗਾਉ ਵਾਲੀ ਹਿੰਦਵਾਇਣ । ਚਰਨ ਲਗਾਏ ਦਰਸ ਦਿਖਾਏ ਏਕਾ ਜੀਆ । ਸ੍ਰਿਸ਼ਟ ਚੁਕਾਏ ਰਸਨਾ ਸੋਹੰ ਸ਼ਬਦ ਚਲਾਏ ਐਸਾ ਦਾਨ ਗੁਰਸਿਖ ਪ੍ਰਭ ਦੀਆ । ਜੋਤ ਸਰੂਪ ਹੋ ਦਰਸ ਦਿਖਾਏ । ਜਮਨ ਕਿਨਾਰੇ ਸੁਖ ਆਸਣ ਸਿੰਘ ਨਜ਼ਰੀ ਆਏ । ਹਿੰਦ ਵਾਲੀ ਪ੍ਰਭ ਬਾਣ ਸ਼ਬਦ ਮਾਰੇ । ਕਰ ਦਰਸ ਚਰਨ ਧੂੜ ਹੋ ਜਾਵੇ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਸ਼ੇਰ ਪ੍ਰਭ ਹੋਏ ਜਾਮਾ ਕ੍ਰਿਸ਼ਨ ਦਰਸ ਦਿਖਾਵੇ । ਕਰ ਦਰਸ ਹੋਏ ਵੈਰਾਗੀ । ਵੱਜੇ ਬਾਣ ਸ਼ਬਦ ਹੋਵੇ ਤਖ਼ਤ ਤਿਆਗੀ । ਕਰ ਦਰਸ ਆਤਮਾ ਸੋਈ ਜਾਗੀ । ਕਰੇ ਦੁਹਾਈ ਕੋਈ ਮੇਲੇ ਪੁਰਖ ਵਡਭਾਗੀ । ਸ਼ਬਦ ਸੁਣਾਏ ਧੁਨ ਵਜਾਏ, ਮਹਾਰਾਜ ਸ਼ੇਰ ਸਿੰਘ ਸਦਾ ਅਨਰਾਗੀ । ਸ਼ਬਦ ਧੁਨ ਹਿਰਦਾ ਹੁਲਸਾਵੇ । ਜਾਂਹ ਜਾਂਹ ਦੇਖੇ ਤਹਾਂ ਤਹਾਂ ਨਜ਼ਰੀ ਆਵੇ । ਸ਼ਬਦ ਸਰੂਪੀ ਭੇਦ ਖੁਲ੍ਹਾਵੇ । ਕਬ ਰਾਮ ਕ੍ਰਿਸ਼ਨ ਕਬ ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ । ਨਿਹਕਲੰਕ ਆਪ ਅਪਰੰਪਰ, ਆਪਣਾ ਭੇਵ ਪ੍ਰਭ ਆਪ ਜਣਾਵੇ । ਹੋਵੇ ਵਡ ਰਾਜਾ ਜਿਸ ਸਚ ਸ਼ਾਹੋ ਪਛਾਤਾ । ਕਰਮ ਲੇਖ ਪ੍ਰਭ ਲਿਖੇ ਬਿਧਾਤਾ । ਕਲਜੁਗ ਪ੍ਰਗਟਿਓ ਜਗਤ ਪ੍ਰਭ ਦਾਤਾ । ਗੁਰਸਿਖ ਕੋਈ ਗੁਰਮੁਖ ਗਿਆਤਾ । ਦੁਨੀਆ ਛੋਡ ਸੰਗ ਗੁਰਚਰਨ ਨਾਤਾ । ਸ਼ਬਦ ਅਮੋੜ ਗੁਰ ਦਰ ਨਾ ਪਛਾਤਾ । ਬੰਦੀ ਤੋੜ ਪਰਗਟਿਆ ਸਰਬ ਰੰਗ ਰਾਤਾ । ਮਹਾਰਾਜ ਸ਼ੇਰ ਸਿੰਘ ਜਗਜੀਵਣ ਦਾਤਾ । ਜੋਤ ਸਰੂਪ ਜੋਤ ਆਕਾਰਾ । ਪ੍ਰਭ ਵਡ ਭੂਪ ਜੋਤ ਕਰ ਕਰੇ ਪਸਾਰਾ । ਗੁਰਸੰਗਤ ਬੈਠ ਚਲਾਵੇ ਸ਼ਬਦ ਦੋ ਧਾਰਾ । ਬੇਮੁਖਾਂ ਪਕੜ ਪਛਾੜਾ । ਝੂਠੀ ਸ੍ਰਿਸ਼ਟ ਚਬਾਈ ਦਾੜ੍ਹਾ । ਸੋਹੰ ਨਾਮ ਰੰਗ ਗੁਰਸਿਖ ਚਾੜ੍ਹਾ । ਮਹਾਰਾਜ ਸ਼ੇਰ ਸਿੰਘ ਚਰਨ ਕਰ ਨਿਮਸਕਾਰਾ । ਪਾਪੀ ਲੰਘੇ ਪਾਪ ਪਹਾੜਾ । ਪਾਪੀ ਪਤਤ ਪਵਿਤ ਗੁਰਚਰਨ ਹੋਏ ਅਧੀਨ ਚਰਨ ਸੀਸ ਜਿਨ ਧਰਨਾ । ਅੰਤਕਾਲ ਬਖ਼ਸ਼ੇ ਸਦ ਬਖ਼ਸ਼ੀਸ਼, ਤੋੜੇ ਬੰਧ ਪ੍ਰਭ ਜੰਮਣਾ ਮਰਨਾ । ਮਹਾਰਾਜ ਸ਼ੇਰ ਸਿੰਘ ਸਵੱਛ ਸਰੂਪ, ਗੁਰਸਿਖ ਚਰਨ ਲਾਗ ਕਲਜੁਗ ਤਰਨਾ । ਕਲਜੁਗ ਕਰੇ ਜਗਤ ਅੰਧਿਆਰਾ, ਨਜ਼ਰ ਨਾ ਆਵੇ ਜਗਤ ਜੀਵ ਕਰੇ ਕਿਨਾਰਾ । ਜੀਵ ਬੁਲਾਏ ਨਜ਼ਰ ਨਾ ਆਏ, ਕਲਜੁਗ ਪਰਗਟਿਆ ਪ੍ਰਭ ਧਰਨੀ ਧਾਰਾ । ਸ਼ਬਦ ਲਿਖਾਏ ਰਾਓ ਰੰਕ ਬਣਾਏ, ਸਚਖੰਡ ਬੈਠਾ ਆਪ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਧੀਰ ਧਰਾਏ, ਸਤਿ ਸਤਿ ਸਤਿ ਵਰਤਾਏ, ਗੁਰ ਪੂਰਾ ਗੁਰਸਿਖ ਤਾਰਨਹਾਰਾ । ਸਤਿਗੁਰ ਸਾਚਾ ਸ਼ਾਹੋ, ਜਿਤ ਨਿਤ ਭਰੇ ਭੰਡਾਰਿਆ । ਸਤਿਗੁਰ ਸਾਚਾ ਸ਼ਾਹੋ, ਸ੍ਰਿਸ਼ਟ ਜੋਤ ਕਰੇ ਆਕਾਰਿਆ । ਸਤਿਗੁਰ ਸਾਚਾ ਸ਼ਾਹੋ, ਗੁਰਸਿਖਾਂ ਦੇਵੇ ਆਤਮ ਵਿਚਾਰਿਆ । ਸਤਿਗੁਰ ਸਾਚਾ ਸ਼ਾਹੋ, ਬੇਮੁਖਾਂ ਬਾਣ ਸੋਹੰ ਮਾਰਿਆ । ਸਤਿਗੁਰ ਸਾਚਾ ਸ਼ਾਹੋ, ਨਿਹਕਲੰਕ ਹੋਵੇ ਜਗ ਮਥੇ ਜਿਉਂ ਮਥਨ ਮਧਾਣਿਆਂ । ਮਹਾਰਾਜ ਸ਼ੇਰ ਸਿੰਘ ਅਗੰਮ ਅਥਾਹ ਸਤਿ ਵਰਤਾਵੇ, ਕਰੇ ਇਕ ਰੰਕਾਂ ਰਾਣਿਆਂ । ਏਕ ਜੋਤ ਇਕ ਪ੍ਰਭ ਕਾ ਰੂਪ । ਗੁਰਸਿਖ ਸਾਚਾ ਵਿਚ ਪ੍ਰਭ ਵਸੇ ਅਨੂਪ । ਬੇਮੁਖਾਂ ਨਜ਼ਰ ਨਾ ਆਵੇ ਸਚ ਸ਼ਾਹੋ ਵਡ ਭੂਪ । ਮਹਾਰਾਜ ਸ਼ੇਰ ਸਿੰਘ ਬਾਂਹੋਂ ਪਕੜ ਤਰਾਏ, ਗੁਰਸਿਖ ਵਿਚ ਅੰਧ ਕੂਪ । ਅੰਧ ਕੂਪ ਜਗਤ ਅੰਧਿਆਰਾ । ਕਲ ਪਰਗਟਿਆ ਨਿਹਕਲੰਕ ਅਵਤਾਰਾ । ਗੁਰਸਿਖਾਂ ਪ੍ਰਭ ਭੈ ਭੰਜਨ ਆਤਮ ਦੇਵੇ ਜੋਤ ਆਧਾਰਾ । ਗੁਰਸਿਖ ਸਦਾ ਦਰ ਮੰਗਣ, ਦੇਵੇ ਦਰਸ ਪ੍ਰਭ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਤ੍ਰੈਲੋਕੀ ਨੰਦਨ, ਚਰਨ ਲਗਾਏ ਕਰ ਸਚ ਵਿਚਾਰਾ । ਆਤਮ ਵਿਚਾਰ ਪ੍ਰਭ ਕੀ ਸਾਚੀ । ਜੂਠੀ ਰਸਨਾ ਜਗਤ ਕੀ ਕਾਚੀ ।

ਭਗਤਾਂ ਨਰਾਇਣ ਰਿਦੇ ਨਾਉਂ ਵਸਾਚੀ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ ਗੁਰਸਿਖ ਅਭਿਲਾਸ਼ੀ । ਕਰ ਦਰਸ ਆਤਮ ਤ੍ਰਿਪਤਾਵੇ । ਕਰ ਦਰਸ ਝੂਠੀ ਕਾਇਆ ਵਾਂਗ ਚੰਦਨ ਮਹਿਕਾਵੇ । ਕਰ ਦਰਸ ਦੇਹ ਦੀਪਕ ਵਿਚ ਪ੍ਰਭ ਜੋਤ ਜਗਾਵੇ । ਕਰ ਦਰਸ ਜੋਤ ਸਰੂਪ ਪ੍ਰਭ ਦਰਸ਼ਨ ਪਾਵੇ । ਕਰ ਦਰਸ ਸੋਹੰ ਸ਼ਬਦ ਰਸਨਾ ਗਾਵੇ । ਕਰ ਦਰਸ ਹਉਮੇ ਮਮਤਾ ਰੋਗ ਗਵਾਵੇ । ਕਰ ਦਰਸ ਅੰਤਕਾਲ ਜਮ ਡੰਡ ਨਾ ਖਾਵੇ । ਕਰ ਦਰਸ ਪੁਰੀ ਸਚ ਗੁਰਸਿਖ ਰਹਿ ਜਾਵੇ । ਕਰ ਦਰਸ ਈਸ਼ਰ ਜੋਤ ਵਿਚ ਜੋਤ ਮਿਲ ਜਾਵੇ । ਕਰ ਦਰਸ ਹੋ ਵਿਸਮਾਦ ਵਿਸਮਾਦੇ ਵਿਸਮਾਦ ਸਮਾਵੇ । ਮਹਾਰਾਜ ਸ਼ੇਰ ਸਿੰਘ ਸ਼ਰਨ ਪੜੇ ਦੀ ਲਾਜ ਰਖਾਵੇ । ਰੱਖੇ ਲਾਜ ਪ੍ਰਭ ਭਗਵੰਤਾ । ਸੋਹੰ ਸ਼ਬਦ ਚਲਾਵੇ ਜਗਤ ਵਰਤੰਤਾ । ਕਰਨਹਾਰ ਸਮਰਥ ਪ੍ਰਭ ਵਸੇ ਸਰਬ ਜੀਵ ਜੰਤਾਂ । ਬੇਮੁਖਾਂ ਪਾਈ ਨੱਥ, ਰੱਖੇ ਲਾਜ ਸਰਬ ਸਾਧ ਸੰਤਾਂ । ਆਤਮ ਮਿਲੇ ਗੁਰ ਦਰ ਵੱਥ, ਸੋਹੰ ਸ਼ਬਦ ਰਤਨ ਰਤੰਤਾ । ਮਹਾਰਾਜ ਸ਼ੇਰ ਸਿੰਘ ਅਕਥਨਾ ਅਕੱਥ, ਜੋਤ ਜਗਤ ਵਰਤੰਤਾ । ਈਸ਼ਰ ਜੋਤ ਸਰਬ ਪਰਕਾਸ਼ੇ । ਜੀਵ ਜੰਤ ਸਰਬ ਜੋਤ ਭਰਵਾਸੇ । ਬਿਨ ਪ੍ਰਭ ਪੂਰਨ ਕਰੇ ਨਾ ਕੋਇ ਬੰਦ ਖੁਲਾਸੇ । ਆਪ ਅਤੀਤ ਪ੍ਰਭ ਭਗਵੰਤਾ । ਸ੍ਰਿਸ਼ਟ ਸਬਾਈ ਸਦਾ ਵਿਨਾਸੇ । ਜੋਤ ਸਰੂਪ ਆਪ ਰਘੁਰਾਈ । ਮਹਾਰਾਜ ਸ਼ੇਰ ਸਿੰਘ ਪ੍ਰਭ ਅਬਿਨਾਸ਼ੇ । ਪ੍ਰਭ ਅਬਿਨਾਸ਼ੀ ਪੂਰਾ ਪਾਇਆ । ਚਰਨ ਲਾਗ ਦੁਖ ਰੋਗ ਮਿਟਾਇਆ । ਧੰਨ ਧੰਨ ਗੁਰਸਿਖ ਭਾਗ, ਚਰਨ ਆਏ ਜਿਸ ਸੀਸ ਝੁਕਾਇਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਸਦਾ ਹੈ ਜਾਗ, ਕਲਜੁਗ ਪਰਗਟ ਜਗਤ ਸੁਲਾਇਆ ।

੨੩੬
੦੧

❋ ੨੬ ਫੱਗਣ ੨੦੦੭ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

ਪੁਰਖੇ ਹੋ ਜਿਸ ਦੇਵੇ ਉਤਮ ਨਿਗਮ ਵਿਚਾਰੇ । ਸੱਚੀ ਜੋਤ ਦਿਤੀ ਪ੍ਰਭ ਰੱਖ, ਜਿਥੋਂ ਖਿੱਚੀ ਆਪ ਕਰਤਾਰੇ । ਮਹਾਰਾਜ ਸ਼ੇਰ ਸਿੰਘ ਕਰੋ ਨਿਮਸਕਾਰ ਦੋਏ ਜੋੜ ਹੱਥ, ਖਾਲੀ ਭਰੇ ਜਿਸ ਫੇਰ ਭੰਡਾਰੇ । ਕਲਜੁਗ ਸੱਚਾ ਪ੍ਰਭ ਭੰਡਾਰੀ । ਸੋਹੰ ਦੇਵੇ ਜੀਵ ਨਾਮ ਖ਼ੁਮਾਰੀ । ਬੇਮੁਖਾਂ ਬਾਣ ਸੋਹੰ ਕਟਾਰੀ । ਮਹਾਰਾਜ ਸ਼ੇਰ ਸਿੰਘ ਸਰਨ ਪੜੇ ਦੀ ਪੈਜ ਸਵਾਰੀ । ਸ਼ਰਨ ਪੜੇ ਪ੍ਰਭ ਮਿਲਿਆ ਹਰਿ ਬੁਲਾ । ਦੇਵੇ ਬਖ਼ਸ਼ ਗੁਰਸਿਖ ਪ੍ਰਭ ਅਰ ਭੁਲਾ । ਚਾਰ ਕੁੰਟ ਪੈ ਜਾਵੇ ਪੰਜ ਜੇਠ ਕੁਰ ਬਲਾ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਟਾਰੇ ਸਰ ਬੁਲਾ । ਹੁਕਮ ਅਗੰਮ ਵਰਤੇ ਵਰਤਣਹਾਰਾ । ਸ਼ਬਦ ਚਲਾਏ ਜਗਤ ਖਪਾਏ ਕੋਈ ਨਾ ਮੇਟਣਹਾਰਾ । ਸਰਨ ਪੜੇ ਦੀ ਲਾਜ ਰਖਾਏ, ਗੁਰਸਿਖ ਮੋੜੇ ਵਿਚ ਪਰਿਵਾਰਾ । ਹੱਥੋ ਹੱਥ ਨਾ ਆਏ, ਨਾ ਦੀਸੇ ਜੋਤ ਨਿਰੰਕਾਰਾ । ਨਿਜ ਘਰ ਆ ਵਸੇ ਪ੍ਰਭ ਪਰਮੇਸ਼ਰ, ਅੰਮ੍ਰਿਤ ਬਰਖੇ ਜਿਉਂ ਜਲ ਧਾਰਾ । ਮਹਾਰਾਜ ਸ਼ੇਰ ਸਿੰਘ ਆਪ ਵਰਭੰਡਨ, ਦੇਵੇ ਦਾਨ ਗੁਰਸਿਖ ਜੋਤ ਅਪਾਰਾ । ਦੇਹ ਜੋਤ ਪ੍ਰਭ ਮੇਲ ਕਰਾ ਕੇ । ਆਪ ਚਲਿਆ ਭੇਸ ਵਟਾ ਕੇ । ਨਜ਼ਰ ਨਾ ਆਵੇ ਜੋਤੀ ਜੋਤ ਜੋਤ ਜੋਤ ਜੋਤ ਵਿਚ ਲਲਾਟ ਜਗਾ ਕੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਗੁਰਸਿਖ ਚਲਿਆ ਸਾਧ ਸੰਗਤ ਦੀ ਝੋਲੀ ਪਾ ਕੇ । ਸਾਧ ਸੰਗਤ ਪ੍ਰਭ ਸਦਾ ਅਨੰਦ । ਸਾਧ ਸੰਗਤ ਪਰਗਟਾਵੇ ਸਿੱਖ ਪੂਰਨ ਚੰਦ । ਸਾਧ ਸੰਗਤ ਤ੍ਰਿਪਤਾਵੇ ਆਤਮ ਅਗਨ ਹੋਈ ਮੰਦ । ਚਰਨ ਲਾਗ ਜੀਉ ਭੁੱਲ ਬਖ਼ਸ਼ਾਵੇ, ਮਹਾਰਾਜ ਸ਼ੇਰ ਸਿੰਘ ਤੋੜੇ ਬੰਦੀ ਬੰਦ । ਮੇਰਾ ਰੂਪ ਅਗੰਮ, ਕਰੇ ਚਵਰ ਸਰਨ ਪਵਣ ਉਨੰਜਾ । ਮੇਰਾ ਰੂਪ ਅਗੰਮ, ਕਲਜੁਗ ਦੇਹ ਰਖਾਈ ਸਾਲ ਬਵੰਜਾ ।

ਮੇਰਾ ਰੂਪ ਅਗੰਮ, ਰੱਖੇ ਪਤ ਨੈਣ ਮੁਧਾਰੀ, ਜਗਤ ਗੁਰ ਆਇਆ । ਬਾਸ਼ਕ ਸੇਜ ਜਿਸ ਤਖ਼ਤ ਰਚਾਇਆ । ਲਛਮੀ ਝੱਸੇ ਚਰਨ, ਪ੍ਰਭ ਪਾਈ ਮਾਇਆ । ਮਨ ਕਰੇ ਹੰਕਾਰ, ਦੇਹ ਸੁਖ ਮੈਂ ਪ੍ਰਭ ਸੁਲਾਇਆ । ਈਸ਼ਰ ਸਦਾ ਹੈ ਜਾਗ, ਵਿਚ ਆਲਸ ਨਾ ਕਦੇ ਆਇਆ । ਕਲਜੁਗ ਆਇਆ ਕਰ ਜੋਤ ਪਰਕਾਸ਼, ਘਨਕਪੁਰੀ ਪ੍ਰਭ ਭਾਗ ਲਗਾਇਆ । ਮਨੀ ਸਿੰਘ ਹੋਏ ਸ਼ਾਬਾਸ਼, ਸਤਿਗੁਰ ਪੂਰਾ ਜਿਨ ਪਰਗਟਾਇਆ । ਸਾਧ ਸੰਗਤ ਦੇ ਧਰਵਾਸ, ਗੁਰ ਚਰਨ ਆਏ ਜਿਸ ਸੀਸ ਝੁਕਾਇਆ । ਕਲਜੁਗ ਉਜਲ ਜਿਉਂ ਚੰਦਨ ਪਰਭਾਸ, ਗੁਰਸਿਖ ਨਾਉਂ ਮਨੀ ਸਿੰਘ ਸੁਣਾਇਆ । ਲਾਗ ਚਰਨ ਪਰਗਟੇ ਮਹਾਰਾਜ ਸ਼ੇਰ ਸਿੰਘ ਜਾਮਾ ਧਾਰ ਆਪਣਾ ਆਪ ਛੁਪਾਇਆ । ਬੇਮੁਖਾਂ ਤੋਂ ਪ੍ਰਭ ਮੁਖ ਛੁਪਾ ਕੇ । ਰਚਨਾ ਰਚੀ ਜਗਤ ਵਿਚ ਆ ਕੇ । ਅਗੰਮ ਅਗੋਚਰ ਪ੍ਰਭ ਬੈਠਾ ਆਸਣ ਲਾ ਕੇ । ਮਹਾਰਾਜ ਸ਼ੇਰ ਸਿੰਘ ਜੁਗ ਚੌਥੇ ਆਇਆ, ਨਿਹਕਲੰਕ ਜੋਤ ਪਰਗਟਾ ਕੇ । ਜੋਤ ਪਰਗਟਾਏ ਜੋਤ ਨਿਰੰਜਣ, ਨਰ ਨਰਾਇਣ ਆਪਣਾ ਆਪ ਛੁਪਾਏ । ਸ੍ਰਿਸ਼ਟ ਭਰਿਸ਼ਟ ਗੁਰਸਿਖਾਂ ਦੇ ਸਾਚੀ ਦ੍ਰਿਸ਼ਟ, ਸੋਹੰ ਨਾਮ ਜਪਾਏ । ਮਹਾਰਾਜ ਸ਼ੇਰ ਸਿੰਘ ਸੱਚਾ ਇਸ਼ਟ, ਜੁਗ ਚਾਰ ਆਪਣਾ ਤੇਜ ਵਖਾਏ । ਪ੍ਰਭ ਕਾ ਇਸ਼ਟ ਸਾਚਾ ਨੂਰ । ਪ੍ਰਭ ਪਾਵੇ ਜਿਉਂ ਭਗਤ ਵਸ਼ਿਸ਼ਟ, ਰਾਮ ਚੰਦ ਲੈ ਚਰਨ ਧੂੜ । ਗੁਰਸਿਖਾਂ ਮਨ ਸਾਚੀ ਦ੍ਰਿਸ਼ਟ, ਪਰਗਟਿਆ ਪ੍ਰਭ ਆਸਾ ਪੂਰ । ਮਹਾਰਾਜ ਸ਼ੇਰ ਸਿੰਘ ਨਿਜ ਘਰ ਵਸੇ, ਸਿੱਖ ਨਾ ਜਾਣੇ ਦੇਹ ਤੋਂ ਦੂਰ । ਗੁਰਸਿਖ ਦੇਹ ਪ੍ਰਭ ਕੀ ਜੋਤਾ । ਜੋ ਕਿਛ ਕਰੇ ਆਪ ਪ੍ਰਭ ਜਗਤ ਕੀ ਜੋਤਾ । ਥਾਨ ਨਿਥਾਵਿਆਂ ਮਨ ਮਨੋਤਾ । ਗੁਰਚਰਨ ਲਾਗ ਦੁਰਮਤ ਪਾਪ ਮਨ ਕਾ ਧੋਤਾ । ਸੋਹੰ ਸ਼ਬਦ ਮਿਲੇ ਵਡ ਗਿਆਨ, ਨਿਹਕਲੰਕ ਜੋਤ ਸਰੂਪ ਸਦਾ ਹੋਤਾ । ਵਡਮੁਲੜਾ ਜਗਤ ਪਰਨਾਓ, ਜਿਸ ਸਿਮਰਤ ਮਿਲੇ ਸਚ ਥਾਉਂ । ਪ੍ਰਭ ਪਰਮੇਸ਼ਵਰ ਜਗ ਚਰਨੀਂ ਪਾਓ । ਸਦਾ ਅਨੰਦ ਨਿਜ ਮਾਹਿ ਵਸਾਓ । ਝਿਰਨਾ ਝਿਰੇ ਨਿਝਰੋਂ, ਅੰਮ੍ਰਿਤ ਬੂੰਦ ਕਵਲ ਮੇਂ ਪਾਓ । ਹੋਏ ਨਿਜਾਨੰਦ ਮਨ ਤ੍ਰਿਪਾਸੇ, ਚਿੰਤਾ ਚਿਖਾ ਅਗਨ ਬੁਝਾਓ । ਕਰ ਵਿਚਾਰ ਜਾਉ ਘਰ ਸਾਚੇ, ਜਿਥੇ ਬੈਠਾ ਅਗੰਮ ਅਥਾਹੋ । ਹੁਕਮ ਜੋਤ ਜਗਤ ਸਭ ਨਾਚੇ, ਮਹਾਰਾਜ ਸ਼ੇਰ ਸਿੰਘ ਮਿਲ ਸਾਚੇ ਲੇਖ ਲਿਖਾਓ । ਲਿਖਿਆ ਲੇਖ ਪ੍ਰਭ ਮੇਟਣਹਾਰਾ । ਡੁੱਬਦੇ ਦੇਵੇ ਤਾਰ, ਗੁਰਸਿਖ ਤਾਰਨਹਾਰਾ । ਜੀਆ ਦੇ ਆਧਾਰ, ਸੋਹੰ ਨਾਮ ਦੇ ਪਿਆਰਾ । ਜਨਮ ਜਾਏ ਸੁਧਾਰ, ਚਰਨ ਆਏ ਕਰੇ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਦੁੱਤਰ ਤਾਰ, ਅੰਮ੍ਰਿਤ ਦੇਵੇ ਭਗਤ ਭੰਡਾਰਾ ।

ਬਿਨ ਗੁਰ ਸਿੱਖ ਮੁਰਝਾਣਾ ਜਿਉ ਜਲ ਮੀਨਾ, ਨਜ਼ਰੀ ਨਜ਼ਰ ਨਿਹਾਲ ਕਰ ਰੰਗ ਰਾਤੇ ਰੰਗ ਫੇਰ ਲਗਾਇਆ । ਵਡ ਪੁਰਖ ਆਪ ਪ੍ਰਭ ਕਰਤਾ, ਸਾਚਾ ਨੇਂਹੁ ਸੰਗ ਗੁਰਸਿਖ ਲਾਇਆ । ਮਹਾਰਾਜ ਸ਼ੇਰ ਸਿੰਘ ਨਿਰਧਨ ਆਏ ਕਲਜੁਗ ਤਰਾਇਆ । ਕਲਜੁਗ ਆਇਆ ਪ੍ਰਭ ਇਕ ਰੰਗਾ । ਜਗਤ ਖਪਾਇਆ ਸ਼ਬਦ ਰੂਪ ਕਰਾਇਆ ਦੰਗਾ । ਝੂਠੀ ਦੇਹ ਜਗਤ ਭੰਨ ਵਖਾਇਆ, ਜਿਉਂ ਕਾਚੀ ਵੰਗਾ । ਮਹਾਰਾਜ ਸ਼ੇਰ ਸਿੰਘ ਸਿਰ ਛਤਰ ਝੁਲਾਇਆ, ਪਰਗਟੇ ਆਪ ਪ੍ਰਭ ਸੂਰਾ ਸਰਬੰਗਾ । ਸਰਬ ਵਡ ਦਾਤਾ, ਸਰਬ ਕਲਾ ਕਾ ਆਪ ਪਛਾਤਾ । ਦੇ ਦਰਸ ਕਰੇ ਆਪ ਪ੍ਰਭ ਗਿਆਨ ਗਿਆਤਾ । ਹਿਰਦੇ ਧਰੇ ਜੋਤ ਦੀਪਕ ਜੋਤ ਜਗਾਤਾ । ਬਿਨ ਸਿੱਖ ਬੂਝੇ ਨਾ ਕੋਈ ਹੋਰ, ਆਪਣਾ ਭੇਤ ਪ੍ਰਭ ਆਪ ਪਛਾਤਾ । ਮਹਾਰਾਜ ਸ਼ੇਰ ਸਿੰਘ ਨਾ ਲਾਏ ਦੇਰ, ਛਿਨ ਭੰਗਰ ਸਰਬ ਸੁਖ ਦਾਤਾ । ਆਦਿ ਅੰਤ ਸਦਾ ਸੁਖਦਾਈ । ਭਗਤ ਜਨਾਂ ਚਰਨ ਸੰਗ ਬਣ ਆਈ । ਪ੍ਰਭ ਪੂਰਾ ਸਮਰਥ ਅਕੱਥ,

ਰਸਨਾ ਮਹਿੰਮਾ ਕਥਨ ਨਾ ਜਾਈ । ਉਤਮ ਦੇ ਸੋਹੰ ਵੱਥ, ਸਾਚਾ ਸ਼ਬਦ ਗੁਰ ਘਰ ਰਾਹ ਦਿਖਾਈ । ਮਿਲੇ ਆਪ ਪ੍ਰਭ ਸਮਰਥ, ਭਾਉ ਭਰਮ ਦੇ ਸਿੱਖ ਚੁਕਾਈ । ਬੇਮੁਖਾਂ ਪਾਈ ਨੱਥ, ਚਾਰ ਕੁੰਟ ਪੈ ਜਾਏ ਦੁਹਾਈ । ਮਹਾਰਾਜ ਸ਼ੇਰ ਸਿੰਘ ਸੋਹੰ ਚਲਾ ਅਗਨ ਰਥ, ਦੁਸ਼ਟ ਦੁਰਾਚਾਰ ਨਿੰਦਕ ਦੇ ਖਪਾਈ । ਮਾਨਸ ਜਨਮ ਲੈ ਜਿਸ ਸਤਿਗੁਰ ਨਿੰਦਿਆ, ਸਤਿਜੁਗ ਪਾਰ ਪ੍ਰਭ ਕਰੇ ਅੱਗੇ ਚਲੇ ਜੀਵ ਨਾ ਬਿੰਦਿਆ । ਨਿਮਸਕਾਰ ਚਰਨ ਲਾਗ ਜੋ ਕਰੇ, ਪਾਵੇ ਫਲ ਜੋ ਮਨ ਚਿੰਦਿਆ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ ਬੇਮੁਖ ਖਪਾਵੇ, ਵਗਾਏ ਉਲਟੀ ਸਿੰਧਿਆ । ਪਰਗਟੇ ਆਪ ਪ੍ਰਭ ਦਹਿੰਦਾ । ਸਚਖੰਡ ਕਰੇ ਜੋ ਪ੍ਰਭ ਨਿੰਦਾ । ਬੇਮੁਖ ਹਰੇ ਆਪਣੀ ਬਿੰਦਾ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਚ ਸ਼ਬਦ ਲਿਖੰਦਾ । ਸਤਿਗੁਰ ਸਾਚਾ ਸ਼ਬਦ ਚਲਾਵੇ । ਗੁਰ ਘਰ ਕੋਈ ਨਿੰਦਕ ਰਹਿਣ ਨਾ ਪਾਵੇ । ਦਰ ਦਰ ਫਿਰੇ ਜੀਵ ਬਿਲਲਾਵੇ । ਬਿਨ ਗੁਰ ਪੂਰੇ ਕੌਣ ਪਾਰ ਲੰਘਾਵੇ । ਭੁੱਲੀ ਸ੍ਰਿਸ਼ਟ ਅੰਤ ਖੇਹ ਹੋ ਜਾਵੇ । ਦੇ ਦਰਸ ਅਪਾਰ, ਗੁਰਸਿਖਾਂ ਗੁਰ ਪਾਰ ਕਰਾਵੇ । ਕਲਜੁਗ ਨਾ ਆਵੇ ਹਾਰ, ਸਾਚਾ ਪ੍ਰਭ ਸਾਚਾ ਮਾਣ ਦਿਵਾਏ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਨਿਹਕਲੰਕ ਨਾਉਂ ਰਖਾਵੇ । ਜੋਤ ਸਰੂਪ ਅਵਤਾਰ ਜਗ ਧਰਿਆ । ਪਰਗਟ ਜੋਤ ਭੰਨੇ ਪ੍ਰਭ ਸੂਰਾ, ਭਾਂਡਾ ਦੇਹ ਜੋ ਪ੍ਰਭ ਘੜਿਆ । ਸਰਬ ਸਮਰਥ ਸਤਿਗੁਰ ਪੂਰਾ, ਕਲਜੁਗ ਆਏ ਜਗਤ ਜਿਸ ਵਰਿਆ । ਮਹਾਰਾਜ ਸ਼ੇਰ ਸਿੰਘ ਸਭ ਤੇਰੀ ਵੱਥ, ਜੋਤ ਸਰੂਪ ਜੋਤ ਵਿਚ ਜਗਤ ਦੇਹ ਧਰਿਆ । ਸਤਿਜੁਗ ਸਤਿ ਸਤਿ ਸਤਿ ਪ੍ਰਭ ਵਰਤੇ, ਸੋਹੰ ਸ਼ਬਦ ਚਲੇ ਅਪਾਰਾ । ਸਤਿਜੁਗ ਸਤਿ ਸਤਿ ਸਤਿ ਪ੍ਰਭ ਵਰਤੇ, ਜੀਵ ਹੋਏ ਨਾਮ ਅਧਾਰਾ । ਸਤਿਜੁਗ ਸਤਿ ਸਤਿ ਸਤਿ ਪ੍ਰਭ ਵਰਤੇ, ਹਿਰਦੇ ਵਰਤੇ ਸਰਬ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਸ਼ਬਦ ਸਾਚਾ ਰਥ, ਕਲਜੁਗ ਪਾਰ ਉਤਾਰਨਹਾਰਾ । ਕਲਜੁਗ ਪਾਰ ਉਤਾਰੇ, ਨਾਉਂ ਜਪਾ ਕੇ । ਰਸਨਾ ਸ਼ਬਦ ਉਚਾਰੇ, ਜਨ ਚਰਨ ਸੀਸ ਝੁਕਾ ਕੇ । ਦੇਵੇ ਦਰਸ ਆਪ ਕਰਤਾਰੇ, ਵਿਚੋਂ ਹਉਮੇ ਰੋਗ ਗਵਾ ਕੇ । ਮਹਾਰਾਜ ਸ਼ੇਰ ਸਿੰਘ ਜਗਤ ਲਲਕਾਰੇ, ਪਰਗਟ ਜੋਤ ਬੈਠਾ ਘਰ ਆ ਕੇ । ਗੁਰਮੁਖ ਹੋਏ ਪ੍ਰਭ ਸ਼ਬਦ ਅਧੀਨ । ਸ਼ਬਦ ਮਿਲਾਵੇ ਪ੍ਰਭ ਪਰਬੀਨ । ਨਿਜਾਨੰਦ ਰਸ ਚਵਾਵੇ, ਆਤਮ ਤ੍ਰਿਪਤਾਵੇ ਜਿਉਂ ਜਲ ਮੀਨ । ਮਹਾਰਾਜ ਸ਼ੇਰ ਸਿੰਘ ਚੁਰਾਸੀ ਗੇੜ ਕਟਾਵੇ, ਸਿੱਖ ਜੋਤ ਜੋਤ ਹੋਏ ਲੀਨ । ਵਸਤੂ ਜੋਤ ਜਗਤ ਅਪਾਰਾ । ਸਚਖੰਡ ਕਰੇ ਜੋਤ ਆਕਾਰਾ । ਬਿਨ ਬਾਤੀ ਬਿਨ ਤੇਲ ਹੋਏ ਸਰਬ ਉਜਿਆਰਾ । ਏਕ ਸਰੂਪ ਹੋਏ ਪ੍ਰਭ ਬੈਠਾ ਆਪ ਏਕੰਕਾਰਾ । ਮਹਾਰਾਜ ਸ਼ੇਰ ਸਿੰਘ ਚਰਨ ਦਵਾਰਾ । ਸਚਖੰਡ ਹੋਏ ਪ੍ਰਭ ਜੋਤ ਰੁਸ਼ਨਾਈ । ਪ੍ਰਭ ਜੋਤ ਸਰੂਪ ਜੋਤੀ ਜੋਤ ਪ੍ਰਭ ਸ੍ਰਿਸ਼ਟ ਉਪਾਈ । ਹਰਿ ਹਰਿ ਹਰਿ ਹਰਿਜੂ ਪ੍ਰਭ ਵਸਿਆ, ਜੋਤ ਸਰੂਪ ਦੀਪਕ ਸ੍ਰਿਸ਼ਟ ਜਗਾਈ । ਆਪਣਾ ਭੇਤ ਜੀਵ ਨਾ ਦੱਸਿਆ, ਵਿਚ ਦੇਹ ਪ੍ਰਭ ਬੈਠਾ ਮੁਖ ਛੁਪਾਈ । ਭਗਤ ਜਨਾਂ ਪ੍ਰਭ ਹਿਰਦੇ ਵਸਿਆ । ਰਸਨਾ ਗਾਏ ਮਹਾਰਾਜ ਸ਼ੇਰ ਸਿੰਘ ਨਜ਼ਰੀ ਆਏ, ਸਾਚਾ ਰਾਹ ਪ੍ਰਭ ਪੂਰੇ ਦੱਸਿਆ । ਸਾਚਾ ਮਾਰਗ ਸੋਹੰ ਨਾਉਂ, ਗੁਰ ਦਰ ਪਾਵੇ ਮਾਣ ਜਿਨ ਰਸਨਾ ਗਾਓ, ਦਰਗਾਹ ਹੋਵੇ ਪਰਵਾਨ ਜਿਨ ਰਿਦੇ ਵਸਿਆ । ਮਹਾਰਾਜ ਸ਼ੇਰ ਸਿੰਘ ਮਾਰੇ ਬਾਣ, ਬੇਮੁਖ ਦਰ ਤੇ ਜਾਏ ਨੱਸਿਆ ।

❊ ਪਹਿਲੀ ਚੇਤ ੨੦੦੮ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ❊

ਵਡ ਵਡ ਭਾਗ ਤਿਨ੍ਹਾਂ ਗੁਰਸਿਖਾਂ, ਜਿਨ੍ਹਾਂ ਸਤਿਗੁਰ ਪਾਇਆ । ਰਾਗ ਰਾਗ ਰਾਗ ਮਨ ਤਿਨ੍ਹਾਂ ਗੁਰਮੁਖਾਂ, ਸੋਹੰ ਸ਼ਬਦ ਜਿਨ੍ਹਾਂ ਰਸਨਾ ਗਾਇਆ । ਦਾਗ ਦਾਗ ਮਨਮੁਖਾਂ, ਜਿਨ੍ਹਾਂ ਸਾਚਾ ਨਾਮ ਭੁਲਾਇਆ । ਗੁਰਚਰਨ ਲਾਗ ਮਿਟੇ ਸਭ ਭੁੱਖਾ, ਨੈਣ ਦਰਸ ਤ੍ਰਿਪਤਾਇਆ । ਸਾਧ ਸੰਗਤ ਵਿਚ ਪ੍ਰਭ ਕਾ ਵਾਸ, ਪਰਗਟ ਹੋ ਕੇ ਦਰਸ ਦਿਖਾਇਆ । ਵਡਭਾਗੀ ਬੈਠੇ ਸਤਿਗੁਰ ਪਾਸ, ਨਿਹਕਲੰਕ ਹੋਏ ਸਦਾ ਸਹਾਇਆ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਚੇਤ ਸੁਹੰਦਾ ਜਿਸ ਬਣਾਇਆ । ਚੜ੍ਹਿਆ ਚੇਤ ਗੁਰਸਿਖਾਂ ਮਨ ਚੇਤਨਾ । ਮਿਲਿਆ ਪ੍ਰਭ ਗੁਰਸਿਖਾਂ ਵਿਚ ਕੋਈ ਭੇਤ ਨਾ । ਲੱਗੇ ਚਰਨ ਤਾਰੇ ਸਭ ਵੇਖੇ ਆਪ ਰੰਗ ਏਕਨਾ । ਭੁੱਲ ਨਾ ਜਾਓ ਝੱਬ, ਰੱਖੋ ਆਸ ਚਰਨ ਗੁਰ ਟੇਕਨਾ । ਕਲਜੁਗ ਤਾਰੇ ਸਭ ਜਨ ਮਹਾਰਾਜ ਸ਼ੇਰ ਸਿੰਘ ਪ੍ਰਭ ਬਿਬੇਕਨਾ । ਸ਼ਬਦ ਚਲੇ ਗੁਰ ਕਾ ਸ਼ਬਦਾਲੂ । ਸ਼ਬਦ ਰੂਪ ਪਰਗਟੇ ਪ੍ਰਭ ਸਵੱਛ ਸਰੂਪ ਕਿਰਪਾਲੂ । ਗੁਰਸਿਖ ਮਨ ਸਦ ਭਟਕਦੇ, ਦੇਵੇ ਦਰਸ ਪ੍ਰਭ ਭਗਤ ਵਸਾਲੂ । ਬੇਮੁਖ ਗੁਰ ਦਰ ਕਦੇ ਨਾ ਅਟਕਦੇ, ਰੱਖਣ ਭੈ ਸਿੰਘ ਜਿਉਂ ਭਾਲੂ । ਸੋਹੰ ਸ਼ਬਦ ਸੰਗ ਗੁਰਮੁਖ ਲਟਕਦੇ, ਮਹਾਰਾਜ ਸ਼ੇਰ ਸਿੰਘ ਖੰਡ ਸਚ ਬਹਾਲੂ । ਸਚਖੰਡ ਪ੍ਰਭ ਸਦਾ ਵਾਸ । ਨਿਰਮਲ ਜੋਤ ਸਦਾ ਪਰਕਾਸ਼ । ਭਗਤ ਜਨ ਸੋਹਨ ਗੁਰਚਰਨ ਪਾਸ । ਰਸਨਾ ਸਿਮਰਨ ਸੋਹੰ ਸਵਾਸ ਸਵਾਸ । ਕਲਜੁਗ ਦੇਵੇ ਤਾਰ, ਮਹਾਰਾਜ ਸ਼ੇਰ ਸਿੰਘ ਗੁਰਸਿਖ ਨਾ ਕਰੇ ਨਿਰਾਸ । ਗੁਰਸਿਖਾਂ ਦੇਵੇ ਪ੍ਰਭ ਸਾਚਾ ਧਾਮਾ । ਕਲਜੁਗ ਪਰਗਟੇ ਨਿਹਕਲੰਕ ਹੈ ਜਾਮਾ । ਭੇਤ ਕਿਸੇ ਨਾ ਪਾਇਆ, ਦੁਆਪਰ ਕ੍ਰਿਸ਼ਨ ਮੁਰਾਰ ਤ੍ਰੇਤਾ ਪ੍ਰਭ ਰਾਮਾ । ਕਲਜੁਗ ਸੋਹੰ ਸ਼ਬਦ ਵਿਚਾਰ, ਮਹਾਰਾਜ ਸ਼ੇਰ ਸਿੰਘ ਦਿਤਾ ਗੁਰਸਿਖਾਂ ਨਾਮਾ । ਨਾਮ ਮਿਲੇ ਰਸਨਾ ਗੁਣ ਗਾਏ । ਅਨੰਦ ਬਿਨੋਦੀ ਪ੍ਰਭ ਛੱਡ ਬੈਕੁੰਠ ਗੁਰਸਿਖ ਘਰ ਆਏ । ਜੁਗ ਚੌਥੇ ਜੁਗ ਸੰਚਿਆ, ਗੁਰਸਿਖ ਚਲੇ ਗੁਰ ਭਾਏ । ਮਹਾਰਾਜ ਸ਼ੇਰ ਸਿੰਘ ਕਰੋ ਨਿਮਸਕਾਰ, ਚੇਤ ਸੁਹੰਦਾ ਪ੍ਰਭ ਦਰਸ ਦਿਖਾਏ । ਸੋਹੰ ਸ਼ਬਦ ਜੋ ਰਸਨਾ ਗਾਵੇ । ਤਨ ਮੰਦਰ ਦੀਪਕ ਜੋਤ ਜਗਾਵੇ । ਜਗਨ ਨਾਥ ਗੋਪਾਲ ਪ੍ਰਭ ਨਜ਼ਰੀ ਆਵੇ । ਸਾਰੰਗ ਧਰ ਭਗਵਾਨ ਬੀਠਲਾ ਜੀਵ ਦਾ ਭੇਤ ਖੁਲ੍ਹਾਵੇ । ਧੁਨ ਧੁਨਕਾਰ ਸ਼ਬਦ ਗੁੰਜਾਰ, ਸੁਨ ਸਮਾਧ ਖੋਲ੍ਹ ਵਖਾਵੇ । ਜੋਤ ਆਕਾਰ ਆਪ ਨਿਰੰਕਾਰ, ਵਿਚ ਦੇਹ ਦੇ ਨਜ਼ਰੀ ਆਵੇ । ਹਉਮੈ ਮਾਰ, ਮਹਾਰਾਜ ਸ਼ੇਰ ਸਿੰਘ ਸਚ ਮਾਰਗ ਲਾਵੇ । ਸਾਚਾ ਮਾਰਗ ਸਤਿਜੁਗ ਸੋਹੰ ਦੱਸਿਆ । ਤਰਿਆ ਹਰਿਆ ਜਿਨ ਪ੍ਰਭ ਹਿਰਦੇ ਵਸਿਆ । ਭੰਨਿਆ ਘੜਿਆ ਜੋਤ ਸਰੂਪ ਵਿਚੋਂ ਸਭ ਨੱਸਿਆ । ਮਹਾਰਾਜ ਸ਼ੇਰ ਸਿੰਘ ਨਾਉਂ ਜਗ ਧਰਿਆ, ਸੋਹੰ ਸ਼ਬਦ ਰਸਨਾ ਰਸਿਆ । ਸੋਹੰ ਸਿਮਰਨ ਸਾਧਨ ਸੰਤ । ਸੋਹੰ ਦੇਵੇ ਪ੍ਰਭ ਸਾਚਾ ਮੰਤ । ਕਲਜੁਗ ਉਧਰੇ ਸਰਬ ਜੀਵ ਜੰਤ । ਰਸਨਾ ਸਿਮਰੇ ਪ੍ਰਭ ਮਿਲੇ ਭਗਵੰਤ । ਆਦਿ ਜੁਗਾਦਿ ਆਪ ਪ੍ਰਭ ਪੂਰਾ, ਕੋਇ ਨਾ ਜਾਣੇ ਪ੍ਰਭ ਸਾਚਾ ਕੰਤ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਇਆ, ਬੇਮੁਖਾਂ ਕਲ ਕਰੇ ਭਸਮੰਤ । ਕਲਜੁਗ ਸਤਿਗੁਰ ਭਰਮ ਭੁਲਾਇਆ । ਝੂਠੀ ਮਾਇਆ ਵਿਚ ਜਗਤ ਪਸਾਇਆ । ਪਰਗਟ ਜੋਤ ਆ ਦਰਸ ਦਿਖਾਇਆ । ਕਰ ਖੇਲ ਅਪਾਰ ਚਤੁਰਭੁਜ ਕਹਾਇਆ । ਰਾਓ ਰੰਕ ਕਰ ਇਕ ਸਾਰ, ਰਾਣਿਆਂ ਪ੍ਰਭ ਮਾਣ ਗਵਾਇਆ । ਰਸਨਾ ਸ਼ਬਦ ਉਚਾਰ, ਬੇਮੁਖਾਂ ਪ੍ਰਭ ਹੈ ਬਾਣ ਲਾਇਆ । ਕਲਜੁਗ ਹੋਏ ਖੁਆਰ, ਨਰਕ ਨਿਵਾਸ ਦਵਾਇਆ । ਗੁਰਸਿਖਾਂ ਸਦ ਜਾਓ ਬਲਿਹਾਰ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਦਰਸ ਦਿਖਾਵੇ ਪ੍ਰਭ ਕਿਰਪਾ ਨਿਧ ।

ਚਰਨ ਲਗਾਵੇ ਗੁਰਸਿਖ ਕਿਤ ਬਿਧ । ਬੇਮੁਖ ਪਕੜ ਸ਼ਬਦ ਰੂਪ ਕਰੇ ਪ੍ਰਭ ਸਿਦ । ਮਹਾਰਾਜ ਸ਼ੇਰ ਸਿੰਘ ਸ਼ੇਰ ਹੋ ਆਇਆ, ਸ੍ਰਿਸ਼ਟ ਸਬਾਈ ਹੋਈ ਗਿਦ । ਜਿਤ ਕਾਰਨ ਜਾਮਾ ਧਾਰਿਆ, ਸੋ ਕਾਰਜ ਪ੍ਰਭ ਕਰਨਾ । ਕਲਜੁਗ ਪਾਸਾ ਹਾਰਿਆ, ਗੁਰ ਸਾਚੇ ਨਾਉਂ ਸਤਿਜੁਗ ਧਰਨਾ । ਸਤਿਜੁਗ ਮਿਲੇ ਆਪ ਬਨਵਾਰਿਆ, ਗੁਰਸਿਖਾਂ ਹੋਏ ਜਗਤ ਨਾ ਮਰਨਾ । ਬੇਮੁਖਾਂ ਨਰਕ ਨਿਵਾਰਿਆ, ਮਾਨਸ ਜਨਮ ਜਗਤ ਵਿਚ ਹਰਨਾ । ਤ੍ਰੈਲੋਕੀ ਸਿੱਖ ਸਵਾਰਿਆ, ਅੰਤਕਾਲ ਪ੍ਰਭ ਦਰਸ਼ਨ ਕਰਨਾ । ਖੱਟ ਲਾਹਾ ਸਿੱਖ ਵਣਜਾਰਿਆ, ਪਰਗਟ ਭਏ ਪ੍ਰਭ ਧਰਨੀ ਧਰਨਾ । ਜਨਮ ਜੂਏ ਹਾਰਿਆ, ਜਿਨ੍ਹਾਂ ਸੋਹੰ ਰਸਨ ਨਾ ਉਚਰਨਾ । ਲੱਖ ਚੁਰਾਸੀ ਗੇੜ ਨਿਵਾਰਿਆ, ਮਹਾਰਾਜ ਸ਼ੇਰ ਸਿੰਘ ਗੁਰਸਿਖ ਜੋਤ ਸਰੂਪ ਸਿੱਖ ਹੈ ਕਰਨਾ । ਜੋਤ ਸਰੂਪ ਭਗਤ ਜਨ ਹੋਏ । ਆਵਣ ਜਾਣ ਜਾਣ ਆਵਣ ਪ੍ਰਭ ਦੋਏ ਖੋਏ । ਜੋਤ ਪਰਗਟੇ ਪ੍ਰਭ ਜੀਵ ਜੋਤ ਅੰਤਮ ਜੋਤ ਏਕ ਪ੍ਰਭ ਹੋਏ । ਮਹਾਰਾਜ ਸ਼ੇਰ ਸਿੰਘ ਕਲ ਵਡ ਦਾਤਾ, ਦੂਸਰ ਹੋਰ ਨਾ ਕੋਇ । ਸਾਚਾ ਸ਼ਬਦ ਗੁਰ ਸਚ ਕਹਿਣਾ । ਸੋਹੰ ਸ਼ਬਦ ਬਿਨ ਕੋਈ ਜਗਤ ਨਾ ਰਹਿਣਾ । ਭਾਣਾ ਪ੍ਰਭ ਕਾ ਸਭ ਨੇ ਸਹਿਣਾ । ਉਲਟੀ ਧਾਰ ਜਗਤ ਹੈ ਵਹਿਣਾ । ਬੇਮੁਖ ਹੋਏ ਖੁਆਰ ਨਾ ਸਤਿਗੁਰ ਪੇਖੇ ਨੈਣਾ । ਮਹਾਰਾਜ ਸ਼ੇਰ ਸਿੰਘ ਸਚ ਹੈ ਅਵਤਾਰ, ਸਾਚਾ ਨਾਉਂ ਰਸਨਾ ਲੈਣਾ । ਸਾਚਾ ਨਾਮ ਮੇਰਾ ਅਮੋਘ । ਦੁਖੀਏ ਦਰ ਆਇਣ ਪ੍ਰਭ ਕਟੇ ਦੇਹ ਰੋਗ । ਵਿਛੜ ਕਦੇ ਨਾ ਜਾਇਣ, ਜਿਨ੍ਹਾਂ ਲਿਖਿਆ ਪ੍ਰਭ ਸੰਜੋਗ । ਪ੍ਰਭ ਦਰਸ ਸਦਾ ਦਰ ਪਾਇਣ, ਆਤਮ ਹੋਏ ਨਾ ਕਦੇ ਵਿਜੋਗ । ਗੁਰਸਿਖ ਮਨ ਤ੍ਰਿਪਤਾਇਣ, ਮਹਾਰਾਜ ਸ਼ੇਰ ਸਿੰਘ ਦੇਵੇ ਸ਼ਬਦ ਸਾਚੀ ਖੋਜ । ਜਿਤ ਮਨ ਭਾਓ ਪ੍ਰਭ ਦਰਸਨਾ । ਸੋਹੰ ਰਸਨਾ ਗਾਓ, ਅੰਮ੍ਰਿਤ ਮੇਘ ਹਿਰਦੇ ਪ੍ਰਭ ਬਰਸਣਾ । ਰਾਮ ਸਰੂਪ ਰਾਮ ਹੋ ਜਾਓ, ਨਿਜਾਨੰਦ ਪ੍ਰਭ ਨਿਜ ਘਰ ਦੱਸਣਾ । ਮਹਾਰਾਜ ਸ਼ੇਰ ਸਿੰਘ ਵਿਚ ਜੋਤ ਮਿਲਾਉ, ਭਗਤ ਜਨਾਂ ਪ੍ਰਭ ਰਿਦੇ ਵਸਣਾ । ਰਿਦੇ ਪਰਕਾਸ਼ ਕਰੇ ਪ੍ਰਭ ਭਗਤਾ । ਜਨਮ ਸੁਧਾਰ ਗੁਰਚਰਨ ਲਾਗ ਇਹ ਜਗ ਕੀ ਜੁਗਤਾ । ਏਕੰਕਾਰ ਨਿਰਬਕਾਰ ਪ੍ਰਭ ਸਾਚਾ ਮੁਕਤੀ ਮੁਕਤਾ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਗੁਰਸਿਖਾਂ ਦੇਵੇ ਸਾਚੀ ਸੁਰਤਾ । ਸਾਚੀ ਸੁਰਤ ਰਿਦੇ ਗੁਰ ਗਿਆਨਾ । ਪ੍ਰਭ ਕੀ ਮੂਰਤ ਜੀਵ ਧਰੇ ਧਿਆਨਾ । ਸਾਚਾ ਸ਼ਬਦ ਗੁਰਸਿਖ ਸਚ ਪਛਾਣਾ । ਧੰਨ ਧੰਨ ਧੰਨ ਗੁਰਸਿਖ ਜਿਨ੍ਹਾਂ ਮਿਲਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਵਿਸ਼ਨੂੰ ਭਗਵਾਨ ਪਰਗਟੇ ਪ੍ਰਭ ਆਪ । ਵਿਸ਼ਨੂੰ ਵੰਸੀ ਵਡ ਪ੍ਰਤਾਪ । ਸਰਬ ਵਿਆਪੇ ਸਾਚਾ ਪ੍ਰਭ ਆਪ । ਵਿਸ਼ਨੂੰ ਰੂਪ ਕੋਈ ਨਾ ਕਿਸੇ ਅਲਾਪ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਜਿਸ ਨੇ ਬਖ਼ਸ਼ਿਆ ਸੋਹੰ ਜਾਪ । ਗੁਰਸਿਖਾਂ ਪ੍ਰਭ ਕਲਜੁਗ ਦੀਨੀ ਦਾਤ । ਸਤਿਜੁਗ ਮਿਲੇ ਪ੍ਰਭ ਅਬਿਨਾਸ਼ੀ, ਸਾਚਾ ਸ਼ਬਦ ਵੱਡੀ ਕਰਾਮਾਤ । ਸ੍ਰਿਸ਼ਟ ਸਾਰੀ ਪ੍ਰਭ ਕੀ ਦਾਸੀ, ਕੋਈ ਨਾ ਜਾਣੇ ਪ੍ਰਭ ਕੀਨੀ ਜਗਤ ਘਾਤ । ਮਹਾਰਾਜ ਸ਼ੇਰ ਸਿੰਘ ਸਾਚੇ ਦਰ ਆ ਕੇ, ਗੁਰਸਿਖਾਂ ਮਨ ਆਈ ਸ਼ਾਂਤ । ਗੁਰਚਰਨ ਸਿੱਖ ਰੱਖੇ ਓਟ । ਅੰਤਕਾਲ ਜਮ ਖਾਏ ਨਾ ਚੋਟ । ਪਾਪ ਉਤਾਰੇ ਪ੍ਰਭ ਕੋਟਨ ਕੋਟ । ਜਗਤ ਨਿਆਰੇ ਗੁਰਸਿਖ ਪਿਆਰੇ, ਮਹਾਰਾਜ ਸ਼ੇਰ ਸਿੰਘ ਜਨ ਤੇਰੀ ਓਟ । ਗੁਰਸਿਖ ਗੁਰਮੁਖ ਗੁਰ ਧਾਮ ਤੁਮਾਰਾ । ਜਿਥੇ ਵਸਿਆ ਪ੍ਰਭ ਆਪ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨਾਈ, ਕਲਜੁਗ ਮਿਲਿਆ ਸਚ ਕਰਤਾਰਾ ।

੨੪੦
੦੧

ਗੁਰ ਦਰ ਜਗਤ ਨਿਰਾਲਾ । ਗੁਰਚਰਨ ਸਾਚੀ ਧਰਮਸਾਲਾ । ਅੰਮ੍ਰਿਤ ਨਾਉਂ ਪੀਏ ਗੁਰਸਿਖ ਪ੍ਰੇਮ ਪਿਆਲਾ । ਪਰਗਟੇ ਮਹਾਰਾਜ ਸ਼ੇਰ ਸਿੰਘ ਦੀਨ ਦਿਆਲਾ । ਦੀਨ ਦਿਆਲ ਪਰਗਟੇ ਦੁੱਖ ਭੰਜਨਾ । ਚਰਨ ਧੂੜ ਦੀਓ ਜਗਤ ਅੰਞਨਾ । ਸੋਹੰ ਸ਼ਬਦ ਚਲਾਏ ਜੋਤੀ ਜੋਤ ਨਿਰੰਜਣਾ । ਮਹਾਰਾਜ ਸ਼ੇਰ ਸਿੰਘ ਤੇਰਾ ਦਰ ਸਾਚਾ, ਗੁਰਸਿਖਾਂ ਤੇਰਾ ਦਰ ਮੰਗਣਾ । ਜੀਵ ਜੰਤ ਉਧਰੇ ਪਾਰ । ਬੇਮੁਖ ਦੇਵੇ ਪ੍ਰਭ ਨਰਕ ਨਿਵਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਆਇਆ, ਨਿਹਕਲੰਕ ਜਾਮਾ ਧਾਰ । ਜਾਮਾ ਧਾਰੇ ਜਗਜੀਵਣ ਦਾਤਾ । ਸੋਹੰ ਸ਼ਬਦ ਉਚਾਰੇ ਆਪਣਾ ਰੰਗ ਰਾਤਾ । ਤਪ ਠਾਰੇ ਸਰਬ ਰੋਗ ਨਿਵਾਰੇ, ਸੁਖਦਾਇਕ ਜਗਤ ਪਿਤ ਮਾਤਾ । ਮਹਾਰਾਜ ਸ਼ੇਰ ਸਿੰਘ ਪੱਤਤ ਉਧਾਰੇ, ਸਤਿਗੁਰ ਜਿਨ ਸਚ ਪਛਾਤਾ । ਗੁਰਚਰਨ ਜੋ ਜਨ ਲਾਗੇ । ਕਲਜੁਗ ਹੋਏ ਜਗਤ ਸੁਭਾਗੇ । ਬੇਮੁਖ ਸੋਏ ਗੁਰਸਿਖ ਸਦਾ ਹੈ ਜਾਗੇ । ਮਹਾਰਾਜ ਸ਼ੇਰ ਸਿੰਘ ਪ੍ਰਭ ਅਪਰੰਪਰ, ਸੋਹੰ ਦੇਵੇ ਨਾਉਂ ਸਚ ਰਾਗੇ । ਪ੍ਰਭ ਕਾ ਸਾਚਾ ਧਾਮ, ਜਿਥੇ ਪ੍ਰਭ ਵਸਿਆ । ਪ੍ਰਭ ਕਾ ਸਾਚਾ ਧਾਮ, ਬਿਨ ਗੁਰਮੁਖਾਂ ਪ੍ਰਭ ਕਿਨੇ ਨਾ ਦਿਸਿਆ । ਗੁਰਮੁਖ ਸਾਚਾ ਕਾਮ, ਸਾਚਾ ਪ੍ਰਭ ਰਸਨਾ ਵਸਿਆ । ਮਹਾਰਾਜ ਸ਼ੇਰ ਸਿੰਘ ਸਦਾ ਗੁਣ ਗਾਓ, ਕਲਜੁਗ ਸਾਚਾ ਰਾਹ ਜਿਨ ਦੱਸਿਆ । ਸਚ ਸਿਮਰਨ ਪ੍ਰਭ ਕਾ ਨਾਉਂ । ਸਚ ਗੁਣ ਗਾਇਣ ਪ੍ਰਭ ਸਾਚਾ ਥਾਉਂ । ਜਾਓ ਕੁਰਬਾਨ ਜਿਨ੍ਹਾਂ ਜਪਿਆ ਸੋਹੰ ਨਾਉਂ । ਦਰ ਆਏ ਮਿਲੇ ਵਡਿਆਈ, ਮਹਾਰਾਜ ਸ਼ੇਰ ਸਿੰਘ ਬਲ ਬਲ ਜਾਓ । ਬਲ ਜਾਓ ਗੁਰਚਰਨ ਬਲਿਹਾਰੀ । ਕਲਜੁਗ ਜੋਤ ਪ੍ਰਭ ਮਾਤ ਉਤਾਰੀ । ਪਾਤਾਲ ਆਕਾਸ਼ ਨਿਰਾਹਾਰੀ । ਸਾਧ ਸੰਗਤ ਤੇਰੀ ਵਡਿਆਈ, ਰਸਨਾ ਸਿਮਰ ਪ੍ਰਭ ਚਰਨ ਪਿਆਰੀ । ਮਹਾਰਾਜ ਸ਼ੇਰ ਸਿੰਘ ਸਦ ਬਖ਼ਸ਼ਿੰਦ, ਦਰ ਆਏ ਦੀ ਪੈਜ ਸਵਾਰੀ । ਦਰ ਆਏ ਜਨ ਹੋਏ ਨਿਮਾਣਾ । ਪ੍ਰਭ ਪੂਰਨ ਸਮਰਥ ਸਰਬ ਹੈ ਜਾਣੀ ਜਾਣਾ । ਮਹਿੰਮਾ ਪ੍ਰਭ ਅਕੱਥ, ਨਾ ਕੋਈ ਆਖ ਵਖਾਣਾ । ਕਲਜੁਗ ਅਗਨ ਚਲਾਇਆ ਰਥ, ਨਰਕ ਵਾਸ ਬੇਮੁਖਾਂ ਪਾਣਾ । ਗੁਰਸਿਖਾਂ ਮਿਲਿਆ ਪ੍ਰਭ ਸਮਰਥ, ਵਿਚ ਬੈਕੁੰਠ ਬਬਾਣ ਲੈ ਜਾਣਾ । ਮਹਾਰਾਜ ਸ਼ੇਰ ਸਿੰਘ ਦੇਵੇ ਉਤਮ ਵੱਥ, ਜਿਨ੍ਹਾਂ ਮੰਨਿਆ ਸਤਿ ਕਰ ਭਾਣਾ । ਗੁਰਪਰਸਾਦੀ ਪ੍ਰਭ ਪਾਇਆ, ਗੁਰ ਗਹਿਰ ਗੰਭੀਰਾ । ਪ੍ਰਭ ਸਾਚਾ ਸ਼ਬਦ ਚਲਾਇਆ, ਦੇਵੇ ਸਿੱਖ ਮਨ ਧੀਰਾ । ਬੇਮੁਖਾਂ ਪਕੜ ਵਹਾਇਆ, ਪੈ ਜਾਏ ਵਹੀਰਾ । ਮਾਣਸ ਜਨਮ ਗਵਾਇਆ, ਹੋਏ ਬੇਮੁਖ ਹੀਰਾ । ਕਲਜੁਗ ਤਾਰਨ ਆਇਆ, ਮਹਾਰਾਜ ਸ਼ੇਰ ਸਿੰਘ ਜਗ ਵਡ ਪੀਰਾ । ਜਗਤ ਚਲਾਏ ਹੋ ਕੁੰਡ ਅਗਨ ਛੋਹੇ ਸ਼ਕਤੀ । ਗੁਰਸਿਖਾਂ ਰਖ ਵਖਾਇਣ, ਜਿਨ੍ਹਾਂ ਪੂਰਨ ਭਗਤੀ । ਬੇਮੁਖ ਕੋਹਲੂ ਵਿਚ ਪੀੜਾਇਣ, ਝੂਠੀ ਸ੍ਰਿਸ਼ਟ ਛਿਨ ਵਿਚ ਖਪਤੀ । ਗੁਰਚਰਨ ਲਾਗ ਗੁਰਸਿਖ ਤਰ ਜਾਣ, ਸੋਹੰ ਨਾਉਂ ਦਿਵਸ ਨਿਤ ਜਪਤੀ । ਮਹਾਰਾਜ ਸ਼ੇਰ ਸਿੰਘ ਗੁਰਸਿਖ ਧਰਵਾਸਾ, ਕਲਜੁਗ ਸ੍ਰਿਸ਼ਟ ਸਾਰੀ ਰਹੇ ਤਪਤੀ । ਦੁੱਖ ਨਾਠੇ ਸੁੱਖ ਵਾਸੇ, ਪ੍ਰਭ ਲੋਚੇ ਸਰਨਾਈ । ਦੁਖੀ ਜੀਵ ਬਿਲਲਾਇੰਦੇ, ਪ੍ਰਭ ਹੋਏ ਸਹਾਈ । ਚਰਨੀਂ ਸੀਸ ਨਿਵਾਵੰਦੇ, ਜਾਵਣ ਰੋਗ ਮਿਟਾਈ । ਠਾਂਡਾ ਗੁਰ ਗੁਰ ਦਰਬਾਰ ਹੈ, ਦੇਹ ਕਾਇਆ ਅਗਨ ਬੁਝਾਈ । ਪ੍ਰਭ ਮਿਲਿਆ ਸਚ ਕਰਤਾਰ ਹੈ, ਦੇ ਦਰਸ ਤਾਰੇ ਪ੍ਰਭ ਸਰਬ ਗੁਸਾਈਂ । ਅੰਮ੍ਰਿਤ ਮੇਘ ਬਰਸਾਏ, ਕੰਚਨ ਕਾਇਆ ਸਚ ਬਣਾਈ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਦਇਆ ਕਮਾਈ । ਗੁਰਸਿਖਾਂ ਦਇਆ ਕਮਾ ਕੇ, ਨੇਤਰੀਂ ਨੂਰ ਦਿਵਾਈ । ਰੰਗ ਰੰਗੀਲੇ ਮਾਧੋ ਤੇਰੇ ਰੰਗ ਨਿਆਰੇ । ਗੁਰਸਿਖਾਂ ਨੈਣ ਤਰਸਦੇ, ਦੇ ਜੋਤ ਚਮਤਕਾਰੇ । ਅਵਗੁਣ ਸਾਰੇ ਬਖ਼ਸ਼ ਦੇ, ਖੜ੍ਹੇ ਸਚ ਦਰਬਾਰੇ । ਵਿਛੜਿਆਂ ਮੇਲ ਲੈ, ਪ੍ਰਭ ਮੇਲ ਮਿਲਾਵਣਹਾਰੇ । ਕਲਜੁਗ

ਅਗਨ ਕਹਿਰ ਦੀ, ਸ੍ਰਿਸ਼ਟ ਸਾਰੀ ਸਾੜੇ । ਸਿਰ ਰੱਖੀਂ ਹੱਥ ਪ੍ਰਭ ਪੂਰਿਆ, ਤੁਧ ਬਾਝੋਂ ਕੋਈ ਨਾ ਤਾਰੇ । ਦਰ ਸੱਚਾ ਤੇਰਾ ਬੂਝਿਆ, ਹੋਰ ਝੂਠੇ ਸਗਲ ਪਸਾਰੇ । ਚਰਨ ਲਾਗ ਪ੍ਰਭ ਅਬਿਨਾਸ਼ੀ ਬੂਝਿਆ, ਜੋਤ ਸਰੂਪ ਆਪ ਨਿਰੰਕਾਰੇ । ਕਲਜੁਗ ਰਹੇ ਨਾ ਗੂੜਿਆ, ਫੜ ਫੜ ਡੋਬੇ ਦੁਰਾਚਾਰੇ । ਦਿਵਸ ਰੈਣ ਜੋਤ ਸਰੂਪ ਪ੍ਰਭ ਰੂੜਿਆ, ਪਾਪੀ ਜੀਵ ਜੜੋਂ ਉਖਾੜੇ । ਮਹਾਰਾਜ ਸ਼ੇਰ ਸਿੰਘ ਸੰਗ ਗੁਰਸਿਖਾਂ ਲੂਝਿਆ, ਬਾਂਹੋਂ ਪਕੜ ਪਾਰ ਉਤਾਰੇ । ਨਾ ਝੁੱਗੀ ਨਾ ਝੁੱਗੜਾ, ਸਚ ਗੁਰ ਦਰਬਾਰਾ । ਜਿਥੇ ਪ੍ਰਭ ਪੂਰਾ ਚਰਨ ਧਰੇ, ਸੋ ਧਾਮ ਨਿਆਰਾ । ਰੱਖੇ ਪਤਿ ਪ੍ਰਭ ਪਾਰਬ੍ਰਹਮ, ਸਰਬ ਜੀਆਂ ਸਹਾਰਾ । ਮਹਾਰਾਜ ਸ਼ੇਰ ਸਿੰਘ ਦੇ ਵਡਿਆਈ, ਧੰਨ ਧੰਨ ਧੰਨ ਠਾਕਰ ਸਿੰਘ ਜਰਮ ਤੁਮਾਰਾ । ਪਿਛਲਾ ਜਰਮ ਤੇਰਾ ਸੀ ਬੇਣੀ । ਭੁੱਖਾ ਛੱਡ ਬੰਸ ਦਿਵਸ ਰੈਣੀ । ਕਰੇ ਦਰਸ ਪ੍ਰਭ ਆਤਮ ਨੈਣੀ । ਸਾਚੀ ਸਿਫਤ ਸੱਚੀ ਵਡਿਆਈ, ਮਹਾਰਾਜ ਸ਼ੇਰ ਸਿੰਘ ਜਿਥੇ ਤੇਰੀ ਸੰਗਤ ਬਹਿਣੀ । ਸੰਗਤ ਸਤਿਗੁਰ ਉਤਮ ਨੀਰ । ਸੰਗਤ ਸਤਿਗੁਰ ਕਮਾਨ ਜਿਉਂ ਤੀਰ । ਗੁਰ ਸੰਗਤ ਅੰਮ੍ਰਿਤ ਬਰਸਦਾ, ਜਿਉਂ ਮਾਤਾ ਸੀਰ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤਰਸਦਾ, ਦੇ ਦਰਸ ਕੱਟ ਹਉਮੇ ਪੀੜ ।

❊ ੩ ਚੇਤ ੨੦੦੮ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹ ਅਹਿਮਦਪੁਰ ❊

ਪਰਗਟ ਭਏ ਪ੍ਰਭ ਬੇਅੰਤ । ਆਤਮ ਦੇ ਗਿਆਨ ਸੋਹੰ ਸ਼ਬਦ ਪ੍ਰਭ ਚਾੜ੍ਹੇ ਰੰਗਤ । ਗੁਰ ਸਾਚਾ ਕਲ ਸਾਚਾ ਦਰਬਾਰ, ਗੁਰਸਿਖ ਦਾਨ ਗੁਰ ਦਰ ਤੇ ਮੰਗਤ । ਪਰਗਟੀ ਜੋਤ ਪ੍ਰਭ ਨਿਰੰਕਾਰ ਮਹਾਰਾਜ ਸ਼ੇਰ ਸਿੰਘ ਮਿਲ ਭਗਤ ਭਗਵੰਤ । ਗੁਰਸਿਖ ਮਾਣ ਗੁਰ ਦਰ ਤੇ ਪਾਏ । ਅਗਿਆਨ ਮਤ ਤੋੜ ਸਾਚਾ ਪ੍ਰਭ ਦਰਸ ਦਿਖਾਏ । ਲਾਗ ਚਰਨ ਸੰਗ ਦੋਵੇਂ ਜੋੜ, ਜੋਤ ਸਰੂਪ ਪ੍ਰਭ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਆਦਿ ਅੰਤ ਸਰਬ ਰਿਹਾ ਸਮਾਏ । ਸਾਧ ਸੰਗਤ ਪ੍ਰਭ ਸਾਚਾ ਸੂਝਿਆ । ਗੁਰਮੁਖ ਤਾਰਨਹਾਰ, ਪ੍ਰਭ ਗੁਰਸਿਖਾਂ ਬੂਝਿਆ । ਗੁਰਮੁਖ ਕੀਏ ਦਰਸ ਕਲ ਦਰਸ ਕਰ ਚਰਨ ਸੰਗ ਲੂਝਿਆ । ਮਹਾਰਾਜ ਸ਼ੇਰ ਸਿੰਘ ਕਿਰਪਾ ਨਿਧ, ਦੇ ਆਤਮ ਗਿਆਨ ਭੇਦ ਖੁਲ੍ਹਾਵੇ ਗੂੜਿਆ । ਮਹਾਰਾਜ ਸ਼ੇਰ ਸਿੰਘ ਜੋਤ ਅਪਾਰ । ਦੇ ਦਰਸ ਦੇਵੇ ਤਾਰ । ਗੁਰਚਰਨ ਸੱਚਾ ਦਰਬਾਰ । ਕਰ ਸੇਵਾ ਗੁਰਸਿਖ ਉਤਰੇ ਪਾਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ । ਗੁਰਸਿਖ ਸੋਹੰ ਰਸਨਾ ਗਾਵੇ । ਆਤਮ ਜੋਤ ਪ੍ਰਭ ਵਿਚ ਦੇਹ ਜਗਾਵੇ । ਕਰ ਕਿਰਪਾ ਆਪ ਕਿਰਪਾਲ ਅੰਧੇਰ ਮਿਟਾਵੇ । ਸਚ ਸਰੂਪ ਦੀਨਾ ਨਾਥ ਗੁਰੂ ਗੋਪਾਲ ਗੁਰਸਿਖ ਪਰਗਟਾਵੇ । ਵਿਚ ਲਲਾਟ ਜੋਤ ਜਗਾਵੇ । ਭਗਤ ਵਛਲ ਆਪ ਪ੍ਰਿਤਪਾਲਾ ਦਰਸ ਦਿਖਾਵੇ । ਦੇਵੇ ਦਰਸ ਦੇਰ ਨਾ ਲਾਵੇ । ਪ੍ਰਭ ਅਬਿਨਾਸ਼ੀ ਆਤਮ ਜੋਤ ਜਗਾਵੇ । ਜੋਤ ਜਗਾਵੇ ਦਰਸ ਦਿਖਾਵੇ ਪਰਮਗਤ ਪਾਵੇ, ਗੁਰਚਰਨ ਸੇਵ ਕਮਾਵੇ । ਲੱਖ ਚੁਰਾਸੀ ਗੇੜ ਨਾ ਪਾਵੇ, ਅੰਤ ਕਾਲ ਜਮ ਨੇੜ ਨਾ ਆਵੇ । ਅੰਤਕਾਲ ਪ੍ਰਭ ਖੰਡ ਸਚ ਲੈ ਜਾਵੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸੁਹਾਏ ਦਰਸ ਦਿਖਾਏ, ਸਾਚੀ ਜੋਤ ਸਚ ਧਾਮ ਪਹੁੰਚਾਵੇ । ਗੋਪੀ ਨਾਥ ਅਨਾਥ ਅਨਾਥੇ । ਦੀਨਾ ਨਾਥ ਸਗਲ ਪ੍ਰਭ ਸਾਥੇ । ਵਾਸਦੇਵ ਨਿਰੰਜਣ ਦਾਤੇ । ਕਰ ਦਰਸ ਦੁੱਖ ਸਗਲੇ ਨਾਸੇ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਜੀਵ ਨਾ ਜਾਣੇ ਤੇਰੀ ਗਾਥੇ । ਪ੍ਰਭ ਕੀ ਮਹਿੰਮਾ ਕੋਈ ਜੀਵ ਨਾ ਜਾਣੇ । ਬੇਮੁਖ

ਜੀਵ ਕਲ ਭਏ ਅੰਞਾਣੇ । ਕਲਜੁਗ ਭੁੰਨੇ ਜਿਉਂ ਭਠਿਆਲੇ ਦਾਣੇ । ਗੁਰਚਰਨ ਲਾਗ ਮਿਲੇ ਵਡਿਆਈ, ਪਤਤ ਪਾਪੀ ਹੋਏ ਸੁਘੜ ਸਿਆਣੇ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਕਲ ਜੀਵ ਨਾ ਤੇਰੀ ਗਤ ਜਾਣੇ । ਗੁਰਮੁਖ ਜਾਣੇ ਪ੍ਰਭ ਕਾ ਭੇਉ । ਕਲਜੁਗ ਪਰਗਟ ਦਰਸ ਜਨ ਦੀਓ । ਚਰਨ ਲਾਗ ਮਿਲੇ ਵਡਿਆਈ, ਅੰਮਿਤ ਨਾਮ ਅੰਮਿਉਂ ਰਸ ਪੀਓ । ਮਹਾਰਾਜ ਸ਼ੇਰ ਸਿੰਘ ਸਰਨ ਜੋ ਆਏ, ਨਾਮ ਨਿਧਾਨ ਭਗਤ ਜਨ ਦੀਓ । ਭਗਤ ਜਨਾਂ ਦੇਵੇ ਪ੍ਰਭ ਸਾਚਾ ਨਾਮ ਨਿਰਵੈਰ । ਬੇਮੁਖਾਂ ਵਰਤੇ ਸ੍ਰਿਸ਼ਟ ਵਿਚ ਕਹਿਰ । ਸੋਹੰ ਸ਼ਬਦ ਬੇਮੁਖਾਂ ਜਿਉਂ ਜੇਠ ਦੁਪਹਿਰ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤਾਰੇ, ਦੇਵੇ ਦਰਸ ਕਰ ਮਿਹਰ । ਜੋਤ ਸਰੂਪ ਪ੍ਰਭ ਖੇਲ ਰਚਾਇਆ । ਨਿਰਾਹਾਰੀ ਨਿਰਵੈਰ ਆਦਿ ਅੰਤ ਸਮਾਇਆ । ਸਦਾ ਜੋਤ ਆਕਾਰ, ਨਾ ਪ੍ਰਭ ਮਰੇ ਨਾ ਜਾਇਆ । ਜੁਗੋ ਜੁਗ ਲੈ ਅਵਤਾਰ, ਚੌਥੇ ਜੁਗ ਇਕ ਖੇਲ ਰਚਾਇਆ । ਛੱਡ ਦੇਹ ਅਪਾਰ, ਜੋਤ ਸਰੂਪ ਵਿਚ ਦੇਹ ਮਿਲਾਇਆ । ਸਤਿਜੁਗ ਪਰਗਟ ਸਦ ਮਿਹਰਵਾਨ, ਤ੍ਰੇਤਾ ਰਾਮ ਨਾਮ ਅਖਵਾਇਆ । ਦੁਆਪਰ ਕ੍ਰਿਸ਼ਨ ਮੁਰਾਰ, ਅਰਜਨ ਦੇ ਗਿਆਨ ਹੰਕਾਰ ਗਵਾਇਆ । ਕਲਜੁਗ ਲੈ ਅਵਤਾਰ, ਘਨਕਪੁਰੀ ਪ੍ਰਭ ਭਾਗ ਲਗਾਇਆ । ਸੋਹੰ ਸ਼ਬਦ ਅਪਾਰ, ਸਤਿਜੁਗ ਸਾਚਾ ਰਾਹ ਬਤਾਇਆ । ਕਿਰਪਾ ਕਰ ਅਪਾਰ, ਵਿਛੜਿਆਂ ਪ੍ਰਭ ਮੇਲ ਮਿਲਾਇਆ । ਸਰਬ ਕਲਾ ਸਮਰਥ, ਜੋਤ ਸਰੂਪ ਪ੍ਰਭ ਘਰ ਆਇਆ । ਘਾਲ ਪਾਏ ਥਾਏਂ, ਪ੍ਰਭ ਗੁਰਸਿਖ ਵਡਿਆਏ, ਗੁਰਬਚਨ ਸਿੰਘ ਘਰ ਆਣ ਤਰਾਇਆ । ਭਗਤ ਜਨ ਪ੍ਰਭ ਦਰ ਮੰਗਤ, ਸੋਹੰ ਸ਼ਬਦ ਪ੍ਰਭ ਗਿਆਨ ਦਵਾਇਆ । ਆਤਮ ਦੀਪ ਜੋਤ ਉਜਿਆਰ, ਸਾਚਾ ਦੀਪ ਸੰਗ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਸਚ ਹੋਵੇ ਦਰਬਾਰ, ਸਤਿਜੁਗ ਇਹ ਥਾਨ ਸੁਹਾਇਆ । ਸਾਚਾ ਧਾਮ ਉਤਮ ਨਿਰਾਲਾ । ਗੁਰਚਰਨ ਪ੍ਰੀਤ ਸਚ ਪ੍ਰੇਮ ਪਿਆਲਾ । ਘਰ ਸਿੱਖ ਸਾਚਾ ਸ਼ਾਹੋ ਪ੍ਰਭ ਜਗਾਵੇ ਜੋਤ, ਪ੍ਰਭ ਮਧਨ ਗੋਪਾਲਾ । ਮਹਾਰਾਜ ਸ਼ੇਰ ਸਿੰਘ ਸਚ ਘਰ ਵਸਿਆ, ਸਚ ਘਰ ਵਸਣੇ ਵਾਲਾ । ਸਚ ਘਰ ਹੋਵੇ ਪ੍ਰਭ ਕਾ ਵਾਸ । ਪ੍ਰਭ ਕੀ ਜੋਤ ਸਦ ਅਬਿਨਾਸ਼ । ਨਿਰਮਲ ਜੋਤ ਪ੍ਰਭ ਵਿਚ ਆਕਾਸ਼ । ਗੁਰਸਿਖ ਪ੍ਰਭ ਘਰ ਤੇਰੇ ਪਰਗਟਿਆ, ਜਿਉਂ ਚੰਦਨ ਪਰਭਾਸ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਇਆ, ਸੋਹੰ ਜਪਣਾ ਸਵਾਸ ਸਵਾਸ । ਪ੍ਰਭ ਕੀ ਜੋਤ ਅਟੱਲ, ਪ੍ਰਭ ਕਰੇ ਬੈਕੁੰਠ, ਜਗਤ ਬੇਸੰਗ ਨਾ ਰਲ । ਗੁਰਸਿਖਾਂ ਨਾਉਂ ਨਾਮ ਭਗਵਾਨ, ਪ੍ਰਭ ਸਾਚਾ ਦਰ ਮਲ । ਪੂਰਬ ਲਿਖਾਏ ਲੇਖ ਪ੍ਰਭ ਮਿਲਿਆ ਸੰਗ ਸੰਗਤ ਜਾਓ ਰਲ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ, ਵਿਚ ਜੁਗ ਕਲ । ਗੁਰ ਪੂਰੇ ਅੰਮ੍ਰਿਤ ਸਾਂਚਿਆ, ਗੁਰਸਿਖ ਮਨ ਤਨ ਹਰਿਆਵਲਾ । ਗੁਰ ਅੰਜਨ ਸਚ ਬਖ਼ਸ਼ਿਆ, ਦਰਸ ਧੂੜ ਨੇਤਰ ਪਾਵਣਾ । ਜੋਤ ਸਰੂਪ ਸਿੱਖ ਘਰ ਵਸਿਆ, ਪੂਰੀ ਕੀਤੀ ਸਤਿਗੁਰ ਭਾਵਨਾ । ਬੇਮੁਖ ਗੁਰ ਦਰ ਤੋਂ ਨੱਸਿਆ, ਗੁਰਸਿਖ ਚਰਨ ਲਾਗ ਤਰ ਜਾਵਣਾ । ਪ੍ਰਭ ਪੂਰਾ ਹਿਰਦੇ ਵਸਿਆ, ਸੋਹੰ ਸ਼ਬਦ ਦੇਵੇ ਮਨ ਭਾਵਨਾ । ਬੇਮੁਖਾਂ ਨਾਮ ਵਿਸਾਰਿਆ, ਦਰ ਆਏ ਸਾਰ ਨਾ ਪਾਵਣਾ । ਗੁਰਸਿਖ ਸਚ ਸ਼ਬਦ ਘਰ ਦੀਪਕ, ਸੋਹੰ ਨਾਮ ਰਸਨਾ ਗਾਵਣਾ । ਮਹਾਰਾਜ ਸ਼ੇਰ ਸਿੰਘ ਘਟ ਘਟ ਵਸਿਆ, ਗੁਰਸਿਖਾਂ ਹੋਵੇ ਨਾ ਆਵਣ ਜਾਵਣਾ । ਆਤਮ ਅੰਮ੍ਰਿਤ ਰਸ ਪ੍ਰਭ ਮੁਖ ਚੁਆਵੇ । ਅੰਮ੍ਰਿਤ ਮੇਘ ਬਰਸ ਕੇ, ਕਲਜੁਗ ਅਗਨ ਪ੍ਰਭ ਬੁਝਾਵੇ । ਦੇਹ ਦੀਪਕ ਸਾਚੀ ਜੋਤ ਜਗਾ ਕੇ, ਅਗਿਆਨ ਅੰਧੇਰ ਮਿਟਾਵੇ । ਗੁਰਸਿਖਾਂ ਆਪਣਾ ਆਪ ਨਿਜਾਨੰਦ ਪ੍ਰਭ ਦਰਸਾਵੇ । ਬੇਮੁਖਾਂ ਮੁਖ ਛੁਪਾਇਕੇ, ਵਿਚ ਬੈਠਾ ਪ੍ਰਭ ਦਿਸ ਨਾ ਆਵੇ । ਪ੍ਰਭ ਪੂਰਾ ਜੋਤ ਪਰਗਟਾਇਕੇ, ਭਗਤ ਜਨਾਂ ਆਣ ਤਰਾਵੇ । ਅੰਮ੍ਰਿਤ ਅਮਰ ਕਰ

੨੪੩
੦੧

ਪ੍ਰਭ, ਮਹਾਰਾਜ ਸ਼ੇਰ ਸਿੰਘ ਸਭ ਦੁੱਖੜੇ ਲਾਹਵੇ । ਸ਼ਬਦ ਸੁਰਤ ਪ੍ਰਭ ਗਿਆਨ ਦਵਾਏ । ਸੁਰਤ ਸ਼ਬਦ ਪ੍ਰਭ ਆਤਮ ਬੂਝ ਬੁਝਾਵੇ । ਸ਼ਬਦ ਸੁਰਤ ਸਚ ਜੋਤ ਜਗਾਵੇ । ਸੁਰਤ ਸ਼ਬਦ ਦਸਮ ਦਵਾਰ ਖੁਲ੍ਹਾਵੇ । ਸੁਰਤ ਸ਼ਬਦ ਅਨਹਦ ਧੁਨ ਵਜਾਵੇ । ਸੁਰਤ ਸ਼ਬਦ ਪ੍ਰਭ ਅਬਿਨਾਸ਼ੀ ਸਚ ਮੇਲ ਕਰਾਵੇ । ਸੁਰਤ ਸ਼ਬਦ ਈਸ਼ ਜੀਵ ਦਾ ਭੇਤ ਮਿਟਾਵੇ । ਸੁਰਤ ਸ਼ਬਦ ਜੋਤ ਵਿਚ ਜੋਤ ਮਿਲਾਵੇ । ਸੁਰਤ ਸ਼ਬਦ ਜੋ ਜਨ ਪਾਵੇ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ । ਗੁਰਚਰਨ ਲਾਗ ਘਰ ਮੰਗਲਾ । ਨਿਗਮ ਕਰ ਵਿਚਾਰ, ਘਰ ਆਇਆ ਪ੍ਰਭ ਰੰਗਲਾ । ਬੇੜਾ ਕਰ ਜਾਏ ਪਾਰ, ਮੰਗ ਜੋ ਦਰ ਤੇ ਮੰਗਣਾ । ਨਿਹਕਲੰਕ ਆਏ ਅਵਤਾਰ ਦਰ ਨਾ ਸੰਗਣਾ । ਹੋਏ ਸ਼ਬਦ ਅਟੱਲ ਸਾਚਾ ਦਰਬਾਰ, ਗੁਰਸਿਖ ਦਾਨ ਨਾਮ ਮੰਗਣਾ । ਸੋਹੰ ਸ਼ਬਦ ਚਲੇ ਅਪਾਰ, ਰਸਨਾ ਜਪ ਜੀਵ ਕਲ ਪਾਰ ਲੰਘਣਾ । ਮਹਾਰਾਜ ਸ਼ੇਰ ਸਿੰਘ ਕਰਮ ਵਿਚਾਰ, ਪਰਗਟੀ ਜੋਤ ਸਰਬ ਦੁੱਖ ਭੰਜਨਾ । ਪਤਤ ਉਧਾਰਨ ਦੁੱਖ ਭੈ ਭੰਜਨ । ਹੰਕਾਰ ਨਿਵਾਰ ਪਰਗਟੇ ਤ੍ਰੈਲੋਕੀ ਨੰਦਨ । ਗੁਰਸਿਖ ਘਰ ਆਏ, ਅੰਤਕਾਲ ਤੋੜੇ ਪ੍ਰਭ ਬੰਧਨ । ਮਹਾਰਾਜ ਸ਼ੇਰ ਸਿੰਘ ਗੁਰਸਿਖ ਕਲਜੁਗ ਪਰਭਾਸ ਜਿਉਂ ਚੰਦਨ । ਗੁਰਸਿਖ ਤੇਰੀ ਵਡਿਆਈ । ਬੇਮੁਖ ਸੰਗਤ ਮਿਲ ਮੈਲ ਗਵਾਏ, ਚੰਦਨ ਵਾਸ ਜਿਉਂ ਨਿਮ ਮਹਿਕਾਈ । ਪਸੂ ਪ੍ਰੇਤੋਂ ਕਰੇ ਦੇਵ, ਸਾਚੀ ਹੋਵੇ ਤੇਰੀ ਵਡਿਆਈ । ਮਹਾਰਾਜ ਸ਼ੇਰ ਸਿੰਘ ਚਰਨ ਘਰ ਸੇਵੇ, ਜੋਤ ਸਰੂਪ ਪ੍ਰਭ ਭਏ ਸਹਾਈ । ਝੁੱਗੀ ਪੈਰ ਪਸਾਰਨ ਸੁੱਤਾ ਪ੍ਰਭ ਅਪਰ ਅਪਾਰੇ । ਝੁੱਗੀ ਰਸਨਾ ਨਾਉਂ ਉਚਾਰਨ, ਸਤਿਜੁਗ ਹੋਏ ਸਚ ਦਵਾਰੇ । ਦੁਆਬਾ ਸਰਬ ਸੁਧਾਰਨ, ਸਾਚਾ ਭਗਤ ਵੱਜੇ ਸ਼ਬਦ ਨਗਾਰੇ । ਜੋਤ ਸਰੂਪ ਜਗਤ ਅਕਾਰਨ, ਜਗਾਵੇ ਜੋਤ ਆਪ ਗਿਰਧਾਰੇ । ਰੱਖੇ ਲਾਜ ਜਿਉਂ ਦਰੋਪਦੀ ਘਰ ਆਏ ਕ੍ਰਿਸ਼ਨ ਮੁਰਾਰੇ । ਵਾਂਗ ਬਿਦਰ ਪੈਜ ਸਵਾਰਦਾ, ਭੋਗ ਲਗਾਵੇ ਜਿਉਂ ਸਾਗ ਨਿਮਾਰੇ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਲਾਏ ਸਰਨ ਭਗਤ ਜਨ ਤਾਰੇ । ਦੇਵੇ ਪ੍ਰਭ ਨਿਮਾਣਿਆਂ ਮਾਣ । ਬੇਮੁਖ ਮਾਰੇ ਕਲ ਪਕੜ ਪਛਾਣ । ਗੁਰਮੁਖ ਪ੍ਰਭ ਚਰਨ ਧਿਆਨ । ਗੁਰ ਪੂਰੇ ਨਾ ਬੇਮੁਖ ਕਰਨ ਪਛਾਣ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤਾਰੇ, ਕਲਜੁਗ ਪਰਗਟੇ ਜਾਣੀ ਜਾਣ । ਸਰਬ ਜੀਵ ਹਿਰਦੇ ਵਸੇ, ਪ੍ਰਭ ਆਪ ਭਗਵੰਤਾ । ਗੁਰਮੁਖ ਉਜਲ ਕਲ ਸਾਧਨ ਸੰਤਾ । ਸੋਹੰ ਸ਼ਬਦ ਪ੍ਰਭ ਦੇਵੇ ਬੇਅੰਤ ਬੇਅੰਤਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਸਰਬ ਵਿਚ ਰਹੰਤਾ । ਪਰਗਟੇ ਜੋਤ ਕਲਜੁਗ ਪ੍ਰਭ ਤਰਨੀ ਤਰਨਾ । ਮੁਕੰਦ ਮਨੋਹਰ ਲਖਮੀ ਨਰਾਇਣ ਜੋਤ ਸਰੂਪ ਪ੍ਰਭ ਸਵਲਾ । ਮਹਾਰਾਜ ਸ਼ੇਰ ਸਿੰਘ ਚਰਨ ਲੱਗ ਜਾਣ, ਕਲ ਸਾਚੇ ਚਰਨ ਕਵਲਾ । ਚਰਨ ਕਵਲ ਜੋ ਜਨ ਨਿਮਸਕਾਰੇ । ਪ੍ਰਭ ਭਗਵੰਤ ਜਗ ਦੁਤਰ ਤਾਰੇ । ਗੁਰਸਿਖ ਸੋਹਣ ਗੁਰਚਰਨ ਦਵਾਰੇ । ਬੇਮੁਖ ਰਸਨਾ ਸੋਹੰ ਨਾ ਉਚਾਰੇ । ਨਰਕ ਨਿਵਾਸ ਡੁੱਬਾ ਮੰਝਧਾਰੇ । ਕਲਜੁਗ ਪੈਜ ਜੀਵ ਕੋਈ ਨਾ ਸਵਾਰੇ । ਮਹਾਰਾਜ ਸ਼ੇਰ ਸਿੰਘ ਸਚ ਅਵਤਾਰ ਹੈ, ਚਰਨ ਆਏ ਦੀ ਪੈਜ ਸਵਾਰੇ । ਸਰਨ ਪੜੇ ਜੋ ਜਨ ਅੰਤਰਜਾਮੀ । ਕਲਜੁਗ ਪਰਗਟੇ ਪ੍ਰਭ ਨਿਹਕਾਮੀ । ਕਰ ਦਰਸ ਜੀਵ ਪ੍ਰਭ ਸਚ ਸਵਾਮੀ । ਮਹਾਰਾਜ ਸ਼ੇਰ ਸਿੰਘ ਸਰਬ ਰੰਗ ਰਾਤਾ ਕਲਜੁਗ ਅੰਤਰਜਾਮੀ । ਤੀਨ ਲੋਕ ਪ੍ਰਭ ਵਸਣੇਹਾਰਾ । ਆਦਿ ਅੰਤ ਪ੍ਰਭ ਅਵਤਾਰਾ । ਪਤਾਲ ਆਕਾਸ਼ ਪ੍ਰਭ ਜੋਤ ਆਕਾਰਾ । ਸ਼ਬਦ ਨਾਮ ਗੁਰ ਸਚ ਮਾਤ ਲੈ ਅਵਤਾਰਾ । ਮਾਤਲੋਕ ਸਿੱਖ ਘਰ ਆਏ, ਪੂਰੇ ਸਤਿਗੁਰ ਸਚ ਸਿੱਖ ਤਾਰਾ । ਜੋਤ ਪ੍ਰਭ ਕੀ ਅਪਰ ਅਪਾਰਾ । ਕਲਜੁਗ ਕਰੇ ਜੋਤ ਚਮਤਕਾਰਾ । ਆਪਣੇ ਰੰਗ ਰਵੇ ਕਰਤਾਰਾ । ਕੋਇ ਨਾ ਜਾਣੇ ਪ੍ਰਭ ਕੀ ਸਾਰਾ । ਸੋਹੰ ਸ਼ਬਦ ਚਲੇ ਖੰਡਾ ਦੋ ਧਾਰਾ । ਜਗਤ ਪਕੜ

ਪਛਾੜਿਆ ਜਿਉਂ ਲਕੜੀ ਆਰਾ । ਸੋਹੰ ਸ਼ਬਦ ਜੋ ਰਸਨਾ ਨਾ ਗਾਇੰਦਾ, ਦੁਰਮਤ ਦੁਸ਼ਟ ਹੋਏ ਦੁਰਾਚਾਰਾ । ਦਰਗਾਹ ਥਾਏਂ ਨਾ ਪਾਇੰਦਾ, ਧਰਮ ਰਾਏ ਕਰੇ ਖੁਆਰਾ । ਬੇਮੁਖ ਸਦਾ ਬਿਲਲਾਇਨ, ਅੰਤਕਾਲ ਨਰਕ ਨਿਵਾਰਾ । ਗੁਰਸਿਖ ਗੁਰਚਰਨ ਤਰ ਜਾਏ, ਮਹਾਰਾਜ ਸ਼ੇਰ ਸਿੰਘ ਮਿਲੇ ਅਗੰਮ ਅਪਾਰਾ । ਅਲਖ ਅਗੋਚਰ ਪ੍ਰਭ ਅਗੰਮ ਅਪਾਰ । ਸੋਹੰ ਦੇਵੇ ਸਿੱਖ ਨਾਮ ਆਧਾਰ । ਬਾਂਹੋਂ ਪਕੜ ਤਾਰੇ ਗੁਰ ਪਾਰ ਉਤਾਰਨਹਾਰ । ਪ੍ਰਭ ਜੋਤੀ ਜੋਤ ਮਿਲਾਇਣ, ਸਚ ਜੋਤ ਮਿਲਾਵਣਹਾਰ । ਮਹਾਰਾਜ ਸ਼ੇਰ ਸਿੰਘ ਦਰ ਸੁੱਖ ਪਾਇਣ, ਦੋਏ ਜੋੜ ਕਰੇ ਨਿਮਸਕਾਰ । ਗੁਰਚਰਨ ਨਿਮਸਕਾਰ ਮਿਲੇ ਭੈ ਭੀਤਾ । ਗੁਰਸਿਖ ਨਿਰਮਲ ਹੋਏ ਜਗਤ ਅਤੀਤਾ । ਗੁਰ ਚਰਨ ਨਿਮਸਕਾਰ, ਗੁਰਸਿਖ ਪੱਤਤ ਪੁਨੀਤਾ । ਮਹਾਰਾਜ ਸ਼ੇਰ ਸਿੰਘ ਸਦ ਰਾਖੋ ਚੀਤਾ । ਪ੍ਰਭ ਆਇਆ ਭੇਸ ਵਟਾ ਕੇ, ਜਨ ਭਗਤਾਂ ਤਾਰੇ । ਜੋਤ ਸਰੂਪ ਜੋਤ ਜਗਾ ਕੇ, ਧ੍ਰੂ ਜੋਤ ਚਮਤਕਾਰੇ । ਪ੍ਰਹਿਲਾਦ ਤਰਾਇਆ, ਨਰ ਸਿੰਘ ਰੂਪ ਆਪ ਪ੍ਰਭ ਧਾਰੇ । ਭਿਛਿਆ ਮੰਗੇ ਜਾਇਕੇ, ਬਾਵਨ ਰੂਪ ਬਲ ਦਵਾਰੇ । ਭਗਤ ਅੰਬਰੀਕ ਪ੍ਰਭ ਤਾਰਿਆ, ਚੱਕਰ ਸੁਦਰਸ਼ਨ ਬਾਣ ਦੁਰਬਾਸ਼ਾ ਮਾਰੇ । ਜਨਕ ਜੋਤ ਮਿਲਾ ਲਿਆ, ਨਰਕ ਅਠਾਰਾਂ ਜਿਸ ਪਾਰ ਉਤਾਰੇ । ਜੋੜ ਖੜਾਏ ਵਖਾ ਲਈ, ਤਾਰਾ ਰਾਣੀ ਸਾਧ ਸੰਗਤ ਵਿਚਘਾਰੇ । ਦਰੋਪਦੀ ਪੈਜ ਰੱਖਾ ਲਈ, ਉਤਰੇ ਚੀਰ ਨਾ ਕੋਟ ਉਤਾਰੇ । ਝੁੱਗੀ ਬਿਦਰ ਸੁਹਾ ਲੀ, ਸੁੱਤੇ ਪ੍ਰਭ ਪੈਰ ਪਸਾਰੇ । ਸੁਦਾਮਾ ਲੈ ਪਰਦੱਖਣਾ ਦੇਵੇ ਦਾਨ ਸੋਹਣ ਅਸਥਲ ਮਹਿਲ ਮੁਨਾਰੇ । ਜੈਦੇਉ ਘਰ ਆਇਕੇ, ਲਿਖੇ ਲੇਖ ਪ੍ਰਭ ਅਪਰ ਅਪਾਰੇ । ਗੁਰਮੁਖ ਬੇਣੀ ਟੇਕ ਇਕ ਬੈਠਾ ਇਕਾਂਤ ਛੱਡ ਘਰ ਬਾਹਰੇ । ਨਾਮ ਦੇਵ ਘਰ ਭੋਗ ਲਗਾਏ, ਆਪ ਪ੍ਰਭ ਗੋਬਿੰਦ ਮੁਰਾਰੇ । ਧੰਨਾ ਆਪ ਤਰਾਇਣ, ਗਾਈਆਂ ਚਾਰੇ ਮੋੜ ਕਿਆਰੇ । ਕਬੀਰ ਜੋਤ ਮਿਲਾਇਣ, ਰਸਨਾ ਨਾਮ ਨਿਰੰਜਣ ਚਿਤਾਰੇ । ਗਨਕਾ ਪਾਰ ਪਰਾਇਣ, ਗੁਰਮਤ ਗਿਆਨ ਤੋਤਾ ਉਚਾਰੇ । ਪੂਤਨਾ ਪਾਪਣ ਪ੍ਰਭ ਤਰਾਇਣ, ਮੋਹਨ ਮੁੰਮੇ ਪਾਇਆ ਕ੍ਰਿਸ਼ਨ ਮੁਰਾਰੇ । ਸੈਨ ਰੂਪ ਹਰਿ ਹੋਇ ਕੇ, ਗਿਆ ਆਪ ਰਾਜ ਦਵਾਰੇ । ਬੱਧਕ ਆਪ ਤਾਰਿਆ, ਚਰਨ ਕਵਲ ਵਿਚ ਤੀਰ ਜੋ ਮਾਰੇ । ਜੁਗੋ ਜੁਗ ਲੈ ਅਵਤਾਰ ਜਨ ਭਗਤਾਂ ਤਾਰੇ । ਕਲਜੁਗ ਦੁਸ਼ਟ ਸੰਘਾਰ, ਬਹੱਤਰ ਜਾਮੇ ਰਸਨਾ ਗੁਰਸਿਖ ਉਚਾਰੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਚਾਰ ਕੁੰਟ ਹੋਏ ਜੈ ਜੈ ਜੈਕਾਰੇ । ਜੈ ਜੈ ਜੈਕਾਰ ਭਇਓ ਜਗ ਅੰਤਰ । ਸੋਹੰ ਜਪ ਰਸਨਾ, ਚੌਥੇ ਜੁਗ ਦੇ ਸਾਚਾ ਮੰਤਰ । ਆਤਮ ਪ੍ਰਭ ਗਿਆਨ ਕੁੰਜੀ, ਨਾਉਂ ਖੋਲ੍ਹ ਮਨ ਕਾ ਜੰਦਰ । ਜੀਵ ਕੋਈ ਭੇਵ ਨਾ ਜਾਣੇ, ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਦੇਹ ਅੰਦਰ । ਬ੍ਰਹਮਾ ਬ੍ਰਹਮ ਸਰੂਪ ਹੋ, ਦਰਸ ਪ੍ਰਭ ਕਾ ਲੋੜੇ । ਸ਼ਿਵ ਸ਼ੰਕਰ ਪ੍ਰਭ ਰੂਪ ਅਨੂਪ ਹੋ, ਕਰੇ ਆਸ ਮਿਲੇ ਚਰਨ ਧੂੜੇ । ਵਿਚ ਬ੍ਰਹਿਮੰਡ ਨਜ਼ਰ ਨਾ ਆਵਈ, ਗੁਰਮੁਖਾਂ ਬਚਨ ਨਾ ਮੋੜੇ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ, ਬੇਮੁਖਾਂ ਕਲਜੁਗ ਰੋੜ੍ਹੇ । ਕਲਜੁਗ ਮਾਣ ਗੁਰਸਿਖਾਂ ਦੀਆ । ਜਪ ਸੋਹੰ ਨਾਮ ਹੋਏ ਨਿਰਮਲ ਜੀਆ । ਭੁੱਲ ਨਾ ਜਾਣਾ ਪ੍ਰਭ ਕਾ ਦਰ, ਦੇਵੇ ਦਾਨ ਪੁੱਤਰ ਧੀਆਂ । ਭੁਲ ਨਾ ਜਾਓ ਪਾਓ ਆਪਣਾ ਕੀਆ । ਕਲਜੁਗ ਉਤਰੇ ਪਾਰ, ਮਹਾਰਾਜ ਸ਼ੇਰ ਸਿੰਘ ਨਾਮ ਜਿਸ ਰਸਨਾ ਲੀਆ । ਰਸਨਾ ਨਾਮ ਨਰਾਇਣ ਜੋ ਪੀਵੇ । ਜੋਤ ਸਰੂਪ ਥਿਰ ਘਰ ਰਹੀਵੇ । ਬਿਨਾ ਨਾਮ ਨਾ ਜਗ ਜੀਵੇ । ਬਿਨ ਬਾਤੀ ਬਿਨ ਤੇਲ ਮਹਾਰਾਜ ਸ਼ੇਰ ਸਿੰਘ ਦੀਪਕ ਦੇ ਜਗੀਵੇ । ਮੇਲ ਮੇਲ ਚਰਨ ਲਾਗ ਸਦਾ ਸੁਖ ਪਾਈਏ । ਚਰਨ ਲਾਗ ਪ੍ਰਭ ਚਤੁਰਭੁਜ ਦਰਸਾਈਏ । ਚਰਨ ਲਾਗ ਮਾਨਸ ਜਨਮ ਸੁਫਲ ਕਰਾਈਏ । ਚਰਨ ਲਾਗ ਵਡ ਭਾਗ ਸਾਧ ਸੰਗਤ ਮਿਲ ਜਾਈਏ । ਮਹਾਰਾਜ

ਸ਼ੇਰ ਸਿੰਘ ਸਦਾ ਹੈ, ਸੁੱਤੀ ਆਤਮ ਫੇਰ ਜਗਾਈਏ । ਆਤਮ ਸੋਏ ਨਾ ਦਿਵਸ ਰੈਣਾ । ਝੂਠੀ ਕਾਇਆ ਸੌਂ ਨਹੀਂ ਰਹਿਣਾ । ਕਲਜੁਗ ਮਾਇਆ ਬੇਮੁਖਾਂ ਮੋਹਿਆ, ਗੁਰਸਿਖ ਮਿਲ ਪ੍ਰਭ ਪੇਖੇ ਨੈਣਾਂ । ਸਾਧ ਸੰਗਤ ਦਇਆ ਪ੍ਰਭ ਕਰੇ, ਪੱਤਤ ਪਾਪੀ ਅਪਰਾਧੀ ਕੋਈ ਨਾ ਰਹਿਣਾ । ਸਤਿਗੁਰ ਸਾਚਾ ਸਤਿਜੁਗ ਵਰਤੇ, ਸੋਹੰ ਸ਼ਬਦ ਨਾਮ ਨਿਸ਼ਾਨ ਦੇਹ ਦਾ ਗਹਿਣਾ । ਉਤਮ ਇਹ ਗਿਆਨ, ਸਤਿਜੁਗ ਵਿਚ ਰਹਿਣਾ । ਬੇਮੁਖਾਂ ਨਰਕ ਨਿਵਾਰ, ਉਲਟੇ ਵਹਿਣ ਜਗਤ ਹੈ ਵਹਿਣਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤਾਰੇ, ਪੂਰਬ ਜਨਮ ਦਾ ਦੇਵੇ ਲਹਿਣਾ । ਜਨਮ ਜਨਮ ਪ੍ਰਭ ਜੀਵ ਭਰਮਾਇਆ । ਲੱਖ ਚੁਰਾਸੀ ਗੇੜ ਚਲਾਇਆ । ਉਲਟਾਏ ਸ੍ਰਿਸ਼ਟ ਵਿਚ ਮਾਤ ਦੇ ਆਇਆ । ਸਾਚਾ ਨਾਮ ਨਾਉਂ ਸਰਬ ਕੋ ਦੀਆ, ਸੋਹੰ ਸ਼ਬਦ ਸਚ ਚਲਾਇਆ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਤੇਰਾ ਅੰਤ ਕਿਨੇ ਨਾ ਪਾਇਆ । ਕੋਈ ਨਾ ਜਾਣੇ ਪ੍ਰਭ ਪਰਵਰ । ਊਚੋ ਊਚ ਪ੍ਰਭ ਕਾ ਦਰ । ਜੋਤ ਸਰੂਪ ਅਵਤਾਰ ਨਰ ਧਰ । ਗੁਰਸਿਖ ਸਾਚਾ ਸਵੱਛ ਸਰੂਪ, ਅੰਤਕਾਲ ਨਾ ਹੋਏ ਜਮ ਕਾ ਡਰ । ਨਿਹਕਲੰਕ ਜੋਤ ਪਰਗਟਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧਰਨੀ ਧਰ ।

❊ ੫ ਚੇਤ ੨੦੦੮ ਬਿਕ੍ਰਮੀ ਪਾਲ ਸਿੰਘ ਦੇ ਗ੍ਰਿਹ ਪਿੰਡ ਲਲੀਆਂ ਜ਼ਿਲਾ ਜਲੰਧਰ ❊

ਕਲਜੁਗ ਤਾਰ ਜਾਏ ਗੁਰਸਿਖਾਂ, ਛਿੰਨ ਭੰਗਰ ਜੋਤ ਪਰਗਟਾਇਕੇ । ਕਲਜੁਗ ਤਾਰ ਜਾਏ ਗੁਰਸਿਖਾਂ, ਭਰਤੰਬਰ ਸਰਬ ਸਮਾਇਕੇ । ਕਲਜੁਗ ਮੇਟ ਜਾਏ ਸਭ ਦੁੱਖਾਂ, ਰਿਦੇ ਸ਼ੁਧ ਗੁਰਸਿਖਾਂ ਕਰਾਇਕੇ । ਕਲਜੁਗ ਤਾਰ ਜਾਏ ਗੁਰਸਿਖਾਂ, ਘਰ ਸੱਚੀ ਜੋਤ ਜਗਾਇਕੇ । ਕਲਜੁਗ ਤਾਰ ਜਾਏ ਗੁਰਸਿਖਾਂ, ਘਰ ਦਰਸ਼ਨ ਭਿਖਿਆ ਪਾਇਕੇ । ਕਲਜੁਗ ਤਾਰ ਜਾਏ ਗੁਰਸਿਖਾਂ, ਮੁਖ ਅੰਮ੍ਰਿਤ ਭੋਗ ਲਗਾਇਕੇ । ਕਲਜੁਗ ਤਾਰ ਜਾਏ ਗੁਰਸਿਖਾਂ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾਇਕੇ । ਗੁਰਸਿਖਾਂ ਗੁਰ ਦਰਸ਼ਨ ਪਾਇਣਾ । ਬੇਮੁਖਾਂ ਵੇਲਾ ਹੱਥ ਨਾ ਆਇਣਾ । ਵਕਤ ਵਿਚਾਰ ਜੋਤ ਸਰੂਪ ਨਾ ਰਿਦੇ ਵਸਾਇਣਾ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਦਰਬਾਰਾ, ਬੇਮੁਖਾਂ ਦਰ ਦਰ ਭਵਾਇਣਾ । ਪ੍ਰਭ ਦਰਸ ਸਚ ਦਰਬਾਰਾ । ਪਰਗਟੇ ਜੋਤ ਕਲਜੁਗ ਅਪਰ ਅਪਾਰਾ । ਧਰਤ ਧਵਲ ਆਕਾਸ਼ ਪ੍ਰਭ ਜੋਤ ਆਕਾਰਾ । ਗੁਰਸਿਖਾਂ ਘਰ ਕੀਆ ਵਾਸ, ਛੱਡ ਸਗਲ ਸੰਸਾਰਾ । ਗੁਰਸਿਖ ਸੰਗ ਸਦਾ ਹਰਿ ਪਾਸ, ਮਹਾਰਾਜ ਸ਼ੇਰ ਸਿੰਘ ਆਪ ਨਿਰੰਕਾਰਾ । ਨਿਰੰਕਾਰ ਜੋਤ ਘਰ ਨਿਰਧਨ ਆਈ । ਝੂਠੇ ਧੰਦੇ ਸਭ ਸ੍ਰਿਸ਼ਟ ਭੁਲਾਈ । ਗੁਰਸਿਖ ਪ੍ਰੀਤ ਗੁਰ ਚਰਨ ਬਣ ਆਈ । ਸੋ ਸੁਹਾਇਆ ਥਾਨ, ਜਿਥੇ ਪ੍ਰਭ ਜੋਤ ਪਰਗਟਾਈ । ਪ੍ਰਭ ਪੂਰਨ ਸ਼ਰਧਾ ਪੂਰ, ਬੁਝੀ ਦੀਪਕ ਫੇਰ ਜਗਾਈ । ਘਰ ਸਾਚਾ ਸ਼ਾਹੋ ਪਾਇਆ, ਭੁੱਖ ਰਹੇ ਨਾ ਕਾਈ । ਪ੍ਰਭ ਅੰਤਮ ਮੇਲ ਮਿਲਾਇੰਦਾ, ਜੋਤ ਸਰੂਪ ਵਿਚ ਦੇ ਮਿਲਾਈ । ਗੁਰਸਿਖਾਂ ਮਾਣ ਦਿਵਾਇਆ, ਜੁਗ ਚਾਰ ਜਸ ਰਹਿ ਜਾਈ । ਥਿਰ ਘਰ ਛੱਡ ਸਿੱਖ ਘਰ ਆਇਆ, ਕਲਜੁਗ ਦੇਵੇ ਭਗਤ ਵਡਿਆਈ । ਧੰਨ ਧੰਨ ਮਹਾਰਾਜ ਸ਼ੇਰ ਸਿੰਘ ਅੰਤਕਾਲ ਹੋਏ ਸਹਾਈ । ਗੁਰਸਿਖ ਉਧਾਰੇ ਆਦਿਨ ਅੰਤਾ । ਸੋਹੰ ਨਾਉਂ ਜਨ ਉਚਾਰੇ, ਮਿਲੇ ਪ੍ਰਭ ਭਗਵੰਤਾ । ਰਿਦੇ ਹੋਏ ਜੋਤ ਚਮਤਕਾਰੇ, ਕਲਜੁਗ ਮਿਲੇ ਪ੍ਰਭ ਸਾਧਨ ਸੰਤਾ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਵਿਚ ਜੀਵ ਜੰਤ ਰਹੰਤਾ । ਰਾਜਨ ਰਾਜ ਆਪ ਵਡ ਰਾਜਾ । ਸਾਜਨ ਸਾਜ ਪ੍ਰਭ

ਸ੍ਰਿਸ਼ਟ ਸਾਜਾ । ਰਾਗਨ ਰਾਗ ਸੋਹੰ ਦੇਵੇ ਉਤਮ ਰਾਗਾ । ਗੁਰਸਿਖ ਹੋਏ ਵਡਭਾਗ, ਬੇਮੁਖ ਸੋਏ ਗੁਰਮੁਖ ਜਾਗਾ । ਮਹਾਰਾਜ ਸ਼ੇਰ ਸਿੰਘ ਰੱਖੇ ਲਾਜ, ਗੁਰਸਿਖ ਕਲਜੁਗ ਲੱਗੇ ਨਾ ਦਾਗ਼ਾ । ਗੁਰਸਿਖ ਦੇਹ ਕਲਜੁਗ ਅਮੋਲ । ਗੁਰਸਿਖ ਸੋਹਣ ਪ੍ਰਭ ਚਰਨ ਕੋਲ । ਗੁਰਸਿਖ ਹੋਵੇ ਮਨ ਧਰਵਾਸਾ, ਬੇਮੁਖ ਮਾਰਨ ਝੂਠੇ ਬੋਲ । ਪ੍ਰਭ ਸਾਚੀ ਜੋਤ ਪਰਗਟਾਇਕੇ, ਅੰਤ ਕਲ ਪੂਰੇ ਤੋਲੇ ਤੋਲ । ਹੰਕਾਰ ਨਿਵਾਰਨ ਸੋਹੰ ਪ੍ਰਭ ਆਇਆ, ਬੇਮੁਖਾਂ ਪੜਦੇ ਦੇਵੇ ਖੋਲ੍ਹ । ਪ੍ਰਭ ਸੱਚਾ ਸਚ ਸਮਾਇਆ, ਸੋਹੰ ਸ਼ਬਦ ਵਜਾਇਆ ਢੋਲ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਸਾਧ ਸੰਗਤ ਕਰੇ ਦੇਹ ਨਿਰੋਲ । ਗੁਰਸਿਖ ਕਲਜੁਗ ਉਤਮ ਜਾਤੀ । ਸੋਹੰ ਨਾਉਂ ਸਚ ਦੀਪਕ ਬਾਤੀ । ਬੇਮੁਖ ਪੈਰ ਪਸਾਰ ਕੇ, ਕਲ ਸੁੱਤੇ ਰਾਤੀ । ਗੁਰਸਿਖ ਜੋਤ ਜਗਾਇਕੇ, ਆਤਮ ਦੀਪ ਨਾਮ ਨਿਰਮਲ ਬਾਤੀ । ਮਹਾਰਾਜ ਸ਼ੇਰ ਸਿੰਘ ਗੁਰਸਿਖ ਘਰ ਆਇਕੇ, ਬੇਮੁਖਾਂ ਮਨ ਲਾਈ ਕਾਤੀ । ਬੇਮੁਖ ਮੂੜ੍ਹ ਨਾ ਸਮਝਦਾ, ਜੇ ਗੁਰਸਿਖ ਸਮਝਾਵੇ । ਬੇਮੁਖ ਮੂੜ੍ਹ ਨਾ ਸਮਝਦਾ, ਪ੍ਰਭ ਨਜ਼ਰ ਨਾ ਆਵੇ । ਬੇਮੁਖ ਮੂੜ੍ਹ ਨਾ ਸਮਝਦਾ, ਕਲਜੁਗ ਮਾਇਆ ਅਗਨ ਜਲਾਵੇ । ਬੇਮੁਖ ਮੂੜ੍ਹ ਨਾ ਸਮਝਦਾ, ਸੋਹੰ ਸ਼ਬਦ ਨਾ ਰਸਨਾ ਗਾਵੇ । ਬੇਮੁਖ ਮੂੜ੍ਹ ਨਾ ਸਮਝਦਾ, ਜਮ ਦਰ ਬੱਧਾ ਚੋਟਾਂ ਖਾਵੇ । ਬੇਮੁਖ ਮੂੜ੍ਹ ਨਾ ਸਮਝਦਾ, ਕੂਕਰ ਸ਼ੂਕਰ ਜੂਨ ਰਹਾਵੇ । ਬੇਮੁਖ ਮੂੜ੍ਹ ਨਾ ਸਮਝਦਾ, ਕਾਗ ਹੋਵੇ ਕਲ ਵਿਸ਼ਟਾ ਖਾਵੇ । ਬੇਮੁਖ ਮੂੜ੍ਹ ਨਾ ਸਮਝਦਾ, ਮਹਾਰਾਜ ਸ਼ੇਰ ਸਿੰਘ ਮਤਿ ਪੜਦਾ ਪਾਵੇ । ਗੁਰਸਿਖ ਸਤਿਗੁਰ ਚਰਨ ਲੁਝਦਾ, ਕਰ ਨਿਰਮਲ ਬੁਧ । ਗੁਰ ਸਾਚਾ ਗੁਰਸਿਖ ਬੁਝਦਾ, ਪ੍ਰਭ ਸਾਚੀ ਦੇਵੇ ਸੁਧ । ਬਿਨ ਪ੍ਰਭ ਕੌਣ ਮਿਲਾਵੰਦਾ, ਵਿਛੜਿਆਂ ਨੂੰ ਤੁਧ । ਮਹਾਰਾਜ ਸ਼ੇਰ ਸਿੰਘ ਚਰਨ ਲਗਾਂਵਦਾ, ਗੁਰਸਿਖਾਂ ਦੇਵੇ ਸਾਚੀ ਬੁਧ । ਗੁਰਸਿਖ ਵਿਰਲੇ ਵਿਚ ਸਹੰਸ । ਗੁਰਸਿਖ ਤਾਰੇ ਸਰਬ ਆਪਣਾ ਬੰਸ । ਬੇਮੁਖ ਮਾਰੇ ਜਿਉਂ ਮੁਰਾਰੀ ਕੰਸ । ਕਲਜੁਗ ਗੁਰਸਿਖ ਪਿਆਰੇ, ਮਹਾਰਾਜ ਸ਼ੇਰ ਸਿੰਘ ਤੇਰੀ ਅੰਸ । ਵਿਸ਼ਨੂੰ ਬੰਸੀ ਪ੍ਰਭ ਆਪ ਅਖਵਾਇਆ । ਗੁਰਸਿਖ ਸਾਚਾ ਬੰਸ ਬਣਾਇਆ । ਸਾਧ ਸੰਗਤ ਪ੍ਰਭ ਵਿਚ ਸਮਾਇਆ । ਵਿਟਹੁ ਜਾਓ ਕੁਰਬਾਨ, ਸੋਹੰ ਸ਼ਬਦ ਜਿਸ ਰਸਨਾ ਗਾਇਆ । ਕਲਜੁਗ ਮਿਲਿਆ ਵਿਸ਼ਨੂੰ ਭਗਵਾਨ, ਮਹਾਰਾਜ ਸ਼ੇਰ ਸਿੰਘ ਨਾਉਂ ਧਰਾਇਆ । ਪ੍ਰਭ ਕਾ ਬੰਸ ਚਲੇ ਜੁਗ ਚਾਰ । ਗੁਰਸਿਖ ਜਾਓ ਸਦ ਸਦ ਸਦ ਬਲਿਹਾਰ । ਜਿਨ੍ਹਾਂ ਘਰ ਵਸੇ ਆਪ ਨਿਰੰਕਾਰ । ਜੋਤ ਸਰੂਪ ਪ੍ਰਭ ਦੇ ਚਲਿਆ ਜੋਤ ਅਧਾਰ । ਜਗ ਅਵਲਿਆ ਕਿਸੇ ਨਾ ਠੱਲਿਆ, ਨਜ਼ਰ ਨਾ ਆਵੇ ਆਪ ਗਿਰਧਾਰ । ਗੁਰਸਿਖਾਂ ਦਰ ਸਾਚਾ ਮੱਲਿਆ, ਪ੍ਰਭ ਕਿਰਪਾ ਕਰੀ ਅਪਾਰ । ਗੁਰਸਿਖ ਸਚ ਘਰ ਚਲਿਆ, ਹੁਕਮ ਜੋਤ ਚਲੇ ਇਕ ਤਾਰ । ਗੁਰਸਿਖ ਹਿਰਦਾ ਕਦੇ ਨਾ ਹੱਲਿਆ, ਜਿਤ ਵਸੇ ਸਿਰਜਣਹਾਰ । ਗੁਰਸਿਖ ਅੰਤ ਜੋਤ ਸੰਗ ਮਿਲਿਆ, ਪ੍ਰਭ ਮਿਲੇ ਜੋਤ ਮਿਲਾਵਣਹਾਰ । ਗੁਰਸਿਖਾਂ ਸਚ ਘਰ ਮੱਲਿਆ, ਮਹਾਰਾਜ ਸ਼ੇਰ ਸਿੰਘ ਤੇਰਾ ਸਚ ਦਰਬਾਰ । ਸਾਚਾ ਘਰ ਸਾਚਾ ਦਰਬਾਰਾ । ਗੁਰਸਿਖ ਨਾ ਜਾਏ ਡਰ, ਮਿਲੇ ਪ੍ਰਭ ਅਗੰਮ ਅਪਾਰਾ । ਬੇਮੁਖ ਮਾਨਸ ਜਨਮ ਜਾਏ ਹਾਰ, ਰਿਦੇ ਨਾ ਸਾਚਾ ਪ੍ਰਭ ਵਿਚਾਰਾ । ਮਹਾਰਾਜ ਸ਼ੇਰ ਸਿੰਘ ਧਰਨੀ ਧਰ, ਜੋਤ ਸਰੂਪ ਰਵੇ ਸੰਸਾਰਾ । ਗੁਰ ਪੂਰਾ ਸਚ ਗਹਿਰ ਗੰਭੀਰਾ । ਪਰਗਟ ਜੋਤ ਅਗੰਮ, ਦੇਵੇ ਗੁਰਸਿਖ ਮਨ ਧੀਰਾ । ਗੁਰ ਚਰਨ ਲਾਗ ਤਰਾਇਆ, ਮਾਨਸ ਜਨਮ ਹੀਰਾ । ਮਹਾਰਾਜ ਸ਼ੇਰ ਸਿੰਘ ਭਗਤ ਵਡਿਆਇਆ, ਕਲਜੁਗ ਪਰਗਟੇ ਸਿਰ ਪੀਰਾਂ ਪੀਰਾ । ਦੇ ਦਰਸ਼ਨ ਗੁਰ ਪਿਆਸ ਬੁਝਾਈ । ਗੁਰਸਿਖ ਲੇਖ ਪ੍ਰਭ ਆਪ ਲਿਖਾਈ । ਚਾੜ੍ਹ ਮਜੀਠੀ ਰੰਗ, ਰੰਗਣ ਨਾਮ ਚੜ੍ਹਾਈ । ਕੁਲ ਦਿਤੀ ਤੇਰੀ ਤਾਰ,

੨੪੭
੦੧

ਪਾਲ ਸਿੰਘ ਤੁਧ ਹੋਏ ਵਧਾਈ । ਕਲਜੁਗ ਹੋਵੇ ਅੰਧ ਅੰਧਿਆਰ, ਲਲੀਆਂ ਨਾਉਂ ਜਗ ਰਹਿ ਜਾਈ । ਗੁਰਸਿਖ ਸੋਹੇ ਗੁਰ ਦਰਬਾਰ, ਚਾਰ ਕੁੰਟ ਹੋਏ ਜੈ ਜੈ ਜੈਕਾਰ ਕਰਾਈ । ਮਹਾਰਾਜ ਸ਼ੇਰ ਸਿੰਘ ਸਰਗੁਣ ਨਿਰਗੁਣ ਸਰਨ ਪੜੇ ਦੀ ਲਾਜ ਰਖਾਈ । ਜੋ ਜਨ ਪੜੇ ਪ੍ਰਭ ਕੀ ਸਰਨਾ । ਜੋ ਜਨ ਅੜਿਆ ਅੰਤ ਨਰਕ ਨਿਵਾਸ ਹੈ ਕਰਨਾ । ਬੇਮੁਖ ਅਗਨ ਜੋਤ ਸੰਗ ਸੜਿਆ, ਗੁਰਸਿਖ ਚਰਨ ਲਾਗ ਹੈ ਤਰਨਾ । ਮਹਾਰਾਜ ਸ਼ੇਰ ਸਿੰਘ ਅੰਤ ਜੋਤ ਮਿਲਾਏ, ਗੁਰਸਿਖ ਹੋਵੇ ਜਗਤ ਨਾ ਮਰਨਾ । ਲਾਜ ਪਤਿ ਰੱਖੇ ਆਪ ਪ੍ਰਭ ਜਗ ਰੱਖਣਹਾਰਾ । ਤਨ ਮਾਰੇ ਪ੍ਰਭ ਤੀਨ ਤਾਪ ਕਾਮ ਕਰੋਧ ਨਾ ਪੁਕਾਰਾ । ਅੰਤਮ ਹੋਏ ਸਤਿ ਸਤਿ ਸਤਿ, ਅੰਤਮ ਮਿਲਿਆ ਪੁਰਖ ਅਗੰਮ ਅਪਾਰਾ । ਕਲਜੁਗ ਰੱਖੇ ਆਪ ਪ੍ਰਭ, ਸਾਚਾ ਨਾਮ ਦੇ ਅਧਾਰਾ । ਸਾਚੀ ਪਾਵੇ ਵਿਚ ਦੇਹ ਮਤਿ, ਅੰਮ੍ਰਿਤ ਨਾਮ ਚਲੇ ਫੁਹਾਰਾ । ਮਹਾਰਾਜ ਸ਼ੇਰ ਸਿੰਘ ਆਪ ਸਮਰਥ, ਅੰਮ੍ਰਿਤ ਦੇਵੇ ਜਗਤ ਭੰਡਾਰਾ । ਪਾਰਬ੍ਰਹਮ ਪ੍ਰਭ ਵਿਚ ਦੇਹ ਸਮਾਇਆ । ਸਿੱਖ ਦੇਹ ਪ੍ਰਭ ਕੀ ਜੋਤ, ਜੋਤ ਸਰੂਪ ਇਹ ਕਾਜ ਰਚਾਇਆ । ਮਹਿੰਮਾ ਅਨੂਪ ਪ੍ਰਭ ਰੰਗ ਨਾ ਰੂਪ, ਜੋਤ ਸਰੂਪ ਨਜ਼ਰ ਨਾ ਆਇਆ । ਕਲਜੁਗ ਪਰਗਟ ਪ੍ਰਭ ਵਡ ਭੂਪ, ਸਾਚਾ ਮੁਕਟ ਸਿਰ ਦਸਤਾਰ ਸਜਾਇਆ । ਪਤਿ ਰਾਖੀ ਪ੍ਰਭ ਪਾਰਬ੍ਰਹਮ, ਬਸਤਰ ਭੂਸ਼ਨ ਅੰਗ ਲਗਾਇਆ । ਘਰ ਤੋਟ ਕਦੇ ਨਾ ਆਵਈ, ਗੁਰ ਸੇਵਾ ਗੁਰਸਿਖ ਕਮਾਇਆ । ਫਿਰ ਜਨਮ ਕਦੀ ਨਾ ਪਾਵਈ, ਅੰਤਕਾਲ ਵਿਚ ਜੋਤ ਮਿਲਾਇਆ । ਸਤਿ ਪੁਰਖਾ ਸਚ ਨਾਮ ਜਪਾਵਈ, ਘਰ ਸਾਚਾ ਧਾਮ ਸਚਖੰਡ ਬਣਾਇਆ । ਪ੍ਰਭ ਦਿੰਦਿਆ ਤੋਟ ਨਾ ਆਵਈ, ਜਗਤ ਜਗਤ ਭੰਡਾਰੀ ਪ੍ਰਭ ਤੇਜ ਵਧਾਇਆ । ਪ੍ਰਭ ਸਦ ਸਦ ਬਖ਼ਸ਼ਣਹਾਰ, ਮੰਗ ਦਾਨ ਘਰ ਪਰਮੇਸ਼ਵਰ ਆਇਆ । ਜਗਤ ਦੇਵੇ ਮਾਣ, ਸੋਹਣ ਮੰਦਰ ਜਿਥੇ ਪ੍ਰਭ ਚਰਨ ਟਿਕਾਇਆ । ਮਹਾਰਾਜ ਸ਼ੇਰ ਸਿੰਘ ਜਾਓ ਬਲਿਹਾਰ, ਜਿਸ ਇਹ ਥਾਨ ਸੁਹਾਇਆ । ਅੱਧੀ ਰੈਣ ਵਿਹਾਈ । ਦੁਨੀਆਂ ਸੁਨ ਸਮਾਧ ਸਵਾਈ । ਗੁਰਸਿਖਾਂ ਮਨ ਵੱਜੀ ਵਧਾਈ । ਪੰਚਮ ਚੇਤ ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਈ । ਸੁੰਞ ਮਸਾਣ ਜਗ ਮਹਿਲ ਮੁਨਾਰੇ । ਚੁਪ ਚਪੀਤੇ ਜਗ ਜਗ ਪਵਣ ਹੁਲਾਰੇ । ਵਿਚ ਆਕਾਸ਼ ਸਰਬ ਸਤਾਰੇ । ਮਹਾਰਾਜ ਸ਼ੇਰ ਸਿੰਘ ਤੇਰੀ ਜੋਤ ਕਲਜੁਗ ਚਮਤਕਾਰੇ ।

❊ ੫ ਚੇਤ ੨੦੦੮ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹ ਅਹਿਮਦਪੁਰ ❊

ਚਾਰ ਵਰਨ ਪ੍ਰਭ ਵਸਿਆ, ਸਰਬ ਗੁਣ ਦਾਤਾ । ਰਾਹ ਕਲਜੁਗ ਸਾਚਾ ਦੱਸਿਆ, ਦੇਵੇ ਦਾਨ ਸ਼ਬਦ ਗੁਣ ਦਾਤਾ । ਜਨ ਭਗਤਾਂ ਪ੍ਰਭ ਹਿਰਦੇ ਵਸਿਆ, ਰਵੇ ਰੰਗ ਆਪ ਪ੍ਰਭ ਰੰਗ ਰਾਤਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਘਰ ਪਰਗਟ ਜੋਤ ਪੁਰਖ ਬਿਧਾਤਾ । ਵਡ ਵਡਿਆਈ ਪੰਚਮੀ, ਪੰਚਮ ਪ੍ਰਭ ਮਾਰੇ । ਵਡ ਵਡਿਆਈ ਪੰਚਮੀ, ਨਿਰਹਾਰ ਨਿਰਵੈਰ ਜੋਤ ਚਮਤਕਾਰੇ । ਵਡ ਵਡਿਆਈ ਪੰਚਮੀ, ਜਗਤ ਜਲੰਦਾ ਗੁਰਸਿਖ ਪ੍ਰਭ ਤਾਰੇ । ਵਡ ਵਡਿਆਈ ਪੰਚਮੀ, ਪੰਚਮ ਚੇਤ ਗੁਰਸਿਖ ਸੋਹਣ ਹਰਿ ਕੇ ਦਵਾਰੇ । ਵਡ ਵਡਿਆਈ ਪੰਚਮੀ, ਘਰ ਆਇਆ ਅਗੰਮ ਅਪਾਰੇ । ਵਡ ਵਡਿਆਈ ਪੰਚਮੀ, ਸੁਰਤ ਸ਼ਬਦ ਜਨ ਸਿੱਖ ਉਚਾਰੇ । ਵਡ ਵਡਿਆਈ ਪੰਚਮੀ, ਥਿਰ ਘਰ ਵਸੇ ਆਪ ਨਿਰੰਕਾਰੇ । ਪੰਚਮ ਜੇਠ ਮਿਲੇ ਵਡਿਆਈ, ਮਹਾਰਾਜ ਸ਼ੇਰ ਸਿੰਘ ਸਿਖਨ ਤਾਰੇ । ਕਲਜੁਗ ਪਰਗਟੇ ਤ੍ਰੈਲੋਕੀ ਨਾਥਾ । ਵਿਛੜ ਕਦੇ ਨਾ ਜਾਏ, ਸਾਚਾ ਪ੍ਰਭ ਸਦਾ ਸੰਗ ਸਾਥਾ । ਗੁਰਸਿਖ

ਰਸਨਾ ਸੋਹੰ ਗਾਏ, ਸਤਿਜੁਗ ਸਾਚੀ ਪ੍ਰਭ ਕੀ ਗਾਥਾ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ, ਬੇਮੁਖ ਨਾ ਟੇਕਣ ਮਾਥਾ । ਭਗਤ ਵਛਲ ਪ੍ਰਭ ਸੰਗ ਸੁਹੇਲਾ । ਗੁਰਚਰਨ ਲਗਾਏ ਘਰ ਦਰ ਕਾ ਮੇਲਾ । ਪਰਗਟ ਹੋਵੇ ਦਰਸ ਦਿਖਾਵੇ ਨਾ ਝੂਠੀ ਖੇਲਾ । ਕਲਜੁਗ ਤਾਰਨ ਆ ਗਿਆ, ਗੁਰ ਸਚ ਦੁਹੇਲਾ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਜਿਨ ਕੀਆ ਸੰਜੋਗੀ ਮੇਲਾ । ਸਚ ਸੰਜਮ ਸਚ ਰੂਪ ਪ੍ਰਭ ਕੀ ਜੋਤਾ । ਕਲਜੁਗ ਪਰਗਟੇ ਪ੍ਰਭ ਵਡ ਭੂਪਾ । ਏਕ ਆਪ ਕੋਈ ਅਵਰ ਨਾ ਹੋਤਾ । ਬੇਮੁਖ ਕਲਜੁਗ ਰਿਹਾ ਸੋਤਾ । ਬਾਂਹੋਂ ਪਕੜ ਤਰਾਇਆ, ਨਰਕ ਨਿਵਾਸ ਨਾ ਖਾਧਾ ਗੋਤਾ । ਮਹਾਰਾਜ ਸ਼ੇਰ ਸਿੰਘ ਚੁਰਾਸੀ ਗੇੜ ਕਟਾਇਆ, ਅੰਤਮ ਮੇਲ ਕਰੇ ਵਿਚ ਜੋਤਾ । ਜੋਤ ਸਰੂਪ ਵਿਚ ਜਗਤ ਪਰਵੇਸ਼ । ਸੱਚੇ ਪ੍ਰਭ ਕੋ ਸਦਾ ਆਦੇਸ । ਆਪ ਏਕ ਜੁਗੋ ਜੁਗ ਉਲਟਾਵੇ ਭੇਸ । ਕਿਰਪਾ ਕਰ ਪ੍ਰਭ ਬਖ਼ਸ਼ਦਾ, ਗੁਰਸਿਖਾਂ ਕਰੇ ਬੁਧ ਬਿਬੇਕ । ਜਗ ਝੂਠਾ ਧੰਦਾ ਛੱਡ ਕੇ, ਗੁਰਚਰਨ ਲਗਾਓ ਟੇਕ । ਗੁਰ ਪੂਰਾ ਸਿਮਰਨਹਾਰ ਹੈ, ਵਿਸਰੋ ਘੜੀ ਨਾ ਏਕ । ਕਲਜੁਗ ਭਗਤਾਂ ਤਾਰਨ ਆ ਗਿਆ, ਮਹਾਰਾਜ ਸ਼ੇਰ ਸਿੰਘ ਕਰ ਜੋਤ ਸਰੂਪੀ ਭੇਖ । ਜੁਗ ਚੌਥੇ ਪ੍ਰਭ ਖੇਲ ਰਚਾਇਆ । ਛੱਡ ਦੇਹ ਜੋਤ ਸਰੂਪ ਸਮਾਇਆ । ਨਿਰਗੁਣ ਸਰਗੁਣ ਰੂਪ ਪ੍ਰਭ, ਭਗਤ ਜਨਾਂ ਹਰਿ ਦਰਸ ਦਿਖਾਇਆ । ਉਤਮ ਨਿਰਮਲ ਚੰਚਲਾ, ਜਿਨ ਰਸਨਾ ਸੋਹੰ ਗਾਇਆ । ਲੋਹਾ ਪਾਰਸ ਛੋਹੇ ਹੋਏ ਕੰਚਨਾ, ਗੁਰਸਿਖ ਸੰਗ ਬੇਮੁਖ ਤਰਾਇਆ । ਕਰੋ ਦਰਸ ਖੋਲ੍ਹ ਦੇਵੇ ਲੋਚਨਾ, ਸਿੰਘ ਸਿੰਘਾਸਣ ਪ੍ਰਭ ਡੇਰਾ ਲਾਇਆ । ਹੁਣ ਵੇਲਾ ਸਚ ਜਿਸ ਸੋਚਣਾ, ਨਿਹਕਲੰਕ ਜਗਤ ਵਿਚ ਆਇਆ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਗੁਰਸਿਖਾਂ ਮਾਣ ਦਿਵਾਇਆ । ਮਾਣ ਮੋਹ ਦੋਨੋਂ ਪ੍ਰਭ ਪਰਹਰੇ । ਪੂਰਬ ਕਰਮ ਵਿਚਾਰ, ਸਾਚੀ ਜੋਤ ਪ੍ਰਭ ਵਿਚ ਧਰੇ । ਮਦਿ ਮਾਸੀ ਕਰ ਖੁਆਰ, ਤਰਗਿਦ ਜੂਨ ਨਿਤ ਵਾਸ ਧਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਸ਼ਰਨ ਪੜੇ ਜਨ ਪ੍ਰਭ ਪਾਰ ਕਰੇ । ਗੁਰਸਿਖ ਕਲਜੁਗ ਜਗਤ ਬਿਯੋਗੀ । ਕਿਰਪਾ ਕਰ ਪ੍ਰਭ ਤਾਰਦਾ, ਦਰ ਆਏ ਰੋਗੀ । ਕੋਟਾਂ ਵਿਚ ਪ੍ਰਭ ਪਛਾਣਦਾ, ਕਰਮ ਮੇਲ ਗੁਰਸਿਖ ਸੰਜੋਗੀ । ਬੇਮੁਖਾਂ ਬਾਣ ਪ੍ਰਭ ਮਾਰਦਾ, ਮਹਾਰਾਜ ਸ਼ੇਰ ਸਿੰਘ ਸਤਿਗੁਰ ਚੋਜੀ । ਕਲਜੁਗ ਕਰਮ ਵਿਚਾਰ ਕੇ, ਪ੍ਰਭ ਜੋਤ ਪਰਗਟਾਵੇ । ਜੋਤ ਸਰੂਪ ਵਿਚ ਦੇਹ ਸਮਾਇਕੇ, ਸ਼ਬਦ ਸਾਚ ਸਚ ਆਪ ਲਿਖਾਵੇ । ਗੁਣ ਨਿਧਾਨ ਪ੍ਰਭ ਘਰ ਆਇਕੇ, ਭਗਤ ਜਨਾਂ ਹਰਿ ਲੇਖ ਲਿਖਾਵੇ । ਦਰਗਾਹ ਮਾਣ ਦਵਾਇਕੇ, ਸਚਖੰਡ ਸਚ ਤਖ਼ਤ ਬਹਾਵੇ । ਪ੍ਰਭ ਸ਼ਬਦੀ ਸ਼ਬਦ ਮਿਲਾਇਕੇ, ਤੀਨ ਲੋਕ ਕੀ ਸੋਝੀ ਪਾਵੇ । ਖੰਡ ਬ੍ਰਹਿਮੰਡ ਸਮਾਇਕੇ, ਲੀਲ੍ਹਾ ਆਪਣੀ ਜਗਤ ਚਲਾਵੇ । ਬੇਮੁਖਾਂ ਪੜਦਾ ਪਾਇਕੇ, ਮਹਾਰਾਜ ਸ਼ੇਰ ਸਿੰਘ ਨਜ਼ਰ ਨਾ ਆਵੇ । ਚਾਰ ਕੁੰਟ ਪ੍ਰਭ ਸ਼ਬਦ ਚਲਾਵੇ । ਬੇਮੁਖਾਂ ਹੋਏ ਹਾਹਾਕਾਰ, ਜੈ ਜੈ ਜੈਕਾਰ ਭਗਤ ਜਨ ਗਾਵੇ । ਕਲਜੁਗ ਹੋਏ ਦੁਸ਼ਟ ਦੁਰਾਚਾਰ, ਮਦਿ ਮਾਸ ਜੋ ਰਸਨਾ ਲਾਵੇ । ਭਰਮਤ ਭਰਮਤ ਹੋਏ ਖੁਆਰ, ਸਾਚਾ ਪ੍ਰਭ ਨਜ਼ਰ ਨਾ ਆਵੇ । ਮੂਰਖ ਮੁਗਧ ਨਾ ਕਰਨ ਵਿਚਾਰ, ਰਸਨਾ ਲੋਭੀ ਲੋਭ ਹਲਕਾਵੇ । ਚੌਥੇ ਜੁਗ ਆਈ ਹਾਰ, ਕੁੰਭੀ ਨਰਕ ਪ੍ਰਭ ਵਾਸ ਕਰਾਵੇ । ਗੁਰ ਸਾਚਾ ਸ਼ਬਦ ਲਿਖਾਵੇ, ਅੰਤਕਾਲ ਨਾ ਕੋਈ ਛੁਡਾਵੇ । ਮਹਾਰਾਜ ਸ਼ੇਰ ਸਿੰਘ ਸਦ ਬਖ਼ਸ਼ਿੰਦਾ, ਦਰ ਆਏ ਪਾਰ ਕਰਾਵੇ । ਇਕ ਰੰਗ ਪ੍ਰਭ ਰੰਗ ਪ੍ਰਭ ਨਿਰਾਲਾ । ਕਲਜੁਗ ਤਾਰਨਹਾਰ ਪ੍ਰਭ, ਪਰਗਟੀ ਜੋਤ ਗੋਬਿੰਦ ਗੋਪਾਲਾ । ਚਰਨ ਲਗ ਤਰ ਜਾਵਸੀ, ਸਭ ਬਿਰਧ ਹੈ ਬਾਲਾ । ਮਹਾਰਾਜ ਸ਼ੇਰ ਸਿੰਘ ਲੇਖ ਲਿਖਾਵੇ, ਗੁਰਸਿਖਾਂ ਪਾਈ ਥਾਏਂ ਘਾਲਾ । ਸਤਿਜੁਗ ਸਾਚਾ ਸਚ ਪ੍ਰਭ ਕਰਨਾ ।

ਹੰਕਾਰਨ ਮਾਰ ਦੁਸ਼ਟ ਸੰਘਾਰੇ, ਰਾਓ ਰੰਕ ਇਕ ਕਰਨਾ । ਭਗਤ ਉਧਾਰੇ ਆਏ ਦਵਾਰੇ, ਇਕ ਰੰਗ ਵਸੇ ਵਿਚ ਚਾਰ ਵਰਨਾ । ਮਹਾਰਾਜ ਸ਼ੇਰ ਸਿੰਘ ਤ੍ਰੈਲੋਕੀ ਨੰਦਨ, ਸੋਹੰ ਸ਼ਬਦ ਰਸਨ ਉਚਰਨਾ । ਸਤਿਜੁਗ ਸੂਛਮ ਉਤਮ ਨਿਰਾਲਾ । ਗੁਰਸਿਖਾਂ ਵੇਖੇ ਕਿਰਪਾ ਕਰੇ ਗੁਰ ਗੋਪਾਲਾ । ਜਗੇ ਜੋਤ ਵਿਚ ਲਲਾਟ, ਸਿੰਘ ਸਵਾਰੇ ਜਿਉਂ ਜਵਾਲਾ । ਗੁਰ ਪੂਰੇ ਦੀਨੀ ਦਾਤ, ਸੋਹੰ ਰਸਨਾ ਮਾਲਾ । ਸਤਿਗੁਰ ਸਾਚਾ ਦਰਸ ਦੇ ਆਪ, ਭਗਤ ਜਨਾਂ ਹੋਏ ਰਖਵਾਲਾ । ਪਰਗਟੇ ਪ੍ਰਭ ਬ੍ਰਹਮ ਸਰੂਪਾ । ਜੀਵ ਜੰਤ ਤਾਰੇ ਵਿਚ ਅੰਧ ਕੂਪਾ । ਜੋ ਜਨ ਆਏ ਚਰਨ ਨਿਮਸਕਾਰੇ, ਦੇਵੇ ਦਰਸ ਪ੍ਰਭ ਸਵੱਛ ਸਰੂਪਾ । ਮਹਾਰਾਜ ਸ਼ੇਰ ਸਿੰਘ ਜੋਤ ਚਮਤਕਾਰੇ, ਨਾ ਕੋਈ ਰੰਗ ਨਾ ਕੋਈ ਰੂਪਾ । ਰੂਪ ਰੰਗ ਜੋ ਪ੍ਰਭ ਕਾ ਪੇਖੇ । ਜੋਤ ਸਰੂਪ ਵਿਚ ਦੇਹ ਹੀ ਵੇਖੇ । ਮਾਨਸ ਜਨਮ ਹੋਏ ਕਲਜੁਗ ਲੇਖੇ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ, ਗੁਰਸਿਖ ਸੱਚਾ ਨੈਣੀ ਦੇਖੇ । ਆਤਮ ਬਾਤੀ ਦੇਵੇ ਦਾਤ, ਗੁਰਸਿਖ ਪ੍ਰਭ ਦਾਤੀ । ਮਿਲੇ ਆਣ ਪ੍ਰਭ ਸਿੱਖਾਂ ਸੁੱਤਿਆਂ ਰਾਤੀ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤਾਰੇ, ਦੇਵੇ ਦਰਸ ਆਪ ਪਰਭਾਤੀ । ਦੇ ਦਰਸ ਪ੍ਰਭ ਭੈ ਚੁਕਾਏ । ਮੁਕੰਦ ਮਨੋਹਰ ਲਖਮੀ ਨਰਾਇਣ ਪ੍ਰਭ ਨਜ਼ਰੀ ਆਏ । ਆਤਮ ਜੋਤ ਹੋਏ ਪਰਕਾਸ਼, ਜੋਤ ਨਿਰੰਜਣ ਵਿਚ ਦੇਹ ਜਗਾਏ । ਪ੍ਰਭ ਪੂਰਾ ਸਰਗੁਣ ਤਾਸ, ਦੀਪਕ ਨਿਰਮਲ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਕਰੇ ਰਿਦੇ ਪਰਕਾਸ਼, ਸੋਹੰ ਸ਼ਬਦ ਜੋ ਰਸਨਾ ਗਾਏ । ਓਅੰ ਆਪ ਨਿਰੰਕਾਰਾ । ਜੋਤ ਸਰੂਪ ਵਸੇ ਵਿਚ ਸੰਸਾਰਾ । ਜੋਤ ਆਕਾਰ ਕੀਆ ਜਗਤ ਪਸਾਰਾ । ਜੁਗੋ ਜੁਗ ਪ੍ਰਭ ਲੈ ਅਵਤਾਰਾ । ਜਾਮਾ ਧਾਰ ਨਿਹਕਲੰਕ ਪ੍ਰਭ ਨਾਉਂ ਵਿਚਾਰਾ । ਸੋਹੰ ਸ਼ਬਦ ਉਚਾਰ ਭਗਤ ਜਨਾਂ ਹਰਿ ਦੇ ਭੰਡਾਰਾ । ਗੁਰਸਿਖ ਉਧਰੇ ਪਾਰ, ਸਾਚੀ ਪ੍ਰੀਤ ਗੁਰ ਚਰਨ ਦਵਾਰਾ । ਪਰਗਟੇ ਜੋਤ ਆਪ ਨਿਰੰਕਾਰ, ਮਹਾਰਾਜ ਸ਼ੇਰ ਸਿੰਘ ਜੋਤ ਨਿਰੰਕਾਰਾ । ਜੋਤ ਨਿਰੰਜਣ ਨਰ ਨਰਾਇਣਾ । ਗੁਰ ਦਰਸ ਕਰ ਗੁਰਮੁਖ ਤਰ ਜਾਇਣਾ । ਸਾਧ ਸੰਗਤ ਪ੍ਰਭ ਹੋਏ ਵਸ, ਰਸਨਾ ਦੇਵੇ ਨਾਮ ਰਸਾਇਣਾ । ਬੇਮੁਖਾਂ ਨਾ ਪਾਈ ਸਾਚੀ ਵੱਥ, ਕਲਜੁਗ ਫਿਰਦੇ ਜਿਉਂ ਸੁੰਵੇ ਘਰ ਕਾਉਣਾ । ਮਹਾਰਾਜ ਸ਼ੇਰ ਸਿੰਘ ਪਾਈ ਨੱਥ, ਲੱਖ ਚੁਰਾਸੀ ਗੇੜ ਭੁਗਤਾਉਣਾ । ਕਲਜੁਗ ਬੇਮੁਖ ਪ੍ਰਭ ਆਪ ਪਛਾਣਿਆ । ਕਲਜੁਗ ਬੇਮੁਖ ਜੋ ਨਾ ਮੰਨੇ ਪ੍ਰਭ ਕੇ ਭਾਣਿਆ । ਕਲਜੁਗ ਪਾਏ ਡਾਹਢੇ ਦੁੱਖ, ਜਿਨ ਆਤਮ ਰਾਮ ਮਨੋਂ ਭੁਲਾਣਿਆਂ । ਕਲਜੁਗ ਹੋਏ ਕਦੇ ਨਾ ਸੁਖ, ਜਿਨ ਪੂਰਾ ਸਤਿਗੁਰ ਨਹੀਂ ਪਛਾਣਿਆਂ । ਕਲਜੁਗ ਆਇਆ ਪ੍ਰਭ ਸਰਬ ਸੁਖ, ਤਖ਼ਤੋਂ ਲਾਹੇ ਰਾਜੇ ਰਾਣਿਆਂ । ਸ੍ਰਿਸ਼ਟ ਖਪਾਵੇ ਪਾਵੇ ਭੁੱਖ, ਚਾਰ ਵਰਨ ਇਕ ਕਰਾਣਿਆਂ । ਵਡ ਦਾਤਾ ਆਪ ਸਮਰਥ ਪੁਰਖ, ਦੇਵੇ ਮਾਣ ਕਲਜੁਗ ਨਿਮਾਣਿਆਂ । ਮਾਇਆਧਾਰੀ ਮਦਿ ਮਾਸੀ ਹੋਏ ਬੇਮੁਖ, ਕਲਜੁਗ ਮਾਰੇ ਪ੍ਰਭ ਸੋਹੰ ਬਾਣਿਆ । ਮਹਾਰਾਜ ਸ਼ੇਰ ਸਿੰਘ ਦੇਵੇ ਹਿਰਦੇ ਸੁਖ, ਚਰਨ ਲੱਗੇ ਜੋ ਹੋਏ ਨਿਤਾਣਿਆ । ਪ੍ਰਭ ਨਿਰੰਕਾਰ ਨਿਰਵੈਰ ਸਦ ਅਖਵਾਏ । ਜੋਤ ਸਰੂਪ ਵਿਚ ਜੀਵ ਜੰਤ ਰਹਾਏ । ਗੁਰਸਿਖ ਆਤਮ ਆਪ ਪਰਕਾਸ਼ਿਆ, ਜੋਤ ਸਰੂਪ ਪ੍ਰਭ ਦਰਸ ਦਿਖਾਏ । ਨਿਜਾਨੰਦ ਅੰਮ੍ਰਿਤ ਬੂੰਦ ਚਵਾਸਿਆ, ਅੰਮ੍ਰਿਤ ਬੂੰਦ ਕਵਲ ਮੇਂ ਪਾਏ । ਖੁੱਲ੍ਹੇ ਕਵਲ ਆਤਮ ਧਰਵਾਸਿਆ, ਅਨਹਦ ਸ਼ਬਦ ਧੁਨ ਦੇ ਵਜਾਏ । ਖੁੱਲ੍ਹੀ ਤ੍ਰੈਕੁਟੀ ਤ੍ਰੈਭਵਨ ਸੂਝਿਆ, ਦਵਾਰ ਦਸਮ ਪ੍ਰਭ ਦੇ ਖੁਲ੍ਹਾਏ । ਗੁਰਸਿਖਾਂ ਕਲਜੁਗ ਗੁਰਦਰ ਬੂਝਿਆ, ਜੋਤ ਸਰੂਪ ਵਿਚ ਜੋਤ ਮਿਲਾਏ । ਗੁਰਸਿਖ ਗੁਰ ਦਰਸ ਮਨ ਲੂਝਿਆ, ਕਰ ਦਰਸ ਹਉਮੇ ਹੰਗਤਾ ਰੋਗ ਗਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਨਿਹਕਲੰਕ ਹੋ ਸਤਿਜੁਗ ਲਾਏ । ਕਲਜੁਗ ਤਾਰਨ ਆ ਗਿਆ, ਗੋਪਾਲ ਗੁਰ ਗੁਪਤਾ । ਭਗਤ ਜਨ ਸੁੱਤੇ ਜਗਾਵਣ

ਆ ਗਿਆ, ਪ੍ਰਭ ਸਾਚਾ ਮੁਕਤੀ ਮੁਕਤਾ । ਸੋਹੰ ਸ਼ਬਦ ਸਿਖਾਵਣ ਆ ਗਿਆ, ਪ੍ਰਭ ਮਿਲਣ ਕੀ ਸਾਚੀ ਜੁਗਤਾ । ਸਤਿਜੁਗ ਸਾਚਾ ਲਾਵਣ ਆ ਗਿਆ, ਮਹਾਰਾਜ ਸ਼ੇਰ ਸਿੰਘ ਗੁਪਤੀ ਗੁਪਤਾ । ਜਗਤ ਭੁਲਾਇਆ ਜੁਗਤ ਕਰ, ਪ੍ਰਭ ਭੇਦ ਛੁਪਾਏ । ਕਲਜੁਗ ਨਜ਼ਰ ਨਾ ਆਇਆ, ਅਛਲ ਛਲਨੀ ਛਲ ਆਪ ਕਰਾਏ । ਜਗ ਸੁਨ ਸਮਾਧ ਕਰਾ ਗਿਆ, ਆਤਮ ਧੁਨ ਗੁਰਸਿਖ ਵਜਾਏ । ਘਰ ਦਰ ਮੰਦਰ ਥਾਏਂ ਸੁਹਾ ਗਿਆ, ਜੋਤ ਸਰੂਪ ਪ੍ਰਭ ਜੋਤ ਜਗਾਏ । ਹੰਕਾਰੀਆਂ ਮਾਣ ਗਵਾ ਗਿਆ, ਨਿਹਕਲੰਕ ਨਾਮ ਰਖਾਏ । ਸਤਿਜੁਗ ਸਾਚਾ ਲਾਇਆ, ਸਤਿ ਸੰਗਤ ਪ੍ਰਭ ਦੇ ਸੁਣਾਏ । ਕਲ ਬੇਮੁਖ ਨਾਮ ਲਿਖਾਇਆ, ਮਦਿ ਮਾਸ ਜਿਨ ਰਸਨਾ ਲਾਏ । ਗੁਰ ਸਾਚੇ ਤਖ਼ਤ ਰਚਾਇਆ, ਘਰ ਗੁਰਸਿਖਾਂ ਦੇ ਬਹਾਏ । ਪ੍ਰਭ ਅੰਮ੍ਰਿਤ ਮੁਖ ਚੁਆਇਆ, ਖੋਲ੍ਹ ਕਿਵਾੜ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ, ਜਨਮ ਜਨਮ ਦੀ ਸੋਝੀ ਪਾਏ । ਗੁਰ ਪੂਰਾ ਭਰਮ ਨਿਵਾਰਦਾ, ਦੇ ਆਤਮ ਗਿਆਨਾ । ਗੁਰ ਰਸਨਾ ਸ਼ਬਦ ਉਚਾਰਦਾ, ਘਰ ਸਚ ਧਿਆਨਾ । ਪ੍ਰਭ ਅੰਮ੍ਰਿਤ ਅਮਰ ਵਰਖਾਂਵਦਾ, ਵਾਲੀ ਦੋ ਜਹਾਨਾਂ । ਗੁਰਸਿਖ ਰੰਗ ਸਦਾ ਪ੍ਰਭ ਮਾਣਦਾ, ਹੋਏ ਮੇਲ ਕ੍ਰਿਸ਼ਨ ਭਗਵਾਨਾ । ਮਹਾਰਾਜ ਸ਼ੇਰ ਸਿੰਘ ਭਗਤ ਜਨ ਤਾਰਦਾ, ਨਿਹਕਲੰਕ ਧਾਰ ਕੇ ਜਾਮਾ । ਨਿਹਕਲੰਕ ਪ੍ਰਭ ਜਗਤ ਅਖਵਾਇਆ । ਜੋਤ ਸਰੂਪ ਜੋਤ ਪਰਗਟਾਇਆ । ਸ੍ਰਿਸ਼ਟ ਭੁਲਾਏ ਝੂਠੀ ਪਾਏ ਮਾਇਆ । ਆਤਮ ਮਤਿ ਗਵਾਈ, ਵਿਕਾਰ ਵਿਰੋਧ ਜਲਾਇਆ । ਰਸਨਾ ਮਦਿ ਮਾਸ ਲਗਾਈ, ਕਲਜੁਗ ਜੀਵ ਨਾਸ ਕਰਾਇਆ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਝੂਠੀ ਪਾਈ ਜਗਤ ਤੇ ਮਾਇਆ । ਸ੍ਰਿਸ਼ਟ ਭੁਲਾਈ ਸਰਬ ਗੁਣਵੰਤੇ । ਕਲਜੁਗ ਖਪਾਈ ਆਪ ਭਗਵੰਤੇ । ਸਾਧ ਸੰਗਤ ਦੇ ਵਡਿਆਈ, ਪ੍ਰਭ ਕੀ ਜੋਤ ਵਿਚ ਸਦਾ ਰਹੰਤੇ । ਮਹਾਰਾਜ ਸ਼ੇਰ ਸਿੰਘ ਸੋਹੰ ਨਾਉਂ ਝੋਲੀ ਪਾਈ, ਦਰ ਤੇਰੇ ਤੇ ਆਏ ਮੰਗਤੇ । ਗੁਰ ਦਰ ਪੂਰਾ ਗੁਰਸਿਖ ਮੰਗਣਾ । ਆਤਮ ਦੇਵੇ ਗਿਆਨ ਪ੍ਰਭ ਗੁਰਸਿਖ ਮਨ ਚਾੜ੍ਹੇ ਰੰਗਣਾ । ਆਤਮ ਹੋਏ ਸਦਾ ਸੁਖ, ਸਿੱਖ ਸਾਚਾ ਦੀਪ ਵਿਚ ਦੇਹ ਜਗਣਾ । ਮਹਾਰਾਜ ਸ਼ੇਰ ਸਿੰਘ ਲਾਹੇ ਭੁੱਖ, ਆਤਮ ਦਰਸ ਜਿਸ ਪ੍ਰਭ ਮੰਗਣਾ । ਆਤਮ ਦਰਸ ਪ੍ਰਭ ਸਿੱਖ ਦਰਸਾ ਕੇ । ਕਲਜੁਗ ਚਲਿਆ ਭੇਸ ਵਟਾ ਕੇ । ਪੂਰਾ ਗੁਰਸਿਖ ਮਨ ਸੋਝੀ ਪਾ ਕੇ । ਸ਼ਬਦ ਸੁਰਤ ਆਤਮ ਜੋਤ ਜਗਾ ਕੇ । ਬਿਨ ਬਾਤੀ ਬਿਨ ਤੇਲ ਬੁਝੀ ਦੀਪਕ ਜੋਤ ਜਗਾ ਕੇ । ਵਿਛੜ ਕਦੇ ਨਾ ਜਾਏ, ਕਲਜੁਗ ਲੱਗੇ ਚਰਨ ਜੋ ਆ ਕੇ । ਕਲਜੁਗ ਦੇਵੇ ਪ੍ਰਭ ਵਡਿਆਈ, ਨਿਹਕਲੰਕ ਨਾਉਂ ਰਖਾ ਕੇ । ਮਹਾਰਾਜ ਸ਼ੇਰ ਸਿੰਘ ਚਰਨ ਲਗ ਜਾਈ, ਸੋਹੰ ਸ਼ਬਦ ਜਨ ਰਸਨਾ ਗਾ ਕੇ । ਸੋਹੰ ਸ਼ਬਦ ਸਤਿਜੁਗ ਚਲਾਇਆ । ਬਾਕੀ ਸਭ ਦਾ ਮਾਣ ਗਵਾਇਆ । ਸਰਬਤ ਤੀਰਥਾਂ ਭੈ ਚੁਕਾਇਆ । ਅੰਤਕਾਲ ਕਲਜੁਗ ਕਰਨ ਜੋਤ ਸਰੂਪ ਆਪ ਪ੍ਰਭ ਆਇਆ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਭੇਦ ਕਿਨੇ ਨਾ ਪਾਇਆ । ਭੇਵ ਪਾਵੇ ਜਨ ਭਰਮ ਚੁਕਾਵੇ । ਚਰਨਾਮਤ ਤੇਰਾ ਲੈ ਆਤਮ ਤ੍ਰਿਪਤਾਵੇ । ਪ੍ਰਭ ਪੂਰਾ ਕਪਟ ਨਿਵਾਰਦਾ, ਹਉਮੈ ਵਿਚੋਂ ਰੋਗ ਗਵਾਵੇ । ਅੰਮ੍ਰਿਤ ਬੂੰਦ ਮੁਖ ਚਵਾਵੇ । ਅੰਤ ਅਮਰ ਕਰ ਤਾਰਦਾ, ਜੋ ਚਰਨੀਂ ਸੀਸ ਝੁਕਾਵੇ । ਪ੍ਰਭ ਕਲਜੁਗ ਜਨ ਭਗਤ ਪਛਾਣਦਾ, ਬੇਮੁਖ ਚਰਨ ਨਾ ਆਵੇ । ਪ੍ਰਭ ਗੁਣ ਅਵਗੁਣ ਸਰਬ ਜੀਵ ਜਾਣਦਾ, ਕੋਈ ਛੁਪੇ ਨਾ ਛੁਪਾਵੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਰੰਗ ਮਾਣਦਾ, ਭਰਮ ਭਉ ਦਾ ਭੇਦ ਚੁਕਾਵੇ । ਭਗਤ ਵਛਲ ਸਰਬ ਗੁਣ ਦਾਤਾ, ਸਦ ਆਪਣਾ ਭੇਖ ਵਟਾਇੰਦਾ । ਸਤਿਜੁਗ ਸਤਿ ਮਿਹਰਵਾਨ, ਤ੍ਰੇਤਾ ਰਾਮ ਨਾਮ ਧਰਾਇੰਦਾ । ਦੁਆਪਰ ਤਾਰੇ ਭਗਤ ਭਗਵਾਨ, ਮਹਾਸਾਰਥੀ

ਆਪ ਅਖਵਾਇੰਦਾ । ਕਲਜੁਗ ਲੈ ਅਵਤਾਰ, ਨਿਹਕਲੰਕ ਹੋ ਜਗਤ ਖਪਾਇੰਦਾ । ਸ੍ਰਿਸ਼ਟ ਹੋਏ ਖੁਆਰ, ਪ੍ਰਭ ਪੂਰਾ ਨਜ਼ਰ ਨਾ ਆਇੰਦਾ । ਕੁੰਟ ਚਾਰ ਹੋਏ ਹਾਹਾਕਾਰ, ਸ਼ਬਦ ਬਾਣ ਗੁਰ ਅਗਨ ਚਲਾਇੰਦਾ । ਸਾਧ ਸੰਗਤ ਘਰ ਜੈ ਜੈ ਜੈਕਾਰ, ਜਿਥੇ ਪ੍ਰਭ ਜੋਤ ਪਰਗਟਾਇੰਦਾ । ਬੇਮੁਖ ਕਲ ਹੋਏ ਖੁਆਰ, ਦਰ ਮੰਗਣ ਭਿਖ ਨਾ ਪਾਇੰਦਾ । ਕਲਜੁਗ ਦੇਵੇ ਤਾਰ, ਮਦਿ ਮਾਸ ਜੋ ਜਨ ਨਾ ਰਸਨਾ ਲਾਇੰਦਾ । ਮਹਾਰਾਜ ਸ਼ੇਰ ਸਿੰਘ ਆਪ ਕਰਤਾਰ, ਵਿਚ ਜੋਤੀ ਜੋਤ ਮਿਲਾਇੰਦਾ । ਮਾਤ ਪਾਤਾਲ ਆਕਾਸ਼ ਸਦਾ ਪ੍ਰਭ ਵਸਿਆ । ਵਿਚ ਪਾਤਾਲ ਬਾਸ਼ਕ ਸੇਜਾ, ਸਚ ਆਸਣ ਪ੍ਰਭ ਪੂਰੇ ਦੱਸਿਆ । ਮਨ ਮੇਂ ਧਰ ਹੰਕਾਰ, ਈਸ਼ਰ ਚਰਨ ਲਛਮੀ ਝੱਸਿਆ । ਕਿਸੇ ਨਾ ਪਾਈ ਸਾਰ, ਘਟ ਘਟ ਸਦਾ ਪ੍ਰਭ ਵਸਿਆ । ਮਹਾਰਾਜ ਸ਼ੇਰ ਸਿੰਘ ਘਰ ਸਿੱਖ ਪਰਕਾਸ਼ੇ, ਵਿਚ ਆਕਾਸ਼ ਜਿਉਂ ਰਵ ਸਸਿਆ । ਵਿਚ ਆਕਾਸ਼ ਪ੍ਰਭ ਜੋਤ ਨਿਰਾਲੀ । ਜੀਵ ਜੰਤ ਸਰਬ ਕਾ ਵਾਲੀ । ਉਨੰਜਾ ਪਵਣ ਸਿਰ ਛਤਰ ਝੁਲਾ ਲੀ । ਸਰਬ ਸ੍ਰਿਸ਼ਟ ਪ੍ਰਭ ਜੋਤ ਜਵਾਲੀ । ਸਚਖੰਡ ਵਸੇ ਮਹਾਰਾਜ ਸ਼ੇਰ ਸਿੰਘ ਜੋਤ ਨਿਰਾਲੀ । ਜੋਤ ਨਿਰਾਲੀ ਕਲਜੁਗ ਵਿਚ ਮਾਤ ਪਰਗਟਾਈ । ਸ੍ਰਿਸ਼ਟ ਸਾਰੀ ਪਕੜ ਹਿਲਾਈ । ਕੁੰਟ ਚਾਰ ਪੈ ਜਾਏ ਦੁਹਾਈ । ਭੈਣਾਂ ਤਾਂਈ ਛੱਡ ਜਾਣਗੇ ਭਾਈ । ਮਾਵਾਂ ਪੁੱਤਰਾਂ ਸੁਧ ਨਾ ਰਾਈ । ਕਵਾਰ ਕੰਨਿਆ ਕਲ ਪਤਿ ਗਵਾਈ । ਕਲਜੁਗ ਕਾਇਆ ਪਲਟ ਵਖਾਈ । ਸ਼ਰਮ ਧਰਮ ਸਿਰ ਖੇਹ ਪਵਾਈ । ਝੂਠੀ ਸ੍ਰਿਸ਼ਟ ਛਿਨ ਵਿਚ ਖਪਾਈ । ਆਪ ਅਡੋਲ ਬੈਠਾ ਪ੍ਰਭ ਰੰਗ ਲਾਈ । ਨਜ਼ਰ ਨਾ ਆਵੇ ਸਚ ਬਿੰਗ ਕਸਾਈ । ਜੋਤ ਅਗਨ ਪ੍ਰਭ ਸ੍ਰਿਸ਼ਟ ਲਗਾਈ । ਅੰਧ ਧੁੰਧ ਧੁੰਧੂਕਾਰਾ, ਦਿਵਸ ਰੈਣ ਇਕ ਹੋ ਜਾਈ । ਅੰਤਮ ਕਹਿਰ ਕਲੂ ਕਲ ਵਰਤੇ, ਧਰਤੀ ਮਾਤਾ ਦਏ ਦੁਹਾਈ । ਬਖ਼ਸ਼ੀਂ ਬਖ਼ਸ਼ਣਹਾਰ ਪ੍ਰਭ, ਝੂਠੀ ਸ੍ਰਿਸ਼ਟ ਵਿਚ ਗੋਰ ਸਮਾਈ । ਮਹਾਰਾਜ ਸ਼ੇਰ ਸਿੰਘ ਕੋਈ ਨਾ ਜਾਣੇ, ਨਿਹਕਲੰਕ ਹੋ ਖੇਲ ਰਚਾਈ । ਕਲਜੁਗ ਖੇਲ ਕਰਾਏ, ਜੁਗ ਉਲਟਾਏ ਸਰਬ ਵਰਭੰਡਾ । ਕਲਜੁਗ ਮਾਣ ਗਵਾਏ ਸਰਬ ਭੁਲਾਏ, ਸੋਹੰ ਸ਼ਬਦ ਲਾਏ ਸਿਰ ਡੰਡਾ । ਜੀਵ ਬਿਲਲਾਏ ਕਰੇ ਹਾਏ ਹਾਏ, ਮਨ ਵੱਜਾ ਹਉਮੇ ਕੰਡਾ । ਮਹਾਰਾਜ ਸ਼ੇਰ ਸਿੰਘ ਸਚ ਸ਼ਬਦ ਚਲਾਏ, ਜਗਤ ਘਾਏ ਸਚ ਸੋਹੰ ਖੰਡਾ । ਨਿਪੁੰਸਕ ਜੀਵ ਜਗਤ ਮੇਂ, ਤਨ ਚੈਨ ਨਾ ਆਵੇ । ਜੇ ਬਾਲ ਨਾ ਹੋਵੇ ਕੁੱਖ ਮੇਂ, ਮਾਤ ਨਾ ਜਗਤ ਕਹਾਵੇ । ਕਰਮਹੀਣ ਜਨ ਜਾਣੀਏ, ਅੰਸ ਬਿਨਾਂ ਖਾਲੀ ਰਹਿ ਜਾਵੇ । ਦੁੱਖ ਸਾਰੇ ਦੇ ਵਖਾਣੀਏ, ਕਿਸ਼ਨਾ ਪੱਖ ਅੰਧੇਰ ਹੋ ਜਾਵੇ । ਨਾੜੀ ਬਹੱਤਰ ਦੇ ਸਵਾਣੀਏ, ਆਪਣਾ ਭੇਵ ਜੀਵ ਨਾ ਪਾਵੇ । ਸਚ ਨਾਉਂ ਆਖ ਵਖਾਣੀਏ, ਨਿਪੁੰਸਕ ਜੀਵ ਦੋਏ ਅੰਞਾਣੇ । ਗੁਰੂ ਸਾਚਾ ਲੇਖ ਲਿਖਾਣੀਏ, ਜੋ ਚਲੇ ਗੁਰ ਕੇ ਭਾਣੇ । ਰੋਗੀ ਜੀਵ ਅਵਲੜਾ, ਹੋਈ ਦੇਹ ਨਿਰੋਲੀ । ਪ੍ਰਭ ਕਿਰਪਾ ਕਰ ਜੇ ਬਖ਼ਸ਼ਦੇ, ਸੱਚੀ ਦਾਤ ਪਾਏ ਵਿਚ ਝੋਲੀ । ਮਾਤ ਪਿਤਾ ਸਦਾ ਤਰਸਦੇ, ਬਿਨਾ ਪੁੱਤਰਾਂ ਜਨਮ ਰੋਲੀ । ਦੇਹ ਅੰਮ੍ਰਿਤ ਸਾਚਾ ਪ੍ਰਭ ਵਰਸਦੇ, ਬੇਮੁਖ ਨਾ ਮਾਰਨ ਬੋਲੀ । ਮਨ ਦੁੱਖੀਆ ਸਦਾ ਤਰਸਦੇ, ਸੱਚੀ ਦਾਤ ਪਾ ਜਾਏ ਝੋਲੀ । ਮਹਾਰਾਜ ਸ਼ੇਰ ਸਿੰਘ ਕਰਮ ਕਮਾਇਕੇ, ਵਿਚ ਸੰਗਤ ਕਿਸਮਤ ਖੋਲ੍ਹੀ । ਦਰ ਮੰਗੀ ਭਿਛਿਆ ਜਾਇਕੇ, ਦੇਵੇ ਦਾਤਾਰਾ । ਜੇ ਭੁੱਲਿਆ ਸ਼ਬਦ ਕਮਾਇਕੇ, ਪੇਟ ਰਹੇ ਸਦਾ ਅਫਾਰਾ । ਗੁਰਚਰਨੀਂ ਡਿਗੇ ਆਇਕੇ, ਪ੍ਰਭ ਪੂਰਨ ਆਸ ਪੁਜਾਵਣਹਾਰਾ । ਜੇ ਜਾਓ ਮੁਖ ਭਵਾਇਕੇ, ਜਗ ਰਹੇ ਜੀਵ ਆਕਾਰਾ । ਰੱਖਣ ਸੋਹੰ ਰਸਨਾ ਗਾਇਕੇ, ਲਾਹੇ ਦੁੱਖ ਦੇ ਕੂੜ ਦਵਾਰਾ । ਮਹਾਰਾਜ ਸ਼ੇਰ ਸਿੰਘ ਦੇਵੇ ਵੱਥ, ਮਦਿ ਮਾਸ ਵਿਚ ਭੁੱਲ ਨਾ ਜਾਏ ਗਵਾਰਾ ।

ਗੁਰਪਰਸਾਦ ਗੁਰਦਰ ਤੇ ਪਾਇਆ । ਗੁਰਪਰਸਾਦ ਗੁਰਸਿਖ ਨਿਰਮਲ ਦੇ ਕਰਾਇਆ । ਗੁਰਪਰਸਾਦ ਗੁਰਚਰਨ ਲਾਗ ਮਹਾਸੁਖ ਪਾਇਆ । ਗੁਰਪਰਸਾਦ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਪ੍ਰਭ ਦਰਸ ਕਰੇ ਨਰ ਨਾਰੀ । ਨਾਉਂ ਧਰਾਏ ਸਾਧ ਸੰਗਤ ਪਿਆਰੀ । ਨਿਖੁੱਟ ਮੈਲ ਹੋਏ ਜਾਏ ਬਿਮਾਰੀ । ਸੋਹੰ ਸਾਚਾ ਨਾਉਂ, ਵਿਰਲਾ ਕੋਈ ਵਪਾਰੀ । ਗੁਰਸਿਖਾਂ ਮਨ ਪ੍ਰਭ ਕਾ ਚਾਉ, ਹਿਰਦੇ ਚੜ੍ਹੀ ਨਾਮ ਖੁਮਾਰੀ । ਦਰ ਆਏ ਹੋਏ ਪਰਵਾਨ, ਬੇਮੁਖ ਸੁੱਤੇ ਪੈਰ ਪਸਾਰੀ । ਕਲਜੁਗ ਪਰਗਟ ਵਿਸ਼ਨੂੰ ਭਗਵਾਨ, ਸਾਰੀ ਸ੍ਰਿਸ਼ਟ ਅਗਨ ਸੰਘਾਰੀ । ਭਗਤ ਵਛਲ ਮਹਾਰਾਜ ਸ਼ੇਰ ਸਿੰਘ, ਗੁਰਸਿਖ ਆਏ ਚਰਨ ਦਵਾਰੀ । ਜੋ ਜਨ ਆਏ ਤਨ ਮਨ ਪ੍ਰਭ ਵਿਚ ਵਸਾ ਕੇ, ਆਤਮ ਤ੍ਰਿਪਤਾਏ ਪ੍ਰਭ ਦਰਸ਼ਨ ਪਾ ਕੇ । ਜੋ ਜਨ ਆਏ ਮਨ ਹੰਕਾਰ ਰਖਾ ਕੇ, ਗੁਰਦਰ ਜਾਏ ਪਤਿ ਗਵਾ ਕੇ । ਜੋ ਜਨ ਆਏ ਭੇਖ ਵਟਾ ਕੇ, ਬੇਮੁਖ ਜਾਏ ਮਾਨਸ ਜਨਮ ਗਵਾ ਕੇ । ਜੋ ਜਨ ਆਏ ਪ੍ਰਭ ਚਰਨ ਪਿਆਸਾ, ਸਾਧ ਸੰਗਤ ਪ੍ਰਭ ਰੱਖੇ ਮਿਲਾ ਕੇ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼ੇ, ਸਤਿਜੁਗ ਸਾਚਾ ਜਾਵੇ ਲਾ ਕੇ ।

❊ ੬ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਦੁਖੀ ਹੋਏ ਜਗਤ ਬਿਲਲਾਏ, ਪ੍ਰਭ ਸਾਚਾ ਨਜ਼ਰ ਨਾ ਆਇਆ । ਕੰਡਾ ਹਉਮੈ ਰਿਹਾ ਸਤਾਏ, ਦੇਹ ਅੰਦਰ ਰੋਗ ਲਗਾਇਆ । ਦੁੱਖਾਂ ਸਿਰ ਦੁੱਖ ਹੋ ਆਏ, ਜਿਨ ਪ੍ਰਭ ਤੋਂ ਮੁਖ ਭਵਾਇਆ । ਭੁੱਖੇ ਭੁੱਖ ਕਲ ਕਰ ਵਰਤਾਏ, ਪ੍ਰਭ ਅਚਰਜ ਖੇਲ ਰਚਾਇਆ । ਜੀਵ ਕਰਨ ਹਾਏ ਹਾਏ, ਕੀ ਭਾਣਾ ਗੁਰ ਵਰਤਾਇਆ । ਦਰ ਮੰਗਣ ਭਿਖ ਨਾ ਪਾਏ, ਮੂੰਹ ਕਾਲਾ ਨਿੰਦਕ ਕਰਾਇਆ । ਕੋਈ ਵਿਰਲਾ ਸਿੱਖ ਰਹਿ ਜਾਏ, ਜਿਨ ਸੋਹੰ ਮਨ ਵਸਾਇਆ । ਮਨਮੁਖ ਝੂਠੇ ਧੰਦੇ ਲਾਏ, ਮਦਿ ਮਾਸ ਆਹਾਰ ਬਣਾਇਆ । ਮੰਦੇ ਮੰਦੀ ਥਾਇਨ ਪਾਏ, ਪ੍ਰਭ ਨਰਕ ਨਿਵਾਸ ਦਵਾਇਆ । ਗੁਰਸਿਖ ਸਾਚੇ ਘਰ ਜਾਏ, ਸਚ ਤਖ਼ਤ ਪ੍ਰਭ ਰਚਾਇਆ । ਦੇਹ ਛੱਡ ਜੋਤ ਮਿਲ ਜਾਏ, ਸਚਖੰਡ ਵਸੇ ਪ੍ਰਭ ਚਰਨ ਲਗਾਇਆ । ਬੇਮੁਖ ਰੋਵੇ ਗੁਰਮੁਖ ਹੱਸੇ, ਪ੍ਰਭ ਪੂਰੇ ਗੇੜ ਚਲਾਇਆ । ਸੱਚਾ ਰਾਹ ਸਚ ਪ੍ਰਭ ਦੱਸੇ, ਕਲ ਵੇਲਾ ਨੇੜੇ ਆਇਆ । ਪ੍ਰਭ ਪੂਰਾ ਵਿਚ ਸੰਗਤ ਵਸੇ, ਜਿਸ ਮਨ ਦਾ ਭਰਮ ਚੁਕਾਇਆ । ਗੁਰਸਿਖ ਮਨਮੁਖ ਹੋ ਨਾ ਦਰ ਤੇ ਨੱਸੇ, ਪ੍ਰਭ ਸੰਗ ਮਾਇਆ ਨਾ ਕਿਸੇ ਰਜਾਇਆ । ਗੁਰਚਰਨ ਪ੍ਰੀਤ ਹਿਰਦੇ ਪ੍ਰਭ ਵਸੇ, ਅਮੁਲੜਾ ਲਾਲ ਵਿਚ ਦੇਹ ਟਿਕਾਇਆ । ਹੀਰਾ ਹਰਿ ਜੀਉ ਹਰਿ ਰਵੇ ਵਿਚ ਰਵ ਸੱਸੇ, ਦੇਹ ਦੀਪਕ ਤੇਜ਼ ਵਖਾਇਆ । ਆਤਮ ਨਾਮ ਜੋ ਰਸਨਾ ਰਸੇ, ਖੋਲ੍ਹ ਪੜਦਾ ਪ੍ਰਭ ਭੇਦ ਮਿਟਾਇਆ । ਹਰਿ ਜੀਉ ਗੁਰਸਿਖਾਂ ਘਰ ਵਸੇ, ਗਿਆਨ ਧਿਆਨ ਸਚ ਮਾਰਗ ਦਿਖਾਇਆ । ਨਿਹਕਲੰਕ ਵਡ ਅਭਿਮਾਨ, ਜੀਵਾਂ ਮਾਣ ਗਵਾਇਆ । ਮਹਾਰਾਜ ਸ਼ੇਰ ਸਿੰਘ ਜਾਣੀ ਜਾਣ, ਜੋਤ ਸਰੂਪ ਭੇਵ ਛੁਪਾਇਆ । ਕੋਈ ਨਾ ਜਾਣੇ ਪ੍ਰਭ ਕੇ ਭੇਦਾ । ਸਰਬ ਵਖਾਣੇ ਚਾਰੇ ਵੇਦਾ । ਪ੍ਰਭ ਜੇਵਡ ਅਵਰ ਨਾ ਕੋਏ, ਪ੍ਰਭ ਸਾਚਾ ਸੈਯਦਾ । ਮਹਾਰਾਜ ਸ਼ੇਰ ਸਿੰਘ ਤੇਰੇ ਸੰਗ ਸੋਏ, ਜਿਨ੍ਹਾਂ ਮਿਟਾਵੇ ਵਿਚੋਂ ਭੇਦਾ । ਪ੍ਰਭ ਕਾ ਭੇਦ ਕਿਸੇ ਨਾ ਜਾਣਿਓ । ਪ੍ਰਭ ਕਾ ਭੇਦ ਗੁਰਮੁਖ ਪਛਾਣਿਓ । ਪ੍ਰਭ ਅਭੇਦ ਤਖ਼ਤੋਂ ਲਾਹੇ ਰਾਜੇ ਰਾਣਿਉਂ । ਪ੍ਰਭ ਅਛਲ ਅਛੇਦ ਨਾ

ਜਾਣੇ ਬ੍ਰਹਮ ਹਰਿ ਤਾਣਿਉਂ । ਸਤਿਜੁਗ ਸਾਚਾ ਸੋਹੰ ਵੇਦ, ਆਤਮ ਰਸ ਜਪ ਰਸਨਾ ਮਾਣਿਉਂ । ਕਲਜੁਗ ਜਨਮ ਨਾ ਪਾਏ, ਮਹਾਰਾਜ ਸ਼ੇਰ ਸਿੰਘ ਜਿਨ ਦਰਸ ਦਿਖਾਣਿਉਂ । ਬਿਨ ਕਿਰਪਾ ਗੁਰਦਰ ਨਾ ਆਵੇ । ਸਾਚੀ ਦ੍ਰਿਸ਼ਟ ਗੁਰਸਿਖ ਕਰਾਵੇ । ਆਤਮ ਭ੍ਰਿਸ਼ਟ ਨਿੰਦਕ ਹੋ ਜਾਵੇ । ਸਾਚਾ ਇਸ਼ਟ ਜੋ ਸੋਹੰ ਰਸਨਾ ਗਾਵੇ । ਮਹਾਰਾਜ ਸ਼ੇਰ ਸਿੰਘ ਡੋਬੇ ਸ੍ਰਿਸ਼ਟ, ਗੁਰਸਿਖ ਕਲਜੁਗ ਆਣ ਤਰਾਵੇ । ਗੁਰ ਤਾਰੇ ਪ੍ਰਭ ਤਾਰਨਹਾਰਾ । ਬੇਮੁਖ ਸੰਘਾਰੇ ਸਰਬ ਵਿਚ ਵਸਣੇਹਾਰਾ । ਗੁਰਸਿਖ ਮਨ ਅੰਮ੍ਰਿਤ ਬਰਖੇ ਜਿਉਂ ਜਲ ਕੀ ਧਾਰਾ । ਚਰਨ ਆ ਮਿਲੇ ਵਡਿਆਈ, ਗੁਰਮੁਖ ਲੰਘੇ ਪਾਪ ਪਹਾੜਾ । ਸ਼ਬਦ ਸਰੂਪ ਪ੍ਰਭ ਖੇਲ ਰਚਾਈ, ਚਾਰ ਕੁੰਟ ਹੋਏ ਉਜਾੜਾ । ਕਲਜੁਗ ਅੰਤ ਕਰਾਇਆ, ਜਿਉਂ ਕਿਰਸਾਨ ਖੇਤੀ ਵਾੜਾ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਸ੍ਰਿਸ਼ਟ ਸਬਾਈ ਚਬਾਈ ਦਾੜ੍ਹਾ । ਡੰਕ ਵੱਜੇ ਪ੍ਰਭ ਕਾ ਡੰਕਾਰਾ । ਰੰਕ ਹੱਸੇ ਰੋਵੇ ਮਾਇਆਧਾਰਾ । ਨਿਮਾਣਿਆਂ ਘਰ ਹਰਿ ਜੂ ਵਸੇ, ਕਲਜੁਗ ਮਿਲਿਆ ਪੁਰਖ ਅਪਾਰਾ । ਮਹਾਰਾਜ ਸ਼ੇਰ ਸਿੰਘ ਸਾਚੇ ਘਰ ਵਸੇ, ਜੋਤ ਜਗਾਏ ਅਪਰ ਅਪਾਰਾ । ਜਾਗ ਜਾਗ ਜੀਵ ਜਾਗ, ਗੁਰ ਜਗ ਆਇਆ । ਜਾਗ ਜੀਵ ਜਾਗ, ਕਲਜੁਗ ਕਹਿਰ ਕਹਿਰ ਵਰਤਾਇਆ । ਜੀਵ ਜਾਗ ਜਾਗ, ਜਮਦੂਤਾਂ ਕਲਜੁਗ ਮਾਣ ਵਧਾਇਆ । ਜੀਵ ਜਾਗ ਜਾਗ, ਸੋਹੰ ਸ਼ਬਦ ਪ੍ਰਭ ਧੁਨ ਵਜਾਇਆ । ਜੀਵ ਜਾਗ ਕਿਉਂ ਸੁੱਤੇ ਭਾਗ, ਮਾਣਸ ਜਨਮ ਲਾਲ ਗਵਾਇਆ । ਜੀਵ ਜਾਗ ਜੀਵ ਜਾਗ, ਵੇਲਾ ਜਾਗਣ ਦਾ ਹੁਣ ਆਇਆ । ਜੀਵ ਜਾਗ ਜੀਵ ਜਾਗ, ਕਿਉਂ ਝੂਠੇ ਧੰਦੇ ਸਤਿਗੁਰੂ ਭੁਲਾਇਆ । ਜੀਵ ਜਾਗ ਜੀਵ ਜਾਗ, ਕਾਲ ਬਾਜ ਝਪਟ ਸਿਰ ਆਇਆ । ਜੀਵ ਜਾਗ ਜੀਵ ਜਾਗ, ਕਲਜੁਗ ਤਾਰਨ ਨਿਹਕਲੰਕ ਪ੍ਰਭ ਨਾਮ ਰਖਾਇਆ । ਜੀਵ ਜਾਗ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਕਲਜੁਗ ਜੋਤ ਪਰਗਟਾਇਆ । ਜਾਗੋ ਜੀਵ ਵਡਭਾਗੋ, ਸੁਣੋ ਪ੍ਰਭ ਸਾਚਾ ਰਾਗੋ । ਵਰਤੇ ਕਹਿਰ ਸਚ ਸਚ ਸਚ ਮਾਗੋ । ਮਹਾਰਾਜ ਸ਼ੇਰ ਸਿੰਘ ਡੰਕ ਵਜਾਇਆ, ਸੋਏ ਜੀਵ ਜਗਤ ਜਾਗੋ । ਪ੍ਰਭ ਸਾਚਾ ਡੰਕ ਵਜਾਇਕੇ, ਪ੍ਰਭ ਪੱਲਾ ਫੇਰੇ । ਕਰੋ ਦਰਸ ਦਰ ਆਇਕੇ, ਪ੍ਰਭ ਵਸਿਆ ਤੇਰੇ । ਨਾ ਜਾਉ ਪਤਿ ਲੁਹਾ ਕੇ, ਕਲਜੁਗ ਪਾਪੀ ਬੈਠਾ ਚਾਰ ਚੁਫੇਰੇ । ਪ੍ਰਭ ਰਿਹਾ ਨਾ ਆਪਣਾ ਆਪ ਛੁਪਾ ਕੇ, ਘਰ ਸਿੱਖਾਂ ਲਾਏ ਡੇਰੇ । ਜਨ ਜਾਓ ਦਰਸ਼ਨ ਪ੍ਰਭ ਪਾ ਕੇ । ਮਿਲ ਗੁਰਸਿਖ ਸਚ ਮਾਰਗ ਆਈਏ । ਮਾਣ ਦੇਵੇ ਪ੍ਰਭ ਗੁਰਮੁਖ, ਜਿਸ ਰਸਨਾ ਸੋਹੰ ਗਾਈਏ । ਕਰ ਦਰਸ਼ਨ ਉਤਰੇ ਭੁੱਖ, ਪ੍ਰਭ ਅਬਿਨਾਸ਼ੀ ਘਰ ਮਾਹਿ ਪਾਈਏ । ਸੁਫਲ ਕਰਾਈਏ ਮਾਤਾ ਦੀ ਕੁੱਖ, ਸੰਗਤ ਜੋ ਰਲ ਜਾਈਏ । ਮਹਾਰਾਜ ਸ਼ੇਰ ਸਿੰਘ ਨਾ ਹੋਏ ਬੇਮੁਖ, ਚਰਨ ਲਾਗ ਤਰ ਜਾਈਏ । ਪ੍ਰਭ ਮੇਲੇ ਜੁਗ ਵਿਛੁੰਨਿਆਂ, ਕਲ ਲਿਉ ਅਵਤਾਰਾ । ਪ੍ਰਭ ਮਿਲੇ ਨਾ ਕਲਜੁਗ ਅੰਧਿਆਂ, ਜਿਨ੍ਹਾਂ ਮਨ ਹੋਏ ਅੰਧਿਆਰਾ । ਗੁਰਸਿਖਾਂ ਮਨ ਤਨ ਸੁੰਨ ਆ, ਪ੍ਰਭ ਸੁੰਨ ਸਮਾਧੀ ਖੋਲਣਹਾਰਾ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਮਾਇਆ ਕੀਆ ਕਲਜੁਗ ਪਸਾਰਾ । ਮਾਇਆ ਡੈਣ ਜਗਤ ਖਪਾਵੇ, ਨਾ ਸੋਏ ਰੈਣ । ਜਗ ਮਾਇਆਧਾਰਾ ਅਖਵਾਵੇ, ਕਲਜੁਗ ਡੋਬੇ ਉਲਟੇ ਵੈਣ । ਕੋਏ ਨਾ ਉਸਨੂੰ ਪਾਰ ਲੰਘਾਵੇ, ਅੰਤਕਾਲ ਨਾ ਕੋਈ ਸਾਕ ਸੈਣ । ਭੈਣ ਭਾਈ ਸਰਬ ਛੱਡ ਜਾਵੇ, ਛੱਤਰੂ ਮਿੱਤਰ ਪਾਏ ਝੂਠੇ ਵੈਣ । ਝੂਠੀ ਪ੍ਰੀਤ ਜਗਤ ਰਹਿ ਜਾਵੇ, ਅੰਤਕਾਲ ਪ੍ਰਭ ਬਿਨ ਨਾ ਆਵੇ ਚੈਨ । ਜਮਦੂਤ ਸਿਰ ਡੰਡ ਚਲਾਵੇ, ਮਹਾਰਾਜ ਸ਼ੇਰ ਸਿੰਘ ਅੰਤਕਾਲ ਤੇਰੇ ਬਾਝੋਂ ਅੰਤ ਕੌਣ ਮਿਲਾਵੇ । ਗੁਰ ਸੇਵਾ ਸਿੱਖ ਦੇਵੇ ਫਲ । ਅੰਤਕਾਲ ਘਰ ਆਵੇ ਚਲ । ਜੀਵ ਪ੍ਰਭ ਜੋਤ ਸੰਗ ਜਾਵੇ ਰਲ । ਸਾਚਾ ਘਰ ਜਿਥੇ ਪ੍ਰਭ ਵਸਿਆ, ਗੁਰਸਿਖਾ

ਘਰ ਸਾਚਾ ਮਲ । ਕਲਜੁਗ ਆਏ ਰਾਹ ਸਚ ਦੱਸਿਆ, ਪ੍ਰਭ ਕੀਨਾ ਨਾ ਵਲ ਨਾ ਛਲ । ਬੇਮੁਖ ਦਰੋਂ ਕਿਉਂ ਨੱਸਿਆ, ਕਲਜੁਗ ਜਿਨ੍ਹਾਂ ਹਿਰਦੇ ਸੋਹੰ ਵਸਿਆ, ਦੇਵੇ ਦਰਸ ਆਪ ਅਟੱਲ । ਪ੍ਰਭ ਆਪਣੀ ਜੋਤ ਪਰਗਟਾ ਕੇ, ਦੇਰ ਲਾਵੇ ਘੜੀ ਨਾ ਪਲ । ਕਲਜੁਗ ਸੱਚੀ ਖੇਲ ਵਰਤਦਾ, ਛਿਨ ਵਿਚ ਜੋਤ ਪਰਗਟਾਕੇ । ਗੁਰਮੁਖ ਸਦਾ ਹਰਿ ਪ੍ਰਭ ਤਰਸਦਾ, ਪ੍ਰਭ ਆਇਆ ਭੇਸ ਵਟਾ ਕੇ । ਪ੍ਰਭ ਸ਼ਬਦ ਮੇਘ ਬਰਸਦਾ, ਸਾਚੀ ਦੇਹ ਵਿਚ ਸਿੱਖ ਸਮਾ ਕੇ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਪਰਗਟੀ ਜੋਤ ਕਲਜੁਗ ਆ ਕੇ । ਪ੍ਰਭ ਜੋਤ ਜਨ ਜੋਤ ਜਗਾਵੇ, ਛਿਨ ਭੰਗਰ ਛਿਨ ਅੰਦਰ ਸ੍ਰਿਸ਼ਟ ਜਲਾਵੇ । ਮਾਟੀ ਕਾਇਆ ਹੋਏ ਸਭ ਖੰਗਰ, ਐਸਾ ਖੇਲ ਜਗਤ ਵਖਾਵੇ । ਪ੍ਰਭ ਕਾ ਭਾਣਾ ਵਰਤੇ ਜਗ ਅੰਦਰ, ਕੋਏ ਨਾ ਇਸ ਨੂੰ ਮੇਟ ਵਖਾਵੇ । ਬੇਮੁਖ ਨਾਚੇ ਕਲਜੁਗ ਬੰਦਰ, ਮਹਾਰਾਜ ਸ਼ੇਰ ਸਿੰਘ ਨਜ਼ਰ ਨਾ ਆਵੇ । ਗੁਰਸਿਖਾਂ ਤਾਰਨ ਆ ਗਿਆ, ਦੋ ਜਹਾਨ ਦਾ ਵਾਲੀ । ਗੁਰਸਿਖਾਂ ਸਿਰ ਹੱਥ ਟਿਕਾ ਗਿਆ, ਬਣ ਬਾਗ ਦਾ ਮਾਲੀ । ਫੜ ਬਾਂਹੋਂ ਪਾਰ ਤਰਾ ਲਿਆ, ਨਾ ਲਏ ਦਲਾਲੀ । ਜਿਨ ਚਰਨੀਂ ਸੀਸ ਨਿਵਾ ਲਿਆ, ਘਰ ਜਾਏ ਨਾ ਖਾਲੀ । ਜਿਸ ਪ੍ਰਭ ਕਾ ਮਾਣ ਤਕਾ ਲਿਆ, ਪ੍ਰਭ ਮਿਲੇ ਆਪ ਬਨਵਾਲੀ । ਪ੍ਰਭ ਫੂਲਨ ਬਰਖਾ ਲਾ ਲਿਆ, ਬਰਖੇ ਫੂਲ ਜਗੇ ਜੋਤ ਨਿਰਾਲੀ । ਮਹਾਰਾਜ ਸ਼ੇਰ ਸਿੰਘ ਲਾਜ ਰਖਾਇਆ, ਗੁਰਸੰਗਤ ਦਰ ਖੜੀ ਸਵਾਲੀ । ਗੁਰਸਿਖਾਂ ਆਸ ਪੂਰਦਾ, ਹੋਏ ਅੰਤਰ ਧਿਆਨਾ । ਸਚ ਰਿਦੇ ਵਿਚ ਨਿਵਾਸਦਾ, ਦੇ ਬ੍ਰਹਮ ਗਿਆਨਾ । ਗੁਰਸਿਖਾਂ ਸਚ ਸ਼ਬਦ ਹੈ ਭਾਖਦਾ, ਗੁਰਚਰਨ ਧੂੜ ਕਰਨ ਇਸ਼ਨਾਨਾ । ਮਹਾਰਾਜ ਸ਼ੇਰ ਸਿੰਘ ਬਚਨ ਸਚ ਆਖਦਾ, ਕਲਜੁਗ ਪਰਗਟੀ ਜੋਤ ਵਿਸ਼ਨੂੰ ਭਗਵਾਨਾ । ਵਿਸ਼ਨੂੰ ਭਗਵਾਨ ਭਰਮ ਨਿਵਾਰੇ । ਸੋਹੰ ਸ਼ਬਦ ਚਲਾਏ ਜਗਤ ਅਪਾਰੇ । ਦੇਵੇ ਵਡਿਆਈ ਜੋ ਜਨ ਦਰ ਆਏ ਪੁਕਾਰੇ । ਹੋਏ ਸਹਾਈ ਸਰਬ ਦੁਖ ਨਿਵਾਰੇ । ਮਹਾਰਾਜ ਸ਼ੇਰ ਸਿੰਘ ਸਰਬ ਗੁਣ ਦਾਤਾ, ਗੁਰਸਿਖਾਂ ਘਰ ਆਏ ਕਾਜ ਸਵਾਰੇ । ਕਾਜ ਰਾਜ ਤਾਜ ਸਿਰ ਸਤਿਗੁਰ ਤੇਰੇ । ਆਜ ਕਾਲ ਭਾਜ ਹੋਏ ਚਾਰ ਚੁਫੇਰੇ । ਸਗਲ ਸਬਾਈ ਸੰਗਤ ਬਾਜ਼ ਪੈ ਜਾਏ ਹਨੇਰੇ । ਮਹਾਰਾਜ ਸ਼ੇਰ ਸਿੰਘ ਸਿਰ ਸੋਹੇ ਤਾਜ, ਛਤਰ ਝੁੱਲੇ ਚਾਰ ਚੁਫੇਰੇ । ਚਾਰ ਕੁੰਟ ਪ੍ਰਭ ਸ਼ਬਦ ਜਣਾਵੇ । ਸੁੱਤੀ ਸ੍ਰਿਸ਼ਟ ਸੋਹੰ ਰਸਨਾ ਗਾਵੇ । ਨਜ਼ਰ ਨਾ ਦੇਖੇ ਆਤਮ ਬਿਲਲਾਵੇ । ਘਨਕਪੁਰ ਵਾਸੀ ਚਾਰ ਕੁੰਟ ਸ਼ਬਦ ਜੈ ਕਾਰ ਕਰਾਵੇ । ਏਕ ਰਹੇ ਆਪ ਜਗਦੀਸ਼, ਬਾਕੀ ਸਭ ਦਾ ਮਾਣ ਗਵਾਵੇ । ਗੁਰਸਿਖਾਂ ਮਨ ਹੋਏ ਵਧਾਈ, ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ । ਜੋਤ ਪਰਗਟੇ ਚਹੁੰ ਚੱਕੀ ਵੰਨੀ । ਸੋਹੰ ਸ਼ਬਦ ਸੁਣੇ ਸ੍ਰਿਸ਼ਟ ਕੰਨੀ । ਪ੍ਰਭ ਦਰਸ ਨਾ ਦੇਵੇ, ਕਰ ਬਹਾਈ ਅੰਨ੍ਹੀ । ਕਲਜੁਗ ਮਾਣ ਗਵਾਇਆ, ਖਾਲੀ ਚਲਿਆ ਝਾੜ ਕੇ ਕੰਨੀ । ਹੰਕਾਰੀਆਂ ਮਾਣ ਗਵਾਇਆ, ਪ੍ਰਭ ਕੀ ਜੋਤ ਜਗਤ ਨਾ ਮੰਨੀ । ਕਰ ਵੇਸ ਕਲਜੁਗ ਆਇਆ, ਵਡ ਦਾਤਾ ਵਡ ਧੰਨ ਧੰਨੀ । ਨਿਹਕਲੰਕ ਆਪ ਅਖਵਾਇਆ, ਛੱਡੀ ਦੇਹ ਆਪ ਪਤਵੰਨੀ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਹੋ ਆਇਆ, ਗੁਰਸਿਖਾਂ ਸਚ ਮਨ ਮੰਨੀ । ਮਨ ਤਨ ਮੇਲ ਇਕ ਭਰਮ ਦਾ, ਗੁਰ ਭੁੱਲ ਨਾ ਜਾਈ । ਸੰਜੋਗ ਹੋਇਆ ਧੁਰ ਕਰਮ ਦਾ, ਕਲਜੁਗ ਰੁਲ ਨਾ ਜਾਈ । ਪ੍ਰਭ ਭਾਂਡਾ ਭੰਨੇ ਭਉ ਭਰਮ ਦਾ, ਜਗ ਵੇਖ ਭੁੱਲ ਨਾ ਜਾਈ । ਹੁਣ ਵੇਲਾ ਨਹੀਂ ਜੇ ਸ਼ਰਮ ਦਾ, ਪੱਲਾ ਫੇਰੋ ਦਿਉ ਦੁਹਾਈ । ਹੁਣ ਬੇੜਾ ਡੁੱਬਾ ਸੱਚੇ ਧਰਮ ਦਾ, ਸੋਹੰ ਨਾਓ ਸਚ ਬਣਾਈ । ਹੁਣ ਵੇਲਾ ਜੇ ਪੈਰ ਧਰਨ ਦਾ, ਰੱਖੇ ਚਰਨ ਪ੍ਰਭ ਲੈ ਉਠਾਈ । ਗੁਰਸਿਖ ਜੋਤ ਸੱਚੀ ਬ੍ਰਹਮ ਦਾ, ਸਚ ਜੋਤ ਲੈ ਮਿਲਾਈ । ਗੁਰ ਪੂਰਾ ਭਰਮਾਇਆਂ ਨਹੀਂ ਜੇ ਭਰਮਦਾ,

ਚਰਨ ਲਾਗ ਮਿਲੇ ਵਡਿਆਈ । ਹੁਣ ਵੇਲਾ ਨਹੀਂ ਜੇ ਨਰਮ ਦਾ, ਸਚ ਤੇਗ ਸ਼ਬਦ ਪ੍ਰਭ ਆਪ ਉਠਾਈ । ਮਹਾਰਾਜ ਸ਼ੇਰ ਸਿੰਘ ਹੁਣ ਦਿਨ ਮਨਾਏ ਜਰਮ ਦਾ, ਜੇਠੂਵਾਲ ਨਗਰ ਪਾਰ ਕਰਾਈ ।

❊ ੮ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਉਤਮ ਜਾਤੀ ਗੁਰਸਿਖ, ਜਿਨ ਹਰਿ ਪ੍ਰਭ ਪਾਇਆ । ਦੇਵੇ ਦਰਸ ਆਪ ਪਰਭਾਤੀ, ਨਿਹਕਲੰਕ ਦਾ ਜਾਮਾ ਆਇਆ । ਆਤਮ ਦੇਵੇ ਸਤਿਗੁਰ ਸ਼ਾਂਤੀ, ਦੇ ਦਰਸ ਭਰਮ ਚੁਕਾਇਆ । ਬੇਮੁਖ ਲੱਗੇ ਮਨਮੁਖ ਕਾਤੀ, ਗੁਰ ਪੂਰੇ ਨਾ ਦਰਸ ਦਿਖਾਇਆ । ਬਾਂਹੋਂ ਪਕੜ ਉਠਾਲੇ ਰਾਤੀ, ਸੋਹੰ ਜਿਨ੍ਹਾਂ ਨਾਮ ਧਿਆਇਆ । ਅੰਮ੍ਰਿਤ ਬੂੰਦ ਪੀਵੇ ਸਵਾਂਤੀ, ਤਨ ਮੰਦਰ ਵਿਚ ਪ੍ਰਭ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਸਦ ਜੋਤ ਜਗਾਤੀ, ਜਗਮਗ ਜਗੇ ਜਿਸ ਰਿਦੇ ਧਿਆਇਆ । ਜਗ ਜੀਵ ਸੋ ਉਜਲਾ, ਜਿਨ ਹਰਿ ਪ੍ਰਭ ਮਿਲਿਆ । ਦੇ ਦਰਸ ਖੋਲ੍ਹੇ ਮਨ ਗੁੰਝਲਾ, ਜੋਤ ਸਰੂਪ ਜਗਤ ਦੇਹ ਧਰਿਆ । ਛੱਡ ਦੇਹ ਜੋਤ ਹੋਏ ਨਿਰਮਲਾ, ਤਾਰੇ ਸਿੱਖ ਪ੍ਰਭ ਆਸਾ ਵਰਿਆ । ਮਹਾਰਾਜ ਸ਼ੇਰ ਸਿੰਘ ਦਰ ਤੇਰਾ ਸਾਂਝਾ, ਸੋ ਤਰਿਆ ਜਿਸ ਦਰਸ਼ਨ ਕਰਿਆ । ਦਰਸ਼ਨ ਦੇਖ ਮਨ ਹੋਏ ਦਿਆਲਾ । ਪ੍ਰਭ ਕਾ ਭੇਖ ਕਲਜੁਗ ਨਿਰਾਲਾ । ਬਿਨ ਸਿੱਖ ਕੋਈ ਸਕੇ ਨਾ ਵੇਖ, ਐਸਾ ਪਾਇਆ ਪ੍ਰਭ ਜੰਜਾਲਾ । ਹੰਕਾਰੀਆਂ ਨਿੰਦਕਾਂ ਲਿਖੇ ਲੇਖ, ਅੰਤਕਾਲ ਹੋਏ ਮੂੰਹ ਕਾਲਾ । ਗੁਰਸਿਖਾਂ ਮਨ ਕੀ ਟੇਕ, ਅੰਤਮ ਹੋਏ ਆਪ ਰਖਵਾਲਾ । ਮਹਾਰਾਜ ਸ਼ੇਰ ਸਿੰਘ ਸਚ ਜੋਤੀ ਵੇਖ, ਜੋਤ ਸਰੂਪ ਕਰੇ ਖੇਲ ਨਿਰਾਲਾ । ਖੇਲ ਕਰਤਾਰ ਕਿਸੇ ਭੇਤ ਨਾ ਜਾਣਿਆ । ਸਾਚਾ ਸਤਿਗੁਰ ਸਚ ਹੈ ਦਰਬਾਨ, ਜਨ ਭਗਤ ਪਛਾਣਿਆਂ । ਪਰਗਟੀ ਜੋਤ ਪ੍ਰਭ ਨਿਰਾਹਾਰ, ਹੱਥ ਨਾ ਆਵੇ ਰਾਜਿਆਂ ਰਾਣਿਆਂ । ਗੁਰਸਿਖਾਂ ਚਰਨ ਪ੍ਰਭ ਓਟ, ਦੇਵੇ ਦਰਸ ਪ੍ਰਭ ਮਾਣ ਨਿਮਾਣਿਆਂ । ਕਲਜੁਗ ਕੱਢੇ ਸਾਰੇ ਖੋਟ, ਬੇਮੁਖ ਪਕੜ ਨਰਕ ਨਿਵਾਸ ਦਵਾਣਿਆਂ । ਸੋਹੰ ਸ਼ਬਦ ਲਗਾਈ ਚੋਟ, ਚਾਰ ਕੁੰਟ ਜੈ ਜੈ ਜੈਕਾਰ ਕਰਾਣਿਆਂ । ਜੀਵ ਜੰਤ ਬਿਲਲਾਏ ਜਿਉਂ ਬੋਟ, ਮਿਲੇ ਜਲ ਨਾ ਖਾਣ ਨੂੰ ਦਾਣਿਆਂ । ਸ੍ਰਿਸ਼ਟ ਘੋਟੀ ਸ਼ਬਦ ਘੋਟ, ਤਰੇ ਸੋ ਚਲੇ ਜੋ ਤੇਰੇ ਭਾਣਿਆਂ । ਪ੍ਰਭ ਕਾ ਭਾਣਾ ਪ੍ਰਭ ਹੀ ਜਾਣੇ । ਆਦਿ ਅੰਤ ਪ੍ਰਭ ਏਕ ਸਮਾਣੇ । ਪ੍ਰਭ ਸਰੂਪ ਅਗੰਮ ਨਾ ਕੋਈ ਜੀਵ ਪਛਾਣੇ । ਮਹਾਰਾਜ ਸ਼ੇਰ ਸਿੰਘ ਨਜ਼ਰ ਨਾ ਆਵੇ, ਜੀਵ ਜੰਤ ਦੇ ਵਿਚ ਸਮਾਣੇ । ਜੀਵ ਜੰਤ ਵਿਚ ਪ੍ਰਭ ਕਾ ਵਾਸਾ । ਨਾ ਕੋਈ ਜਾਣੇ ਨਾ ਕੋਈ ਪਛਾਣੇ, ਆਤਮ ਜੀਵ ਨਾ ਹੋਏ ਨਿਰਾਸਾ । ਨਾ ਕੋਈ ਰਸਨਾ ਗਾਵੇ, ਪ੍ਰਭ ਪੂਰਾ ਦੁਸ਼ਟ ਖਪਾਏ, ਸਾਧ ਸੰਗਤ ਸਦਾ ਹੈ ਪਾਸਾ । ਸੋਹੰ ਸ਼ਬਦ ਜੋ ਰਸਨਾ ਗਾਏ, ਗੁਰਦਰ ਕਦੇ ਨਾ ਜਾਏ ਨਿਰਾਸਾ । ਅੰਤਕਾਲ ਕਹਿਰ ਜਗ ਵਰਤੇ, ਗੁਰਸਿਖਾਂ ਗੁਰਚਰਨ ਭਰਵਾਸਾ । ਬਾਹੋਂ ਪਕੜ ਪਾਰ ਕਰਾਏ, ਮਹਾਰਾਜ ਸ਼ੇਰ ਸਿੰਘ ਜਪਿਆ ਜਿਨ ਸਵਾਸ ਸਵਾਸਾ । ਗੁਰਸਿਖ ਪ੍ਰਭ ਦੇ ਵਡਿਆਈ, ਉਤਮ ਕਲਜੁਗ ਵਿਚ ਸਾਧਨ ਸੰਤਾ । ਗੁਰਸਿਖ ਪ੍ਰਭ ਦੇ ਵਡਿਆਈ, ਜੋਤ ਜਗਾਵੇ ਪ੍ਰਭ ਭਗਵੰਤਾ । ਗੁਰਸਿਖ ਪ੍ਰਭ ਦੇ ਵਡਿਆਈ, ਜਿਨ ਮਨ ਆਦਿ ਨਾ ਅੰਤਾ । ਗੁਰਸਿਖ ਪ੍ਰਭ ਦੇ ਵਡਿਆਈ, ਸਚਖੰਡ ਵਾਸੀ ਖੰਡ ਸਚ ਰਹੰਤਾ । ਗੁਰਸਿਖਾਂ ਪ੍ਰਭ ਜੋਤ ਜਗਾਈ, ਕਲਜੁਗ ਸੁਹਾਈ ਰੁੱਤ ਬਸੰਤਾ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਗੁਰਸਿਖਾਂ ਮੁਖ ਉਜਲ ਕਰੰਤਾ । ਗੁਰਦਰ ਆਏ ਭਰਮ ਚੁਕਾਇਆ । ਪ੍ਰਭ ਅਬਿਨਾਸ਼ੀ

ਸਚ ਸ਼ਾਹੁ ਪਾਇਆ । ਸਰਬ ਘਟ ਵਾਸੀ ਜੋਤ ਸਰੂਪ ਵਿਚ ਦੇਹ ਸਮਾਇਆ । ਮਹਾਰਾਜ ਸ਼ੇਰ ਸਿੰਘ ਸੰਗਤ ਤੇਰੀ ਦਾਸੀ, ਦਰਸ ਦਾਨ ਦੇ ਸਿੱਖ ਤਰਾਇਆ । ਪ੍ਰਭ ਕਾ ਦਰਸ ਉਤਮ ਨਿਆਰਾ । ਕਰ ਦਰਸ ਜੀਵ ਪਾਰ ਉਤਾਰਾ । ਅੰਮ੍ਰਿਤ ਬਰਸ ਪ੍ਰਭ ਲਾਹੇ ਆਤਮ ਤਪਤ ਬੁਖਾਰਾ । ਗੁਰਸਿਖ ਤੇਰੀ ਹਿਰਸ, ਸੋਹੰ ਸ਼ਬਦ ਦੇ ਨਾਮ ਅਧਾਰਾ । ਨਾਮ ਅਧਾਰ ਜੀਵ ਜੋ ਕਰੇ । ਆਵੇ ਜਾਵੇ ਨਾ ਜਨਮੇ ਨਾ ਮਰੇ । ਸਤਿਗੁਰ ਪੂਰਾ ਪਰਗਟਿਆ, ਲਾਗ ਚਰਨ ਗੁਰਸਿਖ ਤਰੇ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਸਿਮਰੋ ਹਰੇ ਹਰਿ ਹਰੇ । ਹਰਿ ਹਰਿ ਹਰਿ ਪ੍ਰਭ ਜੋਤ ਸਮਾਨੋ । ਪ੍ਰਭ ਕੀ ਜੋਤ ਹਰਿ ਨਾਮ ਵਖਾਨੋ । ਜੋਤ ਈਸ਼ਰ ਹਰਿ ਏਕ ਵਖਾਨੋ । ਕਲਜੁਗ ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ ਸਚ ਜਾਨੋ । ਨਿਹਕਲੰਕ ਖੇਲ ਕਰ ਬਹੁ ਰੰਗਾ । ਕਲਜੁਗ ਪਕੜ ਚਲਾਇਆ, ਅੰਤਵਾਰ ਤਨ ਪੈਰੋਂ ਨੰਗਾ । ਸਤਿਜੁਗ ਸਚ ਚਲਾਇਆ, ਗੁਰ ਪੂਰੇ ਸਚ ਸੰਗਾ । ਸਾਧ ਸੰਗਤ ਨਾਉਂ ਤਰਾਇਆ, ਜਿਨ੍ਹਾਂ ਦਰਸ ਦਾਨ ਪ੍ਰਭ ਮੰਗਾ । ਮਹਾਰਾਜ ਸ਼ੇਰ ਸਿੰਘ ਨਾਉਂ ਰਖਾਇਆ, ਪੁਰੀ ਘਨਕ ਜਾਣੇ ਇਕ ਸਿੰਘ ਰੰਗਾ । ਰੰਗਾ ਸਿੰਘ ਰੰਗ ਰੰਗੀਲੜਾ, ਰੰਗ ਪ੍ਰਭ ਕਾ ਜਾਣਿਆ । ਸਤਿਗੁਰ ਸਾਚਾ ਸਮਝ ਕੇ, ਚਰਨ ਚਵਰ ਕਰੇ ਹੋਏ ਨਿਮਾਣਿਆਂ । ਨਾ ਜਨਮ ਗਵਾਇਆ ਭਰਮ ਕੇ, ਈਸ਼ਰ ਜੋਤ ਵਿਚ ਜੋਤ ਮਿਲਾਣਿਆਂ । ਮਹਾਰਾਜ ਸ਼ੇਰ ਸਿੰਘ ਗੁਰਸਿਖ ਉਪਾਏ, ਲੈ ਜਾਏ ਸਚਖੰਡ ਟਿਕਾਣਿਆਂ । ਸਚਖੰਡ ਸਾਚਾ ਜਿਥੇ ਪ੍ਰਭ ਜੋਤਾ । ਜੋਤ ਸਰੂਪ ਆਪ ਕੋਏ ਹੋਰ ਨਾ ਹੋਤਾ । ਗੁਰਸਿਖ ਵਡ ਪਰਤਾਪ, ਕਲਜੁਗ ਜਗਾਇਆ ਸੋਤਾ । ਪ੍ਰਭ ਮਿਲਿਆ ਘਰ ਆਪ, ਦੁਰਮਤ ਪਾਪ ਦੇਹ ਤਨ ਧੋਤਾ । ਸੋਹੰ ਦੇ ਕੇ ਜਾਪ, ਆਤਮ ਦੇਵੇ ਰਸ ਸਰੋਤਾ । ਮਹਾਰਾਜ ਸ਼ੇਰ ਸਿੰਘ ਮਾਰੇ ਤਿਨ ਤਾਪ, ਗੁਰਸਿਖ ਨਰਕ ਨਾ ਖਾਵੇ ਗੋਤਾ । ਗੁਰਸਿਖ ਮਿਲੇ ਆਪ ਪ੍ਰਭ, ਅੰਤਮ ਘੜੀ ਨਾ ਲਾਵੇ ਪਲ । ਜੋਤੀ ਜੋਤ ਮਿਲਾਵੇ ਪ੍ਰਭ, ਜਿਉਂ ਮਿਲੇ ਜਲ ਵਿਚ ਜਲ । ਗੁਰਸਿਖ ਜਨਮ ਨਾ ਹੋਵੇ, ਵਿਚ ਜੋਤ ਪ੍ਰਭ ਜਾਵੇ ਰਲ । ਮਹਾਰਾਜ ਸ਼ੇਰ ਸਿੰਘ ਬਾਜ ਨਾ ਕੋਏ ਹੋਤਾ, ਗੁਰਸ਼ਬਦ ਮਨ ਸ਼ਬਦ ਚਲਾਇਆ ਹੋਏ ਜੋਤ ਸਰੂਪਾ । ਵਾਜਾ ਪਵਣ ਵਜਾਇਆ, ਵਿਚ ਦੇਹ ਅੰਧ ਕੂਪਾ । ਗੁਰਸਿਖਾਂ ਭਰਮ ਚੁਕਾਇਆ, ਪਰਗਟੀ ਜੋਤ ਸਵੱਛ ਸਰੂਪਾ । ਗੁਰ ਪੂਰੇ ਗੁਰਸਿਖ ਵਡਿਆਇਆ, ਦਰਸ਼ਨ ਪਾਇਆ ਜਿਸ ਵਿਚ ਅੰਧ ਕੂਪਾ । ਹਰਿ ਹਿਰਦੇ ਨਾਮ ਵਸਾਇਆ, ਕਲਜੁਗ ਪਰਗਟੇ ਪ੍ਰਭ ਵਡ ਭੂਪਾ । ਮਹਾਰਾਜ ਸ਼ੇਰ ਸਿੰਘ ਸੰਗਤ ਵਿਚ ਆਇਆ, ਨਾ ਕੋਈ ਰੇਖ ਨਾ ਕੋਈ ਰੂਪਾ । ਜੋ ਜਨ ਵੇਖੇ ਪ੍ਰਭ ਕਾ ਰੰਗ । ਦਰਸ ਦਾਨ ਜੋ ਰਹੇ ਮੰਗ । ਮਾਨਸ ਜਨਮ ਨਾ ਹੋਏ ਭੰਗ । ਸਾਚਾ ਦਰ ਗੁਰਸਿਖ ਮੰਗ । ਗਲ ਵਿਚ ਪਲੜਾ ਪਾਇਓ, ਨਾ ਜੱਗ ਵਿਚ ਸੰਗ । ਸੋਹੰ ਦੇ ਗਿਆਨ, ਚਾੜ੍ਹ ਜਾਏ ਪ੍ਰਭ ਆਤਮ ਰੰਗ । ਬਾਂਹੋ ਪਕੜ ਵਖਾਇਆ, ਪ੍ਰਭ ਮਿਲਨੇ ਕਾ ਸੌਖਾ ਢੰਗ । ਜਨ ਅਨਹਦ ਸ਼ਬਦ ਵਜਾਇਆ, ਨਿਕਲੇ ਧੁਨ ਜਿਉਂ ਤੂਰ ਤੁਰੰਗ । ਮਹਾਰਾਜ ਸ਼ੇਰ ਸਿੰਘ ਦੇਵੇ ਭਗਤ ਭੰਡਾਰਾ, ਸਾਧ ਸੰਗਤ ਜੋ ਮੰਗਣਾ ਦਰ ਮੰਗ । ਗੁਰ ਪੂਰਾ ਦਰ ਮੰਗੀਏ, ਜਿਥੇ ਤੋਟ ਨਾ ਆਵੇ । ਘਰ ਸਾਚਾ ਕਦੇ ਨਾ ਸੰਗੀਏ, ਨਾ ਖੋਟ ਪੱਲੇ ਪਾਵੇ । ਸਾਧ ਸੰਗਤ ਮਿਲੇ ਰੰਗ ਰੰਗੀਏ, ਅਚਰਜ ਖੇਲ ਰਚਾਵੇ । ਕਦੇ ਮੇਲ ਨਾ ਹੋਵੇ ਕੁਸੰਗੀਏ, ਗੁਰਸਿਖ ਪਰੇ ਹਟ ਜਾਵੇ । ਈਸ਼ਰ ਜੋਤ ਬਹੁਰੰਗੀਏ, ਜੁਗੋ ਜੁਗ ਜੁਗ ਜੋਤ ਪਰਗਟਾਵੇ । ਮਹਾਰਾਜ ਸ਼ੇਰ ਸਿੰਘ ਘਰ ਪੂਰਾ ਮੰਗੀਏ, ਗੁਰਸਿਖਾਂ ਦਾਨ ਨਾਮ ਦਵਾਵੇ ।

❋ ੬ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

ਗੁਰਸਿਖ ਸੱਚਾ ਵਣਜ ਵਪਾਰ ਕਰ, ਕਲ ਪ੍ਰਭ ਕਾ ਨਾਉਂ । ਜਨਮ ਮਰਨ ਦਾ ਬੇੜਾ ਪਾਰ, ਮਿਲੇ ਸਾਚਾ ਥਾਉਂ । ਮਨ ਉਤਮ ਇਹ ਵਿਚਾਰ ਕਰ, ਪ੍ਰਭ ਪਰਗਟੇ ਅਗੰਮ ਅਥਾਹੋ । ਵਿਚ ਆਤਮ ਪ੍ਰਭ ਕਾ ਵਾਸ ਕਰ, ਨਾ ਝੂਠਾ ਡੰਕ ਵਜਾਓ । ਵਿਚੋਂ ਹਉਮੇ ਕੰਡਾ ਨਾਸ ਕਰ, ਮਿਲ ਸਾਧ ਸੰਗਤ ਗੁਣ ਗਾਓ । ਵੱਡਾ ਦਾਤਾ ਆਪਣਾ ਦਾਸ ਕਰ, ਨਾਮ ਵਣਜ ਕਰ ਜਾਉ । ਮਹਾਰਾਜ ਸ਼ੇਰ ਸਿੰਘ ਜਗਤ ਪ੍ਰਭ ਦਾਤਾ, ਸਿਮਰ ਸਿਮਰ ਸਿਮਰ ਪ੍ਰਭ ਸੁੱਖ ਪਾਓ । ਸਿਮਰੋ ਸਿਮਰ ਸਿਮਰ ਪ੍ਰਭ ਰਸਨਾ । ਸਿਮਰਤ ਨਾਮ ਹਿਰਦੇ ਪ੍ਰਭ ਵਸਣਾ । ਦੇਹ ਪ੍ਰਭ ਵਸਦਾ, ਮਾਰਗ ਸਚ ਬਿਨ ਕਿਸੇ ਨਾ ਦੱਸਣਾ । ਮਹਾਰਾਜ ਸ਼ੇਰ ਸਿੰਘ ਆਏ ਘਰ, ਜੋਤ ਸਰੂਪ ਸਰਬ ਥਾਏਂ ਵਸਣਾ । ਸਰਬ ਥਾਏਂ ਪ੍ਰਭ ਇਕੋ ਰੰਗੋ । ਨਾਮ ਦਾਨ ਪ੍ਰਭ ਆਤਮ ਗਿਆਨ, ਗੁਰ ਦਰ ਤੇ ਮੰਗੋ । ਵਿਚ ਜਹਾਨ ਜੀਵ ਟੁੱਟ ਜਾਣ, ਜਿਉਂ ਕਾਚੀ ਵੰਗੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਵਾਲੀ ਦਰਸ ਦਾਨ ਮੰਗੋ । ਗੁਰ ਦਰਬਾਰ ਹੋਏ ਗੁਰਸਿਖ ਸਵਾਲੀ । ਸ਼ਬਦ ਨਾਮ ਮਨ ਚਾੜ੍ਹੇ ਲਾਲੀ । ਥਾਇਨ ਪਾਈ ਸਰਬ ਘਾਲ ਜੋ ਗੁਰਸਿਖਾਂ ਘਾਲੀ । ਤੋੜ ਜੰਜਾਲ ਮਹਾਰਾਜ ਸ਼ੇਰ ਸਿੰਘ ਵਿਚ ਸ਼ਬਦ ਮਿਲਾਲੀ । ਹਰਿ ਭਗਤ ਹਰਿ ਦਵਾਰੇ ਵਸੇ । ਹਰਿ ਭਗਤ ਵਿਚ ਹਰਿ ਜੀਓ ਵਸੇ । ਕਲਜੁਗ ਭਗਤ ਗੁਰਸਿਖ ਪ੍ਰਭ ਦੱਸੇ । ਬੇਮੁਖ ਸਾਰੇ ਚਾਂਦ ਜਿਉਂ ਮੱਸੇ । ਥਾਇਨ ਨਾ ਪਾਇਨ ਗੁਰਦਰ ਤੋਂ ਜਾਇਨ ਨੱਸੇ । ਭਗਤ ਜਨਾਂ ਹਰਿ ਪ੍ਰਭ ਆਪਣਾ ਭੇਵ ਸਭ ਦੱਸੇ । ਸੋਹੰ ਨਾਮ ਜਨ ਰਸਨਾ ਗਾਓ, ਮਹਾਰਾਜ ਸ਼ੇਰ ਸਿੰਘ ਵਿਚ ਹਿਰਦੇ ਵਸੇ । ਗੁਰਸਿਖ ਨਾ ਦੇਵੇ ਪ੍ਰਭ ਕੋ ਕੰਡ । ਗੁਰਸਿਖ ਨਾ ਹੋਏ ਆਤਮ ਰੰਡ । ਗੁਰਸਿਖ ਲੋਵੇ ਵਿਚ ਬ੍ਰਹਿਮੰਡ । ਗੁਰਸਿਖ ਚਰਨ ਜਗ ਧੋਵੇ ਵਿਚ ਨੌਂ ਖੰਡ । ਗੁਰਸਿਖ ਨਾ ਸੋਵੇ ਵਿਚ ਵਰਭੰਡ । ਗੁਰਸਿਖ ਬੋਵੇ ਨਾਮ ਅਖੰਡ । ਮਹਾਰਾਜ ਸ਼ੇਰ ਸਿੰਘ ਬੇਮੁਖਾਂ ਸਿਰ ਲਾਵੇ ਡੰਡ । ਗੁਰਮੁਖ ਮਾਨੇ ਪ੍ਰਭ ਕਾ ਕਹਿਣਾ । ਗੁਰਸਿਖ ਭਾਣਾ ਹਰਿ ਕਾ ਸਹਿਣਾ । ਗੁਰਸਿਖ ਸਾਚੇ ਪ੍ਰਭ ਚਰਨ ਵਿਚ ਰਹਿਣਾ । ਮਹਾਰਾਜ ਸ਼ੇਰ ਸਿੰਘ ਜਨਮ ਜਨਮ ਦਾ ਦੇਵੇ ਲਹਿਣਾ । ਲਹਿਣਾ ਲਾਹ ਗੁਰਸਿਖ ਪ੍ਰਭ ਕੋ ਦਰਸਣਾ । ਸੱਚਾ ਗਹਿਣਾ ਦੇਵੇ ਗੁਰਸਿਖ, ਨਾਮ ਸੋਹੰ ਰਸਨਾ ਜਪਣਾ । ਬੇਮੁਖਾਂ ਕਲ ਉਲਟੇ ਵਹਿਣਾ, ਸਚਖੰਡ ਗੁਰਸਿਖਾਂ ਵਸਣਾ । ਮਹਾਰਾਜ ਸ਼ੇਰ ਸਿੰਘ ਤੇਰਾ ਭਾਣਾ ਸਹਿਣਾ, ਬੇਮੁਖ ਰੋਵਣ ਸਿੱਖਾਂ ਹੱਸਣਾ । ਗੁਰਸਿਖ ਮਨ ਸ਼ਾਂਤ ਪ੍ਰਭ ਦਰਸ ਦਿਖਾਵੇ । ਗੁਰਸਿਖ ਇਕਾਂਤ ਸੋਹੰ ਰਸਨਾ ਗਾਵੇ । ਗੁਰਸਿਖ ਪਾਵੇ ਦਾਤ ਕਰ ਨਿਮਸਕਾਰ ਜੋ ਸੀਸ ਝੁਕਾਵੇ । ਮਹਾਰਾਜ ਸ਼ੇਰ ਸਿੰਘ ਸੋਏ ਨਾ ਦਿਨ ਰਾਤ, ਗੁਰਸਿਖਾਂ ਪ੍ਰਭ ਦਰਸ ਦਿਖਾਵੇ । ਦੇਵੇ ਦਰਸ ਗੁਰਸਿਖ ਦਰ ਆ ਕੇ । ਗੁਰਸਿਖ ਨਾ ਜਾਣੇ ਪ੍ਰਭ ਆਇਆ ਭੇਸ ਵਟਾ ਕੇ । ਸਚ ਸ਼ਬਦ ਵਖਾਣੇ, ਵਿਚ ਰਸਨਾ ਜੋਤ ਸਮਾ ਕੇ । ਭੁੱਲੇ ਜੀਵ ਅੰਞਾਣੇ, ਪ੍ਰਭ ਆਇਆ ਜੋਤ ਪਰਗਟਾ ਕੇ । ਮਹਾਰਾਜ ਸ਼ੇਰ ਸਿੰਘ ਕਮਲੇ ਹੋਏ ਸਿਆਣੇ, ਜਿਹੜੇ ਚਰਨੀਂ ਡਿੱਗੇ ਆ ਕੇ । ਗੁਰ ਪਾਸ ਨਾ ਚਲੇ ਚਤੁਰਾਈ । ਆਪਣੀ ਆਪ ਜੀਵ ਕਰੇ ਵਡਿਆਈ । ਦੁਸ਼ਟ ਦੁਰਾਚਾਰ ਪ੍ਰਭ ਦੇਵੇ ਸਜ਼ਾਈ । ਆਪ ਦੁਰਮਤ ਹੋਏ ਖੁਆਰ, ਸੁਧ ਬੁਧ ਭੁਲਾਈ । ਆਤਮ ਕਰੇ ਵਿਕਾਰ ਮਹਾਰਾਜ ਸ਼ੇਰ ਸਿੰਘ ਸੁਧ ਰਹੇ ਨਾ ਰਾਈ । ਜੀਵ ਮਾਣ ਨਾ ਕਰ, ਜਗ ਸਦ ਨਹੀਂ ਰਹਿਣਾ । ਗੁਰਸਿਖਾ ਗੁਰਚਰਨ ਧਿਆਨ ਕਰ, ਸਚ ਸਾਧ ਸੰਗਤ ਵਿਚ ਬਹਿਣਾ । ਵਿਚ ਦੇਹ ਪ੍ਰਭ ਕਾ ਵਾਸ ਕਰ, ਛੱਡ ਝੂਠੇ ਸਾਕ ਸੈਣਾ । ਮਹਾਰਾਜ ਸ਼ੇਰ ਸਿੰਘ ਦੁੱਖਾਂ ਨਾਸ ਕਰ, ਗੁਰਸਿਖਾਂ

ਚਰਨ ਲਾਗ ਦੁੱਖ ਕਿਉਂ ਸਹਿਣਾ । ਦੁਖੀ ਦੁੱਖ ਨਿਵਾਰ, ਦੇਹ ਹੋਏ ਅਨਰੋਗਾ । ਪਾਪੀ ਦੁਸ਼ਟ ਸੰਘਾਰ, ਮਨ ਹੋਏ ਨਚਿੰਦਿਆ ਸੋਗਾ । ਝੂਠੀ ਦੇਹ ਸੱਚੀ ਦਾਤਾਰ ਕਰ, ਹੋਰ ਦਰ ਨਹੀਂ ਮੰਗਣ ਜੋਗਾ । ਮਹਾਰਾਜ ਸ਼ੇਰ ਸਿੰਘ ਬੇੜਾ ਪਾਰ ਕਰ, ਦੁੱਖ ਬੜਾ ਸਿੱਖਾਂ ਨੇ ਭੋਗਾ । ਗੁਰਮੁਖ ਦੁੱਖ ਨਾ ਉਤਰੇ, ਕਰ ਤੀਰਥ ਇਸ਼ਨਾਨਾ । ਗੁਰਮੁਖ ਭੁੱਖ ਉਤਰੇ, ਦੇਵੇ ਦਰਸ ਆਪ ਭਗਵਾਨਾ । ਗੁਰਸਿਖ ਮਿਲੇ ਪ੍ਰਭ ਬਪ ਬਪੜੇ, ਇਕ ਬਿਨ ਹੋਰ ਨਾ ਦੂਜਾ ਜਾਨਾ । ਮਹਾਰਾਜ ਸ਼ੇਰ ਸਿੰਘ ਵਿਚ ਸਾਧ ਸੰਗਤ ਉਤਰੇ, ਦਰਸ ਦਾਨ ਦੇਵੇ ਸਿਰ ਦਾਨਾ । ਨੈਣ ਨਿਰਮਲ ਜਗ ਨਿਰਾਲੇ, ਜਿਨ੍ਹਾਂ ਪ੍ਰਭ ਦਰਸ਼ਨ ਕਰਿਆ । ਆਤਮ ਸੁਖ ਪੀ ਪ੍ਰੇਮ ਪਿਆਲੇ, ਗੁਰਸਿਖ ਤਨ ਮਨ ਠਰਿਆ । ਹੋਏ ਸਵਾਸ ਸਖਾਲੇ, ਜਿਨ੍ਹਾਂ ਪ੍ਰਭ ਰਸਨਾ ਉਚਰਿਆ । ਮਹਾਰਾਜ ਸ਼ੇਰ ਸਿੰਘ ਸੋਹੰ ਨਾਲੇ, ਗੁਰਸਿਖ ਚਰਨ ਲਾਗ ਜਗਤ ਤਰਿਆ ।

❋ ੧੦ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

ਸੱਚੀ ਮਨ ਵਜਾਏ ਧੁਨ, ਪ੍ਰਭ ਬਖ਼ਸ਼ੰਦਾ । ਜੀਵ ਸਮਾਧੀ ਖੋਲ੍ਹੇ ਸੁੰਨ, ਸ਼ਬਦ ਗਿਆਨ ਪ੍ਰਭ ਦਿੰਦਾ । ਪ੍ਰਭ ਕਾ ਦਰਸ਼ਨ ਉਤਮ ਗੁਣ, ਜੀਵ ਵਿਚ ਜਹਾਨ ਕਰਿੰਦਾ । ਗੁਰਸਿਖ ਜਗ ਪ੍ਰਭ ਲੈਣੇ ਪੁਣ, ਜਗਤ ਸਬਾਈ ਛਾਹ ਕਰਿੰਦਾ । ਮਹਾਰਾਜ ਸ਼ੇਰ ਸਿੰਘ ਆਤਮ ਲਾਏ ਰੁਣ ਝੁਣ, ਅੰਮ੍ਰਿਤ ਨੀਰ ਸਦਾ ਬਰਸਿੰਦਾ । ਅੰਮ੍ਰਿਤ ਮੇਘ ਲੇਵੇ ਗੁਰਸਿਖ ਪਿਆਸਾ । ਉਤਮ ਹੋਏ ਨਿਰਮਲ ਜੀਏ, ਮਾਤ ਗਰਭ ਨਾ ਹੋਵੇ ਵਾਸਾ । ਗੁਰ ਚਰਨ ਲਾਗ ਸਿੱਖ ਜਨ ਥੀਏ, ਪ੍ਰਭ ਕੀ ਓਟ ਚਰਨ ਭਰਵਾਸਾ । ਬੇਮੁਖ ਪਾਵਣ ਆਪਣੇ ਕੀਏ, ਸਾਧ ਸੰਗਤ ਪ੍ਰਭ ਦਾਸਨ ਦਾਸਾ । ਮਹਾਰਾਜ ਸ਼ੇਰ ਸਿੰਘ ਨਾਮ ਰਸ ਪੀਏ, ਅੰਤਮ ਹੋਏ ਬੰਦ ਖੁਲਾਸਾ । ਬੰਧਨ ਬੰਦ ਤੁੜਾਈਏ, ਜਗਤ ਅਵਤਰਾ । ਟੁੱਟੀ ਗੰਢ ਵਖਾਈਏ, ਕਲ ਦੇਰ ਨਾ ਲਾਏ ਜਰਾ । ਹਿਰਦੇ ਸਚ ਵਸਾਈਏ, ਆਪਣੇ ਨਾਉਂ ਪ੍ਰਭ ਹਰਿ ਹਰਾ । ਵਿਛੜ ਕਦੇ ਨਾ ਜਾਈਏ, ਜੋ ਆਇਆ ਗੁਰ ਦਰਾ । ਮਹਾਰਾਜ ਸ਼ੇਰ ਸਿੰਘ ਲਾਜ ਰਖਾਏ, ਜੋ ਚਰਨੀਂ ਆਏ ਪਰਾ । ਜੋ ਜਨ ਪੂਜੇ ਈਸ਼ਰ ਕਵਲ ਚਰਨਾ । ਤਿਸ ਜਨ ਸੂਝੇ ਆਪਣਾ ਜੀਵਨ ਮਰਨਾ । ਹਰਿ ਪ੍ਰਭ ਹਰਿ ਹਰ ਰੰਗ ਬੂਝੇ, ਹਰਿ ਭਾਣਾ ਮੰਨ ਜਗ ਤਰਨਾ । ਕਲਜੁਗ ਕਹਿਰ ਹੋਏ ਜਗ ਭਾਰੀ, ਗੁਰਸਿਖਾਂ ਮੂਲ ਨਾ ਡਰਨਾ । ਜੀਵ ਬਿਲਲਾਇਨ ਦੁਸ਼ਟ ਦੁਰਾਚਾਰੀ, ਨਰਕ ਨਿਵਾਸ ਪ੍ਰਭ ਕਰਨਾ । ਗੁਰਸੰਗਤ ਗੁਰਚਰਨ ਪਿਆਰੀ, ਮਹਾਰਾਜ ਸ਼ੇਰ ਸਿੰਘ ਚਰਨ ਨਿਵਾਸ ਹੈ ਕਰਨਾ । ਸਤਿਵਾਦੀ ਸਤਿਜੁਗ ਲਾਇਆ, ਸ਼ਬਦ ਸਾਚਾ ਚਾਲੇ । ਬੇਮੁਖਾਂ ਖੇਹ ਕਰਾਇਆ, ਭਗਤ ਜਨਾਂ ਪ੍ਰਭ ਸਦਾ ਹੈ ਨਾਲੇ । ਕੂੜਾ ਮਾਣ ਗਵਾਇਆ, ਕਲਜੁਗ ਭੇਖ ਕਹਿਰ ਵਟਾਲੇ । ਨਜ਼ਰੀ ਨਜ਼ਰ ਨਾ ਆਵੇ, ਪ੍ਰਭ ਸਾਚਾ ਜੋਤ ਪਰਗਟਾਲੇ । ਵਿਚ ਦੇਹ ਜੋਤ ਜਗਾਵੇ, ਜੋ ਜਨ ਮਹਾਰਾਜ ਸ਼ੇਰ ਸਿੰਘ ਰਸਨਾ ਧਿਆਲੇ । ਬੇਮੁਖਾਂ ਜਨਮ ਗਵਾਇਆ, ਕਲਜੁਗ ਵਿਚ ਹੀਰਾ । ਪ੍ਰਭ ਗਿਆਨ ਗੋਝ ਰਖਾਇਆ, ਹਉਮੇ ਲਾਈ ਦੇਹ ਵਿਚ ਪੀੜਾ । ਮਾਇਆ ਪੜਦਾ ਪਾਇਆ, ਮਾਇਆਧਾਰੀ ਹੋਏ ਵਿਸ਼ਟਾ ਕੀੜਾ । ਗੁਰਸਿਖਾਂ ਨਾਮ ਧਿਆਇਆ, ਨਿਰਮਲ ਸੁਖੀਆ ਆਤਮ ਜੀਅੜਾ । ਜਿਨ ਸੋਹੰ ਰਸਨਾ ਗਾਇਆ । ਉਠ ਜਾਗ ਜੀਵ ਅੰਞਾਣਿਆਂ, ਕਲ ਸਤਿਗੁਰ ਆਇਆ । ਕਰ ਦਰਸ ਚਰਨ ਨਿਮਾਣਿਆਂ, ਕਿਉਂ ਮਾਇਆ ਭਰਮ ਭੁਲਾਇਆ । ਜਾਏ ਸੁੱਤਿਆਂ ਰੈਣ ਵਿਹਾਣਿਆਂ,

ਪ੍ਰਭ ਡੰਕ ਸ਼ਬਦ ਲਾਇਆ । ਮਹਾਰਾਜ ਸ਼ੇਰ ਸਿੰਘ ਜੀਵ ਜੰਤ ਜਗਾਏ, ਆਪਣਾ ਭੇਤ ਖੋਲ੍ਹ ਵਖਾਇਆ । ਜੋ ਜਨ ਪ੍ਰਭ ਕੀ ਮਹਿੰਮਾ ਜਾਣੇ, ਨਜ਼ਰੀ ਆਵੇ ਜੋਤ ਸਰੂਪ । ਜੋ ਜਨ ਪ੍ਰਭ ਕੀ ਮਹਿੰਮਾ ਰਸਨ ਵਖਾਣੇ, ਆਤਮ ਹੋਵੇ ਨਿਰਮਲ ਸੂਚ । ਬੇਮੁਖ ਲਾਏ ਕਲ ਟਿਕਾਣੇ, ਮੌਤ ਕਰਾਏ ਜਗਤ ਕੂਚ । ਗੁਰਸਿਖ ਹਰਿ ਰੰਗ ਮਾਣੇ, ਪ੍ਰਭ ਪਰਗਟੇ ਊਚੋ ਊਚ । ਮਹਾਰਾਜ ਸ਼ੇਰ ਸਿੰਘ ਤੇਰੀ ਤੂੰਹੇ ਜਾਣੇ , ਕੋਏ ਨਾ ਜਾਣੇ ਤੇਰਾ ਰੰਗ ਨਾ ਰੂਪ । ਰੰਗ ਰੂਪ ਪ੍ਰਭ ਨਜ਼ਰ ਨਾ ਆਵੇ । ਜੋਤ ਸਰੂਪ ਵਿਚ ਸਿੱਖ ਸਮਾਵੇ । ਏਹੀ ਮਹਿੰਮਾ ਸ਼ਬਦ ਰੂਪ ਜਣਾਵੇ । ਸ਼ਬਦ ਗਿਆਨ ਅਗਿਆਨ ਅੰਧੇਰ ਮਿਟਾਵੇ । ਧਰ ਧਿਆਨ ਅਬਿਨਾਸ਼ੀ ਪ੍ਰਭ ਨਜ਼ਰੀ ਆਵੇ । ਕਲਜੁਗ ਹੋਏ ਸੁਘੜ ਸੁਜਾਨ, ਮਹਾਰਾਜ ਸ਼ੇਰ ਸਿੰਘ ਜਿਸ ਚਰਨੀਂ ਲਾਵੇ । ਦਏ ਵਡਿਆਈਆਂ ਚਾਰ ਜੁਗ, ਜਗ ਮਿਲਣ ਵਧਾਈਆਂ । ਧੰਨ ਧੰਨ ਧੰਨ ਗੁਰਸੰਗਤਾਂ, ਗੁਰਦਰ ਤੇ ਆਈਆਂ । ਰਿਖ ਮੁਨ ਜਾਇਣ ਮੰਨ, ਬਹੱਤਰ ਭਗਤ ਪ੍ਰਭ ਜੋਤ ਜਗਾਈਆਂ । ਲਿਖਤ ਕਰਾਏ ਹੋਏ ਪਰਸੰਨ, ਰਸਨਾ ਦੇਵੇ ਭਗਤ ਵਡਿਆਈਆਂ । ਧੰਨ ਧੰਨ ਧੰਨ ਗੁਰਸਿਖ, ਨਿਹਕਲੰਕ ਸੰਗ ਪ੍ਰੀਤਾਂ ਲਾਈਆਂ । ਮਹਾਰਾਜ ਸ਼ੇਰ ਸਿੰਘ ਉਤਮ ਦਰਸ, ਕਰ ਦਰਸ ਸਭ ਭੁੱਖਾਂ ਲਾਹੀਆਂ । ਗੁਰਸਿਖ ਭੂਖ ਪ੍ਰਭ ਕੇ ਚਰਨਾ । ਉਤਰੇ ਦੂਖ ਜਨ ਲਾਗੇ ਸ਼ਰਨਾ । ਮਨ ਹੋਏ ਸੂਖ ਦੇ ਦਰਸ ਪ੍ਰਭ ਬ੍ਰਹਮ ਗਿਆਨੀ ਕਰਨਾ । ਮਹਾਰਾਜ ਸ਼ੇਰ ਸਿੰਘ ਸਾਚਾ ਭੂਪ, ਗੁਰਸਿਖਾਂ ਛਤਰ ਜਿਸ ਧਰਨਾ । ਗੁਰਸਿਖਾਂ ਦੇ ਵਡਿਆਈ, ਛਤਰ ਝੁਲਾਇੰਦਾ । ਰਾਜੇ ਰਾਣੇ ਮਾਣ ਗਵਾਈ, ਰੰਕ ਕਰਾਇੰਦਾ । ਭੁੱਲੀ ਫਿਰੇ ਲੋਕਾਈ, ਪ੍ਰਭ ਸਾਚਾ ਨਜ਼ਰ ਨਾ ਆਇੰਦਾ । ਦੁੱਖੀ ਜੀਵ ਰਹੇ ਬਿਲਲਾਈ, ਪ੍ਰਭ ਬਿਨ ਕੌਣ ਆਤਮ ਤ੍ਰਿਖਾ ਬੁਝਾਇੰਦਾ । ਗੁਰਸਿਖੋ ਤੁਹਾਨੂੰ ਮਿਲੇ ਵਧਾਈ, ਜਿਥੇ ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਇੰਦਾ । ਈਸ਼ਰ ਜੋਤ ਜਗਤ ਨਿਰਾਲੀ । ਕਲਜੁਗ ਪਰਗਟੇ ਦੋ ਜਹਾਨ ਦਾ ਵਾਲੀ । ਨਜ਼ਰ ਨਾ ਆਵੇ ਪ੍ਰਭ, ਜੋਤ ਸਰੂਪ ਦੀਪਕ ਦੇਹ ਬਾਲੀ । ਮਹਾਰਾਜ ਸ਼ੇਰ ਸਿੰਘ ਦੇਵੇ ਨਾਮ ਦਾਨ, ਸੰਗਤ ਖੜ੍ਹੀ ਦਰ ਸਵਾਲੀ । ਊਚਾ ਦਰ ਦਰ ਦਰਬਾਰ, ਜਿਥੇ ਪ੍ਰਭ ਵਸੇ । ਸੱਚਾ ਸਚ ਘਰ ਬਾਹਰ, ਜੋਤ ਜਗਾਈ ਜਿਥੇ ਰਵ ਸੱਸੇ । ਸੋਹੰ ਸ਼ਬਦ ਹੋਏ ਧੁਨਕਾਰ, ਸਾਚਾ ਰਾਹ ਪ੍ਰਭ ਕਾ ਦੱਸੇ । ਗੁਰਸਿਖ ਸੋਹਿਣ ਦਰਬਾਰ, ਪ੍ਰਭ ਸਾਚਾ ਸਦਾ ਜਿਥੇ ਵਸੇ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ, ਆਪਣਾ ਭੇਵ ਨਾ ਬੇਮੁਖ ਦੱਸੇ । ਵਿਰਲਾ ਕੋਏ ਗੁਰਸਿਖ ਪਿਆਰਾ । ਅੰਮ੍ਰਿਤ ਦੇਵੇ ਜਿਸ ਪ੍ਰਭ ਭੰਡਾਰਾ । ਅੰਮ੍ਰਿਤ ਸੋਮਾ ਚਲੇ ਦੇਹ ਨਿਆਰਾ । ਈਸ਼ਰ ਧਰੇ ਕਰਮ ਜਾਣ, ਕਰੇ ਦੀਪਕ ਦੇਹ ਉਜਿਆਰਾ । ਗੁਰਚਰਨ ਲਾਗ ਤਰੇ ਝੂਠੇ ਹੋਏ ਸਚ ਖਰੇ, ਜਿਨ੍ਹਾਂ ਮਿਲਿਆ ਨਾਮ ਸਹਾਰਾ । ਮਹਾਰਾਜ ਸ਼ੇਰ ਸਿੰਘ ਜਿਸ ਕਿਰਪਾ ਕਰੇ, ਕਲਜੁਗ ਮਿਲਿਆ ਸਚਖੰਡ ਦਵਾਰਾ । ਸਚਖੰਡ ਗੁਰਸਿਖ ਜਾਣੋ, ਜਿਥੇ ਪ੍ਰਭ ਵਸਿਆ । ਹਰਿ ਕਾ ਰੰਗ ਹਰਿ ਦਰ ਤੇ ਮਾਣੋ, ਜੋਤ ਸਰੂਪ ਵਿਚ ਦੇਹ ਪ੍ਰਭ ਵਸਿਆ । ਸੋਹੰ ਰਸਨਾ ਸਚ ਸ਼ਬਦ ਵਖਾਣੋ, ਅੰਮ੍ਰਿਤ ਨਾਮ ਸਚ ਰਸਨਾ ਰਸਿਆ । ਮਹਾਰਾਜ ਸ਼ੇਰ ਸਿੰਘ ਸਦ ਨਿਜ ਵਖਾਣੋ, ਗੁਰਸਿਖ ਵਿਚ ਸਦਾ ਪ੍ਰਭ ਵਸਿਆ । ਵਸੇ ਵਸਣਹਾਰ, ਕਿਸੇ ਨਜ਼ਰ ਨਾ ਆਵੇ । ਦੱਸੇ ਦੱਸਣਹਾਰ, ਜਿਤ ਪ੍ਰਭ ਦਇਆ ਕਮਾਵੇ । ਪ੍ਰਭ ਲੇਖਾ ਲਿਖਣਹਾਰ, ਗੁਰਮੁਖ ਲੇਖ ਲਿਖਾਵੇ । ਸੱਚਾ ਸ਼ਾਹੁ ਵਿਚ ਦੇਹ ਵੇਖਣਹਾਰ, ਬੈਠ ਅਡੋਲ ਦੇਹ ਰਥ ਚਲਾਵੇ । ਜੀਵ ਸਦਾ ਹੈ ਭੁੱਲਣਹਾਰ, ਪ੍ਰਭ ਅਭੁੱਲ ਵਿਚ ਦੇਹ ਸਮਾਵੇ । ਬੇਮੁਖ ਜੁਗ ਜੁਗ ਰੁਲਣਹਾਰ, ਗੁਰਸਿਖ ਚਰਨ ਲਾਗ ਤਰ ਜਾਵੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤ੍ਰਿਪਤਾਵੇ, ਬੇਮੁਖ ਕਲ ਕਾਗ ਵਾਂਗ ਕੁਰਲਾਵੇ ।

❊ ११ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਗੁਰ ਨਾਉਂ ਰਸਨਾ ਗਾਇਕੇ, ਹੋ ਜਾਏ ਜੀਵ ਬ੍ਰਹਮ । ਹਰਿ ਹਿਰਦੇ ਸਦਾ ਵਸਾਇਕੇ, ਕਲ ਪਾਏ ਪਾਰਬ੍ਰਹਮ । ਪ੍ਰਭ ਸੱਚੇ ਸਿਉਂ ਚਿੱਤ ਲਾਇਕੇ, ਜੁਗ ਲਾ ਲਿਆ ਦਮ । ਚਰਨ ਸੀਸ ਨਵਾਇਕੇ, ਸੁਫਲ ਬਣਾਇਆ ਜਨਮ । ਨਾਮ ਰਸਨਾ ਰਸ ਕਾਇਆ ਪਲਟਾਵੇ । ਬਾਲਮੀਕ ਭੀਲਣੀ ਜਾਇਆ, ਰਸਨਾ ਜਪ ਅਮਰਾ ਪਦ ਪਾਵੇ । ਰਿਖ ਭਰਿੰਗ ਹਰਿ ਗੁਣ ਗਾਇਆ, ਹੋਵੇ ਵਿਸਮਾਦ ਅੰਗ ਸਮਾਵੇ । ਜਿਨ ਮਹਾਰਾਜ ਸ਼ੇਰ ਸਿੰਘ ਧਿਆਇਆ, ਫਿਰ ਜਨਮ ਨਾ ਪਾਵੇ । ਜਨਮ ਮਰਨ ਪ੍ਰਭ ਖੇਲ ਰਚਾਈ । ਊਚ ਨੀਚ ਨੀਚ ਊਚ ਵਿਚ ਭੇਤ ਰਖਾਈ । ਛੱਤਰੀ ਬ੍ਰਾਹਮਣ ਵੈਸ਼ ਸ਼ੂਦਰ ਮੇਂ ਰਿਹਾ ਸਮਾਈ । ਪ੍ਰਭ ਕੀ ਜੋਤ ਬ੍ਰਹਮ ਸਰੂਪ ਵਿਚ ਦੇਹ ਸਮਾਈ । ਘਰ ਸਾਚਾ ਸ਼ਾਹੁ ਨਾ ਪਾਇਆ, ਜਗਤ ਭੁੱਲੀ ਫਿਰੇ ਲੋਕਾਈ । ਪ੍ਰਭ ਆਪਣਾ ਭੇਸ ਵਟਾਇਆ, ਜੋਤ ਨਿਰੰਜਣ ਵਿਚ ਦੇਹ ਜਗਾਈ । ਮਹਾਰਾਜ ਸ਼ੇਰ ਸਿੰਘ ਸਿਉਂ ਚਿਤ ਲਾਇਆ, ਆਤਮ ਦੀਪਕ ਦੇਹ ਜਗਾਈ । ਜਗੇ ਦੀਪ ਦੇਹ ਤਨ ਅੰਦਰ । ਹੋਏ ਉਜਿਆਰਾ ਤਨ ਸੋਹੇ ਸਾਚਾ ਇਹ ਮੰਦਰ । ਜਿਥੇ ਵਸੇ ਆਪ ਨਿਰੰਕਾਰਾ, ਸ਼ਬਦ ਸੁਰਤ ਖੋਲ੍ਹੇ ਮਨ ਜੰਦਰ । ਕੁੰਜੀ ਨਾਉਂ ਲਾਏ ਗੁਰਸਿਖ ਪਿਆਰਾ, ਬੇਮੁਖ ਕਲਜੁਗ ਨਾਚੇ ਜਿਉਂ ਬੰਦਰ । ਨਜ਼ਰ ਨਾ ਆਵੇ ਅਗੰਮ ਅਪਾਰਾ, ਮਹਾਰਾਜ ਸ਼ੇਰ ਸਿੰਘ ਵਸੇ ਘਟ ਅੰਦਰ । ਪਾਵੇ ਜਨ ਕਰ ਨਿਗਮ ਵਿਚਾਰ । ਆਤਮ ਧਿਆਨ ਗੁਰ ਚਰਨ ਮੇਂ ਜਾਣ । ਮਧੁ ਮਾਧੋ ਸਦ ਇਕ ਸਮਾਨ । ਭਰਮਤ ਭਰਮਤ ਜੀਵ ਬਿਲਲਾਇਨ, ਨਜ਼ਰ ਨਾ ਆਵੇ ਵਿਸ਼ਨੂੰ ਭਗਵਾਨ । ਬੇਮੁਖ ਭੁੱਲੇ ਦਰ ਦਰ ਧੱਕੇ ਖਾਣ । ਕਲਜੁਗ ਰੁਲੇ ਜਿਉਂ ਕੂਕਰ ਸਵਾਨ । ਗੁਰਸਿਖ ਮਿਲ ਸਾਧ ਸੰਗਤ ਤਰ ਜਾਣ । ਮਹਾਰਾਜ ਸ਼ੇਰ ਸਿੰਘ ਵਿਚ ਦਰਬਾਰਾ, ਗੁਰਮੁਖ ਵਰ ਲੈ ਉਥੇ ਜਾਣ । ਗੁਰਮੁਖ ਨਾਮ ਜਗਤ ਮੇਂ ਜਿਤ ਨਾਮ ਦਵਿੰਦਾ । ਕਲਜੁਗ ਸਾਚੇ ਭਗਤ ਨੇ ਜਿਨ੍ਹਾਂ ਮਿਲਿਆ ਪ੍ਰਭ ਬਖ਼ਸ਼ਿੰਦਾ । ਕਲਜੁਗ ਅੰਤ ਵਕ਼ਤ ਜੇ ਚਲਿਆ ਉਡ, ਜਿਉਂ ਤਰਵਰ ਪਰਿੰਦਾ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟਿਆ ਸਖ਼ਤ ਜੇ, ਬੇਮੁਖਾਂ ਦਰਸ ਨਾ ਦਿੰਦਾ । ਬੇਮੁਖ ਸਭ ਬਪੜੇ, ਮਦਿ ਮਾਸ ਅਹਾਰੀ । ਜੀਵ ਜੰਤ ਰੱਤ ਰਤੜੇ, ਕਲ ਹੋਏ ਖੁਆਰੀ । ਛੱਡ ਨਾਮ ਮਦਿ ਮਤੜੇ, ਜੂਏ ਗਏ ਜਨਮ ਹਾਰੀ । ਅੰਤਕਾਲ ਗਏ ਜਗ ਲਤੜੇ, ਧਰਮ ਰਾਏ ਲਗਾਏ ਡੰਨ ਭਾਰੀ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਗੁਰਸਿਖਾਂ ਪੈਜ ਸਵਾਰੀ । ਗੁਰਸਿਖਾਂ ਦੇਵੇ ਮਾਣ ਸਰਬ ਘਟ ਵਾਸੀ । ਗੁਰਸਿਖਾਂ ਪ੍ਰਭ ਕਾ ਮਾਣ ਮਿਲੇ ਪ੍ਰਭ ਅਬਿਨਾਸ਼ੀ । ਜਿਨ ਲਾਇਆ ਗੁਰਚਰਨ ਧਿਆਨ, ਮੁਕਤ ਜੁਗਤ ਹੋ ਕਲ ਕੀ ਦਾਸੀ । ਜਿਨ ਸੋਹੰ ਜਪਿਆ ਨਾਮ, ਸੱਚਾ ਸ਼ਾਹ ਸਵਾਸ ਸਵਾਸੀ । ਸਚ ਦਰਗਾਹ ਪਾਏ ਠਾਉਂ, ਮਹਾਰਾਜ ਸ਼ੇਰ ਸਿੰਘ ਕੱਟੇ ਗਲੋਂ ਜਮ ਕੀ ਫਾਸੀ । ਹਰਿ ਪ੍ਰਭ ਨਾਮ ਅੰਤ ਸੁਹੇਲਾ । ਅੰਤ ਆਤਮਾ ਹੋਏ ਅਕੇਲਾ । ਜੀਵ ਜੋਤ ਦਾ ਸਾਚਾ ਮੇਲਾ । ਜੋਤ ਜਗਾਏ ਪ੍ਰਭ ਅਚਰਜ ਖੇਲਾ । ਦਰਸ਼ਨ ਪਾਇਨ ਜੋ ਜਨ ਆ ਕੇ, ਕਲਜੁਗ ਹੋਏ ਪ੍ਰਭ ਸੰਗ ਮੇਲਾ । ਮਹਾਰਾਜ ਸ਼ੇਰ ਸਿੰਘ ਜਗਤ ਪ੍ਰਭ ਦਾਤਾ, ਕਰੋ ਦਰਸ ਕਰਨ ਦਾ ਵੇਲਾ । ਕਰ ਦਰਸ ਪ੍ਰਭ ਮਨ ਤਨ ਠਰੇ । ਆਤਮ ਸ਼ਾਂਤ ਤ੍ਰਿਖਾ ਅਗਨ ਬੁਝਾਈ, ਕਲਜੁਗ ਮਿਲੇ ਆਪ ਨਰ ਹਰੇ । ਸਾਚੀ ਜੋਤ ਵਿਚ ਦੇਹ ਜਗਾਈ, ਗੁਰਮੁਖ ਪੂਰਾ ਨਾ ਕਲਜੁਗ ਡਰੇ । ਗੁਰ ਚਰਨ ਲਾਗ ਮਿਲੀ ਵਡਿਆਈ, ਜੋ ਜਨ ਆਏ ਪ੍ਰਭ ਦਰੇ । ਬੇਮੁਖਾਂ ਸਿਰ ਸ਼ਾਹੀ ਪਾਈ, ਮਹਾਰਾਜ ਸ਼ੇਰ ਸਿੰਘ ਜਗ ਧਰਨੀ ਧਰੇ । ਕਰੇ ਆਪ ਜੋ ਪ੍ਰਭ ਕਰਨਾ । ਜਗਤ ਵਿਰਲਾ ਕੋਏ ਵਿਚ ਜੂਨ

ਵਿਹਰਨਾ । ਸੋਹੰ ਜਪ ਜਾਪ ਅੰਤ ਕਲਜੁਗ ਤਰਨਾ । ਰਾਓ ਰਾਜ ਮਾਣ ਅੰਤਮ ਕਲ ਹਰਨਾ । ਏਕ ਜੋਤ ਪ੍ਰਭ ਏਕ ਸਰੂਪਾ, ਊਚ ਨੀਚ ਕਾ ਭਰਮ ਨਿਵਰਨਾ । ਚਾਰ ਕੁੰਟ ਹੋਏ ਜੈ ਜੈ ਜੈਕਾਰ, ਬਾਕੀ ਨਾਸ ਸਭਨ ਦਾ ਕਰਨਾ । ਹਾਹਾਕਾਰ ਹੋਏ ਚਹੁੰ ਕੂਟੀ, ਔਖਾ ਬਾਣ ਸੋਹੰ ਜਗ ਜਰਨਾ । ਵਕਤ ਗਵਾਇਆ ਮਦਿ ਰਸ, ਅੰਤਮ ਜੀਵ ਹੋਏ ਮਰਨਾ । ਮਹਾਰਾਜ ਸ਼ੇਰ ਸਿੰਘ ਨਰ ਨਰਾਇਣ, ਗੁਰਸਿਖ ਚਰਨ ਲਾਗ ਜਗ ਤਰਨਾ । ਚਾਰ ਵਰਨ ਪ੍ਰਭ ਜੋਤ ਪਰਗਾਸੇ । ਕਲਜੁਗ ਆਇਆ ਭੇਤ ਛੁਪਾਇਆ, ਬੈਠਾ ਵੇਖੇ ਜਗਤ ਤਮਾਸ਼ੇ । ਭਰਮ ਭੁਲਾਇਆ ਜਗਤ ਰੁਲਾਇਆ, ਬੇਮੁਖਾਂ ਜਨਮ ਗਵਾਇਆ ਵਿਚ ਹਾਸੇ । ਜਿਨ੍ਹਾਂ ਹਰਿ ਨਾਮ ਧਿਆਇਆ, ਦਰ ਘਰ ਸਾਚਾ ਪਾਇਆ, ਸਤਿਗੁਰ ਬੈਠਾ ਸਦਾ ਹੈ ਪਾਸੇ । ਮਦਿ ਮਾਸ ਜਿਸ ਰਸਨਾ ਲਾਇਆ, ਵਿਚ ਵਿਕਾਰ ਦੇਹ ਚਲਾਇਆ, ਸਚ ਧਰਮ ਦੋਏ ਨਾਸੇ । ਗੁਰਚਰਨ ਜਿਨ ਚਿਤ ਲਾਇਆ, ਪ੍ਰਭ ਸ਼ਬਦ ਸੁਣ ਦਰਸ ਦਿਖਾਇਆ, ਦੇ ਆਤਮ ਸਦ ਪ੍ਰਭ ਵਾਸੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਹੋ ਆਇਆ, ਭਰਮ ਭੁਲੇਖੇ ਜਗਤ ਭੁਲਾਇਆ, ਗੁਰ ਪੂਰੇ ਸਦ ਬਲ ਬਲ ਜਾਸੇ । ਬਲ ਬਲ ਬਲ ਗੁਰ ਪੂਰੇ ਜਿਨ ਕਲਜੁਗ ਪਾ ਲਿਆ । ਚਲ ਚਲ ਚਲ ਪ੍ਰਭ ਚਰਨ ਹੈ ਹਜ਼ੂਰੇ, ਜਿਨ ਸਤਿਜੁਗ ਸਾਚਾ ਲਾ ਲਿਆ । ਮਿਲ ਮਿਲ ਮਿਲ ਦਰ ਸਤਿਗੁਰ ਪੂਰੇ, ਜੋਤ ਸਰੂਪ ਜੋਤ ਜਗਤ ਪਰਗਟਾ ਲਿਆ । ਰਲ ਰਲ ਰਲ ਵਿਚ ਗੁਰਸਿਖ ਸੂਰੇ, ਜਿਨ ਮਾਣਸ ਜਨਮ ਸੁਫਲ ਕਰਾ ਲਿਆ । ਵਾਜੇ ਵੱਜੇ ਮਨ ਅਨਹਦ ਤੂਰੇ, ਸੋਹੰ ਸ਼ਬਦ ਜਿਨ ਰਸਨਾ ਗਾ ਲਿਆ । ਮਹਾਰਾਜ ਸ਼ੇਰ ਸਿੰਘ ਚਰਨ ਬਲਿਹਾਰੀ, ਜਿਨ ਵਿਛੜਿਆਂ ਮੇਲ ਮਿਲਾ ਲਿਆ । ਵਿਛੜੇ ਮੇਲ ਮਿਲਾਏ, ਭਗਤਾਂ ਤਾਰਦਾ । ਕੋਟ ਜਨਮ ਦੇ ਪਾਪ, ਛਿਨ ਮਾਹਿ ਮਾਰਦਾ । ਸੱਚੇ ਸਚ ਦਰਬਾਰ, ਜੋਤ ਪ੍ਰਭ ਧਾਰਦਾ । ਗੁਰਸਿਖ ਉਤਰੇ ਪਾਰ ਜੋ ਚਰਨ ਨਿਮਸਕਾਰਦਾ । ਮਹਾਰਾਜ ਸ਼ੇਰ ਸਿੰਘ ਲੈਂਦਾ ਸਾਰ, ਕੋਏ ਨਾ ਜਾਣੇ ਰੰਗ ਕਰਤਾਰ ਦਾ । ਨਾਮ ਕਰਤਾਰ ਰੰਗ ਨਾ ਕੋਏ । ਜੋਤ ਸਰੂਪ ਬਿਮਲ ਜੋਤ ਬਿਲੋਏ । ਜਗਮਗ ਜੋਤ ਜਗੇ ਹਰ ਦਮ, ਖੰਡ ਸਚ ਪਰਕਾਸ਼ ਜੋਤ ਹੋਏ । ਜੋਤ ਸਰੂਪ ਜਗਤ ਸਰਬ ਵਸਿਆ, ਗੁਰਮੁਖ ਵਿਰਲਾ ਜਾਣੇ ਕੋਏ । ਮਹਾਰਾਜ ਸ਼ੇਰ ਸਿੰਘ ਕਲ ਆਪਣਾ ਭੇਵ ਨਾ ਦੱਸਿਆ, ਭੁੱਲੀ ਸ੍ਰਿਸ਼ਟ ਕਲ ਅੰਤਮ ਰੋਏ । ਪ੍ਰਭ ਕਲਜੁਗ ਭਰਮ ਨਿਵਾਰਿਆ, ਦੇ ਬ੍ਰਹਮ ਗਿਆਨਾ । ਪ੍ਰਭ ਗੁਰਸਿਖ ਘਰ ਤਾਰਿਆ, ਬੈਠ ਵਿਸ਼ਨੂੰ ਭਗਵਾਨਾ । ਆਵਣ ਜਾਵਣ ਸਰਬ ਸਵਾਰਿਆ, ਪਰਗਟ ਦੁਆਪਰ ਕਾਹਨਾ । ਗੁਰ ਪੂਰੇ ਸਦ ਵਾਰਿਆ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਪਹਿਰਿਆ ਜਾਮਾ । ਆਤਮ ਤ੍ਰਿਖਾ ਤਾਂ ਮਿਟੇ, ਜਾਂ ਪ੍ਰਭ ਭਰਮ ਚੁਕਾਏ । ਸਾਚਾ ਸ਼ਬਦ ਮਨ ਰਟੇ, ਤਾਂ ਹਉਮੇ ਮਾਣ ਗਵਾਏ । ਗੁਰ ਪੂਰਾ ਵਿਕੇ ਨਾ ਵਿਚ ਹੱਟੇ, ਮਾਇਆਧਾਰੀ ਖੇਲ ਜੋ ਰਚਾਏ । ਲੱਖ ਪਾਪੀ ਕਲਜੁਗ ਮਰ ਮਿਟੇ, ਪ੍ਰਭ ਸਾਚਾ ਮੁਖ ਛੁਪਾਏ । ਲੱਖ ਝੂਜਨ ਕਲਜੁਗ ਜਗ ਕਟੇ, ਸਰਬ ਨਰਕ ਨਿਵਾਸ ਦਵਾਏ । ਮਹਾਰਾਜ ਸ਼ੇਰ ਸਿੰਘ ਸ਼ਾਹ ਇਕ ਵਸੇ, ਜਾਂਹ ਦੇਖਾਂ ਤਾਂਹ ਨਜ਼ਰੀ ਆਏ । ਨੈਣ ਗਵਾਇਆ ਨੂਰ ਪ੍ਰਭ ਨਿਰਵੈਰ ਦਾ । ਪ੍ਰਭ ਸਾਚਾ ਆਸਾ ਪੂਰ, ਕਲਜੁਗ ਵਰਤੇ ਹੁਕਮ ਕਹਿਰ ਦਾ । ਸੋਹੰ ਸ਼ਬਦ ਕਰੇ ਚੂਰ, ਬੇਮੁਖ ਨਾ ਏਥੇ ਠਹਿਰਦਾ । ਮਹਾਰਾਜ ਸ਼ੇਰ ਸਿੰਘ ਗੁਣ ਭਰਪੂਰ, ਬਰਸੇ ਮੇਘ ਅੰਮ੍ਰਿਤ ਮਿਹਰ ਦਾ । ਮਿਹਰ ਕਰ ਤਨ ਮਨ ਮੇਲ ਦੇ । ਬੁਝੀ ਆਤਮ ਦੇਹ ਦੀਪ ਨਾਮ ਸਾਚਾ ਪ੍ਰਭ ਤੇਲ ਦੇ । ਦਰ ਤੇਰੇ ਪ੍ਰਭ ਆ ਗਏ, ਬੇੜਾ ਖੰਡ ਸਚ ਵਿਚ ਠੇਲਦੇ । ਕੋਟ ਜਨਮ ਦੇ ਵਿਛੜੇ, ਕਰ ਕਿਰਪਾ ਛਿਨ ਵਿਚ ਮੇਲ ਦੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਗੁਰਸਿਖਾਂ ਨਾਮ ਦੇਣ ਦੇ । ਗੁਰਸਿਖ ਨਾਮ ਨਿਰੰਜਣ

ਪਾਓ । ਨਿਰਮਲ ਨਾਮ ਬਾਤੀ ਵਿਚ ਦੇਹ ਜਗਾਓ । ਉਤਮ ਝਾਕੀ ਤਨ ਅੰਦਰ ਪਾਓ । ਮਿਟੇ ਅਗਿਆਨ ਅੰਧੇਰ, ਗਿਆਨ ਗੁਰ ਸ਼ਬਦ ਜਗਾਓ । ਸੋਹੰ ਸ਼ਬਦ ਰਸਨਾ ਗਾ ਕੇ, ਮਹਾਰਾਜ ਸ਼ੇਰ ਸਿੰਘ ਤਨ ਵਿਚੋਂ ਪਾਓ । ਦੇਹ ਵਿਚ ਵਸੇ ਪ੍ਰਭ ਵਸਣੇਹਾਰਾ । ਨਜ਼ਰ ਨਾ ਆਵੇ ਬੈਠਾ ਕਰ ਪਸਾਰਾ । ਪਰਦਾ ਕਰ ਇਕ ਥਾਂਏ ਨਿਆਰਾ । ਭਗਤ ਜਨਾਂ ਦਰਸਾਵੇ ਆਤਮ ਦਵਾਰਾ । ਮਹਾਰਾਜ ਸ਼ੇਰ ਸਿੰਘ ਜੋਤ ਜਗਾਵੇ, ਮਿਲੇ ਆਤਮ ਅਗੰਮ ਅਪਾਰਾ । ਪ੍ਰਭ ਕੀ ਜੋਤ ਕੋਈ ਨਿਰਧਨ ਪਾਵੇ । ਪ੍ਰਭ ਕੀ ਜੋਤ ਵਿਚ ਗੁਰਸਿਖ ਸਮਾਵੇ । ਪ੍ਰਭ ਕੀ ਜੋਤ ਤਨ ਮਨ ਧੁਨ ਸ਼ਬਦ ਵਜਾਵੇ । ਪ੍ਰਭ ਕੀ ਜੋਤ ਪ੍ਰਭ ਅਬਿਨਾਸ਼ੀ ਘਰ ਮਾਹਿ ਦਿਖਾਵੇ । ਪ੍ਰਭ ਕੀ ਜੋਤ ਜੀਵ ਅੰਤ ਵਿਚ ਜੋਤ ਸਮਾਵੇ । ਪ੍ਰਭ ਕੀ ਜੋਤ ਪਰਗਟ ਕਲਜੁਗ ਸ਼ੇਰ ਸਿੰਘ ਮਹਾਰਾਜ ਨਾਮ ਰਖਾਵੇ । ਜੋਤ ਪਰਗਟ ਹੋਏ ਨਿਹਕਲੰਕਾ । ਸੋਹੰ ਸ਼ਬਦ ਚਾਰ ਕੁੰਟ ਕਾ ਡੰਕਾ । ਭਰਮ ਮਿਟਾਵੇ ਸਰਬ ਜੀਵ ਮਨ ਕਾ । ਦੁੱਖ ਦਰਦ ਹਟਾਵੇ, ਮਹਾਰਾਜ ਸ਼ੇਰ ਸਿੰਘ ਦਰਸ ਕਰ ਤਨ ਕਾ । ਦਰਸ ਪੇਖਨ ਗੁਰਸਿਖ ਨੈਣ ਨਿਰਾਲੇ । ਗੁਰਸਿਖ ਊਚ ਅਗੰਮ ਜਿਉਂ ਪਰਬਤ ਹਿਮਾਲੇ । ਪ੍ਰਭ ਕੀ ਜੋਤ ਬ੍ਰਹਮ ਵਿਚ ਸਿੱਖ ਸਮਾਲੇ । ਮਹਾਰਾਜ ਸ਼ੇਰ ਸਿੰਘ ਕਹੀਏ ਧੰਨ ਧੰਨ, ਸਰਬ ਜੀਆਂ ਦੀ ਕਰੇ ਪ੍ਰਿਤਪਾਲੇ । ਪ੍ਰਿਤਪਾਲਾ ਪ੍ਰਭ ਗੁਣ ਨਿਧਾਨਾ । ਚਰਨ ਲਾਗ ਮੂਰਖ ਮੁਗਧ ਹੋਏ ਚਤੁਰ ਸੁਜਾਨਾ । ਕਲਜੁਗ ਪੂਰਨ ਭਾਗ, ਸੋਹੰ ਸ਼ਬਦ ਜਿਨ੍ਹਾਂ ਗੁਰ ਮਾਨਾ । ਗੁਰਸਿਖ ਸਦਾ ਰਹੇ ਹੈ ਜਾਗ, ਜਿਨ੍ਹਾਂ ਮਿਲਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਭਗਤ ਭਗਵਾਨ ਇਕ ਰੰਗ । ਆਦਿ ਜੁਗਾਦਿ ਪ੍ਰਭ ਭਗਤਨ ਸੰਗ । ਛੋਡ ਸ੍ਰਿਸ਼ਟ, ਭਗਤ ਦਰ ਸਾਚਾ ਮੰਗ । ਕਲਜੁਗ ਪਰਗਟੇ ਪ੍ਰਭ ਤ੍ਰੈਲੋਕੀ ਨੰਦ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਸਦ ਗਾਓ ਛੰਦ । ਸੋਹੰ ਸ਼ਬਦ ਪ੍ਰਭ ਕਾ ਰੂਪ । ਸੋਹੰ ਸ਼ਬਦ ਤਾਰੇ ਵਿਚ ਅੰਧ ਕੂਪ । ਸੋਹੰ ਸ਼ਬਦ ਸ਼ਬਦ ਬਿਨ ਰੂਪ । ਸੋਹੰ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਸਵੱਛ ਸਰੂਪ । ਸੋਹੰ ਸ਼ਬਦ ਦੇਵੇ ਜਗਤ ਭਰ ਭਰ ਭਰਤੰਬਰਾ । ਸੋਹੰ ਸ਼ਬਦ ਦੇਵੇ ਖਪਾਏ ਵੱਡੇ ਪਤੰਬਰਾ । ਸੋਹੰ ਸ਼ਬਦ ਦੇਵੇ ਲਗਾਏ ਵਿਚ ਅੱਗ ਅੰਬਰਾ । ਮਹਾਰਾਜ ਸ਼ੇਰ ਸਿੰਘ ਖੇਲ ਰਚਾਏ, ਜੋਤ ਪਰਗਟਾਏ ਛਿਨ ਭੰਗਰਾ । ਛਿਨ ਭੰਗਰ ਪ੍ਰਭ ਜੋਤ ਪਰਗਟਾਵੇ । ਛਿਨ ਮਾਹਿ ਆਵੇ ਛਿਨ ਮਾਹਿ ਜਾਵੇ । ਜੇ ਕੋਈ ਵੇਖੇ ਨਜ਼ਰ ਨਾ ਆਵੇ । ਸ਼ਬਦ ਗਿਆਨ ਦੇ ਸਿੱਖ ਸਮਝਾਵੇ । ਜੋਤ ਸਰੂਪ ਜੋਤੀ ਜੋਤ ਜਗਾਵੇ । ਰੰਗ ਰੂਪ ਬਿਨ ਤੀਨ ਲੋਕ ਰਹਾਵੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਧਾਮ ਸਚਖੰਡ ਬਣਾਵੇ । ਸਚਖੰਡ ਧਾਮ ਤੇਰਾ ਗੁਰਸਿਖਾ । ਦਰ ਘਰ ਮਿਲੇ ਨਾ ਠਾਉਂ ਬੇਮੁਖਾ । ਚਰਨ ਕਵਲ ਮਿਲ ਜਾਓ ਮਨ ਰੰਗ ਹੋਏ ਸਨਮੁਖਾ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਕਰੋ ਦਰਸ ਲਾਹੋ ਮਨ ਭੁੱਖਾ । ਆਤਮ ਭੁੱਖ ਪ੍ਰਭ ਦਰਸ ਚਰਨਾ । ਆਤਮ ਸੁਖ ਪ੍ਰਭ ਦਰਸ ਕਰਨਾ । ਸੋਹੰ ਸ਼ਬਦ ਵਿਚ ਅੰਧ ਕੂਪ ਸਰਬ ਦੁੱਖੜੇ ਹਰਨਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਸਤਿ ਸਰੂਪ ਅੰਤ ਗੁਰਸਿਖ ਕਰਨਾ ।

੨੬੩
੦੧

❋ १३ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

ਜਗਤ ਭੁਲੇਖਾ ਭਰਮ ਦਾ, ਗੁਰਸਿਖ ਭੁੱਲ ਨਾ ਜਾਣਾ । ਇਹ ਵੇਲਾ ਸੱਚੇ ਕਰਮ ਦਾ, ਨਹੀਂ ਕੁਕਰਮ ਕਮਾਣਾ । ਪ੍ਰਭ ਬੇੜਾ ਲਾਓ ਧਰਮ ਦਾ, ਪਾਰ ਭੁਲ ਨਾ ਜਾਣਾ । ਮਹਾਰਾਜ ਸ਼ੇਰ ਸਿੰਘ ਕਲਜੁਗ ਆਇਆ, ਮੇਲ ਮਿਲਾਏ ਜਨਮ ਜਨਮ ਦਾ । ਜਨਮ ਅਮੋਲਕ ਮਾਣਸ, ਗੁਰ ਦਰਸ਼ਨ ਪਾ ਕੇ । ਬੇਮੁਖ ਮਾਰੇ ਛਾਣ ਕੇ, ਵਿਚ ਜਨਮ ਗਵਾਇਆ ਹਾਸੇ । ਗੁਰਸਿਖ ਪਕੜ ਪਛਾਣਕੇ, ਕੀਏ ਬੰਦ ਖੁਲਾਸੇ । ਮਹਾਰਾਜ ਸ਼ੇਰ ਸਿੰਘ ਗੁਣ ਨਿਧਾਨ, ਗੁਰਸਿਖ ਸਦ ਬਲ ਬਲ ਜਾਸੇ । ਗੁਰਚਰਨ ਬਲਿਹਾਰ ਗੁਰਸਿਖ, ਸਚਖੰਡ ਦਵਾਰਾ । ਕਲਜੁਗ ਜਾਵੇ ਤਾਰ, ਵਿਚ ਦੇਹ ਜੋਤ ਕਰ ਅਵਤਾਰਾ । ਬੇਮੁਖ ਹੋਏ ਖੁਆਰ, ਦੁੱਖ ਲੱਗਾ ਭਾਰਾ । ਬਾਂਹੋਂ ਪਕੜ ਡੁਬਾਇਨ, ਜਲ ਕੀ ਧਾਰਾ । ਮਹਾਰਾਜ ਸ਼ੇਰ ਸਿੰਘ ਦਰਸ ਨਾ ਪਾਇਣ, ਮਾਤ ਪਰਗਟਿਆ ਨੈਣ ਮੁੰਧਾਰਾ । ਨੈਣ ਮੁੰਧਾਰ ਪ੍ਰਗਟੇ ਨਿਰਵੈਰੀ । ਜੋਤ ਸਰੂਪ ਵਰਤਾਏ ਜਗਤ ਕਹਿਰੀ । ਬੇਮੁਖ ਪਕੜ ਪਛਾੜਿਅਨ ਨਾ ਲਾਵੇ ਡੇਰੀ । ਮਹਾਰਾਜ ਸ਼ੇਰ ਸਿੰਘ ਜਗ ਅਵਤਾਰ, ਜੁਗ ਚੌਥਾ ਚੌਥੀ ਵੇਰੀ । ਗੁਰ ਘਰ ਸੱਚਾ ਧਾਮ ਹੈ, ਜਿਥੇ ਸਾਚਾ ਪ੍ਰਭ ਵਸਿਆ । ਖੰਡ ਬ੍ਰਹਿਮਡ ਪ੍ਰਭ ਛੱਡ ਕੇ, ਕਲਜੁਗ ਗੁਰਸਿਖਾਂ ਰਾਹ ਸਦ ਦੱਸਿਆ । ਬਾਂਹੋਂ ਪਕੜ ਤਰਾਇਆ, ਅੰਤਕਾਲ ਪ੍ਰਭ ਹਿਰਦੇ ਵਸਿਆ । ਮਹਾਰਾਜ ਸ਼ੇਰ ਸਿੰਘ ਤੇਰੀ ਸ਼ਰਨ ਆਈ, ਕਲਜੁਗ ਬੇਮੁਖ ਹੋ ਕੇ ਜਗ ਜਾਏ ਨੱਸਿਆ । ਜੋਤ ਸਰੂਪੀ ਪਵਣ ਪ੍ਰਭ ਨਜ਼ਰ ਨਾ ਆਇਆ । ਕਲਜੁਗ ਜਾਮਾ ਧਾਰ ਕੇ, ਝੂਠੀ ਸ੍ਰਿਸ਼ਟ ਪਾਈ ਮਾਇਆ । ਸੋਹੰ ਬਾਣ ਮਾਰ ਕੇ, ਬਿਨ ਦੈਤਾਂ ਜਗਤ ਘਾਇਆ । ਮਹਾਰਾਜ ਸ਼ੇਰ ਸਿੰਘ ਭਗਤ ਪਛਾਣ ਕੇ, ਚਰਨੀਂ ਆਣ ਲਗਾਇਆ । ਭਗਤ ਵਛਲ ਪ੍ਰਭ ਬੀਠਲਾ, ਸੋਹੇ ਸਚ ਦਰਬਾਰੇ । ਨੈਣ ਖੋਲ੍ਹ ਸਾਚਾ ਪ੍ਰਭ ਡੀਠਲਾ, ਗੁਰਸਿਖ ਕਰ ਨਿਮਸਕਾਰੇ । ਬੇਮੁਖ ਕਲਜੁਗ ਕੌੜਾ ਰੀਠਲਾ, ਅੰਤਕਾਲ ਨਰਕ ਨਿਵਾਸ ਦਵਾਏ । ਸੋਹੰ ਸ਼ਬਦ ਜਪੋ ਮਨ ਮੀਠਲਾ, ਆਤਮ ਜੋਤ ਜੋਤ ਚਮਤਕਾਰੇ । ਮਹਾਰਾਜ ਸ਼ੇਰ ਸਿੰਘ ਸਾਚਾ ਪ੍ਰਭ, ਗੁਰਸਿਖ ਢਹਿ ਗੁਰਚਰਨ ਦਵਾਰੇ । ਗੁਰਚਰਨ ਪ੍ਰੀਤ ਅਮਰ ਹੋ ਰਹਿਣਾ । ਗੁਰਸਿਖ ਰੱਖ ਸਾਚੀ ਨੀਤ, ਮੰਨ ਪ੍ਰਭ ਕਾ ਕਹਿਣਾ । ਝੂਠੀ ਇਹ ਜਗਤ ਕੀ ਪ੍ਰੀਤ, ਜਗਤ ਬੈਠ ਨਾ ਕਿਸੇ ਰਹਿਣਾ । ਗੁਰਦਰਸ ਮਨ ਠਾਂਡਾ ਸੀਤ, ਸੋਹੰ ਸ਼ਬਦ ਦੇ ਸਾਚਾ ਗਹਿਣਾ । ਬੇਮੁਖ ਉਲਟ ਚਲਾਈ ਰੀਤ, ਅੰਤਕਾਲ ਦੁੱਖ ਡਾਹਢਾ ਸਹਿਣਾ । ਮਹਾਰਾਜ ਸ਼ੇਰ ਸਿੰਘ ਤੇਰੀ ਸਾਚੀ ਪ੍ਰੀਤ, ਸਾਧ ਸੰਗਤ ਵਿਚ ਪਰਗਟ ਬਹਿਣਾ । ਪਰਗਟ ਜੋਤ ਧਰੇ ਧਿਆਨਾ । ਆਦਿ ਅੰਤ ਵਿਸ਼ਨੂੰ ਭਗਵਾਨਾ । ਚਰਨ ਲਾਗ ਹੋਏ ਮੂਰਖ ਸੁਘੜ ਸੁਜਾਨਾ । ਸੋਹੰ ਜਪੋ ਰਸਨਾ ਜਾਪ, ਆਤਮ ਸੁੱਖ ਮਹਾਂ ਗਿਆਨਾ । ਮਹਾਰਾਜ ਸ਼ੇਰ ਸਿੰਘ ਵਡ ਪਰਤਾਪ ਵਿਚ ਦੋ ਜਹਾਨਾਂ । ਮਹਾਰਾਜ ਸ਼ੇਰ ਸਿੰਘ ਤੇਰਾ ਪਰਤਾਪ । ਜੋਤ ਸਰੂਪ ਰਹੇ ਦਿਨ ਰਾਤ । ਆਕਾਸ਼ ਪਾਤਾਲ ਜੋਤ ਸਰੂਪ ਵਿਚ ਮਾਤ । ਸੋਹੰ ਸ਼ਬਦ ਚਲਾ ਕੇ, ਗੁਰਸਿਖਾਂ ਦੇਣੀ ਦਾਤ । ਆਪਣਾ ਭੇਸ ਵਟਾ ਕੇ, ਨਿੰਦਾ ਕਰਾਏ ਭਾਂਤ ਭਾਂਤ । ਜੋਤ ਸਰੂਪ ਵਿਚ ਦੇਹ ਦੇ, ਸਦਾ ਬੈਠ ਰਹੇ ਇਕਾਂਤ । ਨਿਹਕਲੰਕ ਨਾਉਂ ਰਖਾਇਕੇ, ਗੁਰਸਿਖਾਂ ਮਨ ਰੱਖੀ ਸ਼ਾਂਤ । ਕਲਜੁਗ ਜੋਤ ਪਰਗਟਾ ਕੇ, ਗੁਰਸਿਖਾਂ ਦੇ ਵਡਿਆਈ । ਨਾਉਂ ਨਿਰੰਜਣ ਆਪ ਰਖਾ ਕੇ, ਆਪਣਾ ਭੇਤ ਲਿਆ ਛੁਪਾਈ । ਗੁਰਸਿਖਾਂ ਜੋਤ ਜਗਾ ਕੇ, ਕਲਜੁਗ ਦੇ ਰਿਹਾ ਵਧਾਈ । ਬੇਮੁਖਾਂ ਨਸ਼ਟ ਕਰਾ ਕੇ, ਦੇਹ ਉਲਟੀ ਮਤਿ ਪਾਈ । ਮਹਾਰਾਜ ਸ਼ੇਰ ਸਿੰਘ ਨਾਮ ਰਖਾ ਕੇ, ਕਲਜੁਗ ਚਲਿਆ ਭਗਤ ਵਡਿਆਈ । ਗੁਰਸਿਖ ਪ੍ਰਭ ਕਾ ਰੂਪ ਹੈ,

ਜੇ ਭਾਣੇ ਚਲੇ । ਗੁਰਸਿਖ ਵਿਚ ਵਸਦਾ ਪ੍ਰਭ ਭੂਪ ਹੈ, ਕਲਜੁਗ ਬਿਲਲਾਏ ਮੂਲ ਨਾ ਹੱਲੇ । ਸਾਚਾ ਸਿੱਖ ਮੇਰਾ ਸਰੂਪ ਹੈ, ਅੰਤਕਾਲ ਸਚਖੰਡ ਦਰ ਮੱਲੇ । ਬੇਮੁਖਾਂ ਕਲਜੁਗ ਅੰਧ ਕੂਪ ਹੈ, ਮਾਣਸ ਜਨਮ ਕਲਜੁਗ ਗਵਾ ਚਲੇ । ਮਹਾਰਾਜ ਸ਼ੇਰ ਸਿੰਘ ਸਵੱਛ ਸਰੂਪ ਹੈ, ਗੁਰਸਿਖ ਨਾਮ ਨਿਧਾਨ ਦਰ ਲੈ ਚਲੇ । ਦਰ ਦਰਵੇਸ਼ ਆਪ ਪ੍ਰਭ, ਘਰ ਸਿੱਖਾ ਆਵੇ । ਸੁੱਤਿਆਂ ਪਕੜ ਉਠਾਲ ਕੇ, ਜੋਤ ਸਰੂਪ ਪ੍ਰਭ ਦਰਸ ਦਿਖਾਵੇ । ਬੁਝੀ ਆਤਮ ਦੀਪਕ ਬਾਲ ਕੇ, ਵਿਚ ਦੇਹ ਦੇ ਜੋਤ ਜਗਾਵੇ । ਕਲਜੁਗ ਜਗਤ ਪਛਾਣ ਕੇ, ਗੁਰਸਿਖਾਂ ਟੁੰਬ ਉਠਾਵੇ । ਸੋਹੰ ਸ਼ਬਦ ਬਾਣ ਮਾਰ ਕੇ, ਮਹਾਰਾਜ ਸ਼ੇਰ ਸਿੰਘ ਸ੍ਰਿਸ਼ਟ ਘਾਵੇ । ਸ੍ਰਿਸ਼ਟ ਇਸ਼ਟ ਨਰ ਨਰਾਇਣ ਭੁੱਲਿਆ । ਕਲਜੁਗ ਆਏ ਪ੍ਰਭ ਤੋਲ ਪੂਰੇ ਤੋਲਿਆ । ਬਾਂਹੋਂ ਪਕੜ ਚਲਾਇਆ, ਆਪ ਅਡੋਲ ਕਲਜੁਗ ਜੀਵ ਜਗਤ ਸਭ ਡੁਲਿਆ । ਬਾਂਹੋਂ ਪਕੜ ਧਰਮ ਰਾਏ ਵਖਾਇਆ, ਬੇਮੁਖਾਂ ਨਰਕ ਦਵਾਰ ਸਦ ਖੁਲ੍ਹਿਆ । ਗੁਰ ਸਾਚੇ ਸ਼ਬਦ ਚਲਾਇਆ, ਮਹਾਰਾਜ ਸ਼ੇਰ ਸਿੰਘ ਆਪ ਅਭੁੱਲ ਜਗਤ ਸਭ ਭੁੱਲਿਆ । ਭੁਲ ਭੁਲ ਭੁਲ ਰੁਲ ਰੁਲ ਰੁਲ ਤੁਲ ਤੁਲ ਤੁਲ ਕੁਲ ਕੁਲ ਕੁਲ ਕਲ ਵਣਜਾਰਿਆ । ਸ੍ਰਿਸ਼ਟ ਗਈ ਭੁੱਲ, ਸੁੱਤੀ ਪੈਰ ਪਸਾਰਿਆ । ਕਲਜੁਗ ਮਾਇਆ ਅੰਧੇਰੀ ਗਈ ਝੁੱਲ, ਜਗਤ ਸੰਘਾਰਿਆ । ਮਹਾਰਾਜ ਸ਼ੇਰ ਸਿੰਘ ਧਰਮ ਰਾਜ ਦਿਤੀ ਖੁਲ੍ਹ, ਨਰਕ ਨਿਵਾਰ ਭਰ ਨਰਕ ਭੰਡਾਰਿਆ । ਨਰਕ ਨਿਵਾਸੀ ਕਲਜੁਗ ਸਰਬ ਜੀਵ ਜੰਤਾ । ਗੁਰਸਿਖਾਂ ਜੋਤ ਤਰਾਸੀ, ਪ੍ਰਭ ਵਿਸ਼ਨੂੰ ਭਗਵੰਤਾ । ਗੁਰਸਿਖਾਂ ਬਲ ਬਲ ਜਾਸੀ, ਸਭ ਸਾਧਨ ਸੰਤਾ । ਜੁਗ ਚਾਰ ਜਗ ਜਸ ਗਾਸੀ, ਦੇਵੇ ਮਾਣ ਬੇਅੰਤਾ । ਸੋਹੰ ਜੋ ਰਿਦੇ ਧਿਆਸੀ, ਮਿਲੇ ਸਚ ਪ੍ਰਭ ਕੰਤਾ । ਜਨ ਦਰ ਦਰਸ਼ਨ ਜੋ ਪਾਸੀ, ਮੇਲ ਮਿਲਾਏ ਪ੍ਰਭ ਮੇਲ ਮਿਲੰਤਾ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼ੇ, ਜੋਤ ਸਰੂਪ ਸ਼ਬਦ ਲਿਖੰਤਾ । ਸ਼ਬਦ ਸ਼ਬਦ ਸ਼ਬਦ ਪ੍ਰਭ ਰੰਗ । ਸ਼ਬਦ ਸਰੂਪ ਕਰ ਪ੍ਰਭ ਕਾ ਸੰਗ । ਸ਼ਬਦ ਸਾਚਾ ਗੁਰਦਰ ਸਿੱਖ ਮੰਗ । ਸ਼ਬਦ ਸ਼ਬਦ ਸ਼ਬਦ ਮਨ ਚਾੜ੍ਹੇ ਰੰਗ । ਸ਼ਬਦ ਸ਼ਬਦ ਸ਼ਬਦ ਅੰਮ੍ਰਿਤ ਦੇ ਵਗਾਏ ਗੰਗ । ਸ਼ਬਦ ਸ਼ਬਦ ਸ਼ਬਦ ਦਾਨ ਗੁਰਸਿਖ ਮੰਗ ਨਾ ਸੰਗ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਸ੍ਰਿਸ਼ਟ ਖਪਾਏ ਵਿਚ ਕਲੂ ਜੰਗ । ਦਰਸ ਦਾਨ ਦਰ ਮੰਗਣਾ, ਸਚ ਸੱਜਣ ਤੇਰਾ । ਦੇ ਦਰਸ ਚਾੜ੍ਹ ਮਨ ਰੰਗਣਾ, ਮਜਨ ਗੁਰ ਤੇਰਾ । ਚਰਨ ਪ੍ਰੀਤ ਵਿਚ ਹੋਏ ਭੰਗ ਨਾ, ਕਰ ਕਿਰਪਾ ਲਾ ਨਾ ਦੇਰਾ । ਮਹਾਰਾਜ ਸ਼ੇਰ ਸਿੰਘ ਗੁਰਸਿਖਾ ਮਨ ਸੰਗ ਲਾ, ਵਿਚ ਆਤਮ ਕਰ ਵਸੇਰਾ । ਆਤਮ ਹਰ ਵਿਚ ਹਰਿ ਵਸ ਕੇ, ਕਰ ਮਨ ਹਰਿਆਵਲਾ । ਤੇਜ਼ ਵਿਚ ਰਵ ਸਸ ਦੇ, ਆਤਮ ਰੰਗ ਸਚ ਰੰਗ ਰੰਗਾਵਲਾ । ਗੁਰਸਿਖਾਂ ਜਗ ਜਸ ਦੇ, ਮਨ ਵਸ ਕ੍ਰਿਸ਼ਨ ਸਾਵਲਾ । ਮਹਾਰਾਜ ਸ਼ੇਰ ਸਿੰਘ ਸਚ ਰਾਹ ਦੱਸ ਦੇ, ਗੁਰਮੁਖ ਨਾ ਹੋਵੇ ਬਾਵਲਾ । ਸ੍ਰਿਸ਼ਟ ਸਬਾਈ ਬਾਵਲੀ, ਗੁਰਸਿਖ ਸਿਆਣਾ । ਸ੍ਰਿਸ਼ਟ ਹੋਈ ਉਤਾਵਲੀ, ਚਲੇ ਪ੍ਰਭ ਕਾ ਭਾਣਾ । ਜੀਵ ਭੰਨੇ ਜਿਉਂ ਮੁਰਗਾਵਲੀ, ਸੋਹੰ ਸ਼ਬਦ ਚਲਾਇਆ ਬਾਣਾ । ਗੁਰਸਿਖਾਂ ਮਨ ਹਰਿਆਵਲੀ, ਅੰਮ੍ਰਿਤ ਮੇਘ ਪ੍ਰਭ ਬਰਖਾਣਾ । ਪਰਗਟੀ ਜੋਤ ਕ੍ਰਿਸ਼ਨ ਸਾਵਲੀ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾਣਾ ।

❋ ੧੪ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

ਪ੍ਰਭ ਪੂਰਾ ਭਗਵੰਤ, ਕਲਜੁਗ ਤਾਰਦਾ । ਗੁਰਸਿਖਾਂ ਸ਼ਬਦ ਮਨ ਮੰਤ, ਜਨਮ ਜਨਮ ਸਵਾਰਦਾ । ਊਚਾ ਕੀਆ ਵਿਚ ਸਾਧ ਸੰਤ, ਕਟ ਜੰਜਾਲ ਕਲਜੁਗ ਹਾਰਦਾ । ਦਰਸ ਦੇਵੇ ਪ੍ਰਭ ਬੇਅੰਤ, ਜਨਮ ਮਰਨ ਸਵਾਰਦਾ । ਮਹਾਰਾਜ ਸ਼ੇਰ ਸਿੰਘ ਸਰਬ ਗੁਣਵੰਤ, ਪਕੜ ਬਾਂਹੋਂ ਗੁਰਮੁਖ ਤਾਰਦਾ । ਗੁਰਮੁਖ ਰੈਣ ਨੀਂਦ ਨਾ ਆਵੇ, ਬੇਮੁਖ ਸੋਇਆ ਕਲ ਅੰਧਿਆਰਾ । ਗੁਰਸਿਖ ਮਨ ਚੈਨ ਨਾ ਆਵੇ, ਪ੍ਰਭ ਮਿਲੇ ਅਗੰਮ ਅਪਾਰਾ । ਬੇਮੁਖ ਝੂਠੇ ਰੈਣ ਵਿਹਾਵੇ, ਕਲਜੁਗ ਸੁੱਤਿਆ ਪੈਰ ਪਸਾਰਾ । ਮਹਾਰਾਜ ਸ਼ੇਰ ਸਿੰਘ ਅੰਮ੍ਰਿਤ ਮੇਘ ਬਰਸਾਵੇ, ਗੁਰਸਿਖ ਹੋਏ ਅੰਮ੍ਰਿਤ ਧਾਰਾ । ਬੇਮੁਖ ਜਗ ਛੱਡ ਜਾਵਣਾ, ਜਿਉਂ ਦਿਵਸ ਰੈਣਾ । ਬੇਮੁਖ ਸ਼ਬਦ ਨਾ ਭਾਵਣਾ, ਨਾ ਮਨ ਭਾਵੇ ਗੁਰ ਕਾ ਕਹਿਣਾ । ਬੇਮੁਖ ਨਜ਼ਰ ਨਾ ਆਵੇ, ਪਰਗਟੇ ਸਚ ਜੋਤ ਨਰਾਇਣਾ । ਅੰਤਕਾਲ ਛੱਡ ਜਾਵਣਾ, ਸੱਜਣ ਸਾਕ ਭਾਈ ਭੈਣਾ । ਵੇਲਾ ਹੱਥ ਨਾ ਆਵਣਾ, ਮਹਾਰਾਜ ਸ਼ੇਰ ਸਿੰਘ ਦੇਣਾ, ਔਖਾ ਲੈਣਾ । ਲਹਿਣਾ ਲਾਹ ਜੀਵ ਕਾ, ਜਗਤ ਹਰਿ ਕਾ ਨਾਉਂ । ਪ੍ਰੇਮ ਪਿਆਲਾ ਪੀਂਵਦਾ, ਰਸਨਾ ਅੰਮ੍ਰਿਤ ਮੁਖ ਚਵਾਓ । ਪੈ ਜੀਵ ਇਸ ਜਗ ਪੀਣਦਾ, ਪ੍ਰਭ ਪਰਗਟੇ ਦਰਸ ਨਾ ਪਾਓ । ਪ੍ਰਭ ਛੱਟੇ ਜਿਉਂ ਛੱਟਣ ਪੀਹਣ ਦਾ, ਗੁਰਸਿਖੋ ਤੁਸੀਂ ਬਚ ਜਾਓ । ਹੁਣ ਮਾਣ ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਦਾ, ਕਰ ਆਸ ਕਲਜੁਗ ਤਰ ਜਾਓ । ਕਲਜੁਗ ਸ਼ੋਹ ਦਰਿਆ ਹੈ, ਔਖਾ ਤਰਨਾ । ਸਤਿਗੁਰ ਪੂਰਾ ਕਰ ਨਿਆਂ, ਦੁੱਖ ਬੇਮੁਖਾਂ ਭਰਨਾ । ਮਾਨਸ ਜਨਮ ਗਿਆ ਗਵਾ, ਸੋਹੰ ਸ਼ਬਦ ਨਾ ਰਸਨ ਉਚਰਨਾ । ਮਹਾਰਾਜ ਸ਼ੇਰ ਸਿੰਘ ਸਦ ਧਿਆਈਏ, ਦੁੱਖ ਅੰਤਕਾਲ ਨਾ ਭਰਨਾ । ਕਲਜੁਗ ਡੁੱਬਾ ਕਰਮ ਕਰ, ਸ੍ਰਿਸ਼ਟ ਡੁਬਾਈ ਸੰਗ । ਬੇਮੁਖ ਦਰ ਆਇਆ ਭਰਮ ਕਰ, ਪਤਿ ਗਵਾਈ ਹੋਇਆ ਦਰ ਨੰਗ । ਗੁਰਸਿਖ ਮਿਲਿਆ ਪੂਰਬਲ ਕਰਮ ਕਰ, ਸੋਹੰ ਸ਼ਬਦ ਚਾੜ੍ਹੇ ਪ੍ਰਭ ਰੰਗ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਵਕਤ ਸੁਹਾਇਆ ਲਿਓ ਦਰ ਮੰਗ । ਵੇਲਾ ਵਕਤ ਵਿਚਾਰ ਕੇ, ਪ੍ਰਭ ਜਗਤ ਜੋਤ ਧਰੇ । ਕਲਜੁਗ ਜੜ੍ਹਾਂ ਉਖਾੜ ਕੇ, ਸਤਿਜੁਗ ਸਾਚਾ ਪੈਰ ਧਰੇ । ਵਸਦੀ ਸ੍ਰਿਸ਼ਟ ਪ੍ਰਭ ਉਜਾੜ ਕੇ, ਨਵੀਂ ਉਤਪਤ ਫੇਰ ਕਰੇ । ਬੇਮੁਖਾਂ ਪਕੜ ਪਛਾੜ ਕੇ, ਗੁਰਸਿਖਾਂ ਜੋਤ ਧਰੇ । ਸੋਹੰ ਸ਼ਬਦ ਨਾੜ ਬਹੱਤਰ ਸਾੜ ਕੇ, ਮਦਿ ਮਾਸੀ ਭਸਮ ਕਰੇ । ਸੂਲੀ ਧਰਮ ਰਾਜ ਦੀ ਚਾੜ੍ਹ ਕੇ, ਪ੍ਰਭ ਨਰਕ ਨਿਵਾਸ ਕਰੇ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਏ, ਕੁੰਟ ਚਾਰ ਹਾਹਾਕਾਰ ਕਰੇ । ਹਾਹਾਕਾਰ ਕਰ ਜੀਵ ਬਿਲਲਾਇਨ, ਨਿੰਦਕ ਦੁਸ਼ਟ ਦੁਰਾਚਾਰ ਜਗ ਰਹਿਣ ਨਾ ਪਾਏ । ਨਾਰ ਵੇਸਵਾ ਵਿਭਚਾਰ, ਸਤਿਜੁਗ ਨਜ਼ਰ ਨਾ ਆਏ । ਮਦਿ ਮਾਸੀ ਕਲਜੁਗ ਦੁਰਾਚਾਰ, ਪ੍ਰਭ ਲੈ ਖਪਾਏ । ਸਾਧ ਸੰਗਤ ਗੁਰ ਸ਼ਬਦ ਆਧਾਰ, ਬਾਂਹੋਂ ਪਕੜ ਲੈ ਤਰਾਏ । ਗੁਰਸਿਖਾਂ ਦੇਵੇ ਜੋਤ ਆਧਾਰ, ਦੇ ਦਰਸ ਪ੍ਰਭ ਭਰਮ ਚੁਕਾਏ । ਸਾਚਾ ਪ੍ਰਭ ਝੂਠਾ ਸੰਸਾਰ, ਪਰਗਟ ਹੋ ਕੇ ਸ਼ਬਦ ਲਿਖਾਏ । ਗੁਰਦਰ ਨਾ ਆਏ ਜਿਸ ਗੁਰ ਸ਼ਬਦ ਮਾਰ, ਬੇਮੁਖ ਕਲਜੁਗ ਨਾਉਂ ਰਖਾਏ । ਜਿਤ ਸਤਿ ਕਲ ਗਿਆ ਹਾਰ, ਲੋਭ ਹੰਕਾਰ ਵਿਕਾਰ ਵਧਾਏ । ਗੁਰਸਿਖ ਕਲਜੁਗ ਉਤਰੇ ਪਾਰ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਚਰਨ ਲਗਾਏ ।

❋ ੧੫ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

ਪਰਗਟੇ ਜਗਨ ਨਾਥ ਗੁਰ ਗੋਪਾਲ । ਭਗਤ ਵਛਲ ਸਦ ਕਿਰਪਾਲ । ਸਾਧ ਸੰਗਤ ਪ੍ਰਭ ਸੰਗ ਸਮਾਲ । ਕਲਜੁਗ ਨਾ ਖਾਏ ਅੰਤਮ ਕਾਲ । ਜਨਮ ਮਰਨ ਪ੍ਰਭ ਤੋੜ ਜ਼ੰਜਾਲ । ਮਹਾਰਾਜ ਸ਼ੇਰ ਸਿੰਘ ਆਤਮ ਜੋਤ ਕਲ ਦੇਵੇ ਬਾਲ । ਨਾਮ ਨਿਰੰਜਣ ਗੁਣ ਨਿਧਾਨ, ਕਲਜੁਗ ਪ੍ਰਭ ਦੀਆ । ਗੁਰਦਰ ਪਾਏ ਹੋਏ ਸੁਜਾਨ, ਜਿਨ ਰਸਨਾ ਥੀਆ । ਸਾਧ ਸੰਗਤ ਵਿਟਹੁ ਕੁਰਬਾਨ, ਦਰਸ਼ਨ ਪਾਏ ਅੰਮ੍ਰਿਤ ਪੀਆ । ਮਹਾਰਾਜ ਸ਼ੇਰ ਸਿੰਘ ਸਦ ਬਲਿਹਾਰ, ਗੁਰਸਿਖਾਂ ਦੇਵੇ ਨਿਰਮਲ ਜੀਆ । ਨਿਰਮਲ ਆਪ ਪ੍ਰਭ ਜਗਤ ਨਿਰਵੈਰੀ । ਕਰੇ ਵਡ ਪਰਤਾਪ, ਸ੍ਰਿਸ਼ਟ ਡਿੱਗੇ ਪੈਰੀਂ । ਸੋਹੰ ਸ਼ਬਦ ਹੋਏ ਜਾਪ, ਰਸਨਾ ਗਾਉ ਕਲਜੁਗ ਵੈਰੀ । ਮਹਾਰਾਜ ਸ਼ੇਰ ਸਿੰਘ ਤੇਰਾ ਵਡ ਪਰਤਾਪ, ਜੁਗ ਚੌਥੇ ਪਾਈ ਫੇਰੀ । ਜੁਗ ਚੌਥਾ ਪ੍ਰਭ ਰਚਨ ਰਚਾਇਆ । ਅਬਰਬਣ ਐੜਾ ਅੱਲ੍ਹਾ ਮਾਣ ਦੇ, ਅੰਤਕਾਲ ਪ੍ਰਭ ਆਪ ਖਪਾਇਆ । ਪ੍ਰਭ ਸੁੱਤੇ ਸਿੱਖ ਉਠਾਲਦੇ, ਸੋਹੰ ਸਾਚਾ ਨਾਮ ਦਵਾਇਆ । ਸਚ ਦੀਪਕ ਰਿਦੇ ਬਾਲ ਦੇ, ਕਲਜੁਗ ਬੁਝੇ ਨਾ ਕਿਸੇ ਬੁਝਾਇਆ । ਸਚ ਪ੍ਰੀਤੀ ਚਰਨਾਂ ਨਾਲ ਦੇ, ਨਿਭ ਜਾਵੇ ਜਿਨ੍ਹਾਂ ਨਿਹੁੰ ਲਾਇਆ । ਮਹਾਰਾਜ ਸ਼ੇਰ ਸਿੰਘ ਜੋਤ ਦੀਦਾਰ ਦੇ, ਗੁਰਸਿਖ ਦਰਸ ਕਰਨ ਦਰ ਆਇਆ । ਹਰਿ ਦਰ ਪ੍ਰਭ ਮੰਗੇ, ਜਗਤ ਤੋਟ ਨਾ ਆਵੇ । ਸਚ ਸ਼ਬਦ ਮਨ ਰੰਗੇ, ਤਨ ਖੋਟ ਨਾ ਰਹਾਵੇ । ਆਤਮ ਦੇਹ ਜਿਉਂ ਜਲ ਗੰਗਾ, ਆਤਮ ਮੇਘ ਆਤਮ ਬਰਸਾਵੇ । ਮਹਾਰਾਜ ਸ਼ੇਰ ਸਿੰਘ ਗੁਰ ਦਰਸ ਹੈ ਮੰਗਾ, ਗੁਰਸਿਖ ਘਰ ਆਏ ਪੁਚਾਵੇ । ਜੋਤ ਪਰਗਟਾਵੇ ਕਲਜੁਗ ਤ੍ਰੈਲੋਕੀ ਨਾਥਾ । ਵਿਚ ਦੇਹ ਸਮਾਏ, ਜੇ ਕੋਈ ਪਕੜੇ ਨਾ ਆਵੇ ਹਾਥਾ । ਜਿਸ ਜਨ ਸੋਝੀ ਪਾਏ, ਪ੍ਰਭ ਵੇਖੇ ਸਦਾ ਸੰਗ ਸਾਥਾ । ਜਿਸ ਦੇਵੇ ਸੋਹੰ ਨਾਮ ਮਹਾਰਾਜ ਸ਼ੇਰ ਸਿੰਘ ਕਲ ਸੱਚੀ ਗਾਥਾ । ਸੱਚੀ ਗਾਥਾ ਸੱਚੀ ਵਡਿਆਈ, ਸਤਿਗੁਰ ਪੂਰੇ ਸਤਿਜੁਗ ਨੀਂਹ ਰਖਾਈ । ਸੱਚੀ ਵਥ ਪ੍ਰਭ ਅਕੱਥ, ਵਿਚ ਭਗਤ ਹੈ ਟਿਕਾਈ । ਸੋਹੰ ਵਥ ਸੋਹੰ ਰਥ ਗੁਰਸਿਖ ਚੜ੍ਹ ਜਾਏ, ਮਹਾਰਾਜ ਸ਼ੇਰ ਸਿੰਘ ਜਗ ਵਡ ਦਾਤਾ, ਰਸਨਾ ਗਾਵੇ ਲੋਕਾਈ । ਜੋਤ ਨਿਰਜੰਣ ਜਗਤ ਪਰਕਾਸ਼ੇ ਸਰਬ ਰਹੰਤਰ । ਪ੍ਰਭ ਅਬਿਨਾਸ਼ੀ ਕਲਜੁਗ ਖਪੰਤਰ । ਚੌਥਾ ਜੁਗ ਵਿਨਸੇ ਮਹਾਰਾਜ ਸ਼ੇਰ ਸਿੰਘ ਪ੍ਰਭ ਭੇਖੀ ਭੇਖ ਭੇਖੰਤਰ । ਝੂਠੀ ਸ੍ਰਿਸ਼ਟ ਅੰਤ ਵਿਨਾਸੇ, ਪ੍ਰਭ ਅਬਿਨਾਸ਼ੀ ਜੀਵ ਜੰਤ ਵਿਨਾਸੀ ਅੰਤ ਕਾਲ ਕਲ ਕੋਏ ਨਾ ਰਹੀਸੀ । ਗੁਰਸਿਖਾਂ ਵਿਚ ਪ੍ਰਭ ਸਦਾ ਸਮਾਸੀ । ਨਰਕ ਨਿਵਾਸ ਦਿਵਾਇਣ, ਜੋ ਜਨ ਹੋਏ ਮਦਿਰਾ ਮਾਸੀ । ਮਹਾਰਾਜ ਸ਼ੇਰ ਸਿੰਘ ਵਿਛੜ ਦੁੱਖ ਪਾਇਨ, ਕੱਟੇ ਕੋਏ ਨਾ ਜਮ ਕੀ ਫਾਸੀ । ਅਨਹਦ ਸ਼ਬਦ ਵਾਜਾ ਪਵਨ ਦਾ, ਗੁਰਸਿਖ ਮਨ ਵਜਾਇਆ । ਕਲਜੁਗ ਵੇਲਾ ਨਹੀਂ ਹੁਣ ਸੌਣ ਦਾ, ਸੱਚਾ ਸ਼ਬਦ ਪ੍ਰਭ ਲਿਖਾਇਆ । ਕਲਜੁਗ ਅੰਤ ਆਇਆ ਜਿਉਂ ਰੌਣ ਦਾ, ਜਿਉਂ ਬਾਨ ਰਾਮ ਰਾਵਣ ਲਾਇਆ । ਜੋਤ ਸਰੂਪ ਝੂਲਾ ਦੀਆ ਪਵਨ ਦਾ, ਕਲਜੁਗ ਸਾਰਾ ਝੂਲ ਵਖਾਇਆ । ਏਹ ਬਚਨ ਨਹੀਂ ਆਵਾਗਵਨ ਦਾ, ਕਲਜੁਗ ਜਾਏ ਸਤਿਜੁਗ ਸਤਿ ਲਗਾਇਆ । ਅੰਬਰੋਂ ਬਰਖੇ ਮੇਘ ਜਿਉਂ ਸਾਵਨ ਦਾ, ਅੰਮ੍ਰਿਤ ਦੇਹ ਸਿੱਖ ਵਿਚ ਪ੍ਰਭ ਬਰਸਾਇਆ । ਪ੍ਰਭ ਜੁਗ ਜੁਗ ਜੋੜ ਵਿਛੋੜਦਾ, ਜੁਗ ਚੌਥੇ ਸੰਗ ਰਲਾਇਆ । ਜੇ ਕੋਈ ਟੁੱਟੇ ਨਹੀਂ ਪ੍ਰਭ ਤੋੜਦਾ, ਜਿਸ ਸੋਹੰ ਰਸਨਾ ਗਾਇਆ । ਬੇਮੁਖਾਂ ਕਲਜੁਗ ਰੋੜ੍ਹਦਾ, ਮਦਿ ਮਾਸ ਆਹਾਰ ਬਣਾਇਆ । ਸਿੱਖਾਂ ਵਰ ਪਾਇਆ ਜਿਹਾ ਲੋੜਦਾ, ਪ੍ਰਭ ਅਬਿਨਾਸ਼ੀ ਘਰ ਆਇਆ । ਹੁਣ ਵਕ਼ਤ ਨਹੀਂ ਅਜੋੜਦਾ, ਸਾਧ ਸੰਗਤ ਜੋੜ ਪ੍ਰਭ ਕਰਾਇਆ । ਮਹਾਰਾਜ ਸ਼ੇਰ ਸਿੰਘ ਸੁਖਨ ਜੋ ਮੋੜਦਾ,

ਕਲਜੁਗ ਸ਼ੋਹ ਦਰਿਆ ਰੁੜ੍ਹਾਇਆ । ਕਲਜੁਗ ਠਾਠਾਂ ਮਾਰੀਆਂ, ਜੁਗ ਚਲਿਆ ਲਹਿੰਦੀ ਧਾਰ । ਬੇਮੁਖ ਨਿੰਦਕ ਜਲ ਵਸੇ, ਅੰਤ ਕੋਏ ਨਾ ਲੇਵੇ ਸਾਰ । ਸਤਿਜੁਗ ਨਜ਼ਰ ਨਾ ਆਵਣ ਜਿਉਂ ਚੰਦ ਮੱਸੇ, ਬੇਮੁਖਾਂ ਆਈ ਹਾਰ । ਗੁਰਸਿਖ ਜੋਤ ਜਿਉਂ ਰਵ ਸੱਸੇ, ਜੋਤ ਸਰੂਪ ਕਰੇ ਆਕਾਰ । ਹਰਿ ਭਗਤਾਂ ਵਿਚ ਪ੍ਰਭ ਆ ਵਸੇ, ਦਰਸ਼ਨ ਦੇਵੇ ਅਗੰਮ ਅਪਾਰ । ਕਲ ਸਾਚਾ ਰਾਹ ਆਪ ਪ੍ਰਭ ਦੱਸੇ, ਸੋਹੰ ਸਿਮਰੋ ਉਤਰੋ ਪਾਰ । ਮਹਾਰਾਜ ਸ਼ੇਰ ਸਿੰਘ ਸਤਿਜੁਗ ਵਸੇ, ਜਗ ਸਾਚਾ ਲਾਵਣਹਾਰ । ਸਤਿਜੁਗ ਸਾਚਾ ਨਾਮ, ਸਚ ਸਾਚੇ ਜੀਵ ਉਪਾਏ । ਗੁਰਸਿਖ ਸੱਚਾ ਸਾਚਾ ਹਰਿ ਜਾਪ, ਫਿਰ ਵਿਛੜ ਕਦੇ ਨਾ ਜਾਏ । ਹਰਿ ਦਰਗਾਹ ਦੇਵੇ ਵਡ ਮਾਣ, ਸੋਹੰ ਸ਼ਬਦ ਜੋ ਰਸਨਾ ਗਾਏ । ਗੁਰਸਿਖਾਂ ਮਨ ਵਧਾਈਆ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ । ਨਿਹਕਲੰਕ ਦਰਸ਼ਨ ਦੁਰਲੱਭ । ਜਿਨ ਕਲਜੁਗ ਮਿਲਿਆ ਬੇਮੁਖਾਂ ਸੋਹੰ ਸ਼ਬਦ ਵੱਜੇ ਬੰਬ । ਕਲਜੁਗ ਜੀਵ ਭੁੱਲੇ ਭਰਮੇ, ਜਗਤ ਗੁਰ ਭੁਲਾਇਆ । ਕਲਜੁਗ ਜੀਵ ਹੋਏ ਅਧਰਮੇ, ਪ੍ਰਭ ਸਾਚਾ ਨਜ਼ਰ ਨਾ ਆਇਆ । ਕਲਜੁਗ ਜੀਵ ਹੋਏ ਕੁਕਰਮੇ, ਨੇਤਰੀਂ ਵੇਖ ਪ੍ਰਭ ਸਮਾਇਆ । ਕਲਜੁਗ ਜੀਵ ਹੋਏ ਮਰੇ ਜਨਮੇ, ਜਿਨ ਪ੍ਰਭ ਤੋਂ ਮੁਖ ਭਵਾਇਆ । ਕਲਜੁਗ ਜੀਵ ਕੋਏ ਨਾ ਰਾਖੇ, ਮਹਾਰਾਜ ਸ਼ੇਰ ਸਿੰਘ ਜਗ ਧੱਕਾ ਲਾਇਆ । ਕਲਜੁਗ ਪਰਗਟੇ ਪ੍ਰਭ ਜੋਤ ਨਿਰੰਜਣ । ਪਤਤ ਪਾਵਨ ਦੁੱਖ ਭੰਜਨ । ਜਗ ਨਜ਼ਰ ਨਾ ਆਵੇ ਝੂਠਾ ਸਿੰਘ ਗੱਜਣ । ਬੇਲੀ ਕੋਏ ਅੰਤ ਨਾ ਹੋਏ ਸਾਕ ਸੱਜਣ । ਝੂਠਾ ਪਿਆਰ ਕਰ ਖੁਆਰ, ਸਚ ਵੇਲੇ ਤਜਨ । ਵਿਚ ਮੰਝਧਾਰ ਕੋਈ ਪਾਏ ਨਾ ਸਾਰ, ਮਹਾਰਾਜ ਸ਼ੇਰ ਸਿੰਘ ਤੇਰੇ ਸਿੱਖ ਜੋ ਭੱਜਣ । ਸਿੱਖ ਅਖਵਾਏ ਮੁਖ ਭਵਾਇਆ । ਜਗਤ ਭੁਲਾਏ ਜਨਮ ਗਵਾਇਆ । ਕਰ ਕਰ ਹਾਵੇ ਬੰਸ ਕੁਰਲਾਇਆ । ਨਜ਼ਰ ਨਾ ਆਵੇ ਬੇਮੁਖ ਸਿੱਖ ਜਾਇਆ । ਨਰਕ ਨਿਵਾਸ ਹੋਏ ਮਧ ਮਾਸੀ, ਅੰਤਕਾਲ ਨਾ ਕੋਏ ਛੁਡਾਇਆ । ਮਹਾਰਾਜ ਸ਼ੇਰ ਸਿੰਘ ਸਦ ਬੈਕੁੰਠ ਵਾਸੀ, ਸਚਖੰਡ ਗੁਰਸਿਖਾਂ ਧਾਮ ਬਣਾਇਆ । ਮਾਨਸ ਜਨਮ ਗਵਾ ਕੇ, ਸਚ ਹੰਸ ਉਡਾਇਆ । ਜੂਨ ਲੱਖ ਚੁਰਾਸੀ ਪਾ ਕੇ ਪ੍ਰਭ ਗੇੜ ਚਲਾਇਆ । ਬੇਮੁਖ ਰੋਵੇ ਵਕਤ ਵਿਹਾ ਕੇ, ਗਰਭਵਾਸ ਮਿਲੀ ਸਜ਼ਾਇਆ । ਮਹਾਰਾਜ ਸ਼ੇਰ ਸਿੰਘ ਮਨੋਂ ਤਜਾਇਕੇ, ਮਨਮੁਖਾਂ ਨਰਕ ਨਿਵਾਸ ਲਿਖਾਇਆ । ਨਰ ਹਰਿ ਨਰ ਜੋਤ ਇਕ ਜਿਸ ਜਾਣੇ ਪ੍ਰਭ ਜੋਤਾ । ਹਰਿ ਨਰ ਨਰ ਹਰਿ ਟੇਕ ਇਕ ਜੇ ਜਾਣੇ, ਪ੍ਰਭ ਸਭ ਮੇਂ ਹੋਤਾ । ਵਰ ਘਰ ਦਰ ਸਚ ਪ੍ਰਭ ਏਕ, ਜਿਸ ਮਨ ਵਿਕਾਰ ਵਿਗੋਤਾ । ਮਹਾਰਾਜ ਸ਼ੇਰ ਸਿੰਘ ਸ਼ਬਦ ਮਿਲਾਏ, ਸ਼ਬਦ ਮਿਲੇ ਵਿਚ ਸਰੂਪ ਹੈ ਜੋਤਾ । ਸ਼ਬਦ ਸੁਰਤ ਜਿਸ ਜਨ ਕੋ ਦੇਵੇ, ਕਲਜੁਗ ਮਿਲੇ ਵਡਿਆਈ । ਆਤਮ ਜੋਤ ਜਿਸ ਰਿਦੇ ਰਖੀਵੇ, ਰਿਦੇ ਪਰਕਾਸ਼ ਹੋਵੇ ਰੁਸ਼ਨਾਈ । ਅੰਮ੍ਰਿਤ ਦਰਸ ਬੂੰਦ ਜੋ ਪੀਵੇ, ਉਤਰੇ ਤ੍ਰਿਖਾ ਮਨ ਤ੍ਰਿਪਤਾਈ । ਸੋਹੰ ਸ਼ਬਦ ਜਿਨ ਰਸਨਾ ਖੀਵੇ, ਸੁੰਨ ਅਗਨੀ ਦੇਹ ਬੁਝਾਈ । ਮਹਾਰਾਜ ਸ਼ੇਰ ਸਿੰਘ ਚਰਨ ਲਾਗ ਜੋ ਜੀਵੇ, ਤਿਨ ਕਲਜੁਗ ਮਿਲੇ ਵਡਿਆਈ । ਕਲਜੁਗ ਕਾਲਾ ਕਮਲਾ, ਪ੍ਰਭ ਕਾਲ ਕੁਲਾਸਾ । ਜਗ ਸਾਰਾ ਰਮਲਾ ਚਮਲਾ, ਸੋਹੰ ਸ਼ਬਦ ਪਿਆ ਗਲ ਫਾਸਾ । ਜਾਵੇ ਉਡ ਜਿਉਂ ਬਾਲੂ ਬਿਮਲਾ, ਬੇਮੁਖ ਜੋਤ ਜਗਤ ਨਾ ਮਾਸਾ । ਕਲਜੁਗ ਜੀਵ ਜਗਤ ਰਹੇ ਜਿਉਂ ਸਿੰਮਲਾ, ਪਤ ਗਵਾਈ ਕਰ ਕਰ ਹਾਸਾ । ਕਲਜੁਗ ਜੋਤ ਧਰੇ ਨਰ ਸਿੰਘਲਾ, ਬੂਝੇ ਸੂਝੇ ਕੋਈ ਗੁਰਮੁਖ ਖਾਸਾ । ਮਹਾਰਾਜ ਸ਼ੇਰ ਸਿੰਘ ਤਾਰੇ ਪਿੰਗਲਾ, ਲਾਗੇ ਚਰਨ ਹੋਏ ਦਾਸ ਦਾਸਾ । ਗੁਰ ਸੇਵਾ ਗੁਰਮੁਖ ਕਮਾਏ । ਗੁਰ ਮੇਵਾ ਸ਼ਬਦ ਸੋਹੰ ਕਮਲਾ ਪਾਏ । ਗੁਰ ਵੱਡਾ ਦੇਵੀ ਦੇਵਾ, ਸਚ ਹਿਰਦੇ ਜੋਤ ਜਗਾਏ । ਪ੍ਰਭ ਪਰਗਟੇ ਅਲਖ ਅਭੇਵਾ, ਨਿਹਕਲੰਕ ਨਾਉਂ ਰਖਾਏ । ਮਹਾਰਾਜ ਸ਼ੇਰ ਸਿੰਘ

ਕਲਜੁਗ ਤੇਰੀ ਸੇਵਾ, ਗੁਰਸਿਖ ਨਾ ਬਿਰਥੀ ਜਾਏ । ਗੁਰਸਿਖ ਸੇਵਾ ਚਰਨ ਕਰ, ਪ੍ਰਭ ਦਰ ਮੰਗੇ । ਗੁਰਸਿਖ ਸਾਚਾ ਪ੍ਰਣ ਕਰ, ਪ੍ਰਭ ਸੋਹੰ ਮਨ ਰੰਗੇ । ਗੁਰਸਿਖ ਸਚ ਗੁਰ ਸਰਨ ਕਰ, ਕਲਜੁਗ ਜੀਵ ਵੇਖ ਨਾ ਸੰਗੇ । ਗੁਰਸਿਖ ਕਲਜੁਗ ਤਰਨਹਾਰ, ਮਿਲੇ ਦਾਨ ਮੁਖ ਜੋ ਮੰਗੇ । ਮਹਾਰਾਜ ਸ਼ੇਰ ਸਿੰਘ ਸਾਚਾ ਘਰ ਕਲਜੁਗ ਤਾਰੇ ਭੁੱਖੇ ਨੰਗੇ । ਨਿਮਾਣਿਆਂ ਪ੍ਰਭ ਮਾਣ ਦੇ, ਰਾਓ ਰੰਕਾਂ ਮਾਣ ਗਵਾਇਆ । ਗੁਰਮੁਖਾਂ ਸ਼ਬਦ ਗਿਆਨ ਦੇ, ਪ੍ਰਭ ਆਪਣਾ ਦਰਸ ਦਿਖਾਇਆ । ਆਤਮ ਜੋਤ ਰਿਦੇ ਧਿਆਨ ਦੇ, ਮਨ ਅਨਹਦ ਸ਼ਬਦ ਵਜਾਇਆ । ਸਰਨ ਆਏ ਦਰ ਮਾਣ ਦੇ, ਪ੍ਰਭ ਚਰਨ ਕਵਲ ਸੰਗ ਲਾਇਆ । ਮਹਾਰਾਜ ਸ਼ੇਰ ਸਿੰਘ ਨਾਮ ਗੁਣ ਨਿਧਾਨ ਦੇ, ਗੁਰਸਿਖਾਂ ਕਲ ਗਲ ਪੱਲਾ ਪਾਇਆ । ਸ਼ਬਦ ਅਮੋਲਕ ਨਿਰੰਜਣ ਨਾਮ ਨਰਾਇਣ ਨਿਰਵੈਰਾ । ਅਵਿਗਤ ਅਗੋਚਰ ਵਰਤਾਵੇ ਜਗਤ ਕਲ ਕਹਿਰਾ । ਜਗਨ ਨਾਥ ਗੋਪਾਲ ਮੁਖ ਭਨੀ ਆਪਣੀ ਕਰੇ ਮਿਹਰਾ । ਮਹਾਰਾਜ ਸ਼ੇਰ ਸਿੰਘ ਦੀਨ ਦਿਆਲ ਗੰਭੀਰ ਗਹਿਰਾ ।

ਰਿਖੀ ਕੇਸ਼ ਪ੍ਰਭ ਗਵਰਧਨ ਧਾਰੀ । ਕਲਜੁਗ ਪਰਗਟੇ ਆਪ ਮੁਰਾਰੀ । ਉਤਪਤ ਕੀਨੀ ਸ੍ਰਿਸ਼ਟ ਹੈ ਸਾਰੀ । ਜੋਤ ਸਰੂਪ ਹੈ ਜਗਤ ਆਕਾਰੀ । ਕਲਜੁਗ ਪਾਏ ਅੰਤ ਖੁਆਰੀ । ਕੁੰਟ ਚਾਰ ਹੋਏ ਹਾਹਾਕਾਰੀ । ਸਤਿਜੁਗ ਸੋਹੰ ਜੈ ਜੈਕਾਰੀ । ਜੋਤ ਜਗਾਈ ਪ੍ਰਭ ਨਿਰੰਕਾਰੀ । ਸਿੰਘਆਸਣ ਬੈਠ ਪ੍ਰਭ ਭਗਤਾਂ ਪੈਜ ਸਵਾਰੀ । ਥਿਰ ਘਰ ਸਾਚੇ ਆਇਆ, ਸਚ ਸਿਰਜਨਹਾਰੀ । ਬਾਂਹੋਂ ਪਕੜ ਤਰਾਇਆ, ਗੁਰਸਿਖ ਕਲਜੁਗ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਨਾਉਂ ਰਖਾਇਆ, ਝੂਠੀ ਸ੍ਰਿਸ਼ਟ ਕਰੇ ਖੁਆਰੀ । ਗੁਰ ਦਰ ਜਿਸ ਨਾ ਸੂਝਿਆ, ਕਲ ਹੋਏ ਖੁਆਰਾ । ਕਰ ਦਰਸ ਪ੍ਰਭ ਨਾ ਬੂਝਿਆ, ਜਗਤ ਮੂਰਖ ਮੁਗਧ ਗਵਾਰਾ । ਜਗਤ ਝੂਠੇ ਧੰਦੇ ਲੂਝਿਆ, ਕੋਈ ਨਾ ਜਾਣੇ ਜੋਤ ਨਿਰੰਕਾਰਾ । ਗੁਰਸਿਖਾਂ ਹਰਿ ਦਰ ਸੂਝਿਆ, ਸੋਹੰ ਸ਼ਬਦ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਸਿੱਖ ਚਰਨ ਸੰਗ ਲੂਝਿਆ, ਦੇ ਦਰਸ਼ਨ ਅਗੰਮ ਅਪਾਰਾ । ਦਰਸ਼ਨ ਦੇਖ ਹੋਏ ਨਿਰਮਲ ਜੀਆ । ਸਾਚਾ ਦਰਸ ਗੁਰਸਿਖ ਕਲ ਪ੍ਰਭ ਕਾ ਕੀਆ । ਆਤਮ ਹਿਰਸ ਮਿਟੇ ਹੋਏ ਨਿਰਮਲ ਜੀਆ । ਮਹਾਰਾਜ ਸ਼ੇਰ ਸਿੰਘ ਆਤਮ ਅੰਮ੍ਰਿਤ ਬਰਸ, ਗੁਰਸਿਖ ਨਾਮ ਅਮਿਉਂ ਰਸ ਪੀਆ । ਨਾਮ ਰਸ ਜਪੇ ਰਸਨਾ ਰਸੈਣ । ਕਲਜੁਗ ਪ੍ਰਭ ਤੇਰਾ ਜਸ, ਗੁਰ ਭਗਤ ਸਦਾ ਗੈਣ । ਦੇ ਦਰਸ ਹੋਏ ਆਤਮ ਵਸ, ਦੇਹ ਅੰਧਿਆਰ ਗਵਾਇਣ । ਮਹਾਰਾਜ ਸ਼ੇਰ ਸਿੰਘ ਸਭ ਤੇਰੇ ਵਸ, ਕਰ ਕਿਰਪਾ ਪਾਰ ਤਰਾਇਣ । ਕਰ ਕਿਰਪਾ ਪ੍ਰਭ ਕਰਮ ਵਿਚਾਰ । ਜੀਵ ਭੁੱਲੇ ਸਭ ਭੁੱਲਣਹਾਰ । ਆਪ ਅਭੁੱਲ ਅਡੋਲ ਸਚ ਸਿਰਜਣਹਾਰ । ਕਲਜੁਗ ਜਾਮਾ ਪਰਗਟੇ ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਬੇਮੁਖ ਨਾ ਪਾਵੇ ਸਾਰ । ਬੇਮੁਖ ਨਿੰਦਕ ਕੁੜਿਆਰ ਕਲਜੁਗ ਚਲਾਇਆ । ਕਲਜੁਗ ਹੋਏ ਅੰਤ ਖੁਆਰ, ਕਿਨੇ ਨਾ ਪਾਰ ਲੰਘਾਇਆ । ਬੇੜਾ ਡੁੱਬੇ ਵਿਚ ਮੰਝਧਾਰ, ਪ੍ਰਭ ਸਾਚਾ ਨਜ਼ਰ ਨਾ ਆਇਆ । ਅੰਤਕਾਲ ਛੱਡ ਘਰ ਬਾਹਰ, ਦਰ ਧਰਮ ਰਾਏ ਦੇ ਆਇਆ । ਜਮ ਦੂਤ ਕਰਨ ਖੁਆਰ, ਨਰਕ ਨਿਵਾਸ ਦਵਾਇਆ । ਬਿਨ ਪ੍ਰਭ ਕੋਈ ਨਾ ਲਵੇ ਸਾਰ, ਜੀਵ ਝੂਠੇ ਧੰਦੇ ਜਨਮ ਗਵਾਇਆ । ਗੁਰਸਿਖ ਉਧਰੇ ਪਾਰ, ਜਿਨ ਸੋਹੰ ਨਾਮ ਧਿਆਇਆ । ਕਲ ਪਰਗਟ ਬਖ਼ਸ਼ਣਹਾਰ, ਜੋਤ ਸਰੂਪ ਵਿਚ ਸਿੱਖ ਸਮਾਇਆ । ਆਪਣੇ ਰੰਗ ਰਵੇ ਕਰਤਾਰ, ਪਾਈ ਕਲਜੁਗ ਡਾਹਢੀ

ਮਾਇਆ । ਕੋਈ ਨਾ ਜਾਣੇ ਪ੍ਰਭ ਵਿਚ ਵਸਣੇਹਾਰ, ਜੋ ਝੂਠਾ ਮਾਣ ਵਧਾਇਆ । ਮਹਾਰਾਜ ਸ਼ੇਰ ਸਿੰਘ ਸਚ ਭਤਾਰ, ਜੋਤ ਸਰੂਪ ਵਿਚ ਦੇਹ ਆਸਣ ਲਾਇਆ । ਕਾਇਆ ਕੋਟ ਉਸਾਰ ਕੇ, ਪ੍ਰਭ ਜੋਤ ਟਿਕਾਈ । ਝੂਠਾ ਖੇਲ ਖਿਡਾਰ ਕੇ, ਬੈਠਾ ਆਪਣਾ ਆਪ ਛੁਪਾਈ । ਬੇਮੁਖ ਨਾ ਕਦੀ ਵਿਚਾਰ ਕੇ, ਸਾਚੀ ਜੋਤ ਵਿਚ ਦੇਹ ਜਗਾਈ । ਸੋਹੰ ਸ਼ਬਦ ਨਾ ਰਸਨ ਉਚਾਰ ਕੇ, ਬਾਤੀ ਨਾਮ ਦੀਪਕ ਦੇਹ ਪਾਈ । ਮਹਾਰਾਜ ਸ਼ੇਰ ਸਿੰਘ ਚਰਨੀਂ ਆ ਕੇ, ਸਚਖੰਡ ਮਿਲੇ ਵਡਿਆਈ । ਸਚਖੰਡ ਪ੍ਰਭ ਵਸਣੇਹਾਰਾ । ਜੋਤ ਜਗਾਵੇ ਅਗੰਮ ਅਪਾਰਾ । ਵੇਖੇ ਕੋਏ ਗੁਰਮੁਖ ਰੰਗ ਗਿਰਧਾਰਾ । ਪੇਖੇ ਕੋਇ ਜਿਸ ਵਸੇ ਆਪ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਮਿਲਿਆ ਸੋਏ, ਜੋ ਜਨ ਆਏ ਚਰਨ ਨਿਮਸਕਾਰਾ । ਚਰਨ ਨਿਮਸਕਾਰ ਕਰੇ ਗੁਰਦੇਵਾ । ਸਾਚਾ ਨਾਮ ਅੰਮ੍ਰਿਤ ਦੇਵੇ ਗੁਰ ਮੇਵਾ । ਗੁਰਸਿਖ ਪ੍ਰੀਤ ਸਾਚੀ ਚਰਨ ਗੁਰ ਸੇਵਾ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਜਗਤ ਭੁਲੇਖਾ ਪਾਏ ਭੁਲੇਵਾ । ਜਗਤ ਭੁਲਾਇਆ ਆਪ ਪ੍ਰਭ, ਹੋਏ ਜੋਤ ਸਰੂਪਾ । ਕਹਿਰ ਵਰਤਾਇਆ ਆਪ ਪ੍ਰਭ, ਕੋਈ ਨਾ ਜਾਣੇ ਪ੍ਰਭ ਕਾ ਰੂਪਾ । ਕਲਜੁਗ ਗਵਾਇਆ ਆਪ ਪ੍ਰਭ, ਜੋਤ ਜਗਾ ਕੇ ਸਵੱਛ ਸਰੂਪਾ । ਗੁਰਸਿਖ ਤਰਾਇਆ ਆਪ ਪ੍ਰਭ, ਦੇ ਦਰਸ ਅਨੂਪਾ । ਭਗਤ ਵਡਿਆਇਆ ਆਪ ਪ੍ਰਭ, ਵਿਚ ਕਲਜੁਗ ਅੰਧ ਕੂਪਾ । ਬਾਂਹੋਂ ਪਕੜ ਆਪ ਤਰਾਇਆ, ਪ੍ਰਭ ਸਚ ਜੋਤ ਸਰੂਪਾ । ਸਤਿਜੁਗ ਲਾਇਆ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਜੋਤ ਸਾਚਾ ਰੂਪਾ । ਸਚ ਸਰੂਪ ਪ੍ਰਭ ਜੋਤ ਜਗਾਈ । ਸਾਚੀ ਜੋਤ ਵਿਚ ਸਿੱਖ ਟਿਕਾਈ । ਗੁਰਸਿਖ ਸੋਝੀ ਗੁਰ ਦਰ ਦੀ ਆਈ । ਗੁਰਦਰ ਆਏ ਪ੍ਰਭ ਦਰਸ਼ਨ ਪਾਈ । ਧੰਨ ਧੰਨ ਧੰਨ ਰਸਨਾ ਗੁਰਸਿਖ, ਜਿਨ ਸੋਹੰ ਰਸਨਾ ਨਾਉਂ ਗਾਈ । ਸਾਚਾ ਸਤਿਗੁਰ ਸਤਿਜੁਗ ਲਾਵੇ, ਚਾਰ ਕੁੰਟ ਜੈ ਜੈ ਜੈਕਾਰ ਕਰਾਈ । ਸਤਿਗੁਰ ਮਨੀ ਸਿੰਘ ਤਖ਼ਤ ਬਹਾਵੇ, ਘਰ ਘਰ ਮਿਲੇ ਵਧਾਈ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ, ਰਾਜੇ ਰਾਣੇ ਚਰਨ ਲਗ ਜਾਈ । ਸੁੱਤਿਆਂ ਬਾਂਹੋਂ ਪਕੜ ਜਗਾਵੇ, ਰਾਜੇ ਭੁਪਿੰਦਰ ਦਰਸ ਦਿਖਾਈ । ਕਲਜੁਗ ਪਰਗਟ ਨਰ ਨਰਾਇਣ, ਮੂਰਖ ਸੂਝ ਨਾ ਗੁਰ ਦਰ ਪਾਈ । ਬਾਣਾ ਸ਼ੇਰ ਪ੍ਰਭ ਧਾਰੇ, ਭੈ ਵਿਚ ਆਵੇ ਸਰਬ ਲੋਕਾਈ । ਭੰਨੇ ਸਾਰੇ ਗੁਰਦਰ ਦਰ ਆਵੇ, ਮਹਾਰਾਜ ਸ਼ੇਰ ਸਿੰਘ ਤੇਰੀ ਹੋਏ ਦੁਹਾਈ । ਦਰਸ਼ਨ ਪਾਣ ਪ੍ਰਭ ਰਾਜਨ ਸਾਰੇ । ਰਾਜਨ ਤਾਜਨ ਆਏ ਡਿਗਣ ਦਵਾਰੇ । ਬੇਮੁਖ ਦਰ ਤੇ ਹੋ ਗਏ ਭੁੱਲਣਹਾਰੇ । ਦਰ ਆਏ ਪ੍ਰਭ ਬਖ਼ਸ਼ ਲੈ, ਸਚ ਬਖ਼ਸ਼ਣਹਾਰੇ । ਸੋਹੰ ਵਣਜ ਛੱਡ ਕੇ, ਜਗ ਭੁੱਲੇ ਵਣਜਾਰੇ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਰਾਓ ਰੰਕ ਡਿਗਣ ਦਰਬਾਰੇ । ਵੱਡੇ ਵਡ ਅਹੰਕਾਰੀਆਂ ਪ੍ਰਭ ਦਰਸ ਦਿਖਾਏ । ਜੋਤ ਸਰੂਪ ਹੋ ਕੇ ਘਰ ਜਾਏ ਡਰਾਵੇ । ਅੱਗੋਂ ਉਠੇ ਬੇਮੁਖ ਰੋ ਕੇ, ਪ੍ਰਭ ਭੇਖ ਵਟਾਵੇ । ਪ੍ਰਭ ਆਵੇ ਸ਼ਬਦ ਜਣਾ ਕੇ, ਪ੍ਰਭ ਸਾਚੀ ਸੋਝੀ ਪਾਵੇ । ਕਲਜੁਗ ਆਇਆ ਜੋਤ ਪਰਗਟਾ ਕੇ, ਨਿਹਕਲੰਕ ਆਇਆ ਨਾਉਂ ਰਖਾ ਕੇ, ਘਰ ਚਲਿਆ ਭੈ ਦਿਖਾ ਕੇ, ਜੋਤ ਸਰੂਪ ਜੋਤ ਹੋ ਜਾਵੇ । ਪ੍ਰਭ ਵੇਖੇ ਜੋ ਜਨ ਆ ਕੇ, ਪਾਲ ਸਿੰਘ ਦਾ ਘਰ ਪੁਛਾ ਕੇ, ਜਿਥੇ ਬੈਠਾ ਡੇਰਾ ਲਾ ਕੇ, ਵਿਚ ਸਿੱਖ ਸਮਾਵੇ । ਮਹਾਰਾਜ ਸ਼ੇਰ ਸਿੰਘ ਨਾਉਂ ਰਖਾ ਕੇ, ਸਭ ਦਾ ਮਾਣ ਗਵਾਵੇ । ਮਾਣ ਮੋਹ ਦੋਨੋਂ ਪਰ ਹਰ । ਪ੍ਰਭ ਜੋਤ ਸਰੂਪ ਇਕ ਕਲਜੁਗ ਪਰਗਟੇ ਹਰਿ । ਧਰੇ ਧਾਰੇ ਰਾਓ ਰੰਕ ਕਰ ਜਾਵੇ ਇਕ, ਬੇਮੁਖ ਗੁਰਮੁਖ ਹੋਵੇ ਸ਼ਰਨੀ ਪਰ । ਸੋਹੰ ਸ਼ਬਦ ਚਲਾਵੇ, ਇਕ ਕਲਜੁਗ ਜੋਤ ਪਰਗਟਾਵੇ ਨਰਾਇਣ ਨਰ । ਮਹਾਰਾਜ ਸ਼ੇਰ ਸਿੰਘ ਨਾਉਂ ਰਖਾਏ, ਇਕ ਇਕ ਆਪ ਏਕੰਕਾਰਾ । ਇਕ ਆਪ ਸਰਬ ਵਸਣੇਹਾਰਾ । ਇਕ ਆਪ ਕਰੇ ਜਗਤ ਪਸਾਰਾ । ਇਕ

ਆਪ ਜੀਵ ਜੰਤ ਦੇਵੇ ਉਧਾਰਾ । ਇਕ ਆਪ ਆਦਿ ਅੰਤ ਨਿਰੰਕਾਰਾ । ਇਕ ਆਪ ਜੁਗੋ ਜੁਗ ਲੈ ਅਵਤਾਰਾ । ਇਕ ਆਪ ਪ੍ਰਭ ਸਾਚਾ ਸਿਰਜਣਹਾਰਾ । ਕਲਜੁਗ ਪਰਗਟੇ ਨਿਹਕਲੰਕ, ਸੋਹੰ ਸ਼ਬਦ ਰਸਨ ਵਿਚਾਰਾ । ਮਹਾਰਾਜ ਸ਼ੇਰ ਸਿੰਘ ਕਲ ਤੇਰੀ ਵਡਿਆਈ, ਊਚਾ ਦਿਸੇ ਦਰਬਾਰਾ । ਸਚ ਦਰਬਾਰ ਜਿਥੇ ਪ੍ਰਭ ਵਸਿਆ । ਗੁਰਸਿਖ ਹਰਿ ਕਾ ਨਾਮ ਮੰਗ, ਤਨ ਮਿਟੇ ਅੰਧੇਰਾ । ਸੋਹੰ ਸ਼ਬਦ ਮਨ ਚਾੜ੍ਹ ਰੰਗ, ਹੋਏ ਜਗਤ ਨਿਰਵੈਰਾ । ਅੰਮ੍ਰਿਤ ਵਰਖਾ ਵਿਚ ਦੇਹ ਗੰਗ, ਸਚ ਸ਼ਬਦ ਪ੍ਰਭ ਕੇਰਾ । ਪ੍ਰਭ ਪੂਰਾ ਪਹਿਲੇ ਤੋਲ ਕੇ, ਫਿਰ ਬਣ ਪ੍ਰਭ ਕਾ ਚੇਰਾ । ਸਚ ਰਸਨਾ ਬਚਨ ਬੋਲ ਕੇ, ਗੁਰਸਿਖ ਭੁੱਲ ਨਾ ਜਾਏ ਮੇਰਾ । ਸਾਚਾ ਸ਼ਬਦ ਦੇ ਪ੍ਰਭ ਖੋਲ੍ਹ ਕੇ, ਮਦਿ ਮਾਸ ਨਾ ਆਵੇ ਨੇਰਾ । ਪ੍ਰਭ ਮਾਰੇ ਜਗਤ ਵਰੋਲ ਕੇ, ਭੰਗ ਕਰੇ ਬਚਨ ਜਨ ਕੇਰਾ । ਨਾਮ ਸਚ ਮੋਤੀ ਜਗਤ ਵਰੋਲ ਕੇ, ਵਿਚ ਸੰਗਤ ਗੁਰ ਲਾਏ ਡੇਰਾ । ਮੁਖੋਂ ਕਹਿੰਦਾ ਸਤਿ ਬੋਲ ਕੇ, ਕਲਜੁਗ ਡੋਲੇ ਨਾ ਸਿੱਖ ਮੇਰਾ । ਜੇ ਜਗਤ ਭੁਲੇਖਾ ਭੁੱਲਣਾ, ਗੁਰਸਿਖ ਨਾ ਬਣਨਾ । ਜੇ ਪੂਰੇ ਤੋਲ ਨਾ ਤੁਲਣਾ, ਦੁੱਖ ਮਦਿ ਮਾਸ ਦਾ ਜਰਨਾ । ਜੇ ਕਲਜੁਗ ਨਹੀਂ ਜੇ ਰੁਲਣਾ, ਗੁਰਚਰਨ ਲਾਗ ਕਲ ਤਰਨਾ । ਮਹਾਰਾਜ ਸ਼ੇਰ ਸਿੰਘ ਅਡੋਲ ਕਦੇ ਨਹੀਂ ਡੁਲਣਾ, ਗੁਰਸਿਖ ਅਡੋਲ ਜਗਤ ਵਿਚ ਕਰਨਾ । ਗੁਰਸਿਖ ਗੁਰਮੁਖ ਏਕ ਰੂਪ, ਵਿਚ ਪ੍ਰਭ ਜੋਤ ਜਗਾਈ । ਸਿੱਖ ਹੋ ਕੇ ਵਿਚ ਕਲਜੁਗ, ਪ੍ਰਭ ਨਾਉਂ ਕਲੰਕ ਨਾ ਲਾਇਣਾ । ਕਲਜੁਗ ਸਾਰੇ ਬੇਮੁਖ, ਅੰਤਕਾਲ ਪਾਸਨ ਸਜਾਈ । ਗੁਰਸਿਖਾਂ ਦੇਵੇ ਸਚ ਸੁਖ, ਸਚਖੰਡ ਨਿਵਾਸ ਦਿਵਾਈ । ਮਹਾਰਾਜ ਸ਼ੇਰ ਸਿੰਘ ਤੇਰੇ ਦਰਸ ਭੁੱਖ, ਗੁਰਸਿਖ ਮਨ ਆਸ ਰਖਾਈ । ਸਤਿਗੁਰ ਸਾਚੇ ਆ ਕੇ, ਸਚ ਰਾਹ ਚਲਾਇਆ । ਆਪਣੀ ਦੇਹ ਤਜਾ ਕੇ, ਜੋਤ ਸਰੂਪ ਜੋਤ ਪਰਗਟਾਇਆ । ਵਿਚ ਜੋਤੀ ਜੋਤ ਮਿਲਾ ਕੇ, ਸਿੱਖ ਦੇਹ ਸਾਚੀ ਵਿਚ ਸਮਾਇਆ । ਪ੍ਰਭ ਤੀਨ ਲੋਕ ਤਜਾ ਕੇ, ਸਾਧ ਸੰਗਤ ਮਾਣ ਦਵਾਇਆ । ਪ੍ਰਭ ਪੂਰੇ ਭੇਖ ਵਟਾ ਕੇ, ਨਿਹਕਲੰਕ ਨਾਉਂ ਰਖਾਇਆ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਆ ਕੇ, ਨਾ ਮਰੇ ਨਾ ਕਦੇ ਜਾਇਆ । ਗੁਰਮੁਖ ਸਾਚਾ ਹੋਵਣਾ, ਗੁਰ ਘਰ ਕੀ ਰੀਤਾ । ਮਨ ਤਨ ਝੂਠਾ ਧੋਵਣਾ, ਕਰ ਗੁਰਚਰਨ ਪ੍ਰੀਤਾ । ਫਲ ਪਾਉ ਜਿਹਾ ਬੋਵਣਾ, ਅਗੇ ਜਾ ਕੇ ਗੁਣੀ ਗਣੀਤਾ । ਜਮ ਰਾਜ ਨਾ ਨੇੜੇ ਛੋਹਵਣਾ, ਸੋਹੰ ਸ਼ਬਦ ਜਿਸ ਰਸਨਾ ਪੀਤਾ । ਅੰਤਕਾਲ ਨਾ ਹੋਵੇ ਰੋਵਣਾ, ਗੁਰਸਿਖ ਪਤਤ ਪੁਨੀਤਾ । ਗੁਰਸਿਖ ਸਾਚੇ ਘਰ ਸੋਹਵਣਾ, ਮਹਾਰਾਜ ਸ਼ੇਰ ਸਿੰਘ ਜੋਤੀ ਜੋਤ ਮਲੀਤਾ ।

੨੭੧
੦੧

❋ ੨੨ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

ਸੱਚਾ ਆਪ ਸੱਚਾ ਦਰਬਾਰ । ਸਚਖੰਡ ਪ੍ਰਭ ਵਸਨੇਹਾਰ । ਜੋਤ ਜਗਾਏ ਅਗੰਮ ਅਪਾਰ । ਬੇਮੁਖ ਨਾ ਜਾਣੇ ਪ੍ਰਭ ਕੀ ਸਾਰ । ਗੁਰਸਿਖਾਂ ਸੋਹੇ ਸਚ ਘਰ ਬਾਰ । ਜੋਤ ਸਰੂਪ ਪਰਗਟੇ ਨਿਰੰਕਾਰ । ਨਿਹਕਲੰਕ ਕਲਜੁਗ ਅਵਤਾਰ । ਮਹਾਰਾਜ ਸ਼ੇਰ ਸਿੰਘ ਸਚ ਸਿਰਜਣਹਾਰ । ਜੋਤ ਸਰੂਪ ਜਗਤ ਪ੍ਰਭ ਆਇਆ । ਪਵਣ ਪਾਣੀ ਅਗਨ ਮਾਹਿ ਸਮਾਇਆ । ਜੀਵ ਜੰਤ ਵਿਚ ਪ੍ਰਭ ਰਹਾਇਆ । ਐਸੀ ਕਲਜੁਗ ਪਾਈ ਮਾਇਆ । ਪ੍ਰਭ ਸਾਚਾ ਵਿਚ ਨਜ਼ਰ ਨਾ ਆਇਆ । ਬੇਮੁਖ ਹੋਏ ਕਲੰਕ ਲਗਾਇਆ । ਵਿਚ ਚੁਰਾਸੀ ਗੇੜ ਰਖਾਇਆ । ਪਰਗਟ ਹੋ ਪ੍ਰਭ ਨਾ ਦਰਸ ਦਿਖਾਇਆ । ਬੇਮੁਖ ਗੁਰਦਰ ਨਾ ਆਇਆ । ਗੁਰਮੁਖ ਗੁਰ ਧਾਮ ਸੁਹਾਇਆ । ਜਿਥੇ ਮਹਾਰਾਜ ਸ਼ੇਰ ਸਿੰਘ ਸਚ ਸ਼ਬਦ ਲਿਖਾਇਆ । ਸਤਿਗੁਰ ਸੱਚਾ ਸਚ

ਸ਼ਬਦ ਲਿਖਾਏ, ਸਚ ਸੁਰਤੀ ਮਤਿ ਦੇਹ । ਕਲਜੁਗ ਕੱਚਾ ਜਗਤ ਕੱਚ ਅੰਤਮ ਹੋਸੀ ਖੇਹ । ਜੋਤ ਪਰਗਟਾਏ ਦੇਰ ਨਾ ਲਾਏ, ਗੜ੍ਹ ਭੂਮੀ ਹੋਸੀ ਥੇਹ । ਮਹਾਰਾਜ ਸ਼ੇਰ ਸਿੰਘ ਬਚਨ ਲਿਖਾਏ, ਬੇਮੁਖ ਖਪਾਏ ਸਾੜੇ ਤਨ ਮਨ ਦੇਹ । ਗੁਰਸਿਖਾਂ ਮਨ ਵਧਾਈ, ਜਿਨ੍ਹਾਂ ਹਰਿ ਰੰਗ ਮਾਣਿਆਂ । ਗੁਰਸਿਖਾਂ ਪ੍ਰਭ ਹੋਵੇ ਸਹਾਈ, ਦਰ ਆਏ ਜੋ ਹੋਏ ਨਿਮਾਣਿਆਂ । ਗੁਰਸਿਖਾਂ ਪ੍ਰਭ ਦੇ ਵਡਿਆਈ, ਹਰਿ ਹਰਿ ਹਰਿ ਨਾਮ ਜਿਨ ਰਸਨ ਵਖਾਣਿਆਂ । ਗੁਰਸਿਖਾਂ ਮਨ ਪ੍ਰਭ ਜੋਤ ਜਗਾਈ, ਚਰਨ ਲਾਗ ਚਲੇ ਗੁਰ ਕੇ ਭਾਣਿਆਂ । ਗੁਰਸਿਖਾਂ ਸਚ ਰਾਹ ਬਤਾਈ, ਸੋਹੰ ਸ਼ਬਦ ਦੇਵੇ ਗਿਆਨ ਅੰਞਾਣਿਆਂ । ਗੁਰਸਿਖਾਂ ਆਤਮ ਠੰਡ ਵਰਤਾਈ, ਦੇਵੇ ਦਰਸ ਜੋਤੀ ਪ੍ਰਭ ਜੋਤ ਮਿਲਾਣਿਆਂ । ਗੁਰਸਿਖਾਂ ਕਲ ਹੋਏ ਸਹਾਈ, ਮਹਾਰਾਜ ਸ਼ੇਰ ਸਿੰਘ ਜਨ ਭਗਤ ਤਰਾਣਿਆਂ । ਵੱਡਾ ਆਪ ਭਗਤ ਵਡਿਆਏ । ਊਚ ਅਗੰਮ ਨਾ ਨਜ਼ਰੀ ਆਏ । ਸਰਬ ਘਟ ਰਿਹਾ ਸਮਾਏ । ਸੁਹਾਏ ਥਾਨ ਜਿਥੇ ਪ੍ਰਭ ਜੋਤ ਪਰਗਟਾਏ । ਪਾਏ ਮਾਣ ਜੋ ਗੁਰ ਚਰਨੀਂ ਆਏ । ਦੁੱਖ ਲਹਿ ਜਾਣ, ਜਿਨ੍ਹਾਂ ਸੀਸ ਨਿਵਾਏ । ਮਹਾਰਾਜ ਸ਼ੇਰ ਸਿੰਘ ਅੰਤ ਹੋਏ ਸਹਾਏ । ਅੰਤਕਾਲ ਕੋਏ ਨਾ ਸੰਗੀ । ਦੁਨੀਆ ਹੋਈ ਬਹੁਤ ਬਰੰਗੀ । ਜੋਤ ਸਰੂਪ ਉਲਟੀ ਵਗਾਏ ਸਿੰਧ ਗੰਗੀ । ਮਲੇਸ਼ ਜਾਏ ਜਿਉਂ ਜਾਏ ਫਰੰਗੀ । ਸੋਹੰ ਸ਼ਬਦ ਧੁਨ ਕਲਜੁਗ ਵੱਜੇ, ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਅਗਨ ਜਗ ਲੱਗੀ । ਨਾ ਰਹੇ ਰਾਓ ਨਾ ਸੁਲਤਾਨਾ । ਏਕ ਰਹੇ ਜਿਸ ਪ੍ਰਭ ਦੇ ਗਿਆਨਾ । ਸੁਘੜ ਕਰੇ ਗੁਰਸਿਖ ਭਗਤ ਸੁਜਾਨਾ । ਕਲਜੁਗ ਪਰਗਟੇ ਮਹਾਰਾਜ ਸ਼ੇਰ ਸਿੰਘ ਭਗਵਾਨਾ । ਤੋੜੇ ਮਾਣ ਵੱਡੇ ਅਭਿਮਾਨਾ । ਗੁਰਸਿਖਾਂ ਪ੍ਰਭ ਦੇ ਦਾਨ, ਕਰੇ ਚਤੁਰ ਸੁਜਾਨਾ । ਦਰਸ ਦੇਵੇ ਭਗਵਾਨ, ਨਾ ਜਾਣੇ ਬਾਲ ਅੰਞਾਣਾ । ਹੁਕਮੇ ਮਾਰੇ ਆਨ, ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਸ੍ਰਿਸ਼ਟ ਬਾਨਾ । ਭੇਖ ਭਰਮ ਸ੍ਰਿਸ਼ਟ ਪ੍ਰਭ ਕੀਆ । ਸਤਿਗੁਰ ਸਾਚੀ ਰਖਾਈ ਨੀਆਂ । ਦੇਵੇ ਦਰਸ ਕਿਸੇ ਵਿਰਲੇ ਜੀਆ । ਚਰਨ ਲਗਾਏ ਕਰ ਸੰਗ ਗੁਰਸਿਖ ਹੀਆ । ਸੋਹੰ ਸ਼ਬਦ ਨਾਮ ਅੰਮ੍ਰਿਤ ਰਸ ਪੀਆ । ਮਹਾਰਾਜ ਸ਼ੇਰ ਸਿੰਘ ਗਿਆਨ ਸੋਹੰ ਦੀਆ । ਸੋਹੰ ਨਾਉਂ ਪਾਉ ਅਮੋਲਾ । ਕਲਜੁਗ ਤੋਲ ਨਾ ਸਕੇ ਕੋਈ ਬੇਮੁਖ ਤੋਲਾ । ਗੁਰਸਿਖਾਂ ਵਿਚ ਪ੍ਰਭ ਆਪ ਹੈ ਮੌਲਾ । ਮਹਾਰਾਜ ਸ਼ੇਰ ਸਿੰਘ ਨਾਮ ਗੁਣ ਨਿਧਾਨ ਅਮੋਲਾ । ਨਾਮ ਅਮੋਲਕ ਪ੍ਰਭ ਦਰਸ਼ਨ ਨਿਰਬਾਨ । ਨਾਮ ਅਮੋਲਕ ਜਪ ਹੋਏ ਗੁਰਚਰਨ ਧਿਆਨ । ਨਾਮ ਅਮੋਲਕ ਪ੍ਰਭ ਦਰਸ਼ਨ ਪਾਇਨ । ਨਾਮ ਅਮੋਲਕ ਸੋਹੰ ਜਪ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਨ । ਦਰਸ਼ਨ ਦੇਖ ਹੋਏ ਮਨ ਹਰਿਆ । ਆਤਮ ਚਿਖਾ ਤਨ ਤੰਦੂਰ ਠਰਿਆ । ਅੰਮ੍ਰਿਤ ਬੂੰਦ ਸਚ ਝਿਰਨਾ ਝਿਰਿਆ । ਡਿੱਗੇ ਬੂੰਦ ਕਵਲ ਨਾਭ ਹੈ ਖਿੜਿਆ । ਸੋਹੰ ਸ਼ਬਦ ਚਲੇ ਵਿਚ ਝਿਰਿਆ । ਮਹਾਰਾਜ ਸ਼ੇਰ ਸਿੰਘ ਕਲ ਸਾਚਾ ਪਿਰਿਆ । ਗੁਰਸਿਖ ਪ੍ਰਭ ਕਾ ਮਾਣ ਕਰ, ਕਲ ਅੰਮ੍ਰਿਤ ਬਰਖੇ ਦਾਤਾ । ਗੁਰਸਿਖ ਪੂਰਾ ਧਿਆਨ ਕਰ, ਕਲ ਪਰਗਟੇ ਬ੍ਰਹਮ ਗਿਆਤਾ । ਗੁਰਸਿਖ ਗੁਰਚਰਨ ਧੂੜ ਇਨਸ਼ਾਨ ਕਰ, ਗੁਰਚਰਨ ਸੱਚਾ ਜਗ ਨਾਤਾ । ਗੁਰਸਿਖ ਯਾਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰ, ਪਰਗਟੇ ਚਹੁੰ ਜੁਗਾਂ ਵਡ ਦਾਤਾ । ਚਾਰ ਜੁਗ ਗੁਰਸਿਖ ਸਾਚਾ ਵਰਨ । ਸਰਬ ਸ੍ਰਿਸ਼ਟ ਗੁਰਚਰਨ ਆਏ ਪਰਣ । ਕਰ ਦਰਸ ਫੰਦ ਤੋੜੇ ਜਨਮ ਮਰਨ । ਮਹਾਰਾਜ ਸ਼ੇਰ ਸਿੰਘ ਕਲਜੁਗ ਜੋ ਸਿੱਖ ਆਏ ਤੇਰੀ ਸਰਨ । ਸਰਨ ਪੜੇ ਜੋ ਜਨ ਆਏ । ਊਚ ਦਰਬਾਰ ਉਚ ਪਦਵੀ ਪਾਏ । ਗਿਆਨ ਕਾ ਗਿਆਤਾ ਬ੍ਰਹਮ ਗਿਆਨੀ ਸਦਵਾਏ । ਗੁਰਸਿਖ ਨਾਮ ਉਤਮ ਵਿਚਾਰ ਜਗ ਰਹਿ ਜਾਏ । ਮਦਿ ਮਾਸ ਨਾ ਰਸਨੀ ਲਗਾਏ । ਸੋਹੰ ਸ਼ਬਦ ਸਚ ਸਚ ਆਤਮ ਦੇਹ ਵਰਤਾਏ ।

ਗਿਆਨ ਜੋਤ ਵਿਚ ਦੇਹ ਜਗਾਏ । ਪਵਣ ਸਰੂਪ ਨਾ ਕਦੇ ਡੁਲਾਏ । ਸੱਚਾ ਧਾਮ ਵਸੇ ਸਚ ਥਾਏਂ । ਗੁਰਸਿਖਾਂ ਬਿਨ ਨਜ਼ਰ ਨਾ ਆਏ । ਗੁਰਮੁਖਾਂ ਪ੍ਰਭ ਬੂਝ ਬੁਝਾਏ । ਦੇ ਦਰਸ ਭੁਲੇਖਾ ਭਰਾਂਤ ਗਵਾਏ । ਪ੍ਰਭ ਅਬਿਨਾਸ਼ੀ ਘਰ ਮਾਹਿ ਪਾਏ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਨਜ਼ਰੀ ਆਏ । ਜੋਤ ਸਰੂਪ ਨਾ ਜਾਏ ਅਕਾਰ । ਏਕ ਜੋਤ ਪ੍ਰਭ ਪਵਣਹਾਰ । ਸਚਖੰਡ ਵਸੇ ਨਿਰੰਕਾਰ । ਜਗੇ ਜੋਤ ਅਗੰਮ ਅਪਾਰ । ਕੋਈ ਨਾ ਜਾਣੇ ਪ੍ਰਭ ਜੋਤ ਆਕਾਰ । ਈਸ਼ਰ ਏਕ ਏਕ ਜੋਤ ਅਧਾਰ । ਜੋਤ ਸਰੂਪ ਵਿਚ ਵਸੇ ਸੰਸਾਰ । ਆਦਿ ਅੰਤ ਮਹਾਰਾਜ ਸ਼ੇਰ ਸਿੰਘ ਏਕੰਕਾਰ ।

❊ ੨੩ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਗੁਰਮੁਖ ਹਰਿ ਕਾ ਨਾਮ ਜਪ, ਹੋਏ ਉਤਮ ਮੁਖ । ਗੁਰਸਿਖ ਹਰਿ ਕਾ ਨਾਮ ਜਪ, ਪਾਏ ਕਲਜੁਗ ਸੁਖ । ਕਲਜੁਗ ਗੁਰਸਿਖ ਵੱਡਾ ਤਪ, ਗੁਰਚਰਨ ਲਾਗ ਮਨ ਲਾਹੇ ਭੁੱਖ । ਗੁਰਮੁਖ ਸੋਹੰ ਨਾਮ ਜਪ, ਮਹਾਰਾਜ ਸ਼ੇਰ ਸਿੰਘ ਦੇਹ ਗਵਾਏ ਦੁੱਖ । ਗੁਰਸਿਖ ਹਰਿ ਰੰਗ ਮਾਣ, ਇਕ ਮਨ ਹੋਏ ਇਕ ਚਿੱਤ । ਗੁਰਸਿਖ ਹਰਿ ਰੰਗ ਮਾਣ, ਵਕ਼ਤ ਹੱਥ ਨਾ ਆਵੇ ਕਿਤ । ਗੁਰਸਿਖ ਹਰਿ ਰੰਗ ਮਾਣ, ਬਾਜ਼ੀ ਜਨਮ ਮਰਨ ਦੀ ਜਿੱਤ । ਗੁਰਸਿਖ ਹਰਿ ਰੰਗ ਮਾਣ, ਕਲਜੁਗ ਪ੍ਰਗਟਿਓ ਸਾਚਾ ਮਿਤ । ਗੁਰਸਿਖ ਹਰਿ ਰੰਗ ਮਾਣ, ਪ੍ਰਭ ਪਰਗਟੇ ਬਿਨ ਵਾਰ ਥਿਤ । ਗੁਰਸਿਖ ਹਰਿ ਰੰਗ ਮਾਣ, ਪ੍ਰਭ ਕੀ ਜੋਤ ਪਰਗਟਾਏ ਧਾਮ ਸਾਚੇ ਨਿਤ । ਗੁਰਸਿਖ ਪ੍ਰਭ ਪੂਰਾ ਪਛਾਣ, ਛੱਡ ਕੁਟੰਬ ਵਾਲਾ ਹਿਤ । ਗੁਰਸਿਖ ਸੋਹੰ ਸ਼ਬਦ ਜਾਣ, ਬਿਨ ਸ਼ਬਦ ਕਲ ਥੁੱਕਾਂ ਪਈਆਂ ਤਿੱਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਵਖਾਣ, ਜੋਤ ਜਗਾਵੇ ਪਾਰਬ੍ਰਹਮ ਅਚਿਤ । ਪਾਰਬ੍ਰਹਮ ਪਰਮੇਸ਼ਵਰ ਜਗਤ ਜਗਾਇਆ । ਹੋਏ ਆਪ ਜਗਤੇਸ਼ਵਰ, ਸਰਬ ਮੇਂ ਰਿਹਾ ਸਮਾਇਆ । ਹੋਏ ਆਪ ਮਹੇਸ਼ਵਰ, ਕਲਜੁਗ ਜੀਵ ਭਰਮ ਭੁਲਾਇਆ । ਮਹਾਰਾਜ ਸ਼ੇਰ ਸਿੰਘ ਜੋਤ ਸਚ ਈਸ਼ਵਰ ਨਿਹਕਲੰਕ ਨਾਉਂ ਨਰਾਇਣ ਰਖਾਇਆ । ਨਿਹਕਲੰਕ ਪ੍ਰਭ ਨਿਰਵੈਰਾ । ਸਿਧ ਸਾਧਕ ਡਿਗਣ ਗੁਰ ਪੈਰਾ ।

❊ ੨੪ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਊਚਾ ਦਰ ਊਚਾ ਦਰਬਾਰਾ । ਥਿਰ ਘਰ ਵਸੇ ਆਪ ਨਿਰੰਕਾਰਾ । ਜੋਤ ਸਰੂਪ ਜਗਤ ਉਤਾਰਾ । ਦੇਵੇ ਦਰਸ ਪ੍ਰਭ ਅਗੰਮ ਅਪਾਰਾ । ਗੁਰਸਿਖਾਂ ਸੋਹੰ ਸ਼ਬਦ ਦੇ ਅਧਾਰਾ । ਬੇਮੁਖ ਦੁਸ਼ਟ ਦਰ ਝੱਖ ਮਾਰਾ । ਮਹਾਰਾਜ ਸ਼ੇਰ ਸਿੰਘ ਰੰਗ ਰਵੇ ਕਰਤਾਰਾ । ਕਲਜੁਗ ਹਰਿ ਰੰਗ ਮਾਣ ਕੇ, ਮਨ ਹਰਿ ਸਿਉਂ ਰੰਗ । ਕਲ ਕਲਜੁਗ ਸਤਿਗੁਰ ਸਚ ਪਛਾਣ ਕੇ, ਨਾਮ ਦਾਨ ਗੁਰਦਰ ਮੰਗ । ਨਿਹਕਲੰਕ ਨਰ ਅਵਤਾਰ ਜਾਣ ਕੇ, ਅੰਮ੍ਰਿਤ ਧਾਰ ਵਿਚ ਦੇਹ ਵਗਾਏ ਗੰਗ । ਬੇਮੁਖ ਮਾਰੇ ਛਾਣ ਕੇ, ਸੋਹੰ ਸ਼ਬਦ ਕਰੇ ਸ੍ਰਿਸ਼ਟ ਭੰਗ । ਮਹਾਰਾਜ ਸ਼ੇਰ ਸਿੰਘ ਕਲਜੁਗ ਆਣ ਕੇ, ਗੁਰਸਿਖਾਂ ਚਾੜ੍ਹੇ ਮਨ ਰੰਗ । ਗੁਰ ਕਾ ਰੰਗ ਇਕ ਨਾਮ ਅਤੀਤਾ । ਗੁਰਸਿਖ ਸਿਮਰ ਸਦਾ ਜਗ ਜੀਤਾ । ਅੰਤਕਾਲ ਹੋ ਸਦ ਅਮਰ, ਅੰਮ੍ਰਿਤ ਨਾਮ ਨਾਮ ਰਸ ਪੀਤਾ । ਮਹਾਰਾਜ ਸ਼ੇਰ ਸਿੰਘ ਜਗਤ ਭੁਲਾਇਆ, ਗੁਰਸਿਖਾਂ ਵਸੇ ਪ੍ਰਭ ਚੀਤਾ । ਗੁਰਸਿਖ ਵਿਰਲੇ ਜਨ, ਗੁਰ ਵਿਚਾਰੇ । ਗੁਰਮੁਖ ਵਿਰਲੇ

ਜਨ, ਜੋ ਪ੍ਰਭ ਦਰਸਾਰੇ । ਗੁਰਸਿਖ ਵਿਰਲੇ ਜਨ, ਪ੍ਰਭ ਜੋਤ ਉਧਾਰੇ । ਗੁਰਸਿਖ ਵਿਰਲੇ ਜਨ, ਦਰਸ ਦਿਖਾਵੇ ਪ੍ਰਭ ਅਗੰਮ ਅਪਾਰੇ । ਗੁਰਮੁਖ ਵਿਰਲੇ ਜਨ, ਕਲ ਮਿਲਿਆ ਨੈਣ ਮੁਧਾਰੇ । ਗੁਰਸਿਖ ਵਿਰਲੇ ਜਨ, ਦੇਵੇ ਦਰਸ ਰਾਮ ਅਵਤਾਰੇ । ਗੁਰਸਿਖ ਵਿਰਲੇ ਜਨ, ਆਵੇ ਨਜ਼ਰ ਕ੍ਰਿਸ਼ਨ ਮੁਰਾਰੇ । ਗੁਰਮੁਖ ਵਿਰਲੇ ਜਨ, ਮੇਲ ਮਿਲਾਏ ਨਿਹਕਲੰਕ ਭਤਾਰੇ । ਗੁਰਮੁਖ ਵਿਰਲੇ ਜਨ, ਆਏ ਚਰਨ ਦਰਬਾਰੇ । ਗੁਰਮੁਖ ਵਿਰਲੇ ਜਨ, ਜਿਸ ਦੇਵੇ ਸ਼ਬਦ ਅਨਹਦ ਧੁਨਕਾਰੇ । ਗੁਰਸਿਖ ਵਿਰਲੇ ਜਨ, ਅੰਮ੍ਰਿਤ ਮੇਘ ਝਿਰਨਾ ਝਿਰਨਾਰੇ । ਗੁਰਮੁਖ ਵਿਰਲੇ ਜਨ, ਮਹਾਰਾਜ ਸ਼ੇਰ ਸਿੰਘ ਚਰਨ ਦਰਸ ਪਿਆਰੇ । ਪ੍ਰਭ ਦਰਸ ਦਰਸ਼ਨ ਅਨਮੋਲ । ਗੁਰਸਿਖਾਂ ਪਾਏ ਅਤੁਟ ਅਤੋਲ । ਕਰ ਦਰਸ ਤ੍ਰੈਕੁਟੀ ਦੇ ਖੋਲ੍ਹ । ਕਾਇਆ ਆਕਾਰ ਵਿਚ ਹਉਮੇ ਪੋਲ । ਕਲਜੁਗ ਪੱਲਾ ਫੇਰਿਆ, ਅਨਹਦ ਸ਼ਬਦ ਵਜਾਏ ਢੋਲ । ਅਨਹਦ ਸ਼ਬਦ ਕਰ ਜਗਤ ਅੰਧਿਆਰਿਆ, ਗੁਰਸਿਖ ਦੇਵੇ ਨੇਤਰ ਪ੍ਰਭ ਖੋਲ੍ਹ । ਸੋਹੰ ਸ਼ਬਦ ਸਭ ਜਗਤ ਰੋਲਿਆ, ਗੁਰਸਿਖ ਬੈਠਾ ਗੁਰਚਰਨ ਅਡੋਲ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਸੋਹੰ ਸ਼ਬਦ ਲਿਖਾਏ ਅਨਮੋਲ । ਗੁਰਸਿਖ ਕਲ ਗੁਰ ਦਰਬਾਰੇ । ਜੋਤ ਸਰੂਪ ਆਪ ਪ੍ਰਭ ਪੈਜ ਸਵਾਰੇ । ਸਰਬ ਸ੍ਰਿਸ਼ਟ ਹੋਏ ਦੁੱਖ ਭਾਰੀ । ਅਚਰਜ ਖੇਲ ਕਰੇ ਪ੍ਰਭ ਮੁਰਾਰੀ । ਬਿਨ ਬਾਤੀ ਬਿਨ ਤੇਲ ਜੋਤ ਜਗੇ ਸਦ ਨਿਰੰਕਾਰੀ । ਸਤਿਗੁਰ ਲੈ ਅਵਤਾਰ, ਨਿਹਕਲੰਕ ਕਰ ਜਗਤ ਖੁਆਰੀ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਗੁਰਸਿਖਾਂ ਪ੍ਰਭ ਪੈਜ ਸਵਾਰੀ । ਪੈਜ ਸਵਾਰੀ ਅਗੰਮ ਅਥਾਹ । ਸੱਚਾ ਰਾਖਾ ਵਿਚ ਦਰਗਾਹ । ਜਿਥੇ ਕੋਈ ਸੰਗ ਨਾ ਸਾਹ । ਉਥੇ ਵਾਲੀ ਆਪ ਸੱਚੇ ਪਾਤਸ਼ਾਹ । ਸੋਹੰ ਸ਼ਬਦ ਕਲ ਵਖਾਏ ਰਾਹ । ਜੋਤ ਜਗਾਏ ਬੇਅੰਤ ਪ੍ਰਭ ਬੇਪਰਵਾਹ । ਤੇਜ਼ ਵਧਾਏ ਖਪਾਏ ਅਲਾਹ । ਏਕੰਕਾਰ ਅਖਵਾਵੇ ਦੂਸਰ ਰਹੇ ਕੋਏ ਨਾ ਕਾਹ । ਈਸਾ ਮੂਸਾ ਸਭ ਪਾਏ ਠਾਹ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਦਿਖਾਇਆ ਗੁਰਸਿਖਾਂ ਸਚ ਰਾਹ । ਸੋਹੰ ਸ਼ਬਦ ਗੁਰਸਿਖਾਂ ਮਨ ਮੰਤ । ਬੇਮੁਖਾਂ ਕਰ ਜਾਏ ਕਲ ਭਸਮੰਤ । ਸੋਹੰ ਸ਼ਬਦ ਕਲ ਮੇਲੇ ਪ੍ਰਭ ਕੰਤ । ਬੇਮੁਖ ਜਲਾਏ ਸਰਬ ਜੀਵ ਜੰਤ । ਸੋਹੰ ਸ਼ਬਦ ਰਸਨਾ ਸਿਮਰ ਵੱਡਾ ਸਾਧ ਸੰਤ । ਕਲਜੁਗ ਜੀਵ ਖਪਾਏ, ਬੇਮੁਖ ਪ੍ਰਭ ਬੇਅੰਤ । ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਲਿਖਾਏ, ਕਲਜੁਗ ਪਰਗਟ ਪ੍ਰਭ ਭਗਵੰਤ । ਭਗਤ ਭਗਵੰਤ ਏਕਾ ਜਾਤੀ । ਪੂਰੇ ਸਤਿਗੁਰ ਨਿਰਮਲ ਜੋਤ ਜਗਾਈ ਬਾਤੀ । ਗੁਰਸਿਖ ਪੂਰਾ ਨਾ ਜਾਣੇ ਦਿਨ ਰਾਤੀ । ਡਗਮਗਾਏ ਜੋਤ ਪ੍ਰਭ, ਵਿਚ ਦੇਹ ਇਕਾਂਤੀ । ਆਤਮ ਲਾਹੇ ਤ੍ਰਿਖਾ, ਚਵਾਵੇ ਬੂੰਦ ਅੰਮ੍ਰਿਤ ਪ੍ਰਭ ਸਵਾਂਤੀ । ਮਹਾਰਾਜ ਸ਼ੇਰ ਸਿੰਘ ਜੋਤ ਪਰਗਾਸੀ, ਗੁਰਸਿਖ ਸੁਖ ਹੋਏ ਦਿਨ ਰਾਤੀ । ਦਿਵਸ ਰੈਣ ਹੋਏ ਪ੍ਰਭ ਸੰਗ ਮੇਲਾ । ਸੋਹੰ ਸ਼ਬਦ ਜਿਸ ਜਪਿਆ ਸੁਹੇਲਾ । ਗੁਰਸਿਖ ਨਾ ਕਲਜੁਗ ਹੋਏ ਅਕੇਲਾ । ਧਾਰ ਖੰਡ ਵਿਚ ਵਸੇ ਪ੍ਰਭ ਚਤੁਰਭੁਜ ਸੁਹੇਲਾ । ਕਲਜੁਗ ਜੋਤ ਪਰਗਟਾ ਕੇ, ਵਿਛੜਿਆਂ ਪ੍ਰਭ ਕੀਆ ਮੇਲਾ । ਜਨਮ ਜਨਮ ਵਿਛੜ, ਜੀਵ ਪ੍ਰਭ ਭੁਲਾਇਆ । ਪ੍ਰਭ ਸਾਚਾ ਨਾਮ ਨਾ ਦੁੱਖੜ, ਕਰ ਦਰਸ ਨਾ ਆਤਮ ਤ੍ਰਿਪਤਾਇਆ । ਕਲਜੁਗ ਅੰਧੇਰ ਚਲੇ ਅੰਤ ਝੱਖੜ, ਪਵਣ ਰੂਪ ਜਗਤ ਹਿਲਾਇਆ । ਸੋਹੰ ਸ਼ਬਦ ਨਾ ਜਾਨਣ ਅਨਡਿਠੜ, ਕਲਜੁਗ ਬਾਣ ਜਗਤ ਪ੍ਰਭ ਲਾਇਆ । ਗੁਰਸਿਖ ਮਾਨਣ ਰੰਗ ਮਿੱਠੜ, ਪ੍ਰਭ ਅਬਿਨਾਸ਼ੀ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਚਰਨ ਲਾਗ ਨਾ ਜਾਏ ਵਿਛੜ, ਸਚਖੰਡ ਪ੍ਰਭ ਸਚ ਤਖ਼ਤ ਬਣਾਇਆ । ਸਚਖੰਡ ਜਿਥੇ ਜੋਤ ਪਰਗਟਾਈ ਕ੍ਰਿਸ਼ਨ ਰਾਮ । ਸੋਹੰ ਸ਼ਬਦ ਪ੍ਰਭ ਕਾ ਸਾਚਾ ਨਾਮ । ਸੁਣ ਸ਼ਬਦ ਨੇੜ ਨਾ ਆਵੇ ਜਾਮ । ਬਿਨ ਸ਼ਬਦ ਨਿਸਫਲ

ਜਗਤ ਕਾਮ । ਅੰਮ੍ਰਿਤ ਰਸ ਰਸ ਪੀਏ ਸਾਚਾ ਜੀਵ ਜਾਮ । ਮਹਾਰਾਜ ਸ਼ੇਰ ਸਿੰਘ ਸਦ ਰਸਨਾ ਗਾਓ, ਕਲਜੁਗ ਪੂਰਨ ਹੋਏ ਕਾਮ । ਵਡਭਾਗੀ ਵਡਭਾਗ ਜਿਨ ਪ੍ਰਭ ਦਰਸ਼ ਕਰਿਆ । ਸੋਏ ਕਲਜੁਗ ਗਏ ਜਾਗ, ਚਰਨ ਲਾਗ ਗੁਰਸਿਖ ਤਰਿਆ । ਬੇਮੁਖ ਗਏ ਦਰ ਭਾਗ, ਪਰਗਟੇ ਨਿਹਕਲੰਕ ਕਲ ਕੋਏ ਨਾ ਅੜਿਆ । ਮਹਾਰਾਜ ਸ਼ੇਰ ਸਿੰਘ ਲਗਾਵੇ ਜਗਾਵੇ ਜੋਤ ਜਾਗ, ਰਾਓ ਰੰਕ ਦੀਸੇ ਦਰ ਖੜ੍ਹਿਆ । ਰਾਓ ਰੰਗ ਏਕ ਪ੍ਰਭ ਕਰੇ । ਕਲਜੁਗ ਅੰਤਮ ਅੰਤ ਕਰ ਹਰੇ । ਸਾਚਾ ਸ਼ਬਦ ਗੁਰਸਿਖਾਂ ਮਨ ਧਰੇ । ਗੁਰਮੁਖ ਨਾਮ ਰਸਨਾ ਜਗਤ ਉਚਰੇ, ਜੋ ਜਨ ਆਏ ਮਹਾਰਾਜ ਸ਼ੇਰ ਸਿੰਘ ਸਰਨ ਪਰੇ । ਸਰਨ ਪਰੇ ਪ੍ਰਭ ਲਾਜ ਰਖਾਏ । ਕਲਜੁਗ ਅੰਦਰ ਗੁਰਸਿਖ ਵਡਿਆਏ । ਗੁਰਮੁਖ ਬਾਣੀ ਗੁਰਮੁਖ ਵਾਕ ਲਿਖਾਏ । ਕਲਜੁਗ ਚਾਰ ਜੁਗ ਜਗ ਨਾਉਂ ਰਹਿ ਜਾਏ । ਸਤਿਜੁਗ ਸਾਚਾ ਸਚ ਮਾਰਗ ਲਾਏ । ਸੋਹੰ ਸ਼ਬਦ ਪ੍ਰਭ ਰਿਦੇ ਵਸਾਏ । ਧੰਨ ਧੰਨ ਧੰਨ ਮਹਾਰਾਜ ਸ਼ੇਰ ਸਿੰਘ ਕਲਜੁਗ ਖਪਾਏ ਸਤਿਜੁਗ ਸਾਚਾ ਲਾਏ । ਸਤਿਜੁਗ ਸਾਚਾ ਸਚ ਵਰਤੰਤ । ਜੋਤ ਸਰੂਪ ਦਰਸ ਦਿਖਾਏ, ਸਰਬ ਜੀਵ ਜੰਤ । ਹਉਮੇ ਮਾਣ ਗਵਾਏ, ਮੋਹ ਚੁਕਾਏ ਸਰਬ ਕਾ ਮੰਤ । ਸਰਬ ਸ੍ਰਿਸ਼ਟ ਏਕ ਰੂਪ ਸਮਾਵੇ, ਰਾਓ ਰੰਕ ਸਰਬ ਇਕ ਰੰਗਤ । ਆਪਣਾ ਭੇਤ ਪ੍ਰਭ ਆਪ ਖੁਲ੍ਹਾਵੇ, ਵਿਚ ਸਾਧ ਸੰਤ । ਮਹਾਰਾਜ ਸ਼ੇਰ ਸਿੰਘ ਸਤਿਜੁਗ ਚਲਾਏ, ਕਲਜੁਗ ਵਰਤੇ ਪ੍ਰਭ ਕਾ ਭਾਣਾ । ਸਤਿਜੁਗ ਵਰਤੇ ਸਤਿ ਕਰ ਜਾਣਾ । ਉਤਮ ਧਾਮ ਹੋਏ ਵਿਚ ਸਚ ਮਸਤੂਆਣਾ । ਜਿਥੇ ਬੈਠ ਜਾਏ ਪਹਿਨ ਸਤਿਜੁਗੀ ਬਾਣਾ । ਚਰਨੀਂ ਆਏ ਡਿੱਗਣ ਸਭ ਰਾਜਾ ਰਾਣਾ । ਸੋਹੰ ਸ਼ਬਦ ਸਤਿਜੁਗ ਜੀਵ ਰਸਨ ਵਖਾਣਾ । ਸ਼ਬਦ ਚਲਾਇਆ ਪ੍ਰਭ ਨਿਰਬਾਣਾ । ਭਗਤ ਤਰਾਇਆ ਜਿਸ ਨਾਮ ਵਖਾਣਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਕਲਜੁਗ ਜਾਏ ਹੋਏ ਨਿਤਾਣਾ । ਕਲਜੁਗ ਜੀਵ ਹੋਏ ਕੁਕਰਮੀ । ਵਿਰਲਾ ਦਿਸੇ ਕੋਈ ਸਾਚਾ ਧਰਮੀ । ਸਾਰੀ ਸ੍ਰਿਸ਼ਟ ਕਲ ਮਾਇਆ ਭਰਮੀ । ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਨਾ ਵਰਤੇ ਨਰਮੀ । ਸੋਹੰ ਸ਼ਬਦ ਜਗਤ ਉਤਮ ਵੱਥ । ਕਲਜੁਗ ਬਿਬਾਣ ਸਚ ਚਲਾਇਆ ਰਥ । ਬੈਠਾ ਅਡੋਲ ਪ੍ਰਭ ਆਪ ਅਕੱਥ । ਬੇਮੁਖਾਂ ਕਲ ਪਤ ਗਈ ਲੱਥ । ਜਮਰਾਜ ਅੰਤ ਕਾਲ ਪਾਏ ਨੱਕ ਨੱਥ । ਗੁਰਸਿਖਾਂ ਪ੍ਰਭ ਰੱਖੇ ਸਿਰ ਹੱਥ । ਪਰਗਟੇ ਜਿਉਂ ਰਾਮ ਦਸਰਥ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਗੁਰਸਿਖਾਂ ਦੇਵੇ ਨਾਮ ਸਾਚੀ ਵੱਥ । ਸਾਚੀ ਦਾਤ ਗੁਰ ਦਰ ਤੇ ਪਾਈ । ਸਾਧ ਸੰਗਤ ਮਨ ਵੱਜੀ ਵਧਾਈ । ਚਰਨ ਲਾਗ ਤਰੇ ਬਿਰਧ ਬਾਲ ਸੰਗ ਮਾਈ । ਕਿਰਪਾ ਕਰੇ ਜੋਤ ਸਰੂਪ ਆਪ ਰਘੁਰਾਈ । ਸਾਚੀ ਜੋਤ ਪ੍ਰਭ ਲੋਕਮਾਤ ਜਗਾਈ । ਬੇਮੁਖ ਵੇਖਣ ਪ੍ਰਭ ਨਜ਼ਰ ਨਾ ਆਈ । ਸਿੱਖ ਪੇਖਣ ਪ੍ਰਭ ਹਿਰਦੇ ਰਿਹਾ ਸਮਾਈ । ਗੁਰਸਿਖ ਸਾਚੇ ਲੇਖ ਲਿਖਾਈ । ਦੇਵੇ ਦਰਸ਼ਨ ਸੁੱਤਿਆਂ ਦੇ ਉਠਾਈ । ਕਲਜੁਗ ਪਰਗਟੇ ਭੇਖੀ ਭੇਖਣ, ਸਵੱਛ ਸਰੂਪ ਪ੍ਰਭ ਦੇ ਦਰਸਾਈ । ਮਹਾਰਾਜ ਸ਼ੇਰ ਸਿੰਘ ਪ੍ਰਭ ਸਾਚਾ ਵੇਖ, ਬੇਮੁਖ ਭੁੱਲਿਆਂ ਕਲ ਵੇਲਾ ਹੱਥ ਨਾ ਆਈ । ਕਲਜੁਗ ਜਾਏ ਜਿਉਂ ਰੈਣ ਵਿਹਾਈ । ਕਲਜੁਗ ਅੰਧੇਰ ਮੁਖ ਗਿਆ ਛੁਪਾਈ । ਸਚ ਪਰਕਾਸ਼ ਪ੍ਰਭ ਜੋਤ ਕਰਾਏ । ਕੋਟ ਸਸ ਪ੍ਰਭ ਜੋਤ ਚਮਤਕਾਏ । ਪ੍ਰਭ ਆਪ ਆਪ ਵਸ, ਕਿਸੇ ਹੱਥ ਨਾ ਆਏ । ਗੁਰਸਿਖਾਂ ਸ਼ਬਦ ਸਾਚਾ ਰਸ, ਪਰਗਟ ਜੋਤ ਪ੍ਰਭ ਦਰਸ ਦਿਖਾਏ । ਬੇਮੁਖ ਜਾਏ ਦਰ ਤੇ ਨੱਸ, ਸੋਹੰ ਸ਼ਬਦ ਪ੍ਰਭ ਰਸਨ ਲਿਖਾਏ । ਅੰਤਮ ਕਾਲ ਕਲ ਹੋਈ ਬਸ, ਸਤਿਜੁਗ ਸਾਚਾ ਪ੍ਰਭ ਦੇ ਲਗਾਏ । ਮਹਾਰਾਜ ਸ਼ੇਰ ਸਿੰਘ ਸਭ ਕੁਛ ਤੇਰੇ ਵਸ, ਆਦਿ ਅੰਤ ਤੇਰਾ ਕੋਈ ਭੇਵ ਨਾ ਪਾਏ । ਆਦਿ ਅੰਤ ਪ੍ਰਭ ਕਾ ਕੋਈ ਨਾ ਜਾਣੇ । ਆਪਣੀ ਮਹਿੰਮਾ ਪ੍ਰਭ ਆਪ

ਵਖਾਣੇ । ਕਲਜੁਗ ਭੁੱਲੇ ਜੀਵ ਜੰਤ ਅੰਞਾਣੇ । ਜੋਤ ਸਰੂਪ ਭੁੰਨੇ ਜਿਉਂ ਭਠਿਆਲੇ ਦਾਣੇ । ਜੀਵ ਜੰਤ ਕੁਰਲਾਏ ਕਰਨ ਹਾਏ ਹਾਏ, ਚਲੇ ਨਾ ਗੁਰ ਕੇ ਭਾਣੇ । ਧਰਮ ਰਾਏ ਦੇ ਸਜਾਏ, ਅੰਤਕਾਲ ਵਿਚ ਨਰਕ ਸਮਾਣੇ । ਕੋਈ ਨਾ ਬਚੇ ਸਭ ਰਾਜੇ ਰਾਣੇ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨਾਈ, ਗੁਰਸਿਖ ਦਰ ਨਿਮਾਣ ਨਿਮਾਣੇ । ਗੁਰਸਿਖ ਜੋਤ ਜਗ ਚੰਦ ਚਾਨਣਾ । ਸੋਹੰ ਸ਼ਬਦ ਸੰਗ ਜਗਤ ਸਭ ਬਾਨਣਾ । ਗੁਰਸਿਖਾਂ ਪ੍ਰਭ ਤੋੜੇ ਕਾਲ ਅੰਤ ਸਭ ਭਾਨਣਾ । ਨਿਹਕਲੰਕ ਅਵਤਾਰ ਜੁਗ ਚਾਰ ਹੋਏ ਅਰਾਧਣਾ । ਧਰਮ ਕੁਕਰਮ ਵਿਚਾਰ, ਕਲਜੁਗ ਪ੍ਰਭ ਅੰਤ ਸਾਧਣਾ । ਬੇਮੁਖਾਂ ਹੋਏ ਧ੍ਰਿਗਕਾਰ, ਜਿਨ ਸੋਹੰ ਵੱਜੇ ਨਾ ਨਾਦਣਾ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਸਾਧ ਸੰਗਤ ਮਿਲ ਰਸਨਾ ਅਰਾਧਣਾ । ਰਸਨਾ ਸਿਮਰ ਪਰਮ ਪਦ ਪਾਏ । ਗੁਰਸਿਖ ਮਰੇ ਨਾ ਆਵੇ ਜਾਏ । ਜੋਤ ਸਰੂਪ ਪ੍ਰਭ ਵਿਚ ਲੈ ਜੋਤ ਮਿਲਾਏ । ਅਚਰਜ ਜੋਤ ਵਿਚ ਅਚਰਜ ਲੈ ਸਮਾਏ । ਸਚਖੰਡ ਪ੍ਰਭ ਗੁਰਸਿਖ ਪੁਚਾਏ । ਦਰ ਦਰਬਾਨ ਹੋ ਮਹਾ ਸੁਖ ਪਾਏ । ਜਿਉਂ ਸਵਰਨ ਧ੍ਰੂ ਘਰ ਜਾਏ । ਆਪ ਅਪਰੰਪਰ ਖੇਲ ਰਚਾਏ । ਲੋਕ ਤੀਨ ਪ੍ਰਭ ਬਣਤ ਬਣਾਏ । ਜੋਤ ਸਰੂਪ ਸਰਬ ਰਿਹਾ ਸਮਾਏ । ਖੰਡ ਬ੍ਰਹਿਮੰਡ ਪ੍ਰਭ ਦੇ ਉਲਟਾਏ । ਬ੍ਰਹਮਾ ਜਾਏ ਮਾਣ, ਸਿੰਘ ਪਾਲ ਪ੍ਰਭ ਆਪ ਵਡਿਆਏ । ਸਚ ਸ਼ਬਦ ਕਰ ਪਛਾਣ, ਸਤਿ ਪੁਰਖ ਪ੍ਰਭ ਆਪ ਉਪਜਾਏ । ਗੁਰਚਰਨ ਸੇਵ ਮਿਲੇ ਵਡਿਆਈ, ਉਤਮ ਨਾਮ ਜਗਤ ਰਹਿ ਜਾਏ । ਸਾਚੀ ਜੋਤ ਪ੍ਰਭ ਦੇਹ ਬੁਝਾਈ, ਅਗਿਆਨ ਅੰਧੇਰ ਦੇਹ ਗਵਾਏ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨਾਈ ਜੋ ਜਨ ਆਏ, ਜਨਮ ਮਰਨ ਦਾ ਫੰਦ ਕਟਾਏ । ਦੇ ਦਰਸ ਪ੍ਰਭ ਲਾਏ ਨਾ ਦੇਰ । ਲੱਖ ਚੁਰਾਸੀ ਜਗਤ ਕਾ ਗੇੜ । ਗੁਰਸਿਖ ਵਾਸ ਹੋਏ ਨਾ ਗਰਭ ਫੇਰ । ਮਹਾਰਾਜ ਸ਼ੇਰ ਸਿੰਘ ਕਰੇ ਕਲਜੁਗ ਗੁਰਸਿਖਾਂ ਮਿਹਰ । ਕਰੇ ਮਿਹਰਵਾਨ ਮਿਹਰ ਮਿਹਰਵਾਨਾ । ਜੋਤ ਪਰਗਟਾਈ ਕਲ ਵਿਸ਼ਨੂੰ ਭਗਵਾਨਾ । ਭੇਤ ਰਖਾਈ ਨਾ ਜਾਨਣ ਮੂਰਖ ਮੁਗਧ ਅੰਞਾਣਾ । ਜੋਤ ਪਰਗਟਾਈ ਵਿਚ ਗੁਰਸਿਖ ਮਹਾਨਾ । ਕਲਜੁਗ ਪ੍ਰਭ ਦਰਸ ਦਿਖਾਈ, ਜੋਤ ਸਰੂਪ ਬਿਧਨਾਨਾ । ਸੋਹੰ ਸ਼ਬਦ ਧੁਨ ਵਜਾਈ, ਆਤਮ ਗਿਆਨ ਪ੍ਰਭ ਗੋਝ ਮਿਟਾਨਾ । ਕਲਜੁਗ ਭੁੱਲੀ ਸਰਬ ਲੋਕਾਈ, ਪੂਰਾ ਸਤਿਗੁਰ ਨਹੀਂ ਪਛਾਣਾ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਕਲਜੁਗ ਪਹਿਨਿਆ ਕਲੰਕਨਿਹ ਜਾਮਾ । ਨਿਹਕਲੰਕ ਪ੍ਰਭ ਨਿਰਾਹਾਰੀ । ਜੋਤ ਸਰੂਪ ਪ੍ਰਭ ਜੋਤ ਆਧਾਰੀ । ਕਲਜੁਗ ਪਰਗਟੇ ਆਪ ਵਡ ਭੂਪ, ਗੁਰਸਿਖਾਂ ਆਪ ਪ੍ਰਭ ਪੈਜ ਸਵਾਰੀ । ਪ੍ਰਭ ਸਾਚਾ ਜਿਸ ਰੰਗ ਨਾ ਰੂਪ, ਜੋਤ ਸਰੂਪ ਆਪ ਨਿਰੰਕਾਰੀ । ਗੁਰਸਿਖ ਤਾਰੇ ਵਿਚ ਅੰਧ ਕੂਪ, ਬੇਮੁਖ ਦੁਸ਼ਟ ਪ੍ਰਭ ਆਪ ਸੰਘਾਰੀ । ਮਹਾਰਾਜ ਸ਼ੇਰ ਸਿੰਘ ਤੇਰਾ ਸਵੱਛ ਸਰੂਪ, ਕੋਈ ਨਾ ਜਾਣੇ ਪ੍ਰਭ ਗਿਰਧਾਰੀ । ਜੋਤ ਸਰੂਪ ਪ੍ਰਭ ਸਾਚਾ ਗੁਰ । ਮੇਲ ਮਿਲਾਏ ਕਲ ਜਿਨ ਲਿਖਿਆ ਧੁਰ । ਪੀ ਅੰਮ੍ਰਿਤ ਬੂੰਦ ਜੀਵ ਹੋਏ ਅਸੁਰ ਸੁਰ । ਬਾਲ ਅਵਸਥਾ ਡੰਕ ਵਜਾਇਆ ਅਨੰਦਪੁਰ । ਨਿਹਕਲੰਕ ਆਇਆ ਮਨੀ ਸਿੰਘ ਸੁਣਾਇਆ, ਫੇਰ ਨਜ਼ਰ ਨਾ ਆਵੇ ਮੁਰ । ਨੀਲਾ ਚੋਗ ਰੰਗਾਇਆ, ਗਲ ਮਹਾਰਾਜ ਸ਼ੇਰ ਸਿੰਘ ਪਾਇਆ, ਨਾਮ ਅਮਾਮ ਮਹਿਦੀ ਰਖਾਇਆ, ਸੇਵਾ ਕਰਨ ਦਰ ਹੁਰ । ਸ਼ਬਦ ਸੰਗ ਬਾਂਧੇ ਸਭ ਟੂਣੇ ਹਾਰ । ਜਪ ਤਪ ਸਭ ਭੂਤ ਪਲੀਤ ਦਰ ਹੋਈ ਖੁਆਰ । ਬੇਮੁਖ ਧੁਰ ਆ ਗਿਆ ਜਨਮ ਹਾਰ । ਸਚ ਨਾ ਪਛਾਣੇ ਮੂਰਖ ਮੁਗਧ ਗਵਾਰ । ਸਦ ਨਾ ਰਹਿਣਾ ਸਭ ਚਲਣੇਹਾਰ । ਅੰਤ ਚਲਣਾ ਜਿਉਂ ਵਹਿੰਦੇ ਵਹਿਣਾ, ਬੇੜਾ ਨਾ ਉਰਾਰ ਨਾ ਪਾਰ । ਮਹਾਰਾਜ ਸ਼ੇਰ ਸਿੰਘ ਸ਼ਬਦ ਸੰਗ ਮਾਰੇ, ਪਾਪੀ ਜੀਵ ਕਲਜੁਗ ਹੋਏ ਖੁਆਰ । ਦਰ ਵਾਟ ਮਾਰੇ ਅਮਕਾ ਕਾਜ਼ੀ ।

ਦੁਖੀ ਜੀਵ ਹੋਏ ਦਰ ਸਭ ਰਾਜੀ । ਬਖ਼ਸ਼ੇ ਆਪ ਜਿਸ ਸ੍ਰਿਸ਼ਟ ਸਭ ਸਾਜੀ । ਰਾਖੇ ਲਾਜ ਸ਼ਰਨ ਪੜੇ ਦੀ ਲਾਜੀ । ਬੇਮੁਖ ਹਾਰ ਚਲੇ ਜਨਮ ਮਾਣਸ ਬਾਜੀ । ਮਹਾਰਾਜ ਸ਼ੇਰ ਸਿੰਘ ਸੱਚਾ ਤੇਰਾ ਨਾਉਂ, ਸੱਚਾ ਆਪ ਸ੍ਰਿਸ਼ਟ ਜਿਨ ਸਾਜੀ । ਹੀਏ ਵਸੇ ਆਪ ਪ੍ਰਭ ਅਵਲੜਾ । ਬੈਠਾ ਅਡੋਲ ਵਿਚ ਦੇਹ ਇਕੱਲੜਾ । ਸੁਰਤ ਪ੍ਰਭ ਫੜਾਵੇ ਪਲੜਾ । ਵਿਚ ਵਸੇ ਪ੍ਰਭ ਭੂਪ, ਮਹਾਰਾਜ ਸ਼ੇਰ ਸਿੰਘ ਸ਼ਰਨ ਲਗ ਕਲਜੁਗ ਅਲ੍ਹੜਾ । ਸੁਰਤ ਸ਼ਬਦ ਦੋਏ ਇਕ ਦੇਹ ਹੋਏ । ਗੁਰ ਭਗਤ ਦੋਏ ਇਕ ਜੋਤ ਬਿਲੋਏ । ਜੋਤ ਸਰੂਪ ਵਸੇ ਤ੍ਰੈਲੋਏ । ਮਹਾਰਾਜ ਸ਼ੇਰ ਸਿੰਘ ਜੋ ਕਲ ਕਰੇ ਸੋ ਆਗੇ ਹੋਏ । ਸਚ ਰਥਵਾਹੀ ਆਵੇ ਪ੍ਰਭ ਜਗਤ । ਬਾਂਹੋਂ ਪਕੜ ਗੁਰ ਤਾਰੇ ਭਗਤ । ਸੋਹੰ ਸ਼ਬਦ ਚਲਾਏ ਆਇਆ ਸਤਿਜੁਗ ਵਕਤ । ਚਰਨੀਂ ਲਗਾਏ ਰਾਣੇ ਮਹਾਰਾਣੇ ਵਿਚ ਮਾਂਹ ਕੱਤਕ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਚ ਹੋਏ ਤੇਰੀ ਲਿਖਤ । ਈਸ਼ਰ ਵਾਕ ਜਗਤ ਭਏ ਬਾਣੀ । ਭਗਤ ਉਧਾਰਨ ਪ੍ਰਭ ਰਸਨ ਵਖਾਣੀ । ਸੋਹੰ ਸ਼ਬਦ ਪ੍ਰਭ ਨਾਉਂ ਸਚ ਵਖਾਣੀ । ਮਹਾਰਾਜ ਸ਼ੇਰ ਸਿੰਘ ਤੇਰੀ ਜੋਤ, ਗੁਰਮੁਖ ਕਲਜੁਗ ਪਛਾਣੀ । ਗੁਣ ਦਾਤਾ ਗਹਿਰ ਗੰਭੀਰ । ਗੁਰਸਿਖਾਂ ਆਤਮ ਸ਼ਾਂਤ ਤਨ ਮਨ ਸਰੀਰ । ਬੁਧ ਬਿਬੇਕ ਉਤਮ ਉਜਲ ਜਿਉਂ ਚਿੱਟਾ ਸੀਰ । ਵਡ ਵਡਿਆਈ ਦੇ ਗੁਰਸਿਖਾਂ ਜਿਉਂ ਭਗਤ ਕਬੀਰ । ਅੰਮ੍ਰਿਤ ਮੇਘ ਨਿਝਰੋਂ ਬਰਸਾਵੇ, ਜਿਉਂ ਜਲ ਧਾਰਾ ਨੀਰ । ਕਲਜੁਗ ਪਰਗਟਿਓ ਨਿਹਕਲੰਕ ਵਡ ਦਾਤਾ, ਸਿਰ ਪੀਰਾਂ ਪੀਰ । ਕਲਜੁਗ ਮਾਣ ਗਵਾਏ, ਲਾਹੇ ਸਿਰ ਤੋਂ ਚੀਰ । ਚਾਰ ਕੁੰਟ ਅਗਨ ਜਲਾਏ, ਸੋਹੰ ਸ਼ਬਦ ਚਲਾਇਆ ਪ੍ਰਭ ਤੀਰ । ਵਿਚ ਸੰਸਾਰ ਹੋਵੇ ਹਾਹਾਕਾਰ, ਬੇਮੁਖਾਂ ਦੇਵੇ ਕੋਈ ਨਾ ਧੀਰ । ਮਹਾਰਾਜ ਸ਼ੇਰ ਸਿੰਘ ਸਚ ਸੋਹੰ ਸ਼ਬਦ ਗੁਰਸਿਖਾਂ ਮਾਰੇ ਹਉਮੇ ਪੀਰ । ਪ੍ਰਭ ਜੋਤ ਜਗਾਵੇ ਵਿਚ ਚਹੁੰ ਵਰਨਾਂ । ਰਾਓ ਰੰਕ ਇਕ ਪ੍ਰਭ ਕਰਨਾ । ਅਭਿਮਾਨ ਕਲਜੁਗ ਸਭ ਨਿਵਰਨਾ । ਗੁਰਚਰਨ ਲਾਗ ਭਵ ਜਲ ਤਰਨਾ । ਗੁਰਸਿਖਾਂ ਅੰਤਕਾਲ ਜਮ ਡੰਡ ਨਾ ਭਰਨਾ । ਵਿਚ ਬਬਾਣ ਬਿਠਾਏ ਪ੍ਰਭ ਧਰਨੀ ਧਰਨਾ । ਨਰ ਨਰਾਇਣ ਲੈ ਜਾਏ ਵਿਚ ਚਰਨ ਸਰਨਾ । ਜੀਵ ਜੋਤ ਸਰੂਪ ਹੈ ਅੰਤ ਜੋਤ ਪ੍ਰਭ ਕਰਨਾ । ਮਹਾਰਾਜ ਸ਼ੇਰ ਸਿੰਘ ਆਤਮ ਗਿਆਨ, ਸੋਹੰ ਸ਼ਬਦ ਵਿਚ ਤਨ ਮਨ ਭਰਨਾ । ਜਗਤ ਵਣਜਾਰਾ ਹੋ ਕੇ ਦਰ ਸਾਚਾ ਪਾਈਏ । ਮਨ ਕਾ ਸੂਤਕ ਧੋ ਕੇ, ਆਤਮ ਜੋਤ ਗੁਰਦਰ ਜਗਾਈਏ । ਨੈਣੀ ਪੂਰਾ ਤੋਲ ਕੇ, ਫਿਰ ਗੁਰਚਰਨ ਲਗ ਜਾਈਏ । ਝੂਠਾ ਭੇਖ ਵੇਖ, ਜੀਵ ਭੁੱਲ ਨਾ ਜਾਈਏ । ਵੱਡਾ ਸਤਿਗੁਰ ਜਗਤ ਗੁਰ ਪਛਾਣ ਕੇ, ਸੱਚਾ ਨਿਹੁੰ ਲਾਈਏ । ਜਿਤ ਮਨ ਗਿਆਨ ਨਾ ਉਪਜੇ, ਤਿਤ ਮੁਖ ਥੁੱਕਾਂ ਪਾਈਏ । ਜੋਤ ਸਰੂਪ ਵਿਚ ਸਿੱਖ ਸਮਾਏ, ਨਾੜੀ ਬਹੱਤਰ ਨਾ ਚਲਨੇ ਪਾਈਏ । ਬਾਂਹੋਂ ਪਕੜ ਭੁਲੇਖਾ ਲਾਹੀਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਜਗਤ ਭੁਲੇਖੇ ਭੁੱਲ ਨਾ ਜਾਈਏ । ਜੋਤ ਸਰੂਪ ਵਸੇ ਵਿਚ ਵਰਭੰਡਾ । ਕਲਜੁਗ ਜੀਵ ਵਿਚ ਹਉਮੇ ਕੰਡਾ । ਬਿਨ ਪ੍ਰਭ ਦਰਸ ਜੀਵ ਆਤਮ ਰੰਡਾ । ਸੋਹੰ ਸ਼ਬਦ ਚਲੇ ਕਲਜੁਗ ਦੋ ਧਾਰੀ ਖੰਡਾ । ਤ੍ਰੈਲੋਕੀ ਨਾਥ ਜੋਤ ਜਗਾਏ ਖੰਡ ਬ੍ਰਹਿਮੰਡਾਂ । ਸੋਹੰ ਨਾਮ ਕਲਜੁਗ ਆਏ, ਸਾਧ ਸੰਗਤ ਵਿਚ ਵੰਡਾ । ਬੇਮੁਖ ਹਲਕਾਏ ਦਰ ਦਰ ਧੱਕੇ ਕਲ ਵਿਚ ਖਾਏ, ਧਰਮ ਰਾਏ ਲਾਏ ਸਿਰ ਡੰਡਾ । ਮਹਾਰਾਜ ਸ਼ੇਰ ਸਿੰਘ ਸਰਬ ਗੁਣ ਵਰਤੇ, ਕਲਜੁਗ ਬੇਮੁਖਾਂ ਦੇਵੇ ਡੰਡਾ ।

੨੭੭
੦੧

❋ ੨੫ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❋

ਜਗਤ ਪਿਤ ਪਤ ਪਤਵੰਤੇ । ਕਲਜੁਗ ਮਾਇਆ ਪਾਈ ਪ੍ਰਭ ਬੇਅੰਤੇ । ਬੈਠਾ ਅਡੋਲ ਆਪ ਇਕੰਤੇ । ਕੋਈ ਗੁਰਮੁਖ ਜਾਣੇ ਵਿਰਲਾ ਸਾਧ ਸੰਤੇ । ਸੋਹੰ ਸ਼ਬਦ ਗੁਰ ਸਾਚਾ ਮੰਤੇ । ਰਸਨਾ ਜਪ ਹੋਏ ਭਗਤ ਭਗਵੰਤੇ । ਜੋਤ ਸਰੂਪ ਕਲ ਮਾਰੇ ਸਰਬ ਦੇਵ ਦੰਤੇ । ਭੁੱਲੇ ਜੀਵ ਵਿਚ ਕਲ ਜਿਸ ਬਣਾਈ ਬਣਤੇ । ਕੋਏ ਨਾ ਮੇਟੇ ਨਿਹਕਲੰਕ ਭਾਣਾ ਵਰਤੰਤੇ । ਰਸਨਾ ਵਿਕਾਰੀ ਹੋਏ ਜੀਵ ਜੰਤੇ । ਮਹਾਰਾਜ ਸ਼ੇਰ ਸਿੰਘ ਘਰ ਸਾਚਾ ਕੰਤੇ । ਸਚ ਪ੍ਰਭ ਸਚ ਵਸਣੇਹਾਰਾ । ਭੈ ਭੰਜਨ ਸਮਰਥ ਪ੍ਰਭ ਆਪ ਨਿਰੰਕਾਰਾ । ਬੈਠਾ ਆਪ ਅਡੋਲ ਦੇਵੇ ਜੀਵ ਅਧਾਰਾ । ਮਹਾਰਾਜ ਸ਼ੇਰ ਸਿੰਘ ਪਰਗਟ ਕੀਓ ਸਰਬ ਸੰਸਾਰਾ । ਆਪ ਅਭੁੱਲ ਭੁੱਲ ਸਭ ਭੁਲਣੇਹਾਰਾ । ਆਪ ਅਤੁਲ ਅਤੋਲ, ਸ੍ਰਿਸ਼ਟ ਪ੍ਰਭ ਤੋਲਣਹਾਰਾ । ਸੋਹੰ ਸ਼ਬਦ ਸਾਚਾ ਮੁਖ ਬੋਲ, ਆਤਮ ਦੇਹ ਹੋਏ ਉਜਿਆਰਾ । ਜੀਵ ਦ੍ਰਿਸ਼ਟ ਪ੍ਰਭ ਦੇਵੇ ਖੋਲ੍ਹ, ਕਰੇ ਜੋਤ ਦੇਹ ਆਕਾਰਾ । ਅਨਹਦ ਸ਼ਬਦ ਮਨ ਵਜਾਏ ਢੋਲ, ਝਨ ਝਨ ਦੇਹ ਹੋਏ ਝਨਕਾਰਾ । ਅੰਮ੍ਰਿਤ ਬੂੰਦ ਕਵਲ ਮੇਂ ਡੋਲ੍ਹ, ਖੋਲ੍ਹ ਦੇਵੇ ਪ੍ਰਭ ਦਸਮ ਦਵਾਰਾ । ਕਰੇ ਦਰਸ ਪ੍ਰਭ ਜੋਤ ਅਮੋਲ, ਨਜ਼ਰੀ ਆਵੇ ਆਪ ਏਕੰਕਾਰਾ । ਜੋਤ ਸੰਗ ਪ੍ਰਭ ਦੇਵੇ ਮੇਲ, ਜੋਤ ਸਰੂਪ ਹੋਵੇ ਜੀਵ ਆਧਾਰਾ । ਮਹਾਰਾਜ ਸ਼ੇਰ ਸਿੰਘ ਘਰ ਤੇਰਾ ਖੇਲ, ਖੇਲ ਗਿਆ ਲੈ ਨਿਹਕਲੰਕ ਅਵਤਾਰਾ । ਨਿਹਕਲੰਕ ਕੋਈ ਭੇਵ ਨਾ ਜਾਣੇ । ਜੋਤ ਸਰੂਪ ਘਰ ਪਰਗਟੇ, ਭੁੱਲੇ ਜੀਵ ਅੰਞਾਣੇ । ਬੇਮੁਖ ਕਲਜੁਗ ਮਰ ਮਿਟੇ, ਗੁਰ ਸ਼ਬਦ ਨਾ ਪਛਾਣੇ । ਮਹਾਰਾਜ ਸ਼ੇਰ ਸਿੰਘ ਸਿੱਖ ਸਾਚਾ, ਜੋ ਕਰ ਚਲੇ ਤੇਰੇ ਭਾਣੇ । ਪ੍ਰਭ ਕੀ ਜੋਤ ਸਦ ਅਨੇਕਾ । ਏਕੰਕਾਰ ਜਗਤ ਪਿਤ ਏਕਾ । ਸੋਹੰ ਸ਼ਬਦ ਰੱਖੋ ਮਨ ਟੇਕਾ । ਆਤਮ ਨਿਰਮਲ ਹੋਵੇ ਬੁਧਿ ਬਿਬੇਕਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਗੁਰ ਏਕਾ । ਜੋਤ ਸਰੂਪ ਪ੍ਰਭ ਜੋਤ ਪਰਗਟਾਈ । ਜੁਗ ਚੌਥੇ ਅਚਰਜ ਖੇਲ ਰਚਾਈ । ਬੈਠ ਅਡੋਲ ਸਭ ਸ੍ਰਿਸ਼ਟ ਡੁਲਾਈ । ਖੰਡ ਬ੍ਰਹਿਮੰਡ ਪ੍ਰਭ ਦੇ ਉਲਟਾਈ । ਤੀਨ ਲੋਕ ਪ੍ਰਭ ਜੋਤ ਜਗਾਈ । ਵਿਚ ਆਕਾਸ਼ ਹੋਵੇ ਰੁਸ਼ਨਾਈ । ਵਿਚ ਪਾਤਾਲ ਬਾਸ਼ਕ ਸੇਜ ਪ੍ਰਭ ਆਸਣ ਲਾਈ । ਨੈਣ ਮੁਧਾਰ ਪਿਆ ਰਘੁਰਾਈ । ਵਿਚ ਮਾਤ ਘਰ ਜੋਤ ਜਗਾਈ । ਬੇਮੁਖਾਂ ਹਰਿ ਸਾਰ ਨਾ ਪਾਈ । ਗੁਰਸਿਖਾਂ ਸ਼ਬਦ ਧੁਨ ਵਜਾਈ । ਅਨੰਦ ਬਿਨੋਦ ਪ੍ਰਭ ਨਜ਼ਰੀ ਆਈ । ਅੰਮ੍ਰਿਤ ਬੂੰਦ ਸਿੱਖ ਚਾਤਰਕ ਮੁਖ ਪਾਈ । ਸੋਹੰ ਰੰਗਣ ਤਨ ਮਨ ਚੜ੍ਹਾਈ । ਉਪਜੇ ਗਿਆਨ ਸਚ ਦੀਪਕ ਦੇਹ ਜਗਾਈ । ਬੇਮੁਖਾਂ ਘਰ ਹਾਹਾਕਾਰ, ਗੁਰਸਿਖਾਂ ਘਰ ਜੈ ਜੈ ਜੈਕਾਰ ਕਰਾਈ । ਕਲਜੁਗ ਲੈ ਅਵਤਾਰ, ਭਗਤ ਜਨਾਂ ਹਰਿ ਮੇਲ ਮਿਲਾਈ । ਦੁਆਪਰ ਜਿਉਂ ਕ੍ਰਿਸ਼ਨ ਮੁਰਾਰ, ਨਿਮਾਣਿਆਂ ਸਿਰ ਹੱਥ ਟਿਕਾਈ । ਤ੍ਰੇਤਾ ਪਰਗਟ ਰਾਮ ਅਵਤਾਰ, ਦੈਂਤ ਦਹਿਸਰ ਘਾਈ । ਕਲਜੁਗ ਲੈ ਅਵਤਾਰ, ਨਿਹਕਲੰਕ ਨਾਮ ਰਖਾਈ । ਗੁਰਸਿਖ ਨਾ ਹੋਏ ਖੁਆਰ, ਅੰਤਕਾਲ ਪ੍ਰਭ ਹੋਏ ਸਹਾਈ । ਦੇਵੇ ਦਰਸ ਆਪ ਮੁਰਾਰ, ਵਿਚ ਬਬਾਣ ਗੁਰਮੁਖ ਬਿਠਾਈ । ਗੁਰਸਿਖ ਜਾਵੇ ਸਚ ਦਰਬਾਰ, ਜਿਥੇ ਬੈਠਾ ਪ੍ਰਭ ਜੋਤ ਜਗਾਈ । ਗੁਰਸਿਖਾਂ ਥਾਂਏਂ ਬੈਕੁੰਠ ਧਾਮ, ਪੌਣ ਉਨੰਜਾ ਸਿਰ ਛਤਰ ਝੁਲਾਈ । ਆਪ ਅਡੋਲ ਜੋਤ ਨਾ ਡੋਲੇ, ਜੋਤ ਸਦਾ ਪ੍ਰਭ ਡਗਮਗਾਈ । ਪ੍ਰਭ ਕਾ ਰੂਪ ਅਗੰਮ ਅਪਾਰ, ਪ੍ਰਭ ਕੀ ਜੋਤ ਲਖੀ ਨਾ ਜਾਈ । ਜੇਵਡ ਆਪ ਤੇਵਡ ਦਾਤ, ਕਿਸੇ ਗੁਰਮੁਖ ਬੂਝ ਬੁਝਾਈ । ਗੁਰਸਿਖ ਪੂਰਾ ਜਾਣੇ ਨਾ ਦਿਨ ਰਾਤ, ਆਤਮ ਜੋਤ ਪ੍ਰਭ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਲਿਖਾਏ ਉਤਮ ਜਾਤ, ਜਿਨ ਪ੍ਰੀਤ ਗੁਰਚਰਨ

ਲਗਾਈ । ਜੋਤ ਸਰੂਪ ਪ੍ਰਭ ਧਰਨੀ ਧਰਨਾ । ਕਲਜੁਗ ਪਰਗਟੇ ਚਾਰ ਵਰਨ ਪ੍ਰਭ ਇਕ ਕਰਨਾ । ਰਾਓ ਰੰਕ ਸਭ ਸਰਨੀ ਪੜਨਾ । ਪ੍ਰਭ ਅਭਿਮਾਨ ਸਭ ਦਾ ਹਰਨਾ । ਗੁਰਚਰਨ ਲਾਗ ਕਲਜੁਗ ਤਰਨਾ । ਬੇਮੁਖਾਂ ਡੰਨ ਧਰਮ ਰਾਜ ਦਾ ਭਰਨਾ । ਨੈਣ ਦਰਸ ਕਰ ਹੋਏ ਨਾ ਮਰਨਾ । ਮਹਾਰਾਜ ਸ਼ੇਰ ਸਿੰਘ ਚਰਨ ਲਾਗ ਜੀਵ ਜਗ ਦੁਤਰ ਤਰਨਾ । ਤਾਰੇ ਆਪ ਪ੍ਰਭ ਤਾਰਨਹਾਰਾ । ਸਰਬ ਸ੍ਰਿਸ਼ਟ ਵਿਚ ਵਸਣੇਹਾਰਾ । ਆਪਣੇ ਰੰਗ ਰਵੇ ਕਰਤਾਰਾ । ਜੁਗੋ ਜੁਗ ਪ੍ਰਭ ਲੈ ਅਵਤਾਰਾ । ਵਲ ਛਲ ਕਰੇ ਪ੍ਰਭ ਗਿਰਧਾਰਾ । ਸ੍ਰਿਸ਼ਟ ਸਾਰੀ ਹੋਏ ਖੁਆਰਾ । ਬੇਮੁਖ ਹੋਏ ਜਿਨ ਸੋਹੰ ਸ਼ਬਦ ਵਿਸਾਰਾ । ਕਲਜੁਗ ਰੋਏ ਜੀਵ ਨਾ ਜਾਣੇ ਪਰਗਟੀ ਜੋਤ ਨਿਰੰਕਾਰਾ । ਗੁਰਸਿਖ ਦੁਬਧਾ ਮੈਲ ਪ੍ਰਭ ਧੋਏ, ਆਤਮ ਜੋਤ ਕਰ ਚਮਤਕਾਰਾ । ਮਹਾਰਾਜ ਸ਼ੇਰ ਸਿੰਘ ਘਰ ਪਰਗਟ ਹੋਏ, ਸੋਹੰ ਸ਼ਬਦ ਖੋਲ੍ਹ ਦਿਤਾ ਭੰਡਾਰਾ । ਓਅੰ ਆਪ ਪ੍ਰਭ ਅੰਤਰਜਾਮੀ । ਮਦਸੂਧਨ ਦਾਮੋਦਰ ਸਵਾਮੀ । ਸੋਹੰ ਸ਼ਬਦ ਪ੍ਰਭ ਬਖ਼ਸ਼ੇ ਘਰ ਜਗਤ ਸਵਾਮੀ । ਜੋਤ ਸਰੂਪ ਸਰਬ ਵਸਣੇਹਾਰਾ, ਜੋਤ ਪਰਗਟੇ ਸਚ ਗੁਰ ਧਾਮੀ । ਮਹਾਰਾਜ ਸ਼ੇਰ ਸਿੰਘ ਪਤ ਰੱਖਣਹਾਰਾ, ਸੋਹੰ ਸ਼ਬਦ ਸੱਚਾ ਗੁਰ ਨਾਮੀ । ਸਾਚਾ ਗੁਰ ਸਾਚਾ ਉਪਦੇਸਾ । ਸੋਹੰ ਸ਼ਬਦ ਜਪ ਹੋਏ ਬੁਧ ਵਿਸ਼ੇਸ਼ਾ । ਜੈ ਜੈ ਜੈਕਾਰ ਕਰਾਏ ਕਰ ਅਚਰਜ ਭੇਸਾ । ਮਹਾਰਾਜ ਸ਼ੇਰ ਸਿੰਘ ਕੋਈ ਗੁਰਮੁਖ ਜਾਣੇ ਤੇਰਾ ਜੋਤ ਸਰੂਪੀ ਵੇਸਾ । ਜੋਤ ਸਰੂਪ ਨਰਾਇਣ ਨਰ । ਪਰਗਟ ਜੋਤ ਬੈਠਾ ਸਚ ਘਰ । ਜੋਤ ਸਰੂਪ ਕਲ ਆਏ ਹਰਿ । ਗੁਰਸਿਖ ਸੋਹੰ ਦਾਨ ਗੁਰ ਦਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਕਲਜੁਗ ਪਰਗਟੇ ਆਸਾ ਵਰ । ਨਿਹਕਲੰਕ ਪ੍ਰਭ ਨਾਂ ਰਖਾਇਆ । ਛੱਡ ਦੇਹ ਜਗਤ ਪਾਈ ਮਾਇਆ । ਜੋਤ ਸਰੂਪ ਵਿਚ ਸਿੱਖ ਸਮਾਇਆ । ਜੇ ਕੋਇ ਵੇਖੇ ਪ੍ਰਭ ਨਜ਼ਰ ਨਾ ਆਇਆ । ਪ੍ਰਭ ਕੇ ਭੇਸੇ ਜਗਤ ਭੁਲਾਇਆ । ਸੋਹੰ ਸ਼ਬਦ ਕਲ ਪ੍ਰਭ ਗਿਆਨ ਦਿਵਾਇਆ । ਜੋ ਜੰਤ ਸਿਮਰੇ ਤਿਨ ਪ੍ਰਭ ਨਦਰੀ ਆਇਆ । ਹਿਰਦੇ ਵਸੇ ਸਰਬ ਸੁਖ ਦਾਇਆ । ਗੁਰਮੁਖ ਨਾਉਂ ਗੁਰ ਘਰ ਤੇ ਪਾਇਆ । ਪ੍ਰਭ ਅਲਖ ਅਲੇਖ ਕਿਸੇ ਭੇਵ ਨਾ ਪਾਇਆ । ਪਰਗਟੀ ਜੋਤ ਪ੍ਰਭ ਸਾਚਾ ਵੇਖ, ਸਿੰਘ ਸਿੰਘਾਸਣ ਆਸਣ ਲਾਇਆ । ਮਹਾਰਾਜ ਸ਼ੇਰ ਸਿੰਘ ਤੇਰੇ ਦਰਸ ਹਮੇਸ਼, ਗੁਰਸਿਖਾਂ ਮਨ ਧੀਰ ਧਰਾਇਆ । ਕਰ ਦਰਸ ਮਨ ਪ੍ਰਭ ਬਾਂਧੇ ਧੀਰ । ਕਲਜੁਗ ਹਉਮੇ ਮਾਰੇ ਮਮਤਾ ਤੀਰ । ਜੋਤ ਪਰਕਾਸ਼ ਹੋਏ ਸ਼ਾਂਤ ਸਰੀਰ । ਮਹਾਰਾਜ ਸ਼ੇਰ ਸਿੰਘ ਆਤਮ ਮਾਰਿਆ ਸੋਹੰ ਤੀਰ । ਗੁਰਮੁਖ ਉਜਲ ਕਰੇ ਜਗਤ ਵਿਧਾਤਾ । ਗੁਰਮੁਖ ਗਿਆਨ ਸੋਹੰ ਸ਼ਬਦ ਗਿਆਤਾ । ਸਾਚਾ ਧਿਆਨ ਗੁਰਚਰਨ ਲਗਾਤਾ । ਕਲਜੁਗ ਮਿਲਿਆ ਮਹਾਰਾਜ ਸ਼ੇਰ ਸਿੰਘ ਜਗ ਜੀਵਣ ਦਾਤਾ । ਗੁਰਮੁਖ ਆਏ ਗੁਰ ਦਰ ਪੁਕਾਰਿਆ । ਜੋਤੀ ਜੋਤ ਸਰੂਪ ਪ੍ਰਭ ਦੇਹ ਜੋਤ ਅਧਾਰਿਆ । ਭੁੱਲ ਨਾ ਜਾਏ ਤੇਰਾ ਨਾਉਂ, ਕਲ ਆਏ ਸਰਬ ਸੰਸਾਰਿਆ । ਪ੍ਰਭ ਵਸੇ ਸਭ ਥਾਉਂ, ਜੋਤ ਸਰੂਪ ਕਲ ਦੇ ਉਜਿਆਰਿਆ । ਸਾਚਾ ਘਰ ਗੁਰਚਰਨ ਥਾਉਂ, ਚਰਨ ਲਗਾਈ ਪ੍ਰਭ ਲਗਾਵਣ ਹਾਰਿਆ । ਸੋਹੰ ਸ਼ਬਦ ਚਲਾਇਆ ਨਾਉਂ, ਕਲਜੁਗ ਡੁੱਬਾ ਵਿਚ ਮੰਝ ਧਾਰਿਆ । ਬ੍ਰਹਮ ਸਰੂਪ ਜੀਵ ਬ੍ਰਹਮ, ਪਾਰਬ੍ਰਹਮ ਜੀਵ ਕਿਉਂ ਵਸਾਰਿਆ । ਕਲਜੁਗ ਵਿਚਾਰ ਪ੍ਰਭ ਕਰਮ, ਬਾਂਹੋਂ ਪਕੜ ਤਖ਼ਤ ਉਤਾਰਿਆ । ਅਗੰਮ ਅਥਾਹ ਅਪਰ ਅਪਾਰ, ਹੰਕਾਰੀਆ ਹੰਕਾਰ ਨਿਵਾਰਿਆ । ਕਲਜੁਗ ਅਗਨ ਮਾਰੀ ਭਾਹ, ਜਲੇ ਜੀਵ ਜਿਨ ਮਨੋ ਵਿਸਾਰਿਆ । ਜੋਤ ਸਰੂਪ ਜੀਵ ਜਲਾਏ ਜਿਉਂ ਤਸ਼ਕ ਫੂੰਕਾਰਿਆ । ਚਾਰ ਕੁੰਟ ਹੋਏ ਹਾਏ ਹਾਏ, ਬੇਮੁਖਾਂ ਜਨਮ ਕਲਜੁਗ ਹਾਰਿਆ । ਗੁਰਸਿਖਾਂ ਹਰਿ ਮਿਲਿਆ ਆਏ, ਪੂਰਬ ਕਰਮ

ਪ੍ਰਭ ਆਪ ਵਿਚਾਰਿਆ । ਭਗਤ ਜਨ ਸੋਹੇ, ਜਿਨ ਪ੍ਰਭ ਦੇਵੇ ਦਰਸ ਜੋਤ ਦੀਦਾਰਿਆ । ਮਹਾਰਾਜ ਸ਼ੇਰ ਸਿੰਘ ਜੋਤ ਨਿਰਮਲ ਸੋਵੇ, ਸ੍ਰਿਸ਼ਟ ਵਕਤ ਵਿਸਾਰਿਆ । ਵਕਤ ਸੁਹਾਵਾ ਧਾਮ ਸੁਹਾਵਾ ਪ੍ਰਭ ਜੋਤ ਪਰਗਟਾਏ । ਬੇਮੁਖਾਂ ਨਜ਼ਰ ਨਾ ਆ ਕਲਜੁਗ ਬੱਧਾ ਝੂਠਾ ਦਾਅ, ਮਾਨਸ ਜਨਮ ਗਏ ਗਵਾਏ । ਗੁਰਸਿਖਾਂ ਦਰ ਮਾਣ ਦਵਾ, ਕਰ ਕਿਰਪਾ ਫੂਲਨ ਬਰਖਾ ਗੁਰਸਿਖ ਪ੍ਰੀਤ ਗੁਰਚਰਨ ਬਣ ਆਏ । ਬਾਂਹੋਂ ਪਕੜ ਬੇੜਾ ਬੰਨੇ ਲਾ, ਦਰਗਾਹ ਸਾਚੀ ਗੁਰਸਿਖ ਬਹਾ, ਨਿਹਕਲੰਕ ਪ੍ਰਭ ਅਖਵਾਵੇ । ਮਹਾਰਾਜ ਸ਼ੇਰ ਸਿੰਘ ਸੋਈ ਕਰਾਵੇ ਜੋ ਮਨ ਭਾਣਾ, ਸ਼ਬਦ ਕੋਈ ਮੋੜ ਨਾ ਪਾਏ । ਸ਼ਬਦ ਸੁਰਤ ਪ੍ਰਭ ਕੀ ਵਥ । ਜਿਸ ਪ੍ਰਭ ਦੇਵੇ ਸੋ ਪੁਰਖ ਸਮਰਥ । ਪ੍ਰਭ ਕੀ ਜੋਤ ਕਥਨਾ ਅਕੱਥ । ਕਲਜੁਗ ਪਰਗਟਿਓ ਜਿਉਂ ਰਾਮ ਪੂਤ ਦਸਰਥ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰ, ਸੋਹੰ ਨਾਮ ਦੇ ਚਲਿਆ ਵਥ । ਏਕ ਜੋਤ ਏਕ ਰੰਗ ਆਪ ਓਅੰਕਾਰ । ਸ੍ਰਿਸ਼ਟ ਉਪਾਈ ਪ੍ਰਭ ਫੁਰਨਾ ਧਾਰ । ਪ੍ਰਭ ਭੇਤ ਖੁਲ੍ਹਾਈ ਸ਼ਬਦ ਰਸਨਾ ਉਚਾਰ । ਤੀਨ ਲੋਕ ਹੋਏ ਜੈ ਜੈਕਾਰ । ਸਤਿਜੁਗ ਜੋਤ ਮਿਹਰਵਾਨ ਆਧਾਰ । ਤ੍ਰੇਤਾ ਪਰਗਟਿਓ ਰਾਮ ਅਵਤਾਰ । ਦੁਆਪਰ ਜੋਤ ਧਰੇ ਕ੍ਰਿਸ਼ਨ ਮੁਰਾਰ । ਭਗਤ ਜਨਾਂ ਹਰਿ ਪੈਜ ਸਵਾਰ । ਕਲਜੁਗ ਪਰਗਟਿਓ ਨਿਹਕਲੰਕ ਅਵਤਾਰ । ਪੁਰੀ ਘਨਕ ਹੋਏ ਜੋਤ ਆਕਾਰ । ਮਨੀ ਸਿੰਘ ਸੰਤ ਕਰੇ ਵਿਚਾਰ । ਸੋਹੰ ਸ਼ਬਦ ਧੁਨ ਵੱਜੇ ਧੁਨਕਾਰ । ਆਤਮ ਬਸੰਤ ਹੋਏ ਬਹਾਰ । ਨਜ਼ਰੀ ਆਵੇ ਮਹਾਰਾਜ ਸ਼ੇਰ ਸਿੰਘ ਪੂਰਨ ਅਵਤਾਰ । ਮਨੀ ਸਿੰਘ ਪ੍ਰਭ ਦਰਸ ਦਿਖਾਇਆ । ਬਾਂਹੋਂ ਪਕੜ ਟੁੰਬ ਉਠਾਇਆ । ਸ਼ਬਦ ਸਰੂਪ ਪ੍ਰਭ ਸ਼ਬਦ ਧੁਨ ਵਜਾਇਆ । ਰਤਨ ਰਾਗ ਪ੍ਰਭ ਹਿਰਦੇ ਵਸਾਇਆ । ਪੂਰਨ ਭਾਗ ਜਿਸ ਮਹਾਰਾਜ ਸ਼ੇਰ ਸਿੰਘ ਚਰਨ ਲਗਾਇਆ । ਸੰਤਨ ਦੇਵੇ ਪ੍ਰਭ ਵਡਿਆਈ । ਪੂਰਨ ਮਤਿ ਪ੍ਰਭ ਵਿਚ ਪਾਈ । ਖੋਲ੍ਹ ਕਪਾਟ ਬਜਰ ਪ੍ਰਭ ਦਰਸ ਦਿਖਾਈ । ਹੋਏ ਪਰਕਾਸ਼ ਨਿਰਮਲ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਦੇ ਭਗਤ ਵਡਿਆਈ । ਸੰਤਨ ਦੀਸੇ ਸਤਿ ਸਰੂਪ । ਜੋਤ ਪ੍ਰਭ ਸਦਾ ਅਨੂਪ । ਨਾ ਕੋਈ ਰੰਗ ਨਾ ਕੋਈ ਰੂਪ । ਆਪਣੀ ਮਹਿੰਮਾ ਆਪ ਜਣਾਵੇ, ਪ੍ਰਭ ਸਾਚਾ ਭੂਪ । ਕਲਜੁਗ ਆਣ ਤਰਾਵੇ, ਗੁਰਸਿਖ ਵਿਚ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ, ਕਲਜੁਗ ਮਹਿੰਮਾ ਆਪ ਲਿਖਾਵੇ, ਕਲਜੁਗ ਪ੍ਰਭ ਸਾਚਾ ਸਵੱਛ ਸਰੂਪ । ਸੰਤਨ ਪਾਈ ਮਨ ਮਤਿ ਬੁਧ । ਜੋਤ ਅਧਾਰ ਹੋਈ ਝੱਟ ਸ੍ਰਿਸ਼ਟ ਕੀ ਸੁਧ । ਕੋਈ ਨਾ ਮੇਲਣਹਾਰ ਇਕ ਪ੍ਰਭ ਬਾਝੋਂ ਤੁਧ । ਬੈਠ ਤਖ਼ਤ ਅਡੋਲ ਜੋਤ ਸਰੂਪ ਪ੍ਰਭ ਕਰਾਇਆ ਯੁੱਧ । ਮਹਾਰਾਜ ਸ਼ੇਰ ਸਿੰਘ ਗੁਰਸਿਖ ਉਜਲ, ਜਿਉਂ ਨਿਰਮਲ ਦੁੱਧ । ਮਨੀ ਸਿੰਘ ਦੇਵੇ ਪ੍ਰਭ ਵਡਿਆਈ । ਆਦਿ ਜੁਗਾਦੀ ਹੋਏ ਸਹਾਈ । ਕਵਲ ਨੈਨ ਪ੍ਰਭ ਦਰਸ ਦਿਖਾਈ । ਮੁਕਟ ਬੈਨ ਪ੍ਰਭ ਨਜ਼ਰੀ ਆਈ । ਸਾਵਲ ਸੁੰਦਰ ਪ੍ਰਭ ਭੇਖ ਵਟਾਈ । ਕਲਜੁਗ ਨਿਹਕਲੰਕ ਨਾਉਂ ਰਖਾਈ । ਮਹਾਰਾਜ ਸ਼ੇਰ ਸਿੰਘ ਚਾਰ ਕੁੰਟ ਤੇਰੇ ਨਾਮ ਦੁਹਾਈ । ਕੁੰਟ ਚਾਰ ਸੋਹੰ ਸ਼ਬਦ ਚਲਾਇਆ । ਜੋਤ ਸਰੂਪ ਜਗਤ ਡੁਲਾਇਆ । ਭਰਮ ਭੁਲੇਖੇ ਜਗਤ ਭੁਲਾਇਆ । ਮਹਾਰਾਜ ਸ਼ੇਰ ਸਿੰਘ ਤੇਰਾ ਅੰਤ ਕਲ ਬੇਮੁਖ ਨਾ ਪਾਇਆ । ਸਾਚਾ ਪ੍ਰਭ ਸਾਚਾ ਦਰਬਾਰ । ਸਚਖੰਡ ਪ੍ਰਭ ਵਸਣੇਹਾਰ । ਊਚੋ ਊਚ ਅਗੰਮ ਅਪਾਰ । ਸਾਚਾ ਪ੍ਰਭ ਨਿਰਵੈਰ ਨਿਰਾਹਾਰ । ਪ੍ਰਭ ਕੀ ਜੋਤ ਹੋਏ ਜਗਤ ਆਧਾਰ । ਸਚ ਬ੍ਰਹਿਮੰਡ ਪ੍ਰਭ ਹੋਏ ਆਕਾਰ । ਬ੍ਰਹਮਾ ਵਿਸ਼ਨ ਮਹੇਸ਼ ਪ੍ਰਭ ਖੜ੍ਹੇ ਦਰਬਾਰ । ਸ਼ਿਵ ਸ਼ੰਕਰ ਬੈਠੇ ਜਟਾ ਜੂਟ ਧਾਰ । ਦਰ ਦਰਵੇਸ਼ ਅਗੰਤ ਵਿਚਾਰ । ਦੇਵੇ ਸ਼ਬਦ ਪ੍ਰਭ ਗੁਣ ਵਿਚਾਰ । ਜੋਤ ਸਰੂਪ ਜੁਗੋ ਜੁਗ ਲਏ ਅਵਤਾਰ । ਕਲਜੁਗ ਜਾਮਾ ਘਨਕਪੁਰੀ ਵਿਚ ਧਾਰ ।

ਛੱਡੀ ਦੇਹ ਵਿਚ ਜੋਤ ਆਧਾਰ । ਜੋਤ ਪਰਗਟੀ ਵਿਚ ਗੁਰਸਿਖ ਅਪਾਰ । ਸੁਹਾਏ ਥਾਨ ਜਿਥੇ ਪ੍ਰਭ ਆਇਆ ਕਲ ਧਾਰ । ਵਿਚ ਕਲ ਮਿਲੇ ਵਡਿਆਈ, ਕਰ ਚਰਨ ਨਿਮਸਕਾਰ । ਹੋਵੇ ਸਹਾਈ ਪ੍ਰਭ ਅਨਕ ਬਾਰ । ਮਹਾਰਾਜ ਸ਼ੇਰ ਸਿੰਘ ਤੇਰੇ ਨਾਮ ਦੁਹਾਈ, ਕਲਜੁਗ ਭੁੱਲਾ ਸਰਬ ਸੰਸਾਰ । ਭਗਤ ਜਨ ਹਰਿ ਪ੍ਰਭ ਤਾਰੇ । ਦਰ ਘਰ ਆਏ ਹਰਿ ਪੈਜ ਸਵਾਰੇ । ਧ੍ਰੂ ਭਗਤ ਸੋਹੇ ਦਰਬਾਰੇ । ਪ੍ਰਹਿਲਾਦ ਤਰਾਏ ਨਰ ਸਿੰਘ ਲੈ ਅਵਤਾਰੇ । ਅੰਬਰੀਕ ਪੈਜ ਰਖਾਏ ਦੁਰਬਾਸ਼ਾ ਹੰਕਾਰੇ । ਬਲ ਘਰ ਮੰਗਣ ਆਏ ਕਰ ਪ੍ਰਭ ਭੇਖ ਭਿਖਾਰੇ । ਤਰਿਆ ਜਨਕ ਓਟ ਇਕ ਨਾਮ ਅਧਾਰੇ । ਰਾਣੀ ਤਾਰਾ ਮਿਲ ਸਾਧ ਸੰਗਤ ਤਾਰੇ । ਸਾਧ ਸੰਗਤ ਪ੍ਰਭ ਵਸਣੇਹਾਰੇ । ਝੁੱਗੀ ਬਿਦਰ ਸੁੱਤਾ ਪ੍ਰਭ ਪੈਰ ਪਸਾਰੇ । ਦੇਵੇ ਮਾਣ ਬਿਦਰ ਸੁਦਾਮਾ ਕਰ ਚਰਨ ਨਿਮਸਕਾਰੇ । ਜੈਦੇਉ ਦੇਵੇ ਮਾਣ, ਲੇਖ ਲਿਖਾਏ ਅਗੰਮ ਅਪਾਰੇ । ਗਊ ਜਿਵਾਏ ਛੱਪਰ ਛਾਏ, ਫੇਰ ਦਿਹੁਰਾ ਨਾਮਾ ਤਾਰੇ । ਸਾਧ ਸੰਗਤ ਲਾਜ ਰਖਾਈ, ਸੈਨ ਰੂਪ ਪ੍ਰਭ ਦੇਹ ਪਲਟਾਈ, ਪ੍ਰਭ ਕਾ ਖੇਲ ਅਪਰ ਅਪਾਰੇ । ਰਾਮਾਨੰਦ ਕਬੀਰ ਮਿਲਾਈ, ਜੋਤ ਵਿਚ ਜੋਤ ਟਿਕਾਈ, ਅੰਤਕਾਲ ਗਿਆ ਸਚ ਦਰਬਾਰੇ । ਭਗਤ ਧੰਨੇ ਪ੍ਰਭ ਵੱਛੇ ਬੰਨ੍ਹੇ, ਭੋਗ ਲਗਾਇਆ ਆਏ ਘਰ ਛਾਰੇ । ਸ਼ਬਦ ਉਚਾਰੇ ਗਨਕਾ ਤਾਰੇ । ਅੰਤ ਕਾਲ ਮਿਲੇ ਬਬਾਣੇ । ਪੂਤਨਾ ਤਾਰੀ ਪ੍ਰਭ ਕ੍ਰਿਸ਼ਨ ਮੁਰਾਰੀ, ਲਾਈ ਵਿਸ ਜਿਸ ਥਣ ਨਾਲੇ । ਬੱਧਕ ਤਾਰਿਆ ਜਿਨ ਚਰਨ ਕਵਲ ਬਾਣ ਮਾਰਿਆ, ਗੁਣ ਅਵਗੁਣ ਪ੍ਰਭ ਨਾ ਵਿਚਾਰੇ । ਦਾਸ ਰਵਿ ਚੁਮਿਆਰ ਉਤਰਿਆ ਪਾਰ, ਧਰ ਭੇਟ ਗੰਗਾ ਕਸਾਰੇ । ਅਜਾਮਲ ਤਾਰੇ ਜਮ ਦੂਤ ਦੁਸ਼ਟ ਪ੍ਰਭ ਮਾਰੇ, ਰਸਨਾ ਨਾਮ ਨਰਾਇਣ ਉਚਾਰੇ । ਪ੍ਰਭ ਸਾਚਾ ਸਚ ਕਲ ਧਾਰੀ, ਭਗਤ ਜਨਾਂ ਹਰਿ ਪੈਜ ਸਵਾਰੇ । ਮਹਾਰਾਜ ਸ਼ੇਰ ਸਿੰਘ ਨਿਰੰਕਾਰੀ, ਵਿਚ ਮਾਤ ਲੈ ਅਵਤਾਰੇ । ਮਾਤਲੋਕ ਪ੍ਰਭ ਜੋਤ ਜਗਾਈ, ਵਿਛੜੇ ਜੁਗ ਚਾਰ ਚੌਥੇ ਪ੍ਰਭ ਲਏ ਮਿਲਾਈ । ਭਗਤ ਜਨਾਂ ਮਹਿੰਮਾ ਨਿਹਕਲੰਕ ਪ੍ਰਭ ਆਪ ਲਿਖਵਾਈ । ਮਨੀ ਸਿੰਘ ਪਾਏ ਮਾਣ, ਸ਼ਬਦ ਸੋਝੀ ਪ੍ਰਭ ਆਪ ਬੁਝਾਈ । ਮਾਣਾ ਸਿੰਘ ਸਿੱਖ ਪਰਧਾਨ, ਸਿੰਘ ਪਾਲ ਘਰ ਜੋਤ ਜਗਾਈ । ਸਿੰਘ ਪਾਲ ਪ੍ਰਭ ਹੋ ਦਿਆਲ, ਕ੍ਰਿਸ਼ਨ ਸਰੂਪ ਪ੍ਰਭ ਦਰਸ ਦਿਖਾਈ । ਆਤਮ ਪ੍ਰਗਟੇ ਪ੍ਰਭ ਗੋਪਾਲ, ਦਰਸ ਨੈਣ ਹੋਏ ਵਿਚ ਸਚ ਸ਼ਬਦ ਪ੍ਰਭ ਸੋਝੀ ਪਾਈ । ਆਇਆ ਦਰ ਕਲਜੁਗ ਗਿਆ ਤਰ, ਦਰ ਘਰ ਵੱਜੀ ਵਧਾਈ । ਚਵੀ ਚੇਤ ਪ੍ਰਭ ਦਰਸ ਦਿਖਾਈ । ਝੂਠੀ ਦੇਹ ਗੁਰਸਿਖ ਤਜਾਈ । ਜੋਤ ਸਰੂਪ ਵਿਚ ਜੋਤ ਮਿਲਾਇਆ, ਸਿੱਖ ਘਾਲ ਪ੍ਰਭ ਥਾਏਂ ਪਾਈ । ਸਚਖੰਡ ਪ੍ਰਭ ਦੇਹ ਟਿਕਾਈ, ਜਨਮ ਮਰਨ ਦਾ ਗੇੜ ਚੁਕਾਇਆ । ਜੁਗ ਚੌਥਾ ਕਰ ਮਾਣ ਗਵਾਇਆ । ਬ੍ਰਹਮਾ ਬਾਂਹੋਂ ਪਕੜ ਉਠਾਇਆ । ਪਾਲ ਸਿੰਘ ਸਚ ਤਖ਼ਤ ਬਹਾਇਆ । ਕਵਲ ਨਾਭ ਬ੍ਰਹਮ ਪਰਕਾਸ਼ੇ, ਆਪ ਅਪਰੰਪਰ ਪ੍ਰਭ ਅਬਿਨਾਸ਼ੇ, ਸ਼ਬਦ ਹੁਕਮ ਬ੍ਰਹਿਮੰਡ ਚਲਾਇਆ । ਮਹਾਰਾਜ ਸ਼ੇਰ ਸਿੰਘ ਕਲ ਨਿਹਕਲੰਕ ਅਵਤਾਰ ਭਗਤ ਜਨਾਂ ਪ੍ਰਭ ਪਾਰ ਕਰਾਇਆ । ਸਾਚਾ ਪ੍ਰਭ ਨਾ ਵੇਖੋ ਦੂਰ । ਆਤਮ ਵਸੇ ਪ੍ਰਭ ਸਦਾ ਹਜ਼ੂਰ । ਝੂਠੀ ਕਾਇਆ ਜਗ ਕੂੜ । ਕਲਜੁਗ ਡੁੱਬਾ ਲਹਿੰਦੇ ਪੂਰ । ਗੁਰਸਿਖ ਉਜਲ ਜਿਉਂ ਪਰਬਤ ਕੋਹਤੂਰ । ਸੋਹੰ ਸ਼ਬਦ ਮਨ ਚਾੜ੍ਹੇ ਰੰਗ ਸਰੂਰ । ਮਦਿ ਮਾਸ ਗੁਰਸਿਖ ਰੱਖ ਰਸਨਾ ਦੂਰ । ਮਦਿ ਮਾਸੀ ਹੋਏ ਕਲਜੁਗ ਚਕਨਾਚੂਰ । ਆਤਮ ਪਰਸ ਪ੍ਰਭ ਸਾਚਾ ਨੂਰ । ਕਰ ਦਰਸ ਮਨ ਉਤਰੇ ਸਗਲ ਵਸੂਰ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਸਦ ਵਸੇ ਹਜ਼ੂਰ । ਪ੍ਰਭ ਅਵਿਗਤ ਅਗੋਚਰ ਅਬਿਨਾਸ਼ੀ । ਕਾਲ ਅੰਤ ਤੋੜੇ ਜਮ ਫਾਸੀ । ਜੋਤ ਪਰਗਟਾਏ ਤੀਨ ਲੋਕ ਪ੍ਰਭ ਵਾਸੀ । ਸ੍ਰਿਸ਼ਟ ਸਬਾਈ ਪ੍ਰਭ ਚਰਨ

ਕੀ ਦਾਸੀ । ਬੇਮੁਖ ਸੋਏ ਜੋਤ ਪ੍ਰਭ ਚਰਨ ਮੁੱਖ ਭਵਾਸੀ । ਨਰਕ ਨਿਵਾਸੀ ਜਿਸ ਆਹਾਰ ਮਦਿ ਮਾਸੀ । ਸੋਹੰ ਸ਼ਬਦ ਹੋਏ ਗੁੰਜਾਰ, ਗੁਰਸਿਖ ਗੁਰਚਰਨ ਰਹਿਰਾਸੀ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ, ਮੂਰਖ ਜਨਮ ਨਾ ਗਵਾਇਓ ਵਿਚ ਹਾਸੀ । ਪ੍ਰਭ ਚਰਨ ਲਾਗ ਮਿਲੇ ਵਡਿਆਈ । ਪੱਤਤ ਪਾਵਨ ਦੁੱਖ ਭੈ ਭੰਜਨ ਪ੍ਰਭ ਜੋਤ ਪਰਗਟਾਈ । ਆਦਿ ਜੁਗਾਦਿ ਭਗਤ ਜਨਾਂ ਪ੍ਰਭ ਹੋਏ ਸਹਾਈ । ਕਲਜੁਗ ਆਣ ਭਗਤਨ ਦੇਵੇ ਪ੍ਰਭ ਵਡਿਆਈ । ਹੋਏ ਪਰਵਾਨ ਦਰ ਦਰਬਾਨ ਸਵਰਨ ਸਿੰਘ ਗੁਰਸਿਖ ਟਿਕਾਈ । ਸੋਹੰ ਸ਼ਬਦ ਬਾਣ, ਜੁਗ ਚੌਥਾ ਧ੍ਰੂ ਤਖ਼ਤੋਂ ਲਾਹਿਆ । ਮਹਾਰਾਜ ਸ਼ੇਰ ਸਿੰਘ ਚੋਜ ਵਿਡਾਣ, ਜੋਤ ਸਰੂਪ ਸਦ ਆਵਣ ਜਾਣ, ਆਪਣਾ ਭੇਤ ਆਪ ਰਖਾਇਆ । ਕਲਜੁਗ ਪਰਗਟੇ ਪ੍ਰਭ ਅਬਿਨਾਸ਼ । ਸੋਹੰ ਸਿਮਰੋ ਸਵਾਸ ਸਵਾਸ । ਗਰਭ ਨਾ ਆਵੇ ਫੇਰ ਜਗ ਵਾਸ । ਰਸਨਾ ਨਾ ਲਾਏ ਗੁਰਸਿਖ ਮਦਿਰਾ ਮਾਸ । ਦੋਏ ਜੋੜ ਕਰੋ ਅਰਦਾਸ । ਸਾਧ ਸੰਗਤ ਪ੍ਰਭ ਸਦਾ ਹੈ ਪਾਸ । ਆਤਮ ਦੇਖੋ ਸੱਚੇ ਪ੍ਰਭ ਕਾ ਵਾਸ । ਕਾਇਆ ਕੋਟ ਵਿਚ ਜੋਤ ਧਰਵਾਸ । ਗੁਰਸਿਖ ਕਲਜੁਗ ਚੰਦਨ ਜਿਉਂ ਪਰਭਾਸ । ਦੇਵੇ ਦਰਸ਼ਨ ਪ੍ਰਭ ਗੁਣਤਾਸ । ਚਰਨ ਲਾਗ ਹੋਏ ਕਲ ਰਹਿਰਾਸ । ਭਗਤ ਜਨਾਂ ਹਰਿ ਦਾਸਨ ਦਾਸ । ਸਾਧ ਸੰਗਤ ਪ੍ਰਭ ਸਦਾ ਨਿਵਾਸ । ਮਹਾਰਾਜ ਸ਼ੇਰ ਸਿੰਘ ਸੁਹਾਏ ਥਾਨ ਜਿਥੇ ਤੇਰਾ ਵਾਸ । ਪ੍ਰਭ ਕਾ ਵਾਸ ਜਿਥੇ ਸੰਗ ਸਤਿ । ਭਗਤ ਜਨਾਂ ਹਰਿ ਰਾਖੇ ਪਤਿ । ਬੇਮੁਖਾਂ ਕਲ ਉਲਟੀ ਪਾਈ ਮਤਿ । ਚਲੇ ਵਿਕਾਰ ਗਿਆ ਧਰਮ ਮਨ ਸਤਿ । ਗੁਰਸਿਖ ਸੋਹੰ ਨਾਮ ਜਪ । ਸਚ ਸ਼ਬਦ ਮਨ ਸਾਚਾ ਰਟ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨ ਆਏ, ਏਥੇ ਓਥੇ ਰਾਖੀ ਗੁਰਸਿਖਾਂ ਪਤਿ । ਪ੍ਰਭ ਕੀ ਜੋਤ ਸਦਾ ਅਸਥੂਲ । ਨੈਣੀਂ ਪੇਖ ਜੀਵ ਨਾ ਭੂਲ । ਸੋਹੰ ਵਣਜ ਕਰ, ਗਵਾ ਜਾਈਂ ਨਾ ਮੂਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਕਲਜੁਗ ਪਰਗਟੇ ਕੰਤ ਕੰਤੂਹਲ । ਕਲਜੁਗ ਜੋਤ ਪਰਗਟਾਇਕੇ, ਪ੍ਰਭ ਸ੍ਰਿਸ਼ਟ ਜਲਾਈ । ਨਿਹਕਲੰਕ ਨਾਉਂ ਰਖਾਇਕੇ, ਅਗਨ ਜੋਤ ਜਗਤ ਮੇਂ ਲਾਈ । ਸੋਹੰ ਸ਼ਬਦ ਡੰਕ ਵਜਾਇਕੇ, ਕੁੰਟ ਚਾਰ ਸੁਣੇ ਲੋਕਾਈ । ਵਿਚ ਕਲਜੁਗ ਮਾਇਆ ਪਾਇਕੇ, ਬਿਨ ਸਿੱਖਾਂ ਸ੍ਰਿਸ਼ਟ ਭੁਲਾਈ । ਕਲ ਕਲਜੁਗ ਕਰਮ ਵਿਚਾਰ ਕੇ, ਜਾਮਾ ਧਾਰ ਖੇਲ ਕਰੇ ਰਘੁਰਾਈ । ਮਨੀ ਸਿੰਘ ਸੁਰਤ ਸੰਭਾਲ ਕੇ, ਸ਼ਬਦ ਸੁਰਤ ਲਿਖਤ ਲਿਖਾਈ । ਕਰ ਸੰਤਨ ਸੰਤ ਪ੍ਰਭ ਭਾਲ ਕੇ, ਵਿਚ ਲਲਾਟ ਜੋਤ ਜਗਾਈ । ਗੁਰਚਰਨ ਪ੍ਰੀਤੀ ਪਾਲ ਕੇ, ਪਿਤਾ ਪੂਤ ਸਬੰਧ ਬਣਾਈ । ਛੱਡ ਦੇਹ ਜੋਤ ਸਰੂਪ ਵਟਾਇਕੇ, ਘਰ ਮਹਾਰਾਜ ਸ਼ੇਰ ਸਿੰਘ ਜੋਤ ਟਿਕਾਈ । ਜੋਤੀ ਜੋਤ ਪ੍ਰਭ ਮੇਲਿਆ, ਦੇ ਵਡਿਆਈ । ਅਚਰਜ ਖੇਲ ਪ੍ਰਭ ਖੇਲਿਆ, ਸਤਿਜੁਗ ਸਾਚਾ ਸਤਿਗੁਰੂ ਬਣਾਏ । ਵਿਛੜਿਆਂ ਪ੍ਰਭ ਮੇਲਾ ਮੇਲਿਆ, ਸਾਧ ਸੰਗਤ ਪ੍ਰਭ ਭੇਤ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ ਸਚ ਸਮਗਰੀ ਗੁਰਸਿਖ ਦੇ ਪੁਚਾਈ । ਸਤਿਜੁਗ ਸਾਚਾ ਸਤਿ ਕਰ ਸਤਿ ਵਰਤੇ ਸਰਬ ਖੰਡ । ਸਤਿਜੁਗ ਸਾਚਾ ਸਤਿ ਕਰ, ਪ੍ਰਭ ਵਿਚ ਵਸੇ ਵਰਭੰਡ । ਸਤਿਜੁਗ ਸਾਚਾ ਸਤਿ ਕਰੇ, ਜੀਵ ਆਤਮ ਹੋਏ ਨਾ ਖੰਡ । ਸਤਿਜੁਗ ਸਾਚਾ ਪ੍ਰਭ ਸਤਿ ਵਸੇ, ਪ੍ਰਭ ਹਿਰਦਕ ਹੋਵੇ ਨਾ ਰੰਡ । ਸਤਿਜੁਗ ਸਾਚਾ ਪ੍ਰਭ ਸਤਿ ਵਸੇ, ਬੇਮੁਖ ਦਰ ਤੇ ਪਾਵਣ ਡੰਡ । ਮਹਾਰਾਜ ਸ਼ੇਰ ਸਿੰਘ ਵਿਚ ਸਚ ਵਸੇ, ਕਲਜੁਗ ਦੇਵੇ ਦੁਸ਼ਟਾਂ ਡੰਡ । ਦੁਸ਼ਟਨ ਡੰਡ ਆਪ ਪ੍ਰਭ ਦੀਓ । ਨਰਕ ਨਿਵਾਸ ਕਾਲ ਅੰਤ ਪ੍ਰਭ ਕੀਓ । ਅੰਮ੍ਰਿਤ ਨਾਮ ਨਿਧਾਨ ਗੁਰਸਿਖ ਗੁਰ ਦਰ ਤੇ ਪੀਓ । ਹੋਏ ਜਨ ਚਤੁਰ ਸੁਜਾਨ, ਜੁਗ ਚਾਰ ਸਦਾ ਜਗ ਜੀਓ । ਮਹਾਰਾਜ ਸ਼ੇਰ ਸਿੰਘ ਕਲਜੁਗ ਅਵਤਾਰ, ਗੁਰਚਰਨ ਲਾਗ ਪ੍ਰਭ ਦਰਸ਼ਨ ਕੀਓ । ਗੁਰ

ਦਰਸ਼ਨ ਲੋਚੇ ਸਭ ਦੇਵੀ ਦੇਵਾ । ਪ੍ਰਭ ਜੋਤ ਸਰੂਪ ਅਲਖ ਅਭੇਵਾ । ਪ੍ਰਭ ਕਾ ਦਰਸ਼ਨ ਕਲਜੁਗ ਉਤਮ ਮੇਵਾ । ਗੁਰਚਰਨ ਜੀਵ ਸਾਚੀ ਗੁਰ ਸੇਵਾ । ਮਹਾਰਾਜ ਸ਼ੇਰ ਸਿੰਘ ਛੱਡ ਜੋਤ ਜੀਵ ਵਿਚ ਆਪ ਵਸੇਵਾ । ਵਸੇ ਵਸਣਹਾਰ ਸਰਬ ਥਾਏਂ । ਕਲਜੁਗ ਵਿਰਲਾ ਗੁਰਮੁਖ ਕੋਈ ਬੂਝ ਬੁਝਾਏ । ਬੂਝੇ ਕੋਈ ਗੁਰਮੁਖ, ਜਿਸ ਸਿਰ ਹੱਥ ਟਿਕਾਏ । ਪਾਵੇ ਸੋ ਜਿਸ ਪ੍ਰਭ ਸਾਚਾ ਦਰਸ ਦਿਖਾਏ । ਆਤਮ ਦਰਸਾਵੇ ਸੋ, ਜਿਤ ਪ੍ਰਭ ਕਵਲ ਬੂੰਦ ਮੁਖ ਪਵਾਏ । ਹਰਿ ਗੁਣ ਗਾਵੇ ਸੋ, ਜਿਸ ਰਸਨਾ ਆਪ ਨਾਮ ਵਸਾਏ । ਮਹਾਰਾਜ ਸ਼ੇਰ ਸਿੰਘ ਕਲਜੁਗ ਪਾਵੇ ਸੋ, ਜੋਤ ਸਰੂਪ ਜਿਸ ਪ੍ਰਭ ਦਰਸ ਦਿਖਾਏ । ਪ੍ਰਭ ਜੋਤ ਸਰੂਪ ਜੋਤੀ ਜੋਤ ਮਿਲਾਇੰਦਾ । ਪ੍ਰਭ ਜੋਤ ਸਰੂਪ ਭੁੱਲਿਆਂ ਸਦ ਮਾਰਗ ਪਾਇੰਦਾ । ਪ੍ਰਭ ਜੋਤ ਸਰੂਪ ਦੇ ਸ਼ਬਦ ਗਿਆਨ ਸਚ ਵਸਾਇੰਦਾ । ਪ੍ਰਭ ਜੋਤ ਸਰੂਪ ਸਚ ਸੁੱਚ ਵਿਚ ਦੇਹ ਵਰਤਾਇੰਦਾ । ਪ੍ਰਭ ਜੋਤ ਸਰੂਪ ਗੁਰਸਿਖ ਚਾਤਰਕ ਪ੍ਰਭ ਅੰਮ੍ਰਿਤ ਮੇਘ ਬਰਸਾਇੰਦਾ । ਪ੍ਰਭ ਜੋਤ ਸਰੂਪ ਅਟੱਲ ਆਪ ਅਟੱਲ ਪਦਵੀ ਗੁਰਸਿਖ ਰਖਾਇੰਦਾ । ਪ੍ਰਭ ਜੋਤ ਸਰੂਪ ਸਚ ਘਰ ਵਸੇ, ਜਿਥੇ ਜੋਤ ਜਗਾਇੰਦਾ । ਪ੍ਰਭ ਜੋਤ ਸਰੂਪ ਦੇਵੇ ਜੋਤ ਰਵ ਸਸੇ, ਗੁਰਸਿਖ ਨਾਮ ਵਡ ਲਖਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਚ ਭਗਤਾਂ ਵਸੇ, ਵੇਖੇ ਸੋ ਜੋ ਜਨ ਰਸਨਾ ਸੋਹੰ ਗਾਇੰਦਾ । ਰਸਨਾ ਗਾਏ ਪ੍ਰਭ ਵਡ ਊਚਾ । ਗੁਰਸਿਖ ਨਿਰਮਲ ਕਲਜੁਗ ਸੂਚਾ । ਵਿਚ ਬੈਕੁੰਠ ਬਿਨ ਸਿੱਖ ਕੋਏ ਜਾਏ ਨਾ ਪਹੁੰਚਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਪ੍ਰਭ ਊਚਨ ਊਚਾ । ਊਚੋ ਊਚ ਊਚ ਦਰਬਾਰਾ । ਵਸੇ ਆਪ ਪ੍ਰਭ ਨਿਰੰਕਾਰਾ । ਜਗੇ ਜੋਤ ਮਨ ਗੁਰਸਿਖ ਉਜਿਆਰਾ । ਮਹਾਰਾਜ ਸ਼ੇਰ ਸਿੰਘ ਤੇਰਾ ਅੰਤ ਨਾ ਪਾਰਾਵਾਰਾ । ਝੂਲਾ ਝੂਲ ਝੂਲ ਪ੍ਰਭ ਜਗਤ ਝੁਲਾਇਆ । ਸਚਖੰਡ ਪ੍ਰਭ ਬੈਠ ਅਡੋਲ, ਜਗਤ ਡੁਲਾਇਆ । ਪਰਗਟ ਜੋਤ ਦੇ ਪੜਦੇ ਖੋਲ੍ਹ, ਕਲਜੁਗ ਅੰਤਮ ਪ੍ਰਭ ਆਪ ਕਰਾਇਆ । ਮਹਾਰਾਜ ਸ਼ੇਰ ਸਿੰਘ ਕਲ ਕਰਤਾਰ, ਬੇਮੁਖਾਂ ਨਾਉਂ ਭੁਲਾਇਆ । ਵਡ ਭੂਪ ਆਪ ਵਡ ਰਾਜਾ । ਸਰਬ ਸ੍ਰਿਸ਼ਟ ਸਦਾ ਪ੍ਰਭ ਸਾਜਾ । ਭਾਣਾ ਅਮੇਟ ਪ੍ਰਭ ਗਰੀਬ ਨਿਵਾਜਾ । ਜਨਾਂ ਪਰਸ ਵਜਾਵੇ ਸ਼ਬਦ ਅਨਹਦ ਵਾਜਾ । ਸਰਨ ਪੜੇ ਕੀ ਰਾਖੇ ਲਾਜਾ । ਮਹਾਰਾਜ ਸ਼ੇਰ ਸਿੰਘ ਮਚਾਵੇ ਧੁੰਦ ਵਿਚ ਦੇਸ ਮਾਝਾ । ਸਾਚਾ ਸ਼ਬਦ ਗੁਰਸਿਖ ਮੰਨ ਲੈ, ਸਰ ਅੰਮ੍ਰਿਤ ਹੋਸੀ ਥੇਹ । ਬੇਮੁਖਾਂ ਅੰਮ੍ਰਿਤ ਝੂਠੀ ਦ੍ਰਿਸ਼ਟਾ ਰਹੇ ਨਾ ਦੇਹ । ਅੰਤਕਾਲ ਸਿਰ ਪਾਈ ਖੇਹ । ਗੁਰਸਿਖਾਂ ਪਾਈ ਅੰਮ੍ਰਿਤ ਮੇਹ । ਮਹਾਰਾਜ ਸ਼ੇਰ ਸਿੰਘ ਸਿੱਖਾਂ ਤੁੱਟੇ ਨਾ ਨੇਂਹ । ਸਰਅੰਮ੍ਰਿਤ ਸਰ ਰਾਮਦਾਸ । ਅੰਤ ਕਾਲ ਹੋਏ ਜਮ ਪਰਭਾਸ । ਵਿਚ ਤ੍ਰੇਤਾ ਬੈਠਾ ਬਾਲਮੀਕ ਰਮਦਾਸ । ਮਹਾਰਾਜ ਸ਼ੇਰ ਸਿੰਘ ਜੁਗ ਚੌਥੇ ਸਰਬ ਕਰੇ ਵਿਨਾਸ । ਆਪ ਅਪਰੰਪਰ ਪ੍ਰਭ ਖੇਲ ਰਚਾਇਆ । ਸਰਬਤ ਤੀਰਥਾਂ ਮਾਣ ਗਵਾਇਆ । ਮਸਤੂਆਣਾ ਸਚ ਧਾਮ ਬਣਾਇਆ । ਮਹਾਰਾਜ ਸ਼ੇਰ ਸਿੰਘ ਕਲ ਪਾਈ ਮਾਇਆ । ਕਲਜੁਗ ਮਾਇਆ ਪਾਇਕੇ ਪ੍ਰਭ ਖੇਲ ਖੇਲਾ । ਦਰਸ਼ਨ ਕਰਦੇ ਆਇਕੇ, ਨਹੀਂ ਰਹਿਣਾ ਮੁਖ ਛੁਪਾਇਕੇ, ਆਇਆ ਨਿਹਕਲੰਕ ਵੇਲਾ । ਮਹਾਰਾਜ ਸ਼ੇਰ ਸਿੰਘ ਜਾਵੇ ਕਲ ਉਲਟਾਇਕੇ, ਗੁਰਸਿਖ ਸਦ ਸੱਜਣ ਸੁਹੇਲਾ । ਪ੍ਰਭ ਕੀ ਜੋਤ ਦੋਏ ਜਹਾਨੀ । ਆਪਣੀ ਮਹਿੰਮਾ ਪ੍ਰਭ ਰਸਨ ਬਖਾਨੀ । ਪ੍ਰਭ ਕੀ ਮਹਿੰਮਾ ਰਸਨ ਬਖਾਨੀ । ਦੇਵੇ ਸ਼ਬਦ ਸੋਹੰ ਪ੍ਰਭ ਵਡ ਦਾਨੀ । ਪਰਗਟ ਜੋਤ ਪ੍ਰਭ ਓਅੰ, ਗੁਰਸਿਖ ਬਣਾਵੇ ਜੋਤ ਦਾਨੀ । ਭਗਤ ਗੁਰ ਜਗਤ ਗੁਰ ਨਾਉਂ ਦੋਅੰ, ਬਾਕੀ ਜਗਤ ਸਭ ਫਾਨੀ । ਗੁਰਸਿਖ ਨਾ ਜਾਣੇ ਪ੍ਰਭ ਰੰਗ ਦਿਨ ਰਾਤ । ਗੁਰਸਿਖ ਸੁਗੰਧੀ ਜਿਉਂ ਕਲਜੁਗ ਪਾਰਜਾਤ । ਈਸ਼ਰ ਜੋਤ ਪਰਗਟੇ ਵਿਚ ਲੋਕਮਾਤ । ਵਰਨ ਚਾਰ ਇਕ ਕਰਾਏ, ਰੱਖੇ ਭੇਤ ਨਾ

ਕੋਇ ਜ਼ਾਤ । ਸੋਹੰ ਸ਼ਬਦ ਇਕ ਚਲਾਏ, ਸਤਿਜੁਗ ਬਖ਼ਸ਼ੀ ਸੱਚੀ ਦਾਤ । ਜੋਤ ਸਰੂਪ ਪ੍ਰਭ ਦਰਸ ਦਿਖਾਏ, ਸਿਮਰੇ ਜੋ ਜਾਨੀ ਪਰਭਾਤ । ਸਦ ਅਸਥੂਲ ਅਡੋਲ ਰਹੇ ਜੀਵ ਗਾਵੇ ਇਕਾਂਤ । ਅੰਮ੍ਰਿਤ ਬੂੰਦ ਮੁਖ ਚਵਾਵੇ, ਗੁਰਮੁਖ ਆਤਮ ਹੋਵੇ ਸਾਂਤ । ਈਸ਼ਰ ਗੁਰ ਦੋਏ ਜਗ ਆਏ । ਈਸ਼ਰ ਨਾਉਂ ਗੁਰ ਝੋਲੀ ਪਾਏ । ਸਾਚਾ ਗੁਰ ਈਸ਼ਰ ਨਾਉਂ ਜਗਤ ਸੁਣਾਏ । ਕਲਜੁਗ ਨਾਮ ਦਾਨ ਨਾਨਕ ਘਰ ਪਾਏ । ਧਾਰ ਭੇਖ ਬੈਰਾਗ ਚਾਰ ਕੁੰਟ ਨਾਮ ਸਤਿਨਾਮ ਦ੍ਰਿੜਾਏ । ਗੁਰਮੁਖ ਸੇਵਾ ਭਗਤ ਵਿਚਾਰ, ਅੰਤਮ ਜੋਤ ਵਿਚ ਸਚ ਟਿਕਾਏ । ਅੰਗਦ ਤਾਰ ਤਾਰਨਹਾਰ ਵਿਚ ਜੋਤ ਅਮਰਦਾਸ ਜਾਏ । ਅਮਰਦਾਸ ਛੱਡ ਸਵਾਸ, ਰਾਮਦਾਸ ਜੋਤ ਜਗਾਏ । ਰਾਮਦਾਸ ਅਰਜਨ ਪਾਸ ਆਪਣਾ ਭੇਤ ਖੁਲ੍ਹਾਏ । ਹਰਿਗੋਬਿੰਦ ਵਰ ਘਰ ਪ੍ਰਭ ਦਰ ਤੋਂ ਪਾਏ । ਅੰਤਮ ਜੋਤ ਵਿਚ ਹਰਿਰਾਏ ਟਿਕਾਏ । ਹਰਿਰਾਏ ਹਰਿਕ੍ਰਿਸ਼ਨ ਇਕ ਹੋ ਜਾਏ । ਤੇਗਬਹਾਦਰ ਬਿਰਧ ਅਵਸਥਾ ਪ੍ਰਭ ਦਰਸ਼ਨ ਪਾਏ । ਗੁਰ ਸਿੰਘ ਗੋਬਿੰਦ ਮਨ ਲਾਹੇ ਚਿੰਦ, ਸ਼ਸਤਰ ਧਾਰ ਦੁਸ਼ਟ ਖਪਾਏ । ਖੰਡਾ ਦੋ ਧਾਰ ਅੰਮ੍ਰਿਤ ਦੋ ਧਾਰ, ਮਦਿ ਮਾਸ ਨੂੰ ਭੋਗ ਨਾ ਲਾਏ । ਜੋਤ ਦਸ ਏਕ ਸ਼ਬਦ ਲਿਖ ਲਿਖ ਥਕਾਏ । ਪ੍ਰਭ ਅੰਤ ਨਾ ਪਾਏ, ਅੰਤ ਗਏ ਜਗ ਹਾਰ । ਅੰਤਕਾਲ ਮਹਾਰਾਜ ਸ਼ੇਰ ਸਿੰਘ ਪਰਗਟੇ ਨਰ ਲੈ ਅਵਤਾਰ, ਏਹ ਸ਼ਬਦ ਚਲਾਇਆ ਆਪ, ਸੋਹੰ ਪਕੜ ਹਾਥ ਨਾਮ ਕਟਾਰ । ਮਹਾਰਾਜ ਸ਼ੇਰ ਸਿੰਘ ਮਾਇਆ ਤੇਰੀ, ਭਗਤ ਬਿਨ ਗੁਰ ਤਾਰੇ ਨਾ ਅਵਰਾ । ਭਗਤ ਜਨ ਗੁਰਚਰਨ ਕਵਲ ਭਵਰਾ । ਗੁਰਚਰਨ ਲਾਗ ਜਨਮ ਮਰਨ ਜਨ ਭਗਤ ਸਵਰਾ । ਮਿਲਿਆ ਪ੍ਰਭ ਅਬਿਨਾਸ਼ ਘਰ ਆਏ ਗਵਰਾ । ਪੈਜ ਰਖਾਏ ਕਲਜੁਗ ਆਣ, ਭਗਤ ਜਨਾਂ ਸਿਰ ਝੁਲਾਵੇ ਛਤਰ ਚਵਰਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਵਧਾਈ, ਚਰਨ ਲਾਗ ਜਨਮ ਮਰਨ ਸਵਰਾ । ਜਨਮ ਮਰਨ ਪ੍ਰਭ ਕੱਟਣੇਹਾਰਾ । ਝੂਠੇ ਧੰਦੇ ਲੱਗਾ ਸੰਸਾਰਾ । ਗਹਿਰ ਗੰਭੀਰ ਪ੍ਰਭ ਕੋਇ ਪਾਏ ਨਾ ਸਾਰਾ । ਕਰ ਦਰਸ ਹੋਏ ਸ਼ਾਂਤ ਸਰੀਰ, ਖੋਲ੍ਹ ਦਏ ਪ੍ਰਭ ਦਸਮ ਦਵਾਰਾ । ਹਉਮੈ ਵਿਚੋਂ ਜਾਏ ਪੀੜ, ਸੋਹੰ ਸ਼ਬਦ ਬਾਣ ਗੁਰ ਮਾਰਾ । ਬਿਨ ਗੁਰ ਕੋਏ ਨਾ ਦੇਵੇ ਧੀਰ, ਕੁੰਟ ਚਾਰ ਹੋਇਆ ਆਕਾਰਾ । ਭਗਤ ਜਨਾਂ ਹਰਿ ਮਿਲੇ ਗੁਣ ਗਹੀਰ, ਰਸਨਾ ਹੋਵੇ ਜੈ ਜੈਕਾਰਾ । ਮਹਾਰਾਜ ਸ਼ੇਰ ਸਿੰਘ ਕਲਜੁਗ ਤੇਰਾ ਸਚ ਵਜ਼ੀਰ, ਚੇਤ ਸਿੰਘ ਗੁਰਸਿਖ ਪਿਆਰਾ । ਸਚਖੰਡ ਵੱਜੇ ਵਧਾਈ, ਜੋਤ ਸਰੂਪ ਸਿੱਖ ਉਤਾਰਾ । ਮਾਨਸ ਜਨਮ ਜਗ ਸੁਫਲ ਕਰਾਇਆ, ਸਾਚੀ ਪ੍ਰੀਤ ਗੁਰਚਰਨ ਬਣ ਆਈ । ਕਰ ਸੇਵ ਗੁਰ ਦਰਸ ਦੀਆ ਪੂਰੇ, ਸਿੱਖ ਅਮਰਾਪਦ ਪਾਈ । ਗੁਰ ਪੂਰਾ ਜਿਸ ਕਲਜੁਗ ਅਰਾਧਿਆ, ਗੁਰ ਪੂਰਾ ਹੋਏ ਸਹਾਈ । ਫੂਲਨ ਬਰਖਾ ਪ੍ਰਭ ਆਪ ਬਰਖਾਵੇ, ਚੇਤ ਸਿੰਘ ਕਲਜੁਗ ਮਿਲੇ ਵਧਾਈ । ਜੋਤੀ ਜੋਤ ਮਿਲਾਏ ਪ੍ਰਭ, ਗੁਰਚਰਨ ਜਿਸ ਆਸ ਰਖਾਈ । ਕਲਜੁਗ ਵਰਤੇ ਪ੍ਰਭ ਕੀਆ ਸਭ, ਜੀਵ ਕੋਈ ਭੇਵ ਨਾ ਪਾਈ । ਮਹਾਰਾਜ ਸ਼ੇਰ ਸਿੰਘ ਨਿਮਾਣਿਆਂ ਲਿਆ ਲੱਭ, ਹੰਕਾਰੀਆਂ ਪ੍ਰਭ ਹੱਥ ਨਾ ਆਈ । ਨਿਮਾਣਿਆਂ ਮਾਣ ਪ੍ਰਭ ਪੂਰਨ ਕਰ ਇਛਿਆ । ਚਲ ਆਏ ਗੁਰ ਦਰਬਾਰ, ਸੋਹੰ ਸ਼ਬਦ ਸਾਚੀ ਪਾਏ ਭਿਛਿਆ । ਕਲਜੁਗ ਆਇਆ ਪ੍ਰਭ ਤਾਰਨਹਾਰ, ਕਲਜੁਗ ਡੁੱਬਾ ਸਰਬ ਵਿਚ ਵਿਸਿਆ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਕਾਰ, ਸਰਨ ਪੜੇ ਕੀ ਕਰੇ ਰਛਿਆ । ਨਿਹਕਲੰਕ ਕਲ ਪਰਗਟ ਹੋਏ । ਪ੍ਰਭ ਕੀ ਜੋਤ ਏਕ, ਨਾ ਕੋਈ ਜਾਣੇ ਦੋਏ । ਸਰੂਪ ਦੇਹ ਅਨੇਕ, ਵਿਚ ਵਸੇ ਜੋਤ ਇਕ ਹੋਏ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜਗ ਏਕ ਰੰਗ ਹੋਏ । ਕਲਜੁਗ ਜਾਏ ਹਾਰ, ਸਤਿਜੁਗ ਸਤਿ ਪੁਰਖ ਸਤਿਵਾਦੀ ਹੋਏ । ਏਕ ਜੋਤ ਏਕ ਪ੍ਰਭ ਰੰਗ, ਏਕ ਸ੍ਰਿਸ਼ਟ ਵਸਿਆ ਪ੍ਰਭ ਸੋਏ । ਜੀਵ ਜੰਤ ਬਣਾਈ

ਬਣਤ ਭੇਵ ਜਾਣੇ ਕੋਏ । ਸੋਹੰ ਸ਼ਬਦ ਮਨ ਕਾ ਮੰਤ, ਗੁਰਸਿਖ ਵਿਰਲਾ ਹਿਰਦੇ ਪਰੋਏ । ਵਿਚ ਜੀਅ ਜੰਤ ਸੱਚਾ ਸਾਧ ਸੰਤ, ਆਤਮ ਜਾਗ ਕਦੇ ਨਾ ਸੋਏ । ਸਚ ਸ਼ਬਦ ਜਗਤ ਵਰਤੰਤ, ਸਤਿਜੁਗ ਸਾਚਾ ਸ਼ਬਦ ਸੋਹੰ ਹੋਏ । ਸ਼ਬਦ ਸੁਣ ਕਰ ਸ਼ਬਦ ਪ੍ਰੀਖਿਆ । ਜੀਵ ਗੁਣ ਅਵਗੁਣ ਵਿਚ ਦੇਹ ਨਾ ਦੀਖਿਆ । ਕਲਜੁਗ ਪਰਗਟੇ ਸਦ ਗੁਣ ਨਿਰਗੁਣ ਸਾਚੀ ਮੰਗ ਪ੍ਰਭ ਦਰ ਤੇ ਭੀਖਿਆ । ਮਹਾਰਾਜ ਸ਼ੇਰ ਸਿੰਘ ਪਕੜ ਤਰਾਏ, ਜਿਨ੍ਹਾਂ ਲੇਖ ਧੁਰੋਂ ਹੈ ਲਿਖਿਆ । ਲੇਖ ਲਿਖਾਏ ਲਿਖਾਵਣਹਾਰਾ । ਕਿਰਪਾ ਕਰ ਦਰਸਾਵੇ ਸਚ ਦਵਾਰਾ । ਪਵਣ ਪਾਣੀ ਅਗਨੀ ਪਾਤਾਲ ਪ੍ਰਭ ਵਸਣੇਹਾਰਾ । ਖਾਣੀ ਬਾਣੀ ਗਗਨ ਪਾਤਾਲੀ ਪ੍ਰਭ ਜੋਤ ਪਧਾਰਾ । ਕਲਜੁਗ ਮਹਿੰਮਾ ਪ੍ਰਭ ਆਪ ਵਖਾਣੀ, ਜੀਵ ਭੁੱਲਾ ਮੁਗਧ ਗਵਾਰਾ । ਸਾਚਾ ਸ਼ਾਹ ਪਰਗਟੇ ਸਚ ਕਰ ਜਾਣੀ, ਕਰ ਦਰਸ ਪਾ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਚਾਰ ਵਰਨ ਗੁਰਬਾਣੀ, ਸੋਹੰ ਸ਼ਬਦ ਚਲੇ ਦੋ ਧਾਰਾ । ਜੋ ਜਨ ਆਏ ਚਰਨ ਨਿਮਸਕਾਰੇ । ਕਰ ਕਿਰਪਾ ਪ੍ਰਭ ਪਾਰ ਉਤਾਰੇ । ਦੁਸ਼ਟ ਦੁਰਾਚਾਰੀ ਪ੍ਰਭ ਨਰਕ ਨਿਵਾਰੇ । ਗੁਰਸਿਖ ਹੋਏ ਅਪਰ ਅਪਾਰੇ । ਕਲਜੁਗ ਪਰਗਟਿਆ ਪ੍ਰਭ ਸਰਬ ਗੁਣ ਤਾਰਨਹਾਰੇ । ਜੀਵ ਜੰਤ ਵਿਚ ਇਕ ਜੋਤ ਠਾਰੇ । ਹਉਮੇ ਮਾਣ ਗੁਰ ਸ਼ਬਦ ਸੰਗ ਮਾਰੇ । ਕਲਜੁਗ ਮਿਲਿਆ ਜੋ ਦਰ ਆਏ ਨਿਮਾਣੇ । ਪਰਗਟ ਭਇਓ ਵਿਸ਼ਨੂੰ ਭਗਵਾਨ, ਨਿਹਕਲੰਕ ਨਾਮ ਉਚਾਰੇ । ਮਹਾਰਾਜ ਸ਼ੇਰ ਸਿੰਘ ਗੁਰ ਗੁਣ ਨਿਧਾਨ, ਲਾਗੇ ਚਰਨ ਸਗਲ ਸਭ ਤਾਰੇ । ਜੀਵ ਜੰਤ ਜੰਤ ਅੰਞਾਣਾ । ਜਗਤ ਧੰਦੇ ਛੱਡ ਗਿਆ ਸਚ ਟਿਕਾਣਾ । ਵਿਕਾਰ ਮੰਦੇ ਪਹਨਿਆਂ ਕਲ ਝੂਠਾ ਬਾਣਾ । ਕਲ ਮੂਰਖ ਬੰਦੇ ਛੱਡ ਜਾਣਾ ਦੇਹ ਝੂਠਾ ਬਾਣਾ । ਫਸ ਜਾਣ ਵਿਚ ਮਾਇਆ ਫੰਦੇ, ਪੂਰਾ ਸਤਿਗੁਰ ਨਹੀਂ ਪਛਾਣਾ । ਕਲੂ ਕਾਲ ਕਹਿਰ ਜਗ ਵਰਤੇ, ਵਰਤੇ ਜਗਤ ਗੁਰ ਕਾ ਭਾਣਾ । ਗੁਰਚਰਨ ਲਾਗ ਸਰਬ ਦੁੱਖ ਹਰਤੇ, ਡਿੱਗ ਦਵਾਰ ਹੋਏ ਮਾਣ ਨਿਮਾਣਾ । ਕਾਲ ਸਦਾ ਸਿਰ ਕੂਕੇ, ਕਲਜੁਗ ਸਮਝ ਮੂਰਖ ਅੰਞਾਣਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੇ, ਕਲਜੁਗ ਆਇਆ ਪ੍ਰਭ ਤਰ ਜਾਣ । ਜਨ ਸਿਮਰਨ ਸਚ ਹਰਿ ਨਾਮ । ਦਰਗਾਹ ਮਿਲੇ ਸਾਚਾ ਥਾਨ । ਗਰਭਵਾਸ ਫਿਰ ਕਦੇ ਨਾ ਪਾਣ । ਮਹਾਰਾਜ ਸ਼ੇਰ ਸਿੰਘ ਚਰਨ ਨਿਵਾਸ, ਰਸਨਾ ਹਰਿ ਹਰਿ ਹਰਿ ਗੁਣ ਗਾਣ । ਈਸ਼ਰ ਜੋਤ ਜਾਓ ਬਲਹਾਰੀ । ਜੁਗੋ ਜੁਗ ਪ੍ਰਭ ਜੋਤ ਆਕਾਰੀ । ਤ੍ਰੇਤਾ ਪਰਗਟ ਰਾਮ ਚੰਦ ਅਵਤਾਰੀ । ਨੀਚ ਜਾਤ ਭੀਲਣੀ ਜਾ ਪ੍ਰਭ ਤਾਰੀ । ਲਾਏ ਭੋਗ ਬੇਰ ਆਪ ਬਨਵਾਰੀ । ਭਗਤ ਜਨ ਮਿਲੇ ਆਪ ਗਿਰਧਾਰੀ । ਈਸ਼ਰ ਜੋਤ ਸਦ ਜਾਓ ਬਲਿਹਾਰੀ । ਸਤੀ ਅਹਲਿਆ ਚਰਨ ਛੁਹਾਏ ਸਿਲਾ ਹੋਈ ਤਾਰੀ । ਸਚਖੰਡ ਗਈ ਬਬਾਣ, ਸੱਚੀ ਮਾਰੀ ਜਗਤ ਉਡਾਰੀ । ਜੁਗ ਜੁਗ ਨਿਮਾਣਿਆਂ ਪ੍ਰਭ ਪੈਜ ਸਵਾਰੀ । ਦੁਆਪਰ ਪਰਗਟ ਕ੍ਰਿਸ਼ਨ ਮੁਰਾਰੀ । ਰੱਖੀ ਲੱਜਿਆ ਦਰੋਪਤ ਨਾਰੀ । ਘਰ ਜਾਏ ਬਿਦਰ ਪੈਜ ਸਵਾਰੀ । ਕਲਜੁਗ ਬਿਦਰ ਘਰ ਜਾਏ ਘੁਮਿਆਰੀ । ਨਾਮ ਸੋਹਣ ਸਿੰਘ ਸਚ ਰਸਨ ਉਚਾਰੀ । ਸਾਚੇ ਸਾਹਿਬ ਸਦ ਜਾਓ ਬਲਿਹਾਰੀ । ਗੀਤਾ ਗਿਆਨ ਉਚਾਰੇ ਕ੍ਰਿਸ਼ਨ ਅਵਤਾਰੀ । ਅਰਜਨ ਕਰ ਅਭਿਮਾਨ, ਹੋਇਆ ਹੰਕਾਰੀ । ਸ਼ਬਦ ਗਿਆਨ ਪ੍ਰਭ ਆਤਮਕ ਬਰਛੀ ਮਾਰੀ । ਬੈਰਾਟ ਰੂਪ ਹੋਏ ਪ੍ਰਭ ਸ੍ਰਿਸ਼ਟ ਸੰਘਾਰੀ । ਮਹਾਸਾਰਥੀ ਹੋ ਬੈਠਾ ਕਾਰਜ ਸਵਾਰੀ । ਕੁੰਟ ਚਾਰ ਵਿਚ ਦੁਆਪਰ ਕ੍ਰਿਸ਼ਨ ਭਗਵਾਨ ਹੋਏ ਜੈ ਕਾਰੀ । ਕ੍ਰਿਸ਼ਨ ਭਗਵਾਨ ਭਗਤ ਦੇਵਣ ਦਾਨ, ਕਲਜੁਗ ਆਣ ਜੋਤ ਪ੍ਰਭ ਅਵਤਾਰੀ । ਦੇ ਬ੍ਰਹਮ ਗਿਆਨ ਕਰੇ ਪੁਰਖ ਸੁਜਾਨ, ਹਉਮੇ ਮਮਤਾ ਸ਼ਬਦ ਸੰਗ ਮਾਰੀ । ਜੀਵ ਕਰ ਧਿਆਨ ਪਰਗਟੇ ਭਗਵਾਨ,

ਕਲਜੁਗ ਨਿਹਕਲੰਕ ਅਵਤਾਰੀ । ਮਹਾਰਾਜ ਸ਼ੇਰ ਸਿੰਘ ਜਾਓ ਕੁਰਬਾਨ, ਕਲਜੁਗ ਆਏ ਜਿਨ ਪੈਜ ਸਵਾਰੀ । ਭਗਤਨ ਸੰਗ ਪ੍ਰਭ ਵਸਣੇਹਾਰਾ । ਭਗਤਨ ਰੰਗ ਦੇਵੇ ਨਾਮ ਦਵਾਰਾ । ਅੰਮ੍ਰਿਤ ਗੰਗ ਵਿਚ ਕਵਲ ਫੁਹਾਰਾ । ਗੁਰਸਿਖ ਦਾਨ ਸਾਚਾ ਮੰਗ, ਮਹਾਰਾਜ ਸ਼ੇਰ ਸਿੰਘ ਸਚ ਦਵਾਰਾ । ਗੁਰਪਰਸਾਦਿ ਦਰ ਮਿਲੇ ਵਡਿਆਈ । ਗੁਰਪਰਸਾਦਿ ਸਾਧ ਸੰਗਤ ਮਨ ਵੱਜੇ ਵਧਾਈ । ਗੁਰਪਰਸਾਦਿ ਜੀਵ ਗੁਰ ਦਰਸ ਪਾਈ । ਗੁਰਪਰਸਾਦਿ ਹਉਮੈ ਮਮਤਾ ਵਿਚ ਦੇਹ ਜਲਾਈ । ਗੁਰਪਰਸਾਦਿ ਦੁੱਖ ਦਰਦ ਪ੍ਰਭ ਦੇ ਮਿਟਾਈ । ਗੁਰਪਰਸਾਦਿ ਸਾਧਨ ਸਾਧ ਆਤਮ ਬੂਝ ਬੁਝਾਈ । ਗੁਰਪਰਸਾਦਿ ਆਦਿ ਜੁਗਾਦਿ ਸਰਬ ਠਾਂਏ ਰਿਹਾ ਸਮਾਈ । ਗੁਰਪਰਸਾਦਿ ਅਬੋਧ ਅਗਾਧ ਜੋਤ ਸਰੂਪ ਸ਼ਬਦ ਲਿਖਾਈ । ਗੁਰਪਰਸਾਦਿ ਰਸਨਾ ਸਾਧ ਹਰਿ ਹਰਿ ਸ਼ਬਦ ਰਸਨਾ ਲਿਖਾਈ । ਗੁਰਪਰਸਾਦ ਕਲਜੁਗ ਹੋਏ ਪੂਰਨ ਭਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰਸ ਦਿਖਾਈ । ਵਡਭਾਗੀ ਵਡਭਾਗ ਵਡ ਵੱਡਾ ਗੁਰ ਪਾਇਆ । ਸੋਈ ਆਤਮ ਗਈ ਜਾਗ, ਹਿਰਦੇ ਗਿਆਨ ਪ੍ਰਭ ਵਸਾਇਆ । ਸਾਧ ਸੰਗਤ ਹੋਏ ਪੂਰਨ ਭਾਗ, ਜਿਨ੍ਹਾਂ ਮਿਲ ਹਰਿ ਰਸ ਰਸਨਾ ਗਾਇਆ । ਮਾਣਸ ਜਰਮ ਨਾ ਲਾਗੇ ਦਾਗ਼, ਗੁਰਚਰਨ ਲਾਗ ਜਿਸ ਸੀਸ ਝੁਕਾਇਆ । ਅਨਹਦ ਸ਼ਬਦ ਚਲੇ ਅਨਰਾਗ, ਮਦਿ ਮਾਸ ਜਿਨ ਰਸਨ ਨਾ ਲਾਇਆ । ਬੇਮੁਖ ਲਾਉਂਦੇ ਜਿਉਂ ਸੁਵੇਂ ਘਰ ਕਾਗ, ਐਸਾ ਸਤਿਗੁਰ ਧੱਕਾ ਲਾਇਆ । ਪੰਝੀ ਚੇਤ ਦਿਵਸ ਵਡਭਾਗ, ਸਾਧ ਸੰਗਤ ਪ੍ਰਭ ਮੇਲ ਕਰਾਇਆ । ਗੁਰਸਿਖਾਂ ਪ੍ਰਭ ਪਕੜੀ ਵਾਗ, ਸ਼ੋਹ ਦਰਿਆ ਪਾਰ ਕਰਾਇਆ । ਜਿਉਂ ਬਿਦਰ ਘਰ ਖਾਧਾ ਸਾਗ, ਕਲਜੁਗ ਭੋਗ ਸਿੱਖਾਂ ਘਰ ਲਾਇਆ । ਜਗਤ ਚਲਾਏ ਪ੍ਰਭ ਅਨਵਾਦ, ਆਪਣਾ ਭੇਦ ਪ੍ਰਭ ਆਪ ਛੁਪਾਇਆ । ਗੁਰਮੁਖ ਵਿਰਲਾ ਪਾਵੇ ਸਾਦ, ਆਤਮ ਦਰਸ ਪ੍ਰਭ ਜੋਤ ਜਗਾਇਆ । ਵੱਜੇ ਧੁਨ ਸ਼ਬਦ ਅਨਾਹਦ, ਸਾਚੀ ਜੋਤ ਸਚ ਮੇਲ ਕਰਾਇਆ । ਮਹਾਰਾਜ ਸ਼ੇਰ ਸਿੰਘ ਆਦਿ ਜੁਗਾਦਿ, ਹੈ ਭੀ ਹੋਸੀ ਹੁੰਦਾ ਆਇਆ । ਜੋ ਜਨ ਕਰੇ ਪ੍ਰਭ ਵਿਚਾਰ । ਕਰ ਕਿਰਪਾ ਬਖ਼ਸ਼ੇ ਅੰਮ੍ਰਿਤ ਧਾਰ । ਮਿਟੇ ਅਗਿਆਨ ਦੇਹ ਦੀਪਕ ਹੋਏ ਉਜਿਆਰ । ਗੁਰਚਰਨ ਲਾਗ ਕਲਜੁਗ ਗੁਰਸਿਖ ਉਧਰਨ ਪਾਰ । ਪ੍ਰਭ ਸ਼ਬਦੀ ਸ਼ਬਦ ਚਲਾਇਆ । ਉਨੰਜਾ ਪਵਣ ਸਿਰ ਛਤਰ ਝੁਲਾਇਆ । ਸਵਾਂਗ ਸਵਾਂਗੀ ਖੇਲ ਰਚਾਇਆ । ਧਾਰ ਖੇਲ ਚਤੁਰਭੁਜ ਕਹਾਇਆ । ਸਾਵਲ ਸੁੰਦਰ ਪ੍ਰਭ ਜੋਤ ਪਰਗਟਾਇਆ । ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ । ਸਤਿਗੁਰ ਸਾਚਾ ਮਨੀ ਸਿੰਘ ਬਣਾਵੇ । ਸਿਰ ਰੱਖੇ ਹੱਥ ਤੀਨ ਲੋਕ ਬੂਝ ਬੁਝਾਵੇ । ਹੋਵੇ ਸਮਰਥ ਪ੍ਰਭ ਕੀ ਜੋਤ ਵਿਚ ਦੇਹ ਟਿਕਾਵੇ । ਸਤਿਜੁਗ ਸਾਚੀ ਸਚ ਬਣਤ ਬਣਾਵੇ । ਦੂਜਾ ਨਾਮ ਭਜੋ ਭਗਵਾਨ । ਕਰ ਬੁਧਿ ਬਿਬੇਕ ਆਤਮ ਗਿਆਨ । ਦੱਖਣ ਦਿਸ਼ਾ ਹੋਏ ਪਰਧਾਨ । ਮਹਾਰਾਜ ਸ਼ੇਰ ਸਿੰਘ ਸਚ ਸ਼ਬਦ ਵਖਾਣ । ਭਗਵਾਨ ਸਿਮਰ ਪ੍ਰਭ ਭਰਮ ਚੁਕਾਏ । ਹਉਮੈ ਮਾਰ ਮਨ ਸ਼ਬਦ ਵਸਾਏ । ਸ਼ਬਦ ਰੰਗ ਤਨ ਮਨ ਚੜ੍ਹਾਏ । ਕਰ ਦਰਸ ਸਰਬ ਤਰ ਜਾਏ । ਪੂਤ ਭਗਤ ਕਰ ਆਪ ਵਡਿਆਏ । ਦੇਵੇ ਮਾਣ ਆਪ ਵਡ ਦਾਤਾ । ਸਰਬ ਕਲਾ ਪ੍ਰਭ ਪੁਰਖ ਬਿਧਾਤਾ । ਬ੍ਰਹਮ ਗਿਆਨੀਆਂ ਹੋਵੇ ਬ੍ਰਹਮ ਗਿਆਤਾ । ਚਾਰ ਵਰਨ ਵਸੇ ਰੰਗਰਾਤਾ । ਮਹਾਰਾਜ ਸ਼ੇਰ ਸਿੰਘ ਜਗਤ ਵਡ ਦਾਤਾ । ਵੱਡਾ ਆਪ ਵੱਡੀ ਵਡਿਆਈ । ਉਚ ਪਦਵੀ ਗੁਰਸਿਖਾਂ ਗੁਰ ਦਰ ਤੇ ਪਾਈ । ਰਸਨਾ ਰਸਾਇਣ, ਦੁਰਮਤ ਮਤ ਜਾਈ । ਮਹਾਰਾਜ ਸ਼ੇਰ ਸਿੰਘ ਸਰਨ ਪੜੇ ਦੀ ਲਾਜ ਰਖਾਈ । ਗੁਰ ਦਰਬਾਰ ਆਏ ਕਰ ਆਸਾ । ਕੋਏ ਨਾ ਜਾਏ ਦਰ ਤੇ ਨਿਰਾਸਾ । ਈਸ਼ਰ ਜੋਤ ਕਰੇ ਮਾਤ

ਪ੍ਰਕਾਸ਼ਾ । ਬੈਠਾ ਅਡੋਲ ਪ੍ਰਭ ਪੂਰਨ ਅਬਿਨਾਸ਼ਾ । ਸੋਹੰ ਸ਼ਬਦ ਸੁਣ ਸਰਬ ਦੁੱਖ ਨਾਸਾ । ਭੂਤ ਪਰੇਤ ਦੇਹ ਕਰੇ ਨਾ ਵਾਸਾ । ਜੇ ਕੋਈ ਵੇਖਣ ਆਇਆ ਦਰ ਤਮਾਸ਼ਾ । ਬੇਮੁਖ ਜਨਮ ਗਵਾਏ ਕਰ ਹਾਸਾ । ਜੋ ਜਨ ਆਇਆ ਦਰਸ ਪਿਆਸਾ । ਤਿਸ ਜਨ ਕਉ ਬਲ ਬਲ ਜਾਸਾ । ਸ਼ਬਦ ਸੁਣ ਸਰਬ ਦੁੱਖ ਨਾਸਾ । ਜੀਵ ਬਿਲਲਾਇਨ ਜਿਉਂ ਬੋਟੀ ਬੋਟ । ਚਰਨ ਲਾਗ ਤਰ ਜਾਣ ਕੋਟੀ ਕੋਟ । ਮਹਾਰਾਜ ਸ਼ੇਰ ਸਿੰਘ ਸ਼ਬਦ ਵਜਾਈ ਚੋਟ । ਰੋਗ ਗਵਾਏ ਰੋਗੀਆਂ, ਰੰਗ ਨਾਮ ਚੜ੍ਹਾ ਕੇ । ਦੇਵੇ ਬੈਰਾਗ ਪ੍ਰਭ ਜੋਗੀਆਂ, ਜੋ ਆਏ ਭਰਮ ਗਵਾ ਕੇ । ਪ੍ਰਭ ਵਸੇ ਵਿਚ ਵਿਜੋਗੀਆਂ, ਜੋ ਸਰਨੀ ਡਿੱਗੇ ਆ ਕੇ । ਮਹਾਰਾਜ ਸ਼ੇਰ ਸਿੰਘ ਰਾਖੇ ਪਤ, ਜੀਵ ਗਏ ਰੋਗ ਗਵਾ ਕੇ । ਦੁਖੀਆ ਜੀਵ ਦਰ ਬਿਲਲਾਇਆ । ਕਰ ਕਿਰਪਾ ਪ੍ਰਭ ਪਾਰ ਕਰਾਇਆ । ਨਾੜੀ ਬਹੱਤਰ ਪ੍ਰਭ ਪਵਿੱਤ ਕਰਾਇਆ । ਤਪ ਸੱਪ ਭੂਪ ਪਲੀਤ ਦਰ ਵਾਟ ਅਮਕਾ ਕਾਜੀ ਪ੍ਰਭ ਨਾਸ ਕਰਾਇਆ । ਹਾਕਨ ਡਾਕਨ ਸਿਰ ਮੁੰਡਵਾਇਆ । ਸ਼ਦੌਣ ਪੌਣ ਸਰਬ ਹਟਾਇਆ । ਇਕ ਲੱਖ ਅੱਸੀ ਹਜ਼ਾਰ ਭੂਤ ਪਰੇਤ ਵਿਚ ਸ਼ਬਦ ਬੰਨ੍ਹਾਇਆ । ਗੁਰ ਨਾਨਕ ਪੂਰੇ ਸਾਚਾ ਸ਼ਬਦ ਵਿਚ ਜਗਤ ਸੁਣਾਇਆ । ਈਸ਼ਰ ਟੇਕ ਰਖ, ਰਸਨ ਅਲਾਇਆ । ਕਲਜੁਗ ਮਹਾਰਾਜ ਸ਼ੇਰ ਸਿੰਘ ਪੂਰਨ ਪਰਮੇਸ਼ਵਰ ਆਇਆ । ਕਲਜੁਗ ਤਾਰੇ ਭਗਤ ਸਾਚਾ ਸਰਬੰਸ । ਸੂਖਮ ਨਿਰਾਲਮ ਜੋਤ ਪਰਮਹੰਸ । ਦੁਸ਼ਟ ਸੰਘਾਰੇ ਜਿਉਂ ਕ੍ਰਿਸ਼ਨ ਕੰਸ । ਮਹਾਰਾਜ ਸ਼ੇਰ ਸਿੰਘ ਸਤਿਜੁਗ ਚਾਲੇ ਗੁਰਸਿਖ ਤੇਰਾ ਸਾਚਾ ਸਰਬੰਸ । ਵਿਸ਼ਨੂੰ ਅੰਸ ਭਗਤ ਜਨ ਹੋਏ । ਭਗਤ ਭਗਵਾਨ ਦੋਏ ਇਕੋ ਹੋਏ । ਕਲਜੁਗ ਜੀਵ ਜਾਣੇ ਨਾ ਕੋਏ । ਸਤਿ ਸੰਗਤ ਪ੍ਰਭ ਵਿਚ ਵਸੋਏ । ਮਹਾਰਾਜ ਸ਼ੇਰ ਸਿੰਘ ਚਾਰ ਕੁੰਟ ਜੈ ਜੈ ਜੈਕਾਰ ਹੋਏ । ਗੁਰਸਿਖਾਂ ਘਰ ਜੈ ਜੈਕਾਰਾ । ਜਿਥੇ ਪਰਗਟਿਓ ਪ੍ਰਭ ਅਵਤਾਰਾ । ਬੇਮੁਖਾਂ ਘਰ ਹਾਹਾਕਾਰਾ । ਸੋਹੰ ਬਾਣ ਸ਼ਬਦ ਗੁਰ ਮਾਰਾ । ਮਹਾਰਾਜ ਸ਼ੇਰ ਸਿੰਘ ਤੇਰਾ ਸਿੱਖ ਹੋਏ ਨਾਮ ਵਣਜਾਰਾ । ਵਣਜ ਨਾਮ ਗੁਰ ਦਰ ਕਰਨਾ । ਗੁਰਸਿਖ ਗੁਰਮੁਖ ਪ੍ਰਭ ਉਜਲ ਕਰਨਾ । ਬੇਮੁਖ ਕਲਜੁਗ ਦੁੱਖ ਡਾਹਢਾ ਭਰਨਾ । ਸਗਲ ਛੋਡ ਜੋ ਜਨ ਆਏ ਪ੍ਰਭ ਸ਼ਰਨਾ । ਅੰਤਕਾਲ ਕਲ ਹੋਏ ਨਾ ਮਰਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਗੁਰਸਿਖਾਂ ਵਰਨਾ । ਵਰ ਘਰ ਸਾਚਾ ਪ੍ਰਭ ਜਗਦੀਸ । ਸੋਹੰ ਸ਼ਬਦ ਜਗਤ ਨਹੀਂ ਕਾਚਾ, ਬਿਨ ਏਕਸ ਕੋਏ ਨਾਹੀ ਹਦੀਸ । ਅੰਮ੍ਰਿਤ ਨਾਮ ਕਰ ਦੇ ਸਾਚਾ, ਬੇਮੁਖਾਂ ਗੁਰਸਿਖ ਨਾ ਰੀਸ । ਮਹਾਰਾਜ ਸ਼ੇਰ ਸਿੰਘ ਵੇਖੇ ਜਗਤ ਤਮਾਸ਼ਾ, ਬੇਮੁਖ ਖਪਾਏ ਧੜ ਲਾਥੇ ਸੀਸ । ਜਗਨ ਨਾਥ ਗੁਰ ਗੋਪਾਲ । ਪਰਗਟ ਭਇਓ ਹੋ ਦਿਆਲ । ਕਲਜੁਗ ਤੋੜੇ ਗੁਰਸਿਖ ਜੰਜਾਲ । ਸੋਹੰ ਸ਼ਬਦ ਜਪ ਮਾਲਾ ਮਾਲ । ਸਤਿਗੁਰ ਪੂਰਾ ਭਗਤ ਵਸਾਲ । ਮਹਾਰਾਜ ਸ਼ੇਰ ਸਿੰਘ ਗੁਰਸਿਖ ਜੋਤ ਪਰਕਾਸ਼ੇ, ਅੰਦਰ ਵੇਖ ਅਮੁਲਖ਼ਾ ਲਾਲ । ਗੁਰਸਿਖ ਲਾਲ ਜਵਾਹਰ ਮਾਣਕ ਮੋਤੀ । ਜੋਤ ਸਰੂਪ ਜਗਾਵੇ ਜੀਵੇ ਆਤਮ ਜੋਤੀ । ਸ੍ਰਿਸ਼ਟ ਸਬਾਈ ਅੰਤਕਾਲ ਕਲਜੁਗ ਰੋਤੀ । ਮਹਾਰਾਜ ਸ਼ੇਰ ਸਿੰਘ ਗੁਰਸਿਖ ਲਏ ਵਰੋਲ ਜਿਉਂ ਮਾਣਕ ਮੋਤੀ । ਮਦਨ ਮੂਰਤ ਆਪ ਗੋਸਾਈਂ । ਦਰ ਘਰ ਆਏ ਲਾਜ ਰਖਾਈ । ਵਰ ਪਾਇਆ ਜੋ ਵਿਛੜ ਨਾ ਜਾਈ । ਨਾਮ ਧਿਆਇਆ ਹਉਮੇ ਬਿਖ ਗਵਾਈ । ਸਾਧ ਸੰਗਤ ਪ੍ਰਭ ਵਿਚ ਰਲਾਇਆ ਜੋ ਆਇਆ ਚਲ ਸਰਨਾਈ । ਮਦਿ ਮਾਸ ਜਿਨ ਹੱਥ ਲਗਾਇਆ, ਕੁੰਭੀ ਨਰਕ ਨਿਵਾਸ ਦਵਾਈ । ਆਪਣਾ ਕੀਆ ਆਪ ਜੀਅ ਪਾਇਆ, ਬੈਠਾ ਅਡੋਲ ਜੀਵ ਗੁਸਾਈਂ । ਮਹਾਰਾਜ ਸ਼ੇਰ ਸਿੰਘ ਤੇਰਾ ਨਾਮ ਧਿਆਇਆ, ਜਮ ਜੰਧਾਰ ਕੋਈ ਨੇੜ ਨਾ ਆਈ । ਜਮ ਜਮਦੂਤ ਕੋਈ ਨੇੜ ਨਾ ਆਏ । ਸੋਹੰ ਨਾਉਂ ਸਰਣ ਸਰਬ ਛੱਡ ਜਾਏ ।

ਜੋਤ ਸਰੂਪ ਪ੍ਰਭ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਅੰਤਕਾਲ ਗੁਰਸਿਖ ਵਿਚ ਜੋਤ ਮਿਲਾਏ ।

❊ ੨੬ ਚੇਤ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ਠਾਕਰ ਸਿੰਘ ਦੇ ਗ੍ਰਿਹ ❊

ਪ੍ਰਭ ਸਾਚਾ ਬ੍ਰਹਮਾ ਮਾਣ ਗਵਾਏ । ਵੇਦ ਵੇਦਾਂਤ ਅੰਤ ਹੋ ਜਾਏ । ਐੜਾ ਅਥਰਬਣ ਰੁਲਾਏ ਖਪਾਏ । ਚਾਰ ਯਾਰਾਂ ਸੰਗ ਮੁਹੰਮਦ ਕਲਜੁਗ ਮਾਣ ਰਖਾਏ । ਸ਼ਾਸਤਰ ਸਿਮਰਤ ਕੁਰਾਨ ਪੁਰਾਨ ਕੋਈ ਰਹਿਣ ਨਾ ਪਾਏ । ਈਸਾ ਮੂਸਾ ਪੀਰ ਪੈਗ਼ੰਬਰ ਕਲਜੁਗ ਅਖਵਾਏ । ਅੰਤਮ ਆਈ ਹਾਰ, ਪਰਗਟ ਪ੍ਰਭ ਅੰਜੀਲ ਮਾਣ ਗਵਾਏ । ਕਲਜੁਗ ਕਰ ਖੁਆਰ, ਅਠ ਸਠ ਤੀਰਥ ਕੋਈ ਰਹਿਣ ਨਾ ਪਾਏ । ਮਾਣ ਸਰੋਵਰ ਵਿਚ ਸ੍ਰਿਸ਼ਟ, ਅੰਮ੍ਰਿਤ ਬੂੰਦ ਨਜ਼ਰ ਨਾ ਆਏ । ਗੰਗਾ ਗੋਦਾਵਰੀ ਗਹਿਰ ਗੰਭੀਰ, ਜੋਤ ਸਰੂਪ ਪ੍ਰਭ ਖਿੱਚ ਲਿਆਏ । ਕਲਜੁਗ ਜੋਤ ਨਿਹਕਲੰਕ ਪਰਗਟਾ ਕੇ, ਜਾਏ ਸਭਨਾ ਮਾਣ ਗਵਾਏ । ਸੋਹੰ ਸਾਚਾ ਸਚ ਨਾਮ ਚੜ੍ਹਾ ਕੇ, ਸਤਿਜੁਗ ਸਾਚਾ ਸਚ ਦੇ ਲਗਾਏ । ਤਨ ਮੰਦਰ ਵਿਚ ਆਸਣ ਲਾ ਕੇ, ਬੈਠਾ ਅਲੋਪ ਨਜ਼ਰ ਨਾ ਆਏ । ਆਤਮ ਭੇਤ ਵਿਚ ਦੇਹ ਰਖਾ ਕੇ, ਦੀਪਕ ਜੋਤ ਰਿਹਾ ਜਗਾਏ । ਸਾਧ ਸੰਗਤ ਮਨ ਜੋਤ ਪਰਗਟਾ ਕੇ, ਚਰਨ ਕਵਲ ਪ੍ਰਭ ਮੇਲ ਮਿਲਾਏ । ਗੁਰਸਿਖ ਖਿਲੇ ਜਿਉਂ ਕਵਲ, ਚਾਰ ਜੁਗ ਗੁਰਸਿਖ ਤਰ ਜਾਏ । ਮਹਾਰਾਜ ਸ਼ੇਰ ਸਿੰਘ ਸਭ ਕੁਛ ਤੇਰੇ ਹੱਥ, ਜਿਸ ਦੇਵੇ ਸੋਈ ਜਨ ਪਾਏ । ਤਨ ਮਨ ਧਨ ਸਰਬ ਪ੍ਰਭ ਕੇਰਾ । ਮਾਣਸ ਜਨਮ ਤਰਵਰ ਜੀਵ ਜਗਤ ਪੰਖ ਵਸੇਰਾ । ਮਾਇਆਧਾਰੀ ਕਲ ਕਰੇ ਮੇਰਾ ਮੇਰਾ । ਨਜ਼ਰ ਨਾ ਆਵੇ ਧੁਰ ਦਰਬਾਰੀ, ਨਾ ਦੀਸੇ ਸੰਞ ਸਵੇਰਾ । ਅੰਤਕਾਲ ਕਰੇ ਜਮ ਖੁਆਰੀ, ਬਿਨ ਗੁਰ ਕਰੇ ਨਾ ਕੋਏ ਨਬੇੜਾ । ਗੁਰਚਰਨ ਲਾਗ ਹੋਏ ਗਤ ਤੇਰੀ, ਨਿਹਕਲੰਕ ਪਾਇਆ ਫੇਰਾ । ਗੁਰਸੰਗਤ ਹੋਏ ਗੁਰਚਰਨ ਕੇਰੀ । ਦੇਵੇ ਦਰਸ ਪ੍ਰਭ ਲਾਏ ਨਾ ਡੇਰੀ । ਬੇਮੁਖ ਕਲਜੁਗ ਹੋਏ ਢੇਰੀ, ਚਾਰ ਕੁੰਟ ਦਿਸੇ ਅੰਧੇਰਾ । ਮਹਾਰਾਜ ਸ਼ੇਰ ਸਿੰਘ ਜਗਤ ਸਚ ਚੇਰੀ, ਸਾਚਾ ਸਿੱਖ ਬਣੇ ਕਲਜੁਗ ਤੇਰਾ । ਗੁਰ ਮਿਲੇ ਗੁਰਮਤ ਪਾਈਏ । ਗੁਰ ਮਿਲੇ ਨਿਜਾਨੰਦ ਦਰਸਾਈਏ । ਲਿਖਿਆ ਧੁਰ ਅਬਿਨਾਸ਼ੀ ਘਰ ਮਾਹਿ ਪਾਈਏ । ਮਹਾਰਾਜ ਸ਼ੇਰ ਸਿੰਘ ਚਰਨ ਸੰਗ ਜੁੜ, ਜਨਮ ਮਰਨ ਫੰਦ ਕਟਾਈਏ । ਕਲਜੁਗ ਫਾਂਦਕ ਜੀਵ ਜੰਤ ਫਹਾਇਆ । ਮਾਇਆ ਰੂਪ ਸਰਬ ਜਗਤ ਭੁਲਾਇਆ । ਪਵਣ ਪਾਣੀ ਗਗਨ ਪਾਤਾਲੀ ਜੀਵ ਜੰਤ ਡੁਲਾਇਆ । ਮਹਾਰਾਜ ਸ਼ੇਰ ਸਿੰਘ ਸਚ ਤੇਰੀ ਬਾਣੀ, ਕਲਜੁਗ ਸਾਚਾ ਰਾਹ ਦਿਖਾਇਆ । ਸਚ ਸੁੱਚ ਵਰਤਾਏ, ਪ੍ਰਭ ਤੇਰਾ ਨਾਮ । ਤ੍ਰੈਤਾ ਆਣ ਤਰਾਵੇ, ਜਿਉਂ ਭਗਤਨ ਰਾਮ । ਦਰਸ਼ਨ ਕਰ ਅਮੁਲ ਹੋ ਜਾਵੇ, ਜਪ ਸੋਹੰ ਨਾਮ । ਮਹਾਰਾਜ ਸ਼ੇਰ ਸਿੰਘ ਜੋ ਚਰਨ ਲੱਗ ਜਾਵੇ, ਕਲਜੁਗ ਹੋਏ ਸੁਫਲ ਸਭ ਕਾਮ । ਸੁਫਲ ਜਨਮ ਕਲਜੁਗ ਭਇਆ । ਪੂਰਨ ਪਰਮੇਸ਼ਰ ਪ੍ਰਭ ਕੀਨੀ ਦਇਆ । ਗੁਰਸਿਖਾਂ ਨਾਮ ਰਸਨਾ ਸੋਹੰ ਲਿਆ । ਬੇਮੁਖ ਦਰ ਤੇ ਜਿਤ ਆਇਆ ਤਿਤ ਗਿਆ । ਮਹਾਰਾਜ ਸ਼ੇਰ ਸਿੰਘ ਸੁਣ ਤੇਰਾ ਨਾਉਂ, ਜਮਦੂਤ ਕਾ ਕਾਟਾ ਭਇਆ । ਕਲਜੁਗ ਪਰਗਟਿਆ ਵਿਚ ਪੁਰੀ ਘਨਕ । ਗੁਰਸਿਖ ਸੰਗ ਲੈ ਚਲਿਆ, ਜਿਉਂ ਪੁਰੀ ਜਨਕ । ਸਾਚਾ ਦਰਬਾਰ ਗੁਰਸਿਖ ਸਾਚਾ ਮੱਲਿਆ, ਪਛਾਣੇ ਤਿਸ ਜਿਸ ਬਣਾਈ ਬਣਤ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼, ਸਰਬ ਕੀਏ ਜੰਤ । ਕਲਜੁਗ ਪਾਪੀ ਜਗਤ ਵਿਛਾਇਆ ਜਾਲ । ਬਣ ਬੈਠਾ

ਫੰਦਕ ਫਾਂਦਕੀ ਬੇਮੁਖਾਂ ਲਏ ਬਹਾਲ । ਗੁਰਸਿਖਾਂ ਸੋਹੰ ਨਾਮ ਅਰਾਧਕੀ, ਕਲ ਵਿੰਗਾ ਨਾ ਹੋਵੇ ਵਾਲ । ਮਹਾਰਾਜ ਸ਼ੇਰ ਸਿੰਘ ਸ਼ਬਦ ਸੋਹੰ ਰੰਗਣ ਆਤਮ ਚਾੜ੍ਹੇ ਕਰ ਲਾਲ ਗੁਲਾਲ । ਪ੍ਰਭ ਉਪਜਾਵੇ ਆਪਣਾ ਥਾਨ । ਸਾਚਾ ਸ਼ਬਦ ਸਚ ਕਰ ਮਾਨ । ਸਦੀ ਚੌਧਵੀਂ ਮਲੇਸ਼ ਮਿਟ ਜਾਣ । ਗਰਬ ਗਵਾਲਾ ਹੋਏ ਭਗਵਾਨ । ਧਰਤੀ ਮਾਤਾ ਪਤ ਰੱਖੇ ਆਣ । ਮਦਿ ਮਾਸੀ ਸਰਬ ਨਸ਼ਟ ਹੋ ਜਾਣ । ਸੋਹੰ ਸ਼ਬਦ ਰਸਨ ਸਵਾਸੀ, ਜਗਤ ਪ੍ਰਧਾਨ । ਗੁਰਮੁਖ ਪ੍ਰੀਤ ਗੁਰ ਚਰਨ ਲਗਾਸੀ, ਮਹਾਰਾਜ ਸ਼ੇਰ ਸਿੰਘ ਸਿਰ ਹੱਥ ਟਿਕਾਣ । ਗੁਰਸਿਖਾਂ ਸਿਰ ਪ੍ਰਭ ਹੱਥ ਟਿਕਾਇਆ । ਕਲਜੁਗ ਪੋਹ ਨਾ ਸਕੇ ਗੁਰਸਿਖ ਮਾਇਆ । ਗਿਆਨ ਜੋਤ ਹਿਰਦਾ ਕਲਜੁਗ ਕਰਾਇਆ । ਸਚ ਰਾਗ ਸੋਹੰ ਸ਼ਬਦ ਰਸਨ ਅਲਾਇਆ । ਨਿਹਕਲੰਕ ਲੈ ਅਵਤਾਰ, ਡੰਕ ਡੌਰੂ ਜਗਤ ਵਾਹਿਆ । ਜੋਤ ਸਰੂਪ ਅੰਤਰ ਜਾਣੇ, ਆਪਣਾ ਭੇਤ ਨਾ ਰੱਖੇ ਛੁਪਾਇਆ । ਗੁਰਮੁਖਾਂ ਹੋਵੇ ਸੁਖ ਮਹਾਨ, ਪ੍ਰਭ ਕਾ ਵੇਲਾ ਨੇੜੇ ਆਇਆ । ਸਾਧ ਸੰਗਤ ਮਿਲ ਗੁਰਚਰਨ ਧਿਆਨ, ਅਨੰਦ ਬਿਨੋਦੀ ਪ੍ਰਭ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤਖ਼ਤ ਸਤਿਜੁਗ ਬਣਾਇਆ । ਸਚ ਤਖ਼ਤ ਸਤਿਜੁਗ ਪ੍ਰਭ ਵਾਸੀ । ਪਰਗਟ ਕਰੇ ਜੋਤ ਅਬਿਨਾਸ਼ੀ । ਲੱਖ ਚੁਰਾਸੀ ਜੀਵ ਕਰੇ ਦਾਸਨ ਦਾਸੀ । ਪਾਏ ਸ਼ਬਦ ਅਮਨ ਅਮੋਲ, ਜੀਵ ਆਤਮ ਨਾ ਹੋਏ ਵਿਨਾਸੀ । ਜੋਤ ਸਰੂਪ ਪ੍ਰਭ ਅਡੋਲ, ਬੈਠ ਅਡੋਲ ਜਗਤ ਡੁਲਾਸੀ । ਮਹਾਰਾਜ ਸ਼ੇਰ ਸਿੰਘ ਪੂਰੇ ਤੋਲੇ ਤੋਲ, ਜਗਤ ਨਾ ਰਹੇ ਕੋਈ ਮਦਿ ਮਾਸੀ । ਜੋਤ ਸਰੂਪ ਕਰੇ ਜਗ ਚੋਜ । ਗੁਰਸਿਖਾਂ ਪ੍ਰਭ ਮਿਟਾਵੇ ਗੋਝ । ਪੂਰਨ ਪੁਰਖ ਮਿਲੇ ਪ੍ਰਭ ਖੋਜ । ਮਿਲ ਸਾਧ ਸੰਗਤ ਮਾਣ ਜਗਤ ਸਾਚੀ ਮੌਜ । ਸੋਹੰ ਬਾਣ ਚਲਾਇਆ, ਜਗਤ ਘਾਇਲ ਕਰੇ ਬਿਨ ਫੌਜ । ਮਹਾਰਾਜ ਸ਼ੇਰ ਸਿੰਘ ਜਗਤ ਕਲ ਪਾਈ ਮਾਇਆ, ਜੋਤ ਸਰੂਪ ਜਗ ਕੀਤੇ ਚੋਜ । ਚੋਜੀ ਚੋਜ ਆਪ ਪ੍ਰਭ । ਕਲਜੁਗ ਜੀਵ ਭੁਲਾਏ ਸਭ । ਗੁਰਸਿਖਾਂ ਪ੍ਰਭ ਲਿਆ ਲੱਭ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ ਨਾ ਜਾਏ ਕਿਤੇ ਦੱਬ । ਵਰਤੇ ਸ਼ਬਦ ਗੁਰ ਤਤਕਾਲ । ਪਰਗਟਾਵੇ ਧਾਮ ਪਿੰਡ ਭੰਡਾਲ । ਜਿਥੇ ਬੈਠਾ ਮਨੀ ਸਿੰਘ ਨਿਹਕਲੰਕ ਦਲਾਲ । ਬਾਂਹੋਂ ਪਕੜ ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਘਰ ਦਿਤਾ ਵਖਾਲ । ਮਨੀ ਸਿੰਘ ਰਖ ਓਟ ਇਕ ਹਰੀ । ਸ਼ਬਦ ਸਤਿ ਪ੍ਰਭ ਦੇਹ ਵਿਚ ਕਰੀ । ਮੋਰ ਪੰਖ ਕਲਮ ਹੱਥ ਫੜੀ । ਲਿਖਾਵੇ ਸ਼ਬਦ ਪ੍ਰਭ ਆਸਾ ਵਰੀ । ਚਲੇ ਸ਼ਬਦ ਨਾ ਬੈਠੇ ਜਰੀ । ਆਤਮ ਭੂਪਤ ਪ੍ਰਭ ਇਕ ਰੰਗ ਕਰੀ । ਮਹਾਰਾਜ ਸ਼ੇਰ ਸਿੰਘ ਕਲ ਅਵਤਾਰ ਨਰ ਹਰੀ । ਕਲ ਅਵਤਾਰ ਨਾਮਾ ਨਰ । ਪਰਗਟਾਵੇ ਜੋਤ ਪ੍ਰਭ ਸ਼ਾਮਾ ਘਰ । ਜਗਾਵੇ ਜੋਤ ਜੋ ਚਲ ਆਏ ਦਰ । ਮਹਾਰਾਜ ਸ਼ੇਰ ਸਿੰਘ ਬਿਨ ਤੁਧ ਕੋਏ ਨਾ ਹੋਤ, ਸਤਿਜੁਗ ਚਾਰ ਵਰਨ ਸਭ ਏਕ ਕਰ । ਕਲਜੁਗ ਆਇਆ ਜਗਤ ਭਤਾਰ । ਚਾਰ ਵਰਨ ਆਏ ਦਰਬਾਰ । ਰਾਓ ਕਲਜੁਗ ਹੋਏ ਖੁਆਰ । ਰੰਕਾਂ ਪਾਈ ਪ੍ਰਭ ਕੀ ਸਾਰ । ਮਹਾਰਾਜ ਸ਼ੇਰ ਸਿੰਘ ਪਰਗਟੇ ਨਿਹਕਲੰਕ ਅਵਤਾਰ । ਸਿੰਘ ਆਸਣ ਪਿਆ ਬੈਠਾ ਆ ਕੇ । ਸਾਧ ਸੰਗਤ ਪ੍ਰਭ ਮਾਣ ਦਿਵਾ ਕੇ । ਵਡ ਦਾਤਾ ਵਡ ਵਡਿਆ ਕੇ । ਸਿੰਘ ਠਾਕਰ ਜਾਏ ਚਰਨ ਲਗਾ ਕੇ । ਸੁਹਾਏ ਥਾਨ ਜਿਥੇ ਪ੍ਰਭ ਬੈਠਾ ਜੋਤ ਜਗਾ ਕੇ । ਪਾਏ ਮਾਣ ਪ੍ਰਭ ਚਰਨੀਂ ਜੋ ਜਨ ਡਿਗੇ ਆ ਕੇ । ਜੋ ਆਏ ਕਰਨ ਪਛਾਣ, ਮਨ ਜਾਏ ਭੁਲੇਖਾ ਲਾਹ ਕੇ । ਈਸ਼ਰ ਜੋਤ ਮਹਾਨ, ਤੀਨ ਲੋਕ ਬੈਠਾ ਜੋਤ ਜਗਾ ਕੇ । ਮਹਾਰਾਜ ਸ਼ੇਰ ਸਿੰਘ ਸਚ ਮਿਹਰਵਾਨ, ਕਲਜੁਗ ਭੁੱਲੇ ਜਾਓ ਭੁੱਲ ਬਖ਼ਸ਼ਾ ਕੇ । ਭੁੱਲਣਹਾਰ ਸਰਬ ਜੀਵ ਜੰਤ । ਸ਼ਬਦ ਸੰਘਾਰੇ ਸਰਬ ਦੇਵ ਦੰਤ । ਮਹਾਰਾਜ ਸ਼ੇਰ ਸਿੰਘ ਤੇਰੀ ਮਹਿੰਮਾ

ਜਗਤ ਨਾ ਅੰਤ । ਕਰੋੜ ਤੇਤੀਸ ਪ੍ਰਭ ਦਰਸ ਤਿਹਾਏ । ਕਰੋੜ ਤੇਤੀਸ ਪ੍ਰਭ ਦਰ ਤੇ ਆਏ । ਦੇਵੀ ਦੇਵਾ ਸਰਬ ਪ੍ਰਭ ਜੋਤ ਜਗਾਏ । ਕਲਜੁਗ ਨਿਹਕਲੰਕ ਕਰ ਸੇਵਾ, ਦੁੱਖ ਰਹੇ ਨਾ ਕਾਏ । ਮਹਾਰਾਜ ਸ਼ੇਰ ਸਿੰਘ ਸਚ ਤੇਰੀ ਸੇਵਾ, ਕਲਜੁਗ ਬਿਰਥੀ ਮੂਲ ਨਾ ਜਾਏ । ਬਿਰਥਾ ਜਨਮ ਕਲਜੁਗ ਮਨਮੁਖਾ । ਬੁਧਿ ਮਲੇਸ਼ ਭੋਗਣ ਸਭ ਦੁੱਖਾ । ਗੁਰਸਿਖ ਪ੍ਰਭ ਕਾ ਦਰਸ, ਮਨ ਲਾਹਵੇ ਭੁੱਖਾ । ਸ਼ੇਰ ਸਿੰਘ ਸ਼ੇਰ ਕਲਜੁਗ ਵਿਚ ਆਇਆ । ਪਰਗਟ ਜੋਤ ਨਿਹਕਲੰਕ ਪ੍ਰਭ ਨਾਂ ਰਖਾਇਆ । ਕਲਜੁਗ ਕਰ ਸੋਹੰ ਸ਼ਬਦ ਡੰਕ ਵਜਾਇਆ । ਪਰਗਟੀ ਜੋਤ ਆਪ ਨਿਰੰਕਾਰ, ਸਾਧ ਸੰਗਤ ਪੱਲੂ ਜਗਤ ਫਿਰਾਇਆ । ਬੈਠਾ ਸਰਬ ਕਲ ਧਾਰ, ਹੰਕਾਰੀਆਂ ਜਿਸ ਹੰਕਾਰ ਗਵਾਇਆ । ਦੱਸੇ ਸੋ ਜੋ ਜੀਵ ਵਿਚਾਰ, ਭਰਮ ਭੁਲੇਖਾ ਸਭ ਦਾ ਲਾਹਿਆ । ਸੋਹੰ ਸ਼ਬਦ ਖੰਡਾ ਦੋ ਧਾਰ, ਛੁਪਿਆ ਨਾ ਰਹੇ ਕਲਜੁਗ ਛੁਪਾਇਆ । ਮਹਾਰਾਜ ਸ਼ੇਰ ਸਿੰਘ ਜੋ ਜਨ ਪਾਵੇ ਸਾਰ, ਜਿਨ ਵਿਚੋਂ ਭੇਤ ਚੁਕਾਇਆ । ਕਲਜੁਗ ਹੋਏ ਸ਼ਬਦ ਵਿਚੋਲਾ । ਪਾਵੇ ਦਰਸ ਪ੍ਰਭ ਰੰਗ ਮੌਲਾ । ਪਰਗਟੀ ਜੋਤ ਸਰਬ ਕਲ ਸੋਲਾਂ । ਸਾਧ ਸੰਗਤ ਸੋਹੰ ਸ਼ਬਦ ਵਜਾਵੇ ਜਗਤ ਢੋਲਾ । ਸਚਖੰਡ ਗੁਰਸਿਖ ਘਰ ਸਾਰ । ਕਲਜੁਗ ਵਰਤੇ ਡਾਹਢਾ ਕਹਿਰ, ਚਰਨ ਲਾਗ ਗੁਰ ਜਾਏ ਤਾਰ । ਪਰਗਟੇ ਆਪ ਪ੍ਰਭ ਨਿਰਵੈਰ, ਮਹਾਰਾਜ ਸ਼ੇਰ ਸਿੰਘ ਸ੍ਰਿਸ਼ਟ ਪਲਟਾਵੇ, ਨਾ ਲਾਵੇ ਸਵਾ ਪਹਿਰ । ਸਵਾ ਸਵਾਈ ਮਲ ਮਲੇਸ਼ ਬੁਧ ਗਵਾਈ । ਪੰਚਮ ਤੱਤ ਜੋਤ ਅਗਨ ਜਲਾਈ । ਕਰੇ ਸਤਿ ਸੋਹੰ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਸਦ ਬਲ ਬਲ ਜਾਈ । ਕਿਰਪਾ ਕਰ ਪ੍ਰਭ ਅੰਮ੍ਰਿਤ ਮੁਖ ਚੁਆਇਆ । ਜੋ ਜਨ ਆਏ ਘਰ, ਅੰਮ੍ਰਿਤ ਰਸ ਮਨ ਦਰਸਾਇਆ । ਕਲਜੁਗ ਮਿਲਿਆ ਸਾਚਾ ਵਰ, ਅੰਮ੍ਰਿਤ ਬੂੰਦ ਕਵਲ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਕਰ ਊਚਾ ਦਰ, ਗੁਰਸਿਖਾਂ ਆ ਸੀਸ ਝੁਕਾਇਆ । ਅੰਮ੍ਰਿਤ ਰਸ ਗੁਰ ਦਰ ਤੇ ਪਾਈਏ । ਅੰਮ੍ਰਿਤ ਰਸ ਪੀ ਮਨ ਤ੍ਰਿਪਾਈਏ । ਅੰਮ੍ਰਿਤ ਰਸ ਜੀਵ ਪ੍ਰਭ ਜੁਗਤ ਮਿਲਾਈਏ । ਅੰਮ੍ਰਿਤ ਰਸ ਸਾਧ ਸੰਗਤ ਪ੍ਰਭ ਵਰਖਾ ਲਾਈਏ । ਅੰਮ੍ਰਿਤ ਰਸ ਅਗਿਆਨ ਅੰਧੇਰ ਵਿਚ ਦੇਹ ਚੁਕਾਈਏ । ਅੰਮ੍ਰਿਤ ਰਸ ਪੀ ਲੱਖ ਚੁਰਾਸੀ ਗੇੜ ਨਾ ਆਈਏ । ਅੰਮ੍ਰਿਤ ਰਸ ਕਰੇ ਨਿਰਮਲ ਜੀਅ, ਮਨ ਅਗਿਆਨੀ ਜਗਤ ਅਖਵਾਈਏ । ਅੰਮ੍ਰਿਤ ਰਸ ਬੇਮੁਖ ਜਾਏ ਨੱਸ, ਸਾਧ ਸੰਗਤ ਪ੍ਰਭ ਮੁਖ ਚਵਾਈਏ । ਮਹਾਰਾਜ ਸ਼ੇਰ ਸਿੰਘ ਕਲਜੁਗ ਤੇਰਾ ਜਸ, ਰਸਨਾ ਗਾਏ ਸੁਫਲ ਕਰਾਈਏ । ਭੋਜਨ ਸੋ ਜਿਸ ਪ੍ਰਭ ਭੋਗ ਲਗਾਏ । ਪਰਗਟ ਜੋਤ ਗੁਰਸਿਖ ਘਰ ਆਏ । ਭਗਤ ਜਨਾਂ ਪ੍ਰਭ ਸੰਗ ਰਲਾਏ । ਕਲਜੁਗ ਜਨਮ ਬਹੱਤਰ ਜਨ ਭਗਤ ਪਰਗਟਾਏ । ਕਿਰਪਾ ਕਰ ਪ੍ਰਭ ਧਰਨੀ ਧਰ, ਰਸਨਾ ਭੋਗ ਭੰਡਾਰ ਲਗਾਏ । ਬਿਨ ਭੋਗ ਪ੍ਰਭ ਭੋਜਾ ਭੱਖ ਹੋ ਜਾਏ । ਗੀਤਾ ਵਾਕ ਕ੍ਰਿਸ਼ਨ ਸਚ ਹੋ ਜਾਏ । ਲੇਹਜ਼ ਫੇਹਜ਼ ਨਾ ਸੰਗ ਰਲਾਏ । ਸ਼ੂਦਰ ਵੈਸ਼ ਰੰਗ ਇਕ ਰੰਗਾਏ । ਗੁਰਸਿਖ ਬਣਤ ਕਲਜੁਗ ਬਣਾਏ । ਪਰਗਟ ਕਰ ਪ੍ਰਭ ਠਾਕਰ ਸਿੰਘ ਜਸ ਗਾਏ । ਮਹਾਰਾਜ ਸ਼ੇਰ ਸਿੰਘ ਅੰਤ ਹੋਏ ਸਹਾਏ । ਪ੍ਰਭ ਸਰਜੀਤ ਸਦੀਵ ਕਾਲ । ਪ੍ਰਭ ਕੀ ਜੋਤ ਜਗਤ ਮਸਾਲ । ਜੋਤ ਜਗਾਵੇ ਗੁਰਮੁਖ ਗੋਪਾਲ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਦੇ ਕਰ ਆਤਮ ਮਾਲ । ਕਰ ਪ੍ਰੀਤੀ ਗੁਰਚਰਨ ਜੀਵ, ਜੇ ਸਚ ਮਨ ਮੰਨੇ । ਦਰਸ ਕਰ ਜਾਏ ਦੁਤਰ ਤਰ, ਮਿਲਿਆ ਭਗਵਾਨ ਜਿਉਂ ਭਗਤ ਧੰਨੇ । ਸੋਹੰ ਨਾਮ ਰਸਨਾ ਜਪ ਨਾ ਕਲਜੁਗ ਡਰ, ਲਗਾਵੇ ਭੋਗ ਜਿਉਂ ਨਾਮੇ ਦੂਧ ਛੰਨੇ । ਮਹਾਰਾਜ ਸ਼ੇਰ ਸਿੰਘ ਭਰਮ ਨਿਵਾਰੇ, ਸਾਚਾ ਬੇੜਾ ਕਲ ਲਾਵੇ ਬੰਨੇ । ਬੇੜਾ ਬੰਧ ਚਲਾਇਆ । ਗੁਰਮੁਖਾਂ ਪ੍ਰਭ ਮਲਾਹ ਹੋ ਆਇਆ । ਸੋਹੰ ਚੱਪਾ ਲਾਏ, ਕਲਜੁਗ ਪਾਰ

ਕਰਾਇਆ । ਪਰਗਟ ਜੋਤ ਨਿਰੰਕਾਰ, ਮਹਾਰਾਜ ਸ਼ੇਰ ਸਿੰਘ ਭੋਗ ਲਗਾਇਆ । ਭੋਗ ਲਗਾਵੇ ਭਗਤ ਘਰ ਆ ਕੇ । ਕਲਜੁਗ ਚਲਿਆ ਸਾਚੀ ਜੋਤ ਜਗਾ ਕੇ । ਸਾਚਾ ਦਰ ਮਲਿਆ ਪ੍ਰੀਤ ਗੁਰਚਰਨ ਲਗਾ ਕੇ । ਮਹਾਰਾਜ ਸ਼ੇਰ ਸਿੰਘ ਵਲਿਆ ਕਿਸੇ ਨਾ ਠਲ੍ਹਿਆ, ਸਿੰਘਆਸਣ ਬੈਠਾ ਜੋਤ ਜਗਾ ਕੇ । ਸਿੰਘ ਆਸਣ ਬੈਠਾ ਪਰਬੀਨ । ਕਲਜੁਗ ਗਵਾਇਆ ਦੁਨੀ ਸਭ ਦੀਨ । ਸੋਹੰ ਸ਼ਬਦ ਰਸਨਾ ਪੀਨ । ਮਾਨਸ ਜਨਮ ਹੋਏ ਸਦਾ ਜਗ ਜੀਨ । ਮਹਾਰਾਜ ਸ਼ੇਰ ਸਿੰਘ ਗੁਰਸਿਖ ਨਾ ਆਵੇ ਹੀਨ । ਗੁਰਸਿਖ ਮਿਲੋ ਕਰ ਗੁਰ ਹੀਆ । ਕਰ ਦਰਸ ਕਰੋ ਨਿਰਮਲ ਜੀਆ । ਸੋਹੰ ਸ਼ਬਦ ਪ੍ਰਭ ਸਾਚਾ ਦੀਆ । ਮਹਾਰਾਜ ਸ਼ੇਰ ਸਿੰਘ ਕਲਜੁਗ ਤਰੇ ਜਿਸ ਰਸਨਾ ਨਾਮ ਤੇਰਾ ਲੀਆ ।

❊ ੨੬ ਚੇਤ ੨੦੦੮ ਬਿਕ੍ਰਮੀ ਆਤਮਾ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ਮਸੀਤ ਵਿਚ ❊

ਉਠ ਜੀਵ ਜਾਗ ਜਾਗ ਜਾਗ, ਪਰਗਟੇ ਪਾਰਬ੍ਰਹਮ ਅਚੁੱਤ । ਉਠ ਜੀਵ ਜਾਗ ਜਾਗ ਜਾਗ, ਪ੍ਰਭ ਮਿਲਣੇ ਦੀ ਆਈ ਰੁੱਤ । ਉਠ ਜੀਵ ਜਾਗ ਜਾਗ ਜਾਗ, ਸਾਚਾ ਨਾਤਾ ਪ੍ਰਭ ਜਿਉਂ ਪਿਤਾ ਪੁੱਤ । ਉਠ ਜੀਵ ਜਾਗ ਜਾਗ ਜਾਗ, ਝੂਠਾ ਸੰਸਾਰ ਅੰਤ ਹੋਏ ਨਾ ਮਿੱਤ । ਉਠ ਜੀਵ ਜਾਗ ਜਾਗ ਜਾਗ, ਕਲਜੁਗ ਚਲਿਆ ਵਿਛੜ ਜਾਏ ਨਾ ਕਿਤ । ਉਠ ਜੀਵ ਜਾਗ ਜਾਗ ਜਾਗ, ਈਸ਼ਰ ਪਰਗਟੇ ਨਾ ਕਿਸੇ ਵਾਰ ਨਾ ਥਿਤ । ਉਠ ਜੀਵ ਜਾਗ ਜਾਗ ਜਾਗ, ਮਾਨਸ ਜਨਮ ਕਲਜੁਗ ਵਿਚ ਦਿਤ । ਉਠ ਜੀਵ ਜਾਗ ਜਾਗ ਜਾਗ, ਕਰ ਦਰਸ ਮਹਾਰਾਜ ਸ਼ੇਰ ਸਿੰਘ ਆਤਮ ਨਿਤ । ਵਰਤੇ ਸ਼ਬਦ ਕਲ ਵੱਡਾ ਭਾਰੀ । ਚੜ੍ਹਕੇ ਆਏ ਮੁਗਲ ਕੰਧਾਰੀ । ਸ੍ਰਿਸ਼ਟੀ ਹੋਏ ਅਤ ਖੁਆਰੀ । ਸੱਤਰ ਕੋਸ ਫੇਰ ਜਾਏ ਬਹਾਰੀ । ਬਿਆਸਾ ਨਦੀ ਦਿਸੇ ਸ਼ੇਰ ਸਿੰਘ ਜੋਤ ਨਿਆਰੀ । ਜਾਏ ਨਾ ਪਾਰ ਪਏ ਮਲੇਸ਼ਾਂ ਵਿਚ ਖੁਆਰੀ । ਪ੍ਰਭ ਦੇਵੇ ਹਾਰ ਜੀਵ ਜੰਤ ਮਰੇ ਵਿਚ ਬਿਮਾਰੀ । ਕੋਈ ਨਾ ਜਾਣੇ ਸਾਰ, ਕਲਜੁਗ ਵਰਤੇ ਖੇਲ ਜੋਤ ਨਿਆਰੀ । ਆਵੇ ਬਹਾਰ ਭਗਤ ਜਨਾਂ ਹਰਿ ਪੈਜ ਸਵਾਰੀ । ਦੇਵੇ ਪ੍ਰਭ ਤਾਰ, ਛਤਰ ਝੁਲਾਏ ਵਡ ਦਾਤਾ ਆਪ ਸੰਸਾਰੀ । ਮਹਾਰਾਜ ਸ਼ੇਰ ਸਿੰਘ ਕਲ ਲਾਜ ਰਖਾਈ, ਚਰਨੀਂ ਡਿੱਗੇ ਸੰਗਤ ਸਾਰੀ । ਕਲਜੁਗ ਚਲੇ ਸ਼ਬਦ ਅੰਧੇਰੀ । ਈਸ਼ਰ ਜੋਤ ਛਿਨ ਅੰਦਰ ਚਾਰ ਕੁੰਟ ਫੇਰੀ । ਕਰੇ ਸੁ ਹੋਤ ਕਲਜੁਗ ਢਹਿ ਹੋਇਆ ਢਹਿ ਢੇਰੀ । ਮਹਾਰਾਜ ਸ਼ੇਰ ਸਿੰਘ ਸਚ ਤੇਰੀ ਜੋਤ, ਨਿਹਕਲੰਕ ਕਲ ਪਾਈ ਫੇਰੀ । ਕਲ ਆਇਆ ਕਲਮਾ ਦੂਰ ਕਰ, ਸੋਹੰ ਸ਼ਬਦ ਚਲਾਏ । ਚਾਰ ਕੁੰਟ ਆਪਣਾ ਜਲਵਾ ਨੂਰ ਕਰ, ਚਾਰ ਕੁੰਟ ਬਚਨ ਅਲਾਏ । ਸਾਧ ਸੰਗਤ ਮਨ ਟੇਕ ਧਰ, ਚਰਨੀਂ ਬੈਠੇ ਸੀਸ ਝੁਕਾਏ । ਚਾਰ ਵਰਨ ਪ੍ਰਭ ਏਕ ਕਰ, ਸਤਿਜੁਗ ਸਾਚਾ ਰਾਹ ਬਤਾਏ । ਭਗਤ ਜਨਾਂ ਬੁਧ ਵਿਸੇਖ ਕਰ, ਸੁੱਤਿਆਂ ਦੇਵੇ ਬਾਂਹੋਂ ਉਠਾਏ । ਮਹਾਰਾਜ ਸ਼ੇਰ ਸਿੰਘ ਕਲਜੁਗ ਸਾਚਾ ਗੁਰ ਵੇਖ ਕਰ, ਫੇਰ ਜਾਣੇ ਸੀਸ ਝੁਕਾਏ । ਜੋਤ ਅਗਨ ਜਗਤ ਲਗਨ । ਬੈਠਾ ਆਪ ਪ੍ਰਭ ਮਗਨ । ਗੁਰਸਿਖ ਪੂਰੇ ਜੁਗ ਚਾਰ ਜਗਨ । ਕਰੇ ਪਰਕਾਸ਼ ਮਾਤ ਪਾਤਾਲ ਆਕਾਸ਼ ਗਗਨ । ਬੇਮੁਖ ਹੋਏ ਖੁਆਰ ਕਲ ਫਿਰਨ ਨਗਨ । ਗੁਰਸਿਖ ਊਜਲ ਸੰਸਾਰ, ਸੋਹੰ ਸ਼ਬਦ ਮੁਖ ਲਾਇਆ ਪ੍ਰਭ ਸਗਨ । ਜੋਤ ਸਰੂਪ ਪ੍ਰਭ ਕੀਆ ਆਕਾਰ, ਆਤਮ ਤੀਰ ਵਿਚ ਦੇਹ ਲੱਗਣ । ਮਹਾਰਾਜ ਸ਼ੇਰ ਸਿੰਘ ਦਰਸ ਦਰ ਪਾ ਕੇ, ਗੁਰਸਿਖ ਪ੍ਰੀਤ ਚਰਨ ਸੰਗ ਲੱਗਣ । ਵਕਤ ਸੁਹੇਲਾ ਆ ਗਿਆ, ਪ੍ਰਭ ਪੈਜ ਰਖਾਵੇ । ਗੁਰ ਜਗਤ

ਧਕੇਲਾ ਆ ਗਿਆ, ਸ੍ਰਿਸ਼ਟ ਸਾਰੀ ਪਈ ਡੁਲਾਵੇ । ਗੁਰ ਸਚ ਮਿਲਾਵਣ ਮੇਲਾ ਆ ਗਿਆ, ਗੁਰਮੁਖ ਵਿਛੜ ਨਾ ਜਾਵੇ । ਕਲਜੁਗ ਅਚਰਜ ਖੇਲਾ ਆ ਗਿਆ, ਸੋਹੰ ਸ਼ਬਦ ਜਗਤ ਚਲਾਵੇ । ਮਹਾਰਾਜ ਸ਼ੇਰ ਸਿੰਘ ਭਗਤ ਦੁਹੇਲਾ ਆ ਗਿਆ, ਖੰਡ ਸਚ ਨਿਵਾਸ ਦਵਾਵੇ । ਕਲਜੁਗ ਵਕਤ ਮੁਕਾ ਗਿਆ, ਪ੍ਰਭ ਲਾਗੋ ਚਰਨਨ । ਕਲ ਜੀਵ ਝੂਠੇ ਧੰਦੇ ਲਾ ਗਿਆ, ਅੰਤ ਦੁੱਖ ਡਾਹਢਾ ਭਰਨਨ । ਸਾਧ ਸੰਗਤ ਵਿਚ ਪ੍ਰਭ ਸਮਾ ਗਿਆ, ਕੋਈ ਸਕੇ ਨਾ ਵਰਨਣ । ਵਾਸੀ ਖੰਡ ਬ੍ਰਹਿਮੰਡ ਦਾ ਆ ਗਿਆ, ਚਰਨ ਲਾਗ ਜੀਵ ਸਭ ਤਰਨਨ । ਸਚਖੰਡ ਕਲ ਮਾਤਲੋਕ ਬਣਾ ਗਿਆ, ਜੋਤ ਜਗਾਵੇ ਜਿਥੇ ਪ੍ਰਭ ਧਰਨੀ ਧਰਨਨ । ਰਸਨਾ ਸੋਹੰ ਸ਼ਬਦ ਜਪਾ ਗਿਆ, ਸਾਚੀ ਮਤਿ ਭਗਤਨ ਕਰਨਨ । ਪੰਥ ਸਾਚਾ ਜਗਤ ਵਖਾ ਗਿਆ, ਗੁਰਸਿਖ ਦੇਹ ਜਗਤ ਨਾ ਧਰਨਨ । ਮਹਾਰਾਜ ਸ਼ੇਰ ਸਿੰਘ ਕਲੰਕਨਿਹ ਆ ਗਿਆ, ਕਲਜੁਗ ਕਰਮ ਹਰਨਨ । ਕਲਜੁਗ ਆਏ ਹਾਰ, ਕੋਏ ਨਾ ਰਾਖੇ । ਪੂਰਬ ਕਰਮ ਵਿਚਾਰ, ਪ੍ਰਭ ਜੋਤ ਪਰਕਾਸ਼ੇ । ਪ੍ਰਭ ਦੇਵੇ ਨਰਕ ਮਝਾਰ, ਸਭ ਜੀਵ ਮਦਿ ਮਾਸੇ । ਵਿਰਲੇ ਉਤਮ ਵਿਚ ਸੰਸਾਰ, ਜਿਤ ਬਾਣੀ ਗੁਰਚਰਨ ਰਹਿਰਾਸੇ । ਕੁੰਟ ਚਾਰ ਹੋਏ ਜੈ ਜੈ ਜੈਕਾਰ, ਪਰਗਟੇ ਜੋਤ ਪ੍ਰਭ ਆਕਾਸ਼ੇ । ਗਣ ਗੰਧਰਬ ਸਰਬ ਪ੍ਰਭ ਦਰਸ ਪਿਆਸੇ । ਤਿਨ੍ਹਾਂ ਗੁਰਮੁਖ ਜਾਉ ਕੁਰਬਾਨ, ਜਿਨ੍ਹਾਂ ਬੈਠਾ ਸਤਿਗੁਰ ਪਾਸੇ । ਕਲਜੁਗ ਸਚ ਰਹੇ ਨਿਸ਼ਾਨ, ਜਿਥੇ ਕਰੇ ਪ੍ਰਭ ਜੋਤ ਵਾਸੇ । ਮਹਾਰਾਜ ਸ਼ੇਰ ਸਿੰਘ ਸ਼ਬਦ ਰੂਪ, ਬੇਮੁਖਾਂ ਕਰੇ ਨਾਸੇ । ਨਾਸਵੰਤ ਸਰਬ ਜੀਵ ਜੰਤ । ਊਚ ਏਕ ਸਰਬ ਭਗਵੰਤ । ਪ੍ਰਭ ਕੀ ਮਾਇਆ ਬੜੀ ਬੇਅੰਤ । ਕਲਜੁਗ ਪਰਗਟਾਵੇ ਗੁਰਸਿਖ ਸਾਚੇ ਸੰਤ । ਸੋਹੰ ਦੇਵੇ ਦਾਨ ਪ੍ਰਭ ਵੱਡਾ ਗੁਣਵੰਤ । ਹੋਵੇ ਬ੍ਰਹਮ ਗਿਆਨ, ਮਿਲੇ ਪੂਰਨ ਭਗਵੰਤ । ਦਰਸ ਦਿਖਾਵੇ ਨਜ਼ਰੀ ਆਵੇ, ਵਿਚ ਬੈਠਾ ਜੋ ਅਕੰਤ । ਜੋਤ ਜਗਾਵੇ ਸੋਝੀ ਪਾਵੇ, ਸੋਹੰ ਸ਼ਬਦ ਸਾਚਾ ਗੁਰ ਮੰਤ । ਮਹਾਰਾਜ ਸ਼ੇਰ ਸਿੰਘ ਪ੍ਰਭ ਅਭੇਵ, ਕੋਈ ਨਾ ਜਾਣੇ ਤੇਰਾ ਆਦਿ ਅੰਤ । ਕਲਜੁਗ ਹਰਿ ਰੰਗ ਮਾਣ, ਉਪਜੇ ਮਨ ਸੁੱਖ । ਗੁਰਚਰਨ ਕਰ ਧਿਆਨ, ਨਾ ਲਾਗੇ ਕੋਈ ਦੁੱਖ । ਉਤਮ ਇਹ ਗਿਆਨ, ਮਨ ਦੀ ਲਾਹੇ ਭੁੱਖ । ਕੋਈ ਪਾਏ ਚਤੁਰ ਸੁਜਾਨ, ਸੁਫਲ ਕਰਾਏ ਮਾਤ ਕੁੱਖ । ਕਲ ਮਿਲੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਸੁਖ ਸਾਚੀ ਸੁੱਖ । ਕਲਜੁਗ ਮਿਲੇ ਆਪ ਭਗਵਾਨ । ਭਗਤ ਪਛਾਣੇ ਜਾਣੀ ਜਾਣ । ਗੁਰਸਿਖਾਂ ਪ੍ਰਭ ਚਰਨਾ ਮਾਣ । ਬਖ਼ਸ਼ੇ ਗਏ ਜੋ ਜਨ ਚਰਨੀਂ ਡਿੱਗੇ ਆਣ । ਅਮਰ ਸਦ ਰਹੇ ਜੋ ਸਾਧ ਸੰਗਤ ਮਿਲ ਜਾਣ । ਸਾਚਾ ਸ਼ਬਦ ਪ੍ਰਭ ਰਸਨਾ ਕਹੇ, ਏਕ ਜੋਤ ਵਿਸ਼ਨੂੰ ਭਗਵਾਨ । ਮਾਨਸ ਜਨਮ ਸਚ ਲਾਹ ਲੈ, ਮਹਾਰਾਜ ਸ਼ੇਰ ਸਿੰਘ ਦਰਸ਼ਨ ਦਾਨ । ਦਰਸ ਦੇਖ ਲਾਹ ਆਤਮ ਚਿੰਦ । ਕਲਜੁਗ ਵਹਾਵੇ ਪ੍ਰਭ ਉਲਟੀ ਸਿੰਧ । ਬੇਮੁਖ ਕਰਨ ਕਲਜੁਗ ਪ੍ਰਭ ਕੀ ਨਿੰਦ । ਮਹਾਰਾਜ ਸ਼ੇਰ ਸਿੰਘ ਗੁਰਮੁਖ ਪੂਰੇ ਸਚ ਤੇਰੀ ਬਿੰਦ । ਗੁਰਮੁਖ ਊਜਲ ਉਪਰ ਧਵਲ । ਕਲਜੁਗ ਅੰਦਰ ਜਿਉਂ ਸਾਗਰ ਕਵਲ । ਤਾਰੇ ਪ੍ਰਭ ਕ੍ਰਿਸ਼ਨ ਮੁਰਾਰੀ ਸਵਲ । ਮਹਾਰਾਜ ਸ਼ੇਰ ਸਿੰਘ ਏਕੰਕਾਰੀ ਅਵਲ । ਏਕੰਕਾਰ ਕਲ ਪੜ ਸਰਨਾਈ । ਏਕੰਕਾਰ ਜੋਤ ਵਿਚ ਮਾਤ ਦੇ ਆਈ । ਅਛਲ ਅਡੋਲ ਪ੍ਰਭ ਅਖਵਾਈ । ਸ੍ਰਿਸ਼ਟੀ ਸਾਰੀ ਪ੍ਰਭ ਸ਼ਬਦ ਡੁਲਾਈ । ਅਗਨ ਜੋਤ ਚਾਰ ਕੁੰਟ ਲਗਾਈ । ਗੁਰਸਿਖਾਂ ਪ੍ਰਭ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਕਲ ਕੋਏ ਨਾ ਜਾਣੇ ਤੇਰੀ ਵਡ ਵਡਿਆਈ । ਗੁਰਚਰਨ ਮਿਲ ਗੁਰਸਿਖ ਨਿਰਮਲ ਕਰਮ ਉਜਾਗਰ । ਕਲਜੁਗ ਕਾਇਆ ਜੀਵ ਝੂਠੀ ਗਾਗਰ । ਭਗਤਨ ਦੇਵੇ ਪ੍ਰਭ ਅੰਮ੍ਰਿਤ ਸਾਗਰ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਜੋਤ ਰਤਨਾਗਰ । ਰੈਣ ਸੁਹਾਈ ਭਿੰਨੜੀ,

ਪ੍ਰਭ ਕੀਆ ਜੋਤ ਆਕਾਰ । ਰੈਣ ਸੁਹਾਈ ਭਿੰਨੜੀ, ਪ੍ਰਭ ਆਇਆ ਪਾਰ ਉਤਾਰਨਹਾਰ । ਰੈਣ ਸੁਹਾਈ ਭਿੰਨੜੀ, ਗੁਰਮੁਖ ਪ੍ਰਭ ਦਰਸ਼ਨ ਕਰਨ ਅਪਾਰ । ਰੈਣ ਸੁਹਾਈ ਭਿੰਨੜੀ, ਪ੍ਰਭ ਜੋਤ ਹੋਵੇ ਚਮਤਕਾਰ । ਰੈਣ ਸੁਹਾਈ ਭਿੰਨੜੀ, ਪ੍ਰਭ ਸਤਿ ਸਤਿ ਸਤਿ ਵਰਤੇ ਆਪ ਨਿਰੰਕਾਰ । ਰੈਣ ਸੁਹਾਈ ਭਿੰਨੜੀ, ਮਾਤਲੋਕ ਸੋਹੇ ਸਾਚਾ ਦਰਬਾਰ । ਰੈਣ ਸੁਹਾਈ ਭਿੰਨੜੀ, ਅਟੱਲ ਪਦਵੀ ਮਿਲੇ ਗੁਰ ਦਰਬਾਰ । ਰੈਣ ਸੁਹਾਈ ਭਿੰਨੜੀ, ਪਤਤ ਪਾਪੀ ਤਾਰੇ ਤਾਰਨਹਾਰ । ਰੈਣ ਸੁਹਾਈ ਭਿੰਨੜੀ, ਕਰ ਦਰਸ ਜਨ ਪਾਏ ਮੋਖ ਦਵਾਰ । ਰੈਣ ਸੁਹਾਈ ਭਿੰਨੜੀ, ਗੁਰਮੁਖਾਂ ਦੇਵੇ ਨਿਗਮ ਵਿਚਾਰ । ਰੈਣ ਸੁਹਾਈ ਭਿੰਨੜੀ, ਗੁਰ ਗੁਰਸਿਖ ਕੀਨੇ ਪਾਰ । ਰੈਣ ਸੁਹਾਈ ਭਿੰਨੜੀ, ਪ੍ਰਭ ਦੇਵੇ ਦੁਤਰ ਤਾਰ । ਰੈਣ ਸੁਹਾਈ ਭਿੰਨੜੀ, ਆਪਣੇ ਰੰਗ ਕਰੇ ਕਰਤਾਰ । ਰੈਣ ਸੁਹਾਈ ਭਿੰਨੜੀ, ਕਲਜੁਗ ਜਾਵੇ ਲਹਿੰਦੀ ਧਾਰ । ਰੈਣ ਸੁਹਾਈ ਭਿੰਨੜੀ, ਸਤਿਜੁਗ ਲਾਵੇ ਅਪਰ ਅਪਾਰ । ਰੈਣ ਸੁਹਾਈ ਭਿੰਨੜੀ, ਗੁਰਸਿਖਾਂ ਘਰ ਜੈ ਜੈਕਾਰ । ਰੈਣ ਸੁਹਾਈ ਭਿੰਨੜੀ, ਦਰ ਆਏ ਨਾ ਦੁਸ਼ਟ ਦੁਰਾਚਾਰ । ਰੈਣ ਸੁਹਾਈ ਭਿੰਨੜੀ, ਸੋਹੰ ਸ਼ਬਦ ਹੋਏ ਗੁੰਜਾਰ । ਰੈਣ ਸੁਹਾਈ ਭਿੰਨੜੀ, ਨਿਜ ਘਰ ਵਸੇ ਪ੍ਰਭ ਵਸਣੇਹਾਰ । ਰੈਣ ਸੁਹਾਈ ਭਿੰਨੜੀ, ਗੁਰਸਿਖਾਂ ਮਿਲੇ ਨਾਮ ਆਧਾਰ । ਰੈਣ ਸੁਹਾਈ ਭਿੰਨੜੀ, ਪ੍ਰਭ ਜੋਤ ਜਗਾਵੇ ਦੇਹ ਜੋਤ ਜਗਾਵਣਹਾਰ । ਰੈਣ ਸੁਹਾਈ ਭਿੰਨੜੀ, ਦੇ ਦਰਸ਼ਨ ਜਾਵੇ ਤਾਰ । ਰੈਣ ਸੁਹਾਈ ਭਿੰਨੜੀ, ਕਲਜੁਗ ਪਰਗਟਿਆ ਨਰ ਲੈ ਅਵਤਾਰ । ਰੈਣ ਸੁਹਾਈ ਭਿੰਨੜੀ, ਨਿਹਕਲੰਕ ਜੀਵ ਕਰ ਦੀਦਾਰ । ਰੈਣ ਸੁਹਾਈ ਭਿੰਨੜੀ, ਪ੍ਰਭ ਮਿਲ ਹੋਏ ਸੋਲਾਂ ਸ਼ਿੰਗਾਰ । ਰੈਣ ਸੁਹਾਈ ਭਿੰਨੜੀ, ਕਰ ਸਚ ਕੰਤ ਪਿਆਰ । ਰੈਣ ਸੁਹਾਈ ਭਿੰਨੜੀ, ਮੇਲ ਮਿਲਾਏ ਕਰ ਕ੍ਰਿਸ਼ਨ ਮੁਰਾਰ । ਰੈਣ ਸੁਹਾਈ ਭਿੰਨੜੀ, ਪਵਣ ਉਨੰਜਾ ਸਿਰ ਛਤਰ ਝੁਲਾਰ । ਰੈਣ ਸੁਹਾਈ ਭਿੰਨੜੀ, ਖੰਡ ਬ੍ਰਹਿਮੰਡ ਪ੍ਰਭ ਕਰੇ ਆਕਾਰ । ਰੈਣ ਸੁਹਾਈ ਭਿੰਨੜੀ, ਜੋਤ ਜਾਤੀ ਵਿਚ ਸੰਸਾਰ । ਰੈਣ ਸੁਹਾਈ ਭਿੰਨੜੀ, ਗੁਣ ਅਵਗੁਣ ਪ੍ਰਭ ਲੈ ਵਿਚਾਰ । ਰੈਣ ਸੁਹਾਈ ਭਿੰਨੜੀ, ਪਰਗਟੀ ਜੋਤ ਪ੍ਰਭ ਅਗੰਮ ਅਪਾਰ । ਰੈਣ ਸੁਹਾਈ ਭਿੰਨੜੀ, ਦੁੱਖ ਨਾ ਲਾਗੇ ਗੁਰ ਦਰਬਾਰ । ਰੈਣ ਸੁਹਾਈ ਭਿੰਨੜੀ, ਗੁਰਮੁਖ ਉਤਮ ਵਿਚ ਸੰਸਾਰ । ਰੈਣ ਸੁਹਾਈ ਭਿੰਨੜੀ, ਝੂਠਾ ਜਗਤ ਹੋਵੇ ਸਭ ਛਾਰ । ਰੈਣ ਸੁਹਾਈ ਭਿੰਨੜੀ, ਜਿਤ ਪਰਗਟੇ ਨਰ ਅਵਤਾਰ । ਰੈਣ ਸੁਹਾਈ ਭਿੰਨੜੀ, ਅੰਮ੍ਰਿਤ ਵਰਖੇ ਵਰਖਣਹਾਰ । ਰੈਣ ਸੁਹਾਈ ਭਿੰਨੜੀ, ਅੰਮ੍ਰਿਤ ਬੂੰਦ ਗੁਰਮੁਖ ਚਵਾਰ । ਰੈਣ ਸੁਹਾਈ ਭਿੰਨੜੀ, ਕਲਜੁਗ ਖੁਲ੍ਹੇ ਦਸਮ ਦਵਾਰ । ਰੈਣ ਸੁਹਾਈ ਭਿੰਨੜੀ, ਗੁਰਸਿਖਾਂ ਪ੍ਰਭ ਬੇੜਾ ਕੀਨਾ ਪਾਰ । ਰੈਣ ਸੁਹਾਈ ਭਿੰਨੜੀ, ਜਿਤ ਰੈਣ ਮਹਾਰਾਜ ਸ਼ੇਰ ਸਿੰਘ ਲੈ ਅਵਤਾਰ । ਭਿੰਨੜੀ ਰੈਨੜੀਏ ਰੰਗ ਪ੍ਰਭ ਕਾ ਮਾਣ । ਭਿੰਨੜੀ ਰੈਨੜੀਏ ਜੋ ਰਹੇ ਜਾਗ, ਤਿਨ੍ਹਾਂ ਮਿਲਿਆ ਪ੍ਰਭ ਆਣ । ਭਿੰਨੜੀ ਰੈਨੜੀਏ ਤੇਰੇ ਪੂਰਨ ਭਾਗ, ਪਰਗਟੀ ਜੋਤ ਵਿਸ਼ਨੂੰ ਭਗਵਾਨ । ਭਿੰਨੜੀ ਰੈਨੜੀਏ ਤੇਰੇ ਸਿਰ ਸੁਹਾਗ, ਸੋਹੰ ਸਚ ਸ਼ਬਦ ਦੀਬਾਨ । ਸ਼ਬਦ ਮਲਾਵਾ ਕਰ ਪ੍ਰਭ ਕਰ ਸੁਰਤੀ ਮੇਲਾ । ਜਗਤ ਭੁਲਾਵਾ ਦੂਰ ਕਰ, ਮਿਲ ਸੱਜਣ ਸੁਹੇਲਾ । ਜਗਤ ਨੈਣ ਦਿਖਾਵਾ ਦੂਰ ਕਰ, ਨੇਤਰ ਤੀਜਾ ਖੋਲ੍ਹਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਕਵਲ ਫੂਲ ਕਰ ਚਰਨ ਸੰਗ ਮੇਲਾ । ਗੁਰ ਚਰਨ ਊਚਾ ਪਦ । ਕਰ ਦਰਸ ਬਲ ਜਾਉ ਸਦ । ਪ੍ਰਭ ਮਿਲਿਆ ਵੱਡਾ ਅਗਦ । ਬੇਮੁਖਾਂ ਚਲਿਆ ਕਲਜੁਗ ਲੱਦ । ਮਹਾਰਾਜ ਸ਼ੇਰ ਸਿੰਘ ਧੁਨ ਨਾਮ ਵੱਜੇ ਦੇਹ ਸਦ । ਸਦਾ ਧੁਨ ਵੱਜੇ ਦੇਹ ਅੰਦਰ । ਹੋਏ ਗਿਆਨ ਅੰਧੇਰ ਤਨ ਮੰਦਰ । ਸੋਹੰ ਕੁੰਜੀ ਮਨ ਤੋੜੇ ਜੰਦਰ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਏ, ਸੁਹਾਏ ਬੰਕ ਮੰਦਰ । ਜੋਤ ਜਗਾਈ

ਜਗਤ ਵਖਾਈ, ਨਜ਼ਰ ਨਾ ਆਈ ਭੇਤ ਰਖਾਇਆ । ਜਨ ਦੇ ਵਡਿਆਈ ਪੈਜ ਰਖਾਈ, ਹੋਏ ਸਹਾਈ ਕਲਜੁਗ ਤਰਾਇਆ । ਬੇਮੁਖ ਦੁਹਾਈ ਸੰਗ ਨਾ ਚਾਲੇ ਕੋਏ ਭੈਣ ਭਾਈ, ਝੂਠੀ ਸ੍ਰਿਸ਼ਟੀ ਛੱਡ ਵਖਾਈ ਬੇਮੁਖ ਨਾਉਂ ਨਾ ਧਿਆਇਆ । ਮਹਾਰਾਜ ਸ਼ੇਰ ਸਿੰਘ ਪਰਮਗਤ ਪਾਈ, ਵੱਜੀ ਵਧਾਈ ਸੁਣੇ ਲੋਕਾਈ, ਵਰ ਘਰ ਸਾਚਾ ਪਾਇਆ । ਸਚ ਅੰਦਰ ਵਸਿਆ, ਨਜ਼ਰ ਨਾ ਆਵੇ । ਸਾਚਾ ਰਾਹ ਪ੍ਰਭ ਸਾਚੇ ਦੱਸਿਆ, ਜੇ ਵੇਖੇ ਤਾਂ ਨਜ਼ਰੀ ਆਵੇ । ਕਰੇ ਪਰਕਾਸ਼ ਜਿਉਂ ਰਵ ਸੱਸਿਆ, ਆਤਮ ਜੋਤ ਪ੍ਰਭ ਸੰਗ ਜੋਤ ਜਗਾਵੇ । ਬੇਮੁਖ ਕਲਜੁਗ ਚੰਨ ਜਿਉਂ ਮੱਸਿਆ, ਸਤਿਜੁਗ ਵਿਚ ਨਜ਼ਰ ਨਾ ਆਵੇ । ਸੋਹੰ ਬਾਣ ਸ਼ਬਦ ਗੁਰ ਕਸਿਆ, ਸ੍ਰਿਸ਼ਟੀ ਸਾਰੀ ਭਰਦੀ ਹਾਵੇ । ਸੋਹੰ ਸ਼ਬਦ ਘਰ ਸਾਚਾ ਦੱਸਿਆ, ਮਹਾਰਾਜ ਸ਼ੇਰ ਸਿੰਘ ਸੰਗ ਮੇਲ ਕਰਾਵੇ । ਪ੍ਰਭ ਮਿਲਿਆਂ ਚੜ੍ਹੇ ਰੰਗ ਮਜੀਠ । ਸਾਚਾ ਪ੍ਰਭ ਕਲਜੁਗ ਘਰ ਡੀਠ । ਬੇਮੁਖ ਕੌੜੇ ਕਲਜੁਗ ਜਿਉਂ ਰੀਠ । ਗੁਰਸਿਖਾਂ ਗੁਰ ਪੂਰਾ ਪਾਇਆ, ਮਹਾਰਾਜ ਸ਼ੇਰ ਸਿੰਘ ਨੇਤਰ ਡੀਠ । ਨੇਤਰ ਪੇਖ ਕਰੋ ਦੂਰ ਭੁਲੇਖਾ । ਸਾਚਾ ਸਾਹਿਬ ਘਰ ਆ ਚੁਕਾਵੇ ਲੇਖਾ । ਢਹਿ ਪਏ ਸਰਨਾਈ ਜਨ, ਪ੍ਰਭ ਮੇਟ ਵਖਾਵੇ ਰੇਖਾ । ਮਹਾਰਾਜ ਸ਼ੇਰ ਸਿੰਘ ਰੰਗ ਚਲੂਲਾ, ਗੁਰਸਿਖਾਂ ਤੇਰਾ ਡੀਠਾ । ਗੁਰਸਿਖਾਂ ਰੰਗ ਤੇਰਾ ਡੀਠੜੋ । ਵਰ ਘਰ ਪਾਇਆ ਪ੍ਰਭ ਸਾਚਾ ਬੀਠਲੋ । ਪ੍ਰਭ ਵਿਚ ਨਿਮਾਣਿਆਂ ਵਸੇ, ਨਾ ਜਾਣੇ ਪਾਟੇ ਚੀਥੜੋ । ਮਹਾਰਾਜ ਸ਼ੇਰ ਸਿੰਘ ਰਾਹ ਸਾਚਾ ਦੱਸੇ, ਨਹੀਂ ਭੁਲੇਖਾ ਪ੍ਰਭ ਸਾਚਾ ਡੀਠੜੋ । ਜੀਵ ਪਰਖ ਕਰ, ਮਨ ਰਹੇ ਨਾ ਚਿੰਦਾ । ਛੱਡ ਦਰਬਾਰ, ਭੁੱਲ ਕਰੇ ਨਾ ਨਿੰਦਾ । ਦੇਵਣਹਾਰ ਪ੍ਰਭ ਸਰਬ ਫਲ ਦਿੰਦਾ । ਜੋਤ ਪਰਗਟਾਈ ਪ੍ਰਭ ਗੁਰ ਗੋਬਿੰਦਾ । ਦੇਵੇ ਵਡਿਆਈ ਗੁਰ ਗੁਰਸਿਖ ਮਰਗਿੰਦਾ । ਤੇਤੀਸ ਕਰੋੜ ਖੜ੍ਹੇ ਦਰ ਸੀਸ ਝੁਕਾਈ, ਖੜ੍ਹੇ ਸੰਗ ਇੰਦਾ । ਕਲਜੁਗ ਪਰਗਟਿਆ ਮਹਾਰਾਜ ਸ਼ੇਰ ਸਿੰਘ ਗੁਰਸਿਖ ਬਖ਼ਸ਼ਿੰਦਾ । ਬਖ਼ਸ਼ੇ ਬਖ਼ਸ਼ਣਹਾਰ ਪ੍ਰਭ ਅੰਤਰਜਾਮੀ । ਕੋਏ ਨਾ ਜਾਣੇ ਸਾਰ, ਕਲ ਪਰਗਟੇ ਪ੍ਰਭ ਨਿਹਕਾਮੀ । ਗੁਰਸਿਖ ਸੋਹਣ ਗੁਰਚਰਨ ਦਰਬਾਰ, ਪ੍ਰਗਟ ਬੈਠਾ ਵਿਚ ਸਵਾਮੀ । ਕਲਜੁਗ ਸਾਚਾ ਸਚ ਦਰਬਾਰ, ਪਰਗਟੇ ਜੋਤ ਪ੍ਰਭ ਅੰਤਰਜਾਮੀ । ਮਹਾਰਾਜ ਸ਼ੇਰ ਸਿੰਘ ਪੂਰਨ ਅਵਤਾਰ, ਸੋਹੰ ਦਾਨ ਦੇਵੇ ਪ੍ਰਭ ਨਾਮੀ । ਨਾਮ ਦਾਨ ਆਪ ਪ੍ਰਭ ਦੀਆ । ਨਿਰਮਲ ਕੀਆ ਪ੍ਰਭ ਗੁਰਸਿਖਾਂ ਜੀਆ । ਨਾਮ ਨਿਧਾਨ ਗੁਰਦਰ ਤੇ ਪੀਆ । ਮਹਾਰਾਜ ਸ਼ੇਰ ਸਿੰਘ ਤੇਰਾ ਸਿੱਖ ਸਦਾ ਜਗ ਜੀਆ । ਸਚ ਸ਼ਬਦ ਕਲਜੁਗ ਸਚ ਲਿਖ । ਦੇ ਗਿਆਨ ਪ੍ਰਭ ਆਤਮ ਲਾਹੇ ਵਿਖ । ਗੁਣ ਨਿਧਾਨ ਪ੍ਰਭ ਵਸੇ ਵਿਚ ਸਿੱਖ । ਵਿਸ਼ਨੂੰ ਭਗਵਾਨ ਉਪਜਾਵੇ ਕਲਜੁਗ ਗੁਰਸਿਖ ਵਡ ਰਿਖ । ਗੁਰਸਿਖ ਉਤਮ ਜ਼ਾਤ ਕਰ, ਦੇ ਚਲਿਆ ਵਡਿਆਈ । ਆਤਮ ਪ੍ਰਭ ਸਵਾਂਤ ਕਰ, ਤ੍ਰਿਖਾ ਦੇ ਬੁਝਾਈ । ਸਾਚੀ ਜੋਤ ਵਿਚ ਦੇਹ ਇਕਾਂਤ ਕਰ, ਗਿਆਨ ਜੋਤ ਪ੍ਰਭ ਦੇ ਜਗਾਈ । ਮਹਾਰਾਜ ਸ਼ੇਰ ਸਿੰਘ ਤਪਦੇ ਹਿਰਦੇ ਸ਼ਾਂਤ ਕਰ, ਸੋਹੰ ਅੰਮ੍ਰਿਤ ਵਰਖਾ ਲਾਈ । ਅੰਮ੍ਰਿਤ ਵਰਖੇ ਮੇਘ ਜਿਉਂ ਧਾਰ । ਪੀ ਸਿੱਖ ਕਲ ਉਤਰੇ ਪਾਰ । ਪਰਗਟੇ ਗੁਰ ਕੋਈ ਪਾਏ ਨਾ ਸਾਰ । ਆਪ ਅਪਰੰਪਰ ਰਿਹਾ ਗੁਣ ਵਿਚਾਰ । ਜਗਤ ਜਲਾਏ ਕਰ ਜੋਤ ਆਕਾਰ । ਭਗਤ ਤਰਾਏ ਦੇ ਸੋਹੰ ਸ਼ਬਦ ਅਧਾਰ । ਚਾਰ ਜੁਗ ਨਾਮ ਰਖਾਏ, ਸਾਚਾ ਮਾਰਗ ਚਲੇ ਸੰਸਾਰ । ਜੋ ਜਨ ਆਏ ਰਸਨਾ ਗਾਏ, ਦੇਵੇ ਦਰਸ ਪੁਰਖ ਮੁਰਾਰ । ਕਲਜੁਗ ਪਰਗਟਿਆ ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਚਾਰ ਜੁਗ ਪੂਜਾ ਕਰੇ ਸੰਸਾਰ । ਚਾਰ ਜੁਗ ਪ੍ਰਭ ਚਰਨ ਪੁਜਾਰੀ । ਆਇਆ ਮਾਤ ਚਤੁਰਭੁਜ ਕਰ ਸਵਾਰੀ । ਭਗਤ ਜਨਾਂ ਹਰਿ ਆਏ ਪੈਜ ਸਵਾਰੀ । ਕਲਜੁਗ

ਪਰਗਟੇ ਰਾਮ ਕ੍ਰਿਸ਼ਨ ਨਿਹਕਲੰਕ ਅਵਤਾਰੀ । ਮਹਾਰਾਜ ਸ਼ੇਰ ਸਿੰਘ ਇਕ ਜੋਤ ਨਿਰੰਕਾਰੀ । ਨਿਰੰਕਾਰ ਕੋਈ ਆਕਾਰ ਨਾ ਜਾਣੇ । ਜਿਸ ਜਨ ਦੱਸੇ ਸੋ ਜਨ ਪਛਾਣੇ । ਗੁਰਮੁਖ ਚਲੇ ਪ੍ਰਭ ਕੇ ਭਾਣੇ । ਕਲਜੁਗ ਹੋਏ ਚਤੁਰ ਸੁਘੜ ਸਿਆਣੇ । ਚਰਨੀਂ ਡਿਗਣ ਸਭ ਰਾਜੇ ਰਾਣੇ । ਸਿਰ ਛਤਰ ਝੁਲਾਇਣ, ਸੰਗਤ ਸਭ ਮਸਤੂਆਣੇ । ਜਾਮਾ ਲਿਆ ਧਾਰ, ਪਹਿਨ ਨਿਹਕਲੰਕ ਬਾਣੇ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ, ਕੋਈ ਵਿਰਲਾ ਗੁਰਮੁਖ ਜਾਣੇ । ਪ੍ਰਭ ਗੁਰਮੁਖਾਂ ਬੂਝ ਬੁਝਾਇੰਦਾ । ਆਦਿ ਜੁਗਾਦੀ ਸ਼ਬਦ ਪੈਜ ਰਖਾਇੰਦਾ । ਗੋਪੀ ਨਾਥ ਭਗਤ ਵਛਲ ਅਖਵਾਇੰਦਾ । ਜੀਵ ਨਾ ਜਾਣੇ ਪ੍ਰਭ ਸਦਾ ਸੰਗ ਰਹਾਇੰਦਾ । ਨਾ ਭੁੱਲ ਜੀਵ ਅੰਞਾਣੇ, ਵਿਛੜ ਦੁੱਖ ਪਾਇੰਦਾ । ਲੱਗ ਜਾ ਟਿਕਾਣੇ, ਪ੍ਰਭ ਜੋਤੀ ਜੋਤ ਮਿਲਾਇੰਦਾ । ਫਿਰ ਗਰਭ ਨਾ ਮਾਣੇ, ਪ੍ਰਭ ਸਚਖੰਡ ਬਹਾਇੰਦਾ । ਜੀਵ ਆਪਣਾ ਮੂਲ ਪਛਾਣੇ, ਪ੍ਰਭ ਜੋਤੋ ਜੋਤ ਪਰਗਟਾਇੰਦਾ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਸਿਰ ਛਤਰ ਝੁਲਾਇੰਦਾ । ਝੁੱਲੇ ਛਤਰ ਗੁਰਸਿਖਾਂ ਸਿਰ । ਕਲਜੁਗ ਮਿਲਿਆ ਜਿਨ੍ਹਾਂ ਸਾਚਾ ਪਿਰ । ਪਰਗਟੀ ਜੋਤ ਕਲ ਗਿਰਧਾਰੀ ਗਿਰ । ਮਹਾਰਾਜ ਸ਼ੇਰ ਸਿੰਘ ਪੈਜ ਸਵਾਰੀ, ਨਾ ਲਾਵੀ ਦਿਰ । ਦੇਰ ਨਾ ਕਰ ਗੁਰਸਿਖ ਬਿਲਲਾਇਆ । ਕਲਜੁਗ ਅਗਨ ਤਨ ਮਨ ਜਲਾਇਆ । ਕਿਰਪਾ ਕਰ ਆਪ ਪ੍ਰਭ ਰਘੁਰਾਇਆ । ਕਰ ਸ਼ਾਂਤ ਹਉਮੇ ਤਨ ਤੰਦੂਰ ਜਲਾਇਆ । ਕੱਢ ਭਰਾਂਤ ਭੁਲੇਖਾ ਕਲਜੁਗ ਮਨ ਵਸਾਇਆ । ਵਿਛੜ ਜਾਏ ਨਾ ਦਿਨ ਰਾਤ, ਜਿਨ ਪ੍ਰਭ ਚਰਨ ਸੰਗ ਨੇਹੁੰ ਲਗਾਇਆ । ਮਹਾਰਾਜ ਸ਼ੇਰ ਸਿੰਘ ਗਾਓ ਪਰਭਾਤ, ਦੇਵੇ ਦਰਸ ਤੇਜ਼ ਜੋਤ ਸਵਾਇਆ । ਜੋਤ ਸਰੂਪ ਪ੍ਰਭ ਜਗ ਆਏ । ਆਪ ਪੇਖੇ ਕਿਸੇ ਨਜ਼ਰ ਨਾ ਆਏ । ਲਾਏ ਲੇਖੇ ਜੋ ਜਨ ਚਰਨ ਸੀਸ ਝੁਕਾਏ । ਕੱਢ ਭੁਲੇਖੇ ਸੋਹੰ ਗਿਆਨ ਦਵਾਏ । ਮਹਾਰਾਜ ਸ਼ੇਰ ਸਿੰਘ ਅੰਤਕਾਲ ਗੁਰਸਿਖਾਂ ਹੋ ਸਹਾਏ । ਗੁਰਸਿਖ ਵਸੇ ਗੁਰ ਗੋਪਾਲ । ਗੁਰਸਿਖ ਆਤਮ ਲਾਲ ਗੁਲਾਲ । ਗੁਰਮੁਖ ਉਜਲ ਜਿਉਂ ਸਿੰਘ ਪਾਲ । ਸੋਹੰ ਸ਼ਬਦ ਖੱਟ ਜਗਤ ਸਚਾ ਧਨ ਮਾਲ । ਮਹਾਰਾਜ ਸ਼ੇਰ ਸਿੰਘ ਗੁਰਸਿਖ ਚਰਨ ਸੰਗ ਸਮਾਲ । ਗੁਰ ਦਰਬਾਰ ਆਏ ਸੌਂ ਨਹੀਂ ਰਹਿਣਾ । ਦੇਵੇ ਦਰਸ ਭਗਤ ਪ੍ਰਭ ਸੁੱਤਿਆਂ ਰੈਣਾ । ਵਕਤ ਜਾਏ ਵਹਾਏ ਜੀਵ ਰੋਏ ਕਲ ਪਾਏ ਵੈਣਾਂ । ਦਰਗਾਹ ਮਿਲੇ ਨਾ ਥਾਏਂ, ਲੇਖਾ ਧਰਮ ਰਾਏ ਨੇ ਲੈਣਾ । ਪ੍ਰਭ ਪੂਰਾ ਨਜ਼ਰ ਨਾ ਆਏ, ਜੀਵ ਵਸ ਜਮਾਂ ਦੇ ਪੈਣਾ । ਕਲਜੁਗ ਤਾਰਨ ਆ ਗਿਆ, ਗੁਰ ਪੇਖ ਆਪਣੇ ਨੈਣਾ । ਪ੍ਰਭ ਸਚਾ ਮਾਰਗ ਲਾ ਗਿਆ, ਚਲ ਜੀਵ ਜਗ ਬੈਠ ਕਿਸੇ ਨਹੀਂ ਰਹਿਣਾ । ਕਿਉਂ ਭਰਮ ਭੁਲੇਖੇ ਲਾ ਲਿਆ, ਮੰਨ ਸਚੇ ਸਤਿਗੁਰ ਕਾ ਕਹਿਣਾ । ਕਲ ਸੋਹੰ ਜਹਾਜ਼ ਬਣਾ ਲਿਆ, ਕਿਉਂ ਡੁੱਬੇ ਲਹਿੰਦਿਆਂ ਵਹਿਣਾ । ਜਿਸ ਮਹਾਰਾਜ ਸ਼ੇਰ ਸਿੰਘ ਚਰਨ ਲਗਾ ਗਿਆ, ਦੁੱਖ ਅੰਧ ਓਸ ਨਹੀਂ ਸਹਿਣਾ । ਗੁਰਸਿਖ ਪ੍ਰਭ ਕਾ ਦੁੱਖ ਨਾ ਜਲੇ । ਮਿਲ ਸਾਧ ਸੰਗਤ ਕਲਜੁਗ ਤਰੇ । ਆਵੇ ਨਾ ਜਾਵੇ ਜਨਮੇ ਨਾ ਮਰੇ । ਬੈਠ ਅਡੋਲ ਰੰਗ ਵੇਖੇ ਹਰੇ । ਗੁਰਚਰਨ ਲਾਗ ਕਲਜੁਗ ਖੋਟੇ ਹੋਏ ਖਰੇ । ਹੋਏ ਸਹਾਈ ਏਕ, ਟੇਕ ਜੋ ਹਿਰਦੇ ਧਰੇ । ਜੋ ਜਨ ਚਲ ਆਏ ਦਰ, ਤਿਨ ਕੇ ਕਾਜ ਸਰੇ । ਮਹਾਰਾਜ ਸ਼ੇਰ ਸਿੰਘ ਜਾਉ ਬਲਿਹਾਰੀ, ਦੇ ਦਰਸ ਪ੍ਰਭ ਨਰ ਹਰੇ । ਹਰਿ ਨਰ ਜੋਤ ਅਵਤਰ । ਕਲਜੁਗ ਸਾਗਰ ਪਾਰ ਕਰ । ਏਕ ਸ਼ਬਦ ਜੀਵ ਹਿਰਦੇ ਧਰ । ਮਹਾਰਾਜ ਸ਼ੇਰ ਸਿੰਘ ਜੀਵ ਵਸੇ ਨਿਜ ਘਰ । ਨਿਜ ਘਰ ਵਸੇ ਪ੍ਰਭ ਮਿਹਰਵਾਨਾ । ਹਰਿ ਘਰ ਜਨ ਭਗਤ ਪਛਾਨਾ । ਉਤਮ ਦਰ ਸੁਖ ਮਿਲੇ ਮਹਾਨਾ । ਰੱਖ ਲਾਜ ਕਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਵਿਸ਼ਨੂੰ ਭਗਵਾਨ ਭਰਮ ਮਿਟਾ । ਸਹੰਸਰ ਸਹਿੰਸੇ ਵਿਚੋਂ ਚੁਕਾ । ਜੋਤ

੨੬੫
੦੧

ਸਰੂਪ ਵਿਚ ਦੇਹ ਜੋਤ ਪਰਗਟਾ । ਚਰਨ ਲਾਗ ਜੀਵ ਦਮ ਦਾ ਨਹੀਂ ਵਸਾਹ । ਵਕ਼ਤ ਨਾ ਦੱਸੇ, ਪ੍ਰਭ ਸਾਚਾ ਬੇਪਰਵਾਹ । ਪ੍ਰਭ ਆਪਣੇ ਰੰਗ ਵਸੇ, ਸ੍ਰਿਸ਼ਟੀ ਸਾਰੀ ਹੋਈ ਦਾਹ । ਗੁਰਸਿਖ ਸਾਚਾ ਗੁਰ ਦਰ ਹੱਸੇ, ਬੇਮੁਖਾਂ ਕਲ ਪਈ ਸਵਾਹ । ਕਲਜੁਗ ਜੋਤ ਪਰਗਟਾਈ, ਮਹਾਰਾਜ ਸ਼ੇਰ ਸਿੰਘ ਸਿਰ ਸ਼ਾਹਾਂ ਸ਼ਾਹ । ਸਾਚਾ ਸ਼ਾਹੋ ਮਿਲੇ ਵਡਭਾਗ । ਕਰ ਦਰਸ ਜੀਵ ਨਾ ਲਾਗੇ ਮਨ ਦਾਗ਼ । ਕਿਰਪਾ ਕਰੇ ਅਨਹਦ ਸ਼ਬਦ ਸੁਣਾਵੇ ਰਾਗ । ਨਿਜਾਨੰਦ ਦਰਸਾਵੇ ਪ੍ਰਭ ਅੰਮ੍ਰਿਤ ਸਾਦ । ਜੋਤ ਜਗਾਵੇ ਜੀਵ ਜੰਤ ਆਦਿ ਜੁਗਾਦਿ । ਕਲਜੁਗ ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਲਿਆ ਲਾਦ । ਪ੍ਰਭ ਸੁੱਤਾ ਪੈਰ ਪਸਾਰ । ਆਲਸ ਕਰੇ ਨਾ ਵਿਚ ਸੰਸਾਰ । ਕਰ ਕਰ ਪਰਦੱਖਣਾ ਗੁਰਸੰਗਤ ਬਲ ਧਾਰ । ਸਾਚੀ ਰੀਤ ਚਲੀ ਵਿਚ ਸੰਸਾਰ । ਚੌਗਿਰਦ ਤੁਮਾਰੇ ਸਾਚੀ ਕਾਰ । ਕੋਏ ਨਾ ਝੱਲੇ ਇਸ ਕਾ ਵਾਰ । ਸੋਹੰ ਸ਼ਬਦ ਸਰਬ ਸਿਕਦਾਰ । ਬਾਕੀ ਹੋਏ ਸਰਬ ਪਨਿਹਾਰ । ਮੰਡਲ ਡੋਲੇ ਸਾਧ ਸੰਗਤ ਡੁਲਾਵਣਹਾਰ । ਕਲਜੁਗ ਪਰਗਟਿਆ ਸੁਣ ਭਗਤਨ ਪੁਕਾਰ । ਕਿਰਪਾ ਕਰ ਪ੍ਰਭ ਰੱਖ ਲੈ, ਮਦਿ ਮਾਸ ਨਾ ਹੋਏ ਰਸਨ ਅਹਾਰ । ਮਹਾਰਾਜ ਸ਼ੇਰ ਸਿੰਘ ਰਾਹ ਕਲਜੁਗ ਦੱਸ ਲੈ, ਗੁਰਸਿਖਾਂ ਬੇੜਾ ਕਰ ਲਿਆ ਪਾਰ । ਕਲਜੁਗ ਜਾਮਾ ਧਾਰ ਕੇ ਸਿੰਘ ਆਸਣ ਲਾਏ, ਸਾਧ ਸੰਗਤ ਦੇਵੇ ਵਡਿਆਈ । ਸਾਚਾ ਤਖ਼ਤ ਸੀਸ ਲਿਆ ਉਠਾਈ । ਚੌਗਿਰਦ ਕਰ ਪ੍ਰਦੱਖਣਾ, ਹਰਿ ਹਰਿ ਹਰਿ ਰਸਨਾ ਗਾਈ । ਝੂਲ ਝੁਲਾਇਆ ਸਿੰਘ ਆਸਣ, ਖੰਡ ਬ੍ਰਹਿਮੰਡ ਸਰਬ ਡੁਲ ਜਾਈ । ਸੰਗਤ ਉਠਾਇਆ ਗੁਰ ਸੀਸ, ਅੰਤਕਾਲ ਪ੍ਰਭ ਹੋਏ ਸਹਾਈ । ਨਜ਼ਰੀ ਆਏ ਪ੍ਰਭ ਜਗਦੀਸ, ਵਿਚ ਬਬਾਣ ਲਏ ਬਿਠਾਈ । ਸੋਹੰ ਨਾਮ ਕਰੇ ਬਖ਼ਸ਼ੀਸ਼, ਖੰਡ ਸਚ ਦੇ ਪੁਚਾਈ । ਗੁਰਮੁਖਾਂ ਬੇਮੁਖ ਕਰਨ ਨਾ ਰੀਸ, ਮਹਾਰਾਜ ਸ਼ੇਰ ਸਿੰਘ ਕਲ ਕਰੇ ਭਗਤ ਵਡਿਆਈ । ਦੇਵੇ ਮਾਣ ਮੰਨ ਸਾਧ ਸੰਗਤ । ਸੋਹੰ ਨਾਮ ਮਨ ਚਾੜ੍ਹੇ ਰੰਗਤ । ਗੁਰਸਿਖ ਤਾਰੇ ਜਿਉਂ ਨਾਨਕ ਅੰਗਦ । ਊਚ ਦਰਬਾਰ ਅਗੰਮ ਅਥਾਹ । ਉਪਰ ਬੈਠਾ ਬੇਪਰਵਾਹ । ਸਚੀ ਜੋਤ ਸਚਾ ਪਾਤਸ਼ਾਹ । ਕਲਜੁਗ ਦੱਸਿਆ ਸਚਾ ਰਾਹ । ਗੁਰ ਦਰਬਾਰ ਇਕ ਸਚਾ, ਗੁਰਸਿਖ ਭੁੱਲ ਨਾ ਜਾਹ । ਮਹਾਰਾਜ ਸ਼ੇਰ ਸਿੰਘ ਗੁਰ ਨਹੀਂ ਕੱਚਾ, ਕਲਜੁਗ ਆਇਆ ਸੱਚਾ ਪਾਤਸ਼ਾਹ । ਸਚਾ ਪਾਤਸ਼ਾਹ ਸਚ ਸੁਲਤਾਨ । ਵਾਲੀ ਹੋਵੇ ਦੋ ਜਹਾਨ । ਕਿਰਪਾ ਕਰੇ ਭਗਤ ਭਗਵਾਨ । ਦਰ ਆਏ ਸੇਵ ਕਮਾਏ ਜਸ ਲੈ ਜਾਣ । ਭਗਤ ਜਨਾਂ ਪ੍ਰਭ ਤੇਰਾ ਮਾਣ । ਮਹਾਰਾਜ ਸ਼ੇਰ ਸਿੰਘ ਸ਼ਬਦ ਸਚ ਨਿਸ਼ਾਨ । ਸਾਧ ਸੰਗਤ ਪ੍ਰਭ ਵਸਣੇਹਾਰਾ । ਸਾਧ ਸੰਗਤ ਪ੍ਰਭ ਛਤਰ ਝੁਲਾਰਾ । ਸਾਧ ਸੰਗਤ ਦਰਸਾਵੇ ਪ੍ਰਭ ਆਤਮ ਦਵਾਰਾ । ਸਾਧ ਸੰਗਤ ਗਾਵੇ ਸ਼ਬਦ ਰਸਨਾ ਗੁਰ ਦਵਾਰਾ । ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਲੈ ਅਵਤਾਰਾ । ਸਾਧ ਸੰਗਤ ਤੇਰੀ ਵਡਿਆਈ । ਕਲਜੁਗ ਜੋਤ ਈਸ਼ਰ ਪਰਗਟਾਈ । ਸਾਧ ਸੰਗਤ ਪ੍ਰਭ ਭਏ ਸਹਾਈ । ਜੁਗੋ ਜੁਗ ਪ੍ਰਭ ਪੈਜ ਰਖਾਈ । ਮਿਲ ਗੁਰਸੰਗਤ ਪੂਰਨ ਮਤਿ ਪਾਈ । ਮਹਾਰਾਜ ਸ਼ੇਰ ਸਿੰਘ ਦੁੱਖ ਦੇਹ ਮਿਟਾਈ । ਧੰਨ ਧੰਨ ਧੰਨ ਗੁਰਸਿਖ, ਜਿਨ੍ਹਾਂ ਹਰਿ ਮਨ ਵਸਿਆ । ਧੰਨ ਧੰਨ ਧੰਨ ਗੁਰਸਿਖ, ਜਿਥੇ ਬੈਠ ਭੇਵ ਪ੍ਰਭ ਸਭ ਦੱਸਿਆ । ਧੰਨ ਧੰਨ ਧੰਨ ਗੁਰਸਿਖ, ਜਿਨ੍ਹਾਂ ਹਿਰਦੇ ਨਾਮ ਸੋਹੰ ਵਸਿਆ । ਧੰਨ ਧੰਨ ਧੰਨ ਗੁਰਸਿਖ, ਮਨੀ ਸਿੰਘ ਰਾਹ ਪ੍ਰਭ ਕਾ ਦੱਸਿਆ । ਗੁਰਸਿਖ ਪੋਹ ਨਾ ਸਕੇ ਕਲ ਕੀ ਮਾਇਆ । ਜੋਤ ਸਰੂਪ ਸਿਰ ਹੱਥ ਟਿਕਾਇਆ । ਕਲਜੁਗ ਖਪਾਏ ਸਤਿਜੁਗ ਤੇਜ਼ ਹੋਵੇ ਪ੍ਰਭ ਜੋਤ ਸਵਾਇਆ । ਦੁਸ਼ਟ ਖਪਾਏ ਗੁਰਸਿਖ ਤਰਾਏ, ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਚਰਨ ਲਗਾਇਆ ।

ਸਾਚਾ ਜੋਤ ਪਰਕਾਸ਼ ਕਰ, ਕਲਜੁਗ ਮਿਟਾਏ । ਬੇਮੁਖਾਂ ਪ੍ਰਭ ਵਿਨਾਸ਼ ਕਰ, ਜੁਗ ਸਤਿ ਲਗਾਏ । ਗੁਰਸਿਖਾਂ ਹਿਰਦੇ ਵਾਸ ਕਰ, ਸਤਿਗੁਰ ਸਾਚਾ ਸਚ ਜੋਤ ਜਗਾਏ । ਸਭ ਸ੍ਰਿਸ਼ਟ ਆਪਣੀ ਦਾਸ ਕਰ, ਸੋਹੰ ਸ਼ਬਦ ਰਸਨ ਅਖਵਾਏ । ਨਗਰ ਗਰਾਮ ਸਭ ਪਰਭਾਸ਼ ਕਰ, ਜੇ ਦੇਖੇ ਤਾਂ ਨਜ਼ਰ ਨਾ ਆਏ । ਗੁਰਸਿਖਾਂ ਆਤਮ ਰਾਸ ਕਰ, ਜੋਤ ਦੀਪਕ ਵਿਚ ਦੇਹ ਜਗਾਏ । ਮਹਾਰਾਜ ਸ਼ੇਰ ਸਿੰਘ ਦੁਸ਼ਟਨ ਨਾਸ ਕਰ, ਵਾਹਵਾ ਸਤਿਜੁਗ ਭਗਤਨ ਉਪਾਏ । ਸਤਿਜੁਗ ਲਾਵੇ ਪੀਤ ਪੀਤੰਬਰ । ਮਾਣ ਗਵਾਏ ਕਲਜੁਗ ਪੈਗੰਬਰ । ਜੋਤ ਪਰਕਾਸ਼ ਕਰੇ ਪ੍ਰਭ ਤੀਨ ਲੋਕ ਅੰਦਰ । ਵਿਚ ਸਚ ਪਰਕਾਸ਼ ਜੋਤ ਜੀਵ ਝੂਠਾ ਦੇਹ ਮੰਦਰ । ਹਉਮੇ ਮਮਤਾ ਵਿਚੋਂ ਨਾਸ ਕਰ, ਨਿਜਾਨੰਦ ਪਾਏ ਅੰਦਰ । ਸੋਹੰ ਸ਼ਬਦ ਸਾਚਾ ਜਾਪ ਕਰ, ਤੋੜ ਅਗਿਆਨ ਮਨ ਕਾ ਜੰਦਰ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਜਗਤ ਨਚਾਏ ਜਿਉਂ ਮਦਾਰੀ ਬੰਦਰ । ਜੋਤ ਅਗਨ ਜਗਤ ਜਲਾਇਆ । ਚਾਰ ਕੁੰਟ ਹਾਹਾਕਾਰ ਕਰਾਇਆ । ਪ੍ਰਭ ਆਪ ਅਛਲ ਅਡੋਲ ਸਿੰਘਆਸਣ ਡੇਰਾ ਲਾਇਆ । ਗੁਰਸਿਖ ਤੋਲੇ ਪੂਰੇ ਤੋਲ, ਬੇਮੁਖਾਂ ਕਲ ਧੱਕਾ ਲਾਇਆ । ਸਾਚਾ ਸ਼ਬਦ ਲਿਖਾਵੇ ਬੋਲ, ਆਪਣਾ ਭੇਤ ਨਾ ਰਖਾਇਆ । ਈਸ਼ਰ ਜੋਤ ਸਦਾ ਅਡੋਲ, ਜਗਤ ਡੁਲਾਇਆ । ਕਰ ਜੋਤ ਪਰਕਾਸ਼ ਬੈਠਾ ਸਿੱਖਾਂ ਕੋਲ, ਕਲਜੁਗ ਪਾਈ ਮਾਇਆ । ਕਲਜੁਗ ਜੀਵ ਭੁੱਲੇ ਅਨਭੋਲ, ਨਿਹਕਲੰਕ ਨਾ ਨਜ਼ਰੀ ਆਇਆ । ਗੁਰਸਿਖਾਂ ਦੇਵੇ ਪ੍ਰਭ ਪੜਦੇ ਖੋਲ੍ਹ, ਅਨਹਦ ਸ਼ਬਦ ਤਨ ਮਨ ਵਜਾਇਆ । ਵੱਜੇ ਸ਼ਬਦ ਤਨ ਗਿਆਨ, ਅੰਮ੍ਰਿਤ ਬੂੰਦ ਮੁਖ ਕਵਲ ਚੁਆਇਆ । ਖੁਲ੍ਹੇ ਕਵਲ ਹੋਏ ਧਿਆਨ, ਜੋਤ ਸਰੂਪੀ ਨਜ਼ਰੀ ਆਇਆ । ਕਲਜੁਗ ਪਰਗਟੇ ਨਿਹਕਲੰਕ, ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । ਨਿਹਕਲੰਕ ਹੋਏ ਨਿਰਵੈਰਾ । ਜੋਤ ਸਰੂਪ ਪਰਗਟੇ ਕੇਹਰਾ । ਕੋਏ ਨਾ ਜਾਣੇ ਸਾਰ, ਪ੍ਰਭ ਸਾਚਾ ਗਹਿਰ ਗੰਭੀਰਾ । ਮਹਾਰਾਜ ਸ਼ੇਰ ਸਿੰਘ ਦੇਵੇ ਜੋਤ ਅਧਾਰ, ਜੋ ਜੀਵ ਆਣ ਲਗੇ ਗੁਰ ਪੈਰਾ । ਮਿਲ ਕਲਜੁਗ ਹਰਿ, ਜੀਵ ਮਿਲੇ ਵਡਿਆਈ । ਕਰ ਦਰਸ ਪ੍ਰਭ ਤਰ, ਲੱਖ ਚੁਰਾਸੀ ਪ੍ਰਭ ਗੇੜ ਮੁਕਾਈ । ਰਸਨਾ ਜਪ ਹਰਿ ਹਰਿ ਕਰ ਕਲਜੁਗ ਮਿਲੇ ਜੀਵ ਵਡਿਆਈ । ਮਹਾਰਾਜ ਸ਼ੇਰ ਸਿੰਘ ਜਗ ਦੁਤਰ ਤਾਰੇ, ਸਾਧ ਸੰਗਤ ਗੁਰਚਰਨ ਬਣ ਆਈ । ਸਾਧ ਸੰਗਤ ਪਰਗਟਾਵੇ ਪ੍ਰਭ ਦੁਹੇਲਾ । ਕਲਜੁਗ ਨਿਹਕਲੰਕ ਵਿਛੜਿਆਂ ਸੰਗ ਮੇਲਾ । ਭਗਤ ਜਨ ਲਏ ਪਛਾਣ ਕਲਜੁਗ ਆਣ, ਅਚਰਜ ਖੇਲ ਆਪ ਪ੍ਰਭ ਖੇਲਾ । ਲੱਗ ਚਰਨ ਜੀਵ, ਭਇਆ ਮਿਲਣ ਕਾ ਵੇਲਾ । ਮਹਾਰਾਜ ਸ਼ੇਰ ਸਿੰਘ ਜੋਤ ਵਿਸ਼ਨੂੰ ਭਗਵਾਨ, ਪ੍ਰਭ ਜੋਤ ਸਦ ਰਹੇ ਅਕੇਲਾ । ਆਦਿ ਜੁਗਾਦਿ ਰਹੇ ਏਕੰਕਾਰਾ । ਜੁਗੋ ਜੁਗ ਪ੍ਰਭ ਲਏ ਅਵਤਾਰਾ । ਪਾਵੇ ਭੇਦ ਕੋਈ ਪ੍ਰਭ ਸਮਰਥ ਪੁਰਖ ਅਪਾਰਾ । ਕਰੇ ਸੇਵ ਜਿਨ ਪੁਜ ਆਵੇ ਗੁਰ ਦਰ ਸਚ ਦਰਬਾਰਾ । ਕਲਜੁਗ ਪਰਗਟਿਆ ਅਲਖ ਅਭੇਵ, ਵਿਚਾਰੀ ਜੀਵ ਕੀ ਬੂਝੇ ਵਿਚਾਰਾ । ਈਸ਼ਰ ਜੋਤ ਸਦਾ ਨਿਹਕੇਵ, ਵੇਖੇ ਸੋ ਜਿਸ ਵਖਾਵੇ ਪ੍ਰਭ ਗਿਰਧਾਰਾ । ਸਰਨ ਰਹੇ ਸਭ ਦੇਵੀ ਦੇਵ, ਵਿਚ ਅਗੰਮ ਅਪਰ ਅਪਾਰਾ । ਸਾਧ ਸੰਗਤ ਸ਼ਬਦ ਸੋਹੰ ਲੇਵ, ਪ੍ਰਭ ਅਬਿਨਾਸ਼ ਸ਼ਬਦ ਦੇਵਣਹਾਰਾ । ਮਹਾਰਾਜ ਸ਼ੇਰ ਸਿੰਘ ਤੇਰੀ ਚਰਨ ਸੇਵ, ਪਾਵੇ ਸੋ ਜਿਸ ਕਿਰਪਾ ਕਰ ਦਰਸ ਦਿਖਾਰਾ । ਦੇਵੇ ਦਰਸ ਕਲ ਨੈਣ ਮੁੰਧਾਰ । ਦੇ ਦਰਸ ਪ੍ਰਭ ਕਲਜੁਗ ਕੀਏ ਪਾਰ । ਗੁਰਮੁਖ ਵਿਰਲਾ ਕਲ ਪਾਏ ਪ੍ਰਭ ਕੀ ਸਾਰ । ਸ੍ਰਿਸ਼ਟ ਵਹਾਈ ਪ੍ਰਭ ਲਹਿੰਦੀ ਧਾਰ । ਜੋਤ ਪਰਗਟਾਈ ਪ੍ਰਭ

ਗੁਰਮੁਖ ਵਿਚਾਰ । ਆਤਮ ਸਚ ਦੀਪ ਜਗਾਈ, ਸੋਹੰ ਨਾਮ ਸ਼ਬਦ ਅਪਾਰ । ਮਹਾਰਾਜ ਸ਼ੇਰ ਸਿੰਘ ਜਾਉ ਬਲਿਹਾਰ, ਸਤਿਜੁਗ ਸਾਚੀ ਨੀਂਹ ਰਖਾਈ । ਕਲਜੁਗ ਕਾਚਾ ਜੀਵ ਭੁੱਲੇ, ਨਾ ਜਾਣੇ ਸਤਿਗੁਰ ਸਾਚਾ । ਸੋਹੰ ਸ਼ਬਦ ਨਾ ਮਨ ਮੇਂ ਵਾਚਾ । ਬੈਠ ਅਡੋਲ ਵੇਖੇ ਪ੍ਰਭ ਜਗਤ ਤਮਾਸ਼ਾ । ਜਗਤ ਵਿਨਾਸੀ, ਇਕ ਪ੍ਰਭ ਅਬਿਨਾਸ਼ਾ । ਸੋਹੰ ਸ਼ਬਦ ਜੀਵ ਜਪ ਸਵਾਸ ਸਵਾਸਾ । ਅੰਮ੍ਰਿਤ ਨਾਮ ਨਿਧਾਨ ਕਲ ਪੀਵ, ਆਤਮ ਜੋਤ ਕਰੇ ਪਰਕਾਸ਼ਾ । ਗੁਰਚਰਨ ਲਾਗ ਸਦਾ ਜਗ ਜੀਵ, ਅੰਤਕਾਲ ਨਾ ਹੋਏ ਨਰਕ ਨਿਵਾਸਾ । ਆਤਮ ਬੁਝੀ ਜਗਾਏ ਦੀਵ, ਹਿਰਦੇ ਕਰੇ ਸਚ ਜੋਤ ਪ੍ਰਭ ਵਾਸਾ । ਮਹਾਰਾਜ ਸ਼ੇਰ ਸਿੰਘ ਸ਼ਬਦ ਚਰੰਜੀਵ, ਮਾਤ ਗਰਭ ਨਾ ਹੋਏ ਵਾਸਾ । ਪ੍ਰਭ ਸਾਚਾ ਗਰਭਵਾਸ ਚੁਕਾਏ । ਜੋ ਜਨ ਆਏ ਗੁਰਚਰਨ ਲਗ ਜਾਏ । ਅੰਤਕਾਲ ਪ੍ਰਭ ਹੋਏ ਸਹਾਏ । ਜੋਤ ਸਰੂਪ ਦੇ ਦਰਸ, ਵਿਚ ਬਬਾਣ ਲਏ ਬਿਠਾਏ । ਵਿਚ ਸਚਖੰਡ ਕਰੇ ਪਰਵੇਸ਼, ਜਿਥੇ ਬੈਠਾ ਪ੍ਰਭ ਜੋਤ ਜਗਾਏ । ਤਿਸ ਸਾਹਿਬ ਕੋ ਕਰੋ ਆਦੇਸ, ਪਰਗਟੇ ਜੋਤ ਨਜ਼ਰ ਨਾ ਆਏ । ਕਲਜੁਗ ਉਤਮ ਭਗਤ ਵਿਸ਼ੇਸ਼, ਜੋਤ ਸੰਗ ਪ੍ਰਭ ਲਏ ਜੋਤ ਮਿਲਾਏ । ਸਮਝ ਜੀਵ ਦੇਹ ਝੂਠਾ ਭੇਖ, ਅੰਤਕਾਲ ਸੰਗ ਨਾ ਜਾਏ । ਅਚੁੱਤ ਪਾਰਬ੍ਰਹਮ ਪਰਮੇਸ਼ਰ ਆਪਣੇ ਅੰਦਰ ਵੇਖ, ਬੈਠਾ ਅਡੋਲ ਨਜ਼ਰ ਨਾ ਆਏ । ਜਿਥੇ ਵਸੇ ਸੋ ਪ੍ਰਭ ਸਾਚਾ ਦੇਸ, ਨਾ ਉਹ ਮਰੇ ਨਾ ਆਵੇ ਜਾਏ । ਮਹਾਰਾਜ ਸ਼ੇਰ ਸਿੰਘ ਸਚ ਲਿਖਾਏ ਲੇਖ, ਗੁਰਸਿਖ ਜੋਤ ਮਿਲ ਜਾਏ । ਪ੍ਰਭ ਕੀ ਜੋਤ ਵਿਚ ਪਰਬੀਨ । ਸੋਹੰ ਸ਼ਬਦ ਸਚ ਰਸਨਾ ਚੀਨ । ਬਿਨ ਪ੍ਰਭ ਸਭ ਝੂਠੇ ਦੀਨ । ਗੁਰਸਿਖ ਤ੍ਰਿਪਤਾਸੇ ਕਰ ਦਰਸ ਗੁਰ ਜਿਉਂ ਨੀਰ ਮੀਨ । ਹਿਰਦੇ ਈਸ਼ਰ ਜੋਤ ਪਰਕਾਸ਼ੇ, ਸੋਹੰ ਸ਼ਬਦ ਵਜਾਏ ਵਿਚ ਸਚੀ ਬੀਨ । ਅਗਿਆਨ ਅੰਧੇਰ ਗੁਰਸਿਖ ਵਿਚ ਦੇਹ ਵਿਨਾਸੇ, ਅੰਮ੍ਰਿਤ ਬੂੰਦ ਗੁਰਸਿਖ ਗੁਰਦਰ ਤੇ ਪੀਣ । ਮਿਲ ਪ੍ਰਭ ਅਮਰਪਦ ਪਾਵੇ ਭਗਤ ਜਨ ਜੁਗ ਚਾਰ ਸਦਾ ਜਗ ਜੀਣ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰ, ਭਗਤ ਜਨ ਤੇਰਾ ਨਾਮ ਰਸਨਾ ਲੀਨ । ਰਸਨਾ ਜਪ ਮਿਲੇ ਪ੍ਰਭ ਰਸ । ਸਾਚਾ ਸਾਹਿਬ ਜੀਵ ਕਰ ਵਸ । ਸੋਹੰ ਸ਼ਬਦ ਗਿਆਨ ਪ੍ਰਭ ਦੇਵੇ ਦੱਸ । ਗੁਰਮੁਖ ਪੂਰੇ ਮਦਿ ਮਾਸ ਤੋਂ ਜਾਏ ਨੱਸ । ਵਾਜੇ ਅਨਹਦ ਤੂਰੇ, ਜਿਨ੍ਹਾਂ ਹਿਰਦੇ ਜਾਏ ਪ੍ਰਭ ਵਸ । ਕਾਰਜ ਕੀਏ ਪੂਰੇ, ਗੁਰਸਿਖ ਜੋਤ ਜਗਾਏ ਜਿਉਂ ਰਵ ਸਸ । ਸਾਧ ਸੰਗਤ ਗੁਰਚਰਨ ਹਜ਼ੂਰੇ, ਬੇਮੁਖ ਦਰ ਤੋਂ ਜਾਏ ਨੱਸ । ਕਲਜੁਗ ਪਾਵੇ ਜਗਤ ਵਿਚ ਮਾਇਆ, ਸੋਹੰ ਬਾਣ ਲਿਆ ਪ੍ਰਭ ਕਸ । ਮਹਾਰਾਜ ਸ਼ੇਰ ਸਿੰਘ ਜਿਸ ਦੇਵੇ ਸੋ ਜਨ ਪਾਵੇ, ਜੀਵ ਕਿਸੇ ਦੇ ਕੁਛ ਨਹੀਂ ਵਸ । ਕਲਜੁਗ ਜੀਵ ਭਰੇ ਹੰਕਾਰਾ । ਮਦਿ ਮਾਸ ਰਸਨ ਚਲਾਏ ਵਿਕਾਰਾ । ਸਾਚਾ ਨਾਮ ਨਾ ਹੋਏ ਅਧਾਰਾ । ਕਲਜੁਗ ਨਾ ਦੀਸੇ ਸਾਚਾ ਗੁਰ ਦਰਬਾਰਾ । ਕੂੜੇ ਜੀਵ ਕੂੜੇ ਰੀਸੇ, ਸਚ ਸੁੱਚ ਨਾ ਆਤਮ ਵਿਚਾਰਾ । ਮਾਣ ਗਵਾਏ ਮੁਹੰਮਦ ਈਸਾ ਮੂਸੇ, ਨਿਹਕਲੰਕ ਲੈ ਅਵਤਾਰਾ । ਸਰਨ ਪੜੇ ਪ੍ਰਭ ਸਾਚਾ ਦੀਸੇ, ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਸ਼ਬਦ ਦੁਆਰਾ । ਸ਼ਬਦ ਸੁਰਤ ਗੁਰਸਿਖ ਪ੍ਰਭ ਕਰੇ । ਸਾਚੀ ਜੋਤ ਵਿਚ ਦੇਹ ਪ੍ਰਭ ਧਰੇ । ਆਤਮ ਪਰਕਾਸ਼ ਕਰੇ ਨਰ ਹਰੇ । ਗੁਰਸਿਖ ਪੂਰਾ ਨਾ ਕਲਜੁਗ ਡਰੇ । ਜੋਤ ਸਰੂਪ ਪ੍ਰਭ ਰਛਿਆ ਕਰੇ । ਜੋ ਜਨ ਆਏ ਪ੍ਰਭ ਕੀ ਸਰਨੀ ਪੜੇ । ਮਹਾਰਾਜ ਸ਼ੇਰ ਸਿੰਘ ਕਲ ਦਇਆ ਕਰੇ । ਦਇਆਵਾਨ ਪ੍ਰਭ ਦਰਬਾਰੀ । ਪਤਤ ਪਾਪੀ ਪ੍ਰਭ ਸਗਲੀ ਤਾਰੀ । ਜੋ ਜਨ ਆਏ ਚਰਨ ਨਿਮਸਕਾਰੇ । ਕਲਜੁਗ ਪਰਗਟੇ ਜੋਤ ਅਗੰਮ ਅਪਾਰੇ । ਕਲਜੁਗ ਮਾਇਆ ਪਾਈ ਜਗ ਸਾਰੇ । ਕਲਜੁਗ ਜੀਵ ਹੋਏ ਅੰਧਿਆਰੇ । ਬੇਮੁਖਾਂ ਘਰ ਹਾਹਾਕਾਰੇ । ਗੁਰਸਿਖਾਂ ਘਰ ਜੈ ਜੈ ਜੈਕਾਰੇ । ਪ੍ਰਭ ਸਾਚਾ ਤਾਰਨ ਆ ਗਿਆ,

੨੬੮
੦੧

ਤ੍ਰੇਤਾ ਜਿਉਂ ਰਾਮ ਅਵਤਾਰੇ । ਭਗਤ ਉਧਾਰਨ ਆ ਗਿਆ, ਪ੍ਰਭ ਕ੍ਰਿਸ਼ਨ ਮੁਰਾਰੇ । ਕਲਜੁਗ ਸਿੱਖਾਂ ਸਿਰ ਛਤਰ ਝੁਲਾ ਗਿਆ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰੇ । ਕਲਜੁਗ ਪਰਗਟ ਨਿਹਕਲੰਕ । ਸੋਹੰ ਸ਼ਬਦ ਵਜਾਵੇ ਚਾਰ ਕੁੰਟ ਡੰਕ । ਸ੍ਰਿਸ਼ਟ ਜਲਾਈ ਜਿਉਂ ਹਨੂੰਵੰਤ ਲੰਕ । ਜੋਤ ਪਰਗਟਾਈ, ਗੁਰਸਿਖ ਸੋਹਣ ਤੇਰੇ ਦਵਾਰੇ ਬੰਕ । ਨਿਹਕਲੰਕ ਤੇਰੀ ਵਡਿਆਈ, ਕਲਜੁਗ ਕਰੇ ਇਕ ਰਾਓ ਰੰਕ । ਸੋਹਣ ਸਿੰਘ ਪ੍ਰਭ ਦੇ ਵਡਿਆਈ, ਤ੍ਰੇਤੇ ਜਿਉਂ ਭਗਤ ਜਨਕ । ਭਗਤ ਜਨਕ ਦੇ ਵਡਿਆਈ । ਨਰਕੋਂ ਸਾਰੇ ਜੀਵ ਛੁਡਾਈ । ਖੰਡ ਬ੍ਰਹਿਮੰਡ ਜੈ ਜੈ ਜੈਕਾਰ ਕਰਾਈ । ਤੀਨ ਲੋਕ ਪ੍ਰਭ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਤਕਾਲ ਹੋਏ ਸਹਾਈ । ਕਰੇ ਦਰਸ ਕੋਈ ਵਿਰਲਾ ਗੁਣਵੰਤ । ਕਲਜੁਗ ਮਿਲੇ ਗੁਰਸਿਖਾਂ ਘਰ ਆਣ ਭਗਤ ਭਗਵੰਤ । ਕਲਜੁਗ ਜੀਵ ਸਾਰ ਨਾ ਜਾਣੇ, ਪ੍ਰਭ ਕੀ ਮਾਇਆ ਬੜੀ ਬੇਅੰਤ । ਸ੍ਰਿਸ਼ਟ ਉਪਾਏ ਆਪਣੇ ਭਾਣੇ, ਜੋਤ ਜਗਾਏ ਵਿਚ ਸਰਬ ਜੀਵ ਜੰਤ । ਗੁਰਸਿਖ ਹੋਏ ਕਲਜੁਗ ਸੁਘੜ ਸਿਆਣੇ, ਸੋਹੰ ਸ਼ਬਦ ਮਿਲੇ ਸਾਚਾ ਗੁਰ ਮੰਤ । ਕਲਜੁਗ ਪਰਗਟਿਆ ਮਹਾਰਾਜ ਸ਼ੇਰ ਸਿੰਘ, ਪਾਵੇ ਦਰਸ ਕੋਈ ਸਾਧ ਸੰਤ । ਸਾਧ ਸੰਤ ਵਿਰਲਾ ਗੁਰਮੁਖ । ਜੋ ਦਰਸ ਕਰ ਮਨ ਲਾਹੇ ਭੁੱਖ । ਪ੍ਰਭ ਸਾਚਾ ਕਲਜੁਗ ਦਰਸ ਕਰ, ਗੁਰਸਿਖਾਂ ਲਾਹੇ ਦੁੱਖ । ਵਿਚ ਗਰਭ ਅੰਮ੍ਰਿਤ ਬਰਸ ਕਰ, ਗਿਆਨ ਬਾਲ ਦਵਾਵੇ ਵਿਚ ਕੁੱਖ । ਗੁਰ ਸਾਚੇ ਦਰਸ ਦਿਖਾਇਆ, ਮਹਾਰਾਜ ਸ਼ੇਰ ਸਿੰਘ ਦਰਸ ਲਾਹੇ ਦੁੱਖ । ਦਰਸ ਦਿਖਾਏ ਪ੍ਰਭ ਜਗਨ ਨਾਥੇ । ਆਦਿ ਜੁਗਾਦਿ ਸਦ ਭਗਤਨ ਸਾਥੇ । ਭਗਤ ਵਛਲ ਅਨਾਥ ਅਨਾਥੇ । ਜੋਤ ਜਗਾਏ ਵਿਚ ਲਲਾਟ ਮਾਥੇ । ਸੋਹੰ ਸ਼ਬਦ ਚਲੇ ਜੁਗ ਚਾਰ ਸਾਚੀ ਗਾਥੇ । ਭਗਤ ਬਬਾਣ ਇਹ ਸਾਚਾ ਰਾਥੇ । ਮਹਾਰਾਜ ਸ਼ੇਰ ਸਿੰਘ ਕਲ ਛੋਡ ਨਾ ਜਾਏ ਗੁਰਮੁਖ ਤੇਰਾ ਸਾਥੇ । ਗੁਰਮੁਖ ਸੰਗੀ ਪ੍ਰਭ ਸੰਗ ਸੁਹੇਲਾ । ਜੁਗੋ ਜੁਗ ਵਿਛੜਿਆਂ ਕਲਜੁਗ ਆਣ ਪ੍ਰਭ ਕੀਆ ਮੇਲਾ । ਗੁਰਮੁਖ ਪਾਰ ਕਰਾਇਆ, ਬੇਮੁਖ ਸ਼ੌਹ ਦਰਿਆਏ ਬੇੜਾ ਠੇਲਾ । ਮਹਾਰਾਜ ਸ਼ੇਰ ਸਿੰਘ ਜਨ ਭਗਤ ਤਰਾਏ, ਬੈਠ ਇਕਾਂਤ ਪ੍ਰਭ ਆਪ ਅਕੇਲਾ । ਏਕ ਆਪ ਵਿਚ ਆਕਾਸ਼ । ਜਿਥੇ ਸਦਾ ਹੈ ਜੋਤ ਪਰਕਾਸ਼ । ਉਨੰਜਾ ਪਵਣ ਸਿਰ ਛਤਰ ਝੁਲਾਸ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ ਪਾਸ । ਨੈਣੀ ਦੇਖੋ ਆਇਕੇ, ਪ੍ਰਭ ਪਰਗਟੀ ਜੋਤਾ । ਚਲਿਆ ਕਲ ਵਰਤਾਇਕੇ, ਜੋਤ ਸੋਈ ਜਗ ਹੋਤਾ । ਬੇਮੁਖ ਚਲਿਆ ਮੁਖ ਛੁਪਾਇਕੇ, ਭੁੱਲਾ ਜੀਵ ਕਲ ਹੈ ਰੋਤਾ । ਪ੍ਰਭ ਚਲਿਆ ਸ਼ਬਦ ਧੁਨ ਵਜਾਇਕੇ, ਪਾਵੇ ਕੋਈ ਗੁਰਮੁਖ ਕਲ ਸਰੋਤਾ । ਪ੍ਰਭ ਚਲਿਆ ਭਗਤ ਵਡਿਆਇਕੇ, ਦੁਰਮਤ ਪਾਪ ਕਲ ਸਾਰਾ ਧੋਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦ ਹੈ ਜਾਗਤ, ਕਲਜੁਗ ਜੀਵ ਸਦਾ ਹੈ ਸੋਤਾ । ਉਠ ਉਠ ਜੀਵ ਨਿਮਾਣਿਆਂ, ਕਿਉਂ ਸੁੱਤਿਆਂ ਰੈਣ ਵਿਹਾਏ । ਉਠ ਉਠ ਜੀਵ ਬ੍ਰਹਮ ਸਰੂਪ ਕਿਉਂ ਭੁਲਿਆ ਵਕ਼ਤ ਗਵਾਏ । ਉਠ ਉਠ ਜੀਵ ਤੇਰੇ ਵਿਚ ਵਸੇ ਅਨੂਪ, ਮਾਣਸ ਦੇਹ ਵਿਚ ਕਿਉਂ ਭੇਵ ਨਾ ਪਾਏ । ਉਠ ਉਠ ਜੀਵ ਸਤਿ ਸਰੂਪ ਪ੍ਰਭ ਅਬਿਨਾਸ਼ੀ ਕਿਉਂ ਨਾ ਪਾਏ । ਉਠ ਉਠ ਜੀਵ ਵਿਚ ਵਸੇ ਪ੍ਰਭ ਭੂਪ, ਕਰ ਦਰਸ ਕਿਉਂ ਨਾ ਆਤਮ ਤ੍ਰਿਖਾ ਬੁਝਾਏ । ਉਠ ਉਠ ਜੀਵ ਪ੍ਰਭ ਕਾ ਦੀਸੇ ਰੰਗ ਨਾ ਰੂਪ, ਜੋਤ ਸਰੂਪ ਰਿਹਾ ਵਿਚ ਜੋਤ ਜਗਾਏ । ਉਠ ਉਠ ਜੀਵ ਕਿਉਂ ਡੁੱਬਾ ਵਿਚ ਅੰਧਕੂਪ, ਗਿਆਨ ਰੂਪ ਗੁਰ ਚਰਨ ਲਾਗ ਉਪਜਾਏ । ਉਠ ਉਠ ਜੀਵ ਪ੍ਰਭ ਊਚੋ ਊਚ ਸਰਨ ਲਾਗ ਅਮਰਾ ਪਦ ਪਾਏ । ਮਹਾਰਾਜ ਸ਼ੇਰ ਸਿੰਘ ਸਵੱਛ ਸਰੂਪ, ਸਰਬ ਜੀਵ ਮੇਂ ਰਿਹਾ ਸਮਾਏ । ਜੋਤ ਜਗਾਏ ਪ੍ਰਭ ਜੁਗਾਂ ਜੁਗੰਤਰਾ । ਸੋਹੰ ਸ਼ਬਦ ਕਲ ਕਰੇ

ਭਸਮੰਤਰਾ । ਜੋਤ ਸਰੂਪ ਕਲਜੁਗ ਭਾਣਾ ਆਪ ਵਰਤੰਤਰਾ । ਈਸ਼ਰ ਜੋਤ ਨਾ ਰੰਗ ਨਾ ਰੂਪ, ਜੋਤ ਪ੍ਰਕਾਸ਼ ਤੀਨ ਲੋਕ ਵਰਤੰਤਰਾ । ਮਹਾਰਾਜ ਸ਼ੇਰ ਸਿੰਘ ਤਰੇ ਅੰਧ ਕੂਪ, ਜੋ ਜਨ ਆਏ ਚਰਨ ਲਗੰਤਰਾ । ਗੁਰਸਿਖ ਕਲਜੁਗ ਉਤਮ ਜਿਉਂ ਫੁੱਲ ਕਵਲ । ਜੋਤ ਸਰੂਪ ਈਸ਼ਰ ਸਭ ਜਗਤ ਵਿਚ ਮਵਲ । ਆਪ ਪ੍ਰਭ ਅਛਲ ਅਡੋਲ, ਕਲਜੁਗ ਜੀਵ ਸਾਰੇ ਡਵਲ । ਮਹਾਰਾਜ ਸ਼ੇਰ ਸਿੰਘ ਸਚ ਤੇਰਾ ਰੂਪ, ਜਿਉਂ ਦੁਆਪਰ ਕ੍ਰਿਸ਼ਨ ਸਵਲ । ਕਲਜੁਗ ਪਰਗਟੇ ਜੋਤ ਨਿਰੰਕਾਰੀ । ਸ੍ਰਿਸ਼ਟੀ ਸਾਰੀ ਆਣ ਸੰਘਾਰੀ । ਕੋਈ ਨਾ ਦੀਸੇ ਅੰਤਕਾਲ ਦੁਸ਼ਟ ਦੁਰਾਚਾਰੀ । ਮਹਾਕਾਲ ਕਲਜੁਗ ਕਰੇ ਖੁਆਰੀ । ਸ੍ਰਿਸ਼ਟ ਸਬਾਈ ਪ੍ਰਭ ਚਬਾਈ ਦਾੜ੍ਹੀਂ । ਕਲਜੁਗ ਉਤਮ ਗੁਰਮੁਖ ਗੁਰ ਫੁੱਲਵਾੜੀ । ਦਰਸ ਕਰੇ ਜੋ ਜਨ ਆਵੇ, ਹੋਵੇ ਗਿਆਨ ਵਿਚ ਦੇਹ ਬਹੱਤਰ ਨਾੜੀ । ਕਰ ਧਿਆਨ ਹਉਮੇ ਮਮਤਾ ਵਿਚ ਦੇਹ ਪ੍ਰਭ ਸਾੜੀ । ਵਿਚ ਕਲ ਵਿਸ਼ਨੂੰ ਭਗਵਾਨ ਮਹਾਰਾਜ ਸ਼ੇਰ ਸਿੰਘ ਜਨ ਭਗਤ ਤੇਰੀ ਸਾਚੀ ਵਾੜੀ । ਜਨ ਭਗਤ ਪ੍ਰਭ ਆਪ ਉਪਜਾਏ । ਪਰਗਟ ਜੋਤ ਪ੍ਰਭ ਲਾਜ ਰਖਾਏ । ਸ਼ਬਦ ਗਿਆਨ ਦੇਹ ਕਲਜੁਗ ਪਰਗਟਾਏ । ਜੀਵ ਬ੍ਰਹਮ ਸਰੂਪ ਅੰਤ ਬ੍ਰਹਮ ਹੋ ਜਾਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਸਰਨ ਪੜੇ ਦੀ ਲਾਜ ਰਖਾਏ । ਰਾਖੇ ਲਾਜ ਵਿਸ਼ਨੂੰ ਭਗਵਾਨਾ । ਵਿਚ ਦੁਆਪਰ ਦਰੋਪਦੀ ਜਿਉਂ ਘਨਈਆ ਕਾਹਨਾ । ਕਲਜੁਗ ਤਾਰੇ ਗੁਰਸਿਖ ਪਿਆਰੇ, ਨਿਹਕਲੰਕ ਪ੍ਰਭ ਪਹਰਿਆ ਬਾਨਾ । ਦੁਸ਼ਟ ਸੰਘਾਰੇ ਕਰੇ ਖੁਆਰੇ, ਸੋਹੰ ਸ਼ਬਦ ਨਾ ਜਿਨ੍ਹਾਂ ਪਛਾਣਾ । ਕਿਰਪਾ ਕਰ ਪ੍ਰਭ ਪਾਰ ਉਤਾਰੇ, ਸੋਹੰ ਸ਼ਬਦ ਦੇ ਅਧਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਕਲਜੁਗ ਆਏ ਪ੍ਰਭ ਗੁਰਸਿਖ ਤਾਰੇ । ਬੇਮੁਖ ਗਏ ਮਾਨਸ ਜਨਮ ਹਾਰੇ । ਗੁਰਸਿਖ ਸੋਹਣ ਗੁਰਚਰਨ ਦਵਾਰੇ । ਬੇਮੁਖ ਸਾਰੇ ਗੁਰ ਦਰ ਦੁਰਕਾਰੇ । ਭਗਤ ਜਨਾਂ ਹਰਿ ਨਾਮ ਅਧਾਰੇ । ਬੇਮੁਖਾਂ ਮਦਿ ਮਾਸ ਅਹਾਰੇ । ਮਹਾਰਾਜ ਸ਼ੇਰ ਸਿੰਘ ਚਰਨ ਜਾਉ ਬਲਿਹਾਰੇ, ਕਲਜੁਗ ਆਣ ਭਗਤ ਜਨ ਤਾਰੇ । ਭਗਤ ਜਨਾਂ ਕਲ ਦੇਵੇ ਦਾਤ । ਸੋਹੰ ਸ਼ਬਦ ਕਲ ਵੱਡੀ ਕਰਾਮਾਤ । ਕਲਜੁਗ ਉਤਮ ਗੁਰਮੁਖ ਤੇਰੀ ਜ਼ਾਤ । ਸਤਿਜੁਗ ਸੋਹੇ ਜਿਉਂ ਫੁੱਲ ਪਾਰਜਾਤ । ਗੁਰਸਿਖ ਗਾਣ ਸ਼ਬਦ ਸੋਹੰ ਦਿਨ ਰਾਤ । ਬਿਨ ਗੁਰ ਪੂਰੇ ਅੰਤਕਾਲ ਨਾ ਕੋਈ ਪੁਛੇ ਬਾਤ । ਜੀਵ ਬੇਮੁਖ ਸੂਰੇ ਜਨਮ ਜਨਮ ਆਏ ਵਿਚ ਗਰਭ ਮਾਤ । ਪਰਗਟੀ ਜੋਤ ਕਲਜੁਗ ਸਤਿਗੁਰ ਪੂਰੇ, ਕਰ ਦਰਸ ਮਨ ਹੋਏ ਸ਼ਾਂਤ । ਅੰਮ੍ਰਿਤ ਮੇਘ ਗੁਰਚਰਨ ਹਜ਼ੂਰੇ, ਕਰ ਦਰਸ ਪੀ ਅੰਮ੍ਰਿਤ ਬੂੰਦ ਸਵਾਂਤ । ਨੈਣ ਪੇਖ ਪ੍ਰਭ ਸਾਚਾ ਦੇਖ, ਅਗਿਆਨ ਅੰਧੇਰ ਮਨ ਲਾਹੇ ਭੁਲੇਖਾ ਭਰਾਂਤ । ਮਹਾਰਾਜ ਸ਼ੇਰ ਸਿੰਘ ਏਕੋ ਏਕ, ਪਾਤਾਲ ਆਕਾਸ਼ ਜੋਤ ਧਰੇ ਵਿਚ ਮਾਤ । ਮਾਤਲੋਕ ਪ੍ਰਭ ਆਇਆ, ਕਲਜੁਗ ਭੇਖ ਵਟਾ ਕੇ । ਕਲਜੁਗ ਮਾਇਆ ਜਗਤ ਭੁਲਾਇਆ, ਜੀਵ ਵੇਖ ਮਨ ਪੜਦਾ ਲਾਹ ਕੇ । ਕਿਉਂ ਝੂਠੇ ਧੰਦੇ ਵਕ਼ਤ ਗਵਾਇਆ, ਪਾ ਪ੍ਰਭ ਹਿਰਦੇ ਸ਼ਬਦ ਵਸਾ ਕੇ । ਕਿਉਂ ਮਾਨਸ ਜਨਮ ਗਵਾਇਆ, ਗੁਰ ਪੂਰੇ ਚਰਨੀਂ ਡਿੱਗੋ ਆ ਕੇ । ਕਿਉਂ ਸਾਚਾ ਪ੍ਰਭ ਭੁਲਾਇਆ, ਵਿਚ ਬੈਠਾ ਜੋਤ ਜਗਾ ਕੇ । ਮਹਾਰਾਜ ਸ਼ੇਰ ਸਿੰਘ ਨਜ਼ਰ ਨਾ ਆਇਆ, ਸਿੰਘਆਸਣ ਬੈਠਾ ਆ ਕੇ । ਪਾਰਬ੍ਰਹਮ ਤੇਰੀ ਮਾਇਆ । ਕਲਜੁਗ ਜੀਵ ਭੁਲਾਇਆ । ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਨਿਰਹਾਰੀ ਨਿਰਵੈਰ ਮੂਰਤ ਅਕਾਲ ਸਿੱਖ ਘਰ ਆਇਆ । ਪਤਤ ਪਾਵਨ ਦੁੱਖ ਭੈ ਭੰਜਨ, ਸਾਧ ਸੰਗਤ ਸਿਰ ਹੱਥ ਟਿਕਾਇਆ । ਕਲਜੁਗ ਪਰਗਟੇ ਤ੍ਰੈਲੋਕੀ ਨੰਦਨ, ਕਲਜੁਗ ਜੋਤ ਪਰਗਟਾ ਕੇ ਝੂਠੇ ਧੰਦੇ ਜਗਤ ਲਗਾਇਆ । ਮਹਾਰਾਜ ਸ਼ੇਰ ਸਿੰਘ ਜਨ ਰਸਨਾ ਗਾ ਕੇ, ਮਾਨਸ ਜਨਮ ਸੁਫਲ ਕਰਾਇਆ । ਕਲਜੁਗ ਗੁਰਸਿਖ ਤੇਰਾ ਸੁਫਲ ਜਰਮ ।

ਪਰਗਟ ਜੋਤ ਪਾਰਬ੍ਰਹਮ ਭਗਤ ਜਨਾਂ ਵਖਾਣੇ ਕਰਮ । ਬੇਮੁਖ ਜੀਵ ਛੱਡ ਗਏ ਧਰਮ । ਸਾਧ ਸੰਗਤ ਪ੍ਰਭ ਸਵਾਰੇ ਜਨਮ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਨਿਹਕਲੰਕ ਹੋ ਨਿਵਾਰੇ ਭਰਮ । ਨਿਹਕਲੰਕ ਪ੍ਰਭ ਨਿਹਕਰਮਾ । ਜੋ ਜਨ ਆਏ ਚਰਨ ਪ੍ਰਭ ਨਵਾਰੇ ਭਰਮਾ । ਸਰਨ ਪੜੇ ਕੀ ਰਾਖੇ ਸ਼ਰਮਾ । ਕਲਜੁਗ ਗੁਰਸਿਖ ਹੋਏ ਨਾ ਮਰਨਾ । ਅੰਤਕਾਲ ਪ੍ਰਭ ਦਰਸ਼ਨ ਕਰਨਾ । ਬੇਮੁਖਾਂ ਦੁੱਖ ਡਾਹਢਾ ਭਰਨਾ । ਮਾਨਸ ਜਨਮ ਕਲਜੁਗ ਵਿਚ ਹਰਨਾ । ਜੋ ਜਨ ਆਏ ਨਾ ਪ੍ਰਭ ਕੀ ਸਰਨਾ । ਕਾਲ ਅੰਤ ਦੰਡ ਧਰਮਰਾਜ ਕਾ ਭਰਨਾ । ਗੁਰਮੁਖ ਪੂਰੇ ਕਰ ਦਰਸ ਭਵ ਜਲ ਤਰਨਾ । ਮਹਾਰਾਜ ਸ਼ੇਰ ਸਿੰਘ ਸਰਨ ਲਾਗ ਗੁਰਸਿਖ ਕਲਜੁਗ ਤਰਨਾ । ਤਰਨ ਤਾਰਨਹਾਰ ਸਮਰਥ । ਕਲਜੁਗ ਪਰਗਟੇ ਜੋਤ ਅਗੰਮ ਅਗੱਥ । ਗੁਰਮੁਖਾਂ ਗੁਰਸਿਖਾਂ ਸੋਹੰ ਨਾਮ ਦੇ ਚਲਿਆ ਵੱਥ । ਸੋਹੰ ਨਾਉਂ ਰੰਗ ਮਜੀਠ, ਗੁਰਸਿਖ ਨਾ ਜਾਏ ਤੇਰਾ ਲੱਥ । ਸ਼ਬਦ ਚਲਾਇਆ ਜਨ ਭਗਤ ਤਰਾਇਆ, ਕਲਜੁਗ ਚਲਾਇਆ ਰਥ । ਬੇਮੁਖ ਜਲਾਇਆ ਜੋਤ ਅਗਨ ਲਗਾਇਆ, ਸ੍ਰਿਸ਼ਟ ਸਬਾਈ ਹੋਈ ਸਥ । ਮਦਿ ਮਾਸੀ ਕੋਈ ਨਜ਼ਰ ਨਾ ਆਇਆ, ਸੋਹੰ ਬਾਣ ਜਗਤ ਗੁਰ ਲਾਇਆ, ਬੇਮੁਖਾਂ ਗੁਰ ਪਾਈ ਨੱਥ । ਮਹਾਰਾਜ ਸ਼ੇਰ ਸਿੰਘ ਕਲਜੁਗ ਜੋਤ ਪਰਗਟਾਏ, ਪ੍ਰਭ ਪੂਰਨ ਸਮਰਥ । ਕਲੂ ਕਾਲ ਪ੍ਰਭ ਜੋਤ ਪਰਗਟਾਵੇ । ਅੰਤ ਕਲਜੁਗ ਪ੍ਰਭ ਆਪ ਕਰਾਵੇ । ਜੋਤ ਸਰੂਪ ਚੌਥਾ ਜੁਗ ਉਲਟਾਵੇ । ਘਨਕਪੁਰੀ ਮਹਾਰਾਜ ਸ਼ੇਰ ਸਿੰਘ ਸਾਚੀ ਜੋਤ ਜਗਾਵੇ । ਘਨਕਪੁਰੀ ਪ੍ਰਭ ਜੋਤ ਜਗਾਈ । ਵਿਸ਼ਨੂੰ ਭਗਵਾਨ ਜੋਤ ਵਿਚ ਦੇਹ ਟਿਕਾਈ । ਕਲਜੁਗ ਜੀਵ ਦਿਤੇ ਸਰਬ ਭੁਲਾਈ । ਸਰਅੰਮ੍ਰਿਤ ਪ੍ਰਭ ਜਾ ਕੇ, ਹਰਿਮੰਦਰ ਚਰਨ ਟਿਕਾਈ । ਮਨੀ ਸਿੰਘ ਸਿਰ ਉਠਾ ਕੇ, ਮੰਜਾ ਸਾਹਿਬ ਉਪਰ ਦੀਆ ਬਿਠਾਈ । ਬੇਮੁਖਾਂ ਸਾਰ ਨਾ ਪਾਈ । ਮਹਾਰਾਜ ਸ਼ੇਰ ਸਿੰਘ ਕਲ ਵਰਤਾਰੀ । ਹਰਿਮੰਦਰ ਦੇ ਪੁਜਾਰੀ ਦੁਸ਼ਟ ਦੁਰਾਚਾਰੀ । ਈਸ਼ਰ ਜੋਤ ਨਾ ਵਿਚਾਰੀ । ਕਲਜੁਗ ਪਰਗਟੀ ਜੋਤ ਨਿਰੰਕਾਰੀ । ਵਿਚ ਦੇਹ ਰਹੇ ਮਨ ਧਾਰੀ । ਛੱਡ ਦੇਹ ਜੋਤ ਸਰੂਪ ਹੋਏ ਮੁਰਾਰੀ । ਪ੍ਰਭ ਕੀ ਜੋਤ ਵਿਚ ਕਲਜੁਗ ਗੁਰਸਿਖ ਦੇਹ ਕਰੇ ਉਤਾਰੀ । ਜੋ ਕਿਛ ਕਰੇ ਸੋਈ ਜਗ ਵਰਤੇ, ਨਿਹਕਲੰਕ ਬਣੇ ਲਿਖਤ ਲਿਖਾਰੀ । ਸ੍ਰਿਸ਼ਟ ਸਬਾਈ ਅੰਤਕਾਲ ਰੋਤੇ, ਦੇਵੇ ਅੰਨ ਨਾ ਦਾਤਾ ਭੰਡਾਰੀ । ਮਹਾਰਾਜ ਸ਼ੇਰ ਸਿੰਘ ਇਕ ਨਿਰੰਜਣ ਜੋਤ ਚੌਥੇ ਜੁਗ ਕਰੇ ਖੁਆਰੀ । ਜੁਗ ਚੌਥਾ ਪ੍ਰਭ ਅੰਤ ਕਰਾਏ । ਖੰਡ ਬ੍ਰਹਿਮੰਡ ਪ੍ਰਭ ਦੇ ਉਲਟਾਏ । ਜਲ ਥਲ ਥਲ ਜਲ ਇਕ ਹੋ ਜਾਏ । ਪਵਣ ਸਰੂਪ ਜੋਤ ਜਗਤ ਅਗਨ ਲਗਾਏ । ਕਲਜੁਗ ਹੋਏ ਅੰਤਕਾਲ, ਹਾਹਾਕਾਰ ਕਰ ਸ੍ਰਿਸ਼ਟ ਬਿਲਲਾਏ । ਗੁਰ ਬਿਨ ਕੋਈ ਨਾ ਤੋੜੇ ਜੰਜਾਲ, ਅੰਤ ਕਾਲ ਜੀਵ ਪਛਤਾਏ । ਕਲਜੁਗ ਵੇਲਾ ਜੀਵ ਸੰਭਾਲ, ਨਿਹਕਲੰਕ ਕਲ ਜੋਤ ਪਰਗਟਾਏ । ਸ਼ਬਦ ਵਣਜਾਰਿਓ ਪ੍ਰਭ ਲੈਣਾ ਭਾਲ, ਜੋਤ ਸਰੂਪ ਸਚ ਸ਼ਬਦ ਲਿਖਾਏ । ਭੁੱਲ ਨਾ ਜਾਇਓ ਪ੍ਰਭ ਬਿਰਧ ਨਾ ਬਾਲ, ਮਹਾਰਾਜ ਸ਼ੇਰ ਸਿੰਘ ਸਦ ਰਿਹਾ ਸਮਾਏ । ਗੁਣ ਨਿਧਾਨ ਪ੍ਰਭ ਗੁਣਵੰਤ । ਗੁਰ ਦਰ ਪਾਓ ਹੋ ਜਾਓ ਉਤਮ ਸੰਤ । ਨੈਣ ਦਰਸਾਓ ਫੇਰ ਮਿਲੇ ਪ੍ਰਭ ਸਾਚਾ ਕੰਤ । ਭਰਮ ਚੁਕਾਓ ਰਸਨਾ ਜਾਪੇ ਸੋਹੰ ਸ਼ਬਦ ਸਾਚਾ ਮੰਤ । ਹਰਿ ਹਰਿ ਹਰਿ ਪ੍ਰਭ ਪਾਉ, ਵਿਚ ਦੇਹ ਪ੍ਰਭ ਬੈਠਾ ਇਕੰਤ । ਜਪ ਜਪ ਜਪ ਪ੍ਰਭ ਜੀਵ, ਜਿਸ ਬਣਾਈ ਤੇਰੀ ਬਣਤ । ਕਰਨਹਾਰਾ ਸਭ ਕਿਛ ਕਰਤਾ, ਸਰਬ ਕਲਾ ਪ੍ਰਭ ਆਪ ਵਰਤੰਤ । ਮਹਾਰਾਜ ਸ਼ੇਰ ਸਿੰਘ ਘਰ ਖੁਲ੍ਹਾ ਭੰਡਾਰਾ । ਮੰਗੋ ਦਾਨ ਸੋਹੰ ਸਰਬ ਜੀਵ ਜੰਤ । ਉਤਮ ਦਾਨ ਜੀਵ ਮਨ ਮੰਗ । ਸੋਹੰ ਸ਼ਬਦ ਮਨ ਚਾੜ੍ਹੇ ਰੰਗ । ਮਾਨਸ ਜਨਮ ਨਾ ਹੋਵੇ ਕਲ ਭੰਗ ।

ਸਾਚਾ ਪ੍ਰਭ ਗੁਰ ਦਰਬਾਰ ਨਾ ਸੰਗ । ਕਲਜੁਗ ਸਾਚਾ ਜੀਵ ਪ੍ਰਭ ਮਿਲਨੇ ਕਾ ਢੰਗ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਸਦ ਚਾੜ੍ਹੇ ਨਾਮ ਦਾ ਰੰਗ । ਈਸ਼ਰ ਨਾਮ ਰੰਗ ਨਿਰਾਲਾ । ਨਾ ਉਹ ਚਿੱਟਾ ਨਾ ਉਹ ਕਾਲਾ । ਈਸ਼ਰ ਜੋਤ ਲਾਲ ਗੁਲਾਲਾ । ਰਿਹਾ ਬੋਲ ਪ੍ਰਭ ਗੋਪਾਲਾ । ਦਰਵਾਜ਼ਾ ਦਸਵਾਂ ਖੋਲ੍ਹ, ਜੀਵ ਹੋ ਮਾਲ ਮਾਲਾ । ਕਿਉਂ ਬੈਠਾ ਅਨਭੋਲ, ਸਾਚਾ ਪ੍ਰਭ ਸਦਾ ਹੈ ਨਾਲਾ । ਸਤਿਗੁਰ ਪੂਰਾ ਤੋਲੇ ਪੂਰੇ ਤੋਲ, ਬੇਮੁਖਾਂ ਹੋਇਆ ਕਲਜੁਗ ਮੂੰਹ ਕਾਲਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸੋਹਣ ਚਰਨ ਕਵਲ ਕੋਲ, ਜੁਗੋ ਜੁਗ ਪ੍ਰਭ ਪੈਜ ਰਖਾਵਣ ਵਾਲਾ । ਪੈਜ ਰਖਾਵੇ ਭਗਤ ਘਰ ਆ ਕੇ । ਜੋਤ ਸਰੂਪ ਬਾਹੋਂ ਪਕੜ ਉਠਾ ਕੇ । ਦੇਵੇ ਦਰਸ ਪ੍ਰਭ ਗੁਰਸਿਖ ਜਗਾ ਕੇ । ਮਿਟਾਵੇ ਚਿੰਤ ਸਭ ਆਤਮ ਜੋਤ ਵਿਚ ਦੇਹ ਜਗਾ ਕੇ । ਕਲਜੁਗ ਮਿਲੇ ਪਰਮੇਸ਼ਵਰ ਝੱਬ, ਸਾਧ ਸੰਗਤ ਮਿਲ ਜਾਏ ਜਨ ਆ ਕੇ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨ ਆਏ, ਕਲਜੁਗ ਰਖੀਂ ਸਿਰ ਹੱਥ ਟਿਕਾ ਕੇ । ਸੁੱਖਆਸਣ ਪ੍ਰਭ ਬੈਠ ਕੇ ਸਾਚੀ ਜੋਤ ਜਗਾ । ਜੀਵ ਸਦ ਹੀ ਭੁੱਲਣਹਾਰ ਹੈ, ਚਰਨ ਲਾਗ ਭੁੱਲ ਬਖ਼ਸ਼ਾ । ਪ੍ਰਭ ਵਡ ਦਾਤਾ ਅਤੁਲ ਭੰਡਾਰ ਹੈ, ਤੋਟ ਨਾ ਏਥੇ ਕੋ ਆ । ਸੋਹੰ ਸ਼ਬਦ ਸੱਚਾ ਸੁਹਾਗ ਹੈ, ਜੀਵ ਵਿਚ ਲਲਾਟ ਸਾਚਾ ਲੇਖ ਲਿਖਾ । ਪ੍ਰਭ ਪਰਗਟਿਆ ਅਲਖ ਅਭੇਵ ਹੈ, ਕਲਜੁਗ ਬੈਠਾ ਮੂੰਹ ਛੁਪਾ । ਜਿਨ ਦਰਸ਼ਨ ਲੀਆ ਦੇਖ ਹੈ, ਕਲਜੁਗ ਆਤਮ ਗਈ ਤ੍ਰਿਪਤਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸਦਾ ਵਿਸ਼ੇਸ਼ ਹੈ, ਜਿਹੜਾ ਚਰਨੀਂ ਡਿੱਗਾ ਆ । ਚਾਰ ਜੁਗ ਇਕ ਪ੍ਰਭ ਦਾਤਾ । ਚਾਰ ਵਰਨ ਕਰੇ ਪ੍ਰਭ ਇਕ ਰੰਗਰਾਤਾ । ਜੋਤ ਸਰੂਪ ਸਰਬ ਵਿਚ ਸਮਾਤਾ । ਗਿਆਨ ਧਿਆਨ ਦੇਵੇ ਪੁਰਖ ਬਿਧਾਤਾ । ਗੁਰਚਰਨ ਧਿਆਨ ਜੀਵ ਕਲਜੁਗ ਸਾਚਾ ਨਾਤਾ । ਗੁਰਸਿਖ ਵਿਟਹੁ ਕੁਰਬਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਪਛਾਤਾ । ਹਰਿਜਨ ਭਗਤ ਦਰ ਭਗਤ ਪਛਾਨਣ । ਪ੍ਰਭ ਕਾ ਰੰਗ ਵਿਚ ਆਤਮ ਮਾਨਣ । ਸਚ ਦਰ ਮੰਗ ਨਿਜਾਨੰਦ ਦਰਸਾਨਣ । ਮਹਾਰਾਜ ਸ਼ੇਰ ਸਿੰਘ ਮਨ ਚਾੜ੍ਹੇ ਰੰਗ, ਜੋ ਜਨ ਆ ਸਰਨ ਲਗ ਜਾਨਣ । ਨਿਹਕਲੰਕ ਲੈ ਅਵਤਾਰ । ਚੌਥਾ ਜੁਗ ਹੋਏ ਖੁਆਰ । ਸਤਿਜੁਗ ਸਾਚਾ ਆਏ ਕਲ ਧਾਰ । ਸੋਹੰ ਸ਼ਬਦ ਹੋਏ ਜੈ ਜੈ ਜੈਕਾਰ । ਸਤਿਜੁਗ ਭਗਤ ਪ੍ਰਭ ਦੇਵੇ ਗੁਣ ਵਿਚਾਰ । ਲੈ ਸ਼ਬਦ ਜਗਤ ਆਤਮ ਭਰੇ ਭੰਡਾਰ । ਅੰਤ ਹੋਵੇ ਮੁਕਤ ਗੁਰਚਰਨ ਕਰ ਪਿਆਰ । ਮਹਾਰਾਜ ਸ਼ੇਰ ਸਿੰਘ ਮਿਲਣ ਦੀ ਜੁਗਤ, ਸੋਹੰ ਸ਼ਬਦ ਜੀਵ ਰਸਨਾ ਧਾਰ । ਸ਼ਬਦ ਧਰ ਮਨ ਹੋਏ ਧੀਰ । ਸ਼ਬਦ ਜੋਤ ਕੱਢੇ ਹਉਮੈ ਪੀਰ । ਕਰ ਦਰਸ ਹੋਏ ਸ਼ਾਂਤ ਸਰੀਰ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟਿਓ ਵਡ ਦਾਤਾ ਗੁਣੀ ਗਹੀਰ । ਗਹਿਰ ਗੰਭੀਰ ਗੁਰ ਗੋਬਿੰਦਾ । ਗੁਰ ਬਿਨ ਕੋਏ ਲਾਹੇ ਨਾ ਮਨ ਚਿੰਦਾ । ਸੋਹੰ ਸ਼ਬਦ ਗਿਆਨ ਪ੍ਰਭ ਦਿੰਦਾ । ਪਰਗਟਾਵੇ ਜੋਤ ਪ੍ਰਭ ਮਰਗਿੰਦਾ । ਮਹਾਰਾਜ ਸ਼ੇਰ ਸਿੰਘ ਚਰਨ ਲਗ ਜਾਵੇ ਅੰਤ ਸਾਰੀ ਹਿੰਦਾ । ਕਰ ਕਿਰਪਾ ਅੰਮ੍ਰਿਤ ਬਰਖਿਆ, ਗੁਰਸਿਖਾਂ ਮੁਖ ਚੁਆਇਆ । ਸੋਹੰ ਸਿਮਰ ਸਵਾਸ ਸਵਾਸਿਆ, ਕਲ ਸਚੇ ਸਿਉਂ ਚਿੱਤ ਲਾਇਆ । ਪੀ ਅੰਮ੍ਰਿਤ ਮਨ ਤ੍ਰਿਪਤਾਸਿਆ, ਪ੍ਰਭ ਸਚੇ ਮੇਲ ਮਿਲਾਇਆ । ਗੁਰਸਿਖ ਚਰਨ ਰਹਿਰਾਸਿਆ, ਨਾਮ ਨਿਧਾਨ ਗੁਰ ਦਰ ਤੇ ਪਾਇਆ । ਗੁਰਮੁਖ ਜੀਵੇ ਗੁਰ ਭਰਵਾਸਿਆ, ਪ੍ਰਭ ਭਰਮ ਭੁਲੇਖਾ ਲਾਹਿਆ । ਸਾਧ ਸੰਗਤ ਸ਼ਾਹ ਸ਼ਬਾਸਿਆ, ਜਿਨ ਰਸਨਾ ਹਰਿ ਹਰਿ ਹਰਿ ਗੁਣ ਗਾਇਆ । ਪੀ ਅੰਮ੍ਰਿਤ ਦੇਹ ਦੁੱਖ ਨਾਸਿਆ, ਅੰਮ੍ਰਿਤ ਬੂੰਦ ਕਵਲ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਸਚ ਜੋਤ ਪਰਕਾਸ਼ਿਆ, ਚਰਨ ਕਵਲ ਸੰਗ ਗੁਰਸਿਖ ਮਿਲਾਇਆ । ਗੁਰ ਅੰਮ੍ਰਿਤ ਵਿਚ ਇਹ ਵਡਿਆਈ । ਪੀ ਅੰਮ੍ਰਿਤ ਬਜਰ ਕਪਾਟ ਖੁਲ੍ਹਾਈ । ਅੰਮ੍ਰਿਤ

ਬੂੰਦ ਸੁਹਾਵਣੀ, ਗੁਰ ਪੂਰੇ ਗੁਰਮੁਖ ਚਵਾਈ । ਮਹਾਰਾਜ ਸ਼ੇਰ ਸਿੰਘ ਪਵਿਤ ਰਸਨਾ ਗਾਵਣੀ, ਕਲਜੁਗ ਦੇਵੇ ਭਗਤ ਵਡਿਆਈ । ਕਲਜੁਗ ਊਚਾ ਭਗਤਨ ਘਰ । ਜੋਤ ਪਰਗਟਾਵੇ ਪ੍ਰਭ ਧਰਨੀ ਧਰ । ਸਚ ਘਰ ਆਏ ਪ੍ਰਭ ਆਸਾ ਵਰ । ਪਾਰਬ੍ਰਹਮ ਪਰਮੇਸ਼ਵਰ ਕਲਜੁਗ ਜੋਤ ਪਰਗਟਾਈ ਨਰ । ਨਰ ਨਰਾਇਣ ਜੋਤ ਸਰੂਪ ਏਕੋ ਹਰਿ । ਏਕੋ ਹਰਿ ਆਤਮ ਧਰ । ਕਲਜੁਗ ਸਾਗਰ ਜੀਵ ਜਾਏ ਤਰ । ਮਹਾਰਾਜ ਸ਼ੇਰ ਸਿੰਘ ਗੁਰਚਰਨ ਲਾਗ, ਅੰਤਕਾਲ ਜੀਵ ਦੁੱਖ ਨਾ ਭਰ । ਦੁੱਖੀ ਜੀਵ ਕਲਜੁਗ ਕੁਰਲਾਵਣ । ਬੇਮੁਖ ਜੀਵ ਜਨਮ ਗਵਾਇਆ ਆਵਾਗਵਣ । ਸਾਧ ਸੰਗਤ ਗੁਰਚਰਨ ਲਾਗ ਅਮਰਾ ਪਦ ਪਾਵਣ । ਮਹਾਰਾਜ ਸ਼ੇਰ ਸਿੰਘ ਸੋਹਣ ਸਿੰਘ ਤਾਰਿਆ ਪੁੱਤ ਸਿੰਘ ਸਾਵਣ । ਕਲਜੁਗ ਮਿਲੀ ਭਗਤ ਵਡਿਆਈ । ਉਚ ਪਦਵੀ ਗੁਰ ਦਰ ਤੇ ਪਾਈ । ਗੁਣਨਿਧਾਨ ਘਰ ਆਇਕੇ ਭਗਤ ਜਨ ਲੇਖ ਲਿਖਾਈ । ਚਤੁਰ ਸੁਜਾਨ ਵਿਚ ਜਹਾਨ ਗੁਰਸਿਖ ਨਾਮ ਰਹਿ ਜਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਦੇਵੇ ਭਗਤ ਵਡਿਆਈ । ਭਗਤਨ ਸੰਗ ਪ੍ਰਭ ਵਸਣੇਹਾਰਾ । ਭਗਤ ਰਵੇ ਇਕ ਰੰਗ ਕਰਤਾਰਾ । ਬੇਮੁਖ ਭਵੇ ਦਰ ਦੁਸ਼ਟ ਦੁਰਾਚਾਰਾ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟਿਆ ਨਿਹਕਲੰਕ ਅਵਤਾਰਾ । ਸੋ ਨਰ ਮੁਨ ਜਾਣੇ ਗੁਰਦਰ ਗੁਰ ਘਰ ਸਿੱਖ ਆਏ । ਪ੍ਰਭ ਪੂਰੇ ਅੱਗੇ ਖੜੇ ਸੀਸ ਝੁਕਾਏ । ਬ੍ਰਹਮਾ ਵਿਸ਼ਨੂੰ ਮਹੇਸ਼ ਗਲ ਪੱਲੇ ਪਾਏ । ਸ਼ਿਵ ਸ਼ੰਕਰ ਜਟਾ ਜੂਟ ਧਾਰ, ਗਲ ਬੈਠੇ ਨਾਗ ਲਟਕਾਏ । ਚਾਰ ਯਾਰਾਂ ਸੰਗ ਮੁਹੰਮਦ ਦਰ ਖੜ੍ਹੇ ਕਲ ਬਿਲਲਾਏ । ਤੱਕੀ ਅੰਜੀਲ ਈਸਾ ਮੂਸਾ ਅਥਰਬਣ ਆਏ ਕਲ ਲੈ ਖਪਾਏ । ਏਕ ਆਪ ਰਿਹਾ ਪਰਥਾਏ । ਤੇਤੀਸ ਕਰੋੜ ਦੇਵੀ ਦੇਵਾ ਸ਼ਰਨ ਪ੍ਰਭ ਕੀ ਰਹੇ ਤਕਾਏ । ਮੇਘ ਮਾਲਾ ਕਰੋੜ ਛਿਆਨਵੇ, ਮੇਘ ਬਰਖਾ ਗੁਰਸਿਖ ਘਰ ਲਾਏ । ਵੇਦ ਪੁਰਾਣੀ ਪੁਸ਼ਪ ਬਬਾਣੀ, ਇੰਦਰ ਇੰਦਰਾਸਣ ਸਰਬ ਡੁਲਾਏ । ਭਗਤ ਵਿਗਾਸਣ ਸਰਬ ਕਰੇ ਨਾਸਣ, ਗੁਰਸਿਖਾਂ ਸਿਰ ਪ੍ਰਭ ਛਤਰ ਝੁਲਾਏ । ਜੋ ਜਨ ਸਿਮਰਣ ਸਰਬ ਦੁੱਖ ਨਾਸਣ, ਫੂਲਨ ਬਰਖਾ ਪ੍ਰਭ ਬਰਖਾਏ । ਖਾਣੀ ਬਾਣੀ ਗਗਨ ਪਾਤਾਲੀ, ਜੀਵ ਜੰਤ ਵਿਚ ਜੋਤ ਆਪਣੀ ਟਿਕਾਏ । ਪ੍ਰਭ ਚੋਜ ਵਡਾਣੀ ਕਲ ਜਾਏ ਪੜ੍ਹਾਣੀ, ਆਪਣੀ ਭੇਵ ਸਰਬ ਖੁਲ੍ਹਾਏ । ਗੁਰ ਦਰਬਾਰ ਗੁਰਸਿਖ ਪੁਰਾਨੀ, ਕਲਜੁਗ ਆਏ ਮੂਲ ਨਾ ਹਾਨੀ, ਕਲਜੁਗ ਗੁਰ ਸਿਰ ਹੱਥ ਟਿਕਾਏ । ਏਕ ਸ਼ਬਦ ਤੀਨ ਲੋਕ ਬੰਧਾਏ । ਜੋਤ ਸਰੂਪ ਸਰਬ ਰਿਹਾ ਸਮਾਏ । ਮਾਤ ਪਾਤਾਲ ਆਕਾਸ਼ ਸਾਚੀ ਜੋਤ ਪ੍ਰਭ ਡਗਮਗਾਏ । ਅਨਹਦ ਸ਼ਬਦ ਹੋਏ ਗੁੰਜਾਰ, ਗੁਰਮੁਖਾਂ ਪ੍ਰਭ ਦੇ ਸੁਣਾਏ । ਉਪਜੇ ਧੁਨ ਹੋਏ ਧੁਨਕਾਰ, ਨਿਰਮਲ ਜੋਤ ਵਿਚ ਦੇਹ ਜਗਾਏ । ਉਪਜੇ ਜੋਤ ਹੋਏ ਪਰਕਾਸ਼, ਬਿਨ ਬਾਤੀ ਬਿਨ ਤੇਲ ਵਿਚ ਦੇਹ ਜਗਾਏ । ਕਲਜੁਗ ਮਿਲਿਆ ਸੱਜਣ ਸੁਹੇਲ, ਵਰ ਪਾਇਆ ਜਨ ਮੇਲ, ਮਹਾਰਾਜ ਸ਼ੇਰ ਸਿੰਘ ਕੋਈ ਨਾ ਜਾਣੇ ਕਲਜੁਗ ਤੇਰਾ ਅਚਰਜ ਖੇਲ । ਅਚਰਜ ਖੇਲ ਕਰੇ ਪ੍ਰਭ ਕਰਤਾ । ਦੂਖ ਨਿਵਾਰਨ ਸਰਬ ਦੁੱਖ ਹਰਤਾ । ਭਗਤ ਉਧਾਰਨ ਪ੍ਰਭ ਧਰਨੀ ਧਰਤਾ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟਿਆ ਸਾਚਾ ਕਰਤਾ । ਕਰਤਾ ਪੁਰਖ ਆਪ ਗਿਰਧਾਰੀ । ਭਗਤਨ ਲਾਜ ਰੱਖੇ ਬਨਵਾਰੀ । ਅਗਨ ਜਲ ਪੌਣ ਹੋਏ ਪਨਿਹਾਰੀ । ਗੁਰਸਿਖ ਹੋਵੇ ਜੋਤ ਆਧਾਰੀ । ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਜੋਤ ਨਿਰੰਕਾਰੀ । ਜੋਤ ਨਿਰੰਜਣ ਨਿਰਗੁਣ ਸਰਗੁਣ ਸਰੂਪ । ਭਗਤ ਜਨ ਜਾਨਣ ਪ੍ਰਭ ਜੋਤ ਸਰੂਪ । ਕਲਜੁਗ ਪਰਗਟਿਆ ਵਡ ਦਾਤਾ ਭੂਪ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰ, ਦੇ ਦਰਸ ਸਵੱਛ ਸਰੂਪ । ਧੰਨ ਧੰਨ ਧੰਨ ਗੁਰਸਿਖ ਤੇਰੇ ਭਾਗ । ਬੇਮੁਖ ਸੋਏ ਪੈਰ ਪਸਾਰ, ਗੁਰਮੁਖ ਰੈਣ ਰਹੇ ਜਾਗ । ਸੋਹੰ ਦੇਵੇ ਬ੍ਰਹਮ ਗਿਆਨ,

ਕਲਜੁਗ ਲਾਗੇ ਨਾ ਸਿੱਖ ਦਾਗ਼ । ਬੇਮੁਖ ਕਲਜੁਗ ਬੇਸਹਾਏ, ਗੁਰਸਿਖ ਪ੍ਰਭ ਫੜ ਲਈ ਵਾਗ । ਮਹਾਰਾਜ ਸ਼ੇਰ ਸਿੰਘ ਭਗਤ ਜਨ ਤਾਰੇ, ਭੋਗ ਲਗਾਏ ਜਿਉਂ ਬਿਦਰ ਘਰ ਸਾਗ । ਭੋਗ ਲਗਾਏ ਸਾਗ ਪ੍ਰਭ ਕ੍ਰਿਸ਼ਨ ਮੁਰਾਰੀ । ਛੱਡੇ ਮਹੱਲ ਭਾਗ ਦੁਰਯੋਧਨ ਹੰਕਾਰੀ । ਕਲਜੁਗ ਤਾਰਨ ਆ ਗਿਆ, ਨਿਹਕਲੰਕ ਅਵਤਾਰੀ । ਗੁਰਸਿਖ ਘਰ ਆਇਕੇ ਲਾਏ ਭੋਗ ਪੈਜ ਸਵਾਰੀ । ਜਿਉਂ ਨਾਮੇ ਦਰਸ ਦਿਖਾ ਗਿਆ, ਪੀਵੇ ਦੁੱਧ ਹੋਏ ਦੂਧਾਧਾਰੀ । ਪ੍ਰਭ ਧੰਨਾ ਭਗਤ ਤਰਾ ਗਿਆ, ਪ੍ਰਭ ਲਾਏ ਭੋਗ ਛਾਛ ਪਿਆਰੀ । ਪ੍ਰਭ ਦਰੋਪਦ ਲਾਜ ਰਖਾ ਗਿਆ, ਲੱਥੇ ਚੀਰ ਨਾ ਕੋਟ ਉਤਾਰੀ । ਪ੍ਰਭ ਪ੍ਰਹਿਲਾਦ ਸਿਰ ਹੱਥ ਟਿਕਾ ਗਿਆ, ਪਰਗਟੇ ਆਪ ਨਰ ਸਿੰਘ ਅਵਤਾਰੀ । ਪ੍ਰਭ ਦੁਰਬਾਸ਼ਾ ਮਾਣ ਗਵਾ ਗਿਆ, ਚੱਕਰ ਸੁਦਰਸ਼ਨ ਬਾਣ ਜੀਵ ਮਾਰੀ । ਪ੍ਰਭ ਬਾਵਨ ਭੇਸ ਵਟਾ ਗਿਆ, ਮੰਗਣ ਜਾਏ ਬਲ ਦਵਾਰੀ । ਪ੍ਰਭ ਕਲਜੁਗ ਭੇਤ ਰਖਾ ਗਿਆ, ਜੋਤ ਸਰੂਪ ਆਇਆ ਦਰ ਸਚਾ ਦਰਬਾਰੀ । ਗੁਰਸਿਖਾਂ ਮੁਖ ਉਜਲ ਕਰਾ ਗਿਆ, ਜੁਗ ਚੌਥੇ ਵਾਰੀ । ਸੋਹਣ ਸਿੰਘ ਕਲ ਕੁਲ ਤਰਾ ਗਿਆ, ਮਿਲਿਆ ਮਹਾਰਾਜ ਸ਼ੇਰ ਸਿੰਘ ਨਿਰੰਕਾਰੀ । ਜੇ ਕੋਈ ਵੇਖੇ ਪ੍ਰਭ ਕਾ ਪਰਤਾਪ । ਨਾ ਦਿਸਾਵੇ ਨਾ ਦਿਸੇ ਆਪ । ਸਰਬ ਜੀਵ ਮੇਂ ਰਿਹਾ ਵਿਆਪ । ਆਪਣਾ ਏਕ ਜਪਾਏ ਜਾਪ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਸਤਿਜੁਗ ਉਪਜਾਏ ਸ੍ਰਿਸ਼ਟ ਇਕ ਜ਼ਾਤ । ਏਕ ਜ਼ਾਤ ਹੋਏ ਸਰਬ ਸ੍ਰਿਸ਼ਟੀ । ਬੁੱਧ ਬਬੇਕ ਖੋਲ੍ਹੇ ਪ੍ਰਭ ਦ੍ਰਿਸ਼ਟੀ । ਸਚਾ ਪ੍ਰਭ ਆਪ, ਸੋਹੰ ਸ਼ਬਦ ਸਚ ਦੇਵੇ ਦ੍ਰਿਸ਼ਟੀ । ਪ੍ਰਭ ਜੋਤ ਸਦਾ ਅਬਿਨਾਸ਼, ਜੀਵ ਜੰਤ ਸਰਬ ਵਿਸ਼ਟੀ । ਜੋ ਨਾ ਜਪੇ ਤੇਰਾ ਜਾਪ, ਕਲਜੁਗ ਕਾਇਆ ਜੀਵ ਦੀ ਭਰਿਸ਼ਟੀ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਦੇਵੇ ਦਾਤ, ਜਿਉਂ ਤ੍ਰੇਤੇ ਭਗਤ ਵਸ਼ਿਸ਼ਟੀ । ਭਿੰਨੀ ਰੈਨੜੀਏ ਤੂੰ ਧੰਨ, ਜਿਨ ਪਿਰ ਮਿਲਾਇਆ । ਭਿੰਨੀ ਰੈਨੜੀਏ ਤੂੰ ਧੰਨ, ਜਿਨ ਪ੍ਰਭ ਅਬਿਨਾਸ਼ੀ ਘਰ ਪਰਗਟਾਇਆ । ਭਿੰਨੀ ਰੈਨੜੀਏ ਤੂੰ ਧੰਨ, ਗੁਣ ਨਿਧਾਨ ਕਲ ਘਰ ਵਿਚ ਆਇਆ । ਭਿੰਨੀ ਰੈਨੜੀਏ ਤੂੰ ਧੰਨ, ਸਾਧ ਸੰਗਤ ਮਿਲ ਮੰਗਲ ਗਾਇਆ । ਭਿੰਨੀ ਰੈਨੜੀਏ ਤੂੰ ਧੰਨ, ਜਿਨ ਸਾਚੇ ਸੰਗ ਸਾਚਾ ਨਿਹੁੰ ਲਗਾਇਆ । ਭਿੰਨੀ ਰੈਨੜੀਏ ਤੂੰ ਧੰਨ, ਝੂਠੀ ਸ੍ਰਿਸ਼ਟ ਸੁਲਾਈ ਝੂਟ ਝੁਲਾਇਆ । ਭਿੰਨੀ ਰੈਨੜੀਏ ਤੂੰ ਧੰਨ, ਗੁਰਸਿਖਾਂ ਪਾਈ ਬੁਧਿ, ਰਸਨਾ ਹਰਿ ਹਰਿ ਨਾਮ ਧਿਆਇਆ । ਭਿੰਨੀ ਰੈਨੜੀਏ ਤੂੰ ਧੰਨ, ਤੇਰੀ ਰੁੱਤ ਸੁਹਾਈ ਨਿਹਕਲੰਕ ਵਿਚ ਮਾਤ ਦੇ ਆਇਆ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜਿਨ ਭਗਤ ਭਗਵੰਤ ਦੋਏ ਮੇਲ ਕਰਾਇਆ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਜਗਤ ਅੰਧੇਰ ਗੁਰਸਿਖ ਪ੍ਰਭ ਜੋਤ ਜਗਾਇਆ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਮਹਾਰਾਜ ਸ਼ੇਰ ਸਿੰਘ ਕਰ ਕਿਰਪਾ ਗੁਰਪਰਸਾਦੀ ਪਰਸਾਦ ਵਰਤਾਇਆ । ਗੁਰਪਰਸਾਦਿ ਪ੍ਰਭ ਪੂਰਾ ਪਾਇਆ । ਗੁਰਪਰਸਾਦਿ ਜਨਮ ਮਰਨ ਦਾ ਫੰਦ ਕਟਾਇਆ । ਗੁਰਪਰਸਾਦਿ ਮਿਲ ਗੁਰ ਮਾਨਸ ਜਨਮ ਸੁਫਲ ਕਰਾਇਆ । ਗੁਰਪਰਸਾਦਿ ਗੁਰ ਲਿਖਿਆ ਧੁਰ, ਗੁਣ ਨਿਧਾਨ ਘਰ ਆਏ ਭਗਤ ਲੇਖ ਲਿਖਾਇਆ । ਗੁਰਪਰਸਾਦਿ ਮਹਾਰਾਜ ਸ਼ੇਰ ਸਿੰਘ ਸਾਚਾ ਵਰ ਪਾਇਆ ਹਰਿ ਰਾਇਆ । ਕਲਜੁਗ ਓਟ ਏਕ ਪ੍ਰਭ, ਨਾ ਕੋਈ ਸੁਹੇਲਾ । ਅੰਤਕਾਲ ਛੱਡ ਜਾਣੇ ਸਭ, ਝੂਠੀ ਸ੍ਰਿਸ਼ਟ ਜਗ ਝੂਠਾ ਮੇਲਾ । ਇਹ ਜੀਵ ਪ੍ਰਭ ਸਾਚਾ ਲੱਭ, ਮਾਨਸ ਜਨਮ ਪ੍ਰਭ ਮਿਲਣ ਕੀ ਵੇਲਾ । ਸਾਧ ਸੰਗਤ ਪ੍ਰਭ ਜੋਤ ਪਰਗਟਾਵੇ ਝੱਬ, ਕਲਜੁਗ ਚਰਨ ਸੰਗ ਗੁਰਸਿਖ ਮੇਲਾ । ਚਰਨ ਲਾਗੇ ਵਿਛੜ ਨਾ ਜਾਵੇ । ਈਸ਼ਰ ਜੀਵ ਭੇਤ ਚੁਕਾਵੇ । ਬ੍ਰਹਮ ਸਰੂਪ ਬ੍ਰਹਮ ਦਰਸਾਵੇ । ਨਿਜ ਘਰ ਵਾਸੀ ਨਿਜ ਮਾਹਿ ਪਰਗਟਾਵੇ । ਬੇਮੁਖਾਂ ਭੁੱਲਾ ਜਗਤ ਭੁਲਾਵੇ । ਕੂੜੀ ਦੁਨੀਆ ਝੂਠੀ ਕਾਇਆ, ਝੂਠੇ ਬੰਨ੍ਹ

ਬੈਠਾ ਦਾਅਵੇ । ਸੋ ਜਨ ਉਧਰੇ ਪਾਰ, ਮਹਾਰਾਜ ਸ਼ੇਰ ਸਿੰਘ ਜੋ ਰਸਨਾ ਗਾਵੇ । ਰਸਨਾ ਸਿਮਰੇ ਏਕ ਨਰਾਇਣ । ਆਦਿ ਜੁਗਾਦਿ ਪ੍ਰਭ ਭਗਤ ਤਰਾਇਣ । ਨੈਣ ਪੇਖਤ ਆਤਮ ਤ੍ਰਿਪਤਾਇਣ । ਸਾਧ ਸੰਗਤ ਗੁਰਚਰਨ ਲਾਗ ਸੁਹਾਈ ਰੈਣ । ਮਹਾਰਾਜ ਸ਼ੇਰ ਸਿੰਘ ਲਜ ਪਤਿ ਰਾਖੇ, ਗੁਰਸੰਗਤ ਵਿਚ ਬੇਮੁਖ ਨਾ ਬਹਿਣ । ਬੇਮੁਖ ਸੋ ਏ ਜਿਤ ਰਸਨਾ ਮਦਿ ਮਾਸ । ਪ੍ਰਭ ਸੰਗ ਹੋਏ ਨਾ ਉਨਕੀ ਰਾਸ । ਅੰਤਕਾਲ ਨਾ ਹੋਏ ਬੰਦ ਖਲਾਸ । ਧਰਮ ਰਾਏ ਗਲ ਪਾਏ ਫਾਸ । ਕੁੰਭੀ ਨਰਕ ਪ੍ਰਭ ਦੇ ਵਾਸ । ਗੁਰਸਿਖ ਨਾਮ ਜਗਤ ਪਰਕਾਸ਼ । ਸੋਹੰ ਜਪਿਆ ਜਿਸ ਸਵਾਸ ਸਵਾਸ । ਰਸਨਾ ਜਪ ਦੇਹ ਅੰਧੇਰ ਵਿਨਾਸ । ਮਹਾਰਾਜ ਸ਼ੇਰ ਸਿੰਘ ਆਦਿ ਅੰਤ ਭਗਤਨ ਪਾਸ । ਭਗਤਨ ਸੰਗ ਵਸੇ ਪ੍ਰਭ ਵਸਣੇਹਾਰਾ । ਪ੍ਰਭ ਪੂਰਨ ਸਮਰਥ, ਖੋਲ੍ਹੇ ਦਸਮ ਦਵਾਰਾ । ਉਤਮ ਦੇਵੇ ਵੱਥ, ਜਗਾਵੇ ਜੋਤ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਪ੍ਰਭ ਸਮਰਥ, ਕਲਜੁਗ ਪਰਗਟੇ ਨਿਹਕਲੰਕ ਅਵਤਾਰਾ । ਗੁਰਸਿਖ ਘਰ ਜੋਤ ਪਰਗਟਾਈ, ਪਰਮੇਸ਼ਵਰ ਮੇਲ ਮਿਲਾਇਆ ਜੋ ਲਿਖਿਆ ਧੁਰ । ਕਲਜੁਗ ਮਿਲਿਆ ਸਾਚਾ ਗੁਰ । ਮਹਾਰਾਜ ਸ਼ੇਰ ਸਿੰਘ ਥਾਨ ਸੁਹਾਏ ਰਾਮ ਪੁਰ । ਸੋਹੰ ਸ਼ਬਦ ਸੰਗ ਮਨ ਸੋਹਣ ਸਿੰਘ ਜਾਏ ਜੁੜ ।

❊ ੨੮ ਚੇਤ ੨੦੦੮ ਬਿਕ੍ਰਮੀ ਮਾਸਟਰ ਸੋਹਣ ਸਿੰਘ ਦੇ ਗ੍ਰਿਹ ਪਿੰਡ ਰਾਮ ਪੁਰ ❊

ਰੂਪ ਅਗੰਮ ਪ੍ਰਭ ਕੇਰਾ, ਜੋਤ ਸਰੂਪ ਸਦਾ ਜਗ ਦੀਸੇ । ਅਗੰਮ ਸਰੂਪ ਪ੍ਰਭ ਤੇਰਾ, ਕਲਜੁਗ ਵਸਿਆ ਪ੍ਰਭ ਈਸਾ ਮੂਸੇ । ਪ੍ਰਭ ਕਾ ਰੂਪ ਅਗੰਮ, ਦੇਵੇ ਮਾਣ ਅਥਰਬਣ ਮੁਹੰਮਦਾ ਅਲ੍ਹਾ ਅਬਲੀਸੇ । ਅੰਤਕਾਲ ਹੋਏ ਕੁਕਰਮਾ, ਕਲਜੁਗ ਨਾਉਂ ਪ੍ਰਭ ਮਲੇਸ਼ ਰਖੀਸੇ । ਸਾਚਾ ਪ੍ਰਭ ਏਕ ਵਸੇ ਹਰਿ ਥਾਉ, ਏਕਸ ਬਿਨਾ ਕੋਈ ਹੋਰ ਨਾ ਦੀਸੇ । ਸ਼ਬਦ ਸੋਹੰ ਪ੍ਰਭ ਰਸਨਾ ਗਾਓ, ਕਲਜੁਗ ਦੇਵੇ ਪ੍ਰਭ ਬਖ਼ਸ਼ੀਸ਼ੇ । ਅੰਤਕਾਲ ਕਲ ਦਾ ਹੋਇਆ, ਸਤਿਜੁਗ ਅੰਦਰ ਕੋਈ ਵਿਰਲਾ ਗੁਰਮੁਖ ਦੀਸੇ । ਸਤਿਜੁਗ ਸਾਚਾ ਸਤਿ ਸਤਿ ਸਤਿ ਹੋਇਆ, ਮਹਾਰਾਜ ਸ਼ੇਰ ਸਿੰਘ ਮਾਤ ਜੋਤ ਰਖੀਸੇ । ਧਰੇ ਜੋਤ ਪ੍ਰਭ ਵਿਚ ਲੋਕਮਾਤ । ਬੇਮੁਖਾਂ ਸਦਾ ਰਹੇ ਕਲਜੁਗੀ ਰਾਤ । ਗੁਰਸਿਖਾਂ ਕਲਜੁਗ ਅੰਦਰ ਉਤਮ ਹੋਈ ਜ਼ਾਤ । ਸੋਹੰ ਸ਼ਬਦ ਵਸੇ ਅੰਦਰ ਸਚੀ ਕਰਾਮਾਤ । ਕਲਜੁਗ ਜੋਤ ਪਰਗਟਾਇਕੇ, ਗੁਰਮੁਖਾਂ ਦੇਵੇ ਸਚੀ ਦਾਤ । ਬਿਨ ਗੁਰ ਪੂਰੇ ਕਲ ਅੰਤ ਕੋਈ ਨਾ ਪੂਛੇ ਬਾਤ । ਗੁਰਚਰਨ ਪ੍ਰੀਤੀ ਕਰ ਹਜ਼ੂਰੇ, ਕਲਜੁਗ ਸਾਚਾ ਦੀਸੇ ਨਾਤ । ਮਹਾਰਾਜ ਸ਼ੇਰ ਸਿੰਘ ਸਰਬ ਸ੍ਰਿਸ਼ਟੀ ਪੀਸੇ, ਜਿਉਂ ਪੀਸੇ ਪੀਸ ਬਸਾਤ । ਪੀਸ ਪਿਸਾਏ ਪੀਸਣਹਾਰਾ । ਕਲਜੁਗ ਪਰਗਟਿਆ ਨਿਹਕਲੰਕ ਅਵਤਾਰਾ । ਪਾਰਬ੍ਰਹਮ ਅਗੋਚਰ ਅਗੰਮ ਅਪਾਰਾ । ਨਿਰਾਧਾਰ ਨਿਰਵੈਰ ਨਿਰਾਹਾਰਾ । ਗੁਰਸੰਗਤ ਗੁਰਚਰਨ ਪਿਆਰਾ । ਊਚ ਅਗੰਮ ਦਿਸੇ ਦਰਬਾਰਾ । ਕਰ ਨਿਮਸਕਾਰ ਦਰਗਾਹ ਮਿਲੇ ਸਹਾਰਾ । ਭਗਤ ਜਨਾਂ ਆਤਮ ਜੋਤ ਕਰੇ ਪ੍ਰਭ ਉਜਿਆਰਾ । ਨੈਣੀ ਦੀਸੇ ਸਾਚੀ ਜੋਤ ਪ੍ਰਭ ਕਰਤਾਰਾ । ਬੇਮੁਖ ਦੁਸ਼ਟ ਕਲ ਝੱਖ ਮਾਰਾ । ਸਾਧ ਸੰਗਤ ਪਾਇਆ ਨਿਜ ਘਰ ਥਾਰਾ । ਆਦਿ ਪੁਰਖ ਅਪਰੰਪਰ, ਨਿਹਕਲੰਕ ਅਵਤਾਰਾ । ਜੋਤ ਜਗਾਵੇ ਜੁਗਾ ਜੁਗੰਤਰ, ਭਗਤ ਜਨਾਂ ਦੇਵੇ ਨਾਮ ਸਹਾਰਾ । ਬੇਮੁਖਾਂ ਸਦਾ ਨਰਕ ਭੁਗੰਤਰ, ਨਜ਼ਰ ਨਾ ਆਵੇ ਪ੍ਰਭ ਸਚ ਮੁਰਾਰਾ । ਏਥੇ ਉਥੇ ਆਪ ਪਤਿ ਰੱਖੇ, ਗੁਰਸਿਖਾਂ ਦੇਵੇ ਨਾ ਪ੍ਰਭ ਝੂਠਾ ਲਾਰਾ । ਬੇਮੁਖ ਕੱਢੇ ਕਲਜੁਗ ਵੱਖੇ, ਮਦਿ ਮਾਸ ਕਰ ਰਸਨ ਆਹਾਰਾ ।

ਗੁਰਮੁਖ ਰਸਨਾ ਰਾਮ ਰਸ ਰਸੇ, ਸੋਹੰ ਸ਼ਬਦ ਰਸਨ ਉਚਾਰਾ । ਆਪਣਾ ਭੇਵ ਆਪ ਪ੍ਰਭ ਦੱਸੇ, ਜੋਤ ਪਰਗਟਾਵੇ ਏਕੰਕਾਰਾ । ਜੂਠਾ ਝੂਠਾ ਬੇਮੁਖ ਨੱਸੇ, ਬੈਠ ਨਾ ਜਾਏ ਨਿੰਦਕ ਦੁਸ਼ਟ ਦੁਰਾਚਾਰਾ । ਸਤਿਜੁਗ ਸਾਚਾ ਸਚ ਗੁਰਮੁਖ ਵਸੇ, ਮਹਾਰਾਜ ਸ਼ੇਰ ਸਿੰਘ ਸਚ ਸ਼ਬਦ ਉਚਾਰਾ । ਗੁਰ ਸ਼ਬਦ ਸਚਾ ਜਗ ਬਾਨ । ਰਹੇ ਆਪ ਪ੍ਰਭ ਜਾਣੀ ਜਾਣ । ਕਲਜੁਗ ਮੇਟ ਮਿਟਾਏ ਬੇਮੁਖ ਨਿਸ਼ਾਨ । ਗੁਰਮੁਖ ਉਜਲ ਵਿਚ ਦੋਏ ਜਹਾਨ । ਕਲਜੁਗ ਪਰਗਟੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਵਿਸ਼ਨੂੰ ਭਗਵਾਨ ਨਿਹਕਲੰਕ । ਸਾਚਾ ਸ਼ਬਦ ਸੋਹੰ ਹੋਇਆ ਅਡੰਕ । ਕਲਜੁਗ ਕਰਾਏ ਇਕ ਰਾਓ ਰੰਕ । ਰਾਣੇ ਮਹਾਰਾਣਿਆਂ ਦਰ ਮੰਗਾਏ ਭਿਖ, ਮਹਾਰਾਜ ਸ਼ੇਰ ਸਿੰਘ ਪੂਰ ਕਰਾਏ ਲਿਖਾਏ ਅੰਕ । ਜੀਵ ਭੂਲਨ ਮਾਇਆਧਾਰੀ । ਪ੍ਰਭ ਕੀ ਜੋਤ ਕਲਜੁਗ ਵਿਸਾਰੀ । ਵਿਚ ਦੇਹ ਵਸਿਆ ਪਾਪ ਹੰਕਾਰੀ । ਮੁਗਧ ਅੰਞਾਣ ਮਤਿ ਗਈ ਮਾਰੀ । ਈਸ਼ਰ ਜੋਤ ਕਲ ਕਰੇ ਖੁਆਰੀ । ਸੋਹੰ ਜਪ ਸਚ ਤਾਰੇ ਕਲਜੁਗ ਤਾਰੀ । ਭਗਤ ਜਨਾਂ ਪ੍ਰਭ ਪੈਜ ਸਵਾਰੀ । ਕਲਜੁਗ ਪਰਗਟੇ ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰੀ । ਨਿਹਕਲੰਕ ਪ੍ਰਭ ਪਹਰਿਆ ਬਾਣਾ । ਤਖ਼ਤੋਂ ਲਾਹੇ ਸਭ ਰਾਜਾ ਰਾਣਾ । ਚਾਰ ਵਰਨ ਸਭ ਇਕ ਕਰ ਜਾਣਾ । ਸ਼ੂਦਰ ਬ੍ਰਾਹਮਣ ਸ਼ੱਤਰੀ ਵੈਸ਼ ਸਭ ਪ੍ਰਭ ਜੋਤ ਟਿਕਾਣਾ । ਸੋ ਜਨ ਉਧਰੇ ਜੋ ਚਲੇ ਗੁਰ ਕੇ ਭਾਣਾ । ਸੋਹੰ ਸ਼ਬਦ ਜਪ ਜੀਵ, ਆਤਮ ਰਸ ਮਿਲੇ ਸਚ ਜਾਣਾ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨ ਆਏ ਤੇਰਾ ਦਰਸ ਦਰ ਤੇਰਾ ਮਾਣਾ । ਗੁਰ ਦਰਸ ਕਲ ਗੁਰ ਦਰ ਮਿਲਿਆ । ਦਰਸ ਪਰਸ ਬੇਮੁਖ ਹਿਰਦਾ ਹਿਲਿਆ । ਬਿਨ ਪ੍ਰਭ ਪੂਰੇ ਬੇੜਾ ਸ਼ੌਹ ਦਰਿਆ ਕਲਜੁਗ ਠਿਲਿਆ । ਤਖ਼ਤੋਂ ਲਾਹੇ ਸਰਬ ਸਿਰ ਤਾਜ ਜਿਉਂ ਜਾਏ ਮਾਣ ਫਰੰਗੀ ਬਿੱਲਿਆਂ । ਮਹਾਰਾਜ ਸ਼ੇਰ ਸਿੰਘ ਤੇਰਾ ਭਾਣਾ । ਵਿਚ ਪਾਤਾਲ ਪ੍ਰਭ ਨੈਣ ਮੁਧਾਰੀ । ਸੇਜ ਬਾਸ਼ਕ ਆਸਣ ਬਨਵਾਰੀ । ਚਰਨ ਝੱਸੇ ਲਛਮੀ ਹੰਕਾਰੀ । ਮਨ ਵਿਕਾਰ ਸੁਖਆਸਣ ਆਲਸ ਨਿਰੰਕਾਰੀ । ਨਾ ਜਾਣੇ ਸਦਾ ਅਡੋਲ ਪ੍ਰਭ ਏਕੰਕਾਰੀ । ਕਰੇ ਮਾਣ ਸੇਵ ਪ੍ਰਭ ਕੀਨੀ ਭਾਰੀ । ਨਾਮ ਵੱਜੇ ਬਾਣ ਅਗਿਆਨ ਮਤਿ ਗਈ ਮਾਰੀ । ਗੁਣ ਨਿਧਾਨ ਸਾਚੀ ਖੇਲ, ਖੇਲ ਜਾਏ ਖਿਡਾਰੀ । ਦਰਗਾਹ ਹੋਵੇ ਵਿਚੋਂ ਪਰਵਾਨ, ਜੋ ਜਨ ਪ੍ਰਭ ਚਰਨ ਪੁਜਾਰੀ । ਪ੍ਰਭ ਜੋਤ ਮਹਾਰਾਜ ਸ਼ੇਰ ਸਿੰਘ ਵਿਚ ਮਾਤ ਉਤਾਰੀ । ਕਲਜੁਗ ਪ੍ਰਭ ਮਾਤਲੋਕ ਜੋਤ ਧਰੀ । ਕੋਈ ਜਨ ਵਿਰਲਾ ਬੂਝੇ ਪਰਗਟ ਨਰ ਹਰੀ । ਸੋਹੰ ਸ਼ਬਦ ਬਾਣ ਗੁਰ ਲਾਇਆ, ਝੂਠੀ ਸ੍ਰਿਸ਼ਟ ਕਾਲ ਅੰਤ ਡਰੀ । ਭੇਖਧਾਰੀ ਪ੍ਰਭ ਭੇਖ ਵਟਾਇਆ, ਕਲਜੁਗ ਪਰਗਟਿਆ ਨਿਹਕਲੰਕ ਵਰੀ । ਕਲਜੁਗ ਪ੍ਰਭ ਕੀ ਪਾਈ ਮਾਇਆ । ਮਹਾਰਾਜ ਸ਼ੇਰ ਸਿੰਘ ਹੋਏ ਸੋ ਜੋ ਪ੍ਰਭ ਕਰੀ । ਪ੍ਰਭ ਜੋਤ ਵਿਚ ਆਕਾਸ਼ । ਦਿਵਸ ਰੈਣ ਸਦਾ ਪਰਕਾਸ਼ । ਪ੍ਰਭ ਅਡੋਲ ਸਦਾ ਅਬਿਨਾਸ਼ । ਕਲਜੁਗ ਜੀਵ ਅੰਤ ਹੋਏ ਵਿਨਾਸ । ਗੁਰਮੁਖ ਸੋਹਣ ਚਰਨ ਗੁਰ ਪਾਸ । ਸਾਚਾ ਸ਼ਬਦ ਦੇ ਧਰਵਾਸ । ਕਿਰਪਾ ਕਰ ਕਰੇ ਵਿਚ ਦੇਹ ਨਿਵਾਸ । ਜੋ ਜਨ ਸਿਮਰੇ ਲੇਖ ਲਿਖਾਏ ਵਿਚ ਲਿਲਾਟ । ਕਲਜੁਗ ਮਹਾਰਾਜ ਸ਼ੇਰ ਸਿੰਘ ਪਰਗਟਿਆ, ਕਰੋ ਦਰਸ ਦੂਰ ਨਹੀਂ ਵਾਟ । ਕਰ ਦਰਸ ਕਰ ਮਨ ਤ੍ਰਿਪਤਾਣਾ । ਮਿਲ ਸਾਧ ਸੰਗਤ ਹਰਿ ਜਸ ਗਾਣਾ । ਨਿਹਕਲੰਕ ਖਪਾਏ ਸ੍ਰਿਸ਼ਟ ਜਿਉਂ ਰਾਮ ਹੰਕਾਰੀ ਰਾਣਾ । ਕਲਜੁਗ ਜੀਵ ਬੁਧ ਹੋਈ ਭਰਿਸ਼ਟ, ਮਦਿ ਮਾਸੀ ਦੁੱਖ ਡਾਹਢਾ ਪਾਣਾ । ਆਤਮ ਪਰਕਾਸ਼ ਵਿਚ ਦੇਹ ਨਿਸ਼ਟ, ਨਜ਼ਰ ਨਾ ਆਵੇ ਪ੍ਰਭ ਬਣਤ ਬਣਾਣਾ । ਮਹਾਰਾਜ ਸ਼ੇਰ ਸਿੰਘ ਤੇਰਾ ਇਸ਼ਟ, ਰੱਖ ਮਨ ਦਰਸ ਪ੍ਰਭ ਕਾ ਪਾਣਾ । ਕਰ ਦਰਸ ਜੀਵ ਜਨਮ ਮਰਨ ਸਵਾਰਿਆ । ਕਾਰਜ ਹੋਏ ਪੂਰੇ ਸਭ ਨਿਹਕਲੰਕ ਢਹਿ ਪਏ

ਦਵਾਰਿਆ । ਅੰਮ੍ਰਿਤ ਸੋਮਾ ਵਿਚੋਂ ਨਿਕਲੇ ਨਭ, ਖੋਲ੍ਹ ਜਾਏ ਪ੍ਰਭ ਦਸਮ ਦਵਾਰਿਆ । ਸਾਚੀ ਜੋਤ ਸੰਗ ਪਾਪਾਂ ਬੈਠਾ ਦੱਬ, ਸੋਹੰ ਜਪ ਹੋਏ ਜੋਤ ਆਕਾਰਿਆ । ਕਲਜੁਗ ਮਹਾਰਾਜ ਸ਼ੇਰ ਸਿੰਘ ਜਿਨ ਲਿਆ ਲੱਭ, ਨਾਮ ਦਾਨ ਦੇ ਚਲਿਆ ਭਗਤ ਭੰਡਾਰਿਆ । ਜਗਤ ਭੰਡਾਰੀ ਦੇਵੇ ਮਾਣ । ਜੀਵ ਸੰਸਾਰੀ ਸਚ ਕਰ ਜਾਣ । ਕਲਜੁਗ ਪਰਗਟਿਆ ਵਿਸ਼ਨੂੰ ਭਗਵਾਨ । ਜੋਤ ਸਰੂਪ ਕਲ ਲਾਏ ਬਾਨ । ਅਛਲ ਅਡੋਲ ਨਜ਼ਰ ਨਾ ਆਵੇ ਜਾਣੀ ਜਾਣ । ਗੁਰਸਿਖਾਂ ਗੁਰਚਰਨ ਧਿਆਨ । ਬੇਮੁਖ ਕਲਜੁਗ ਧੱਕੇ ਖਾਣ । ਮਹਾਰਾਜ ਸ਼ੇਰ ਸਿੰਘ ਗੁਰਸਿਖ ਚਰਨ ਲਾਗ ਤਰ ਜਾਣ । ਤਾਰ ਤਾਰ ਤਾਰ ਪ੍ਰਭ ਕਲਜੁਗ ਜੀਵ ਵਿਚਾਰੇ । ਸਾਰ ਸਾਰ ਸਾਰ ਹਉਮੇ ਲਗਾ ਰੋਗ, ਦੁੱਖੀ ਹੋਏ ਭਾਰੇ । ਵੈਰਾਗ ਵੈਰਾਗ ਵੈਰਾਗ ਕਰ ਪ੍ਰਭ ਵੈਰਾਗ, ਸੋਹੰ ਸ਼ਬਦ ਜਨ ਰਸਨ ਉਚਾਰੇ । ਤਿਆਗ ਤਿਆਗ ਤਿਆਗ ਕਰ ਪ੍ਰਭ ਤਿਆਗ, ਗੁਰਸਿਖਾਂ ਹਉਮੇ ਮਮਤਾ ਮਾਰੇ । ਰਾਗ ਰਾਗ ਰਾਗ ਕਰ ਪ੍ਰਭ ਰਾਗ, ਅਨਹਦ ਸ਼ਬਦ ਵੱਜੇ ਧੁਨਕਾਰੇ । ਭਾਗ ਭਾਗ ਭਾਗ ਵਡਭਾਗ ਕਰ ਪ੍ਰਭ ਗੁਰਸਿਖ ਸੋਹਣ ਤੇਰੇ ਦਰਬਾਰੇ । ਜਾਗ ਜਾਗ ਜਾਗ ਕਰ ਪ੍ਰਭ ਜਾਗ, ਆਤਮ ਨਿਰਮਲ ਜੋਤ ਹੋਏ ਉਜਿਆਰੇ । ਦਾਗ਼ ਦਾਗ਼ ਦਾਗ਼ ਦੂਰ ਕਰ ਪ੍ਰਭ, ਏਕ ਸ਼ਬਦ ਦੇ ਨਾਮ ਅਧਾਰੇ । ਲਾਗ ਲਾਗ ਲਾਗ ਗੁਰਚਰਨ ਲਾਗ, ਪ੍ਰਭ ਕਲਜੁਗ ਅੰਦਰ ਸਾਚੀ ਕਾਰੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਵਡਭਾਗ, ਕਰ ਹੋਏ ਨਿਮਾਣੇ ਢਹਿ ਪਏ ਦਵਾਰੇ । ਕਲਜੁਗ ਅੰਧੇਰ ਵਿਨਾਸੇ । ਪਾਪੀ ਜੀਵਾਂ ਮੁੱਕੇ ਸਾਸ ਗਰਾਸੇ । ਦੁਸ਼ਟ ਦੁਰਾਚਾਰੀ ਸਰਬ ਨਰਕ ਨਿਵਾਸੇ । ਗੁਰਮੁਖਾਂ ਹੋਏ ਅੰਤ ਬੰਦ ਖੁਲਾਸੇ । ਸਤਿਜੁਗ ਭਇਆ ਈਸ਼ਰ ਜੋਤ ਪਰਕਾਸ਼ੇ । ਭਗਤ ਜਨਾਂ ਪ੍ਰਭ ਕੀਨੀ ਦਇਆ ਮਾਤ ਗਰਭ ਨਾ ਪਾਏ ਵਾਸੇ । ਸਾਚਾ ਲਾਹ ਗੁਰਚਰਨ ਸਿੱਖ ਲਿਆ, ਹੋਇਆ ਪਾਰ ਅੰਤ ਗੁਰ ਚਰਨ ਨਿਵਾਸੇ । ਮਹਾਰਾਜ ਸ਼ੇਰ ਸਿੰਘ ਪਾਏ ਸਾਰ, ਭਗਤ ਜਨਾਂ ਹਰਿ ਦਾਸਨ ਦਾਸੇ । ਸਤਿਜੁਗ ਸਾਚਾ ਧਰਮ ਕੀ ਕਿਰਿਆ, ਗੁਰਮੁਖ ਉਜਲ ਜੋਤ ਨਿਰਮਿਲਿਆ । ਸਚ ਸਚ ਪ੍ਰਭ ਜੋਤ ਜਿਸ ਵੇਲੇ ਗੁਰਮੁਖ ਮਿਲਿਆ । ਮਹਾਰਾਜ ਸ਼ੇਰ ਸਿੰਘ ਜਿਨ੍ਹਾਂ ਪਛਾਤਾ, ਉਸ ਵੇਲੇ ਅੰਤ ਜੋਤ ਵਿਚ ਰਲਿਆ । ਸਤਿਜੁਗ ਚਲੇ ਸਾਚਾ ਧਰਮਾ । ਪਰਗਟੇ ਜੀਵ ਜਿਉਂ ਬਹੁ ਕਰਮਾ । ਅੰਮ੍ਰਿਤ ਪੀਵ ਜੀਓ ਹੋਏ ਬ੍ਰਹਮਾ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ ਵਿਚ ਚਹੁੰ ਵਰਨਾ । ਚਾਰ ਵਰਨ ਹੋਏ ਇਕ ਰੰਗ । ਸਤਿਜੁਗ ਸਚੀ ਇਹ ਮੰਗੀ ਮੰਗ । ਗੁਰਮੁਖ ਜਾਏ ਪਾਪਾਂ ਲੰਘ । ਕੋਈ ਨਾ ਦੀਸੇ ਸਤਿਜੁਗ ਨੰਗ । ਮਹਾਰਾਜ ਸ਼ੇਰ ਸਿੰਘ ਕਲਜੁਗ ਜਿਤਿਆ, ਕਰ ਜੋਤ ਸਰੂਪੀ ਜੰਗ । ਸੋਹੰ ਸ਼ਬਦ ਪ੍ਰਭ ਕਾ ਬਾਨ । ਤ੍ਰੈਲੋਕੀ ਨਾਥ ਲਾਹੇ ਸ੍ਰਿਸ਼ਟ ਘਾਨ । ਚੱਕਰ ਸੁਦਰਸ਼ਨ ਪ੍ਰਭ ਭਵਾਣ । ਅੰਤ ਕਾਲ ਸਰਬ ਸ੍ਰਿਸ਼ਟ ਖਪਾਣ । ਮੌਤ ਅੰਧੇਰੀ ਭੰਨ ਜਾਏ ਸ੍ਰਿਸ਼ਟ ਜਵਾਨੀ ਟਾਹਣ । ਕਲਜੁਗ ਵਰਤੇ ਸੋ ਜੋ ਈਸ਼ਰ ਮਨ ਭਾਣ । ਗੁਰਮੁਖ ਦੁੱਖ ਹਰਤੇ, ਜੋ ਪ੍ਰਭ ਸਰਨ ਤਕਾਣ । ਅਚਰਜ ਖੇਲ ਕੀਆ ਪ੍ਰਭ ਕਰਤੇ, ਜੁਗ ਉਲਟਾਏ ਖਪਾਏ ਜੰਤ ਜਹਾਨ । ਭਾਣਾ ਕਹਿਰ ਆਪ ਪ੍ਰਭ ਵਰਤੇ, ਥਲ ਜਲ ਜਲ ਥਲ ਇਕ ਹੋ ਜਾਣ । ਪਰਗਟ ਭਇਆ ਨਰ ਇਕ ਜਗਤ, ਪੌਣ ਪਾਣੀ ਸਰਬ ਮਿਟ ਜਾਣ । ਕਲਜੁਗ ਵਰ ਮਿਲਿਆ ਇਕ ਹਰਤੇ, ਪਾਪੀ ਦੁਸ਼ਟ ਸਰਬ ਮਿਟ ਜਾਣ । ਸਤਿਜੁਗ ਸਾਚਾ ਜਗ ਵਿਚ ਵਰਤੇ, ਜੋਤ ਪਰਗਟਾਵੇ ਵਿਸ਼ਨੂੰ ਭਗਵਾਨ । ਗੁਰਮੁਖ ਵਿਰਲੇ ਦਰ ਤੇ ਮੰਗਤੇ, ਦੇ ਜਾਵੇ ਬ੍ਰਹਮ ਗਿਆਨ । ਸੋਹੰ ਸ਼ਬਦ ਚਾੜ੍ਹ ਮਨ ਰੰਗਤੇ, ਕਰੇ ਤੇਜ ਜਿਉਂ ਕੋਟ ਭਾਨ । ਕਲਜੁਗ ਪਾਰ ਗੁਰਮੁਖ ਲੰਘਤੇ, ਦਰ ਖੜ੍ਹੇ ਜਿਉਂ ਦਰਬਾਨ । ਦੁੱਖ ਦਰਦ ਸਰਬ ਪ੍ਰਭ ਹੰਗਤੇ, ਜੋਤ ਸਰੂਪ ਜੋਤ ਮਿਲ ਜਾਣ । ਬੇਮੁਖ

ਦਰ ਤੇ ਫਿਰੇ ਨੰਗਤੇ, ਮੁਖ ਕਾਲਾ ਵਿਚ ਦੋ ਜਹਾਨ । ਸੋਹੰ ਸ਼ਬਦ ਚੜ੍ਹਾਇਆ ਪ੍ਰਭ ਜੰਗ ਤੇ, ਬੈਠ ਆਪ ਅਡੋਲ ਵਿਸ਼ਨੂੰ ਭਗਵਾਨ । ਕਰੇ ਸ੍ਰਿਸ਼ਟ ਛਿੰਨ ਭੰਗ ਤੇ, ਜੋਤ ਸਰੂਪ ਤੋੜੇ ਅਭਿਮਾਨ । ਮਹਾਰਾਜ ਸ਼ੇਰ ਸਿੰਘ ਗੁਰਸਿਖ ਦਰ ਤੇਰੇ ਮੰਗਤੇ, ਵਿਛੜ ਕਦੇ ਨਾ ਜਾਣ । ਮੰਗਣ ਮੰਗੋ ਪ੍ਰਭ ਕਾ ਘਰ । ਜਿਥੇ ਜੋਤ ਧਰੇ ਪ੍ਰਭ ਸਾਚਾ ਨਰ । ਜੋ ਚਾਹੋ ਪ੍ਰਭ ਦੇਵੇ ਸਾਚਾ ਵਰ । ਬੇਮੁਖ ਕਲਜੁਗ ਦੁੱਖ ਸਭ ਭਰ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਰ ਦਰਸ ਕਲਜੁਗ ਗਿਆ ਤਰ । ਕਰ ਦਰਸ ਗੁਰਸਿਖ ਤਰਿਆ । ਅੰਤਕਾਲ ਨਾ ਜਮ ਡੰਡ ਭਰਿਆ । ਸੋਹੰ ਨਾਮ ਦੇਵੇ ਪ੍ਰਭ ਆਸਾ ਵਰਿਆ । ਮਹਾਰਾਜ ਸ਼ੇਰ ਸਿੰਘ ਤੇਰਾ ਸਿੱਖ ਗਰਭਵਾਸ ਨਾ ਪਰਿਆ । ਗਰਭਵਾਸ ਗੁਰਸਿਖ ਨਾ ਧਰਿਆ । ਰਸਨਾ ਮਾਣੇ ਇਕ ਰੰਗ ਹਰਿਆ । ਹੋਏ ਦਰ ਮੰਗਤ ਦਰ ਤੇ ਖਰਿਆ । ਮਹਾਰਾਜ ਸ਼ੇਰ ਸਿੰਘ ਚਰਨ ਲਗਾ ਕਿਰਪਾ ਕਰਿਆ । ਗੁਰਸਿਖ ਨੌਂ ਨਿਧ ਘਰ ਮਾਹਿ ਪਾਈ । ਸਾਧ ਸੰਗਤ ਮਿਲ ਪ੍ਰਭ ਜਸ ਗਾਈ । ਗੁਰਸਿਖ ਘਰ ਪ੍ਰਭ ਪਰਗਟੇ ਜਿਉਂ ਪਰਗਟੇ ਸੈਨ ਨਾਈ । ਕੀਰਤਨ ਹੋਏ ਰੈਣ ਸਭ, ਪ੍ਰਭ ਰਾਣਾ ਦੇ ਰਿਝਾਈ । ਕਲਜੁਗ ਜੋਤ ਪਰਗਟਾਵੇ ਝੱਬ, ਦੇਵੇ ਭਗਤ ਆਣ ਵਡਿਆਈ । ਮਹਾਰਾਜ ਸ਼ੇਰ ਸਿੰਘ ਅੰਮ੍ਰਿਤ ਬਰਖੇ, ਗੁਰਮੁਖ ਵਿਰਲੇ ਲਏ ਮੁਖ ਚਵਾਈ । ਨਾਭ ਕਵਲ ਅੰਮ੍ਰਿਤ ਧਾਰ । ਗੁਰਮੁਖ ਵਿਰਲਾ ਪਾਵੇ ਸਾਰ । ਪਾਵੇ ਸੋ ਜਨ ਜਿਸ ਗੁਰਚਰਨ ਪਿਆਰ । ਪਾਵੇ ਸੋ ਜਨ ਜਿਤ ਪਾਵੇ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਕਹੋ ਧੰਨ ਧੰਨ, ਕਲਜੁਗ ਪਰਗਟਿਆ ਨਿਹਕਲੰਕ ਅਵਤਾਰ । ਕਲਜੁਗ ਜੋਤ ਪਰਗਟਾਇਕੇ, ਆਏ ਵਿਸ਼ਨੂੰ ਭਗਵਾਨਾ । ਕਲਜੁਗ ਵਕ਼ਤ ਚੁਕਾਇਕੇ, ਲਿਖ ਦੀਆ ਧੁਰੋਂ ਪਰਵਾਨਾ । ਸਤਿਜੁਗ ਸਾਚਾ ਲਾਇਕੇ, ਸੋਹੰ ਦੇ ਜਾਏ ਬ੍ਰਹਮ ਗਿਆਨਾ । ਸਚ ਮਾਰਗ ਰਾਹ ਦਸਾਇਕੇ, ਜਗਾਵੇ ਜੋਤ ਗੁਣੀ ਨਿਧਾਨਾ । ਵਿਚ ਆਤਮ ਰਸ ਚਵਾਇਕੇ, ਜੋਤ ਪਰਗਟਾਵੇ ਪ੍ਰਭ ਬਿਧਨਾਨਾ । ਸਤਿਜੁਗ ਸਾਚਾ ਸਤਿ ਵਰਤਾਇਕੇ, ਮਹਾਰਾਜ ਸ਼ੇਰ ਸਿੰਘ ਸਰਬ ਸੁਖ ਦਾਨਾ । ਸਚ ਤਖ਼ਤ ਸਚਖੰਡ ਵਿਚ ਮਾਤ ਬਣਾਇਆ । ਸਚ ਵਕ਼ਤ ਵਿਚ ਬ੍ਰਹਿਮੰਡ ਜੋਤ ਸਰੂਪ ਵਰਤਾਇਆ । ਆਪ ਅਖੰਡ ਵਿਚ ਵਰਭੰਡ, ਸੁਮੇਰ ਪਰਬਤ ਸਭ ਹਿਲਾਇਆ । ਸ੍ਰਿਸ਼ਟ ਸੁਹਾਗਣ ਹੋਈ ਰੰਡ, ਪ੍ਰਭ ਸਾਚੇ ਮੁਖ ਛੁਪਾਇਆ । ਬੇਮੁਖਾਂ ਆਤਮ ਹੋਈ ਖੰਡ, ਮਾਣਸ ਜਨਮ ਮੂਲ ਗਵਾਇਆ । ਨਾ ਉਹ ਸੁਹਾਗਣ ਨਾ ਉਹ ਰੰਡ, ਜਿਸ ਪ੍ਰਭ ਪੂਰੇ ਨਾ ਚਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਸੋਹੰ ਨਾਮ ਦੇਵੇ ਵੰਡ, ਗੁਰਸਿਖਾਂ ਝੋਲੀ ਪਾਇਆ । ਸ਼ਬਦ ਸੁਰਤ ਸੁਰਤ ਸ਼ਬਦ ਗੁਰ ਗਿਆਨ ਦਵਾਏ । ਰੰਗ ਨਾਦ ਸ਼ਬਦ ਅਨਾਹਦ ਮਨ ਵਸਾਏ । ਅਗਾਧ ਬੋਧ ਸਰਬ ਸਾਦ ਜੀਵ ਮੇਂ ਰਿਹਾ ਸਮਾਏ । ਪ੍ਰਭ ਬ੍ਰਹਮ ਬ੍ਰਹਿਮਾਦ ਜੋਤ ਸਰੂਪ ਰਿਹਾ ਜੋਤ ਜਗਾਏ । ਸਾਚਾ ਪ੍ਰਭ ਆਦਿ ਜੁਗਾਦਿ, ਸਦ ਅਮੇਟ ਮੇਟਿਆ ਨਾ ਜਾਏ । ਮਹਾਰਾਜ ਸ਼ੇਰ ਸਿੰਘ ਮਿਲਿਆ ਜਿਨ ਪੂਰਨ ਭਾਗ, ਲੱਗ ਚਰਨ ਪਤਤ ਤਰ ਜਾਏ । ਪਾਵੇ ਸੋ ਜਿਤ ਕਰੇ ਪ੍ਰਭ ਤਰਸ । ਦਰਸਾਵੇ ਸੋ ਜਿਤ ਦੇਵੇ ਪ੍ਰਭ ਦਰਸ । ਆਤਮ ਤ੍ਰਿਪਤਾਵੇ ਸੋ ਗੁਰਚਰਨ ਜਨ ਪਰਸ । ਅਗਿਆਨ ਅੰਧੇਰ ਮਿਟਾਵੇ ਸੋ ਜਿਤ ਆਤਮ ਮੇਘ ਦੇਵੇ ਵਰਸ । ਕਲਜੁਗ ਝੂਠਾ ਮੋਹ ਚੁਕਾਵੇ ਸੋ ਨਿਜ ਘਰ ਬੈਠ ਦੇ ਦੇਵੇ ਪ੍ਰਭ ਦਰਸ । ਮਹਾਰਾਜ ਸ਼ੇਰ ਸਿੰਘ ਗੁਣ ਗਾਵੇ ਸੋ ਕਿਰਪਾ ਕਰ ਮਨ ਲਾਹੇ ਹਰਸ । ਸੰਮਤ ਬਿਕ੍ਰਮੀ ਵੀਹ ਸੌ ਅੱਠ । ਦਿਵਸ ਜਾਏ ਉਪਰ ਸੱਠ ਜਾਂ ਅੱਠ । ਉਲਟੀ ਸ੍ਰਿਸ਼ਟ ਭਵਾਏ ਪ੍ਰਭ ਲੱਠ । ਪਿੰਡ ਭੰਡਾਲ ਕਰੇ ਪ੍ਰਭ ਇਕੱਠ । ਦੂਤ ਦੁਸ਼ਟ ਜਾਵਣ ਚੁਗਲ ਨੱਠ । ਸ੍ਰਿਸ਼ਟ ਸਬਾਈ ਝੋਕ ਕੇ ਵਿਚ ਭੱਠ । ਮਹਾਰਾਜ ਸ਼ੇਰ ਸਿੰਘ ਲਾਗੋ ਚਰਨ ਕਲਜੁਗ ਨੱਠ ਨੱਠ ।

ਈਸ਼ਰ ਜੋਤ ਭਇਓ ਪਰਕਾਸ਼ । ਆਈ ਮਾਤ ਸਰਬ ਪਾਤਾਲ ਆਕਾਸ਼ । ਸਦ ਅਡੋਲ ਸਦ ਅਬਿਨਾਸ਼ । ਜੀਵ ਜੰਤ ਅੰਤ ਹੋਣ ਵਿਨਾਸ । ਸਾਧ ਸੰਗਤ ਪ੍ਰਭ ਰਿਦੇ ਨਿਵਾਸ । ਆਤਮ ਜੋਤ ਕਰੇ ਪਰਕਾਸ਼ । ਸੋਹੰ ਸ਼ਬਦ ਜਪਾਵੇ ਰਸਨ ਸਵਾਸ ਸਵਾਸ । ਹਉਮੇ ਹੰਗਤਾ ਰੋਗ ਕਰਾਵੇ ਨਾਸ । ਬੈਠਾ ਅਡੋਲ ਵਿਚ ਅਬਿਨਾਸ਼ । ਭਗਤ ਜਨ ਸੋਹਣ ਗੁਰਚਰਨ ਪਾਸ । ਅੰਤ ਕਾਲ ਮਿਲੇ ਗੁਣਤਾਸ । ਬੈਕੁੰਠ ਧਾਮ ਪ੍ਰਭ ਕਰੇ ਨਿਵਾਸ । ਮਹਾਰਾਜ ਸ਼ੇਰ ਸਿੰਘ ਸਦ ਭਗਤਨ ਦਾਸ । ਕਲਜੁਗ ਜੋਤ ਧਰੇ ਪ੍ਰਭ ਨਰ । ਸੋਹੰ ਸ਼ਬਦ ਜਪਾਵੇ ਹਰਿ । ਏਕ ਸਾਚਾ ਦੂਜਾ ਕੋਏ ਨਾਹੇ ਕਰ । ਸਾਚਾ ਧਾਮ ਜਿਥੇ ਵਸੇ ਧਰਨੀ ਧਰ । ਚੌਥੇ ਜੁਗ ਪ੍ਰਗਟਾਈ ਜੋਤ ਨਿਹਕਲੰਕ ਅਵਤਾਰ ਨਰ । ਬੇਮੁਖ ਸਾਰ ਨਾ ਪਾਵੇ, ਗੁਰਮੁਖਾਂ ਲਾਧਾ ਸਾਚਾ ਦਰ । ਪ੍ਰਭ ਅਗਿਆਨ ਅੰਧੇਰ ਚੁਕਾਵੇ, ਸਾਚੀ ਜੋਤ ਵਿਚ ਦੇਹ ਧਰ । ਜੋ ਜਨ ਵਿਚ ਚਰਨ ਸੀਸ ਝੁਕਾਵੇ, ਜਨਮ ਨਾ ਪਾਵੇ ਮੁੜਕੇ ਮਰ । ਪ੍ਰਭ ਸਾਚਾ ਸਚ ਸੁਣਾਵੇ, ਕਲਜੁਗ ਆਇਆ ਜੋਤ ਸਰੂਪੀ ਭੇਖ ਕਰ । ਕਲਜੁਗ ਭਗਤ ਪਰਗਟਾਵੇ ਮਹਾਰਾਜ ਸ਼ੇਰ ਸਿੰਘ ਅਵਤਾਰ ਨਰ । ਨਰ ਅਵਤਾਰ ਨਰਾਇਣ ਜਗ ਲੀਆ । ਏਕੰਕਾਰ ਪਰਕਾਸ਼ ਜਗ ਕੀਆ । ਸੋਹੰ ਨਾਉਂ ਸਾਚਾ ਸਾਚੇ ਸਤਿਗੁਰ ਦੀਆ । ਵਿਛੜਿਆਂ ਮੇਲ ਪ੍ਰਭ ਕਲਜੁਗ ਕੀਆ । ਮਿਲਿਆ ਫਲ ਪੂਰਬ ਜਨਮ ਜੀਵ ਜੋ ਬੀਆ । ਸਚ ਸ਼ਾਹ ਪਰਗਟੇ ਘਰ ਦਰਸ਼ਨ ਜੀਵ ਕਰ ਮਿਲਣ ਕਾ ਹੀਆ । ਪ੍ਰਭ ਸਾਚਾ ਵਰ ਦੇਵੇ ਅੰਮ੍ਰਿਤ ਸੋਹੰ ਗਿਆਨ ਪ੍ਰਭ ਸਾਚਾ ਦੀਆ । ਸੋਹੰ ਸਾਚਾ ਗਿਆਨ, ਪਰਗਟ ਦੇਵੇ ਵਿਸ਼ਨੂੰ ਭਗਵਾਨ, ਜੀਵ ਆਤਮ ਈਸ਼ਰ ਜੋਤ ਜੀਵ ਦੂਜਾ ਨਾ ਜੀਆ । ਜੋਤ ਜਗਾਏ ਵਿਚ ਲੋਕ ਤਿੰਨ ਅੰਦਰ । ਕਲਜੁਗ ਪਰਗਟੇ ਕਰ ਦਰਸ, ਜੀਵ ਜਗੇ ਜੋਤ ਤਨ ਦੇਹ ਮੰਦਰ । ਸੋਹੰ ਸ਼ਬਦ ਰਸਨਾ ਰਸ ਖੋਲ੍ਹ ਕਲਜੁਗ ਦੇਹ ਮਨ ਜੰਦਰ । ਮਹਾਰਾਜ ਸ਼ੇਰ ਸਿੰਘ ਬੇਮੁਖ ਨਾ ਪਾਵੇ ਭੇਵ, ਧਰ ਜੋਤ ਵਸੇ ਦੇਹ ਅੰਦਰ । ਸਾਚੀ ਜੋਤ ਜਗਾਏ ਪ੍ਰਭ । ਕਲਜੁਗ ਸਾਚੇ ਗੁਰਮੁਖ ਲੱਭ । ਨਰ ਨਰਾਇਣ ਪਰਗਟ ਆਵੇ ਝੱਬ । ਕਵਲ ਜੀਵ ਖੁਲਾਏ ਵਿਚ ਨੱਭ । ਝਿਰਾਵੇ ਝਿਰਨਾ ਅੰਮ੍ਰਿਤ ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਗਿਆਨ ਦੇ ਸਭ । ਸਰਬ ਜੀਵ ਮਨ ਧਰੇ ਧਿਆਨ । ਆਤਮ ਦਰਸੇ ਬ੍ਰਹਮ ਗਿਆਨ । ਸਰਬ ਸੁਖ ਨਿਜਾਨੰਦ ਮਾਨ । ਉਤਰੇ ਭੂਖ ਪ੍ਰਭ ਸਾਚੀ ਜੋਤ ਜਗਾਨ । ਉਤਰੇ ਸਹਿੰਸਾ ਦੁਖ ਜੀਵ ਬਜਰ ਕਪਾਟ ਖੁਲ੍ਹ ਜਾਣ । ਪਰਗਟ ਵਿਚ ਦੇਹ ਸਾਚਾ ਭੂਪ, ਅਨਹਦ ਸ਼ਬਦ ਮਨ ਭੂਪ ਹੋਵੇ ਗਿਆਨ । ਵਿਚ ਅੰਧ ਕੂਪ ਦਵਾਰ ਦਸਵਾਂ ਪ੍ਰਭ ਪੜਦਾ ਲਾਹਨ । ਨਜ਼ਰੀ ਆਵੇ ਸਤਿ ਸਰੂਪ, ਜੋਤ ਸਰੂਪ ਜੋਤ ਮਿਲ ਜਾਣ । ਸਚਖੰਡ ਜਿਥੇ ਪਰਗਟੇ ਪ੍ਰਭ ਨਰ ਅਵਤਾਰਾ । ਜੋਤ ਪਰਗਟਾਵੇ ਨੈਣ ਮੁਧਾਰ, ਕਲਜੁਗ ਪਰਖੇ ਖੋਟਾ ਸਭ ਖਰਾ । ਜੋਤ ਪਰਕਾਸ਼ ਭਇਓ ਪ੍ਰਭ ਅੰਤ ਕਾਲ ਕਲ ਨਾ ਡਰਾ । ਮਹਾਰਾਜ ਸ਼ੇਰ ਸਿੰਘ ਦਰ ਸਾਚਾ ਤੇਰਾ, ਜੋ ਜਨ ਆਏ ਸੋਈ ਜਨ ਤਰਾ । ਹਰਿਜਨਾਂ ਦੋਏ ਏਕ । ਹਰਿਜਨਾਂ ਕਰੇ ਬੁਧ ਬਿਬੇਕ । ਸਾਧ ਸੰਗਤ ਮਨ ਟੇਕ । ਬੈਠਾ ਅਸਥੂਲ ਜੋਤ ਅਗਨੀ ਨਾ ਲਾਵੇ ਦੇਹ ਸੇਕ । ਕਲਜੁਗ ਭੁਲਾ ਚਲਿਆ ਮੂਲ ਰਸਨਾ ਜਪਿਆ ਨਾ ਘੜੀ ਏਕ । ਕਲਜੁਗ ਗਗਨ ਪਾਤਾਲ ਸਭ ਹਿਲਿਆ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਜਗਤ ਧਰਿਆ ਭੇਖ । ਭੇਖ ਧਰ ਅਵਤਾਰ ਨਰ, ਕਲਜੁਗ ਆਇਆ । ਭਰਮ ਨਿਵਾਰੇ ਆਤਮ ਜੋਤ ਧਰ, ਗਿਆਨ ਦੀਪਕ ਸਿੱਖ ਜਗਾਇਆ । ਦੀਪਕ ਦੇਹ ਜਗਾਏ, ਸੋਹੰ ਸ਼ਬਦ ਤਨ ਰਾਗ ਅਲਾਏ, ਆਪਣਾ ਭੇਤ ਪ੍ਰਭ

ਆਪ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਜੋਤ ਸਰੂਪ ਕਲਜੁਗ ਜੀਵ ਜਲਾਏ, ਸਾਧ ਸੰਗਤ ਸਿਰ ਹੱਥ ਟਿਕਾਇਆ । ਸਾਧ ਸੰਗਤ ਪ੍ਰਭ ਵਸਣੇਹਾਰਾ । ਬੈਠਾ ਅਡੋਲ ਨਿਰਵੈਰ ਨਿਰਾਹਾਰਾ । ਕਲਜੁਗ ਜੀਵ ਵੇਖ ਆਤਮ ਖੋਲ੍ਹ ਕਲਜੁਗ ਪਰਗਟੇ ਪ੍ਰਭ ਅਗੰਮ ਅਪਾਰਾ । ਮਾਨਸ ਜਨਮ ਗਵਾਇਆ ਅਨਭੋਲ, ਕਲਜੁਗ ਨਾ ਮਿਲਿਆ ਸਚ ਦਵਾਰਾ । ਪ੍ਰਭ ਪੂਰਾ ਤੋਲੇ ਪੂਰਾ ਤੋਲ, ਬੇਮੁਖ ਕਲਜੁਗ ਵਿਚਾਰਾ । ਪਰਗਟੀ ਜੋਤ ਪ੍ਰਭ ਉਪਰ ਧੌਲ, ਭਗਤਨ ਦੇਵੇ ਨਾਮ ਸੋਹੰ ਭੰਡਾਰਾ । ਜੀਵ ਜੰਤ ਪ੍ਰਭ ਰਿਹਾ ਮੌਲ, ਸਰਬ ਜੀਵ ਹੋਏ ਜੋਤ ਭੰਡਾਰਾ । ਭਗਤ ਜਨਾਂ ਪ੍ਰਭ ਦੇਵੇ ਪੜਦੇ ਖੋਲ੍ਹ, ਨਜ਼ਰੀ ਆਵੇ ਸਚ ਦਵਾਰਾ । ਸੋਹੰ ਸ਼ਬਦ ਜਪ ਸਾਚਾ ਬੋਲ, ਅੰਤਕਾਲ ਮਿਲੇ ਮੋਖ ਦਵਾਰਾ । ਪਰਗਟ ਜੋਤ ਪ੍ਰਭ ਵਸੇ ਕੋਲ, ਨਜ਼ਰ ਨਾ ਆਵੇ ਮੂਰਖ ਮੁਗਧ ਗਵਾਰਾ । ਮਹਾਰਾਜ ਸ਼ੇਰ ਸਿੰਘ ਨਾ ਜਾਏ ਡੋਲ, ਜੋ ਜਨ ਆਏ ਚਰਨ ਨਿਮਸਕਾਰਾ । ਨਿਮਸਕਾਰ ਕਰੋ ਗੁਰਦੇਵ । ਕਲਜੁਗ ਪਰਗਟੇ ਅਲਖ ਅਭੇਵ । ਸਾਚੀ ਪ੍ਰੀਤ ਗੁਰ ਦਰਸ ਸੇਵ । ਉਤਮ ਫਲ ਕਲ ਸੋਹੰ ਮੇਵ । ਮਹਾਰਾਜ ਸ਼ੇਰ ਸਿੰਘ ਕੋਈ ਨਾ ਦੀਸੇ ਕਲਜੁਗ ਤੁਝ ਜੇਵ । ਵੱਡਾ ਪ੍ਰਭ ਵਡ ਪਰਤਾਪ । ਸਰਬ ਸ੍ਰਿਸ਼ਟ ਮੇਂ ਰਿਹਾ ਵਿਆਪ । ਪਰਗਟੇ ਜੋਤ ਕਲ ਬਿਨ ਮਾਈ ਬਾਪ । ਗੁਰਮੁਖਾਂ ਮਾਰੇ ਹਉਮੇ ਤੀਨ ਤਾਪ । ਆਤਮ ਜੋਤ ਜਗੇ ਸਦਾ ਦਿਨ ਰਾਤ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ ਕੋਈ ਨਾ ਪੁੱਛੇ ਵਾਤ । ਕਲਜੁਗ ਜੀਵ ਹੋਏ ਅਗਿਆਨੀ । ਮਦਿ ਮਾਸੀ ਹੋਏ ਅਭਿਮਾਨੀ । ਕਲਜੁਗ ਮਾਇਆ ਜੀਵ ਭਰਮ ਭੁਲਾਨੀ । ਚਲੇ ਕੁਰੀਤੀ ਛੱਡ ਸਾਚੀ ਬਾਣੀ । ਬੇਮੁਖ ਕਲਜੁਗ ਆਈ ਹਾਨੀ । ਗੁਰਸਿਖ ਗੁਰ ਮਿਲ ਪਾਏ ਪਦ ਨਿਰਬਾਨੀ । ਦੇਵੇ ਦਰਸ ਪ੍ਰਭ ਘਰ ਆਏ ਗੁਣ ਨਿਧਾਨੀ । ਉਤਰੇ ਦੂਖ ਸਗਲ ਵਸੂਰੇ, ਜੀਵ ਮਿਲ ਪ੍ਰਭ ਹੋਏ ਬ੍ਰਹਮ ਗਿਆਨੀ । ਬ੍ਰਹਮ ਗਿਆਨੀ ਸ਼ਬਦ ਧੁਨ ਅਨਹਦ, ਮਹਾਰਾਜ ਸ਼ੇਰ ਸਿੰਘ ਜਨ ਹੋਏ ਵਖਾਨੀ । ਜੋ ਜਨ ਆਏ ਕਲ ਪ੍ਰਭ ਕੀ ਸਰਨਾ । ਅੰਤਕਾਲ ਹੋਏ ਨਾ ਮਰਨਾ । ਗੁਰਮੁਖ ਨਾਉਂ ਪ੍ਰਭ ਉਜਲ ਕਰਨਾ । ਸੋਹੰ ਸ਼ਬਦ ਮਨ ਸਿੱਖਾਂ ਵਰਨਾ । ਅੰਤਕਾਲ ਨਿਵਾਸ ਵਿਚ ਖੰਡ ਸਚ ਕਰਨਾ । ਜੋਤੀ ਜੋਤ ਮਿਲਾਏ, ਪ੍ਰਭ ਫਿਰ ਅੰਤ ਹੋਏ ਨਾ ਮਰਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਸਰਨ ਲਾਗ ਜੀਵ ਕਲਜੁਗ ਤਰਨਾ । ਅਛਲ ਛਲਨ ਕਲਜੁਗ ਆਇਆ । ਚਾਰ ਵਰਨ ਜਿਸ ਇਕ ਕਰਾਇਆ । ਰਾਣਾ ਰਾਜਾ ਸਭ ਤਖ਼ਤੋਂ ਲਾਇਆ । ਹੰਕਾਰ ਨਿਵਾਰੀ ਹੰਕਾਰ ਗਵਾਇਆ । ਬੇਮੁਖਾਂ ਨਰਕ ਨਿਵਾਸ ਦਵਾਇਆ । ਮਦਿ ਮਾਸੀ ਕਾਲ ਅੰਤ ਰਹਿਣ ਨਾ ਪਾਇਆ । ਗੁਰਮੁਖਾਂ ਮੁਖ ਪ੍ਰਭ ਅੰਮ੍ਰਿਤ ਚੁਆਇਆ । ਆਤਮ ਸਾਦ ਪ੍ਰਭ ਨਾਭ ਕਵਲ ਖੁਲ੍ਹਾਇਆ । ਖੁਲ੍ਹੇ ਨਾਭ ਕਵਲ ਪਰਗਾਸੇ, ਸਾਚਾ ਪ੍ਰਭ ਨਜ਼ਰੀ ਆਇਆ । ਸੋਹੰ ਦੇ ਬ੍ਰਹਮ ਗਿਆਨ, ਗੁਰਸਿਖਾਂ ਅਗਿਆਨ ਅੰਧੇਰ ਚੁਕਾਇਆ । ਗੁਰਚਰਨ ਕਰ ਧਿਆਨ, ਸਿੰਘ ਆਸਣ ਬੈਠਾ ਡੇਰਾ ਲਾਇਆ । ਕਲਜੁਗ ਆਏ ਗੁਣੀ ਨਿਧਾਨ, ਨਿਹਕਲੰਕ ਨਾਉਂ ਰਖਾਇਆ । ਨਿਰਗੁਣ ਸਰਗੁਣ ਦੋਏ ਸਰੂਪ, ਜੋਤ ਸਰੂਪ ਵਿਚ ਕਲ ਦੇ ਆਇਆ । ਪ੍ਰਭ ਕੀ ਮਹਿੰਮਾ ਬੜੀ ਅਨੂਪ, ਜੀਵ ਕਿਸੇ ਨੇ ਭੇਤ ਨਾ ਪਾਇਆ । ਆਤਮ ਵੇਖ ਜੀਵ ਸਚ ਸਰੂਪ, ਸਾਚਾ ਪ੍ਰਭ ਤੇਰੇ ਵਿਚ ਸਮਾਇਆ । ਨਜ਼ਰ ਨਾ ਆਵੇ ਰੇਖ ਨਾ ਰੂਪ, ਗੁਰਮੁਖਾਂ ਪ੍ਰਭ ਭੇਵ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਨਿਹਕਲੰਕ ਕਲ ਨਾਉਂ ਰਖਾਇਆ । ਕਲਜੁਗ ਦੇਵੇ ਭਗਤ ਵਡਿਆਈ । ਜੁਗੋ ਜੁਗ ਪ੍ਰਭ ਪੈਜ ਭਗਤਨ ਰਖਾਈ । ਅੰਤਕਾਲ ਹੋਏ ਆਣ ਸਹਾਈ । ਕਲਜੁਗ ਜੀਵ ਪ੍ਰਭ ਮੱਤ ਉਪਠੀ ਪਾਈ । ਜੋਤ ਸਰੂਪ ਜਗਤ ਅਗਨ ਲਗਾਈ ।

ਕੁੰਟ ਚਾਰ ਹਾਹਾਕਾਰ ਮੱਚ ਜਾਈ । ਗੁਰਮੁਖਾਂ ਘਰ ਜੈ ਜੈ ਜੈਕਾਰ ਕਰਾਈ । ਭਗਤ ਜਨਾਂ ਪ੍ਰਭ ਦੇਵੇ ਵਡਿਆਈ । ਆਪ ਅਪਰੰਪਰ ਸਰਬ ਰਿਹਾ ਸਮਾਈ । ਅੰਤਕਾਲ ਕਲ ਦੇ ਖਪਾਈ । ਮਦਿ ਮਾਸੀ ਕੋਈ ਰਹਿਣ ਨਾ ਪਾਈ । ਗੁਰਮੁਖਾਂ ਮਨ ਵੱਜੀ ਵਧਾਈ । ਦਰਸ਼ਨ ਦੇਵੇ ਕਲ ਰਘੁਰਾਈ । ਨਿਮਾਣਿਆਂ ਸਿਰ ਕਲ ਹੱਥ ਟਿਕਾਈ । ਰਾਜੇ ਰਾਣਿਆਂ ਚਲਿਆ ਤਖ਼ਤੋਂ ਲਾਹੀ । ਸੋਹੰ ਸਾਚਾ ਨਾਮ ਜਪਾਈ । ਸਾਚਾ ਤਖ਼ਤ ਸਚਖੰਡ ਬਣ ਜਾਈ । ਜਿਥੇ ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ । ਪਰਗਟੇ ਜੋਤ ਨਿਹਕਲੰਕ । ਚਾਰ ਕੁੰਟ ਸ਼ਬਦ ਵਜਾਵੇ ਡੰਕ । ਸਰਨੀ ਡਿੱਗੇ ਸਰਬ ਰਾਓ ਰੰਕ । ਭਗਤ ਜਨਾਂ ਦੇਵੇ ਵਡਿਆਈ, ਜਿਉਂ ਤ੍ਰੇਤੇ ਜਨਕ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਕਲਜੁਗ ਪੁਰੀ ਵਿਚ ਘਨਕ । ਕਲਜੁਗ ਆਇਆ ਕਲ ਤਾਰ । ਗੁਰਮੁਖ ਵਿਰਲੇ ਕਰਨ ਵਿਚਾਰ । ਬੇਮੁਖਾਂ ਦਰ ਜਾਵੇ ਝੱਖ ਮਾਰ । ਭਗਤ ਜਨ ਸੋਹਣ ਹਰਿ ਕੇ ਦਵਾਰ । ਦੋਏ ਜੋੜ ਕਰ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ । ਕਲਜੁਗ ਆਏ ਪ੍ਰਭ ਗਿਰਧਾਰ । ਭਗਤ ਜਨਾਂ ਪ੍ਰਭ ਦੇਵੇ ਤਾਰ । ਮਨਮੁਖ ਡੋਬੇ ਵਿਚ ਮੰਝਧਾਰ । ਭਰਮ ਭੁਲੇਖੇ ਭੁਲਾਏ ਸੰਸਾਰ । ਕੋਏ ਨਾ ਜਾਣੇ ਕਲਜੁਗ ਪਰਗਟੀ ਜੋਤ ਨੈਣ ਮੁੰਧਾਰ । ਦੇਵੇ ਦਰਸ ਪ੍ਰਭ ਕਿਰਪਾ ਧਾਰ । ਕਰ ਦਰਸ ਜਨ ਉਤਰੇ ਪਾਰ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਕੋਏ ਨਾ ਪਾਵੇ ਤੇਰੀ ਸਾਰ । ਪਾਵੇ ਸੋ ਜਨ ਜਿਸ ਆਪ ਜਣਾਵੇ । ਦੇਵੇ ਸੋਹੰ ਤਨ ਜਿਸ ਸਾਚਾ ਨਾਮ ਜਪਾਵੇ । ਜਗੇ ਜੋਤ ਤਨ ਮਨ, ਜਿਸ ਸਿਰ ਹੱਥ ਟਿਕਾਵੇ । ਗੁਰਚਰਨ ਸੰਗ ਜਾਏ ਬਣ, ਵੱਜੇ ਧੁਨ ਵਿਚ ਕੰਨ, ਦਸਮ ਦਵਾਰ ਜਿਸ ਆਪ ਖੁਲ੍ਹਾਵੇ । ਮਹਾਰਾਜ ਸ਼ੇਰ ਸਿੰਘ ਕਹੋ ਧੰਨ ਧੰਨ, ਕਲਜੁਗ ਆ ਪਾਰ ਲੰਘਾਵੇ । ਪਾਰਬ੍ਰਹਮ ਕਲਜੁਗ ਆਇਆ । ਜੁਗੋ ਜੁਗ ਪ੍ਰਭ ਭੇਖ ਵਟਾਇਆ । ਹੋਏ ਮਿਹਰਵਾਨ ਸਤਿਜੁਗ ਸਤਿ ਸਾਚਾ ਰਾਹ ਚਲਾਇਆ । ਤ੍ਰੇਤਾ ਰਾਮ ਅਵਤਾਰ ਸਾਚਾ ਨਾਮ ਰਾਮ ਰਖਾਇਆ । ਦੁਆਪਰ ਲੈ ਅਵਤਾਰ ਮੋਹਣ ਮਾਧਵ ਕ੍ਰਿਸ਼ਨ ਮੁਰਾਰ ਨਾਉਂ ਧਰਾਇਆ । ਨਿਹਕਲੰਕ ਕਲ ਲੈ ਅਵਤਾਰ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾਇਆ । ਕਲਜੁਗ ਪਰਗਟਿਆ ਨਿਹਕਲੰਕ ਅਵਤਾਰੀ । ਸਰਬ ਸ੍ਰਿਸ਼ਟ ਜਿਸ ਆਪ ਸੰਘਾਰੀ । ਕੋਈ ਨਾ ਰਹੇ ਜੀਵ ਦੁਸ਼ਟ ਦੁਰਾਚਾਰੀ । ਭਗਤ ਜਨਾਂ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਚਰਨ ਜਾਉ ਸਦ ਬਲਿਹਾਰੀ । ਨਿਹਕਲੰਕ ਨਾਉਂ ਰਖਾ ਕੇ । ਕਲਜੁਗ ਚਲਿਆ ਅੰਤ ਖਪਾ ਕੇ । ਚੌਥਾ ਜੁਗ ਜੋਤ ਸਰੂਪ ਆਪ ਉਲਟਾ ਕੇ । ਸਾਰੀ ਸ੍ਰਿਸ਼ਟ ਵਿਚ ਹਾਹਾਕਾਰ ਮਚਾ ਕੇ । ਬੈਠਾ ਅਡੋਲ ਸਚਖੰਡ ਡੇਰਾ ਲਾ ਕੇ । ਉਨੰਜਾ ਪਵਣ ਸਿਰ ਛਤਰ ਝੁਲਾ ਕੇ । ਜੋਤ ਸਰੂਪੀ ਸਚ ਜੋਤ ਜਗਾ ਕੇ । ਕਲਜੁਗ ਪਰਗਟਿਆ ਨਿਹਕਲੰਕ ਨਾਉਂ ਰਖਾ ਕੇ । ਭਾਣਾ ਜਾਵੇ ਸਚ ਵਰਤਾ ਕੇ । ਅਗਿਆਨ ਅੰਧੇਰ ਸਭ ਨਸ਼ਟ ਕਰਾ ਕੇ । ਭਗਤ ਜਨ ਕਲਜੁਗ ਪਰਗਟਾ ਕੇ । ਸੋਹੰ ਸ਼ਬਦ ਸਚ ਰਾਗ ਸੁਣਾ ਕੇ । ਸਤਿਜੁਗ ਸਾਚਾ ਸਚ ਰਾਹ ਵਖਾ ਕੇ । ਈਸ਼ਰ ਜੋਤ ਵਿਚ ਮਨੀ ਸਿੰਘ ਟਿਕਾ ਕੇ । ਸਤਿਜੁਗ ਵਾਲੀ ਸਚ ਗੁਰੂ ਬਣਾ ਕੇ । ਗਿਆਨ ਜੋਤ ਪ੍ਰਭ ਜੋਤ ਜਗਾ ਕੇ । ਤੀਨ ਲੋਕ ਪ੍ਰਭ ਸੋਝੀ ਪਾ ਕੇ । ਮਹਾਰਾਜ ਸ਼ੇਰ ਸਿੰਘ ਜਨ ਉਤਰੇ ਪਾਰ, ਰਸਨਾ ਤੇਰੇ ਗੁਣ ਗਾ ਕੇ । ਰਸਨਾ ਗਾਓ ਗਹਿਰ ਗੰਭੀਰ । ਆਤਮ ਸ਼ਾਂਤ, ਜਾਏ ਹਉਮੇ ਪੀੜ । ਅੰਮ੍ਰਿਤ ਵਰਖੇ ਅੰਮ੍ਰਿਤ ਧਾਰਾ ਜਿਉਂ ਜਲ ਨੀਰ । ਕਰ ਦਰਸ ਮਹਾਰਾਜ ਸ਼ੇਰ ਸਿੰਘ ਹੋਵੇ ਸ਼ਾਂਤ ਸਰੀਰ । ਦਰਸ ਕਰ ਆਤਮ ਤ੍ਰਿਪਤਾਸੇ । ਆਤਮ ਹੋਏ ਪ੍ਰਭ ਕੇ ਵਾਸੇ । ਤਿਸ ਜਨ ਕਉ ਬਲ ਬਲ ਜਾਸੇ । ਜੋ ਜਨ ਜੀਵੇ ਜਪ ਰਸਨ ਸਵਾਸੇ । ਸਾਧ ਸੰਗਤ ਪ੍ਰਭ ਵਿਚ ਨਿਵਾਸੇ । ਗੁਰਮੁਖ ਸੋਹਣ

ਗੁਰਚਰਨ ਪਾਸੇ । ਕਲਜੁਗ ਗੁਰਮੁਖ ਉਜਲ ਜਿਉਂ ਚੰਦਨ ਪ੍ਰਭਾਸੇ । ਸੋਹੰ ਸ਼ਬਦ ਸੁਣ ਸਰਬ ਦੁੱਖ ਨਾਸੇ । ਜੀਵ ਆਤਮ ਖੋਲ੍ਹ ਸੁਨ, ਸਾਚਾ ਸ਼ਬਦ ਵਿਚ ਦੇਹ ਭਾਖੇ । ਪ੍ਰਭ ਦਰਸ ਲੋਰੇ ਸੁਰ ਨਰ ਮੁਨ ਜਨ, ਪ੍ਰਭ ਕਿਸੇ ਨਾ ਆਵੇ ਹਾਥੇ, ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਆਦਿ ਅੰਤ ਸੰਗਤ ਪਾਸੇ । ਕਲਜੁਗ ਆਇਆ ਜੋਤ ਪ੍ਰਭ ਧਰ । ਭਗਤ ਜਨ ਜਾਮੇ ਬਹੱਤਰ ਪਰਗਟ ਜਾਵੇ ਕਰ । ਸਤਿਜੁਗ ਸਾਚਾ ਸੋਹੰ ਸ਼ਬਦ ਖੁਲ੍ਹਾਵੇ ਦਰ । ਝੂਠੀ ਦੇਹ ਜੀਵ ਪਿੰਡ ਹੈ ਕਾਚਾ ਅੰਤ ਜੀਏ ਹਰ । ਕਲਜੁਗ ਪਰਗਟਿਆ ਸਤਿਗੁਰ ਸਾਚਾ, ਚਰਨੀਂ ਆਏ ਪਰ । ਏਕਾ ਨਾਉਂ ਏਕਾ ਥਾਉਂ ਏਕਾ ਆਪ ਏਕ ਸਚ ਘਰ । ਮਹਾਰਾਜ ਸ਼ੇਰ ਸਿੰਘ ਘਰ ਸਾਚਾ ਦਰ, ਚਰਨੀਂ ਲਾਗ ਬੇਮੁਖ ਜਾ ਤਰ । ਸਤਿਜੁਗ ਚਲੇ ਸਾਚਾ ਨਾਉਂ । ਏਕਸ ਬਿਨ ਦੂਜ ਕੋਈ ਜਪੇ ਨਾ ਨਾਉਂ । ਗੁਰਮੁਖਾਂ ਪਕੜ ਵਖਾਵੇ ਬਾਹੋਂ । ਸਾਚਾ ਸ਼ਬਦ ਸਤਿਜੁਗ ਸਾਚਾ ਨਾਉਂ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨ ਆ ਕੇ, ਕਲ ਲੱਗੇ ਨਾ ਤੱਤੀ ਵਾਓ । ਕਲਜੁਗ ਹੋਵੇ ਅੰਧ ਅੰਧਿਆਰ । ਬੇੜਾ ਡੋਬੇ ਪ੍ਰਭ ਵਿਚ ਮੰਝਧਾਰ । ਸ੍ਰਿਸ਼ਟ ਸਬਾਈ ਹੋਈ ਖੁਆਰ । ਖੰਡ ਬ੍ਰਹਿਮੰਡ ਪ੍ਰਭ ਜੋਤ ਝੁਲਾਰ । ਬੇਮੁਖ ਡੁੱਬੇ ਉਰਾਰ ਨਾ ਪਾਰ । ਗੁਰਸਿਖ ਪਾਰ ਕਰ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਮਿਲਿਆ ਕਲ ਦੁਤਰ ਤਾਰ । ਕਲਜੁਗ ਨਾਉਂ ਪ੍ਰਭ ਦੇਵੇ । ਸਾਚਾ ਸ਼ਬਦ ਜੋ ਜਨ ਸਰੇਵੇ । ਅਨਹਦ ਸ਼ਬਦ ਮਨ ਧੁਨ ਵਜੇਵੇ । ਮਹਾਰਾਜ ਸ਼ੇਰ ਸਿੰਘ ਮਿਲਿਆ ਅਲਖ ਅਭੇਵੇ । ਕਲਜੁਗ ਪਰਗਟਿਆ ਪ੍ਰਭ ਜਗਨ ਨਾਥ । ਜੁਗੋ ਜੁਗ ਪ੍ਰਭ ਭਗਤਨ ਸਾਥ । ਭੈ ਭਿਆਨਕ ਰੱਖੇ ਸਿਰ ਦੇ ਹਾਥ । ਸੋਹੰ ਸ਼ਬਦ ਸਾਚੀ ਚਲਾਵੇ ਗਾਥ । ਕਲਜੁਗ ਪਰਗਟਿਆ ਮਹਾਰਾਜ ਸ਼ੇਰ ਸਿੰਘ ਅਨਾਥਾਂ ਅਨਾਥ । ਜਗਤ ਪਿਤ ਕਲਜੁਗ ਆਇਆ । ਭੈ ਭਿਆਨਕ ਭਗਤਾਂ ਹੋਏ ਸਹਾਇਆ । ਸੋਹੰ ਬਾਣ ਜਗਤ ਗੁਰ ਲਾਇਆ । ਧਾਰ ਖੇਲ ਚਤੁਰਭੁਜ ਕਹਾਇਆ । ਜੋਤ ਸਰੂਪ ਪ੍ਰਭ ਜੋਤ ਅਗਨ ਜਗਤ ਜਲਾਇਆ । ਬੈਠ ਅਡੋਲ ਆਪ, ਬਿਨ ਦੈਂਤਾ ਜਗਤ ਘਾਇਆ । ਬੇਮੁਖਾਂ ਨਜ਼ਰ ਨਾ ਆਵਈ, ਗੁਰਸਿਖਾਂ ਘਰ ਜੋਤ ਪਰਗਟਾਇਆ । ਘਰ ਆਏ ਥਾਨ ਸੁਹਾਏ ਜਿਉਂ ਛਾਛ ਧੰਨੇ ਭੋਗ ਲਗਾਵੇ, ਘਰ ਰੰਕ ਪ੍ਰਭ ਡੇਰਾ ਲਾਇਆ । ਭਗਤ ਵਛਲ ਸਦ ਅਖਵਾਵੇ, ਦੇਵੇ ਦਰਸ ਕਲ ਰਘੁਰਾਇਆ । ਭੇਵ ਪ੍ਰਭ ਸੋ ਜਨ ਪਾਵੇ, ਸ਼ਬਦ ਸੁਰਤ ਜਿਤ ਪ੍ਰਭ ਭੇਵ ਖੁਲ੍ਹਾਇਆ । ਮਨਮੁਖਾਂ ਨਜ਼ਰ ਨਾ ਆਵਈ, ਅਗਿਆਨ ਅੰਧੇਰ ਵਿਚ ਦੇਹ ਵਸਾਇਆ । ਗੁਰਸਿਖਾਂ ਜੋਤ ਜਗਾਵਈ, ਆਤਮ ਦੀਪ ਵਿਚ ਦੇਹ ਜਗਾਇਆ । ਸਚ ਸਮਗਰੀ ਵਿਚ ਦੇਹ ਪਾਵਈ, ਬਿਨ ਬਾਤੀ ਬਿਨ ਤੇਲ ਈਸ਼ਰ ਸਦਾ ਡਗਮਗਾਇਆ । ਕਰੇ ਸੋ ਜੋ ਮਨ ਭਾਵਈ, ਅਚਰਜ ਖੇਲ ਪ੍ਰਭ ਕਲਜੁਗ ਰਚਾਇਆ । ਮਹਾਰਾਜ ਸ਼ੇਰ ਸਿੰਘ ਚਰਨ ਲਾਗ ਜਾਵਸੀ, ਨਿਹਕਲੰਕ ਜਾਮਾ ਧਾਰ ਕਲਜੁਗ ਆਇਆ । ਨਿਹਕਲੰਕ ਪਰਗਟੇ ਕਲਜੁਗ ਨਿਰਵੈਰਾ । ਸ੍ਰਿਸ਼ਟ ਸਬਾਈ ਪ੍ਰਭ ਵਰਤਾਵੇ ਕਹਿਰਾ । ਨਜ਼ਰ ਨਾ ਆਵੇ ਪ੍ਰਭ ਗੰਭੀਰ ਗਹਿਰਾ । ਗੁਰਚਰਨ ਲਾਗ ਗੁਰਸਿਖ ਕਲਜੁਗ ਤੈਰਾ । ਮਹਾਰਾਜ ਸ਼ੇਰ ਸਿੰਘ ਅੰਤਕਾਲ ਹੋਵੇ ਤੇਰਾ ਪਹਿਰਾ । ਅੰਤਕਾਲ ਕਲਜੁਗ ਕਰਨ ਪ੍ਰਭ ਆਇਆ । ਨਿਹਕਲੰਕ ਨਾਉਂ ਰਖਾਇਆ । ਜੋਤ ਸਰੂਪ ਵਿਚ ਸਿੱਖ ਸਮਾਇਆ । ਨਜ਼ਰ ਨਾ ਆਵੇ ਰਾਮ ਕ੍ਰਿਸ਼ਨ ਰਘੁਰਾਇਆ । ਭਗਤ ਜਨਾਂ ਦੇਵੇ ਪੜਦੇ ਖੋਲ੍ਹ, ਆਤਮ ਸਾਚਾ ਬ੍ਰਹਮ ਗਿਆਨ ਦਵਾਇਆ । ਕਲਜੁਗ ਜੀਵ ਹਿਰਦਾ ਫੋਲ, ਜਿਥੇ ਵਸਿਆ ਜਿਨ ਉਪਜਾਇਆ । ਸੋਹੰ ਸ਼ਬਦ ਚਾਰ ਜੁਗ ਵੱਜ ਜਾਵੇ ਢੋਲ, ਮਹਾਰਾਜ ਸ਼ੇਰ ਸਿੰਘ ਭਗਤ ਜਨ ਤੇਰੇ ਸੋਹਣ ਜਿਨ੍ਹਾਂ ਰਸਨਾ ਸੋਹੰ ਧਿਆਇਆ । ਓਅੰ ਆਪ, ਸੋਹੰ

੩੧੨
੦੧

ਦੇਵੇ ਪ੍ਰਭ ਸਾਚਾ ਜਾਪ । ਵਿਨਾਸੇ ਕੋਟ ਜੀਵ ਦੇ ਪਾਪ । ਹਿਰਦੇ ਵਸੇ ਪ੍ਰਭ ਸਾਚਾ ਆਪ । ਮਹਾਰਾਜ ਸ਼ੇਰ ਸਿੰਘ ਤੇਰਾ ਵਡ ਪਰਤਾਪ । ਮਿਹਰਵੰਤ ਦੇਵੇ ਭਗਤਨ ਵਡਿਆਈ । ਜੋਤ ਨਿਰੰਜਣ ਵਿਚ ਮਾਤ ਦੇ ਆਈ । ਕਲਜੁਗ ਜੀਵ ਭੁੱਲ ਸਭ ਜਾਈ । ਗੁਰਮੁਖਾਂ ਪ੍ਰਭ ਸੋਝੀ ਪਾਈ । ਬੇਮੁਖਾਂ ਕਲ ਸਾਰ ਨਾ ਪਾਈ । ਗੁਰਸਿਖਾਂ ਪ੍ਰਭ ਚਰਨ ਆਸ ਤਕਾਈ । ਬੇਮੁਖਾਂ ਅੰਤ ਨਰਕ ਨਿਵਾਸ ਦਵਾਈ । ਗੁਰਸਿਖਾਂ ਸਚਖੰਡ ਪ੍ਰਭ ਲੈ ਜਾਈ । ਲੱਖ ਚੁਰਾਸੀ ਗੇੜ ਕਟਾਈ । ਜੋਤ ਸਰੂਪ ਵਿਚ ਜੋਤ ਮਿਲਾਈ । ਸਾਚੀ ਜੋਤ ਸਚ ਘਰ ਟਿਕਾਈ । ਜੀਵ ਜੋਤ ਵਿਸਮਾਦੇ ਵਿਸਮਾਦ ਸਮਾਈ । ਮਰੇ ਨਾ ਜੰਮੇ ਆਵੇ ਨਾ ਜਾਈ । ਮਹਾਰਾਜ ਸ਼ੇਰ ਸਿੰਘ ਅੰਤ ਲਏ ਜੋਤ ਵਿਚ ਜੋਤ ਮਿਲਾਈ । ਗੁਰਮੁਖਾਂ ਘਰ ਪ੍ਰਭ ਪਰਗਟਾਇਆ । ਵਿਛੜਿਆਂ ਪ੍ਰਭ ਮੇਲ ਕਰਾਇਆ । ਕਲਜੁਗ ਸਾਚਾ ਰਾਹ ਬਤਾਇਆ । ਸੋਹੰ ਸ਼ਬਦ ਸਚ ਚੱਪੂ ਲਾਇਆ । ਕਾਇਆ ਨਾਉਂ ਕਲ ਡਗਮਗਾਇਆ । ਗਿਆਨ ਥੰਮ੍ਹ ਪ੍ਰਭ ਵਿਚ ਲਗਾਇਆ । ਅੰਮ੍ਰਿਤ ਝਿਰਨਾ ਨਿਜ ਮਾਹਿ ਝਿਰਾਇਆ । ਪ੍ਰਭ ਅਬਿਨਾਸ਼ੀ ਘਰ ਮਾਹਿ ਪਾਇਆ । ਮਹਾਰਾਜ ਸ਼ੇਰ ਸਿੰਘ ਸੋਹੰ ਤੇਰਾ ਨਾਉਂ ਜਿਸ ਜਨ ਰਸਨ ਧਿਆਇਆ । ਸਤਿਜੁਗ ਸਤਿ ਹੋਏ ਵਰਤਾਰਾ । ਨਿਹਕਲੰਕ ਲੀਆ ਅਵਤਾਰਾ । ਸਰਬ ਬਾਕੀ ਕਲ ਹੋਏ ਖੁਆਰਾ । ਅਠ ਸਠ ਤੀਰਥ ਸਚ ਗੁਰਚਰਨ ਦਵਾਰਾ । ਨਾਮ ਦਰਸ ਅੰਮ੍ਰਿਤ ਬੂੰਦਾਰਾ । ਸੋਹੰ ਸ਼ਬਦ ਹੋਏ ਦੇਹ ਅਧਾਰਾ । ਅਥਰਬਣ ਵੇਦ ਕਲਜੁਗ ਗਿਆ ਕਰ ਆਪਣੀ ਵਾਰਾ । ਕੁਰਾਨ ਮੁਹੰਮਦ ਗਿਆ ਸੰਗ ਚਾਰ ਯਾਰਾ । ਈਸਾ ਮੂਸਾ ਕਲ ਕੀਆ ਪਾਰ ਕਿਨਾਰਾ । ਵੇਦ ਚਾਰ ਪ੍ਰਭ ਪਾਰ ਉਤਾਰਾ । ਚੌਥੇ ਜੁਗ ਬ੍ਰਹਮਾ ਛੱਡਿਆ ਸਚ ਦਵਾਰਾ । ਭਗਤ ਧ੍ਰੂ ਪ੍ਰਭ ਪਾਰ ਉਤਾਰਾ । ਸਵਰਨ ਸੋਹੇ ਸਚ ਦਰਬਾਰਾ । ਸਚਖੰਡ ਵਸੇ ਆਪ ਏਕੰਕਾਰਾ । ਸਤਿਜੁਗ ਚਲੇ ਸੋਹੰ ਸ਼ਬਦ ਅਪਾਰਾ । ਸਰਬ ਜੀਵ ਹੋਏ ਏਕ ਸ਼ਬਦ ਅਧਾਰਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾ ਕੋਈ ਰਹੇ ਵਿਚ ਸੰਸਾਰਾ । ਜੋਤ ਸਰੂਪ ਏਕ ਪ੍ਰਭ, ਏਕਾ ਦੇਵੇ ਜੋਤ ਅਧਾਰਾ । ਸਤਿਜੁਗ ਸਾਚਾ ਸਚ ਸਚ ਵਰਤੇ, ਜੀਵ ਕਰਨ ਧਰਮ ਵਪਾਰਾ । ਹਿਰਦੇ ਹਰਿ ਹਰਿ ਅੰਮ੍ਰਿਤ ਬਰਖੇ, ਗੁਰਮੁਖ ਹੋਵੇ ਜਨ ਭਗਤ ਪਿਆਰਾ । ਮਹਾਰਾਜ ਸ਼ੇਰ ਸਿੰਘ ਆਤਮ ਇਕ ਰੱਖੇ, ਜਿਤ ਦੇਵੇ ਦਰਸ ਅਪਾਰਾ । ਦਰਸ ਕਰ ਭਰਮ ਭਉ ਨਾਸਿਆ । ਆਤਮ ਜੋਤ ਹੋਏ ਪਰਕਾਸ਼ਿਆ । ਕਲਜੁਗ ਮਿਲਿਆ ਪ੍ਰਭ ਅਬਿਨਾਸ਼ਿਆ । ਗੁਰਸਿਖ ਹੋਏ ਨਾ ਗਰਭ ਵਾਸਿਆ । ਸੋਹੰ ਸੁਣ ਨਾਉਂ, ਬੇਮੁਖ ਦਰ ਤੇ ਨਾਸਿਆ । ਗੁਰਸਿਖਾਂ ਕਲ ਬਲ ਬਲ ਜਾਓ, ਜਿਨ੍ਹਾਂ ਹਿਰਦੇ ਕਰੇ ਪ੍ਰਭ ਵਾਸਿਆ । ਪ੍ਰਭ ਊਚਾ ਅਗੰਮ ਅਥਾਹ, ਸਾਧ ਸੰਗਤ ਵਿਚ ਦਾਸਨ ਦਾਸਿਆ । ਘਰ ਬੈਠਾ ਸਾਚਾ ਸ਼ਾਹੁ ਪਾਓ, ਕਲਜੁਗ ਮਹਾਰਾਜ ਸ਼ੇਰ ਸਿੰਘ ਜੋਤ ਕਰੇ ਪਰਕਾਸ਼ਿਆ । ਜੋਤ ਸਰੂਪ ਪਰਗਟੇ ਕਲਜੁਗ ਦਾਤਾ । ਦੇਵੇ ਗਿਆਨ ਪ੍ਰਭ ਬ੍ਰਹਮ ਗਿਆਤਾ । ਕਰਾਵੇ ਧਿਆਨ ਰਸਨਾ ਸੋਹੰ ਨਾਮ ਜਪਾਤਾ । ਦਵਾਵੇ ਮਾਣ ਜਿਸ ਪ੍ਰਭ ਹੱਥ ਟਿਕਾਤਾ । ਮਿਟਾਵੇ ਅਭਿਮਾਨੀ ਜਿਸ ਕਲਜੁਗ ਮਹਾਰਾਜ ਸ਼ੇਰ ਸਿੰਘ ਨਹੀਂ ਪਛਾਤਾ । ਮਾਨੀ ਅਭਿਮਾਨੀ ਕੋਈ ਨਹੀਂ ਰਹਿਣਾ । ਝੂਠੀ ਸ੍ਰਿਸ਼ਟ ਵਹਾਵੇ ਵਿਚ ਪ੍ਰਭ ਵਹਿੰਦੇ ਵਹਿਣਾ । ਪਰਗਟੇ ਪ੍ਰਭ ਕਰ ਦਰਸ ਜੀਵ ਨੈਣਾਂ । ਝੂਠੀ ਜਗਤ ਪ੍ਰੀਤ ਜੀਵ ਸਦਾ ਬੈਠ ਨਹੀਂ ਰਹਿਣਾ । ਗੁਰਚਰਨ ਕਰ ਪ੍ਰੀਤ, ਦੇਵੇ ਪ੍ਰਭ ਪੂਰਬ ਜਨਮ ਦਾ ਲਹਿਣਾ । ਪ੍ਰਭ ਸਾਚੇ ਕੀ ਸਾਚੀ ਰੀਤ, ਸਾਚੇ ਸਿੱਖ ਬੈਕੁੰਠ ਧਾਮ ਵਿਚ ਬਹਿਣਾ । ਬੇਮੁਖਾਂ ਪ੍ਰਭ ਵੇਖੇ ਨੀਤ, ਵਸ ਧਰਮ ਰਾਏ ਦੇ ਪੈਣਾ । ਅੰਤਕਾਲ ਜੀਵ ਕੋਈ ਨਾ ਮੀਤ, ਡੰਡ ਧਰਮਰਾਏ ਦਾ ਸਹਿਣਾ । ਆਤਮ ਲਿਆ ਨਾ ਪ੍ਰਭ ਚੀਤ, ਗੇੜ ਚੁਰਾਸੀ ਵਿਚ ਸਦ ਰਹਿਣਾ । ਕਰ ਦਰਸ ਰਸਨਾ

ਪ੍ਰਭ ਚੀਤ, ਮੰਨ ਕਲ ਸਾਚੇ ਪ੍ਰਭ ਕਾ ਕਹਿਣਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਉਧਰੇ ਜਿਨ ਲਾਗੇ ਚਰਨ ਸੰਗ ਪ੍ਰੀਤ । ਚਰਨ ਪ੍ਰੀਤ ਪ੍ਰਭ ਬਖ਼ਸ਼ ਦੇ ਕਿਰਪਾ ਕਰ । ਸਚ ਸਿੰਘਾਸਣ ਆ ਗਿਆ ਪ੍ਰਭ ਸਿੱਖਾਂ ਘਰ । ਪ੍ਰਭ ਸਚ ਜੋਤ ਪਰਗਟਾ ਗਿਆ ਲੈ ਅਵਤਾਰ ਨਰ । ਪ੍ਰਭ ਭਰਮ ਭੁਲੇਖੇ ਭੁਲਾ ਗਿਆ, ਕਲਜੁਗ ਜੀਵਾਂ ਮੂੰਹ ਕਾਲੇ ਕਰ । ਗੁਰਸਿਖਾਂ ਅਨਹਦ ਸ਼ਬਦ ਮਨ ਵਸਾ ਗਿਆ, ਸਾਚੀ ਜੋਤ ਵਿਚ ਦੇਹ ਧਰ । ਸੋਹੰ ਸ਼ਬਦ ਸਚ ਰਾਗ ਸੁਣਾ ਗਿਆ, ਹਿਰਦੇ ਵਾਸ ਪ੍ਰਭ ਕਰ । ਸਭ ਭਰਮ ਭੁਲੇਖਾ ਲਾਹ ਗਿਆ, ਨਿਰਮਲ ਜੋਤ ਪ੍ਰਕਾਸ਼ ਸਚ ਕਰ । ਮਹਾਰਾਜ ਸ਼ੇਰ ਸਿੰਘ ਰੰਕਾਂ ਸਿਰ ਹੱਥ ਟਿਕਾ ਗਿਆ, ਪਰਗਟ ਹੋ ਕੇ ਨਿਹਕਲੰਕ ਅਵਤਰ । ਨਿਮਾਣਿਆਂ ਦੇ ਮਾਣ ਪ੍ਰਭ, ਢਹਿ ਪਏ ਸਰਣਾਈ । ਮੂਰਖ ਮੁਗਧ ਸੁਜਾਨ ਕਰ, ਦਰ ਆਏ ਸ਼ਰਨ ਤਕਾਈ । ਸਚ ਸੋਹੰ ਸ਼ਬਦ ਦਾਨ ਕਰ, ਆਤਮ ਬੁਝੀ ਦੀਪਕ ਦੇਹ ਜਗਾਈ । ਪ੍ਰਭ ਹਿਰਦਕ ਜੋਤ ਗਿਆਨ ਕਰ, ਨਿਜਾਨੰਦ ਦੇ ਦਰਸਾਈ । ਮਹਾਰਾਜ ਸ਼ੇਰ ਸਿੰਘ ਕਿਰਪਾ ਵਿਸ਼ਨੂੰ ਭਗਵਾਨ ਕਰ, ਆਣ ਡਿੱਗੇ ਤੇਰੇ ਦਰ ਆਈ । ਦਰ ਆਇਆ ਹੋਵੇ ਪਰਵਾਨ । ਦੇਵੇ ਬਖ਼ਸ਼ ਵਿਸ਼ਨੂੰ ਭਗਵਾਨ । ਪਤਤ ਪਾਪੀ ਕਰ ਦਰਸ ਤਰ ਜਾਣ । ਪਰਗਟੇ ਪ੍ਰਭ ਭੈ ਭੰਜਨ ਮਿਹਰਵਾਨ । ਮੂਰਤ ਅਕਾਲ ਇਕ ਜੋਤ ਸਮਾਣ । ਭਗਤ ਜਨ ਵੇਖੇ ਕਰ ਆਤਮ ਧਿਆਨ । ਮਾਨਸ ਜਨਮ ਲੇਖੇ, ਜਿਨ ਮਿਲਿਆ ਪ੍ਰਭ ਆਣ । ਜਨਮ ਲਗਾਏ ਲੇਖੇ, ਲੈ ਜਾਏ ਵਿਚ ਬਬਾਣ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਗੁਰਸਿਖ ਅੰਤ ਜੋਤ ਮਿਲ ਜਾਣ । ਜੀਵ ਜੋਤ ਜਗਤ ਪ੍ਰਭ ਧਰਤਾ । ਜੋ ਕਿਛ ਕਰੇ ਪ੍ਰਭ ਸੋਈ ਹੋਵੇ, ਕਰੇ ਕਰਾਵੇ ਆਪ ਪ੍ਰਭ ਕਰਤਾ । ਪਾਵੇ ਸੋਏ ਜਿਸ ਆਪ ਦਵਾਏ, ਅਗਿਆਨ ਮਿਟਾਵੇ ਦੇਹ ਦੁੱਖ ਹਰਤਾ । ਮਹਾਰਾਜ ਸ਼ੇਰ ਸਿੰਘ ਦਰਸ ਜਨ ਪਾਵੇ, ਹੱਥ ਸਿਰ ਜਨ ਪ੍ਰਭ ਧਰਤਾ । ਸ਼ਬਦ ਸਤਿ ਸਰਬ ਜਗ ਬਾਂਧਿਆ । ਕਲਜੁਗ ਫਾਂਦ ਪਾਏ ਗਲ ਫਾਂਦਿਆ । ਨਜ਼ਰ ਨਾ ਆਵਣ ਬੇਮੁਖ ਜਾਦਿਆਂ । ਗੁਰਮੁਖ ਸੋਹਣ ਦਰ ਰਸਨ ਸੋਹੰ ਗਾਂਦਿਆਂ । ਕਲਜੁਗ ਬੇਮੁਖ ਬੰਨ੍ਹੋਣ ਜਿਉਂ ਬੰਧੇ ਬਾਂਧਿਆਂ । ਮਹਾਰਾਜ ਸ਼ੇਰ ਸਿੰਘ ਗੁਰਮੁਖ ਸਦ ਗਾਉਂਣ, ਦਰ ਸਾਚੇ ਭੌਂਣ, ਰਸਨਾ ਨਾਮ ਗਾਂਦਿਆਂ । ਨਾਮ ਜਪ ਨਿਰਮਲ ਤਨ ਮਨ ਦੇਹ । ਕਲਜੁਗ ਅੰਮ੍ਰਿਤ ਵਰਖੇ ਪ੍ਰਭ ਮੇਂਹ । ਸਤਿਜੁਗ ਸਾਚੇ ਸਚ ਰਖਾਏ ਨੇਂਹ । ਮਹਾਰਾਜ ਸ਼ੇਰ ਸਿੰਘ ਗੁਰਸਿਖਾ ਤੇਰਾ ਤੁੱਟੇ ਨਾਹੀਂ ਨੇਂਹ । ਤੋੜੀ ਤੁੱਟੇ ਨਾ ਗੁਰ ਸੰਗ ਬਣੀ । ਨਿਮਾਣਿਆਂ ਘਰ ਵਸਿਆ ਛੱਡ ਕਲਜੁਗ ਧਨੀ । ਸਚ ਰਾਹੋ ਸਚ ਸ਼ਾਹੋ ਪ੍ਰਭ ਦੱਸਿਆ, ਜੋਤ ਜਗਾਏ ਵਿਚ ਸਿੰਘ ਮਨੀ । ਸੋਹੰ ਸ਼ਬਦ ਮੇਘ ਅੰਮ੍ਰਿਤ ਵਸਿਆ, ਸਤਿਜੁਗ ਜੀਵ ਸੁਣੇ ਜਿਉਂ ਕੰਨੀਂ । ਮਹਾਰਾਜ ਸ਼ੇਰ ਸਿੰਘ ਜਿਨ੍ਹ ਦੇ ਹਿਰਦੇ ਵਸਿਆ, ਤਿਨ ਪ੍ਰੀਤ ਗੁਰਚਰਨ ਸੰਗ ਬਣੀ । ਗੁਰ ਸਾਗਰ ਗੁਰ ਗਹਿਰ ਗੰਭੀਰਾ । ਆਤਮ ਜੀਵ ਧਰੇ ਪ੍ਰਭ ਜੋਤ ਅਮੋਲਕ ਹੀਰਾ । ਪਰਗਟ ਜੋਤ ਆਤਮ ਤ੍ਰਿਪਤਾਵੇ, ਹੋਵੇ ਸ਼ਾਂਤ ਸਰੀਰਾ । ਮਹਾਰਾਜ ਸ਼ੇਰ ਸਿੰਘ ਤੇਰੇ ਦਰ ਆਏ, ਤੂੰ ਜਾਣੇ ਜਨ ਕੀ ਪੀੜਾ । ਕਲਜੁਗ ਪੀੜ ਹਉਮੇ ਅੱਗ । ਪਰਗਟੇ ਪ੍ਰਭ ਗੁਰਸਿਖ ਚਰਨੀਂ ਲਗ । ਜੀਵ ਕਲਜੁਗ ਜੀਵ ਅਗਨ ਜੋਤ ਜਾਏ ਦਗ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪਾ, ਸਭ ਸ੍ਰਿਸ਼ਟੀ ਦਾਹੜੀਂ ਜਾਏ ਚੱਬ । ਸ੍ਰਿਸ਼ਟ ਸਰਬ ਆਪ ਉਪਜਾਈ । ਮਾਇਆ ਰੂਪੀ ਪ੍ਰਭ ਖੇਲ ਰਚਾਈ । ਛਿਨ ਉਪਜਾਵੇ ਛਿਨ ਮਾਹਿ ਖਪਾਈ । ਛਿਨ ਭੰਗਰ ਪ੍ਰਭ ਨਾਉਂ ਰਖਾਈ । ਭਰਤੰਬਰ ਸਰਬ ਰਿਹਾ ਸਮਾਈ । ਕਲਜੁਗ ਅੰਦਰ ਪ੍ਰਭ ਜੋਤ ਪਰਗਟਾਈ । ਵਿਸ਼ਨੂੰ ਬੰਸੀ ਸੂਰੇ ਅੰਸੀ, ਗੁਰਮੁਖ ਸਾਚਾ ਪੰਥ ਚਲਾਈ । ਮਹਾਰਾਜ ਸ਼ੇਰ ਸਿੰਘ ਜੋ ਜਨ ਦਰਸੀ, ਦਰਗਾਹ ਮਿਲੇ ਵਡਿਆਈ । ਦਰਗਾਹ ਦੇਵੇ

ਮਾਣ, ਪੁਰਖ ਸੁਜਾਨ ਕਰ । ਸੋਹੰ ਦੇਵੇ ਦਾਨ, ਆਤਮ ਬ੍ਰਹਮ ਗਿਆਨ ਕਰਿ । ਮਿਲੇ ਭਗਤ ਭਗਵਾਨ, ਕਲਜੁਗ ਪਛਾਣ ਕਰ । ਮਹਾਰਾਜ ਸ਼ੇਰ ਸਿੰਘ ਜਾਣੀ ਜਾਣ, ਕਲਜੁਗ ਜਾਵੇ ਰਸਨਾ ਸ਼ਬਦ ਵਖਾਨ ਕਰ । ਆਪ ਆਪਣਾ ਸ਼ਬਦ ਵਖਾਣੇ । ਸਿੰਙੀ ਧੁਨ ਨਾਦ ਦੇਹ ਆਪ ਵੰਞਾਣੇ । ਕੋਟ ਕਪਟ ਵਿਕਾਰ ਸਭ ਦੇਹ ਮਿਟਾਣੇ । ਕਰ ਦਰਸ ਗੁਰਮੁਖ ਹੋਏ ਸੁਘੜ ਸਿਆਣੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਚਲੇ ਤੇਰੇ ਭਾਣੇ । ਭਾਣਾ ਵਰਤੇ ਜੋ ਵਰਤਾਵੇ । ਏਕਸ ਬਿਨ ਦੂਸਰ ਨਜ਼ਰ ਨਾ ਆਵੇ । ਅਨਦ ਬਿਨੋਦੀ ਸਭ ਖੇਲ ਰਚਾਵੇ । ਸ੍ਰਿਸ਼ਟੀ ਸੋਧੀ ਧਵਲ ਡੁਲਾਵੇ । ਨਿਹਕਲੰਕ ਵਡਾ ਜੋਧੀ, ਸੋਹੰ ਬਾਣ ਸ੍ਰਿਸ਼ਟ ਲਗਾਵੇ । ਮਹਾਰਾਜ ਸ਼ੇਰ ਸਿੰਘ ਗੁਰ ਸਾਚਾ ਸੋਧੀ, ਸਚ ਸ਼ਬਦ ਗੁਰਮੁਖ ਸੁਣਾਵੇ । ਗੁਰਮੁਖ ਨਾਉਂ ਰਸਨ ਉਚਾਰੇ । ਪਰਮ ਪੁਰਖ ਮਿਲੇ ਆਪ ਬਨਵਾਰੇ । ਦੇਵੇ ਵਸਤ ਨਿਜ ਘਰ ਥਾਰੇ । ਜਿਥੇ ਵਸੇ ਜੋਤ ਨਿਰੰਕਾਰੇ । ਅਗੰਮ ਅਗੋਚਰ ਅਲਖ ਅਪਾਰੇ । ਜੋਤ ਸਰੂਪ ਰਵੇ ਵਿਚ ਸੰਸਾਰੇ । ਗੁਰਸਿਖ ਸੋਹਣ ਗੁਰ ਦਰਬਾਰੇ । ਪਰਗਟ ਜੋਤ ਪ੍ਰਭ ਭਗਤਨ ਤਾਰੇ । ਸ੍ਰਿਸ਼ਟ ਸਭ ਰੋਤ, ਅੰਤਕਾਲ ਹੋਏ ਕਲ ਖੁਆਰੇ । ਮਹਾਰਾਜ ਸ਼ੇਰ ਸਿੰਘ ਪਰਗਟੇ ਜੋਤੀ ਜੋਤ, ਚਾਰ ਕੁੰਟ ਹੋਏ ਜੈ ਜੈਕਾਰੇ । ਜੈ ਜੈਕਾਰ ਹੋਏ ਚਾਰ ਵਰਨ । ਰਾਓ ਰੰਕ ਆਣ ਡਿੱਗੇ ਪ੍ਰਭ ਸ਼ਰਨ । ਬੇਮੁਖ ਦੁੱਖ ਡਾਹਢਾ ਕਲ ਭਰਨ । ਮਹਾਰਾਜ ਸ਼ੇਰ ਸਿੰਘ ਚਰਨ ਲਾਗ ਸਭ ਤਰਨ ।

❊ ੩੦ ਚੇਤ ੨੦੦੮ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹ ਪਿੰਡ ਬੰਡਾਲਾ ❊

੩੧੫
੦੧

ਜੋਗ ਪਰਗਟਾਏ ਪ੍ਰਭ ਪਰਗਟ ਜੋਗ । ਸਾਚਾ ਨਾਉਂ ਜੀਵ ਰਸਨਾ ਭੋਗ । ਕਾਇਆ ਬਿਖ ਕਾਟੇ ਰੋਗ । ਵਿਛੜੇ ਜਨ ਮਿਲਾਵੇ ਲਿਖਿਆ ਧੁਰ ਸੰਜੋਗ । ਮਹਾਰਾਜ ਸ਼ੇਰ ਸਿੰਘ ਕਲੰਕਨਿਹ ਦੂਜਾ ਕੋਈ ਨਾ ਹੋਗ । ਕਲਜੁਗ ਧਰੇ ਜੋਤ ਏਕ ਜਗਦੀਸ਼ੇ । ਗਵਾਏ ਮਾਣ ਮੂਸੇ ਈਸੇ । ਕੁਰਾਨੀ ਇਮਾਨੀ ਸਭ ਪੂਰਾ ਠੀਸੇ । ਸਾਚਾ ਸ਼ਬਦ ਸਚ ਸੋਹੰ ਥੀਸੇ । ਚਾਰ ਕੁੰਟ ਜੋ ਜਨ ਵੇਖੇ, ਮਹਾਰਾਜ ਸ਼ੇਰ ਸਿੰਘ ਸਾਚਾ ਸਤਿਗੁਰ ਦੀਸੇ । ਸਚ ਸ਼ਬਦ ਗੁਰ ਸਚ ਲਿਖਾਇਆ । ਤ੍ਰੈਲੋਕੀ ਨਾਥ ਵਿਚ ਮਾਤ ਦੇ ਆਇਆ । ਧਵਲ ਧਰਮ ਕਲਜੁਗ ਡੁਲਾਇਆ । ਅੰਤਕਾਲ ਕਰਨ ਕਲ ਹਰਿ ਜੂ ਆਇਆ । ਖੰਡ ਬ੍ਰਹਿਮੰਡ ਗਗਨ ਪਾਤਾਲ ਹਿਲਾਇਆ । ਸੋਹੰ ਸ਼ਬਦ ਸਤਿਜੁਗ ਸਾਚਾ ਨਾਉਂ ਵੰਡ, ਆਤਮ ਮੰਤ ਜਗਤ ਚਲਾਇਆ । ਸੋਹੰ ਮੰਤ ਜੀਵ ਜਪ ਜੰਤ, ਨਜ਼ਰ ਆਵੇ ਜਿਸ ਉਪਾਇਆ । ਪ੍ਰਭ ਸਾਚਾ ਕਰ ਸਾਚਾ ਕੰਤ, ਗਿਆਨ ਜੋਤ ਹਿਰਦਾ ਦੀਪਕ ਜੋਤ ਕਰਾਇਆ । ਮਹਾਰਾਜ ਸ਼ੇਰ ਸਿੰਘ ਸਰਬ ਦੁੱਖ ਨਾਠੇ, ਚਰਨ ਲਾਗ ਜਿਸ ਦਰਸ਼ਨ ਪਾਇਆ । ਸਤਿਜੁਗ ਜੀਵ ਹੋਏ ਸਤਿਵਾਦੀ । ਕੋਈ ਨਾ ਦੀਸੇ ਕਲਜੁਗ ਅਨਵਾਦੀ । ਬ੍ਰਹਮ ਸਰੂਪ ਅਨਹਦ ਵਾਦੀ । ਪਰਗਟਾਵੇ ਜੋਤ ਆਦਿ ਜੁਗਾਦੀ । ਜਾਮਾ ਧਾਰ ਕਲ ਸ੍ਰਿਸ਼ਟ ਸਭ ਸਾਧੀ । ਸੋਹੰ ਸ਼ਬਦ ਵਜਾਵੇ ਧੁਨ ਨਾਦੀ । ਮਹਾਰਾਜ ਸ਼ੇਰ ਸਿੰਘ ਜੀਵ ਸਤਿ ਰਸਨਾ ਗਾਂਦੀ । ਰਸਨਾ ਜਪ ਰਾਮ ਰਮਈਆ । ਦੁਆਪਰ ਪਰਗਟੇ ਜਿਉਂ ਕ੍ਰਿਸ਼ਨ ਘਨਈਆ । ਕਲਜੁਗ ਪਾਰ ਕਰੇ ਧਰਮ ਕੀ ਨਈਆ । ਮਹਾਰਾਜ ਸ਼ੇਰ ਸਿੰਘ ਜੀਵ ਸਚ ਤੇਰੀ ਪਿਤ ਮਈਆ । ਮਾਤ ਪਿਤ ਪ੍ਰਭ ਭਗਤਨ ਕੇਰਾ । ਭਰਮ ਚੁਕਾਏ ਵਿਚੋਂ ਤੇਰਾ ਮੇਰਾ । ਜੋਤ ਜਗਾਏ ਮਿਟ ਜਾਏ ਅਗਿਆਨ ਅੰਧੇਰਾ । ਨਜ਼ਰ ਨਾ ਆਵੇ ਗੁਰਮੁਖ ਸੰਞ ਸਵੇਰਾ । ਕਾਇਆ ਝੂਠੀ ਸਾਚਾ ਪ੍ਰਭ ਵਿਚ

ਕੀਆ ਵਸੇਰਾ । ਜਾਤਾ ਜੀਵ ਦੂਰ, ਆਤਮ ਵਸੇ ਪ੍ਰਭ ਨੇਰਾ । ਪਰਗਟਾਵੇ ਜੋਤ ਵਾਂਗ ਕੋਹਤੂਰ, ਨਾ ਲਾਵੇ ਦੇਰਾ । ਨੇੜ ਨਾ ਆਵੇ ਭਰਮ ਭਓ ਭੂਤ, ਜਿਸ ਜਪਿਆ ਨਾਉਂ ਤੇਰਾ । ਕਾਇਆ ਕਾਚੀ ਜਿਉਂ ਕਾਚਾ ਸੂਤ, ਚਰਨ ਲਾਗ ਪਰਗਟੇ ਪ੍ਰਭ ਨਿਰਵੈਰਾ । ਮਹਾਰਾਜ ਸ਼ੇਰ ਸਿੰਘ ਸਚ ਤੇਰਾ ਰੂਪ, ਜੋਤ ਸਰੂਪ ਮਾਤ ਪਾਇਆ ਫੇਰਾ । ਮਾਤਲੋਕ ਪ੍ਰਭ ਕੀਨੀ ਦਇਆ । ਨਿਹਕਲੰਕ ਅਵਤਾਰ ਕਲ ਲਇਆ । ਬੇਮੁਖ ਦਰ ਤੇ ਕੋਈ ਨਾ ਰਹਿਆ । ਸਾਧ ਸੰਗਤ ਪ੍ਰਭ ਸੋਹੰ ਨਾਉਂ ਕੀਨੀ ਦਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਜਗਤ ਵਿਚ ਪਾਈ ਮਇਆ । ਜੀਵ ਸਾਚੀ ਤੇਰੀ ਸਚ ਬਣਤ ਬਣਾਈ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਪੰਜ ਤੱਤ ਲਗਾਈ । ਮਤਿ ਮਨ ਬੁਧਿ ਵਿਚ ਦੇਹ ਟਿਕਾਈ । ਮਿਲ ਸਾਧ ਸੰਗਤ ਪ੍ਰਭ ਦੇ ਵਡਿਆਈ । ਕਲਜੁਗ ਕਿਉਂ ਭੁੱਲਾ ਜੀਵ, ਜਿਸ ਬਣਤ ਬਣਾਈ । ਕਿਉਂ ਰੁਲਿਆ ਲਾਲ ਅਨਮੁਲਾ, ਆਪਣੀ ਪਤਿ ਗਵਾਈ । ਕਲਜੁਗ ਸਾਚਾ ਦਰਬਾਰ ਦਰ ਖੁਲ੍ਹਾ, ਸੋਹੰ ਦਾਨ ਪ੍ਰਭ ਦਾਨ ਦਿਵਾਈ । ਗੁਰਮੁਖ ਜੇਵਡ ਕੋਈ ਨਾ ਤੁਲਾ, ਤੋਲ ਤੁਲਾਏ ਆਪ ਰਘੁਰਾਈ । ਗੁਰਮੁਖ ਸਾਚਾ ਘੋਲੀ ਘੁਲਾ, ਜਿਸ ਤਨ ਅੰਦਰ ਸਾਚੀ ਮਤਿ ਪਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ, ਸਤਿਜੁਗ ਸਾਚਾ ਦੇ ਲਗਾਈ । ਨਰ ਅਵਤਾਰ ਕਲਜੁਗ ਪ੍ਰਭ ਧਾਰਿਆ । ਖੰਡ ਬ੍ਰਹਿਮੰਡ ਪਾਰ ਉਤਾਰਿਆ । ਬ੍ਰਹਮਾ ਵਕ਼ਤ ਆਣ ਨਿਵਾਰਿਆ । ਸਾਚਾ ਸਿੱਖ ਸਚ ਜੋਤ ਮਨ ਧਾਰਿਆ । ਵੇਦ ਅਥਰਬਣ ਕਲ ਗਿਆ ਹਾਰਿਆ । ਅੱਲ੍ਹਾ ਅਲਾਹ ਕਲ ਨੂਰ ਹੋਏ ਖੁਆਰਿਆ । ਪਰਗਟਾਵੇ ਜੋਤ ਹੋਵੇ ਅੰਧ ਅੰਧਿਆਰਿਆ । ਨਿਹਕਲੰਕ ਕਲ ਪਾਰ ਉਤਾਰਿਆ । ਸਤਿਜੁਗ ਸਾਚਾ ਸਚ ਜਗਤ ਪਸਾਰਿਆ । ਸੋਹੰ ਸ਼ਬਦ ਸਤਿ ਪੁਰਖਾਂ ਦੇਵੇ ਨਾਮ ਭੰਡਾਰਿਆ । ਅਨਹਦ ਸ਼ਬਦ ਧੁਨ ਰਾਗ ਜੀਵ ਦੇਹ ਵਣਜਾਰਿਆ । ਕਿਉਂ ਬੈਠਾ ਮੁਨ ਆਤਮ ਸੁਨ ਅਨਹਦ ਸ਼ਬਦ ਵੱਜੇ ਧੁਨਕਾਰਿਆ । ਸਾਧ ਸੰਗਤ ਸਚ ਦੀਆ ਗੁਣ, ਮਹਾਰਾਜ ਸ਼ੇਰ ਸਿੰਘ ਸਦ ਰਸਨ ਉਚਾਰਿਆ । ਲਗਾਵੇ ਜੋਤ ਕਲਜੁਗ ਧੱਕਾ । ਮਿਟਾਵੇ ਖੋਜ ਸਦੀ ਚੌਧਵੀਂ ਮਦੀਨਾ ਮੱਕਾ । ਚਲਾਵੇ ਬਾਣ ਸੋਹੰ, ਰੋਵੇ ਸਰਬ ਕੱਕਾ । ਮਹਾਰਾਜ ਸ਼ੇਰ ਸਿੰਘ ਜਗਤ ਫਿਰਾਏ ਨਕੇਲ ਪਾਏ ਹੰਕਾਰੀ ਵਿਚ ਨੱਕਾ । ਭਏ ਪਰਕਾਸ਼ ਸਤਿਜੁਗ ਸਤਿ ਚਾਲੇ । ਬੇਮੁਖ ਕਲਜੁਗ ਨਰਕ ਅਗਨ ਪ੍ਰਭ ਡਾਲੇ । ਜੋਤ ਸਰੂਪ ਭਗਤ ਜਨ ਪਾਲੇ । ਸੋਹੰ ਸ਼ਬਦ ਸਚ ਧਨ ਮਾਲੇ । ਆਤਮ ਵਸਾਉ ਜੀਉ ਮਿਲੇ ਲਾਲ ਗੁਲਾਲੇ । ਅੰਤਕਾਲ ਹੋਏ ਸਾਸ ਸੁਖਾਲੇ । ਮਹਾਰਾਜ ਸ਼ੇਰ ਸਿੰਘ ਗੁਣ ਰਸਨਾ ਗਾ ਲੇ । ਕਲਜੁਗ ਗੁਣ ਪ੍ਰਭ ਕਾ ਗੁਣਵੰਤ । ਕਰੇ ਮੇਲ ਪ੍ਰਭ ਭਗਤ ਭਗਵੰਤ । ਬੇਪਰਵਾਹ ਕੋਈ ਜਾਣੇ ਨਾ ਅੰਤ । ਕਲਜੁਗ ਪਰਗਟੇ ਆਤਮ ਸੰਤ । ਸਾਚਾ ਦਿਸ਼ਟੀ ਕੋਏ ਪਾਵੇ ਅੰਤ । ਭੇਖਧਾਰੀ ਗਣਤ ਅਗਣਤ । ਸੋਹੰ ਸ਼ਬਦ ਜੀਵ ਮਨ ਸਾਚਾ ਮੰਤ । ਦੁਸ਼ਟ ਦੂਤ ਪੰਚ ਅੰਤ ਕਰੇ ਦੇਹ ਭਸਮੰਤ । ਅੰਤ ਮਿਲਾਵੇ ਜੋਤ ਜਿਉਂ ਗੁਰਮੁਖ ਸੰਤ । ਮਹਾਰਾਜ ਸ਼ੇਰ ਸਿੰਘ ਜੀਵ ਜੋਤ ਧਰੇ ਬੈਠਾ ਵਿਚ ਅਕੰਤ । ਰੂਪ ਰੰਗ ਨਾ ਜਾਣੇ ਕੋਏ । ਤੀਨ ਲੋਕ ਪ੍ਰਭ ਜੋਤ ਮਿਲਾਵੇ, ਕਰ ਗੁਰ ਗੋਬਿੰਦ ਪਰਗਟ ਦੋਏ । ਦੋਏ ਮੂਰਤੀ ਜੋਤ ਇਕ ਹੋਏ । ਸਾਧ ਸੰਗਤ ਗੁਰ ਚਰਨ ਪਰੋਏ । ਬੇਮੁਖ ਕਲਜੁਗ ਹਾਹਾਕਾਰ ਕਰ ਰੋਏ । ਵਕ਼ਤ ਵਿਹਾਇਆ ਸਭ ਰਹੇ ਸੋਏ । ਭਗਤ ਜਨਾਂ ਕਰੇ ਪ੍ਰਭ ਆਤਮ ਲੋਏ । ਦੀਸੇ ਸਾਚਾ ਪ੍ਰਭ ਅਵਰ ਨਾ ਕੋਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕਰ ਸਾਚੀ ਸੋਏ । ਸਾਚੀ ਜੋਤ ਪਰਗਟਾਏ ਜਗਦੀਸੇ । ਬ੍ਰਹਮਾ ਵਿਸ਼ਨੂੰ ਮਹੇਸ਼ ਰਖਾਵੇ ਵਿਚ ਈਸੇ । ਕਈ ਕੋਟ ਤਪੀਸੇ, ਨਜ਼ਰ ਨਾ ਆਵੇ ਕਿਸੇ ਰਖੀਸ਼ਰ । ਗੁਰਸਿਖ ਕਲਜੁਗ ਦਰਸ ਮਨ

ਲੋਚਦੇ, ਜੋਤ ਪਰਗਟਾਵੇ ਪ੍ਰਭ ਪਰਮੇਸ਼ਵਰ । ਸਚ ਤਖ਼ਤ ਊਚਾ ਦਰਬਾਰ । ਜੋਤ ਜਗੇ ਪ੍ਰਭ ਅਗੰਮ ਅਪਾਰ । ਸੋਹੰ ਸ਼ਬਦ ਰਾਗ ਰਸਾਰ । ਭਗਤ ਜਨ ਦੀਏ ਅਧਾਰ । ਨਿੰਦਕ ਦੁਸ਼ਟ ਦੁਰਾਚਾਰ, ਕਲ ਹੋਏ ਖੁਆਰ । ਸੋਹੰ ਨਾਮ ਦੇ ਘਰ ਜਾਏ ਤਾਰ । ਭਗਤ ਜਨ ਹਰਿ ਕਰਨ ਵਿਚਾਰ । ਮਹਾਰਾਜ ਸ਼ੇਰ ਸਿੰਘ ਲਏ ਅਵਤਾਰ । ਪਤਵੰਤ ਸਰਬ ਪ੍ਰਭ ਨਾਰੀ । ਜੋਤ ਸਰੂਪ ਘਰ ਛੱਡੇ ਨਾ ਸਿਕਦਾਰੀ । ਸਾਧ ਸੰਗਤ ਗੁਰਦਰ ਦਰਸ ਭਿਖਾਰੀ । ਜੋਤ ਪਰਗਟਾਵੇ ਪ੍ਰਭ ਨਿਰੰਕਾਰੀ । ਨਿਰੰਜਣ ਜੋਤ ਜਿਉਂ ਕ੍ਰਿਸ਼ਨ ਮੁਰਾਰੀ । ਭਗਤ ਜਨ ਮਿਲੇ ਬਨਵਾਰੀ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਚਾਰ ਕੁੰਟ ਕਰੇ ਜੋਤ ਅਸਵਾਰੀ । ਜੁਗੋ ਜੁਗ ਸ੍ਰਿਸ਼ਟ ਜੋਤ ਪ੍ਰਭ ਧਰ । ਮਛ ਕਛ ਰੂਪ ਕਰਿ ਜਾਏ ਵਿਚ ਸਰ । ਬਾਵਨ ਭੇਖ ਕਰਿ ਦਰ ਆਇਆ ਬਲ । ਤਾਰੇ ਪ੍ਰਹਿਲਾਦ ਆਪ ਸਿੰਘ ਨਰ । ਈਸ਼ਰ ਜੋਤ ਭਗਤ ਜਨਾਂ ਪਰਗਟਾਵੇ ਹਰਿ । ਮਿਹਰਵਾਨ ਤ੍ਰੇਤਾ ਰਾਮ ਭਗਵਾਨ ਦੁਆਪਰ ਕ੍ਰਿਸ਼ਨ ਕਾਹਨਾ ਰੱਖੇ ਲਾਜ ਜਾਏ ਦਲਿਦਰੀ ਤਰ । ਜੋਤ ਪਰਗਟਾਵੇ ਕਲਜੁਗ ਨਰ ਨਰਾਇਣ ਈਸ਼ਰ ਨਰ । ਮਾਤਲੋਕ ਹੋਏ ਵਿਚ ਨਰ ਨਿਹਕਲੰਕ ਜੋਤ ਜਗ ਕਰਿ । ਸ੍ਰਿਸ਼ਟ ਸਬਾਈ ਪ੍ਰਭ ਨਾ ਦੀਸੇ, ਜੋਤ ਜਗਾਵੇ ਵਿਚ ਘੁਮਿਆਰ ਘਰ । ਕਲਜੁਗ ਫੰਦਨ ਪ੍ਰਭ ਦੇ ਛੁਡਾਏ, ਸਾਚਾ ਪ੍ਰਭ ਦੇ ਕੇ ਚਲਿਆ ਵਰ । ਬੇਮੁਖ ਕਲਜੁਗ ਦੇਣ ਦੁਹਾਈ, ਅੰਤਕਾਲ ਜਮ ਦੀਸੇ ਡਰ । ਸਾਧ ਸੰਗਤ ਮਨ ਵੱਜੀ ਵਧਾਈ, ਕਲਜੁਗ ਮਿਲਿਆ ਇਕ ਪ੍ਰਭ ਹਰਿ । ਦੇਵੇ ਵਡਿਆਈ ਪ੍ਰਭ ਸਾਚਾ ਧਰਨੀ ਧਰ । ਜੀਵ ਕਿਸੇ ਕਿਛ ਨਾ ਹੱਥ, ਜੋ ਕਿਛ ਕਰਨੀ ਸੋ ਕਲਜੁਗ ਕਰ । ਹੰਕਾਰੀਆਂ ਨਿੰਦਕਾਂ ਪਾ ਕੇ ਨੱਥ, ਭਿਖਿਆ ਮੰਗਾਵੇ ਪ੍ਰਭ ਦਰ ਦਰ । ਏਥੇ ਜੋਤ ਜਗਤ ਭਗਤ ਪਰਗਾਸੇ, ਆਤਮ ਜੀਵ ਨਾ ਜਾਏ ਮਰ । ਜੋਤ ਪਰਗਟਾਵੇ ਪ੍ਰਭ ਘਰ ਅਬਿਨਾਸ਼ੇ, ਮਹਾਰਾਜ ਸ਼ੇਰ ਸਿੰਘ ਨਿਮਸਕਾਰ ਕਰ । ਜੋਤ ਪਰਗਟਾਏ ਆਪ ਪ੍ਰਭ ਦਾਤਾ । ਆਪਣੇ ਰੰਗ ਰਵੇ ਰੰਗ ਰਾਤਾ । ਗੁਰਮੁਖ ਵਿਰਲੇ ਪ੍ਰਭ ਸਚ ਪਛਾਤਾ । ਕਰ ਦਰਸ ਜੀਵ ਪੁਰਖ ਬਿਧਾਤਾ । ਮਹਾਰਾਜ ਸ਼ੇਰ ਸਿੰਘ ਜੀਵ ਜੋਤ ਜਗਾਤਾ । ਜੀਵ ਝੂਠਾ ਪ੍ਰਭ ਨਾ ਮਾਨੇ, ਝੂਠੀ ਕਾਇਆ ਝੂਠਾ ਇਹ ਤਨ । ਸੋਹੰ ਜਪ ਕਰ ਨਿਰਮਲ ਮਨ । ਅਨਹਦ ਸ਼ਬਦ ਰਾਗ ਸਿਮਰ ਕੰਨ । ਵੇਲਾ ਅੰਤ ਆ ਗਿਆ ਪ੍ਰਭ ਲੈ ਜਾਵੇ ਸੰਗਤ ਬੰਨ੍ਹ । ਗੁਰਚਰਨ ਲਾਗ ਵਕ਼ਤ ਸੁਹਾ ਗਿਆ, ਮੁਖੋ ਕਹੋ ਧੰਨ ਧੰਨ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾ ਗਿਆ, ਕਲਜੁਗ ਤਾਰੇ ਭਗਤ ਜਨ । ਭਗਤਨ ਦੇਵੇ ਜੋਤ ਭਰਵਾਸਾ । ਮਾਤ ਗਰਭ ਹੋਏ ਨਾ ਵਾਸਾ । ਗੁਰਚਰਨ ਪ੍ਰੀਤੀ ਗੁਰ ਰਹਿਰਾਸਾ । ਪਰਗਟ ਕੀਤੀ ਜੋਤ ਪਰਗਾਸਾ । ਮਹਾਰਾਜ ਸ਼ੇਰ ਸਿੰਘ ਆਤਮ ਦੇਹ ਕਰੇ ਵਿਚ ਵਾਸਾ । ਆਪਣੀ ਕਲ ਆਪ ਭੁਗਤਾਵੇ । ਸਚ ਜੋਤ ਵਿਚ ਮਾਤ ਉਤਾਰੇ । ਸੋਹੰ ਸ਼ਬਦ ਸਚ ਜਾਣ ਵਿਚਾਰੇ । ਸਰਬ ਸ੍ਰਿਸ਼ਟ ਸਭ ਹੋਏ ਖੁਆਰੇ । ਤਾਰੇ ਜਨ ਜੋ ਢਹਿ ਪਏ ਦਵਾਰੇ । ਮਹਾਰਾਜ ਸ਼ੇਰ ਸਿੰਘ ਰਸਨਾ ਗਾਵੇ ਜਨ, ਸੋਹੰ ਦੇਵੇ ਭਗਤ ਭੰਡਾਰੇ । ਭਗਤਨ ਦੇਵੇ ਨਾਮ ਭੰਡਾਰਾ । ਆਤਮ ਰਸ ਚਲੇ ਨਿਰਾਧਾਰਾ । ਪਵਣ ਜੋਤ ਵਿਚ ਦੇਹ ਹੁਲਾਰਾ । ਆਤਮ ਸੂਖਮ ਦੇਹ ਵਿਚ ਵਸੇ ਨਿਰੰਕਾਰਾ । ਨਿਰੰਜਣ ਜੋਤ ਰੰਗ ਅਗੰਮ ਅਪਾਰਾ । ਖੋਲ੍ਹ ਦਰ ਸੋਤ, ਦਰਸਾਵੇ ਦਸਮ ਦਵਾਰਾ । ਬੇਮੁਖ ਦਰ ਰੋਤ, ਅਗਿਆਨ ਅੰਧੇਰ ਦੇਹ ਚਲੇ ਨਿਵਾਰਾ । ਨਜ਼ਰ ਨਾ ਆਵੇ ਪ੍ਰਭ ਕੀ ਜੋਤ, ਮਦਿ ਮਾਸ ਜਿਸ ਰਸਨ ਆਹਾਰਾ । ਮਹਾਰਾਜ ਸ਼ੇਰ ਸਿੰਘ ਸਚ ਤੇਰੀ ਜੋਤ, ਭਗਤਾਂ ਦੇਵੇ ਜੋਤ ਚਮਤਕਾਰਾ । ਭਗਤ ਜਨ ਆਤਮ ਜੋਤ ਚਮਤਕਾਰੇ । ਹਉਮੈ ਵਿਚੋਂ ਮਾਰੇ, ਰਸਨਾ ਨਾਉਂ ਜਪੇ ਨਿਰੰਕਾਰੇ । ਪਾਰਬ੍ਰਹਮ ਪਰਮੇਸ਼ਵਰ ਅੰਤਰਜਾਮੀ ਕਲਜੁਗ ਪਧਾਰੇ । ਜੋਤ

ਸਰੂਪ ਪਾਈ ਮਾਇਆ ਸਗਲ ਸੰਸਾਰੇ । ਗੁਣ ਨਿਧਾਨ ਗੁਣਵੰਤ ਕਲ ਵਿਚਾਰੇ । ਸਚ ਜਗਤ ਹੋਵੇ ਪੁਰਖ ਸੁਜਾਨ, ਜਿਸ ਘਰ ਆ ਕਾਜ ਸਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਤੇਰੀ ਜੈਕਾਰੇ । ਈਸ਼ਰ ਜੋਤ ਜੋਤ ਪ੍ਰਿਥਮਾਏ । ਆਪਣਾ ਭੇਵ ਜਗਤ ਰਖਾਏ । ਅਰਜਨ ਰਥ ਜਿਉਂ ਪ੍ਰਭ ਚਲਾਏ, ਮਹਾਸਾਰਥੀ ਆਪ ਅਖਵਾਏ । ਤ੍ਰੇਤਾ ਰਾਮ ਅਵਤਾਰ, ਬਾਣ ਦਹਿਸਰ ਘਾਏ । ਕਲਜੁਗ ਲੈ ਅਵਤਾਰ ਨਾਉਂ ਰਖਾਏ, ਨਿਹਕਲੰਕ ਜਗਤ ਅਖਵਾਏ । ਨਿਹਕਲੰਕ, ਨਿਹਕਲੰਕ ਜੋਤ ਸਰੂਪ ਅਗਨ ਜਗਤ ਜਲਾਏ । ਨਜ਼ਰ ਨਾ ਆਵੇ ਪ੍ਰਭ ਰੰਗ ਨਾ ਰੂਪ, ਚਾਰ ਕੁੰਟ ਰਿਹਾ ਸਮਾਏ । ਸ਼ਬਦ ਸੁਰਤੀ ਜਗਾਵੇ ਜੋਤ, ਬਾਂਹੋਂ ਪਕੜ ਪ੍ਰਭ ਭੇੜ ਕਰਾਇਆ । ਮਾਤਾ ਛੱਡ ਜਾਏ ਪੂਤ, ਭੈਣ ਭਾਈ ਨਾ ਹੋਏ ਸਹਾਇਆ । ਵਰਤੇ ਕਲਜੁਗ ਅੰਤ ਅੰਧ ਕੂਪ, ਸ਼ਬਦ ਅੰਧੇਰ ਕਲਜੁਗ ਮਚਾਇਆ । ਅੰਤਕਾਲ ਉਠ ਗਏ ਢੇਰ, ਮਦਿ ਮਾਸ ਜਿਨ ਰਸਨਾ ਲਾਇਆ । ਜੋਤ ਸਰੂਪ ਹਿਲਾਏ ਪਰਬਤ ਸੁਮੇਰ, ਖੰਡ ਬ੍ਰਹਿਮੰਡ ਸਰਬ ਡੁਲਾਇਆ । ਜੋਤ ਸਰੂਪੀ ਪ੍ਰਭ ਲਾਇਆ ਗੇੜ, ਆਵੇ ਹੱਥ ਨਾ ਵਕ਼ਤ ਗਵਾਇਆ । ਪ੍ਰਭ ਦੂਰ ਜੇ ਵੇਖੋ ਤਾਂ ਸਦਾ ਹਜ਼ੂਰ, ਕਲਜੁਗ ਭਰਮ ਜਿਸ ਭਓ ਚੁਕਾਇਆ । ਸੋਹੰ ਸ਼ਬਦ ਕਰ ਸਾਚਾ ਸੂਰ, ਕਲਜੁਗ ਆਣ ਸਰਬ ਜਿਸ ਕੂਰ, ਮਹਾਰਾਜ ਸ਼ੇਰ ਸਿੰਘ ਚਰਨਾਂ ਜਿਸ ਸੀਸ ਝੁਕਾਇਆ । ਬੇਮੁਖ ਖਪਾਏ ਮਾਰ ਤ੍ਰਿਸੂਲ । ਗੁਰਮੁਖ ਸਾਚਾ ਸੋਹੰ ਝੂਲਾ ਝੂਲ । ਕਲਜੁਗ ਪਰਗਟੇ ਸਾਧ ਸੰਗਤ ਬਰਖਾਵੇ ਫੂਲ । ਜਗਤ ਭੁਲਾਏ ਭਰਮ ਭੁਲੇਖੇ, ਆਪ ਪ੍ਰਭ ਸਰਬ ਅਸਥੂਲ । ਗੁਰਸਿਖਾਂ ਜਨਮ ਲਗਾਇਆ ਲੇਖੇ, ਮਨਮੁਖ ਗਵਾ ਗਏ ਮੂਲ । ਪਰਗਟ ਜੋਤ ਕੱਢ ਜਾਏ ਭਰਮ ਭੁਲੇਖੇ, ਅਨੰਦ ਬਿਨੋਦੀ ਪ੍ਰਭ ਅਸਥੂਲ । ਮਹਾਰਾਜ ਸ਼ੇਰ ਸਿੰਘ ਸ੍ਰਿਸ਼ਟ ਸਭ ਸੋਧੀ, ਸੋਹੰ ਸ਼ਬਦ ਲਾ ਸਾਚਾ ਰੂਲ । ਸੋਹੰ ਸ਼ਬਦ ਸਤਿਜੁਗ ਲਾ । ਗੁਰਮੁਖ ਹਿਰਦੇ ਪ੍ਰਭ ਸਚ ਵਸਾ । ਸਚ ਸੁੱਚ ਵਿਚ ਸਾਚੀ ਤਨ ਪਾ । ਸਾਚੀ ਜੋਤ ਪ੍ਰਭ ਵਿਚ ਦੇਹ ਜਗਾ । ਸ਼ਬਦ ਸਰੂਪ ਪ੍ਰਭ ਦੇਵੇ ਦਵਾਰ ਦਸਮ ਖੁਲ੍ਹਾ । ਸੋਹੰ ਨਾਉਂ ਬੀਜ ਸੱਚੋ ਬੋਜ, ਅੰਮ੍ਰਿਤ ਨਾਉਂ ਗੁਰ ਤੇ ਪਾ । ਬੇਮੁਖ ਕਲਜੁਗ ਸਾਰੇ ਰੋਤ, ਨਜ਼ਰ ਨਾ ਆਵੇ ਪ੍ਰਭ ਸਾਚਾ ਬੇਪਰਵਾਹ । ਸਿਰ ਤੇ ਜੀਵ ਖੜ੍ਹੀ ਹੈ ਮੌਤ, ਦਮ ਦਾ ਨਹੀਂ ਵਸਾਹ । ਸਾਚਾ ਮਨ ਪ੍ਰਭ ਸਾਚੇ ਸੌਂਪ, ਦਰਗਾਹ ਵਿਛੜ ਨਾ ਜਾ । ਬੇਮੁਖ ਕਲਜੁਗ ਜਾਏ ਔਂਤ, ਸਤਿਜੁਗ ਸਾਚੇ ਕੋਈ ਲਵੇ ਨਾ ਨਾਂ । ਕਲਜੁਗ ਪਰਗਟੇ ਪ੍ਰਭ ਸਾਚਾ ਖੌਂਤ, ਰਸਨਾ ਜਪ ਜੀਵ ਅਮਰ ਪਦ ਪਾ । ਮਹਾਰਾਜ ਸ਼ੇਰ ਸਿੰਘ ਪਤਤ ਉਧਾਰੀ, ਭੁੱਲੇ ਜੀਵ ਸਰਨ ਲੱਗ ਜਾ । ਬੇਮੁਖਾਂ ਕਲ ਅੰਤ ਜਮਦੂਤ ਦੰਡਨ । ਗੁਰਸਿਖਾਂ ਤਾਰੇ ਪ੍ਰਗਟ ਆਪ ਤ੍ਰਿਲੋਕੀ ਨੰਦਨ । ਦੇਵੇ ਵਡਿਆਈ ਜੋ ਜਨ ਦਰਸ ਦਾਨ ਮੰਗਣ । ਹੋਵੇ ਸਹਾਈ ਸੋਹੰ ਸ਼ਬਦ ਮਨ ਚਾੜ੍ਹੇ ਰੰਗਣ । ਲੱਥ ਨਾ ਜਾਏ ਰੰਗ ਮਜੀਠ ਚੜ੍ਹਾਇਆ ਪ੍ਰਭ ਦੇਹ ਨਾਮ ਰੰਗਣ । ਮਦਿ ਮਾਸੀ ਰਸਨ ਆਹਾਰੀ, ਸੋਹੰ ਸ਼ਬਦ ਨਾ ਗੁਰ ਦਰ ਮੰਗਣ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰੇ, ਕਲਜੁਗ ਸਾਗਰ ਜਪ ਸੋਹੰ ਲੰਘਣ । ਕਲਜੁਗ ਸਾਗਰ ਗਹਿਰ ਗੰਭੀਰ । ਸ੍ਰਿਸ਼ਟ ਵਹਾਈ ਵਿਚ ਪ੍ਰਭ ਨੀਰ । ਆਤਮ ਗਿਆਨ ਨਾ ਦੇਵੇ ਕੋਈ ਧੀਰ । ਗੁਰਮੁਖਾਂ ਦੇਵੇ ਨਾਉਂ ਪ੍ਰਭ ਗੁਣੀ ਗਹੀਰ । ਭਗਤ ਜਨਾਂ ਪ੍ਰਭ ਰਾਖੇ ਪਤਿ, ਵਾਂਗ ਦਰੋਪਦ ਨਾ ਲੱਥਣ ਚੀਰ । ਘਰ ਦਲਿਦਰੀ ਭੋਗ ਲਗਾਇਆ, ਛੱਡ ਦੁਰਯੋਧਨ ਖੀਰ । ਦਿਹੁਰਾ ਨਾਉਂ ਪ੍ਰਭ ਛੱਪਰ ਛਾਇਆ, ਪਰਗਟ ਜੋਤ ਪ੍ਰਭ ਭਇਆ ਛੀਰ । ਘਰ ਘੁਮਿਆਰ ਪ੍ਰਭ ਜੋਤ ਪਰਗਟਾਵੇ, ਵਡ ਦਾਤਾ ਪ੍ਰਭ ਪੀਰਾਂ ਪੀਰ । ਪੀਰ ਪੈਗ਼ੰਬਰ ਔਲੀਆ ਕੋਈ ਜਗ ਨਾ ਦੀਸੇ । ਸ੍ਰਿਸ਼ਟ ਸਬਾਈ ਗੁਰ ਚਰਨ ਝੁਕਾਵੇ ਸੀਸੇ । ਜੋਤ ਪਰਗਟਾਈ ਕਲਜੁਗ ਅੰਦਰ ਆਪ

ਪ੍ਰਭ ਜਗਦੀਸੇ । ਮਹਾਰਾਜ ਸ਼ੇਰ ਸਿੰਘ ਭਗਤ ਜਨ ਦੇਵੇ ਵਡਿਆਈ, ਸ੍ਰਿਸ਼ਟ ਸਬਾਈ ਕੂੜੀ ਠੀਸੇ । ਕੂੜਾ ਜਗ ਕੂੜਾ ਆਹਾਰ । ਬੁੱਧ ਭਰਿਸ਼ਟ ਤਨ ਚਲੇ ਵਿਕਾਰ । ਕਾਇਆ ਝੂਠੀ ਹੋਵੇ ਜਗਤ ਖੁਆਰ । ਕਲਜੁਗ ਜੀਵ ਨਾ ਕੋਈ ਰੱਖਣਹਾਰ । ਸਾਚਾ ਨਾਉਂ ਪ੍ਰਭ ਰਸਨ ਉਚਾਰ । ਅੰਤਕਾਲ ਕਲ ਉਧਰੇ ਪਾਰ । ਨਿਹਕਲੰਕ ਪਰਗਟੇ ਕਰਤਾਰ । ਮਹਾਰਾਜ ਸ਼ੇਰ ਸਿੰਘ ਕਰ ਜਗਤ ਕਰਮ ਵਿਚਾਰ । ਗੁਰਸਿਖ ਹੋਏ ਜਗਤ ਭਿਖਾਰੀ । ਦੇਵੇ ਦਰਸ ਪ੍ਰਭ ਧੁਰ ਦਰਬਾਰੀ । ਆਇਆ ਮਾਤ ਕਰ ਪ੍ਰਭ ਜੋਤ ਸਵਾਰੀ । ਜੋਤ ਨਿਰੰਜਣ ਵਿਚ ਦੇਹ ਸਿੱਖ ਉਤਾਰੀ । ਕਲਜੁਗ ਖੇਲ ਕੀਆ ਪ੍ਰਭ ਅਚਰਜ ਭਾਰੀ । ਛਲ ਵਲ ਵਲ ਛਲ ਕਲਜੁਗ ਖੇਲ ਕਰੇ ਗਿਰਧਾਰੀ । ਪਰਗਟ ਸਾਚੀ ਜੋਤ ਕਰ, ਨਿਮਾਣਿਆਂ ਪ੍ਰਭ ਪੈਜ ਸਵਾਰੀ । ਉਤਮ ਕਲਜੁਗ ਹੋਇਆ ਦਰ, ਰੱਖੇ ਚਰਨ ਪ੍ਰਭ ਆਪ ਮੁਰਾਰੀ । ਮਹਾਰਾਜ ਸ਼ੇਰ ਸਿੰਘ ਨਾਉਂ ਤੇਰਾ ਜਗ, ਜਗ ਕਲ ਪਾਰ ਉਤਾਰਨਹਾਰੀ । ਰੱਖੀ ਲਾਜ ਜਗ ਦਾਤਾ ਜੀਵਨ । ਗੁਰਮੁਖ ਨਾਮ ਅੰਮ੍ਰਿਤ ਰਸ ਪੀਵਣ । ਸੁਫਲ ਕਾਮ ਜਗਤ ਉਤਮ ਥੀਵਨ । ਮਹਾਰਾਜ ਸ਼ੇਰ ਸਿੰਘ ਸਾਚਾ ਨਾਉ, ਗੁਰਸਿਖ ਮਨ ਪੀਵਨ । ਚਰਨ ਪਿਆਰ ਕਰ ਪਰਮ ਪੁਰਖ ਪਾਇਆ । ਗੁਰ ਸੇਵਾ ਗੁਰ ਦਰਬਾਰ ਕਰ, ਕਲਜੁਗ ਨਾਉਂ ਆਤਮ ਦੇਹ ਵਸਾਇਆ । ਜੋਤ ਸਰੂਪ ਘਰ ਆਏ ਨਰ, ਸ਼ਬਦ ਗਿਆਨ ਦਾਨ ਝੋਲੀ ਪਾਇਆ । ਸਤਿਜੁਗ ਹੋਵੇ ਸਾਚਾ ਸਰ, ਅੰਮ੍ਰਿਤ ਮੇਘ ਜਿਥੇ ਬਰਸਾਇਆ । ਸੋਈ ਜਨ ਲੱਗੇ ਕਲ ਦਰ, ਜਿਸ ਜਨ ਆਪਣਾ ਭੇਵ ਵਖਾਇਆ । ਬੇਮੁਖ ਕਲ ਜਾਏ ਮਰ, ਉਚ ਪਦਵੀ ਗੁਰਸਿਖ ਗੁਰਦਰ ਪਾਇਆ । ਕਲਜੁਗ ਸਾਚਾ ਸਾਹਿਬ ਵਰ, ਮਾਤ ਪਾਤਾਲ ਆਕਾਸ਼ ਜਿਤ ਜੋਤ ਸਵਾਇਆ । ਕਲਜੁਗ ਪਰਗਟੇ ਮਹਾਰਾਜ ਸ਼ੇਰ ਸਿੰਘ ਨਰ, ਨਿਹਕਲੰਕ ਨਾਉਂ ਰਖਾਇਆ । ਸੇਵਾ ਸੰਗਤ ਸਰਬ ਸੁਖ । ਦਰਸ ਸਾਧ ਸੰਗਤ ਜੀਵ ਮਿਟਾਵੇ ਦੁੱਖ । ਉਜਾਗਰ ਕਰਮ ਨਿਰਮਲ ਹੋਏ ਮੁਖ । ਕਰ ਦਰਸ ਮਹਾਰਾਜ ਸ਼ੇਰ ਸਿੰਘ ਜਨ ਲਾਹਵੇ ਭੁੱਖ । ਮਾਤ ਪਿਤਾ ਕਰ ਪੂਤ ਘਰ ਆਇਆ । ਜਨਮ ਲੀਆ ਪ੍ਰਭ ਦਰਸ਼ਨ ਪਾਇਆ । ਕਰ ਬੇਨੰਤੀ ਸਚ ਨਾਉਂ ਰਖਾਇਆ । ਸਾਧ ਸੰਗਤ ਵਿਚ ਸਿੰਘ ਪਰਤਾਪ ਅਲਾਇਆ । ਮਹਾਰਾਜ ਸ਼ੇਰ ਸਿੰਘ ਸਿੰਘ ਗੱਜਣ ਜਨਮ ਫੇਰ ਦਿਵਾਇਆ । ਬੇਨੰਤੀ ਕਰੇ ਭਾਈ ਦਰ ਆ ਕੇ । ਰੱਖੋ ਲਾਜ ਆਪ ਜਗ ਮਾਪੇ । ਚੇਤ ਸਿੰਘ ਨਾਉਂ ਨਾ ਜਗਤ ਤਰਾਪੇ । ਮਨ ਮੂਰਖ ਪਤਿ ਗਵਾਈ ਆਪੇ । ਜਨਮ ਗਵਾਇਆ ਨਾ ਹੋਏ ਸਿਆਪੇ । ਸੁਣ ਪੁਕਾਰ ਸੁੱਤ ਬਖ਼ਸ਼ਣ ਮਾਪੇ । ਸਿੰਘ ਸ਼ਿੰਗਾਰ ਵੀਰ ਕਰਾਇਆ ਪਾਰ, ਕਲ ਜੋਤ ਰਖਾਈ ਆ ਕੇ । ਮੂਰਖ ਭੁੱਲ ਗਿਆ ਗਵਾਰ, ਮਾਨਸ ਜਨਮ ਕਲ ਚਲਿਆ ਫੇਰ ਦਵਾ ਕੇ । ਦੋਏ ਜੋੜ ਕਰੇ ਅਰਦਾਸ । ਚੇਤ ਸਿੰਘ ਬਿੰਦ ਕਰ ਬੰਦ ਖੁਲਾਸ । ਲਾਜ ਪਤਿ ਸਿੱਖ ਰਾਖੇ, ਨਰਕ ਨਾ ਦੇ ਵਾਸ । ਆਪ ਅਭੁੱਲ ਜੀਵ ਭੁਲਣਹਾਰਾ, ਬਖ਼ਸ਼ ਜਨ ਖੜ੍ਹੇ ਤੇਰੇ ਪਾਸ । ਮਹਾਰਾਜ ਸ਼ੇਰ ਸਿੰਘ ਲਿਖਿਆ ਲੇਖ ਮਿਟਾਇਆ, ਚਰਨ ਲਾਗ ਜੀਵ ਹੋਏ ਰਹਿਰਾਸ । ਆਤਮ ਰਾਸ ਸਚ ਨਾ ਵਪਾਰ । ਮਦਿ ਮਾਸ ਕਲ ਰਸਨ ਅਧਾਰ । ਡੁਲ ਡੁਲ ਭੁਲ ਭੁਲ ਜੀਵ ਜਾਏ ਨਰਕ ਮਝਾਰ । ਡੁਲ ਡੁਲ ਭੁਲ ਭੁਲ ਫੱਲ ਲੱਗੇ ਨਾ ਜੁਗ ਚਾਰ । ਤੁਲ ਤੁਲ ਜੀਵ ਸਾਚੇ ਤੁਲ, ਕਲਜੁਗ ਆਇਆ ਜੀਵ ਤੁਲਾਵਣਹਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਮੇਲ ਮਿਲਾਵਣਹਾਰ । ਪੁਨੀ ਆਸ ਗੁਰਸਿਖ, ਗੁਰ ਸਤਿਗੁਰ ਘਰ ਆਇਆ । ਪੁਨੀ ਆਸ ਗੁਰਸਿਖ, ਪ੍ਰਭ ਸਾਚੇ ਭੇਤ ਖੁਲ੍ਹਾਇਆ । ਪੁਨੀ ਆਸ ਗੁਰਸਿਖ, ਭਗਤ ਪਤਵੰਤ ਪ੍ਰਭ ਆਪ ਕਰਾਇਆ । ਪੁਨੀ ਆਸ ਗੁਰਸਿਖ, ਲੱਗ ਚਰਨ ਉਦਰਕ ਅੰਮ੍ਰਿਤ ਮੁਖ ਚੁਆਇਆ । ਪੁਨੀ

ਆਸ ਗੁਰਸਿਖ, ਜਗਦੀਸਰ ਹਰਿਜੂ ਨਰਾਇਣ ਘਰ ਆਇਆ । ਪੁਨੀ ਆਸ ਗੁਰਸਿਖ, ਮਹਾਰਾਜ ਸ਼ੇਰ ਸਿੰਘ ਘਾਲ ਪਾਈ ਥਾਇਆ ।

❊ ਪਹਿਲੀ ਵਿਸਾਖ ੨੦੦੮ ਬਿਕ੍ਰਮੀ ਪ੍ਰੇਮ ਸਿੰਘ ਨੰਬਰਦਾਰ ਦੇ ਗ੍ਰਿਹ ਪਿੰਡ ਬੁੱਘੇ ❊

ਸਾਚਾ ਨਾਮ ਪ੍ਰਭ ਏਕ ਓਅੰ । ਕਰੇ ਪਰਕਾਸ਼ ਵਿਚ ਪ੍ਰਭ ਜੋਤ ਲੋਅੰ । ਬਨਵਾਲੀ ਜੀਵ ਵਿਚ ਪ੍ਰਭ ਦਾਨ ਦੋਅੰ । ਸਾਚਾ ਆਪ ਪ੍ਰਭ ਔਰ ਨਾ ਕੋਅੰ । ਸਚ ਸਰ ਸਚ ਨਾਉਂ, ਵੱਖਰ ਜੀਵ ਸਚ ਸਤਿਜੁਗ ਹੋਅੰ । ਤ੍ਰੇਤਾ ਪਰਗਟ ਰਾਮ ਅਵਤਾਰ, ਜੀਵ ਜੰਤ ਨਾਮ ਰਾਮ ਰਸਨ ਪਰੋਅੰ । ਦੁਆਪਰ ਕ੍ਰਿਸ਼ਨ ਮੁਰਾਰ ਕੰਤ ਮਨੋਹਰ ਲਖਮੀ ਨਰਾਇਣ ਹੋਅੰ । ਕਲਜੁਗ ਲੈ ਅਵਤਾਰ, ਨਿਹਕਲੰਕ ਪ੍ਰਭ ਨਾਉਂ ਰਖੋਅੰ । ਮਹਾਰਾਜ ਸ਼ੇਰ ਸਿੰਘ ਦੇਵੇ ਦੁਤਰ ਤਾਰ, ਸਾਚਾ ਸ਼ਬਦ ਚਲਾਇਆ ਸੋਹੰ । ਸੋਹੰ ਜਪ ਜੀਵ ਰਸਨਾ ਰਸ । ਆਤਮ ਜਾਏ ਸਾਚਾ ਪ੍ਰਭ ਵਸ । ਵਿਕਾਰ ਪੰਚ ਵਿਚੋਂ ਜਾਣ ਨੱਸ । ਕਰੇ ਪਰਕਾਸ਼ ਜੋਤ ਜਿਉਂ ਰਵ ਸਸ । ਅਗਿਆਨ ਅੰਧੇਰ ਹੋ ਜਾਏ ਵਸ । ਮਹਾਰਾਜ ਸ਼ੇਰ ਸਿੰਘ ਜੁਗੋ ਜੁਗ ਹੋਏ ਭਗਤਨ ਵਸ । ਭਗਤਨ ਵਸ ਆਪ ਪ੍ਰਭ ਹੋਏ । ਲੱਜਿਆ ਰੱਖਣ ਪਰਗਟ ਜਗ ਹੋਏ । ਆਪਣਾ ਭੇਵ ਨਾ ਬੇਮੁਖ ਬਲੋਏ । ਬੇਮੁਖ ਕਲਜੁਗ ਜੀਵ ਸਭ ਰੋਏ । ਗੁਰਮੁਖ ਵਿਰਲਾ ਜਿਸ ਦਰਸ਼ ਪ੍ਰਭ ਸਾਚਾ ਹੋਏ । ਹੋਏ ਪਰਕਾਸ਼ ਤਨ ਦੇਹ ਅੰਦਰ, ਆਤਮਕ ਜੋਤ ਪ੍ਰਭ ਆਪ ਜਗਾਏ । ਸਾਚਾ ਦੀਪ ਜਗੇ ਤਨ ਮੰਦਰ, ਪਰਗਟੇ ਜੋਤ ਨਿਰੰਜਣ ਸੋਏ । ਸੁਨ ਸਮਾਧ ਖੁਲ੍ਹੇ ਮਨ ਜੰਦਰ, ਸੋਹੰ ਸ਼ਬਦ ਮਨ ਵਸਾਵੇ ਕੋਏ । ਸਾਚਾ ਸਾਹਿਬ ਵਸੇ ਜੀਵ ਅੰਦਰ, ਅਲੋਕਕ ਆਤਮ ਵੇਖ ਨੈਣ ਬਲੋਏ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ ਨਿਹਕਲੰਕ ਨਾਉਂ ਰਖਾਏ । ਨਰ ਨਰਾਇਣ ਨਿਹਕਲੰਕ, ਕਲਜੁਗ ਜੀਵ ਨਾ ਪਾਇਣ ਸਾਰ, ਭੁੱਲੀ ਸ੍ਰਿਸ਼ਟ ਸਭ । ਭਗਤ ਜਨ ਸੋਹਣ ਦਰਬਾਰ, ਸਾਚਾ ਪ੍ਰਭ ਕਲ ਲਿਆ ਲੱਭ । ਆਦਿ ਅੰਤ ਪ੍ਰਭ ਏਕੰਕਾਰ, ਅੰਮ੍ਰਿਤ ਬੂੰਦ ਖੁਲ੍ਹਾਏ ਵਿਚ ਨਭ । ਚਾਰ ਕੁੰਟ ਹੋਏ ਜੈ ਜੈਕਾਰ, ਮਹਾਰਾਜ ਸ਼ੇਰ ਸਿੰਘ ਸ੍ਰਿਸ਼ਟ ਸਬਾਈ ਵਿਚ ਦਾੜ੍ਹਾਂ ਚੱਬ । ਈਸ਼ਰ ਜੋਤ ਜਗਤ ਨਿਰਾਲੀ । ਸਤਿਜੁਗ ਸਤਿ ਮਿਹਰਵਾਨ ਸਤਿ ਜੋਤ ਸੰਭਾਲੀ । ਪਰਗਟ ਰਾਮ ਅਵਤਾਰ, ਤ੍ਰੇਤਾ ਬਣਿਆ ਰਾਮ ਬਨਵਾਲੀ । ਦੁਆਪਰ ਕ੍ਰਿਸ਼ਨ ਮੁਰਾਰ, ਸਾਂਵਲ ਸੁੰਦਰ ਪ੍ਰਭ ਰੂਪ ਵਟਾ ਲੀ । ਹਰਿ ਜੂ ਅਸੁਰ ਸੰਘਾਰ, ਭਗਤ ਜਨਾਂ ਪੈਜ ਰਖਾ ਲੀ । ਬਿਦਰ ਸੁਦਾਮਾ ਦਰੋਪਤ ਦੇਵੇ ਤਾਰ, ਨਿਮਾਣਿਆਂ ਹੋ ਜਾਏ ਰਖਵਾਲੀ । ਬਨ ਮਾਲਾ ਪ੍ਰਭ ਭਿਬੂਖਨ ਕਵਲ ਨੈਨ ਸੁੰਦਰ ਮੁਕਟ ਸਿਰ ਟਿਕਾ ਲੀ । ਰਾਮ ਰੂਪ ਜਿਸ ਰੰਗ ਨਾ ਰੇਖਿਆ, ਸਾਚੀ ਜੋਤ ਅੰਸ਼ ਆਕਾਰ ਵਿਚ ਦੇਹ ਟਿਕਾ ਲੀ । ਹੰਕਾਰ ਨਿਵਾਰ ਭਗਤਨ ਤਾਰ, ਅਰਜਨ ਰਥ ਪ੍ਰਭ ਆਪ ਚਲਾ ਲੀ । ਹਉਮੈ ਮਾਰ ਕਲ ਆਤਮ ਸੁਧਾਰ, ਬੈਰਾਟ ਰੂਪ ਪ੍ਰਭ ਸ੍ਰਿਸ਼ਟ ਖਪਾ ਲੀ । ਗਿਆਨ ਅੰਧਿਆਰ ਵਿਚੋਂ ਦਿਤਾ ਮਾਰ, ਕ੍ਰਿਸ਼ਨ ਮੁਰਾਰ ਗਿਆਨ ਗੋਝ ਰਸਨਾ ਗੀਤਾ ਗਾ ਲੀ । ਦੁਆਪਰ ਕੀਆ ਪਾਰ ਦੂਤ ਦੁਸ਼ਟ ਸਰਬ ਸੰਘਾਰ, ਭਗਤ ਜਨਾਂ ਹਰਿ ਪੈਜ ਰਖਾ ਲੀ । ਕਲਜੁਗ ਭਇਆ ਅੰਧੇਰ ਵਿਕਾਰ, ਧਰਮ ਸਤਿ ਗਏ ਦੋਵੇਂ ਹਾਰ । ਪੂਰਬ ਕਰੀ ਪ੍ਰਭ ਵਿਚਾਰ । ਜੋਤ ਸਰੂਪ ਰਵ ਰਿਹਾ ਵਿਚ ਸੰਸਾਰ । ਨਜ਼ਰ ਨਾ ਆਵੇ ਪ੍ਰਭ ਦੇਹ ਰੱਖੇ ਸਾਚੀ ਤਾਰ । ਜੀਵ ਭੁੱਲ ਜਾਵੇ ਪ੍ਰਭ ਬੈਠਾ ਜੋਤ ਵਿਚ ਦੇਹ ਧਾਰ । ਕਰ ਵਿਕਾਰ ਕਲਜੁਗ ਰੁਲ ਜਾਵੇ, ਸੋਹੰ ਸ਼ਬਦ ਨਾ ਕੀਆ ਵਪਾਰ । ਕਰ ਦਰਸ ਨੇਤਰ ਤੀਜਾ ਖੁਲ੍ਹ ਜਾਵੇ, ਪ੍ਰਭ ਖੋਲ੍ਹੇ ਦਸਮ

ਦਵਾਰ । ਅੰਮ੍ਰਿਤ ਰਸ ਝਿਰਨਾ ਝਿਰ ਜਾਵੇ, ਪਵੇ ਬੂੰਦ ਵਿਚ ਨਾਭ ਜਲ ਦੀ ਧਾਰ । ਆਤਮ ਰਸ ਤਨ ਅੰਦਰ ਉਪਜੇ, ਖੁਲ੍ਹੇ ਸਮਾਧ ਸੁਨ ਨਜ਼ਰੀ ਆਵੇ ਆਪ ਕਰਤਾਰ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ, ਕਲਜੁਗ ਖਪਾਵਣਹਾਰ । ਕਲਜੁਗ ਹੋਇਆ ਅੰਧਿਆਰ ਅੰਧ । ਧਰਮ ਸਚ ਛੁਪੇ ਜਿਉਂ ਮੱਸਿਆ ਚੰਦ । ਜੀਵ ਵਿਕਾਰੀ ਆਤਮ ਕੋਠੀ ਕਰ ਬੈਠਾ ਬੰਦ । ਮਾਇਆਧਾਰੀ ਰਸਨਾ ਚੀਨ ਨਾ ਪਾਏ ਪ੍ਰਭ ਕਾ ਸਚਾ ਅਨੰਦ । ਮਹਾਰਾਜ ਸ਼ੇਰ ਸਿੰਘ ਕਲ ਪੈਜ ਸਵਾਰੀ, ਰੱਖੇ ਲਾਜ ਜਿਉਂ ਦੁਆਪਰ ਮਨੋਹਰ ਮੁਕੰਦ । ਕਲਜੁਗ ਆਇਆ ਕਲਜੁਗ ਅਵਤਾਰੀ । ਨਿਹਕਲੰਕ ਸਰਬ ਸ੍ਰਿਸ਼ਟ ਪ੍ਰਭ ਜੋਤ ਪਧਾਰੀ । ਬੇਮੁਖਾਂ ਮਤਿ ਬੁਧਿ ਗਈ ਕਲਜੁਗ ਮਾਰੀ । ਨਿਰੰਜਣ ਜੋਤ ਖੋਲ੍ਹੇ ਸਰੋਤ, ਜੀਵ ਕਿਉਂ ਮਨੋ ਵਿਸਾਰੀ । ਮਿਲੇ ਸੋ ਜੇਹਾ ਬੀਜ ਬੋਤ, ਸੋਹੰ ਨਾਉਂ ਸਚ ਅੰਮ੍ਰਿਤ ਵਿਚਾਰੀ । ਮਹਾਰਾਜ ਸ਼ੇਰ ਸਿੰਘ ਕਰੇ ਨੀਚੋ ਊਚ, ਦੇ ਦਰਸ ਪ੍ਰਭ ਪੈਜ ਸਵਾਰੀ । ਭਗਤ ਵਛਲ ਪ੍ਰਭ ਆਪ ਅਟੱਲ । ਕਲਜੁਗ ਪਰਗਟੇ ਸਤਿਜੁਗ ਦੇਵੇ ਦਰਸ ਜਿਉਂ ਰਾਜਾ ਬਲ । ਆਇਆ ਜੋਤ ਪਰਗਟਾਇਕੇ, ਨਾ ਰੰਗ ਰੂਪ ਜਿਉਂ ਘੜੀ ਪਲ । ਨਿਹਕਲੰਕ ਨਾਉਂ ਰਖਾਇਕੇ, ਪ੍ਰਭ ਆਇਆ ਕਲਜੁਗ ਚਲ । ਸਚ ਸੋਹੰ ਸ਼ਬਦ ਚਲਾਇਕੇ, ਦੁਸ਼ਟ ਦੂਤ ਸਭ ਦੇਵੇ ਦਲ । ਮਦਿ ਮਾਸੀ ਸਰਬ ਖਪਾਇਕੇ, ਭਗਤਨ ਘਰ ਆਵੇ ਆਪ ਪ੍ਰਭ ਚਲ । ਕਲਜੁਗ ਕਹਿਰ ਵਰਤਾਇਕੇ, ਇਕ ਕਰ ਜਾਏ ਜਲ ਥਲ । ਵਿਚੋਂ ਮਮਤਾ ਮਾਣ ਚੁਕਾਇਕੇ, ਭਗਤਨ ਜੋਤ ਆਤਮ ਜਾਏ ਬਲ । ਸੋਹੰ ਸਾਚਾ ਸ਼ਬਦ ਚਲਾਇਕੇ, ਪੂਜ ਮਿਟਾਵੇ ਸਾਰੀ ਕਲ । ਇਕ ਆਪਣਾ ਨਾਮ ਰਖਾਇਕੇ, ਸਾਚਾ ਨਾਮ ਸਤਿਜੁਗ ਬੈਠਾ ਮੱਲ । ਮਹਾਰਾਜ ਸ਼ੇਰ ਸਿੰਘ ਜਨ ਭਗਤ ਪਰਗਟਾਇਕੇ, ਦੇਵੇ ਦਰਸ ਪ੍ਰਭ ਅਖ਼ੱਲ । ਪ੍ਰਭ ਵੇਖੋ ਇਕ ਜੋਤ ਸਰੂਰ । ਨੈਣੀਂ ਪੇਖੋ ਨਾ ਦੀਸੇ ਦੂਰ । ਆਤਮ ਜੋਤ ਵਿਚ ਪ੍ਰਭ ਕਾ ਨੂਰ । ਭਗਤ ਜਨਾਂ ਹਰਿ ਆਸਾ ਪੂਰ । ਕਰ ਦਰਸ ਜੀਵ ਉਤਰੇ ਮਨ ਸਗਲ ਵਸੂਰ । ਕਲਜੁਗ ਸਾਧ ਸੰਗਤ ਹੋ ਚਰਨ ਧੂਰ । ਬੇਮੁਖ ਪਕੜ ਪਛਾੜ ਕੇ ਪ੍ਰਭ ਕੀਤੇ ਚੂਰੋ ਚੂਰ । ਰਣ ਘਾਵੇ ਵੱਡੇ ਸੂਰ । ਪ੍ਰਭ ਜੋਤ ਵਿਚ ਮਾਤ ਟਿਕਾਇਕੇ, ਬੇਮੁਖਾਂ ਦੀਸੇ ਦੂਰ । ਨਿਹਕਲੰਕ ਆਇਆ ਨਾਉਂ ਰਖਾਇਕੇ, ਸਾਧ ਸੰਗਤ ਪ੍ਰਭ ਬੈਠਾ ਹਜ਼ੂਰ । ਸਿੰਘਆਸਣ ਪ੍ਰਭ ਬੈਠਾ ਡੇਰਾ ਲਾਇਕੇ, ਘਾਲ ਭਗਤਨ ਹੋਈ ਮਨਜ਼ੂਰ । ਗੁਰਸਿਖਾਂ ਹਿਰਦਕ ਜੋਤ ਜਗਾਇਕੇ, ਆਤਮ ਗਿਆਨ ਕਰੇ ਭਰਪੂਰ । ਅੰਧ ਅੰਧਿਆਰ ਵਿਚ ਦੇਹ ਮਿਟਾਇਕੇ, ਜੋਤ ਸਰੂਪੀ ਸਚ ਦੇਵੇ ਨੂਰ । ਸ਼ਬਦ ਰਾਗ ਧੁਨ ਅਨਹਦ ਵਜਾਇਕੇ, ਜਗਾਵੇ ਜੋਤ ਜਿਉਂ ਕੋਹਤੂਰ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਕਲਜੁਗ ਦਰਸ ਦਿਖਾਇਕੇ, ਭਗਤਨ ਕਰ ਜਾਵੇ ਸੰਸਾ ਦੂਰ । ਆਤਮ ਸੰਸਾ ਰਹਿਣ ਨਾ ਦੇਵੇ । ਪਰਗਟੇ ਜੋਤ ਅਲਖ ਅਭੇਵੇ । ਮਿਲੇ ਬਨਵਾਲ ਜੋ ਜਨ ਚਰਨ ਗੁਰ ਸੇਵੇ । ਸਾਚਾ ਧਨ ਮਾਲ ਸੋਹੰ ਸ਼ਬਦ ਗੁਰ ਦੇਵੇ । ਆਤਮ ਵਸੇ ਪ੍ਰਭ ਆਪ ਗੋਪਾਲ, ਨਾਮ ਨਿਧਾਨ ਕਲਜੁਗ ਸਾਚੇ ਮੇਵੇ । ਮਹਾਰਾਜ ਸ਼ੇਰ ਸਿੰਘ ਕਲਜੁਗ ਭਗਤ ਭਗਵਾਨ ਸੋਹੰ ਸ਼ਬਦ ਜੋ ਰਸਨਾ ਲੇਵੇ । ਸੋਹੰ ਸ਼ਬਦ ਹੋਏ ਕਲਜੁਗ ਦਾਤਾ । ਭਗਤ ਭਗਵੰਤ ਦੋਏ ਕਰਾਵੇ ਨਾਤਾ । ਕਰ ਕਿਰਪਾ ਆਪ ਪ੍ਰਭ, ਭਗਤ ਜਨਾਂ ਕਲਜੁਗ ਪਛਾਤਾ । ਘਾਲ ਪਾਈ ਗੁਰਸਿਖਨ ਥਾਂਏ ਸਭ, ਕੁੱਖ ਮਾਤ ਕੱਢ ਸੁਫਲ ਕਰਾਤਾ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਸਚਾ ਸਤਿਗੁਰ ਜਿਨ ਪਛਾਤਾ । ਸੋ ਜਨ ਪਛਾਣੇ ਪ੍ਰਭ ਜਿਸ ਮਿਹਰਵਾਨ । ਕੋਈ ਪੁਰਖ ਪਛਾਣੇ, ਜਿਨ ਸੋਹੰ ਸ਼ਬਦ ਦੇ ਚਲਿਆ ਦਾਨ । ਬੇਮੁਖ ਭੁੱਜਣ ਜਿਉਂ ਭਠਿਆਲੇ ਦਾਣੇ, ਕਿਉਂ ਕਲ ਭੁਲਿਆ ਅੰਞਾਣੇ, ਈਸ਼ਰ ਜੋਤ ਧਰੀ ਜਗ ਆਣ । ਮਾਨਸ ਜਨਮ ਲੱਗ ਜਾਏ ਟਿਕਾਣੇ, ਸੋਹੰ ਸ਼ਬਦ

ਸੁਣੀ ਧੁਨ ਕਾਨ । ਕਰ ਦਰਸ ਆਤਮ ਸੁੱਖ ਮਾਣੇ, ਪ੍ਰਭ ਵਾਲੀ ਹੋਏ ਦੋ ਜਹਾਨ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨਾਈ, ਅੰਤਕਾਲ ਜਨ ਭਗਤ ਤਕਾਣ । ਭਗਤਨ ਹੋਏ ਪ੍ਰਭ ਆਪ ਸਹਾਈ । ਜਾਮਾ ਧਾਰ ਨਿਹਕਲੰਕ ਦੇਵੇ ਵਡਿਆਈ । ਸੋਹੰ ਸ਼ਬਦ ਵਜਾਵੇ ਡੰਕ, ਸੋਈ ਸ੍ਰਿਸ਼ਟ ਉਠ ਖਲੋਈ । ਕਲਜੁਗ ਸੋਹਣ ਦਵਾਰੇ ਬੰਕ, ਜਿਥੇ ਪ੍ਰਭ ਸਾਚੇ ਜੋਤ ਪਰਗਟਾਈ । ਇਕ ਕਰ ਜਾਵੇ ਰਾਓ ਰੰਕ, ਕਲ ਰਹਿਣ ਨਾ ਦੇਵੇ ਕਿਸੇ ਵਡਿਆਈ । ਦੇਵੇ ਦਰਸ ਬਾਰ ਅਨਕ, ਜਿਸ ਪ੍ਰੀਤ ਗੁਰਚਰਨ ਲਗਾਈ । ਪਰਗਟੀ ਜੋਤ ਵਿਚ ਪੁਰੀ ਘਨਕ, ਪ੍ਰਭ ਜੋਤ ਵਿਚ ਮਾਤ ਦੇ ਆਈ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾ ਕੇ, ਖੰਡ ਬ੍ਰਹਿਮੰਡ ਸਰਬ ਦੇਵੇ ਉਲਟਾਈ । ਖੰਡ ਬ੍ਰਹਿਮੰਡ ਪ੍ਰਭ ਕਾ ਵਾਸ । ਸਰਬ ਥਾਏਂ ਈਸ਼ਰ ਜੋਤ ਨਿਵਾਸ । ਜਨ ਸਿਮਰਤ ਪ੍ਰਭ ਆਤਮ ਰਾਸ । ਭੁੱਲ ਨਾ ਜਾਏ ਕਰ ਸਵਾਸਨ ਸਵਾਸ । ਕਲ ਰੁਲ ਨਾ ਜਾਏ ਇਹ ਤਨ ਝੂਠਾ ਮਾਸ । ਮਾਇਆ ਵੇਖ ਭੁੱਲ ਨਾ ਜਾਏ, ਸਾਚਾ ਲਾਲ ਕਰ ਬੈਠਾ ਦੇਹ ਨਿਵਾਸ । ਮਹਾਰਾਜ ਸ਼ੇਰ ਸਿੰਘ ਗੁਰਮੁਖ ਕਲ ਉਜਲ ਜਿਉਂ ਚੰਦਨ ਪਰਭਾਸ । ਗੁਰਸਿਖ ਪ੍ਰੀਤੀ ਗੁਰਸਿਖ ਨੂਰੀ ਚੰਦ । ਨਿਜਾਨੰਦ ਦਰਸਾਵੇ ਪ੍ਰਭ ਪਰਮਾਨੰਦ । ਪਰਮਗਤ ਪਾਵੇ ਮਿਲ ਜਾਵੇ ਬ੍ਰਹਿਮੰਦ । ਵਿਛੜ ਕਦੇ ਨਾ ਜਾਵੇ, ਜਿਸ ਮਿਲਿਆ ਪ੍ਰਭ ਬਖ਼ਸ਼ੰਦ । ਬੇਮੁਖਾਂ ਨਜ਼ਰ ਨਾ ਆਵੇ, ਅਗਿਆਨ ਅੰਧੇਰ ਰੱਖੇ ਵਿਚ ਕੰਧ । ਭਗਤ ਜਨਾਂ ਪ੍ਰਭ ਵਿਚ ਸਮਾਵੇ, ਕਰੇ ਪਰਕਾਸ਼ ਮੁਨ ਜਿਉਂ ਚੌਧਵੀਂ ਚੰਦ । ਹਰਿਜੂ ਭਗਤਨ ਦਰ ਆਵੇ, ਤੋੜ ਜਾਏ ਕਲ ਬੰਧਨ ਬੰਦ । ਸੋਹੰ ਸ਼ਬਦ ਸਚ ਰਾਗ ਸੁਣਾਵੇ, ਜੀਵ ਨਿਕਲ ਜਾਏ ਵਿਚੋਂ ਮਾਇਆ ਫੰਦ । ਸਵੱਛ ਸਰੂਪ ਪ੍ਰਭ ਦਰਸ ਦਿਖਾਵੇ, ਦੇਵੇ ਮਾਰ ਵਿਕਾਰ ਪੰਜ ਦੇਹ ਦਾ ਗੰਦ । ਸਾਚਾ ਸ਼ਬਦ ਸਚ ਘਰ ਆਵੇ, ਸਾਧ ਸੰਗਤ ਮਨ ਕਲਜੁਗ ਮੰਦ । ਮਹਾਰਾਜ ਸ਼ੇਰ ਸਿੰਘ ਭਗਤ ਜਨ ਤ੍ਰਿਪਤਾਵੇ, ਕਰ ਦਰਸ ਸਰਬ ਹੋਏ ਅਨੰਦ । ਭਇਆ ਅਨੰਦ ਵੱਜੀ ਵਧਾਈ । ਸਾਧ ਸੰਗਤ ਮਿਲ ਸਾਚੀ ਮਤਿ ਪਾਈ । ਆਤਮਕ ਦੀਪ ਬੁਝੀ ਫੇਰ ਜਗਾਈ । ਧੰਨ ਧੰਨ ਧੰਨ ਗੁਰਸਿਖ, ਗੁਰਚਰਨ ਪ੍ਰੀਤ ਜਿਸ ਲਗਾਈ । ਬਾਲਕ ਮਾਤ ਹੋਏ ਜਿਉਂ ਕੁੱਖ, ਆਤਮ ਜੋਤ ਦੇਵੇ ਰੁਸ਼ਨਾਈ । ਕਲਜੁਗ ਵਿਰਲੇ ਮਨੁੱਖ, ਸੋਹੰ ਸ਼ਬਦ ਜਿਨ ਰਸਨਾ ਗਾਈ । ਬੇਮੁਖ ਜਾਏ ਜਿਉਂ ਸਿੰਬਲ ਰੁੱਖ, ਦਰਗਾਹ ਫਲ ਮਿਲੇ ਨਾ ਰਾਈ । ਪ੍ਰਭ ਦਰਸ ਜਗ ਉਤਮ ਸੁੱਖ, ਮਿਲ ਸਾਧ ਸੰਗਤ ਰਸਨਾ ਹਰਿ ਜਸ ਗਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਸਤਿਜੁਗ ਸਾਚਾ ਜਾਏ ਲਗਾਈ । ਸਤਿਜੁਗ ਸਾਚਾ ਸਚ ਨਾਉਂ ਤਰੇ । ਸਰਬ ਜੀਵ ਵਸੇ ਪ੍ਰਭ ਆਪ ਹਰੇ । ਸੋਹੰ ਸ਼ਬਦ ਜਪ ਰਸਨਾ ਕਲਜੁਗ ਜੀਵ ਅੰਤ ਹੋਏ ਖਰੇ । ਕਰ ਕਿਰਪਾ ਆਪ ਪ੍ਰਭ, ਗੁਰਸਿਖਾਂ ਸਾਚੀ ਜੋਤ ਸਤਿਜੁਗ ਦੇਹ ਧਰੇ । ਮਹਾਰਾਜ ਸ਼ੇਰ ਸਿੰਘ ਗੁਰਮੁਖ ਊਜਲ, ਜੋ ਜਨ ਆਏ ਸਰਨ ਤੇਰੀ ਪਰੇ । ਸਰਨ ਪਰੇ ਸਮਰਥ ਸਵਾਮੀ । ਨਿਹਕਲੰਕ ਪਰਗਟੇ ਪ੍ਰਭ ਨਿਹਕਾਮੀ । ਕੋਈ ਜੀਵ ਨਾ ਜਾਣੇ, ਭਗਵਾਨ ਕ੍ਰਿਸ਼ਨ ਰਾਮ ਨਾਮੀ । ਜਨ ਭਗਤ ਪਛਾਣੇ, ਮਹਾਰਾਜ ਸ਼ੇਰ ਸਿੰਘ ਜਗਤ ਸਵਾਮੀ । ਕਲਜੁਗ ਪਰਗਟੇ ਪ੍ਰਭ ਪਤਵੰਤ । ਜੋਤ ਟਿਕਾਏ ਵਿਚ ਭਗਤ ਭਗਵੰਤ । ਧਰ ਜੋਤ ਵਿਚ ਰਹੇ ਇਕੰਤ । ਜਿਤ ਦੀਖਿਆ ਜਗ ਉਤਮ ਸੰਤ । ਕਰ ਪ੍ਰੀਖਿਆ ਜਪ ਸੋਹੰ ਮੰਤ । ਨਜ਼ਰੀ ਆਵੇ ਵਿਚ ਬੈਠਾ ਬੇਅੰਤ । ਸਰਬ ਸ੍ਰਿਸ਼ਟ ਕਾ ਆਪ ਕੰਤ । ਭੁੱਲ ਨਾ ਜੀਵ ਜਿਸ ਬਣਾਈ ਬਣਤ । ਜਗਤ ਚਲਣਹਾਰ ਹੈ, ਕੋਈ ਰਹੇ ਨਾ ਅੰਤ । ਕਲਜੁਗ ਗੁਣ ਵਿਚਾਰ, ਜੋਤ ਪਰਗਟਾਈ ਪ੍ਰਭ ਗੁਣਵੰਤ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਦੇਵੇ ਤਾਰ ਜੋ ਜਨ ਚਰਨੀਂ ਲਗੰਤ । ਕਲਜੁਗ ਪਰਗਟੇ ਪ੍ਰਭ ਸਾਚਾ ਸਾਖੀ । ਸੋਹੰ ਸ਼ਬਦ

ਸੁਣ ਗੁਰਸਿਖਾਂ ਆਤਮ ਸਚ ਭਾਖੀ । ਦਰਸ ਦਿਖਾਏ ਆਪ ਪ੍ਰਭ, ਏਥੇ ਓਥੇ ਜਿਸ ਪਤ ਰਾਖੀ । ਸਾਧ ਸੰਗਤ ਮਨ ਵੱਜੀ ਵਧਾਈ, ਦਰਸ ਕਰਿਆ ਵੇਲੇ ਅੰਮ੍ਰਿਤ ਪ੍ਰਭ ਦਿਨ ਵਿਸਾਖੀ । ਵਿਸਾਖ ਵਸਿਆ ਵਿਚ ਸਿੱਖ ਦੇਹ ਘਰ । ਖੋਲ੍ਹ ਦਿਖਾਵੇ ਗਿਆਨ ਜੋਤ ਪ੍ਰਭ ਸਾਚਾ ਦਰ । ਆਪ ਦਰਸਾਵੇ ਸਾਚਾ ਰੂਪ ਪ੍ਰਭ ਨਰ । ਸੋਹੰ ਸ਼ਬਦ ਜਪਾਵੇ ਰਸਨਾ ਹਰਿ ਹਰਿ । ਸਾਧ ਸੰਗਤ ਕਲ ਜਗਤ ਉਪਜਾਵੇ, ਬੇਮੁਖ ਗਏ ਡਾਹਢਾ ਦੁੱਖ ਭਰ । ਸੋਹੰ ਅੰਮ੍ਰਿਤ ਪ੍ਰਭ ਮੁਖ ਲਗਾਵੇ, ਗੁਰਸਿਖ ਪੂਰਾ ਜਗਤ ਨਾ ਜਾਏ ਮਰ । ਪਰਗਟ ਹੋ ਪ੍ਰਭ ਦਰਸ ਦਿਖਾਵੇ, ਚਰਨ ਲਾਗ ਜੀਵ ਜਾਏ ਤਰ । ਜੋਤ ਸਰੂਪ ਨਿਹਕਲੰਕ ਨਾਉਂ ਰਖਾਵੇ, ਕਲਜੁਗ ਆਇਆ ਪ੍ਰਭ ਭੇਖ ਕਰ । ਕਰੇ ਨਿਵਾਸ ਵਿਚ ਸਾਧ ਸੰਗਤ, ਮਹਾਰਾਜ ਸ਼ੇਰ ਸਿੰਘ ਅਵਤਾਰ ਵਿਸ਼ਨੂੰ ਨਰ । ਅੰਮ੍ਰਿਤ ਵੇਲਾ ਕਰ ਅਮਰ ਵਿਚਾਰ । ਜੋਤ ਜਗਾਵੇ ਪ੍ਰਭ ਗਿਰਧਾਰ । ਵਿਸਾਖ ਸੁਹੰਦਾ ਅੰਮ੍ਰਿਤ ਬਰਸੇ ਧਾਰ । ਗਰੜ ਜਾਏ ਈਸ਼ਰ ਦਰਬਾਰ । ਜੋਤ ਸਰੂਪੀ ਭਗਵਾਨ ਉਪਰ ਹੋਏ ਅਸਵਾਰ । ਮਾਨ ਸਰੋਵਰ ਅੰਮ੍ਰਿਤ ਪ੍ਰਭ ਚਰਨ ਕਵਲਾਰ । ਭਰ ਚੁੰਜ ਲੈ ਆਇਆ ਮਾਤਲੋਕੀ ਵਿਚ ਸੰਸਾਰ । ਦੇਵਤ ਪੁਰੀ ਜਾਂ ਲੰਘਿਆ, ਇੰਦਰ ਯੁੱਧ ਕਰੇ ਅਪਾਰ । ਅੰਮ੍ਰਿਤ ਧਾਰ ਅੰਮ੍ਰਿਤ ਵਰਖਿਆ ਵਿਚ ਸੰਸਾਰ । ਬੂੰਦ ਡਿੱਗੀ ਅਪਰ ਅਪਾਰ । ਇਕ ਗੰਗਾ ਗੋਦਾਵਰੀ ਵਗੇ ਜਲ ਲਹਿੰਦੀ ਧਾਰ । ਅੰਮ੍ਰਿਤ ਪ੍ਰਭ ਵਰਤਾਇਆ, ਵਿਚ ਝੂਠੇ ਸੰਸਾਰ । ਦਿਨ ਵਿਸਾਖ ਸੁਹਾਇਆ, ਜਿਤ ਅੰਮ੍ਰਿਤ ਵਰਖੇ ਕਿਰਪਾ ਧਾਰ । ਗੋਬਿੰਦ ਗੁਰ ਕਲਜੁਗ ਆਇਆ, ਸਚ ਅੰਮ੍ਰਿਤ ਜਿਸ ਆਪ ਬਣਾਇਆ । ਗੁਰਸਿਖਾਂ ਗੁਰਮੁਖਾਂ ਮੁਖ ਚੁਆਇਆ । ਸਚ ਸੁੱਚ ਸਚ ਹੁਕਮ ਸੁਣਾਇਆ । ਅੰਮ੍ਰਿਤ ਰੂਪ ਪ੍ਰਭ ਅਮਰ ਹੋ ਵਿਚ ਸਮਾਇਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਥਿਤ ਵਾਰ ਦਿਨ ਲਿਖਾਇਆ । ਕਲਜੁਗ ਐਸੀ ਪਾਈ ਮਾਇਆ । ਰੀਤ ਕੁਰੀਤ ਵਿਚ ਜਗਤ ਪਸਾਇਆ । ਮਦਿ ਮਾਸ ਆਹਾਰ ਬਣਾਇਆ । ਪੀ ਅੰਮ੍ਰਿਤ ਗੁਰ ਗੋਬਿੰਦ, ਨਾਉਂ ਕਲੰਕ ਲਗਾਇਆ । ਈਸ਼ਰ ਕਰਮ ਵਿਚਾਰ ਕੇ, ਬੇਮੁਖਾਂ ਆਣ ਸਰਬ ਮਾਣ ਗਵਾਇਆ । ਸਾਚਾ ਜਾਮਾ ਧਾਰ ਕੇ, ਵਾਂਗ ਨਿੰਬੂ ਸਰਬ ਨਿਚੋੜ ਵਖਾਇਆ । ਆਪਣੀ ਜੋਤ ਸਰਬ ਵਿਚਾਰ ਕੇ, ਇਕ ਸੋਹੰ ਨਾਉਂ ਰੱਖ ਵਖਾਇਆ । ਵੀਹ ਸੌ ਅੱਠ ਦਿਨ ਵਿਸਾਖ ਵਿਚਾਰ ਕੇ, ਸਰਬ ਸੁਹਾਵੇ ਤਾਲ ਪ੍ਰਭ ਖਾਲੀ ਕਰਾਇਆ । ਆਪ ਅਪਰੰਪਰ ਆਪ ਨਿਹਕੇਵਾ । ਪਰਗਟ ਜੋਤ ਸਭ ਦੇਵੀ ਦੇਵਾ । ਹੋਏ ਆਪ ਅਲੱਖ ਅਭੇਵਾ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ ਸਚ ਤੇਰੀ ਸੇਵਾ । ਸੁਹਾਏ ਥਾਨ ਵਿਚ ਕਲ ਅੰਦਰ, ਜੋਤ ਪਰਗਟਾਏ ਜਿਥੇ ਪ੍ਰਭ ਆ ਕੇ । ਸੁਹਾਏ ਥਾਨ ਸਰਬ ਘਰ ਮੰਦਰ, ਜਿਥੇ ਬੈਠਾ ਪ੍ਰਭ ਭੇਸ ਵਟਾ ਕੇ । ਸੁਹਾਏ ਥਾਨ ਜਗ ਅੰਦਰ, ਕਲਜੁਗ ਜਾਵੇ ਪ੍ਰਭ ਉਲਟਾ ਕੇ । ਸੁਹਾਏ ਥਾਨ ਜਗਤ ਅੰਦਰ, ਸਤਿਜੁਗ ਸਾਚਾ ਸਚ ਜਾਏ ਲਗਾ ਕੇ । ਸੁਹਾਏ ਥਾਨ ਜਗਤ ਅੰਦਰ, ਸਿੰਘ ਆਸਣ ਪ੍ਰਭ ਬੈਠਾ ਆ ਕੇ । ਸੁਹਾਏ ਥਾਨ ਕਲਜੁਗ ਅੰਦਰ, ਸ਼ਬਦ ਗੁਣ ਨਿਧਾਨ ਪ੍ਰਭ ਜਾਏ ਲਿਖਾ ਕੇ । ਸੁਹਾਏ ਥਾਨ ਜਗਤ ਅੰਦਰ, ਸਤਿਜੁਗ ਸਾਚਾ ਸਚ ਜਾਏ ਤਖਤ ਰਚਾ ਕੇ । ਸੁਹਾਏ ਥਾਨ ਜਗਤ ਅੰਦਰ, ਸਤਿਗੁਰ ਮਨੀ ਸਿੰਘ ਸਤਿਗੁਰ ਬਣਾ ਕੇ । ਸੁਹਾਏ ਥਾਨ ਜਗਤ ਅੰਦਰ, ਭਗਵਾਨ ਭਗਤ ਦੱਖਣ ਦਿਸ਼ਾ ਲਿਖਤ ਲਿਖਾ ਕੇ । ਸੁਹਾਏ ਥਾਨ ਜਗਤ ਅੰਦਰ, ਦਰਸ ਕਰੇ ਜੋ ਜਨ ਆਣ, ਹੋਵੇ ਪਾਰ ਦਰਗਾਹ ਜਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਇਆ ਨਿਹਕਲੰਕ ਨਾਉਂ ਰਖਾ ਕੇ । ਭਗਤਨ ਦੇਵੇ ਪ੍ਰਭ ਵਡਿਆਈ । ਆਦਿ ਜੁਗਾਦੀ ਸਦਾ ਸਹਾਈ । ਸਰਨ ਪੜੇ ਪ੍ਰਭ ਲਾਜ ਰਖਾਈ । ਆਵਾਗਵਣ ਸਰਬ ਚਿੰਤ ਮਿਟਾਈ । ਤੀਨ

ਭਵਨ ਸਰਬ ਸੋਝੀ ਪਾਈ । ਗੁਰਸਿਖ ਸੰਗ ਸਿੱਖ ਮਿਲ ਤਰ ਜਾਈ । ਜਿਉਂ ਰਾਮਾਨੰਦ ਤਾਰੇ ਕਬੀਰ ਗੋਸਾਈਂ । ਪਸੂ ਪਰੇਤੋਂ ਦੇਵ ਕਰੇ, ਪੂਰੇ ਸਿੱਖ ਵਿਚ ਇਹ ਵਡਿਆਈ । ਪ੍ਰਭ ਸਾਚੇ ਕੀ ਜਨ ਸੇਵ ਕਰੇ, ਅੰਤਕਾਲ ਜਮਕਾਲ ਨਾ ਖਾਈ । ਮਿਲੇ ਪ੍ਰਭ ਅਲਖ ਅਭੇਵ, ਦੇ ਦਰਸ ਅੰਤਕਾਲ ਗੁਰਸਿਖ ਕਰਾਈ । ਕੋਈ ਨਾ ਕਲਜੁਗ ਪ੍ਰਭ ਤੁਧ ਜੇਵ, ਧਾਮ ਬੈਕੁੰਠ ਗੁਰਸਿਖ ਪੁਚਾਈ । ਸਾਚਾ ਸਿੱਖ ਸਾਚੀ ਜੋਤ, ਅੰਤਕਾਲ ਵਿਚ ਜੋਤ ਦੇ ਮਿਲ ਜਾਈ । ਜੋ ਕਿਛ ਕਰੇ ਸੋਈ ਕਲ ਹੋਤ, ਮਹਾਰਾਜ ਸ਼ੇਰ ਸਿੰਘ ਕੋਈ ਜੀਵ ਨਾ ਜਾਣੇ ਰਾਈ । ਜੀਵ ਜੰਤ ਕੀ ਜਾਣੇ ਵਿਚਾਰਾ । ਮਾਇਆ ਰੂਪ ਪ੍ਰਭ ਪਰਗਟਿਆ ਸੰਸਾਰਾ । ਕਲਜੁਗ ਹਉਮੇ ਮਮਤਾ ਹੋਇਆ ਸਹਾਰਾ । ਸਤਿਗੁਰ ਸਾਚਾ ਤਨ ਮਨੋ ਵਿਸਾਰਾ । ਮਦਿ ਮਾਸ ਚਲ ਗਿਆ ਰਸਨ ਵਿਕਾਰਾ । ਮੂਰਖ ਮੁਗਧ ਕਿਉਂ ਭੁੱਲਾ ਪ੍ਰਭ ਗਿਰਧਾਰਾ । ਕਰ ਦਰਸ ਮਾਣ ਰੰਗ ਸਦ ਜੋਤ ਮੁਰਾਰਾ । ਸੋਹੰ ਸ਼ਬਦ ਪ੍ਰਭ ਖੋਲ੍ਹ ਦੀਆ ਕਲਜੁਗ ਭੰਡਾਰਾ । ਬਾਣੀ ਬੋਹਥ ਪ੍ਰਭ ਬਣ ਗਿਆ ਆਪ ਵਰਤਾਰਾ । ਕਿਰਪਾ ਕਰ ਅੰਮ੍ਰਿਤ ਨਾਮ ਮੁਖ ਚਵਾਰਾ । ਮਹਾਰਾਜ ਸ਼ੇਰ ਸਿੰਘ ਸਚ ਖਜ਼ੀਨੇ ਭਰੇ ਰਹਿਣ ਤੇਰੇ ਭੰਡਾਰਾ । ਭੰਡਾਰੀ ਵਡ ਪ੍ਰਭ ਭੰਡਾਰੀਆ । ਸੰਘਾਰੀ ਵਡ ਜਗਤ ਸੰਘਾਰੀਆ । ਖੁਆਰੀ ਕਰੇ ਆਪ ਜਿਸ ਕਲ ਧਾਰੀਆ । ਚਰਨੀਂ ਪੜੇ ਮਿਲ ਸਾਧ ਸੰਗਤ ਪ੍ਰਭ ਤਾਰੀਆ । ਜੋਤ ਸਰੂਪ ਤ੍ਰੈਲੋਕੀ ਨੰਦਨ, ਜੋ ਜਨ ਆਏ ਚਰਨ ਨਿਮਸਕਾਰੀਆ । ਕਲਜੁਗ ਕਾਮ ਨਾ ਪਾਏ ਫੰਦਨ, ਸੋਹੰ ਸ਼ਬਦ ਫਾਂਦ ਜਗ ਮਾਰਿਆ । ਸੋਹੰ ਸ਼ਬਦ ਮਨ ਚਾੜ੍ਹੇ ਰੰਗਣ, ਗਿਆਨ ਜੋਤ ਕਰੇ ਉਜਿਆਰਿਆ । ਗੁਰਮੁਖ ਕਲਜੁਗ ਆਪ ਪਹਾੜਾਂ ਲੰਘਣ, ਜਨਮ ਮਰਨ ਪ੍ਰਭ ਆਪ ਸਵਾਰਿਆ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਮਨ ਤੇਰੀ ਲਗਨ, ਭੁੱਲ ਨਾ ਜਾਣਾ ਆਏ ਚਰਨਾਰਿਆ । ਚਰਨ ਆਏ ਮਿਲੇ ਚਰਨੋਦਕ । ਗੁਣਵੰਤ ਜੀਵ ਹੋਏ ਗਿਆਨ ਬੋਧਕ । ਪਵਿੱਤ ਆਤਮਾ ਕਰ ਜਾਏ ਦੇਹ ਸੋਧਕ । ਮਹਾਰਾਜ ਸ਼ੇਰ ਸਿੰਘ ਦੇਵੇ ਘਰ ਨਾਉਂ ਨੋਧਕ । ਨੌਂ ਨਿਧ ਨਿਜ ਘਰ ਪਾਏ । ਮਿਲ ਸਾਧ ਸੰਗਤ ਮਨ ਵਜੇ ਵਧਾਏ । ਸਰਬ ਜੀਵ ਜੰਤ ਪ੍ਰਭ ਸੋਝੀ ਪਾਏ । ਜੋ ਜਨ ਆਏ ਚਰਨ ਲਗਾਏ । ਗੁਣ ਨਿਧਾਨ ਗਿਆਨ ਦਰਸ ਦੋਏ ਝੋਲੀ ਪਾਏ । ਤੋੜ ਅਭਿਮਾਨ ਸਾਚਾ ਪ੍ਰਭ ਰਾਹ ਦਿਖਾਏ । ਸਖੀ ਸੁਲਤਾਨ ਸਰਬ ਪ੍ਰਭ ਬੰਨ੍ਹ ਰਖਾਏ । ਏਕੋ ਆਪ ਏਕੋ ਭਗਵਾਨ, ਸੋਹੰ ਸ਼ਬਦ ਜਗਤ ਚਲਾਏ । ਜਿਸ ਨੇ ਜਪਿਆ ਸਾਚਾ ਜਾਪ, ਤਿਸ ਵਿਚ ਰਿਹਾ ਸਮਾਏ । ਵਿਚੋਂ ਮਾਰੇ ਹਉਮੇ ਤਿੰਨ ਤਾਪ, ਵਿਚ ਲਲਾਟ ਜਗਾਏ । ਅੰਤਕਾਲ ਕੋਈ ਪੁੱਛੇ ਨਾ ਵਾਤ, ਦਰਗਾਹ ਮਿਲੇ ਸਜਾਏ । ਗੁਰਸਿਖਾਂ ਪਾਏ ਸਾਚੀ ਦਾਤ, ਸੋਹੰ ਸ਼ਬਦ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਆਤਮ ਦੇਵੇ ਸ਼ਾਂਤ, ਜੋ ਜਨ ਆਏ ਚਰਨ ਸੀਸ ਝੁਕਾਏ । ਸਰਧਾ ਪੂਰੀ ਪੂਰਨ ਆਸਾ । ਬੁਝੀ ਅਗਨ ਆਤਮ ਤ੍ਰਿਪਤਾਸਾ । ਵਿਚ ਦੇਹ ਪ੍ਰਭ ਕੀਉ ਵਾਸਾ । ਦੁੱਖ ਦਲਿਦਰ ਕੀਓ ਨਾਸਾ । ਤਿਸ ਸਾਹਿਬ ਕਉ ਬਲ ਬਲ ਜਾਸਾ । ਜਿਸ ਨੇ ਦੀਆ ਸੋਹੰ ਭਰਵਾਸਾ । ਜਪ ਜਪ ਜੀਵ ਸੋਹੰ ਸਵਾਸ ਸਵਾਸਾ । ਆਤਮ ਬੁਧ ਬਿਬੇਕ ਗੁਰਚਰਨ ਆਈ ਰਾਸਾ । ਉਤਮ ਦੇਹ ਵਿਸ਼ੇਸ਼, ਸਾਚਾ ਸ਼ਬਦ ਸੰਗਤ ਮਨ ਭਾਸਾ । ਮਹਾਰਾਜ ਸ਼ੇਰ ਸਿੰਘ ਰਾਖੋ ਇਕ ਟੇਕ, ਆਤਮ ਜੋਤ ਕਰੇ ਪਰਕਾਸ਼ਾ । ਕਲਜੁਗ ਹੋਇਆ ਅੰਤ ਖੁਆਰਾ । ਸਚ ਧਰਮ ਗਿਆ ਮਾਰ ਉਡਾਰਾ । ਆਤਮ ਚਲਿਆ ਜੀਵ ਵਿਕਾਰਾ । ਹੰਕਾਰੀ ਨਿੰਦਕ ਦੁਸ਼ਟ ਝੱਖ ਮਾਰਾ । ਨੈਣੀਂ ਪੇਖ ਸਚਾ ਦਰਬਾਰਾ । ਜਨਮ ਗਵਾਇਆ ਮੂਰਖ ਮੁਗਧ ਗਵਾਰਾ । ਨਾ ਦੀਸੇ ਦੀਸਣਹਾਰਾ । ਜਿਸ ਪਸਰਿਆ ਸਰਬ ਸ੍ਰਿਸ਼ਟ ਪਸਾਰਾ । ਆਪਣਾ ਆਪ ਉਪਾਇਆ, ਇਕ ਰੰਗ ਜੋਤ ਅਧਾਰਾ ।

ਨਜ਼ਰ ਨਾ ਆਵੇ ਪ੍ਰਭ ਸਰਬ ਜੀਵ ਮੇਂ ਵਸਣੇਹਾਰਾ । ਅਗੰਮ ਜੋਤ ਨਿਰਮਲ ਨਿਰਾਲੀ, ਤੀਨ ਲੋਕ ਕਰੇ ਆਕਾਰਾ । ਕਲਜੁਗ ਪਰਗਟਿਆ ਦੋ ਜਹਾਨ ਦਾ ਵਾਲੀ, ਚਰਨ ਲਾਗ ਕਰ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਸ਼ਬਦ ਧਨ ਮਾਲੀ, ਸੋਹੰ ਸ਼ਬਦ ਦੇ ਜਾਵੇ ਸਤਿਜੁਗ ਭੰਡਾਰਾ । ਜਲ ਧਾਰੇ ਪੂਰਨ ਪੁਰਖ ਸਮਰਥ, ਗੁਰਸਿਖਾਂ ਮੁਖ ਚੋਵਿੰਦਾ । ਪ੍ਰਭ ਸਾਚਾ ਕਥਨਾ ਕਥ, ਭਗਤ ਜਨਾਂ ਹੋਏ ਵਰਤੰਦਾ । ਅੰਮ੍ਰਿਤ ਮੇਘ ਵਰਸਾ, ਆਤਮ ਸ਼ਾਂਤ ਕਰਿੰਦਾ । ਸਚ ਸੁੱਚ ਵਿਚ ਦੇਹ ਵਰਤਾ, ਨਿਜਾਨੰਦ ਸਭ ਦਰਸ ਦਹਿੰਦਾ । ਖੋਲ੍ਹ ਕਪਾਟ ਪ੍ਰਭ ਦੇ ਦਰਸਾ, ਅਨਹਦ ਸ਼ਬਦ ਮਨ ਵਜਿੰਦਾ । ਸਾਚਾ ਗੁਰਸਿਖ ਨਾ ਝੂਠਾ ਪਾਟ, ਸਾਚੀ ਜੋਤ ਪ੍ਰਭ ਵਿਚ ਦੇਹ ਧਰਿੰਦਾ । ਬੇਮੁਖ ਹੋਏ ਕਲਜੁਗ ਘਾਟੋ ਘਾਟ, ਜੋ ਪ੍ਰਭ ਆਏ ਸਰਨ ਕਰੇਵੇ ਨਿੰਦਾ । ਪ੍ਰਭ ਜੋਤ ਜਗਾਏ ਲਾਟੋ ਲਾਟ, ਭਗਤ ਜਨਾਂ ਹਰਿ ਧੁਰ ਬਖ਼ਸ਼ਿੰਦਾ । ਸੋਹੰ ਸ਼ਬਦ ਜੀਵ ਸਦਾ ਮਨ ਰਾਟ, ਕਲਜੁਗ ਅੰਦਰ ਪਾਰ ਕਰਿੰਦਾ । ਕਲਜੁਗ ਹੋਏ ਖੁਆਰੀ, ਜੋ ਜਨ ਪ੍ਰਭ ਤੋਂ ਮੁਖ ਭਵਿੰਦਾ । ਕਲਜੁਗ ਲੈ ਅਵਤਾਰ, ਪਰਗਟ ਹੋਇਆ ਪ੍ਰਭ ਮਰਗਿੰਦਾ । ਨਿਹਕਲੰਕ ਪ੍ਰਭ ਜਾਮਾ ਧਾਰ, ਮਹਾਰਾਜ ਸ਼ੇਰ ਸਿੰਘ ਅੰਮ੍ਰਿਤ ਰੂਪੀ ਮੇਂਹ ਬਰਸਿੰਦਾ । ਭੋਗ ਲਗਾ ਘਰ ਭੋਗੀਆ । ਸੰਜੋਗ ਮੇਲ ਮਿਲਾ ਸੰਜੋਗੀਆ । ਕਲ ਰੋਗ ਹਉਮੇ ਵਡ ਰੋਗੀਆ । ਇਹ ਕੋਏ ਨਾ ਜਾਣੇ ਸਾਰ, ਪਰਗਟੀ ਜੋਤ ਕਲਜੁਗ ਪ੍ਰਭ ਚੋਜੀਆ । ਨਿਗਮ ਕਰ ਵਿਚਾਰ ਗੁਰਮੁਖਾਂ ਦੇਵੇ ਆਪ ਪ੍ਰਭ ਸੋਝੀਆ । ਸ਼ਬਦ ਧੁਨ ਹੋਏ ਗੁੰਜਾਰ, ਭੇਤ ਖੁਲ੍ਹਾਵੇ ਆਪ ਗੁੱਝੇ ਪ੍ਰਭ ਗੋਝੀਆ । ਗੁਰਸਿਖਾਂ ਦੇਵੇ ਚਰਨ ਪਿਆਰ, ਲੁਝ ਜਾਏ ਜੇ ਲਾਏ ਚਰਨ ਪ੍ਰਭ ਲੂਝੀਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਗੁਰਮੁਖ ਵਿਰਲਾ ਕੋਈ ਗੁਰ ਦਰ ਝੂਝਿਆ । ਝੂਝੇ ਸੋ ਜੋ ਕਾਮ ਕਰੋਧ ਲੋਭ ਮੋਹ ਹੰਕਾਰ ਵਿਚੋਂ ਹਉਮੇ ਮਾਰੇ । ਮਤਿ ਮਨ ਬੁਧਿ ਰੱਖੇ ਇਕ ਜੋਤ ਅਧਾਰੇ । ਖਾਤਰ ਫੁਰਨਾ ਬੁੱਧੀ ਕੋਟ ਉਸਾਰੇ । ਨੱਸ ਨਾ ਜਾਏ ਜੋ ਜੀਵ ਕਰੇ ਖੁਆਰੇ । ਭਗਤ ਜਨਾਂ ਪ੍ਰਭ ਭਰਮ ਨਿਵਾਰੇ । ਘਰ ਆਏ ਹਰਿ ਕਾਜ ਸਵਾਰੇ । ਦੁਸ਼ਟ ਦੂਤ ਸੰਗ ਸ਼ਬਦ ਸੰਘਾਰੇ । ਕਲਜੁਗ ਧਰ ਜੋਤ ਸਚ ਆਪ ਨਿਰੰਕਾਰੇ । ਮੁਖ ਉਜਲ ਗੁਰਮੁਖ ਸੋਹਣ ਸਚ ਤੇਰੇ ਦਰਬਾਰੇ । ਭੋਗ ਲਗਾਇਆ ਆਣ ਸਦਾ ਭਰੇ ਰਹਿਣ ਭੰਡਾਰੇ । ਸੋਹੰ ਸ਼ਬਦ ਚਲਾਇਆ, ਚਾਰ ਕੁੰਟ ਹੋਏ ਜੈਕਾਰੇ । ਜੋਤ ਸਰੂਪੀ ਜਗਤ ਜਲਾਇਆ, ਹਾਹਾਕਾਰ ਕਰ ਜੀਵ ਪੁਕਾਰੇ । ਭਗਤ ਜਨਾਂ ਪ੍ਰਭ ਆਪ ਤਰਾਇਆ, ਸਾਚਾ ਨਾਉਂ ਦੇਵੇ ਅਧਾਰੇ । ਮਹਾਰਾਜ ਸ਼ੇਰ ਸਿੰਘ ਰਖ ਪਤਿ ਰਾਇਆ, ਭਗਤ ਜਨ ਹਰਿ ਪਾਰ ਉਤਾਰ । ਘਰ ਮੰਦਰ ਸਭ ਸੁਹਾਇਆ, ਘਰ ਆਏ ਸਰਬ ਘਟ ਵਾਸੀ । ਸਾਚਾ ਤਖ਼ਤ ਸਚ ਸੁਹਾਇਆ, ਉਪਰ ਬੈਠ ਤਖ਼ਤ ਨਿਵਾਸੀ । ਪਤਾਲ ਆਕਾਸ਼ ਪ੍ਰਭ ਤਜਾਇਆ, ਸਾਚੀ ਜੋਤ ਵਿਚ ਮਾਤ ਤਰਾਸੀ । ਸਤਿਜੁਗ ਸਾਚਾ ਤਖ਼ਤ ਰਚਾਇਆ, ਪਰਗਟੇ ਜੋਤ ਪ੍ਰਭ ਅਬਿਨਾਸ਼ੀ । ਸਾਧ ਸੰਗਤ ਪ੍ਰਭ ਦਰਸ ਦਿਖਾਇਆ, ਦੇਵੇ ਦਾਨ ਜਿਉਂ ਦਰਗਾਹ ਭਾਸੀ । ਗੁਰਸਿਖ ਹੀਰੇ ਮਾਣਕ ਮੋਤੀ ਕਲਜੁਗ ਲੱਭ ਲਿਆਇਆ, ਚਰਨ ਸੇਵ ਲਾਏ ਦਾਸਨ ਦਾਸੀ । ਨਾਉਂ ਨਿਹਕਲੰਕ ਰਖਾਇਆ, ਬੰਦੀ ਤੋੜ ਭਗਤਨ ਅਖਵਾਸੀ । ਮਹਾਰਾਜ ਸ਼ੇਰ ਸਿੰਘ ਥਾਨ ਸੁਹਾਇਆ, ਕਰ ਦਰਸ ਸਾਧ ਸੰਗਤ ਤਰ ਜਾਸੀ । ਕਰ ਦਰਸ ਸਾਧ ਸੰਗਤ ਤਰੇ । ਪਰਗਟਿਆ ਸਾਚਾ ਕੰਤ, ਵਿਰਲਾ ਗੁਰਮੁਖ ਕੋਈ ਪ੍ਰਭ ਵਰੇ । ਹੋਏ ਦਾਸ ਭਗਤਨ ਕੇਰਾਂ, ਰਸਨਾ ਜਪੇ ਜੋ ਹਰੇ ਹਰੇ । ਅੰਤਕਾਲ ਪ੍ਰਭ ਕਰੇ ਨਿਬੇੜਾ, ਕਲਜੁਗ ਐਸੀ ਕਿਰਪਾ ਕਰੇ । ਕਲਜੁਗ ਅੰਦਰ ਪਾਇਆ ਫੇਰਾ, ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਤੇਰੇ ਦਰ ਤੇ ਖਰੇ । ਊਚ ਅਗੰਮ ਅਥਾਹ । ਪਰਗਟ ਬੈਠਾ ਪ੍ਰਭ ਬੇਪਰਵਾਹ । ਸਚਾ ਆਪ

ਕਲਜੁਗ ਪਰਗਟੇ ਸਚਾ ਪਾਤਸ਼ਾਹ । ਬਿਨ ਭਗਤਨ ਪਾਵੇ ਕੋਈ ਨਾ । ਸਿੱਖਾਂ ਹਿਰਦਕ ਪ੍ਰਭ ਵਸੇ ਇਕ ਥਾਂ । ਬੇਮੁਖਾਂ ਨਜ਼ਰ ਨਾ ਆਵੇ, ਕਲਜੁਗ ਸਾਚਾ ਰਾਹ । ਸਚਖੰਡ ਨਿਵਾਸੀ ਸਾਧ ਸੰਗਤ ਹਿਰਦੇ ਰਿਹਾ ਸਮਾ । ਮਹਾਰਾਜ ਸ਼ੇਰ ਸਿੰਘ ਕਲ ਸੋ ਕਰੇ ਜੋ ਮਨ ਭਾਸੀ, ਤੇਰਾ ਅੰਤ ਨਾ ਪਾਵੇ ਰਾਹ । ਕਲਜੁਗ ਦੇਵੇ ਵਡਿਆਈ ਵੱਡੇ ਸਾਧ ਸੰਤ । ਪੈਜ ਰਖਾਈ ਬਣਾਏ ਬਣਤ । ਸਤਿਜੁਗ ਝੂਠੀ ਕਿਰਿਆ ਸਭ ਹਟਾਈ, ਇਕ ਆਪਣੀ ਕਰਾਏ ਮੰਨਤ । ਖਾਣੀ ਬਾਣੀ ਕੋਈ ਰਹਿਣ ਨਾ ਪਾਏ, ਸੋਹੰ ਸ਼ਬਦ ਚਲਾਏ ਮੰਤ । ਮਹਾਰਾਜ ਸ਼ੇਰ ਸਿੰਘ ਬਾਣ ਸ਼ਬਦ ਮਾਰੇ, ਭਸਮ ਕਰਾਵੇ ਸਰਬ ਜੀਵ ਜੰਤ । ਗੁਰਸਿਖਾਂ ਮਨ ਚਾਓ ਘਨੇਰਾ, ਪ੍ਰਭ ਸਿੰਘਾਸਣ ਬੈਠੇ ਲਾ । ਹਰ ਘਰ ਆਵੇ ਪ੍ਰਭ ਮੇਰਾ, ਪ੍ਰਭ ਮਿਲਣ ਦੀ ਆਤਮ ਚਾਅ । ਕਰ ਕਿਰਪਾ ਪ੍ਰਭ ਜੋਤ ਪਰਗਟਾਵੇ, ਪ੍ਰਭ ਅਬਿਨਾਸ਼ੀ ਘਰ ਲਈਏ ਪਾ । ਤੀਨ ਲੋਕ ਜਿਸ ਹੋਈ ਦਾਸੀ, ਕਲਜੁਗ ਆਵੇ ਜੋਤ ਸਰੂਪੀ ਭੇਸ ਵਟਾ । ਨਜ਼ਰ ਨਾ ਆਵੇ ਦਰ ਕੋਈ ਮਦਿ ਮਾਸੀ, ਮਾਇਆ ਰੂਪ ਸਭ ਦੇਵੇ ਪੜਦਾ ਪਾ । ਚਰਨ ਲਾਗ ਸਰਬ ਫਲ ਪਾਸੀ, ਸੋਹੰ ਨਾਉਂ ਜਿਸ ਲਿਆ ਧਿਆ । ਸਾਚਾ ਸ਼ਬਦ ਜੋ ਜਨ ਰਿਦੇ ਸਮਾਸੀ, ਸਚ ਜੋਤ ਦੇਵੇ ਵਿਚ ਦੇਹ ਟਿਕਾ । ਜੀਵ ਜੰਤ ਸਰਬ ਵਿਨਾਸੀ, ਆਦਿ ਅੰਤ ਇਕ ਰਹੇ ਸਚਾ ਪਾਤਸ਼ਾਹ । ਕਲਜੁਗ ਅੰਧਿਆਰ ਬੇਮੁਖਾਂ ਜਨਮ ਗਵਾਸੀ, ਪ੍ਰਭ ਸਾਚੇ ਦਾ ਨਾ ਦਿਸੇ ਰਾਹ । ਦਰਗਾਹ ਕੋਏ ਨਾ ਥਾਉਂ ਪਾਸੀ, ਨਿਹਕਲੰਕ ਲਈ ਨਾ ਜਿਨ ਸਰਨ ਤਕਾ । ਮਹਾਰਾਜ ਸ਼ੇਰ ਸਿੰਘ ਤਖ਼ਤ ਨਿਵਾਸੀ, ਪਰਗਟ ਹੋ ਕੇ ਧਾਮ ਗਿਆ ਸੁਹਾ । ਧਾਮ ਸਚ ਧਰਮ ਜਾਏ ਭਰ । ਕਾਮ ਕਰੋਧ ਕਰ ਦਰਸ ਜੀਵ ਦੋਏ ਜਾਏ ਮਰ । ਨਜ਼ਰੀ ਆਵੇ ਪਾਰਬ੍ਰਹਮ ਪਰਮੇਸ਼ਵਰ, ਹੋਏ ਨਿਮਾਣਾ ਜੀਵ ਚਰਨੀਂ ਪੜ । ਜੋਤ ਸਰੂਪ ਨਿਰੰਜਣ ਜੋਤ, ਲੋਕਲਾਜ ਤੋਂ ਜੀਵ ਨਾ ਡਰ । ਕਲਜੁਗ ਪਰਗਟੇ ਪ੍ਰਭ ਵਡ ਭੂਪ, ਕੋਏ ਨਾ ਜਾਵੇ ਦਰ ਤੇ ਹਰਿ । ਸਾਚਾ ਪ੍ਰਭ ਨਾ ਕਾਚਾ ਸੂਤ, ਸੋਹੰ ਨਾਉਂ ਵਿਚ ਮਨਕਾ ਧਰ । ਈਸ਼ਰ ਜੋਤ ਨਾ ਰੰਗ ਨਾ ਰੂਪ, ਭਗਤ ਜਨਾਂ ਜੋਤ ਸਰੂਪੀ ਦਿਸ ਆਵੇ ਨਰ । ਮਹਾਰਾਜ ਸ਼ੇਰ ਸਿੰਘ ਰੱਖ ਲਾਜ ਵਿਚ ਅੰਧ ਕੂਪ, ਸਾਧ ਸੰਗਤ ਗਈ ਸਰਨੀ ਪਰ । ਸਚ ਤਖ਼ਤ ਰੱਖੇ ਪ੍ਰਭ ਚਰਨ । ਚਰਨ ਡਿੱਗੇ ਆਏ ਚਾਰ ਵਰਨ । ਮਹਿੰਮਾ ਪ੍ਰਭ ਕੀ ਕੋਈ ਸਕੇ ਨਾ ਵਰਨ । ਕਰ ਦਰਸ ਸਰਬ ਦੁੱਖ ਹਰਨ । ਗੁਰਮੁਖ ਹੋਵੇ ਫੇਰ ਜਗ ਨਾ ਮਰਨ । ਚਰਨ ਲਾਗ ਪਤਤ ਪਾਪੀ ਤਰਨ । ਕਲਜੁਗ ਪਰਗਟਿਆ ਪ੍ਰਭ ਧਰਨੀ ਧਰਨ । ਲਾਜ ਰਖਾਏ ਜੋ ਜਨ ਤਕਾਏ ਸ਼ਰਨ । ਬੇਮੁਖ ਕਲਜੁਗ ਦੁੱਖ ਡਾਹਢਾ ਭਰਨ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਤੇਰਾ ਸਾਚਾ ਵਰਨ । ਸਚ ਤਖ਼ਤ ਰਚਾਇਆ, ਚਲੇ ਚਾਰ ਜੁਗ । ਸੋਹੰ ਸ਼ਬਦ ਵਰਤਾਇਆ, ਚਲਾਈ ਜਗਤ ਪ੍ਰਭ ਧੁਜ । ਬੇਮੁਖਾਂ ਨਜ਼ਰ ਨਾ ਆਇਆ, ਆਤਮ ਜੋਤ ਗਈ ਕਲ ਬੁਝ । ਗੁਰਸਿਖਾਂ ਪ੍ਰਭ ਦਰਸ ਦਿਖਾਇਆ, ਆਤਮ ਭੇਤ ਖੁਲਾਇਆ ਗੁਝ । ਸੋਹੰ ਸ਼ਬਦ ਮਨ ਵਸਾਇਆ, ਆਤਮ ਤ੍ਰਿਖਾ ਗਈ ਬੁਝ । ਘਰ ਬੈਠ ਪ੍ਰਭ ਪਰਮੇਸ਼ਵਰ ਪਾਇਆ, ਗੁਰਚਰਨ ਪ੍ਰੀਤੀ ਜਾਓ ਲੁਝ । ਬਾਹੋਂ ਪਕੜ ਉਠਾਇਆ, ਗੁਰਸਿਖਾਂ ਸ਼ਬਦ ਲਗਾਈ ਹੁਜ । ਗੁਰਮੁਖਾਂ ਪ੍ਰਭ ਜੋਤ ਜਗਾਇਆ, ਆਤਮ ਦੀਪ ਨਾ ਜਾਏ ਬੁਝ । ਮਹਾਰਾਜ ਸ਼ੇਰ ਸਿੰਘ ਪਰਮਗਤ ਪਾਈਏ, ਦੂਜੀ ਵਸਤ ਜੀਵ ਨਾ ਲੋੜੇ ਕੁਝ । ਕਲਜੁਗ ਪਰਗਟੇ ਨਰ ਅਵਤਰ ਉਘਾ । ਸਤਿਜੁਗ ਸਾਚਾ ਧਾਮ ਰਚਾਵੇ ਵਿਚ ਪਿੰਡ ਬੁੱਘਾ । ਗੁਰਸਿਖ ਕਰ ਪ੍ਰੀਤ ਗੁਰਚਰਨ ਸੰਗ ਲੁੱਝਾ । ਮਹਾਰਾਜ ਸ਼ੇਰ ਸਿੰਘ ਕਲ ਤੇਰੀ ਵਡਿਆਈ, ਜਿਨ ਭਾਗ ਲਗਾਇਆ ਗੁਰਸਿਖ ਆਣ ਝੁੱਗਾ । ਗੁਰਸਿਖ ਝੁੱਗਾ ਹਰਿ ਕਾ ਮੰਦਰ । ਵਰਤੇ ਭਾਣਾ ਸਤਿਜੁਗ ਅੰਦਰ । ਬੇਮੁਖਾ ਘਰ ਨੱਚਣ

ਬੰਦਰ । ਘਰ ਘਰ ਰਹਿਣ ਵੱਜੇ ਜੰਦਰ । ਖੁਲ੍ਹੇ ਭੰਡਾਰੇ ਰਹਿਣ ਲੰਗਰ । ਜੋਤ ਪਰਗਟਾਈ ਕ੍ਰਿਸ਼ਨ ਸਾਵਲੇ ਸੁੰਦਰ । ਮਹਾਰਾਜ ਸ਼ੇਰ ਸਿੰਘ ਚਰਨ ਲੱਗ ਜਾਏ, ਆਏ ਰਾਜਾ ਭੁਪਿੰਦਰ । ਕਰੇ ਖੇਲ ਪ੍ਰਭ ਅਚਰਜ ਨਿਰਾਲੇ । ਸ਼ਬਦ ਸਰੂਪ ਆਤਮ ਰਾਜ ਨਿਕਾਲੇ । ਸ਼ੇਰ ਰੂਪ ਖੜ੍ਹੇ ਜਾ ਆਲੇ ਦਵਾਲੇ । ਨੈਣੀ ਦੀਸੇ ਮਰ ਨਾ ਜਾਏ ਕਿਸੇ ਬਰਛੇ ਭਾਲੇ । ਸੋਹੰ ਆਵਾਜ਼ ਧੁਨ ਆਏ, ਵਾਹ ਜੀਵ ਜਗ ਆਪਣੀ ਲਾ ਲੈ । ਭੈ ਅੰਦਰ ਸਰਬ ਪੁਕਾਰੇ, ਹੋਏ ਸਹਾਈ ਕੋਈ ਆਣ ਬਚਾ ਲੈ । ਅੰਤਕਾਲ ਨਾ ਕੋਈ ਹੋਏ ਸਹਾਈ, ਆਤਮ ਚਿਖਾ ਜੋਤ ਸਰੂਪੀ ਬਾਲੇ । ਪਰਗਟ ਹੋ ਕੇ ਮਹਾਰਾਜ ਸ਼ੇਰ ਸਿੰਘ, ਸਵੱਛ ਸਰੂਪੀ ਦਰਸ ਦਿਖਾਵੇ । ਦਰਸ ਦਿਖਾਵੇ ਰਾਜਨ ਰਾਜਾ । ਲਾਗੇ ਚਰਨ ਬਖ਼ਸ਼ ਗ਼ਰੀਬ ਨਿਵਾਜ਼ਾ । ਸਚਾ ਪਾਤਸ਼ਾਹ ਜਿਨ ਜੀਵ ਸਾਜਨ ਸਾਜਾ । ਸਰਨ ਪੜੇ ਦੀ ਰਾਖੇ ਲਾਜਾ । ਦਿਓ ਬ੍ਰਹਮ ਗਿਆਨ ਜਿਉਂ ਤਾਰੇ ਸਿੱਖ ਵਿਚ ਮਾਝਾ । ਕਰ ਧਿਆਨ ਵੱਜੇ ਮਨ ਅਨਹਦ ਵਾਜਾ । ਕਲਜੁਗ ਪਰਗਟਿਓ ਜੋਤ ਸਰੂਪ, ਮਾਇਆ ਰੂਪ ਸ੍ਰਿਸ਼ਟ ਜਿਸ ਸਾਜਾ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼ੇ ਅਗਿਆਨ ਬਿਨਾਸੇ, ਚਰਨੀਂ ਡਿਗਣ ਰਾਜਨ ਰਾਜਾ । ਰਾਜਨ ਵਿਚ ਰਾਜਾ ਰਾਜ ਪਰਮੁਖ । ਦੇ ਦਰਸ ਕਰ ਲਾਹੇ ਭੁੱਖ । ਸ਼ਬਦ ਸੁਣਾਵੇ ਨਜ਼ਰ ਨਾ ਆਵੇ ਨਾ ਕੋਈ ਦੀਸੇ ਕੁੰਟ ਨਾ ਰੁੱਖ । ਭਰਮ ਭੁਲੇਖੇ ਪਾਵੇ ਆਤਮ ਕੁਰਲਾਵੇ, ਕਰੇ ਬੇਨੰਤੀ ਮਿਲ ਪ੍ਰਭ ਸੁੱਖਾਂ ਸੁੱਖ । ਨਿਵਿਆਂ ਪ੍ਰਭ ਨਜ਼ਰੀ ਆਵੇ, ਬਾਲ ਅਵਸਥਾ ਬਾਲ ਜਿਉਂ ਮਾਤਾ ਕੁੱਖ । ਮਹਾਰਾਜ ਸ਼ੇਰ ਸਿੰਘ ਥਾਨ ਸੁਹਾਇਆ, ਕਰ ਦਰਸ ਗੁਰਮੁਖਾਂ ਲਾਹੀ ਭੁੱਖ । ਭੂਪਤ ਭੂਪਤ ਆਪ ਵਡ ਭੂਪਤਾ । ਅਗੰਮ ਅਥਾਹ ਅਜੂਪ ਪ੍ਰਭ ਨਿਰੂਪਤਾ । ਦਰਸ ਦਿਖਾਵੇ ਕਿਰਪਾ ਕਰ, ਪ੍ਰਭ ਆਪਣੀ ਸਚ ਸਰੂਪਤਾ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ ਜੋਤ ਸਰੂਪਤਾ । ਥਾਨ ਸੁਹਾਇਆ ਆਣ ਪ੍ਰਭ, ਜੋਤ ਸਰੂਪੀ ਆਪ ਪ੍ਰਭ ਆ ਕੇ । ਭਗਤ ਜਨਾਂ ਮਾਣ ਦਵਾਇਆ ਪ੍ਰਭ, ਕਲਜੁਗ ਸਾਚੀ ਜੋਤ ਪਰਗਟਾ ਕੇ । ਸੋਹੰ ਸ਼ਬਦ ਜਪਾਇਆ ਪ੍ਰਭ, ਕਲਜੁਗ ਭਰਮ ਸਰਬ ਮਿਟਾ ਕੇ । ਜੋਤੀ ਜੋਤ ਜਗਾਇਆ ਪ੍ਰਭ, ਗਿਆਨ ਜੋਤ ਦੀਪ ਆਤਮ ਦੀਪ ਜਗਾ ਕੇ । ਵਿਛੜਿਆਂ ਮੇਲ ਮਿਲਾਇਆ ਪ੍ਰਭ, ਨਿਹਕਲੰਕ ਨਾਉਂ ਰਖਾ ਕੇ । ਭਗਤ ਭਗਵੰਤ ਇਕ ਕਰਾਇਆ ਪ੍ਰਭ, ਸੋਹੰ ਸਾਚਾ ਸ਼ਬਦ ਪੜ੍ਹਾ ਕੇ । ਵਿਚੋਂ ਮੋਹ ਚੁਕਾਇਆ ਪ੍ਰਭ, ਸ਼ਬਦ ਧੁਨ ਵਜਾ ਕੇ । ਕਲਜੁਗ ਦਰਸ ਦਿਖਾਇਆ ਪ੍ਰਭ, ਭਗਤ ਜਨਾਂ ਘਰ ਆਪ ਆ ਕੇ । ਜੁਗ ਚਾਰ ਮਾਣ ਦਵਾਇਆ ਪ੍ਰਭ, ਭਗਤਨ ਮਹਿੰਮਾ ਆਪ ਲਿਖਾ ਕੇ । ਚਾਰ ਵਰਨ ਚਰਨ ਲਗਾਇਆ ਸਭ, ਸੋਹੰ ਸ਼ਬਦ ਏਕ ਪਰਗਟਾ ਕੇ । ਰਾਉ ਰੰਕ ਇਕ ਕਰਾਇਆ ਪ੍ਰਭ, ਜੋਤ ਸਰੂਪੀ ਭੇਖ ਵਟਾ ਕੇ । ਕਲਜੁਗ ਜਗਤ ਖਪਾਇਆ ਪ੍ਰਭ, ਅਗਨ ਜੋਤ ਜਗਤ ਲਗਾ ਕੇ । ਬੇਮੁਖਾਂ ਘਾਇਆ ਪ੍ਰਭ, ਸੋਹੰ ਸ਼ਬਦ ਬਾਣ ਚਲਾ ਕੇ । ਗੁਰਮੁਖਾਂ ਕਲ ਵਡਿਆਇਆ ਪ੍ਰਭ, ਅੰਮ੍ਰਿਤ ਬੂੰਦ ਮੁਖ ਚਵਾ ਕੇ । ਜਨਮ ਸੁਫਲ ਕਰਾਇਆ ਪ੍ਰਭ, ਕਲਜੁਗ ਸਾਚਾ ਦਰਸ ਦਰਸਾ ਕੇ । ਅੰਮ੍ਰਿਤ ਫਲ ਦਵਾਇਆ ਪ੍ਰਭ, ਜੋ ਜਨ ਚਰਨੀਂ ਡਿੱਗੇ ਆ ਕੇ । ਸਚਖੰਡ ਨਿਵਾਸ ਕਰਾਇਆ ਪ੍ਰਭ, ਗੁਰਸਿਖਾਂ ਰੱਖੇ ਸਿਰ ਹੱਥ ਟਿਕਾ ਕੇ । ਜੋਤੀ ਜੋਤ ਮਿਲਾਇਆ ਪ੍ਰਭ, ਅੰਤਕਾਲ ਪ੍ਰਭ ਦਰਸ ਦਿਖਾ ਕੇ । ਭਗਤ ਜਨ ਤਾਰੇ ਪ੍ਰਭ, ਮਹਾਰਾਜ ਸ਼ੇਰ ਸਿੰਘ ਕਲਜੁਗ ਨਾਉਂ ਰਖਾ ਕੇ । ਕਲਜੁਗ ਭਇਆ ਪ੍ਰਭ ਬਲਵੰਤ । ਉਚ ਅਗੰਮ ਮਹਿੰਮਾ ਬੇਅੰਤ । ਜਣਾਵੇ ਕਿਸੇ ਗੁਰਮੁਖ ਵਿਰਲੇ ਸੰਤ । ਤਰਾਵੇ ਤਿਸੇ ਜਿਸ ਪ੍ਰਭ ਚਰਨ ਲਗੰਤ । ਸ੍ਰਿਸ਼ਟ ਸਬਾਈ ਹੋਈ ਭਸਮੰਤ । ਗੁਰਮੁਖਾਂ ਮਿਲਿਆ ਕਲਜੁਗ ਪ੍ਰਭ ਸਾਚਾ ਕੰਤ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਜੋਤ ਸਰੂਪ ਵਸੇ ਵਿਚ ਜੀਵ ਜੰਤ । ਗੋਬਿੰਦ ਦੇਵੇ

ਗੁਰ ਵਡਿਆਈ । ਜੋਤ ਸਰੂਪ ਜੋਤ ਵਿਚ ਜੋਤ ਮਿਲਾਈ । ਸਤਿਜੁਗ ਸਾਚਾ ਸਤਿਗੁਰ ਮਨੀ ਸਿੰਘ ਬਣਾਈ । ਮਹਾਰਾਜ ਸ਼ੇਰ ਸਿੰਘ ਚਤੁਰਭੁਜ, ਆਪ ਹੋਏ ਆਣ ਸਹਾਈ । ਗੁਰਮੁਖ ਸਾਚੀ ਪ੍ਰੀਤ ਕਰ, ਪ੍ਰਭ ਮਿਲੇ ਅਗੰਮਾ । ਗੁਰਮੁਖ ਸਾਚੀ ਪ੍ਰੀਤ ਕਰ, ਪ੍ਰਭ ਮਿਟਾਵੇ ਸਰਬ ਭਰਮਾਂ । ਗੁਰਮੁਖ ਸਾਚੀ ਪ੍ਰੀਤ ਕਰ, ਜ਼ਾਤ ਪਾਤ ਪ੍ਰਭ ਨਾ ਵੇਖੇ, ਵੇਖੇ ਜੀਵ ਕਰਮਾਂ । ਗੁਰਮੁਖ ਸਾਚੀ ਪ੍ਰੀਤ ਕਰ, ਗੁਰਸਿਖ ਸਾਚੀ ਨੀਤ ਕਰ, ਕਲਜੁਗ ਸੌਰੇ ਜੰਮਣ ਮਰਨਾ । ਗੁਰਮੁਖ ਮਨੂਆਂ ਜੀਤ ਕਰ, ਮਿਲ ਸਾਧ ਸੰਗਤ ਕਲ ਤਰਨਾ । ਮਹਾਰਾਜ ਸ਼ੇਰ ਸਿੰਘ ਕਾਇਆ ਸੀਤ ਕਰ, ਸਰਣ ਪੜੇ ਕੀ ਰਾਖੇ ਸਰਣਾ ।

❊ ਪਹਿਲੀ ਵਿਸਾਖ ੨੦੦੮ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ❊

ਗੁਰਸਿਖਾਂ ਮਨ ਭਾਖਿਆ ਭਾਖੀ । ਮਿਲੇ ਪ੍ਰਭ ਅਲਖਣਾ ਲਖ ਨਾ ਲਾਖੀ । ਬਾਹੋਂ ਪਕੜ ਚੁਣ ਕੱਢੇ ਵੱਖ, ਅੰਮ੍ਰਿਤ ਜਾਮ ਦੇ ਸਚਾ ਸਾਕੀ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਗੁਰਸਿਖਾਂ ਸੁਹਾਈ ਦਿਵਸ ਵਿਸਾਖੀ । ਵਿਸਾਖ ਵਿਸ ਅੱਖ ਆਪ ਪ੍ਰਭ ਮਾਰੇ । ਜੋਤ ਨੂਰ ਨੇਤਰ ਕਰ ਉਜਿਆਰੇ । ਆਤਮ ਤ੍ਰਿਸ਼ਨ ਪ੍ਰਭ ਜੀਵ ਦੀ ਮਾਰੇ । ਏਕ ਬੂੰਦ ਅੰਮ੍ਰਿਤ ਬਰਖ ਨਿਜ ਠਾਰੇ । ਮਹਾਰਾਜ ਸ਼ੇਰ ਸਿੰਘ ਜਨ ਭਗਤ ਪਾਰ ਉਤਾਰੇ । ਗੁਰਮੁਖ ਜਗਾਇਆ ਆਪ ਪਤਵੰਤੀ । ਕਲ ਮੇਲ ਕਰਾਇਆ ਭਗਤ ਸੰਗ ਭਗਵੰਤੀ । ਸਚ ਦਰਸ ਦਿਖਾਇਆ ਪਰਗਟ ਸ੍ਰਿਸ਼ਟੀ ਕੰਤੀ । ਭਰਮ ਭੁਲੇਖਾ ਲਾਹਿਆ ਜੋਤ ਜਗਾ ਵਿਚ ਦੇਹ ਗੁਣਵੰਤੀ । ਕਲਜੁਗ ਅੰਦਰ ਪਾਈ ਮਾਇਆ, ਬੇਮੁਖ ਮੂਲ ਨਾ ਚਰਨ ਲਗੰਤੀ । ਸਾਧ ਸੰਗਤ ਪ੍ਰਭ ਰਾਹ ਬਤਾਇਆ, ਸੋਹੰ ਸ਼ਬਦ ਗੁਰਦਰ ਬਣ ਜਾਇਓ ਮੰਗਤੀ । ਮਹਾਰਾਜ ਸ਼ੇਰ ਸਿੰਘ ਵੱਖਰ ਸਾਚੇ ਨਾਮ ਜਪਾਇਆ, ਵਿਚੋਂ ਮਾਰੇ ਹਉਮੇ ਹੰਗਤੀ । ਹਉਮੇ ਮਾਰ ਆਪਣੀ ਕਲ ਵਿਚ ਦੇਹ ਧਾਰ । ਘਰ ਆਏ ਕਾਰਜ ਦੇ ਸਵਾਰ । ਕਲਜੁਗ ਖੇਲ ਕਰੇ ਪ੍ਰਭ ਅਪਰ ਅਪਾਰ । ਜੀਵ ਇਸ ਹੱਥ ਕਰ ਇਸ ਹੱਥ ਭਰ ਸਾਚਾ ਪ੍ਰਭ ਨਾ ਕਰੇ ਹੁਦਾਰ । ਸਾਚਾ ਨਾਮ ਗੁਰ ਦਰਸ ਤੇਰੀ ਵੱਥ, ਰਸਨਾ ਜਪ ਪਾ ਪ੍ਰਭ ਕੀ ਸਾਰ । ਮਹਾਰਾਜ ਸ਼ੇਰ ਸਿੰਘ ਸਚ ਚਲਾਇਆ ਰਥ, ਗੁਰਸਿਖ ਚੜ੍ਹੇ ਕਲ ਉਤਰੇ ਪਾਰ । ਸਾਚਾ ਰਥ ਸਾਚਾ ਰਥਵਾਹੀ । ਸਾਚਾ ਨਾਮ ਵੱਖਰ ਵਿਚ ਦੇਹ ਪਾਈ । ਸਾਚਾ ਜਾਮ ਅੰਮ੍ਰਿਤ ਦੇ ਪਿਲਾਈ । ਸਾਚਾ ਕਾਮ ਜੀਵ ਗੁਰਚਰਨ ਸੀਸ ਨਿਵਾਈ । ਪਰਗਟੇ ਕਲ ਸਾਚਾ ਰਾਮ, ਮੂਰਖ ਜੀਵ ਭੁੱਲ ਨਾ ਜਾਈ । ਜੋਤ ਧਰੀ ਕਲ ਕਾਲੇ ਸ਼ਾਮ, ਗੁਰਸਿਖਾਂ ਅੰਧੇਰ ਦੇ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਵ ਮੇਂ ਰਿਹਾ ਸਮਾਈ । ਸਰਬ ਮੇਂ ਵਸੇ ਵਸਣੇਹਾਰਾ । ਜੋਤ ਸਰੂਪੀ ਓਅੰਕਾਰਾ । ਸ਼ਬਦ ਸੋਹੰ ਚਲਾਇਆ ਜਗਤ ਦੋ ਧਾਰਾ । ਗੁਰਮੁਖ ਬੇਮੁਖ ਦੋਅੰ, ਬੇਮੁਖ ਮਾਰ ਗੁਰਮੁਖ ਪਾਰ ਉਤਾਰਾ । ਸੋਹੰ ਸ਼ਬਦ ਕਲ ਚਲੇ ਦੋ ਧਾਰਾ ਆਰਾ । ਭਗਤ ਜਨਾਂ ਦੇਵੇ ਪ੍ਰਭ ਨਾਮ ਪਿਆਰਾ । ਆਤਮ ਰੱਖ ਇਕ ਦਰਸ ਆਧਾਰਾ । ਬੇਮੁਖ ਦੁਸ਼ਟ ਦਰ ਝੱਖ ਮਾਰਾ । ਆਤਮ ਹੋਈ ਭਰਿਸ਼ਟ, ਮੁਖ ਨਾ ਲਾਏ ਕਲ ਮਾਨਸ ਜਨਮ ਹਾਰਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਨਿਰਮਲ, ਜਿਨ ਸਾਚਾ ਨਾਮ ਕੀਆ ਵਪਾਰਾ । ਸਾਚਾ ਨਾਮ ਗੁਰਸਿਖ ਵਪਾਰੀ । ਸਾਚਾ ਧਾਮ ਪਰਗਟੇ ਜੋਤ ਨਿਰੰਕਾਰੀ । ਸੋਹੰ ਨਾਮ ਰੰਗ ਨਾਮ ਜਪਾਵੇ ਜੀਵ ਬ੍ਰਹਮਚਾਰੀ । ਆਤਮ ਧਿਆਨ ਕਰਾਵੇ ਕਾਮ ਕਰੋਧ ਵਿਚੋਂ ਦੇ ਮਾਰੀ । ਚਾਮ ਨਾ ਆਵੇ ਕਾਮ, ਜੀਵ ਵਿਚੋਂ ਜੋਤ ਜਾਵੇ ਮਾਰ ਉਡਾਰੀ । ਮਹਾਰਾਜ ਸ਼ੇਰ ਸਿੰਘ ਪਰਗਟੇ ਜਿਉਂ ਤ੍ਰੇਤਾ

ਰਾਮ, ਸਾਧ ਸੰਗਤ ਕੱਟ ਜਾਏ ਹਉਮੈ ਬਿਮਾਰੀ । ਕਾਟੇ ਰੋਗ ਪ੍ਰਭ ਕਾਟਣਹਾਰਾ । ਹੋਏ ਨਾ ਸੋਗ ਦੇਵੇ ਦਰਸ ਆਤਮ ਦਰਸਾਵਣਹਾਰਾ । ਆਤਮ ਰਸ ਸਦਾ ਜੀਵ ਭੋਗ, ਆਤਮ ਜੋਤ ਜਗੇ ਪ੍ਰਭ ਅਗੰਮ ਅਪਾਰਾ । ਖੋਲ੍ਹ ਵਖਾਵੇ ਪ੍ਰਭ ਦੇਹ ਦੇ ਗੋਝ, ਵਜਾਵੇ ਧੁਨ ਸ਼ਬਦ ਖੋਲ੍ਹ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਦਰਸ ਕਰ ਰੋਜ, ਕਰ ਪਰਸਾਦ ਕਰੋ ਨਿਮਸਕਾਰਾ । ਗੁਰਪਰਸਾਦੀ ਪ੍ਰਭ ਭਇਆ । ਪੋਹ ਨਾ ਸਕੇ ਗੁਰਸਿਖ ਕਲ ਮਇਆ । ਭੁੱਲੇ ਜੀਵ ਕਲ ਖਾਵੇ ਧੱਕੇ, ਸਾਚਾ ਪ੍ਰਭ ਕਰ ਦਇਆ । ਕੋਏ ਨਾ ਜਾਏ ਮਦੀਨੇ ਮੱਕੇ, ਸਾਚਾ ਨਾਮ ਸੋਹੰ ਪ੍ਰਭ ਦੀਆ । ਮਹਾਰਾਜ ਸ਼ੇਰ ਸਿੰਘ ਮਾਣ ਗਵਾਵੇ ਕੱਕੇ, ਜੋਤ ਸਰੂਪੀ ਕਰ ਕੇ ਹੀਆ ।

❊ ੨ ਵਿਸਾਖ ੨੦੦੮ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ❊

ਜਪ ਜਪ ਨਾਮ ਜੀਵ, ਮਿਲੇ ਆਤਮ ਰਸ । ਜੋਤ ਸਰੂਪੀ ਆਵੇ ਪ੍ਰਭ ਵਸ । ਆਪਣਾ ਭੇਵ ਖੁਲ੍ਹਾਵੇ ਦੱਸ । ਬੇਮੁਖ ਦਰ ਤੇ ਜਾਵੇ ਨੱਸ । ਸੋਹੰ ਸ਼ਬਦ ਬਾਣ ਚਲਾਵੇ ਕਲ, ਮਹਾਰਾਜ ਸ਼ੇਰ ਸਿੰਘ ਭਗਤਨ ਕੀਤਾ ਵਸ । ਭਗਤ ਜਨ ਸੋ, ਜੋ ਦਰਸ ਸੁਹੰਦੇ । ਭਗਤ ਜਨ ਸੋ, ਜੋ ਕਲ ਤਰੰਦੇ । ਭਗਤ ਜਨ ਸੋ, ਜੋ ਕਰ ਦਰਸ ਸਰਨ ਪੜੰਦੇ । ਭਗਤ ਜਨ ਸੋ, ਜਿਸ ਬਖ਼ਸ਼ੇ ਜਨ ਆਪ ਬਖ਼ਸ਼ਿੰਦੇ । ਭਗਤ ਜਨ ਸੋ, ਮਿਲ ਸਾਧ ਸੰਗਤ ਜਨ ਦੁਤਰ ਤਰੰਦੇ । ਭਗਤ ਜਨ ਸੋ, ਜਿਨ ਪਾਇਆ ਮੁਰਾਰ ਮਨੋਹਰ ਮੁਕੰਦੇ । ਭਗਤ ਜਨ ਸੋ, ਆਤਮ ਰਸ ਨਿਝਰੋਂ ਝਿਰੰਦੇ । ਭਗਤ ਜਨ ਸੋ, ਕਵਲ ਨਾਭ ਅੰਮ੍ਰਿਤ ਬੂੰਦ ਮੁਖ ਚੁਵਿੰਦੇ । ਭਗਤ ਜਨ ਸੋ, ਜਿਨ ਪ੍ਰਭ ਦਸਮ ਦਵਾਰ ਖੁਲ੍ਹਿੰਦੇ । ਭਗਤ ਜਨ ਸੋ, ਜੋ ਕਲਜੁਗ ਸਾਧ ਸੰਗਤ ਮਿਲ ਬਹਿੰਦੇ । ਭਗਤ ਜਨ ਸੋ, ਜੋ ਨਿਹਕਲੰਕ ਦਰਸ ਕਰਿੰਦੇ । ਭਗਤ ਜਨ ਸੋ, ਜਿਨ ਮਹਾਰਾਜ ਸ਼ੇਰ ਸਿੰਘ ਪ੍ਰਭ ਗੋਬਿੰਦੇ । ਨਜ਼ਰ ਨਾ ਆਵੇ ਪ੍ਰਭ, ਨਾ ਰੇਖਾ ਨਾ ਰੂਪ । ਸੁਣ ਕੇ ਨਾਮ ਨੱਸ ਜਾਵਣ ਦੁਸ਼ਟ ਦੂਤ । ਗੁਰਸਿਖ ਸਾਚਾ ਜਿਥੇ ਜੋਤ ਧਰੇ ਵੇਖ ਸਚ ਕਲਬੂਤ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ ਜਨ ਭਗਤ ਤੇਰੇ ਹੋਏ ਸਪੂਤ । ਭਗਤਨ ਦੇਵੇ ਪ੍ਰਭ ਆਪ ਵਡਿਆਈ । ਗੁਰਚਰਨ ਜਿਸ ਆਸ ਤਕਾਈ । ਜੁਗ ਚੌਥੇ ਜੋਤ ਪਰਗਟਾਈ । ਨਿਹਕਲੰਕ ਨਾਉਂ ਰਖਾਈ । ਭਰਮ ਭੁਲੇਖੇ ਸ੍ਰਿਸ਼ਟ ਭੁਲਾਈ । ਬੇਮੁਖਾਂ ਪ੍ਰਭ ਸਾਰ ਨਾ ਪਾਈ । ਈਸ਼ਰ ਜੋਤ ਮਾਤ ਮੇਂ ਆਈ । ਦੁਆਪਰ ਕ੍ਰਿਸ਼ਨ ਮੁਰਾਰ, ਤ੍ਰੇਤਾ ਰਾਮ ਰਘੁਰਾਈ । ਸਤਿਜੁਗ ਸਤਿ ਮਿਹਰਵਾਨ, ਕਲਜੁਗ ਨਿਹਕਲੰਕ ਜੋਤ ਪਰਗਟਾਈ । ਮਹਾਰਾਜ ਸ਼ੇਰ ਸਿੰਘ ਗੁਣ ਨਿਧਾਨ, ਵੇਦ ਅਥਰਬਣ ਮਾਣ ਗੁਆਈ । ਜਾਵੇ ਅਥਰਬਣ ਮਿਟੇ ਅੰਧੇਰਾ । ਕਲਜੁਗ ਸੰਞ ਸਤਿਜੁਗ ਸਤਿ ਸਵੇਰਾ । ਭਗਤ ਜਨਾਂ ਪ੍ਰਭ ਦੀਸੇ ਨੇਰਾ । ਬੇਮੁਖਾਂ ਕਰ ਮਾਇਆ ਕੇਰਾ । ਸਾਧ ਸੰਗਤ ਪ੍ਰਭ ਕੀਆ ਵਸੇਰਾ । ਮਹਾਰਾਜ ਸ਼ੇਰ ਸਿੰਘ ਸੋ ਜਨ ਉਧਰੇ, ਜਿਨ ਨਾਮ ਲਿਆ ਹੈ ਤੇਰਾ । ਸੋਹੰ ਤੀਰ ਰਸਨਾ ਚਿੱਲਾ । ਕੋਈ ਨਾ ਦਿਸੇ ਕੱਕਾ ਬਿੱਲਾ । ਮਾਣ ਮੁਕਾਵੇ ਪ੍ਰਭ ਬਿਸਮਿਲਾ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਬਣਾਇਆ ਗੁਰਸਿਖਾਂ ਕਿਲਾ । ਈਸ਼ਰ ਜੋਤ ਕਲਜੁਗ ਪਰਗਾਸੇ । ਅਗਿਆਨ ਅੰਧੇਰ ਜਨ ਭਗਤ ਵਿਨਾਸੇ । ਝੂਠੀ ਦੇਹ ਵਿਚ ਸਚ ਜੋਤ ਪ੍ਰਭ ਵਾਸੇ । ਜੋਤ ਸਰੂਪੀ ਪ੍ਰਭ ਵਿਰਲੇ ਗੁਰਮੁਖ ਪਾਸੇ । ਪਾਵੇ ਜਨ ਸੋ ਜਿਸ ਪ੍ਰਭ ਦਰਸ ਪਿਆਸੇ । ਮਿਲ ਸਾਧ ਸੰਗਤ ਹੋਏ ਰਹਿਰਾਸੇ । ਬੇਮੁਖ

ਜੀਵ ਜੀਵੇ ਕੂੜੇ ਭਰਵਾਸੇ । ਆਤਮ ਨਾ ਦਿਸੇ ਵਸੇ ਪ੍ਰਭ ਸਵਾਸ ਸਵਾਸੇ । ਗਰਭਵਾਸ ਨਿਤ ਹੋਏ ਵਾਸੇ । ਭਗਤ ਜਨਾਂ ਕਰੇ ਬੰਦ ਖਲਾਸੇ । ਸੋਹੰ ਸ਼ਬਦ ਜਪੇ ਸਵਾਸ ਸਵਾਸੇ । ਮਹਾਰਾਜ ਸ਼ੇਰ ਸਿੰਘ ਚਰਨ ਲਾਗ ਜੀਵ ਰਹਿਰਾਸੇ । ਗੁਰ ਚਰਨ ਲਾਗ ਮਿਲੇ ਵਡ ਦਾਤਾ । ਅਚੁਤ ਪਾਰਬ੍ਰਹਮ ਪਰਮੇਸ਼ਵਰ ਸਰਬ ਕਲਾ ਕਾ ਗਿਆਤਾ । ਘਟ ਘਟ ਵਸੇ ਆਪ ਜਗਦੀਸ਼ਵਰ, ਪੂਰਨ ਪੁਰਖ ਬਿਧਾਤਾ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ ਗੁਰਮੁਖ ਵਿਰਲੇ ਕਿਸੇ ਪਛਾਤਾ । ਸੋ ਜਨ ਜਾਣੇ ਜਿਸ ਬੂਝ ਬੁਝਾਏ । ਆਤਮ ਦੀਪ ਪ੍ਰਭ ਦੇਹ ਜਗਾਏ । ਬਿਨ ਬਾਤੀ ਬਿਨ ਤੇਲ, ਸਾਚੀ ਜੋਤ ਵਿਚ ਦੇਹ ਟਿਕਾਏ । ਬੈਠ ਵਿਚ ਅਡੋਲ, ਜੀਵ ਦੇਹ ਡਗਮਗਾਏ । ਸਾਚਾ ਪ੍ਰਭ ਜੀਵ ਵਸੇ ਕੋਲ, ਬੇਮੁਖਾਂ ਕਲ ਨਜ਼ਰ ਨਾ ਆਏ । ਆਤਮ ਦੇਵੇ ਪ੍ਰਭ ਪੜਦੇ ਖੋਲ੍ਹ, ਸੋਹੰ ਸ਼ਬਦ ਜੋ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਪੂਰੇ ਤੋਲੇ ਤੋਲ, ਭਗਤ ਜਨਾਂ ਹਰਿ ਪਾਰ ਕਰਾਏ । ਭਗਤ ਭਗਵੰਤ ਦੋਏ ਏਕ ਰੰਗ । ਸਾਧ ਸੰਗਤ ਦਰਸ ਪ੍ਰਭ ਕਾ ਮੰਗ । ਬਿਨ ਦਰਸ ਆਤਮ ਚੜ੍ਹੇ ਨਾ ਰੰਗ । ਕਾਇਆ ਝੂਠੀ ਜਿਉਂ ਕਾਚੀ ਵੰਗ । ਬੇਮੁਖ ਜਨਮ ਮਾਨਸ ਹੋਇਆ ਭੰਗ । ਗੁਰਮੁਖ ਸੋਹੰ ਨਾਮ ਜਪ ਪਾਰ ਗਏ ਲੰਘ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਜੋਤ ਸਰੂਪੀ ਕਲ ਕੀਆ ਜੰਗ । ਜੋਤ ਸਰੂਪੀ ਜੋਤ ਆਹਾਰਾ । ਜੋਤ ਸਰੂਪੀ ਵਸੇ ਵਿਚ ਸੰਸਾਰਾ । ਕਲਜੁਗ ਹੋਏ ਅੰਧ ਅੰਧਿਆਰਾ । ਨਾ ਦੀਸੇ ਪ੍ਰਭ ਅਸੁਰ ਸੰਘਾਰਣਹਾਰਾ । ਭਗਤ ਜਨਾਂ ਹਰਿ ਪੈਜ ਸਵਾਰਣਹਾਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕਲ ਅਵਤਾਰਾ । ਕਲਜੁਗ ਤਾਰੇ ਪ੍ਰਭ ਅਵਤਾਰ । ਝੂਠੇ ਧੰਦੇ ਡੁੱਬਾ ਸੰਸਾਰ । ਨਜ਼ਰ ਨਾ ਆਇਆ ਸਚ ਸਿਰਜਣਹਾਰ । ਕਰੇ ਖੇਲ ਪ੍ਰਭ ਅਲਖ ਅਪਾਰ । ਦੁਸ਼ਟ ਦੁਰਾਚਾਰ ਮਾਨਸ ਜਨਮ ਗਏ ਹਾਰ । ਭਗਤ ਜਨ ਉਧਰੇ ਪਾਰ । ਸੋਹੰ ਸ਼ਬਦ ਕੀਆ ਆਧਾਰ । ਦੇਵੇ ਦਰਸ ਸਾਵਲ ਸੁੰਦਰ ਪ੍ਰਭ ਮੁਰਾਰ । ਅੰਮ੍ਰਿਤ ਬਰਖੇ ਨਿਜਾਨੰਦ, ਪ੍ਰਭ ਕਿਰਪਾ ਧਾਰ । ਸਾਚਾ ਪ੍ਰਭ ਵਿਚ ਦੇਹ ਬਰਖੇ, ਬਜਰ ਕਪਾਟ ਪ੍ਰਭ ਦੇ ਖੁਲ੍ਹਾਰ । ਅਨਹਦ ਸ਼ਬਦ ਧੁਨ ਉਪਜੇ, ਖੋਲ੍ਹ ਦੇਵੇ ਪ੍ਰਭ ਦਸਮ ਦਵਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਆ ਕੇ ਭਗਤਨ ਦੇਵੇ ਤਾਰ । ਪ੍ਰਭ ਕੀ ਮਾਇਆ ਕਲਜੁਗ ਪਾਈ । ਭਰਮ ਭੁਲੇਖੇ ਸਰਬ ਸ੍ਰਿਸ਼ਟ ਭੁਲਾਈ । ਨਿਰੰਜਣ ਜੋਤ ਨਾਉਂ ਨਿਹਕਲੰਕ ਰਖਾਈ । ਜੁਗ ਚੌਥਾ ਕਲ ਅੰਤ ਹੋ ਜਾਈ । ਜਗਤ ਭੇਖ ਸਰਬ ਮਿਟ ਜਾਈ । ਅਠ ਸਠ ਤੀਰਥ ਕੋਈ ਰਹਿਣ ਨਾ ਪਾਈ । ਈਸਾ ਮੂਸਾ ਮੁਹੰਮਦ ਕੁਰਾਨ ਅੰਜ਼ੀਲ ਖਪਾਈ । ਬ੍ਰਹਮਾ ਗਵਾਏ ਮਾਣ, ਵੇਦ ਚਾਰ ਪ੍ਰਭ ਅੰਤ ਕਰਾਈ । ਖਾਣੀ ਬਾਣੀ ਗਗਨ ਪਾਤਾਲੀ ਜੀਵ ਜੰਤ ਪ੍ਰਭ ਆਪਣੀ ਜੋਤ ਟਿਕਾਈ । ਸਤਿਜੁਗ ਸਾਚਾ ਪ੍ਰਭ ਦੇ ਅਲਾਈ । ਸੋਹੰ ਸ਼ਬਦ ਕੁੰਟ ਚਾਰ ਧੁਨ ਵਜਾਈ । ਦੀਸੇ ਪ੍ਰਭ ਏਕ ਕੋਈ ਦੂਸਰ ਨਾਹੀ । ਜੋਤ ਪਰਗਟਾਵੇ ਮਹਾਰਾਜ ਸ਼ੇਰ ਸਿੰਘ ਕੋਈ ਭੁੱਲੇ ਨਾਹੀ । ਪ੍ਰਭ ਅਨਭੁਲ ਜਗਤ ਭੁਲਾਵਣਹਾਰਾ । ਪ੍ਰਭ ਕੋਹਤੂਲ ਜਗਤ ਡੁਲਾਵਣਹਾਰਾ । ਪ੍ਰਭ ਅਤੋਲ ਕਲਜੁਗ ਤੁਲਾਵਣਹਾਰਾ । ਗੁਰਮੁਖ ਰਸਨਾ ਸੋਹੰ ਬੋਲ, ਪਾਵੇ ਦਰਸ ਪ੍ਰਭ ਅਗੰਮ ਅਪਾਰਾ । ਗਿਆਨ ਗੋਝ ਪ੍ਰਭ ਦੇਵੇ ਪੜਦੇ ਖੋਲ੍ਹ, ਦੀਸੇ ਜੋਤ ਵਿਚ ਨਿਜ ਧਾਰਾ । ਮਹਾਰਾਜ ਸ਼ੇਰ ਸਿੰਘ ਚਾਰ ਕੁੰਟ ਵਜਾਵੇ ਢੋਲ, ਸੋਹੰ ਸ਼ਬਦ ਚਾਲੇ ਜਗਤ ਦੇ ਆਧਾਰਾ । ਸੋਹੰ ਸ਼ਬਦ ਸਤਿਜੁਗ ਵਰਤਾਇਆ । ਓਅੰ ਈਸ਼ਰ ਆਪ, ਸੋਹੰ ਸਾਚਾ ਸ਼ਬਦ ਚਲਾਇਆ । ਧਰਨੀ ਧਰ ਈਸ਼ਰ ਨਰ ਨਰਾਇਣ, ਨਿਹਕਲੰਕ ਕਲ ਨਾਉਂ ਰਖਾਇਆ । ਸਾਵਲ ਸੁੰਦਰ ਕੁੰਡਲ ਸਿਰ ਮੁਕਟ ਬੈਨ, ਮੁਕੰਦ ਮਨੋਹਰ ਪ੍ਰਭ ਨਜ਼ਰੀ ਆਇਆ । ਮੂਰਤ ਸਹੰਸ ਸਹੰਸ ਪ੍ਰਭ ਨੈਣ, ਜਾਂਹ ਦੇਖਾਂ ਤਾਂਹ ਨਦਰੀ ਆਇਆ । ਮਹਾਰਾਜ ਸ਼ੇਰ ਸਿੰਘ ਜਨ ਭਗਤ

ਕਲ ਸਹਿਣ, ਭਾਣਾ ਜਗਤ ਜੋ ਵਰਤਾਇਆ । ਕਲਜੁਗ ਵਰਤੇ ਪ੍ਰਭ ਕਾ ਭਾਣਾ । ਕੋਈ ਨਾ ਦੀਸੇ ਕਲ ਰਾਜਾ ਰਾਣਾ । ਰਾਓ ਰੰਕ ਪ੍ਰਭ ਇਕ ਕਰ ਜਾਣਾ । ਭਗਤ ਜਨਾਂ ਪ੍ਰਭ ਸਿਰ ਛਤਰ ਝੁਲਾਣਾ । ਬੇਮੁਖਾਂ ਪ੍ਰਭ ਨਰਕ ਨਿਵਾਸ ਦਵਾਣਾ । ਸੋਹੰ ਸ਼ਬਦ ਹਰਿਜਨ ਸਦ ਰਸਨਾ ਗਾਣਾ । ਸਾਧ ਸੰਗਤ ਵਿਟਹੁ ਕੁਰਬਾਨਾ । ਮਹਾਰਾਜ ਸ਼ੇਰ ਸਿੰਘ ਚਰਨ ਲਾਗ ਜਿਨ ਪਛਾਣਾ । ਚਰਨ ਆਏ ਜੋ ਜਨ । ਦਰਸ ਕਰ ਠਾਰੇ ਤਨ ਮਨ । ਸੋਹੰ ਸ਼ਬਦ ਦੇਵੇ ਪ੍ਰਭ ਸਾਚਾ ਧਨ । ਭੁੱਲਾ ਜੀਵ ਸੁਣ ਧਰ ਕੰਨ । ਈਸ਼ਰ ਜੋਤ ਸਚ ਮਨ ਮੰਨ । ਅਹੰਕਾਰੀਆਂ ਕਲ ਜਾਏ ਪ੍ਰਭ ਭੰਨ । ਆਤਮ ਜੋਤ ਕਢਾਵੇ ਜਨ । ਮਹਾਰਾਜ ਸ਼ੇਰ ਸਿੰਘ ਸਾਚਾ ਸੋਹੰ ਸ਼ਬਦ, ਜੀਵ ਲਾ ਲੈ ਸੰਨ । ਸੋਹੰ ਸ਼ਬਦ ਪ੍ਰਭ ਜਗਤ ਲੁਟਾਇਆ । ਮੂਰਖ ਮੁਗਧ ਅੰਞਾਣਾ, ਪ੍ਰਭ ਨਜ਼ਰ ਨਾ ਆਇਆ । ਮਦਿ ਮਾਸ ਆਹਾਰੀ, ਆਤਮ ਅੰਧੇਰ ਕਰਾਇਆ । ਸਾਧ ਸੰਗਤ ਪ੍ਰਭ ਚਰਨ ਪਿਆਰੀ, ਪਰਗਟ ਹੋ ਪ੍ਰਭ ਦਰਸ ਦਿਖਾਇਆ । ਘਰ ਆਏ ਪ੍ਰਭ ਪੈਜ ਸਵਾਰੀ, ਕੋਏ ਨਾ ਜਾਣੇ ਪ੍ਰਭ ਕੀ ਮਾਇਆ । ਸੋਹੰ ਸ਼ਬਦ ਖੰਡਾ ਦੋ ਧਾਰੀ, ਬਿਨ ਦੈਂਤਾ ਜਗਤ ਘਾਇਆ । ਮਹਾਰਾਜ ਸ਼ੇਰ ਸਿੰਘ ਜੁਗ ਚੌਥੇ ਵਾਰੀ, ਜੋਤ ਸਰੂਪੀ ਖੇਲ ਰਚਾਇਆ । ਜੋਤ ਸਰੂਪੀ ਪ੍ਰਭ ਵਸੇ ਚਿਤ । ਚਰਨ ਲਾਗ ਜੀਵ ਵਿਛੜ ਜਾਏ ਨਾ ਕਿਤ । ਝੂਠੀ ਦੁਨੀਆ ਅੰਤ ਕੋਏ ਨਾ ਮਿਤ । ਜਾਏ ਜਨਮ ਹਾਰ, ਬੁੱਕਾਂ ਪੈਸਨ ਤਿੱਤ । ਮਹਾਰਾਜ ਸ਼ੇਰ ਸਿੰਘ ਚਰਨ ਲਾਗ, ਮਾਨਸ ਜਨਮ ਜਾਵੇ ਜੀਵ ਜਿੱਤ । ਮਾਨਸ ਜਨਮ ਉਤਮ ਵਿਚ ਲੱਖ ਚੁਰਾਸੀ । ਕਰ ਦਰਸ ਪ੍ਰਭ ਹੋਏ ਬੰਦ ਖਲਾਸੀ । ਜੋਤ ਪਰਗਟਾਈ ਘਰ ਪ੍ਰਭ ਅਬਿਨਾਸ਼ੀ । ਪੈਜ ਰਖਾਈ ਪ੍ਰਭ ਸਰਬ ਘਟ ਵਾਸੀ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨ ਆਈ ਸ੍ਰਿਸ਼ਟ ਸਭ ਤਰ ਜਾਸੀ । ਸੋ ਜਨ ਤਰੇ ਜੋ ਸਰਨੀ ਆਇਆ । ਧਾਰ ਖੇਲ ਪ੍ਰਭ ਚਤੁਰਭੁਜ ਕਹਾਇਆ । ਕਲਜੁਗ ਦੇਵੇ ਹਾਰ, ਸਤਿਜੁਗ ਸਾਚਾ ਸਾਚੇ ਸਤਿਗੁਰ ਲਾਇਆ । ਸਰਬ ਕਲ ਖੁਆਰ, ਸੋਹੰ ਸਾਚਾ ਸ਼ਬਦ ਚਲਾਇਆ । ਭਰੇ ਰਹਿਣ ਭੰਡਾਰ, ਆਪ ਅਤੁਟ ਤੋਟ ਕਦੇ ਨਾ ਆਇਆ । ਮਹਾਰਾਜ ਸ਼ੇਰ ਸਿੰਘ ਤੇਰੀ ਸਾਰ ਪਾਵੇ ਸੋ ਜਿਨ ਵਿਚੋਂ ਅਗਿਆਨ ਮਿਟਾਇਆ । ਅਗਿਆਨ ਅੰਧੇਰ ਵਿਚ ਦੇਹ ਮਿਟਾਵੇ । ਸਾਚੀ ਜੋਤ ਆਤਮ ਦੀਪ ਜਗਾਵੇ । ਅੰਮ੍ਰਿਤ ਝਿਰਨਾ ਪ੍ਰਭ ਨਿਝਰੋਂ ਝਿਰਾਵੇ । ਬੂੰਦ ਅੰਮ੍ਰਿਤ ਕਵਲ ਨਾਭ ਮੁਖ ਖੁਲ੍ਹਾਵੇ । ਜੋਤ ਨਿਰੰਜਣ ਵਿਚ ਪ੍ਰਭ ਨਜ਼ਰੀਂ ਆਵੇ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰ, ਸਾਚੀ ਜੋਤ ਸੰਗ ਜੋਤ ਮਿਲਾਵੇ । ਪ੍ਰਭ ਕਲਜੁਗ ਭੇਖ ਵਟਾ ਗਿਆ, ਪ੍ਰਭ ਜੋਤ ਸਰੂਪੀ ਪਹਰਿਆ ਬਾਣਾ । ਪ੍ਰਭ ਸ੍ਰਿਸ਼ਟ ਸਬਾਈ ਘਾ ਗਿਆ, ਬੈਠ ਵਿਚ ਬਬਾਣਾ । ਸੋਹੰ ਸ਼ਬਦ ਜਗਤ ਚਲਾ ਗਿਆ, ਵਰਤਾ ਆਪਣਾ ਭਾਣਾ । ਪ੍ਰਭ ਸਭਨ ਤਖ਼ਤੋਂ ਲਾਹ ਗਿਆ, ਕੋਈ ਰਹੇ ਨਾ ਰਾਜਾ ਰਾਣਾ । ਚਾਰ ਵਰਨ ਇਕ ਕਰਾ ਗਿਆ, ਨਿਹਕਲੰਕ ਨਾਉਂ ਰਖਾਣਾ । ਜਨ ਭਗਤਾਂ ਦਰਸ ਦਿਖਾ ਗਿਆ, ਹਰਿ ਰੰਗ ਜਿਨ੍ਹਾਂ ਨੇ ਮਾਣਾ । ਵਿਚੋਂ ਹਉਮੇ ਮੋਹ ਚੁਕਾ ਗਿਆ, ਵਿਚ ਸਾਚੀ ਜੋਤ ਟਿਕਾਣਾ । ਦੇਹ ਅੰਧ ਅੰਧਿਆਰ ਮਿਟਾ ਗਿਆ, ਜੋਤ ਸਰੂਪੀ ਵਿਚ ਸਮਾਣਾ । ਪ੍ਰਭ ਆਪਣਾ ਭੇਵ ਆਪ ਖੁਲ੍ਹਾ ਗਿਆ, ਅੰਮ੍ਰਿਤ ਬੂੰਦ ਮੁਖ ਚੁਆਣਾ । ਹਿਰਦੇ ਰੰਗ ਮਜੀਠ ਚੜ੍ਹਾ ਗਿਆ, ਉਤਰੇ ਨਾ ਕੋਟ ਧੋ ਪਾਣਾ । ਪ੍ਰਭ ਭਗਤਾਂ ਵਿਚ ਸਮਾ ਗਿਆ, ਕਰਮ ਪੂਰਬ ਆਪ ਪਛਾਣਾ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਸਚ ਲਿਖਾ ਗਿਆ, ਸਤਿਜੁਗ ਸਾਚਾ ਜੋ ਵਰਤਾਣਾ । ਸਤਿਜੁਗ ਮਿਲੇ ਭਗਤਾਂ ਸਚ ਵੱਖਰ । ਸੋਹੰ ਸ਼ਬਦ ਪੜ੍ਹਾਵੇ ਇਕ ਅੱਖਰ । ਮੇਟ ਮਿਟਾਵੇ ਆਤਮ ਅੰਧੇਰ ਝੱਖੜ । ਮਹਾਰਾਜ ਸ਼ੇਰ ਸਿੰਘ ਜੋ ਤੁਧ ਭਾਵੇ, ਸੋ ਦੀਸੇ ਕਲਜੁਗ ਅੱਖਰ । ਚਾਰ ਜੁਗ ਪ੍ਰਭ ਭਗਤਨ ਦਾਤਾ । ਆਪ

੩੩੧
੦੧

ਪਿਤਾ ਆਪ ਮਾਤਾ । ਭਗਤਾਂ ਬਖ਼ਸ਼ੇ ਦਾਤਾਂ । ਸੋਹੰ ਗੁਰਸਿਖ ਈਸ਼ਰ ਸਚਾ ਜਾਤਾ । ਭਗਤ ਜਨਾਂ ਪ੍ਰਭ ਦਰਸ ਵੱਡਾ ਜਗ ਨਾਤਾ । ਦੇਵੇ ਦਰਸ ਪਰਗਟ ਹੋ ਪ੍ਰਭ ਪੁਰਖ ਬਿਧਾਤਾ । ਆਪਣੇ ਰੰਗ ਰਵੇ ਪ੍ਰਭ ਰੰਗ ਰਾਤਾ । ਘਰ ਪਾ ਪ੍ਰਭ ਅਬਿਨਾਸ਼ੀ ਜਗ ਜੀਵਣ ਦਾਤਾ । ਕਲਜੁਗ ਵਿਰਲੇ ਗੁਰਮੁਖ ਪਛਾਤਾ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਸਿਰ ਅੰਤ ਹੱਥ ਟਿਕਾਤਾ । ਅੰਤਕਾਲ ਪ੍ਰਭ ਹੋਏ ਸਹਾਇਕ । ਕਲਜੁਗ ਅਗਨ ਨਾ ਪੋਹੇ ਮਾਇਕ । ਸਾਚਾ ਪਿਤ ਸਾਚਾ ਖਸਮ ਆਪ ਨਾਇਕ । ਸ੍ਰਿਸ਼ਟ ਸਬਾਈ ਆਪ ਦਾਇਕ । ਕਰੇ ਸੋ ਜੋ ਮਨ ਭਾਇਕ । ਭਗਤ ਜਨਾਂ ਹਰਿ ਦਰਸ ਦਿਖਾਇਕ । ਅੰਤਕਾਲ ਜੰਮ ਨੇੜ ਨਾ ਆਇਕ । ਜੋਤ ਸਰੂਪ ਵਿਚ ਬਬਾਣ ਬਿਠਾਇਕ । ਸਚਖੰਡ ਪ੍ਰਭ ਨਿਵਾਸ ਦਵਾਇਕ । ਅੰਤਕਾਲ ਪ੍ਰਭ ਹੋਏ ਸਹਾਇਕ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਭਗਤ ਜਨਾਂ ਅੰਤ ਕਾਲ ਹੋਏ ਸਹਾਇਕ । ਭਗਤ ਜਨਾਂ ਸੂਝੇ ਪ੍ਰਭ ਤੇਰਾ ਦਰ । ਊਚ ਅਗੰਮ ਅਥਾਹ, ਪ੍ਰਭ ਤੇਰਾ ਘਰ । ਦਿਸੇ ਬੇਪਰਵਾਹ ਅਵਤਾਰ ਸਾਚਾ ਨਰ । ਗੁਰਸਿਖ ਜੋਤ ਮਿਲ ਜਾ, ਅੰਤ ਨਾ ਜਾਏ ਮਰ । ਮਹਾਰਾਜ ਸ਼ੇਰ ਸਿੰਘ ਦੱਸੇ ਸਾਚਾ ਰਾਹ, ਰਸਨਾ ਸਿਮਰੋ ਹਰਿ ਹਰਿ । ਰਸਨਾ ਹਰਿ ਹਰਿ ਗੁਣ ਗਾਓ । ਮੋਹਣ ਮਾਧਵ ਨਿਜ ਮਾਹਿ ਪਾਓ । ਆਦਿ ਅੰਦੇਸਾ ਦੀਸੇ ਸਚ ਰਾਹੋ । ਕਲਜੁਗ ਸੋਹੰ ਸਾਚੀ ਨਾਓ, ਰਸਨਾ ਜਪ ਜੀਵ ਪਾਰ ਪਰਾਓ । ਭਗਤ ਵਛਲ ਪਰਗਟੇ ਪ੍ਰਭ ਚਰਨ ਲੱਗ ਜਾਓ । ਮਾਨਸ ਜਨਮ ਕਲ ਸੁਫਲ ਕਰਾਓ । ਮਿਲ ਸਾਧ ਸੰਗਤ ਰਸਨਾ ਹਰਿ ਗੁਣ ਗਾਓ । ਜਗਨ ਨਾਥ ਗੋਪਾਲ ਮੁਖ ਭਨੀ ਪ੍ਰਭ ਸਾਰੰਗ ਪਾਓ । ਜੋਤ ਪਰਗਟਾਵੇ ਆਪ ਪ੍ਰਭ ਧਨ ਧਨੀ, ਆਤਮ ਤ੍ਰਿਪਤ ਕਰ ਦਰਸ ਮਿਟਾਓ । ਧੰਨ ਧੰਨ ਧੰਨ ਗੁਰਸਿਖ ਜਿਸ ਚਰਨ ਸੰਗ ਬਣੀ, ਸਤਿਜੁਗ ਸਾਚੇ ਭਗਤ ਜਣਾਓ । ਮਹਾਰਾਜ ਸ਼ੇਰ ਸਿੰਘ ਆਇਆ ਘਰ ਕਲ ਗਣੀ, ਅਮਰਾਪਦ ਪਾਓ । ਗੁਰ ਮਿਲ ਅਮਰ ਪਦ ਪਾਓ । ਸਾਚੀ ਜੋਤ ਵਿਚ ਜੋਤ ਮਿਲਾਓ । ਸਚਖੰਡ ਸਾਚਾ ਸਚ ਆਸਣ ਲਾਓ । ਵਿਚ ਚੁਰਾਸੀ ਫਿਰ ਗੇੜ ਨਾ ਪਾਓ । ਪ੍ਰਭ ਅਬਿਨਾਸ਼ੀ ਜੀਵ ਭੁੱਲ ਨਾ ਜਾਓ । ਸ੍ਰਿਸ਼ਟ ਵਿਨਾਸੀ ਕਲਜੁਗ ਭੁੱਲ ਨਾ ਜਾਓ । ਮਹਾਰਾਜ ਸ਼ੇਰ ਸਿੰਘ ਸਰਬ ਦਾਸਨ ਦਾਸੀ, ਕਰੋ ਦਰਸ ਗੁਰਸਿਖ ਡੁੱਲ ਨਾ ਜਾਓ । ਆਤਮ ਦਰਸ ਦੇਵੇ ਪ੍ਰਭ ਗੁਣ ਨਿਧਾਨ । ਕਲਜੁਗ ਪਰਗਟੇ ਵਿਸ਼ਨੂੰ ਭਗਵਾਨ । ਕਲਜੁਗ ਜੀਵ ਭੁੱਲ ਗਏ ਅੰਞਾਣ । ਜਨ ਭਗਤ ਪ੍ਰਭ ਲਏ ਪਛਾਣ । ਭਗਤ ਭਗਵੰਤ ਦੋਏ ਮਿਲ ਇਕ ਹੋ ਜਾਣ । ਨਿਹਕਲੰਕ ਜਾਮਾ ਧਾਰ ਵਿਛੜਿਆਂ ਮੇਲ ਮਿਲਾਣ । ਕਲਜੁਗ ਪਰਗਟ ਨਰ ਅਵਤਾਰ, ਸੋਹੰ ਆਇਆ ਸ਼ਬਦ ਚਲਾਣ । ਘਨਕਪੁਰੀ ਪ੍ਰਭ ਜਾਮਾ ਧਾਰ, ਕਲਜੁਗ ਹੋਏ ਬੈਠਾ ਜੁਗ ਚਾਰ ਪਰਧਾਨ । ਭਗਤ ਜਨਾਂ ਪ੍ਰਭ ਪਾਈ ਸਾਰ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਕਲ ਅਵਤਾਰ । ਜੋਤ ਸਰੂਪ ਜਗਤ ਵਰਤਾਰਾ । ਏਕ ਜੋਤ ਕਰੇ ਜੀਵ ਜੰਤ ਦੇਹ ਵਡਿਆਰਾ । ਕਲਜੁਗ ਪਰਗਟਿਆ ਨਿਹਕਲੰਕ ਨਰ ਅਵਤਾਰਾ । ਗੁਰਮੁਖ ਵਿਰਲੇ ਗੁਰ ਸ਼ਬਦ ਵਿਚਾਰਾ । ਕਰੇ ਦਰਸ ਪ੍ਰਭ ਗੁਰਸਿਖ ਆਤਮ ਦਵਾਰਾ । ਉਤਰੇ ਮਨ ਭੁੱਖ, ਦੇਵੇ ਜੋਤ ਪ੍ਰਭ ਭਗਤ ਭੰਡਾਰਾ । ਸ੍ਰਿਸ਼ਟ ਸਬਾਈ ਭੋਗੇ ਦੁੱਖ, ਨਜ਼ਰ ਨਾ ਆਏ ਪ੍ਰਭ ਗਿਰਧਾਰਾ । ਸੁਫਲ ਕਰਾਈ ਨਾ ਮਾਤ ਕੁੱਖ, ਮਾਨਸ ਜਨਮ ਮੂਰਖ ਮੁਗਧ ਗਵਾਰਾ । ਕਲਜੁਗ ਜੀਵ ਭੁੱਲੇ ਮਦਿ ਮਾਸੀ, ਕੀਆ ਰਸਨ ਆਹਾਰਾ । ਆਤਮ ਮਾਣਕ ਮੋਤੀ ਕਲ ਗਿਆ ਰੁਲ, ਨਜ਼ਰ ਨਾ ਆਇਆ ਪ੍ਰਭ ਸਚ ਭਤਾਰਾ । ਝੂਠੇ ਧੰਦੇ ਲਾਗ, ਕਲਜੁਗ ਡੁੱਬਾ ਸਰਬ ਸੰਸਾਰਾ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਦੇਵੇ ਜਨ ਭਗਤ ਭੰਡਾਰਾ । ਆਕਾਸ਼ ਜੋਤ ਪ੍ਰਭ ਜੋਤ ਤਰਾਏ । ਸਾਚਾ ਮੰਡਲ

ਡਗਮਗਾਏ । ਅਛਲ ਅਡੋਲ ਬੈਠਾ ਇਕ ਹਰਿ ਰਾਏ । ਜੋਤ ਸਰੂਪੀ ਜੋਤ ਪਵਣ ਪਾਣੀ ਅਗਨ ਮੇਂ ਰਿਹਾ ਸਮਾਏ । ਸਾਚਾ ਕਰ ਪਰਕਾਸ਼ ਜੋਤ, ਤੀਨ ਲੋਕ ਮੇਂ ਰਿਹਾ ਸਮਾਏ । ਨੈਣ ਮੁਧਾਰ ਆਪ ਰੰਗ ਹੋਤ, ਪਤਾਲ ਬਾਸ਼ਕ ਬੈਠਾ ਆਸਣ ਲਾਏ । ਕਲਜੁਗ ਜੋਤ ਕਰ ਪਰਕਾਸ਼, ਨਿਹਕਲੰਕ ਮਾਤ ਨਾਮ ਰਖਾਏ । ਨਿਹਕਲੰਕ ਨਰ ਅਵਤਾਰ, ਖੰਡ ਬ੍ਰਹਿਮੰਡ ਦਏ ਉਲਟਾਏ । ਆਪ ਅਭੇਦ ਕੋਈ ਭੇਦ ਨਾ ਜਾਣੇ, ਅੰਤਕਾਲ ਬ੍ਰਹਮਾ ਵਿਚ ਜੋਤ ਮਿਲਾਏ । ਬ੍ਰਹਮਾ ਮਿਟੇ ਵੇਦ ਵੇਦਾਂਤਾ, ਚੌਥੇ ਜੁਗ ਪ੍ਰਭ ਖੇਲ ਰਚਾਏ । ਸਤਿਜੁਗ ਪਰਗਟੇ ਪ੍ਰਭ ਭਗਤ ਗਿਆਤਾ, ਸਿੰਘ ਪਾਲ ਹੱਥ ਸ੍ਰਿਸ਼ਟ ਫੜਾਏ । ਦੇਵੇ ਗਿਆਨ ਆਪ ਗੁਣ ਦਾਤਾ, ਭਗਤ ਜਨਾਂ ਸਿਰ ਹੱਥ ਟਿਕਾਏ । ਧ੍ਰੂ ਅੰਤ ਮਿਟੇ ਧਰਵਾਸ, ਕਲਜੁਗ ਅੰਦਰ ਗਿਆ ਵਕਤ ਚੁਕਾਏ । ਸਾਚਾ ਸਿੱਖ ਕਰੇ ਖੰਡ ਸਚ ਵਾਸ, ਸਵਰਨ ਸਚ ਦਰਬਾਨ ਅਖਵਾਏ । ਜੋਤ ਸਰੂਪੀ ਪ੍ਰਭ ਕਾ ਵਾਸ, ਜਾਂਹ ਦੇਖੋ ਤਾਂਹ ਪ੍ਰਭ ਨਜ਼ਰੀ ਆਏ । ਗੁਰਸਿਖ ਘਾਲ ਪਾਈ ਥਾਏ, ਚੇਤ ਸਿੰਘ ਖੰਡ ਸਚ ਬਹਾਏ । ਅਵਗੁਣ ਬਖ਼ਸ਼ੇ ਪ੍ਰਭ ਗੁਣਤਾਸ ਸਿੱਖ ਪੂਤ ਮਾਨਸ ਜਨਮ ਫੇਰ ਦਵਾਏ । ਗੁਰਚਰਨ ਜਿਸ ਰਖਾਈ ਆਸ, ਅੰਤ ਕਾਲ ਜਮ ਨੇੜ ਨਾ ਆਏ । ਸਤਿਗੁਰ ਪੂਰਾ ਸਦ ਹੈ ਪਾਸ, ਕਲਜੁਗ ਜੀਵ ਪ੍ਰਭ ਭੁੱਲ ਨਾ ਜਾਏ । ਮਹਾਰਾਜ ਸ਼ੇਰ ਸਿੰਘ ਸਦ ਦਾਸਨ ਦਾਸ, ਕਰ ਦਰਸ ਜੀਵ ਆਤਮ ਡੁਲ ਨਾ ਜਾਏ । ਆਤਮ ਨਿਰਮਲ ਜੀਵ ਜੋਤ ਨਿਰਾਲੀ । ਸਚੇ ਸਤਿਗੁਰ ਵਿਚ ਦੇਹ ਸਮਾ ਲੀ । ਕਿਉਂ ਨਾ ਦੀਸੇ ਵਿਚ ਬਨਵਾਲੀ । ਸ੍ਰਿਸ਼ਟ ਸਾਰੀ ਕੂੜੀ ਥੀਸੇ, ਅੰਤਕਾਲ ਨਾ ਕੋਈ ਵਾਲੀ । ਬਿਨ ਪ੍ਰਭ ਅੰਤ ਕੋਈ ਨਾ ਦੀਸੇ, ਅੰਤਕਾਲ ਗੁਰ ਕਰੇ ਰਖਵਾਲੀ । ਸਾਧ ਸੰਗਤ ਗੁਰਚਰਨ ਝੁਕਾਏ ਸੀਸੇ, ਦੀਪਕ ਜੋਤ ਜਿਨ ਦੇਹ ਵਿਚ ਬਾਲੀ । ਭਗਤ ਜਨਾਂ ਕਲ ਕਰੇ ਨਾ ਕੋਈ ਰੀਸੇ, ਈਸ਼ਰ ਜੋਤ ਜਿਨ੍ਹਾਂ ਪਰਗਟਾ ਲੀ । ਮਹਾਰਾਜ ਸ਼ੇਰ ਸਿੰਘ ਸਾਚਾ ਪ੍ਰਭ ਦੀਸੇ, ਚਰਨ ਪ੍ਰੀਤ ਜਿਨ੍ਹਾਂ ਲਗਾ ਲੀ । ਗੁਰਚਰਨ ਪ੍ਰੀਤ ਕਰ, ਪ੍ਰਭ ਪਾਇਆ । ਪ੍ਰਭ ਸਾਚਾ ਮਨ ਚੀਤ ਕਰ, ਆਤਮ ਤ੍ਰਿਖਾ ਦੇਹ ਬੁਝਾਇਆ । ਗੁਰ ਸਾਚੀ ਰੀਤ ਕਰ, ਸੋਹੰ ਸ਼ਬਦ ਸਾਚਾ ਰਾਹ ਜਣਾਇਆ । ਗੁਰਸਿਖ ਰਸਨਾ ਜੀਤ ਕਰ, ਨਾਮ ਰਾਗ ਸੋਹੰ ਸਚ ਗਾਇਆ । ਮਹਾਰਾਜ ਸ਼ੇਰ ਸਿੰਘ ਗੁਰਚਰਨ ਪਰਤੀਤ ਕਰ, ਕਲਜੁਗ ਪਰਗਟੇ ਰਘੁਰਾਇਆ । ਕਲਜੁਗ ਵਕਤ ਵਿਹਾ ਗਿਆ, ਫਿਰ ਹੱਥ ਨਾ ਆਵੇ । ਪ੍ਰਭ ਸਾਚਾ ਜੋਤ ਪਰਗਟਾ ਗਿਆ, ਬੇਮੁਖਾਂ ਨਜ਼ਰ ਨਾ ਆਵੇ । ਗੁਰਮੁਖਾਂ ਹਉਮੇ ਰੋਗ ਗਵਾ ਗਿਆ, ਵਿਚ ਸਾਚੀ ਜੋਤ ਜਗਾਵੇ । ਘਰ ਭਗਤਨ ਭੋਗ ਲਗਾ ਗਿਆ, ਕਰੋ ਦਰਸ ਸਾਚੀ ਮਨ ਭਾਵੇ । ਪ੍ਰਭ ਕਲਜੁਗ ਅੰਤ ਕਰਾ ਗਿਆ, ਨਿਹਕਲੰਕ ਨਾਉਂ ਰਖਾਵੇ । ਕੁੰਟ ਚਾਰ ਹਾਹਾਕਾਰ ਕਰਾ ਗਿਆ, ਮਰੇ ਸ੍ਰਿਸ਼ਟ ਭੁੱਖ ਦੇ ਹਾਵੇ । ਪ੍ਰਭ ਸਾਚਾ ਸੋਗ ਰੋਗ ਲਗਾ ਗਿਆ, ਜੋਤ ਸਰੂਪੀ ਸ੍ਰਿਸ਼ਟ ਜਲਾਵੇ । ਪ੍ਰਭ ਜੋਤੀ ਜੋਤ ਪਰਗਟਾ ਗਿਆ, ਸਿੱਖ ਦੇਹ ਵਿਚ ਸਮਾਵੇ । ਪ੍ਰਭ ਕਲਜੁਗ ਜੀਵ ਛਲਾ ਗਿਆ, ਜੇ ਕੋਏ ਵੇਖੇ ਨਜ਼ਰ ਨਾ ਆਵੇ । ਪ੍ਰਭ ਸਾਚਾ ਸ਼ਬਦ ਚਲਾ ਗਿਆ, ਸੋਹੰ ਸਾਚਾ ਨਾਉਂ ਚਲਾਵੇ । ਪ੍ਰਭ ਭਗਤਾਂ ਰਾਹ ਦਸਾ ਗਿਆ, ਬੈਠ ਸਿੰਘ ਆਸਣ ਡੇਰਾ ਲਾਵੇ । ਬੇਮੁਖ ਜਨਮ ਗਵਾ ਗਿਆ, ਨਿੰਦਕ ਦੁਸ਼ਟ ਦੁਰਾਚਾਰ ਜਗਤ ਅਖਵਾਵੇ । ਕਲਜੁਗ ਪਰਗਟ ਨਰਕ ਨਿਵਾਸ ਦਵਾ ਗਿਆ, ਮਦਿ ਮਾਸ ਜੋ ਜੀਵ ਰਸਨਾ ਲਾਵੇ । ਸਤਿਗੁਰ ਸਾਚਾ ਸਤਿਜੁਗ ਲਾ ਗਿਆ, ਬੈਠ ਅਡੋਲ ਜਗਤ ਡੁਲਾਵੇ । ਮਹਾਰਾਜ ਸ਼ੇਰ ਸਿੰਘ ਦਰ ਜੋ ਜਨ ਆ ਗਿਆ, ਦੇ ਦਰਸ ਪਾਰ ਕਰਾਵੇ । ਪਾਰ ਕਰੇ ਕਲ ਪਾਰਾਵਾਰ । ਸਤਿਜੁਗ ਲਾਵੇ ਸਤਿ ਕਰਤਾਰ । ਸਤਿਜੁਗ ਜੀਵ ਗੁਰਚਰਨ ਪਿਆਰ । ਵਸੇ ਪਾਰਬ੍ਰਹਮ ਵਿਚ ਆਤਮ ਨਿਰਾਹਾਰ ।

੩੩੩
੦੧

ਸੁਫਲ ਜਨਮ ਜਿਨ ਮਿਲਿਆ ਪ੍ਰਭ ਗਿਰਧਾਰ । ਸੋਹੰ ਸ਼ਬਦ ਸਤਿਜੁਗ ਹੋਵੇ ਜੀਵ ਅਧਾਰ । ਮਹਾਰਾਜ ਸ਼ੇਰ ਸਿੰਘ ਚਰਨ ਲਾਗ, ਸਰਬ ਜੀਵ ਉਧਰੇ ਪਾਰ । ਸਰਨ ਪੜੇ ਜੋ ਜਨ ਆਏ । ਸਚ ਸਾਖੀ ਪ੍ਰਭ ਦਰਸ ਜਾਮ ਪਿਲਾਏ । ਆਤਮ ਤ੍ਰਿਖਾ ਦੇ ਬੁਝਾਈ, ਦਰਸ ਸਵਾਂਤੀ ਬੂੰਦ ਕਵਲ ਮੇਂ ਪਾਏ । ਮਹਾਰਾਜ ਸ਼ੇਰ ਸਿੰਘ ਆਤਮ ਜੋਤ, ਸੋਹੰ ਸ਼ਬਦ ਸੰਗ ਜਗਾਏ । ਨਿਰਮਲ ਦੀਆ ਨਿਰਮਲ ਜੋਤ ਬਾਤੀ । ਬੁਝੇ ਨਾ ਦਿਵਸ ਰਾਤੀ । ਜਗੇ ਅਡੋਲ ਵਿਚ ਦੇਹ ਇਕਾਂਤੀ । ਮਹਾਰਾਜ ਸ਼ੇਰ ਸਿੰਘ ਦੇਵੇ ਦਾਤ, ਭਗਤ ਜਨਾਂ ਵਡ ਦਾਤੀ । ਜਿਤ ਮਿਲੀਏ ਸੁੱਖ ਪਾਈਏ, ਜੀਵ ਭੁੱਲ ਨਾ ਜਾਏ । ਜਿਤ ਮਿਲੀਏ ਅੰਮ੍ਰਿਤ ਬੂੰਦ ਮੁਖ ਚਵਾਏ, ਕਲ ਰੁਲ ਨਾ ਜਾਈਏ । ਜਿਤ ਮਿਲ ਆਤਮ ਤ੍ਰਿਪਤਾਏ, ਪੀ ਅੰਮ੍ਰਿਤ ਕਲ ਭੁਲ ਨਾ ਜਾਈਏ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ, ਕਰ ਪ੍ਰੀਤ ਚਰਨ ਮਿਲ ਜਾਈਏ ।

❊ ੫ ਵਿਸਾਖ ੨੦੦੮ ਬਿਕ੍ਰਮੀ ਰਣਜੀਤ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ❊

ਰੰਕਾਂ ਆਇਆ ਪ੍ਰਭ ਪੁਕਾਰ ਸੁਣ । ਕਲਜੁਗ ਤਰਾਇਆ ਗੁਰਸਿਖਾਂ ਪ੍ਰਭ ਚੁਣ ਚੁਣ । ਸੋਹੰ ਸ਼ਬਦ ਵਜਾਇਆ ਮਨ ਤਨ ਧੁਨ । ਆਤਮ ਖੋਲ੍ਹ ਵਖਾਇਆ ਮਨ ਸੁਨ ਸੁਨ । ਚਰਨ ਆਏ ਪ੍ਰਭ ਨਾ ਜਤਾਇਆ ਗੁਣ ਅਵਗੁਣ । ਗੁਰਸਿਖ ਸਬਾਇਆ, ਕਲਜੁਗ ਜਿਉਂ ਆਟੇ ਲੁਣ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ, ਸਾਧ ਸੰਗਤ ਸ਼ਬਦ ਸੋਹੰ ਰੁਣ ਝੁਨ । ਸੋਹੰ ਧੁਨ ਸਰਬ ਜਨ ਲੋੜੇ । ਨਾਮ ਗਿਆਨ ਧਿਆਨ ਗੁਰਚਰਨ ਸੰਗ ਜੋੜੇ । ਬੇਮੁਖ ਕਲਜੁਗ ਮੂਲ ਆਪਣਾ ਰੋੜ੍ਹੇ । ਗੁਰਮੁਖ ਨਿਰਮਲ ਦਰਸ ਪ੍ਰਭ ਕਾ ਲੋੜੇ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਚਾਰ ਕੁੰਟ ਦੌੜਾਏ ਘੋੜੇ । ਚਾਰ ਕੁੰਟ ਚਲੇ ਪ੍ਰਭ ਕੀ ਚਾਲ । ਸ੍ਰਿਸ਼ਟ ਸਬਾਈ ਹੋਈ ਬੇਹਾਲ । ਨਜ਼ਰ ਨਾ ਆਵੇ ਭਗਤ ਰਖਵਾਲ । ਜੁਗੋ ਜੁਗ ਪ੍ਰਭ ਸਾਚੇ ਕੀ ਨਿਰਾਲੀ ਚਾਲ । ਭਗਤ ਜਨਾਂ ਪ੍ਰਭ ਬਿਰਦ ਲਏ ਸੰਭਾਲ । ਮਹਾਰਾਜ ਸ਼ੇਰ ਸਿੰਘ ਕਲਜੁਗ ਭਏ ਪ੍ਰਿਤਪਾਲ । ਕਲਜੁਗ ਭਰਮ ਜੀਵ ਭਰਮਾਇਆ । ਕਲਜੁਗ ਧਰਮ ਅੰਤ ਆਣ ਭੁਲਾਇਆ । ਕਲਜੁਗ ਕਰਮ ਪ੍ਰਭ ਆਪ ਲਿਖਾਇਆ । ਕਲਜੁਗ ਵਰਮ ਸੋਹੰ ਬਾਣ ਜਗ ਲਾਇਆ । ਕਲਜੁਗ ਨਰਮ ਸੋਹੰ ਗਿਆਨ ਦੇ ਸੁਖ ਕਰਾਇਆ । ਮਹਾਰਾਜ ਸ਼ੇਰ ਸਿੰਘ ਗੁਰਮੁਖਾਂ ਉਜਲ ਵਿਚ ਜਗਤ ਕਰਾਇਆ । ਜੁਗਤ ਜਗਤ ਪ੍ਰਭ ਆਪ ਬਣਾਵੇ । ਸਰਬ ਜੀਵ ਪ੍ਰਭ ਵਿਚ ਸਮਾਵੇ । ਭਗਤ ਜਨਾਂ ਹਰਿ ਪੈਜ ਰਖਾਵੇ । ਕਲਜੁਗ ਜਾਮਾ ਧਾਰ, ਅੰਧ ਅੰਧਿਆਰ ਸਿਰ ਹੱਥ ਟਿਕਾਵੇ । ਮੂਰਖ ਮੁਗਧ ਗਵਾਰ ਜਨਮ ਗਏ ਹਾਰ, ਪ੍ਰਭ ਨਜ਼ਰ ਨਾ ਆਵੇ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਗੁਰਸਿਖ ਕਰਮ ਵਿਚਾਰ, ਕਰ ਕਿਰਪਾ ਪਾਰ ਲੰਘਾਵੇ । ਕਿਰਪਾ ਕਰੇ ਪ੍ਰਭ ਗੁਣਵੰਤ । ਗੁਰਮੁਖ ਨਿਰਮਲ ਉਤਮ ਸੰਤ । ਪ੍ਰਭ ਕਾ ਭਾਣਾ ਸਰਬ ਵਰਤੰਤ । ਕੋਈ ਰਹੇ ਨਾ ਰਾਜਾ ਰਾਣਾ, ਦੁੱਖੀ ਬਿਲਲਾਇਨ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਵਿਟਹੁ ਕੁਰਬਾਨੀ, ਕਲਜੁਗ ਮਾਇਆ ਪਾਈ ਬੇਅੰਤ । ਕਲਜੁਗ ਦੁੱਖੀਆਂ ਦੁੱਖ ਵਿਆਪੇ । ਅੰਤਕਾਲ ਕਲ ਘਰ ਘਰ ਹੋਏ ਸਿਆਪੇ । ਭਗਤ ਜਨਾਂ ਪ੍ਰਭ ਹਾਜ਼ਰ ਹਜ਼ੂਰ ਖੜ੍ਹਾ ਜਾਪੇ । ਰਾਖੇ ਲਾਜ ਜਿਉਂ ਬਾਲਕ ਮਾਪੇ । ਸਾਚਾ ਸਾਹਿਬ ਸਤਿਜੁਗ ਹੋਵੇ ਵਡ ਪਰਤਾਪੇ । ਨਿਹਕਲੰਕ ਨਰ ਅਵਤਾਰ, ਕੋਈ ਨਾ ਜੀਵ ਧੀਰ ਧਰਾਪੇ । ਮਹਾਰਾਜ ਸ਼ੇਰ ਸਿੰਘ ਕੋਈ ਨਾ ਜਾਣੇ ਸਾਰ, ਆਪਣੀ ਵਡਿਆਈ ਜਾਣੇ

ਆਪੇ । ਵੱਡਾ ਪ੍ਰਭ ਗੁਣ ਨਿਧ ਦਾਤਾ । ਗੁਰਮੁਖ ਵਿਰਲੇ ਕਲਜੁਗ ਪਛਾਤਾ । ਸੋਹੰ ਸ਼ਬਦ ਦੇਵੇ ਪ੍ਰਭ ਆਪ ਰੰਗ ਰਾਤਾ । ਹੋਵੇ ਬ੍ਰਹਮ ਗਿਆਨ ਕਲਜੁਗ ਗਿਆਤਾ । ਮਹਾਰਾਜ ਸ਼ੇਰ ਸਿੰਘ ਚਰਨ ਕਵਲ ਧਿਆਨ, ਸੋਹੰ ਨਾਉਂ ਸਤਿ ਪੁਰਖਾ ਦਾਤਾ । ਸੋਹੰ ਦਾਤ ਗੁਰਦਰ ਤੇ ਪਾਈ । ਆਤਮ ਰਾਸ ਗੁਰਚਰਨ ਸੰਗ ਬਣ ਆਈ । ਸਾਧ ਸੰਗਤ ਗੁਰਚਰਨ ਨਿਵਾਸ, ਅੰਤਕਾਲ ਜੰਮ ਡੰਡ ਨਾ ਖਾਈ । ਜਨ ਸੋਹਨ ਤੇਰੇ ਪਾਸ, ਸਾਚਾ ਨਾਉਂ ਤੇਰਾ ਜਸ ਗਾਈ । ਭਗਤ ਵਛਲ ਕਰੇ ਵਿਚ ਵਾਸ, ਕਲਜੁਗ ਦੇਵੇ ਭਗਤ ਵਡਿਆਈ । ਮਹਾਰਾਜ ਸ਼ੇਰ ਸਿੰਘ ਸਦ ਬਲ ਜਾਸ, ਜੋਤ ਸਰੂਪ ਕਲ ਹੋਏ ਸਹਾਈ । ਜੋਤ ਸਰੂਪ ਜਗਤ ਨਾ ਜਾਤਾ । ਕਰਮ ਕਰੰਤਾ ਪੁਰਖ ਬਿਧਾਤਾ । ਸਰਬ ਰਹੰਤਾ ਝੂਠਾ ਜਗਤ ਨਾਤਾ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟਿਆ ਭਗਤ ਜਨਾਂ ਗੁਣ ਦਾਤਾ । ਰਸਨਾ ਜਪੋ ਹਰਿ ਗੋਬਿੰਦ । ਦੁੱਖ ਵਿਨਾਸੇ ਉਤਰੇ ਮਨ ਕੀ ਚਿੰਦ । ਜਨ ਭਗਤ ਕਰ ਸਾਚੀ ਬਿੰਦ । ਬੇਮੁਖ ਡੁੱਬੇ ਕਰ ਪ੍ਰਭ ਕੀ ਨਿੰਦ । ਨਿਹਕਲੰਕ ਕਲ ਆਇਆ ਸਦ ਬਖ਼ਸ਼ਿੰਦ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਪਰਗਟੇ ਵਿਚ ਹਿੰਦ । ਹਿੰਦ ਹਿੰਦਵੈਣ ਵੇਖੇ ਹਰਿ ਕਾ ਦਵਾਰ । ਜੋਤ ਜਗਾਏ ਪ੍ਰਭ ਅਪਰ ਅਪਾਰ । ਗੰਗਾ ਗੋਦਾਵਰੀ ਗੁਰਚਰਨ ਦਵਾਰ । ਪੀ ਅੰਮ੍ਰਿਤ ਸਤਿਜੁਗ ਜੀਵ ਉਤਰੇ ਪਾਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਭਇਓ ਅਵਤਾਰ । ਨਰਾਇਣ ਬਦਰੀ ਹਟਾਵੇ ਪੂਜਾ । ਏਕ ਪ੍ਰਭ ਪਰਗਟੇ ਕੋਈ ਰਹੇ ਨਾ ਦੂਜਾ । ਗੁਰਮੁਖ ਭਗਤ ਪਿਆਰਿਆਂ ਘਰ ਸਾਚਾ ਸੂਝਾ । ਕਰ ਦਰਸ ਮੁਰਾਰਿਆ, ਤਨ ਮਨ ਗੁਰਚਰਨ ਸੰਗ ਲੂਝਾ । ਮਹਾਰਾਜ ਸ਼ੇਰ ਸਿੰਘ ਦੇਵੇ ਸ਼ਬਦ ਧੁਨਕਾਰਿਆ, ਆਤਮ ਭੇਤ ਖੁਲ੍ਹਾਵੇ ਗੂਝਾ । ਹਰਿ ਦਵਾਰ ਜਿਥੇ ਹਰਿ ਵਸੇ । ਦੁਸ਼ਟ ਦੁਰਾਚਾਰ ਕਰ ਦਰਸ ਪ੍ਰਭ ਕਾ ਨੱਸੇ । ਸਾਧ ਸੰਗਤ ਪ੍ਰਭ ਹਿਰਦੇ ਵਸੇ । ਆਤਮ ਪਰਕਾਸ਼ ਜਿਉਂ ਰਵ ਸਸੇ । ਮਹਾਰਾਜ ਸ਼ੇਰ ਸਿੰਘ ਉਚਾ ਦਰ, ਬੇਮੁੱਖਾਂ ਗੁਰਸਿਖ ਦੱਸੇ । ਗੁਰਸਿਖਾਂ ਹਰਿ ਦਰ ਪਾਇਆ । ਆਤਮ ਸੂਝ ਪ੍ਰਭ ਕਰ ਕਿਰਪਾ, ਮਧ ਮਾਧੋ ਦਰਸ ਦਿਖਾਇਆ । ਜੀਵ ਸੁੱਤਾ ਅਨਭੋਲ, ਬਾਂਹੋਂ ਪਕੜ ਪ੍ਰਭ ਆਣ ਉਠਾਇਆ । ਕਲਜੁਗ ਜਾਈ ਨਾ ਡੋਲ, ਸਾਚਾ ਸਾਹਿਬ ਹੋਏ ਸਹਾਇਆ । ਸਚਾ ਸਤਿਗੁਰ ਵਸੇ ਕੋਲ, ਸਾਧ ਸੰਗਤ ਪ੍ਰਭ ਵਿਚ ਬਹਾਇਆ । ਭਗਤ ਜਨਾਂ ਦੇਵੇ ਪੜਦੇ ਖੋਲ੍ਹ, ਬੇਮੁਖਾਂ ਕਲ ਨਜ਼ਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਨਾ ਮਾਰੇ ਅਨਭੋਲ, ਸੋਹੰ ਸ਼ਬਦ ਡੰਕ ਲਗਾਇਆ । ਸੋਹੰ ਸ਼ਬਦ ਸੁਣ ਕਲਜੁਗ ਜੀਵ ਅੰਧੇ । ਕਲਜੁਗ ਝੂਠੀ ਮਾਇਆ ਝੂਠੇ ਜਗ ਧੰਦੇ । ਚਰਨ ਲਾਗ ਮਿਲੇ ਵਡਿਆਈ, ਕਰ ਦਰਸ ਪਰਗਟੇ ਪ੍ਰਭ ਮੁਕੰਦੇ । ਅੰਤਕਾਲ ਹੋਏ ਸਹਾਈ, ਜਮ ਕਾਲ ਪ੍ਰਭ ਤੋੜੇ ਫੰਦੇ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਈ, ਜੋ ਜਨ ਆਏ ਸਰਨ ਲਗੰਦੇ । ਕਰਨ ਕਰਾਵਣਹਾਰ ਆਪ ਪ੍ਰਭ ਕਰਤ । ਵਰਤ ਵਰਤਾਵਣਹਾਰ, ਪ੍ਰਭ ਭਾਣਾ ਜਾਏ ਵਰਤ । ਰੁਵਾਵੇ ਰੁਵਾਵਣਹਾਰ, ਪ੍ਰਭ ਮਾਤਾ ਧਰਤ । ਖਪਾਵੇ ਖਪਾਵਣਹਾਰ, ਸ੍ਰਿਸ਼ਟ ਸਬਾਈ ਹੋਏ ਮਰਤ । ਮਹਾਰਾਜ ਸ਼ੇਰ ਸਿੰਘ ਰਸਨਾ ਜਗ ਗਾਈ, ਕਲਜੁਗ ਜੀਵ ਨਾ ਆਵੇ ਪਰਤ । ਰਸਨਾ ਗਾਓ ਪ੍ਰਭ ਭੇਖਧਾਰੀ । ਰਾਖੇ ਲਾਜ ਪਰਗਟ ਜੋਤ ਤੁਮਾਰੀ । ਸਚ ਸਮਗਰੀ ਪ੍ਰਭ ਜੋਤ, ਝੂਠੀ ਸ੍ਰਿਸ਼ਟ ਪਸਰ ਪਸਾਰੀ । ਮਹਾਰਾਜ ਸ਼ੇਰ ਸਿੰਘ ਕਰੇ ਸੋਤ, ਕਲਜੁਗ ਪਰਗਟ ਸਾਚਾ ਦਰਬਾਰੀ । ਸਾਚਾ ਦਰ ਸਚਾ ਦਰਬਾਰਾ । ਜੋਤ ਪਰਗਟਾਵੇ ਸਚ ਸਿਰਜਣਹਾਰਾ । ਪਾਰ ਲੰਘਾਵੇ ਦੇ ਦਰਸ ਅਪਾਰਾ । ਬੇਮੁਖ ਕਲ ਨਗਨ ਫਿਰਾਵੇ, ਕਰਨ ਹਾਹਾਕਾਰਾ । ਗੁਰਸਿਖਾਂ ਸਿਰ ਛਤਰ ਝੁਲਾਵੇ, ਜਸ ਹੋਵੇ ਵਡ ਭਾਰਾ । ਨਿੰਦਕ ਦੁਸ਼ਟ ਦੁਰਾਚਾਰ ਦਰ ਆਏ ਝੱਖ ਮਾਰਾ । ਗੁਰਸਿਖ ਗੁਰ

ਵਿਚਾਰ ਚਰਨ ਕਰੇ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਪਰਗਟਿਆ ਕਲ ਸਚ ਅਵਤਾਰਾ । ਕਲਜੁਗ ਧਰੀ ਜੋਤ ਜਗ ਦਾਨ ਦਹਿੰਦਾ । ਗੁਰਚਰਨ ਜੋ ਜਨ ਜਾਏ ਲਗ, ਪ੍ਰਭ ਭਏ ਬਖ਼ਸ਼ਿੰਦਾ । ਬੇਮੁਖਾਂ ਲੱਗ ਜਾਏ ਅੱਗ, ਸੋਹੰ ਨਾਉਂ ਸਰਵਣ ਸੁਣਿੰਦਾ । ਵਾਂਗ ਅੰਗਿਆਰ ਆਤਮ ਜਾਏ ਦਗ, ਅਗਨ ਜੋਤ ਪ੍ਰਭ ਆਪ ਲਗਿੰਦਾ । ਭਗਤ ਜਨ ਦੇਵੇ ਆਤਮ ਰੰਗ, ਸੋਹੰ ਸ਼ਬਦ ਗੁਣ ਗੋਬਿੰਦਾ । ਮਹਾਰਾਜ ਸ਼ੇਰ ਸਿੰਘ ਕਲ ਤਾਰੇ ਝੱਬ, ਜੋ ਜਨ ਆਏ ਸਰਨ ਪਵਿੰਦਾ । ਸਰਨ ਪੜੇ ਹੋਏ ਨਿਰਮਾਨ । ਹੰਕਾਰ ਨਿਵਾਰੇ ਪ੍ਰਭ ਮਾਰੇ ਸੋਹੰ ਬਾਣ । ਗੁਰਸਿਖ ਤਾਰੇ ਕਲ ਆਪ ਪਛਾਣ । ਵਾਲੀ ਹੋਵੇ ਵਿਚ ਦੋ ਜਹਾਨ । ਏਥੇ ਓਥੇ ਕਰਮ ਪਵੇ ਨੀਸਾਨ । ਸਾਚੀ ਦਰਗਾਹ ਸਚ ਦੇਵੇ ਪਰਮਾਣ । ਗੁਰਮੁਖ ਸਾਚੇ ਜੋਤ ਸਰੂਪ ਜੋਤ ਮਿਲ ਜਾਣ । ਨਾਮ ਰੰਗਰਾਤੇ ਮੁਖ ਉਜਲ ਕਰ ਜਾਣ । ਮਿਲੇ ਪੁਰਖ ਬਿਧਾਤੇ, ਵਿਛੜ ਕਦੇ ਨਾ ਜਾਣ । ਸਾਚੇ ਹੋਏ ਗੁਰ ਨਾਤੇ, ਸਚਖੰਡ ਬਿਠਾਏ ਪ੍ਰਭ ਪੂਰੇ ਮਿਹਰਵਾਨ । ਮਹਾਰਾਜ ਸ਼ੇਰ ਸਿੰਘ ਭਗਤ ਜਨ ਜਾਤੇ, ਜਿਨ ਦੇਵੇ ਦਰਸ ਆਪ ਭਗਵਾਨ । ਭਗਵਾਨ ਰੂਪ ਸਚ ਸਰੂਪ । ਜੀਵ ਨਾ ਜਾਣੇ ਪ੍ਰਭ ਕੀ ਮਹਿੰਮਾ ਅਨੂਪ । ਸ਼ਬਦ ਲਿਖਾਏ ਆਪਣਾ ਆਪ ਜਣਾਏ, ਬੇਮੁਖ ਦੀਸੇ ਰੰਗ ਨਾ ਰੂਪ । ਗੁਰਮੁਖ ਤਰਾਏ ਆਤਮ ਸ਼ਾਂਤ ਕਰਾਏ, ਦੇ ਕੇ ਦਰਸ ਪ੍ਰਭ ਸਤਿ ਸਰੂਪ । ਅਨਕ ਬਿਧ ਪ੍ਰਭ ਦੇਵੇ ਦਰਸ । ਗੁਰਸਿਖਾਂ ਮਨ ਤੋੜੇ ਹਰਸ । ਅੰਮ੍ਰਿਤ ਮੇਘ ਆਤਮ ਬਰਸ । ਗੁਰਚਰਨ ਲਾਗ ਜੀਵ ਫੇਰ ਨਾ ਮਰਸ । ਮਹਾਰਾਜ ਸ਼ੇਰ ਸਿੰਘ ਚਰਨ ਲਗਾਇਆ ਕਰ ਨਿਮਾਣਿਆਂ ਤਰਸ । ਕਲਜੁਗ ਪਰਗਟਿਆ ਨਰ ਅਵਤਾਰ । ਰੰਕ ਸ਼ੂਦਰ ਸੰਗ ਕੀਆ ਪਿਆਰ । ਤਖ਼ਤੋਂ ਲਾਹੇ ਵੱਡੇ ਸਿਕਦਾਰ । ਸੋਹੰ ਸ਼ਬਦ ਚਲਾਇਆ ਅਪਾਰ । ਸਰਬ ਸ੍ਰਿਸ਼ਟ ਨੂੰ ਆਈ ਹਾਰ । ਭਗਤ ਜਨਾਂ ਘਰ ਜੈ ਜੈਕਾਰ । ਜਿਥੇ ਵਸੇ ਆਪ ਨਿਰੰਕਾਰ । ਨਿਰਵੈਰ ਨਿਰਾਧਾਰ ਪੈਜ ਰਖਾਈ, ਦੇ ਸ਼ਬਦ ਅਧਾਰ । ਜਨ ਭਗਤ ਤਰਾਏ, ਨਿਹਕਲੰਕ ਪ੍ਰਭ ਲੈ ਅਵਤਾਰ । ਕਲਜੁਗ ਅੰਤ ਖਪਾਏ, ਕਲਜੁਗ ਜੀਵ ਨਾ ਪਾਈ ਸਾਰ । ਸਤਿਜੁਗ ਸਾਚਾ ਪ੍ਰਭ ਦੇ ਲਗਾਈ, ਗੁਰਸਿਖ ਉਤਰੇ ਭਵਜਲ ਪਾਰ । ਸਾਧ ਸੰਗਤ ਮਨ ਪਏ ਵਧਾਈ, ਦਰਸ਼ਨ ਪਾਇਆ ਗੁਰ ਦਰਬਾਰ । ਕਲਜੁਗ ਭੁੱਲੇ ਸਭ ਲੋਕਾਈ, ਭਰਮ ਭੁਲੇਖੇ ਡੁੱਬਾ ਸੰਸਾਰ । ਮਹਾਰਾਜ ਸ਼ੇਰ ਸਿੰਘ ਤੇਰੇ ਨਾਮ ਦੁਹਾਈ, ਚਰਨ ਆਏ ਕਲ ਕਰਦੇ ਪਾਰ । ਨਿਮਾਣਿਆਂ ਪ੍ਰਭ ਹੋ ਰਖਵਾਲਾ । ਤੋੜ ਜੋੜ ਪ੍ਰਭ ਕੰਠ ਮਾਲਾ । ਦੁੱਖੀ ਹੋਏ ਜੀਵ ਬੇਹਾਲਾ । ਆਤਮ ਚੈਨ ਨਾ ਮਿਲੇ ਗੋਪਾਲਾ । ਹੋ ਸਹਾਈ ਮਹਾਰਾਜ ਸ਼ੇਰ ਸਿੰਘ ਦੁੱਖ ਦਰਦ ਮਿਟਾਵਣ ਵਾਲਾ । ਦੁੱਖ ਦੇਹ ਤਨ ਕਰ ਦੂਰ । ਦਾਨ ਬਖ਼ਸ਼ੇ ਜੀਵ ਚਰਨ ਧੂੜ । ਹੱਡ ਮਾਸ ਨਾੜੀ ਪਿੰਜਰ ਟੁੱਟ ਹੋਇਆ ਚੂਰ । ਦੁੱਖਾਂ ਵਰਖਾ ਜਿਉਂ ਨਿੰਮੀ ਭੂਰ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰ, ਦੇਹ ਦੁੱਖ ਕਰ ਜਾਹ ਦੂਰ । ਦੁੱਖ ਕਾਇਆ ਜੀਵ ਬਿਲਲਾਏ । ਦਿਵਸ ਰੈਣ ਚੈਨ ਨਾ ਆਏ । ਭੁੱਲਾ ਈਸ਼ਰ ਜਪ ਕਰੇ ਹਾਏ ਹਾਏ । ਕੱਢ ਹੱਡ ਮਾਸ ਨਾੜੀ ਤਪ, ਸੋਹੰ ਸਾਚਾ ਅੰਮ੍ਰਿਤ ਪਿਲਾਏ । ਮਹਾਰਾਜ ਸ਼ੇਰ ਸਿੰਘ ਸਭ ਕਿਛ ਤੇਰੇ ਹੱਥ, ਦੁੱਖ ਭੰਜਨ ਦੇਹ ਦੁੱਖੜੇ ਲਾਹੇ ।

ਉਠ ਜੀਵ ਕਲ ਸੋਇਆ ਜਾਗ । ਸੋਹੰ ਸ਼ਬਦ ਸੁਣ ਮਨ ਭਏ ਵੈਰਾਗ । ਮਿਲ ਸਾਧ ਸੰਗਤ ਹੋਏ ਪੂਰਨ ਭਾਗ । ਕਰ ਦਰਸ ਪ੍ਰਭ ਗੁਰਚਰਨ ਲਾਗ । ਕਲਜੁਗ ਕੂੜ ਕੁਟੰਬੜਾ, ਗੁਰਸਿਖ ਨਾ ਲਾਗੇ ਦਾਗ਼ । ਬੇਮੁਖ ਸਰਬ ਭਸਮੰਦੜਾ, ਗੁਰਸਿਖਾਂ ਹੱਥ ਪ੍ਰਭ ਵਾਗ । ਸਿੰਘ ਸਿੰਘਾਸਣ ਸੁਹਾਇਆ, ਜਿਉਂ ਪਤਾਲ ਉਪਰ ਬਾਸ਼ਕ ਨਾਗ । ਸਾਚਾ ਸ਼ਬਦ ਲਿਖਾਇਆ, ਮਹਾਰਾਜ ਸ਼ੇਰ ਸਿੰਘ ਸੋਹੰ ਰਾਗ । ਰਾਗ ਰੰਗੀਲਾ ਧੁਨ ਬੈਣ । ਗੁਰਮੁਖ ਰਸ ਕਲ ਵਿਰਲੇ ਲੈਣ । ਛੱਡ ਸ੍ਰਿਸ਼ਟ ਵਿਚ ਸਾਧ ਸੰਗਤ ਬਹਿਣ । ਸਾਧ ਸੰਗਤ ਕਲ ਜਿਉਂ ਭਾਈ ਭੈਣ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਵਡ ਸਾਕ ਸੈਣ । ਮਾਤ ਪਿਤ ਭਗਤ ਜਨ ਪ੍ਰਭ । ਪਰਗਟ ਕਲ ਮੇਲ ਮਿਲਾਏ ਝੱਬ । ਦਰਸ ਦਿਖਾਵੇ ਪ੍ਰਭ ਗੁਰਸਿਖ ਲੱਭ । ਮਹਾਰਾਜ ਸ਼ੇਰ ਸਿੰਘ ਬੇਮੁਖ ਸਹਿਣ ਨਾ ਜੋਤ ਸਰੂਪੀ ਦੱਬ । ਜੋਤ ਸਰੂਪ ਜੋਤ ਵਿਚ ਰਹਿਣਾ । ਕਲਜੁਗ ਕਰਮ ਕਰ ਕੁਕਰਮ ਫਲ ਲੈਣਾ । ਸਾਚਾ ਸਤਿਗੁਰ ਅੰਤਕਾਲ ਗੁਰਸਿਖ ਪੇਖਣ ਨੈਣਾਂ । ਮਹਾਰਾਜ ਸ਼ੇਰ ਸਿੰਘ ਉਲਟੀ ਸ੍ਰਿਸ਼ਟ ਵਹਾਏ ਵਿਚ ਵਹਿਣਾ । ਵਾਉ ਵੇਲਾ ਕੋਈ ਜਾਣੇ ਗੁਰਮੁਖ ਭਗਤ ਸੁਹੇਲਾ । ਬੇਮੁਖ ਕਲਜੁਗ ਧੱਕ ਧਕੇਲਾ । ਸ਼ੌਹ ਦਰਿਆਏ ਬੇੜਾ ਪ੍ਰਭ ਠੇਲਾ । ਕਰਮ ਵਿਚਾਰ ਗੁਰਸਿਖਾਂ ਪ੍ਰਭ ਮੇਲ ਮੇਲਾ । ਕਲਜੁਗ ਲੈ ਅਵਤਾਰ ਅਚਰਜ ਖੇਲ ਆਪ ਪ੍ਰਭ ਖੇਲਾ । ਨਿਹਕਲੰਕ ਇਕ ਜੋਤ ਆਧਾਰ, ਕਲ ਅੰਤ ਲਿਆਵੇ ਵੇਲਾ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਸਦਾ ਸੰਗ ਸੁਹੇਲਾ । ਸਦ ਮਿਲੇ ਪ੍ਰਭ ਸਚ ਮਿਹਰਵਾਨ । ਆਏ ਦਰ ਘਰ ਸਚ ਹੋਏ ਪਰਵਾਨ । ਪਾਵੇ ਵਰ ਲੈ ਸੋਹੰ ਦਾਨ । ਉਧਰੇ ਨਰ ਮਿਲ ਵਿਸ਼ਨੂੰ ਭਗਵਾਨ । ਗੁਰਸਿਖ ਨਾ ਡਰ, ਰੱਖੇ ਲਾਜ ਵਾਲੀ ਦੋ ਜਹਾਨ । ਕਲਜੁਗ ਤਰ ਮਿਲੇ ਪ੍ਰਭ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਕੋਏ ਨਾ ਜਾਣੇ ਪਰਗਟਿਆ ਗੁਣ ਨਿਧਾਨ । ਗੁਣਵੰਤ ਆਪ ਗੁਰਦੇਵ । ਆਦਿ ਅੰਤ ਜਨ ਭਗਤ ਕਰਾਏ ਸੇਵ । ਜੋਤ ਸਰੂਪ ਅਗੰਮ ਨਿਹਕੇਵ । ਮੂਰਖ ਮੁਗਧ ਨਾ ਜਣਾਵੇ ਪ੍ਰਭ ਆਪਣਾ ਭੇਵ । ਭਗਤ ਜਨ ਦਰਸ ਪ੍ਰਭ ਲਿਖੇ ਲਿਖੇਵ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਦਰਸ਼ਨ ਲੋਚੇ ਸਭ ਦੇਵੀ ਦੇਵ । ਦੇਵੀ ਦੇਵ ਪ੍ਰਭ ਦਰਸ ਪਿਆਸੇ । ਨਜ਼ਰ ਨਾ ਆਵੇ ਪ੍ਰਭ ਤੀਨ ਲੋਕ ਵਾਸੇ । ਬੇਮੁਖ ਕਲ ਸਭ ਹੋਏ ਨਾਸੇ । ਸਾਧ ਸੰਤ ਗੁਰ ਚਰਨ ਰਹਿਰਾਸੇ । ਭਗਤ ਜਨ ਦੇ ਦਰਸ ਕਰੇ ਬੰਦ ਖਲਾਸੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਜੀਵ ਤੇਰੇ ਚਰਨ ਭਰਵਾਸੇ । ਚਰਨ ਭਰਵਾਸ ਪ੍ਰਭ ਭਗਤਨ ਕੇਰਾ । ਦੇ ਦਰਸ ਪ੍ਰਭ ਕੀਉ ਨਬੇੜਾ । ਜੋਤ ਜਗਾਈ ਮਿਟਿਆ ਕਲ ਅੰਧੇਰਾ । ਸਦ ਪਰਕਾਸ਼ ਨਾ ਸੰਞ ਸਵੇਰਾ । ਮਹਾਰਾਜ ਸ਼ੇਰ ਸਿੰਘ ਭੇਤ ਮਿਟਾਵੇ ਗੁਰਸਿਖ ਤੇਰਾ ਮੇਰਾ । ਤਾਰੇ ਦਰਸ ਦੇ ਪ੍ਰਭ ਗੁਰਸਿਖ । ਲਿਖੇ ਮਿਟਾਵੇ, ਸਾਚੇ ਲੇਖ ਪ੍ਰਭ ਜਾਏ ਲਿਖ । ਸੋਹੰ ਦੇ ਗਿਆਨ ਆਤਮ ਲਾਹੇ ਵਿਖ । ਜਨ ਭਗਤਾਂ ਚਰਨ ਧਿਆਨ, ਸਤਿਗੁਰ ਸਾਚਾ ਆਵੇ ਦਿਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਇਆ ਕਰਕੇ ਭੇਖ । ਕਰ ਭੇਖ ਪ੍ਰਭ ਜਗਤ ਭੁਲਾਇਆ । ਛੱਡ ਦੇਹ ਜੋਤ ਸਰੂਪ ਸਮਾਇਆ । ਜੋਤ ਸਰੂਪ ਕਲ ਨਿਹਕਲੰਕ ਨਾਂ ਰਖਾਇਆ । ਸਾਚਾ ਸ਼ਬਦ ਜੁਗ ਚਾਰ ਸੋਹੰ ਚਲਾਇਆ । ਮਾਰਗ ਸਚ ਸਤਿਜੁਗ ਪ੍ਰਭ ਚਲਾਇਆ । ਦਰਸ ਦੇ ਗੁਰਸਿਖਾਂ ਪ੍ਰਭ ਪਾਰ ਲੰਘਾਇਆ । ਵਧੇ ਇਕਬਾਲ ਤੇਜ ਸਵਾਇਆ । ਬੇਮੁਖਾਂ ਪ੍ਰਭ ਕਲ ਧੱਕਾ ਲਾਇਆ । ਆਰ ਪਾਰ ਬੇੜਾ ਵਿਚਕਾਰ ਡੁਬਾਇਆ । ਸਾਧ ਸੰਗਤ ਸਿਰ ਹੱਥ ਟਿਕਾਇਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ

ਭਾਣਾ ਕਲ ਵਰਤਾਇਆ । ਪ੍ਰਭ ਭਾਣਾ ਜੀਵ ਨਾ ਜਾਣੇ ਕਲਜੁਗ ਅੰਞਾਣਾ । ਇਕ ਸ਼ਬਦ ਪ੍ਰਭ ਸਚ ਵਖਾਣਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਕਰੇ ਇਕ ਰੰਕ ਰਾਣਾ । ਰਾਓ ਰੰਕ ਇਕ ਪ੍ਰਭ ਕਰਨਾ । ਸਤਿਜੁਗ ਸਾਚਾ ਸਤਿ ਪੁਰਖਾਂ ਵਰਨਾ । ਬੇਮੁਖ ਕਲਜੁਗ ਅੰਤ ਹੋਏ ਮਰਨਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਚਰਨ ਲਾਗ ਗੁਰਮੁਖਾਂ ਤਰਨਾ । ਤਰਨ ਤਾਰਨ ਸਮਰਥ ਜਗਤ ਪ੍ਰਭ ਆਇਆ । ਸੋਹੰ ਦੇ ਕੇ ਵੱਥ, ਭਗਤ ਜਨਾਂ ਹਰਿ ਰਾਗ ਸੁਣਾਇਆ । ਮਹਿੰਮਾ ਆਪਣੀ ਆਪ ਅਕੱਥ, ਸਾਚਾ ਭੇਵ ਪ੍ਰਭ ਆਪ ਖੁਲ੍ਹਾਇਆ । ਬੇਮੁਖਾਂ ਪਾਏ ਨੱਥ, ਰਾਏ ਧਰਮ ਨਰਕ ਨਿਵਾਸ ਦਵਾਇਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਰਥ ਚਾਰ ਕੁੰਟ ਚਲਾਇਆ । ਚਾਰ ਕੁੰਟ ਪ੍ਰਭ ਕਾ ਭੈ । ਮਦਿ ਮਾਸੀ ਕਲ ਕੋਈ ਨਾ ਰਹੈ । ਜੋਤ ਸਰੂਪ ਕਰੇ ਸ੍ਰਿਸ਼ਟ ਥੈ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ ਬੇਮੁਖ ਦੁੱਖ ਅੰਤ ਸਹੈ । ਜਗਤ ਭੁਲਾਵੇ ਪ੍ਰਭ ਭੁਲਾਇਣ । ਸ੍ਰਿਸ਼ਟ ਭੁਲਾਵੇ ਪ੍ਰਭ ਭੁਲਾਇਣ । ਹੱਥ ਨਾ ਆਵੇ ਜੋ ਵਕ਼ਤ ਵਿਹਾਇਣ । ਦਰਸ ਦਿਖਾਵੇ ਪ੍ਰਭ ਨਰਾਇਣ । ਪਕੜ ਉਠਾਵੇ ਵਾਲੀ ਹਿੰਦਵੈਣ । ਦਰਸ ਦਿਖਾਵੇ ਜਾ ਸੁੱਤਿਆਂ ਰੈਣ । ਜੋਤ ਜਗਾਵੇ ਪੇਖੇ ਪ੍ਰਭ ਨੈਣ । ਮਹਾਰਾਜ ਸ਼ੇਰ ਸਿੰਘ ਕਲ ਸੋ ਜਨ ਤਰੇ, ਸੋਹੰ ਨਾਮ ਜੋ ਰਸਨਾ ਲੈਣ । ਵਾਲੀ ਹਿੰਦਵੈਣ ਹਿੰਦ ਕਾ ਰਾਜਾ । ਪਕੜ ਉਠਾਵੇ ਪ੍ਰਭ ਆਪ ਗ਼ਰੀਬ ਨਿਵਾਜ਼ਾ । ਵਖਾਵੇ ਦਰਸ ਜਿਸ ਸਾਜਨ ਸਾਜਾ । ਲਾਗ ਚਰਨ ਕਲ ਪਰਗਟੇ ਮਹਾਰਾਜ ਸ਼ੇਰ ਸਿੰਘ ਵਡ ਰਾਜਨ ਰਾਜਾ । ਸਚ ਰਾਜ ਸਚਾ ਪਾਤਸ਼ਾਹ । ਰੱਖੇ ਲਾਜ ਸਚੀ ਦਰਗਾਹ । ਸੋਹੰ ਸ਼ਬਦ ਸਤਿਜੁਗ ਦਿਖਾਇਆ ਰਾਹ । ਵਾਲੀ ਹਿੰਦ ਭੁੱਲ ਨਾ ਜਾਹ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਬੇਮੁਖਾਂ ਦਿਸੇ ਨਾ । ਵਿਚਾਰ ਵਿਚਾਰ ਵਿਚਾਰ ਵਿਚ ਵਕ਼ਤ ਲੰਘਾਇਆ । ਵੇਦ ਪੁਰਾਨਾਂ ਬਾਹਰਾ ਪ੍ਰਭ ਕਲਜੁਗ ਆਇਆ । ਬਚਨ ਲਿਖਾਇਆ ਸਤਿ ਕਰ, ਨਿਹਕਲੰਕ ਨਾਉਂ ਧਰਾਇਆ । ਜੋਤ ਸਰੂਪ ਸ੍ਰਿਸ਼ਟ ਵਿਚ ਰਚ ਕਰ, ਬੇਮੁਖ ਪੜਦਾ ਪਾਇਆ । ਕਲਜੁਗ ਕੂੜੇ ਨੱਚ ਕਰ, ਅੰਤ ਆਪਣਾ ਆਪ ਗਵਾਇਆ । ਬੇਮੁਖਾਂ ਮਾਇਆ ਅਗਨ ਮੱਚ ਕਰ, ਮਾਨਸ ਜਨਮ ਨਾ ਲੇਖੇ ਲਾਇਆ । ਗੁਰਸਿਖਾਂ ਆਤਮ ਸਚ ਕਰ, ਗੁਰਚਰਨੀਂ ਸੀਸ ਝੁਕਾਇਆ । ਮਹਾਰਾਜ ਸ਼ੇਰ ਸਿੰਘ ਆਪਣੇ ਬੱਚ ਕਰ, ਅੰਤਕਾਲ ਸਿਰ ਹੱਥ ਟਿਕਾਇਆ । ਜਗੀ ਜੋਤ ਨਿਰੰਜਣੀ ਕਲਜੁਗ ਵਗ ਗਈ ਵਾਅ । ਗੁਰਮੁਖਾਂ ਦਰਸ ਪਾਇਆ ਪ੍ਰਭ ਅੰਞਨੀ, ਬੇਮੁਖਾਂ ਲੱਧਾ ਨਾ ਰਾਹ । ਸਚ ਚਰਨ ਧੂੜ ਕਰ ਮੰਜਨੀ, ਕਲ ਅਗਨ ਨਾ ਮਾਰੇ ਭਾਹ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਅਗਨੀ, ਸਭ ਸ੍ਰਿਸ਼ਟ ਕਰੇ ਸਵਾਹ । ਪਰਗਟ ਆਪੇ ਆਪ ਪ੍ਰਭ, ਕਲ ਆਪਣਾ ਆਪ ਛੁਪਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਹਰਿਜਨਾਂ ਦਰਸ ਦਿਖਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਸਾਚਾ ਸ਼ਬਦ ਸੋਹੰ ਚਲਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਜੋਤ ਸਰੂਪ ਖੇਲ ਰਚਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਨਾਉਂ ਨਿਹਕਲੰਕ ਧਰਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਚਾਰ ਕੁੰਟ ਡੰਕ ਲਗਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਆਪਣਾ ਭੇਵ ਕਲ ਅੰਤ ਖੁਲ੍ਹਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਵਾਲੀ ਹਿੰਦ ਫੜ ਤਖ਼ਤ ਹਿਲਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਤਖ਼ਤ ਨਿਵਾਸੀ ਦਿੱਲੀ ਵਾਲੀ ਸਰਨ ਲਗਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਧਾਮ ਕਿਨਾਰੇ ਜਮਨ ਬਣਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਸਚਖੰਡ ਸਚ ਧਰਮ ਸਚ ਛੱਤਰ ਸਿਰ ਝੁਲਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਜੋਤ ਸਰੂਪ ਤੇਜ਼ ਵਖਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਰਾਣਿਆਂ

ਮਹਾਰਾਣਿਆਂ ਦਰਸ ਦਿਖਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਆਪ ਊਚ ਅਗੰਮ ਅਖਵਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਆਪਣਾ ਨਾਉਂ ਆਪ ਰਖਵਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਬੈਠ ਅਡੋਲ ਜਗਤ ਡੁਲਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਚਾਰ ਵਰਨ ਸਿਰ ਚਰਨ ਝੁਕਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਦੂਸਰ ਕੋਏ ਰਹਿਣ ਨਾ ਪਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਸਰਬ ਧਾਮ ਮਾਣ ਗਵਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਆਪਣਾ ਨਾਮ ਉਤਮ ਜਗਤ ਕਰਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਸੋਹੰ ਸ਼ਬਦ ਇਕ ਰਾਗ ਸੁਣਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਚਰਨ ਧਾਮ ਸਚਖੰਡ ਬਣਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਸਾਚੀ ਪੁਰੀ ਨਿਵਾਸ ਦਵਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਆਪਣਾ ਆਪ ਉਪਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਛੱਡ ਦੇਹ ਜੋਤ ਸਰੂਪ ਹੋ ਆਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਮਾਤ ਪਿਤ ਬਿਨ ਨਿਹਕਲੰਕ ਅਖਵਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਗੁਣਵੰਤ ਗੁਣ ਨਿਧਾਨ ਸਤਿਜੁਗ ਲਗਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਗੁਰਸਿਖਾਂ ਸੋਹੰ ਸਾਚਾ ਵਣਜ ਕਰਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਦੇ ਦਰਸ ਜੋਤ ਵਿਚ ਜੋਤ ਮਿਲਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਸਰਨ ਪੜੇ ਦੀ ਲਾਜ ਰਖਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਰਾਓ ਰੰਕ ਇਕ ਕਰਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਨਿੰਦਕ ਦੁਸ਼ਟ ਦੁਰਾਚਾਰ ਕਲ ਅਖਵਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਜੋਤ ਸਰੂਪ ਜਗਤ ਪਵਣ ਡੁਲਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਜੋਤ ਧਰ ਕਲ ਸਚਖੰਡ ਲਗਾਇਆ । ਕਲਜੁਗ ਪਰਗਟ ਆਪ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਨਾਂ ਰਖਾਇਆ । ਧਰਿਆ ਨਾਮ ਬਲੀ ਬਲਵਾਨ । ਦੁਆਪਰ ਉਲਟਾਇਆ ਨਾਂ ਰਖਾਇਆ ਕਾਹਨ । ਕਲਜੁਗ ਆਇਆ ਨਿਹਕਲੰਕ ਜੋਤ ਸਮਾਣ । ਪਾਈ ਮਾਇਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

੩੩੯
੦੧

❊ ੧੦ ਵਿਸਾਖ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ❊

ਜਗਤ ਸਰੂਪ ਕਲ ਹੋਏ ਉਜਿਆਰਾ । ਜਗਾਏ ਜੋਤ ਕੁੰਟ ਚਾਰ ਚਮਤਕਾਰਾ । ਸ਼ਬਦ ਗਿਆਨ ਦੇ ਅਗਿਆਨ ਦੁੱਖ ਨਿਵਾਰਾ । ਆਤਮ ਕਰ ਧਿਆਨ ਵਡ ਹੰਕਾਰ ਪ੍ਰਭ ਮਾਰਾ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਧਰ ਜੋਤ ਜਗਤ ਕੀਆ ਖੁਆਰਾ । ਪਰਗਟ ਜੋਤ ਧਰਤ ਧਨਵੰਤ । ਕਲਜੁਗ ਅੰਤ ਕਰਾਏ ਆਪ ਭਗਵੰਤ । ਦੁਸ਼ਟ ਖਪਾਏ, ਜਨ ਭਗਤ ਤਰਾਏ ਕਲ ਉਤਮ ਸੰਤ । ਪ੍ਰਭ ਬੇਪਰਵਾਹੇ ਸਰਬ ਜੀਵ ਰਹਾਏ, ਖੇਡ ਪ੍ਰਭ ਕਰ ਬੇਅੰਤ । ਕਰੇ ਖੇਲ ਕਲ ਖੇਲਣਹਾਰਾ । ਜੋਤ ਪਵਨ ਪਵਨ ਜੋਤ ਜਗਤ ਦੀਆ ਹੁਲਾਰਾ । ਬੈਠ ਅਡੋਲ ਕਰ ਸਚਾ ਨਿਜ ਥਾਰਾ । ਮਹਾਰਾਜ ਸ਼ੇਰ ਸਿੰਘ ਵਸੇ ਕੋਲ, ਚਰਨੀਂ ਕੀਆ ਜਿਨ ਨਿਮਸਕਾਰਾ । ਪਰਗਟਾਈ ਜੋਤ ਭਗਵਾਨ ਕਲ । ਕਲਜੁਗ ਭਾਵੀ ਨਾ ਜਾਵੇ ਟਲ । ਬੇਮੁਖ ਸਬਾਈ ਜਾਵੇ ਖ਼ਾਕ ਰਲ । ਹੰਕਾਰ ਨਿਵਾਰੀ ਸਭ ਦੇਵੇ ਮਲ । ਦੁਸ਼ਟ ਦੁਰਾਚਾਰੀ ਸੰਗ ਜੋਤ ਜਾਏ ਰਲ । ਸਾਧ ਸੰਗਤ ਦਰ ਸਾਚਾ ਪ੍ਰਭ ਮਲ । ਮਹਾਰਾਜ ਸ਼ੇਰ ਸਿੰਘ ਜੁਗ ਪਲਟਾਵੇ, ਨਾ ਲਾਵੇ ਘੜੀ ਪਲ । ਪ੍ਰਭ ਕਾ ਵਕ਼ਤ ਨਾ ਕੋਈ ਵਿਚਾਰੇ । ਜੁਗੋ ਜੁਗ ਪ੍ਰਭ ਖੇਲ ਨਿਆਰੇ ।

ਜੀਵ ਜੰਤ ਵਹਿ ਜਾਣ ਜਿਉਂ ਜਲ ਧਾਰੇ । ਅਗਨ ਜੋਤ ਜਲੇ ਜਲਾਏ ਜਗਤ ਸਾਰੇ । ਬੈਠੇ ਅਡੋਲ ਪ੍ਰਭ ਆਪ ਨਿਰਾਧਾਰੇ । ਗੁਰਮੁਖ ਸੋਹਣ ਗੁਰਚਰਨ ਦਵਾਰੇ । ਰਾਜ ਹੰਸ ਬੰਸ ਪ੍ਰਭ ਪਾਰ ਉਤਾਰੇ । ਵਾਂਗ ਕੰਸ ਦੁਸ਼ਟ ਪਕੜ ਸੰਘਾਰੇ । ਵਿਸ਼ਨੂੰ ਅੰਸ ਜਨ ਭਗਤ ਪਿਆਰੇ । ਮਹਾਰਾਜ ਸ਼ੇਰ ਸਿੰਘ ਸਿਰ ਛਤਰ ਝੁਲਾਰੇ । ਸਾਚਾ ਪ੍ਰਭ ਸਾਚਾ ਸ਼ਾਹ । ਸਾਚਾ ਸਤਿਜੁਗ ਵਖਾਏ ਰਾਹ । ਅਗੰਮ ਅਗੋਚਰ ਬੇਪਰਵਾਹ । ਸ੍ਰਿਸ਼ਟ ਸਬਾਈ ਏ ਕੀਨੀ ਘਾਹ । ਗੁਰਸਿਖ ਰਸਨਾ ਵਡਿਆਈ ਸਤਿਗੁਰ ਵਾਹ ਵਾਹ । ਜਨਮ ਸੁਫਲ ਸਾਧ ਸੰਗਤ ਮਿਲਣ ਦਾ ਲਾਹ । ਮਹਾਰਾਜ ਸ਼ੇਰ ਸਿੰਘ ਅੰਤਕਾਲ ਪਕੜ ਲੰਘਾਵੇ ਬਾਂਹ । ਬਾਂਹੋਂ ਪਕੜ ਤਰਾਵੇ ਪ੍ਰਭ ਭਗਵੰਤ । ਹੋਏ ਅੰਤ ਸਹਾਏ ਜਿਸ ਉਪਾਏ ਜੰਤ । ਏਕਸ ਬਿਨ ਦੂਸਰ ਕੋਏ ਨਾਹੇ, ਸੋਹੰ ਸਾਚਾ ਸ਼ਬਦ ਚਲਾਏ ਮੰਤ । ਮਹਾਰਾਜ ਸ਼ੇਰ ਸਿੰਘ ਪੂਰਨ ਪਰਮੇਸ਼ਰ, ਕਲ ਪਰਗਟਿਆ ਸਾਚਾ ਕੰਤ । ਸਾਚੀ ਜੋਤ ਨਿਰੰਜਣਾ, ਕਲ ਕੀਆ ਪਰਕਾਸ਼ਾ । ਜੋ ਘੜਿਆ ਸੋ ਭੱਜਣਾ, ਕਾਲ ਅੰਤ ਸਭ ਹੋਏ ਨਾਸਾ । ਸੋਹੰ ਸ਼ਬਦ ਜਗਤ ਡੰਕ ਵੱਜਣਾ, ਗੁਰਸਿਖ ਰਾਖ ਮਨ ਭਰਵਾਸਾ । ਵਡ ਤੀਰਥ ਗੁਰ ਚਰਨ ਮਜਨਾ, ਆਤਮ ਤ੍ਰਿਪਤ ਉਤਰੇ ਪਿਆਸਾ । ਮਹਾਰਾਜ ਸ਼ੇਰ ਸਿੰਘ ਘਰ ਸਾਚੇ ਸਜਣਾ, ਭਗਤ ਜਨਾਂ ਕਰੇ ਬੰਦ ਖੁਲਾਸਾ । ਬੰਧਨ ਤੋੜ ਦੁੱਖ ਨਿਵਾਰੇ । ਸਰਬ ਸੁੱਖ ਗੁਰਚਰਨ ਦਵਾਰੇ । ਦੁਸ਼ਟ ਦੂਤ ਸੰਗ ਸ਼ਬਦ ਪ੍ਰਭ ਮਾਰੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਜੀਵ ਤੇਰੇ ਚਰਨ ਸਹਾਰੇ । ਚਰਨ ਆਸ ਗੁਰਸਿਖ ਲਗਾਏ । ਦੇ ਚਰਨਾਮਿਤ ਪ੍ਰਭ ਆਤਮ ਤ੍ਰਿਪਤ ਕਰਾਏ । ਪ੍ਰਭ ਸਾਚਾ ਮਿੱਤਰ ਆਸਣ ਦੇਹ ਬੈਠਾ ਲਾਈ । ਬੇਮੁਖਾਂ ਜਾਣਾ ਝੂਠ ਚਲਿੱਤਰ, ਪ੍ਰਭ ਕੀ ਜੋਤ ਨਜ਼ਰ ਨਾ ਆਈ । ਮਹਾਰਾਜ ਸ਼ੇਰ ਸਿੰਘ ਜੋਤ ਪਵਿੱਤਰ ਨਿਰੰਜਣ ਜੋਤ ਜਗਤ ਗੁਸਾਂਈ । ਜਗਤ ਗੁਰ ਜਗਤ ਪਿਤ, ਆਪ ਪ੍ਰਭ ਦਾਤਾ ਮਿਲੇ ਕਿਤ । ਜੋ ਜਨ ਜਾਵੇ ਜਗਤ ਜਿਤ । ਪ੍ਰਭ ਹੋਵੇ ਭਗਤ ਭਰਾਤਾ ਸਾਚਾ ਮਿਤ । ਗੁਰਸਿਖ ਸੰਗ ਹਿਤ, ਬਣ ਜਾਏ ਆਪ ਪਿਤ ਮਾਤਾ । ਮਹਾਰਾਜ ਸ਼ੇਰ ਸਿੰਘ ਗੁਰਮੁਖ ਵਿਰਲੇ, ਕਲਜੁਗ ਜਿਨ ਦਰ ਤੇਰਾ ਪਛਾਤਾ । ਪਛਾਣੇ ਦਰ ਸੂਝੇ ਘਰ । ਨਜ਼ਰੀ ਆਵੇ ਅਵਤਾਰ ਨਰ । ਕਲਜੁਗ ਭਏ ਨਾ ਹੋਵੇ ਡਰ । ਸਾਚਾ ਸਾਹਿਬ ਲਿਆ ਵਰ । ਅੰਤਕਾਲ ਜੀਵ ਜਾਏ ਨਾ ਮਰ । ਗੁਰਚਰਨ ਲਾਗ ਗੁਰਸਿਖ ਜਾਏ ਤਰ । ਰਸਨਾ ਜਪ ਸੋਹੰ ਹਰਿ ਹਰਿ । ਭਗਤ ਜਨ ਮਹਾਰਾਜ ਸ਼ੇਰ ਸਿੰਘ ਦਿਖਾਵੇ ਸਾਚਾ ਦਰ । ਸਾਚਾ ਦਰ ਪ੍ਰਭ ਕਾ ਪਾਇਆ । ਦਰ ਦਰਬਾਨ ਹੋ ਗੁਰਮੁਖ ਰਹਿਆ, ਆਵਣ ਜਾਵਣ ਪ੍ਰਭ ਭਰਮ ਮਿਟਾਇਆ । ਜੋਤ ਸਰੂਪ ਵਿਚ ਜੋਤ ਮਿਲਿਆ, ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਉਪਰ ਕਲ ਕੀਨੀ ਦਇਆ । ਗੁਰਸਿਖ ਨਿਰਧਨ, ਸਚਾ ਸਤਿਗੁਰ ਸ਼ਾਹ । ਦੇਵੇ ਨਾਮ ਸਚ ਗੁਰਚਰਨ ਨਿਰਬਾਹ । ਸੋਹੰ ਸ਼ਬਦ ਫਲ ਗੁਰਚਰਨ ਮਿਲੇ ਸਦਾ ਜੀਵ ਖਾਹ । ਮਹਾਰਾਜ ਸ਼ੇਰ ਸਿੰਘ ਕਲਜੁਗ ਸਾਚਾ ਸੋਹੰ ਦਸਾਏ ਰਾਹ । ਹੰਕਾਰੀਆਂ ਹੰਕਾਰ ਨਿਵਾਰ, ਪ੍ਰਭ ਕਲ ਕਰੇ ਖੁਆਰੀ । ਨਿਮਾਣਿਆਂ ਦੇ ਮਾਣ, ਪ੍ਰਭ ਪੈਜ ਆਏ ਸਵਾਰੀ । ਰਾਓ ਰੰਕ ਇਕ ਜਾਣ, ਪ੍ਰਭ ਜੋਤ ਸਰੂਪ ਕੀਨੀ ਦਾਰੀ । ਮਹਾਰਾਜ ਸ਼ੇਰ ਸਿੰਘ ਕਲਜੁਗ ਜੋਤ ਲੱਗੇ ਚੰਗਿਆੜੀ । ਪ੍ਰਭ ਕੀ ਜੋਤ ਬੇਮੁਖਾਂ ਅਗਨ । ਗੁਰਮੁਖ ਪੂਰੇ ਸੰਗ ਜੋਤ ਮਗਨ । ਪ੍ਰਭ ਚਰਨ ਪ੍ਰੀਤੀ ਲੱਗੀ ਮਨ ਸਾਚੀ ਲਗਨ । ਸਤਿਜੁਗ ਦੀਪਕ ਗੁਰਸਿਖ ਮਹਾਰਾਜ ਸ਼ੇਰ ਸਿੰਘ ਜਗਣ ਸੁਹਾਏ ਗਗਨ । ਸੋਹਣ ਸਿਤਾਰੇ, ਜਗੇ ਜੋਤ ਉਪਰ ਨਿਰੰਕਾਰੇ । ਮਾਤ ਵਿਚ ਕਲ ਗੁਰਸਿਖ ਪਿਆਰੇ । ਮਹਾਰਾਜ ਸ਼ੇਰ ਸਿੰਘ ਜਿਨ੍ਹਾਂ ਪਛਾਤਾ, ਚਾਰ ਜੁਗ ਜੀਵ ਜਾਣ ਬਲਿਹਾਰੇ । ਚਾਰ ਜੁਗ ਜੀਵ ਜਸ ਗਾਇਣ । ਸਾਚੀ ਬਾਣੀ ਜਿਸ ਸਿੱਖ ਪ੍ਰਭ ਨਾਮ ਚੜ੍ਹਾਇਣ ।

ਸਾਚਾ ਗੁਰਮੁਖ ਸਚ ਪ੍ਰਭ ਪਾਇਣ । ਭਗਤ ਜਨਾਂ ਸਦ ਸੰਗ ਰਹਾਇਣ । ਵਕ਼ਤ ਵਿਹਾਏ ਪਛੁਤਾਏ ਵਾਲੀ ਹਿੰਦਵੈਣ । ਨਜ਼ਰ ਨਾ ਆਵੇ ਗੁਰ ਸਤਿਗੁਰ ਪੂਰਾ, ਰੋਵੇ ਪਾ ਪਾ ਵੈਣ । ਮਾਇਆ ਪਾ ਜਗਤ ਭੁਲਾਇਆ, ਗੁਰਮੁਖ ਚਰਨ ਲਾਗ ਤਰ ਜਾਇਣ । ਮਹਾਰਾਜ ਸ਼ੇਰ ਸਿੰਘ ਦਰਸ ਦਰ ਪਾਇਆ, ਦੁੱਖੀ ਜੀਵ ਸਭ ਦੁੱਖ ਗਵਾਇਣ । ਦੁੱਖ ਦਰਦ ਦੇ ਜੀਵ ਨਿਵਾਰ । ਕਲਜੁਗ ਆਇਆ ਪ੍ਰਭ ਜਾਮਾ ਧਾਰ । ਊਚੋ ਊਚ ਪ੍ਰਭ ਨਰ ਅਵਤਾਰ । ਤੀਨ ਲੋਕ ਪ੍ਰਭ ਲੇਵੇ ਸਾਰ । ਚਰਨ ਲਾਗ ਨਾ ਹੋਏ ਹਾਰ । ਸੋਹੰ ਸ਼ਬਦ ਸਾਚਾ ਵੇਦ ਵਿਚਾਰ । ਏਕ ਸ਼ਬਦ ਕਰੇ ਕਲਜੁਗ ਪਾਰ । ਸ੍ਰਿਸ਼ਟ ਸਬਾਈ ਹੋਵੇ ਖੁਆਰ । ਸ਼ਬਦ ਵਜਾਏ ਅਨਹਦ ਧੁਨ ਨਾਨਾ ਪਰਕਾਰ । ਭਗਤ ਜਨ ਸੁਣਾਏ, ਟੁੱਟੇ ਨਾ ਤਾਰ । ਚਰਨ ਚਲ ਆਏ, ਮਹਾਰਾਜ ਸ਼ੇਰ ਸਿੰਘ ਪੈਜ ਸਵਾਰ । ਰੱਖ ਪੈਜ ਪ੍ਰਭ ਆਪ ਮੁਰਾਰ । ਦੇ ਦਰਸ ਕਿਰਪਾ ਧਾਰ । ਕਲ ਨਾ ਡੋਬੀ ਵਿਚ ਮੰਝਧਾਰ । ਸੋਹੰ ਸ਼ਬਦ ਲੰਘਾਵੇ ਪਾਰ । ਮਹਾਰਾਜ ਸ਼ੇਰ ਸਿੰਘ ਗੁਰਮੁਖਾਂ ਦੇਵੇ ਕਲਜੁਗ ਤਾਰ । ਭਰਮ ਭੁਲਾਇਆ ਨਾ ਭੁੱਲੇ ਗੁਰਸਿਖ ਪੂਰਾ । ਜਗਤ ਭੁਲਾਇਆ ਨਾ ਭੁੱਲੇ, ਮਿਲਿਆ ਗੁਰ ਸਤਿਗੁਰ ਸੂਰਾ । ਜਗਤ ਹਿਲਾਇਆ ਗੁਰਸਿਖਾਂ ਨਾ ਹਿਲੇ, ਸੋਹੰ ਨਾਮ ਮਨ ਰਹੇ ਸਰੂਰਾ । ਜਗਤ ਭੁਲਾਇਆ ਭਗਤ ਨਾ ਭੁੱਲੇ, ਵਾਜੇ ਧੁਨ ਸ਼ਬਦ ਅਨਹਦ ਤੂਰਾ । ਮਹਾਰਾਜ ਸ਼ੇਰ ਸਿੰਘ ਕਲ ਦਰਸ ਦਿਖਾਇਆ, ਵਡਭਾਗੀ ਪਾਇਆ ਗੁਰ ਸਤਿਗੁਰ ਪੂਰਾ । ਗੁਰਸਿਖ ਸਚ ਸੰਜੋਗ ਪ੍ਰਭ, ਕਲ ਹੋਇਆ ਸੰਜੋਗ । ਆਤਮ ਰਸ ਸਚ ਭੋਗ ਪ੍ਰਭ, ਹੋਰ ਤਿਆਗ ਸਗਲੇ ਭੋਗ । ਹਉਮੇ ਦੇਵੇ ਕੱਢ ਰੋਗ ਪ੍ਰਭ, ਗੁਰਚਰਨ ਕਦੇ ਨਾ ਹੋਏ ਵਿਜੋਗ । ਸੋਹੰ ਨਾਮ ਦੇਵੇ ਜੋਗ ਪ੍ਰਭ, ਹੋਵੇ ਦਰਸ ਜੀਵ ਪ੍ਰਭ ਅਮੋਘ । ਮਹਾਰਾਜ ਸ਼ੇਰ ਸਿੰਘ ਚਰਨ ਲਗਾਇਆ ਲਿਖਿਆ ਲੇਖ ਸਚ ਰਿਹਾ ਸੰਜੋਗ ।

੩੪੧
੦੧

❊ ੧੧ ਵਿਸਾਖ ੨੦੦੮ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹ ਪਿੰਡ ਝਬਾਲ ❊

ਏਕ ਟੇਕ ਗੁਰ ਚਰਨ ਪਿਆਸ । ਕਰ ਦਰਸ ਆਤਮ ਪਰਕਾਸ਼ । ਸਾਧ ਸੰਗਤ ਪ੍ਰਭ ਹੋਏ ਦਾਸ । ਛੱਡ ਖੰਡ ਸਚ ਮਾਤ ਕੀਆ ਵਾਸ । ਗੁਰਸਿਖ ਤਰਾਇਆ ਕਰ ਆਤਮ ਰਾਸ । ਬ੍ਰਹਮ ਸਰੂਪ ਬ੍ਰਹਮ ਜੀਵ ਬਣਾਇਆ, ਜੋਤ ਪਰਗਟਾਈ ਘਰ ਸਿੱਖਨ ਦਾਸ । ਮਹਾਰਾਜ ਸ਼ੇਰ ਸਿੰਘ ਮਿਲੇ ਵਡਿਆਈ, ਚਰਨ ਤੇਰੇ ਜਿਸ ਬਣ ਆਈ ਰਾਸ । ਰਸਨਾ ਜਪ ਜੀਵ ਹਰਿ ਹਰਿ ਹਰਿ ਗੋਬਿੰਦ । ਕਰ ਦਰਸ ਪ੍ਰਭ ਉਤਰੇ ਮਨ ਕੀ ਚਿੰਦ । ਕਲਜੁਗ ਅੰਤ ਚਰਨ ਲੱਗ ਜਾਏ ਵਾਲੀ ਹਿੰਦ । ਬੇਮੁਖ ਨਰਕ ਨਿਵਾਸ ਦਵਾਏ, ਰਸਨਾ ਕਰੇ ਪ੍ਰਭ ਕੀ ਨਿੰਦ । ਨਿਹਕਲੰਕ ਜੋਤ ਪਰਗਟਾਏ, ਘਰ ਗੁਰਸਿਖ ਇੰਦ । ਇੰਦ ਇੰਦਰਾਸਣ ਪ੍ਰਭ ਆਪ ਹਿਲਾਇਆ । ਸ਼ਿਵਲੋਕ ਫੜ ਉਲਟ ਕਰਾਇਆ । ਲੋਕਬ੍ਰਹਮ ਵਿਚ ਚਰਨ ਲਗਾਇਆ । ਸਿੰਘ ਪਾਲ ਸਚ ਤਖ਼ਤ ਬਹਾਇਆ । ਸੁਹਾਇਆ ਥਾਨ ਜਿਥੇ ਪ੍ਰਭ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਸਾਧ ਸੰਗਤ ਮਿਲ ਹਰਿ ਜਸ ਗਾਇਆ । ਕਲਜੁਗ ਜੀਵ ਕਰੇ ਅੰਧਿਆਰ । ਨੈਣ ਨਾ ਦੀਸੇ ਪਰਗਟੇ ਜੋਤ ਮੁਰਾਰ । ਬੇਮੁਖ ਸਾਰੇ ਕੂੜੇ ਠੀਸੇ, ਅੰਤਕਲ ਹੋਏ ਖੁਆਰ । ਗੁਰਸਿਖ ਨਾਮ ਨਿਧਾਨ ਰਸਨਾ ਪੀਸੇ, ਆਤਮ ਹੋਏ ਜੋਤ ਆਧਾਰ । ਮਹਾਰਾਜ ਸ਼ੇਰ ਸਿੰਘ ਗੁਰਮੁਖਾਂ ਦੀਸੇ, ਜਿਨ ਸਾਚਾ ਕੀਆ ਨਾਮ

ਵਪਾਰ । ਨਾਮ ਵੱਖਰ ਪ੍ਰਭ ਭਗਤਾਂ ਦੇਵੇ । ਆਤਮ ਸੁਰਤ ਮਨ ਸ਼ਬਦ ਵਜੇਵੇ । ਦਰਸ ਦਿਖਾਏ ਪ੍ਰਭ ਅਲਖ ਅਭੇਵੇ । ਕਲਜੁਗ ਉਤਰੇ ਪਾਰ ਜੋ ਜਨ ਮਹਾਰਾਜ ਸ਼ੇਰ ਸਿੰਘ ਚਰਨ ਤ੍ਰਿਸੇਵੇ । ਕਲਜੁਗ ਚਰਨ ਉਤਮ ਫਲ । ਕਰ ਦਰਸ ਸਾਧ ਸੰਗਤ ਰਲ । ਕਲਜੁਗ ਅਗਨ ਪਾਪ ਨਾ ਜੀਵ ਰਲ । ਵਕ਼ਤ ਵਿਹਾਏ ਰੋਵੇ ਹੱਥ ਮਲ । ਸ੍ਰਿਸ਼ਟ ਸਬਾਈ ਜੋਤ ਸਰੂਪ ਪ੍ਰਭ ਦੇਵੇ ਦਲ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ ਉਲਟਾਵੇ ਕਲ । ਜੋਤ ਪਰਕਾਸ਼ ਗੁਰਸਿਖ ਅੰਦਰ । ਸਾਚੀ ਦੇਹ ਬਣੇ ਤਨ ਸਾਚਾ ਮੰਦਰ । ਸੋਹੰ ਸ਼ਬਦ ਗਿਆਨ ਖੋਲ੍ਹੇ ਮਨ ਕਾ ਜੰਦਰ । ਮਹਾਰਾਜ ਸ਼ੇਰ ਸਿੰਘ ਬੇਮੁਖ ਨਾਚੇ ਕਲ ਜਿਉਂ ਬੰਦਰ । ਗੁਰਸਿਖ ਤਾਰੇ ਆਪ ਪ੍ਰਭ, ਦੇ ਬ੍ਰਹਮ ਗਿਆਨਾ । ਗੁਰਸਿਖ ਤਾਰੇ ਆਪ ਪ੍ਰਭ, ਦੇ ਆਤਮ ਧਿਆਨਾ । ਗੁਰਸਿਖ ਤਾਰੇ ਆਪ ਪ੍ਰਭ, ਸਚ ਆਤਮ ਦੀਪ ਦੇਹ ਜਗਾਨਾ । ਗੁਰਸਿਖ ਤਾਰੇ ਆਪ ਪ੍ਰਭ, ਸਚ ਲੇਖ ਆਪ ਲਿਖਾਨਾ । ਗੁਰਸਿਖ ਤਾਰੇ ਆਪ ਪ੍ਰਭ, ਮਿਲ ਭਗਤ ਵਛਲ ਭਗਤ ਭਗਵਾਨਾ । ਗੁਰਸਿਖ ਤਾਰੇ ਆਪ ਪ੍ਰਭ, ਸੋਹੰ ਸ਼ਬਦ ਦੇ ਉਤਮ ਗਿਆਨਾ । ਕਲਜੁਗ ਉਧਰੇ ਪਾਰ, ਨਿਹਕਲੰਕ ਜਿਨ੍ਹਾਂ ਪਛਾਨਾ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ, ਤੇਰਾ ਦਰਸ ਗੁਰਸਿਖਾਂ ਮਾਨਾ । ਗੁਰਸਿਖ ਸਤਿ ਸਰੂਪ ਨਾਮ ਦ੍ਰਿੜਾਇੰਦਾ । ਕਲ ਮਿਲੇ ਪ੍ਰਭ ਭੂਪ, ਜੋਤ ਸਰੂਪ ਪ੍ਰਭ ਦਰਸ ਦਿਖਾਇੰਦਾ । ਪਕੜ ਉਧਾਰੇ ਵਿਚ ਅੰਧ ਕੂਪ, ਸੋਹੰ ਸ਼ਬਦ ਗਿਆਨ ਦਵਾਇੰਦਾ । ਗੁਰਸਿਖ ਚਰਨ ਲਾਗ ਜਾਏ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇੰਦਾ । ਦੇ ਦਰਸ ਆਤਮ ਤ੍ਰਿਪਤਾਵੇ । ਹਉਮੇ ਮਾਣ ਆਤਮ ਵਿਚੋਂ ਮੋਹ ਚੁਕਾਵੇ । ਆਤਮ ਕਰ ਪਰਕਾਸ਼, ਸਚ ਦੀਪਕ ਜੋਤ ਵਿਚ ਦੇਹ ਜਗਾਵੇ । ਹਿਰਦੇ ਕਰ ਵਾਸ, ਆਪਣਾ ਭੇਤ ਆਪ ਖੁਲ੍ਹਾਵੇ । ਨਿਰਮਲ ਦੇਹ ਹੋਏ ਰਾਸ, ਮਹਾਰਾਜ ਸ਼ੇਰ ਸਿੰਘ ਜਿਨ ਦਰਸ ਦਿਖਾਵੇ । ਜੁਗ ਚਾਰ ਪ੍ਰਭ ਭਇਉ ਇਕੰਤ । ਭੇਵ ਨਾ ਜਾਣੇ ਕੋਏ ਵਿਦੰਤ । ਊਚ ਅਗੰਮ ਆਪ ਬੇਅੰਤ । ਭਗਤ ਸਹਾਈ ਆਦਿ ਅੰਤ । ਜਗਤ ਰਖਵਾਹੀ ਪਾਰ ਉਤਾਰੀ ਜੀਵ ਜੰਤ । ਸੋਹੰ ਸ਼ਬਦ ਕਰ ਸਾਚਾ ਮੰਤ । ਸਰਬ ਥਾਏਂ ਪਰਗਟ ਜੋਤ ਪ੍ਰਭ ਕੀਏ ਭਗਵੰਤ । ਕਿਰਪਾ ਕਰੇ ਹੋਏ ਨਿਰਵਾਨ । ਤ੍ਰੇਤਾ ਤਾਰੇ ਰਾਮ ਭਗਵਾਨ । ਦੁਆਪਰ ਅਧਾਰੇ ਮੁਰਾਰ ਕ੍ਰਿਸ਼ਨ ਕਾਹਨ । ਕਲਜੁਗ ਸੰਘਾਰੇ ਪਰਗਟ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਕਲਜੁਗ ਅੰਤਮ ਆਪ ਪ੍ਰਭ ਕਰੇ । ਜੁਗ ਚੌਥੇ ਸਾਚੀ ਜੋਤ ਮਾਤ ਵਿਚ ਧਰੇ । ਬੇਮੁਖ ਨਿੰਦਕ ਦੁਸ਼ਟ ਦੁਰਾਚਾਰ ਕਲ ਦੁੱਖ ਡਾਹਢਾ ਭਰੇ । ਸਾਧ ਸੰਗਤ ਮੁਖ ਉਤਮ ਵਿਚਾਰ, ਰਸਨਾ ਜਪੇ ਨਰ ਹਰੇ । ਕਰ ਦਰਸ ਗੁਰਚਰਨ ਪਿਆਰ । ਮਿਲ ਸਾਧ ਸੰਗਤ ਕਲਜੁਗ ਤਰੇ । ਅੰਤਕਾਲ ਮਹਾਰਾਜ ਸ਼ੇਰ ਸਿੰਘ ਸਾਚਾ ਰੱਛਕ ਰਛਿਆ ਕਰੇ । ਕਲਜੁਗ ਲੈ ਅਵਤਾਰ ਆਇਆ ਗੁਣਵੰਤ । ਸ੍ਰਿਸ਼ਟ ਸਬਾਈ ਦਏ ਸੰਘਾਰ, ਤਾਰੇ ਪ੍ਰਭ ਭਗਤ ਭਗਵੰਤ । ਜੀਵ ਉਧਰੇ ਪਾਰ, ਰਸਨਾ ਜਪੇ ਸੋਹੰ ਮੰਤ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਵਸੇ ਵਿਚ ਜੀਵ ਜੰਤ । ਕਲਜੁਗ ਜੀਵ ਪ੍ਰਭ ਪਾਈ ਮਾਇਆ । ਪਰਗਟ ਜੋਤ ਨਜ਼ਰ ਨਾ ਆਇਆ । ਬੇਮੁਖ ਆਤਮ ਪ੍ਰਭ ਪੜਦਾ ਪਾਇਆ । ਗੁਰਸਿਖਾਂ ਹਿਰਦੇ ਪ੍ਰਭ ਜੋਤ ਜਗਾਇਆ । ਆਤਮ ਰਸ ਨਾਭ ਕਵਲ ਚੁਆਇਆ । ਖੁਲ੍ਹੇ ਕਵਲ ਸਚ ਸਰੂਪ ਪ੍ਰਭ ਨਜ਼ਰੀ ਆਇਆ । ਜੋਤ ਸਰੂਪੀ ਕਿਰਪਾ ਕਰ, ਸਾਚਾ ਸਿੱਖ ਵਿਚ ਜੋਤ ਮਿਲਾਇਆ । ਕਲਜੁਗ ਜਾਮਾ ਧਾਰ, ਨਿਹਕਲੰਕ ਪ੍ਰਭ ਨਾਂ ਰਖਾਇਆ । ਪੂਰਨ ਪਰਗਟ ਅਵਤਾਰ, ਚੌਥਾ ਜੁਗ ਪ੍ਰਭ ਆਪ ਉਲਟਾਇਆ । ਹੋਏ ਨਿਰਵੈਰ ਨਿਰਾਧਾਰ, ਗੁਰਸਿਖਾਂ ਦੇ ਦਰਸ ਅਪਾਰ, ਆਪਣਾ ਭੇਤ ਪ੍ਰਭ ਆਪ ਖੁਲ੍ਹਾਇਆ । ਕੁੰਟ ਚਾਰ ਹੋਏ ਜੈਕਾਰ, ਸੋਹੰ

ਸ਼ਬਦ ਡੰਕ ਚਲਾਇਆ । ਪਰਗਟ ਮੁਰਾਰ ਦੇ ਦਰਸ ਅਪਾਰ, ਗੁਰਸਿਖ ਤਰਾਇਆ । ਮਹਾਰਾਜ ਸ਼ੇਰ ਸਿੰਘ ਕਲ ਨਰ ਅਵਤਾਰ, ਚਤੁਰਭੁਜ ਇਹ ਖੇਲ ਰਚਾਇਆ । ਸਾਵਲ ਸੁੰਦਰ ਪ੍ਰਭ ਭੇਸ ਵਟਾ ਕੇ । ਜੁਗ ਚੌਥੇ ਆਇਆ ਪ੍ਰਭ ਭੇਸ ਵਟਾਕੇ । ਭਗਤਨ ਰੱਖਿਆ ਰੱਖੇ ਆਪ ਘਰ ਆ ਕੇ । ਮੁਕੰਦ ਮਨੋਹਰ ਪ੍ਰਭ ਦਰਸ ਦਿਖਾ ਕੇ । ਸਵੱਛ ਸਰੂਪ ਪ੍ਰਭ ਦਰਸ ਦਿਖਾ ਕੇ । ਮਾਣ ਅਭਿਮਾਨ ਵਿਚੋਂ ਹਉਮੇ ਮੋਹ ਚੁਕਾ ਕੇ । ਦੇਵੇ ਦਰਸ ਆਤਮ ਜੀਵ ਸਾਚੀ ਜੋਤ ਜਗਾ ਕੇ । ਅੰਮ੍ਰਿਤ ਰਸ ਪੀਵ ਜੀਵ, ਝਿਰਨਾ ਨਿਝਰੋਂ ਝਿਰਾ ਕੇ । ਸਾਚਾ ਰਾਗ ਸੁਣਾਵੇ ਜੀਵ, ਅਨਹਦ ਸ਼ਬਦ ਪ੍ਰਭ ਧੁਨ ਵਜਾ ਕੇ । ਸਾਚੀ ਹਿਰਦਕ ਜਗਾਵੇ ਦੀਵ, ਜੋਤ ਸਰੂਪ ਅਗਨ ਜੋਤ ਲਗਾ ਕੇ । ਮਹਾਰਾਜ ਸ਼ੇਰ ਸਿੰਘ ਜੀਵ ਕਲਜੁਗ ਉਧਰੇ ਦਰ ਦਰਸ਼ਨ ਪਾ ਕੇ । ਕਲਜੁਗ ਦਰਸ ਪ੍ਰਭ ਉਤਮ ਨਿਆਰਾ । ਹਉਮੇ ਰੋਗ ਗਵਾਏ, ਲੱਗਾ ਜੀਵ ਦੁੱਖ ਭਾਰਾ । ਪ੍ਰਭ ਦਰਸ਼ਨ ਪਾਏ ਸਾਚਾ ਨਾਮ ਮਿਲੇ ਆਧਾਰਾ । ਸੋਹੰ ਨਾਮ ਰਸਨਾ ਗਾਏ, ਮਿਲੇ ਪ੍ਰਭ ਏਕੰਕਾਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਖਵਾਏ, ਪਸਰਿਆ ਜਿਨ ਸਰਬ ਪਸਾਰਾ । ਸ੍ਰਿਸ਼ਟ ਉਪਾਏ ਪ੍ਰਭ ਆਪ ਸਾਚ । ਸ਼ਬਦ ਜਪਾਏ ਜਾਪ ਸਾਚ । ਸਤਿਗੁਰ ਸਤਿਜੁਗ ਜਾਏ ਥਾਪ । ਨਿਹਕਲੰਕ ਕਲਜੁਗ ਖਪਾਵੇ ਮਾਤ । ਵਰਨ ਚਾਰ ਇਕ ਕਰਾਏ, ਨਾ ਕੋਏ ਰਹਿਸੀ ਜ਼ਾਤ । ਗੁਰਸਿਖ ਚਰਨ ਲੱਗ ਜਾਏ, ਜੀਵ ਜਗਤ ਸਾਚਾ ਨਾਤ । ਸੋਹੰ ਸ਼ਬਦ ਜੋ ਰਸਨਾ ਗਾਏ, ਸਾਚਾ ਸ਼ਬਦ ਵੱਡੀ ਕਰਾਮਾਤ । ਬਿਨ ਗੁਰ ਪੂਰੇ, ਜੀਵ ਅੰਤਕਾਲ ਨਾ ਕੋਈ ਪੁੱਛੇ ਵਾਤ । ਨਾਮ ਨਿਧਾਨ ਪ੍ਰਭ ਭਗਤਨ ਦੇਵੇ ਦਾਤ । ਹੋਵੇ ਬ੍ਰਹਮ ਗਿਆਨ ਆਤਮ ਸ਼ਾਂਤ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਬੈਠ ਅਡੋਲ ਰਹੇ ਇਕਾਂਤ । ਜੋਤ ਸਰੂਪ ਨਿਹਕਲੰਕ ਪ੍ਰਭ ਆਇਆ । ਛੱਡ ਦੇਹ ਅਚਰਜ ਖੇਲ ਰਚਾਇਆ । ਕਲਜੁਗ ਅੰਦਰ ਪ੍ਰਭ ਪਾਈ ਮਾਇਆ । ਭਰਮ ਭੁਲੇਖੇ ਸਭ ਜਗਤ ਭੁਲਾਇਆ । ਨੈਣ ਨਾ ਦੀਸੇ ਜਗਤ ਰਘੁਰਾਇਆ । ਗੁਰਸਿਖਾਂ ਸਵੱਛ ਸਰੂਪ ਪ੍ਰਭ ਦਰਸ ਦਿਖਾਇਆ । ਜੋਤ ਨਿਰੰਜਣ ਸਦ ਦੀਪ ਜੋਤ ਜਗਾਇਆ । ਬੇਮੁਖਾਂ ਦਰ ਮਨ ਹੰਕਾਰ ਵਸਾਇਆ । ਗੁਰਸਿਖਾਂ ਦੂਖ ਨਿਵਾਰ, ਸਚ ਮਾਰਗ ਪਾਇਆ । ਮਹਾਰਾਜ ਸ਼ੇਰ ਸਿੰਘ ਕਲ ਭੰਡਾਰੀ, ਸੋਹੰ ਨਾਮ ਵਰਤਾਇਆ । ਵਰਤੇ ਕਹਿਰ ਕਲਜੁਗ ਸੰਸਾਰਾ । ਪ੍ਰਭ ਨਾ ਦੀਸੇ ਮਾਇਆ ਰੂਪੀ ਧੁੰਦੂਕਾਰਾ । ਸਾਧ ਸੰਗਤ ਬੀਸ ਇਕੀਸੇ, ਤਾਰੇ ਆਪ ਪ੍ਰਭ ਤਾਰਨਹਾਰਾ । ਮਹਾਰਾਜ ਸ਼ੇਰ ਸਿੰਘ ਗੁਰਮੁਖਾਂ ਦੀਸੇ, ਜੋਤ ਜਗਾਏ ਅਪਰ ਅਪਾਰਾ । ਸੋਹੰ ਸ਼ਬਦ ਸਚਾ ਧਨ ਮਾਲ । ਕਲਜੁਗ ਦੇਵੇ ਪ੍ਰਭ ਭਗਤਨ ਭਾਲ । ਕਿਰਪਾ ਕਰੇ ਦੀਨ ਦਿਆਲ । ਅੰਤਕਾਲ ਤੋੜੇ ਜੰਜਾਲ । ਪਰਗਟੇ ਜੋਤ ਵਿਚ ਪਿੰਡ ਝਬਾਲ । ਇਕ ਫਲ ਲੱਗਾ ਪੂਰਬ ਡਾਲ੍ਹ । ਗੁਰਸਿਖ ਪੂਰੀ ਹੋਈ ਘਾਲ । ਭਗਤ ਵਛਲ ਪਰਗਟ ਘਰ ਗੋਪਾਲ । ਆਤਮ ਧਰੇ ਸਾਚਾ ਲਾਲ ਗੁਲਾਲ । ਮਹਾਰਾਜ ਸ਼ੇਰ ਸਿੰਘ ਨਾਮ ਧਨ ਦੇ, ਗੁਰਸਿਖ ਆਤਮ ਹੋਏ ਮਾਲੋ ਮਾਲ । ਆਤਮ ਨਾਮ ਪ੍ਰਭ ਕਾ ਰਸ । ਸਾਚਾ ਸਾਹਿਬ ਜਾਏ ਹਿਰਦੇ ਵਸ । ਜੁਗ ਚਾਰ ਹੋਏ ਭਗਤਨ ਜਸ । ਸੋਹੰ ਸ਼ਬਦ ਗਿਆਨ ਪ੍ਰਭ ਗਿਆ ਦੱਸ । ਬੇਮੁਖ ਦਰ ਤੋਂ ਜਾਏ ਨੱਸ । ਸਾਧ ਸੰਗਤ ਪ੍ਰਭ ਹੋਇਆ ਵਸ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਗੁਰਸਿਖ ਮਾਣੇ ਤੇਰਾ ਰਸ । ਜੋਤ ਸਰੂਪ ਕਲਜੁਗ ਅਧਾਰੀ । ਨਿਹਕਲੰਕ ਪਰਗਟੇ ਕ੍ਰਿਸ਼ਨ ਮੁਰਾਰੀ । ਸਰਬ ਸ੍ਰਿਸ਼ਟ ਸ਼ਬਦ ਰੂਪ ਪ੍ਰਭ ਸੰਘਾਰੀ । ਪ੍ਰਭ ਕੀ ਜੋਤ ਜਲਾਏ ਜਗਤ ਅੰਗਿਆਰੀ । ਪਰਗਟ ਭਏ ਕਲਜੁਗ ਪ੍ਰਭ ਸਾਚਾ ਦਰਬਾਰੀ । ਬੇਮੁਖ ਨਾ ਦੀਸੇ ਊਚ ਅਗੰਮ ਅਪਰ ਅਪਾਰੀ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਪਰਗਟ ਗੁਰਸਿਖ ਪੈਜ

ਸਵਾਰੀ । ਜੋਤ ਸਰੂਪ ਜਗਤ ਜਲਾਇਆ । ਚਾਰ ਕੁੰਟ ਹਾਹਾਕਾਰ ਮਚਾਇਆ । ਨਿਹਕਲੰਕ ਕਲੰਕ ਕਲ ਲਗਾਇਆ । ਆਪਣਾ ਭੇਵ ਪ੍ਰਭ ਆਪ ਛੁਪਾਇਆ । ਸਤਿ ਪੁਰਖਾਂ ਪ੍ਰਭ ਦਰਸ ਦਿਖਾਇਆ । ਨਿਰੰਜਣ ਜੋਤ ਗੁਰਮੁਖਾਂ ਹਿਰਦਕ ਡਗਮਗਾਇਆ । ਸਾਧ ਸੰਗਤ ਵਰ ਦਰ ਤੇ ਪਾਇਆ । ਪਰਗਟ ਜੋਤ ਅਨਾਥ ਅਨਾਥੇ, ਅੰਤਕਾਲ ਹੋਏ ਸਹਾਇਆ । ਬੇਮੁਖ ਕਲਜੁਗ ਮਾਇਆ ਫਾਥੇ, ਪ੍ਰਭ ਕਾ ਭੇਵ ਨਾ ਕਿਸੇ ਪਾਇਆ । ਜੋਤ ਸਰੂਪ ਮਹਿੰਮਾ ਕਥਨ ਅਕਾਥੇ, ਉਧਰੇ ਜੀਵ ਜਿਸ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਦੁੱਖੜੇ ਲਾਥੇ, ਦਰ ਆਏ ਜਿਸ ਦਰਸ਼ਨ ਪਾਇਆ । ਕਲਜੁਗ ਆਇਆ ਪ੍ਰਭ ਕਲ ਧਾਰ । ਬੇਮੁਖ ਮੁਗਧ ਨਾ ਪਾਵਣ ਸਾਰ । ਚੌਥੇ ਜੁਗ ਅੰਤ ਹੋਈ ਹਾਰ । ਮਦਿ ਮਾਸ ਜੀਵ ਆਤਮ ਚਲੇ ਵਿਕਾਰ । ਅੰਤਕਾਲ ਕਲ ਗਿਆ ਝੱਖ ਮਾਰ । ਸਾਧ ਸੰਗਤ ਸੋਹੰ ਸ਼ਬਦ ਤੇਰਾ ਨਾਮ ਅਧਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਦੇਵੇ ਗੁਰਸਿਖ ਤਾਰ । ਕਲ ਕਪਟੀ ਪ੍ਰਭ ਕਪਟ ਵਿਚਾਰਿਆ । ਦੁਸ਼ਟ ਦੁਰਾਚਾਰ ਸੋਹੰ ਬਾਣ ਸੰਗ ਮਾਰਿਆ । ਬੈਠ ਅਡੋਲ ਸਭ ਜਗਤ ਸੰਘਾਰਿਆ । ਮਹਾਰਾਜ ਸ਼ੇਰ ਸਿੰਘ ਦੇ ਦਰਸ ਗੁਰਮੁਖ ਤਰਾ ਲਿਆ । ਕਲਜੁਗ ਜੋਤ ਪਰਗਟਾਇਆ, ਨਾਉਂ ਰਖਾਏ ਨਿਹਕਲੰਕ । ਭਾਣਾ ਸਤਿ ਵਰਤਾਇਆ, ਇਕ ਕਰਾਏ ਰਾਓ ਰੰਕ । ਪੱਲਾ ਜਗਤ ਫਿਰਾਇਆ, ਸੁਹਾਏ ਦਵਾਰ ਬੰਕ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ, ਕਰ ਨਿਮਸਕਾਰ ਜੀਵ ਬਾਰ ਅਨਕ । ਜੁਗੋ ਜੁਗ ਪ੍ਰਭ ਕੁਰਬਾਨ । ਜੋਤ ਪਰਗਟਾਵੇ ਚਤੁਰ ਸੁਜਾਨ । ਆਪਣਾ ਆਪ ਉਪਾਵੇ ਗੁਣ ਨਿਧਾਨ । ਗੁਰਮੁਖ ਵਿਰਲੇ ਪ੍ਰਭ ਸੋਝੀ ਪਾਣ । ਮਹਾਰਾਜ ਸ਼ੇਰ ਸਿੰਘ ਕਲਜੁਗ ਆਇਆ ਸਭ ਜਾਣੀ ਜਾਣ । ਕਲਜੁਗ ਆਏ ਗੁਣ ਨਿਧਾਨਾ । ਧਰੇ ਜੋਤ ਵਿਸ਼ਨੂੰ ਭਗਵਾਨਾ । ਮਿਲ ਸਾਧ ਸੰਗਤ ਹੋਏ ਵਕ਼ਤ ਸੁਹਾਨਾ । ਕਲਜੁਗ ਵਰਤੇ ਪ੍ਰਭ ਕਾ ਭਾਣਾ । ਚਰਨ ਲਾਗ ਜਾਏ ਸਭ ਰਾਜਾ ਰਾਣਾ । ਸਤਿਜੁਗ ਮਾਰਗ ਪ੍ਰਭ ਆਪ ਚਲਾਣਾ । ਸੋਹੰ ਸ਼ਬਦ ਹੋਏ ਸਤਿਜੁਗ ਪਰਧਾਨਾ । ਕਲਜੁਗ ਖਪਾਏ ਕਰ ਬਿਧ ਬਿਧਨਾਨਾ । ਮਹਾਰਾਜ ਸ਼ੇਰ ਸਿੰਘ ਸਚ ਲਿਖਤ ਕਰਾਏ, ਨਿਹਕਲੰਕ ਹੋਏ ਜੋਤ ਸਮਾਣਾ । ਨਿਹਕਲੰਕ ਪ੍ਰਭ ਜੋਤ ਸਰੂਪਿਆ । ਦਰਸ ਦਿਖਾਵੇ ਵਿਚ ਕਲ ਅੰਧਿਆਰ ਅੰਧ ਕੂਪਿਆ । ਭਗਤ ਜਨ ਪਾਵੇ, ਪਰਗਟੇ ਪ੍ਰਭ ਸਾਚੇ ਭੂਪਿਆ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ, ਜਨ ਭਗਤਾਂ ਸਚ ਸਰੂਪਿਆ । ਵਕ਼ਤ ਵਿਹਾਇਆ ਸੋਚ ਸੋਚ ਪ੍ਰਭ ਨਾ ਦੀਸਿਆ । ਗੁਰਮੁਖ ਉਧਰੇ ਪਾਰ, ਕਲ ਬੇਮੁਖ ਪਿੱਛੇ ਕਰਨ ਰੀਸਿਆ । ਛੱਡ ਜੋਤ ਜੋਤ ਮਿਲ ਜਾਈ, ਪ੍ਰਭ ਸਾਚਾ ਕਿਸੇ ਨਾ ਦੀਸਿਆ । ਮਹਾਰਾਜ ਸ਼ੇਰ ਸਿੰਘ ਸਤਿਜੁਗ ਤੇਰਾ ਦਰ ਖੁਲ੍ਹ ਜਾਈ, ਸੋਹੰ ਨਾਮ ਹੋਏ ਬੀਸ ਇਕੀਸਿਆ । ਏਕ ਜੋਤ ਏਕ ਭਗਵਾਨਾ, ਮਾਣ ਗਵਾਏ ਵੇਦ ਪੁਰਾਨਾ । ਕਲਜੁਗ ਖਪਾਏ ਸਚ ਕਰ ਜਾਨਾ । ਕੋਈ ਨਾ ਰਹਿਸੀ ਅੰਜੀਲ ਕੁਰਾਨਾ । ਖਾਣੀ ਬਾਣੀ ਵਿਚ ਚਰਨ ਮਿਲਾਨਾ । ਸੋਹੰ ਸ਼ਬਦ ਸਤਿਜੁਗ ਪ੍ਰਭ ਸਤਿ ਚਲਾਨਾ । ਕੁੰਟ ਚਾਰ ਜੈ ਜੈ ਜੈਕਾਰ ਕਰਾਨਾ । ਬੇਮੁਖਾਂ ਘਰ ਹਾਹਾਕਾਰ ਮਚਾਨਾ । ਮਹਾਰਾਜ ਸ਼ੇਰ ਸਿੰਘ ਤੇਰਾ ਦਰ ਕਲ ਗੁਰਸਿਖ ਪਛਾਣਾ । ਦਇਆ ਕਰੇ ਪ੍ਰਭ ਗੁਣਵੰਤ । ਜਿਸ ਉਪਾਏ ਸਭ ਜੀਵ ਜੰਤ । ਜੋਤ ਪਰਗਟਾਏ ਪ੍ਰਭ ਗੁਣਵੰਤ । ਦਰਸ ਦਿਖਾਏ ਕਲ ਭਗਤਨ ਭਗਵੰਤ । ਸੁਰਤ ਸ਼ਬਦ ਪ੍ਰਭ ਗਿਆਨ ਦੇ, ਹਿਰਦੇ ਜੋਤ ਜਗਾਏ । ਨਾਮ ਗੁਣ ਨਿਧਾਨ ਦੇ, ਆਤਮ ਜੋਤ ਜਗਾਏ । ਕਵਲ ਨੈਣ ਸੋਹੰ ਨਾਮ ਦੇ, ਮਨ ਅਨਹਦ ਧੁਨ ਵਜਾਏ । ਮੁਕਟ ਬੈਨ ਬ੍ਰਹਮ ਗਿਆਨ ਦੇ, ਦਵਾਰ ਦਸਮ ਖੁਲ੍ਹਾਏ । ਸਾਚਾ ਦਰਸ ਵਿਸ਼ਨੂੰ ਭਗਵਾਨ ਦੇ, ਅੰਤਕਾਲ ਗੁਰਸਿਖ ਜੋਤ ਮਿਲ ਜਾਏ । ਗੁਰਸਿਖਾਂ ਪ੍ਰਭ ਮੇਲ ਮਿਲਾਇਆ । ਪ੍ਰਭ ਅਬਿਨਾਸ਼ੀ

ਪਰਗਟ ਕਲ ਆਇਆ । ਸਾਚਾ ਸ਼ਾਹ ਘਰ ਮਾਹਿ ਪਾਇਆ । ਕਰ ਦਰਸ ਜੀਵ ਨਿਜਾਨੰਦ ਤ੍ਰਿਪਤਾਇਆ । ਖੁਲ੍ਹੀ ਤ੍ਰੈਕੁਟੀ ਵਾਜਾ ਪਵਣ ਵਿਚ ਦੇਹ ਵਜਾਇਆ । ਮਿਲਿਆ ਪ੍ਰਭ, ਸੋਹੰ ਸ਼ਬਦ ਸਚ ਗਿਆਨ ਦਵਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਸਾਚਾ ਮੰਤ ਸੋਹੰ ਚਲਾਇਆ । ਸੋਹੰ ਬਾਣ ਪ੍ਰਭ ਜਗਤ ਚਲਾਇਆ । ਪਰਗਟ ਜੋਤ ਨਿਹਕਲੰਕ ਕਲਜੁਗ ਖਪਾਇਆ । ਸਾਚਾ ਸ਼ਬਦ ਵਜਾਵੇ ਡੰਕ, ਭੁੱਲੀ ਸ੍ਰਿਸ਼ਟ ਪ੍ਰਭ ਕੰਨ ਸੁਣਾਇਆ । ਕੋਈ ਨਾ ਦੀਸੇ ਰਾਓ ਰੰਕ, ਜੋਤ ਸਰੂਪ ਇਕ ਕਰਾਇਆ । ਗੁਰਸਿਖ ਤਾਰੇ ਜਿਉਂ ਭਗਤ ਜਨਕ, ਪਰਗਟੇ ਜੋਤ ਆਪ ਰਘੁਰਾਇਆ । ਧਰੀ ਜੋਤ ਵਿਚ ਪੁਰੀ ਘਨਕ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾਇਆ । ਤਜ ਦੇਹ ਹੋਏ ਜੋਤ ਸਰੂਪ । ਕਲਜੁਗ ਪ੍ਰਭ ਖੇਲ ਕਰੇ ਅਨੂਪ । ਨਜ਼ਰ ਨਾ ਆਵੇ ਪ੍ਰਭ ਨਾ ਰੇਖ ਨਾ ਰੂਪ । ਘਟ ਘਟ ਸਰਬ ਪਰਕਾਸ਼ਿਆ, ਪ੍ਰਭ ਸਾਚਾ ਭੂਪ । ਅੰਤਕਾਲ ਪ੍ਰਭ ਹੋਏ ਸਹਾਈ, ਵਿਚ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਤੇਰੇ ਹੱਥ ਵਡਿਆਈ, ਕਰੇ ਖੇਲ ਵਿਚ ਜੋਤ ਸਰੂਪ । ਜੋਤ ਸਰੂਪ ਖੇਲ ਨਿਆਰਾ । ਚਾਰ ਕੁੰਟ ਮਚਾਵੇ ਹਾਹਾਕਾਰਾ । ਕਲਜੁਗ ਕੂੜਾ ਪਾਰ ਉਤਾਰਾ । ਮਦਿ ਮਾਸੀ ਡੁੱਬੇ ਵਿਚ ਮੰਝਧਾਰਾ । ਕੱਟ ਜਾਏ ਚੁਰਾਸੀ, ਸੋਹੰ ਸ਼ਬਦ ਜਿਨ ਰਸਨ ਵਿਚਾਰਾ । ਜਪ ਰਸਨ ਸਵਾਸ ਸਵਾਸੀ, ਵਿਚ ਵਸੇ ਪ੍ਰਭ ਕਰਤਾਰਾ । ਸਾਧ ਸੰਗਤ ਗੁਰਚਰਨ ਦਾਸੀ, ਦੇਵੇ ਦਾਨ ਅਗੰਮ ਅਪਾਰਾ । ਬੇਮੁਖ ਦਰ ਤੇ ਕਰਨ ਹਾਸੀ, ਨਜ਼ਰ ਨਾ ਆਵੇ ਸਚ ਦਰਬਾਰਾ । ਭਰਮ ਭੁਲੇਖੇ ਸਾਰੇ ਲਾਹਸੀ, ਨਿਹਕਲੰਕ ਕਲ ਭਏ ਅਵਤਾਰਾ । ਸਭ ਸ੍ਰਿਸ਼ਟ ਚਰਨ ਲੱਗ ਜਾਸੀ, ਅੰਤਕਾਲ ਨਾ ਹੋਏ ਖੁਆਰਾ । ਰਾਜਨ ਹੋਏ ਆਤਮ ਅੰਧਾਸੀ, ਨਜ਼ਰ ਨਾ ਆਵੇ ਪ੍ਰਭ ਗਿਰਧਾਰਾ । ਕਲਜੁਗ ਪਰਗਟਿਆ ਥਿਰ ਘਰ ਵਾਸੀ, ਜੋਤ ਜਗਾਏ ਸਚ ਕਲ ਧਾਰਾ । ਹਿੰਦਵੈਨ ਗੁਰਚਰਨ ਲੱਗ ਜਾਸੀ, ਸ਼ਬਦ ਜੋਤ ਹੋਏ ਧੁੰਧੂਕਾਰਾ । ਸਾਧ ਸੰਗਤ ਸਦ ਬਲ ਬਲ ਜਾਸੀ, ਜਿਸ ਨੇ ਪਾਇਆ ਪੁਰਖ ਅਪਾਰਾ । ਮਹਾਰਾਜ ਸ਼ੇਰ ਸਿੰਘ ਘਨਕਪੁਰ ਵਾਸੀ, ਉਧਰੇ ਚਰਨ ਜੋ ਚਰਨ ਨਿਮਸਕਾਰਾ । ਵਰਨ ਚਾਰ, ਚਾਰ ਪ੍ਰਭ ਇਕ ਕਰਾਏ । ਸੋਹੰ ਸ਼ਬਦ ਇਕ ਟੇਕ ਰਖਾਏ । ਰਾਜਾ ਰਾਣਾ ਕੋਈ ਡਿੱਠ ਨਾ ਆਏ । ਉਧਰੇ ਪਾਰ ਜੋ ਚਰਨ ਸੀਸ ਝੁਕਾਏ । ਵਾਲੀ ਹਿੰਦ ਪ੍ਰਭ ਦਰਸ ਦਿਖਾਏ । ਮੁਕੰਦ ਮਨੋਹਰ ਪ੍ਰਭ ਨਜ਼ਰੀ ਆਏ । ਸਾਵਲ ਸੁੰਦਰ ਕਵਲ ਨੈਣ ਸਿਰ ਮੁਕਟ ਟਿਕਾਏ । ਜੋਤ ਸਰੂਪ ਜੋਤ ਪਰਗਟਾ ਕੇ, ਹਉਮੈ ਵਿਚੋਂ ਮਾਣ ਗਵਾਏ । ਅਛਲ ਅਛੱਲ ਮਹਾਰਾਜ ਸ਼ੇਰ ਸਿੰਘ, ਭੈ ਭਿਆਨਕ ਵਿਚ ਦਰਸ ਦਿਖਾਏ । ਦਿਖਾਵੇ ਦਰਸ ਪ੍ਰਭ ਵਡ ਭੂਪਾ । ਨਜ਼ਰ ਨਾ ਆਵੇ ਜੋਤ ਸਰੂਪ ਰੰਗ ਨਾ ਰੂਪਾ । ਮਨ ਬਿਗਸਾਵੇ ਦੇ ਦਰਸ ਅਨੂਪਾ । ਚਰਨ ਲਗਾਵੇ ਮਹਾਰਾਜ ਸ਼ੇਰ ਸਿੰਘ ਸਤਿ ਸਰੂਪਾ । ਰਾਜਨ ਰਾਜ ਰਾਜ ਤੇ ਊਚਾ । ਪਾਰਬ੍ਰਹਮ ਪ੍ਰਭ ਸਾਜਨ ਸੂਚਾ । ਪਰਗਟ ਜੋਤ ਕਲ ਕਰਾਇਆ ਕੂਚਾ । ਮਹਾਰਾਜ ਸ਼ੇਰ ਸਿੰਘ ਊਚਾ ਦਰ ਘਰ ਤੇਰਾ ਸੂਚਾ । ਗਰਬ ਨਿਵਾਰ ਤੋੜੇ ਅਭਿਮਾਨ । ਸਤਿਜੁਗ ਜੀਵ ਕਰੇ ਇਕ ਸਮਾਨ । ਸਾਚਾ ਨਾਮ ਕਰੇ ਪਰਧਾਨ । ਸਰਬਤ ਤੀਰਥ ਜਗਤ ਮਿਟ ਜਾਣ । ਜੀਵ ਜੰਤ ਟੇਕ ਭਗਵਾਨ । ਮਹਾਰਾਜ ਸ਼ੇਰ ਸਿੰਘ ਦੇਵੇ ਸਾਚਾ ਬ੍ਰਹਮ ਗਿਆਨ । ਕਲਜੁਗ ਭਾਹ ਜਗਤ ਜਲਾਇਆ । ਦਿਸੇ ਨਾ ਰਾਹ, ਮਾਇਆ ਪੜਦਾ ਪਾਇਆ । ਜੀਵ ਦਮ ਦਾ ਕੀ ਵਸਾਹ, ਕਿਉਂ ਭਰਮ ਭੁਲਾਇਆ । ਪਰਗਟੀ ਜੋਤ ਅਗੰਮ ਅਥਾਹ, ਨਿਹਕਲੰਕ ਨਾਉਂ ਰਖਾਇਆ । ਪ੍ਰਭ ਮਿਲਣ ਦਾ ਸਾਚਾ ਰਾਹ, ਮਦਿ ਮਾਸ ਨਾ ਰਸਨ ਲਗਾਇਆ । ਜੋਤ ਪਰਗਟਾਈ ਬੇਪਰਵਾਹ, ਸਾਚਾ ਧਾਮ ਆਣ ਸੁਹਾਇਆ । ਬੇਮੁਖ ਭੁੱਲ ਨਾ ਜਾਹ, ਪਰਗਟੀ ਜੋਤ ਭੁਲੇਖਾ ਲਾਹਿਆ । ਦਰ ਆ ਭੁਲੇਖਾ ਲਾਹ,

ਸੁਰਤ ਸ਼ਬਦ ਪ੍ਰਭ ਗਿਆਨ ਦਵਾਇਆ । ਪਰਗਟ ਬੈਠਾ ਸਚਾ ਪਾਤਸ਼ਾਹ, ਸਚਖੰਡ ਸਚਾ ਧਾਮ ਬਣਾਇਆ । ਅੰਤਕਾਲ ਜੀਵ ਫੜ ਲੈ ਬਾਂਹ, ਜੋਤ ਸਰੂਪ ਵਿਚ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਸਚ ਤੇਰਾ ਨਾਂ, ਰਸਨਾ ਜਪ ਗੁਰਸਿਖ ਮਨ ਰੰਗ ਚੜ੍ਹਾਇਆ । ਤੀਨ ਲੋਕ ਪ੍ਰਭ ਕਾ ਵਾਸ । ਮਾਤ ਪਾਤਾਲ ਵਿਚ ਆਕਾਸ਼ । ਵਿਚ ਆਕਾਸ਼ ਈਸ਼ਰ ਜੋਤ ਪਰਕਾਸ਼ । ਜੋਤ ਸਰੂਪ ਪਵਣ ਉਨੰਜਾ ਸਿਰ ਛਤਰ ਝੁਲਾਸ । ਸ੍ਰਿਸ਼ਟ ਉਪਾਏ ਜਗਾਏ ਜੋਤ ਦੇ ਧਰਵਾਸ । ਮਾਤ ਸੁਹਾਏ ਸਿੰਘਆਸਣ ਲਾਏ ਉਪਰ ਬਾਸ਼ਕ ਤਾਸ । ਕਲਜੁਗ ਜੋਤ ਪਰਗਟਾਏ, ਨਿਹਕਲੰਕ ਨਾਉਂ ਰਖਾਏ, ਧਰੇ ਜੋਤ ਮਾਤ ਕਰ ਵਾਸ । ਮਾਤਲੋਕ ਪ੍ਰਭ ਜੋਤ ਪਰਗਟਾਏ । ਜੁਗੋ ਜੁਗ ਇਹ ਖੇਲ ਰਚਾਏ । ਅੰਤਕਾਲ ਕਰਨ ਜੁਗ, ਪੂਰਨ ਜੋਤ ਵਿਚ ਜਗਤ ਦੇ ਆਵੇ । ਜੁਗ ਸਤਿ ਮਿਹਰਵਾਨ, ਤ੍ਰੇਤਾ ਰਾਮ ਬਣ ਉਲਟਾਵੇ । ਦੁਆਪਰ ਕ੍ਰਿਸ਼ਨ ਮੁਰਾਰ, ਭਗਤ ਜਨਾਂ ਹਰਿ ਮਾਣ ਦਵਾਵੇ । ਆਤਮ ਦੇ ਗਿਆਨ, ਅਰਜਨ ਮਹਾਸਾਰਥੀ ਆਪ ਅਖਵਾਵੇ । ਦੇਵੇ ਦੁਸ਼ਟ ਸੰਘਾਰ, ਸ਼ਸਤਰ ਬਾਣ ਹੱਥ ਨਾ ਲਾਵੇ । ਪਰਗਟ ਜੋਤ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਗਤ ਭੁਲਾਵੇ । ਅਥਰਬਣ ਦਿਤਾ ਮਾਣ, ਕਲਜੁਗ ਵੇਦ ਚਲਾਇਆ । ਸ਼ਬਦ ਲਾਇਆ ਬਾਣ, ਅੱਲ੍ਹਾ ਨਾਮ ਉਪਾਇਆ । ਸ਼ਬਦ ਵਿਸ਼ਨੂੰ ਭਗਵਾਨ ਮੁਹੰਮਦ ਈਸਾ ਮੂਸਾ ਨਾਮ ਜਪਾਇਆ । ਕਲਜੁਗ ਕਰਮ ਮਹਾਨ, ਜੋਤ ਸਰੂਪੀ ਦੇਹ ਜੋਤ ਕਲਜੁਗ ਅਨਵਾਦ ਚਲਾਇਆ । ਈਸ਼ਰ ਜੋਤ ਦੇਵੇ ਜਿਸ ਜਨ । ਜਗਤ ਬੈਠਾ ਪਰਮੇਸ਼ਵਰ ਬਣ । ਕਹੇ ਸੋ ਜੋ ਆਏ ਮਨ । ਭੁਲਾਏ ਆਪ ਦੇ ਵੱਖਰ ਧਨ । ਭਗਤ ਜਨਾਂ ਗੁਰਚਰਨ ਸੰਗ ਆਏ ਬਣ । ਜੋਤ ਸਰੂਪੀ ਜਗਤ ਬਣਾਇਆ ਰਣ । ਅਗਨ ਜੋਤ ਕਲਜੁਗ ਲਾਵੇ ਘਨ । ਸੋਹੰ ਸ਼ਬਦ ਧਨ ਜਾਏ ਜਿਉਂ ਧਣ । ਮਹਾਰਾਜ ਸ਼ੇਰ ਸਿੰਘ ਪਰਗਟਿਓ ਵਿਚ ਪੁਰੀ ਘਨ । ਜਗਤ ਮਾਰਗ ਆਪ ਬਣਾਏ । ਈਸਾ ਮੂਸਾ ਮੁਹੰਮਦ ਨਾਂ ਰਖਾਏ । ਅੰਤਕਾਲ ਕਲ ਕਰਨ ਦੀ ਪ੍ਰਭ ਨੀਂਹ ਰਖਾਏ । ਈਸ਼ਰ ਜੋਤ ਜੀਵ ਜੰਤ ਸਰਬ ਵਿਚ ਇਕ ਸਮਾਏ । ਦੇ ਮਾਣ ਪੀਰ ਪੈਗ਼ੰਬਰਾਂ ਰਾਹ ਜਗਤ ਚਲਾਏ । ਬੇਮੁਖਾਂ ਭਰਮ ਭੁਲਾ ਕੇ, ਹਉਮੈ ਮਾਇਆ ਵਿਚ ਵਸਾਏ । ਇਕ ਸੱਚਾ ਸ਼ਾਹ ਭੁਲਾ ਕੇ, ਆਪਣੇ ਆਪਣੇ ਰਾਹ ਸਰਬ ਦਿਖਾਏ । ਜੋ ਬੈਠਾ ਜੋਤ ਜਗਾਇਕੇ, ਸ਼ਬਦ ਗਿਆਨ ਦੇਵੇ ਧੁਨ ਵਜਾਏ । ਪ੍ਰਭ ਬੈਠਾ ਆਪਣਾ ਆਪ ਛੁਪਾ ਕੇ, ਆਦਿ ਅੰਤ ਨਾ ਕਿਸੇ ਜਤਾਏ । ਕਲਜੁਗ ਕਰਮ ਵਿਚਾਰ ਕੇ, ਜੋਤ ਨਿਰੰਜਣ ਨਾਨਕ ਆਏ । ਗੁਰ ਧੁਰ ਦਰਬਾਰੇ ਜਾਇਕੇ, ਸਾਚਾ ਨਾਮ ਵੱਖਰ ਪਾਏ । ਵਿਚ ਮਾਤ ਭੇਖ ਵਟਾਇਕੇ, ਨਾਮ ਸਚ ਮੰਤਰ ਦ੍ਰਿੜਾਏ । ਸਚ ਸਾਰੰਗ ਰਾਗ ਵਜਾਇਕੇ, ਸੁਰਤ ਸ਼ਬਦ ਗਿਆਨ ਦਵਾਏ । ਕੁੰਟ ਚਾਰ ਚੱਕਰ ਲਗਾਇਕੇ, ਜੀਉ ਹਉਮੈ ਮੈਲ ਗਵਾਏ । ਬੇਮੁਖਾਂ ਪੜਦਾ ਪਾਇਕੇ, ਕੁਰਾਹੀਆ ਆਪ ਅਖਵਾਏ । ਸਚ ਨਾਮ ਨਾਮ ਮੰਤਰ ਸਚ ਦੇ ਨਿਰਬਾਣ ਬਾਣ ਲਗਾਏ । ਸ਼ਬਦ ਸੁਰਤ ਪ੍ਰਭ ਚਰਨ ਧਿਆਨ ਕਰ, ਅਨੰਦ ਮੰਗਲ ਵਿਚ ਦੇਹ ਪਾਏ । ਸਚ ਆਤਮ ਬ੍ਰਹਮ ਗਿਆਨ ਕਰ, ਬ੍ਰਹਮ ਸਰੂਪ ਵਿਚ ਬ੍ਰਹਮ ਦੇ ਪਾਏ । ਪ੍ਰਭ ਪੂਰਨ ਪਰਮੇਸ਼ਵਰ ਜਾਨ ਕਰ, ਜੋਤ ਸੰਗ ਰਿਹਾ ਜੋਤ ਮਿਲਾਏ । ਸਾਚਾ ਰਥ ਪਵਨ ਬਬਾਣ ਕਰ, ਓਅੰ ਆਪਾ ਭੇਵ ਮਿਟਾਏ । ਅੰਤਕਾਲ ਝੂਠਾ ਤਨ ਛੱਡ, ਸਾਚੀ ਜੋਤ ਵਿਚ ਅੰਗਦ ਟਿਕਾਏ । ਅੰਗਦ ਲਗਾ ਅੰਗ । ਸਾਚਾ ਨਾਮ ਲਿਆ ਮੰਗ । ਮਾਨਸ ਜਨਮ ਨਾ ਹੋਇਆ ਭੰਗ । ਝੂਠੀ ਦੇਹ ਕਾਚੀ ਵੰਗ । ਅਮਰਦਾਸ ਗੁਰਚਰਨ ਉਮੰਗ । ਕਰ ਸੇਵਾ ਪਾਇਆ ਪਰਮਾਨੰਦ । ਧਰੀ ਜੋਤ ਵਿਚ ਉਤਮ ਦੇਹ । ਅੰਮ੍ਰਿਤ ਬਰਖਾ ਵਿਚ ਆਤਮ ਮੇਂਹ । ਗੁਰਚਰਨ ਪ੍ਰੀਤੀ ਸਾਚਾ ਨੇਂਹ । ਵੇਦੀ ਦਾਤ ਵਿਚ ਸੋਢੀ ਦੇ । ਸੋਢੀ

ਵਿਚ ਅਮਰ ਜੋਤ ਜਗਾਈ । ਰਾਮਦਾਸ ਆਤਮ ਰੁਸ਼ਨਾਈ । ਹਰਿ ਮੰਦਰ ਸਚ ਧਾਮ ਨੀਂਹ ਰਖਾਈ । ਗੁਰ ਅਰਜਨ ਚਲਿਆ ਦੇ ਵਡਿਆਈ । ਬਾਣੀ ਬੋਹਥ ਭਗਤਨ ਸਹਾਈ । ਤਜੀ ਦੇਹ ਆਤਮ ਸੁਖਦਾਈ । ਜਗਤ ਦੀਸੇ ਕਾਇਆ ਦੁੱਖਦਾਈ । ਹਰਿਗੋਬਿੰਦ ਮਿਲੇ ਵਡਿਆਈ । ਉਤਮ ਨਾਮ ਗਰਾਂ ਕਰਾਈ । ਹਰਿਰਾਏ ਹਰਿਕ੍ਰਿਸ਼ਨ ਮਿਲੇ ਵਡਿਆਈ । ਬਿਰਧ ਅਵਸਥਾ ਤੇਗਬਹਾਦਰ ਪਾਈ । ਜੋਤ ਦਸਮ ਧੁਰਦਰਗਾਹੋਂ ਆਈ । ਸਾਚਾ ਪੰਥ ਚਲਾ ਕੇ ਸਾਚੀ ਮਤਿ ਪਾਈ । ਅੰਮ੍ਰਿਤ ਨਾਮ ਰਸ ਪਿਆ ਕੇ, ਆਤਮ ਜੀਵ ਸੁਫਲ ਕਰਾਈ । ਕੜਾਹ ਪਰਸਾਦ ਭੋਗ ਲਗਾ ਕੇ, ਸੀਤ ਪਰਸਾਦ ਗੁਰਸਿਖ ਖਵਾਈ । ਮਦਿ ਮਾਸ ਪਰੇ ਹਟਾ ਕੇ, ਗੁਰ ਪੂਰੇ ਨਾ ਭੋਗ ਲਗਾਈ । ਕੋਈ ਰੱਖੇ ਨਾ ਅੱਗੇ ਟਿਕਾ ਕੇ, ਜਿਥੇ ਬੈਠਾ ਜੋਤ ਜਗਾਈ । ਪਾਪੀ ਜੀਵ ਭੁੱਲੇ ਗੁਰ ਪੂਰਾ ਭੁਲਾਇਕੇ, ਮਦਿ ਮਾਸ ਰਸਨਾ ਆਹਾਰ ਬਣਾਈ । ਪ੍ਰਭ ਸਾਚਾ ਸ਼ਬਦ ਭੁਲਾਇਕੇ, ਨਾਉਂ ਕਲੰਕ ਗੁਰ ਦਸਮ ਲਗਾਈ । ਜੇ ਵਰਜੇ ਕੋਈ ਜਾਇਕੇ, ਮੁਖੋ ਬੋਲਨ ਦਸਵੇਂ ਗੁਰ ਰੀਤ ਚਲਾਈ । ਬੇਮੁਖਾਂ ਮੁਖ ਵਿਸ਼ਟਾ ਪਾਇਕੇ, ਕਲਜੁਗ ਦੇਵੇ ਪ੍ਰਭ ਸਜ਼ਾਈ । ਆਇਆ ਭੇਸ ਵਟਾ ਕੇ, ਸਰਬ ਸੁਖਦਾਈ । ਨਿਹਕਲੰਕ ਨਾਂ ਰਖਾ ਕੇ, ਨਜ਼ਰ ਨਾ ਆਵੇ ਦੀਸੇ ਨਾਹੀ । ਜਾਵੇ ਕਲ ਖਪਾ ਕੇ, ਐਸੀ ਮਾਰ ਜਗਤ ਪ੍ਰਭ ਪਾਈ । ਮਹਾਰਾਜ ਸ਼ੇਰ ਸਿੰਘ ਆਪ ਅਖਵਾ ਕੇ, ਸਤਿਜੁਗ ਬਣੇ ਸਚਾ ਰਥਵਾਹੀ । ਜਗਤ ਭੁਲਾਇਆ ਭਰਮ ਵਿਚ, ਕਲਜੁਗ ਮਾਰਗ ਅਨੇਕ । ਜਨਮ ਗਵਾਇਆ ਕੁਕਰਮ ਵਿਚ, ਇਕ ਰੱਖੀ ਨਾ ਪ੍ਰਭ ਕੀ ਟੇਕ । ਪੀਰ ਪੈਗੰਬਰ ਗੁਰ ਗੁਰ ਜਿਨ ਆਤਮ ਭਏ ਬਬੇਕ । ਕਲਜੁਗ ਜੀਵ ਗਏ ਭੁੱਲ ਭੁੱਲ ਰੁਲ ਰੁਲ ਮਹਾਰਾਜ ਸ਼ੇਰ ਸਿੰਘ ਸਾਚੀ ਟੇਕ । ਕਲਜੁਗ ਮਾਇਆ ਪਾ ਕੇ, ਸਰਬ ਭੁਲਾਵੇ । ਸਾਚੀ ਜੋਤ ਜਗਾ ਕੇ, ਝੂਠਾ ਜਗਤ ਭੁਲਾਵੇ । ਇਕ ਆਪਣਾ ਨਾਉਂ ਉਪਾਇਕੇ, ਮਾਣ ਸਭ ਗਵਾਵੇ । ਚਾਰ ਵਰਨ ਇਕ ਕਰਾ ਕੇ, ਸੋਹੰ ਸ਼ਬਦ ਇਕ ਜਾਪ ਜਪਾਵੇ । ਜਗਤ ਭੇਖ ਸਰਬ ਮਿਟਾ ਕੇ, ਇਕ ਰੰਗ ਸ੍ਰਿਸ਼ਟ ਹੋ ਜਾਵੇ । ਸਾਚਾ ਰਾਹ ਦਸਾਇਕੇ, ਸਤਿਜੁਗ ਸਾਚਾ ਆਪ ਲਗਾਵੇ । ਬੇਮੁਖਾਂ ਅੰਤ ਖਪਾ ਕੇ, ਨਰਕ ਨਿਵਾਸ ਦਵਾਵੇ । ਗੁਰਮੁਖਾਂ ਦਰਸ ਦਿਖਾ ਕੇ, ਦਰਗਾਹ ਸਾਚੀ ਮਾਣ ਦਿਵਾਵੇ । ਪ੍ਰਭ ਭਰਮ ਭੁਲੇਖੇ ਲਾਹ ਕੇ, ਅੰਤਕਾਲ ਸਚ ਦਰਸ ਦਿਖਾਵੇ । ਮਹਾਰਾਜ ਸ਼ੇਰ ਸਿੰਘ ਸੋਹੰ ਨਾਮ ਜਪਾ ਕੇ, ਕਲਜੁਗ ਜੀਵ ਪਾਰ ਕਰਾਵੇ । ਗੁਰ ਪੀਰ ਪੈਗੰਬਰ ਜੀਵ ਕੋਈ ਨਾ ਮਾਨੇ । ਆਪਣੇ ਆਪ ਕਲਜੁਗ ਬਣੇ ਸੁਘੜ ਸਿਆਣੇ । ਪਰਗਟ ਜੋਤ ਆਪ ਨਿਰੰਕਾਰ, ਸਰਬ ਚਲਾਏ ਵਰਤਾਏ ਆਪਣੇ ਭਾਣੇ । ਬੇਮੁਖਾਂ ਆਈ ਹਾਰ, ਸੋਹੰ ਸ਼ਬਦ ਕਲ ਚਲਿਆ ਬਾਨੇ । ਊਚਾ ਦਿਸੇ ਗੁਰਚਰਨ ਦਰਬਾਰ, ਚਰਨੀਂ ਲਗੇ ਰਾਣੇ ਮਹਾਂਰਾਣੇ । ਈਸ਼ਰ ਜੋਤ ਜੋਤ ਆਕਾਰ, ਵਿਰਲਾ ਜਨ ਕੋਈ ਭਗਤ ਪਛਾਣੇ । ਜਿਨ੍ਹਾਂ ਮਿਲਿਆ ਸ਼ਬਦ ਆਧਾਰ, ਸੋ ਜਨ ਜਾਣੇ ਗੁਣ ਨਿਧਾਨੇ । ਭਰਮ ਭੁਲੇਖੇ ਭੁੱਲਾ ਸੰਸਾਰ, ਨਿਹਕਲੰਕ ਨਾ ਕੋਈ ਪਛਾਣੇ । ਕਲਜੁਗ ਬੈਠੇ ਮਾਇਆ ਧਾਰ, ਅੰਤਕਾਲ ਦੁੱਖ ਡਾਹਢੇ ਪਾਣੇ । ਬੇਮੁਖਾਂ ਕਲ ਆਈ ਹਾਰ, ਧਰਮ ਰਾਏ ਲਾਏ ਟਿਕਾਣੇ । ਮਹਾਰਾਜ ਸ਼ੇਰ ਸਿੰਘ ਸਦ ਨਿਮਸਕਾਰ, ਗੁਰਸਿਖ ਹੋਏ ਚਰਨ ਨਿਮਾਣੇ । ਕਲਜੁਗ ਧਰ ਜੋਤ ਪ੍ਰਭ ਮਾਣ ਸਭਨ ਗਵਾਇਆ । ਕਰੇ ਖੇਲ ਆਪਣਾ ਝੱਬ, ਨਿਹਕਲੰਕ ਦੇਰ ਨਾ ਲਾਇਆ । ਗੁਰਮੁਖ ਪੂਰੇ ਲਏ ਲੱਭ, ਜਿਨ੍ਹਾਂ ਕਲ ਮਾਤ ਚਰਨ ਲਗਾਇਆ । ਆਤਮ ਦੀਵੇ ਗਏ ਜਗ, ਸੋਹੰ ਸ਼ਬਦ ਜਿਨ ਰਿਦੇ ਵਸਾਇਆ । ਅੰਮ੍ਰਿਤ ਬੂੰਦ ਗਿਰੇ ਵਿਚ ਨਭ, ਨਾਭ ਕਵਲ ਪ੍ਰਭ ਮੁਖ ਖੁਲ੍ਹਾਇਆ । ਦਰਸ਼ਨ ਦੇਵੇ ਵਿਚੋ ਝੱਬ, ਦੇਹ ਮੰਦਰ ਵਿਚ ਡੇਰਾ ਲਾਇਆ । ਮਹਾਰਾਜ ਸ਼ੇਰ ਸਿੰਘ ਕਲ ਲਿਆ ਲੱਭ, ਜਿਨ੍ਹਾਂ ਸਿਰ

ਪ੍ਰਭ ਹੱਥ ਟਿਕਾਇਆ । ਭਾਣਾ ਜਗਤ ਆਪ ਵਰਤਾਵੇ । ਸਾਚਾ ਪ੍ਰਭ ਆਪ, ਦੂਸਰ ਕੋਈ ਨਜ਼ਰ ਨਾ ਆਵੇ । ਸਾਚੀ ਜੋਤ ਕਲਜੁਗ ਪਰਗਟਾਵੇ । ਖੰਡ ਬ੍ਰਹਿਮੰਡ ਸਰਬ ਥਾਏਂ ਰਹਾਵੇ । ਵਿਚ ਵਰਭੰਡ ਪ੍ਰਭ ਸਦਾ ਸਮਾਵੇ । ਝੂਠੀ ਦੇਹ ਜੀਵ ਬੰਨ੍ਹ ਬੈਠਾ ਦਾਅਵੇ । ਸਾਚਾ ਪ੍ਰਭ ਸਾਚਾ ਨੇਂਹ ਵਿਚ ਨਜ਼ਰ ਨਾ ਆਵੇ । ਅੰਮ੍ਰਿਤ ਬਰਖਾ ਆਤਮ ਬਰਸਾਵੇ ਮੇਂਹ, ਸੋਹੰ ਸ਼ਬਦ ਜਨ ਰਸਨਾ ਗਾਵੇ । ਮਹਾਰਾਜ ਸ਼ੇਰ ਸਿੰਘ ਤੇਰਾ ਭੇਵ, ਦਰ ਆਏ ਕੋਈ ਵਿਰਲਾ ਪਾਵੇ । ਆਵੇ ਦਰ ਜੋ ਮਨ ਧਰ ਹੰਕਾਰਾ । ਅੰਤਕਾਲ ਪ੍ਰਭ ਪਾਵੇ ਨਰਕ ਮਝਾਰਾ । ਜੋ ਜਨ ਆਵੇ ਕਰ ਆਤਮ ਵੀਚਾਰਾ । ਪਰਮਗਤ ਪਾਵੇ, ਕਾਲ ਅੰਤ ਮਿਲੇ ਮੋਖ ਦਵਾਰਾ । ਸੋਹੰ ਸ਼ਬਦ ਸਤਿਜੁਗ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਰਤਾਵੇ ਨਿਹਕਲੰਕ ਅਵਤਾਰਾ । ਤਾਰਨਹਾਰ ਪ੍ਰਭ ਤਾਰਿਆ, ਪੂਰਾ ਗੁਰਸਿਖ । ਘਰ ਆਏ ਕਾਜ ਸਵਾਰਿਆ, ਸਾਚੇ ਲੇਖ ਜਾਏ ਪ੍ਰਭ ਲਿਖ । ਗੁਰਚਰਨ ਛੋਹੇ ਕਰ ਹਰਿ ਦਵਾਰਿਆ, ਸੀਸ ਨਿਵਾਏ ਮੁਨ ਰਿਖ । ਇੰਦਰ ਸਿੰਘ ਊਚਾ ਦਰ ਦਰਬਾਰਿਆ, ਸਾਚਾ ਦਾਨ ਮਿਲੇ ਗੁਰ ਦਰ ਦੇ ਭਿਖ । ਸਾਚੀ ਭਿਖਿਆ ਆਪ ਪ੍ਰਭ ਦੇਵੇ । ਸਤਿਜੁਗ ਸਾਚਾ ਸਤਿ ਪੁਰਖ ਸਰੇਵੇ । ਗੁਣ ਨਿਧਾਨ ਮਿਲੇ ਪ੍ਰਭ ਅਲਖ ਅਭੇਵੇ । ਲਿਖਤ ਨਿਰਬਾਨ ਜੁਗ ਚਾਰ ਲਿਖੇਵੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਉਧਰੇ ਤੇਰੇ ਚਰਨ ਸਰੇਵੇ । ਪ੍ਰਭ ਪੂਰਨ ਆਸ ਕਰਾ ਕੇ, ਕਲ ਦੇ ਵਡਿਆਈ । ਆਤਮ ਧੀਰ ਧਰਾ ਕੇ, ਸਚ ਲਿਖਤ ਕਰਾਈ । ਗੁਣ ਨਿਧਾਨ ਘਰ ਆਇਕੇ, ਸਤਿਜੁਗ ਬਣਤ ਬਣਾਈ । ਸਿਰ ਹੱਥ ਆਪ ਟਿਕਾ ਕੇ, ਸਦਾ ਸੰਗ ਹੋਏ ਸਹਾਈ । ਆਪਣਾ ਆਪ ਉਪਾਇਕੇ, ਸਾਚਾ ਸ਼ਬਦ ਗੁਰਸਿਖ ਸੁਣਾਈ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾ ਕੇ, ਇੰਦਰ ਸਿੰਘ ਕਲ ਮਿਲੇ ਵਧਾਈ । ਸਚਾ ਗੁਰਸਿਖ ਕਲਜੁਗ, ਸਿਰ ਚੰਦੋਆ ਚੰਦਨ । ਸਚਾ ਗੁਰਸਿਖ ਕਲਜੁਗ, ਪ੍ਰਭ ਮਿਲਿਆ ਤ੍ਰੈਲੋਕੀ ਨੰਦਨ । ਸਚਾ ਗੁਰਸਿਖ ਕਲਜੁਗ, ਪ੍ਰਭ ਤੋੜੇ ਅੰਤਕਾਲ ਬੰਧਨ । ਸਚਾ ਗੁਰਸਿਖ ਕਲਜੁਗ ਮਹਾਰਾਜ ਸ਼ੇਰ ਸਿੰਘ ਦੇਵੇ ਅਨੰਦਨ । ਸੇਵਾ ਪ੍ਰਭ ਕੀ ਬਿਰਥਾ ਨਾ ਜਾਏ । ਅੰਤਕਾਲ ਹੋਏ ਸਹਾਏ । ਪਰਗਟ ਜੋਤ ਆਪ ਰਘੁਰਾਏ । ਭਗਤ ਜਨਾਂ ਹੋਏ ਹਰਿ ਆਪ ਪਿਤ ਮਾਏ । ਮੁਖ ਉਜਲ ਚਾਰ ਵਰਨ ਜੁਗ ਚਾਰ ਕਰਾਏ । ਪਰਗਟ ਨਿਹਕਲੰਕ ਸਭਨ ਮਾਣ ਗਵਾਏ । ਜੋ ਜਨ ਆਏ ਦਰ, ਆਤਮ ਭੁਲੇਖੇ ਪ੍ਰਭ ਦੇਵੇ ਲਾਹੇ । ਸਾਚੀ ਜੋਤ ਧਰੀ ਪ੍ਰਭ ਕਲ, ਨਿਰਭੈ ਹੋਏ ਜਗਤ ਭੈ ਰਖਾਏ । ਆਗੇ ਕੋਏ ਕਰੇ ਨਾ ਵਲ ਛਲ, ਹਉਮੇ ਸੰਸਾ ਦੇ ਚੁਕਾਏ । ਜਗਤ ਗਿਆਨੀ ਜੇ ਆਵੇ ਚਲ, ਬੁਧਿ ਮਲੀਨ ਪ੍ਰਭ ਕਰਾਏ । ਹੋਏ ਨਿਮਾਣਾ ਜੇ ਹੋਵੇ ਪਲ, ਆਤਮ ਸੋਝੀ ਪ੍ਰਭ ਦੇਵੇ ਪਾਏ । ਅਛਲ ਅਡੋਲ ਪ੍ਰਭ ਭੇਖਾਧਾਰੀ, ਬੇਮੁਖ ਮਾਇਆ ਭਰਮ ਭੁਲਾਏ । ਗੁਰਮੁਖਾਂ ਹਰਿ ਪੈਜ ਸਵਾਰੀ, ਦੇ ਦਰਸ ਹੋਏ ਸਹਾਏ । ਦਰਸ ਕਰ ਕਰ ਕਰ ਮਨ ਤ੍ਰਿਪਤਾਸਿਆ । ਆਤਮ ਤ੍ਰਿਪਤੀ ਜੀਵ ਅਭਲਾਸਿਆ । ਪਰਗਟ ਜੋਤ ਆਇਆ, ਪ੍ਰਭ ਸਚ ਕਰ ਵਾਸਿਆ । ਹੰਕਾਰੀਆਂ ਨਿੰਦਕਾਂ ਕਰੇ ਪ੍ਰਭ ਦਰ ਨਾਸਿਆ । ਕੋਈ ਨਾ ਅੜੇ ਜੋ ਰਸਨਾ ਲਾਵੇ ਮਦਿ ਮਾਸਿਆ । ਭਗਤ ਜਨ ਦਰ ਸਾਚੇ ਖੜ੍ਹੇ, ਗੁਰਚਰਨ ਪ੍ਰੀਤ ਜਿਨ ਆਤਮ ਰਾਸਿਆ । ਮਹਾਰਾਜ ਸ਼ੇਰ ਸਿੰਘ ਅਵਤਾਰ ਨਰ ਹਰੇ, ਕਲਜੁਗ ਪਰਗਟ ਕਰੇ ਬੰਦ ਖੁਲਾਸਿਆ । ਜੋਤ ਸਰੂਪੀ ਅਗਨ ਬੇਮੁਖ ਜਲਾਵੇ । ਮਦਿ ਮਾਸੀ ਗੁਰਚਰਨ ਕੋਈ ਠੌਹਰ ਨਾ ਪਾਵੇ । ਭਗਤ ਜਨ ਆਏ ਸਰਨ, ਜਿਨ ਪ੍ਰਭ ਸਾਚਾ ਨਾਮ ਜਪਾਵੇ । ਬੇਮੁਖ ਦਰ ਤੋਂ ਦੂਰੋਂ ਡਰਨ, ਆਤਮ ਪਾਪ ਵਿਚੋਂ ਡਰਾਵੇ । ਗੁਰਸਿਖ ਮਿਲ ਸਾਧ ਸੰਗਤ ਤਰਨ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ । ਗੁਰਸਿਖ ਗੁਰਦਰ ਚਾਟੜ, ਗੁਰ ਦਰਦ ਦੁਹੇਲਾ । ਕਿਰਪਾ ਕਰ

ਪ੍ਰਭ ਮੇਲਿਆ, ਮਿਲੇ ਭਗਤਨ ਮੇਲਾ । ਧਾਰ ਜੋਤ ਪ੍ਰਭ ਖੇਲਿਆ, ਕਰ ਅਚਰਜ ਖੇਲਾ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ ਗੁਰਮੁਖ ਸਾਚਾ ਸੱਜਣ ਸੁਹੇਲਾ । ਨਿਰਧਨ ਕਰ ਪਾਰ, ਗਾਏ ਨਿਰਾਹਾਰਾ । ਨਿਰਧਨ ਦੇਵੇ ਤਾਰ, ਸਮਰਥ ਪੁਰਖ ਆਪ ਕਰਤਾਰਾ । ਨਿਰਧਨ ਪਾਵੇ ਸਾਰ, ਕਲਜੁਗ ਹੋਵੇ ਅੰਤ ਧੁੰਧੂਕਾਰਾ । ਨਿਰਧਨ ਕਰਮ ਵਿਚਾਰ, ਦਰਸਾਵੇ ਸਚ ਦਵਾਰਾ । ਮਹਾਰਾਜ ਸ਼ੇਰ ਸਿੰਘ ਭਗਤ ਭੰਡਾਰ, ਸੋਹੰ ਦੇਵੇ ਨਾਮ ਆਧਾਰਾ ।

❊ ੧੧ ਵਿਸਾਖ ੨੦੦੮ ਬਿਕ੍ਰਮੀ ਮੋਤਾ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ❊

ਸਾਚਾ ਸ਼ਬਦ ਮਨ ਧਾਰ, ਗੁਰਸਿਖ ਨਾ ਭੁੱਲ । ਆਤਮ ਹੋਏ ਅਧਾਰ, ਮਿਲੇ ਨਾਮ ਅਮੁਲ । ਹੋਵੇ ਸ਼ਬਦ ਧੁਨਕਾਰ, ਦਵਾਰ ਦਸਵੇਂ ਜਾਏ ਖੁਲ੍ਹ । ਅੰਮ੍ਰਿਤ ਬੂੰਦ ਪ੍ਰਭ ਝਿਰਾਇੰਦਾ, ਵਿਚੋਂ ਕਵਲ ਨਾ ਜਾਏ ਡੁੱਲ੍ਹ । ਸਚ ਮਾਰਗ ਪ੍ਰਭ ਆਪ ਲਗਾਇੰਦਾ, ਕਲਜੁਗ ਅੰਧ ਨਾ ਜਾਏ ਰੁਲ । ਸਾਚਾ ਸਾਹਿਬ ਸਚ ਤਖ਼ਤ ਬਹਾਇੰਦਾ, ਗੁਰਸਿਖ ਜੋਤ ਨਾ ਕੋਏ ਤੁਲ । ਬੇਮੁਖ ਨਜ਼ਰ ਨਾ ਪਾਇੰਦਾ, ਕਲਜੁਗ ਅੰਦਰ ਜਾਏ ਭੁੱਲ । ਮਹਾਰਾਜ ਸ਼ੇਰ ਸਿੰਘ ਦੇ ਦਰਸ, ਆਤਮ ਜੰਦਰ ਜਾਏ ਖੁਲ੍ਹ । ਦੇ ਦਰਸ ਮਿਟੇ ਅੰਧੇਰਾ । ਗਿਆਨ ਜੋਤ ਪ੍ਰਭ ਦਿਸੇ ਨੇਰਾ । ਭਗਤ ਜਨਾਂ ਨਾ ਸੰਞ ਸਵੇਰਾ । ਆਤਮ ਜੋਤ ਪਰਕਾਸ਼, ਮਿਟ ਜਾਏ ਅੰਧੇਰਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤਰਾਏ, ਪਰਗਟ ਜੋਤ ਕਲ ਪਾਏ ਫੇਰਾ । ਜਗਤ ਨਿਰਾਲਮ ਜੋਤ ਪ੍ਰਭ ਪਰਕਾਸ਼ਿਆ । ਜੋਤ ਸਰੂਪ ਸਰਬ ਘਟ ਵਾਸਿਆ । ਨਿਹਕਲੰਕ ਸਦ ਅਬਿਨਾਸ਼ਿਆ । ਸਾਧ ਸੰਗਤ ਗੁਰਚਰਨ ਦਾਸਿਆ । ਭਗਤ ਜਨਾਂ ਆਤਮ ਪ੍ਰਭ ਧਰਵਾਸਿਆ । ਕਲਜੁਗ ਪਰਗਟ ਸੋਹੰ ਸ਼ਬਦ ਪ੍ਰਭ ਸਚ ਸੁਣਾਸਿਆ । ਕਲਜੁਗ ਅੰਤਮ ਵੇਦ ਚਾਰ ਸਰਬ ਵਿਨਾਸਿਆ । ਸਤਿਜੁਗ ਸਾਚਾ ਆਪ ਪ੍ਰਭ ਲਾਏ, ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸਿਆ । ਜੋਤ ਜਗਾਏ ਜਗਤ ਪਿਤ । ਗੁਰਸਿਖ ਤਰਾਏ ਕਰ ਕਲਜੁਗ ਹਿਤ । ਜਨ ਭਗਤ ਵਡਿਆਏ ਪ੍ਰਭ ਸਾਚਾ ਮਿਤ । ਮਹਾਰਾਜ ਸ਼ੇਰ ਸਿੰਘ ਪਾਰ ਲੰਘਾਏ ਜੋ ਰਸਨਾ ਜਪ । ਅੰਤਕਾਲ ਕਲ ਨਿਹਕਲੰਕ ਅਵਤਾਰੀ । ਸਰਬ ਸ੍ਰਿਸ਼ਟ ਕਲ ਹੋਈ ਅੰਧਿਆਰੀ । ਸ਼ਬਦ ਸੋਹੰ ਜਗਤ ਖਪਾਵੇ ਦੋ ਧਾਰੀ । ਜੋਤ ਤਰਾਏ ਕਲ ਆਪ ਬਨਵਾਰੀ । ਅਡੋਲ ਰਹਾਏ ਪ੍ਰਭ ਜੋਤ ਅਧਾਰੀ । ਸਰਬ ਵਿਚ ਸਮਾਏ ਪ੍ਰਭ ਆਪ ਪਸਾਰੀ । ਬੇਮੁਖ ਨਜ਼ਰ ਨਾ ਆਏ, ਹਉਮੇ ਵਿਚੋਂ ਜੀਵ ਨਾ ਮਾਰੀ । ਭਗਤ ਜਨਾਂ ਹਰਿ ਦਰਸ ਦਿਖਾਏ, ਪਰਗਟ ਜੋਤ ਸਚ ਦਰਬਾਰੀ । ਸਾਧ ਸੰਗਤ ਪ੍ਰਭ ਮਾਣ ਦਿਵਾਏ, ਨਰ ਨਰਾਇਣ ਭਗਤ ਭੰਡਾਰੀ । ਗੁਰ ਗੁਰ ਗੁਰ ਪ੍ਰਭ ਵਿਚ ਸਮਾਏ, ਏਕ ਜੋਤ ਅਚਲ ਆਪ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰੀ । ਸ੍ਰਿਸ਼ਟ ਸਬਾਈ ਕਰੇ ਖੁਆਰੀ । ਜਗਤ ਖੁਆਰ ਮੂਰਖ ਮੁਗਧ ਗਵਾਰ । ਗੁਰਮੁਖਾਂ ਅੰਮ੍ਰਿਤ ਵਰਖੇ ਆਤਮ ਧਾਰ । ਦੇ ਬ੍ਰਹਮ ਗਿਆਨ ਆਤਮ ਸਚ ਵਿਚਾਰ । ਜੋਤ ਨਿਰੰਜਣ ਕਰ ਅਗੰਮ ਅਪਾਰ । ਸੋਹੰ ਸ਼ਬਦ ਸਚ ਜੀਵ ਵਣਜ ਵਪਾਰ । ਸਾਚਾ ਨਾਮ ਹੋਏ ਸਤਿਜੁਗ ਅਪਾਰ । ਸਤਿਜੁਗ ਪਰਗਟੇ ਪ੍ਰਭ ਗਿਰਧਾਰ । ਜੋਤ ਸਰੂਪ ਆਪ ਨਿਰਾਧਾਰ । ਕਵਲ ਨੈਣ ਸਾਧ ਸੰਗਤ ਪਿਆਰ । ਮਹਾਰਾਜ ਸ਼ੇਰ ਸਿੰਘ ਕਲ ਨਰ ਅਵਤਾਰ । ਕਲਜੁਗ ਧਾਰ ਜਾਮਾ ਪ੍ਰਭ । ਭਗਤ ਜਨ ਦਰ ਲਿਆਵੇ ਲੱਭ । ਅੰਮ੍ਰਿਤ ਵਰਖੇ ਵਿਚੋਂ ਨੱਭ । ਮਹਾਰਾਜ ਸ਼ੇਰ ਸਿੰਘ ਆਤਮ ਭੇਵ ਮਿਟਾਵੇ ਜੀਵ ਸਭ । ਭਇਆ ਭੇਖ ਜਗਤ ਅੰਧਿਆਰਾ । ਪ੍ਰਭ ਸਾਚਾ ਵੇਖ ਆਤਮ

ਹੋਏ ਉਜਿਆਰਾ । ਧੁਰ ਲਿਖੇ ਲੇਖ, ਮਿਲਿਆ ਪੁਰਖ ਅਪਾਰਾ । ਸਰਬ ਘਟ ਸਾਚਾ ਵੇਖ, ਜੋਤ ਸਰੂਪ ਪਰਗਟ ਸੰਸਾਰਾ । ਮਹਾਰਾਜ ਸ਼ੇਰ ਸਿੰਘ ਕਲ ਤੇਰਾ ਭੇਖ, ਮੂਰਖ ਮੁਗਧ ਨਾ ਜਾਣੇ ਸਾਰਾ । ਕਲਜੁਗ ਅੰਦਰ ਪ੍ਰਭ ਭੇਖ ਵਟਾਇਆ । ਜੋਤ ਸਰੂਪ ਵਿਚ ਸਿੱਖ ਸਮਾਇਆ । ਕਲਜੁਗ ਅੰਤਕਾਲ ਕਲ ਕਰਨੇ ਆਇਆ । ਈਸਾ ਮੂਸਾ ਮੁਹੰਮਦ ਸਭ ਨਾਸ ਕਰਾਇਆ । ਖਾਣ ਬਾਣ ਗਗਨ ਪਤਾਲ ਪ੍ਰਭ ਆਣ ਭੁਲਾਇਆ । ਖੰਡ ਬ੍ਰਹਿਮੰਡ ਵਿਚ ਵਰਭੰਡ ਪ੍ਰਭ ਜੋਤ ਜਗਾਇਆ । ਆਤਮ ਹੋਏ ਰੰਡ, ਜਿਨ੍ਹਾਂ ਪ੍ਰਭ ਦਰਸ ਨਾ ਪਾਇਆ । ਸੋਹੰ ਸ਼ਬਦ ਦਾਤ ਜਾਵੇ ਵੰਡ, ਜਿਨ੍ਹਾਂ ਦਰ ਆ ਸੀਸ ਝੁਕਾਇਆ । ਅੰਤਕਾਲ ਨਾ ਦੇਵੇ ਦੰਡ, ਜਿਨ੍ਹਾਂ ਸਿਰ ਪ੍ਰਭ ਹੱਥ ਟਿਕਾਇਆ । ਬੇਮੁਖ ਪਕੜ ਕੀਨੇ ਖੰਡ, ਮਦਿ ਮਾਸ ਜਿਸ ਰਸਨਾ ਲਾਇਆ । ਗੁਰਸਿਖ ਉਜਲ ਵਿਚ ਬ੍ਰਹਿਮੰਡ, ਧਾਮ ਬੈਕੁੰਠ ਆਸਣ ਲਾਇਆ । ਕਰ ਦਰਸ ਹੋਏ ਆਤਮ ਠੰਡ, ਜੋਤ ਸਰੂਪ ਪ੍ਰਭ ਜੋਤ ਪਰਗਟਾਇਆ । ਮਹਾਰਾਜ ਸ਼ੇਰ ਸਿੰਘ ਹੋਏ ਚੰਡ ਪਰਚੰਡ, ਸੋਹੰ ਬਾਣ ਜਗਤ ਲਾਇਆ । ਸੋਹੰ ਬਾਣ ਸ਼ਬਦ ਜਗ ਲਾਗੇ । ਰਾਓ ਰੰਕ ਸਰਬ ਉਠ ਭਾਗੇ । ਗੁਰਮੁਖ ਕਲਜੁਗ ਸਦਾ ਹੈ ਜਾਗੇ । ਮਧ ਮਾਸੀ ਨਰਕ ਨਿਵਾਸੀ ਸਦਾ ਅਭਾਗੇ । ਗੁਰਚਰਨ ਪਰਸਨਾ ਸੋਹੰ ਰਾਗੇ । ਮਹਾਰਾਜ ਸ਼ੇਰ ਸਿੰਘ ਦੇ ਜੋਤ ਆਧਾਰ, ਕਲਜੁਗ ਸਿੱਖ ਨਾ ਲਾਗੇ ਦਾਗੇ । ਕਲਜੁਗ ਖਪਾਏ ਆਣ ਪ੍ਰਭ, ਨਿਰੰਜਣ ਜੋਤ ਪਰਗਟਾ ਕੇ । ਕਲਜੁਗ ਖਪਾਵੇ ਆਣ ਪ੍ਰਭ, ਜੋਤ ਸਰੂਪੀ ਭੇਖ ਵਟਾ ਕੇ । ਕਲਜੁਗ ਆਣ ਆਪ ਭੁਲਾਏ ਪ੍ਰਭ, ਅਛਲ ਛਲਨ ਛਲ ਆਪ ਕਰਾ ਕੇ । ਕਲਜੁਗ ਭਗਤ ਆਣ ਤਰਾਏ ਪ੍ਰਭ, ਸੋਹੰ ਸਾਚਾ ਗਿਆਨ ਦਵਾ ਕੇ । ਕਲਜੁਗ ਦੁਸ਼ਟ ਖਪਾਏ ਆਣ ਪ੍ਰਭ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾ ਕੇ । ਨਾਮ ਸਾਚਾ ਦਰ ਸਾਚਾ ਪਾਵੇ, ਹਉਮੇ ਮਮਤਾ ਜਨ ਵਿਚੋਂ ਮਾਰੇ । ਕਲਜੁਗ ਹੋਏ ਨਾ ਜੀਵ ਖੁਆਰੇ । ਈਸ਼ਰ ਜੋਤ ਹੋਏ ਆਤਮ ਦਵਾਰੇ । ਨੈਣੀਂ ਪੇਖੇ ਪ੍ਰਭ ਬਨਵਾਰੇ । ਤੀਨ ਲੋਕ ਕਰ ਜੋਤ ਆਕਾਰੇ । ਜੀਵ ਜੰਤ ਹੋਏ ਆਪ ਭੰਡਾਰੀ । ਅੰਤਕਾਲ ਕਲ ਕਰੇ ਖੁਆਰੀ । ਹਿੰਦ ਹਿੰਦਵੈਣ ਕਰੇ ਪ੍ਰਭ ਦਾਰੀ । ਚੜ੍ਹਕੇ ਆਏ ਮੁਗਲ ਕੰਧਾਰੀ । ਖੰਡਾ ਚਲੇ ਜਗਤ ਦੋ ਧਾਰੀ । ਉਪਰ ਬਿਆਸ ਪਏ ਅੰਤ ਖੁਆਰੀ । ਵਰਤੇ ਕਹਿਰ ਜਗਤ ਬਿਮਾਰੀ । ਬਿਨ ਪ੍ਰਭ ਪੂਰੇ ਕੋਏ ਲਏ ਨਾ ਸਾਰੀ । ਕਲਜੁਗ ਪਰਗਟ ਨਿਹਕਲੰਕ ਅਵਤਾਰੀ । ਸਾਚਾ ਸ਼ਬਦ ਲਿਖਾਏ ਜਗਤ ਲੇਖ ਪ੍ਰਭ ਲਿਖਾਰੀ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਪਰਗਟ ਜੋਤ ਪੈਜ ਸਵਾਰੀ । ਸੋਹੰ ਸ਼ਬਦ ਪ੍ਰਭ ਡੰਕ ਵਜਾਇਆ । ਰਾਓ ਰੰਕ ਕਰ ਇਕ ਬਹਾਇਆ । ਤਖ਼ਤ ਨਿਵਾਸੀ ਕੋਈ ਰਹਿਣ ਨਾ ਪਾਇਆ । ਬੈਠ ਅਡੋਲ ਸਭ ਜਗਤ ਭੁਲਾਇਆ । ਘਨਕਪੁਰ ਵਾਸੀ ਕਲ ਪਾਈ ਮਾਇਆ । ਕਲਜੁਗ ਭਾਣਾ ਪ੍ਰਭ ਆਪ ਵਰਤਾਇਆ । ਹਾਹਾਕਾਰ ਕਰ ਜਗਤ ਰੁਵਾਇਆ । ਸੋਹੰ ਬਾਣ ਜਗਤ ਲਗਾਇਆ । ਜੋਤ ਸਰੂਪੀ ਜਗਤ ਅਗਨ ਲਗਾਇਆ । ਰਾਜਨ ਪਕੜ ਬੰਨ੍ਹ ਲਿਆਇਆ । ਸ਼ਬਦ ਰੂਪ ਪ੍ਰਭ ਖੇਲ ਰਚਾਇਆ । ਭੈ ਨਿਰਭੈ ਹੋਏ ਦਰਸ ਦਿਖਾਇਆ । ਵਾਲੀ ਹਿੰਦਵੈਣ ਬਾਂਹੋਂ ਪਕੜ ਉਠਾਇਆ । ਅਚੁਤ ਪਾਰਬ੍ਰਹਮ ਪਰਮੇਸ਼ਵਰ ਨਜ਼ਰੀ ਆਇਆ । ਸ਼ਬਦ ਧੁਨ ਆਤਮ ਪਰਕਾਸ਼ੇ, ਆਪਣਾ ਭੇਵ ਆਪ ਖੁਲ੍ਹਾਇਆ । ਸਾਧ ਸੰਗਤ ਪ੍ਰਭ ਸਦਾ ਵਾਸੇ, ਮਿਲ ਸੰਗਤ ਪ੍ਰਭ ਦਰਸ਼ਨ ਪਾਇਆ । ਜੋਤ ਸਰੂਪ ਸਦਾ ਅਬਿਨਾਸ਼ੇ, ਸ੍ਰਿਸ਼ਟ ਵਿਨਾਸੀ ਪ੍ਰਭ ਲੇਖ ਲਿਖਾਇਆ । ਨਿਹਕਲੰਕ ਜੋਤ ਪਰਕਾਸ਼ੇ, ਵਡ ਭੂਪ ਸਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਸਰਬ ਸੁਖ ਵਾਸੀ, ਨਾਮ ਨਿਧਾਨ ਗੁਰ ਦਰ ਤੇ ਪਾਇਆ । ਕਲਜੁਗ ਪੰਧ ਮੁਕਾਇਕੇ, ਜਗਤ ਚਲੰਦਾ । ਆਪਣਾ ਕਰਮ ਕਮਾਇਕੇ, ਮਾਇਆ ਵਿਚ ਸਭ

੩੫੦
੦੧

ਜਗਤ ਭੁਲੰਦਾ । ਜੋਤ ਸਰੂਪ ਪ੍ਰਭ ਆਇਕੇ, ਨਿਹਕਲੰਕ ਕਲ ਨਾਉਂ ਰਖੰਦਾ । ਊਚ ਨੀਚ ਭੇਵ ਮਿਟਾਇਕੇ, ਚਾਰ ਵਰਨ ਇਕ ਕਰੰਦਾ । ਸਤਿਜੁਗ ਸਾਚਾ ਪ੍ਰਭ ਲਾਇਕੇ, ਸੋਹੰ ਸ਼ਬਦ ਜਗਤ ਵਰਤੰਦਾ । ਜਗ ਭਰਮ ਭੁਲੇਖੇ ਭੁਲਾਇਕੇ, ਮਾਇਆ ਰੂਪੀ ਪੜਦ ਪੜੰਦਾ । ਮਹਾਰਾਜ ਸ਼ੇਰ ਸਿੰਘ ਨਾਉਂ ਰਖਾਇਕੇ, ਵਿਚ ਸਾਧ ਸੰਗਤ ਸੁਹੰਦਾ । ਸੋਹੇ ਜਨ ਪ੍ਰਭ ਚਰਨ ਦਵਾਰੇ । ਜੋ ਚਲ ਆਏ ਤੇਰੇ ਦਰਬਾਰੇ । ਭਗਤ ਵਛਲ ਪ੍ਰਭ ਪਾਰ ਉਤਾਰੇ । ਗੁਰਮੁਖ ਸੋਹੇ ਹਰਿ ਕੇ ਦਵਾਰੇ । ਬੇਮੁਖ ਕਲਜੁਗ ਹੋਏ ਖੁਆਰੇ । ਮਦਿ ਮਾਸ ਜਿਸ ਰਸਨ ਆਹਾਰੇ । ਸਾਚਾ ਸਾਹਿਬ ਊਚ ਦਰਬਾਰੇ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਖੋਲ੍ਹੇ ਭਗਤ ਭੰਡਾਰੇ । ਗੁਰਸਿਖ ਰੱਖ ਪ੍ਰਭ ਮਿਲਣ ਦੀ ਆਸ । ਦੇਵੇ ਦਰਸ ਪ੍ਰਭ ਦਾਸਨ ਦਾਸ । ਸਾਧ ਸੰਗਤ ਪ੍ਰਭ ਕੀਨਾ ਵਾਸ । ਗੁਰਮੁਖ ਉਜਲ ਜਿਉਂ ਚੰਦਨ ਪਰਭਾਸ । ਜੀਵ ਕਲਜੁਗ ਮਦਿ ਮਾਸੀ ਸਰਬ ਹੋਵੇ ਨਾਸ । ਜੋਤ ਪਰਗਟਾਵੇ ਪ੍ਰਭ ਕਲਜੁਗ ਅਬਿਨਾਸ਼ । ਸੋਹੰ ਨਾਮ ਦਿਵਾਏ, ਪ੍ਰਭ ਸਰਬ ਗੁਣਤਾਸ । ਸੋਹੰ ਜਪ ਜੀਵ ਰਸਨ ਸਵਾਸ ਸਵਾਸ । ਕਾਲ ਅੰਤ ਹੋਏ ਬੰਦ ਖਲਾਸ । ਜਗਤ ਨਾ ਹੋਵੇ ਗਰਭ ਵਾਸ । ਮਹਾਰਾਜ ਸ਼ੇਰ ਸਿੰਘ ਦੁਸ਼ਟ ਦੂਤ ਸਭ ਕੀਨੇ ਨਾਸ । ਪ੍ਰਭ ਜੋਤ ਅਪਾਰ ਜਗਤ ਨਿਰਾਲੀ । ਕਰੇ ਆਤਮ ਸੁਧਾਰ, ਮਿਲੇ ਪੁਰਖ ਕਲ ਬਨਵਾਲੀ । ਮਿਲੇ ਨਾਮ ਅਧਾਰ, ਦਰਸ ਦਿਖਾਏ ਪ੍ਰਭ ਹਿੰਦ ਵਾਲੀ । ਚਰਨ ਲਾਗ ਹੋਏ ਦਾਸਨ ਦਾਸ, ਕਰ ਨਿਮਸਕਾਰ ਪੈਜ ਰਖਾ ਲੀ । ਸਚ ਧਾਮ ਗੁਰਚਰਨ ਨਿਵਾਸ, ਝੂਠੀ ਮਾਇਆ ਜਗਤ ਭੁਲਾ ਲੀ । ਮਹਾਰਾਜ ਸ਼ੇਰ ਸਿੰਘ ਅਪਰ ਅਪਾਰ, ਕਰ ਦਰਸ ਆਤਮ ਜੋਤ ਜਗਾ ਲੀ । ਆਤਮ ਜੋਤ ਪ੍ਰਭ ਆਪ ਜਗਾਵੇ । ਬੁਧ ਬਿਬੇਕ ਕਰ ਦਰਸ ਹੋ ਜਾਵੇ । ਸੋਹੰ ਟੇਕ ਸਤਿਜੁਗ ਰਖਾਵੇ । ਜਾਪ ਏਕ ਚਾਰ ਵਰਨ ਕਰਾਵੇ । ਏਕ ਜੋਤ ਏਕ ਸ਼ਬਦ ਪ੍ਰਭ ਜਗਤ ਸੁਣਾਵੇ । ਸਾਚਾ ਮਾਰਗ ਸਤਿਜੁਗ ਤਰਾਵੇ । ਬੇਮੁਖ ਕੋਏ ਰਹਿਣ ਨਾ ਪਾਵੇ । ਸੰਤ ਜਨ ਨਿਰਮਲ ਰਸਨਾ ਹਰਿ ਹਰਿ ਗਾਵੇ । ਅੰਮ੍ਰਿਤ ਫਲ ਗੁਰ ਦਰ ਤੇ ਪਾਵੇ । ਹੋਏ ਦਰਬਾਨ ਵਾਂਗ ਸਵਰਨ ਤਰ ਜਾਵੇ । ਨਾਂ ਚੇਤ ਸਿੰਘ ਜੁਗ ਚਾਰ ਉਜਲ ਕਰਾਵੇ । ਗੁਰਸਿਖ ਪੂਰਾ ਸਚਖੰਡ ਸਮਾਵੇ । ਦਿਸੇ ਪ੍ਰਭ ਹਾਜ਼ਰ ਹਜ਼ੂਰਾ, ਜਮ ਨੇੜ ਨਾ ਆਵੇ । ਸਾਚਾ ਦੇਵੇ ਨਾਮ ਸਰੂਰਾ, ਜੋਤੀ ਜੋਤ ਪ੍ਰਭ ਜੋਤ ਮਿਲਾਵੇ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਗੁਰਸਿਖ ਤੇਰਾ ਨਰਕ ਨਾ ਜਾਵੇ । ਨਿਰੰਜਣ ਜੋਤ ਜੀਵ ਜਗ ਨਾਤਾ । ਹਿਰਦੇ ਵਸੇ ਪੁਰਖ ਬਿਧਾਤਾ । ਗੁਰਮੁਖ ਵਿਰਲੇ ਕਰ ਦਰਸ ਪ੍ਰਭ ਪਛਾਤਾ । ਬੇਮੁਖ ਜਰਮ ਗਵਾਇਆ, ਕਰ ਕਰ ਝੂਠੀ ਬਾਤਾ । ਸੋਹੰ ਸ਼ਬਦ ਪ੍ਰਭ ਗਿਆਨ ਦਵਾਇਆ, ਗੁਰਸਿਖ ਜਗਾਵੇ ਰਾਤਾ । ਭਗਤ ਜਨਾਂ ਹਰਿ ਪੈਜ ਰਖਾਏ, ਆਪ ਬਣ ਪਿਤ ਮਾਤਾ । ਕਲਜੁਗ ਅੰਦਰ ਪਾਰ ਕਰਾਏ, ਮਹਾਰਾਜ ਸ਼ੇਰ ਸਿੰਘ ਜਿਨ ਜਾਤਾ । ਜਾਤ ਪਾਤ ਨਾ ਪ੍ਰਭ ਕਾ ਰੰਗ । ਊਚ ਨੀਚ ਵਸੇ ਪ੍ਰਭ ਸਭ ਕੇ ਸੰਗ । ਸਾਚਾ ਨਾਮ ਗੁਰਸਿਖ ਗੁਰ ਦਰ ਤੇ ਮੰਗ । ਆਤਮ ਧਾਰ ਅੰਮ੍ਰਿਤ ਵਗੇ ਵਿਚ ਦੇਹ ਗੰਗ । ਕਾਜ ਸਵਾਰ ਪ੍ਰਭ ਸੋਹੰ ਸ਼ਬਦ ਆਤਮ ਚਾੜ੍ਹੇ ਰੰਗ । ਮਹਾਰਾਜ ਸ਼ੇਰ ਸਿੰਘ ਕਲ ਖੁੱਲ੍ਹਾ ਭੰਡਾਰਾ, ਕਰ ਬੇਨੰਤੀ ਮੂਲ ਨਾ ਸੰਗ । ਭਗਤ ਭੰਡਾਰੀ ਕਲਜੁਗ ਆਇਆ । ਨਿਹਕਲੰਕ ਨਾਂ ਰਖਾਇਆ । ਚਤੁਰਭੁਜ ਪ੍ਰਭ ਜੋਤ ਪਰਗਟਾਇਆ । ਸਰਬ ਸ੍ਰਿਸ਼ਟ ਪ੍ਰਭ ਮਾਣ ਗਵਾਇਆ । ਜੋਤ ਅਗਨ ਵਿਚ ਜਗਤ ਜਲਾਇਆ । ਪ੍ਰਭ ਅਤੋਲ, ਝੂਠਾ ਜਗਤ ਕਲ ਤੁਲਾਇਆ । ਗੁਰਮੁਖ ਕਰਮ ਵਿਚਾਰ, ਸੋਹੰ ਨਾਮ ਗੁਰ ਝੋਲੀ ਪਾਇਆ । ਬੇਮੁਖ ਕਲ ਖੁਆਰ, ਅੰਤਕਾਲ ਨਰਕ ਨਿਵਾਸ ਦਵਾਇਆ । ਅੰਤਕਾਲ ਭਗਤ ਜਨਾਂ ਪ੍ਰਭ ਲਏ ਸਾਰ, ਅੰਤਕਾਲ ਹੋਏ ਸਹਾਇਆ । ਬੇਮੁਖ ਡੁੱਬੇ

ਲਹਿੰਦੀ ਧਾਰ, ਐਸਾ ਧੱਕਾ ਕਲਜੁਗ ਲਾਇਆ । ਭਗਤ ਜਨਾਂ ਦੇ ਜੋਤ ਅਧਾਰ, ਗਿਆਨ ਜੋਤ ਹਿਰਦਾ ਪ੍ਰਭ ਆਪ ਕਰਾਇਆ । ਬੇਮੁਖ ਕਲਜੁਗ ਖੁਆਰ, ਮਦਿ ਮਾਸ ਆਹਾਰ ਬਣਾਇਆ । ਗੁਰਮੁਖ ਸੋਹਣ ਸਚ ਦਵਾਰ, ਪਰਗਟ ਜੋਤ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਜੋਤ ਨਿਰਾਧਾਰ, ਨਿਰਵੈਰ ਹੋਏ ਕਲਜੁਗ ਆਇਆ । ਨਿਰਵੈਰ ਆਪ ਪ੍ਰਭ ਨਿਰਾਧਾਰੀ । ਪਰਗਟੀ ਜੋਤ ਕ੍ਰਿਸ਼ਨ ਮੁਰਾਰੀ । ਸਰਬ ਸ੍ਰਿਸ਼ਟ ਪ੍ਰਭ ਆਣ ਸੰਘਾਰੀ । ਸ਼ਬਦ ਬਾਣ ਲਾਇਆ ਦੋ ਧਾਰੀ । ਗੁਰਚਰਨ ਪ੍ਰੀਤ ਜੀਵ ਕਲ ਵੱਡੀ ਸਿਕਦਾਰੀ । ਆਦਿ ਅੰਤ ਪ੍ਰਭ ਕੀ ਸਾਚੀ ਰੀਤ, ਭਗਤ ਜਨਾਂ ਹਰਿ ਪੈਜ ਸਵਾਰੀ । ਗੁਣ ਨਿਧਾਨ ਕਲ ਪਰਖੇ ਨੀਤ, ਬੇਮੁਖ ਡੁੱਬੇ ਵਿਚ ਮੰਝਧਾਰੀ । ਸੋਹੰ ਸ਼ਬਦ ਜਨ ਰਸਨਾ ਚੀਤ, ਦੇਵੇ ਦਰਸ ਆਪ ਗਿਰਧਾਰੀ । ਸਾਧ ਸੰਗਤ ਮਿਲ ਗਾਓ ਪ੍ਰਭ ਕੇ ਗੀਤ, ਪਰਗਟੇ ਜੋਤ ਨਿਰੰਜਣ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਚਰਨ ਲਾਗ ਕਲ ਜਾਏ ਜੀਤ, ਅੰਤਕਾਲ ਨਾ ਹੋਏ ਖੁਆਰੀ । ਕਲਜੁਗ ਸੁੱਤਾ ਪੈਰ ਪਸਾਰ । ਜਗਤ ਭੁਲਾਇਆ ਮਾਇਆ ਧਾਰ । ਵੇਖ ਕਰਮ ਪਰਗਟੇ ਕਲ ਸਿਰਜਣਹਾਰ । ਨਾਮ ਧਰਾਏ ਨਿਹਕਲੰਕ ਨਰ ਅਵਤਾਰ । ਸ਼ਬਦ ਚਲਾਏ ਦਏ ਧੁਨਕਾਰ । ਬੇਮੁਖ ਸੁਣ ਕੇ ਹੋ ਜਾਏ ਅਫਾਰ । ਸ਼ਬਦ ਰੁਣ ਝੁਣ ਕੇ ਗੁਰਮੁਖਾਂ ਆਤਮ ਵੱਜੇ ਧੁਨਕਾਰ । ਗੁਰਚਰਨ ਲਾਏ ਕਲ ਚੁਣ ਚੁਣ ਕੇ, ਸੋਹੰ ਦੇਵੇ ਭਗਤ ਭੰਡਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਆਇਆ ਸਾਚੀ ਕਲ ਧਾਰ । ਭਗਤ ਅਧਾਰੀ ਆਪ ਪ੍ਰਭ, ਸੁੱਤ ਮਾਣ ਦਿਵਾਏ । ਗੁਰਸਿਖ ਸੁਧਾਰੀ ਆਪ ਪ੍ਰਭ, ਹਰਿ ਲਾਜ ਰਖਾਏ । ਕਲ ਨਾਮ ਭੰਡਾਰੀ ਆਪ ਪ੍ਰਭ, ਸੋਹੰ ਨਾਮ ਗਿਆਨ ਦਿਵਾਏ । ਸ੍ਰਿਸ਼ਟ ਸਬਾਈ ਪਸਰ ਪਸਾਰੀ ਆਪ ਪ੍ਰਭ, ਅੰਤਕਾਲ ਕਲ ਲੈ ਖਪਾਏ । ਭਗਤ ਅਧਾਰੀ ਆਪ ਪ੍ਰਭ, ਦੇ ਦਰਸ ਪਾਰ ਕਰਾਏ । ਸਚ ਸਵਾਰੀ ਆਪ ਪ੍ਰਭ, ਸਚਖੰਡ ਰਹਾਏ । ਮਹਾਰਾਜ ਸ਼ੇਰ ਸਿੰਘ ਅੰਤਕਾਲ ਰਾਓ ਰੰਕ ਕਲ ਇਕ ਕਰਾਏ । ਰੰਕ ਰਾਓ ਜਗਤ ਇਕ ਕਰਾਏ । ਭਰਮ ਭੁਲੇਖਾ ਸਰਬ ਮਿਟਾਏ । ਦੇ ਦਰਸ ਪ੍ਰਭ ਮਨ ਤ੍ਰਿਪਤਾਏ । ਮਿਟਾਵੇ ਹਰਸ ਨਿਜਾਨੰਦ ਸਮਾਏ । ਦਰਸ ਪਰਸ ਤੋਟ ਰਹੇ ਨਾ ਕਾਏ । ਅੰਮ੍ਰਿਤ ਮੇਘ ਪ੍ਰਭ ਆਤਮ ਬਰਸ, ਕੂੜੀ ਕਾਇਆ ਨਿਰਮਲ ਕਰਾਏ । ਮਹਾਰਾਜ ਸ਼ੇਰ ਸਿੰਘ ਕਲ ਤੇਰਾ ਦਰਸ, ਜਨਮ ਜਨਮ ਦੀ ਮੈਲ ਗਵਾਏ । ਗੁਰ ਦਰਸ ਕਰ ਮਨ ਹਰਿਆਵਲਾ । ਬੇਮੁਖ ਭੁੱਲਾ ਕਲਜੁਗ ਜੀਵ ਬਾਵਲਾ । ਧਰੇ ਜੋਤ ਵਿਚ ਕਲ ਪ੍ਰਭ ਸੁੰਦਰ ਸਾਵਲਾ । ਮਹਾਰਾਜ ਸ਼ੇਰ ਸਿੰਘ ਸਚ ਤੇਰੀ ਜੋਤ, ਜਗਤ ਭੁਲਾਵਲਾ । ਜੁਗੋ ਜੁਗ ਪ੍ਰਭ ਭਗਤਨ ਤਾਰੇ । ਊਚ ਨੀਚ ਨਾ ਆਪ ਵਿਚਾਰੇ । ਬ੍ਰਹਮ ਸਰੂਪ ਜੀਵ ਆਤਮ ਬ੍ਰਹਮ ਵਿਚਾਰੇ । ਭੈ ਭੰਜਨ ਸਮਰਥ ਦੁੱਖ ਦਰਦ ਨਿਵਾਰੇ । ਸਾਚੀ ਨਾਮ ਦੇ ਵੱਥ, ਦੇਵੇ ਜੀਵ ਅਧਾਰੇ । ਪ੍ਰਗਟੀ ਜੋਤ ਪ੍ਰਭ ਅਕੱਥ, ਸਾਚੇ ਦਰਬਾਰੇ । ਬੇਮੁਖਾਂ ਪਾਏ ਨੱਥ, ਕਲ ਕਰੇ ਖੁਆਰੇ । ਮਹਾਰਾਜ ਸ਼ੇਰ ਸਿੰਘ ਸਿਰ ਰੱਖੇ ਹੱਥ, ਜੋ ਜਨ ਚਰਨ ਨਿਮਸਕਾਰੇ । ਚਰਨ ਲਾਗ ਮਿਲੇ ਵਡਿਆਈ । ਗੁਰ ਮਿਲ ਗੁਰਸਿਖ ਪਰਮਗਤ ਪਾਈ । ਆਵਣ ਜਾਣ ਜਗ ਭੇਤ ਮਿਟਾਈ । ਜੇਠ ਸੱਤ ਸਵਰਨ ਪ੍ਰਭ ਜੋਤ ਜਗਾਈ । ਹੋਏ ਦਰਬਾਨ ਮਹਾਂ ਸੁਖਦਾਈ । ਮਾਤ ਕੁੱਖ ਕਲ ਸੁਫਲ ਕਰਾਈ । ਚਾਰ ਜੁਗ ਮਿਲੇ ਵਧਾਈ । ਅੰਤਕਾਲ ਪ੍ਰਭ ਆ ਹੋਏ ਸਹਾਈ । ਸਾਚੀ ਬਣਤ ਵਿਚ ਆਪ ਬਣਾਈ । ਸਚਖੰਡ ਚੇਤ ਸਿੰਘ ਜੋਤ ਸਵਾਈ । ਮਾਘ ਪਹਿਲੀ ਪ੍ਰਭ ਲਿਖਤ ਕਰਾਈ । ਵਿਚ ਸਾਧ ਸੰਗਤ ਪ੍ਰਭ ਦੇ ਵਡਿਆਈ । ਗਣ ਗੰਧਰਬ ਦਰ ਲਿਆ ਕੇ, ਫੂਲਨ ਵਰਖਾ ਪ੍ਰਭ ਕਰਾਈ । ਪਹਿਲੇ ਲਿਖਤ ਕਰਾ ਕੇ, ਫੇਰ ਦੇਹ ਛੁਡਾਈ । ਝੂਠੀ ਦੇਹ ਤਜਾ ਕੇ, ਸਾਚੀ ਜੋਤ

ਵਿਚ ਜੋਤ ਮਿਲਾਈ । ਮਾਤ ਪਾਤਾਲ ਤਜਾ ਕੇ, ਵਿਚ ਬੈਕੁੰਠ ਪ੍ਰਭ ਦੇ ਟਿਕਾਈ । ਆਪਣਾ ਆਪ ਪ੍ਰਭ ਉਪਾ ਕੇ, ਸਾਚੀ ਜੋਤ ਸਚ ਧਾਮ ਜਗਾਈ । ਗੁਰ ਪੂਰਾ ਸੇਵ ਕਮਾਇਕੇ, ਫਿਰ ਜਨਮ ਨਾ ਪਾਈ । ਮਹਾਰਾਜ ਸ਼ੇਰ ਸਿੰਘ ਰਸਨਾ ਗੁਣ ਗਾਇਕੇ, ਕਲ ਲੈ ਜਾਏ ਭਗਤ ਵਡਿਆਈ । ਸੇਵਾ ਕਰੇ ਪ੍ਰਭ ਜਨ ਤਨ ਮਨ । ਸ੍ਰਿਸ਼ਟ ਸਬਾਈ ਸਾਚਾ ਸ਼ਬਦ ਰੱਖੇ ਇਕ ਮਨ । ਸਾਚੀ ਦੀਪਕ ਵਿਚ ਦੇਹ ਜਗਾਈ, ਲਾਲ ਅਮੁਲੜਾ ਕੋਈ ਲਾਏ ਨਾ ਸੰਨ੍ਹ । ਹੋਏ ਉਜਿਆਰ ਪ੍ਰਭ ਪੈਜ ਸਵਾਈ, ਅਗਿਆਨ ਅੰਧੇਰ ਜੰਦਰ ਭੰਨ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਨਰ ਅਵਤਾਰ ਜਿਸ ਲਿਆ ਮੰਨ । ਨਰ ਅਵਤਾਰ ਕੋਏ ਨਾ ਜਾਣੇ । ਜੋਤ ਸਰੂਪੀ ਜਗ ਆਵਣ ਜਾਣੇ । ਤਖ਼ਤੋਂ ਲਾਹੇ ਸਭ ਰਾਜੇ ਰਾਣੇ । ਬੇਮੁਖ ਪੀੜ੍ਹੇ ਜਿਉਂ ਕੋਹਲੂ ਘਾਣੇ । ਸਾਧ ਸੰਗਤ ਪ੍ਰਭ ਵਿਚ ਸਮਾਣੇ । ਅੰਤਕਾਲ ਦੇ ਦਰਸ, ਬਿਠਾਏ ਵਿਚ ਬਬਾਣੇ । ਮਹਾਰਾਜ ਸ਼ੇਰ ਸਿੰਘ ਕਰ ਦਰਸ, ਗੁਰਸਿਖ ਅੰਤਕਾਲ ਜੋਤ ਮਿਲ ਜਾਣੇ ।

❊ ੧੨ ਵਿਸਾਖ ੨੦੦੬ ਬਿਕ੍ਰਮੀ ਸ਼ਿੰਗਾਰਾ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ❊

ਮਿਲਿਆ ਪਾਰਬ੍ਰਹਮ ਪ੍ਰਭ ਸਾਚਾ ਗੁਰ । ਮੇਲ ਮਿਲਾਇਆ ਜਿਹੜਾ ਲਿਖਿਆ ਧੁਰ । ਦਰਸ਼ਨ ਲੋਚੇ ਪ੍ਰਭ ਕਾ ਸਭ ਇੰਦਰ ਸੁਰ । ਕਲਜੁਗ ਪ੍ਰੀਤੀ ਗੁਰਚਰਨ ਜੁੜ । ਮਾਨਸ ਜਨਮ ਜੀਵ ਹੱਥ ਨਾ ਆਵੇ ਮੁੜ । ਕਲ ਅੰਧਿਆਰ ਪਾਪੀ, ਵਹਿਣ ਵਿਚ ਨਾ ਜਾਈ ਰੁੜ੍ਹ । ਮਹਾਰਾਜ ਸ਼ੇਰ ਸਿੰਘ ਖੇਲ ਰਚਾਏ, ਧਰਤ ਆਕਾਸ਼ ਦੋਵੇਂ ਮੇਲੇ ਪੁੜ । ਧਰਤ ਧਵਲ ਪਰਗਟੇ ਹਰਿ, ਵਿਚ ਗੁਰਸਿਖਾਂ ਘਰ । ਰੂਪ ਬਾਵਨ ਆਏ ਭੇਖ ਕਰ । ਮੰਗੇ ਭਿਛਿਆ ਬਲ ਦਰ । ਸਤਿਜੁਗ ਸਾਚਾ ਪਰਗਟ ਅਵਤਰ । ਮਹਾਰਾਜ ਸ਼ੇਰ ਸਿੰਘ ਆਦਿ ਜੁਗਾਦੀ ਜੋਤੀ ਨਰ । ਆਦਿ ਜੁਗਾਦਿ ਕਰੇ ਆਤਮ ਧਿਆਨਾ । ਜੰਤ ਜੀਵ ਪ੍ਰਭ ਵਿਚ ਸਮਾਣਾ । ਭਗਤਨ ਦੇਵੇ ਉਤਮ ਨਾਮ ਨਿਧਾਨਾ । ਦਿਖਾਵੇ ਦਰਸ ਉਪਜੇ ਬ੍ਰਹਮ ਗਿਆਨਾ । ਮਿਟਾਵੇ ਹਰਸ ਆਤਮ ਤ੍ਰਿਖਾ ਮਿਟਾਣਾ । ਅੰਤਕਾਲ ਦਿਖਾਵੇ ਦਰਸ, ਜੋਤੀ ਸੰਗ ਪ੍ਰਭ ਜੋਤ ਮਿਲਾਣਾ । ਗੁਰਸਿਖ ਕਲਜੁਗ ਕਦੇ ਨਾ ਮਰਸ, ਧਾਮ ਬੈਕੁੰਠ ਮਿਲੇ ਟਿਕਾਣਾ । ਅੰਮ੍ਰਿਤ ਮੇਘ ਪ੍ਰਭ ਦੇਵੇ ਬਰਸ, ਗੁਰਮੁਖ ਜਾਏ ਵਿਚ ਬਬਾਣਾ । ਨਿਮਾਣਿਆਂ ਉਪਰ ਕੀਤਾ ਤਰਸ, ਆਪਣਾ ਬਿਰਦ ਆਪ ਪਛਾਣਾ । ਮਹਾਰਾਜ ਸ਼ੇਰ ਸਿੰਘ ਸਭ ਕਰਸੇ, ਰੱਖੇ ਲਾਜ ਭਗਤ ਭਗਵਾਨਾ । ਜਗਤ ਰੋਵੇ ਜੀਵ ਬਿਲਲਾਏ । ਹਾਹਾਕਾਰ ਮੱਚੇ ਕਲ ਥਾਏਂ । ਅੰਧ ਅਗਿਆਨੀ ਝੂਠੀ ਕਾਇਆ ਲਪਟਾਏ । ਪ੍ਰਭ ਕੀ ਜੋਤ ਨਾ ਦੀਸਨ ਪਾਏ । ਆਦਿ ਜੁਗਾਦਿ ਥਿਰ ਰਹਾਏ । ਕਾਇਆ ਮਾਟੀ ਜਗਤ ਰਹਿ ਜਾਏ । ਭੁੱਲਾ ਜੀਵ ਝੂਠੀ ਪ੍ਰੀਤ ਬਣਾਏ । ਸਾਚਾ ਸਾਹਿਬ ਨਾ ਰਿਦੇ ਸਮਾਏ । ਆਪਣਾ ਆਪ ਨਾ ਬੂਝ ਬੁਝਾਏ । ਗੁਰਮੁਖਾਂ ਕਲ ਸੋਝੀ ਪਾਏ । ਝੂਠਾ ਕਾਇਆ ਵਾਸ, ਥਿਰ ਨਾ ਰਹਾਏ । ਏਕ ਜੋਤ ਪਰਕਾਸ਼, ਸਚਖੰਡ ਡਗਮਗਾਏ । ਜਿਥੇ ਗੁਰਸਿਖ ਨਿਵਾਸ, ਫਿਰ ਕਦੇ ਨਾ ਆਏ । ਸਤਿਜੁਗ ਹੋਵੇ ਪਰਕਾਸ਼, ਜੀਵ ਜੰਤ ਰਸਨਾ ਗਾਏ । ਕਲਜੁਗ ਜੀਵ ਹੋਏ ਅੰਧ ਵਾਸ, ਆਤਮ ਹਿਰਦਾ ਨਾ ਧੀਰ ਧਰਾਏ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਪਾਸ, ਅੰਤਕਾਲ ਕਲ ਹੋਏ ਸਹਾਏ । ਕਲਜੁਗ ਹੋਏ ਜਗਤ ਕਾ ਮਰਨਾ । ਗੁਰਸਿਖ ਪ੍ਰਭ ਦਰਸ ਕਰ ਤਰਨਾ । ਆਵਣ ਜਾਣ ਜਗਤ ਕਾ ਹਰਨਾ । ਗਰਭਵਾਸ

ਫੇਰ ਨਾ ਪੜਨਾ । ਉਤਮ ਚਾਰ ਜੁਗ ਵਿਚ ਚਹੁੰ ਵਰਨਾਂ । ਦੁੱਖ ਨਿਵਾਸ ਗੁਰਸਿਖ ਨਾ ਕਰਨਾ । ਜੋਤ ਸਰੂਪ ਹੱਥ ਸਿਰ ਧਰਨਾ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਸਤਿ ਸਤਿ ਸਤਿ ਹੋਏ ਕਰਨਾ । ਸਤਿ ਸਤਿ ਵਰਤੇ ਸਤਿ ਵਰਤਾਵੇ । ਜੋਤ ਸਰੂਪ ਮਹਿੰਮਾ ਗਣੀ ਨਾ ਜਾਵੇ । ਬੰਸ ਸਰਬੰਸ ਪ੍ਰਭ ਆਣ ਤਰਾਵੇ । ਗੁਰਸਿਖ ਉਤਮ ਹੰਸ ਸੋਹੰ ਮੋਤੀ ਚੋਗ ਚੁਗਾਵੇ । ਉਤਮ ਧਾਮ ਤੀਨ ਲੋਕ ਨਿਆਰਾ, ਜਿਥੇ ਗੁਰਸਿਖ ਰਹਾਵੇ । ਮਹਾਰਾਜ ਸ਼ੇਰ ਸਿੰਘ ਸਚ ਕਰਤਾਰਾ, ਅੰਤਕਾਲ ਦਰਸ ਦਿਖਾਵੇ । ਦਰਸ ਕਰ ਜੀਵ ਮਨ ਬਿਗਾਸੇ । ਅੰਤਕਾਲ ਪ੍ਰਭ ਹੋਵੇ ਪਾਸੇ । ਨਿਰਮਲ ਜੋਤ ਨਾ ਹੋਏ ਉਦਾਸੇ । ਜਮਦੂਤ ਸਭ ਜਾਇਣ ਨਾਸੇ । ਕਰੋੜ ਤੇਤੀਸ ਸਭ ਹੋਏ ਦਾਸੇ । ਕਲਜੁਗ ਗੁਰਸਿਖ ਤੇਰੇ ਸੁਫਲ ਸਵਾਸੇ । ਮਾਤ ਗਰਭ ਫੇਰ ਹੋਏ ਨਾ ਵਾਸੇ । ਸਰਬ ਵਿਕਾਰ ਮਨ ਤਨ ਦੇਹ ਨਾਸੇ । ਗੁਰਚਰਨ ਪ੍ਰੀਤੀ ਆਈ ਰਾਸੇ । ਸਿਰ ਹੱਥ ਟਿਕਾਏ ਸ਼ਾਹ ਸ਼ਾਬਾਸ਼ੇ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਸਦਾ ਹੈ ਪਾਸੇ । ਭਗਤਨ ਦੇਵੇ ਆਪ ਵਡਿਆਈ । ਰੰਗ ਰਾਤਾ ਸਰਬ ਸੁਖਦਾਈ । ਜੀਵ ਬਣਤ ਜਿਸ ਆਪ ਬਣਾਈ । ਨਿਰਮਲ ਜੋਤ ਵਿਚ ਦੇਹ ਟਿਕਾਈ । ਹੱਡ ਮਾਸ ਨਾੜੀ ਪਿੰਜਰ ਇਕ ਖੇਲ ਰਚਾਈ । ਰਕਤ ਬੂੰਦ ਵਾਜਾ ਵਿਚ ਪਵਣ ਵਜਾਈ । ਬੈਠ ਅਡੋਲ ਰਿਹਾ ਵਿਚ ਸਾਚਾ ਰਥਵਾਹੀ । ਨਿਗਮ ਜੋਤ ਦੀਪਕ ਦੇਹ ਜਗਾਈ । ਸੋ ਜਨ ਬੂਝੇ ਜਿਸ ਪ੍ਰਭ ਆਪ ਬੁਝਾਈ । ਮੂਰਖ ਮੁਗਧ ਸਾਰ ਨਾ ਪਾਈ । ਗੁਰਸਿਖ ਉਧਰੇ ਗੁਰਚਰਨ ਜਿਨ ਸੇਵ ਕਮਾਈ । ਕੁੰਟ ਚਾਰ ਨਿਹਕਲੰਕ ਤੇਰੇ ਨਾਮ ਦੁਹਾਈ । ਕਰ ਬੇਨੰਤੀ ਸੁਧਾਰੇ ਭਾਈ । ਭਾਈ ਸੁਣੇ ਪੁਕਾਰ ਦਾਤਾਰ ਰਘੁਰਾਈ । ਬੇਮੁਖ ਹੋਇਆ ਪ੍ਰਭ ਦੇਹ ਤਜਾਈ । ਛਡਾ ਦੇਹ ਨਾਉਂ ਕਲੰਕ ਨਾ ਲਗਾਈ । ਉਧਾਰੇ ਕਲ ਜਨਮ, ਮਾਨਸ ਫੇਰ ਦਵਾਈ । ਮਹਾਰਾਜ ਸ਼ੇਰ ਸਿੰਘ ਕਲ ਹੋਏ ਸਹਾਈ । ਤਾਰਨਹਾਰ ਭਗਤ ਜਨ ਤਾਰੇ । ਸਾਚਾ ਦਰਸ ਦੇ ਅਧਾਰੇ । ਅੰਮ੍ਰਿਤ ਬਰਸ ਪ੍ਰਭ ਪਾਰ ਉਤਾਰੇ । ਜੋਤ ਸਰੂਪ ਜਗਤ ਚਮਤਕਾਰੇ । ਕਲਜੁਗ ਪਰਗਟ ਨਰ ਨਰਾਇਣ ਸਚ ਅਵਤਾਰੇ । ਗੁਰਮੁਖਾਂ ਭਾਉ ਭਰਮ ਅਗਨ ਮੇਂ ਡਾਰੇ । ਸਾਚਾ ਧਰਮ ਸੋਹੰ ਨਾਉਂ ਰਸਨ ਉਚਾਰੇ । ਵਿਚਾਰੇ ਕਰਮ ਦੇਵੇ ਦਰਸ ਆਪ ਮੁਰਾਰੇ । ਜੀਵ ਬ੍ਰਹਮ, ਬ੍ਰਹਮ ਸਰੂਪ ਮਿਲੇ ਕਰਤਾਰੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸੋਹਣ ਤੇਰੇ ਚਰਨ ਦਵਾਰੇ । ਤੀਨ ਲੋਕ ਪ੍ਰਭ ਦਰਸ ਪਿਆਸੇ । ਜੋਤ ਸਰੂਪ ਕਲਜੁਗ ਪਰਗਾਸੇ । ਖੰਡ ਬ੍ਰਹਿਮੰਡ ਜਿਸ ਹੋਏ ਦਾਸੇ । ਆਪ ਅਟੱਲ ਸਚਖੰਡ ਸਮਾਸੇ । ਭਗਤ ਜਨਾਂ ਕਰੇ ਬੰਦ ਖਲਾਸੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਜੀਵ ਤੇਰੇ ਚਰਨ ਭਰਵਾਸੇ । ਚਰਨ ਅੰਮ੍ਰਿਤ ਨਿਆਰਾ । ਜਨ ਭਗਤਾਂ ਦੇਵੇ ਸਚ ਭੰਡਾਰਾ । ਪੀ ਅੰਮ੍ਰਿਤ ਜੀਵ ਹੋਏ ਪਾਰ ਉਤਾਰਾ । ਪਰਗਟੇ ਜੋਤ ਸਰੂਪ ਪ੍ਰਭ ਕਲਜੁਗ ਨਿਰਾਧਾਰਾ । ਮਾਨਸ ਜਨਮ ਕਲ ਮਾਣ ਦੇ, ਗੁਰਸਿਖ ਪਾਰ ਉਤਾਰਾ । ਸੋਹੰ ਸ਼ਬਦ ਬਬਾਣ ਦੇ, ਗੁਰਸਿਖ ਦਰਸਾਵੇ ਸਚਖੰਡ ਦਵਾਰਾ । ਨਿਮਾਣਿਆਂ ਪ੍ਰਭ ਮਾਣ ਦੇ, ਜੋਤੀ ਜੋਤ ਮਿਲਾਵਣਹਾਰਾ । ਮਹਾਰਾਜ ਸ਼ੇਰ ਸਿੰਘ ਚਾਰ ਜੁਗ ਆਪਣੀ ਆਣ ਦੇ, ਸੋਹੰ ਸ਼ਬਦ ਚਲਾਇਆ ਭਾਰਾ । ਕਲਜੁਗ ਗੁਰਸਿਖ ਬਲੀ ਬਲਵਾਨ । ਕਰ ਸੇਵਾ ਪਾਰਬ੍ਰਹਮ ਦਰਗਾਹ ਪਾਇਆ ਮਾਣ । ਕਿਰਪਾ ਕਰੇ ਆਪ ਪ੍ਰਭ, ਪਿਤਾ ਪੂਤ ਦੋਏ ਜੋਤ ਮਿਲ ਜਾਣ । ਸਮਰਥ ਪੁਰਖ ਮਿਲੇ ਰਘੁਰਾਤਾ, ਰੰਗ ਮਜੀਠ ਆਤਮ ਚੜ੍ਹਾਣ । ਪ੍ਰਭ ਚਰਨ ਪ੍ਰੀਤੀ ਸਾਚਾ ਨਾਤਾ, ਜੋਤ ਸਰੂਪੀ ਵਿਚ ਸਮਾਣ । ਧੰਨ ਧੰਨ ਧੰਨ ਗੁਰਸਿਖ ਜਿਨ੍ਹਾਂ ਪ੍ਰਭ ਪਛਾਤਾ, ਜਾਏ ਬੈਕੁੰਠ ਵਿਚ ਬਬਾਣ । ਮਹਾਰਾਜ ਸ਼ੇਰ ਸਿੰਘ ਪੁਰਖ ਬਿਧਾਤਾ, ਭਗਤਨ ਮਿਲਿਆ ਚਤੁਰ ਸੁਜਾਨ । ਕਰਾਏ ਸੁਫਲ ਜਨਮ, ਭਗਤਨ

ਨਾਮ ਅਧਾਰ ਦੇ । ਆਤਮ ਮਿਟਾਏ ਭਰਮ, ਸੋਹੰ ਸ਼ਬਦ ਬ੍ਰਹਮ ਗਿਆਨ ਦੇ । ਮੈਲ ਉਤਾਰੇ ਪ੍ਰਭ ਜਨਮ ਜਨਮ, ਕਰ ਦਰਸ ਮਨ ਭਾਂਵਦੇ । ਕਲਜੁਗ ਸਾਚਾ ਏ ਵਰਤਾਰਾ, ਮਦਿ ਮਾਸ ਗੁਰਸਿਖ ਨਾ ਰਸਨਾ ਲਾਂਵਦੇ । ਸਰਨ ਪੜੇ ਕੀ ਪ੍ਰਭ ਗੁਰ ਸਰਨ, ਗੁਰਮੁਖ ਜਮ ਡੰਡ ਨਾ ਖਾਂਵਦੇ । ਜਨਮ ਮਰਨ ਪ੍ਰਭ ਆਪ ਸਵਾਰਿਆ । ਸਚ ਦਰਬਾਰ ਵਿਚ ਬੈਕੁੰਠ ਆਕਾਰਿਆ । ਜੋਤ ਸਰੂਪ ਨਿਰਾਧਾਰ ਕਰੇ ਜੋਤ ਆਕਾਰਿਆ । ਜਗਤ ਜਨ ਆਏ ਗੁਰਚਰਨ ਨਿਮਸਕਾਰਿਆ । ਪਾਰਬ੍ਰਹਮ ਪਰਮੇਸ਼ਵਰ, ਦੇਵੇ ਦਰਸ ਆਪ ਮੁਰਾਰਿਆ । ਭਗਤ ਜਨ ਉਤਮ ਸਰਬ ਮਹੇਸ਼ਵਰ, ਕਲਜੁਗ ਨਾਉਂ ਪ੍ਰਭ ਆਪ ਉਚਾਰਿਆ । ਮਿਲਿਆ ਜਗ ਈਸ਼ਵਰ, ਪ੍ਰਭ ਦੇਵੇ ਭਗਤ ਭੰਡਾਰਿਆ । ਹਰਿ ਸਹਾਈ ਸਦਾ ਰਖੇਸ਼ਵਰ, ਉਤਮ ਕਰੇ ਵਿਚ ਸੰਸਾਰਿਆ । ਮਹਾਰਾਜ ਸ਼ੇਰ ਸਿੰਘ ਮਾਨਸ ਜਨਮ ਚੇਤ ਸਿੰਘ ਸਵਾਰਿਆ । ਚੇਤ ਸਿੰਘ ਮਨ ਚੇਤਨਾ, ਧਰੇ ਮਨ ਪ੍ਰਭ ਕਾ ਨਾਉਂ । ਸੰਗ ਕੁਟੰਬ ਕੋਈ ਹੇਤ ਨਾ, ਸਰਨ ਪੜੇ ਕੀ ਲਾਜ ਰਖਾਉ । ਮਾਤ ਵਿੱਚ ਕੋਈ ਮੀਤ ਨਾ, ਆਪਣਾ ਬਿਰਦ ਪ੍ਰਭ ਆਪ ਰਖਾਉ । ਕਰ ਸੇਵਾ ਪਾਰਬ੍ਰਹਮ ਗੁਰ ਕਲਜੁਗ ਜੀਤਨਾ, ਮਹਾਰਾਜ ਸ਼ੇਰ ਸਿੰਘ ਜੋਤ ਮਿਲਾਉ । ਮਿਲਿਆਂ ਜੋਤ ਮਿਟ ਗਿਆ ਅੰਧੇਰਾ । ਸੁਫ਼ਲ ਕਰਾਇਆ ਜਰਮ, ਫਿਰ ਹੋਏ ਨਾ ਫੇਰਾ । ਗੁਰਚਰਨ ਪ੍ਰੀਤੀ ਗੁਰਸਿਖ ਸਰਨ, ਹੋਏ ਨਿਮਾਣਾ ਹੋਏ ਪ੍ਰਭ ਤੇਰਾ ਤੇਰਾ । ਮਹਾਰਾਜ ਸ਼ੇਰ ਸਿੰਘ ਲੇਖੇ ਲਾਇਆ ਜਰਮ, ਸਚਖੰਡ ਕੀਆ ਵਸੇਰਾ । ਸਚਖੰਡ ਵਸੇ ਪ੍ਰਭ ਆਪ ਅਮੋਲਾ । ਸੋਹੰ ਸ਼ਬਦ ਆਤਮ ਵੱਜੇ ਅਨਹਦ ਢੋਲਾ । ਸਚ ਘਰ ਜਾਏ ਵਸਿਆ, ਛੱਡ ਝੂਠਾ ਦੇਹ ਚੋਲਾ । ਮਹਾਰਾਜ ਸ਼ੇਰ ਸਿੰਘ ਆਵੇ ਨੱਸਿਆ, ਜੋ ਜਨ ਚਰਨ ਸੰਗ ਘੋਲਾ । ਘੋਲ ਘੁਮਾਏ ਜੀਵ ਆਪਣਾ ਆਪ । ਮਾਤਲੋਕ ਹੋਏ ਵਡ ਪਰਤਾਪ । ਸਤਿਜੁਗ ਜਪੇ ਰਸਨਾ ਤੇਰਾ ਜਾਪ । ਭਗਤ ਜਨਾਂ ਪ੍ਰਭ ਜਾਏ ਥਾਪ । ਹੋਏ ਸਹਾਈ ਆਪ ਬਣ ਮਾਈ ਬਾਪ । ਗੁਰਮੁਖ ਉਜਲ ਸਤਿਜੁਗ ਨਿਰਮਲ ਜ਼ਾਤ । ਗੁਰ ਦਰ ਪਾਈ ਸੋਹੰ ਵਡ ਦਾਤ । ਹਿਰਦੇ ਵਸਿਆ ਜੀਵ ਮਾਰ ਆਤਮ ਝਾਤ । ਮਿਟ ਜਾਏ ਅੰਧੇਰਾ ਅਗਿਆਨ ਅੰਧੇਰਾ ਨਾ ਆਵੇ ਰਾਤ । ਅੰਤਕਾਲ ਬਿਨ ਹਰਿ ਜੀ, ਜੀਵ ਕੋਈ ਨਾ ਪੁੱਛੇ ਵਾਤ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ, ਗੁਰਸਿਖ ਵਾਸ ਨਾ ਪਾਵੇ ਗਰਭ ਮਾਤ । ਮਾਣ ਮੋਹ ਪ੍ਰਭ ਜਗਤ ਤਜਾਇਆ । ਛੁਡਾਏ ਦੇਹ ਵਿਚ ਜੋਤ ਮਿਲਾਇਆ । ਜੋਤ ਸਰੂਪ ਪਵਣ ਜੋਤ ਮਿਲਾਇਆ । ਜਗਨ ਨਾਥ ਗੋਪਾਲ ਇਕ ਰੰਗ ਸਮਾਇਆ । ਸੋਹੰ ਸ਼ਬਦ ਅਨਹਦ ਰਾਗ ਚਲਾਇਆ । ਉਪਜੇ ਧੁਨ ਦਵਾਰ ਦਸਮ ਖੁਲ੍ਹਾਇਆ । ਖੁੱਲੇ ਸੁਨ ਆਤਮ ਅੰਮ੍ਰਿਤ ਆਪ ਪ੍ਰਭ ਬਰਖਾਇਆ । ਕਲਜੁਗ ਆਪ ਚੁਣ ਚੁਣ, ਗੁਰਸਿਖਾਂ ਪ੍ਰਭ ਚਰਨ ਲਗਾਇਆ । ਉਤਮ ਗੁਰਸਿਖ ਜਨ ਮੁਨ, ਆਪਣਾ ਭੇਵ ਪ੍ਰਭ ਆਪ ਦਿਖਾਇਆ । ਸਾਚਾ ਸ਼ਬਦ ਜੋ ਧਰੇ ਕੰਨ, ਰਾਗ ਅਨਾਹਦ ਵੇਦ ਸੁਣਾਇਆ । ਕਲਜੁਗ ਜੀਵ ਜੋ ਜਾਏ ਮੰਨ, ਨਿਹਕਲੰਕ ਕਲਜੁਗ ਆਇਆ । ਗੁਰਸਿਖ ਬੋਲੇ ਮੁਖੋ ਧੰਨ ਧੰਨ ਧੰਨ, ਮਹਾਰਾਜ ਸ਼ੇਰ ਸਿੰਘ ਜਿਸ ਦਰਸ ਦਿਖਾਇਆ । ਦਿਖਾਵੇ ਦਰਸ ਸਰਬ ਜੀਵ ਜੰਤ । ਕਲ ਊਜਲ ਕਰਾਵੇ ਪ੍ਰਭ ਸੋਭਾਵੰਤ । ਜੋਤ ਪਰਗਟਾਵੇ ਆਪ ਭਗਵੰਤ । ਜੀਵ ਭੁਲਾਇਆ ਜਿਸ ਬਣਾਈ ਬਣਤ । ਸੋਹੰ ਨਾਉਂ ਵੱਡਾ ਗੁਰ ਮੰਤ । ਮਹਾਰਾਜ ਸ਼ੇਰ ਸਿੰਘ ਤੇਰੀ ਮਹਿਮਾ ਬੇਅੰਤ । ਧੰਨ ਧੰਨ ਧੰਨ ਗੁਰਸਿਖ ਜਿਨ੍ਹਾਂ ਚਰਨ ਸੇਵ ਕਮਾਈ । ਦਰਗਹਿ ਉਜਲ ਹੋਏ ਮੁਖ, ਪ੍ਰਭ ਕੀ ਸੇਵ ਨਾ ਬਿਰਥੀ ਜਾਈ । ਉਤਮ ਭਏ ਮਨੁੱਖ ਜਿਨ੍ਹਾਂ ਪ੍ਰਭ ਭਏ ਸਹਾਈ । ਹਉਮੈ ਗਿਆ ਵਿਚੋਂ ਦੁੱਖ, ਸਾਚੀ ਬੂਝ ਪ੍ਰਭ ਆਪ ਬੁਝਾਈ । ਕਰ ਦਰਸ ਮਨ ਉਤਰੇ ਭੁੱਖ, ਉਚ ਪਦਵੀ ਗੁਰ ਦਰ ਤੇ ਪਾਈ । ਸੁਫ਼ਲ ਕਰਾਈ

ਮਾਤਾ ਕੁੱਖ, ਸਵਰਨ ਸਿੰਘ ਦਰ ਲਏ ਵਡਿਆਈ । ਮਹਾਰਾਜ ਸ਼ੇਰ ਸਿੰਘ ਜੀਵ ਉਲਟਾ ਰੁੱਖ, ਦੇ ਦਰਸ ਸਾਚੀ ਮਤਿ ਪਾਈ । ਹਰਿ ਦਰਗਹਿ ਪਾਇਆ ਮਾਣ, ਜਿਨ੍ਹਾਂ ਪ੍ਰਭ ਨਾਮ ਚਿਤਾਰਿਆ । ਹਰਿ ਦਰਗਹਿ ਪਾਇਆ ਮਾਣ, ਜਿਨ ਪ੍ਰਭ ਚਰਨ ਨਿਮਸਕਾਰਿਆ । ਹਰਿ ਦਰਗਹਿ ਪਾਇਆ ਮਾਣ, ਕੂੜ ਕੁਟੰਬ ਜਿਨ੍ਹਾਂ ਵਿਸਾਰਿਆ । ਹਰਿ ਦਰਗਹਿ ਪਾਇਆ ਮਾਣ, ਆਪਣਾ ਆਪ ਜਿਨ ਪ੍ਰਭ ਤੋਂ ਵਾਰਿਆ । ਹਰਿ ਦਰਗਹਿ ਪਾਇਆ ਮਾਣ, ਸਾਧ ਸੰਗਤ ਦੇਵੇ ਖੁੱਲ੍ਹੇ ਭੰਡਾਰਿਆ । ਹਰਿ ਦਰਗਹਿ ਪਾਇਆ ਮਾਣ, ਕਰ ਦਰਸ ਪ੍ਰਭ ਦਰਸ ਦਵਾਰਿਆ । ਹਰਿ ਦਰਗਹਿ ਪਾਇਆ ਮਾਣ, ਆਤਮ ਭਰਮ ਜਿਸ ਨਿਵਾਰਿਆ । ਹਰਿ ਦਰਗਹਿ ਪਾਇਆ ਮਾਣ, ਮਹਾਰਾਜ ਸ਼ੇਰ ਸਿੰਘ ਜਿਨ ਰਸਨ ਚਿਤਾਰਿਆ । ਦਰਗਹਿ ਮਾਣ ਜਗਤ ਵਡਿਆਈ । ਵੇਦ ਪੁਰਾਨ ਭਗਤਨ ਜਸ ਗਾਈ । ਸਾਚਾ ਪ੍ਰਭ ਦੇਵੇ ਵਡਿਆਈ । ਗਹਿਰ ਗੰਭੀਰ ਸਰਬ ਸੁਖਦਾਈ । ਸੋਹੰ ਨਾਮ ਕੁੰਜੀ ਤਨ ਜੰਦਰ ਲਾਈ । ਵਿਚ ਦੇਹ ਧਾਮ ਪ੍ਰਭ ਦੇ ਦਿਖਾਈ । ਨਿਸਫਲ ਜਗਤ ਕਾਮ, ਪ੍ਰਭ ਸਾਚਾ ਚਿਤ ਨਾ ਆਈ । ਰਸਨਾ ਸਿਮਰ ਹਰਿ ਕਾ ਨਾਮ, ਅੰਤਕਾਲ ਹੋਏ ਸਹਾਈ । ਸਤਿਜੁਗ ਹੋਵੇ ਸਾਚਾ ਧਾਮ, ਸਵਰਨ ਦੇਹ ਜਿਸ ਦੇਹ ਤਜਾਈ । ਪੂਰਨ ਹੋਵੇ ਸਾਰੇ ਕਾਮ, ਸਚ ਦਰਗਹਿ ਮਿਲੇ ਵਡਿਆਈ । ਸਾਚਾ ਪੀਆ ਅੰਮ੍ਰਿਤ ਜਾਮ, ਹੋਏ ਅਮਰ ਅਮਰਾਪਦ ਪਾਈ । ਸਾਧ ਸੰਗਤ ਸੁਣ ਸਾਚਾ ਨਾਮ, ਸੋਹੰ ਸ਼ਬਦ ਸਤਿਜੁਗ ਸੁਖਦਾਈ । ਮਹਾਰਾਜ ਸ਼ੇਰ ਸਿੰਘ ਜਾਮਾ ਕ੍ਰਿਸ਼ਨ ਰਾਮ, ਭਰਮ ਭੁਲੇਖਾ ਦੇਵਾਂ ਲਾਹੀ । ਤਾਰੇ ਜਿਉਂ ਰਾਮਾ ਨਾਮਾ । ਕ੍ਰਿਸ਼ਨ ਮੁਰਾਰੀ ਭਗਤ ਸੁਦਾਮਾ । ਕਲਜੁਗ ਪਹਰਿਆ ਸਾਚਾ ਜਾਮਾ । ਭਗਤਨ ਦੇਵੇ ਬ੍ਰਹਮ ਗਿਆਨਾ । ਵਿਰਲੇ ਗੁਰਮੁਖ ਕਲ ਪ੍ਰਭ ਪਛਾਣਾ । ਰਾਓ ਰੰਕ ਪ੍ਰਭ ਕਰੇ ਇਕ ਸਮਾਨਾ । ਮਹਾਰਾਜ ਸ਼ੇਰ ਸਿੰਘ ਦੇਵੇ ਜੋਤ ਤੇਜ ਸਰਬ ਭਾਨਨ ਭਾਨਾ । ਸਰਬ ਲੋਅ ਸਰਬ ਆਕਾਰੀ । ਸਰਬ ਖੰਡ ਪ੍ਰਭ ਜੋਤ ਅਧਾਰੀ । ਮਾਤਲੋਕ ਆਏ ਨਿਰਾਧਾਰੀ । ਜ਼ਾਤ ਪਾਤ ਮਿਟਾਵੇ ਪਾਵੇ ਸਾਚੀ ਸਾਰੀ । ਮਹਾਰਾਜ ਸ਼ੇਰ ਸਿੰਘ ਨਿਮਾਣਿਆਂ ਸੋਹੰ ਕੀਤੀ ਕਾਰੀ । ਸੋਹੰ ਦਰ ਨਾਮ ਦੇ, ਆਤਮ ਦੁੱਖ ਮਿਟਾਵੇ । ਸਾਚਾ ਦਰਸ ਪ੍ਰਭ ਭਗਵਾਨ ਦੇ, ਆਤਮ ਤ੍ਰਿਪਤ ਕਰਾਏ । ਗੁਰਸਿਖਾਂ ਸਚ ਗਿਆਨ ਦੇ, ਕਲ ਚਰਨੀਂ ਆਣ ਲਗਾਏ । ਮਹਾਰਾਜ ਸ਼ੇਰ ਸਿੰਘ ਸਚ ਬਬਾਣ ਦੇ, ਗੁਰਸਿਖ ਬੈਕੁੰਠ ਧਾਮ ਪੁਚਾਏ । ਬੇਮੁਖ ਦਰ ਤੇ ਨੱਠਦਾ, ਗੁਰਸਿਖਾਂ ਚਾਉ ਘਨੇਰਾ । ਬੇਮੁਖ ਕਲਜੁਗ ਬੱਧਾ ਗੱਠ ਦਾ, ਕੁੰਟ ਚਾਰ ਦਿਸੇ ਹਨੇਰਾ । ਗੁਰਸਿਖ ਚਰਨ ਵਿਚ ਮਥਦਾ, ਦਰਸ਼ਨ ਪਾਇਨ ਸੰਞ ਸਵੇਰਾ । ਮਹਾਰਾਜ ਸ਼ੇਰ ਸਿੰਘ ਗੁਰਮੁਖ ਤੇਰਾ ਚਾਟੜਾ, ਦੇ ਦਰਸ ਲਾਏ ਨਾ ਦੇਰਾ । ਰੀਤ ਚਲਾਈ ਵਿਚ ਸੰਸਾਰ । ਵਰਤੇ ਵਰਤਾਵੇ ਵਰਤਣਹਾਰ । ਗੁਰਸਿਖ ਤਰਾਵੇ ਆਪ ਕਲ ਧਾਰ । ਚੇਤ ਸਿੰਘ ਲੈ ਜਾਵੇ, ਪ੍ਰਭ ਬਖ਼ਸ਼ੇ ਪੰਜ ਹਾਰ । ਗੁਰਮੁਖ ਦਿਤਾ ਤਾਰ, ਪੰਜ ਹਾਰ ਹਉਮੈ ਵਿਚੋਂ ਮਾਰ । ਆਪ ਅਤੁੱਟ ਭਰ ਜਾਏ ਭੰਡਾਰ । ਸਿੰਘ ਸ਼ਿੰਗਾਰਾ ਘਰ ਹੋਵੇ ਸਿਕਦਾਰ । ਮਦਿ ਮਾਸ ਨਾ ਹੋਏ ਅਹਾਰ । ਰਸਨਾ ਲਾਏ ਕਲ ਹੋਏ ਖੁਆਰ । ਮਦਿ ਮਾਸੀ ਵਿਗੜੇ ਪ੍ਰਭ ਕੀ ਮਾਰ । ਬੇੜਾ ਡੁੱਬੇ, ਨਾ ਆਰ ਨਾ ਪਾਰ । ਕਿਰਪਾ ਕਰੇ ਤੇ ਦੇਵੇ ਤਾਰ । ਅਵਗੁਣ ਪਿਛਲੇ ਪ੍ਰਭ ਨਾ ਵਿਚਾਰ । ਸਾਧ ਸੰਗਤ ਮਿਲ ਪਾਏ ਪ੍ਰਭ ਕੀ ਸਾਰ । ਜਗਤ ਜਲੰਦਾ ਰੱਖੇ ਕਰਤਾਰ । ਗੁਣ ਨਿਧਾਨ ਦੇ ਜਾਏ ਨਾਮ ਅਧਾਰ । ਸਾਚੀ ਨੀਤੀ ਗੁਰਚਰਨ ਪਿਆਰ । ਪਰਮਹੰਸ ਪਾਏ ਮੋਖ ਦਵਾਰ । ਸੋਹੇ ਸਰਬੰਸ ਜਿਸ ਘਰ ਵਸੇ ਸ਼ਿੰਗਾਰ । ਮਹਾਰਾਜ ਸ਼ੇਰ ਸਿੰਘ ਤੇਰੀ ਅੰਸ, ਜਿਨ ਲਾਗਾ ਤੇਰਾ ਚਰਨ ਪਿਆਰ । ਅੰਸ ਬੰਸ ਵੇਖੇ ਪ੍ਰਭ, ਦੇਵੇ ਨੇਤਰ ਸਹੰਸ । ਭਗਤ ਜਨਾਂ ਪ੍ਰਭ ਲਿਖਾਏ ਲੇਖ,

ਪਰਗਟ ਜੋਤ ਵਿਸ਼ਨੂੰ ਬੰਸ । ਦੇ ਦਰਸ ਕੱਢ ਜਾਏ ਭੁਲੇਖੇ, ਹੰਕਾਰੀ ਮਾਰੇ ਜਿਉਂ ਕਾਹਨਾ ਕੰਸ । ਮਹਾਰਾਜ ਸ਼ੇਰ ਸਿੰਘ ਜੁਗੋ ਜੁਗ ਜੋਤ ਪਰਗਟਾਵੇ, ਕਰੇ ਮੂਰਤੀ ਸਹੰਸ । ਮਾਰ ਮਾਰ ਮਾਰ, ਸ਼ਬਦ ਬੇਮੁਖਾਂ ਮਾਰ । ਤਾਰ ਤਾਰ ਤਾਰ ਪ੍ਰਭ ਦੇ ਦਰਸ ਗੁਰਸਿਖਾਂ ਤਾਰ । ਵਾਰ ਵਾਰ ਵਾਰ ਜਾਉ ਕਲ ਗੁਰ ਚਰਨ ਬਲਿਹਾਰ । ਅਲਖ ਅਭੇਵਾ ਵਡ ਦੇਵੀ ਦੇਵਾ, ਪਰਗਟੇ ਜੋਤ ਵਿਚ ਸੰਸਾਰ । ਚਰਨ ਸੇਵਾ ਉਤਮ ਫਲ ਲੇਵਾ, ਚਰਨ ਕਰੋ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਸਚ ਬਖ਼ਸ਼ੇ ਸੇਵਾ, ਸਤਿਜੁਗ ਸੋਹਵੇ ਸਾਚਾ ਦਰਬਾਰ । ਮਹਾਰਾਜ ਸ਼ੇਰ ਸਿੰਘ ਸੁਹਾਏ ਥਾਨ, ਪਰਗਟ ਹੋ ਨਿਹਕਲੰਕ ਅਵਤਾਰ । ਬੇਮੁਖ ਮਰੇ ਕੁਟੰਬ ਬਿਲਲਾਏ । ਗੁਰਸਿਖ ਮਿਲੇ ਵਿਚ ਜੋਤ ਹਰੇ, ਸਾਧ ਸੰਗਤ ਮਿਲ ਮੰਗਲ ਗਾਏ । ਮਾਨਸ ਜਨਮ ਪ੍ਰਭ ਸੁਫਲ ਕਰੇ, ਸਾਚੀ ਵਸਤ ਘਰ ਸਾਚੇ ਪਾਏ । ਸਚ ਸ਼ਬਦ ਗਿਆਨ ਧਰਵਾਸਾ, ਰੋਗ ਸੋਗ ਕੁਟੰਬ ਚੁਕਾਏ । ਭਗਤ ਜਨਾਂ ਵਿਚ ਖੰਡ ਸਚ ਵਾਸਾ, ਨਾ ਮਰੇ ਨਾ ਆਵੇ ਜਾਏ । ਪ੍ਰਭ ਕੀ ਜੋਤ ਸਦਾ ਪ੍ਰਭ ਪਾਸਾ, ਵਿਚ ਜੋਤ ਮਿਲਾਏ । ਮਹਾਰਾਜ ਸ਼ੇਰ ਸਿੰਘ ਦੇ ਧਰਵਾਸਾ, ਗੁਰਸਿਖਾਂ ਕੋਈ ਰੋਣ ਨਾ ਪਾਏ । ਗੁਰਮੁਖ ਜਗਤ ਕਦੇ ਨਾ ਮਰੇ । ਜੋਤ ਸਰੂਪ ਜੋਤ ਵਿਚ ਜੋਤ ਪ੍ਰਭ ਧਰੇ । ਪਾਏ ਮਹਾਂ ਸੁਖ, ਦਰ ਦਰਬਾਨ ਹੋ ਦਰ ਅੱਗੇ ਖੜ੍ਹੇ । ਉਤਰੇ ਆਤਮ ਸਗਲ ਭੁੱਖ, ਭਵਜਲ ਪਾਰ ਤਰੇ । ਮਾਨਸ ਜਨਮ ਪਾਏ ਸੁਫਲ ਮਨੁੱਖ, ਮਹਾਰਾਜ ਸ਼ੇਰ ਸਿੰਘ ਜਿਨ ਸਿਰ ਹੱਥ ਧਰੇ । ਕੂੜ ਕਿਰਮ ਕਰਮ ਕਿਰਿਆ, ਪ੍ਰਭ ਆਪ ਹਟਾਇਆ । ਗੁਰਸਿਖਾਂ ਰੋਣਾ ਝੂਠਾ ਪ੍ਰਭ ਕਰਾਇਆ । ਗੁਰਸਿਖ ਬਹਿਣਾ ਸਚ ਧਾਮ, ਜੋ ਪ੍ਰਭ ਬਣਾਇਆ । ਪੇਖੇ ਨੈਣਾਂ ਵੇਲਾ ਅੰਤ, ਜਾ ਗੁਰਸਿਖ ਆਇਆ । ਦਰਸ ਦਾਨ ਪ੍ਰਭ ਦੇਵੇ ਲਹਿਣਾ, ਪੁਸ਼ਪ ਬਬਾਣਾ ਵਿਚ ਬਿਠਾਇਆ । ਸੋਹੰ ਸ਼ਬਦ ਜੀਵ ਆਤਮ ਗਹਿਣਾ, ਝੂਠਾ ਕਾਇਆ ਕੱਪੜ ਤਜਾਇਆ । ਸਾਚਾ ਤਖ਼ਤ ਜਿਥੇ ਮਹਾਰਾਜ ਸ਼ੇਰ ਸਿੰਘ ਬਹਿਣਾ, ਸਾਧ ਸੰਗਤ ਮਿਲ ਥਾਨ ਸੁਹਾਇਆ । ਸੋਗ ਮਿਟਾਏ ਆਣ ਪ੍ਰਭ, ਆਪ ਸਚ ਘਰ । ਭੋਗ ਲਗਾਏ ਆਪ ਪ੍ਰਭ, ਜਾਏ ਭੰਡਾਰੇ ਭਰ । ਵਿਜੋਗ ਗਵਾਏ ਆਪ ਪ੍ਰਭ, ਆਤਮ ਧਰਵਾਸ ਧਰ । ਮਹਾਰਾਜ ਸ਼ੇਰ ਸਿੰਘ ਗੁਰਸਿਖ ਉਧਾਰੇ, ਕਲਜੁਗ ਲੈ ਅਵਤਾਰ ਨਰ । ਭਾਗ ਹੋਏ ਪ੍ਰਭ ਪਾਇਆ । ਸ਼ਬਦ ਸੁਰਤ ਜਿਤ ਗਿਆਨ ਦਵਾਇਆ । ਉਪਜੇ ਗਿਆਨ, ਧਿਆਨ ਗੁਰ ਚਰਨ ਲਗਾਇਆ । ਕਰੇ ਕਰਾਏ ਸੋ ਪ੍ਰਭ ਜੋ ਮਨ ਭਾਇਆ । ਕਿਰਪਾ ਕਰ ਦੁੱਖ ਨਿਵਾਰੇ ਝੱਬ, ਕਰ ਆਸ ਚਰਨ ਜੋ ਆਇਆ । ਮਹਾਰਾਜ ਸ਼ੇਰ ਸਿੰਘ ਮਿਲ ਸਾਧ ਸੰਗਤ, ਸੋਹੰ ਸਾਚਾ ਨਾਮ ਜਪਾਇਆ । ਜਪ ਜਪ ਰਸਨਾ ਨਾਮ ਰਸਾਇਣ । ਮਿਲ ਸਾਧ ਸੰਗਤ ਗੁਰਦਰ ਗੁਣ ਗਾਇਣ । ਦਰ ਹੋਏ ਮੰਗਤ ਦਰਸ ਦੇ ਪਰਗਟ ਪ੍ਰਭ ਨਰਾਇਣ । ਆਤਮ ਚਾੜ੍ਹ ਸਾਚੀ ਰੰਗਤ, ਪਰਸਨ ਦਰਸ ਤੇਰਾ ਦੋਏ ਨੈਣ । ਸਤਿਜੁਗ ਤੇਰੀ ਹੋਵੇ ਮੰਨਤ, ਸਾਧ ਸੰਗਤ ਮਿਲ ਗੁਰਚਰਨੀਂ ਬਹਿਣ । ਮਹਾਰਾਜ ਸ਼ੇਰ ਸਿੰਘ ਗੁਰਸਿਖ ਜਸ ਭਾਰਾ, ਜੁਗ ਚਾਰ ਜੀਵ ਨਾਮ ਲੈਣ । ਪਤਿ ਰੱਖੇ ਪਾਰਬ੍ਰਹਮ, ਢਹਿ ਪਏ ਸਰਨਾਈ । ਦੇਵੇ ਦਰਸ ਜੋਤ ਅਗੰਮ ਸਰੂਪ ਵਿਚ ਦੇਹ ਜਲਾਈ । ਪੂਰਨ ਹੋਏ ਕਾਮ, ਜਗਤ ਤ੍ਰਿਸਨਾ ਨਾ ਆਤਮ ਤਰਸਾਈ । ਸ਼ਬਦ ਸੁਰਤ ਨਿਵਾਰੇ ਭਰਮ, ਚਰਨ ਪ੍ਰੀਤੀ ਪ੍ਰਭ ਹੋਏ ਸੁਖਦਾਈ । ਆਕਾਰ ਵਿਕਾਰ ਸਾਚੀ ਆਤਮ ਕਰੇ ਕਰਤਾਰ, ਮਹਾਰਾਜ ਸ਼ੇਰ ਸਿੰਘ ਹੋਏ ਸਹਾਈ । ਧੰਨ ਧੰਨ ਧੰਨ ਪ੍ਰਭ ਧੰਨਿਆ । ਸਾਚਾ ਸਚ ਪ੍ਰਭ ਕਰ ਮੰਨਿਆ । ਘੜਿਆ ਜੋ ਅੰਤਕਾਲ ਪ੍ਰਭ ਭੰਨਿਆ । ਸੋਹੰ ਸ਼ਬਦ ਆਤਮ ਡੇਰਾ ਬੰਨ੍ਹਿਆ । ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਵੇ, ਦੇਵੇ ਗਿਆਨ ਕਲਜੁਗ ਦੇ ਅੰਨਿਆਂ । ਗਿਆਨ ਗੋਝ ਆਪ ਖੁਲ੍ਹਾਵੇ । ਜੋਤ ਸਰੂਪੀ ਹਿਰਦੇ ਠੰਡ ਵਰਤਾਵੇ ।

ਜਗਤ ਤ੍ਰਿਸਨਾ ਨਾ ਜੀਵ ਸਤਾਵੇ । ਮਹਾਰਾਜ ਸ਼ੇਰ ਸਿੰਘ ਰਸਨਾ ਨਾਮ ਸਦਾ ਜੀਵ ਰਹਾਵੇ । ਭਾਣਾ ਪ੍ਰਭ ਮਨ ਧੀਰਜ ਧਰ । ਕਰੇ ਕਰਾਵੇ ਆਪੇ ਪ੍ਰਭ ਹਰਿ । ਥਿਰ ਨਾ ਰਹਿਸੀ ਸਰਬ ਜਾਏ ਅੰਤ ਮਰ । ਸਿੰਘ ਸਵਰਨ ਬੈਠਾ ਸਚ ਘਰ । ਦੇਵੇ ਦਰਸ ਧਿਆਨ ਆਤਮ ਧਰ । ਸੰਗ ਹੋਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਰ । ਦੇਵੇ ਦਰਸ ਕਰ ਭਏ ਬਿਲਾਸਾ । ਸ਼ਬਦ ਰੂਪ ਕਰ ਜਾਏ ਹਾਸਾ । ਜੀਵ ਵਿਚਾਰੇ ਝੂਠਾ ਜਗਤ ਤਮਾਸ਼ਾ । ਏਕ ਵਖਾਏ ਸੋਹੰ ਸ਼ਬਦ ਭਰਵਾਸਾ । ਮਹਾਰਾਜ ਸ਼ੇਰ ਸਿੰਘ ਰਸਨਾ ਸਿਮਰ ਸਵਾਸ ਸਵਾਸਾ ।

❊ ੧੨ ਵਿਸਾਖ ੨੦੦੮ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਅਮੀ ਸ਼ਾਹ ❊

ਕਰ ਦਰਸ ਪ੍ਰਭ ਤ੍ਰੈਭਵਨ ਸੂਝਿਆ । ਕਲ ਵਿਰਲੇ ਗੁਰ ਦਰ ਬੂਝਿਆ । ਜਨ ਭਗਤ ਹਰਿ ਚਰਨ ਸੰਗ ਲੂਝਿਆ । ਪਰਗਟ ਕਲ ਨਿਹਕਲੰਕ ਭੇਤ ਖੁਲ੍ਹਾਵੇ ਗੂਝਿਆ । ਈਸ਼ਰ ਜੋਤ ਅਗੰਮ ਅਪਾਰ, ਅਵਰ ਨਾ ਦੀਸੇ ਦੂਜਿਆ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਸਾਚਾ ਦਰ ਬੂਝਿਆ । ਪ੍ਰਭ ਦਰਸ ਸੁਰਤ ਮਨ ਹੋਏ । ਸਾਚਾ ਦੀਪਕ ਵਿਚ ਦੇਹ ਬਿਲੋਏ । ਬਿਨ ਬਾਤੀ ਬਿਨ ਤੇਲ ਸਦਾ ਲੋਏ । ਵਿਚ ਦੇਹ ਵਸੇ ਵੇਖੇ ਜਨ ਕੋਇ । ਜੋਤ ਪਰਕਾਸ਼ੀ ਵਸੇ ਤਿੰਨ ਲੋਏ । ਭਗਤ ਜਨਾਂ ਮਿਟਾਏ ਵਿਚੋਂ ਦੋਏ । ਸਾਚੇ ਪ੍ਰਭ ਬਿਨ ਨਾ ਕਲ ਮਿਲਾਵਾ ਹੋਏ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ, ਗੁਰਸਿਖ ਦਵਾਰਾ ਸੋਹੇ । ਕਲ ਪਰਗਟੇ ਨਿਹਕਲੰਕ । ਸੋਹੰ ਸ਼ਬਦ ਵਜਾਵੇ ਡੰਕ । ਚਰਨ ਲਗਾਵੇ ਸਰਬ ਰਾਓ ਰੰਕ । ਜਨ ਭਗਤ ਤਾਰੇ ਕਲ ਜਿਉਂ ਤ੍ਰੇਤਾ ਜਨਕ । ਸਾਚਾ ਪ੍ਰਭ ਕਲ ਜੋਤ ਧਰੇ, ਕਰੋ ਨਿਮਸਕਾਰ ਬਾਰ ਅਨਕ । ਜੋਤ ਧਰੀ ਪ੍ਰਭ ਕਲਜੁਗ ਅੰਦਰ, ਭਗਤ ਜਨਾਂ ਕਰੇ ਉਜਿਆਰਾ । ਝੂਠੀ ਦੇਹ ਬਣਾਏ ਸਚ ਮੰਦਰ, ਸੋਹੰ ਦੇ ਗਿਆਨ ਭੰਡਾਰਾ । ਕੁੰਜੀ ਖੋਲ੍ਹੇ ਆਤਮ ਜੰਦਰ । ਮੂਰਖ ਮੁਗਧ ਸਾਰ ਨਾ ਜਾਣੇ, ਸਾਚਾ ਸ਼ਾਹ ਵਸੇ ਜੀਵ ਅੰਦਰ । ਬੇਮੁਖ ਨਾਚੇ ਸਾਚਾ ਸ਼ਬਦ ਨਾ ਵਾਚੇ, ਮਹਾਰਾਜ ਸ਼ੇਰ ਸਿੰਘ ਦਰ ਤੇਰੇ ਬੰਦਰ । ਸਾਚਾ ਧਾਮ ਜਿਥੇ ਸਿੰਘ ਆਸਣਾ । ਨਿਹਕਲੰਕ ਪ੍ਰਭ ਕੀਨਾ ਵਾਸਣਾ । ਭਗਤ ਜਨਾਂ ਪ੍ਰਭ ਸਦ ਹੈ ਪਾਸਨਾ । ਸੋਹੰ ਸ਼ਬਦ ਜਪੋ ਸਵਾਸਣਾ । ਅੰਤਕਾਲ ਜਮ ਪਾਵੇ ਨਾ ਫਾਸਨਾ । ਦੇਵੇ ਦਰਸ ਪ੍ਰਭ ਅਬਿਨਾਸਨਾ । ਖੰਡ ਸਚ ਗੁਰਸਿਖ ਤੇਰਾ ਵਾਸਨਾ । ਬੇਮੁਖ ਦੁਰਮਤ ਦੁਰਾਚਾਰ, ਗੁਰਦਰ ਤੇ ਨਾਸਨਾ । ਸਾਧ ਸੰਗਤ ਸਦ ਬਲ ਬਲ ਜਾਸਨਾ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਚਰਨ ਸੰਗ ਹੋਏ ਰਾਸਨਾ । ਸਾਚਾ ਪ੍ਰਭ ਆਪਣਾ ਆਪ ਉਪਾਏ । ਆਪਣਾ ਭੇਵ ਨਾ ਕਿਸੇ ਜਤਾਏ । ਆਦਿ ਅੰਤ ਸਰਬ ਥਾਂਏ ਸੁਹਾਏ । ਜੁਗੋ ਜੁਗ ਮਾਤਲੋਕ ਰਹਾਏ । ਖੰਡ ਬ੍ਰਹਿਮੰਡ ਸਰਬ ਰਿਹਾ ਸਮਾਏ । ਏਕ ਪ੍ਰਭ ਊਚ ਅਗੰਮ, ਦੂਸਰ ਕੋਇ ਨਾਹੇ । ਜੋ ਮਾਤ ਆਏ ਕਿਰਪਾ ਧਾਰ, ਦੁੱਖੀ ਜੀਵ ਸਭ ਬਿਲਲਾਏ । ਸਤਿਜੁਗ ਹੋਏ ਮਿਹਰਵਾਨ, ਰਿਖ ਮੁਨ ਆਣ ਤਰਾਏ । ਤ੍ਰੇਤਾ ਰਾਮ ਅਵਤਾਰ, ਰਾਵਣ ਅੰਤ ਕਰਾਏ । ਨਿਮਾਣਿਆਂ ਦੇ ਮਾਣ, ਪ੍ਰਭ ਘਰ ਭੀਲਣੀ ਭੋਗ ਲਗਾਏ । ਅਹਲਿਆ ਦੇ ਤਾਰ, ਪ੍ਰਭ ਸਿਲਾ ਸੰਗ ਚਰਨ ਛੁਹਾਏ । ਹੰਕਾਰੀਆਂ ਦੇ ਨਿਵਾਰ, ਪ੍ਰਭ ਰਾਮ ਨਾਮ ਸ਼ਬਦ ਚਲਾਏ । ਸਚ ਜੋਤ ਏਕ ਨਿਰੰਕਾਰ, ਕਾਇਆ ਕੋਟ ਵਿਚ ਰਹੀ ਸਮਾਏ । ਪਰਗਟ ਜੋਤ ਆਪ ਰਘੁਨਾਥ, ਤ੍ਰੇਤਾ ਜੁਗ ਜਾਏ ਉਲਟਾਏ । ਦੁਆਪਰ ਕ੍ਰਿਸ਼ਨ ਮੁਰਾਰ, ਸਿਰ ਤੇ ਮੁਕਟ ਟਿਕਾਏ । ਬਿਪਰ ਸੁਦਾਮਾ ਤਾਰ, ਦਰੋਪਤੀ ਲਾਜ ਰਖਾਏ । ਜੁਗੋ ਜੁਗ ਪ੍ਰਭ ਭਗਤਾਂ

ਆਣ ਪੈਜ ਰਖਾਏ । ਜਿਥੇ ਕੋਇ ਨਾ ਸੰਗ, ਉਥੇ ਹੋਏ ਸਹਾਏ । ਅਰਜਨ ਦੇ ਗਿਆਨ, ਗੀਤਾ ਭੇਤ ਖੁਲ੍ਹਾਏ । ਮਿਲੇ ਭਗਤ ਭਗਵਾਨ ਧਾਰ ਜਾਮਾ ਕਲਜੁਗ ਵਿਚ ਆਏ । ਹਉਮੇ ਕਪਟ ਮਾਰ, ਮਹਾਂਸਾਰਥੀ ਆਪ ਅਖਵਾਏ । ਜਾਏ ਜੁਗ ਉਲਟਾ ਕੇ, ਯਾਦਵ ਇਹ ਮਾਣ ਦਵਾਏ । ਕਲਜੁਗ ਹੋਇਆ ਅੰਧ ਅੰਧਿਆਰ । ਪਰਗਟੀ ਜੋਤ ਆਪ ਮੁਰਾਰ । ਵੇਦ ਕਿਤਾਬਾਂ ਬਾਹਰਾ, ਪਰਗਟੇ ਨਿਹਕਲੰਕ ਅਵਤਾਰ । ਭਗਤਾਂ ਦਰਸ ਦਿਖਾਇੰਦਾ । ਕਲ ਧਾਰੇ ਵਿਚ ਸੰਸਾਰ । ਬੇਮੁਖ ਸੂਝ ਨਾ ਪਾਇੰਦਾ, ਆਪਣੇ ਰੰਗ ਰਵੇ ਕਰਤਾਰ । ਮਹਾਰਾਜ ਸ਼ੇਰ ਸਿੰਘ ਭੇਤ ਖੁਲ੍ਹਾਇੰਦਾ, ਲਿਖਾਵੇ ਬਚਨ ਜੋ ਜਗ ਵਰਤਣਹਾਰ । ਨਿਹਕਲੰਕ ਆਪ ਅਖਵਾਏ । ਵੇਦ ਪੁਰਾਨ ਕੋਈ ਰਹਿਣ ਨਾ ਪਾਏ । ਖਾਣੀ ਬਾਣੀ ਗਗਨ ਪਤਾਲੀ, ਜੀਵ ਜੰਤ ਕੋਈ ਰਹਿਣ ਨਾ ਪਾਏ । ਭਗਤ ਜਨਾਂ ਹਰਿ ਦੇ ਵਡਿਆਈ, ਆਤਮ ਸਾਚੀ ਜੋਤ ਜਗਾਏ । ਕਰ ਦਰਸ ਪਰਮਗਤ ਪਾਈ । ਨਿਰਮਲ ਜੋਤ ਬਾਤੀ ਦੀਪ ਕਰਾਈ । ਜਗੇ ਦੀਪ ਮਿਟੇ ਅੰਧੇਰਾ, ਗਿਆਨ ਗੋਝ ਪ੍ਰਭ ਦੇ ਬੁਝਾਈ । ਸੋਹੰ ਸ਼ਬਦ ਹੋਏ ਝੁਣਕਾਰਾ, ਅਨਹਦ ਸ਼ਬਦ ਦੇ ਵਜਾਈ । ਭੁੱਲੇ ਜੀਵ ਕਲ ਹੋਏ ਖੁਆਰਾ, ਗੁਰਸਿਖਾਂ ਦਸਮ ਦਵਾਰ ਪ੍ਰਭ ਦੇ ਖੁਲ੍ਹਾਈ । ਪ੍ਰਭ ਕਾ ਭੇਤ ਨਾ ਜਾਣੇ ਮੂਰਖ ਮੁਗਧ ਗਵਾਰਾ, ਜੋਤ ਸਰੂਪ ਵਿਚ ਜੋਤ ਮਿਲਾਈ । ਭਰਮ ਭੁਲੇਖੇ ਭੁੱਲਾ ਸੰਸਾਰਾ, ਨਾ ਕੋਈ ਜਾਣੇ ਨਿਹਕਲੰਕ ਜੋਤ ਪਰਗਟਾਈ । ਗੁਰਸਿਖਾਂ ਸੂਝੇ ਪ੍ਰਭ ਸਚ ਦਵਾਰਾ, ਮਿਲ ਗੁਰ ਸੋਝੀ ਪਾਈ । ਸੋਹੰ ਦੇਵੇ ਭਗਤ ਭੰਡਾਰਾ, ਨਾਭ ਕਵਲ ਅੰਮ੍ਰਿਤ ਮੁਖ ਚਵਾਈ । ਖੁੱਲ੍ਹੇ ਕਵਲ ਹੋਏ ਉਜਿਆਰਾ, ਸਾਚੀ ਜੋਤ ਵਿਚ ਦੇਹ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਕਰੇ ਪਾਰ ਉਤਾਰਾ, ਅੰਤਕਾਲ ਦਰਸ ਦਿਖਾਈ । ਕਲਜੁਗ ਪਰਗਟੇ ਪ੍ਰਭ ਤ੍ਰੈਲੋਕੀ ਨੰਦਨ । ਭਗਤ ਜਨਾਂ ਤੋੜੇ ਬੰਧਨ । ਗੁਰਸਿਖ ਉਤਮ ਪਰਭਾਸ ਜਿਉਂ ਚੰਦਨ । ਦੇ ਦਰਸ ਗੁਰਸਿਖ ਤੋੜੇ ਬੰਧਨ । ਮਹਾਰਾਜ ਸ਼ੇਰ ਸਿੰਘ ਗੁਰਮੁਖਾਂ ਦੀਸੇ, ਬੇਮੁਖ ਕਲਜੁਗ ਸਾਰੇ ਅੰਧਨ । ਅੰਧ ਅੰਧੇਰ ਜਗਤ ਵਿਚ ਪਾਇਆ । ਅਛਲ ਛਲਨ ਛਲ ਕਰ ਆਇਆ । ਚਤੁਰਭੁਜ ਖੇਲ ਰਚਾਇਆ । ਕਲਜੁਗ ਜੀਵ ਪ੍ਰਭ ਪਾਈ ਮਾਇਆ । ਆਤਮ ਅੰਧਿਆਰ ਦੀਪਕ ਦੇਹ ਬੁਝਾਇਆ । ਭੁੱਲੇ ਜੀਵ ਕਲ ਹੋਏ ਖੁਆਰ, ਮਦਿ ਮਾਸ ਆਹਾਰ ਬਣਾਇਆ । ਧਰੇ ਜੋਤ ਨਿਹਕਲੰਕ ਅਵਤਾਰ, ਜੋਤ ਸਰੂਪ ਨਜ਼ਰ ਨਾ ਆਇਆ । ਗੁਰਮੁਖ ਵਿਰਲੇ ਪਾਵੇ ਸਾਰ, ਜਿਸ ਨੂੰ ਸਾਚਾ ਦਰਸ ਦਿਖਾਇਆ । ਕਰ ਦਰਸ ਜੀਵ ਉਤਰੇ ਪਾਰ, ਜਨਮ ਮਰਨ ਦਾ ਫੰਦ ਕਟਾਇਆ । ਕਲਜੁਗ ਦੇਵੇ ਸੋਹੰ ਦਾਰ, ਰਸਨਾ ਜਪ ਜੀਵ ਪਾਰ ਕਰਾਇਆ । ਬੇਮੁਖ ਹੋਏ ਅੰਤ ਖੁਆਰ, ਸਾਚਾ ਪ੍ਰਭ ਨਜ਼ਰ ਨਾ ਆਇਆ । ਸਾਧ ਸੰਗਤ ਪ੍ਰਭ ਨਾਮ ਅਧਾਰ, ਰਸਨਾ ਜਪ ਹਰਿ ਹਰਿ ਹਰਿ ਘਰ ਮਾਹਿ ਪਾਇਆ । ਮਿਲਿਆ ਕਲ ਸਚ ਭਤਾਰ, ਨਿਰਭੈ ਹੋਏ ਜਗਤ ਵਿਚ ਆਇਆ । ਅੰਮ੍ਰਿਤ ਵਰਖੇ ਆਤਮ ਧਾਰ, ਅੰਮ੍ਰਿਤ ਝਿਰਨਾ ਨਿਝਰੋਂ ਝਿਰਾਇਆ । ਆਤਮ ਦੇਵੇ ਪ੍ਰਭ ਸ਼ਬਦ ਅਧਾਰ, ਅਗਿਆਨ ਅੰਧੇਰ ਸਭ ਮਿਟਾਇਆ । ਭਗਤ ਜਨਾਂ ਪ੍ਰਭ ਦੇਵੇ ਤਾਰ, ਚਰਨ ਆਏ ਜਿਨ ਸੀਸ ਝੁਕਾਇਆ । ਕਲਜੁਗ ਪਰਗਟਿਆ ਨਿਹਕਲੰਕ ਅਵਤਾਰ, ਚਾਰ ਵਰਨ ਜਿਨ ਇਕ ਕਰਾਇਆ । ਸਾਚਾ ਪ੍ਰਭ ਦੇਵੇ ਜੋਤ ਅਧਾਰ, ਜ਼ਾਤ ਪਾਤ ਪ੍ਰਭ ਭੇਤ ਚੁਕਾਇਆ । ਸੋਹੰ ਸ਼ਬਦ ਦੇ ਅਧਾਰ, ਸਤਿਜੁਗ ਸਾਚਾ ਪ੍ਰਭ ਰਾਹ ਚਲਾਇਆ । ਮਦਿ ਮਾਸੀ ਅੰਤਕਾਲ ਹੋਏ ਖੁਆਰ, ਨਰਕ ਨਿਵਾਸ ਪ੍ਰਭ ਆਪ ਦਿਵਾਇਆ । ਅੰਮ੍ਰਿਤ ਛੱਡ ਹੋਏ ਬੇਮੁਖ, ਵਾਦ ਵਿਵਾਦ ਰਸਨਾ ਵਧਾਇਆ । ਮਹਾਰਾਜ ਸ਼ੇਰ ਸਿੰਘ ਸਰਬ ਗਵਾਏ ਦੁੱਖ, ਆਏ ਦਰ ਜਿਸ ਦਰਸ ਪਾਇਆ । ਨਿਰਾਹਾਰੀ ਨਿਰਵੈਰ ਕਲ ਆਏ । ਅੰਤਕਾਲ ਕਲ ਪ੍ਰਭ ਦੇ ਕਰਾਏ । ਸੋਹੰ ਬਾਣ

ਜਗਤ ਗੁਰ ਲਾਏ । ਪ੍ਰਭ ਕੀ ਜੋਤ ਅਗਨ ਬੇਮੁਖ ਜਲਾਏ । ਸਾਧ ਸੰਗਤ ਪ੍ਰਭ ਆਤਮ ਜੋਤ ਕਰੇ ਰੁਸ਼ਨਾਏ । ਮਹਾਰਾਜ ਸ਼ੇਰ ਸਿੰਘ ਜੋ ਜਨ ਚਲੇ ਤੇਰੇ ਭਾਏ, ਅੰਤਕਾਲ ਵਿਚ ਹੋਏ ਸਹਾਏ । ਸੁਰਤ ਸ਼ਬਦ ਪ੍ਰਭ ਦੇਵੇ । ਕਲਜੁਗ ਪਰਗਟੇ ਪ੍ਰਭ ਅਲਖ ਅਭੇਵੇ । ਕਲਜੁਗ ਪਰਗਟ ਸਾਚਾ ਨਾਮ ਪ੍ਰਭ ਸੋਹੰ ਦੇਵੇ । ਜੋਤ ਸਰੂਪੀ ਪ੍ਰਭ ਕੀਏ ਭਰੇਵੇ । ਮਹਾਰਾਜ ਸ਼ੇਰ ਸਿੰਘ ਤੇਰਾ ਨਾਮ, ਵਿਰਲਾ ਗੁਰਸਿਖ ਸਰੇਵੇ । ਭਗਤ ਜਨ ਸੋਹਣ ਹਰਿ ਦਵਾਰੇ । ਦੇ ਦਰਸ ਪ੍ਰਭ ਪਾਰ ਉਤਾਰੇ । ਏਕ ਜੋਤ ਧਰੀ ਨਿਰੰਕਾਰੇ । ਸਰਬ ਸ੍ਰਿਸ਼ਟ ਪ੍ਰਭ ਆਣ ਸੰਘਾਰੇ । ਨਿਹਕਲੰਕ ਕਲ ਲੈ ਅਵਤਾਰੇ । ਸਾਚਾ ਸ਼ਾਹ ਦਿਸੇ ਸਚ ਦਰਬਾਰੇ । ਰਾਓ ਰੰਕ ਖੜ੍ਹੇ ਪ੍ਰਭ ਚਰਨ ਦਵਾਰੇ । ਜੁਗੋ ਜੁਗ ਪ੍ਰਭ ਲੈ ਅਵਤਾਰੇ । ਭਗਤਨ ਕਾਰਨ ਕਰੇ ਪ੍ਰਭ ਖੇਲ ਨਿਆਰੇ । ਦੇਂਦਾ ਗਿਆਨ ਬਾਲ ਅਵਸਥਾ, ਧ੍ਰੂ ਪ੍ਰਭ ਤਾਰੇ । ਲੱਜਿਆ ਰੱਖੇ ਪ੍ਰਹਿਲਾਦ, ਨਰ ਸਿੰਘ ਪ੍ਰਭ ਲੈ ਅਵਤਾਰੇ । ਭੇਖ ਧਾਰ ਜਗ ਆ ਗਿਆ, ਬਾਵਨ ਰੂਪ ਖੜ੍ਹਾ ਬਲ ਦਵਾਰੇ । ਭਗਤ ਉਧਾਰਨ ਜਗ ਆ ਗਿਆ, ਚੱਕਰ ਸੁਦਰਸ਼ਨ ਬਾਣ ਦੁਰਬਾਸ਼ਾ ਰਿਖ ਮਾਰੇ । ਜਨਕ ਭਗਤ ਵਡਿਆ ਗਿਆ, ਰਹਾਏ ਜੀਵ ਨਰਕ ਮਝਾਰੇ । ਦੇ ਦਰਸ ਜੋੜੀ ਜੋੜ ਮਿਲਾ ਗਿਆ, ਲੱਜਿਆ ਰੱਖੇ ਰਾਣੀ ਤਾਰੇ । ਘਰ ਬਿਦਰ ਭੋਗ ਲਗਾ ਲਿਆ, ਛੱਡ ਦਰਯੋਧਨ ਮਹਲ ਮੁਨਾਰੇ । ਸੁਦਾਮੇ ਤੰਦਲ ਭੋਗ ਲਗਾ ਗਿਆ, ਚਰਨ ਕਵਲ ਪ੍ਰਭ ਕਰੇ ਨਿਮਸਕਾਰੇ । ਦਰੋਪਤੀ ਲੱਜਿਆ ਪ੍ਰਭ ਆਪ ਰਖਾ ਗਿਆ, ਬਸਤਰ ਉਤਰੇ ਨਾ ਕੋਟ ਉਤਾਰੇ । ਗੁਣ ਨਿਧਾਨ ਘਰ ਆ ਗਿਆ, ਲੇਖ ਲਿਖਾਏ ਅਪਰ ਅਪਾਰੇ । ਰਵਿਦਾਸ ਚੁਮਾਰ ਤਰਾ ਗਿਆ, ਲੈ ਕਸੀਰਾ ਵਿਚ ਗੰਗਾ ਧਾਰੇ । ਪ੍ਰਭ ਸਦਨਾ ਸੈਨ ਤਰਾ ਗਿਆ, ਧਾਰ ਰੂਪ ਜਾਏ ਬਲ ਦਵਾਰੇ । ਪ੍ਰਭ ਨਾਮਦੇਉ ਦਰਸ ਦਿਖਾ ਗਿਆ, ਭੋਗ ਲਗਾਏ ਦੂਧਾ ਧਾਰੇ । ਧੰਨਾ ਜੱਟ ਤਰਾ ਗਿਆ, ਛੰਨਾ ਛਾਛ ਲਾਏ ਮੁਖ ਦਵਾਰੇ । ਗਨਕਾ ਪਾਪਣ ਪਾਰ ਕਰਾ ਗਿਆ, ਸਾਚਾ ਨਾਮ ਰਸਨ ਉਚਾਰੇ । ਪਾਪਣ ਪੂਤਨਾ ਜਗਤ ਤਰਾ ਗਿਆ, ਮੋਹਣ ਮੁੰਮੇ ਪਾਏ ਕ੍ਰਿਸ਼ਨ ਮੁਰਾਰੇ । ਬੱਧਕ ਗਲੇ ਲਗਾ ਲਿਆ, ਚਰਨ ਕਵਲ ਬਾਣ ਜੋ ਮਾਰੇ । ਜੁਗ ਚੌਥੇ ਖੇਲ ਰਚਾ ਲਿਆ, ਨਿਹਕਲੰਕ ਪ੍ਰਭ ਲੈ ਅਵਤਾਰੇ । ਅਥਰਬਣ ਵੇਦ ਮਾਣ ਗਵਾ ਗਿਆ, ਵੇਦ ਚਾਰ ਅੰਤ ਕਲ ਹਾਰੇ । ਕੁਰਾਨ ਅੰਜ਼ੀਲ ਵਕਤ ਮੁਕਾ ਲਿਆ, ਈਸਾ ਮੂਸਾ ਮੁਹੰਮਦੀ ਪਾਰ ਉਤਾਰੇ । ਗੀਤਾ ਵਕਤ ਮੁਕਾ ਲਿਆ, ਮਿਲੇ ਸ਼ਬਦ ਸ਼ਬਦ ਵਿਚ ਘਾਰੇ । ਖਾਣੀ ਬਾਣੀ ਭਰਮ ਮਿਟਾ ਲਿਆ । ਪਰਗਟ ਜੋਤ ਆਪ ਗਿਰਧਾਰੇ । ਜੁਗ ਚੌਥਾ ਅੰਤ ਕਰਾ ਲਿਆ, ਚਾਰ ਕੁੰਟ ਹੋਏ ਹਾਹਾਕਾਰੇ । ਕਲ ਸਾਚਾ ਸ਼ਬਦ ਚਲਾ ਲਿਆ, ਸੋਹੰ ਨਾਉਂ ਪ੍ਰਭ ਰਸਨ ਉਚਾਰੇ । ਸਭ ਜਗਤ ਭੇਖ ਮਿਟਾ ਲਿਆ, ਏਕੋ ਦੀਸੇ ਸਚ ਦਰਬਾਰੇ । ਰਾਉ ਰੰਕਾਂ ਚਰਨ ਲਗਾ ਲਿਆ, ਰਾਣਿਆਂ ਮਹਾਰਾਣਿਆਂ ਹੰਕਾਰ ਨਿਵਾਰੇ । ਹਿੰਦਵੈਣ ਚਰਨੀਂ ਢਾਹ ਲਿਆ, ਦੇ ਦਰਸ ਅਗੰਮ ਅਪਾਰੇ । ਕਲ ਭਰਮ ਭੁਲੇਖਾ ਲਾਹ ਲਿਆ, ਸਾਚੀ ਜੋਤ ਆਈ ਕਲ ਧਾਰੇ । ਪ੍ਰਭ ਜਾਮਾ ਸ਼ੇਰ ਵਟਾ ਲਿਆ, ਜੋਤ ਸਰੂਪੀ ਹੋਏ ਚਮਤਕਾਰੇ । ਗੁਰਸਿਖਾਂ ਰਸਨੀ ਗਾ ਲਿਆ, ਅਨਹਦ ਸ਼ਬਦ ਵੱਜੇ ਧੁਨਕਾਰੇ । ਨਿਜਾਨੰਦ ਪ੍ਰਭ ਤ੍ਰਿਪਤਾ ਲਿਆ, ਆਤਮ ਜੋਤ ਕਰੇ ਉਜਿਆਰੇ । ਸਾਚਾ ਸ਼ਾਹੋ ਵਿਚੋਂ ਦੇਹ ਪਾ ਲਿਆ, ਬੈਠਾ ਜੋ ਕਰ ਪਸਰ ਪਸਾਰੇ । ਬੇਮੁਖਾਂ ਮੁਖ ਛੁਪਾ ਲਿਆ, ਸ਼ਾਂਤ ਨਾ ਆਏ ਗੁਰਚਰਨ ਦਵਾਰੇ । ਗੁਰਸਿਖਾਂ ਹਉਮੈ ਰੋਗ ਗਵਾ ਲਿਆ, ਆਤਮ ਬਰਖੇ ਅੰਮ੍ਰਿਤ ਧਾਰੇ । ਪ੍ਰਭ ਸਾਚੇ ਥਾਨ ਸੁਹਾ ਲਿਆ, ਸਾਧ ਸੰਗਤ ਮਿਲ ਕਰੇ ਮੰਗਲਚਾਰੇ । ਮਹਾਰਾਜ ਸ਼ੇਰ ਸਿੰਘ ਭਗਤ ਵਡਿਆ ਲਿਆ, ਸਾਚਾ ਨਾਮ ਦੇ ਅਧਾਰੇ । ਸਾਚਾ ਨਾਮ ਸਾਚੇ ਪ੍ਰਭ ਦੀਆ । ਆਤਮ ਨਿਰਮਲ

ਉਤਮ ਜੀਆ । ਬਿਨ ਬਾਤੀ ਬਿਨ ਤੇਲ ਜਗਾਏ ਆਤਮ ਦੀਆ । ਜੋਤ ਸਰੂਪੀ ਖੇਲ ਅਚਰਜ ਪ੍ਰਭ ਕੀਆ । ਸਤਿਜੁਗ ਸਾਚੀ ਕਲ ਰਖਾਏ ਪ੍ਰਭ ਨੀਆ । ਸੋਹੰ ਨਾਮ ਜਪ, ਪ੍ਰਭ ਮਿਲਨ ਕਾ ਹੀਆ । ਅੰਮ੍ਰਿਤ ਨਾਮ ਨਿਧਾਨ, ਗੁਰਸਿਖਾਂ ਗੁਰ ਦਰ ਪੀਆ । ਹੋਏ ਸੁਘੜ ਸੁਜਾਨ, ਜਿਨ੍ਹਾਂ ਪ੍ਰਭ ਦਰਸ਼ਨ ਦੀਆ । ਕਲਜੁਗ ਮਿਲਿਆ ਫਲ, ਪੂਰਬ ਜਨਮ ਬੀਜ ਜੋ ਬੀਆ । ਮਾਨਸ ਜਨਮ ਸੁਫਲ ਕਲ, ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰਾ ਕੀਆ । ਖੰਡ ਸਚ ਵਸੇ ਨਿਰੰਕਾਰ । ਜੋਤ ਜਗੇ ਪ੍ਰਭ ਅਪਰ ਅਪਾਰ । ਉਨੰਜਾ ਪਵਣ ਸਿਰ ਛਤਰ ਝੁਲਾਰ । ਬ੍ਰਹਮਾ ਵਿਸ਼ਨ ਮਹੇਸ਼ ਪ੍ਰਭ ਖੜ੍ਹੇ ਦਰਬਾਰ । ਈਸਾ ਮੂਸਾ ਮੁਹੰਮਦ ਕਰ ਰਹੇ ਪੁਕਾਰ । ਕਲਜੁਗ ਜਾਮਾ ਧਾਰਿਆ, ਜੋਤ ਸਰੂਪੀ ਨਹਕਲੰਕ ਅਵਤਾਰ । ਕਰੋੜ ਤੇਤੀਸ ਸੁਹਾਵੰਦੇ, ਇੰਦਰ ਦਰਬਾਰ । ਆਤਮ ਸਰਬ ਧਿਆਵੰਦੇ, ਦੇ ਦਰਸ ਪ੍ਰਭ ਨਿਰਾਧਾਰ । ਕਲਜੁਗ ਜਾਮਾ ਧਾਰਿਆ, ਪਰਗਟ ਜੋਤ ਆਪ ਨਿਰੰਕਾਰ । ਜੁਗ ਚੌਥਾ ਪਾਰ ਉਤਾਰਿਆ, ਨਿਹਕਲੰਕ ਲਵੇ ਅਵਤਾਰ । ਮਹਾਰਾਜ ਸ਼ੇਰ ਸਿੰਘ ਨਾਮ ਰਖਾ ਲਿਆ, ਗੁਰਮੁਖ ਪਾਵੇ ਪੂਰਨ ਸਾਰ । ਕਲਜੁਗ ਜੋਤ ਪ੍ਰਭ ਸਾਚਾ ਧਰੇ । ਦੀਸੇ ਜੋਤ ਇਕ ਨਰ ਹਰੇ । ਤਰੇ ਸੋ ਜਨ ਜੋ ਪ੍ਰਭ ਸਰਨੀ ਪਰੇ । ਕਰ ਦਰਸ ਜੀਵ ਮਾਤ ਨਾ ਦੇਹ ਧਰੇ । ਗਰਭਵਾਸ ਫੇਰ ਨਾ ਪਰੇ । ਜੋਤ ਮੇਲ ਪ੍ਰਭ ਜੋਤ ਸਰੂਪ ਕਰੇ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਮਿਲਿਆ ਆਸਾ ਵਰੇ । ਕੁਕਰਮ ਕਰਮ ਕਲਜੁਗ ਵਿਚਾਰਿਆ । ਜੋਤ ਸਰੂਪ ਕਲ ਜਾਮਾ ਪ੍ਰਭ ਧਾਰਿਆ । ਦੁਸ਼ਟ ਦੁਰਾਚਾਰ ਸ਼ਬਦ ਮਾਰ ਬਾਣ ਸੰਘਾਰਿਆ । ਨਿਰੰਜਣ ਜੋਤ ਕਲਜੁਗ ਹੋਏ ਉਜਿਆਰਿਆ । ਭਗਤ ਜਨ ਸੋਹਣ ਗੁਰਚਰਨ ਦਵਾਰਿਆ । ਬੇਮੁਖ ਕਰ ਰਹੇ ਹਾਹਾਕਾਰਿਆ । ਬਿਨ ਗੁਰ ਪੂਰੇ ਨਾ ਕਿਸੇ ਪਾਰ ਉਤਾਰਿਆ । ਮਦਿ ਮਾਸ ਅਹਾਰ ਰਸਨ ਬਣਾ ਲਿਆ । ਹੋਏ ਦੇਹ ਅੰਧਿਆਰ, ਸਾਚਾ ਸ਼ਾਹੋ ਬੇਮੁਖ ਭੁਲਾ ਲਿਆ । ਭਗਤ ਜਨਾ ਹਰਿ ਦੇਵੇ ਮਾਣ, ਬਾਂਹੋ ਪਕੜ ਕਲਜੁਗ ਤਰਾ ਲਿਆ । ਅੰਤਕਾਲ ਦੇ ਦਰਸ, ਵਿਚ ਪੁਸ਼ਪ ਬਬਾਣ ਬਿਠਾ ਲਿਆ । ਆਵਣ ਜਾਵਣ ਤੋੜ ਹਰਸ, ਪ੍ਰਭ ਵਿਚ ਜੋਤ ਮਿਲਾ ਲਿਆ । ਅੰਮ੍ਰਿਤ ਝਿਰਨਾ ਨਿਝਰੋਂ ਬਰਸ, ਆਤਮ ਸ਼ਾਂਤ ਕਰਾ ਲਿਆ । ਭਗਤ ਨਿਮਾਣਿਆਂ ਕਰ ਪ੍ਰਭ ਤਰਸ, ਖੰਡ ਸਚ ਬਹਾ ਲਿਆ । ਬੇਮੁਖ ਪਾਏ ਨਰਕ, ਸਾਚਾ ਪ੍ਰਭ ਜਿਨ੍ਹਾਂ ਭੁਲਾ ਲਿਆ । ਕਲਜੁਗ ਜੀਵ ਅੰਤ ਕਲ ਹੋਏ ਗਰਕ, ਸੋਹੰ ਬਾਣ ਸ਼ਬਦ ਗੁਰ ਲਾ ਲਿਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਮਾਇਆ ਰੂਪੀ ਜਗਤ ਭੁਲਾ ਲਿਆ । ਭਰਮ ਭੁਲੇਖੇ ਜਗਤ ਭੁਲਾਇਆ । ਆਪਣਾ ਆਪ ਪ੍ਰਭ ਆਪ ਛੁਪਾਇਆ । ਜੋਤ ਸਰੂਪੀ ਕਲ ਖੇਲ ਰਚਾਇਆ । ਸ਼ਬਦ ਬਾਣ ਸੋਹੰ ਪ੍ਰਭ ਚਲਾਇਆ । ਚਾਰ ਕੁੰਟ ਹਾਹਾਕਾਰ ਮਚਾਇਆ । ਦੁੱਖੀ ਜੀਵ ਸਭ ਬਿਲਲਾਇਆ । ਭਗਤ ਜਨਾਂ ਦਰਸ ਦਿਖਾਇਆ । ਦੇ ਬ੍ਰਹਮ ਗਿਆਨ ਹਿਰਦਕ ਸਾਚੀ ਜੋਤ ਜਗਾਇਆ । ਜਗੇ ਜੋਤ ਹੋਏ ਉਜਿਆਰਾ, ਪ੍ਰਭ ਅਬਿਨਾਸ਼ੀ ਘਰ ਮਾਹਿ ਪਾਇਆ । ਉਪਜੇ ਧੁਨ ਹੋਏ ਧੁੰਨਕਾਰਾ, ਅਨਹਦ ਸ਼ਬਦ ਪ੍ਰਭ ਵਿਚ ਦੇਹ ਵਜਾਇਆ । ਝਿਰਨਾ ਝਿਰ ਅੰਮ੍ਰਿਤ ਬੂੰਦ, ਨਾਭ ਕਵਲ ਵਿਚ ਪਾਇਆ । ਖੁੱਲ੍ਹੇ ਕਵਲ ਜੋਤ ਪਰਕਾਸ਼ੇ, ਦਸਮ ਦਵਾਰ ਪ੍ਰਭ ਆਪ ਖੁਲ੍ਹਾਇਆ । ਖੁਲ੍ਹੇ ਦਵਾਰ ਮਿਲੇ ਗਿਰਧਾਰ, ਨਿਜਾਨੰਦ ਜੀਵ ਨਿਜ ਮਾਹਿ ਪਾਇਆ । ਕਲਜੁਗ ਪਰਗਟ ਮਹਾਰਾਜ ਸ਼ੇਰ ਸਿੰਘ ਭਗਤ ਜਨਾਂ ਦਰ ਘਰ ਹਰਿ ਦਰਸ ਦਿਖਾਇਆ । ਪਰਗਟੇ ਪ੍ਰਭ ਵੇਖੇ ਲੋਕਾਈ ਸਭ । ਗੁਰਸਿਖ ਵਿਰਲੇ ਕਲ ਲਿਆ ਲੱਭ । ਕਿਰਪਾ ਕਰ ਝਿਰਨਾ ਝਿਰਾਵੇ ਵਿਚ ਪ੍ਰਭ ਨੱਭ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਜੋਤ ਪਰਗਟਾਵੇ ਝੱਬ । ਸਾਚੀ ਜੋਤ ਕਲਜੁਗ ਪਰਗਾਸੇ । ਸ੍ਰਿਸ਼ਟ ਵਿਨਾਸੀ

ਪ੍ਰਭ ਸਦ ਅਬਿਨਾਸ਼ੇ । ਗੁਰਸਿਖਾਂ ਪ੍ਰਭ ਦੇਵੇ ਸੋਹੰ ਸ਼ਬਦ ਧਰਵਾਸੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਜੀਵ ਤੇਰੇ ਚਰਨ ਭਰਵਾਸੇ । ਚਰਨ ਕਵਲ ਗੁਰਸਿਖ ਰੰਗ ਮਾਣ । ਕਲਜੁਗ ਪਰਗਟਿਆ ਪ੍ਰਭ ਨਿਤਾਣਿਆ ਤਾਣ । ਨਿਹਕਲੰਕ ਦੇਵੇ ਰੰਕਾਂ ਮਾਣ । ਰਾਓ ਪ੍ਰਭ ਚਰਨ ਲਗ ਜਾਣ, ਵਰਨ ਚਾਰ ਅੰਤਕਾਲ ਇਕ ਹੋ ਜਾਣ । ਸੋਹੰ ਸ਼ਬਦ ਚਲੇ, ਸਤਿਜੁਗ ਸਾਚਾ ਨਿਰਬਾਣ । ਗੁਰਸਿਖਾਂ ਪ੍ਰਭ ਦੇਵੇ ਬ੍ਰਹਮ ਗਿਆਨ । ਚਰਨ ਪ੍ਰੀਤੀ ਦੇਵੇ ਆਤਮ ਧਿਆਨ । ਦਿਖਾਵੇ ਦਰਸ ਪ੍ਰਭ ਵਿਸ਼ਨੂੰ ਭਗਵਾਨ । ਮਹਾਰਾਜ ਸ਼ੇਰ ਸਿੰਘ ਗੁਰਸਿਖ ਕਲਜੁਗ ਹੋਏ ਚਤੁਰ ਸੁਜਾਨ । ਗੁਰਮੁਖ ਚਾਤਰਕ ਹੋ ਬਿਲਲਾਇਆ । ਕਰ ਭੇਖ ਜੋਤ ਸਰੂਪ ਪ੍ਰਭ ਕਲਜੁਗ ਆਇਆ । ਜੁਗੋ ਜੁਗ ਵਿਛੜਿਆ, ਅੰਤ ਕਲਜੁਗ ਪ੍ਰਭ ਮੇਲ ਕਰਾਇਆ । ਜੋਤ ਸਰੂਪੀ ਪ੍ਰਭ ਅਨਡਿਠੜਿਆ, ਜੋ ਕੋਈ ਵੇਖੇ ਤਾਂ ਨਜ਼ਰ ਨਾ ਆਇਆ । ਸੋਹੰ ਸ਼ਬਦ ਮਿਲੇ ਸਿੱਖ ਮਿਠੜਿਆ, ਗਿਆਨ ਜੋਤ ਹਿਰਦਾ ਪ੍ਰਭ ਆਪ ਕਰਾਇਆ । ਬੇਮੁਖ ਕੌੜੇ ਕਲਜੁਗ ਜਿਉਂ ਰੀਠੜਿਆ, ਨਿਹਕਲੰਕ ਨਾ ਦਰਸ ਦਿਖਾਇਆ । ਹੋਏ ਨਾ ਮੇਲ ਜੋ ਕਲਜੁਗ ਵਿਛੜਿਆ, ਪ੍ਰਭ ਅਬਿਨਾਸ਼ੀ ਭੇਤ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਮੇਟੇ ਦੁੱਖੜਿਆਂ, ਚਰਨ ਆਏ ਜਿਸ ਸੀਸ ਝੁਕਾਇਆ । ਕਲਜੁਗ ਭਾਣਾ ਪ੍ਰਭ ਵਰਤਾਇਆ । ਜਗਤ ਭਗਤ ਕਿਸੇ ਵਿਰਲੇ ਦਰਸਾਇਆ । ਮੁਗਧ ਗਵਾਰਾਂ ਦੁਸ਼ਟ ਦੁਰਾਚਾਰਾਂ ਪ੍ਰਭ ਭੇਵ ਨਾ ਪਾਇਆ । ਗੁਰਸਿਖਾਂ ਬਲਿਹਾਰਾ ਚਰਨ ਨਿਸਮਕਾਰਾ, ਜਿਨ ਪ੍ਰਭ ਸਾਚਾ ਪਾਇਆ । ਬੇਮੁਖ ਕਲ ਹੋਏ ਖੁਆਰਾ ਨਾ ਦੀਸੇ ਦਰਬਾਰਾ, ਗੁਰ ਪੂਰੇ ਮੁਖ ਭਵਾਇਆ । ਮਹਾਰਾਜ ਸ਼ੇਰ ਸਿੰਘ ਤੇਰਾ ਸਚ ਦਰਬਾਰਾ, ਮਿਲ ਸਾਧ ਸੰਗਤ ਹਰਿ ਜਸ ਗਾਇਆ । ਗੁਰ ਪੂਰੇ ਪ੍ਰਭ ਬੂਝ ਬੁਝਾਏ । ਸ਼ਬਦ ਸੁਰਤ ਦੇ ਆਤਮ ਜਗਾਏ । ਅਨਹਦ ਸ਼ਬਦ ਰਾਗ ਉਪਜਾਏ । ਪਵਣ ਸਰੂਪ ਪ੍ਰਭ ਮਾਤ ਆਕਾਸ਼ ਮੇਲ ਕਰਾਏ । ਸਾਚੀ ਭਾਖਿਆ ਗੁਰ ਗੋਬਿੰਦ ਲਿਖਾਏ । ਸਾਖੀ ਸਭ ਇਕ ਬਣਤ ਬਣਾਏ । ਨਿਹਕਲੰਕ ਅਵਤਾਰ, ਅੰਤਕਾਲ ਵਿਚ ਮਾਤ ਦੇ ਆਏ । ਸ੍ਰਿਸ਼ਟ ਦਰ ਸੰਘਾਰ, ਸਾਚਾ ਮਾਰਗ ਲਾਏ । ਜੁਗ ਚੌਥਾ ਕਲ ਨਾਸ ਕਰ, ਵਾਹਵਾ ਸਤਿਜੁਗ ਸਾਚਾ ਲਾਏ । ਪ੍ਰਭ ਆਪਣੀ ਜੋਤ ਪਰਕਾਸ਼ ਕਰ, ਖੰਡ ਬ੍ਰਹਿਮੰਡ ਦੇ ਉਲਟਾਏ । ਬ੍ਰਹਮਾ ਚਰਨ ਨਿਵਾਸ ਕਰ, ਅੰਤ ਬ੍ਰਹਮਾ ਦੇ ਕਰਾਏ । ਭਗਤ ਵੱਡਾ ਗੁਣਤਾਸ ਕਰ, ਬ੍ਰਹਮਲੋਕ ਸਿੰਘ ਪਾਲ ਬਿਠਾਏ । ਧ੍ਰੂ ਚਰਨ ਨਿਵਾਸ ਕਰ, ਸਾਚੀ ਜੋਤ ਵਿਚ ਮਿਲ ਜਾਏ । ਸਵਰਨ ਆਪਣਾ ਦਾਸ ਕਰ, ਸਾਚਾ ਦਰ ਦਰਬਾਨ ਬਹਾਏ । ਨਿਹਕਲੰਕ ਕਲ ਜੋਤ ਪਰਕਾਸ਼ ਕਰ, ਭਗਤ ਜਨਾਂ ਹਰਿ ਹਰਿ ਮਾਣ ਦਵਾਏ । ਲਹਿਣਾ ਸਿੰਘ ਆਪਣਾ ਦਾਸ ਕਰ, ਬੰਸ ਆਪਣਾ ਗਿਆ ਤਰਾਏ । ਵਿਚ ਪਤਾਲ ਪ੍ਰਭ ਨੈਣ ਮੁਧਾਰ । ਬਾਸ਼ਕ ਸੇਜਾ ਸੁੱਤਾਂ ਪੈਰ ਪਸਾਰ । ਲੱਛਮੀ ਝੱਸੇ ਚਰਨ ਅਪਾਰ । ਵਿਚ ਮਾਤ ਆਇਆ ਆਪ ਕਰਤਾਰ । ਨਿਹਕਲੰਕ ਪੂਰਨ ਅਵਤਾਰ । ਸ੍ਰਿਸ਼ਟ ਸਬਾਈ ਮਾਰੇ ਕਰ ਖ਼ੁਆਰ । ਕੁੰਟ ਚਾਰ ਮੱਚ ਜਾਏ ਹਾਹਾਕਾਰ । ਜੀਵ ਜੰਤ ਸਰਬ ਹੋਏ ਖੁਆਰ । ਪਰਗਟੇ ਪਾਰਬ੍ਰਹਮ ਪਰਮੇਸ਼ਰ ਨਾ ਪਾਈ ਸਾਰ । ਮਾਣਸ ਜਨਮ ਗਵਾਇਆ ਕਲਜੁਗ ਮੂਰਖ ਮੁਗਧ ਜੀਵ ਗਵਾਰ । ਕਵਲ ਨੈਨ ਮੁਕਟ ਬੈਨ ਜੋਤ ਸਰੂਪੀ ਕ੍ਰਿਸ਼ਨ ਮੁਰਾਰ । ਆਪ ਅਪਰੰਪਰ ਜੋਤ ਸਰੂਪੀ ਕੀਆ ਆਕਾਰ । ਖੰਡ ਬ੍ਰਹਿਮੰਡ ਗਗਨ ਪਾਤਾਲ ਪ੍ਰਭ ਜੋਤ ਚਮਤਕਾਰ । ਦੁਸ਼ਟ ਮਲੇਸ਼ ਅੰਤਕਾਲ ਕਰੇ ਖੁਆਰ । ਅੰਜ਼ੀਲ ਕੁਰਾਨੀ ਦੀਨੀ ਪ੍ਰਭ ਦਿਤੇ ਮਾਰ । ਵੇਦ ਅਥਰਬਣ ਅੱਲ੍ਹਾ ਨਾਉਂ ਉਤਰਿਆ ਪਾਰ । ਏਕ ਜੋਤ ਕਲ ਪਰਗਟੇ ਪ੍ਰਭ ਏਕੰਕਾਰ । ਸੋਹੰ ਸ਼ਬਦ ਜੁਗ ਚਾਰ ਹੋਏ ਵੱਡਾ ਸਿਕਦਾਰ । ਸਤਿਜੁਗ ਵਰਤੇ ਸਤਿ ਸਤਿ ਸਤਿ ਗੁਣ ਵਿਚਾਰ । ਰਾਉ

ਰੰਕ ਵਸੇ ਜਗਤ ਇਕ ਸਾਰ । ਜੀਵ ਜੀਵ ਜੀਵ ਪ੍ਰਭ ਦੇਵੇ ਇਕ ਸਾਚਾ ਨਾਮ ਅਧਾਰ । ਮਹਾਰਾਜ ਸ਼ੇਰ ਸਿੰਘ ਤੇਰੇ ਭਾਣੇ, ਸਤਿਜੁਗ ਆਵੇ ਸਤਿ ਕਲ ਧਾਰ । ਸਤਿਜੁਗ ਵਰਤੇ ਸੁੱਚ ਸਚ । ਬੇਮੁਖ ਜਾਏ ਵਿਚ ਅਗਨ ਮੱਚ । ਸੋਹੰ ਨਾਮ ਵਿਚ ਆਤਮ ਰਚ । ਝੂਠੀ ਕਾਇਆ ਕੰਚਨ ਕੱਚ । ਗੁਰਚਰਨ ਲਾਗ ਕਲ ਜਾਏ ਬਚ । ਮਹਾਰਾਜ ਸ਼ੇਰ ਸਿੰਘ ਭਗਤ ਤਰਾਵੇ ਆਦਿ ਜੁਗਾਦੀ ਸਚ । ਆਦਿ ਜੁਗਾਦਿ ਭਗਤਨ ਸੰਗ । ਕਰ ਦਰਸ ਪ੍ਰਭ, ਸਾਚਾ ਨਾਮ ਦਾਨ ਮੰਗ । ਮਿਟਾਇਆ ਹਰਸ ਸਭ, ਮਾਨਸ ਜਨਮ ਨਾ ਹੋਵੇ ਭੰਗ । ਕਰ ਤਰਸ ਪ੍ਰਭ, ਆਤਮ ਚਾੜ੍ਹ ਮਜੀਠੀ ਰੰਗ । ਅੰਮ੍ਰਿਤ ਬਰਖ ਪ੍ਰਭ ਵਿਚ ਦੇਹ ਵਗਾਏ ਗੰਗ । ਕਲਜੁਗ ਪ੍ਰਭ ਜੋਤ ਧਰ, ਜੋਤ ਸਰੂਪੀ ਕੀਆ ਜੰਗ । ਮਹਾਰਾਜ ਸ਼ੇਰ ਸਿੰਘ ਕਲਜੁਗ ਖਪਾਇਆ, ਜੋਤ ਸਰੂਪੀ ਵਸੇ ਵਿਚ ਵਰਭੰਡ । ਕਲਜੁਗ ਮਾਇਆ ਜੀਵ ਜੰਤ ਭੁਲਾਇਆ । ਸਾਚਾ ਸਾਹਿਬ ਜੀਵ ਵਿਚੋਂ ਨਜ਼ਰ ਨਾ ਆਇਆ । ਝੂਠੇ ਧੰਦੇ ਲਾਗ ਮਾਨਸ ਜਨਮ ਗਵਾਇਆ । ਗੁਰਚਰਨ ਪ੍ਰੀਤੀ ਮਿਲੇ ਵਡਭਾਗ, ਕਰ ਦਰਸ ਮਾਨਸ ਜਨਮ ਸੁਫ਼ਲ ਕਰਾਇਆ । ਅਨਹਦ ਸ਼ਬਦ ਉਪਜੇ ਰਾਗ, ਆਤਮ ਸੁਨ ਪ੍ਰਭ ਖੋਲ੍ਹ ਵਖਾਇਆ । ਸੋਇਆ ਹਿਰਦਾ ਜਾਏ ਜਾਗ, ਸਾਚਾ ਸ਼ਬਦ ਪ੍ਰਭ ਸੁਣਾਇਆ । ਆਤਮ ਨਿਰਮਲ ਨਾ ਲਾਗੇ ਦਾਗ਼, ਰਸਨਾ ਹਰਿ ਹਰਿ ਹਰਿ ਗੁਣ ਗਾਇਆ । ਸਾਚੇ ਪ੍ਰਭ ਤੇਰੇ ਹੱਥ ਵਾਗ, ਚੌਥਾ ਜੁਗ ਆਏ ਖਪਾਇਆ । ਰੱਖੇ ਸੇਜ ਉਪਰ ਬਾਸ਼ਕ ਨਾਗ, ਸਿੰਘ ਸਿੰਘਾਸਣ ਡੇਰਾ ਲਾਇਆ । ਜੋ ਜਨ ਜਾਏ ਚਰਨ ਲਾਗ, ਅੰਤਕਾਲ ਕਲ ਆਏ ਤਰਾਇਆ । ਭੋਗ ਲਗਾਏ ਅਲੂਣੇ ਸਾਗ, ਭਗਤ ਜਨਾਂ ਹਰਿ ਰੱਖਦਾ ਆਇਆ । ਸਿੰਘ ਕਰਨੈਲ ਤੇਰੇ ਜਾਗੇ ਭਾਗ, ਪਰਗਟੇ ਜੋਤ ਨਿਰੰਜਣ ਰਾਇਆ । ਬੇਮੁਖ ਭੌਂਦੇ ਜਿਉਂ ਸੁੰਞੇ ਘਰ ਕਾਗ, ਗੁਰਸਿਖ ਪੂਰੇ ਪ੍ਰਭ ਅਬਿਨਾਸ਼ੀ ਘਰ ਮਾਹਿ ਪਾਇਆ । ਜੋਤ ਸਰੂਪੀ ਕਲ ਵਰਤੇ ਸਾਂਗ, ਆਪਣਾ ਆਪ ਕਲ ਛੁਪਾਇਆ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ, ਕਲਜੁਗ ਆਪ ਜੋ ਕਰੇ ਕਰਾਇਆ । ਕਰੇ ਕਰਾਵੇ ਆਪ ਪ੍ਰਭ ਸਮਰਥ । ਮਹਿੰਮਾ ਪ੍ਰਭ ਦੀ ਕੋਈ ਜੀਵ ਨਾ ਜਾਏ ਕਥ । ਸਾਚਾ ਸ਼ਬਦ ਗਿਆਨ ਦੇ ਚਲਿਆ ਪ੍ਰਭ ਸਾਚੀ ਵੱਥ । ਗੁਰਚਰਨ ਸਦ ਰਹੇ ਧਿਆਨ, ਲੇਖ ਲਿਖਾਇਆ ਵਿਚ ਸਚ ਮਥ । ਗੁਰਮੁਖਾਂ ਮਿਲਿਆ ਕਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਨਚਾਏ ਨੱਕ ਪਾ ਨੱਥ । ਰਾਜਨ ਰਾਜ ਸਚ ਪਾਤਸ਼ਾਹੋ । ਕਲਜੁਗ ਪਰਗਟਿਆ ਪ੍ਰਭ ਆਪ ਬੇਪਰਵਾਹੋ । ਧਰੇ ਜੋਤ ਸੁਹਾਏ ਥਾਂਉਂ । ਸੋਹੰ ਸ਼ਬਦ ਚਲਾਈ ਘਰ ਸਾਚੀ ਨਾਓ । ਰਸਨਾ ਜਪ ਗੁਰਮੁਖ ਕਲ ਪਾਰ ਪਰਾਓ । ਮਿਲ ਸਾਧ ਸੰਗਤ ਰਸਨਾ ਹਰਿ ਹਰਿ ਗਾਓ । ਭਗਤ ਵਛਲ ਅਨਾਥ ਅਨਾਥੇ ਆਤਮ ਦਰਸਾਓ । ਸਗਲ ਪ੍ਰਭ ਸਾਥ, ਚਰਨ ਕਵਲ ਵਿਚ ਸਮਾਓ । ਰੱਖੇ ਸਿਰ ਹਾਥ, ਅੰਤਕਾਲ ਜਮ ਪੁਰੀ ਨਾ ਜਾਓ । ਸਤਿਜੁਗ ਚਲੇ ਪ੍ਰਭ ਕੀ ਸਾਚੀ ਗਾਥ, ਸੋਹੰ ਸ਼ਬਦ ਰਸਨਾ ਗਾਓ । ਮਹਾਰਾਜ ਸ਼ੇਰ ਸਿੰਘ ਪਰਗਟੇ ਤ੍ਰੈਲੋਕੀ ਨਾਥ, ਕਰ ਦਰਸ ਮਨ ਚਿੰਦਿਆ ਫਲ ਪਾਓ । ਆਤਮ ਚਿੰਦਿਆ ਪ੍ਰਭ ਕਰੇ ਦੂਰ । ਪਰਗਟ ਜੋਤ ਬੈਠਾ ਹਾਜ਼ਰ ਹਜ਼ੂਰ । ਸਾਚਾ ਪ੍ਰਭ ਸਾਚੇ ਘਰ ਵਸੇ, ਨਾ ਨੇੜੇ ਨਾ ਦੂਰ । ਸਾਚਾ ਨਾਮ ਆਤਮ ਰਸ ਰਸੇ, ਆਤਮ ਸ਼ਬਦ ਹੋਏ ਭਰਪੂਰ । ਮਹਾਰਾਜ ਸ਼ੇਰ ਸਿੰਘ ਸਾਚਾ ਰਾਹ ਦੱਸੇ, ਸੋਹੰ ਸ਼ਬਦ ਜਪ ਰਸਨ ਸਰੂਰ । ਰਸਨਾ ਜਪ ਰਾਮ ਰਮਈਆ । ਕਲਜੁਗ ਪਰਗਟਿਆ ਕ੍ਰਿਸ਼ਨ ਘਨਈਆ । ਰੱਖੇ ਪਤਿ ਲਜ ਜਗ ਦਵਈਆ । ਸੋਹੰ ਸ਼ਬਦ ਕਲਜੁਗ ਸਾਚੀ ਨਈਆ । ਮਹਾਰਾਜ ਸ਼ੇਰ ਸਿੰਘ ਸਦ ਭਗਤਨ ਕੇਰਾ, ਆਪ ਪਿਤ ਮਈਆ । ਮਾਤ ਪਿਤ ਪ੍ਰਭ ਭਗਤਨ ਕੇਰਾ । ਦੇ ਦਰਸ ਮਿਟਾਵੇ ਅਗਿਆਨ ਅੰਧੇਰਾ । ਪਰਗਟ ਜੋਤ

ਕਲ ਪਾਇਆ ਫੇਰਾ । ਜੁਗ ਚੌਥੇ ਕਲ ਢਾਇਆ ਢੇਰਾ । ਉਲਟਾ ਗੇੜ ਜੋਤ ਸਰੂਪ ਜਗਤ ਕਾ ਗੇੜਾ । ਬੇਮੁਖਾਂ ਮੰਞਧਾਰ ਪ੍ਰਭ ਰੋੜ੍ਹਿਆ ਬੇੜਾ । ਸਾਚਾ ਵਰ ਗੁਰਸਿਖ ਵਿਰਲੇ ਕਲਜੁਗ ਸਹੇੜਾ । ਅੰਤਕਾਲ ਮਹਾਰਾਜ ਸ਼ੇਰ ਸਿੰਘ ਦੇ ਦਰਸ ਕਰ ਜਾਏ ਨਬੇੜਾ । ਦਰਸ ਆਸ ਜੋ ਜਨ ਕਰੇ । ਦੇਵੇ ਦਰਸ ਆਪ ਪ੍ਰਭ ਨਰ ਹਰੇ । ਕਰ ਦਰਸ ਵਿਚੋਂ ਹਉਮੇ ਹੰਕਾਰ ਮਰੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਘਨਕਪੁਰੀ ਸਚ ਜੋਤ ਧਰੇ । ਗੁਰ ਕਿਰਪਾ ਤੇ ਅੰਮ੍ਰਿਤ ਪਾਇਆ । ਪੀ ਅੰਮ੍ਰਿਤ ਆਤਮ ਤ੍ਰਿਪਤਾਇਆ । ਹਉਮੇ ਵਿਚੋਂ ਰੋਗ ਗਵਾਇਆ । ਰਤਨ ਅਮੋਲਕ ਵਿਚੋਂ ਦੇਹ ਪਾਇਆ । ਅਗਿਆਨ ਅੰਧੇਰ ਮਿਟਾ ਭਰਮ ਚੁਕਾਇਆ । ਅਚੁੱਤ ਪਾਰਬ੍ਰਹਮ ਪਰਮੇਸ਼ਵਰ ਮਧਿ ਮਾਧੋ ਘਰ ਮਾਹਿ ਪਾਇਆ । ਨਿਰਾਹਾਰ ਨਿਰਵੈਰ ਅਛਲ ਅਡੋਲ ਬੈਠ ਸਿੰਘ ਸਿੰਘਾਸਣ ਆਤਮ ਪਾਇਆ । ਗੁਰਸਿੱਖਾਂ ਉਤਮ ਦਾਤ ਗੁਰ ਪੂਰੇ ਗੁਰਸਿਖਾਂ ਮੁਖ ਚੁਆਇਆ । ਪੀ ਅੰਮ੍ਰਿਤ ਜਾਏ ਨੱਸ, ਗਰਭਵਾਸ ਫੇਰ ਸਿੱਖ ਨਾ ਆਇਆ । ਆਤਮ ਹੋਏ ਪਰਕਾਸ਼, ਸਾਚੀ ਦੀਪਕ ਵਿਚ ਦੇਹ ਜਗਾਇਆ । ਸਾਚਾ ਮਿਲਿਆ ਪ੍ਰਭ ਅਬਿਨਾਸ਼, ਤੀਨ ਲੋਕ ਜਿਸ ਜੋਤ ਜਗਾਇਆ । ਵਸੇ ਵਿਚ ਪਤਾਲ ਆਕਾਸ਼, ਮਾਤਲੋਕ ਪ੍ਰਭ ਜੋਤ ਪਰਗਟਾਇਆ । ਸਾਧ ਸੰਗਤ ਪ੍ਰਭ ਹੋਇਆ ਦਾਸ, ਛੱਡ ਬੈਕੁੰਠ ਵਿਚ ਸਿੱਖ ਸਮਾਇਆ । ਤਿਸ ਸਾਹਿਬ ਕਉ ਬਲ ਬਲ ਜਾਸ, ਜਿਸ ਨੇ ਆਪਣਾ ਬਿਰਦ ਰਖਾਇਆ । ਰਸਨਾ ਜਪ ਜੀਵ ਸਵਾਸ ਸਵਾਸ, ਗਿਆਨ ਧਿਆਨ ਗੁਰਚਰਨ ਲਗਾਇਆ । ਸਚਖੰਡ ਅੰਤ ਹੋਏ ਵਾਸ, ਜੋਤ ਸਰੂਪ ਲਏ ਵਿਚ ਜੋਤ ਮਿਲਾਇਆ । ਈਸ਼ਰ ਜੋਤ ਸਦ ਅਬਿਨਾਸ਼, ਵਿਨਾਸੀ ਦੇਹ ਜਿਸ ਸੰਗ ਪ੍ਰੀਤ ਲਗਾਇਆ । ਸੋਹੰ ਸ਼ਬਦ ਸਾਚੀ ਧਰਵਾਸ, ਜਿਸ ਸੰਗ ਮੇਲ ਕਰਾਇਆ । ਕਾਮ ਕਰੋਧ ਹੋ ਜਾਏ ਨਾਸ, ਗੁਰ ਦਰ ਆਏ ਜਿਸ ਦਰਸ਼ਨ ਪਾਇਆ । ਗੁਰਮੁਖ ਜੋਤ ਜਗਾਏ ਵਿਚ ਆਕਾਸ਼, ਜਿਥੇ ਬੈਠ ਡਗਮਗਾਇਆ । ਸਾਚਾ ਆਪ ਸਾਚੀ ਰਹਿਰਾਸ, ਜੋਤੀ ਜੋਤ ਹੋਏ ਜੋਤ ਰੁਸ਼ਨਾਇਆ । ਜੋਤ ਸਰੂਪ ਨਿਰੰਜਣ ਦੇ ਵਾਸ, ਆਪਣਾ ਆਪ ਪ੍ਰਭ ਆਪ ਉਪਾਇਆ । ਭਗਤ ਜਨ ਸੋਹਣ ਗੁਰਚਰਨ ਪਾਸ, ਅੰਮ੍ਰਿਤ ਭੰਡਾਰਾ ਪ੍ਰਭ ਆਪ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਜਿਥੇ ਤੇਰਾ ਵਾਸ, ਨਾ ਕੋਈ ਆਵੇ ਨਾ ਆਵੇ ਜਾਇਆ । ਲੱਜਿਆ ਰੱਖਣ ਭਗਤ ਜਨ, ਜੁਗੋ ਜੁਗ ਪ੍ਰਭ ਖੇਲ ਰਚਾਇਆ । ਕਲਜੁਗ ਜਾਮਾ ਧਾਰ, ਛੱਡ ਦੇਹ ਨਿਹਕਲੰਕ ਅਖਵਾਇਆ । ਨਿਗਮ ਕਰ ਵਿਚਾਰ, ਵਿਛੜਿਆਂ ਪ੍ਰਭ ਮੇਲ ਕਰਾਇਆ । ਕਲਜੁਗ ਦਿਤਾ ਤਾਰ, ਸੋਹੰ ਸਾਚਾ ਬ੍ਰਹਮ ਗਿਆਨ ਦਵਾਇਆ । ਗੁਰਸਿਖ ਕਦੇ ਨਾ ਆਵੇ ਹਾਰ, ਸਿਰ ਰੱਖੇ ਹੱਥ ਆਪ ਰਘੁਰਾਇਆ । ਜਮ ਪੁਰੀ ਨਾ ਖਾਵੇ ਮਾਰ, ਅੰਤਕਾਲ ਪ੍ਰਭ ਹੋਏ ਸਹਾਇਆ । ਜੋਤ ਸਰੂਪੀ ਦੇ ਦਰਸ ਅਪਾਰ, ਗੁਰਮੁਖ ਸਾਚਾ ਵਿਚ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਭਗਤ ਉਧਾਰ, ਦੇ ਦਰਸ ਗੁਰਸਿਖ ਤਰਾਇਆ । ਸ੍ਰਿਸ਼ਟ ਸਬਾਈ ਪਸਰ ਪਸਾਰਾ । ਜੋਤ ਸਰੂਪੀ ਲਏ ਅਵਤਾਰਾ । ਏਕ ਜੋਤ ਤੀਨ ਲੋਕ ਆਕਾਰਾ । ਮਾਇਆ ਰੂਪੀ ਪਸਰ ਪਸਾਰਾ । ਹਰਿ ਰੰਗ ਮਿਲੇ ਜਨ ਭਗਤ ਪਿਆਰਾ । ਕਲ ਸੂਝੇ ਜਿਸ ਵਡ ਦਰਬਾਰਾ । ਜਿਥੇ ਬੈਠਾ ਪ੍ਰਭ ਨਿਰੰਕਾਰਾ । ਖੰਡ ਬ੍ਰਹਿਮੰਡ ਸਰਬ ਗੁਰਚਰਨ ਦਵਾਰਾ । ਵਿਚ ਵਰਭੰਡ ਪ੍ਰਭ ਦੇਵੇ ਜੋਤ ਆਧਾਰਾ । ਜੀਵ ਆਤਮ ਹੋਏ ਰੰਡ, ਮਿਲੇ ਨਾ ਪੁਰਖ ਅਪਾਰਾ । ਮਹਾਰਾਜ ਸ਼ੇਰ ਸਿੰਘ ਅੰਤਕਾਲ ਕਲ ਦੇਵੇ ਦੰਡ, ਰਸਨਾ ਨਾਮ ਨਾ ਜਿਨ੍ਹਾਂ ਉਚਾਰਾ । ਚਰਨ ਪ੍ਰੀਤੀ ਦਾਨ ਦੇ, ਢਹਿ ਪਇਆ ਦਵਾਰੇ । ਦਰ ਆਪਣੇ ਸਾਚਾ ਮਾਣ ਦੇ, ਹੋਏ ਦਰਸ ਅਪਾਰੇ । ਪ੍ਰਭ ਪੂਰਨ ਬ੍ਰਹਮ ਗਿਆਨ ਦੇ, ਆਤਮ ਦੀਪ ਹੋਏ ਉਜਿਆਰੇ । ਗੁਰਚਰਨ ਪ੍ਰਭ ਸਾਚਾ ਧਿਆਨ ਦੇ, ਸੀਸ

ਝੁਕੇ ਤੇਰੇ ਦਰਬਾਰੇ । ਸੋਹੰ ਸ਼ਬਦ ਧੁਨ ਵਿਚ ਕਾਨ ਦੇ, ਅਨਹਦ ਵੱਜੇ ਵਿਚ ਦੇਹ ਅੰਧਿਆਰੇ । ਸੋਹੰ ਨਾਮ ਸਚ ਪਹਿਨਣ ਖਾਣ ਦੇ, ਏਕ ਟੇਕ ਹੋਏ ਪ੍ਰਭ ਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਰ ਕਿਰਪਾ ਗੁਰਸਿਖ ਤਾਰ ਦੇ । ਗੁਰਪਰਸਾਦਿ ਗੁਰ ਪੂਰਾ ਪਾਇਆ । ਗੁਰਪਰਸਾਦਿ ਗੁਰ ਭੇਟ ਚੜ੍ਹਾਇਆ । ਗੁਰਪਰਸਾਦਿ ਸਾਚੇ ਗੁਰ ਹਿਰਦੇ ਹਰਿ ਵਸਾਇਆ । ਗੁਰਪਰਸਾਦਿ ਲਿਖਿਆ ਧੁਰ, ਕਲ ਆ ਆਪ ਪਰਗਟਾਇਆ । ਗੁਰਪਰਸਾਦਿ ਗੁਰਚਰਨ ਸੰਗ ਜੁੜ, ਆਤਮ ਪੜਦਾ ਲਾਹਿਆ । ਗੁਰਪਰਸਾਦਿ ਗੁਰਮੁਖ ਪੂਰੇ ਆਤਮ ਗੋਝ ਵਿਚ ਦੇਹ ਰਖਾਇਆ । ਗੁਰਪਰਸਾਦਿ ਕਿਰਪਾ ਕਰ ਗੁਰ ਪੂਰੇ ਭਰਮ ਭੁਲੇਖਾ ਲਾਹਿਆ । ਗੁਰਪਰਸਾਦਿ, ਆਦਿ ਜੁਗਾਦਿ ਸਾਚੀ ਦਾਤ ਪ੍ਰਭ ਦੇਂਦਾ ਆਇਆ । ਗੁਰਪਰਸਾਦਿ ਅਗੰਮ ਅਗਾਧ ਕਲਜੁਗ ਜੋਤ ਪਰਗਟਾਇਆ । ਗੁਰਪਰਸਾਦਿ ਹੋਏ ਆਤਮ ਅਨਾਦ, ਮਹਾਰਾਜ ਸ਼ੇਰ ਸਿੰਘ ਸਾਚਾ ਪਰਸਾਦਿ ਗੁਰਸਿਖ ਤੇਰੀ ਭੇਟ ਚੜ੍ਹਾਇਆ । ਸਤਿ ਪਰਸਾਦ ਦੇਵੇ ਵਡਿਆਈ, ਦੇ ਪਰਸਾਦ ਸੁਫਲ ਕੁੱਖ ਕਰਾਈ । ਪਰਗਟ ਜੋਤ ਪ੍ਰਭ ਭਏ ਸਹਾਈ । ਮਹਾਰਾਜ ਸ਼ੇਰ ਸਿੰਘ ਕਲ ਤੇਰੀ ਵਡ ਵਡਿਆਈ । ਵੱਡਾ ਵਡ ਆਪ ਪ੍ਰਭ ਦਾਤਾ । ਵਿਰਲੇ ਗੁਰਮੁਖ ਕਿਸੇ ਪਛਾਤਾ । ਝੂਠੀ ਸ੍ਰਿਸ਼ਟ ਝੂਠੀ ਮਾਇਆ, ਗੁਰਚਰਨ ਪ੍ਰੀਤੀ ਸਾਚਾ ਨਾਤਾ । ਮਹਾਰਾਜ ਸ਼ੇਰ ਸਿੰਘ ਦਰ ਪਰਖੇ ਨਿੱਤ, ਗੁਰਸਿਖ ਪੂਰਾ ਪਕੜ ਪਛਾਤਾ । ਨੀਤ ਅਤੀਤ ਸਰਜੀਤ ਗੁਰਚਰਨ ਪ੍ਰੀਤ । ਸਾਚਾ ਸਾਹਿਬ ਜੀਵ ਆਤਮ ਚੀਤ । ਮਾਤਲੋਕ ਪ੍ਰਭ ਮਿਲਣ ਦੀ ਰੀਤ । ਜਪ ਨਾਮ, ਝੂਠਾ ਜਗ ਜਾਏ ਜੀਤ । ਦੇਵੇ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਹੋਵੇ ਸੀਤ ।

੩੬੫
੦੧

❊ ੧੩ ਵਿਸਾਖ ੨੦੦੮ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਪਿੰਡ ਗਗੋਬੂਆ ❊

ਰਸਨਾ ਜੀਵ ਸੋਹੰ ਗਾਏ । ਕਾਲ ਕੰਟਕ ਨੇੜ ਨਾ ਆਏ । ਅੰਤਕਾਲ ਕਲ ਮਾਇਆ ਨਾ ਸਤਾਏ । ਮਹਾਰਾਜ ਸ਼ੇਰ ਸਿੰਘ ਸਰਬ ਥਾਂਏ ਹੋਏ ਸਹਾਏ । ਹੋਏ ਸਹਾਏ ਪ੍ਰਭ ਆਪ । ਸਾਚਾ ਜਪੇ ਜੋ ਜਨ ਜਾਪ । ਪਰਗਟ ਭਏ ਆਪ ਵਿਚ ਮਾਤ । ਸਾਚੀ ਦੇਵੇ ਭਗਤਨ ਦਾਤ । ਮਹਾਰਾਜ ਸ਼ੇਰ ਸਿੰਘ ਉਤਮ ਕਰੇ ਗੁਰਸਿਖਣ ਜ਼ਾਤ । ਜ਼ਾਤ ਪਾਤ ਗੁਰਸਿਖ ਨਿਆਰਾ । ਹਿਰਦੇ ਵਸੇ ਆਪ ਨਿਰੰਕਾਰਾ । ਅੰਮ੍ਰਿਤ ਬਰਖੇ ਵਿਚ ਆਤਮ ਧਾਰਾ । ਮੈਲ ਨਾ ਲਾਗੇ ਨਿਰਮਲ ਦੇਹ ਅਪਾਰਾ । ਇਕ ਰੰਗ ਰਵੇ ਜਗਤ ਸੰਸਾਰਾ । ਮਹਾਰਾਜ ਸ਼ੇਰ ਸਿੰਘ ਦੇਵੇ ਜੋਤ ਅਧਾਰਾ । ਇਕ ਕਰਾਏ ਭਰਮ ਗਵਾਏ । ਚਰਨ ਲਗਾਏ ਹੋਏ ਕਿਰਪਾਲ, ਚੁਰਾਸੀ ਗੇੜ ਕਟਾਏ । ਸਚ ਸੁੱਚ ਵਿਚ ਦੇਹ ਵਰਤਾਏ । ਨਿਜਾਨੰਦ ਰਿਹਾ ਸਮਾਏ । ਕਲਜੁਗ ਪਰਗਟ ਦੀਨ ਦਿਆਲ, ਸੋਹੰ ਸਾਚਾ ਨਾਮ ਜਪਾਏ । ਪਰਗਟ ਹੋ ਕੇ ਦਰਸ ਦਿਖਾਏ, ਆਪਣਾ ਭੇਵ ਆਪ ਖੁਲ੍ਹਾਏ । ਸਾਚਾ ਸਤਿਗੁਰ ਭਗਤ ਵਸਾਲ, ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤਜਾਏ । ਬੈਕੁੰਠ ਸਿੰਘਾਸਣ ਛੱਡ ਪ੍ਰਭ ਆਏ । ਭਗਤ ਜਨਾਂ ਵਿਚ ਪ੍ਰਭ ਜੋਤ ਪਰਗਟਾਏ । ਭਗਤ ਵਛਲ ਆਪ ਕਿਰਪਾਲਾ, ਨਾਮ ਨਿਧਾਨ ਝੋਲੀ ਪਾਏ । ਜਗਤ ਭੁਲੇਖੇ ਸਾਰੇ ਲਾਹੇ, ਜਿਉਂ ਬਾਵਨ ਬਲ ਆਣ ਤਰਾਏ । ਕਲਜੁਗ ਤੋੜੇ ਆਣ ਜ਼ੰਜਾਲ, ਜਨਮ ਕਰਮ ਪ੍ਰਭ ਸੁਫਲ ਕਰਾਏ । ਸਾਚਾ ਵਰਨ ਗੁਰਸਿਖ ਲਿਖਾਏ, ਆਦਿ ਅੰਤ ਪ੍ਰਭ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਸਦ ਹੈ ਨਾਲੇ । ਸਾਚਾ

ਸਤਿਗੁਰ ਸਰਬ ਸੁਖਦਾਈ । ਪਰਗਟ ਹੋਵੇ ਪੈਜ ਰਖਾਈ । ਦੇ ਦਰਸ ਆਤਮ ਤ੍ਰਿਖਾ ਬੁਝਾਈ । ਟੁੱਟੀ ਗੰਢਣਹਾਰ ਟੁੱਟੀ ਗੰਢ ਵਖਾਈ । ਜਗਨ ਨਾਥ ਗੋਪਾਲ ਕਲ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਦੇਵੇ ਧਨ ਮਾਲ, ਸੋਹੰ ਸ਼ਬਦ ਜੀਵ ਰਸਨਾ ਗਾਈ । ਸੋਹੰ ਜਪਾਣਾ ਸਾਚਾ ਨਾਉਂ । ਸਾਚੀ ਦਰਗਹਿ ਪਾਵੇ ਥਾਉਂ । ਏਕ ਸਮਾਨ ਰੰਕ ਰਾਉ । ਜਿਥੇ ਵਸੇ ਪ੍ਰਭ ਬੇਪਰਵਾਹੁ । ਅਲਖ ਅਭੇਵ ਭੇਵ ਲਖਾ ਨਾ ਜਾਉ । ਕਰ ਕਿਰਪਾ ਗੁਰਸਿਖਾਂ ਪ੍ਰਭ ਦੇ ਜਣਾਉ । ਮਹਾਰਾਜ ਸ਼ੇਰ ਸਿੰਘ ਸੋਹੰ ਸਾਚਾ ਦੇ ਕਲਜੁਗ ਨਾਉਂ । ਏਕ ਨਾਮ ਕਲਜੁਗ ਨਿਰੰਜਣ । ਜਪ ਮਿਲੇ ਭੈ ਭੰਜਨ । ਕਰ ਧੂੜ ਸਾਚਾ ਜਗ ਮਜਨ । ਮਹਾਰਾਜ ਸ਼ੇਰ ਸਿੰਘ ਨਿਮਾਣਿਆਂ ਤੋੜ ਜਾਏ ਬੰਧਨ । ਗੁਰਸਿਖਾਂ ਪ੍ਰਭ ਤੋੜੇ ਬੰਧ । ਹੰਕਾਰੀਆਂ ਨਿੰਦਕਾਂ ਗਲ ਫਾਹੀ ਫੰਦ । ਮਦਿ ਮਾਸ ਵਿਸ਼ਟਾ ਮੂੰਹ ਗੰਦ । ਗੁਰਸਿਖ ਨਾਮ ਜਪ, ਮਨ ਭਏ ਅਨੰਦ । ਆਤਮ ਜਾਨ ਮਿਲੇ ਪ੍ਰਭ ਪਰਮਾਨੰਦ । ਕਲਜੁਗ ਮਿਲਿਆ ਪ੍ਰਭ ਸਾਚਾ ਬਖ਼ਸ਼ੰਦ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਖੋਲ੍ਹੇ ਆਤਮ ਜੰਦ । ਆਤਮ ਦੇਵੇ ਪ੍ਰਭ ਉਜਿਆਰਾ । ਜੋਤ ਜਗਾਵੇ ਅਪਰ ਅਪਾਰਾ । ਭਗਤ ਵਛਲ ਪ੍ਰਭ ਗਿਰਧਾਰਾ । ਨਿਰਧਨ ਆਏ ਲਏ ਪ੍ਰਭ ਸਾਰਾ । ਨਰਕ ਨਿਵਾਰੀ ਨਿੰਦਕ ਦੁਸ਼ਟ ਦੁਰਾਚਾਰਾ । ਪੁੰਨ ਪਾਪ ਪ੍ਰਭ ਕਰਮ ਵਿਚਾਰਾ । ਗੁਰਮੁਖ ਸਜਾਏ ਸਚ ਦਰਬਾਰਾ । ਜਿਥੇ ਵਸੇ ਆਪ ਪ੍ਰਭ ਨਿਰੰਕਾਰਾ । ਬੈਠ ਅਡੋਲ ਜੋਤ ਜਗਾਵੇ ਵਿਚ ਸੰਸਾਰਾ । ਜੋਤ ਅਮੋਲ ਤ੍ਰੈਭਵਣ ਹੋਏ ਆਕਾਰਾ । ਆਤਮ ਨੇਤਰ ਖੋਲ੍ਹ ਭਗਤ ਜਨਾਂ ਦੇ ਦਰਸ ਅਪਾਰਾ । ਬੇਮੁਖ ਦੇਵੇ ਕੌੜੇ ਬੋਲ, ਦਰ ਆਏ ਜਾਏ ਝੱਖ ਮਾਰਾ । ਅੰਤਕਾਲ ਕਲ ਮਾਰੇ ਰੋਲ, ਕਲਜੁਗ ਮਿਲੇ ਨਾ ਕੋਇ ਸਹਾਰਾ । ਭਗਤ ਜਨਾਂ ਸਦ ਹੈ ਕੋਲ, ਰੱਖੇ ਲਾਜ ਆਪ ਮੁਰਾਰਾ । ਗੁਰਸਿਖ ਆਤਮ ਸਦਾ ਨਿਰੋਲ, ਸੋਹੰ ਸ਼ਬਦ ਪਾਰ ਉਤਾਰਾ । ਮਹਾਰਾਜ ਸ਼ੇਰ ਸਿੰਘ ਜੀਵ ਵਸੇ ਕੋਲ, ਦੇਹ ਦੀਪਕ ਜਿਸ ਕੀਆ ਉਜਿਆਰਾ । ਕਲਜੁਗ ਜੀਵ ਕਰੇ ਵਡਿਆਈ । ਹਉਂ ਹਉਂ ਮੈਂ ਮੈਂ ਵਿਚ ਵਸਾਈ । ਪ੍ਰਭ ਪੂਰੇ ਕੀ ਸਾਰ ਨਾ ਪਾਈ । ਜਿਸ ਨੇ ਸਾਚੀ ਬਣਤ ਬਣਾਈ । ਗਰਭ ਵਾਸ ਹੋਏ ਸਹਾਈ । ਜਗਤ ਮਾਇਆ ਬੁਧ ਮਲੀਨ ਕਰਾਈ । ਭਾਂਤ ਭਾਂਤ ਬਿਖ ਰਸਨਾ ਰਸ ਖਾਈ । ਆਤਮ ਰਸ ਵਿਰਲਾ ਗੁਰਮੁਖ ਨਿਜ ਮਾਹਿ ਪਾਈ । ਕੂੜ ਕੁੜਾਵੇ ਭੁੱਲੀ ਲੋਕਾਈ । ਗੁਰਸਿਖ ਪ੍ਰਭ ਕਾ ਨਾਉਂ ਦਿਵਸ ਰੈਣ ਰਸਨਾ ਗਾਈ । ਅੰਤਕਾਲ ਕਲ ਆ ਗਿਆ, ਪਰਗਟ ਜੋਤ ਬੈਠਾ ਰਘੁਰਾਈ । ਸੋਈ ਥਾਨ ਸੁਹਾ ਗਿਆ, ਜਿਥੇ ਪ੍ਰਭ ਬੈਠੇ ਆਸਣ ਲਾਈ । ਸਾਚਾ ਵਣਜ ਕਰਾ ਗਿਆ, ਸਚ ਸ਼ਬਦ ਸੋਹੰ ਨਾਮ ਦਿਵਾਈ । ਨੀਚੋ ਊਚ ਕਰਾ ਗਿਆ, ਗੁਰਚਰਨ ਨਾਲ ਬਣਤ ਬਣਾਈ । ਜੁਗ ਚਾਰ ਨਾਮ ਰਖਾ ਗਿਆ, ਸਾਚੀ ਲਿਖਤ ਪ੍ਰਭ ਆਪ ਕਰਾਈ । ਚਾਰ ਕੁੰਟ ਜੈ ਜੈ ਜੈਕਾਰ ਕਰਾ ਗਿਆ, ਨਿਹਕਲੰਕ ਜਿਸ ਤੇਰੀ ਸੇਵ ਕਮਾਈ । ਪ੍ਰਭ ਪਰਗਟ ਉਤਮ ਫਲ ਲਗਾ ਗਿਆ, ਕਲਜੁਗ ਉਤਮ ਗੁਰਸਿਖ ਪ੍ਰਭ ਗੁਸਾਂਈ । ਪ੍ਰਭ ਸਾਚਾ ਸ਼ਬਦ ਸੁਣਾ ਗਿਆ, ਸ਼ਬਦ ਗਿਆਨ ਦੇ ਹਉਮੇ ਚੁਕਾਈ । ਪ੍ਰਭ ਭੁੱਲਿਆਂ ਰਾਹੇ ਪਾ ਗਿਆ, ਸਰਨ ਪੜੇ ਦੀ ਲਾਜ ਰਖਾਈ । ਕਲਜੁਗ ਅੰਤ ਪ੍ਰਭ ਬੁਲਾਵਾ ਬੁਲਾ ਗਿਆ, ਗੁਰਸਿਖ ਭੁੱਲ ਨਾ ਰਾਈ । ਹੁਣ ਵਕਤ ਸੁਹਾਵਾ ਆ ਗਿਆ, ਗੁਰਸਿਖਾਂ ਜੋ ਮਨ ਆਸ ਰਖਾਈ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਭੇਸ ਵਟਾ ਲਿਆ, ਨਿਹਕਲੰਕ ਨਾਉਂ ਰਖਾਈ । ਕਲੰਕ ਨਿਹ ਜਗਤ ਵਿਚ ਆਏ । ਕਰਨ ਕਰਾਵਣਹਾਰ ਕਲੂ ਅੰਤ ਕਰਾਏ । ਪਰਗਟ ਜੋਤ ਪ੍ਰਭ ਤਪ ਤੇਜ ਦੋਨੋਂ ਮਿਟਾਏ । ਸਤਿਗੁਰ ਸਾਚਾ ਸਤਿਜੁਗ ਸਾਚਾ ਜਗਤ ਰਚਾਏ । ਸੋਹੰ ਸ਼ਬਦ ਚਾਰ ਵਰਨ ਚਲਾਏ । ਪ੍ਰਭ ਬਿਨ ਦੂਸਰ ਕੋਈ

ਦੀਸੇ ਨਾਹੇ । ਸਰਬ ਪੂਜਾ ਪ੍ਰਭ ਦੇ ਹਟਾਏ । ਸਾਚਾ ਦਰ ਸੂਝਾ ਜਿਨ੍ਹਾਂ ਪ੍ਰਭ ਦਰਸ ਦਿਖਾਏ । ਗੁਰਸਿਖ ਗੁਰਚਰਨ ਸੰਗ ਲੂਝਾ, ਮਿਲ ਸਾਧ ਸੰਗਤ ਪਰਮਗਤ ਪਾਏ । ਮਹਾਰਾਜ ਸ਼ੇਰ ਸਿੰਘ ਕਲ ਹੋਏ ਸਹਾਈ, ਪਰਗਟ ਹੋ ਕੇ ਦਰਸ ਦਿਖਾਏ । ਪਰਗਟ ਪਰਗਟ ਭਰਮ ਨਿਵਾਰੇ । ਕਲੰਕਨਿਹ ਨਰ ਅਵਤਾਰੇ । ਜ਼ਾਤ ਜੋਤ ਜੋਤ ਜ਼ਾਤ ਇਕ ਗਿਰਧਾਰੇ । ਆਪ ਆਪ ਆਪਣਾ ਆਪ ਉਚਾਰੇ । ਜਾਪ ਜਾਪ ਸੋਹੰ ਸਾਚਾ ਜਾਪ ਪ੍ਰਭ ਰਸਨ ਉਚਾਰੇ । ਤਾਪ ਤਾਪ ਪ੍ਰਭ ਤੀਨ ਤਾਪ ਵਿਚੋਂ ਹਉਮੈ ਮਾਰੇ । ਮਹਾਰਾਜ ਸ਼ੇਰ ਸਿੰਘ ਦਰਸ ਪਰਸ, ਕਰ ਕਿਰਪਾ ਪ੍ਰਭ ਪਾਰ ਉਤਾਰੇ । ਦਾਸਨ ਦਾਸ ਦੇਵੇ ਭਰਵਾਸਾ । ਸਾਚਾ ਸਾਹਿਬ ਨਾ ਜਾਨਣਾ ਹਾਸਾ । ਤੀਨ ਲੋਕ ਸਚੇ ਪ੍ਰਭ ਕਾ ਵਾਸਾ । ਧਰੇ ਜੋਤ ਮਾਤ ਪਾਤਾਲ ਆਕਾਸ਼ਾ । ਭੁੱਲੇ ਜੀਵ ਜੋਤ ਸਹਾਈ ਵਿਚ ਗਰਭਵਾਸਾ । ਮਨ ਚਿੱਤ ਨਾ ਆਈ, ਜਿਸ ਨੇ ਦੀਆ ਪਵਣ ਸਵਾਸਾ । ਮੂਰਖ ਜੀਵ ਰਸਨ ਲੁਝਾਈ, ਆਹਾਰ ਕੀਆ ਮਦਿ ਮਾਸਾ । ਕਲਜੁਗ ਆਪਣੀ ਪਤਿ ਗਵਾਈ, ਅੰਤਕਾਲ ਹੋਏ ਨਰਕ ਨਿਵਾਸਾ । ਗੁਰਸਿਖ ਪੂਰੇ ਮਿਲੀ ਵਡਿਆਈ, ਪ੍ਰਭ ਦਰਸ ਜਿਸ ਮਨ ਪਿਆਸਾ । ਸਤਿਗੁਰ ਸਾਚਾ ਹੋਵੇ ਸਹਾਈ, ਦੁੱਖ ਦਲਿਦਰ ਸਾਰਾ ਨਾਸਾ । ਮਿਲਿਆ ਪਰਗਟ ਸਚਾ ਸੁਖਦਾਈ, ਸਾਚਾ ਪ੍ਰਭ ਸਦਾ ਅਬਿਨਾਸ਼ਾ । ਸਾਧ ਸੰਗਤ ਮਨ ਭਈ ਵਧਾਈ, ਪਰਗਟੇ ਜੋਤ ਪ੍ਰਭ ਛੱਡ ਆਕਾਸ਼ਾ । ਤਾਰੇ ਪ੍ਰਭ ਬਾਲ ਬਿਰਧ ਜਵਾਨ, ਜੋ ਜਨ ਕਰੇ ਚਰਨ ਨਿਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਚਰਨ ਪ੍ਰੀਤੀ ਹੋਏ ਰਾਸਾ । ਸੇਵਕ ਸੇਵਾ ਪਾਏ ਘਾਲ । ਪਰਗਟ ਜੋਤ ਭੋਗ ਲਗਾਵੇ ਥਾਲ । ਨਾ ਪ੍ਰਭ ਬਿਰਧ ਨਾ ਪ੍ਰਭ ਬਾਲ । ਜੋਤ ਸਰੂਪੀ ਭਗਤ ਵਸਾਲ । ਸਾਚਾ ਨਾਮ ਦੇ ਜਾਏ ਧਨ ਮਾਲ । ਗੁਰਸਿਖ ਖਾਏ ਖਰਚ ਨਾ ਹੋਏ ਕੰਗਾਲ । ਸੋਹੰ ਸ਼ਬਦ ਮਿਲੇ ਕਲ ਅਨਮੁਲੜਾ ਲਾਲ । ਕਲ ਕੋਇ ਨਾ ਮਿਲੇ ਪਾਰਖੂ, ਜਗ ਵੇਖੋ ਭਾਲ । ਮਹਾਰਾਜ ਸ਼ੇਰ ਸਿੰਘ ਦੇ ਦਰਸ ਅੰਤਕਾਲ ਤੋੜ ਜਾਏ ਜੰਜਾਲ । ਕਰ ਕਿਰਪਾ ਪ੍ਰਭ ਦਰਸਨ ਦੇਵੇ । ਜੋ ਜਨ ਹਿਰਦੇ ਪ੍ਰਭ ਕੋ ਵਸੇਵੇ । ਪਰਗਟ ਹੋਏ ਪ੍ਰਭ ਸਰਬ ਸਾਰ ਲੇਵੇ । ਮਹਾਰਾਜ ਸ਼ੇਰ ਸਿੰਘ ਗੁਰਮੁਖ ਵਿਰਲੇ ਕਰ ਅੰਮ੍ਰਿਤ ਮੇਵੇ । ਗੁਰਮੁਖ ਸਾਚਾ ਸੋ ਜਨ । ਅਨਹਦ ਸ਼ਬਦ ਵਜਾਵੇ ਸੁਣਾਵੇ ਜਿਸ ਕੰਨ । ਦਰਸ ਦਿਖਾਵੇ ਚਰਨ ਲਗਾਵੇ, ਸਾਚਾ ਪ੍ਰਭ ਜੀਵ ਤਾਂਹੇ ਮੰਨ । ਜੋਤ ਪਰਗਟਾਵੇ, ਰਾਜਨ ਬੰਨ੍ਹ ਲਿਆਵੇ, ਸ਼ਬਦ ਸੁਰਤ ਮਿਟਾਵੇ ਜਨ । ਭਰਮ ਚੁਕਾਵੇ ਪਰਗਟ ਹੋਏ ਮਾਣ ਗਵਾਵੇ, ਗੁਰਸਿਖ ਬੋਲੇ ਧੰਨ ਧੰਨ । ਮਹਾਰਾਜ ਸ਼ੇਰ ਸਿੰਘ ਜੋ ਤੁਧ ਭਾਵੇ ਸੋਈ ਕਰਾ ਵੇ, ਦੇਵੇ ਸਾਚਾ ਨਾਮ ਨਾ ਲਾਗੇ ਸੰਨ੍ਹ । ਸਾਚਾ ਨਾਮ ਗੁਰਮੁਖਾਂ ਪਾਣਾ । ਨਿਹਕਲੰਕ ਕਲ ਪਹਰਿਆ ਬਾਣਾ । ਜੋਤ ਸਰੂਪ ਨਾ ਭੁੱਲੇ ਅੰਞਾਣਾ । ਗੁਰਮੁਖ ਵਿਰਲੇ ਪ੍ਰਭ ਤੇਰਾ ਰੰਗ ਮਾਣਾ । ਦਰਸ਼ਨ ਦੇ ਕਲ ਕਰੇ ਸੁਘੜ ਸਿਆਣਾ । ਅਲਖ ਅਭੇਵ ਚਰਨ ਲਗਾਏ ਰਾਜਾ ਰਾਣਾ । ਸਾਚੀ ਜੋਤ ਝੂਠੀ ਦੇਹ, ਝੂਠੇ ਧੰਦੇ ਜੀਵ ਭਰਮ ਭੁਲਾਣਾ । ਪ੍ਰਭ ਸਾਚੇ ਸੰਗ ਸਾਚਾ ਨੇਂਹ, ਅੰਤਕਾਲ ਜਮ ਡੰਡ ਨਾ ਖਾਣਾ । ਅੰਮ੍ਰਿਤ ਆਤਮ ਵਰਖੇ ਮੇਂਹ, ਜੋਤ ਸਰੂਪੀ ਜੋਤ ਜਗਾਣਾ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਅੰਤਕਾਲ ਵਰਤਾਏ ਆਪਣਾ ਭਾਣਾ । ਭਾਣਾ ਪ੍ਰਭ ਆਪਣਾ ਵਰਤਾਵੇ । ਸ੍ਰਿਸ਼ਟ ਸਬਾਈ ਟੁੰਬ ਉਠਾਵੇ । ਵੈਰੀ ਮੀਤ ਕੋਈ ਦਿਸ ਨਾ ਆਵੇ । ਜੀਵ ਜੀਵ ਜੀਵ ਆਤਮ ਘਾਵੇ । ਕੋਈ ਨਾ ਰਾਖੇ ਸਰਬ ਕੁਰਲਾਵੇ । ਬੇਮੁਖ ਡੁੱਬੇ ਕਰ ਕਰ ਹਾਵੇ । ਐਸੀ ਅਗਨ ਜੋਤ ਸਰੂਪੀ ਲਾਵੇ । ਵਣ ਤ੍ਰਿਣ ਕੋਈ ਰਹਿਣ ਨਾ ਪਾਵੇ । ਆਕਾਸ਼ ਪਤਾਲ ਮਾਤ ਇਕ ਹੋ ਜਾਵੇ । ਬੈਠ ਅਡੋਲ ਤੀਨ ਲੋਕ ਡੁਲਾਵੇ । ਬੇਮੁਖ ਕੋਈ ਕਲ ਰਹਿਣ ਨਾ ਪਾਵੇ । ਜੋਤ ਸਰੂਪੀ ਪ੍ਰਭ ਸਭ ਖੇਲ ਰਚਾਵੇ ।

ਅਗਨ ਪੌਣ ਪਾਣੀ ਸਰਬ ਇਕ ਹੋ ਜਾਵੇ । ਭਗਤ ਜਨਾਂ ਸਿਰ ਹੱਥ ਟਿਕਾਵੇ । ਅੰਧ ਅੰਧਿਆਰ ਪ੍ਰਭ ਆਣ ਤਰਾਵੇ । ਵਿਚ ਸੰਸਾਰ ਜਨ ਭਗਤ ਉਪਜਾਵੇ । ਰਾਗ ਰਸਾਰ ਆਤਮ ਵਸਾਵੇ । ਸਾਚਾ ਦਰਬਾਰ ਗੁਰਸਿਖ ਦਿਸ ਆਵੇ । ਕਰ ਆਕਾਰ ਜਿਥੇ ਪ੍ਰਭ ਜੋਤ ਪਰਗਟਾਵੇ । ਬੈਠ ਨਿਰਾਹਾਰ ਸਚ ਤਖ਼ਤ ਸੁਹਾਵੇ । ਜੈ ਜੈ ਜੈਕਾਰ ਆਪਣੇ ਨਾਮ ਕਰਾਵੇ । ਹਾਹਾਕਾਰ ਕਲ ਦੁਸ਼ਟ ਜੀਵ ਕੁਰਲਾਵੇ । ਦੇ ਨਾਮ ਆਧਾਰ, ਭਗਤ ਜਨਾਂ ਪ੍ਰਭ ਪਾਰ ਕਰਾਵੇ । ਮਿਲੇ ਮੁਰਾਰ ਅੰਤਕਾਲ ਦਰ ਦਰਸ ਦਿਖਾਵੇ । ਪਾਵੇ ਸਾਰ ਗੁਰਮੁਖ ਪੂਰਾ, ਵਿਚ ਜੋਤ ਮਿਲ ਜਾਵੇ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਕਾਰ, ਨਿਹਕਲੰਕ ਕਲ ਨਾਉਂ ਰਖਾਵੇ । ਨਿਹਕਲੰਕ ਪਰਗਟ ਆਏ ਕਲਜੁਗ । ਕਲਜੁਗ ਖਪਾਏ ਲਾਏ ਸਾਚਾ ਸਤਿਜੁਗ । ਸੋ ਤਰ ਜਾਏ, ਜੋ ਚਰਨ ਆਏ ਭੱਜ ਭੱਜ । ਬੇਮੁਖ ਮਰ ਜਾਏ, ਸੋਹੰ ਬਾਣ ਸੀਨੇ ਵੱਜ ਵੱਜ । ਗੁਰਸਿਖ ਰਸਨਾ ਗਾਏ, ਸੋਹੰ ਸ਼ਬਦ ਸਦਾ ਗੱਜ ਗੱਜ । ਮਹਾਰਾਜ ਸ਼ੇਰ ਸਿੰਘ ਹੋਏ ਸਹਾਏ, ਗੁਰਸਿਖ ਤਰਾਏ ਕਲਜੁਗ ਲੱਭ ਲੱਭ । ਨਿਭੇ ਪ੍ਰੀਤੀ ਗੁਰਸਿਖ ਚਰਨਾਂ । ਗੁਰਚਰਨ ਲਾਗ ਫਿਰ ਹੋਏ ਨਾ ਮਰਨਾ । ਕਰ ਸੇਵਾ ਪ੍ਰਭ ਪਾਰਬ੍ਰਹਮ, ਹੋਏ ਭਵਜਲ ਤਰਨਾ । ਕਲਜੁਗ ਵਕ਼ਤ ਸੁਹਾ ਗਿਆ, ਜੋ ਜਨ ਆਏ ਪ੍ਰਭ ਕੀ ਸਰਨਾ । ਜਨ ਭਗਤਾਂ ਲੇਖ ਲਿਖਾ ਗਿਆ, ਦੁੱਖ ਅੰਤਕਾਲ ਨਾ ਭਰਨਾ । ਹੋਏ ਰੱਖਕ ਲਾਜ ਰਖਾ ਗਿਆ, ਮਹਾਰਾਜ ਸ਼ੇਰ ਸਿੰਘ ਵਿਚ ਚਹੁੰ ਵਰਨਾਂ । ਚਾਰ ਵਰਨ ਪ੍ਰਭ ਜੋਤ ਜਗਾਵੇ । ਕਲਜੁਗ ਕਿਰਿਆ ਸਰਬ ਮਿਟਾਵੇ । ਸ਼ਬਦ ਸੋਹੰ ਦੀ ਸੋਝੀ ਪਾਵੇ । ਸਾਚਾ ਦਰਬਾਰ ਇਕ ਨਿਹਕਲੰਕ ਦਿਸ ਆਵੇ । ਦੂਸਰ ਕੋਈ ਰਹਿਣ ਨਾ ਪਾਵੇ । ਪਰਗਟ ਆਪ ਪ੍ਰਭ ਸਾਚਾ ਧਰਮ ਚਲਾਵੇ । ਊਚ ਨੀਚ ਭਰਮ ਭੂਤ ਸਰਬ ਜੀਵ ਮਿਟਾਵੇ । ਜ਼ਾਤ ਪਾਤ ਕੋਈ ਸਤਿਜੁਗ ਰਹਿਣ ਨਾ ਪਾਵੇ । ਸਚ ਸੁੱਚ ਸਰਬ ਜੀਵ ਵਿਚ ਆਤਮ ਵਰਸਾਵੇ । ਜੂਠ ਝੂਠ ਮਦਿ ਮਾਸ ਸਭ ਦੇਹ ਮਿਟਾਵੇ । ਨਾਮ ਨਿਧਾਨ ਬ੍ਰਹਮ ਗਿਆਨ ਦੇ, ਸਤਿਜੁਗ ਸਾਚੇ ਜੀਵ ਉਪਜਾਵੇ । ਪ੍ਰਭ ਪੂਰਨ ਚਰਨ ਧਿਆਨ ਦੇ, ਜੋਤ ਸਰੂਪੀ ਦਰਸ ਦਿਖਾਵੇ । ਨਿਮਾਣਿਆਂ ਪ੍ਰਭ ਮਾਣ ਦੇ, ਲਾਏ ਸਰਨ ਸਿਰ ਹੱਥ ਟਿਕਾਵੇ । ਸਾਚਾ ਸ਼ਬਦ ਨਿਰਬਾਣ ਦੇ, ਨਾਮ ਬਾਣ ਵਿਚ ਸੀਨੇ ਲਾਵੇ । ਮਹਾਰਾਜ ਸ਼ੇਰ ਸਿੰਘ ਦਰਸ ਵਿਸ਼ਨੂੰ ਭਗਵਾਨ ਦੇ, ਵਿਚੋਂ ਸਾਰਾ ਭੇਤ ਚੁਕਾਵੇ । ਕਲਜੁਗ ਚਲੇ ਤੱਤੀ ਵਾਏ । ਜੋਤ ਸਰੂਪ ਹੋ ਵਿਚ ਸਮਾਏ । ਪਾਪੀ ਜੀਵ ਸਭ ਦਏ ਜਲਾਏ । ਤ੍ਰੈ ਲੋਅ ਦਿਸ ਨਾ ਆਏ । ਅਗਿਆਨ ਅੰਧੇਰ ਸੋਝੀ ਹੋ ਜਾਏ । ਪ੍ਰਭ ਅਬਿਨਾਸ਼ੀ ਕਲ ਤੇਜ ਵਖਾਏ । ਜੋਤ ਨਿਰੰਜਣ ਨਿਹਕਲੰਕ ਹੋ ਆਏ । ਦੁੱਖੀ ਹੋਏ ਅੰਤ ਕਲ ਦਰ ਮੰਗਣ, ਬੇਮੁਖ ਪ੍ਰਭ ਦਿਸ ਨਾ ਆਏ । ਗੁਰਮੁਖ ਨਾਮ ਚਾੜ੍ਹੇ ਮਨ ਰੰਗਣ, ਆਦਿ ਜੁਗਾਦੀ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਤੋੜੇ ਬੰਧਨ, ਜੋ ਜਨ ਚਲੇ ਤੇਰੇ ਭਾਏ । ਸਰਬ ਸ੍ਰਿਸ਼ਟ ਪ੍ਰਭ ਆਪ ਉਪਾਏ । ਜੀਵ ਜੰਤ ਬਣਤ ਬਣਾਏ । ਸਾਚੀ ਜੋਤ ਵਿਚ ਦੇਹ ਟਿਕਾਵੇ । ਮਨੁਖ ਜਨਮ ਉਤਮ ਚੁਰਾਸੀ ਵਿਚ ਲਿਖਾਵੇ । ਕਲ ਦੇਹ ਰਸਨਾ ਨਾਮ ਲੇ, ਪ੍ਰਭ ਸੰਗ ਮੇਲ ਕਰਾਵੇ । ਜੋ ਝੂਠੇ ਤੋੜੇ ਨੇਂਹ, ਸਾਚੀ ਜੋਤ ਵਿਚ ਜੋਤ ਮਿਲਾਵੇ । ਮਹਾਰਾਜ ਸ਼ੇਰ ਸਿੰਘ ਕਰ ਦਰਸ, ਅੰਤਕਾਲ ਪੁਰੀ ਸਚ ਜਾਵੇ । ਪੁਰੀ ਸਚ ਸਾਚਾ ਸਚਖੰਡ । ਜੋਤ ਜਗਾਏ ਜਿਥੇ ਮਾਲਕ ਵਰਭੰਡ । ਪਾਰ ਕਰਾਵੇ ਦੇਹ ਉਲਟਾਵੇ ਸਭ ਖੰਡ ਬ੍ਰਹਿਮੰਡ । ਪਰਗਟ ਜੋਤ ਸਾਚਾ ਨਾਮ, ਗੁਰਸਿਖਾਂ ਜਾਵੇ ਵੰਡ । ਮਹਾਰਾਜ ਸ਼ੇਰ ਸਿੰਘ ਰਸਨਾ ਗਾ ਕੇ, ਗੁਰਸਿਖ ਨਾ ਖਾਵੇ ਜਮ ਡੰਡ । ਸਾਚਾ ਰਾਗ ਸਾਚੇ ਪ੍ਰਭ ਦੱਸਿਆ । ਜੋਤ ਸਰੂਪੀ ਵਿਚ ਹਿਰਦੇ ਵਸਿਆ । ਭਗਤ ਜਨਾਂ ਪਿਆਵੇ ਪ੍ਰਭ ਆਤਮ ਰਸਿਆ । ਬੇਮੁਖ ਦੁਸ਼ਟ ਦੁਰਾਚਾਰ ਸਾਚੇ ਦਰ

ਤੇ ਨੱਸਿਆ । ਕਲਜੁਗ ਹੋਇਆ ਅੰਧ ਅੰਧਿਆਰ, ਵਿਰਲਾ ਗੁਰਮੁਖ ਚੰਦ ਜਿਉਂ ਮੱਸਿਆ । ਮਹਾਰਾਜ ਸ਼ੇਰ ਸਿੰਘ ਜਗਤ ਭਤਾਰ, ਦੇਵੇ ਜੋਤ ਵਿਚ ਰਵ ਸੱਸਿਆ । ਜੋਤ ਸਰੂਪ ਸਰਬ ਪਰਕਾਸ਼ੇ । ਅਛਲ ਅਡੋਲ ਪ੍ਰਭ ਅਬਿਨਾਸ਼ੇ । ਰਸਨਾ ਗਾਓ ਗੁਰਚਰਨ ਪ੍ਰਭ ਹੋਏ ਦਾਸੇ । ਮਾਨਸ ਜਨਮ ਜੀਵ ਆਏ ਰਾਸੇ । ਕਾਇਆ ਦੁੱਖ ਆਤਮ ਭੁੱਖ, ਵਿਚੋਂ ਦੇਹ ਦੇ ਨਾਸੇ । ਸਾਚਾ ਸੁੱਖ ਗੁਰਚਰਨ ਭਰਵਾਸੇ । ਅੰਤਕਾਲ ਰਸਨਾ ਜਪ ਹੋਏ ਸੁਖਾਲ ਸਵਾਸੇ । ਸ੍ਰਿਸ਼ਟ ਸਬਾਈ ਅੰਤਕਾਲ ਹੋਏ ਨਾਸੇ । ਈਸ਼ਰ ਜੋਤ ਜੀਵ ਦੇ ਧਰਵਾਸੇ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਸਦ ਹੈ ਪਾਸੇ । ਚਰਨ ਲਾਗ ਮਿਲੇ ਵਡਿਆਈ । ਪ੍ਰਭ ਅਬਿਨਾਸ਼ੀ ਕਲ ਹੋਏ ਸਹਾਈ । ਵਡ ਰਾਜਨ ਰਾਜ ਸਚਾ ਪਾਤਸ਼ਾਹੀ । ਪ੍ਰਭ ਭਾਗਨ ਭਾਗ ਵਸੇ ਸਭ ਥਾਂਈ । ਸੇਜ ਬਾਸ਼ਕ ਨਾਗ, ਲੱਛਮੀ ਚਰਨ ਝਸਨਾਈ । ਪਰਗਟ ਜੋਤ ਨਿਹਕਲੰਕ, ਵਿਚ ਮਾਤ ਦੇ ਆਈ । ਅਵਣ ਗਵਣ ਕਿਸੇ ਬੂਝ ਨਾ ਪਾਈ । ਜਨਮ ਭਰਮ ਵਿਚ ਲਿਆ ਗਵਾਈ । ਗੁਰਸਿਖ ਪੂਰੇ ਤੇਰੀ ਧੰਨ ਕਮਾਈ । ਕਰ ਬੇਨੰਤੀ ਸਤਿਗੁਰ ਸਾਚੇ ਅੱਗੇ ਸਾਧ ਸੰਗਤ ਦੀ ਸੇਵ ਕਮਾਈ । ਪਰਗਟ ਹੋ ਕੇ ਪ੍ਰਭ ਅਬਿਨਾਸ਼ੇ, ਸਿੰਘ ਦਲੀਪ ਤੇਰੀ ਪੈਜ ਰਖਾਈ । ਤੇਰਾ ਨਾਮ ਨਾ ਕਦੇ ਵਿਨਾਸੇ, ਜੁਗ ਚਾਰ ਸਰਬ ਜਸ ਗਾਈ । ਸਾਚਾ ਸਾਹਿਬ ਸਦਾ ਹੈ ਪਾਸੇ, ਜਿਸ ਨੇ ਤੇਰੀ ਬਣਤ ਬਣਾਈ । ਆਤਮ ਵੇਖ ਜਿਥੇ ਪ੍ਰਭ ਵਾਸੇ, ਜਿਸ ਨੇ ਸਾਚੀ ਬੂਝ ਬੁਝਾਈ । ਸਾਚਾ ਸ਼ਬਦ ਦੇ ਧਰਵਾਸੇ, ਅੰਤਕਾਲ ਗੁਰਸਿਖ ਡੋਲ ਨਾ ਜਾਈ । ਮਹਾਰਾਜ ਸ਼ੇਰ ਸਿੰਘ ਜਨ ਤੇਰੇ ਦਾਸੇ, ਸਰਨ ਪੜੇ ਦੀ ਲਾਜ ਰਖਾਈ । ਸਰਨੀ ਆਏ ਜਨ ਸਰਨ ਤਕਾਏ । ਬਾਂਹੋਂ ਪਕੜ ਪ੍ਰਭ ਪਾਰ ਲੰਘਾਏ । ਸਤਿਗੁਰ ਸਾਚਾ ਅੰਤ ਦਇਆ ਕਮਾਏ । ਦੇ ਦਰਸ ਕਲ ਅੰਤ ਸਾਚੀ ਜੋਤ ਵਿਚ ਜੋਤ ਮਿਲਾਏ । ਪ੍ਰਭ ਕੀ ਜੋਤ ਬੜੀ ਬੇਅੰਤ, ਗੁਰਸਿਖ ਫੇਰ ਜਗਤ ਨਾ ਆਏ । ਕੋਈ ਜੀਵ ਨਾ ਪਾਵੇ ਪ੍ਰਭ ਕਾ ਅੰਤ, ਸਚ ਘਰ ਬੈਠਾ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਸਾਚਾ ਕੰਤ, ਜੀਵ ਆਤਮ ਵਰ ਘਰ ਲੈ ਜਾਏ । ਜੀਵ ਆਤਮ ਆਪ ਪ੍ਰਭ ਵਰੇ । ਮਿਲ ਜੋਤ ਗੁਰਸਿਖ ਫਿਰ ਜਨਮ ਨਾ ਧਰੇ । ਜਗ ਆਏ ਨਾ ਜਾਏ ਫਿਰ ਜਨਮੇ ਨਾ ਮਰੇ । ਜੋ ਜਨ ਇਕ ਟੇਕ ਗੁਰਚਰਨ ਧਰੇ । ਦੇਵੇ ਦਰਸ ਪ੍ਰਭ ਅਵਤਾਰ ਨਰ ਹਰੇ । ਧੰਨ ਧੰਨ ਧੰਨ ਗੁਰਸਿਖ ਜਿਨ ਕੇ ਕਾਰਜ ਸਰੇ । ਕਿਰਪਾ ਕਰੇ ਮਹਾਰਾਜ ਸ਼ੇਰ ਸਿੰਘ, ਸਦਾ ਰਹਿਣ ਭੰਡਾਰੇ ਭਰੇ । ਸਾਚਾ ਪ੍ਰਭ ਹੋਏ ਭਗਤ ਭੰਡਾਰੀ । ਵਡ ਗੁਣ ਦਾਤਾ ਪ੍ਰਭ ਸੰਸਾਰੀ । ਸਰਬ ਸ੍ਰਿਸ਼ਟ ਇਕ ਜੋਤ ਅਧਾਰੀ । ਧਰ ਜੋਤ ਵਿਚ ਵਸੇ ਆਪ ਨਿਰੰਕਾਰੀ । ਮੂਰਖ ਜੀਵ ਸਾਚੀ ਸੋਚ ਨਾ ਆਤਮ ਵਿਚਾਰੀ । ਸਾਚਾ ਪ੍ਰਭ ਨਾ ਦੀਸੇ, ਵਿਚ ਵਸੇ ਦੇਹ ਬਨਵਾਰੀ । ਮਹਾਰਾਜ ਸ਼ੇਰ ਸਿੰਘ ਹਿਰਦੇ ਵਸੇ, ਬੇਮੁਖ ਕਲ ਕਲਜੁਗ ਕਰੇ ਖੁਆਰੀ । ਦਰਸ ਦਿਖਾਏ ਪ੍ਰਭ ਸਾਚਾ ਨੈਣੀਂ । ਸੋਹੰ ਚੋਟ ਜਗ ਕਿਸੇ ਨਾ ਸਹਿਣੀ । ਬਾਂਹੋਂ ਪਕੜ ਉਠਾਏ ਸੁੱਤਿਆਂ ਰੈਣੀ । ਦਰਸ ਦਿਖਾਏ ਚਰਨ ਲੱਗ ਜਾਏ, ਆ ਬਾਲੀ ਭੈਣੀ । ਹੰਕਾਰ ਰਖਾਵੇ ਆਪਣਾ ਆਪ ਗਵਾਵੇ, ਉਲਟੀ ਵਹਾਵੇ ਪ੍ਰਭ ਵਹਿੰਦੀ ਵਹਿਣੀ । ਸਾਧ ਸੰਗਤ ਹਰਿ ਗੁਣ ਗਾਏ, ਪ੍ਰਭ ਜੋਤ ਪਰਗਟਾਏ ਗੁਰਚਰਨ ਕਲਜੁਗ ਸਾਚੀ ਬਹਿਣੀ । ਜਨ ਸੋ ਤਰਾਏ ਵਿਚ ਜੋਤ ਮਿਲਾਏ, ਮਾਤ ਵਿਚ ਆਏ ਫਿਰ ਦੇਹ ਨਾ ਲੈਣੀ । ਬੇਮੁਖ ਬਿਲਲਾਏ ਅਗਨ ਪ੍ਰਭ ਸ਼ਬਦ ਲਗਾਏ, ਮਾਨਸ ਜਨਮ ਦੀ ਲੇਵੇ ਲੈਣੀ । ਗੁਰਸਿਖ ਤਰਾਏ ਕਲ ਫੁੱਲ ਬਣਾਏ, ਮੋਹ ਚੁਕਾਏ ਵਿਚੋਂ ਸਾਕ ਸੈਣੀ । ਕਲਜੁਗ ਮਾਇਆ ਨਾ ਸਤਾਏ, ਮਦਿ ਮਾਸ ਨਾ ਰਸਨਾ ਲਾਏ, ਸਾਚਾ ਗੁਰ ਸਚ ਦੱਸੇ ਰਹਿਣੀ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨ ਆਏ, ਹੋ

ਸਹਾਏ ਪਾਰ ਲੰਘਾਏ, ਦਰਸ ਦਿਖਾਉ ਸਾਚੀ ਨੈਣੀਂ । ਦਰਸ ਹੋਏ ਦਾਸ ਪ੍ਰਭ ਦੇਵੇ । ਸੋਹੰ ਸ਼ਬਦ ਜੋ ਜਨ ਰਸਨਾ ਸਰੇਵੇ । ਸਾਚਾ ਪ੍ਰਭ ਆਤਮ ਵਾਸ ਕਰੇਵੇ । ਸੋਹੰ ਸ਼ਬਦ ਧੁਨ ਆਤਮ ਵਜੇਵੇ । ਖੁਲ੍ਹ ਜਾਏ ਸਾਚੀ ਸੁੰਨ, ਅੰਮ੍ਰਿਤ ਝਿਰਨਾ ਵਿਚ ਝਰੇਵੇ । ਪ੍ਰਭ ਮਿਲਣ ਕਾ ਵੱਡਾ ਗੁਣ, ਨੈਣ ਦਰਸ ਦਸਮ ਦਵਾਰ ਖੁਲ੍ਹੇਵੇ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਅੰਤਕਾਲ ਪਾਰ ਲੰਘੇਵੇ । ਪਾਰਬ੍ਰਹਮ ਜਿਸ ਜਨ ਪਾਇਆ । ਹਰਿ ਕਾ ਨਾਉਂ ਆਤਮ ਮਾਹਿ ਸਮਾਇਆ । ਮਨ ਕਾ ਭਾਉ ਪ੍ਰਭ ਸਭ ਚੁਕਾਇਆ । ਸਾਚਾ ਦਰਸ ਵਿਚ ਦੇਹ ਦਿਖਾਇਆ । ਅੰਮ੍ਰਿਤ ਬਰਸ ਅੰਮਿਉਂ ਰਸ ਪਿਆਇਆ । ਕਰ ਤਰਸ ਪ੍ਰਭ ਸਾਚੇ, ਗੁਰਸਿਖ ਚਰਨ ਲਗਾਇਆ । ਟੁੱਟੀ ਹਰਸ, ਪ੍ਰਭ ਅਬਿਨਾਸ਼ੀ ਘਰ ਮਾਹਿ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਸਿਰ ਹੱਥ ਟਿਕਾਇਆ । ਸਾਚਾ ਸਾਹਿਬ ਸਚ ਸਿਰਜਣਹਾਰੇ । ਪਰਗਟ ਜੋਤ ਆਏ ਕਲ ਧਾਰੇ । ਨਿਹਕਲੰਕ ਜੋਤ ਸਰੂਪ ਅਵਤਾਰੇ । ਨਿਹਕਲੰਕ ਵਜਾਏ ਡੰਕ, ਸਤਿਜੁਗ ਚਲੇ ਖੇਲ ਨਿਆਰੇ । ਸੋਹੰ ਸ਼ਬਦ ਵੱਜੇ ਡੰਕ ਸੋਹਣ ਬੰਕ, ਜਿਥੇ ਪਰਗਟੇ ਹਰਿ ਮੁਰਾਰੇ । ਸੋਹਣ ਦਵਾਰ ਬੰਕ, ਪਰਗਟ ਜੋਤ ਤਾਰੇ ਰੰਕ, ਸਾਚਾ ਨਾਮ ਦੇਵੇ ਸਿਕਦਾਰੇ । ਤਾਰੇ ਜਨ ਰੰਕ ਪਰਗਟ ਮਾਤ ਬਾਰ ਅਨਕ, ਭਗਤ ਜਨਾਂ ਹਰਿ ਪੈਜ ਸਵਾਰੀ । ਪਰਗਟ ਪ੍ਰਭ ਬਾਰ ਅਨਕ, ਕਲਜੁਗ ਜਾਮਾ ਧਾਰਿਆ ਵਿਚ ਪੁਰੀ ਘਨਕ, ਨਿਹਕਲੰਕ ਵਡ ਅਵਤਾਰੀ । ਵਿਚ ਪੁਰੀ ਘਨਕ ਮਾਇਆ ਪਾਈ ਬੇਅੰਤ, ਕੋਈ ਨਾ ਬੂਝੇ ਜੋਤ ਨਿਰੰਕਾਰੀ । ਸਰਬ ਪਾਈ ਮਾਇਆ ਬੇਅੰਤ, ਰੰਗਾ ਸਿੰਘ ਮਨ ਚਾੜ੍ਹੀ ਰੰਗਤ, ਪਾਰਬ੍ਰਹਮ ਪਰਮੇਸ਼ਰ ਜੋਤ ਦਿਸੇ ਨਿਰਾਧਾਰੀ । ਚਾੜ੍ਹੀ ਰੰਗਤ, ਵਡਿਆਈ ਪਾਈ ਵਿਚ ਸਾਧ ਸੰਗਤ, ਗਿਆ ਖੰਡ ਸਚ ਮਾਰ ਉਡਾਰੀ । ਸਾਧ ਸੰਗਤ ਦਰਸ ਦਾਨ ਪ੍ਰਭ ਮੰਗਤ, ਦੇਵੇ ਦਰਸ ਪਰਗਟੇ ਪ੍ਰਭ ਆਪ ਗਿਰਧਾਰੀ । ਦਰ ਮੰਗਤ ਦੇਵੇ ਦਰਸ, ਜਿਸ ਬਣਾਈ ਬਣਤ, ਕਲਜੁਗ ਕਰੇ ਖੇਲ ਨਿਆਰੀ । ਜਿਸ ਬਣਾਈ ਬਣਤ, ਗੁਰਸਿਖ ਉਪਜਾਏ ਸਤਿਜੁਗ ਵਡ ਸਾਧ ਸੰਗਤ, ਜੋ ਜਨ ਆਏ ਚਰਨ ਨਿਮਸਕਾਰੀ । ਗੁਰਸਿਖ ਵਡ ਸਾਧ ਸੰਗਤ, ਚਾਰ ਜੁਗ ਹੋਏ ਮੰਨਤ, ਲੇਖ ਲਿਖਾਏ ਸਾਚਾ ਬਣ ਲਿਖਾਰੀ । ਹੋਏ ਮੰਨਤ ਜਿਨ੍ਹਾਂ ਮਿਲਿਆ ਕਲ ਸਾਚਾ ਕੰਤ, ਝੂਠੀ ਸ੍ਰਿਸ਼ਟ ਸਾਧ ਸੰਗਤ ਸੰਘਾਰੀ । ਸਾਚਾ ਕੰਤ ਵਸੇ ਜੀਵ ਜੰਤ, ਸਾਚਾ ਸ਼ਬਦ ਦੇਵੇ ਪ੍ਰਭ ਭੰਡਾਰੀ । ਪਾਈ ਮਾਇਆ ਸਰਬ ਜੀਵ ਜੰਤ ਪ੍ਰਭ ਕੀ ਮਹਿੰਮਾ ਕੋਈ ਨਾ ਗਣਤ, ਆਪਣੇ ਰੰਗ ਰਵੇ ਅਪਧਾਰੀ । ਮਹਾਰਾਜ ਸ਼ੇਰ ਸਿੰਘ ਕਲਜੁਗ ਆ ਕੇ, ਜਨ ਭਗਤਾਂ ਪੈਜ ਸਵਾਰੀ । ਪ੍ਰਭ ਆਇਆ ਕਲਜੁਗ ਕਰਤਾਰ । ਨਿਹਕਲੰਕ ਪੂਰਨ ਅਵਤਾਰ । ਚੌਥਾ ਜੁਗ ਅੰਤ ਕਰੇ ਖੁਆਰ । ਤਖ਼ਤ ਨਿਵਾਸੀ ਬਾਹੋਂ ਪਕੜ ਦੇਵੇ ਤਾਰ । ਰੰਕਾਂ ਦੇਵੇ ਪ੍ਰਭ ਦੁੱਖ ਨਿਵਾਰ । ਹੰਕਾਰੀਆਂ ਦੇਵੇ ਮਾਰ, ਕਰ ਜਗਤ ਖੁਆਰ । ਸਾਧ ਸੰਗਤ ਪ੍ਰਭ ਦੇਵੇ ਤਾਰ, ਦੇ ਕੇ ਦਰਸ ਅਪਾਰ । ਸਾਚਾ ਨਾਮ ਦੇ ਅਧਾਰ । ਭਵਜਲ ਬੇੜਾ ਕਰ ਜਾਏ ਪਾਰ । ਪਰਗਟ ਜੋਤ ਆਪ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਚਰਨ ਕਵਲ ਜਾਉ ਸਦ ਬਲਿਹਾਰ । ਚਰਨ ਕਵਲ ਜੋ ਜਨ ਆਇਆ । ਕਰ ਦਰਸ ਮਹਾਸੁਖ ਪਾਇਆ । ਚਾਰ ਵਰਨ ਇਕ ਪ੍ਰਭ ਮਾਣ ਦਵਾਇਆ । ਬ੍ਰਹਮ ਗਿਆਨੀ ਬ੍ਰਹਮ ਗਿਆਨ ਸੋਹੰ ਸ਼ਬਦ ਸੁਣਾਇਆ । ਜਿਤ ਪ੍ਰਭ ਲਾਗਾ ਚਰਨ ਧਿਆਨ, ਤਿਸ ਪ੍ਰਭ ਸਾਚੇ ਦਰਸ ਦਿਖਾਇਆ । ਕਲਜੁਗ ਪਰਗਟੀ ਜੋਤ ਵਿਸ਼ਨੂੰ ਭਗਵਾਨ, ਭੇਖ ਧਾਰ ਇਕ ਖੇਲ ਰਚਾਇਆ । ਬੂਝੇ ਕੋਈ ਚਤੁਰ ਸੁਜਾਨ, ਜਿਸ ਪ੍ਰਭ ਸਾਚੇ ਦਰਸ ਦਿਖਾਇਆ । ਉਪਜੇ ਪ੍ਰਭ ਬ੍ਰਹਮ ਗਿਅਨ, ਦਸਮ ਦਵਾਰ ਆਪ ਖੁਲ੍ਹਾਇਆ । ਜੀਵ ਨਾਮ

ਗੁਣੀ ਨਿਧਾਨ, ਮਹਾਰਾਜ ਸ਼ੇਰ ਸਿੰਘ ਸਰਬ ਸੁਖਦਾਇਆ । ਸਾਚਾ ਪ੍ਰਭ ਸੁਖਾਂ ਸੁਖ । ਕਲਜੁਗ ਉਤਮ ਗੁਰਸਿਖਾਂ ਮੁਖ । ਕਰ ਦਰਸ ਪ੍ਰਭ ਲਾਹੀ ਮਨ ਕੀ ਭੁੱਖ । ਸੁਫਲ ਕਰਾਈ ਮਾਤਾ ਕੁੱਖ । ਮਹਾਰਾਜ ਸ਼ੇਰ ਸਿੰਘ ਦਰਸ ਤੇਰੇ ਦੀ, ਗੁਰਸਿਖ ਸਦਾ ਮਨ ਭੁੱਖ । ਕਲਜੁਗ ਵਕਤ ਸੁਹਾ ਗਿਆ, ਪ੍ਰਭ ਦਰਸ਼ਨ ਪਾਣ ਦਾ । ਪਰਗਟ ਜੋਤ ਪ੍ਰਭ ਦਰਸ ਦਿਖਾ ਗਿਆ, ਮੇਲ ਮਿਲਾਇਆ ਭਗਤ ਭਗਵਾਨ ਦਾ । ਬੇੜਾ ਭਵਜਲ ਪਾਰ ਕਰਾ ਗਿਆ, ਫਲ ਮਿਲਿਆ ਦਰਸ਼ਨ ਪਾਣ ਦਾ । ਕਲਜੁਗ ਆਣ ਤਰਾ ਗਿਆ, ਫਲ ਦੇਵੇ ਸਾਧ ਸੰਗਤ ਸੇਵ ਕਮਾਣ ਦਾ । ਪ੍ਰਭ ਵਿਛੜੇ ਮੇਲ ਮਿਲਾ ਗਿਆ, ਮਿਲਿਆ ਮੇਲ ਧੁਰ ਲਿਖਾਣ ਦਾ । ਪ੍ਰਭ ਜੋਤ ਸਰੂਪੀ ਭੇਸ ਵਟਾ ਗਿਆ, ਫਲ ਮਿਲਿਆ ਰਸਨਾ ਗਾਣ ਦਾ । ਹਉਮੇ ਮੋਹ ਚੁਕਾ ਗਿਆ, ਮਹਾਰਾਜ ਸ਼ੇਰ ਸਿੰਘ ਪੁਰਖ ਸੁਜਾਨ ਦਾ । ਮਾਇਆ ਮੋਹ ਜਗਤ ਚੁਕਾਏ । ਪ੍ਰਭ ਸਾਚਾ ਜਿਸ ਦਰਸ ਦਿਖਾਏ । ਜਗਤ ਹਉਮੇ ਨਾ ਜੀਵ ਸਤਾਏ । ਆਤਮ ਜੋਤ ਪ੍ਰਭ ਕਰੇ ਰੁਸ਼ਨਾਏ । ਅੰਧ ਅੰਧਿਆਰ ਵਿਚ ਦੇਹ ਮਿਟਾਏ । ਸਚ ਪੁਰਖ ਦੇ ਦਰਸ ਪ੍ਰਭ ਆਪ ਤਰਾਏ । ਵੱਖਰ ਨਾਮ ਸਚ ਸੋਹੰ ਝੋਲੀ ਪਾਏ । ਜਗਤ ਪਿਤ ਕਾਲ ਅੰਤ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ, ਗੁਰਮੁਖ ਪੂਰਾ ਅੰਤਕਾਲ ਲੈ ਜੋਤ ਮਿਲਾਏ । ਜਿਨ ਜਗ ਕਿਹਾ ਪ੍ਰਭ ਝੂਠੜਾ, ਤਿਨ੍ਹਾਂ ਮੂੰਹ ਕਾਲਾ । ਝੂਠੀ ਕਾਇਆ ਝੂਠਾ ਠੂਠੜਾ, ਵਿਚ ਆਤਮ ਦੀਪ ਪ੍ਰਭ ਬਾਲਾ । ਗੁਰਸਿਖਾਂ ਰੰਗ ਮਾਣਿਆ ਅਨੂਠੜਾ, ਸੋਹੰ ਸ਼ਬਦ ਸਚ ਰਾਗ ਮਾਲਾ । ਮਹਾਰਾਜ ਸ਼ੇਰ ਸਿੰਘ ਦਰ ਤੇਰਾ ਜਿਸ ਡੀਠੜਾ, ਅੰਤਕਾਲ ਸਵਾਸ ਹੋਏ ਸੁਖਾਲਾ । ਸਤਿਜੁਗ ਹੋਵੇ ਸਾਚਾ ਧਾਮਾ । ਜੋਤ ਪਰਗਟਾਏ ਕ੍ਰਿਸ਼ਨਾ ਰਾਮਾ । ਸੁਫਲ ਕਰਾਏ ਭਗਤਨ ਕਾਮਾ । ਨਿਹਕਲੰਕ ਕਲ ਪਹਰਿਆ ਜਾਮਾ । ਕਲਜੁਗ ਪਰਗਟੇ ਵਿਸ਼ਨੂੰ ਭਗਵਾਨਾ । ਸਤਿ ਪੁਰਖਾਂ ਪ੍ਰਭ ਸਤਿ ਕਰ ਮਾਨਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਵਿਰਲੇ ਕਲਜੁਗ ਪਛਾਣਾ । ਗੁਰਸਿਖ ਸੇਵਾ ਪਾਈ ਥਾਂਏ । ਸਰਬ ਕਲਾ ਸਮਰਥ ਹੋਇਆ ਆਏ ਸਹਾਏ । ਕਲਜੁਗ ਰੱਖੇ ਪਤਿ, ਜਿਸ ਨੂੰ ਸਰਨ ਲਗਾਏ । ਕਾਇਆ ਖੇਤੀ ਆਈ ਵੱਤ, ਸਾਚਾ ਜਾਪ ਸੋਹੰ ਬੀਜ ਬੀਜਾਏ । ਵਿਚੋਂ ਮਾਰੇ ਅਵਗੁਣ ਤੱਤ, ਸਾਚਾ ਨਾਮ ਮਨ ਵਸਾਏ । ਮਤ ਮਨ ਬੁਧ ਖੋਲ੍ਹ ਕਵਲ ਦੀ ਦੇਵੇ ਸੁਧ, ਪੂਰਨ ਬੂਝ ਆਪ ਬੁਝਾਏ । ਆਪਣਾ ਭੇਵ ਖੁਲ੍ਹਾਏ ਗੁੱਝ, ਜੋਤ ਸਰੂਪੀ ਦਰਸ ਦਿਖਾਏ । ਭੁਲੇਖੇ ਕੁਛ ਵੇਖੇ ਕੁਛ, ਅਛਲ ਛਲ ਆਪ ਕਰਾਏ । ਗੁਰਮੁਖ ਵਿਰਲੇ ਲਿਆ ਬੁੱਝ, ਜੀਹਦੇ ਉਪਰ ਦਇਆ ਕਮਾਏ । ਗੁਰਚਰਨ ਪ੍ਰੀਤੀ ਜਾਉ ਝੁੱਜ, ਵੇਲਾ ਫੇਰ ਹੱਥ ਨਾ ਆਏ । ਕਾਇਆ ਦੀਪ ਅੰਤ ਜਾਏ ਬੁਝ, ਗੁਰਚਰਨ ਲਾਗ ਸਾਚੀ ਜੋਤ ਜਗਾਏ । ਸੋਹੰ ਸ਼ਬਦ ਲਗਾਏ ਹੁੱਜ, ਬਾਂਹੋਂ ਪਕੜ ਗੁਰਸਿਖ ਉਠਾਏ । ਦੂਸਰ ਕੋਇ ਨਾ ਜੇਵਡ ਮੁਝ, ਨਿਹਕਲੰਕ ਹੋ ਕਲਜੁਗ ਆਏ । ਛੱਡ ਵਿਕਾਰ ਗੁਰਚਰਨ ਲੁਝ, ਬੰਦ ਖਲਾਸ ਅੰਤ ਕਰਾਏ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਪਰਗਟ ਹੋਏ ਦਰਸ ਦਿਖਾਏ । ਦਰਸ਼ਨ ਪ੍ਰਭ ਕਾ ਹਰਿਜਨ ਲੋੜੇ । ਭਗਤ ਜਨਾਂ ਤੋਂ ਪ੍ਰਭ ਮੁਖ ਨਾ ਮੋੜੇ । ਕਲਜੁਗ ਅੰਤਕਾਲ ਹੋ ਜਾਏ , ਦਿਨ ਰਹਿ ਗਏ ਥੋੜ੍ਹੇ । ਜੋਤ ਸਰੂਪੀ ਤੇਜ ਵਖਾਏ, ਰਾਜਨ ਰਾਜਾ ਗੁਰਸਿਖ ਝਾੜਨ ਤੇਰੇ ਜੋੜੇ । ਕਰ ਪ੍ਰੀਤ ਗੁਰਚਰਨ ਸੰਗ, ਸੋਹੰ ਨਾਮ ਸਚ ਚਾੜ੍ਹੇ ਪੌੜੇ । ਮਹਾਰਾਜ ਸ਼ੇਰ ਸਿੰਘ ਭਗਤ ਜਨਾਂ ਲਜ ਪਤਿ ਰਖੌੜੇ । ਕਲਜੁਗ ਆਏ ਰੱਖੇ ਲਜ । ਸੋਹੰ ਸ਼ਬਦ ਵਜਾਏ ਵੱਜ । ਬੇਮੁਖ ਜਾਏ ਦਰ ਤੋਂ ਭੱਜ । ਪ੍ਰਭ ਕਾ ਦਰਸ ਕਰ ਸੰਗਤ ਰੱਜ । ਸੋਹੰ ਨਾਮ ਲਿਆਂ ਨਾ ਹੋਵੇ ਲੱਜ । ਸਾਚਾ ਪ੍ਰਭ ਸਾਚੀ ਦਰਗਹਿ ਵਿਚ ਜੱਜ । ਚਲੇ ਨਾ ਓਥੇ ਜੀਵ ਕਿਸੇ ਦਾ ਪੱਜ । ਮਹਾਰਾਜ ਸ਼ੇਰ ਸਿੰਘ ਸਾਧ

ਸੰਗਤ ਤੇਰੇ ਚਰਨ ਜਾਏ ਸਜ । ਚਰਨ ਵਾਸੀ ਸਾਧ ਸੰਗਤ ਤੇਰੀ ਦਾਸਨ ਦਾਸੀ । ਪਰਗਟੇ ਜੋਤ ਕਲਜੁਗ ਪਰਭਾਸੀ । ਦੇਵੇ ਦਰਸ ਪ੍ਰਭ ਧਾਮ ਬੈਕੁੰਠ ਵਾਸੀ । ਘਾਲ ਗੁਰਸਿਖ ਹੋਈ ਰਾਸੀ । ਦਰ ਠੌਹਰ ਨਾ ਪਾਏ ਕੋਈ ਮਦਿਰਾ ਮਾਸੀ । ਗੁਰਮੁਖ ਜਪੇ ਸੋਹੰ ਸਵਾਸਨ ਸਵਾਸੀ । ਕਰੇ ਕਰਾਵੇ ਆਪੇ ਆਪ ਜੋ ਮਨ ਭਾਸੀ । ਸਾਧ ਸੰਗਤ ਸਿਰ ਹੱਥ ਟਿਕਾਵੇ, ਅੰਤਕਾਲ ਕਰੇ ਬੰਦ ਖਲਾਸੀ । ਮਹਾਰਾਜ ਸ਼ੇਰ ਸਿੰਘ ਜਗਤ ਮੰਗਤ ਤੇਰੇ ਦਰ ਦੇ ਦਾਸੀ । ਦਾਸਨ ਦਾਸ ਗੁਰਸਿਖ ਪਾਇਆ । ਕਲਜੁਗ ਪੋਹ ਨਾ ਸਕੇ ਮਾਇਆ । ਨਿਰਮਲ ਕੁਲ ਜਗ ਉਤਮ ਕਰਾਇਆ । ਅੰਤਕਾਲ ਜਮ ਦੁੱਖ ਨਾ ਸਹਿਆ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਪਰ ਕੀਨੀ ਦਇਆ । ਕਿਰਪਾ ਕਰੇ ਪ੍ਰਭ ਕਿਰਪਾ ਨੰਦ । ਆਤਮ ਉਪਜਾਵੇ ਪਰਮਾਨੰਦ । ਬਜਰ ਕਪਾਟ ਤੁੜਾਵੇ ਬੰਦ । ਮਹਾਰਾਜ ਸ਼ੇਰ ਸਿੰਘ ਦੇ ਦਰਸ, ਗੁਰਸਿਖ ਆਤਮ ਰੱਖ ਸਦਾ ਅਨੰਦ । ਆਤਮ ਅਨੰਦ ਗੁਰ ਦਰ ਪਾਈਏ । ਰਾਜ ਮੁਲਖ ਜਗੀਰ ਮਨ ਤ੍ਰਿਸ਼ਨ ਮਿਟਾਈਏ । ਸਾਚਾ ਸਾਹਿਬ ਮਨ ਵਸਾਈਏ । ਰਸਨਾ ਜਪ ਹਰਿ ਗੁਣ ਗਾਈਏ । ਅਨਦ ਬਿਨੋਦੀ ਪ੍ਰਭ ਘਰ ਮਾਹਿ ਪਾਈਏ । ਸਾਚਾ ਪ੍ਰਭ ਜਿਸ ਕਾਇਆ ਸੋਧੀ, ਨਿਰਮਲ ਜੋਤ ਵਿਚ ਦੇਹ ਜਗਾਈਏ । ਅੰਤਕਾਲ ਪ੍ਰਭ ਜਾਈਏ ਗੋਦੀ, ਗਰਭਵਾਸ ਫੇਰ ਨਾ ਆਈਏ । ਮਹਾਰਾਜ ਸ਼ੇਰ ਸਿੰਘ ਵਾਲੀ ਹਿੰਦਵੈਣ ਫੜ ਕੇ ਬੋਦੀ, ਚਰਨ ਕਵਲ ਸੰਗ ਲਗਾਈਏ । ਹਿੰਦ ਵਾਲੀ ਗੁਰਚਰਨੀ ਆਏ । ਕਾਹਨ ਘਨਈਆ ਪ੍ਰਭ ਦਿਸ ਆਏ । ਸਾਵਲ ਸੁੰਦਰ ਰੂਪ ਸਿਰ ਤੇ ਮੁਕਟ ਟਿਕਾਏ । ਵਲ ਛਲ ਛਲ ਵਲ ਕਰ ਆਪਣਾ ਆਪ ਉਪਾਏ । ਸਤਿ ਸਰੂਪੀ ਜੋਤ ਕਾਇਆ ਸ਼ੇਰ ਸਿੰਘ ਪਲਟਾਏ । ਖੋਲ੍ਹ ਦੇਵੇ ਪ੍ਰਭ ਸਾਰੇ ਸੋਤ, ਨਿਹਕਲੰਕੀ ਭੈ ਰਖਾਏ । ਆਤਮ ਨਿਰਮਲ ਜਗਾਏ ਜੋਤ, ਲਾਗ ਚਰਨੀਂ ਭੁੱਲ ਬਖ਼ਸ਼ਾਏ । ਗੁਰਚਰਨ ਪ੍ਰੀਤੀ ਉਤਮ ਗੋਤ, ਲਾਗ ਚਰਨ ਵਰਨ ਚਾਰ ਇਕ ਹੋ ਜਾਏ । ਜਨਮ ਜਨਮ ਕੀ ਮੈਲ ਪ੍ਰਭ ਧੋਤ, ਸੋਹੰ ਸ਼ਬਦ ਪ੍ਰਭ ਸਬੂਣ ਲਗਾਏ । ਬੇਮੁਖ ਸਾਰੇ ਕਲਜੁਗ ਰੋਤ, ਸਾਚਾ ਪ੍ਰਭ ਦਿਸ ਨਾ ਆਏ । ਜੋਤ ਜਗਾਏ ਵਿਚ ਪ੍ਰਭ ਮੋਤ, ਦੱਖਣ ਦਿਸ਼ਾ ਮਾਣ ਦਵਾਏ । ਜੋ ਕੁਛ ਕਰੇ ਕਰਾਵੇ ਸੋਈ ਹੋਤ, ਜੀਵ ਕਿਸੇ ਦੀ ਵਾਹ ਨਾ ਜਾਏ । ਗੁਰਸਿਖ ਕਦੇ ਨਾ ਆਵੇ ਮੌਤ, ਅੰਤਕਾਲ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਕਲਜੁਗ ਨਿਰਮਲ ਜੋਤ, ਪਰਗਟ ਜੋਤ ਨਿਹਕਲੰਕ ਅਖਵਾਏ । ਨਿਹਕਲੰਕ ਕਲ ਹੋਇਆ ਸਿਕਦਾਰ । ਸ੍ਰਿਸ਼ਟ ਮਾਰੇ ਕਰ ਖੁਆਰ । ਭਗਤ ਉਧਾਰੇ ਦੇ ਦਰਸ ਅਪਾਰ । ਸਾਧ ਸੰਗਤ ਬੈਠਾ ਵਿਚਕਾਰ । ਕਰ ਦਰਸ ਪ੍ਰਭ ਆਤਮ ਹੋਵੇ ਠੰਡੀ ਠਾਰ । ਬੇਮੁਖ ਦਰ ਤੇ ਪ੍ਰਭ ਕੀ ਪਾਏ ਨਾ ਸਾਰ । ਸਾਧ ਸੰਗਤ ਕਲ ਜਾਓ ਬਲਿਹਾਰ । ਜਿਨ੍ਹਾਂ ਮਿਲਿਆ ਪੁਰਖ ਅਪਾਰ । ਸੋਹੰ ਸ਼ਬਦ ਸਾਚਾ ਦੇ ਜਾਏ ਅਧਾਰ । ਪਰਗਟ ਭਗਤ ਭਗਵੰਤ ਗੁਣਵੰਤ ਸਾਚੀ ਕਰੇ ਵਿਚਾਰ । ਕਲਜੁਗ ਪਰਗਟ ਉਤਮ ਵਿਚ ਜੀਵ ਜੰਤ, ਕਲਜੁਗ ਦੇਵੇ ਦੀਦਾਰ । ਗੁਰਸਿਖ ਨਾਉਂ ਸਤਿਜੁਗ ਵਡ ਸੰਤ, ਰਸਨਾ ਗਾਵੇ ਸਰਬ ਸੰਸਾਰ । ਮਹਾਰਾਜ ਸ਼ੇਰ ਸਿੰਘ ਤੇਰਾ ਕੋਈ ਨਾ ਜਾਣੇ ਅੰਤ, ਆਪਣੇ ਰੰਗ ਰਵੇ ਕਰਤਾਰ । ਰੰਗ ਰੂਪ ਪ੍ਰਭ ਕਾ ਕੋਈ ਨਾ ਜਾਣੇ । ਗੁਰਮੁਖ ਵਿਰਲਾ ਕੋਈ ਰੰਗ ਪ੍ਰਭ ਕਾ ਮਾਣੇ । ਗੁਰਸਿਖ ਸੋਹਣ ਗੁਰਚਰਨ ਖੜ੍ਹੇ ਨਿਮਾਣੇ । ਸਾਚਾ ਪ੍ਰਭ ਦੇਵੇ ਦਰਸ, ਖੜ੍ਹਾ ਹੋਏ ਸਰਹਾਣੇ । ਮਹਾਰਾਜ ਸ਼ੇਰ ਸਿੰਘ ਕਲਜੁਗ ਵਰਤੇ, ਸਭ ਕੁਛ ਤੇਰੇ ਭਾਣੇ । ਕਲਜੁਗ ਭਾਣਾ ਭਰਮ ਭੁਲਾਇੰਦਾ । ਬੇਮੁਖਾਂ ਕਲ ਝੂਠੇ ਧੰਦੇ ਲਾਇੰਦਾ । ਸਾਚਾ ਨਾਮ ਨਾ ਦੇ ਅਧਾਰ, ਮਦਿ ਮਾਸ ਆਹਾਰ ਬਣਾਇੰਦਾ । ਸਾਚਾ ਪ੍ਰਭ ਨਾ ਕਿਰਪਾ ਕਰੇ, ਅੰਤ ਨਰਕ ਨਿਵਾਸ ਦਵਾਇੰਦਾ । ਗੁਰਸਿਖ ਆਤਮ ਜੋਤ ਧਰੇ, ਸਾਚਾ ਦੀਪਕ ਵਿਚ ਦੇਹ ਜਗਾਇੰਦਾ ।

ਤਿਨ ਕੇ ਪੂਰਨ ਕਾਜ ਸਰੇ, ਜੋ ਆਏ ਚਰਨ ਸੀਸ ਝੁਕਾਇੰਦਾ । ਗੁਰਸਿਖ ਕਲਜੁਗ ਕਰਮ ਨਾ ਡਰੇ, ਗੁਰ ਸਾਚਾ ਸਿਰ ਹੱਥ ਟਿਕਾਇੰਦਾ । ਅੰਤਕਾਲ ਪ੍ਰਭ ਆਵੇ ਘਰੇ, ਦੇ ਦਰਸ ਪਾਰ ਲੰਘਾਇੰਦਾ । ਬੇਮੁਖ ਡੰਨ ਡਾਹਢਾ ਭਰੇ, ਧਰਮ ਰਾਏ ਡੰਨ ਲਗਾਇੰਦਾ । ਗੁਰਸਿਖ ਪੂਰਾ ਵਾਸ ਸਚਖੰਡ ਕਰੇ, ਜਿਥੇ ਪ੍ਰਭ ਬੈਠ ਜੋਤ ਜਗਾਇੰਦਾ । ਮਹਾਰਾਜ ਸ਼ੇਰ ਸਿੰਘ ਚਰਨ ਟੇਕ ਜੋ ਧਰੇ, ਮਾਤਲੋਕ ਫੇਰ ਨਾ ਆਇੰਦਾ । ਸਚਾ ਘਰ ਸਚਾ ਦਰਬਾਰ । ਸਚ ਘਰ ਵਸੇ ਆਪ ਨਿਰੰਕਾਰ । ਜੋਤ ਜਗਾਏ ਕਰ ਅਪਰ ਅਪਾਰ । ਤੀਨ ਲੋਕ ਸਭ ਜੋਤ ਅਧਾਰ । ਕਲਜੁਗ ਆਇਆ ਨਿਹਕਲੰਕ ਅਵਤਾਰ । ਸੋਹੰ ਸਾਚਾ ਦੇਵੇ ਨਾਮ ਅਧਾਰ । ਭਗਤ ਜਨਾਂ ਮਾਤ ਪਿਤ ਭਤਾਰ । ਰੱਖੇ ਲੱਜਿਆ ਆਦਿ ਅੰਤ ਪ੍ਰਭ ਏਕੰਕਾਰ । ਨਿਰਮਲ ਜੋਤ ਜਗਾਵੇ ਵਿਚ ਦੇਹ ਮਝਾਰ । ਜੋਤ ਪਰਕਾਸ਼ ਮਿਟਾਵੇ ਦੇਹ ਅੰਧ ਅੰਧਿਆਰ । ਸੋਹੰ ਸ਼ਬਦ ਵਜਾਵੇ ਅਨਹਦ ਧੁਨਕਾਰ । ਬਜਰ ਕਪਾਟ ਖੋਲ੍ਹੇ ਆਪ ਮੁਰਾਰ । ਸਾਚਾ ਦਿਸੇ ਜਿਸ ਜੋਤ ਸਰੂਪੀ ਆਕਾਰ । ਬੈਠਾ ਵਿਚ ਦੇਹ ਜੋਤ ਅਧਾਰ । ਮੂਰਖ ਜੀਵ ਸਾਚਾ ਪ੍ਰਭ ਕਲ ਗਿਆ ਵਸਾਰ । ਗੁਰਸਿਖ ਦੇਵੇ ਦਰਸ, ਪ੍ਰਭ ਕਲ ਲੈ ਨਿਹਕਲੰਕ ਅਵਤਾਰ । ਭੈ ਮਿਟਾਵੇ ਸਭ, ਸਾਚੀ ਆਤਮ ਹੋਵੇ ਉਜਿਆਰ । ਅੰਮ੍ਰਿਤ ਸੋਮਾ ਖੁਲ੍ਹਾਵੇ ਵਿਚ ਨਭ, ਅੰਮ੍ਰਿਤ ਬਰਖੇ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਕਲ ਲਿਆ ਗੁਰਮੁਖ ਲੱਭ, ਦੇ ਦਰਸ ਜੋਤ ਸਰੂਪ ਪ੍ਰਭ ਦੇਵੇ ਤਾਰ । ਜੋਤ ਸਰੂਪੀ ਪ੍ਰਭ ਜ਼ਾਤ ਨਾ ਕੋਏ । ਸਾਚੀ ਜੋਤ ਵਸੇ ਤ੍ਰੈ ਲੋਏ । ਅੰਤਕਾਲ ਕਲ ਦਾ ਹੋਏ । ਗੁਰ ਗੋਬਿੰਦ ਕਲ ਪਰਗਟੇ ਦੋਏ । ਬੇਮੁਖ ਮੁਗਧ ਗਵਾਰ, ਕਲ ਰਹੇ ਸੋਏ । ਗੁਰਮੁਖ ਚਤੁਰ ਸੁਜਾਨ, ਗੁਰ ਚਰਨ ਪਰੋਏ । ਦੇ ਦਰਸ ਬ੍ਰਹਮ ਗਿਆਨ, ਆਤਮ ਨੇਤਰ ਹੋਏ ਲੋਏ । ਸਾਚਾ ਦੇਵੇ ਚਰਨ ਧਿਆਨ, ਮਹਾਰਾਜ ਸ਼ੇਰ ਸਿੰਘ ਤੁਧ ਜੇਵਡ ਨਾ ਕੋਏ । ਸਾਚਾ ਨਾਮ ਵੱਡੀ ਦਾਤ । ਜੋਤ ਜਗਾਏ ਪ੍ਰਭ ਵਿਚ ਮਾਤ । ਸੋਹੰ ਸ਼ਬਦ ਗੁਰਸਿਖਾਂ ਦੇਵੇ ਸਾਚੀ ਦਾਤ । ਗੁਰਚਰਨ ਪ੍ਰੀਤੀ ਜੀਵ ਕਰ ਸਾਚਾ ਨਾਤ । ਰਸਨਾ ਜਪ ਹਰਿ ਹਰਿ ਦਿਵਸ ਰਾਤ । ਗਰਭਵਾਸ ਨਾ ਧਰੇ ਵਿਚ ਮਾਤ । ਜੋਤ ਸਰੂਪੀ ਜੋਤ ਮਿਲਾਏ, ਮਹਾਰਾਜ ਸ਼ੇਰ ਸਿੰਘ ਮਿਟਾਵੇ ਤਾਤ । ਮਿਲ ਜੋਤ ਜਗਤ ਤਜਾਇਆ । ਸਚਖੰਡ ਗੁਰਮੁਖ ਪੂਰੇ ਡੇਰਾ ਲਾਇਆ । ਸਵੱਛ ਸਰੂਪੀ ਜੋਤ ਪ੍ਰਭ ਵਿਚ ਡੇਰਾ ਲਾਇਆ । ਮਹਾਰਾਜ ਸ਼ੇਰ ਸਿੰਘ ਜੁਗ ਚੌਥੇ ਕੀਆ ਸਭ ਆਪੇ ਆਪ, ਜੋ ਕਿਛ ਕਰਾਇਆ । ਕਲਜੁਗ ਚੌਥਾ ਜੁਗ ਉਪਾਇਆ । ਵੇਦ ਅਥਰਬਣ ਰਾਹ ਦਿਖਾਇਆ । ਐਡਾ ਅਥਰਬਣ ਅੱਲ੍ਹਾ ਨੂਰ ਉਪਾਇਆ । ਮੁਹੰਮਦ ਕੁਰਾਨੀ ਪ੍ਰਭ ਤੇਜ਼ ਵਧਾਇਆ । ਈਸਾ ਮੂਸਾ ਦੇ ਜੋਤ, ਜਗਤ ਨਾਉਂ ਧਰਾਇਆ । ਕੁਕਰਮ ਰੀਤੀ ਜੂਠੇ ਝੂਠੇ ਧੰਦੇ ਜਗਤ ਭੁਲਾਇਆ । ਸਾਚੇ ਪ੍ਰਭ ਸ਼ਾਹ ਕੀਤੀ ਉਲਟੀ ਨੀਤੀ, ਮਦਿ ਮਾਸ ਅਹਾਰ ਬਣਾਇਆ । ਅੰਤਕਾਲ ਔਧ ਸਭ ਦੀ ਬੀਤੀ, ਨਿਹਕਲੰਕ ਪ੍ਰਭ ਜਾਮਾ ਪਾਇਆ । ਸ਼ਬਦ ਸਰੂਪ ਸਰਬ ਸ੍ਰਿਸ਼ਟ ਜੀਤੀ, ਸ਼ਬਦ ਡੰਕ ਚਾਰ ਕੁੰਟ ਵਜਾਇਆ । ਪਾਵੇ ਜੀਵ ਕਲ ਆਪਣੀ ਕੀਤੀ, ਸਾਚਾ ਸ਼ਾਹੋ ਮਨੋ ਭੁਲਾਇਆ । ਪਰਗਟ ਜੋਤ ਸਦਾ ਏ ਦੀਤੀ, ਹਾਹਾਕਾਰ ਕਲਜੁਗ ਭੁਲਾਇਆ । ਅੰਤਕਾਲ ਹੋਏ ਭੈ ਭੀਤੀ, ਕੋਏ ਨਾ ਹੋਵੇ ਆਣ ਸਹਾਇਆ । ਗੁਰਸਿਖਾਂ ਪ੍ਰਭ ਪਰਖੀ ਨੀਤੀ, ਪਰਗਟ ਹੋਏ ਦਰਸ ਦਿਖਾਇਆ । ਕਰੇ ਦਰਸ ਆਤਮ ਅਤੀਤੀ, ਪ੍ਰਭ ਅਬਿਨਾਸ਼ੀ ਘਰ ਮਾਹਿ ਪਾਇਆ । ਗੁਰਸਿਖ ਸਾਚੇ ਮਿਲੇ ਗੁਰਚਰਨ ਪ੍ਰੀਤੀ, ਅੰਤਕਾਲ ਕਲ ਪ੍ਰਭ ਹੋਏ ਸਹਾਇਆ । ਸੋਹੰ ਸ਼ਬਦ ਸਤਿਜੁਗ ਕੀ ਰੀਤੀ, ਸਾਚਾ ਸ਼ਬਦ ਆਪ ਲਿਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਪਰਗਟ ਜੋਤ ਨਿਹਕਲੰਕ ਭੇਵ ਆਪ ਖੁਲ੍ਹਾਇਆ । ਪ੍ਰਭ ਕਾ ਭੇਵ ਕੋਈ ਜੀਵ ਨਾ ਜਾਣੇ ।

ਹੰਕਾਰ ਭਰੇ ਸਭ ਰਾਜੇ ਰਾਣੇ । ਸੋਹੰ ਸ਼ਬਦ ਪ੍ਰਭ ਮਾਰਿਆ ਬਾਣੇ । ਲਾਗੇ ਚਰਨ ਕਲ ਵੱਡੇ ਜਰਵਾਣੇ । ਬੇਮੁਖ ਭੁੰਨੇ ਸ਼ਬਦ ਸੰਗ ਜਿਉਂ ਭਠਿਆਲੇ ਦਾਣੇ । ਚਰਨ ਲੱਗ ਜਾਏ ਵਾਲੀ ਹਿੰਦਵਾਣੇ । ਗੁਰਮੁਖ ਉਧਰੇ ਪਾਰ ਜੋ ਚਲੇ ਗੁਰ ਕੇ ਭਾਣੇ । ਜੋਤ ਸਰੂਪੀ ਆਇਆ ਸੰਸਾਰ, ਭਗਤ ਜਨਾਂ ਹਰਿ ਲਾਜ ਰਖਾਣੇ । ਕਲਜੁਗ ਪਰਗਟਿਆ ਨੈਣ ਮੁਧਾਰ, ਸਿੰਘਆਸਣ ਬੈਠ ਭਗਤ ਤਰਾਣੇ । ਮੂਰਖ ਮੁਗਧ ਨਾ ਪਾਵੇ ਸਾਰ, ਦੇਵੇ ਦਰਸ ਪ੍ਰਭ ਜੋ ਹੋਏ ਨਿਮਾਣੇ । ਸਰਬ ਸੁਖ ਗੁਰਚਰਨ ਪਿਆਰ, ਉਤਮ ਜਨਮ ਜੋ ਪ੍ਰਭ ਚਰਨ ਲਗਾਣੇ । ਸਾਚਾ ਸ਼ਬਦ ਤਨ ਦੇਹ ਅਧਾਰ, ਅਨਹਦ ਸ਼ਬਦ ਮਨ ਵਜਾਣੇ । ਅਨਹਦ ਸ਼ਬਦ ਕੋਈ ਗੁਰਮੁਖ ਪਾਵੇ ਸਾਧ, ਜਿਸ ਨੂੰ ਮਿਲਿਆ ਪ੍ਰਭ ਭਗਵਾਨੇ । ਵਿਚੋਂ ਜਾਏ ਵਾਦ ਵਿਵਾਦ, ਆਤਮ ਦੀਪ ਪ੍ਰਭ ਜੋਤ ਜਲਾਣੇ । ਸਾਚੀ ਧੁਨ ਉਪਜਾਵੇ ਨਾਦ, ਆਤਮ ਸੁਨ ਪ੍ਰਭ ਖੋਲ੍ਹ ਵਖਾਣੇ । ਖੁਲ੍ਹੇ ਸੁਨ ਦਿਸੇ ਬ੍ਰਹਿਮਾਦ, ਦਵਾਰ ਦਸਮ ਪ੍ਰਭ ਪੜਦਾ ਲਾਹਣੇ । ਖੁੱਲ੍ਹਾ ਦਵਾਰ ਮਿਟ ਗਈ ਵਿਚਾਰ, ਜੋਤ ਸਰੂਪੀ ਪ੍ਰਭ ਦਰਸ਼ਨ ਪਾਣੇ । ਦਰਸ਼ਨ ਪਾਏ ਭਰਮ ਚੁਕਾਏ, ਗੁਰਮੁਖ ਪੂਰੇ ਵਿਚ ਜੋਤ ਮਿਲ ਜਾਣੇ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਸਾਚਾ ਨਾਮ ਗੁਰਸਿਖ ਤਰਾਣੇ । ਗੁਰਸਿਖ ਪ੍ਰਭ ਦੇਵੇ ਵਡਿਆਈ । ਚਰਨ ਲਾਗ ਜਿਸ ਸੇਵ ਕਮਾਈ । ਜਨਮ ਕਰਮ ਦੀ ਮੈਲ ਗਵਾਈ । ਸਾਚੀ ਜੋਤ ਵਿਚ ਦੇਹ ਜਗਾਈ । ਨਿਰਮਲ ਬਾਤੀ ਨਾਮ ਵਿਚ ਦੇਹ ਪਾਈ । ਉਪਜੇ ਬ੍ਰਹਮ ਗਿਆਨ, ਅੰਧ ਅੰਧੇਰ ਸਰਬ ਮਿਟ ਜਾਈ । ਮਿਲੇ ਭਗਤ ਭਗਵਾਨ, ਸਾਚੀ ਜਿਨ ਬਣਤ ਬਣਾਈ । ਕਲਜੁਗ ਹੋਵੇ ਚਤੁਰ ਸੁਜਾਨ, ਸਾਚਾ ਪ੍ਰਭ ਜਿਸ ਦਰਸ ਦਿਖਾਈ । ਸੋਹੰ ਸ਼ਬਦ ਸੰਗ ਦੇਵੇ ਦਾਨ, ਰਸਨਾ ਜਪ ਜੀਵ ਮਿਟ ਜਾਈ । ਜੁਗੋ ਜੁਗ ਪ੍ਰਭ ਸਾਚਾ ਬਾਨ, ਭਗਤ ਜਨਾਂ ਦੀ ਪੈਜ ਰਖਾਈ । ਕਲਜੁਗ ਅੰਤ ਨਾ ਹੋਵੇ ਕਾਨ, ਜੋ ਜਨ ਆਏ ਪ੍ਰਭ ਸਰਨਾਈ । ਗੁਰਮੁਖ ਪੂਰੇ ਪ੍ਰਭ ਕਾ ਮਾਣ, ਅੰਤਕਾਲ ਜੋ ਹੋਏ ਸਹਾਈ । ਦੁਸ਼ਟ ਦੁਰਾਚਾਰ ਪ੍ਰਭ ਲਾਹੇ ਘਾਣ, ਸੋਹੰ ਬਾਣ ਜਗਤ ਲਗਾਈ । ਉਧਰੇ ਸੋ ਜਨ ਜੋ ਚਰਨੀਂ ਡਿੱਗੇ ਆਣ, ਸਰਨ ਪੜੇ ਦੀ ਲਾਜ ਰਖਾਈ । ਰਹਿਣ ਨਾ ਦੇਵੇ ਪ੍ਰਭ ਕਿਸੇ ਦਾ ਮਾਣ ਸ਼ਬਦ ਚੋਟ ਕਲਜੁਗ ਚਲਾਈ । ਦੇਵੇ ਦਰਸ ਜੋ ਹੋਏ ਨਿਤਾਣ, ਗੁਰਦਰ ਆਏ ਮਿਲੇ ਵਡਿਆਈ । ਸਤਿਜੁਗ ਪਰਗਟੇ ਜਾਣੀ ਜਾਣ, ਸਰਬ ਸ੍ਰਿਸ਼ਟ ਬਣਤ ਬਣਾਈ । ਕਲਜੁਗ ਮਾਇਆ ਜੀਵ ਭੁਲਾਇਆ ਅੰਞਾਣ, ਮਦਿ ਮਾਸ ਰਸਨਾ ਲਾਈ । ਗੁਰਮੁਖ ਵਿਰਲੇ ਪ੍ਰਭ ਦਰਸ਼ਨ ਪਾਣ, ਜਿਨ੍ਹਾਂ ਉਪਰ ਪ੍ਰਭ ਦਇਆ ਕਮਾਈ । ਕਲਜੁਗ ਪਰਗਟੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਜਿਸ ਲਿਖਤ ਕਰਾਈ । ਕਲਜੁਗ ਵਰਤੇ ਪ੍ਰਭ ਕਾ ਭਾਣਾ । ਕੋਈ ਨਾ ਰਹੇ ਕਲ ਰਾਜਾ ਰਾਣਾ । ਪਰਗਟੇ ਕਲ ਨਿਹਕਲੰਕ ਵਡ ਜਰਵਾਣਾ । ਸ਼ਬਦ ਸਰੂਪੀ ਕਰ ਜੰਗ, ਸਰਬ ਸ੍ਰਿਸ਼ਟ ਲਾਹੇ ਘਾਣਾ । ਬੇਮੁਖ ਕਲ ਭੱਜੇ ਫਿਰਨ ਨੰਗ, ਕੋਏ ਨਾ ਮਿਲੇ ਸਚ ਟਿਕਾਣਾ । ਸ੍ਰਿਸ਼ਟ ਸਬਾਈ ਝੂਠੀ ਜਿਉਂ ਕਾਚੀ ਵੰਗ, ਸਾਚਾ ਸ਼ਬਦ ਗੁਰ ਮਾਰਿਆ ਬਾਣਾ । ਚੌਥਾ ਜੁਗ ਅੰਤ ਹੋਇਆ ਭੰਗ, ਸਤਿਜੁਗ ਸਾਚਾ ਪ੍ਰਭ ਸਾਚੇ ਲਾਣਾ । ਸੋਹੰ ਸ਼ਬਦ ਮਨ ਚਾੜ੍ਹੇ ਰੰਗ, ਚਾਰ ਵਰਨ ਪ੍ਰਭ ਇਕ ਕਰਾਣਾ । ਸਰਬ ਜੀਵ ਪ੍ਰਭ ਲਗਾਏ ਅੰਗ, ਜਗਤ ਭੇਖ ਸਰਬ ਮਿਟਾਣਾ । ਪ੍ਰਭ ਸਾਚਾ ਜਿਸ ਕੀਆ ਸੰਗ, ਅੰਤਕਾਲ ਜਾਏ ਵਿਚ ਬਬਾਣਾ । ਦੋਏ ਜੋੜ ਦਰ ਪ੍ਰਭ ਦਰਸ ਜੀਵ ਮੰਗ, ਪਰਗਟੇ ਜੋਤ ਪ੍ਰਭ ਜੋਤੀ ਜੋਤ ਮਿਲਾਣਾ । ਮਹਾਰਾਜ ਸ਼ੇਰ ਸਿੰਘ ਵਸੇ ਵਿਚ ਵਰਭੰਡ, ਗੁਰਮੁਖ ਵਿਰਲੇ ਕਿਸੇ ਪਛਾਣਾ । ਜਾਣੇ ਸੋ ਜਨ ਜਿਸ ਆਪ ਜਣਾਵੇ । ਮਾਇਆ ਰੂਪੀ ਪੜਦਾ ਉਤੋਂ ਆਤਮ ਲਾਹਵੇ । ਨਿਜ ਘਰ ਵਾਸੀ ਜੀਵ ਨਿਜਾਨੰਦ ਦਰਸਾਵੇ ।

ਆਤਮ ਬੁਝੀ ਦੀਪ ਸ਼ਬਦ ਗਿਆਨ ਫੇਰ ਜਗਾਵੇ । ਪ੍ਰਭ ਮਿਲਣ ਕੀ ਸਾਚੀ ਰੀਤ, ਰਸਨਾ ਜਪ ਪਰਮਗਤ ਪਾਵੇ । ਮਹਾਰਾਜ ਸ਼ੇਰ ਸਿੰਘ ਚਰਨ ਲਾਗ ਮਾਨਸ ਜਨਮ ਜਾਵੇ ਜੀਤ, ਗਰਭਵਾਸ ਜੀਵ ਫੇਰ ਨਾ ਆਵੇ । ਗਰਭਵਾਸ ਅਗਨ ਕੁੰਡ । ਜੀਵ ਬਿਲਲਾਏ ਜਿਉਂ ਕਾਗ ਭਸੁੰਡ । ਪ੍ਰਭ ਹੋਵੇ ਸਹਾਏ ਜਿਸ ਉਪਜਾਏ ਪਿੰਡ । ਮਹਾਰਾਜ ਸ਼ੇਰ ਸਿੰਘ ਪਾਰ ਕਰਾਇਆ, ਜਾਮਾ ਲੈ ਵਿਚ ਘਵਿੰਡ । ਘਨਕਪੁਰੀ ਪਰਗਟੇ ਘਨਸ਼ਾਮ । ਦੁਆਪਰ ਕ੍ਰਿਸ਼ਨ ਮੁਰਾਰੀ ਤ੍ਰੇਤਾ ਰਾਮ । ਕਲਜੁਗ ਪਹਰਿਆ ਪ੍ਰਭ ਨਿਹਕਲੰਕੀ ਜਾਮ । ਕਲਜੁਗ ਅੰਤ ਕਰਾਇਆ, ਮਹਾਰਾਜ ਸ਼ੇਰ ਸਿੰਘ ਪਰਗਟ ਜੋਤ ਪੂਰਨ ਕੀਆ ਕਾਮ । ਅੰਤ ਕਲਜੁਗ ਪ੍ਰਭ ਜੋਤ ਪਰਗਟਾਵੇ । ਵਿਚ ਜੁਗ ਪ੍ਰਭ ਗੁਰ ਉਪਜਾਵੇ । ਸਾਚੀ ਸ਼ਬਦ ਸੁਰ ਵਿਚ ਧੁਨ ਵਜਾਵੇ । ਅਨਹਦ ਰਾਗ ਦੇ ਆਪਣਾ ਸ਼ਬਦ ਸੁਣਾਵੇ । ਸਾਚਾ ਦਰਸ ਆਤਮ ਸਵਾਰ ਦੇ, ਵਾਜਾ ਪਵਨ ਵਿਚ ਦੇਹ ਵਜਾਵੇ । ਪੂਰਨ ਸੋਝੀ ਬ੍ਰਹਮ ਬ੍ਰਹਿਮਾਦ ਦੇ, ਵਿਚੋਂ ਦੂਈ ਭੇਤ ਮਿਟਾਵੇ । ਗੋਬਿੰਦ ਗੁਰ ਮਾਤ ਰਾਜ ਦੇ, ਸਾਚਾ ਸ਼ਬਦ ਮਨ ਵਸਾਵੇ । ਮਹਾਰਾਜ ਸ਼ੇਰ ਸਿੰਘ ਜੁਗੋ ਜੁਗ ਪੂਰਨ ਭਾਗ ਦੇ, ਚਰਨ ਪ੍ਰੀਤੀ ਭੁੱਲ ਨਾ ਜਾਵੇ । ਸਾਚਾ ਪ੍ਰਭ ਹੋਏ ਸਹਾਈ । ਅੱਠ ਅਠਰਾਹੀ ਦੇ ਰੋਗ ਗਵਾਈ । ਦੇ ਅੰਮ੍ਰਿਤ ਰਸ ਕੁੱਖ ਸੁਫਲ ਕਰਾਈ । ਦੁੱਖ ਦਰਦ ਸਭ ਪ੍ਰਭ ਕੇ ਵਸ, ਝੂਠੀ ਕਾਇਆ ਦੇਹ ਰੋਗ ਲਗਾਈ । ਮਹਾਰਾਜ ਸ਼ੇਰ ਸਿੰਘ ਚਰਨ ਲਾਗੋ ਨੱਸ ਨੱਸ, ਦੁੱਖ ਭੁੱਖ ਰਹੇ ਨਾ ਕਾਈ । ਸੋਹਣਾ ਦੀਸੇ ਤੇਰਾ ਬਾਣਾ । ਜੇ ਜਨ ਬਣ ਜਾਏ ਸੁਘੜ ਸਿਆਣਾ । ਸੋਹੰ ਸ਼ਬਦ ਮਨ ਵਸਾਣਾ । ਮਦਿ ਮਾਸ ਨੂੰ ਹੱਥ ਨਾ ਲਾਣਾ । ਚਰਨੀਂ ਲਾਗੇ ਹੋਏ ਨਿਮਾਣਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਦਰਸ ਦਿਖਾਣਾ । ਜੇ ਮਨ ਭਾਏ ਤਾਂ ਲੈਣਾ ਮੰਨ । ਸਾਚਾ ਸ਼ਬਦ ਸੁਣਾਇਆ ਕੰਨ । ਪਾਰ ਲੰਘਣ ਦਾ ਬੇੜਾ ਬੰਨ੍ਹ । ਉਤਮ ਵਸਤ ਵਿਚ ਦੇਹ ਵਸੇ, ਕਾਲ ਕਸਾਈ ਲਾਏ ਸੰਨ੍ਹ । ਸਾਚਾ ਪ੍ਰਭ ਜੋਤ ਪਰਗਟਾਵੇ, ਹਉਮੇ ਮਾਣ ਗਵਾਵੇ, ਕਰੋ ਬਚਨ ਜੇ ਕੋਈ ਮੁਨ ਜਨ । ਹੁਕਮੇ ਅੰਦਰ ਜੋ ਜਨ ਚਾਲੇ, ਸੁਫਲ ਕਰਾਇਆ ਮਾਣਸ ਜਨਮ । ਮਹਾਰਾਜ ਸ਼ੇਰ ਸਿੰਘ ਤੇਰੇ ਹੱਥ ਵਡਿਆਈ, ਆਤਮ ਕੱਢ ਭੁਲੇਖੇ ਭਰਮ । ਭਰਮ ਭੁੱਲਾ ਜੀਵ ਕਲਜੁਗ ਰੁੱਲਾ । ਵਿਚ ਦੇਹ ਨਾ ਵੇਖਿਆ ਪ੍ਰਭ ਲਾਲ ਅਨਮੁਲਾ । ਰਸਨ ਵਿਕਾਰੀ ਹੋ ਕੇ, ਮਨ ਝੂਠਾ ਡੁੱਲਾ । ਜਗਤ ਭਿਖਾਰੀ ਹੋ ਕੇ, ਮੰਗ ਪ੍ਰਭ ਭੰਡਾਰਾ ਖੁਲ੍ਹਾ । ਮਹਾਰਾਜ ਸ਼ੇਰ ਸਿੰਘ ਲਾਜ ਰਖਾਵੇ, ਸੋਹੰ ਬੰਨ੍ਹ ਪਾਰ ਲੰਘਨ ਦਾ ਸਾਚਾ ਤੁਲਾ ।

੩੭੫
੦੧

❋ ੧੫ ਵਿਸਾਖ ੨੦੦੮ ਬਿਕ੍ਰਮੀ ਹਵਲਦਾਰ ਪੂਰਨ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ❋

ਮਾਨਸ ਜਨਮ ਉਤਮ ਜਗ ਪਾਇਆ । ਸਾਚਾ ਨਾਮ ਨਾ ਰਿਦੇ ਵਸਾਇਆ । ਕਰ ਨੈਣ ਦਰਸ ਨਾ ਆਤਮ ਤ੍ਰਿਪਤਾਇਆ । ਲਾਹ ਜਗ ਹਰਸ, ਆਪਣਾ ਆਪ ਗੁਰ ਅੱਗੇ ਨਾ ਟਿਕਾਇਆ । ਅੰਮ੍ਰਿਤ ਸੋਮਾ ਬਰਸ, ਸਾਚਾ ਅੰਮ੍ਰਿਤ ਆਤਮ ਵਿਚ ਨਾ ਚੁਆਇਆ । ਨਿਰਧਨ ਕਰ ਤਰਸ, ਜੋਤ ਸਰੂਪ ਪ੍ਰਭ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਤੇਰਾ ਭੇਵ, ਕਲਜੁਗ ਕਿਸੇ ਨਾ ਪਾਇਆ । ਆਤਮ ਧਰੇ ਜੋਤ, ਹੋਏ ਦੇਹ ਉਜਿਆਰਾ । ਗੁਰਮੁਖ ਦਿਵਸ ਰੈਣ ਕਦੇ ਨਾ ਸੋਤ, ਜਿਨ੍ਹਾਂ ਮਿਲਿਆ ਪੁਰਖ ਅਪਰ ਅਪਾਰਾ । ਗੁਰਸਿਖ ਸਤਿਜੁਗ ਨਿਰਮਲ ਗੋਤ, ਸੋਹੰ ਸ਼ਬਦ ਹੋਏ ਆਤਮ ਅਧਾਰਾ ।

ਬੇਮੁਖ ਸ੍ਰਿਸ਼ਟ ਅੰਤ ਗਈ ਰੋਤ, ਅੰਤਕਾਲ ਨਾ ਮਿਲੇ ਮੋਖ ਦਵਾਰਾ । ਗੁਰਸਿਖਾਂ ਜਗਾਏ ਪ੍ਰਭ ਨਿਰਮਲ ਜੋਤ, ਸ਼ਬਦ ਸੁਰਤ ਦੇ ਬੈਠੇ ਆਪ ਨਿਆਰਾ । ਮਹਾਰਾਜ ਸ਼ੇਰ ਸਿੰਘ ਤੇਰਾ ਦਰ, ਸਤਿਜੁਗ ਹੋਵੇ ਸਾਚਾ ਦਰਬਾਰਾ । ਈਸ਼ਰ ਜੋਤ ਨਿਰਮਲ ਜਗਾਤੀ । ਸਦਾ ਪਰਕਾਸ਼, ਨਾ ਦਿਵਸ ਨਾ ਰਾਤੀ । ਗੁਰਸਿਖ ਆਤਮ ਵੇਖ ਮਾਰ ਝਾਤੀ । ਜਿਥੇ ਵਸੇ ਵਡ ਗੁਣ ਦਾਤਾ ਸਰਬ ਕਾ ਦਾਤੀ । ਜ਼ਾਤ ਪਾਤ ਨਾ ਪ੍ਰਭ ਕੀ ਕੋਈ, ਨਿਰਮਲ ਜੋਤ ਸਾਚੀ ਜਾਤੀ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼, ਗੁਰਸਿਖ ਹਿਰਦਾ ਜਿਉਂ ਦੀਪਕ ਬਾਤੀ । ਨਿਰਮਲ ਜੋਤ ਜਗੇ ਅੰਦਰ । ਸਾਚਾ ਤਨ ਸੁਹਾਏ ਮੰਦਰ । ਵਸੇ ਪ੍ਰਭ ਵਿਚ ਆਪ ਇਕ ਕੰਦਰ । ਦੇਵੇ ਬ੍ਰਹਮ ਗਿਆਨ ਖੋਲ੍ਹੇ ਮਨ ਜੰਦਰ । ਮਹਾਰਾਜ ਸ਼ੇਰ ਸਿੰਘ ਗੁਰਸਿਖ ਵਸੇ, ਨਿਰਜੰਣ ਜੋਤ ਸਦਾ ਦੇਹ ਅੰਦਰ । ਕਲਜੁਗ ਪਰਗਟੇ ਜੋਤ ਨਿਰੰਕਾਰੀ । ਸ਼ਬਦ ਸੁਣੇ ਭੁੱਲੇ ਨਾ ਜਾਣੇ ਜੀਵ ਸੰਸਾਰੀ । ਦੇਵੇ ਸ਼ਬਦ ਗਿਆਨ ਕਿਸੇ ਵਿਰਲੇ ਬ੍ਰਹਮ ਵਿਚਾਰੀ । ਸਿਰ ਰੱਖ ਪ੍ਰਭ ਹੱਥ, ਕਲਜੁਗ ਸੋਝੀ ਪਾਈ ਸਾਰੀ । ਦੇਹ ਚਲਾਇਆ ਰਥ ਵਿਚ ਸੋਹੰ ਪਾਈ ਵੱਥ, ਸਾਚਾ ਹੋਵੇ ਆਪ ਭੰਡਾਰੀ । ਬੇਮੁਖ ਸ਼ਬਦ ਨਾ ਜਾਨਣ, ਦਰ ਆਏ ਜਾਇਣ ਝੱਖ ਮਾਰੀ । ਗੁਰਸਿਖ ਗੁਰਚਰਨ ਲਾਗ ਸਦਾ ਸੁਖ ਮਾਨਣ, ਦੇਵੇ ਦਰਸ ਪ੍ਰਭ ਮੁਰਾਰੀ । ਪ੍ਰਭ ਕਾ ਭਇਉ ਭਗਤ ਜਨ ਪਛਾਨਣ, ਜਨ ਦੇਵੇ ਜੋਤ ਅਧਾਰੀ । ਚਾਰ ਕੁੰਟ ਹੋਏ ਜਗ ਚਾਨਣ, ਮਹਾਰਾਜ ਸ਼ੇਰ ਸਿੰਘ ਜੋਤ ਚਮਤਕਾਰੀ । ਜਗਤ ਜੋਤ ਜੋਤ ਜਗਤ ਵਿਚ ਰਹਾਏ । ਬੇਮੁਖ ਜੀਵ ਕਲਜੁਗ ਲਏ ਭੁਲਾਏ । ਜਿਸ ਭੁਲਾਇਆ ਤਿਸ ਪ੍ਰਭ ਨਜ਼ਰ ਨਾ ਆਏ । ਆਪਣਾ ਆਪ ਗਵਾਇਆ, ਮਦਿ ਮਾਸ ਆਹਾਰ ਬਣਾਏ । ਸਾਧ ਸੰਗਤ ਵਕਤ ਸੁਹਾਇਆ । ਪ੍ਰਭ ਅਬਿਨਾਸ਼ੀ ਦਰਸ਼ਨ ਪਾਇਆ । ਆਤਮ ਨਿਰਮਲ ਸੋਹੰ ਗਾਇਆ । ਸਾਚਾ ਪ੍ਰਭ ਗਿਆਨ ਦਵਾਏ, ਅੰਤਕਾਲ ਪ੍ਰਭ ਹੋਏ ਸਹਾਇਆ । ਸਤਿਗੁਰ ਸਾਚਾ ਸਚ ਲਿਖਾਏ, ਅੰਤਕਾਲ ਗੁਰਸਿਖਾਂ ਆਣ ਤਰਾਇਆ । ਨਿਹਕਲੰਕ ਹੋਏ ਦਰਸ ਦਿਖਾਏ । ਮਾਨਸ ਜਨਮ ਸੁਫਲ ਕਰਾਏ । ਜੋਤ ਵਿਚ ਜੋਤ ਮਿਲਾਏ । ਗਰਭਵਾਸ ਫਿਰ ਸਿੱਖ ਨਾ ਆਏ । ਸਾਚਾ ਪ੍ਰਭ ਦਇਆ ਕਮਾਏ । ਉਧਰੇ ਪਾਰ ਜਿਸ ਸੋਹੰ ਗਾਇਆ, ਮਹਾਰਾਜ ਸ਼ੇਰ ਸਿੰਘ ਓਟ ਰਖਾਏ । ਕਲਜੁਗ ਓਟ ਇਕ ਧਰ ਪ੍ਰਭ । ਬਾਕੀ ਖੋਟ ਵਿਕਾਰ ਵਿਸਾਰ ਸਭ । ਸੋਹੰ ਸ਼ਬਦ ਚੋਟ ਮਾਰ ਆਤਮ ਧਾਰ ਝਬ । ਮਹਾਰਾਜ ਸ਼ੇਰ ਸਿੰਘ ਸਤਿ ਪੁਰਖਾਂ ਲਿਆ ਲੱਭ । ਕਲਜੁਗ ਘੋਰ ਅੰਧੇਰ, ਪ੍ਰਭ ਜੋਤ ਪਰਕਾਸ਼ਿਆ । ਕਲਜੁਗ ਘੋਰ ਅੰਧੇਰ, ਨਿਹਕਲੰਕ ਵਿਚ ਦੇਹ ਸਿੱਖ ਵਾਸਿਆ । ਕਲਜੁਗ ਘੋਰ ਅੰਧੇਰ, ਪਰਗਟੀ ਜੋਤ ਪ੍ਰਭ ਅਬਿਨਾਸਿਆ । ਕਲਜੁਗ ਘੋਰ ਅੰਧੇਰ, ਸਾਧ ਸੰਗਤ ਪ੍ਰਭ ਸਦ ਹੈ ਵਾਸਿਆ । ਕਲਜੁਗ ਘੋਰ ਅੰਧੇਰ, ਮਹਾਰਾਜ ਸ਼ੇਰ ਸਿੰਘ ਛੱਡ ਆਕਾਸ਼ ਵਿਚ ਮਾਤ ਨਿਵਾਸਿਆ । ਨਿਵਾਸ ਪ੍ਰਭ ਸਰਬ ਜੀਵ । ਗੁਰਚਰਨ ਲਾਗ ਰਸ ਅੰਮ੍ਰਿਤ ਪੀਵ । ਪੀ ਅੰਮ੍ਰਿਤ ਨਿਰਮਲ ਹੋਵੇ ਆਤਮ ਦੀਵ । ਜਗੇ ਦੀਵ ਵਿਚ ਪ੍ਰਭ ਚਰਨ ਜੀਵ । ਸੋਹੰ ਸਾਚਾ ਨਾਮ ਵਿਚ ਪਾਪ ਕਲੀਵ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼ੇ, ਆਦਿ ਅੰਤ ਵਿਚ ਜੰਤ ਜੀਵ । ਜੀਵ ਜੰਤ ਪ੍ਰਭ ਆਪ ਸਮਾਵੇ । ਬੇਮੁਖ ਵੇਖੇ ਨਜ਼ਰ ਨਾ ਆਵੇ । ਗੁਰਸਿਖਾਂ ਪ੍ਰਭ ਸਾਚੀ ਬੂਝ ਬੁਝਾਵੇ । ਸੋਹੰ ਨਾਮ ਆਤਮ ਬ੍ਰਹਮ ਗਿਆਨ ਦਵਾਵੇ । ਆਤਮ ਜੋਤ ਸਰੂਪ ਪ੍ਰਭ ਜੋਤ ਜਗਾਵੇ । ਜਗੇ ਜੋਤ ਹੋਏ ਉਜਿਆਰਾ, ਨਿਰਮਲ ਬਾਤੀ ਵਿਚ ਦੇਹ ਲਗਾਵੇ । ਹੋਏ ਪਰਕਾਸ਼ ਮਿਟੇ ਅੰਧਿਆਰਾ, ਸਾਚਾ ਪ੍ਰਭ ਰਿਦੇ ਸਮਾਵੇ । ਕਲਜੁਗ ਭਰਮ ਭੁੱਲਾ ਸੰਸਾਰਾ, ਨਿਹਕਲੰਕ ਨਜ਼ਰ ਨਾ ਆਵੇ । ਮਹਾਰਾਜ ਸ਼ੇਰ ਸਿੰਘ ਦੇਵੇ ਜੋਤ ਉਜਿਆਰਾ, ਸਾਧ ਸੰਗਤ ਟੁੰਬ ਉਠਾਵੇ । ਜੋਤ ਸਰੂਪ ਵਿਚ ਸਿੱਖ

ਸਮਾਇਆ । ਆਪ ਅਪਰੰਪਰ ਸਭ ਥਾਨ ਸੁਹਾਇਆ । ਮਾਤ ਪਾਤਾਲ ਆਕਾਸ਼ ਤੀਨ ਲੋਕ ਰਹਾਇਆ । ਖੰਡ ਬ੍ਰਹਿਮੰਡ ਵਰਭੰਡ ਪ੍ਰਭ ਜੋਤ ਜਗਾਇਆ । ਅਛਲ ਅਛੱਲ ਅਛੇਦ ਪ੍ਰਭ ਕਿਸੇ ਭੇਦ ਨਾ ਪਾਇਆ । ਕਲਜੁਗ ਜਾਮਾ ਧਾਰ ਨਿਹਕਲੰਕ ਅਖਵਾਇਆ । ਬੇਮੁਖਾਂ ਕਰ ਖੁਆਰ, ਸਾਚਾ ਨਾਮ ਦਿਲੋਂ ਭੁਲਾਇਆ । ਗੁਰਸਿਖਾਂ ਦੇਵੇ ਦਾਤ, ਗੁਰਚਰਨ ਦਵਾਰ ਮਿਲ ਸਾਧ ਸੰਗਤ ਰਸਨਾ ਹਰਿ ਜਸ ਗਾਇਆ । ਸੋਹੰ ਨਾਮ ਦੇਵੇ ਉਤਮ ਭੰਡਾਰ, ਗੁਣ ਦਾਤਾ ਦੇ ਤੋਟ ਕਦੇ ਨਾ ਆਇਆ । ਕਲਜੁਗ ਭਗਤਨ ਕਰੇ ਉਧਾਰ, ਧਾਰ ਖੇਲ ਚਤੁਰਭੁਜ ਕਹਾਇਆ । ਮਹਾਰਾਜ ਸ਼ੇਰ ਸਿੰਘ ਕਲ ਨਰ ਅਵਤਾਰ, ਸੋਹੰ ਸਾਚਾ ਨਾਮ ਚਲਾਇਆ । ਸਤਿਜੁਗ ਚਲੇ ਸੋਹੰ ਨਾਉਂ । ਚਾਰ ਕੁੰਟ ਸਰਬ ਜੀਵ ਜੰਤ ਰਸਨਾ ਗਾਓ । ਬੇਮੁਖਾਂ ਗੁਰ ਦਰ ਨਾ ਲਾਗਨ ਪਾਓ । ਸਾਧ ਸੰਗਤ ਹਰਿ ਪ੍ਰਭ ਰਿਦੇ ਸਮਾਓ । ਆਤਮ ਜੋਤ ਨਿਜ ਮਾਹਿ ਜਗਾਓ । ਮਹਾਰਾਜ ਸ਼ੇਰ ਸਿੰਘ ਸਰਬ ਘਟ ਵਾਸੀ, ਅੰਤਕਾਲ ਪ੍ਰਭ ਦਰਸ਼ਨ ਪਾਓ । ਸਾਚਾ ਪ੍ਰਭ ਸੱਚੀ ਵਡਿਆਈ । ਘਟ ਘਟ ਵਾਸੀ ਸਰਬ ਥਾਈਂ ਸਮਾਈ । ਆਦਿ ਅੰਤ ਭਗਤਨ ਹੋਏ ਸਹਾਈ । ਕਲਜੁਗ ਲੈ ਅਵਤਾਰ, ਘਨਕਪੁਰੀ ਪ੍ਰਭ ਜੋਤ ਜਗਾਈ । ਮੂਰਖ ਮੁਗਧ ਨਾ ਪਾਇਣ ਸਾਰ, ਨਿਰੰਜਣ ਜੋਤ ਵਿਚ ਮਾਤ ਦੇ ਆਈ । ਸਮਰਥ ਪੁਰਖ ਕਰ ਵਿਚਾਰ, ਸਾਚੇ ਪ੍ਰਭ ਦੀ ਸੋਝੀ ਪਾਈ । ਸੋਹੰ ਮਿਲਿਆ ਨਾਮ ਅਧਾਰ, ਬੁਝੀ ਦੀਪਕ ਪ੍ਰਭ ਫੇਰ ਜਗਾਈ । ਅੰਤਕਾਲ ਨਾ ਕਲ ਹੋਏ ਖੁਆਰ, ਸਾਚਾ ਪ੍ਰਭ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਚਰਨ ਪਿਆਰ, ਸਾਧ ਸੰਗਤ ਬਣ ਆਈ । ਕਲਜੁਗ ਭਇਆ ਪ੍ਰਭ ਕਾ ਭੇਖ । ਗੁਣ ਨਿਧਾਨ ਭਗਤਨ ਆਪ ਲਿਖਾਏ ਲੇਖ । ਵਿਸ਼ਨੂੰ ਭਗਵਾਨ ਜੋਤ ਅਗੰਮ ਪ੍ਰਭ ਦੇਖ । ਪੀਰ ਪੈਗੰਬਰ ਔਲੀਆ ਪ੍ਰਭ ਮਿਟਾਏ ਸ਼ੇਖ਼ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਚਲਾਏ ਇਕ ਵਸੇਖ । ਸੋਹੰ ਸ਼ਬਦ ਸਤਿਜੁਗ ਵਰਤੰਤਾ । ਕਲਜੁਗ ਅੰਤ ਜੋਤ ਸਰੂਪ ਪ੍ਰਭ ਆਪ ਕਰੰਤਾ । ਪਰਗਟ ਵਿਚ ਕਲ, ਭਗਤਨ ਮਿਲੇ ਆਪ ਭਗਵੰਤਾ । ਉਤਮ ਦੇ ਬ੍ਰਹਮ ਗਿਆਨ, ਮਾਣ ਦਵਾਏ ਵਿਚ ਸਾਧਨ ਸੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਰਹਾਏ ਵਿਚ ਸਰਬ ਜੀਵ ਜੰਤਾ । ਕਲਜੁਗ ਮਾਇਆ ਜਗਤ ਭੁਲਾਇਆ । ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਨਿਰਾਹਾਰੀ ਨਿਰਵੈਰ ਵਿਚ ਸਿੱਖ ਸਮਾਇਆ । ਛੱਡ ਦੇਹ ਅਪਾਰ, ਜੋਤ ਸਰੂਪ ਨਿਹਕਲੰਕ ਅਖਵਾਇਆ । ਦੁਸ਼ਟਾਂ ਦੇ ਸੰਘਾਰ, ਮਦਿ ਮਾਸ ਜਿਸ ਆਹਾਰ ਬਣਾਇਆ । ਭਗਤਨ ਦੇਵੇ ਤਾਰ, ਚਰਨ ਆਏ ਜਿਸ ਸੀਸ ਝੁਕਾਇਆ । ਅੰਤਕਾਲ ਨਾ ਹੋਏ ਖੁਆਰ, ਪ੍ਰਭ ਅਬਿਨਾਸ਼ੀ ਘਰ ਮਾਹਿ ਪਾਇਆ । ਗੁਰਸਿਖ ਸੋਹਣ ਸਚਖੰਡ ਦਵਾਰ, ਸਾਚਾ ਦੀਪਕ ਪ੍ਰਭ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਤੀਨ ਲੋਕ ਜੋਤ ਆਕਾਰ, ਏਕਾ ਜੋਤ ਸ੍ਰਿਸ਼ਟ ਸਬਾਈ ਜੋਤ ਜਗਾਇਆ । ਪ੍ਰਭ ਕੀ ਜੋਤ ਸਦਾ ਅਤੋਲ । ਪ੍ਰਭ ਅਤੁਲ ਨਾ ਕੋਈ ਸਕੇ ਤੋਲ । ਕਲਜੁਗ ਉਤਮ ਨਾਮ ਸੋਹੰ ਨਾ ਕੋਈ ਸਕੇ ਰੋਲ । ਮਹਾਰਾਜ ਸ਼ੇਰ ਸਿੰਘ ਵਸੇ ਹਰ ਥਾਉਂ, ਜੀਵ ਆਤਮ ਵੇਖ ਖੋਲ੍ਹ । ਧਰੇ ਜੋਤ ਪ੍ਰਭ ਨੈਣ ਮਧਾਰੀ । ਪਤਾਲ ਬਾਸ਼ਕ ਸੇਜ ਸਿੰਘਆਸਣ ਪੈਜ ਸਵਾਰੀ । ਕਲਜੁਗ ਜਾਮਾ ਧਾਰ, ਨਿਹਕਲੰਕ ਨਿਰੰਜਣ ਜੋਤ ਕਲ ਕਰੇ ਖੁਆਰੀ । ਜਾਮਾ ਧਾਰ ਚੌਥੇ ਜੁਗ ਕਰੇ ਖੁਆਰੀ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਦੇ ਦਰਸ ਪੈਜ ਸਵਾਰੀ । ਦਰਸ ਦਾਨ ਪ੍ਰਭ ਭਗਤਨ ਕੋ ਦੀਆ । ਬ੍ਰਹਮ ਗਿਆਨ ਵਿਰਲੇ ਗੁਰਮੁਖ ਲੀਆ । ਸੋਹੰ ਜਪ ਸਾਚਾ ਨਾਮ, ਆਤਮ ਨਿਰਮਲ ਕੀਆ । ਗੁਰਚਰਨ ਲਾਗ ਕਰ ਨਿਮਸਕਾਰ, ਪ੍ਰਭ ਮਿਲਨ ਕਾ ਸਾਚਾ ਹੀਆ । ਆਤਮ ਜੋਤ ਹੋਏ ਉਧਾਰ, ਜਗੇ ਜੋਤ ਵਿਚ ਦੇਹ ਦੀਆ । ਮਹਾਰਾਜ

ਸ਼ੇਰ ਸਿੰਘ ਅੰਮ੍ਰਿਤ ਨਾਉਂ ਰਸਨਾ ਜਪ, ਗੁਰਮੁਖਾਂ ਆਤਮ ਰਸ ਪੀਆ । ਰਸਨਾ ਜਪ ਤੋੜ ਆਤਮ ਅਨਾਤਮ । ਮੁਖ ਨਾ ਮੋੜ ਕਲ ਪਰਗਟੇ ਪਰਮਾਤਮ । ਅੰਤਕਾਲ ਬੰਦੀ ਛੋੜ ਸਦਾ ਹਰਿ ਪਾਤਮ । ਮਹਾਰਾਜ ਸ਼ੇਰ ਸਿੰਘ ਕਲ ਭਗਤਨ ਲਿਆ ਲੋੜ, ਬੇਮੁਖ ਅੰਤ ਹੋ ਜਾਇਣ ਖਾਤਮ । ਬੇਮੁਖ ਸੋ ਜਨ, ਜਿਨ ਹਰਿ ਭੁਲਾਇਆ । ਬੇਮੁਖ ਸੋ ਜਨ, ਜਿਨ ਮਦਿਰਾ ਮਾਸ ਆਹਾਰ ਬਣਾਇਆ । ਬੇਮੁਖ ਸੋ ਜਨ, ਸਾਚੇ ਪ੍ਰਭ ਨਾ ਜਿਸ ਦਰਸ ਦਿਖਾਇਆ । ਬੇਮੁਖ ਸੋ ਜਨ, ਨਿਜ ਘਰ ਵਾਸੀ ਪ੍ਰਭ ਨਜ਼ਰ ਨਾ ਆਇਆ । ਬੇਮੁਖ ਸੋ ਜਨ, ਨਰ ਨਰਾਇਣ ਕਲ ਪ੍ਰਭ ਨਾ ਪਾਇਆ । ਬੇਮੁਖ ਸੋ ਜਨ, ਭਰਮ ਭੁਲੇਖੇ ਜਗਤ ਭੁਲਾਇਆ । ਬੇਮੁਖ ਸੋ ਜਨ, ਕਰ ਨਿੰਦ ਪ੍ਰਭ ਦੁਸ਼ਟ ਦੁਰਾਚਾਰ ਪ੍ਰਭ ਨਾਉਂ ਧਰਾਇਆ । ਬੇਮੁਖ ਸੋ ਜਨ, ਅੰਤਕਾਲ ਜਮਦੂਤ ਆਏ ਸਤਾਇਆ । ਬੇਮੁਖ ਸੋ ਜਨ, ਅੰਤ ਨਰਕ ਨਿਵਾਸ ਰਖਾਇਆ । ਬੇਮੁਖ ਸੋ ਜਨ, ਸੋਹੰ ਸ਼ਬਦ ਨਾ ਰਿਦੇ ਵਸਾਇਆ । ਬੇਮੁਖ ਸੋ ਜਨ, ਨੇਤਰ ਪੇਖ ਨਾ ਸੀਸ ਝੁਕਾਇਆ । ਬੇਮੁਖ ਸੋ ਜਨ, ਗੁਰ ਪੂਰੇ ਤੋਂ ਮੁਖ ਭਵਾਇਆ । ਗੁਰਸਿਖ ਤੇਰਾ ਜਨਮ ਧੰਨ, ਸਾਚਾ ਨਾਮ ਰਿਦੇ ਵਸਾਇਆ । ਆਤਮ ਗਿਆ ਜੀਵ ਮਨ ਮੰਨ, ਪ੍ਰਭ ਪੂਰੇ ਜਿਸ ਦਰਸ ਦਿਖਾਇਆ । ਸੋਹੰ ਸ਼ਬਦ ਸੁਣਾਇਆ ਕੰਨ, ਅਨਹਦ ਧੁਨ ਪ੍ਰਭ ਨਾਦ ਵਜਾਇਆ । ਚਰਨ ਲਾਗ ਤਰੇ ਭਗਤ ਜਨ, ਮਾਨਸ ਜਨਮ ਸੁਫਲ ਕਰਾਇਆ । ਸੋਹੰ ਦਾਤ ਨਾ ਲਾਗੇ ਸੰਨ੍ਹ, ਸਾਚੇ ਪ੍ਰਭ ਕਲ ਦਇਆ ਕਮਾਇਆ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਪਰਗਟ ਜੋਤ ਨਿਹਕਲੰਕ ਕਲ ਜਗਤ ਭੁਲਾਇਆ । ਅੰਤਕਾਲ ਕਲ ਪ੍ਰਭ ਕੀਆ ਅੰਤ । ਪ੍ਰਭ ਕੀ ਮਹਿੰਮਾ ਬੜੀ ਬੇਅੰਤ । ਕਲਜੁਗ ਜੀਵ ਭੁਲਾਇਆ, ਦਰਸਾਇਆ ਕਿਸੇ ਵਿਰਲੇ ਸੰਤ । ਜਣਾਇਆ ਤਰਾਇਆ ਭਗਤ ਮਿਲਿਆ ਪ੍ਰਭ ਭਗਵੰਤ । ਬੇਮੁਖਾਂ ਭੁਲਾਇਆ ਨਜ਼ਰ ਨਾ ਆਇਆ, ਸਾਚਾ ਪ੍ਰਭ ਜਿਸ ਬਣਾਈ ਬਣਤ । ਵਿਚ ਦੇਹ ਪ੍ਰਭ ਡੇਰਾ ਲਾਇਆ, ਸਚ ਅਸਥਾਨ ਸਚ ਜੋਤ ਜਗਾਇਆ, ਬੈਠ ਆਪ ਪ੍ਰਭ ਇਕੰਤ । ਸੋਹੰ ਨਾਮ ਦਿਵਾਇਆ, ਅਗਿਆਨ ਅੰਧੇਰ ਮਿਟਾਇਆ, ਅਨਹਦ ਸ਼ਬਦ ਧੁਨ ਵਜੰਤ । ਬਜਰ ਕਪਾਟ ਖੁਲ੍ਹਾਇਆ, ਅੰਮ੍ਰਿਤ ਝਿਰਨਾ ਨਿਝਰੋਂ ਝਿਰਾਇਆ, ਸੋਹੰ ਸ਼ਬਦ ਦੀਆ ਸਾਚਾ ਮੰਤ । ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ, ਜਿਸ ਚਰਨ ਲਗਾਇਆ, ਧਰੇ ਜੋਤ ਮਾਤ ਆਦਿ ਅੰਤ । ਆਦਿ ਅੰਤ ਪ੍ਰਭ ਜੋਤ ਪਰਕਾਸ਼ੇ । ਆਵੇ ਜਾਵੇ ਸਦ ਅਬਿਨਾਸ਼ੇ । ਅੰਤਕਾਲ ਕਲ ਕਰੇ ਨਾਸੇ । ਪਰਗਟੀ ਜੋਤ ਵਿਚ ਮਾਤ ਪਾਤਾਲ ਆਕਾਸ਼ੇ । ਕਲਜੁਗ ਗੁਰਮੁਖਾਂ ਪਾਇਆ ਸਾਚਾ ਸ਼ਾਹੋ ਸ਼ਾਬਾਸ਼ੇ । ਕਲਜੁਗ ਪਰਗਟਿਆ ਪ੍ਰਭ ਕਲ ਧਾਰੀ । ਚਰਨ ਲਗਾਏ ਮਾਣ ਗਵਾਏ ਪਕੜ ਹੰਕਾਰੀ । ਬੇਮੁਖ ਖਪਾਏ ਭਗਤ ਤਰਾਏ, ਅੰਮ੍ਰਿਤ ਦੇਵੇ ਨਾਮ ਭੰਡਾਰੀ । ਸੋਹੰ ਸ਼ਬਦ ਚਲਾਏ ਗਿਆਨ ਦਿਵਾਏ, ਵੱਡਾ ਆਪ ਪ੍ਰਭ ਸੰਸਾਰੀ । ਗੁਰਮੁਖਾਂ ਦਰਸ ਦਿਖਾਏ, ਭਰਮ ਭੁਲੇਖੇ ਸਾਰੇ ਲਾਹੇ, ਦਰ ਘਰ ਆਏ ਪ੍ਰਭ ਪੈਜ ਸਵਾਰੀ । ਬੇਮੁਖ ਬਿਲਲਾਏ ਕਲ ਕਰਨ ਹਾਏ ਹਾਏ, ਸਰਬ ਸ੍ਰਿਸ਼ਟ ਪ੍ਰਭ ਆਪ ਸੰਘਾਰੀ । ਮਹਾਰਾਜ ਸ਼ੇਰ ਸਿੰਘ ਗੁਰਚਰਨ ਗੁਰਸਿਖ ਲਾਗੇ, ਸਰਨ ਪੜੇ ਦੀ ਪੈਜ ਸਵਾਰੀ । ਸ੍ਰਿਸ਼ਟ ਸੰਘਾਰ ਕਲਜੁਗ ਖਪਾਇਆ । ਕੁੰਟ ਚਾਰ ਹਾਹਾਕਾਰ ਕਰਾਇਆ । ਜੀਵ ਜੰਤ ਦੁੱਖੀ ਹੋਏ ਬਿਲਲਾਇਆ । ਕਲਜੁਗ ਕਸਾਈ ਅੰਤਕਾਲ ਕਲ ਕਹਿਰ ਵਰਤਾਇਆ । ਚਾਰ ਕੁੰਟ ਪੈ ਜਾਏ ਦੁਹਾਈ, ਅੰਤਕਾਲ ਨਾ ਕੋਈ ਹੋਏ ਸਹਾਇਆ । ਭੈਣਾਂ ਨੂੰ ਛੱਡ ਜਾਣ ਭਾਈ, ਕਲਜੁਗ ਵੇਲਾ ਨੇੜੇ ਆਇਆ । ਗੁਰਸਿਖਾਂ ਪ੍ਰਭ ਹੋਏ ਸਹਾਈ, ਪਰਗਟ ਜੋਤ ਦਰਸ ਦਿਖਾਇਆ । ਸੋਹੰ ਸ਼ਬਦ ਮਨ ਵੱਜੀ ਵਧਾਈ, ਰਸਨਾ ਜਪ ਹਰਿ ਸੁਖ ਪਾਇਆ । ਸਾਧ ਸੰਗਤ ਤੇਰੀ ਵਡਿਆਈ, ਸਾਚਾ ਪ੍ਰਭ ਸਚ ਕਲ ਪਰਗਟਾਇਆ ।

੩੭੮
੦੧

ਮਹਾਰਾਜ ਸ਼ੇਰ ਸਿੰਘ ਤੇਰੀ ਸਰਨਾਈ, ਜੋ ਜਨ ਆਏ ਪਾਰ ਕਰਾਇਆ । ਕਲਜੁਗ ਹੋਵੇ ਕਾਲ ਅੰਤ, ਜੀਵ ਸਰਬ ਬਿਲਲਾਇਨ । ਜਗਤ ਜੀਵ ਜੰਤ ਥਾਏਂ ਛੱਡ ਜਾਇਣ । ਸੋਹੰ ਸਾਚਾ ਸ਼ਬਦ ਗੁਰਮੁਖ ਵਿਰਲੇ ਗਾਇਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਗੁਰਸਿਖ ਜਗਾਇਣ । ਰੱਖ ਆਸ ਜੀਵ ਪ੍ਰਭ ਦਰਸ਼ਨ ਕਰਨਾ । ਕਰ ਦਰਸ ਪ੍ਰਭ ਅੰਤਕਾਲ, ਕਲ ਕਦੇ ਨਾ ਮਰਨਾ । ਗੁਰਚਰਨ ਹੋਵੇ ਤੇਰਾ ਸਦ ਵਾਸ, ਮਿਲ ਸਾਧ ਸੰਗਤ ਭਵਜਲ ਤਰਨਾ । ਆਤਮ ਜੋਤ ਹੋਵੇ ਪਰਕਾਸ਼, ਅੰਤਕਾਲ ਜਮ ਡੰਡ ਨਾ ਭਰਨਾ । ਪ੍ਰਭ ਕੀ ਜੋਤ ਸਦਾ ਅਬਿਨਾਸ਼, ਹੋਏ ਨਿਮਾਣਾ ਲਾਗ ਪ੍ਰਭ ਚਰਨਾਂ । ਮਿਲੇ ਪ੍ਰਭ ਸਰਬ ਗੁਣਤਾਸ, ਕਲਜੁਗ ਪਰਗਟੇ ਧਰਨੀ ਧਰਨਾ । ਮਹਾਰਾਜ ਸ਼ੇਰ ਸਿੰਘ ਸਦ ਹੈ ਪਾਸ, ਸੋਹੰ ਨਾਮ ਗੁਰਸਿਖਾਂ ਵਰਨਾ । ਗੁਰਸਿਖ ਨਾਮ ਨਿਰੰਜਣ ਪਾਇਆ । ਲੱਖ ਚੁਰਾਸੀ ਗੇੜ ਚੁਕਾਇਆ । ਨਿਜ ਘਰ ਵਾਸੀ ਨਿਜ ਮਾਹਿ ਪਾਇਆ । ਸੋਹੰ ਸਾਚਾ ਨਾਮ ਮਨ ਵਸਾਇਆ । ਨਿਹਕਲੰਕ ਸੋਹੰ ਸਾਚਾ ਜਾਪ ਸਤਿਜੁਗ ਚਲਾਇਆ । ਮਹਾਰਾਜ ਸ਼ੇਰ ਸਿੰਘ ਵਡ ਪਰਤਾਪ, ਜੋਤ ਸਰੂਪ ਜਿਸ ਭੇਖ ਵਟਾਇਆ । ਜੋਤ ਸਰੂਪ ਜਗਤ ਕਾ ਦਾਤਾ । ਸੁਰਤ ਸ਼ਬਦ ਕੋਈ ਪਾਵੇ ਬ੍ਰਹਮ ਗਿਆਤਾ । ਸ਼ਬਦ ਧੁਨ ਉਪਜਾਵੇ ਮਨ ਆਤਮ ਦਰਸ ਪ੍ਰਭ ਸਾਚਾ ਨਾਤਾ । ਗੁਰਸਿਖ ਚਰਨ ਲਗਾਵੇ ਕਲਜੁਗ ਜਿਸ ਦੇਵੇ ਗਿਆਨ ਧਿਆਨ ਹੋਵੇ ਬ੍ਰਹਮ ਗਿਆਤਾ । ਪ੍ਰਭ ਦਰਸ ਲੋੜੇ ਸਭ ਮੁਨ ਜਨ, ਨਜ਼ਰ ਨਾ ਆਵੇ ਪੁਰਖ ਬਿਧਾਤਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਗੁਰਸਿਖਾਂ ਮਿਲਿਆ ਰੰਗ ਰਾਤਾ । ਰੰਗ ਰੰਗੀਲੜਾ ਮਾਧਵ, ਸਤਿਜੁਗ ਸਾਚਾ ਰੰਗ ਚੜ੍ਹਾਇਆ । ਹੋਏ ਅੰਤ ਖਪਾਏ ਕਲ ਜਾਏ ਕਲਜੁਗ ਢੰਡੋਰਾ ਸੋਹੰ ਸੁਣਾਇਆ । ਤਰ ਜਾਣ ਵਿਰਲੇ ਸਾਧ, ਜਿਨ੍ਹਾਂ ਸਿਰ ਹੱਥ ਟਿਕਾਇਆ । ਸਾਚਾ ਪ੍ਰਭ ਰਸਨਾ ਵਰੇ ਰਾਧਵ, ਸੋ ਅਰਾਧੇ ਜਿਸ ਪ੍ਰਭ ਦਰਸ ਦਿਖਾਇਆ । ਅਨਹਦ ਸ਼ਬਦ ਪ੍ਰਭ ਵਜਾਵੇ ਨਾਦ, ਕਵਲ ਨਾਭ ਖੋਲ੍ਹ ਵਖਾਇਆ । ਖੁਲ੍ਹੇ ਕਵਲ ਵਰਖੇ ਅੰਮ੍ਰਿਤ, ਦਵਾਰ ਦਸਵੇਂ ਪ੍ਰਭ ਪਰਦਾ ਲਾਹਿਆ । ਮਹਾਰਾਜ ਸ਼ੇਰ ਸਿੰਘ ਰਸਨ ਗੁਣ ਗਾਓ, ਦੇ ਦਰਸ ਜਿਸ ਭਰਮ ਚੁਕਾਇਆ । ਭਰਮ ਚੂਕੇ ਗੁਰ ਦਰਬਾਰੇ । ਆਤਮ ਸੰਸੇ ਪ੍ਰਭ ਸਰਬ ਨਿਵਾਰੇ । ਦੁੱਖੀ ਜੀਵ ਚਰਨ ਆਏ ਜੋ ਪੁਕਾਰੇ । ਛੱਡ ਵਡਿਆਈ ਹੋਏ ਪ੍ਰਭ ਚਰਨ ਸਹਾਰੇ । ਦੇਵੇ ਮਾਣ ਜੋ ਜਨ ਆਏ ਢਹਿਣ ਦਵਾਰੇ । ਭਗਤਾਂ ਮਿਲੇ ਆਪ ਭਗਵਾਨ, ਜੋਤ ਸਰੂਪੀ ਜੋਤ ਚਮਤਕਾਰੇ । ਕਲਜੁਗ ਪੁਰਖ ਚਤੁਰ ਸੁਜਾਨ, ਨਿਹਕਲੰਕ ਜਿਸ ਚਰਨ ਨਿਮਸਕਾਰੇ । ਸੋਹੰ ਸਾਚਾ ਪ੍ਰਭ ਦੇਵੇ ਦਾਨ, ਆਤਮ ਜੀਵ ਭਰੇ ਰਹਿਣ ਭੰਡਾਰੇ । ਪ੍ਰਭ ਸਾਚੇ ਜੁਗੋ ਜੁਗ ਬਾਣ, ਭਗਤਾਂ ਜਨ ਹਰਿ ਪੈਜ ਸਵਾਰੇ । ਗੁਰਚਰਨ ਪ੍ਰੀਤੀ ਆਤਮ ਧਿਆਨ, ਏਕਾ ਹੋਏ ਜੋਤ ਚਮਤਕਾਰੇ । ਸੋਹੰ ਨਾਮ ਨਿਧਾਨ ਮਿਲੀ ਕਲਜੁਗ ਵੱਥ, ਮਾਇਆ ਭੁੱਲਾ ਸਰਬ ਸੰਸਾਰੇ । ਜਨ ਭਗਤਾਂ ਮਿਲਿਆ ਸੋਹੰ ਨਾਮ ਸਾਚਾ ਰਥ, ਕਲਜੁਗ ਬੇੜਾ ਪਾਰ ਉਤਾਰੇ । ਬੇਮੁਖਾਂ ਜਮਦੂਤ ਪਾਇਨ ਨੱਥ, ਗੁਰਸਿਖ ਸੋਹਣ ਗੁਰ ਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਕਲਜੁਗ ਦੇਵੇ ਭਗਤ ਵਡਿਆਈ, ਲਿਖਤ ਲਿਖਾਵੇ ਅਗੰਮ ਅਪਾਰੇ । ਗੁਰਸਿਖ ਤੇਰਾ ਨਾਮ, ਪ੍ਰਭ ਆਪ ਵਡਿਆਇਆ । ਗੁਰਸਿਖ ਤੇਰਾ ਨਾਮ, ਸਤਿਜੁਗ ਮੁਖ ਰਖਾਇਆ । ਗੁਰਸਿਖ ਤੇਰਾ ਨਾਮ, ਚਾਰ ਵਰਨ ਵਿਚ ਜਗਤ ਚਲਾਇਆ । ਗੁਰਸਿਖ ਤੇਰਾ ਨਾਮ, ਸਾਚੀ ਬਾਣੀ ਵਿਚ ਲਿਖਾਇਆ । ਗੁਰਸਿਖ ਤੇਰਾ ਨਾਮ, ਜੁਗ ਚਾਰ ਅਟੱਲ ਰਖਾਇਆ । ਗੁਰਸਿਖ ਤੇਰਾ ਨਾਮ, ਨਾ ਮਿਟੇ ਜਗਤ ਮਿਟਾਇਆ । ਗੁਰਸਿਖ ਤੇਰਾ ਨਾਮ, ਜੁਗ ਚਾਰ ਸਾਚਾ ਰਾਹ ਦਿਸਾਇਆ । ਗੁਰਸਿਖ ਤੇਰਾ ਨਾਮ, ਸਾਧ ਸੰਤਨ ਵਿਚ ਵਡਿਆਇਆ । ਗੁਰਸਿਖ

ਤੇਰਾ ਨਾਮ, ਅਚੁੱਤ ਪਾਰਬ੍ਰਹਮ ਰਸਨੀ ਗਾਇਆ । ਗੁਰਸਿਖ ਤੇਰਾ ਨਾਮ, ਮੋਹਣ ਮਾਧਵ ਕ੍ਰਿਸ਼ਨ ਮੁਰਾਰੀ ਜਗਤ ਉਧਾਰੀ ਸਚ ਲੇਖ ਲਿਖਾਇਆ । ਗੁਰਸਿਖ ਤੇਰਾ ਨਾਮ, ਖੰਡ ਬ੍ਰਹਿਮੰਡ ਵਿਚ ਧਰਾਇਆ । ਗੁਰਸਿਖ ਤੇਰਾ ਨਾਮ, ਕਰੋੜ ਤੇਤੀਸ ਰਸਨਾ ਗਾਇਆ । ਗੁਰਸਿਖ ਤੇਰਾ ਨਾਮ, ਇੰਦਰ ਸਭਾ ਵਿਚ ਵਡਿਆਇਆ । ਗੁਰਸਿਖ ਤੇਰਾ ਨਾਮ, ਸੁਣ ਬ੍ਰਹਮਾ ਬ੍ਰਹਮਲੋਕ ਛੱਡ ਪ੍ਰਭ ਚਰਨੀਂ ਸੀਸ ਝੁਕਾਇਆ । ਗੁਰਸਿਖ ਤੇਰਾ ਨਾਮ, ਵਿਚ ਆਕਾਸ਼ ਵਡਿਆਇਆ । ਗੁਰਸਿਖ ਤੇਰਾ ਨਾਮ, ਵਾਂਗ ਸਵਰਨ ਉਜਲ ਕਰਾਇਆ । ਗੁਰਸਿਖ ਤੇਰਾ ਨਾਮ, ਰਾਗਾਂ ਵੇਦਾਂ ਵਿਚ ਲਿਖਾਇਆ । ਗੁਰਸਿਖ ਤੇਰਾ ਨਾਮ, ਸ਼ਿਵ ਸ਼ੰਕਰ ਸਭ ਸਲਾਹਿਆ । ਗੁਰਸਿਖ ਤੇਰਾ ਨਾਮ, ਕਲਜੁਗ ਉਤਮ ਕਰਾਇਆ । ਗੁਰਸਿਖ ਤੇਰਾ ਨਾਮ, ਜਗਤ ਸੁਫਲ ਕਰਾਇਆ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਨਿਹਕਲੰਕ ਹੋਏ ਜਿਸ ਸ਼ਬਦ ਚਲਾਇਆ । ਸਾਚਾ ਸ਼ਬਦ ਪ੍ਰਭ ਆਪ ਚਲਾਵੇ । ਆਪਣੀ ਮਹਿਮਾ ਕਲ ਆਪ ਜਣਾਵੇ । ਭਗਤ ਜਨਾਂ ਹਰਿ ਨਾਮ ਦਵਾਵੇ । ਗੁਣ ਨਿਧਾਨ ਪਰਗਟ ਜੋਤ ਦਰਸ ਦਿਖਾਵੇ । ਦੇ ਬ੍ਰਹਮ ਗਿਆਨ ਆਤਮ ਧਿਆਨ, ਬੁਝੀ ਦੀਪਕ ਪ੍ਰਭ ਦਏ ਜਗਾਵੇ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਹੋਏ ਦਰਸ ਦਿਖਾਵੇ । ਦਰਸ ਦਿਖਾਵੇ ਪ੍ਰਭ ਜੋਤ ਸਰੂਪ । ਪ੍ਰਭ ਕੀ ਜੋਤ ਨਾ ਕੋਈ ਰੰਗ ਰੂਪ । ਵਸੇ ਵਿਚ ਜੀਵ ਪ੍ਰਭ ਸਾਚਾ ਭੂਪ । ਜੋਤ ਜਗਾਵੇ ਵਿਚ ਦੇਹ ਅੰਧ ਕੂਪ । ਸਚ ਸੁੱਚ ਵਰਤਾਏ ਹੋਏ ਸਤਿ ਸਰੂਪ । ਦਰਸ ਦਾਨ ਪ੍ਰਭ ਭਿਛਿਆ ਪਾਏ, ਦੇਵੇ ਦਰਸ ਸਵੱਛ ਸਰੂਪ । ਅੰਮ੍ਰਿਤ ਵਰਖੇ ਪ੍ਰਭ ਜਲ ਧਾਰਾ । ਪੀ ਅੰਮ੍ਰਿਤ ਜੀਵ ਮਿਲੇ ਮੋਖ ਦਵਾਰਾ । ਪ੍ਰਭ ਪੂਰਾ ਦੇਵੇ ਅੰਮ੍ਰਿਤ ਭਗਤ ਭੰਡਾਰਾ । ਜਨਮ ਮਰਨ ਕਲਜੁਗ ਸਵਾਰਾ । ਪੀ ਅੰਮ੍ਰਿਤ ਸਾਚਾ ਝਿਰਨਾ ਨਿਝਰੋਂ ਝਿਨਾਰਾ । ਅੰਮ੍ਰਿਤ ਬੂੰਦ ਬਖ਼ਸ਼ੇ ਕਵਲ ਦਵਾਰਾ । ਖੁਲ੍ਹੇ ਕਵਲ ਨਾਭ, ਹੋਏ ਦੇਹ ਉਜਿਆਰਾ । ਕਲਜੁਗ ਪੂਰਨ ਹੋਏ ਭਾਗ, ਜਿਨ੍ਹਾਂ ਮਿਲਿਆ ਪ੍ਰਭ ਪੁਰਖ ਅਪਾਰਾ । ਸੋਹੰ ਸ਼ਬਦ ਚਲਾਏ ਰਾਗ, ਅਨਹਦ ਧੁੰਨਕਾਰਾ । ਗੁਰਸਿਖ ਆਤਮ ਸਦਾ ਹੈ ਜਾਗ, ਬੇਮੁਖਾਂ ਦੀਸੇ ਧੁੰਧੂਕਾਰਾ । ਭਗਤ ਜਨਾਂ ਪ੍ਰਭ ਰੱਖੇ ਸਿਰ ਹਾਥ, ਬੇਮੁਖ ਹੋਏ ਅੰਤ ਖੁਆਰਾ । ਗੁਰਮੁਖ ਨਿਰਮਲ ਨਾ ਲਾਗੇ ਦਾਗ਼, ਦੇ ਦਰਸ ਪ੍ਰਭ ਪਾਰ ਉਤਾਰਾ । ਪਰਗਟ ਜੋਤ ਮਹਾਰਾਜ ਸ਼ੇਰ ਸਿੰਘ ਅੰਮ੍ਰਿਤ ਵਰਖੇ ਕਿਰਪਾ ਧਾਰਾ । ਕਰ ਕਿਰਪਾ ਦੀਆ ਅੰਮ੍ਰਿਤ ਰਸ । ਪੀ ਅੰਮ੍ਰਿਤ ਪ੍ਰਭ ਹਿਰਦੇ ਜੀਵ ਜਾਏ ਵਸ । ਸੋਹੰ ਸਾਚਾ ਨਾਮ ਰਸਨਾ ਜਪ ਮਿਲੇ ਸਾਚਾ ਰਸ । ਬੇਮੁਖ ਨਾ ਪਾਏ ਥਾਉਂ, ਸਤਿਜੁਗ ਸਾਚਾ ਰਾਹ ਪ੍ਰਭ ਜਾਏ ਦੱਸ । ਮਹਾਰਾਜ ਸ਼ੇਰ ਸਿੰਘ ਰਸਨਾ ਗੁਣ ਗਾਓ, ਆਦਿ ਅੰਤ ਰਹੇ ਭਗਤਾਂ ਵਸ । ਭਗਤੀ ਭਗਤ ਜਨ ਭਗਤ ਵਡਿਆਇਆ । ਛੱਡ ਬ੍ਰਹਿਮੰਡ ਪ੍ਰਭ ਸਿੱਖ ਦਰ ਆਇਆ । ਹੋਏ ਭਗਤ ਜੋਤ ਅਖੰਡ, ਸਿੰਘ ਸਿੰਘਾਸਣ ਡੇਰਾ ਲਾਇਆ । ਸ੍ਰਿਸ਼ਟ ਸਬਾਈ ਹੋਈ ਰੰਡ, ਸੋਹੰ ਸ਼ਬਦ ਪ੍ਰਭ ਬਾਣ ਚਲਾਇਆ । ਬੇਮੁਖ ਅੰਤਕਾਲ ਪ੍ਰਭ ਕੀਨੇ ਖੰਡ, ਮਦਿ ਮਾਸ ਜਿਸ ਰਸਨਾ ਲਾਇਆ । ਜੋਤ ਸਰੂਪ ਵਸੇ ਵਿਚ ਵਰਭੰਡ । ਕਲਜੁਗ ਜਾਮਾ ਧਾਰ ਆਪਣਾ ਆਪ ਛੁਪਾਇਆ । ਦੁਸ਼ਟਾਂ ਦੇਵੇ ਪ੍ਰਭ ਦੰਡ, ਨਿਹਕਲੰਕ ਕਲ ਨਾਉਂ ਧਰਾਇਆ । ਮਹਾਰਾਜ ਸ਼ੇਰ ਸਿੰਘ ਵਿਚ ਖੰਡ ਬ੍ਰਹਿਮੰਡ, ਜੋਤ ਸਰੂਪ ਕਲਜੁਗ ਆਣ ਖਪਾਇਆ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਦੇਹ ਬਣਾਈ । ਦੇਵੀ ਦੇਵ ਅਲਖ ਅਭੇਵ, ਦਰ ਆਏ ਸੇਵ ਕਮਾਈ । ਮਾਰੂ ਦੇਵਾ ਛੇਆ ਦੇਵੀ ਭੁੱਲ ਕੰਨਿਆਂ ਸੁੱਧ ਭੁਲਾਈ । ਜਾ ਵਸੇ ਵਿਚ ਦੇਹ ਮੰਦਰ, ਵਾਂਗ ਮਵੱਕਲ ਕਰੇ ਸ਼ੁਦਾਈ । ਸੱਤ ਕਾਲੇ ਸੱਤ ਸਫੈਦ । ਉਤਰ ਵਿਛੜ ਡੰਕ ਸਮੇਤ । ਵਸ ਕਰਾਏ ਪ੍ਰਭ ਦੇਵੀ ਦੈਂਤ । ਸੋਹੰ ਬਾਣ ਲਗਾਏ ਇਕ ਲੱਖ ਅੱਸੀ ਹਜ਼ਾਰ

ਜੂਨ ਭੂਤ ਪ੍ਰੇਤ । ਸ਼ਬਦ ਬੰਧਾਵੇ ਵਿਚ ਕੇਤਨ ਕੇਤ । ਪੈਜ ਰਖਾਵੇ ਕਰ ਨਿਰਮਲ ਸਿਹਤ । ਵਿਚੋਂ ਰੋਗ ਗਵਾਏ, ਪ੍ਰਭ ਸਰਬ ਗਵਾਏ ਭੇਤ । ਸੋਹੰ ਸ਼ਬਦ ਜਨ ਰਸਨਾ ਗਾਏ, ਨੇੜ ਨਾ ਆਏ ਭੂਤ ਪ੍ਰੇਤ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਸ਼ਬਦ ਮਿਲਾਇਆ ਮੇਤ । ਜੋ ਜਨ ਆਏ ਦਰ ਪ੍ਰਭ ਲੈ ਕੇ ਦੁੱਖ । ਪ੍ਰਭ ਸਾਚਾ ਦੇਵੇ ਦੇਹ ਸਰਬ ਸੁੱਖ । ਕਰ ਦਰਸ ਜੀਵ ਮਨ ਉਤਰੇ ਭੁੱਖ । ਮਾਨਸ ਜਨਮ ਲੇਖੇ ਲਾਇਆ, ਸੁਫਲ ਕਰਾਈ ਮਾਤਾ ਕੁੱਖ । ਲੱਖ ਚੁਰਾਸੀ ਵਿਚੋਂ ਬਣਾਇਆ, ਨਿਰਮਲ ਉਤਮ ਮਾਨਸ ਦੇਹੀ ਮਨੁੱਖ । ਮਹਾਰਾਜ ਸ਼ੇਰ ਸਿੰਘ ਜਿਸ ਰਸਨ ਧਿਆਇਆ, ਜਮ ਕਾ ਨੇੜ ਨਾ ਆਏ ਦੁੱਖ । ਨੇੜ ਨਾ ਆਵੇ ਜਮ ਜੰਧਾਰੀ । ਅੰਤਕਾਲ ਕਲ ਮਿਲਿਆ ਆਪ ਬਨਵਾਲੀ । ਕਲਜੁਗ ਜਾਮਾ ਧਾਰ, ਜਨ ਭਗਤਾਂ ਪੈਜ ਰਖਾ ਲੀ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ, ਨਰ ਨਰਾਇਣ ਕਲਜੁਗ ਜੋਤ ਪਰਗਟਾ ਲੀ । ਨਰ ਨਰਾਇਣ ਨਿਹਕਲੰਕ । ਸੋਹੰ ਸ਼ਬਦ ਵਜਾਏ ਡੰਕ । ਦੇਵੇ ਮਾਣ ਪ੍ਰਭ ਰਾਓ ਰੰਕ । ਜੋਤ ਧਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਪੁਰੀ ਘਨਕ । ਘਨਕ ਪੁਰੀ ਪ੍ਰਭ ਜੋਤ ਜਗਾਏ, ਜੋਤ ਜਗਤ ਜਗੰਤਾ । ਪ੍ਰਭ ਸੋਝੀ ਪਾਏ ਸਰਬ ਥਾਏ ਰਹੰਤਾ ਭਗਤ ਭਗਵੰਤਾ । ਵਿਛੜਿਆਂ ਕਲ ਮੇਲ ਮਿਲਾਏ, ਪ੍ਰਭ ਸਾਚਾ ਕੰਤਾ । ਪ੍ਰਭ ਦਰਸ ਦਿਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਖੇਡ ਬੇਅੰਤਾ । ਕਲਜੁਗ ਜੀਵ ਭੇਤ ਨਾ ਪਾਣੇ । ਆਪਣਾ ਆਪ ਨਾ ਮੂਲ ਪਛਾਣੇ । ਮਾਇਆ ਭਰਮ ਭੁਲਾਣੇ ਜਿਉਂ ਬਾਲ ਅੰਞਾਣੇ । ਆਪਣਾ ਆਪ ਭੁਲਾਇਆ, ਹੋਏ ਰਸਨ ਰਸਾਣੇ । ਬੇਮੁਖ ਅਖਵਾਇਆ, ਮਦਿ ਮਾਸ ਰਸ ਖਾਵੇ ਖਾਣੇ । ਨਰਕ ਨਿਵਾਸ ਦਵਾਇਆ, ਸਾਚੇ ਪ੍ਰਭ ਬੇਮੁਖ ਜੀਵ ਭੁਲਾਣੇ । ਬਾਂਹੋ ਪਕੜ ਤਰਾਇਆ, ਆਏ ਸਰਨ ਜੋ ਹੋਏ ਨਿਮਾਣੇ । ਥਾਨ ਮੰਡਲ ਸਰਬ ਸੁਹਾਇਆ, ਪਰਗਟ ਜੋਤ ਆਪ ਭਗਵਾਨੇ । ਮਹਾਰਾਜ ਸ਼ੇਰ ਸਿੰਘ ਨਾਉਂ ਰਖਾਇਆ, ਗੁਰਮੁਖ ਵਿਰਲੇ ਬੂਝ ਬੁਝਾਣੇ । ਸੋ ਬੂਝੇ ਜਿਸ ਆਪ ਬੁਝਾਏ । ਅਗਿਆਨ ਅੰਧੇਰ ਵਿਚੋਂ ਦੇਹ ਚੁਕਾਏ । ਬਿਨ ਬਾਤੀ ਬਿਨ ਤੇਲ ਦੀਪਕ ਦੇ ਜਗਾਏ । ਅਚਰਜ ਕਰ ਖੇਲ, ਬ੍ਰਹਮ ਗਿਆਨ ਦੀ ਪ੍ਰਭ ਸੋਝੀ ਪਾਏ । ਜੋਤ ਸਰੂਪੀ ਪ੍ਰਭ ਜੋਤ ਕੀਆ ਮੇਲ, ਅੰਤ ਕਾਲ ਇਕ ਹੋ ਜਾਏ । ਪ੍ਰਭ ਮਿਲਣ ਕਾ ਸਾਚਾ ਵੇਹਲ, ਭੁੱਲ ਜੀਵ ਕਿਉਂ ਵਕਤ ਗਵਾਏ । ਮਹਾਰਾਜ ਸ਼ੇਰ ਸਿੰਘ ਦਰਗਹਿ ਸੰਗ ਸੁਹੇਲ, ਚਰਨ ਲਾਗ ਜੀਵ ਪਾਰ ਲੰਘ ਜਾਏ । ਆਵਣ ਜਾਵਣ ਪ੍ਰਭ ਕੇ ਹਾਥ । ਆਤਮ ਜਪ ਜੀਵ ਪ੍ਰਭ ਸਦ ਹੈ ਸਾਥ । ਅਲਖ ਅਭੇਵ ਨਿਰੰਜਣ ਦੇਵ, ਲੇਖ ਲਿਖਾਵੇ ਨਾਥ । ਦੱਖਣ ਦਿਸ਼ਾ ਪ੍ਰਭ ਦੇਵੇ ਭਿੱਛਾ, ਸਾਚੀ ਚਲਾਵੇ ਤੇਰੀ ਗਾਥ । ਮਹਾਰਾਜ ਸ਼ੇਰ ਸਿੰਘ ਸਿਰ ਰੱਖੇ ਹੱਥ, ਪਰਗਟ ਜੋਤ ਤ੍ਰੈਲੋਕੀ ਨਾਥ । ਵਡਭਾਗ ਮਿਲੇ ਭਗਵੰਤ । ਮਹਿਮਾ ਪ੍ਰਭ ਕੀ ਬੜੀ ਬੇਅੰਤ । ਕਥਨ ਨਾ ਜਾਣੇ ਕੋਈ ਸਾਧਨ ਸੰਤ । ਕਲਜੁਗ ਨਾ ਕੋਈ ਵਖਾਣੇ ਜੀਵ ਜੰਤ । ਜੋਤ ਜਗਾਵੇ ਵਿਚ ਤੀਨ ਲੋਕ, ਸਚਖੰਡ ਪ੍ਰਭ ਬੈਠ ਇਕੰਤ । ਮਹਾਰਾਜ ਸ਼ੇਰ ਸਿੰਘ ਕਲਜੁਗ ਜੀਵ ਭੁੱਲੇ, ਜਿਸ ਬਣਾਈ ਬਣਤ । ਜੀਵ ਜੰਤ ਪ੍ਰਭ ਆਪ ਬਣਾਵੇ । ਮਾਤ ਗਰਭ ਸਾਸ ਗਰਾਸ ਦਿਵਾਵੇ । ਕਰ ਜੋਤ ਪਰਕਾਸ਼, ਆਤਮ ਸ਼ਬਦ ਧਰਵਾਸ ਦਵਾਵੇ । ਪਰਗਟ ਅਬਿਨਾਸ਼ ਸਾਰਾ ਭੇਵ ਚੁਕਾਵੇ । ਹੋਵੇ ਦਸਵੇਂ ਮਾਸ, ਬਾਲਕ ਜਨਮ ਦਵਾਵੇ । ਜਿਸ ਬਣਾਈ ਬਣਤ, ਜਗਤ ਮਾਇਆ ਸਰਬ ਭੁਲਾਵੇ । ਮਹਾਰਾਜ ਸ਼ੇਰ ਸਿੰਘ ਤੇਰੇ ਕਲਜੁਗ ਰੰਗ ਬੇਅੰਤ, ਬੇਮੁਖਾਂ ਨਾ ਬੂਝ ਬੁਝਾਵੇ । ਬੇਮੁਖ ਨਾ ਬੁੱਝੇ ਆਤਮ ਕਰ ਵਿਚਾਰ । ਕਲਜੁਗ ਜੋਤ ਧਰੇ ਪ੍ਰਭ ਨਿਹਕਲੰਕ ਅਵਤਾਰ । ਬੇਮੁਖ ਖਪਾਏ ਕਲਜੁਗ ਕਰ ਖੁਆਰ । ਗੁਰਸਿਖ ਚਰਨੀਂ ਜਾਏ ਲੱਗ, ਅੰਤ ਪਾਏ ਮੋਖ ਦਵਾਰ ।

ਸ਼ਬਦ ਅੰਧੇਰੀ ਜਾਏ ਵਰਗ, ਸ੍ਰਿਸ਼ਟ ਸਬਾਈ ਹੋਏ ਖੁਆਰ । ਜੋਤ ਸਰੂਪ ਜਾਏ ਅਗਨ ਲੱਗ, ਕਲਜੁਗ ਜੀਵ ਅੰਤ ਰੋਵਣ ਧਾਹਾਂ ਮਾਰ । ਜਮਦੂਤ ਪਕੜੇ ਆਏ ਸ਼ਾਹ ਰਗ, ਪਵਣ ਪੂਤ ਸਿਰ ਹੋਏ ਸਵਾਰ । ਗੁਰਸਿਖਾਂ ਅੰਮ੍ਰਿਤ ਵਰਸੇ ਵਿਚ ਨਭ, ਖੋਲ੍ਹ ਦੇਵੇ ਪ੍ਰਭ ਅੰਧ ਅੰਧਿਆਰ । ਮਹਾਰਾਜ ਸ਼ੇਰ ਸਿੰਘ ਤੇਰਾ ਕੀਆ ਵਰਤੇ, ਅੰਤਕਾਲ ਕਲ ਹੋਏ ਖੁਆਰ । ਅੰਤਕਾਲ ਕਲ ਹੋਏ ਖੁਆਰੀ । ਦੁੱਖ ਭੁੱਖ ਵਧ ਜਾਏ ਬੀਮਾਰੀ । ਬੇਮੁਖਾਂ ਨੀਤੀ ਪ੍ਰਭ ਆਪ ਵਿਚਾਰੀ । ਜੂਠ ਝੂਠ ਕਰ ਜਾਏ ਖੁਆਰੀ । ਬਚਨ ਹਾਰ ਦੁੱਖ ਪਾਵੇ ਭਾਰੀ । ਮਹਾਰਾਜ ਸ਼ੇਰ ਸਿੰਘ ਦੇਵੇ ਤਾਰ, ਜੋ ਜਨ ਆਏ ਚਰਨ ਨਿਮਸਕਾਰੀ । ਨਿਮਸਕਾਰ ਜੋ ਜਨ ਕਰੇ । ਕਰ ਦਰਸ ਦੁਰਮਤ ਦੇਹ ਸਭ ਹਰੇ । ਪਰਗਟ ਜੋਤ ਪ੍ਰਭ ਅਬਿਨਾਸ਼ੀ, ਦਰਸ ਦਿਖਾਵੇ ਹਰੇ । ਸਰਬ ਖੰਡ ਵਾਸੀ ਨਿਰੰਜਣ ਜੋਤ ਮਾਤ ਵਿਚ ਧਰੇ । ਮਹਾਰਾਜ ਸ਼ੇਰ ਸਿੰਘ ਸੋ ਜਨ ਉਧਰੇ ਚਰਨ ਆਏ ਸੀਸ ਜੋ ਧਰੇ । ਨਿਮਸਕਾਰ ਕਰ ਜੀਵ ਹੋਏ ਨਿਮਾਣਾ । ਸੋ ਜਨ ਕਰੇ ਨਿਮਸਕਾਰ, ਜਿਸ ਪੂਰਨ ਪ੍ਰਭ ਪਛਾਣਾ । ਅੰਤਕਾਲ ਨਾ ਹੋਏ ਖੁਆਰ, ਸਾਚੇ ਪ੍ਰਭ ਸਿਰ ਹੱਥ ਟਿਕਾਣਾ । ਕਿਰਪਾ ਨਿਧ ਕਰ ਦੇਵੇ ਪਾਰ, ਅੰਤ ਜੋਤ ਵਿਚ ਜੋਤ ਮਿਲਾਣਾ । ਬੇਮੁਖ ਹੋਵੇ ਸਦਾ ਖੁਆਰ, ਸਚਾ ਪ੍ਰਭ ਨਾ ਰਿਦੇ ਸਮਾਣਾ । ਪੂਰਬ ਕਰਮ ਪ੍ਰਭ ਕਰ ਵਿਚਾਰ, ਦੁੱਖ ਸੁੱਖ ਪ੍ਰਭ ਦਵਾਣਾ । ਮਹਾਰਾਜ ਸ਼ੇਰ ਸਿੰਘ ਗੁਰਮੁਖ ਪਾਇਣ ਤੇਰੀ ਸਾਰ, ਜਿਨ੍ਹਾਂ ਸੋਹੰ ਦੇਵੇ ਨਾਮ ਨਿਧਾਨਾ । ਸੋਹੰ ਨਾਮ ਮਿਲਿਆ ਨੌਂ ਨਿਧ । ਨਜ਼ਰੀ ਆਵੇ ਸਾਚਾ ਪ੍ਰਭ, ਆਤਮ ਹੋਵੇ ਸਿਧ । ਰਸਨਾ ਜਪ ਜਪ ਰਸ ਪੀਵ, ਸੋਹੰ ਬਾਣ ਆਤਮ ਜਾਏ ਵਿਧ । ਮਦਿ ਮਾਸ ਆਹਾਰ ਤਜਾਉ, ਮਹਾਰਾਜ ਸ਼ੇਰ ਸਿੰਘ ਮਿਲਣ ਕੀ ਸਾਚੀ ਬਿਧ । ਮਦਿ ਮਾਸ ਜਿਸ ਜੀਵ ਆਹਾਰ । ਸੋ ਜੀਵ ਜਾਏ ਨਰਕ ਮਝਾਰ । ਕੂਕਰ ਸ਼ੂਕਰ ਜੂਨ ਮਿਲੇ ਹੋਏ ਖੁਆਰ । ਜਨਮ ਘੋਗੜ ਪਾਏ ਬਾਰ ਬਾਰ । ਹੋਏ ਵਿਸ਼ਟਾ ਮੁਖ ਦੇਵੇ ਦੇਹ ਅਧਾਰ । ਹੋਏ ਨਰਕ ਨਿਵਾਸ ਪਾਏ ਦੁੱਖ, ਕੋਈ ਨਾ ਲੇਵੇ ਕਲਜੁਗ ਸਾਰ । ਗੁਰਸਿਖਾਂ ਉਜਲ ਮੁਖ, ਵਿਚ ਚਰਨ ਪ੍ਰੀਤੀ ਦੇ ਅਧਾਰ । ਕਰ ਚਰਨ ਪ੍ਰੀਤੀ ਮਿਲੇ ਸਭ ਸੁੱਖ, ਕਲਜੁਗ ਬੇੜਾ ਹੋਇਆ ਪਾਰ । ਮਹਾਰਾਜ ਸ਼ੇਰ ਸਿੰਘ ਸਰਬ ਦੁੱਖ ਭੰਜਨ, ਸੋਹੰ ਦੇਵੇ ਸ਼ਬਦ ਵਪਾਰ । ਸ਼ਬਦ ਵਪਾਰੀ ਜਨ ਕੋਇ । ਲਏ ਸ਼ਬਦ ਆਤਮ ਜਗਾਏ ਸੋਏ । ਦੁਬਧਾ ਮੈਲ ਸੋਹੰ ਸ਼ਬਦ ਸੰਗ ਧੋਏ । ਆਤਮ ਨਿਰਮਲ ਵਿਚ ਸਾਚੀ ਜੋਤ ਬਿਲੋਏ । ਜੋਤ ਸਰੂਪ ਜਗੇ ਦੇਹ ਦੀਪਕ, ਸਾਚੇ ਪ੍ਰਭ ਦੀ ਸੋਝੀ ਹੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਸੁੱਖ ਦਾਤਾ ਰਸਨ ਜਪ, ਦਰਸ ਮਿਲਾਵਾ ਹੋਏ । ਕਰ ਦਰਸ ਆਤਮ ਤ੍ਰਿਪਤਾਸੇ । ਸਾਚੀ ਜੋਤ ਪ੍ਰਭ ਆਤਮ ਪਰਕਾਸ਼ੇ । ਆਤਮ ਪਰਕਾਸ਼ ਅਗਿਆਨ ਅੰਧੇਰ ਵਿਨਾਸੇ । ਨਿਜ ਘਰ ਪਾਇਆ ਸਾਚਾ ਪ੍ਰਭ ਸ਼ਾਹੋ ਸ਼ਾਬਾਸ਼ੇ । ਜੋਤ ਸਰੂਪੀ ਨਜ਼ਰ ਨਾ ਆਵੇ, ਨਿਹਕਲੰਕ ਮਾਤ ਵਿਚ ਵਾਸੇ । ਆਪਣਾ ਆਪ ਪ੍ਰਭ ਭੇਵ ਛੁਪਾਵੇ, ਸ੍ਰਿਸ਼ਟ ਭੁਲਾਈ ਕੂੜੇ ਭਰਵਾਸੇ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਗੁਰਮੁਖਾਂ ਦੇਵੇ ਨਾਮ ਧਰਵਾਸੇ । ਗੁਰਸਿਖਾਂ ਦੇਵੇ ਪ੍ਰਭ ਨਾਮ ਨਿਧਾਨਾ । ਆਤਮ ਜਗੇ ਜੋਤ ਹੋਏ ਬ੍ਰਹਮ ਗਿਆਨਾ । ਆਤਮ ਜੀਵ ਧਿਆਨ ਧਰੇ, ਸਾਚੇ ਪ੍ਰਭ ਵਿਚੋਂ ਗੋਝ ਮਿਟਾਣਾ । ਰਸਨਾ ਜਪ ਗੁਣ ਨਿਧਾਨ ਪ੍ਰਭ, ਜੋਤ ਸਰੂਪ ਦੇ ਦਰਸ ਭਗਵਾਨਾ । ਕਲਜੁਗ ਜੀਵ ਪਰਹਰੇ, ਸੋਹੰ ਨਾਮ ਮਿਲੇ ਗੁਰ ਦਰ ਤੇ ਦਾਨਾ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ ਹਰੇ, ਗੁਰਮੁਖ ਵਿਰਲੇ ਕਲਜੁਗ ਪਛਾਣਾ । ਕਲਜੁਗ ਜੋਤ ਪਰਗਟੇ ਨਰਾਇਣ । ਬੇਮੁਖ ਭੁੱਲ ਵਕਤ ਗਵਾਇਣ । ਵਕਤ ਗਵਾਏ ਫਿਰ ਹੱਥ ਨਾ ਆਏ, ਪਸ਼ੂ ਪੰਛੀ ਨੀਰ ਵਹਾਇਣ । ਅਗਨ ਜੋਤ ਲਗਾਏ, ਜੀਵ ਜੰਤ ਤੜਫਾਏ, ਚਾਰ ਕੁੰਟ ਹੋਏ ਹਾਏ

ਹਾਏ, ਸ੍ਰਿਸ਼ਟ ਵਗਾਈ ਉਲਟੇ ਵਹਿਣ । ਗੁਰਸਿਖਾਂ ਪ੍ਰਭ ਦਰਸ ਦਿਖਾਏ, ਅੰਤਕਾਲ ਹੋ ਜਾਏ ਸਹਾਏ, ਬਾਂਹੋਂ ਪਕੜ ਪ੍ਰਭ ਆਪ ਤਰਾਏ, ਜੋ ਜਨ ਚਰਨੀਂ ਗੁਰ ਬਹਿਣ । ਸੋਹੰ ਸਾਚਾ ਨਾਮ ਜਪਾਏ, ਜਨਮ ਮਰਨ ਦਾ ਭੇਤ ਮਿਟਾਏ, ਅੰਤਕਾਲ ਵਿਚ ਜੋਤ ਮਿਲਾਏ, ਲੱਖ ਚੁਰਾਸੀ ਗੇੜ ਨਾ ਪਾਇਨ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਚਰਨ ਲਾਗ ਗੁਰਸਿਖ ਦੁੱਖ ਮਿਟਾਇਣ । ਦੁੱਖ ਦਰਦ ਨਾ ਗੁਰ ਦਰ ਹੋਏ । ਨਿਜਾਨੰਦ ਪ੍ਰਭ ਆਤਮ ਰਸ ਚੋਏ । ਸਰਬ ਸੁੱਖਾਂ ਸੁਖ ਸਤਿ ਸਾਗਰ, ਅੰਮ੍ਰਿਤ ਬਰਖਾ ਆਤਮ ਹੋਏ । ਨਿਰਮਲ ਕਰਮ ਉਜਾਗਰ ਜੋ ਜਨ ਆਏ ਗੁਰਚਰਨ ਬਿਲੋਏ । ਗਹਿਰ ਗੰਭੀਰ ਆਪ ਪ੍ਰਭ ਸਾਗਰ, ਜੋਤ ਸਰੂਪ ਵਸੇ ਤ੍ਰੈਲੋਏ । ਮਹਾਰਾਜ ਸ਼ੇਰ ਸਿੰਘ ਸਤਿਜੁਗ ਅੰਦਰ, ਤੁਧ ਜੇਵਡ ਅਵਰ ਨਾ ਕੋਇ । ਏਕ ਨਿਰੰਜਣ ਜੋਤ, ਮਾਤਲੋਕ ਬਿਲੋਏ । ਕਲਜੁਗ ਪਰਗਟ ਤ੍ਰਿਲੋਕੀ ਨੰਦਨ, ਗੁਰਸਿਖ ਦੇ ਦਰਸ ਆਤਮ ਦੇਵੇ ਧੋਏ । ਦੋਏ ਜੋੜ ਕਰ ਦਰ ਬੰਦਨ, ਮਹਾਰਾਜ ਸ਼ੇਰ ਸਿੰਘ ਗੁਰਸਿਖ ਮਿਲਾਵਾ ਹੋਏ । ਦਰਸ ਮਿਲਾਵਾ ਗੁਰਸਿਖ, ਪ੍ਰਭ ਬਿਨ ਕਰਮ ਨਾ ਹੋਏ । ਪਾਰਬ੍ਰਹਮ ਕਲ ਰੱਖੇ ਪੱਤ, ਜਨਮ ਜਨਮ ਦੀ ਮੈਲ ਧੋਏ । ਚਰਨ ਲਾਗ ਕਲਜੁਗ ਪਾਈ ਗਤ, ਗਰਭਵਾਸ ਫੇਰ ਨਾ ਹੋਏ । ਗੁਰਸਿਖ ਦੇਵੇ ਪ੍ਰਭ ਆਤਮ ਸਾਚੀ ਬੁਧ ਮਤਿ, ਸੋਹੰ ਸ਼ਬਦ ਲਏ ਰਸਨਾ ਪਰੋਏ । ਮਹਾਰਾਜ ਸ਼ੇਰ ਸਿੰਘ ਸਰਬ ਸੁੱਖ ਦਾਤਾ, ਦੇ ਦਰਸ ਰਾਖੇ ਲਾਜ ਜਹਾਨੀ ਦੋਏ । ਕਲਜੁਗ ਮਿਲਿਆ ਪ੍ਰਭ ਦੁਤਰ ਤਾਰੀ । ਕਲਜੁਗ ਪਰਗਟ ਨਿਹਕਲੰਕ, ਜਨ ਭਗਤਾਂ ਪੈਜ ਸਵਾਰੀ । ਛੱਡ ਦੇਹ ਹੋਏ ਜੋਤ ਸਰੂਪ, ਵਿਚ ਸਿੱਖ ਦੇਹ ਵਸੇ ਨਿਰਾਧਾਰੀ । ਮਹਾਰਾਜ ਸ਼ੇਰ ਸਿੰਘ ਨਿਰੰਜਣ ਜੋਤ ਨਾ ਰੰਗ ਰੂਪ, ਗੁਰਸਿਖ ਦੇਖੇ ਖੇਡ ਜੋਤ ਨਿਰੰਕਾਰੀ । ਨਿਰੰਕਾਰੀ ਜੋਤ ਕਲ ਅਚਰਜ ਖੇਲ । ਵਿਛੜਿਆਂ ਮਿਲਾਇਆ ਪ੍ਰਭ ਪਰਗਟ ਮੇਲ । ਗੁਰਮੁਖਾਂ ਦੇਵੇ ਨਾਮ ਨਿਧਾਨ । ਆਤਮ ਦੀਪ ਜਗਾਈ ਬਿਨ ਬਾਤੀ ਬਿਨ ਤੇਲ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਜੋਤ ਸਰੂਪੀ ਕਲਜੁਗ ਕੀਆ ਖੇਲ । ਗੁਰਸਿਖ ਤੇਰੀ ਵਡਿਆਈ ਕਲਜੁਗ ਜੀਵ ਨਾ ਜਾਣੇ । ਪਰਗਟ ਜੋਤ ਆਪ ਨਿਰੰਕਾਰ, ਦੇ ਦਰਸ ਤਾਰੇ ਮੂਰਖ ਮੁਗਧ ਅੰਞਾਣੇ । ਕਲਜੁਗ ਨਿਹਕਲੰਕ ਅਵਤਾਰ, ਚਰਨ ਲਾਏ ਕਰੇ ਸੁਘੜ ਸਿਆਣੇ । ਕਰ ਕਿਰਪਾ ਅੰਮ੍ਰਿਤ ਵਰਖੇ ਕਿਰਪਾ ਧਾਰ, ਪੀ ਅੰਮ੍ਰਿਤ ਜੀਵ ਅਮਰ ਹੋ ਜਾਣੇ । ਨਿਰਮਲ ਜੋਤ ਹੋਏ ਝੂਠੇ ਸੰਸਾਰ, ਗੁਰਚਰਨ ਲਾਗ ਬੇਮੁਖ ਤਰ ਜਾਣੇ । ਮਹਾਰਾਜ ਸ਼ੇਰ ਸਿੰਘ ਸਦ ਬਲਿਹਾਰ, ਸਾਧ ਸੰਗਤ ਦਰਸ ਦਿਖਾਣੇ । ਦਰਸ ਦਿਖਾਏ ਪ੍ਰਭ ਭੇਖ ਧਾਰੀ । ਜੋਤ ਸਰੂਪ ਨਿਰਵੈਰ ਨਿਰਹਾਰੀ । ਪਰਗਟ ਜੋਤ ਸਾਧ ਸੰਗਤ ਆਏ ਪੈਜ ਸਵਾਰੀ । ਸ੍ਰਿਸ਼ਟ ਸਬਾਈ ਅੰਤਕਾਲ ਕਲ ਹੋਏ ਖੁਆਰੀ । ਗੁਰਸਿਖਾਂ ਮਨ ਜਗਾਈ ਨਿਰਮਲ ਜੋਤ ਆਪ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਭਗਤ ਜਨ ਤਾਰੇ, ਰੱਖੇ ਲਾਜ ਆਪ ਮੁਰਾਰੀ । ਭਗਤ ਜਨਾਂ ਪ੍ਰਭ ਲਾਜ ਰਖਾਈ । ਪਰਗਟ ਹੋਏ ਪੈਜ ਸਵਾਰੀ । ਪੱਤਤ ਪਾਵਨ ਦੁੱਖ ਭੈ ਭੰਜਨ, ਭਗਤ ਜਨਾਂ ਸਿਰ ਹੱਥ ਟਿਕਾਈ । ਮਹਾਰਾਜ ਸ਼ੇਰ ਸਿੰਘ ਤ੍ਰੈਲੋਕੀ ਨੰਦਨ, ਜੀਵ ਕਰ ਦਰਸ ਪ੍ਰਭ ਪਾਰ ਉਤਾਰੀ । ਪ੍ਰਭ ਜਨ ਜੋ ਸਰਨ ਆਏ । ਅੰਤਕਾਲ ਨਾ ਕਾਲ ਸਤਾਏ । ਜਮ ਜੰਧਾਰ ਕੋਈ ਨੇੜ ਨਾ ਆਏ । ਭੈ ਭਿਆਨਕ ਪ੍ਰਭ ਹੋਏ ਸਹਾਏ । ਪਰਗਟ ਜੋਤ ਸਰੂਪ ਕਲੰਕਨਿਹ ਦਰਸ ਦਿਖਾਏ । ਦੇ ਦਰਸ ਸਵਾਸ ਨਿਵਾਸੇ, ਸਾਚੀ ਜੋਤ ਵਿਚ ਜੋਤ ਮਿਲਾਏ । ਗੁਰਸਿਖ ਪੂਰਾ ਮਹਾਰਾਜ ਸ਼ੇਰ ਸਿੰਘ ਪਾਸੇ, ਜੋਤ ਸਰੂਪ ਵਿਚ ਜੋਤ ਮਿਲਾਏ । ਸੋਹੰ ਸ਼ਬਦ ਹੋਏ ਰਹਿਰਾਸੇ, ਰਸਨਾ ਜਪ ਜੀਵ ਸਰਬ ਸੁੱਖ ਪਾਏ । ਸ਼ਬਦ ਲਿਖਾਏ ਸਚ ਪ੍ਰਭ, ਸਾਚਾ ਰਾਹ ਦੱਸੇ । ਸੋਹੰ ਸ਼ਬਦ ਜੋ ਰਸਨਾ ਗਾਏ,

ਸਚ ਪ੍ਰਭ ਹਿਰਦੇ ਵਸੇ । ਹਿਰਦੇ ਵਸੇ ਸਚ ਪ੍ਰਭ, ਦੁੱਖ ਰੋਗ ਦੇਹੀ ਦੇ ਨੱਸੇ । ਅੰਧ ਅਗਿਆਨ ਜੀਵ ਹੋਏ ਖੁਆਰ, ਹੋਵੇ ਸਿਰ ਭਾਰ ਧਵਲ ਕਾਲ ਦੇਵੀ ਹੱਸੇ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਮਾਰੇ ਬਾਣ, ਅਧਾ ਦੁਸ਼ਟ ਨੱਸੇ ।

❊ ੨੦ ਵਿਸਾਖ ੨੦੦੮ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ❊

ਭਰਮਤ ਭਰਮਤ ਮਾਨਸ ਜਨਮ ਗਵਾਇਆ । ਸਾਚਾ ਪ੍ਰਭ ਬੇਮੁਖ ਜੀਵ ਨਜ਼ਰ ਨਾ ਆਇਆ । ਨਿਹਕਲੰਕ ਕਲ ਕਾਤੀ, ਕਲਜੁਗ ਆਏ ਜਗਤ ਭੁਲਾਇਆ । ਗੁਰਸਿਖਾਂ ਕੀਨੀ ਉਤਮ ਜ਼ਾਤੀ, ਸੋਹੰ ਨਾਮ ਰਿਦੇ ਵਸਾਇਆ । ਆਤਮ ਹੋਵੇ ਨਿਰਮਲ ਬਾਤੀ, ਦੇਹ ਦੀਪਕ ਪ੍ਰਭ ਆਪ ਜਗਾਇਆ । ਗੁਰਸਿਖ ਅੰਦਰ ਮਾਰ ਝਾਤੀ, ਦੀਸੇ ਪ੍ਰਭ ਸਾਚਾ, ਸਾਚੇ ਥਾਇਣ ਡੇਰਾ ਲਾਇਆ । ਸਾਚਾ ਦਾਨ ਦੇਵੇ ਵਡ ਦਾਤੀ, ਗੁਰਸਿਖਾਂ ਝੋਲੀ ਪਾਇਆ । ਵੱਡੇ ਵਡ ਭਾਗ ਵਿਚ ਲੋਕਮਾਤੀ, ਪ੍ਰਭ ਅਬਿਨਾਸ਼ੀ ਜਿਸ ਦਰਸ ਦਿਖਾਇਆ । ਬੇਮੁਖਾਂ ਮਨ ਲਾਈ ਕਾਤੀ, ਸੋਹੰ ਸ਼ਬਦ ਕੰਨ ਸੁਣਾਇਆ । ਬੇਮੁਖ ਸੋਏ ਗੁਰਮੁਖ ਜਾਗਣ ਰਾਤੀ, ਚਰਨ ਕਵਲ ਪ੍ਰਭ ਵਿਚ ਬਹਾਇਆ । ਨਾਮ ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਉਦਰ ਅਗਨ ਪ੍ਰਭ ਦੇਵੇ ਬੁਝਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਸਾਚਾ ਨਾਤੀ, ਗੁਰਮੁਖਾਂ ਚਰਨ ਸੰਗ ਜੋੜ ਜੁੜਾਇਆ । ਗੁਰਚਰਨ ਲਗਾਏ ਆਪ ਪ੍ਰਭ, ਦੇਵੇ ਦਰਸ ਸਰਬ ਸੁਖ ਵਾਸਾ । ਦਰਸ ਦਿਖਾਵੇ ਆਪ ਪ੍ਰਭ, ਗੁਰਸਿਖਾਂ ਦੀਸੇ ਸਰਬ ਘਟ ਵਾਸਾ । ਕਲਜੁਗ ਮਾਇਆ ਵਿਚੋਂ ਕਢਾਏ ਆਪ ਪ੍ਰਭ, ਪ੍ਰਭ ਮਿਲਣ ਜਿਸ ਮਨ ਹੋਏ ਪਿਆਸਾ । ਸਾਚਾ ਸ਼ਬਦ ਦਵਾਏ ਆਪ ਪ੍ਰਭ, ਰਸਨ ਜਪ ਹੋਏ ਸਰਬ ਦੁੱਖ ਨਾਸਾ । ਮਹਾਰਾਜ ਸ਼ੇਰ ਸਿੰਘ ਜੋ ਜਨ ਧਿਆਏ ਸਾਚਾ ਪ੍ਰਭ ਜਗਾਏ ਜੋਤ ਜੀਵ ਅਬਿਨਾਸ਼ਾ । ਜੀਵ ਜਾਣ ਜਗਤ ਸਨਬੰਧ । ਝੂਠੀ ਮਾਇਆ ਜਗਤ ਝੂਠਾ ਧੰਦ । ਆਤਮ ਉਤਮ ਕਿਉਂ ਹੋਵੇ ਮੰਦ । ਮਦਿ ਮਾਸ ਰਸਨਾ ਲਾਏ ਗੰਦ । ਗੁਰਚਰਨ ਨਿਵਾਸ ਮਿਲੇ ਜੀਵ ਪਰਮਾਨੰਦ । ਆਤਮ ਧਰ ਧਿਆਨ, ਦੇਵੇ ਦਰਸ ਸਦਾ ਬਖ਼ਸ਼ੰਦ । ਮਹਾਰਾਜ ਸ਼ੇਰ ਸਿੰਘ ਸਦਾ ਹੈ ਪਾਸ, ਕਰ ਦਰਸ ਜੀਵ ਮਨ ਸਦਾ ਰਹੇ ਅਨੰਦ । ਮਦਿ ਮਾਸੀ ਅੰਤਕਾਲ ਕਲ ਹੋਏ ਭਸਮੰਤ । ਕਲਜੁਗ ਮਾਇਆ ਜੀਵ ਭੁਲਾਇਆ ਹੋਏ ਗਣਤ ਅਗਣਤ । ਕਿਸੇ ਵਿਰਲੇ ਗੁਰਮੁਖ ਪਾਇਆ, ਜਿਸ ਬਣਾਈ ਬਣਤ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ, ਪਰਗਟ ਸਾਚੇ ਕੰਤ । ਕਲਜੁਗ ਮਾਣ ਗਵਾਏ ਪ੍ਰਭ, ਸਤਿਜੁਗ ਲਾਵੇ । ਕਲਜੁਗ ਮਾਣ ਗਵਾਏ ਪ੍ਰਭ, ਸਚ ਧਰਮ ਮਾਰਗ ਲਾਵੇ । ਕਲਜੁਗ ਮਾਣ ਗਵਾਏ ਪ੍ਰਭ, ਬ੍ਰਹਮ ਸਰੂਪੀ ਜੀਵ ਉਪਾਵੇ । ਕਲਜੁਗ ਮਾਣ ਗਵਾਏ ਪ੍ਰਭ, ਸੋਹੰ ਸਾਚਾ ਗਿਆਨ ਦਿਵਾਵੇ । ਕਲਜੁਗ ਮਾਣ ਗਵਾਵੇ ਪ੍ਰਭ, ਨਿਰਮਲ ਜੋਤ ਪ੍ਰਭ ਵਿਚ ਦੇਹ ਜਗਾਵੇ । ਕਲਜੁਗ ਮਾਣ ਗਵਾਵੇ ਪ੍ਰਭ, ਸਾਚੇ ਜੁਗ ਪ੍ਰਭ ਸਾਚੇ ਜੀਵ ਉਪਾਵੇ । ਸਾਚਾ ਨਾਉਂ ਧਰਾਇਕੇ, ਸਚ ਸੁੱਚ ਦੇਹ ਵਰਤਾਵੇ । ਵਿਚੋਂ ਹਉਮੇ ਅਗਨ ਜਲਾਇਕੇ, ਜੋਤ ਸਰੂਪੀ ਦਰਸ ਦਿਖਾਵੇ । ਆਤਮ ਭਰਮ ਭੁਲੇਖੇ ਲਾਹਿਕੇ, ਨਿਜ ਘਰ ਵਾਸੀ ਨਜ਼ਰੀ ਆਵੇ । ਗੁਰਸਿਖਾਂ ਚਰਨ ਲਗਾਇਕੇ, ਜੋਤ ਸਰੂਪ ਪ੍ਰਭ ਦਰਸ ਦਿਖਾਵੇ । ਵਿਚੋਂ ਹਉਮੇ ਮਾਣ ਗਵਾਇਕੇ, ਗੁਣ ਨਿਧਾਨ ਸਾਚਾ ਨਾਮ ਵਿਚ ਰਿਦੇ ਵਸਾਵੇ । ਸੋਹੰ ਸ਼ਬਦ ਰਸਨਾ ਜਪਾਇਕੇ, ਅਨਹਦ ਧੁਨ ਚੋਟ ਮਨ ਲਗਾਵੇ । ਜੀਵ ਆਤਮ ਸੁਨ ਖੁਲ੍ਹਾਇਕੇ, ਨਿਜਾਨੰਦ ਪ੍ਰਭ ਆਪ ਦਰਸਾਵੇ । ਦੇਹ ਦੀਪਕ ਆਤਮ ਜੋਤ

ਜਗਾਇਕੇ । ਦਸਮ ਦਵਾਰ ਪ੍ਰਭ ਆਪ ਖੁਲ੍ਹਾਵੇ । ਦਸਮ ਦਵਾਰ ਪ੍ਰਭ ਆਪ ਖੁਲ੍ਹਾਇਕੇ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ । ਦੇਵੇ ਦਰਸ ਅੰਤਕਾਲ ਪ੍ਰਭ ਆਇਕੇ । ਭਗਤ ਜਨਾਂ ਬਾਂਹੋ ਪਕੜ ਲੈ ਜਾਵੇ, ਵਿਚ ਸਚਖੰਡ ਬਬਾਣ ਬਿਠਾਇਕੇ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤੱਜ, ਗੁਰਸਿਖ ਬੈਠੇ ਪੁਰੀ ਸਚ ਵਿਚ ਜਾਇਕੇ । ਆਪ ਅਡੋਲ ਜੋਤ ਡਗਮਗਾਏ, ਜੋਤ ਸਰੂਪੀ ਪ੍ਰਭ ਸਿੱਖਾਂ ਰੱਖੇ ਵਿਚ ਜੋਤ ਮਿਲਾਇਕੇ । ਮਹਾਰਾਜ ਸ਼ੇਰ ਸਿੰਘ ਹੋਏ ਸਹਾਏ ਜੋ ਜਨ ਆਏ ਸਰਨਾਏ, ਦਰਸ ਆਤਮ ਆਸ ਰਖਾਇਕੇ । ਗੁਰ ਪੂਰਾ ਸੂਰਾ ਮਨ ਆਸਾ ਪੂਰ । ਗੁਰਸਿਖ ਲੋੜ ਸਤਿਗੁਰ ਚਰਨੀਂ ਧੂੜ । ਪ੍ਰਭ ਬਿਨ ਅਵਰ ਨਾ ਕੋਇ ਬਖ਼ਸ਼ੇ ਸਾਚਾ ਨੂਰ । ਸਾਚਾ ਨੂਰ ਵਿਚ ਦੇਹ ਪਰਕਾਸ਼ੇ, ਜੋਤ ਸਰੂਪੀ ਸਦਾ ਸਰੂਰ । ਆਤਮ ਜੋਤ ਪ੍ਰਭ ਸਦਾ ਵਾਸੇ, ਬੇਮੁਖ ਕਿਉਂ ਜਾਵੇਂ ਦੂਰ । ਪ੍ਰਭ ਕੀ ਜੋਤ ਸਦਾ ਅਬਿਨਾਸ਼ੇ, ਵਡ ਦਾਤਾ ਸਦਾ ਭਰਪੂਰ । ਗੁਰਸਿਖ ਪ੍ਰੀਤੀ ਗੁਰ ਚਰਨ ਰਹਿਰਾਸੇ, ਮਹਾਰਾਜ ਸ਼ੇਰ ਸਿੰਘ ਸਦ ਆਸਾ ਪੂਰ ।

❊ ੫ ਜੇਠ ੨੦੦੮ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ❊

ਨਿਹਕਲੰਕ ਤੇਰੀ ਵਡਿਆਈ । ਨਿਰੰਜਣ ਜੋਤ ਵਿਚ ਮਾਤ ਟਿਕਾਈ । ਪ੍ਰਭ ਅਬਿਨਾਸ਼ੀ ਜਗਤ ਰਘੁਰਾਈ । ਸਰਬ ਘਟ ਵਾਸੀ ਅਚਰਜ ਖੇਲ ਰਚਾਈ । ਕਲਜੁਗ ਕਲ ਧਾਰ, ਦੁਨੀਆ ਸੁੰਞ ਮਸਾਣ ਸੁਆਈ । ਮਹਾਰਾਜ ਸ਼ੇਰ ਸਿੰਘ ਕਲ ਲੈ ਅਵਤਾਰ, ਗੁਰਸਿਖਾਂ ਘਰ ਜੈ ਜੈ ਜੈਕਾਰ ਕਰਾਈ । ਜੈ ਜੈ ਜੈਕਾਰ ਕਰੇ ਗੁਰਸਿਖ । ਗੁਣ ਨਿਧਾਨ ਘਰ ਆਏ, ਸਾਚੇ ਲੇਖ ਜਾਏ ਲਿਖ । ਜੋ ਦਰ ਆਏ ਸਾਧ ਸੰਗਤ ਰਲ ਜਾਏ, ਸੋਹੰ ਨਾਮ ਪ੍ਰਭ ਪਾਏ ਭਿਖ । ਜਗਤ ਭੁਲਾਏ ਆਤਮ ਪੜਦੇ ਪਾਏ, ਸਾਚਾ ਪ੍ਰਭ ਨਾ ਆਵੇ ਦਿਖ । ਮਹਾਰਾਜ ਸ਼ੇਰ ਸਿੰਘ ਜਨ ਭਗਤ ਤਰਾਏ ਸਰਨ ਲਗਾਏ, ਉਤਮ ਕੀਏ ਕਲਜੁਗ ਵਿਚ ਮੁਨ ਰਿਖ । ਕਲਜੁਗ ਪਰਗਟੇ ਪ੍ਰਭ ਭਰਤੰਬਰਾ । ਜੋਤ ਪਰਕਾਸ਼ ਹੋਵੇ ਮੁਕਤ ਪੀਤੰਬਰਾ । ਨਰਕ ਨਿਵਾਰੇ ਕਲਜੁਗ ਅੰਧਿਆਰੇ, ਪ੍ਰਭ ਦੀਸੇ ਨਾਥ ਤ੍ਰੈਲੋਕੀ ਅੰਬਰਾ । ਜਨ ਭਗਤ ਉਧਾਰੇ ਜਨ ਸੋਹਣ ਦਵਾਰੇ, ਮਿਲੇ ਪ੍ਰਭ ਵਡ ਪੀਰ ਪੈਗ਼ੰਬਰਾ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਕਾਰੇ, ਸਰਬ ਸ੍ਰਿਸ਼ਟ ਸੰਘਾਰੇ, ਗੁਰਸਿਖਾਂ ਪ੍ਰਭ ਸਾਚੇ ਸੰਗ ਹੋਵੇ ਸਵੰਬਰਾ । ਵਡ ਵਡਿਆਈ ਪੰਚਮੀ, ਕਲ ਨਿਹਕਲੰਕ ਅਵਤਰਾ । ਵਡ ਵਡਿਆਈ ਪੰਚਮੀ, ਪਰਗਟੇ ਪ੍ਰਭ ਨਰ ਨਰਾ । ਵਡ ਵਡਿਆਈ ਪੰਚਮੀ, ਪ੍ਰਭ ਅਬਿਨਾਸ਼ੀ ਦਰ ਸਿੱਖਨ ਖੜ੍ਹਾ । ਵਡ ਵਡਿਆਈ ਪੰਚਮੀ, ਨਿਹਕਲੰਕ ਜੋਤ ਨਰ ਨਰਾ । ਵਡ ਵਡਿਆਈ ਪੰਚਮੀ, ਖੰਡ ਬ੍ਰਹਿਮੰਡ ਪ੍ਰਭ ਚਰਨੀਂ ਪਰਾ । ਵਡ ਵਡਿਆਈ ਪੰਚਮੀ, ਕਰ ਦਰਸ ਗੁਰਸਿਖ ਕਲਜੁਗ ਭਵਜਲ ਪਾਰ ਪਰਾ । ਵਡ ਵਡਿਆਈ ਪੰਚਮੀ, ਤਰੇ ਸੋ ਜਨ ਜਿਨ ਸਿਰ ਹੱਥ ਪ੍ਰਭ ਧਰਾ । ਵਡ ਵਡਿਆਈ ਪੰਚਮੀ, ਆਤਮ ਦੇ ਗਿਆਨ ਦੀਸੇ ਵਿਚ ਪ੍ਰਭ ਆਪ ਹਰਿ ਹਰਾ । ਵਡ ਵਡਿਆਈ ਪੰਚਮੀ, ਮਹਾਰਾਜ ਸ਼ੇਰ ਸਿੰਘ ਨਰ ਅਵਤਾਰ ਗੁਰਮੁਖ ਦੁਤਰ ਤਰਾ । ਪੰਚਮ ਜੇਠ ਸਤਿਜੁਗ ਪੰਚਮੀ, ਕਲਜੁਗ ਪਰਗਟੇ ਨਰ ਨਰਾਇਣ । ਸ੍ਰਿਸ਼ਟ ਘਾਏ ਅਗਨ ਜੋਤ ਲਗਾਏ, ਗੁਰਸਿਖ ਗੁਰ ਚਰਨੀਂ ਬਹਿਣ । ਜੋਤ ਪਰਗਟਾਏ ਦਿਸ ਨਾ ਆਏ, ਗੁਰਮੁਖ ਸਾਚੇ ਜੋਤ ਜਗਾਇਣ । ਮਹਾਰਾਜ ਸ਼ੇਰ ਸਿੰਘ ਪੈਜ ਰਖਾਵੇ, ਸੋਹੰ ਬਾਣ ਬੇਮੁਖਾਂ ਲਗਾਵੇ, ਚਾਰ ਕੁੰਟ ਘਰ ਘਰ ਪੈਣ ਵੈਣ । ਏਕ ਅਡੋਲ

ਆਪ ਪ੍ਰਭ ਕਰਤਾ । ਪਰਗਟ ਜੋਤ ਦੁੱਖ ਗੁਰਸਿਖੱਨ ਹਰਤਾ । ਬੇਮੁਖ ਦਰ ਨਾ ਆਏ ਡਰਤਾ । ਗੁਰਸਿਖ ਗੁਰਚਰਨ ਲਾਗ ਨਾ ਜਗ ਮਰਤਾ । ਬੇਮੁਖ ਜਾਏ ਦਰ ਤੇ ਭਾਗ, ਅੰਤਕਾਲ ਵਾਸ ਪ੍ਰਭ ਕੁੰਭੀ ਨਰਕ ਵਿਚ ਕਰਤਾ । ਭਗਤ ਜਨਾਂ ਦੇਵੇ ਤਾਰ, ਪਰਗਟ ਜੋਤ ਮਹਾਰਾਜ ਸ਼ੇਰ ਸਿੰਘ ਧਰਨੀ ਧਰਤਾ । ਧਰਤ ਧਵਲ ਆਕਾਸ਼ ਸਮਾਏ । ਆਕਾਸ਼ ਪਾਤਾਲ ਮਾਤ ਪ੍ਰਭ ਜੋਤ ਜਗਾਏ । ਖੰਡ ਬ੍ਰਹਿਮੰਡ ਰਿਹਾ ਸਮਾਏ । ਮਾਇਆ ਕੁਦਰਤ ਰੂਪ ਕਰ, ਲੱਖ ਚੁਰਾਸੀ ਜੀਵ ਉਪਾਏ । ਸਾਚੀ ਜੋਤ ਵਿਚ ਦੇਹ ਧਰ, ਪ੍ਰਭ ਸਚ ਦੀਪਕ ਆਪ ਜਗਾਏ । ਵਿਚ ਸਾਧ ਸੰਗਤ ਕਲ ਪਾਏ ਮਾਣ, ਜੋ ਜਨ ਆਏ ਮਹਾਰਾਜ ਸ਼ੇਰ ਸਿੰਘ ਦਰਸ਼ਨ ਪਾਏ । ਮਾਨਸ ਜਨਮ ਸੁਫਲ ਜਾਏ ਕਰ, ਨਿਹਕਲੰਕ ਨਰ ਅਵਤਾਰੀ । ਕਲਜੁਗ ਲੈ ਅਵਤਾਰ, ਜੋਤ ਸਰੂਪ ਸ੍ਰਿਸ਼ਟ ਸੰਘਾਰੀ । ਕੋਏ ਨਾ ਪਾਵੇ ਪ੍ਰਭ ਕੀ ਸਾਰ, ਕੋਟ ਕੋਟਨ ਬ੍ਰਹਮਾ ਵਿਸ਼ਨ ਮਹੇਸ਼ ਖੜ੍ਹੇ ਦਰ ਦਰਬਾਰੀ । ਬਾਸ਼ਕ ਆਇਆ ਵਿਚ ਮਾਤ, ਕਰੇ ਪ੍ਰਭ ਚਰਨ ਨਿਮਸਕਾਰ, ਸਹੰਸਰ ਮੁਖ ਅਗਨ ਫੁਨਕਾਰੀ । ਐਸਾ ਜਪੇ ਸੋਹੰ ਜਾਪ, ਸਾਚਾ ਪ੍ਰਭ ਬਾਸ਼ਕ ਸੇਜ ਸਿੰਘਾਸਣ ਬੈਠਾ ਪ੍ਰਭ ਕਲਜੁਗ ਪੈਜ ਸਵਾਰੀ । ਕਲਜੁਗ ਆਇਆ ਕਲ ਜਾਮਾ ਧਾਰ ਨਿਹਕਲੰਕ ਪ੍ਰਭ ਨੈਣ ਮੁਧਾਰੀ । ਸ੍ਰਿਸ਼ਟ ਸਬਾਈ ਹੋਏ ਖ਼ੁਆਰ, ਅਗਨ ਜੋਤ ਪ੍ਰਭ ਲਗਾਏ ਚੰਗਿਆਰੀ । ਹਿਰਦੇ ਵਸੇ ਗੁਰਸਿਖਾਂ ਪ੍ਰਭ, ਕਲਜੁਗ ਆਏ ਜਿਸ ਪੈਜ ਸਵਾਰੀ । ਜਾਮਾ ਧਾਰ ਕਰ ਜਾਏ ਬੇੜਾ ਪਾਰ, ਜੋ ਜਨ ਆਏ ਚਰਨ ਨਿਮਸਕਾਰੀ । ਪ੍ਰਭ ਜੋਤ ਆਕਾਰ, ਜੀਵ ਜੰਤ ਜੋਤ ਜਗਾਏ ਅਪਰ ਅਪਾਰ, ਬੇਮੁਖ ਨਾ ਪਾਏ ਸਾਰ, ਗੁਰਸਿਖ ਪੇਖੇ ਸਚ ਨੈਣ ਦੀਦਾਰੀ । ਮਹਾਰਾਜ ਸ਼ੇਰ ਸਿੰਘ ਤੇਰੀ ਮਹਿਮਾ ਅਪਾਰ ਵਿਚ ਸੰਸਾਰ ਨਾ ਜਾਣੇ ਜੀਵ ਪ੍ਰਭ ਵਸੇ ਵਿਚ ਗਿਰਧਾਰੀ । ਦੇ ਦੀਦਾਰ ਪ੍ਰਭ ਦਰਦ ਮਿਟਾਇਆ । ਹਉਮੈ ਮਮਤਾ ਵਿਚੋਂ ਮਾਣ ਗਵਾਇਆ । ਪਰਗਟ ਜੋਤ ਆਪ ਨਿਰਾਧਾਰ, ਆਤਮ ਜੋਤ ਪ੍ਰਭ ਆਪ ਜਗਾਇਆ । ਮਦਿ ਮਾਸ ਕਰ ਆਹਾਰ, ਕਲਜੁਗ ਜੀਵਾਂ ਪ੍ਰਭ ਭੁਲਾਇਆ । ਅੰਤਕਾਲ ਹੋ ਜਾਇਣ ਖ਼ੁਆਰ, ਸਚ ਸ਼ਬਦ ਆਪ ਲਿਖਾਇਆ । ਬੇੜਾ ਡੋਬੇ ਵਿਚ ਮੰਝਧਾਰ, ਗੁਰਮੁਖ ਵਿਰਲੇ ਵਿਚ ਸੰਸਾਰ, ਹਿਰਦਕ ਜੋਤ ਜਿਸ ਪ੍ਰਭ ਜਗਾਇਆ । ਆਤਮ ਕਰ ਵਿਚਾਰ, ਪ੍ਰਭ ਗੁਰਸਿਖਾਂ ਬਾਂਹੋਂ ਪਕੜ ਪ੍ਰਭ ਆਪ ਉਠਾਇਆ । ਮਾਨਸ ਜਨਮ ਲਿਆ ਸੁਧਾਰ, ਦਰ ਆਏ ਜਿਸ ਸੀਸ ਝੁਕਾਇਆ । ਮਾਤ ਗਰਭ ਨਾ ਹੋਏ ਵਾਸ, ਸਾਚੇ ਪ੍ਰਭ ਵਿਚ ਜੋਤ ਮਿਲਾਇਆ । ਭਗਤ ਵਛਲ ਪਰਗਟੇ ਮੁਰਾਰ, ਚਤੁਰਭੁਜ ਹੋਏ ਪ੍ਰਭ ਗੁਰਸਿਖ ਲਾਜ ਰਖਾਇਆ । ਗੁਰਸਿਖ ਕਲਜੁਗ ਉਤਰੇ ਪਾਰ, ਮਹਾਰਾਜ ਸ਼ੇਰ ਸਿੰਘ ਜਿਸ ਦਰਸ ਦਿਖਾਇਆ । ਦਰਸ ਕਰ ਆਤਮ ਤ੍ਰਿਪਤਾਸੇ । ਮਿਟਾਏ ਦੁੱਖ ਸਭ, ਜੋ ਜਨ ਆਏ ਪ੍ਰਭ ਚਰਨ ਪਿਆਸੇ । ਪਰਗਟ ਹੋਏ ਦਰਸ ਦਿਖਾਏ ਝਬ, ਜੋ ਜਨ ਰਸਨ ਨਾ ਲਾਏ ਮਦਿ ਮਾਸੇ । ਸਾਚਾ ਝਿਰਨਾ ਅੰਮ੍ਰਿਤ ਵਿਚ ਝਿਰਾਏ ਨੱਭ, ਆਤਮ ਜੋਤ ਕਰੇ ਦੇਹ ਪਰਕਾਸੇ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਲਿਆ ਲੱਭ, ਬੇਮੁਖ ਜਨਮ ਗਵਾਇਆ ਹਾਸੇ । ਬੇਮੁਖ ਕਲਜੁਗ ਅੰਧ ਅੰਧਿਆਰਾ । ਨਜ਼ਰ ਨਾ ਆਵੇ ਜੋਤ ਨਿਰੰਜਣ ਨਿਹਕਲੰਕ ਅਵਤਾਰਾ । ਪੀਤ ਪੀਤੰਬਰ ਛਾਇਆ ਸਚ ਸਿਰਜਣਹਾਰਾ । ਜੋਤ ਸਰੂਪੀ ਜੋਤ ਪਰਗਟਾਇਆ, ਅਛਲ ਛਲ ਕਰੇ ਵਿਚ ਸੰਸਾਰਾ । ਜੋਤ ਸਰੂਪੀ ਜਗਤ ਭੁਲਾਇਆ, ਮੂਰਖ ਮੁਗਧ ਨਾ ਪਾਵੇ ਸਾਰਾ । ਹਰਿ ਭਗਤਾਂ ਪ੍ਰਭ ਦਰਸ ਦਿਖਾਇਆ, ਗੁਰਚਰਨ ਆਏ ਸੋਹੇ ਦਰ ਦਰਬਾਰਾ । ਸਾਚਾ ਪ੍ਰਭ ਘਰ ਮਾਹਿ ਪਾਇਆ, ਸੋਹੰ ਦੇਵੇ ਜਨ ਭਗਤਾਂ ਨਾਮ ਭੰਡਾਰਾ । ਮਹਾਰਾਜ ਸ਼ੇਰ ਸਿੰਘ ਕਲ ਜਿਸ ਰਸਨ ਧਿਆਇਆ, ਉਤਮ ਗੁਰਸਿਖ ਵਿਚ ਸੰਸਾਰਾ । ਸੰਸਾ ਪ੍ਰਭ ਆਪ ਚੁਕਾਵੇ । ਸਚ ਜੋਤ ਪਰਗਟ ਪ੍ਰਭ ਸੋਹੰ ਸ਼ਬਦ

ਆਤਮ ਧੁਨ ਵਜਾਵੇ । ਵੱਜੇ ਧੁਨ ਖੁਲ੍ਹ ਜਾਏ ਸੁਨ, ਜੋਤ ਸਰੂਪ ਪ੍ਰਭ ਨਜ਼ਰੀ ਆਵੇ । ਨਜ਼ਰੀ ਆਵੇ ਸਾਚਾ ਪ੍ਰਭ, ਆਪਣੀ ਮਹਿੰਮਾ ਆਪ ਜਣਾਵੇ । ਪ੍ਰਭ ਕੀ ਮਹਿੰਮਾ ਸੋ ਜਨ ਜਾਣੇ, ਗਿਆਨ ਗੋਝ ਪ੍ਰਭ ਭੇਵ ਖੁਲ੍ਹਾਵੇ । ਗਿਆਨ ਗੋਝ ਦੇ ਪਰਕਾਸ਼ੇ, ਮਹਾਰਾਜ ਸ਼ੇਰ ਸਿੰਘ ਜਿਸ ਦਰਸ ਦਿਖਾਵੇ । ਕਲਜੁਗ ਉਤਮ ਨਿਹਕਲੰਕ ਦਰਬਾਰਾ । ਸੋਹੰ ਸਾਚੀ ਧੁਨ ਧੁਨਕਾਰਾ । ਗੁਰਸਿਖ ਰਸਨਾ ਹੋਵੇ ਜੈ ਜੈਕਾਰਾ । ਪ੍ਰਭ ਸਾਚੇ ਭਗਤਾਂ ਹਿਰਦੇ ਵਸਣਾ, ਦੇਵੇ ਦਰਸ ਆਪ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਸਾਚਾ ਰਾਹ ਦੱਸਣਾ, ਲੰਘੇ ਪਾਰ ਕੋਈ ਗੁਰਸਿਖ ਪਿਆਰਾ । ਸਾਚਾ ਰਾਹ ਸਤਿਜੁਗ ਪ੍ਰਭ ਚਲਾਵੇ । ਸੋਹੰ ਸ਼ਬਦ ਸਾਚਾ ਮਾਰਗ ਲਾਵੇ । ਓਅੰ ਸੋਹੰ ਪ੍ਰਭ ਏਕ ਆਪ ਕਰਾਵੇ । ਓਅੰ ਪ੍ਰਭ, ਸੋਹੰ ਸਾਚੀ ਧੁਨ ਉਪਜਾਵੇ । ਸੋਹੰ ਸ਼ਬਦ ਸੁਣ ਕੰਨ, ਗੁਰਸਿਖ ਭੇਵ ਪ੍ਰਭ ਕਾ ਪਾਵੇ । ਸ਼ਬਦ ਸੁਰਤ ਗੁਰਸਿਖ ਜੋਤ ਸਰੂਪ ਪ੍ਰਭ ਦਰਸ ਦਿਖਾਵੇ । ਕਲਜੁਗ ਉਤਮ ਰਸਨਾ ਵਿਚ ਮੁਖ ਦੇ ਦਿਵਸ ਰੈਣ ਸੋਹੰ ਗਾਵੇ । ਦਰਸ ਆਪਣੇ ਦੀ ਪ੍ਰਭ ਆਪ ਆਤਮ ਭੁੱਖ ਦੇ, ਦੇ ਦਰਸ ਜੀਵ ਤ੍ਰਿਪਤਾਵੇ । ਕਲਜੁਗ ਨਾਮ ਸਾਚਾ ਸੋਹੰ ਸੁਖ ਦੇ, ਰਸਨਾ ਜਪ ਜੀਵ ਅੰਤ ਜੋਤ ਮਿਲ ਜਾਵੇ । ਫਿਰ ਵਾਸ ਨਾ ਮਾਤ ਕੁੱਖ ਦੇ, ਚਰਨ ਲਾਗ ਜੋ ਭੁੱਲ ਬਖ਼ਸ਼ਾਵੇ । ਮਾਤ ਕੁੱਖ ਉਲਟਾ ਰੁਖ਼ ਏ, ਸਿਰ ਨੀਚੇ ਉਪਰ ਪੈਰ ਰਖਾਵੇ । ਜਨਮ ਧਾਰ ਵੱਡਾ ਬੇਮੁਖ ਏ, ਸਾਚਾ ਪ੍ਰਭ ਆਤਮ ਭੁੱਲ ਜਾਵੇ । ਮਹਾਰਾਜ ਸ਼ੇਰ ਸਿੰਘ ਲੇਖ ਫਿਰ ਸਾਚੇ ਲਿਖ ਦੇ, ਸਾਧ ਸੰਗਤ ਜੋ ਜਨ ਰਲ ਜਾਵੇ । ਪਰਗਟੇ ਜੋਤ ਪ੍ਰਭ ਸਾਚਾ ਧਾਮਾ । ਦੁਆਪਰ ਕ੍ਰਿਸ਼ਨ ਮੁਰਾਰ ਤ੍ਰੇਤਾ ਰਾਮਾ । ਕਲਜੁਗ ਧਾਰੇ ਪ੍ਰਭ ਨਿਹਕਲੰਕ ਜਾਮਾ । ਮਹਾਰਾਜ ਸ਼ੇਰ ਸਿੰਘ ਲੈ ਅਵਤਾਰ, ਕਲਜੁਗ ਸੰਘਾਰੇ ਜਿਉਂ ਦੁਆਪਰ ਸ਼ਾਮਾ । ਗੁਰਸਿਖਾਂ ਕਲ ਮਿਲੇ ਵਧਾਈ । ਪਰਗਟੇ ਜੋਤ ਪ੍ਰਭ ਰਘੁਰਾਈ । ਸਾਧ ਸੰਗਤ ਦੇ ਦਰਸ ਪ੍ਰਭ ਆਏ ਤਰਾਈ । ਝੂਠੀ ਦੁਨੀਆ ਪ੍ਰਭ ਸੁੰਞ ਮਸਾਣ ਸਵਾਈ । ਗੁਰਸਿਖਾਂ ਦੇ ਬ੍ਰਹਮ ਗਿਆਨ, ਸਾਚੀ ਜੋਤ ਪ੍ਰਭ ਵਿਚ ਦੇਹ ਜਗਾਈ । ਦਰ ਆਏ ਗੁਰਚਰਨ ਲਗਾਏ ਧਿਆਨ, ਖੋਲ੍ਹ ਤ੍ਰੈਕੁਟੀ ਪ੍ਰਭ ਦਰਸ ਦਿਖਾਈ । ਆਣ ਕਲਜੁਗ ਹੋਏ ਜੀਵ ਚਤੁਰ ਸੁਜਾਨ, ਜਿਨ੍ਹਾਂ ਮਿਲਿਆ ਸਰਬ ਸੁਖਦਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, । ਕਲਜੁਗ ਪਰਗਟ ਸਭ ਸ੍ਰਿਸ਼ਟ ਭੁਲਾਈ । ਆਪ ਅਭੁੱਲ ਪ੍ਰਭ ਸਭ ਜਗਤ ਭੁਲਾਇਆ । ਆਪ ਅਭੁਲ ਸਭ ਜਗਤ ਭੁਲਾਇਆ । ਆਪ ਅਤੁਲ ਸਭ ਜਗਤ ਤੋਲ ਤੁਲਾਇਆ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰੇ ਫੁੱਲ, ਸਿੰਘਆਸਣ ਬੈਠ ਪ੍ਰਭ ਸ਼ਬਦ ਲਿਖਾਇਆ । ਸਿੰਘਆਸਣ ਪ੍ਰਭ ਕਾ ਥਾਉਂ । ਵਿਚ ਮਾਤ ਸੋਹੰ ਦੇਵੇ ਸਾਚਾ ਨਾਉਂ । ਰਸਨਾ ਜਪ ਜੀਵ ਗੁਣ ਨਿਧਾਨ ਦਰ ਪਾਉ । ਜੋ ਜਨ ਰਸਨਾ ਸੋਹੰ ਪੀਵ, ਅੰਤ ਜੋਤ ਮਿਲ ਜਾਉ । ਮਹਾਰਾਜ ਸ਼ੇਰ ਸਿੰਘ ਗੁਰਸਿਖ ਜਗਾਈ ਸਾਚੀ ਦੀਵ, ਚਾਰ ਜੁਗ ਬੁਝ ਨਾ ਜਾਉ । ਆਤਮ ਨਾਮ ਜਿਸ ਜਨ ਵਸਾਇਆ । ਨਿਰਹਾਰੀ ਨਿਰਵੈਰ ਪ੍ਰਭ ਵਿਚ ਸਿੱਖ ਸਮਾਇਆ । ਕਲਜੁਗ ਜਾਮਾ ਧਾਰ, ਨਿਹਕਲੰਕ ਕਲ ਨਾਉਂ ਰਖਾਇਆ । ਭਗਤ ਜਨਾਂ ਪ੍ਰਭ ਦੇਵੇ ਤਾਰ, ਸੁਰਤ ਸ਼ਬਦ ਗਿਆਨ ਦਿਵਾਇਆ । ਸਾਧ ਸੰਗਤ ਜਾਉ ਬਲਿਹਾਰ, ਗੁਰਦਰ ਰਸਨਾ ਹਰਿ ਹਰਿ ਹਰਿ ਮੰਗਲ ਗਾਇਆ । ਮਹਾਰਾਜ ਸ਼ੇਰ ਸਿੰਘ ਤੇਰੇ ਭਰੇ ਭੰਡਾਰ, ਸਾਚਾ ਨਾਮ ਗੁਰਸਿਖਾਂ ਪ੍ਰਭ ਭਿਛਿਆ ਪਾਇਆ । ਸਾਚਾ ਨਾਉਂ ਉਤਮ ਥਾਉਂ, ਗੁਰ ਦਰ ਤੇ ਪਾਈਏ । ਵਡ ਵਡ ਭਾਗ ਸਾਚਾ ਪ੍ਰਭ ਵਿਚ ਬਹਾਈਏ । ਕਲਜੁਗ ਗੁਰਮੁਖ ਗਏ ਜਾਗ, ਅਨਹਦ ਸ਼ਬਦ ਪ੍ਰਭ ਦਿਤਾ ਰਾਗ, ਸਾਧ ਸੰਗਤ ਮਿਲ ਰਸਨਾ ਗਾਈਏ । ਤੀਨ ਲੋਕ ਪ੍ਰਭ ਆਏ ਤਿਆਗ, ਨਿਰਧਨ ਹੋਏ ਪ੍ਰਭ ਵਿਚ ਸਮਾਈਏ । ਜਿਉਂ ਬਿਦਰ ਅਲੂਣਾ

ਖਾਇਆ ਸਾਗ, ਦੁਰਯੋਧਨ ਭੀਖਮ ਕਰੁਨ ਤਜਾਈਏ । ਕਲਜੁਗ ਪਰਗਟਿਆ ਪ੍ਰਭ ਸਾਂਗ, ਜੋਤ ਸਰੂਪ ਉਪਰ ਖ਼ਾਕ ਬਹਿ ਜਾਈਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਰ ਦਰਸ ਘਰ ਨੌਂ ਨਿਧ ਪਾਈਏ । ਅਚਰਜ ਆਪ ਪ੍ਰਭ ਕਰਤਾ, ਕਲ ਦੁਸ਼ਟ ਸੰਘਾਰੇ । ਗੁਰਸਿਖ ਜੋਤ ਪ੍ਰਭ ਸਾਚੀ ਧਰਤਾ, ਉਨੰਜਾ ਪਵਣ ਸਿਰ ਛਤਰ ਝੁਲਾਰੇ । ਜੋਤ ਸਰੂਪ ਜੋਤ ਪਰਗਟਾਵੇ ਕਰਤਾ । ਮਹਾਰਾਜ ਸ਼ੇਰ ਸਿੰਘ ਕੋਈ ਭੇਵ ਨਾ ਪਾਵੇ । ਕਲਜੁਗ ਆਏ ਨਿਹਕਲੰਕ ਨਾਉਂ ਧਰਾਣੇ । ਨਰ ਨਰਾਇਣ ਖੇਲ ਸਭ ਕਰਤਾ, ਜੋਤ ਪ੍ਰਭ ਕੀ ਜੋ ਜਨ ਜਾਣੇ । ਸਾਚਾ ਪ੍ਰਭ ਸਵੱਛ ਸਰੂਪ ਦਰਸ ਦਿਖਾਣੇ । ਬੇਮੁਖ ਕਲਜੁਗ ਭੁੱਲ ਹੋਏ ਅੰਞਾਣੇ । ਨਜ਼ਰ ਨਾ ਆਇਆ ਕਿਸੇ ਰਾਜੇ ਰਾਣੇ । ਆਤਮ ਜੋਤ ਵੱਥ ਪ੍ਰਭ ਦਿਤੀ ਸਭ, ਜੋ ਦਰ ਆਏ ਹੋਏ ਨਿਮਾਣੇ । ਪਰਗਟ ਜੋਤ ਆਪ ਸਮਰਥ, ਕਲਜੁਗ ਖਪਾਏ ਆਪਣੇ ਭਾਣੇ । ਬੇਮੁਖਾਂ ਨੱਕ ਪਾਏ ਨੱਥ, ਸਦਾ ਦੀਸੇ ਮੌਤ ਸਰਹਾਣੇ । ਗੁਰਸਿਖਾਂ ਵੇਲਾ ਆਇਆ ਹੱਥ, ਕਰ ਦਰਸ ਪ੍ਰਭ ਆਤਮ ਜੋਤ ਜਗਾਣੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਸਮਰਥ, ਤਖ਼ਤੋਂ ਲਾਹੇ ਰਾਜੇ ਰਾਣੇ । ਏਕ ਜੋਤ ਪ੍ਰਭ ਜਗਤ ਆਕਾਰਾ । ਜੋਤ ਸਰੂਪ ਜਗਤ ਪਸਾਰਾ । ਬੇਮੁਖ ਨਾ ਜਾਣੇ ਪ੍ਰਭ ਕੀ ਸਾਰਾ । ਗੁਰਸਿਖ ਆਤਮ ਵਿਚ ਧੁਨਕਾਰਾ । ਜੋਤ ਸਰੂਪ ਕਲਜੁਗ ਨਿਹਕਲੰਕ ਅਵਤਾਰਾ । ਸੋਹੰ ਬਾਣ ਸ਼ਬਦ ਗੁਰ ਸ੍ਰਿਸ਼ਟ ਝੂਠੀ ਮਾਰਾ । ਚਾਰ ਕੁੰਟ ਪੈ ਜਾਏ ਹਾਹਾਕਾਰਾ । ਧੰਨ ਧੰਨ ਕਲਜੁਗ ਗੁਰਸਿਖ, ਜਿਨ੍ਹਾਂ ਘਰ ਹੋਵੇ ਜੈ ਜੈਕਾਰਾ । ਕਲਜੁਗ ਉਜਲ ਹੋਏ ਮੁਖ, ਜਿਨ੍ਹਾਂ ਮਿਲਿਆ ਪੁਰਖ ਅਪਾਰਾ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਹਰਿ ਦੇਵੇ ਸਾਚਾ ਨਾਮ ਪਿਆਰਾ । ਨਾਮ ਮਿਲੇ ਜਗਤ ਵਡਿਆਈ । ਬੁਝੀ ਦੀਪਕ ਗੁਰਸਿਖ ਪ੍ਰਭ ਆਣ ਜਗਾਈ । ਪੰਚਮ ਜੇਠ ਸਾਧ ਸੰਗਤ ਤੈਨੂੰ ਮਿਲੇ ਵਧਾਈ । ਜੋਤ ਸਰੂਪ ਨਿਰੰਜਣ ਜੋਤ ਵਿਚ ਮਾਤ ਦੇ ਆਈ । ਜਾਮਾ ਲਿਆ ਧਾਰ, ਨਿਹਕਲੰਕ ਘਨਕਪੁਰੀ ਪ੍ਰਭ ਭਾਗ ਲਗਾਈ । ਮਨੀ ਸਿੰਘ ਪਾਈ ਸਾਰ, ਦਰ ਆਏ ਦਰਸ਼ਨ ਪਾਏ ਪੱਲਾ ਫੇਰ ਜਗਤ ਪਾਏ ਦੁਹਾਈ । ਅੰਮ੍ਰਿਤਸਰ ਲਿਆਏ ਮੰਜੀ ਸਾਹਿਬ ਉਪਰ ਬਹਾਈ । ਬੇਮੁਖਾਂ ਤੋਂ ਧੱਕੇ ਖਾਏ, ਅੰਮ੍ਰਿਤਸਰ ਸਰਾਫ ਦਵਾਈ । ਕਲਜੁਗ ਐਸੀ ਕਲ ਵਰਤਾਵੇ, ਪ੍ਰਭ ਅਬਿਨਾਸ਼ੀ ਖੇਲ ਰਚਾਵੇ, ਸਰ ਅੰਮ੍ਰਿਤ ਥੇਹ ਹੋ ਜਾਈ । ਸਾਚੀ ਲਿਖਤ ਪ੍ਰਭ ਆਪ ਲਿਖਾਈ । ਮਹਾਰਾਜ ਸ਼ੇਰ ਸਿੰਘ ਤੇਰੀ ਜਗਤ ਵਡਿਆਈ । ਮਨੀ ਸਿੰਘ ਨੇ ਸ਼ਬਦ ਕਮਾਇਆ । ਨਿਹਕਲੰਕ ਨਰ ਨਰਾਇਣ ਨਰ ਅਵਤਾਰ, ਉਪਰ ਸੀਸ ਉਠਾਇਆ । ਅਨੰਦਪੁਰ ਜਾਏ, ਹਾਹਾਕਾਰ ਕਰ ਆਖ ਸੁਣਾਇਆ । ਨੀਲਾ ਚੋਗਾ ਸੰਤ ਰੰਗਾਇਆ । ਪ੍ਰਭ ਸਾਚੇ ਦੇ ਗਲ ਵਿਚ ਪਾਇਆ । ਇਮਾਮ ਮਹਦੀ ਰਸਨਾ ਨਾਮ ਅਲਾਇਆ । ਮੁਸਲਮਾਨਾਂ ਦੇ ਦੁਹਾਈ, ਸਾਚੇ ਸੰਤ ਆਖ ਸੁਣਾਇਆ । ਕਲਜੁਗ ਪ੍ਰਭ ਜੋਤ ਪਰਗਟਾਈ । ਭਰਮ ਭੁਲੇਖੇ ਸਭ ਸ੍ਰਿਸ਼ਟ ਭੁਲਾਈ । ਵਿਛੜਿਆਂ ਗੁਰਸਿਖਾਂ ਨਿਹਕਲੰਕ ਕਲਜੁਗ ਸਾਚੇ ਮੇਲ ਮਿਲਾਈ । ਗੁਰਸਿਖ ਗੁਰ ਦਰ ਆਇਆ, ਕਰ ਦਰਸ ਅਮਰਾ ਪਦ ਪਾਇਆ, ਸਾਚਾ ਪ੍ਰਭ ਭਏ ਸਹਾਈ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਸਰਨ ਪੜੇ ਦੀ ਲਾਜ ਰਖਾਈ । ਜੋ ਜਨ ਆਏ ਪ੍ਰਭ ਕੀ ਸਰਨਾ । ਕਰ ਦਰਸ ਕਲਜੁਗ ਤਰਨਾ । ਜੋਤ ਸਰੂਪੀ ਜੋਤ ਪ੍ਰਭ ਅੰਤ ਹੈ ਕਰਨਾ । ਮਹਾਰਾਜ ਸ਼ੇਰ ਸਿੰਘ ਕਲਜੁਗ ਤਾਰੇ ਝਬ, ਹੋਏ ਨਿਮਾਣਾ ਜੋ ਜਨ ਆਏ ਸਰਨਾ । ਜਨ ਸੋ ਜਿਸ ਪ੍ਰਭ ਆਪਣਾ ਆਪ ਜਣਾਵੇ । ਤਨ ਸੋ ਜਿਥੇ ਪ੍ਰਭ ਸਾਚੀ ਜੋਤ ਟਿਕਾਵੇ । ਮਨ ਸੋ ਜਿਥੇ ਪ੍ਰਭ ਆਪਣਾ ਭੇਵ ਖੁਲ੍ਹਾਵੇ । ਕੰਨ ਸੋ ਜਿਥੇ ਪ੍ਰਭ ਅਨਹਦ ਰਾਗ ਸੁਣਾਵੇ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਗੁਰਸਿਖਾਂ ਸਿਰ ਫੂਲਨ

ਬਰਖਾ ਬਰਖਾਵੇ । ਗਲ ਮਾਲਾ ਭਿਬੂਖਨ ਕਵਲ ਨੈਣ । ਕਲਜੁਗ ਪਰਗਟੇ ਪ੍ਰਭ, ਕ੍ਰਿਸ਼ਨ ਦੁਆਪਰ ਜਿਉਂ ਸਿਰ ਮੁਕਟ ਬੈਣ । ਧੰਨ ਧੰਨ ਧੰਨ ਗੁਰਸਿਖ ਰਸਨਾ ਜਪ ਪ੍ਰਭ ਸਬਾਈ ਰੈਣ । ਕਲਜੁਗ ਪਰਗਟੇ ਪ੍ਰਭ ਸਾਚੀ ਜੋਤ, ਕਰ ਦਰਸ ਜੀਵ ਸਾਚੇ ਨੈਣ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਵਕ਼ਤ ਸੁਹਾਇਆ ਸਾਚਾ ਨਾਮ ਜੋ ਜਨ ਰਸਨਾ ਲੈਣ । ਕਰ ਕਿਰਪਾ ਪ੍ਰਭ ਬਰਸਦਾ, ਮੁਖ ਅੰਮ੍ਰਿਤ ਧਾਰਾ । ਕਰ ਕਿਰਪਾ ਪ੍ਰਭ ਬਰਸਦਾ, ਪੀ ਜੀਵ ਹੋਵੇ ਆਤਮ ਉਜਿਆਰਾ । ਕਰ ਕਿਰਪਾ ਪ੍ਰਭ ਬਰਸਦਾ, ਰਸਨਾ ਲਾਏ ਦੂਧ ਕਿਰਪਾ ਕਰੇ ਆਪ ਗਿਰਧਾਰਾ । ਕਰ ਕਿਰਪਾ ਪ੍ਰਭ ਬਰਸਦਾ, ਅੰਮ੍ਰਿਤ ਸਾਚਾ ਕਰ ਨਿਗਮ ਵਿਚਾਰਾ । ਕਰ ਕਿਰਪਾ ਪ੍ਰਭ ਬਰਸਦਾ, ਗੁਰਸਿਖਾਂ ਆਤਮ ਰੱਖੇ ਨਿਆਰਾ । ਦਸਮ ਦਵਾਰ ਖੁੱਲ੍ਹੇ ਦਸਮ ਦਵਾਰਾ । ਖੁੱਲ੍ਹੇ ਦਸਮ ਦਵਾਰ ਅਨਹਦ ਸ਼ਬਦ ਵੱਜੇ ਧੁੰਨਕਾਰਾ । ਵਿਚ ਧਰੇ ਜੋਤ ਅਗੰਮ ਅਪਾਰਾ । ਅਗੰਮ ਅਪਾਰ ਪਰਗਟੇ ਨਿਹਕਲੰਕ ਅਵਤਾਰਾ । ਭਗਤ ਜਨ ਕਲ ਦੇਵੇ ਅੰਮ੍ਰਿਤ ਭੰਡਾਰਾ । ਬੇਮੁਖ ਕਲਜੁਗ ਹੋਏ ਖੁਆਰਾ । ਨਿਜਾਨੰਦ ਮਿਲੇ ਜੀਵ ਅੰਮ੍ਰਿਤ ਧਾਰਾ । ਪੀ ਅੰਮ੍ਰਿਤ ਧਾਰ ਵਿਚ ਦੇਹ ਜੋਤ ਜਗੇ ਅਪਾਰਾ । ਕਲਜੁਗ ਪਰਗਟ ਨਿਹਕਲੰਕ ਸਾਧ ਸੰਗਤ ਜਾਏ ਤਾਰਾ । ਐਸਾ ਕੀਆ ਖੇਲ ਅਪਾਰਾ । ਮਹਾਰਾਜ ਸ਼ੇਰ ਸਿੰਘ ਸਿੱਖ ਸੋਹਣ ਤੇਰੇ ਚਰਨ ਦਵਾਰਾ । ਅੰਤਕਾਲ ਮਿਲੇ ਸਚਖੰਡ ਦਵਾਰਾ । ਸਚਖੰਡ ਜਿਥੇ ਪ੍ਰਭ ਸਾਚਾ ਵਸੇ । ਜੋਤ ਸਰੂਪ ਪ੍ਰਗਟ ਭਗਤ ਜਨਾਂ ਰਾਹ ਦੱਸੇ । ਨਿਰਮਲ ਜੋਤ ਪ੍ਰਭ ਪ੍ਰਕਾਸ਼ ਕੋਟਨ ਕੋਟ ਦਵਾਰ ਚਰਨ ਪ੍ਰਭ ਖੜ੍ਹੇ ਰਵ ਸੱਸੇ । ਬੇਮੁਖ ਕਲਜੁਗ ਜਨਮ ਗਏ ਹਾਰ, ਸਤਿਗੁਰ ਨਾ ਦੀਸੇ ਚੰਦ ਜਿਉਂ ਮੱਸੇ । ਮਹਾਰਾਜ ਸ਼ੇਰ ਸਿੰਘ ਚਰਨ ਜਾਉ ਬਲਿਹਾਰ, ਜੋਤ ਸਰੂਪ ਵਿਚ ਸਿੱਖ ਦੇ ਦਿਸੇ । ਜੋਤ ਸਰੂਪ ਪ੍ਰਭ ਜੋਤੀ ਜੋਤਾ । ਏਕ ਜੋਤ ਪ੍ਰਭ ਜੁਗੋ ਜੁਗ ਹੋਤਾ । ਚਰਨ ਲਾਗ ਗੁਰਸਿਖ ਦੁਰਮਤ ਦੇਹ ਪੀ ਅੰਮ੍ਰਿਤ ਪਾਪ ਕਲੇਵਰ ਧੋਤਾ । ਬੇਮੁਖ ਦਰ ਤੇ ਅੰਤਕਾਲ ਕਲ ਜਾਏ ਰੋਤਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸਦ ਚਰਨ ਬਲਿਹਾਰ, ਅੰਤ ਮਿਲਾਏ ਵਿਚ ਜੋਤੀ ਜੋਤਾ । ਕਿਰਪਾ ਕਰੇ ਪ੍ਰਭ ਵਿਚ ਜੋਤ ਮਿਲਾਏ । ਮਿਲਾਏ ਜੋਤ ਜਿਸ ਪ੍ਰਭ ਸਾਚਾ ਦਰਸ ਦਿਖਾਏ । ਬਿਨ ਦਰਸ ਜੀਵ ਮਾਨਸ ਜਨਮ ਬਿਰਥਾ ਜਾਏ । ਸਾਧ ਸੰਗਤ ਗੁਰਚਰਨ ਲਾਗ, ਅੰਮ੍ਰਿਤ ਰਸ ਪੀਵ ਲੱਖ ਚੁਰਾਸੀ ਗੇੜ ਮਿਟਾਏ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸਿੱਖ ਦਰ ਘਰ ਘਰ ਦਰ ਪ੍ਰਭ ਸਾਚਾ ਪਾਏ । ਸਾਚਾ ਪ੍ਰਭ ਕਲ ਮਿਲੇ ਅਬਿਨਾਸ਼ੀ । ਜੋਤ ਸਰੂਪ ਪਰਗਟੇ ਪ੍ਰਭ ਸਰਬ ਘਟ ਵਾਸੀ । ਦਰ ਆਏ ਪ੍ਰਭ ਆਸ ਪੁਜਾਏ, ਦਰ ਆਏ ਸਾਧ ਸੰਗਤ ਨਾ ਜਾਏ ਨਿਰਾਸੀ । ਸਚ ਬਚਨ ਲਿਖਾਏ, ਸੋਹੰ ਦਾਨ ਪ੍ਰਭ ਝੋਲੀ ਪਾਏ, ਪੰਚਮ ਜੇਠ ਪਰਗਟੇ ਘਨਕਪੁਰ ਵਾਸੀ । ਖੰਡ ਬ੍ਰਹਿਮੰਡ ਹਿਲਾਏ, ਤ੍ਰਿਲੋਕੀ ਨੰਦਨ ਐਸੀ ਬਣਤ ਬਣਾਏ, ਬੇਮੁਖ ਮਰੇ ਕਲਜੁਗ ਕਰ ਕਰ ਹਾਸੀ । ਮਹਾਰਾਜ ਸ਼ੇਰ ਸਿੰਘ ਅੰਤ ਹੋਏ ਸਹਾਈ, ਸਾਧ ਸੰਗਤ ਤੇਰੇ ਚਰਨ ਦਾਸੀ । ਦਾਸ ਹੋਏ ਜੋ ਗੁਰ ਦਰ ਆਇਆ । ਸਾਚਾ ਨਾਉਂ ਅੰਮ੍ਰਿਤ ਫਲ ਪਾਇਆ । ਗੁਣ ਨਿਧਾਨ ਘਰ ਆਏ, ਭਗਤ ਜਨਾਂ ਲੇਖ ਲਿਖਾਇਆ । ਉਤਮ ਦੇ ਬ੍ਰਹਮ ਗਿਆਨ, ਬਜਰ ਕਪਾਟ ਪ੍ਰਭ ਖੋਲ੍ਹ ਵਿਖਾਇਆ । ਸੋਹੰ ਸ਼ਬਦ ਆਤਮ ਲਾਇਆ ਬਾਣ, ਭੁੱਲਿਆ ਜੀਵ ਗੁਰਚਰਨ ਲਗਾਇਆ । ਜੋਤ ਸਰੂਪੀ ਕਲ ਦੀਆ ਮਾਣ, ਹੋਏ ਨਿਤਾਣ ਜਿਸ ਚਰਨੀਂ ਸੀਸ ਝੁਕਾਇਆ । ਹੰਕਾਰੀ ਮਾਇਆ ਭਰਮ ਭੁਲਾਇਣ, ਕੁੰਭੀ ਨਰਕ ਪ੍ਰਭ ਵਾਸ ਰਖਾਇਆ । ਨਿਰਧਨ ਹੋਏ ਸਾਧ ਸੰਗਤ ਮਿਲ ਜਾਣ, ਸਚਖੰਡ ਪ੍ਰਭ ਨਿਵਾਸ ਦਿਵਾਇਆ । ਸੋਹੰ ਸ਼ਬਦ ਜਨ ਸਚ ਮਾਣ, ਸਾਚੇ ਪ੍ਰਭ ਸੋਹੰ ਮੇਲ ਮਿਲਾਇਆ । ਕਲਜੁਗ ਪਰਗਟੇ ਵਿਸ਼ਨੂੰ ਭਗਵਾਨ, ਅੰਤਕਾਲ

ਕਲ ਆਣ ਖਪਾਇਆ । ਗੁਰਸਿਖਾਂ ਦੇ ਆਤਮ ਗਿਆਨ, ਸਤਿਜੁਗ ਸਾਚਾ ਰਾਹ ਦਿਖਾਇਆ । ਮਹਾਰਾਜ ਸ਼ੇਰ ਸਿੰਘ ਜਾਣੀ ਜਾਣ, ਕਲਜੁਗ ਗੁਰਸਿਖ ਪਕੜ ਚਰਨ ਲਗਾਇਆ । ਗੁਰਸਿਖ ਚਰਨ ਲਗਾਏ, ਪ੍ਰਭ ਸਾਚਾ ਦਰਸ ਦਿਖਾਏ । ਸੋਹੰ ਸਾਚੀ ਭਿਖਿਆ ਪਾਏ, ਆਤਮ ਤ੍ਰਿਪਤ ਕਰਾਏ । ਜੋਤ ਸਰੂਪੀ ਦਰਸ ਦਿਖਾਇਕੇ, ਹਉਮੇ ਮਾਣ ਗਵਾਏ । ਕਲਜੁਗ ਭੇਸ ਵਟਾਇਕੇ, ਨਿਹਕਲੰਕ ਨਾਉਂ ਰਖਾਏ । ਕਾਇਆ ਝੂਠੀ ਪ੍ਰਭ ਤਜਾਇਕੇ, ਜੋਤ ਸਰੂਪੀ ਖੇਲ ਰਚਾਏ । ਮਹਾਰਾਜ ਸ਼ੇਰ ਸਿੰਘ ਨਾਉਂ ਰਖਾਇਕੇ, ਸਤਿਜੁਗ ਸਾਚਾ ਸਚ ਕਲ ਲਾਏ । ਸਾਚਾ ਪ੍ਰਭ ਜਿਸ ਜਨ ਧਿਆਇਆ । ਪਰਗਟ ਹੋਏ ਪ੍ਰਭ ਦਰਸ ਦਿਖਾਇਆ । ਜਨ ਭਗਤਾਂ ਪ੍ਰਭ ਹੋਏ ਸਹਾਇਆ । ਉਜਲ ਮੁਖ ਵਿਚ ਜਗਤ ਕਰਾਇਆ । ਕਰ ਕਿਰਪਾ ਪ੍ਰਭ ਸਾਚੇ ਦਰਸ ਦਿਖਾਇਆ । ਧ੍ਰੂ ਪ੍ਰਹਿਲਾਦ ਆਣ ਬਲ ਤਰਾਇਆ । ਅੰਬਰੀਕ ਜਨਕ ਰਾਣੀ ਤਾਰਾ ਜੋੜੀ ਮੇਲ ਮਿਲਾਇਆ । ਬਿਦਰ ਸੁਦਾਮਾ ਜੈਦੇਵ ਗੁਣ ਨਿਧਾਨ ਘਰ ਆਏ ਲੇਖ ਲਿਖਾਇਆ । ਸੈਣ ਕਬੀਰ ਨਾਮਦੇਵ ਪਰਗਟ ਕਲ ਪ੍ਰਭ ਸਾਚੇ ਦਰਸ ਦਿਖਾਇਆ । ਜੁਗੋ ਜੁਗ ਪ੍ਰਭ ਸਾਚਾ ਵੇਸ ਕਰੇਂਦਾ ਆਇਆ । ਬਿਨ ਹਰਿ ਭਗਤਾਂ ਕਿਸੇ ਭੇਵ ਨਾ ਪਾਇਆ । ਤਰਿਆ ਸੈਣ ਹੋਏ ਨਿਮਾਣਾ ਬੈਣੀ ਅਜਾਮਲ ਪਾਪੀ ਪਾਰ ਕਰਾਇਆ । ਗਨਕਾ ਤਾਰੀ ਪਾਪਣ ਪੂਤਨਾ ਆਪ ਪ੍ਰਭ ਮਾਰੀ, ਸਚਖੰਡ ਪ੍ਰਭ ਆਪ ਵਾਸ ਕਰਾਇਆ । ਪ੍ਰਭ ਗਿਰਧਾਰ ਦੇਵੇ ਬੱਧਕ ਤਾਰ, ਚਰਨ ਕਵਲ ਜਿਸ ਬਾਣ ਲਗਾਇਆ । ਅਛਲ ਛਲ ਛਲ ਪ੍ਰਭ ਜੁਗ ਜੁਗ ਕਰਦਾ ਆਇਆ । ਰਾਓ ਗਵਾਏ ਮਾਣ ਰੰਕ ਸਦਨਾ ਪ੍ਰਭ ਆਣ ਤਰਾਇਆ । ਕਲਜੁਗ ਪਰਗਟ ਵਿਸ਼ਨੂੰ ਭਗਵਾਨ, ਮਹਾਰਾਜ ਸ਼ੇਰ ਸਿੰਘ ਨਾਉਂ ਧਰਾਇਆ । ਕਲ ਪਰਗਟ ਭਗਵਾਨ, ਭਗਤ ਉਧਾਰੇ । ਸਾਚੀ ਲਿਖਤ ਲਿਖਾਏ ਪ੍ਰਭ ਅਗੰਮ ਅਪਾਰੇ । ਗੁਰਸਿਖ ਬੈਠੇ ਅੰਤਕਾਲ ਸਚਖੰਡ ਦਵਾਰੇ । ਦੇਵੇ ਮਾਣ ਕਲਜੁਗ, ਗੁਰਸਿਖ ਸੋਹਣ ਗੁਰਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਰਗਟ ਨਿਹਕਲੰਕ ਅਵਤਾਰੇ । ਨਿਹਕਲੰਕ ਕਲ ਅਵਤਾਰੀ । ਜਨ ਭਗਤਾਂ ਪੈਜ ਸਵਾਰੀ । ਖੰਡ ਬ੍ਰਹਿਮੰਡ ਵਿਚ ਵਰਭੰਡ ਸਚੀ ਸਿਕਦਾਰੀ । ਕਲਜੁਗ ਅੰਤ ਪ੍ਰਭ ਬ੍ਰਹਮੰਡ ਖੰਡ ਜੋਤ ਸਰੂਪ ਕਲ ਜੋਤ ਅਕਾਰੀ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਕਲ ਭਗਤਾਂ ਪੈਜ ਸਵਾਰੀ । ਗੁਰਮੁਖ ਗੁਰਸਿਖ ਕਲ ਗੁਣਵੰਤ । ਜਿਨ੍ਹਾਂ ਮਿਲਿਆ ਪ੍ਰਭ ਭਗਵੰਤ । ਉਤਮ ਕਲਜੁਗ ਵਿਚ ਸਾਧਨ ਸੰਤ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਵਸੇ ਵਿਚ ਜੀਵ ਜੰਤ । ਕਲਜੁਗ ਜਾਮਾ ਧਾਰ ਗੁਰਸਿਖਾਂ ਪ੍ਰਭ ਤਰਾਇਆ । ਨਿਹਕਲੰਕ ਕਲ ਲੈ ਅਵਤਾਰ, ਅਚਰਜ ਖੇਲ ਰਚਾਇਆ । ਤ੍ਰੈਲੋਕੀ ਨਾਥ ਖੇਲ ਅਪਾਰ, ਖੰਡ ਬ੍ਰਹਿਮੰਡ ਉਲਟਾਇਆ । ਅੰਤ ਬ੍ਰਹਮਾ ਆਈ ਹਾਰ, ਸ੍ਰਿਸ਼ਟ ਸਬਾਈ ਜਿਸ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਤੇਰੀ ਕਿਸੇ ਨਾ ਪਾਈ ਸਾਰ, ਤੀਨ ਲੋਕ ਵਿਚ ਰਹਾਇਆ । ਪ੍ਰਭ ਦੁੱਖ ਦੇਹ ਨਿਵਾਰ ਦੇ, ਦਰ ਆਏ ਰੋਗੀ । ਸਾਚੇ ਪ੍ਰਭ ਤਾਰ ਦੇ, ਕਰ ਮੇਲ ਸੰਜੋਗੀ । ਆਤਮ ਅੰਮ੍ਰਿਤ ਧਾਰ ਦੇ, ਮਿਟ ਜਾਏ ਅੰਧਿਆਰ ਬਿਉਗੀ । ਮਹਾਰਾਜ ਸ਼ੇਰ ਸਿੰਘ ਦਰਸ ਅਪਾਰ ਦੇ, ਗੁਰਸਿਖ ਕੋਈ ਨਾ ਦੀਸੇ ਆਤਮ ਰੋਗੀ । ਉਲਟੀ ਸ੍ਰਿਸ਼ਟੀ ਉਲਟੀ ਮਤਿ । ਸਾਚਾ ਪ੍ਰਭ ਆਪ ਜਾਣੇ ਮਿਤ ਗਤ । ਅੰਤਕਾਲ ਕਲ ਜੋਤ ਪਰਗਟਾਵੇ ਤੱਤ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ ਜੋਤ ਸਰੂਪੀ ਸਚ । ਗੁਰਸਿਖ ਪ੍ਰਭ ਦਰ ਚਾਤਰਕ । ਪ੍ਰਭ ਪਿਆਵੇ ਅੰਮ੍ਰਿਤ, ਧੰਨ ਹੋਵੇ ਪੰਚਮ ਜੇਠ ਰਾਤਕ । ਨਿਹਕਲੰਕ ਕਲ ਜੋਤ ਪਰਗਟਾਵੇ, ਗੁਰਸਿਖ ਪ੍ਰਭ ਦੇ ਸਾਂਤਕ । ਅੰਮ੍ਰਿਤ ਮੇਘ ਆਪ ਬਰਸਾਏ, ਬੇਮੁਖਾਂ ਮਨ ਸ਼ਬਦ ਕਾਂਤਕ । ਜੋਤ ਸਰੂਪ ਪ੍ਰਭ ਅਗਨ ਲਗਾਏ, ਕਲਜੁਗ ਭਸਮ ਹੋਏ

ਭਸਮਾਂਤਕ । ਮਦਿ ਮਾਸੀ ਕੋਈ ਰਹਿਣ ਨਾ ਪਾਏ, ਗੁਰਸਿਖ ਦੇਵੇ ਪ੍ਰਭ ਸੁਖ ਆਤਮਕ । ਜੋਤ ਨਿਰੰਜਣ ਆਤਮ ਦੀਪਕ ਵਿਚ ਜੋਤ ਜਗਾਏ, ਮਹਾਰਾਜ ਸ਼ੇਰ ਸਿੰਘ ਗੁਰਮੁਖਾਂ ਕਰੇ ਸਾਂਤਕ । ਹੰਕਾਰੀਆਂ ਪ੍ਰਭ ਮਾਣ ਗਵਾਏ, ਸੋਲਾਂ ਕਲ ਸੰਪੂਰਨ । ਚੌਦਾਂ ਵਿਦਿਆ ਪ੍ਰਭ ਰਸਨ ਅਧੂਰਨ । ਗੁਰਸਿਖਾਂ ਵਜਾਵੇ ਸ਼ਬਦ ਅਨਹਦ ਤੂਰਨ । ਬੇਮੁਖ ਦਰ ਆਏ ਮਦਿ ਰਸਨਾ ਲਾਏ, ਮਾਨਸ ਜਨਮ ਗਿਆ ਅਧੂਰਨ । ਭਗਤ ਜਨ ਆਏ, ਚਰਨ ਲੱਗ ਜਾਏ, ਸੋਹੰ ਰਸਨਾ ਗਾਏ, ਮਹਾਰਾਜ ਸ਼ੇਰ ਸਿੰਘ ਜੋਤ ਜਗਾਏ ਜਿਉਂ ਕੋਹਤੂਰਨ । ਉਤਮ ਜੋਤ ਹਿਰਦੇ ਪਰਕਾਸ਼ੇ । ਕਲਜੁਗ ਮਿਲੇ ਪ੍ਰਭ ਅਬਿਨਾਸ਼ੇ । ਗੁਰਸਿਖ ਜੀਵੇ ਕਲਜੁਗ ਗੁਰਚਰਨ ਭਰਵਾਸੇ । ਸ਼ਬਦ ਚਲਾਏ ਜਿਉਂ ਚੱਕਰ ਸੁਦਰਸ਼ਨ ਰਿਖੀ ਦੁਰਬਾਸੇ । ਨਿਹਕਲੰਕ ਜਗਤ ਖਪਾਏ, ਸ੍ਰਿਸ਼ਟ ਸਬਾਈ ਨਾਸੇ । ਮਹਾਰਾਜ ਸ਼ੇਰ ਸਿੰਘ ਕੰਠ ਲਗਾਏ, ਜੋ ਜਨ ਹੋਏ ਪ੍ਰਭ ਕੇ ਦਾਸੇ । ਦਾਸਨ ਦਾਸ ਦਾਸ ਪ੍ਰਭ ਭਇਆ । ਨਿਰਧਨ ਨਿਰਮਾਣ ਪ੍ਰਭ ਵਿਚ ਵਾਸ ਕੀਆ । ਪਈ ਘਾਲ ਥਾਏ, ਪੂਰਬ ਜਨਮ ਬੀਜ ਜੋ ਬੀਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ ਗੁਰਸਿਖਾਂ ਦੇ ਦਰਸ ਪਾਰ ਕੀਆ । ਕਲਜੁਗ ਦਰਸ ਜਿਸ ਪ੍ਰਭ ਦਿਖਾਇਆ । ਪਾਰਬ੍ਰਹਮ ਅਚੁੱਤ ਪਰਮੇਸ਼ਵਰ, ਬਿਨ ਰੰਗ ਰੂਪ ਵਿਚ ਦੇਹ ਸਮਾਇਆ । ਗੁਰਸਿਖ ਜਾਨਣ ਪ੍ਰਭ ਸਾਚਾ ਈਸ਼ਵਰ, ਬੇਮੁਖਾਂ ਪ੍ਰਭ ਪੜਦਾ ਪਾਇਆ । ਮਹਾਰਾਜ ਸ਼ੇਰ ਸਿੰਘ ਸਦਾ ਭਗਤ ਰਖੇਸ਼ਵਰ, ਚਰਨ ਲਾਏ ਜਿਸ ਪਾਰ ਕਰਾਇਆ । ਚਰਨ ਕਵਲ ਜਨ ਕਰ ਪ੍ਰੀਤ । ਪ੍ਰਭ ਸਾਚੇ ਦੀ ਸਾਚੀ ਰੀਤ । ਕਲਜੁਗ ਸੋਹੰ ਰਸਨਾ ਚੀਤ । ਜੇਹਵਾ ਗੁਣ ਗਾਓ ਗਹਿਰ ਗੰਭੀਰ ਗੀਤ । ਕਰ ਦਰਸ ਕਲ ਸਾਚਾ ਪ੍ਰਭ, ਪਤਤ ਹੋ ਜਾਇਣ ਪੁਨੀਤ । ਮਹਾਰਾਜ ਸ਼ੇਰ ਸਿੰਘ ਹਿਰਦੇ ਪਰਵੇਸ਼ਿਓ, ਆਤਮ ਹੋਈ ਸੀਤ । ਆਤਮ ਵਸੇ ਪ੍ਰਭ ਵਸਨੇਹਾਰਾ । ਸਰਬ ਘਟ ਜਨ ਭਗਤਾਂ ਰਾਹ ਦਸਣੇਹਾਰਾ । ਬੇਮੁਖਾਂ ਸੋਹੰ ਬਾਣ ਪ੍ਰਭ ਕਸਣੇਹਾਰਾ । ਮਹਾਰਾਜ ਸ਼ੇਰ ਸਿੰਘ ਸੋਹੰ ਨਾਮ ਸਚ ਦਸਣੇਹਾਰਾ । ਸਾਚਾ ਸ਼ਬਦ ਗੁਰਸਿਖ ਕਮਾਵੇ । ਮਨਮੁਖ ਮੂੜ ਨਾ ਰਿਦੇ ਵਸਾਵੇ । ਕਰ ਕਰ ਹਾਸੀ ਦਰ ਉਠ ਜਾਵੇ । ਭਰਮਤ ਭਰਮਤ ਬਹੁਤ ਦੁੱਖ ਪਾਵੇ । ਗੁਰਮੁਖ ਸਾਚਾ ਚਰਨ ਪ੍ਰੀਤ ਲਗਾਵੇ । ਰਸਨਾ ਜਪ ਸੋਹੰ ਨਾਉਂ, ਜੋਤ ਸਰੂਪੀ ਮੇਲ ਮਿਲਾਵੇ । ਮਹਾਰਾਜ ਸ਼ੇਰ ਸਿੰਘ ਦੇਵੇ ਸਾਚਾ ਥਾਉਂ, ਮਾਤਲੋਕ ਗੁਰਸਿਖ ਨਾ ਆਵੇ । ਗੁਰਪਰਸਾਦਿ ਗੁਰ ਦਰ ਆਏ । ਗੁਰਪਰਸਾਦਿ ਪ੍ਰਭ ਦਰਸ਼ਨ ਪਾਏ । ਗੁਰਪਰਸਾਦਿ ਜਗਤ ਜਲੰਦਾ ਰੱਖ ਵਿਖਾਏ । ਗੁਰਪਰਸਾਦਿ ਗੁਰਮੁਖ ਗੁਰਸਿਖ ਕਹਾਏ । ਗੁਰਪਰਸਾਦਿ ਜੋ ਜਨ ਗੁਰਪਰਸਾਦ ਮੁਖ ਮੇਂ ਪਾਏ । ਝੂਠੀ ਕਾਇਆ ਦੁੱਖ ਰੋਗ ਗਵਾਇਆ, ਜੋ ਜਨ ਮਨੋ ਨਾ ਭੁਲਾਏ । ਸ਼ਬਦ ਭੁਲਾਏ ਬਹੁਤ ਦੁੱਖ ਪਾਏ, ਸਾਚਾ ਪ੍ਰਭ ਸ਼ਬਦ ਲਿਖਾਏ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਗੁਰਸਿਖਾਂ ਨਾ ਨਰਕ ਨਿਵਾਸ ਦਿਵਾਏ । ਆਤਮ ਦੁੱਖ ਜੀਵ ਜਲਾਇਆ । ਬਾਲਕ ਨਿਧਾਨ ਜਿਸ ਘਰ ਨਜ਼ਰ ਨਾ ਆਇਆ । ਕੁੱਖ ਮਾਤ ਨਾ ਭਾਗ ਲਗਾਇਆ । ਪੂਤ ਬਿਨ ਕੋਈ ਜਗ ਮਾਤ ਪਿਤ ਨਾ ਅਖਵਾਇਆ । ਬਿਨ ਪ੍ਰਭ ਸਾਚੇ, ਸਾਚੀ ਦਾਤ ਨਾ ਝੋਲੀ ਕਿਸੇ ਪਾਇਆ । ਕਲਜੁਗ ਉਤਮ ਹੋਏ ਸਾਚੇ, ਚਰਨ ਆਏ ਰਸਨਾ ਮੰਗ ਮੰਗ ਸੁਖ ਪਾਇਆ । ਮਹਾਰਾਜ ਸ਼ੇਰ ਸਿੰਘ ਸਰਬ ਵਿਆਪੇ, ਵਡ ਦਾਤੇ ਸਿਰ ਹੱਥ ਟਿਕਾਇਆ । ਗੁਰ ਦਰਬਾਰ ਊਚਾ ਦਰ । ਸਰਬ ਘਟ ਦਾਤਾ ਦੇਵੇ ਵਰ । ਗੁਰਚਰਨ ਲਾਗ ਬੇਮੁਖ ਜਾਇਣ ਤਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕਲਜੁਗ ਸਾਚਾ ਤੇਰਾ ਦਰ । ਪ੍ਰਭ ਦਰ ਆਏ ਜੀਵ ਸਵਾਲੀ । ਅੰਸ ਬਿਨਾਂ ਜੋ ਰਹਿ ਗਏ ਖਾਲੀ । ਬਿਨ ਪ੍ਰਭ ਕੋਈ ਨਾ ਬਣਦਾ ਵਾਲੀ । ਜਗਤ ਤ੍ਰਿਸਨਾ ਆਤਮ ਜਾਲੀ । ਬੱਚੇ ਫੁਲਵਾੜੀ, ਮਾਤ ਪਿਤ ਬਣ ਜਾਵੇ

ਮਾਲੀ । ਮਹਾਰਾਜ ਸ਼ੇਰ ਸਿੰਘ ਜੋ ਜਨ ਰਸਨਾ ਗਾਏ, ਕਲਜੁਗ ਗੋਦ ਨਾ ਜਾਏ ਖਾਲੀ । ਜੀਵ ਭੁੱਲੇ ਪ੍ਰਭ ਅਭੁੱਲ । ਜੀਵ ਡੁੱਲੇ ਪ੍ਰਭ ਅਡੁੱਲ । ਜੀਵ ਕਲਜੁਗ ਰੁਲੇ ਪ੍ਰਭ ਸਦਾ ਅਰੁੱਲ । ਮਹਾਰਾਜ ਸ਼ੇਰ ਸਿੰਘ ਸ਼ਬਦ ਅੰਧੇਰੀ ਜਾਏ ਝੁੱਲ । ਗੁਰ ਦਰ ਆਵਣਾ । ਸਾਚਾ ਸ਼ਬਦ ਕਮਾਵਣਾ । ਫਲ ਪਾਓ ਜੀਵ ਮਨ ਜੋ ਭਾਵਨਾ । ਮਾਨਸ ਜਨਮ ਨਾ ਕਲਜੁਗ ਬਿਰਥਾ ਗਵਾਵਣਾ । ਹੰਕਾਰੀਆਂ ਹੰਕਾਰ ਨਿਵਾਰੇ, ਪ੍ਰਭ ਜਿਉਂ ਰਾਮ ਰਾਵਣਾ । ਦੁਸ਼ਟ ਸੰਘਾਰੇ ਪਰਗਟ ਝਬ, ਕੰਸ ਹੰਕਾਰੀ ਮੌਤ ਗੋਦ ਸਵਾਵਣਾ । ਮਹਾਰਾਜ ਸ਼ੇਰ ਸਿੰਘ ਜੋ ਦਰ ਆਏ, ਮੰਗਿਆ ਵਰ ਮੁਖ ਦਰ ਪਾਵਣਾ । ਵਰ ਮੰਗ ਜੀਵ, ਦਰ ਆਏ ਮੰਗ । ਨਾ ਸੰਗ ਪ੍ਰਭ ਆਤਮ ਦੇ ਵਗਾਏ ਗੰਗ । ਸੋਹੰ ਸ਼ਬਦ ਮਨ ਚੜ੍ਹਾਏ ਸਾਚਾ ਰੰਗ । ਕਲਜੁਗ ਵਕ਼ਤ ਵਿਹਾਇਆ, ਕਰ ਦਰਸ ਪਾਰ ਜਾਓ ਲੰਘ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ, ਪਾਪੀ ਪਤਤ ਜੋੜੇ ਚਰਨ ਸੰਗ । ਪੰਚਮ ਦਿਵਸ ਪਰਕਾਸ਼ਿਆ, ਕਲਜੁਗ ਜੋਤ ਪਰਗਟਾਈ ਪ੍ਰਭ ਅਬਿਨਾਸ਼ਿਆ । ਗੁਰਸਿਖ ਸੁਹਾਏ ਦਰ ਆਏ, ਰਸਨਾ ਗਾਏ ਸੋਹੰ ਸਵਾਸ ਸਵਾਸਿਆ । ਮਹਾਰਾਜ ਸ਼ੇਰ ਸਿੰਘ ਦਰ ਸਾਚਾ ਮੰਗਣ, ਦੇ ਦਰਸ ਕਰੇ ਬੰਦ ਖੁਲ੍ਹਾਸਿਆ । ਰੈਣ ਗਈ ਭਿੰਨੜੀ, ਦਿਵਸ ਉਤਮ ਚੜ੍ਹਿਆ । ਗੁਰਸਿਖ ਦਰ ਆਏ ਹੋਏ ਨਿਮਾਣਾ, ਗੁਰ ਅੱਗੇ ਖੜ੍ਹਿਆ । ਦੇਹੀ ਜਾਏ ਦੁੱਖ ਗਵਾਇਕੇ, ਸਰਨ ਆਏ ਜੋ ਪੜਿਆ । ਮਹਾਰਾਜ ਸ਼ੇਰ ਸਿੰਘ ਰਸਨਾ ਗਾਇਕੇ, ਕਲਜੁਗ ਅਗਨ ਵਿਚ ਨਾ ਸੜਿਆ । ਪੰਚਮ ਜੇਠ ਦਿਵਸ ਸੁਰਤੰਤ । ਕਲਜੁਗ ਪਰਗਟੇ ਨਿਹਕਲੰਕ ਭਗਵੰਤ । ਤੇਤੀਸ ਕਰੋੜ ਗਣ ਗੰਧਰਬ ਦਰ ਬਰਖਾਏ ਫੁਲੰਤ । ਕਲਜੁਗ ਮਾਇਆ ਪਾਏ ਪ੍ਰਭ ਬੇਅੰਤ । ਆਪ ਭੁਲਾਏ ਸਭ ਜੀਵ ਜੰਤ । ਚਰਨ ਲਗਾਏ ਗੁਰਮੁਖ ਵਿਰਲੇ ਸੰਤ । ਮਹਾਰਾਜ ਸ਼ੇਰ ਸਿੰਘ ਅਵਤਾਰ ਨਰ ਸਾਚਾ ਕੰਤ । ਸਾਚੀ ਜੋਤ ਪ੍ਰਭ ਜਗਤ ਧਰਾਏ । ਪੀਤ ਪਿਤੰਬਰ ਤ੍ਰੈਭਵਣ ਕਹਾਏ । ਸਾਰੰਗ ਧਰ ਭਗਵਾਨ ਬੀਠਲਾ, ਨਿਹਕਲੰਕ ਗੁਰਸਿਖਾਂ ਪ੍ਰਭ ਸਾਚਾ ਡੀਠਲਾ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ । ਸਾਧ ਸੰਗਤ ਮਨ ਵੱਜੇ ਵਧਾਏ । ਜੋ ਜਨ ਆਏ ਪ੍ਰਭ ਦਰਸ ਪਿਆਸਾ । ਨਿਜ ਘਰ ਆਏ ਸਰਬ ਘਟ ਵਾਸਾ । ਜੋਤ ਸਰੂਪ ਵਿਚ ਸਾਧ ਸੰਗਤ ਵਾਸਾ । ਬੇਮੁਖ ਦਰ ਤੇ ਰਸਨ ਚਲਾਏ, ਸ਼ਬਦ ਗਵਾਏ ਕਰ ਕਰ ਹਾਸਾ । ਅੰਤਕਾਲ ਕਲ ਕੋਈ ਨਾ ਛੁਡਾਏ, ਸਾਚੀ ਦਰਗਹਿ ਮਿਲੇ ਸਜ਼ਾਏ, ਅੰਤਕਾਲ ਹੋਏ ਨਰਕ ਵਾਸਾ । ਜੋ ਦਰ ਆਏ ਸਾਚਾ ਪ੍ਰਭ ਰਿਦੇ ਵਸਾਏ ਰਸਨਾ ਜਪੇ ਹਰਿ ਨਾਮ ਸਵਾਸ ਸਵਾਸਾ । ਮਹਾਰਾਜ ਸ਼ੇਰ ਸਿੰਘ ਕਲਜੁਗ ਨਿਹਕਲੰਕ ਅਵਤਾਰ, ਝੂਠੀ ਦੁਨੀਆ ਜਗਤ ਤਮਾਸ਼ਾ । ਸਾਚੀ ਜੋਤ ਕਲ ਧਾਰੇ । ਜੋਤ ਸਰੂਪ ਪ੍ਰਭ ਨਿਹਕਲੰਕ ਅਵਤਾਰੇ । ਦਰ ਆਏ ਜੋ ਜਨ ਚਲ, ਸ਼ਬਦ ਸੁਰਤ ਤੋੜੇ ਪ੍ਰਭ ਹੰਕਾਰੇ । ਖਾਣੀ ਬਾਣੀ ਗਗਨ ਪਾਤਾਲੀ, ਜੀਵ ਜੰਤ ਪ੍ਰਭ ਜੋਤ ਆਕਾਰੇ । ਖੰਡ ਬ੍ਰਹਿਮੰਡ ਆਕਾਸ਼ ਪਾਤਾਲ ਵਸੇ, ਕਲਜੁਗ ਆਇਆ ਸਚ ਕਲ ਧਾਰੇ । ਨਾੜੀ ਬਹੱਤਰ ਬੰਦ ਕਰਾਏ, ਵਿਚ ਸਿੱਖ ਕਰੇ ਅਵਤਾਰੇ । ਊਚਾ ਦਰ ਕਲਜੁਗ ਸੁਹਾਇਆ, ਪਰਗਟੀ ਜੋਤ ਆਪ ਨਿਰੰਕਾਰੇ । ਧੰਨ ਧੰਨ ਧੰਨ ਗੁਰਸਿਖ, ਚਰਨ ਆਏ ਜੋ ਨਿਮਸਕਾਰੇ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਜਾਮਾ ਘਨਕਪੁਰੀ ਵਿਚ ਧਾਰੇ । ਘਨਕਪੁਰੀ ਘਨਸ਼ਾਮ ਪ੍ਰਭ ਆਇਆ । ਸੋਹੰ ਸਾਚਾ ਸ਼ਬਦ ਚਲਾਇਆ । ਛੱਡ ਦੇਹ ਜੋਤ ਸਰੂਪ ਸਮਾਇਆ । ਅਨਦ ਬਿਨੋਦੀ ਪ੍ਰਭ ਸਾਚਾ ਖੇਲ ਕਲਜੁਗ ਰਚਾਇਆ । ਗੁਰਸਿਖ ਅੰਤਕਾਲ ਲੈ ਪ੍ਰਭ ਗੋਦੀ, ਸਾਚਾ ਧਾਮ ਸਚਖੰਡ ਬਣਾਇਆ । ਅੰਮ੍ਰਿਤ ਦੇਵੇ ਸਾਚਾ ਜਾਮ, ਪੀ ਅੰਮ੍ਰਿਤ ਮਹਾਂ ਰਸ ਪਾਇਆ । ਗੁਰਚਰਨ ਪ੍ਰੀਤੀ ਜੀਵ ਕਲ ਸਾਚਾ ਕਾਮ, ਪਰਗਟ ਜੋਤ ਨਿਹਕਲੰਕ ਪਰਮੇਸ਼ਵਰ ਆਇਆ ।

ਦੁਆਪਰ ਪਰਗਟੇ ਘਨੱਈਆ ਸ਼ਾਮ, ਕਲਜੁਗ ਸ਼ੇਰ ਸਿੰਘ ਨਾਮ ਧਰਾਇਆ । ਪ੍ਰਭ ਜੋਤ ਮਾਤ ਪਰਗਟਾਈ । ਗੁਰਸਿਖਾਂ ਪੂਰਨ ਮਤਿ ਸ਼ਬਦ ਸੁਰਤ ਪਾਈ । ਆਤਮ ਦੇ ਬ੍ਰਹਮ ਗਿਆਨ, ਸਾਚੀ ਧੁਨ ਵਿਚ ਦੇਹ ਵਜਾਈ । ਮਹਾਰਾਜ ਸ਼ੇਰ ਸਿੰਘ ਤੇਰੇ ਦਰ ਮਿਲੀ ਵਡਿਆਈ । ਭਗਤ ਵਛਲ ਪ੍ਰਭ ਭੇਸ ਵਟਾ ਕੇ । ਨਿਹਕਲੰਕ ਕਲ ਨਾਉਂ ਰਖਾ ਕੇ । ਸਿੰਘ ਆਸਣ ਪ੍ਰਭ ਬੈਠਾ ਡੇਰਾ ਲਾ ਕੇ । ਆਤਮ ਤ੍ਰਿਪਤਾਏ ਪ੍ਰਭ ਦਰਸ਼ਨ ਪਾ ਕੇ । ਆਤਮ ਜੋਤ ਜਗਾਏ, ਪ੍ਰਭ ਭਰਮ ਭੁਲੇਖੇ ਸਾਰੇ ਲਾਹ ਕੇ । ਸਹਿਜ ਅਨੰਦ ਵਿਚ ਦੇਹ ਉਪਜਾਏ, ਸੋਹੰ ਸਾਚਾ ਨਾਮ ਜਪਾ ਕੇ । ਬਿਨ ਬਾਤੀ ਬਿਨ ਤੇਲ ਦੀਪਕ ਜਗਾਏ, ਸਾਚਾ ਨਾਮ ਬੱਤੀ ਲਾ ਕੇ । ਮਹਾਰਾਜ ਸ਼ੇਰ ਸਿੰਘ ਕਲਜੁਗ ਆਇਆ, ਜੋਤ ਸਰੂਪੀ ਭੇਸ ਵਟਾ ਕੇ । ਜੋਤ ਸਰੂਪ ਪ੍ਰਭ ਜੋਤ ਜਗਾਣਾ । ਗੁਰਸਿਖ ਦੇਵੇ ਕਲਜੁਗ ਸਚ ਟਿਕਾਣਾ । ਗੁਰ ਚਰਨ ਲਾਗ ਜੀਵ ਤਰ ਜਾਣਾ । ਮਹਾਰਾਜ ਸ਼ੇਰ ਸਿੰਘ ਪ੍ਰਭ ਸਚ ਕਰ ਜਾਣਾ । ਸਾਚਾ ਪ੍ਰਭ ਜੁਗ ਸਤਿ ਲਾਵੇ । ਅੰਤਮ ਕਲਜੁਗ ਪ੍ਰਭ ਆਪ ਕਰਾਵੇ । ਪੰਚਮ ਜੇਠ ਨਰ ਨਰਾਇਣ ਪ੍ਰਭ ਜੋਤ ਪਰਗਟਾਵੇ । ਆਪਣਾ ਭੇਵ ਪ੍ਰਭ ਨਾ ਕਿਸੇ ਜਣਾਵੇ । ਗੁਰਮੁਖ ਵਿਰਲੇ ਪ੍ਰਭ ਬੂਝ ਬੁਝਾਵੇ । ਸਵੱਛ ਸਰੂਪ ਜਿਸ ਦਰਸ ਦਿਖਾਵੇ । ਕਰ ਦਰਸ ਜੀਵ ਪ੍ਰਭ ਆਤਮ ਤ੍ਰਿਖਾ ਮਿਟਾਵੇ । ਮਹਾਰਾਜ ਸ਼ੇਰ ਸਿੰਘ ਸਾਚਾ ਨਾਮ, ਸੋਹੰ ਸ਼ਬਦ ਰਸਨਾ ਗਾਵੇ । ਸਤਿਜੁਗ ਸੋਹੰ ਮਿਲੇ ਵਡਿਆਈ । ਕੁਰਾਨ ਅੰਜੀਲ ਪ੍ਰਭ ਖੇਲ ਮਿਟਾਈ । ਈਸਾ ਮੂਸਾ ਮੁਹੰਮਦੀ ਕੋਈ ਰਹਿਣ ਨਾ ਪਾਈ । ਗੀਤਾ ਗਿਆਨ ਪ੍ਰਭ ਅੰਤ ਕਰਾਈ । ਕਲਜੁਗ ਬਾਣੀ ਗੁਰ ਰਸਨ ਵਖਾਨੀ, ਜੋਤ ਸਰੂਪ ਪ੍ਰਭ ਜੋਤ ਖਿੱਚ ਵਖਾਈ । ਅਠਸਠ ਤੀਰਥ ਨਿਰਮਲ ਨੀਰ, ਸਤਿ ਰਹੇ ਨਾ ਰਾਈ । ਪਰਗਟੇ ਕਲ ਪ੍ਰਭ ਸਮਰਥ, ਗੁਰਚਰਨ ਪ੍ਰੀਤੀ ਸਾਚਾ ਤੀਰਥ, ਸਾਚੀ ਬੂਝ ਪ੍ਰਭ ਆਪ ਬੁਝਾਈ । ਮਹਾਰਾਜ ਸ਼ੇਰ ਸਿੰਘ ਆਪਣੀ ਜੋਤ ਪਰਗਟਾਈ । ਜੋਤ ਸਰੂਪ ਜਗਤ ਪ੍ਰਭ ਆਇਆ । ਸਾਚਾ ਸ਼ਬਦ ਸੋਹੰ ਚਲਾਇਆ । ਰਾਓ ਰੰਕ ਅੰਤ ਕਲ ਪ੍ਰਭ ਇਕ ਕਰਾਇਆ । ਜੋਤ ਸਰੂਪ ਸਾਚੇ ਪ੍ਰਭ ਰਾਜਿਆਂ ਰਾਣਿਆਂ ਤਖ਼ਤੋਂ ਲਾਹਿਆ । ਮਨੀ ਸਿੰਘ ਸ਼ਬਦ ਲਿਖਾਇਆ । ਤਤ ਜੋਤ ਸਰੂਪ ਪ੍ਰਭ ਪੂਰ ਕਰਾਇਆ । ਮਹਾਰਾਜ ਸ਼ੇਰ ਸਿੰਘ ਕਲ ਪਰਗਟ ਆਇਆ, ਸ਼ਬਦ ਲਿਖਾਇਆ ਜਗਤ ਜਲਾਇਆ । ਪੰਚਮ ਜੇਠ ਤੈਨੂੰ ਮਿਲੇ ਵਡਿਆਈ, ਕਲਜੁਗ ਨਿਹਕਲੰਕ ਜੋਤ ਪਰਗਟਾਈ । ਪੰਚਮ ਜੇਠ ਤੈਨੂੰ ਮਿਲੇ ਵਡਿਆਈ, ਸਾਧ ਸੰਗਤ ਪ੍ਰਭ ਦਰ ਆਏ ਰਸਨਾ ਹਰਿ ਹਰਿ ਗਾਈ । ਪੰਚਮ ਜੇਠ ਤੈਨੂੰ ਮਿਲੇ ਵਡਿਆਈ, ਗੁਰਦਰ ਆਏ ਸਾਚੀ ਬੂਝ ਘਰ ਸਾਚੇ ਪਾਈ । ਪੰਚਮ ਜੇਠ ਤੈਨੂੰ ਮਿਲੇ ਵਧਾਈ, ਮਹਾਰਾਜ ਸ਼ੇਰ ਸਿੰਘ ਕਲ ਜੋਤ ਧਰਾਈ । ਕਲਜੁਗ ਆਇਆ ਜੋਤ ਪਰਗਟਾਇਕੇ । ਕਵਲ ਨੈਣ ਭੇਸ ਵਟਾਇਕੇ । ਕਲਜੁਗ ਜਾਏ ਆਪ ਖਪਾਇਕੇ । ਸਤਿਜੁਗ ਸਾਚਾ ਸਚ ਜਾਏ ਲਾਇਕੇ । ਸੋਹੰ ਸਾਚਾ ਸ਼ਬਦ ਚਲਾਇਕੇ । ਚਾਰ ਵਰਨ ਪ੍ਰਭ ਇਕ ਕਰਾਇਕੇ । ਚਾਰ ਕੁੰਟ ਸੋਹੰ ਸ਼ਬਦ ਜੈ ਜੈਕਾਰ ਕਰਾਇਕੇ । ਜੋਤ ਸਰੂਪ ਕਲਜੁਗ ਬੇਮੁਖ ਅਗਨ ਜੋਤ ਜਾਏ ਜਲਾਇਕੇ । ਗੁਰਮੁਖਾਂ ਸਾਚਾ ਦਰ ਦਿਖਾਏ, ਭਰਮ ਭੁਲੇਖੇ ਲਾਹਿਕੇ । ਵਿਛੜਿਆਂ ਮੇਲ ਮਿਲਾਏ, ਜੋਤ ਸਰੂਪ ਜਨਮ ਜਨਮ ਦੀ ਮੈਲ ਗਵਾਇਕੇ । ਸੋਹੰ ਸ਼ਬਦ ਜੋ ਰਸਨਾ ਗਾਏ, ਰੱਖੇ ਲਾਜ ਪ੍ਰਭ ਸਿਰ ਹੱਥ ਟਿਕਾਇਕੇ । ਪੰਚਮ ਜੇਠ ਚਰਨ ਡਿੱਗੇ ਜੋ ਆਏ, ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਜੋਤ ਪਰਗਟਾਇਕੇ । ਪੰਚਮ ਜੇਠ ਚਰਨ ਜਨ ਪਰਿਆ । ਕਲਜੁਗ ਅੰਦਰ ਪਾਰ ਪ੍ਰਭ ਕਰਿਆ । ਮਿਲ ਸਾਧ ਸੰਗਤ ਭਵਜਲ ਤਰਿਆ । ਮਿਲੇ ਵਿਚ ਸਾਚੀ ਜੋਤ, ਆਵੇ ਜਾਵੇ ਨਾ ਜਨਮੇ ਮਰਿਆ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਪ੍ਰੀਤ, ਗੁਰਸਿਖ

ਤਨ ਮਨ ਹਰਿਆ । ਗੁਰਚਰਨ ਪ੍ਰੀਤੀ ਗੁਰਸਿਖ ਕਮਾਵੇ । ਉਤਮ ਪਦਵੀ ਗੁਰ ਦਰ ਤੇ ਪਾਵੇ । ਜਨਮ ਮਰਨ ਦਾ ਗੇੜ ਚੁਕਾਵੇ । ਸਚਖੰਡ ਵਿਚ ਜੋਤ ਮਿਲਾਵੇ । ਸਭ ਸ੍ਰਿਸ਼ਟ ਚਰਨ ਕੀ ਦਾਸੀ, ਆਪ ਅਡੋਲ ਜਗਤ ਡੁਲਾਵੇ । ਮਹਾਰਾਜ ਸ਼ੇਰ ਸਿੰਘ ਆਤਮ ਵਾਸੀ, ਨਿਜ ਘਰ ਬੈਠ ਡੇਰਾ ਲਾਵੇ । ਨਿਜ ਘਰ ਵਸੇ ਆਪ ਨਿਰੰਕਾਰਾ । ਝੂਠੀ ਦੇਹ ਸਾਚੀ ਜੋਤ ਕਰੇ ਆਕਾਰਾ । ਕਲਜੁਗ ਮਾਇਆ ਭਰਮ ਭੁਲਾਇਆ ਸੰਸਾਰਾ । ਆਪ ਡੁਲਾਇਆ ਕਲ ਧੱਕਾ ਲਾਇਆ, ਮੂਰਖ ਮੁਗਧ ਨਾ ਜਾਣੇ ਪ੍ਰਭ ਕੀ ਸਾਰਾ । ਜਗਤ ਹਿਲਾਇਆ ਸ਼ਬਦ ਚਲਾਇਆ ਸੋਹੰ ਖੰਡਾ ਦੋ ਧਾਰਾ । ਨਿਹਕਲੰਕ ਕਲ ਆਇਆ, ਮਹਾਰਾਜ ਸ਼ੇਰ ਸਿੰਘ ਨਾਮ ਧਰਾਇਆ, ਨਰ ਨਰਾਇਣ ਨਰ ਅਵਤਾਰਾ । ਨਰ ਨਰਾਇਣ ਜਗਤ ਵਿਚ ਆਏ । ਸਰਬ ਸ੍ਰਿਸ਼ਟ ਦਾਹੜਾਂ ਹੇਠ ਚਬਾਏ । ਜੇ ਕੋਈ ਵੇਖੇ ਦਿਸ ਨਾ ਆਏ । ਬਿਨ ਰੰਗ ਰੂਪ ਪ੍ਰਭ ਜੋਤ ਸਰੂਪ ਵਿਚ ਸਿੱਖ ਸਮਾਏ । ਕਲਜੁਗ ਪਰਗਟੇ ਪ੍ਰਭ ਸਾਚਾ ਗੁਰਮੁਖ ਦਰ ਕੋਈ ਦਿਸ ਨਾ ਆਏ । ਰੱਖੇ ਲਾਜ ਵਿਚ ਅੰਧ ਕੂਪ, ਕਾਲ ਅੰਤ ਪ੍ਰਭ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਸਵੱਛ ਸਰੂਪ, ਚਰਨ ਲਾਗ ਜੋ ਰਸਨਾ ਗਾਏ । ਰਸਨਾ ਨਾਮ ਜਿਸ ਜੀਵ ਗਾਇਆ । ਪ੍ਰਭ ਅਬਿਨਾਸ਼ੀ ਘਰ ਮਾਹਿ ਪਾਇਆ । ਆਤਮ ਪਰਦਾ ਪ੍ਰਭ ਖੋਲ੍ਹ ਵਖਾਇਆ । ਜਿਉਂ ਚੰਦਨ ਪਰਭਾਸ ਗੁਰਸਿਖ ਕਲ ਰਖਾਇਆ । ਬੇਮੁਖ ਪ੍ਰਭ ਕੀਤੇ ਨਾਸ, ਮਦਿ ਮਾਸ ਜਿਸ ਰਸਨਾ ਲਾਇਆ । ਜਾਮਾ ਧਾਰ ਨਿਹਕਲੰਕ ਕਲਜੁਗ ਜੀਵ ਭੁਲਾਇਆ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਪਿਆਸ, ਗੁਰਸਿਖ ਸਦ ਰਖਾਇਆ । ਜੋ ਜਨ ਆਏ ਪ੍ਰਭ ਚਰਨ ਦਵਾਰੇ । ਪੰਚਮ ਜੇਠ ਕਰ ਨਿਮਸਕਾਰੇ । ਗੁਰਸਿਖ ਸੋਹਣ ਸਚ ਹਰਿ ਕੇ ਦਵਾਰੇ । ਕਲਜੁਗ ਜਾਮਾ ਧਾਰੇ ਨਿਹਕਲੰਕ ਅਵਤਾਰੇ । ਆਤਮ ਦੇ ਬ੍ਰਹਮ ਗਿਆਨ, ਪ੍ਰਭ ਭਰੇ ਭੰਡਾਰੇ । ਸੋ ਜਨ ਚਤੁਰ ਸੁਜਾਨ, ਜਿਨ੍ਹਾਂ ਮਿਲਿਆ ਪੁਰਖ ਅਗੰਮ ਅਪਾਰੇ । ਮਹਾਰਾਜ ਸ਼ੇਰ ਸਿੰਘ ਸੋਹੰ ਸਾਚਾ ਲਾਵੇ ਬਾਣ, ਚਾਰ ਕੁੰਟ ਹੋਏ ਹਾਹਾਕਾਰੇ । ਪੰਚਮ ਜੇਠ ਪ੍ਰਭ ਲਿਖਤ ਕਰਾਏ । ਆਪ ਬੈਠ ਅਡੋਲ ਸਿੰਘਆਸਣ ਸਭ ਜਗਤ ਡੁਲਾਏ । ਬੇਮੁਖ ਹੋਏ ਸਭ ਨਾਸ, ਜਨ ਭਗਤਾਂ ਲਾਜ ਰਖਾਏ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਦਰਸ ਦਿਖਾਏ । ਜੋਤ ਨਿਰੰਜਣ ਨਰ ਨਰਾਇਣ । ਜੋਤ ਨਿਰੰਜਣ ਨਰ ਨਿਰਵੈਰ । ਜੋਤ ਸਰੂਪੀ ਜਗਤ ਵਰਤਾਵੇ ਕਹਿਰ । ਪੰਚਮ ਜੇਠ ਗੁਰਸਿਖਾਂ ਕੀਨੀ ਪ੍ਰਭ ਮਿਹਰ । ਜੋਤ ਪਰਗਟਾਈ ਸਾਧ ਸੰਗਤ ਨਾ ਕੀਨੇ ਦੇਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕਲ ਪਾਇਆ ਫੇਰ । ਸਚਖੰਡ ਪ੍ਰਭ ਆਪ ਤਜਾਇਆ । ਬਾਸ਼ਕ ਸੇਜ ਪ੍ਰਭ ਆਸਣ ਲਾਇਆ । ਮਾਤਲੋਕ ਨਿਹਕਲੰਕ ਪ੍ਰਭ ਜੋਤ ਪਰਗਟਾਇਆ । ਪਰਗਟ ਜੋਤ ਸਿੰਘ ਸਿੰਘਾਸਣ, ਦਰ ਘਰ ਮੰਦਰ ਥਾਨ ਸੁਹਾਇਆ । ਪ੍ਰਭ ਜੋਤ ਅਬਿਨਾਸ਼ ਕਦੇ ਨਾ ਹੋਵੇ ਨਾਸ, ਝੂਠੀ ਦੁਨੀਆ ਮਾਣ ਵਧਾਇਆ । ਜੋ ਜਨ ਜਪਣ ਸਵਾਸ ਸਵਾਸ, ਅੰਤਕਾਲ ਪ੍ਰਭ ਦਰਸ ਦਿਖਾਇਆ । ਜੋਤ ਸਰੂਪੀ ਵਿਚ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਦਰ ਦਾਸਨ ਦਾਸ, ਸੋਹੰ ਸਾਚਾ ਨਾਮ ਜਪਾਇਆ । ਸਾਚੀ ਦੇਵੇ ਆਪ ਪ੍ਰਭ ਵੱਥ । ਸੋਹੰ ਨਾਉਂ ਸਦਾ ਅਕੱਥ । ਪ੍ਰਭ ਕੀ ਮਹਿਮਾ ਕੋਈ ਜੀਵ ਨਾ ਜਾਣੇ ਕਥ । ਰਸਨਾ ਲੋਭੀ ਸ੍ਰਿਸ਼ਟ ਲਹਿ ਗਈ ਸੱਥ । ਕਲਜੁਗ ਮਥੇ ਬੇਮੁਖ ਜਿਉਂ ਮੱਖਨ ਮੱਥ । ਸੋਹੰ ਸ਼ਬਦ ਬੇਮੁਖਾਂ ਪ੍ਰਭ ਪਾਈ ਨੱਥ । ਗੁਰਸਿਖਾਂ ਸੋਹੰ ਨਾਮ ਕਲਜੁਗ ਮਿਲਿਆ ਸਾਚਾ ਰਥ । ਕਲਜੁਗ ਜਾਮਾ ਧਾਰੇ ਪ੍ਰਭ ਜਿਉਂ ਰਾਮ ਘਰ ਦਸਰਥ । ਮਹਾਰਾਜ ਸ਼ੇਰ ਸਿੰਘ ਜੋ ਜਨ ਚਰਨ ਨਿਮਸਕਾਰਿਆ, ਦੇਹੀ ਦੁੱਖ ਸਭ ਗਏ ਲੱਥ । ਰੋਗੀ ਰੋਗ ਅਵੱਲੜਾ, ਜੀਵ ਭੇਵ ਨਾ ਪਾਵੇ । ਸਾਚਾ ਵੈਦ ਆਪ ਪ੍ਰਭ, ਜੋਤ ਸਰੂਪੀ

ਵਿਚ ਦੇਹ ਸਮਾਵੇ । ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਝੂਠੀ ਕਾਇਆ ਦਏ ਜਲਾਵੇ । ਉਤਮ ਜੋਤ ਧਰੇ ਪ੍ਰਭ ਆਕਾਸ਼, ਜੋਤ ਸਰੂਪੀ ਦੀਪਕ ਦੇਹ ਜਗਾਵੇ । ਭਗਤ ਜਨਾਂ ਹਰਿ ਹਿਰਦੇ ਵਾਸ, ਖੋਲ੍ਹ ਤ੍ਰੈਕੁਟੀ ਪ੍ਰਭ ਦਰਸ ਦਿਖਾਵੇ । ਹੋਏ ਦਰਸ ਆਤਮ ਜੀਵ ਮਿਟੇ ਤ੍ਰਿਪਤਾਸ, ਮਹਾਰਾਜ ਸ਼ੇਰ ਸਿੰਘ ਨਜ਼ਰੀ ਆਵੇ । ਆਤਮ ਦਰਸ ਜਿਸ ਜੀਵ ਪ੍ਰਭ ਦਿਖਾਇਆ । ਈਸ਼ ਜੀਵ ਵਿਚੋਂ ਭੇਦ ਚੁਕਾਇਆ । ਜੀਵ ਬ੍ਰਹਮ ਸਰੂਪ ਵਿਚ ਬ੍ਰਹਮ ਸਮਾਇਆ । ਰਾਗ ਨਾਦ ਅਗਾਧ ਬੋਧ ਪ੍ਰਭ ਸ਼ਬਦ ਲਿਖਾਇਆ । ਜੁਗੋ ਜੁਗ ਪ੍ਰਭ ਭੇਖ ਧਰ, ਜੋਤ ਸਰੂਪ ਜਗਤ ਮੇਂ ਆਇਆ । ਗੁਰਮੁਖਾਂ ਸਾਚੇ ਲੇਖ ਕਰ, ਹੋਏ ਦਿਆਲ ਪ੍ਰਭ ਦਰਸ ਦਿਖਾਇਆ । ਬੇਮੁਖ ਸਾਚਾ ਦਰ ਵੇਖ ਕਰ, ਭੱਜਾ ਜਾਵੇ ਮੁਖ ਛੁਪਾਇਆ । ਮਹਾਰਾਜ ਸ਼ੇਰ ਸਿੰਘ ਬੁਧ ਬਿਬੇਕ ਕਰ, ਪੰਚਮ ਜੇਠ ਆਏ ਦਰਸ ਦਿਖਾਇਆ । ਪੰਚਮ ਜੇਠ ਬਿਕ੍ਰਮੀ ਉਨੀਂ ਸੌ ਪੰਜਾਹ । ਜਾਮਾ ਲਿਆ ਧਾਰ ਸਾਚੇ ਬੇਪਰਵਾਹ । ਜੋਤ ਸਰੂਪ ਪ੍ਰਭ ਹੋਇਕੇ, ਝੂਠੀ ਕਾਇਆ ਕਰੀ ਸਵਾਹ । ਕੋਟਾਂ ਵਿਚੋਂ ਪ੍ਰਭ ਵੇਖ ਕੇ, ਗੁਰਸਿਖ ਦੇਹ ਪ੍ਰਭ ਕਰੇ ਨਿਰਬਾਹ । ਮਹਾਰਾਜ ਸ਼ੇਰ ਸਿੰਘ ਕਲਜੁਗ ਸਾਚਾ ਦਰ ਵੇਖ ਕੇ, ਗੁਰਸਿਖ ਸਾਚੇ ਚਰਨੀਂ ਲਗ ਜਾਹ । ਜੋਤ ਸਰੂਪ ਪ੍ਰਭ ਕਲਜੁਗ ਆਇਆ । ਸ਼ਬਦ ਸੁਰਤ ਭੇਵ ਚੁਕਾਇਆ । ਚਰਨ ਪ੍ਰੀਤੀ ਭਗਤ ਭਗਵਾਨ ਦੇ, ਗੁਰਸਿਖਾਂ ਚਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਸਚਾ ਦਰ ਪਰਗਟੇ ਸਚ ਦਰਬਾਰੀ । ਗੁਰ ਦਰ ਆਏ ਚਲ ਜੋ ਨਰ ਨਾਰੀ । ਪੰਚਮ ਜੇਠ ਪੰਚਮ ਮਾਰ, ਪ੍ਰਭ ਪੈਜ ਸਵਾਰੀ । ਅਨਾਥਾਂ ਅਨਾਥ ਸਰਬ ਕੇ ਸਾਥ, ਘਟ ਘਟ ਵਸੇ ਆਪ ਮੁਰਾਰੀ । ਮਹਾਰਾਜ ਸ਼ੇਰ ਸਿੰਘ ਸਚ ਤੇਰੀ ਗਾਥ, ਕਲਜੁਗ ਕੋਈ ਵਿਰਲਾ ਹੋਏ ਵਪਾਰੀ । ਕਲਜੁਗ ਆਇਆ ਨਿਹਕਲੰਕ । ਜਗਤ ਭੁਲਾਇਆ ਸੋਹੰ ਵਜਾਇਆ ਸ਼ਬਦ ਡੰਕ । ਪਰਗਟ ਜੋਤ ਅੰਤਕਾਲ ਪ੍ਰਭ ਇਕ ਕਰਾਇਆ ਰਾਓ ਰੰਕ । ਗੁਰਸਿਖ ਸੋਹਣ ਗੁਰਚਰਨ ਦਵਾਰੇ, ਉਤਰੇ ਪਾਰ ਜਿਉਂ ਤ੍ਰੇਤਾ ਭਗਤ ਜਨਕ । ਪਰਗਟੀ ਜੋਤ ਕਲ ਆਪ ਗਿਰਧਾਰੇ, ਜੀਵ ਕਰ ਨਿਮਸਕਾਰ ਗੁਰਚਰਨ ਦਵਾਰੇ ਬਾਰ ਅਨਕ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ ਵਿਚ ਪੁਰੀ ਘਨਕ । ਤ੍ਰੇਤਾ ਸਾਚਾ ਰਾਮ ਅਖਵਾਇਆ । ਬਾਲਮੀਕ ਜਾਏ ਤਰਾਇਆ । ਚਾਰ ਵਰਨ ਜਿਸ ਦਿਨ ਦਿਹਾੜ ਸਤਾਇਆ । ਲੁੱਟ ਮਾਰ ਸਾਚੀ ਖੇਲ ਬਣਾਇਆ । ਚਲ ਆਏ ਰਾਮ ਮੁਰਾਰ ਆਤਮ ਗਿਆਨ ਦਿਵਾਇਆ । ਅੰਤਕਾਲ ਨਾ ਕੋਈ ਤੇਰਾ, ਝੂਠਾ ਜਗਤ ਭੁਲਾਇਆ । ਸੁਹਾਏ ਥਾਨ ਰੱਖ ਬਾਲ, ਪ੍ਰਭ ਅਬਿਨਾਸ਼ੀ ਫੇਰਾ ਪਾਇਆ । ਵਿਚ ਭਰਵਾਸ ਰੱਖ ਵਾਸ, ਅਨੰਦ ਮੰਗਲ ਹਰਿ ਪ੍ਰਭ ਦੀਆ । ਪ੍ਰਭ ਚਰਨ ਲਾਗ ਮਨ ਭਏ ਵੈਰਾਗ, ਵਿਚੋਂ ਅਗਿਆਨ ਅੰਧੇਰ ਮਿਟਾਇਆ । ਗਏ ਭਾਗ ਜਾਗ, ਮਿਲਿਆ ਸਾਚਾ ਰਾਗ, ਹੋਏ ਅਧੀਨ ਪ੍ਰਭ ਪਰਮੇਸ਼ਵਰ ਘਰ ਮਾਹਿ ਪਾਇਆ । ਪੰਚਮ ਜੇਠ ਪ੍ਰਭ ਜੋਤ ਪਰਗਟਾਈ, ਪ੍ਰਭ ਦਰਸ ਦਿਖਾਇਆ । ਗੁਰ ਧਾਮ ਲਗਾਇਆ ਭਾਗ, ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ । ਸਤਿਜੁਗ ਹੋਏ ਧਾਮ ਨਿਆਰਾ । ਚਾਰ ਕੁੰਟ ਚਲ ਆਏ ਪ੍ਰਭ ਚਰਨ ਦਵਾਰਾ । ਤੇਤੀਸ ਕਰੋੜ ਦਰ ਖੜ੍ਹੇ ਕਰ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਸਤਿਜੁਗ ਹੋਵੇ ਸਾਚਾ ਘਰ ਊਚਾ ਦਰ ਤੇਰਾ ਦਰਬਾਰਾ । ਸਾਚਾ ਘਰ ਜਿਥੇ ਪ੍ਰਭ ਵਸਿਆ । ਸੁਹਾਇਆ ਥਾਨ ਰਸਨਾ ਗਾਏ ਜਿਥੇ ਪ੍ਰਭ ਜੱਸਿਆ । ਕਲਜੁਗ ਭਗਤ ਪਛਾਣ, ਦਰ ਘਰ ਸਾਚਾ ਦੱਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਤੇਰੇ ਦਰ ਤੋਂ ਜਾਏ ਨੱਸਿਆ । ਗੁਰਸਿਖ ਦੇਵੇ ਪ੍ਰਭ ਵਡਿਆਈ । ਬੇਮੁਖ ਜਾਏ ਪਤਿ ਗਵਾਈ । ਗੁਰਸਿਖ ਗੁਰ ਦਰ ਬੂਝ ਬੁਝਾਈ । ਬੇਮੁਖ ਮੂਰਖ ਪਤਿ ਗਵਾਈ । ਗੁਰਸਿਖ ਨਿਰਮਲ ਨਿਰਮਲ

ਦੇਹ ਕਰਾਈ । ਬੇਮੁਖ ਝੂਠੇ ਧੰਦੇ ਮਾਨਸ ਜਨਮ ਗਵਾਈ । ਗੁਰਸਿਖ ਗੁਰ ਦਰ ਪ੍ਰਭ ਰਸਨਾ ਗਾਈ । ਬੇਮੁਖ ਦਰ ਆਏ, ਜੋਤ ਸਰੂਪ ਨਜ਼ਰ ਨਾ ਆਈ । ਗੁਰਸਿਖ ਗੁਰ ਮਿਲ ਅਮਰਾਪਦ ਪਾਈ । ਬੇਮੁਖ ਜਨਮ ਹਾਰ ਗਏ ਪਤਿ ਗਵਾਈ । ਗੁਰਸਿਖ ਸਾਚੀ ਜੋਤ ਵਿਚ ਜੋਤ ਮਿਲਾਈ । ਬੇਮੁਖ ਗਰਭਵਾਸ ਪ੍ਰਭ ਦੇ ਸਜ਼ਾਈ । ਗੁਰਸਿਖ ਖੰਡ ਸਚ ਪਦਵੀ ਪਾਈ । ਬੇਮੁਖ ਜਨਮ ਜਨਮ ਮਰ ਜਾਈ । ਗੁਰਸਿਖ ਜੋਤ ਸਰੂਪ ਜੋਤ ਮਿਲ ਜਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਜੋ ਦਰ ਆਏ ਸੀਸ ਝੁਕਾਈ । ਗੁਰਮੁਖ ਪ੍ਰਭ ਸਚ ਮਾਰਗ ਪਾਇਆ । ਰਸਨਾ ਰਸ ਛੋੜ, ਆਤਮ ਰਸ ਵਿਚ ਦੇਹ ਪਾਇਆ । ਕਲਜੁਗ ਦੀਨੇ ਬੰਧਨ ਤੋੜ, ਸੋਹੰ ਸਾਚਾ ਨਾਮ ਜਪਾਇਆ । ਅੰਤਕਾਲ ਹੈ ਪ੍ਰਭ ਬੰਦੀ ਛੋੜ, ਗੁਰ ਪੁਰੀ ਜਨ ਧਾਮ ਪੁਚਾਇਆ । ਗੁਰਸਿਖਾਂ ਪ੍ਰਭ ਦਰਸ਼ਨ ਲੋੜ, ਪਰਗਟ ਜੋਤ ਪੰਚਮ ਜੇਠ ਪ੍ਰਭ ਦਰਸ ਦਿਖਾਇਆ । ਪਰਗਟੇ ਜੋਤ ਪ੍ਰਭ ਨਿਰਾਹਾਰੀ । ਕਲਜੁਗ ਅੰਤਕਾਲ ਹੋਏ ਖੁਆਰੀ । ਅੰਤਕਾਲ ਕਲ ਵਧ ਜਾਏ ਬੀਮਾਰੀ । ਗੁਰਸਿਖਾਂ ਪ੍ਰਭ ਏਕ ਸਰਨ ਤੁਮਾਰੀ । ਮਹਾਰਾਜ ਸ਼ੇਰ ਸਿੰਘ ਊਚਾ ਦਰ, ਬੈਠਾ ਘਰ ਸਚਾ ਦਰਬਾਰੀ । ਸਚਾ ਆਪ ਸਚਾ ਦਰਬਾਰ । ਜੋਤ ਪਰਗਟਾਵੇ ਜੋਤ ਸਰੂਪ, ਰਾਓ ਰੰਕ ਕਲ ਕੀਆ ਖੁਆਰ । ਸਾਧ ਸੰਗਤ ਕਲਜੁਗ ਸੂਝਿਆ, ਸਚ ਪ੍ਰਭ ਦਵਾਰ । ਮਹਾਰਾਜ ਸ਼ੇਰ ਸਿੰਘ ਵਿਰਲੇ ਗੁਰਮੁਖ ਬੂਝਿਆ, ਦਿਖਾਵੇ ਦਰਸ ਆਪ ਮੁਰਾਰ । ਪੰਚਮ ਜੇਠ ਪ੍ਰਭ ਜੋਤ ਪਰਗਟਾਏ । ਪਰਗਟ ਜੋਤ ਪ੍ਰਭ ਸਾਚਾ ਭੋਗ ਲਗਾਏ । ਭੋਗ ਲਗਾਏ ਗੁਰ ਪਰਸਾਦ ਗੁਰਮੁਖਾਂ ਮੁਖ ਲਗਾਏ । ਦੁੱਖ ਗਵਾਏ ਗੁਰ ਪਰਸਾਦੀ, ਪੰਚਮ ਜੇਠ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਜੋ ਜਨ ਰਸਨਾ ਅਰਾਧੇ, ਜਨਮ ਮਰਨ ਦਾ ਦੁੱਖ ਗਵਾਏ । ਗੁਰਪਰਸਾਦਿ ਗੁਰ ਦਰ ਬੂਝਿਆ । ਗੁਰਪਰਸਾਦਿ ਗੁਰ ਚਰਨ ਲਾਗ ਗੁਰਸਿਖ ਝੂਜਿਆ । ਗੁਰਪਰਸਾਦਿ ਗੁਰਸਿਖਾਂ ਮਨ ਪ੍ਰਭ ਸਾਚਾ ਲੂਝਿਆ । ਗੁਰਪਰਸਾਦਿ ਪ੍ਰਭ ਭਰਮ ਚੁਕਾਵੇ ਗੂਝਿਆ । ਗੁਰਪਰਸਾਦਿ ਪ੍ਰਭ ਦਰਸ ਦਿਖਾਵੇ, ਭੇਤ ਖੁਲ੍ਹਾਵੇ ਭਰਮ ਚੁਕਾਵੇ ਵਿਚ ਦੇਹ ਦੂਜਿਆ । ਗੁਰਪਰਸਾਦਿ ਗੁਰਸਿਖ ਤਰ ਜਾਏ, ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਬੂਝਿਆ । ਜੋ ਜਨ ਆਏ ਚਰਨ ਪ੍ਰਭ ਲਾਗਾ । ਕਲਜੁਗ ਹੋਏ ਪੂਰਨ ਭਾਗਾ । ਗੁਰਸਿਖ ਗੁਰ ਦਰ ਜਾਗਾ । ਸਾਚੇ ਪ੍ਰਭ ਸਚ ਸੁਣਾਇਆ ਅਨਹਦ ਵਾਜਾ । ਮਾਨਸ ਜਨਮ ਕਲ ਨਿਰਮਲ ਹੋਇਆ, ਗੁਰਚਰਨ ਲਾਗ ਨਾ ਲਾਗੇ ਦਾਗ਼ਾ । ਜੋਤ ਪਰਗਟਾਏ ਵਿਸ਼ਨੂੰ ਭਗਵਾਨ, ਭੋਗ ਲਗਾਏ ਜਿਉਂ ਬਿਦਰ ਘਰ ਸਾਗਾ । ਮਹਾਰਾਜ ਸ਼ੇਰ ਸਿੰਘ ਜਾਣੀ ਜਾਣ, ਬੇਮੁਖ ਦਰ ਤੇ ਜਾਏ ਭਾਗਾ । ਪੰਚਮ ਜੇਠ ਵਜਾਏ ਪ੍ਰਭ ਧੁਨ, ਕਰਮ ਕਰ ਪ੍ਰਭ ਜੀਵ ਜਨਮ ਦਵਾਏ । ਲੱਖ ਚੁਰਾਸੀ ਵਿਚੋਂ ਉਤਮ ਪ੍ਰਭ ਆਪ ਰਖਾਏ । ਗਿਆਨ ਧਿਆਨ ਚਤੁਰ ਸੁਜਾਨ ਕਰ, ਸਾਚੀ ਜੋਤ ਵਿਚ ਦੇਹ ਜਗਾਏ । ਗੁਣ ਨਿਧਾਨ ਕਰ ਕਲ ਬੈਠਾ ਵਿਚ ਆਸਣ ਲਾਏ । ਜੀਵ ਆਤਮ ਅੰਮ੍ਰਿਤ ਇਸ਼ਨਾਨ ਕਰ, ਅੰਮ੍ਰਿਤ ਝਿਰਨਾ ਨਿਝਰੋਂ ਪ੍ਰਭ ਦੇ ਝਿਰਾਏ । ਹਰਿ ਦਰ ਪੂਰਾ ਪ੍ਰਭ ਪਛਾਣ ਕਰ, ਦੋਏ ਜੋੜ ਕਰ ਸੀਸ ਝੁਕਾਏ । ਪੰਚਮ ਜੇਠ ਹੁਕਮ ਭਗਵਾਨ ਕਰ, ਸਿੰਘਆਸਣ ਬੈਠ ਸਭ ਦੁੱਖ ਗਵਾਏ । ਦੁੱਖੀ ਦਲਿਦਰੀ ਦਰ ਆਏ, ਹੋਏ ਨਿਰਾਸੇ ਪ੍ਰਭ ਸਰਨ ਲਗਾਏ । ਦੇਹ ਦੁਖੀਆ ਜੀਵ ਬਿਲਲਾਏ । ਕੂੜੀ ਕਾਇਆ ਤਾਪ ਤੀਨ ਦਏ ਅਗਨ ਜਲਾਏ । ਸੋਹੰ ਸ਼ਬਦ ਬ੍ਰਹਮ ਗਿਆਨ ਦੇ, ਆਤਮ ਪ੍ਰਭ ਸ਼ਾਂਤ ਕਰਾਏ । ਦੁਖੀਆਂ ਪ੍ਰਭ ਦੁੱਖ ਗਵਾਇਆ । ਕਿਸ਼ਨਾ ਸ਼ੁਕਲਾ ਪੱਖ ਪ੍ਰਭ ਸੁਫਲ ਕਰਾਇਆ । ਅੰਮ੍ਰਿਤ ਆਤਮ ਸਿਚ ਪ੍ਰਭ ਰੋਗ ਗਵਾਇਆ । ਮਹਾਰਾਜ ਸ਼ੇਰ ਸਿੰਘ ਸੋਹੰ ਸਾਚਾ ਦਾਨ ਦੇ, ਸਾਚਾ ਰਾਹ ਜਣਾਇਆ । ਦੇਵੇ ਦਾਨ ਪ੍ਰਭ ਜਗਤ ਭੰਡਾਰੀ ।

੩੯੬
੦੧

ਸੁਫਲ ਕੁੱਖ ਨਾ ਰਹੇ ਬੀਮਾਰੀ । ਬਿਨ ਪੂਤ ਨਾ ਰਹੇ ਨਰ ਨਾਰੀ । ਚਰਨ ਲਾਗ ਹੋਏ ਵਡਭਾਗ, ਸਾਧ ਸੰਗਤ ਪ੍ਰਭ ਪੂਰੇ ਤਾਰੀ । ਵਿਚੋਂ ਦੁੱਖ ਆਪ ਪ੍ਰਭ ਮਾਰੇ, ਮਰੇ ਖੰਘ ਤਾਪ ਸੋਹੰ ਸ਼ਬਦ ਜੋ ਰਸਨਾ ਉਚਾਰੇ, ਜੀਵ ਆਤਮ ਦੁੱਖ ਨਾ ਕਰੇ ਖੁਆਰੀ । ਦੁਖੀਏ ਹੋਏ ਦਰ ਭਿਖਾਰੀ । ਲਾਹ ਦੇ ਭੁੱਖ ਪ੍ਰਭ ਸੰਸਾਰੀ । ਮਹਾਰਾਜ ਸ਼ੇਰ ਸਿੰਘ ਜੋ ਜਨ ਆਏ ਦਰਬਾਰੀ । ਦੁਖੀਆਂ ਦੁੱਖ ਗਵਾਏ ਕਰੇ ਦੇਹ ਨਿਰਮਲਾ । ਪ੍ਰਭ ਹਿਰਦੇ ਸਚ ਵਸਾਏ, ਭਾਗ ਲਗਾਏ ਜਿਉਂ ਰੁੱਖ ਸਿੰਮਲਾ । ਬੇਮੁਖ ਅਗਨ ਜਲਾਏ, ਜਿਉਂ ਬਾਲੂ ਬਿਮਲਾ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ ਨਿਹਕੇਵਲਾ । ਚਰਨ ਕਵਲ ਉਪਰ ਧਵਲ ਅਬਿਨਾਸ਼ੀ ਸਵਲ । ਕਲਜੁਗ ਭੇਖ ਕਰਾਏ ਪ੍ਰਭ ਰਵਲ । ਗੁਰਸਿਖਾਂ ਅੰਮ੍ਰਿਤ ਬਖ਼ਸ਼, ਖੋਲ੍ਹ ਵਖਾਏ ਪ੍ਰਭ ਨਾਭ ਕਵਲ । ਨਾਭ ਕਵਲ ਜਨ ਖੋਲ੍ਹ ਵਖਾਏ । ਦਸਮ ਦਵਾਰ ਦੀ ਸੋਝੀ ਪਾਏ । ਭੇਖ ਦੇਖ ਦਰ ਆਏ ਕਲ ਜਾਏ ਸ਼ਰਮਾਏ । ਕਿਰਪਾ ਕਰ ਪ੍ਰਭ ਅੰਮ੍ਰਿਤ ਮੇਘ ਦੇ ਬਰਸਾਏ । ਮਹਾਰਾਜ ਸ਼ੇਰ ਸਿੰਘ ਗੁਰਮੁਖ ਕਲਜੁਗ ਗੁਰਸਿਖ ਸਾਚਾ ਨਾਉਂ ਰਖਾਏ । ਗੁਰਮੁਖ ਸੋ ਜਨ ਪ੍ਰਭ ਜਪੇ ਰਸਨ ਸਵਾਸੇ । ਬੇਮੁਖ ਸੋ ਜਨ ਰਸਨ ਆਹਾਰ ਕਰੇ ਮਦਿ ਮਾਸੇ । ਗੁਰਸਿਖ ਸੋ ਜਨ, ਗੁਰਚਰਨ ਪ੍ਰੀਤ ਹੋਏ ਰਹਿਰਾਸੇ । ਬੇਮੁਖ ਹੋਏ ਸੋ ਜਨ, ਜਿਨ੍ਹਾਂ ਮਿਲਿਆ ਨਾ ਪ੍ਰਭ ਅਬਿਨਾਸ਼ੇ । ਜਲ ਪਾਣੀ ਅੰਮ੍ਰਿਤ ਧਾਰਾ । ਪੀ ਅੰਮ੍ਰਿਤ ਮਿਲੇ ਪ੍ਰਭ ਸਚ ਦਵਾਰਾ । ਸਚਖੰਡ ਸੁਰ ਨਰ ਪ੍ਰਭ ਦੇਵੇ ਅੰਮ੍ਰਿਤ ਧਾਰਾ । ਸਾਚਾ ਅੰਮ੍ਰਿਤ ਵਿਚ ਮਾਤ ਗਰੜ ਉਤਾਰਾ । ਗਰੜ ਸੁਜਾਨ ਵਿਸ਼ਨੂੰ ਭਗਵਾਨ ਊਪਰ ਕਰੇ ਸਵਾਰਾ । ਮਾਤ ਆਇਆ ਇੰਦਰ ਤਕਾਇਆ, ਦੇਵਤਿਆਂ ਪਕੜ ਡੁਲਾਇਆ । ਇਕ ਬੂੰਦ ਮਾਤ ਵਿਚ ਆਈ, ਗੰਗਾ ਧਾਰ ਪ੍ਰਭ ਨੀਰ ਚਲਾਇਆ । ਇਕ ਬੂੰਦ ਗੋਦਾਵਰੀ ਤ੍ਰਿਬਰਗ ਨਾਮ ਰਖਾਇਆ । ਗੰਗਾ ਅੰਮ੍ਰਿਤ ਹਰਿ ਵਸੇ ਆਪ, ਪਕੜ ਕਸੀਰਾ ਰਵਿਦਾਸੇ ਮਾਣ ਦਵਾਇਆ । ਗੋਦਾਵਰੀ ਸੁਹਾਈ ਗੁਰ ਗੋਬਿੰਦ ਵਿਚ ਚਰਨ ਟਿਕਾਈ, ਸਾਚਾ ਧਾਮ ਕਲਜੁਗ ਬਣਾਇਆ । ਕਲਜੁਗ ਅੰਤਕਾਲ ਪਰਗਟ ਜੋਤ ਤੋੜ ਜਾਏ ਸਭ ਜੰਜਾਲ, ਜੋਤ ਸਰੂਪੀ ਅਚਰਜ ਖੇਲ ਰਚਾਇਆ । ਗੁਰ ਗੋਪਾਲ ਭਗਤ ਵਛਲ ਦੀਨ ਦਿਆਲ ਸਰਬ ਸ੍ਰਿਸ਼ਟ ਮੇਂ ਸਮਾਲ, ਸਾਰਾ ਭੇਵ ਚੁਕਾਇਆ । ਜੋਤ ਸਰੂਪੀ ਕੁੰਟ ਚਾਰ ਪਾਇਆ ਜਾਲ, ਮਹਾਰਾਜ ਸ਼ੇਰ ਸਿੰਘ ਭਾਣਾ ਕਲ ਵਰਤਾਇਆ । ਜਾਮਾ ਧਾਰ ਜਗਤ ਲਿਆ ਅਵਤਾਰਾ । ਸਰਬ ਮਾਣ ਪ੍ਰਭ ਆਪ ਨਿਵਾਰਾ । ਸਰਬਤਰ ਤੀਰਥਾਂ ਮਾਣ ਗੁਰ ਚਰਨ ਦਵਾਰਾ । ਕਲਜੁਗ ਸਾਰੇ ਅੰਤ ਹੋਏ ਖੁਆਰਾ । ਸਤਿਜੁਗ ਸੋਹੰ ਸ਼ਬਦ ਧੁਨਕਾਰਾ । ਸਤਿਜੁਗ ਵਰਤੇ ਪ੍ਰਭ ਪੂਰਾ ਬਣੇ ਲਿਖਾਰਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਧਨਵੰਤ, ਕਲਜੁਗ ਪਾਇਆ ਜਿਨ ਸਚ ਦਵਾਰਾ । ਚਰਨਾਮਿਤ ਗੁਰਸਿਖਾਂ ਪਾਇਆ । ਚਰਨਾਮਿਤ ਫਲ ਪ੍ਰਭ ਧੁਰੋਂ ਲਿਖਾਇਆ । ਚਰਨਾਮਿਤ ਸਿਚ ਤਨ ਮਨ ਪ੍ਰਭ ਹਰਾ ਕਰਾਇਆ । ਚਰਨਾਮਿਤ ਅੰਮ੍ਰਿਤ ਬੂੰਦ ਪੀ ਅਮਰਾ ਪਦ ਪਾਇਆ । ਚਰਨਾਮਿਤ ਸਾਧ ਸੰਗਤ ਗੁਰ ਸਾਗਰ ਗਹਿਰ ਗੰਭੀਰ ਪਾਇਆ । ਚਰਨਾਮਿਤ ਰਸਨਾ ਪੀ ਬਾਲ ਬਿਰਧ ਸਭ ਤਰਾਇਆ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਆਤਮ ਅੰਮ੍ਰਿਤ ਬਰਖ ਆਤਮ ਤ੍ਰਿਪਤਾਇਆ । ਕਲਜੁਗ ਸਾਚਾ ਪ੍ਰਭ ਕਾ ਬੰਸ । ਸਾਧ ਸੰਗਤ ਪ੍ਰਭ ਸਾਚੀ ਅੰਸ । ਭਗਤ ਵਡਿਆਈ ਚਰਨ ਲਗਾਏ, ਬਾਸ਼ਕ ਗੁਣ ਗਾਏ ਵਿਚ ਮੁਖ ਸਹੰਸ । ਮਹਾਰਾਜ ਸ਼ੇਰ ਸਿੰਘ ਬੇਮੁਖ ਖਪਾਏ, ਜਿਉਂ ਹੰਕਾਰੀ ਕ੍ਰਿਸ਼ਨਾ ਕੰਸ । ਅੰਮ੍ਰਿਤ ਆਤਮ ਦੇ ਵਰਖਾਏ । ਪੀ ਅੰਮ੍ਰਿਤ ਜੀਵ ਤ੍ਰੈਭਵਣ ਸੁਝਾਏ । ਜਗਤ ਜਲੰਦਾ ਰੱਖ ਪ੍ਰਭ ਵਖਾਏ । ਅਨਕ ਦੁੱਖ ਨਾ ਸਾਧ ਸਤਾਏ । ਦੁਖੀਆ ਕੋਈ ਨਾ ਗੁਰ ਦਰ ਬਿਲਲਾਏ । ਮੁਖ ਨਾ ਨਿਕਲੇ ਹਾਏ ਹਾਏ । ਬੈਠ

ਵਿਚ ਸਾਧ ਸੰਗਤ ਜੀਵ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਦਰ ਖੜ੍ਹੇ ਮੰਗਤ, ਸਾਚਾ ਸੁੱਖ ਵਿਚ ਝੋਲੀ ਪਾਏ । ਅੰਮ੍ਰਿਤ ਦੇ ਪ੍ਰਭ ਦੁਖੀਆਂ ਦੁੱਖ ਗਵਾਇੰਦਾ । ਜਨ ਲਗਾ ਗੁਰਚਰਨ, ਕਰ ਕਿਰਪਾ ਪਾਰ ਕਰਾਇੰਦਾ । ਅੰਮ੍ਰਿਤ ਸਾਚਾ ਸੰਗਤ ਬਰਸ ਮੀਂਹ, ਪ੍ਰਭ ਦੁੱਖਾਂ ਨਾਸ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਪ੍ਰਭ ਅਬਿਨਾਸ਼ੀ, ਦਰ ਆਏ ਪਾਰ ਕਰਾਇੰਦਾ । ਅੰਮ੍ਰਿਤ ਬਰਖੇ ਪ੍ਰਭ ਨਿਰਾਧਾਰੀ । ਸਰਨ ਪੜੇ ਦੀ ਰੱਖੇ ਲਾਜ ਮੁਰਾਰੀ । ਸ੍ਰਿਸ਼ਟ ਸਬਾਈ ਤੱਜ ਕੇ ਜੋ ਜਨ ਆਏ ਸਰਨ ਗਿਰਧਾਰੀ । ਪ੍ਰਭ ਜਾਏ ਪੜਦੇ ਕੱਜ ਕੇ, ਕਲਜੁਗ ਜੀਵ ਨਾ ਹੋਏ ਖੁਆਰੀ । ਆਤਮ ਦਰਸ ਭੁੱਖਾ ਜਾਏ ਰੱਜ ਕੇ, ਦੇਵੇ ਦਰਸ ਪ੍ਰਭ ਅਗੰਮ ਅਪਾਰੀ । ਸੋਹੰ ਸ਼ਬਦ ਲਿਖਾ ਪ੍ਰਭ ਵਜ ਕੇ, ਸਤਿਜੁਗ ਦੇਵੇ ਪ੍ਰਭ ਸਿਕਦਾਰੀ । ਪੀ ਅੰਮ੍ਰਿਤ ਜਾਓ ਰੱਜ ਕੇ, ਅੰਮ੍ਰਿਤ ਚੜ੍ਹੀ ਰਹੇ ਖੁਮਾਰੀ । ਗੁਰਸੰਗਤ ਬਹਿਣਾ ਸਜ ਕੇ, ਪਰਗਟੇ ਜੋਤ ਆਪ ਬਨਵਾਰੀ । ਹੁਣ ਵਕਤ ਨਹੀਂ ਜਾਣਾ ਭੱਜ ਕੇ, ਸੋਹੰ ਸ਼ਬਦ ਜਗਤ ਲਾਇਆ ਖੰਡਾ ਦੋ ਧਾਰੀ । ਮਹਾਰਾਜ ਸ਼ੇਰ ਸਿੰਘ ਅੰਮ੍ਰਿਤ ਵਰਖੇ, ਗੁਰਸਿਖਾਂ ਕਰੇ ਦੂਰ ਬੀਮਾਰੀ । ਪੰਚਮ ਜੇਠ ਪ੍ਰਭ ਦੇ ਵਡਿਆਈ । ਗੁਰਮੁਖ ਸਾਚਾ ਪ੍ਰਭ ਦੇ ਤਰਾਈ । ਪੂਰਨ ਘਾਲ ਪ੍ਰਭ ਥਾਂਏ ਪਾਈ । ਸਿੰਘ ਆਤਮਾ ਪੰਚਮ ਜੇਠ ਪ੍ਰਭ ਦੇ ਵਡਿਆਈ ।

❊ ੬ ਜੇਠ ੨੦੦੮ ਬਿਕ੍ਰਮੀ ਪਿੰਡ ਜੇਠੂਵਾਲ ਬਚਨ ਹੋਏ ❊

ਘਰ ਆਏ ਸਿੱਖ ਸੱਜਣ ਸੁਹੇਲੇ । ਸਾਚੇ ਪ੍ਰਭ ਕਰ ਲਏ ਸੰਜੋਗੀ ਮੇਲੇ । ਅੰਮ੍ਰਿਤ ਵਿਚ ਚਵਾਏ ਨੱਭ, ਅਚਰਜ ਖੇਲ ਆਪ ਪ੍ਰਭ ਖੇਲੇ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਸਾਚਾ, ਗੁਰਸਿਖਾਂ ਚਰਨ ਸਾਚੀ ਜੋਤ ਅੰਤ ਮੇਲੇ । ਵਕ਼ਤ ਵੇਲਾ ਬੂਝਿਆ, ਪ੍ਰਭ ਜੋਤ ਪਰਗਟਾਏ । ਕੋਈ ਭੇਤ ਨਾ ਰੱਖੇ ਗੂਝਿਆ, ਪ੍ਰਭ ਦਏ ਦੁਹਾਏ । ਗੁਰਸਿਖਾਂ ਦਰ ਸਾਚਾ ਬੂਝਿਆ, ਕਲਜੁਗ ਵਕ਼ਤ ਮੁਕਾਇਆ ਭਾਉ ਚੁਕਾਇਆ ਏਕਾ ਦੋਏ । ਬਾਂਹੋਂ ਪਕੜ ਤਰਾਇਆ, ਸਾਚੀ ਦਰਗਹਿ ਦੇ ਪਹੁੰਚਾਏ । ਕਲਜੁਗ ਭੇਵ ਕਿਸੇ ਨਾ ਬੂਝਿਆ, ਨਾਥ ਤ੍ਰੈਲੋਕੀ ਜਗਤ ਭੁਲਾਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਮਹਾਸਾਰਥੀ ਆਪ ਅਖਵਾਏ । ਰੈਣ ਸੁਹਾਈ ਪੰਚਮ ਜੇਠ, ਸਾਧ ਸੰਗਤ ਗੁਰਦਰ ਤੇ ਆਈ । ਸਾਚਾ ਪ੍ਰਭ ਦੇ ਵਧਾਈ, ਸੋਹੰ ਨਾਮ ਜੋ ਜਨ ਰਸਨਾ ਗਾਈ । ਅੰਤਕਾਲ ਕਲ ਪ੍ਰਭ ਹੋਏ ਸਹਾਈ । ਸਾਧ ਸੰਗਤ ਪ੍ਰਭ ਦਏ ਸੁਣਾਈ, ਝੂਠਾ ਬਚਨ ਨਾ ਹੋਵੇ ਰਾਈ । ਝੂਠਾ ਕਲਜੁਗ ਰਹਿਣ ਨਾ ਪਾਈ । ਝੂਠੀ ਸ੍ਰਿਸ਼ਟ ਆਪ ਦਾਇਆ ਦਾਈ । ਜੋਤ ਸਰੂਪ ਪ੍ਰਭ ਕਲਜੁਗ ਖੇਡ ਮਿਟਾਈ । ਚਾਰ ਕੁੰਟ ਪੈ ਜਾਏ ਦੁਹਾਈ । ਜੋਤ ਸਰੂਪ ਅਗਨ ਪ੍ਰਭ ਲਾਈ । ਭੈਣਾਂ ਤਾਂਈ ਛੱਡ ਜਾਇਣ ਭਾਈ । ਮਹਾਰਾਜ ਸ਼ੇਰ ਸਿੰਘ ਭੈ ਭਿਆਨਕ, ਗੁਰਸਿਖਾਂ ਸਿਰ ਹੱਥ ਟਿਕਾਈ । ਭੈ ਭਿਆਨਕ ਗੁਰਸਿਖ ਕਲਜੁਗ ਸਹਾਰਾ । ਕਲਜੁਗ ਮਿਲਿਆ ਜੋਤ ਸਰੂਪ ਪ੍ਰਭ ਗਿਰਧਾਰਾ । ਤਖ਼ਤ ਨਿਵਾਸੀ ਮਾਤਲੋਕ ਬਣਾਇਆ ਸਚਖੰਡ ਦਵਾਰਾ । ਸਾਧ ਸੰਗਤ ਪ੍ਰਭ ਚਰਨ ਹੋਏ ਦਾਸੀ, ਸੋਹੰ ਨਾਮ ਪ੍ਰਭ ਦੇਵੇ ਭੰਡਾਰਾ । ਜੋ ਜਨ ਹੋਏ ਕਲ ਮਦਿਰਾ ਮਾਸੀ, ਅੰਤਕਾਲ ਪ੍ਰਭ ਨਰਕ ਮਝਾਰਾ । ਮਹਾਰਾਜ ਸ਼ੇਰ ਸਿੰਘ ਘਨਕਪੁਰ ਵਾਸੀ, ਗੁਰਸਿਖਾਂ ਦੀਸੇ ਸਚ ਦਵਾਰਾ । ਪ੍ਰਭ ਅਬਿਨਾਸ਼ੀ ਸਚ ਧਾਮ ਸੁਹਾਇਆ । ਸਰਬ ਘਟ ਵਾਸੀ ਪ੍ਰਭ ਪਰਗਟ ਡੇਰਾ ਲਾਇਆ । ਅੰਤਕਾਲ ਕਲ ਅੰਤ ਹੋਏ ਜਾਸੀ, ਪ੍ਰਭ ਸਾਚੇ ਬਚਨ ਲਿਖਾਇਆ । ਗੁਰਸਿਖਾਂ ਆਤਮ ਚਿੰਤਾ ਨਾਸੀ, ਆਤਮ ਦੀਪ ਪ੍ਰਭ ਜੋਤ ਜਗਾਇਆ ।

ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਵਿਰਲੇ ਗੁਰਮੁਖ ਪਾਇਆ । ਗੁਰਮੁਖ ਸੋ ਜਨ, ਜਿਸ ਪ੍ਰਭ ਪਾਇਆ । ਗੁਰਸਿਖ ਸੋ ਧੰਨ, ਜਿਸ ਪ੍ਰਭ ਦਰਸ ਦਿਖਾਇਆ । ਗੁਰਮੁਖ ਸੋ ਜਨ, ਕਲਜੁਗ ਕਲ ਅੰਧੇਰ ਗਵਾਇਆ । ਗੁਰਮੁਖ ਸੋ ਜਨ, ਜੋਤ ਸਰੂਪ ਜਿਸ ਪ੍ਰਭ ਦਰਸ ਦਿਖਾਇਆ । ਗੁਰਸਿਖ ਸੋ ਜਨ, ਅਨਹਦ ਰਾਗ ਪ੍ਰਭ ਕੰਨ ਸੁਣਾਇਆ । ਗੁਰਮੁਖ ਸੋ ਜਨ, ਨੇਤਰ ਪੇਖ ਮਹਾਸੁਖ ਪਾਇਆ । ਮਹਾਰਾਜ ਸ਼ੇਰ ਸਿੰਘ ਪ੍ਰਭ ਸਾਚਾ ਮੰਨ, ਭਰਮ ਭੁਲੇਖੇ ਜੀਵ ਕਿਉਂ ਮਾਨਸ ਜਨਮ ਗਵਾਇਆ । ਜਨਮ ਗਵਾਏ ਵਕ਼ਤ ਵਿਹਾਏ, ਬੇਮੁਖਾਂ ਸਾਰ ਨਾ ਪਾਈ । ਕਲਜੁਗ ਖਪਾਏ, ਖੰਡ ਬ੍ਰਹਿਮੰਡ ਉਲਟਾਏ ਸੋਹੰ ਨਾਮ ਦੁਆਈ । ਬ੍ਰਹਮਾ ਪ੍ਰਭ ਮਾਣ ਗਵਾਈ, ਸ੍ਰਿਸ਼ਟ ਸਬਾਈ ਹੱਥ ਸਿੰਘ ਪਾਲ ਫੜਾਈ । ਸਤਿਗੁਰ ਸਾਚੇ ਨੀਂਹ ਰਖਾਈ । ਜੁਗ ਚੌਥੇ ਧ੍ਰੂ ਤਜਾਇਆ । ਸਚਖੰਡ ਦਵਾਰ ਪ੍ਰਭ ਗੁਰ ਚਰਨ ਸੰਗ ਸਵਰਨ ਬਹਾਇਆ । ਪੂਰਨ ਦੇਵੇ ਆਪ ਵਡਿਆਈ, ਤੇਜਾ ਸਿੰਘ ਵੇਲਾ ਨੇੜੇ ਆਇਆ । ਕਲ ਜੋਤ ਸਰੂਪ ਪ੍ਰਭ ਸਿੱਖ ਸਾਚਾ ਨਾਦ ਚਾਰ ਕੁੰਟ ਪੁਚਾਇਆ । ਜਗਤ ਜੁਗਤ ਪ੍ਰਭ ਆਪ ਬਣਾਈ । ਧਾਰੇ ਖੇਲ ਆਪ ਰਘੁਰਾਈ । ਸ੍ਰਿਸ਼ਟ ਸਬਾਈ ਕਲ ਸੁਆਈ । ਉਲਟੀ ਮਤਿ ਅਗਿਆਨ ਵਿਚ ਪਾਈ । ਦਰ ਆਏ ਨੇਤਰ ਪੇਖੇ, ਬੇਮੁਖ ਲੁੱਝਾ ਸਦ ਭੁਲਾਈ । ਮਹਾਰਾਜ ਸ਼ੇਰ ਸਿੰਘ ਪਾਏ ਭੁਲੇਖੇ, ਗੇੜ ਚੁਰਾਸੀ ਵਿਚ ਪਾਈ । ਗੁਰਸਿਖ ਤੇਰੀ ਵਡਿਆਈ, ਪ੍ਰਭ ਆਪ ਲਿਖਾਈ । ਦਰ ਆਏ ਜਨਮ ਸੁਫਲ ਕਰਾਈ । ਪੂਰਨ ਬੁਧ ਹੋਵੇ ਜਿਸ ਆਤਮ ਦਰਸ਼ਨ ਪਾਈ । ਗੁਰਸਿਖ ਹੋਵੇ ਸਾਚੀ ਸੁਧ, ਲੋਇਣ ਸਾਚਾ ਪ੍ਰਭ ਦੇ ਖੁਲ੍ਹਾਈ । ਸ਼ਬਦ ਸਰੂਪੀ ਕਲਜੁਗ ਪ੍ਰਭ ਕੀਨਾ ਯੁੱਧ, ਚਾਰ ਕੁੰਟ ਪੈ ਜਾਏ ਦੁਹਾਈ । ਗੁਰਸਿਖ ਉਤਮ ਨਿਰਮਲ ਜਿਉਂ ਦੁੱਧ, ਰਸਨਾ ਜਪ ਸੋਹੰ ਜੈ ਜੈ ਜੈਕਾਰ ਕਰਾਈ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਸਚ ਧਾਮ ਗੁਰਸਿਖਾਂ ਦੇ ਪੁਚਾਈ । ਸਾਚਾ ਧਾਮ ਸਾਚਾ ਕਾਮ । ਪ੍ਰਭ ਜਗਤ ਚਲਾਏ ਸੋਹੰ ਨਾਮ । ਜਨ ਪਾਏ ਘਨਸ਼ਾਮ । ਸਤਿਜੁਗ ਸਾਚਾ ਮਾਰਗ ਪਾਇਆ, ਸਤਿਜੁਗ ਸਾਚਾ ਰਹਿਸੀ ਗਰਾਮ । ਸਾਚੇ ਪ੍ਰਭ ਵਿਚ ਲਿਖਤ ਲਿਖਾਇਆ, ਮਹਾਰਾਜ ਸ਼ੇਰ ਸਿੰਘ ਕਲਜੁਗ ਪੂਰਨ ਕਰੇ ਕਾਮ । ਜੋਤ ਸਰੂਪੀ ਕਲਜੁਗ ਖਪਾਇਆ, ਸਤਿਜੁਗ ਸਾਚਾ ਲਾਇਆ, ਸਾਚੀ ਜੋਤ ਸਤਿਜੁਗ ਪਰਵੇਸ਼ੇ । ਜੋਤ ਸਰੂਪੀ ਪ੍ਰਭ ਕਰੇ ਭੇਸੇ । ਸਾਚੇ ਪ੍ਰਭ ਕੋ ਸਤਿਜੁਗ ਜੀਵ ਸਦ ਕਰੇ ਅਦੇਸੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਦਰ ਖੜ੍ਹੇ ਕੋਟ ਬ੍ਰਹਮਾ ਵਿਸ਼ਨ ਮਹੇਸ਼ੇ । ਪਾਰਬ੍ਰਹਮ ਤੇਰੀ ਅਚਰਜ ਖੇਲਾ । ਜੋਤ ਸਰੂਪ ਪਰਗਟ ਕਲਜੁਗ ਆਇਆ ਅੰਤ ਵੇਲਾ । ਸਾਧ ਸੰਗਤ ਪ੍ਰਭ ਦਰਸ ਦਿਖਾਇਆ ਝਬ ਸਾਚਾ ਸੱਜਣ ਸੁਹੇਲਾ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਜੋਤ ਸਰੂਪੀ ਖੇਲ ਪ੍ਰਭ ਖੇਲਾ । ਜੋਤ ਸਰੂਪ ਪ੍ਰਭ ਕੀਆ ਪਸਾਰਾ । ਕਲਜੁਗ ਹੋਵੇ ਅੰਧ ਅੰਧਿਆਰਾ । ਸ੍ਰਿਸ਼ਟ ਸਬਾਈ ਪ੍ਰਭ ਕਰੇ ਖੁਆਰਾ । ਅੰਤਕਾਲ ਕਲ ਦੁੱਖ ਲੱਗੇ ਭਾਰਾ । ਪੰਚਮ ਜੇਠ ਪ੍ਰਭ ਲਿਖਤ ਕਰਾਏ, ਮਦਿ ਮਾਸੀ ਨਾ ਪਾਏ ਗੁਰਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ, ਸੋਹੰ ਨਾਮ ਜਿਸ ਰਸਨ ਉਚਾਰਾ । ਸੋਹੰ ਨਾਮ ਜਿਸ ਜਨ ਰਸਨ ਧਿਆਇਆ । ਰਸਨਾ ਜਪ ਆਤਮ ਸੁਖ ਪਾਇਆ । ਦੇ ਦਰਸ ਪ੍ਰਭ ਅਗਿਆਨ ਅੰਧੇਰ ਮਿਟਾਇਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਪਰਗਟ ਗੁਰਮੁਖਾਂ ਦਰਸ ਦਿਖਾਇਆ । ਗੁਰਸਿਖ ਤਾਰੇ ਆਪ ਪ੍ਰਭ, ਹੋਏ ਜੋਤ ਸਰੂਪ । ਗੁਰਸਿਖ ਤਾਰੇ ਆਪ ਪ੍ਰਭ, ਦਰਸ ਦਿਖਾਵੇ ਵਡ ਭੂਪ । ਗੁਰਸਿਖ ਤਾਰੇ ਆਪ ਪ੍ਰਭ, ਗੁਰਸਿੱਖਨ ਦੱਸੇ ਸਵੱਛ ਸਰੂਪ । ਗੁਰਸਿਖ ਤਾਰੇ ਆਪ ਪ੍ਰਭ, ਆਤਮ ਜੋਤ ਜਗਾਵੇ ਦੇਵੇ ਗਿਆਨ ਅਨੂਪ । ਮਹਾਰਾਜ ਸ਼ੇਰ ਸਿੰਘ ਗੁਰ

ਸਤਿਗੁਰ ਪੂਰਾ, ਸਭ ਘਟ ਵਸੇ ਬਿਨ ਰੰਗ ਰੂਪ । ਰੰਗ ਰੂਪ ਪ੍ਰਭ ਕੋਏ ਨਾ ਜਾਣੇ । ਧੰਨ ਸੋ ਜਨ ਜੋ ਚਲੇ ਪ੍ਰਭ ਕੇ ਭਾਣੇ । ਤਖ਼ਤੋਂ ਲਾਹੇ ਸਭ ਰਾਜੇ ਰਾਣੇ । ਗੁਰਸਿਖਾਂ ਮਾਣ ਦਵਾਇਆ, ਪ੍ਰਭ ਸੁੱਤਿਆਂ ਖੜ੍ਹਾ ਸਰਹਾਣੇ । ਪ੍ਰਭ ਸਾਚੇ ਦਰਸ ਦਿਖਾਇਆ, ਮਹਾਰਾਜ ਸ਼ੇਰ ਸਿੰਘ ਦੇਵੇ ਮਾਣ ਨਿਮਾਣੇ । ਨਿਮਾਣਿਆਂ ਪ੍ਰਭ ਮਾਣ ਦੇ, ਸਿਰ ਆਪਣਾ ਹੱਥ ਟਿਕਾਇਆ । ਭਗਤ ਵਛਲ ਪ੍ਰਭ ਭਗਵਾਨ ਪ੍ਰਭ ਜੁਗੋ ਜੁਗ ਸਾਚਾ ਖੇਲ ਰਚਾਇਆ । ਕਲਜੁਗ ਸੋਹੰ ਸ਼ਬਦ ਗੁਣ ਨਿਧਾਨ ਦੇ, ਗੁਰਮੁਖਾਂ ਪ੍ਰਭ ਭੇਤ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਭਗਤ ਪਛਾਣ ਕੇ, ਗੁਰਚਰਨੀਂ ਮੇਲ ਮਿਲਾਇਆ । ਪੰਚਮ ਜੇਠ ਰੈਣ ਸੁਹਾਈ, ਰਸਨਾ ਹਰਿ ਹਰਿ ਗੁਣ ਗਾਇਆ । ਉਠ ਜੀਵ ਜਾਗ, ਪ੍ਰਭ ਸਾਚੇ ਦਰਸ ਪਾ, ਪ੍ਰਭ ਅਬਿਨਾਸ਼ੀ ਘਰ ਮੇਂ ਆਇਆ । ਮਹਾਰਾਜ ਸ਼ੇਰ ਸਿੰਘ ਸਾਚਾ ਰਾਗ ਸੋਹੰ ਡੰਕ ਚਲਾਇਆ । ਉਠ ਜੀਵ ਜਾਗ, ਰਸਨਾ ਜਪ ਉਤਮ ਹੋਵੇ ਮੁਖ । ਉਠ ਜੀਵ ਜਾਗ, ਕਰ ਦਰਸ ਪ੍ਰਭ ਮਿਲੇ ਜਗਤ ਸੁਖ । ਉਠ ਜੀਵ ਜਾਗ, ਕਰ ਦਰਸ ਪ੍ਰਭ ਉਤਰੇ ਆਤਮ ਭੁੱਖ । ਉਠ ਜੀਵ ਜਾਗ, ਪ੍ਰਭ ਧੋਏ ਦਾਗ਼, ਸੁਫਲ ਕਰਾਏ ਕੁੱਖ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਲਾਏ ਜਾਗ ਗੁਰਸਿਖ ਸਭ ਜਗ ਉਤਮ ਮਨੁੱਖ । ਗੁਰਸਿਖ ਤੇਰੀ ਉਤਮ ਜਾਤਾ । ਸਤਿਜੁਗ ਹੋਵੇ ਚਾਰ ਵਰਨ ਭਰਾਤਾ । ਸਚ ਸੁੱਚ ਵਰਤਾਏ ਪ੍ਰਭ ਸੁਖ ਆਏ ਧਰਤੀ ਮਾਤਾ । ਪ੍ਰਭ ਸਾਚਾ ਬੰਸ ਚਲਾਏ, ਗੁਰਸਿਖਾਂ ਗੁਰ ਚਰਨੀਂ ਨਾਤਾ । ਗੁਰਸਿਖਾਂ ਉਤਮ ਜੋਤ ਜਗਾਈ, ਮਿਲਿਆ ਪੁਰਖ ਬਿਧਾਤਾ । ਪ੍ਰਭ ਪੂਰਨ ਬੂਝ ਬੁਝਾਏ, ਆਪਣੇ ਰੰਗ ਰਵੇ ਰੰਗ ਰਾਤਾ । ਦ੍ਰਿਸ਼ਟੀ ਦਿਸ਼ਾ ਦੇ ਮਿਟਾਈ, ਸੋਹੰ ਦਰ ਤੇ ਦੇ ਕੇ ਦਾਤਾ । ਮਹਾਰਾਜ ਸ਼ੇਰ ਸਿੰਘ ਜੋ ਜਨ ਗਾਈ, ਕਲਜੁਗ ਤਰਾਏ ਪਿਤਾ ਮਾਤਾ । ਕਲਜੁਗ ਕਰਮ ਪ੍ਰਭ ਵਿਚਾਰ । ਪ੍ਰਭ ਸਾਚਾ ਸਿਰਜਣਹਾਰੇ । ਨਿਹਕਲੰਕ ਜੋਤ ਸਰੂਪੀ ਪ੍ਰਭ ਜਾਮਾ ਧਾਰੇ । ਸ਼ਬਦ ਸੁਰਤ ਪ੍ਰਭ ਤੋੜੇ ਮਾਣ ਹੰਕਾਰੇ । ਹਿੰਦ ਵਾਲੀ ਹਿੰਦਵਾਇਣ ਚਲ ਆਇਣ ਪ੍ਰਭ ਚਰਨ ਦੁਆਰੇ । ਗੁਰਸਿਖਾਂ ਹੋਏ ਪੂਰਨ ਭਾਗ, ਪ੍ਰਭ ਦੇਵੇ ਭਰ ਭੰਡਾਰੇ । ਸਾਚਾ ਸ਼ਬਦ ਚਲੇ ਪਹਿਲੇ ਮਾਘ, ਅਨਹਦ ਵੱਜੇ ਧੁਨਕਾਰੇ । ਗੁਰਸਿਖਾਂ ਪ੍ਰਭ ਪਕੜੀ ਵਾਗ, ਪੂਰਨ ਜੋਤ ਦੇ ਉਜਿਆਰੇ । ਉਠ ਉਠ ਉਠ ਜੀਵ ਜਾਗ, ਪ੍ਰਭ ਆਇਆ ਸਿੱਖਨ ਦੁਆਰੇ । ਮਹਾਰਾਜ ਸ਼ੇਰ ਸਿੰਘ ਕਰ ਸਾਚਾ ਰਾਗ, ਰਸਨਾ ਜਪ ਜੀਵ ਜਨਮ ਸੁਧਾਰੇ । ਰਸਨਾ ਜਪ ਪ੍ਰਭ ਨਾਮ ਰਸਾਇਣ । ਸਾਚਾ ਸ਼ਬਦ ਜੋ ਜਨ ਰਿਦੇ ਵਸਾਇਣ । ਨਿਜ ਘਰ ਵਾਸੀ ਨਿਜ ਮਾਹੇ ਪਾਇਣ । ਦਰ ਆਏ ਬੇਮੁਖ ਸੁੱਤੇ ਰੈਣ ਵਿਹਾਇਣ । ਉਠ ਜੀਵ ਜਾਗ ਪੂਰਨ ਹੋਏ ਭਾਗ, ਪਰਗਟੀ ਜੋਤ ਨਰ ਨਰਾਇਣ । ਨਰ ਨਰਾਇਣ ਨਿਰੰਜਣ ਜੋਤ । ਬੇਮੁਖ ਹੋਏ ਜੀਵ ਦਰ ਰਹੇ ਸੋਤ । ਕਲਜੁਗ ਸਵਾਈ ਸ੍ਰਿਸ਼ਟ ਅੰਤ ਜਾਏ ਰੋਤ । ਤਰੇ ਪੁਰਸ਼ ਸਤਿ, ਪ੍ਰਭ ਆਤਮ ਮੈਲ ਜਾਏ ਧੋਤ । ਸਾਚਾ ਪ੍ਰਭ ਵਿਚ ਸਾਚੀ ਦੇਹ ਜਗਾਏ ਜੋਤ । ਮਹਾਰਾਜ ਸ਼ੇਰ ਸਿੰਘ ਸਤਿਜੁਗ ਅੰਦਰ, ਗੁਰਸਿਖਾਂ ਦੇਵੇ ਨਿਰਮਲ ਜੋਤ । ਪੰਚਮ ਜੇਠ ਰੈਣ ਕਲ ਆਈ । ਭੁੱਲ ਭੁੱਲ ਭੁੱਲ ਜੀਵ ਮਤਿ ਭੁੱਲ ਗਵਾਈ । ਸਾਧ ਸੰਗਤ ਤੈਨੂੰ ਮਿਲੇ ਵਧਾਈ । ਰਸਨਾ ਜਪ ਜਪ ਅਮਰਾ ਪਦ ਪਾਈ । ਸਚਖੰਡ ਪ੍ਰਭ ਵਸਣਹਾਰਾ, ਸਚ ਧਾਮ ਗੁਰਸਿਖ ਟਿਕਾਈ । ਮਹਾਰਾਜ ਸ਼ੇਰ ਸਿੰਘ ਸ਼ਬਦ ਸੁਰਤ ਦਵਾਰਾ, ਸਾਚੀ ਮਤਿ ਗੁਰਸਿਖ ਵਿਚ ਪਾਈ । ਸ਼ਬਦ ਸੁਰਤ ਪ੍ਰਭ ਦੇ ਗਿਆਨਾ । ਆਤਮ ਜੋਤ ਜਗੇ ਕੋਟ ਭਾਨਾ । ਪਰਗਟ ਜੋਤ ਸਾਧ ਸੰਗਤ, ਪ੍ਰਭ ਦੇਵੇ ਸਾਚਾ ਦਾਨਾ । ਗੁਰਚਰਨ ਪ੍ਰੀਤੀ ਸਾਚਾ ਸਤਿਜੁਗ ਇਸ਼ਨਾਨਾ । ਕਲਜੁਗ ਪਰਗਟ ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਪਹਰਿਆ ਜਾਮਾ । ਜੋਤ ਸਰੂਪੀ ਪ੍ਰਭ ਸਾਚਾ ਭੇਖ ਧਰ । ਕਲਜੁਗ ਪਰਗਟਿਆ ਅਵਤਾਰ

ਨਰਾਇਣ ਨਰ । ਸ੍ਰਿਸ਼ਟ ਸਬਾਈ ਭਰਮ ਭੁਲੇਖੇ ਪਾਈ, ਗੁਰਸਿਖ ਬੂਝੇ ਸਾਚਾ ਦਰ । ਮਹਾਰਾਜ ਸ਼ੇਰ ਸਿੰਘ ਤੇਰੇ ਨਾਮ ਵਡਿਆਈ, ਸ਼ਬਦ ਬਾਣ ਗੁਰ ਜਗਤ ਲਗਾਈ, ਗੁਰਸੰਗਤ ਪਾਇਆ ਸਾਚਾ ਦਰ । ਦਰ ਘਰ ਆਏ ਪ੍ਰਭ ਅਬਿਨਾਸ਼ੀ । ਅੰਤਕਾਲ ਕਲ ਪ੍ਰਭ ਤੋੜੇ ਜਮ ਕੀ ਫਾਸੀ । ਕਲਜੁਗ ਹੋਏ ਅੰਤਕਾਲ, ਸ਼ਬਦ ਲਿਖਾਏ ਜੋ ਮਦਿਰਾ ਮਾਸੀ । ਮਹਾਰਾਜ ਸ਼ੇਰ ਸਿੰਘ ਸਚ ਭਤਾਰ, ਚਰਨ ਲਾਗ ਜੀਵ ਰਹਿਰਾਸੀ । ਜੀਵ ਜੰਤ ਦੁੱਖੀ ਵੇਖ ਪ੍ਰਭ, ਕਲਜੁਗ ਜੋਤ ਪਰਗਟਾਵੇ । ਮਾਇਆ ਪਾਏ ਬੇਅੰਤ, ਆਪਣਾ ਭੇਵ ਆਪ ਖੁਲ੍ਹਾਵੇ । ਪ੍ਰਭ ਦਰ ਵਿਰਲੇ ਗੁਰਸਿਖ ਸੰਤ, ਜੋਤ ਸਰੂਪੀ ਪ੍ਰਭ ਦਰਸ ਦਿਖਾਵੇ । ਮਹਿਮਾ ਜਣਾਏ ਆਪ ਇਕੰਤ, ਮਹਾਰਾਜ ਸ਼ੇਰ ਸਿੰਘ ਕਲਜੁਗ ਖਪਾਵੇ । ਪੈ ਜਾਏ ਦੁਹਾਈ ਵਿਚ ਜੀਵ ਜੰਤ । ਜੀਵ ਜੰਤ ਪ੍ਰਭ ਆਪ ਉਪਾਏ । ਅੰਤਕਾਲ ਪ੍ਰਭ ਕਲਜੁਗ ਆਪ ਖਪਾਏ । ਸਾਧ ਸੰਗਤ ਪ੍ਰਭ ਦੇ ਸੁਣਾਏ । ਗੁਰਸਿਖਾਂ ਸਿਰ ਪ੍ਰਭ ਹੱਥ ਟਿਕਾਏ । ਕਲਜੁਗ ਅਗਨ ਛੋਹਣ ਨਾ ਪਾਏ । ਰਸਨਾ ਜੀਵ ਜਨ ਸੋਹੰ ਗਾਏ । ਮਹਾਰਾਜ ਸ਼ੇਰ ਸਿੰਘ ਹੋਏ ਸਹਾਏ । ਹੋਏ ਸਹਾਇਕ ਅੰਤਕਾਲ, ਭਗਤ ਵਛਲ ਦੀਨ ਦਿਆਲ । ਕਲਜੁਗ ਜਨ ਭਗਤ ਲਏ ਪ੍ਰਭ ਭਾਲ । ਬੇਮੁਖ ਕਲਜੁਗ ਕਰੇ ਜਿਉਂ ਦੁਫਾੜੇ ਦਾਲ । ਸਾਧ ਸੰਗਤ ਪ੍ਰੀਤੀ ਸੋਹੇ ਗੁਰਚਰਨ ਨਾਲ । ਆਤਮ ਦੇ ਗਿਆਨ, ਮਹਾਰਾਜ ਸ਼ੇਰ ਸਿੰਘ ਸਰਬ ਰਿਹਾ ਸਮਾਲ । ਪ੍ਰਭ ਕੀ ਜੋਤ ਜਗਤ ਚੰਗਿਆਰੀ । ਸੋਹੰ ਸ਼ਬਦ ਖੰਡਾ ਦੋ ਧਾਰੀ । ਬੇਮੁਖਾਂ ਕਾਲ ਅੰਤ ਪੈ ਜਾਏ ਖੁਆਰੀ । ਕੋਈ ਨਾ ਦੀਸੇ ਸਭ ਕੂੜੇ ਠੀਸੇ ਦੁਸ਼ਟ ਦੁਰਾਚਾਰੀ । ਗੁਰਮੁਖਾਂ ਸਿਰ ਛਤਰ ਝੁਲੀਸੇ, ਰੱਖੇ ਲਾਜ ਆਪ ਬਨਵਾਰੀ । ਜਨ ਭਗਤਾਂ ਹਰਿ ਪ੍ਰਭ ਸਾਚਾ ਦੀਸੇ, ਪੰਚਮ ਜੇਠ ਆਏ ਦਰਬਾਰੀ । ਸਾਚਾ ਨਾਮ ਅੰਮ੍ਰਿਤ ਪੀਸੇ, ਹਉਮੇ ਵਿਚੋਂ ਜਾਏ ਬੀਮਾਰੀ । ਬੇਮੁਖ ਕਰੇ ਜੋ ਗੁਰਸਿਖ ਰੀਸੇ, ਨਾਮ ਸਚ ਨਾ ਚੜ੍ਹੇ ਖੁਮਾਰੀ । ਮਹਾਰਾਜ ਸ਼ੇਰ ਸਿੰਘ ਚਰਨ ਧਰੇ ਜੋ ਸੀਸੇ, ਗੁਰ ਦਰ ਮਿਲੇ ਬੜੀ ਸਿਕਦਾਰੀ । ਗੁਰਸਿਖਾਂ ਮਿਲਿਆ ਗੁਰ ਦਰਬਾਰਾ । ਅੰਮ੍ਰਿਤ ਬੂੰਦ ਅੰਮਿਓ ਰਸ ਪੀਵ, ਵੇਲੇ ਅੰਮ੍ਰਿਤ ਅੰਮ੍ਰਿਤ ਧਾਰਾ । ਦੇਹ ਵਿਕਾਰ ਜਾਇਣ ਨੱਸ, ਜਨ ਹੋਏ ਰਸਨ ਸੁਹੇਲੇ, ਆਤਮ ਮਿਲੇ ਸਾਚਾ ਰਸ, ਜਗੇ ਜੋਤ ਆਤਮ ਉਜਿਆਰਾ । ਹੋਏ ਪਰਕਾਸ਼ ਜਿਉਂ ਰਵ ਸਸ, ਮਹਾਰਾਜ ਸ਼ੇਰ ਸਿੰਘ ਦੇਵੇ ਅੰਮ੍ਰਿਤ ਭੰਡਾਰਾ । ਪਰਗਟਾਏ ਜੋਤ ਪ੍ਰਭ ਰਾਜਨ ਰਾਜਾ । ਨਿਮਾਣਿਆਂ ਨਿਤਾਣਿਆਂ ਗ਼ਰੀਬ ਨਿਵਾਜਾ । ਅਨਹਦ ਸ਼ਬਦ ਵੱਜੇ ਧੁਨ, ਅਨਹਦ ਵੱਜੇ ਧੁਨ ਵਾਜਾ । ਗੁਰਸਿਖ ਤਰਾਏ ਬੇਮੁਖ ਖਪਾਏ, ਅੰਤਕਾਲ ਕਲ ਵਿਚ ਮਾਝਾ । ਪ੍ਰਭ ਜੋਤ ਪਰਗਟਾਏ ਗੁਰਸਿਖਾਂ ਹੋਏ ਸਹਾਏ, ਸਰਨ ਪੜੇ ਦੀ ਰਾਖੇ ਲਾਜਾ । ਮਹਾਰਾਜ ਸ਼ੇਰ ਸਿੰਘ ਸਚ ਤੇਰੀ ਨਾਏ, ਗੁਰਸਿਖਾਂ ਦੇਵੇ ਰਾਜਾ । ਗੁਰ ਮੀਤ ਗੁਰਸਿਖ ਸਦਾ ਰੱਖ ਚੀਤ । ਪ੍ਰਭ ਮਿਲਣ ਕੀ ਸਾਚੀ ਰੀਤ । ਮਹਾਰਾਜ ਸ਼ੇਰ ਸਿੰਘ ਗੁਰਮੁਖਾਂ ਬਖ਼ਸ਼ੇ ਗੁਰਚਰਨ ਪ੍ਰੀਤ । ਚਰਨ ਪ੍ਰੀਤ ਕਰੇ ਚਾਰ ਵਰਨ । ਜੋਤ ਸਰੂਪ ਪ੍ਰਭ ਨਾ ਦੀਸੇ ਕਿਸੇ ਬਰਨ । ਕਰ ਦਰਸ ਪ੍ਰਭ ਦਰ ਆਏ ਰੋਗੀ ਸਭ ਤਰਨ । ਮਹਾਰਾਜ ਸ਼ੇਰ ਸਿੰਘ ਪਾਰ ਕਰਾਏ, ਜੋ ਜਨ ਆਏ ਸਰਨ । ਸਰਨ ਪ੍ਰਭ ਕੀ ਜਿਸ ਜੀਵ ਤਕਾਈ । ਆਧਿ ਬਿਆਧਿ ਪ੍ਰਭ ਮਿਟਾਈ । ਅੰਮ੍ਰਿਤ ਸਾਚਾ ਵਿਚ ਦੇਹ ਸਿਚਾਈ । ਕਵਲ ਨਾਭ ਮੁਖ ਪ੍ਰਭ ਦੇ ਖੁਲ੍ਹਾਈ । ਦਵਾਰ ਦਸਵਾਂ ਪ੍ਰਭ ਦੇਵੇ ਪੜਦਾ ਲਾਹੀ । ਅਨਹਦ ਸ਼ਬਦ ਧੁੰਨ ਦੇ ਵਜਾਈ । ਜੋਤ ਸਰੂਪ ਪ੍ਰਭ ਨਿਰਮਲ ਜੋਤ ਜਗਾਈ । ਕੂੜ ਕਪਟ ਦੁਰਕਾਰ ਕੱਢ, ਸੋਹੰ ਸਾਚੀ ਵਸਤੂ ਪਾਈ । ਮਹਾਰਾਜ ਸ਼ੇਰ ਸਿੰਘ ਗੁਰਸਿਖ ਬੇੜਾ ਪਾਰ ਕਰ, ਕੁੰਟ ਚਾਰ ਜੈ ਜੈ ਜੈਕਾਰ ਕਰਾਈ । ਕਲਜੁਗ ਜਾਏ ਹੋਏ ਖੁਆਰਾ । ਸਤਿਜੁਗ ਲਾਏ ਪ੍ਰਭ ਸਤਿ ਕਰਤਾਰਾ ।

੪੦੧
੦੧

ਸੋਹੰ ਸ਼ਬਦ ਦੇਵੇ ਵਰਤਾਰਾ । ਨਿਰਹਾਰੀ ਨਿਰਵੈਰ ਪ੍ਰਭ ਲੈ ਅਵਤਾਰਾ । ਅਚੁੱਤ ਪਾਰਬ੍ਰਹਮ ਪਰਮੇਸ਼ਵਰ ਨਿਹਕਲੰਕ ਅਵਤਾਰਾ । ਜੁਗਤ ਮੁਕਤ ਨਾ ਜਾਣੇ ਸੰਸਾਰਾ । ਮਾਇਆ ਪੜਦਾ ਪਾਇਕੇ, ਭੁਲਾਇਆ ਸਚ ਦਵਾਰਾ । ਗੁਰਸਿਖਾਂ ਦਰਸ ਦਿਖਾਇਕੇ, ਮਹਾਰਾਜ ਸ਼ੇਰ ਸਿੰਘ ਮਿਲੇ ਆਪ ਗਿਰਧਾਰਾ । ਗਿਰਧਰ ਆਏ ਜਗਤ ਗਿਰਧਾਰ । ਤ੍ਰੇਤਾ ਦੁਆਪਰ ਕੀਆ ਪਾਰ । ਕਲਜੁਗ ਜਾਏ ਵਹਿੰਦੀ ਧਾਰ । ਝੂਠੇ ਧੰਦੇ ਡੁੱਬਾ ਸੰਸਾਰ । ਪਰਗਟੀ ਜੋਤ ਕਲ ਮੁਰਾਰ । ਮੂਰਖ ਮੁਗਧ ਨਾ ਕਰਨ ਵਿਚਾਰ । ਗੁਰਸਿਖ ਪਾਏ ਪ੍ਰਭ ਕੀ ਸਾਰ । ਦਰ ਘਰ ਛੱਡ ਆਏ ਗੁਰ ਦਰਬਾਰ । ਆਏ ਗੁਰ ਦਰਬਾਰ, ਮਾਨਸ ਜਨਮ ਉਤਮ ਹੋਇਆ ਵਿਚ ਸੰਸਾਰ । ਦੇ ਦਰਸ ਪ੍ਰਭ ਭਵਜਲ ਕੀਆ ਪਾਰ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਤਾਰੇ, ਅੰਮ੍ਰਿਤ ਵਰਖੇ ਕਿਰਪਾ ਧਾਰ । ਕਲਜੁਗ ਜਾਏ ਜਿਉਂ ਅੰਧੇਰ ਰੈਣਾ । ਕਲਜੁਗ ਜੀਵ ਵਹਾਏ ਵਹਿੰਦੇ ਵਹਿਣਾ । ਗੁਰਸਿਖ ਤਰਾਏ ਜਿਨ ਪ੍ਰਭ ਦੇਖਿਆ ਨੈਣਾ । ਬਿਨ ਪ੍ਰਭ ਸਾਚੇ ਕੋਈ ਸਾਕ ਨਾ ਸੈਣਾ । ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਏ, ਸੋਹੰ ਉਤਮ ਗਹਿਣਾ । ਸਾਧ ਸੰਗਤ ਤੇਰੀ ਵਡਿਆਈ । ਰਸਨਾ ਜਪ ਈਸ਼ਰ ਜੋਤ ਪਰਗਟਾਈ । ਪਰਗਟ ਜੋਤ ਪ੍ਰਭ ਭਏ ਸਹਾਈ । ਆਤਮ ਚਿੰਤ ਗੁਰਸਿਖ ਮਿਟਾਈ । ਮਹਾਰਾਜ ਸ਼ੇਰ ਸਿੰਘ ਕਲ ਤੇਰੀ ਵਡਿਆਈ । ਵੱਡੀ ਵਡਿਆਈ ਵਡ ਪ੍ਰਭ ਵਡ ਦਾਤਾ । ਵੱਡੀ ਵਡਿਆਈ ਜਿਸ ਜਨ ਪ੍ਰਭ ਪਛਾਤਾ । ਵੱਡੀ ਵਡਿਆਈ ਦੇਵੇ ਗੁਰਸਿਖਾਂ ਪ੍ਰਭ ਵਡ ਦਾਤਾ । ਮਹਾਰਾਜ ਸ਼ੇਰ ਸਿੰਘ ਜਿਸ ਜਨ ਪਛਾਤਾ । ਜਾਣੇ ਸੋ ਜਨ ਜਿਸ ਆਪ ਜਣਾਏ । ਜਾਣੇ ਸੋ ਜਨ, ਜਿਸ ਹਿਰਦੇ ਰਿਹਾ ਸਮਾਏ । ਜਾਣੇ ਸੋ ਜਨ, ਜਿਸ ਆਤਮ ਜੋਤ ਜਗਾਏ । ਜਾਣੇ ਸੋ ਜਨ, ਜਿਨ ਮਹਾਰਾਜ ਸ਼ੇਰ ਸਿੰਘ ਸਰਨ ਲਗਾਏ । ਸਰਨ ਲਗਾਏ ਆਪ ਪ੍ਰਭ ਸੰਸਾਰੀ । ਆਵੇ ਜਾਵੇ ਜਗਤ ਵਿਵਹਾਰੀ । ਜੋਤ ਸਰੂਪ ਸ੍ਰਿਸ਼ਟ ਸੰਘਾਰੀ । ਮਹਾਰਾਜ ਸ਼ੇਰ ਸਿੰਘ ਤੇਰੀ ਸਤਿਜੁਗ ਸਚੀ ਸਿਕਦਾਰੀ । ਸਤਿਜੁਗ ਸਾਚਾ ਸਚ ਚਲਾਇਆ । ਸਚ ਘਰ ਦੱਸ ਸ਼ਬਦ ਚਲਾਇਆ । ਸੋਹੰ ਸ਼ਬਦ ਚਾਰ ਵਰਨ ਸਤਿਜੁਗ ਮੁਖ ਗਾਇਆ । ਮਹਾਰਾਜ ਸ਼ੇਰ ਸਿੰਘ ਤੁਧ ਬਿਨ ਕੋਈ ਦੂਜਾ ਨਜ਼ਰ ਨਾ ਆਇਆ । ਏਕ ਆਪ ਪ੍ਰਭ ਕੋ ਨਹੀਂ ਦੂਜਾ । ਕਲਜੁਗ ਅੰਤ ਮਿਟਾਏ ਸਭ ਪੂਜਾ । ਗੁਰਸਿਖਾਂ ਦਰ ਪ੍ਰਭ ਸਾਚਾ ਸੂਝਾ । ਦੇ ਦਰਸ ਪ੍ਰਭ ਭੇਦ ਖੁਲ੍ਹਾਇਆ ਗੂਝਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਗੁਰਸਿਖ ਜਾਣ ਨਾ ਦੂਜਾ । ਨਿਹਕਲੰਕ ਪ੍ਰਭ ਨਿਰੰਤਰ । ਸੋਹੰ ਹੋਵੇ ਸਤਿਜੁਗ ਸਾਚਾ ਮੰਤਰ । ਜੋਤ ਸਰੂਪ ਪ੍ਰਭ ਵਿਚ ਜਗਤ ਰਹੰਤਰ । ਮਹਾਰਾਜ ਸ਼ੇਰ ਸਿੰਘ ਗੁਰਸਿਖ ਦੇ ਦਰਸ ਕਰੇ ਗੁਰਸਿਖ ਸੁਤੰਤਰ । ਗੁਰਸਿਖ ਹੋਏ ਗੁਰ ਸੇਵ ਕਮਾਏ । ਗੁਰਮੁਖ ਹੋਏ ਪ੍ਰਭ ਮੇਲ ਮਿਲਾਏ । ਸਚ ਘਰ ਬੈਠਾ ਤਾੜੀ ਲਾਏ । ਦੇਖੇ ਆਪ ਪ੍ਰਭ ਨਜ਼ਰ ਨਾ ਆਏ । ਜੋਤ ਸਰੂਪ ਗੁਰਸਿਖਾਂ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਤੇਰਾ ਰੰਗ ਅਨੂਪ, ਬੇਮੁਖ ਨਜ਼ਰ ਨਾ ਆਏ । ਬੇਮੁਖਾਂ ਲੱਗਾ ਹਉਮੈ ਰੋਗ । ਪ੍ਰਭ ਕਾ ਦਰਸ ਨਾ ਮਿਲੇ ਅਮੋਘ । ਆਤਮ ਚਿੰਤਾ ਸਦ ਹੈ ਸੋਗ । ਪ੍ਰਭ ਅਬਿਨਾਸ਼ੀ ਰਿਹਾ ਵਿਯੋਗ । ਅੰਤਕਾਲ ਕਲਜੁਗ ਜਾਏ ਦੁੱਖ ਭੋਗ । ਗੁਰਸਿਖਾਂ ਲਿਖਿਆ ਪ੍ਰਭ ਧੁਰ ਸੰਜੋਗ । ਨੇਤਰ ਕਰ ਦਰਸ ਜੀਵ ਆਤਮ ਰਸ ਭੋਗ । ਮਿਟੇ ਅਗਿਆਨ ਅੰਧੇਰ ਸਭ, ਸੋਹੰ ਸ਼ਬਦ ਪਾਏ ਮਨ ਜੋਗ । ਮਹਾਰਾਜ ਸ਼ੇਰ ਸਿੰਘ ਦਰਦ ਦੁੱਖ ਭੰਜਨ, ਗੁਰਸਿਖਾਂ ਕੱਢੇ ਹਉਮੈ ਰੋਗ । ਤਾਰਨਹਾਰ ਗੁਰਸਿਖ ਤਰਾਏ । ਦਰ ਆਏ ਜੋ ਹੰਕਾਰੀ, ਜਨਮ ਜਨਮ ਪ੍ਰਭ ਜੂਨੀ ਪਾਏ । ਜੋ ਜਨ ਪ੍ਰਭ ਜੋਤ ਅਧਾਰੀ, ਦੇ ਦਰਸ ਪ੍ਰਭ ਪਾਰ ਕਰਾਏ । ਮਹਾਰਾਜ ਸ਼ੇਰ ਸਿੰਘ ਜਨ ਹੋਏ ਨਾਮ ਅਧਾਰੀ, ਸਰਨ ਪੜੇ ਦੀ ਲਾਜ ਰਖਾਏ । ਸਰਬ ਸੁੱਖ ਗੁਰਸੰਗਤ

ਸੰਗ । ਗੁਰਸੰਗਤ ਪ੍ਰੀਤੀ ਗੁਰਸਿਖ ਗੁਰ ਦਰ ਮੰਗ । ਨਾਮ ਪ੍ਰੀਤੀ ਆਤਮ ਚਾੜ੍ਹੇ ਰੰਗ । ਦੇਹ ਹੋਏ ਪੱਤਤ ਪੁਨੀਤੀ, ਮਾਨਸ ਜਨਮ ਨਾ ਹੋਏ ਭੰਗ । ਕਰ ਦਰਸ ਹੋਏ ਕਾਇਆ ਠੰਡੀ ਸੀਤੀ, ਅੰਮ੍ਰਿਤ ਦੇਹ ਵਹਾਏ ਗੰਗ । ਗੁਰਮੁਖ ਕਲਜੁਗ ਸ੍ਰਿਸ਼ਟੀ ਜੀਤੀ, ਸਾਚਾ ਨਾਮ ਮੰਗ ਨਾ ਸੰਗ । ਮਹਾਰਾਜ ਸ਼ੇਰ ਸਿੰਘ ਤੇਰੀ ਚਰਨ ਪ੍ਰੀਤੀ, ਸਦਾ ਰਹੇ ਅੰਗ ਸੰਗ । ਚਰਨ ਪ੍ਰੀਤ ਗੁਰਚਰਨ ਹੈ ਕਵਲਾ । ਉਤਮ ਰੀਤ ਉਪਰ ਧਵਲਾ । ਸਰਬ ਸ੍ਰਿਸ਼ਟ ਜੋਤ ਸਰੂਪ ਮਵਲਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਰਸਨਾ ਜਪ ਜੀਵ ਨਾ ਹੋ ਬਵਲਾ । ਕਲਜੁਗ ਹੋਏ ਅੰਤ ਅੰਧੇਰਾ । ਬੇਮੁਖ ਨਾ ਦੀਸੇ ਚਾਰ ਚੁਫੇਰਾ । ਗੁਰਸਿਖ ਨਾ ਹੋਏ ਸੰਝ ਸਵੇਰਾ । ਜੋਤ ਪਰਕਾਸ਼ ਕਰੇ ਪ੍ਰਭ ਨਾ ਲਾਏ ਦੇਰਾ । ਦੇ ਦਰਸ ਕਾਲ ਅੰਤ ਪ੍ਰਭ ਕਰ ਜਾਏ ਨਿਬੇੜਾ । ਮਹਾਰਾਜ ਸ਼ੇਰ ਸਿੰਘ ਜੋ ਜਨ ਜਾਣੇ ਛੋੜੇ ਤੇਰਾ ਮੇਰਾ । ਮੇਰਾ ਤੇਰਾ ਜਿਸ ਭੇਵ ਚੁਕਾਇਆ । ਜੋਤ ਸਰੂਪ ਵਿਚ ਜੋਤ ਮਿਲਾਇਆ । ਆਵੇ ਨਾ ਜਾਵੇ ਜਨਮ ਮਰਨ ਦਾ ਭੇਦ ਚੁਕਾਇਆ । ਮਹਾਰਾਜ ਸ਼ੇਰ ਸਿੰਘ ਜੋ ਜਨ ਸਿਮਰੇ ਵਿਚ ਚੁਰਾਸੀ ਗੇੜ ਨਾ ਆਇਆ । ਸ਼ਬਦ ਸੁਰਤ ਪ੍ਰਭ ਮੇਲ ਮਿਲਾਏ । ਕੱਟ ਰੋਗ ਪ੍ਰਭ ਦੇ ਗਵਾਏ । ਸੰਗਰੈਹਣੀ ਵਿਚੋਂ ਨਾਸ ਹੋ ਜਾਏ । ਸੋਹੰ ਸਾਚਾ ਸ਼ਬਦ ਜੋ ਜਨ ਰਿਦੇ ਵਸਾਏ । ਦੁੱਖ ਰੋਗ ਦੇਹ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਸ਼ਬਦ ਚੋਟ ਲਗਾਏ । ਸ਼ਬਦ ਚੋਟ ਜਗਤ ਧੁਨਕਾਰਾ । ਅੰਧਕੂਪ ਵੱਜੇ ਧੁਨਕਾਰਾ । ਜਿਥੇ ਜੋਤ ਜਗੇ ਅਗੰਮ ਅਪਾਰਾ । ਰੋਗ ਗਵਾਏ ਵਿਚ ਦੇਹ ਵਰਖੇ ਅੰਮ੍ਰਿਤ ਧਾਰਾ । ਮਹਾਰਾਜ ਸ਼ੇਰ ਸਿੰਘ ਕਰ ਸਾਚਾ ਕਲੰਕ ਨਿਹ ਰੋਗ ਸੋਗ ਸੋਗ ਰੋਗ ਦਰ ਹੋਏ ਖੁਆਰਾ । ਰੋਗ ਸੋਗ ਪ੍ਰਭ ਦੇ ਮਿਟਾਏ । ਦੁੱਖ ਦਰਦ ਰਹੇ ਨਾ ਰਾਏ । ਰੱਖਿਆ ਕਰੇ ਆਪ ਰਘੁਰਾਏ । ਜਪ ਤਪ ਪ੍ਰਭ ਸੁਖਦਾਏ । ਜੋਤ ਸਰੂਪ ਜੀਵ ਜੰਤ ਵਿਚ ਰਹਾਏ । ਨਾੜੀ ਬਹੱਤਰ ਵਿਚ ਪ੍ਰਭ ਸੁੱਖ ਵਸਾਏ । ਅਮਕਾ ਕਾਜ਼ੀ ਕੋਈ ਨੇੜ ਨਾ ਆਏ । ਮਹਾਰਾਜ ਸ਼ੇਰ ਸਿੰਘ ਹੋਏ ਸਹਾਏ । ਭੂਤ ਪਲੀਤ ਦਰ ਬੰਧਾਰੇ । ਜਮ ਕੰਕਰ ਆਪ ਪ੍ਰਭ ਸੰਘਾਰੇ । ਦੂਤ ਦੁਸ਼ਟ ਸ਼ਬਦ ਸੁਰਤ ਦੇ ਮਾਰੇ । ਅਗਨ ਜੋਤ ਜੋਤ ਅਗਨ ਦੇਹੀ ਦੁੱਖ ਸਾੜੇ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰੇ ਆਪ ਨਿਰੰਕਾਰੇ । ਪਰਗਟ ਜੋਤ ਪ੍ਰਭ ਦਇਆ ਕਮਾਈ । ਦੁੱਖ ਦਰਦ ਦਏ ਸੰਗਤ ਮਿਟਾਈ । ਸਾਚੀ ਨਾਮ ਰੰਗਣ ਸੋਹੰ ਪ੍ਰਭ ਆਪ ਚੜ੍ਹਾਈ । ਦਰਸ ਦਾਨ ਜੋ ਜਨ ਮੰਗਣ, ਪ੍ਰਭ ਦੇ ਦਰਸ ਤ੍ਰਿਪਤ ਮਿਟਾਈ । ਦਰ ਆਏ ਮਾਰੇ ਪ੍ਰਭ ਤੀਨ ਤਪ ਖੰਘਣ, ਸੁਰਤੀ ਸੁਰਤ ਪ੍ਰਭ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਦੇਵੇ ਮੁਕਤੀ ਮੁਕਤ, ਰਸਨਾ ਜਪ ਫੇਰ ਵੇਲਾ ਹੱਥ ਨਾ ਆਈ । ਆਏ ਸਚਾ ਸ਼ਾਹੋ ਸਚ ਦੇ ਵਡਿਆਈ । ਦਰ ਆਏ ਦੁੱਖ ਮਿਟਾਏ ਪ੍ਰਭ, ਨਾਉਂ ਭਿਛਿਆ ਪਾਈ । ਹੋਏ ਸਹਾਈ ਜਗਤ ਪਿਤ ਕਹਾਈ । ਮਹਾਰਾਜ ਸ਼ੇਰ ਸਿੰਘ ਤੇਰੀ ਗੁਰਸਿਖਾਂ ਸਰਨਾਈ । ਮਰੂ ਦੇਵੇ ਆਪ ਜਵਾਲਾ । ਸ਼ਬਦ ਬਾਣ ਮਾਰੇ ਗੁਰ ਗੋਪਾਲਾ । ਮਾਰ ਕਰੇ ਬੀਰ ਬੇਤਾਲਾ । ਪਕੜ ਲਿਆਵੇ ਤੀਨ ਲੋਕ ਰਖਵਾਲਾ । ਆਤਮ ਬੱਧਾ ਗੁਰਸਿਖ ਮਹਾਰਾਜ ਸ਼ੇਰ ਸਿੰਘ ਦਰ ਖੜ੍ਹੇ ਕਰੇ ਸਵਾਲਾ । ਪ੍ਰਭ ਕੀ ਮਹਿੰਮਾ ਬੜੀ ਬੇਅੰਤ । ਜੋਤ ਸਰੂਪ ਦਰਸ ਵਿਚ ਜੀਵ ਜੰਤ । ਕਲਜੁਗ ਪਰਗਟਿਆ ਪ੍ਰਭ ਨਿਹਕਲੰਕ ਕੰਤੂਹਲ ਕੰਤ । ਗੁਰਸਿਖਾਂ ਦੇਵੇ ਮਾਣ ਉਤਮ ਦੇ ਵਿਚ ਸਾਧ ਸੰਤ । ਸਾਚਾ ਦੇਵੇ ਬ੍ਰਹਮ ਗਿਆਨ, ਸਿੱਖ ਆਸਣ ਬੈਠ ਇਕੰਤ । ਹਿਰਦਕ ਦੇਵੇ ਚਰਨ ਧਿਆਨ, ਹੋਵੇ ਮਿਹਰ ਭਗਤ ਭਗਵੰਤ । ਗੁਣ ਦੇਵੇ ਗੁਣ ਨਿਧਾਨ, ਸੋਹੰ ਸ਼ਬਦ ਗੁਰ ਧੁਨ ਵਜੰਤ । ਮਹਾਰਾਜ ਸ਼ੇਰ ਸਿੰਘ ਸੁਹਾਵੇ ਥਾਨ ਸ੍ਰਿਸ਼ਟ ਕਰੇ ਭਸਮੰਤ । ਸਚ ਸੰਤ ਸਤਿਗੁਰ ਪਰਗਟਾਇਆ । ਮਿਲ ਪ੍ਰਭ ਸਮਰਥ,

ਸੰਸਾ ਭੈ ਮਨੋ ਗਵਾਇਆ । ਪ੍ਰਭ ਕੀ ਬਾਣੀ ਲਿਖੀ ਅਕੱਥ, ਤਨ ਮਨ ਪ੍ਰਭ ਲੇਖੇ ਲਾਇਆ । ਦੇਵੇ ਬਖ਼ਸ਼ ਅੰਤ ਸਮਰਥ, ਨੀਤੀ ਰੱਖ ਦਰਸ ਦਿਖਾਇਆ । ਕਲਜੁਗ ਧਰੇ ਜੋਤ ਆਪ ਸਤਿ ਪੁਰਖ, ਮਹਾਰਾਜ ਸ਼ੇਰ ਸਿੰਘ ਪਤ ਰਖਵਾਇਆ । ਪਿਤਾ ਪੂਤ ਪਰ ਭਏ ਦਿਆਲਾ । ਜੋਤ ਸਰੂਪ ਹੋਏ ਗੋਪਾਲਾ । ਪ੍ਰਭ ਅਬਿਨਾਸ਼ੀ ਤੀਨ ਕੋਟ ਹੋਏ ਰਖਵਾਲਾ । ਸੰਤਨ ਪਾਈ ਥਾਂਏ ਪ੍ਰਭ ਪੂਰਨ ਘਾਲਾ । ਸ਼ਬਦ ਦੇ ਗਿਆਨ, ਰਾਮ ਨਾਮ ਗਲ ਪਾਈ ਮਾਲਾ । ਕਲਜੁਗ ਉਤਮ ਅਸਥਾਨ, ਪਰਗਟੇ ਜੋਤ ਸਰਬ ਰਖਵਾਲਾ । ਜੋ ਕਿਛ ਕਰੇ ਸੋ ਹੀ ਜਗ ਹੋਤ, ਮਹਾਰਾਜ ਸ਼ੇਰ ਸਿੰਘ ਉਤਪਤ ਕਰਨ ਵਾਲਾ । ਧੰਨ ਧੰਨ ਧੰਨ ਮਨੀ ਸਿੰਘ ਤੇਰੀ ਧੰਨ ਕਮਾਈ । ਰਸਨਾ ਜਪ ਜਪ ਜਪ ਪੂਤ ਪਿਤਾ ਜਗ ਬੰਸ ਬਣਾਈ । ਦਰ ਆਏ ਦੁਤਰ ਦੇਵੇ ਤਾਰ, ਗੁਰ ਗੋਬਿੰਦ ਦੋਏ ਹੋਏ ਸਹਾਈ । ਧੰਨ ਧੰਨ ਧੰਨ ਮਨੀ ਸਿੰਘ, ਸਾਚੀ ਜੋਤ ਦੇਵੇ ਪ੍ਰਭ ਵਿਚ ਲਲਾਟ ਟਿਕਾਈ । ਸਤਿਜੁਗ ਦੇਵੇ ਮਾਣ ਪ੍ਰਭ, ਚਾਰ ਵਰਨ ਚਰਨ ਲਗ ਜਾਈ । ਸੋਹੰ ਸ਼ਬਦ ਵੱਜੇ ਬਾਣ ਪ੍ਰਭ ਰਸਨਾ ਮਾਰ ਸਭ ਜਗਤ ਘਾਈ । ਪੂਰਨ ਜੋਤ ਵਿਸ਼ਨੂੰ ਭਗਵਾਨ ਲੈ ਅਵਤਾਰ, ਜਗਤ ਮੇਂ ਹੋਏ ਸਹਾਈ । ਸੰਤਨ ਸੰਤ ਸੰਤ ਵਡਭਾਗਾ । ਉਤਮ ਸੁਣਿਆ ਸੋਹੰ ਸ਼ਬਦ ਅਨਰਾਗਾ । ਭਰਮ ਭੁਲੇਖਾ ਸਭ ਦੇਹੀ ਭਾਗਾ । ਹੋਏ ਅਧੀਨ ਸਰਨੀ ਲਾਗਾ । ਕੂੜ ਕੁਟੰਬ ਸਭ ਭਗਤ ਤਿਆਗਾ । ਆਤਮ ਜੋਤ ਜਗੀ ਜੀਵ ਸੋਇਆ ਜਾਗਾ । ਮਹਾਰਾਜ ਸ਼ੇਰ ਸਿੰਘ ਜਿਨ ਕਲਜੁਗ ਮਿਲਿਆ, ਸੋਈ ਪੁਰਖ ਵਡਭਾਗਾ । ਸੰਤ ਜਨਾਂ ਦੀ ਆਸਾ ਪੂਰ । ਪਰਗਟ ਭਏ ਪ੍ਰਭ ਸਦਾ ਹਜ਼ੂਰ । ਸਾਚਾ ਸ਼ਬਦ ਆਤਮ ਸਦਾ ਸਰੂਰ । ਜਗੇ ਜੋਤ ਵਿਚ ਦੇਹ ਜਿਉਂ ਕੋਹਤੂਰ । ਮਹਾਰਾਜ ਸ਼ੇਰ ਸਿੰਘ ਗੁਣ ਨਿਧਾਨ ਸਰਬ ਗੁਣ ਭਰਪੂਰ । ਭਰਤੰਬਰ ਪ੍ਰਭ ਸਰਬ ਵਿਆਪੇ । ਛਿੰਨ ਭੰਗਰ ਬੇਮੁਖ ਨਾ ਜਾਪੇ । ਧੰਨ ਧੰਨ ਧੰਨ ਗੁਰਸਿਖ, ਧੰਨ ਗੁਰਸਿਖ ਮਾਪੇ । ਮਹਾਰਾਜ ਸ਼ੇਰ ਸਿੰਘ ਸਰਬ ਗੁਣ ਦਾਤਾ, ਵਿਸ਼ਨੂੰ ਬੰਸੀ ਕਲ ਤਾਰੇ ਆਪੇ । ਸਾਚੇ ਸੰਤ ਪ੍ਰਭ ਮਾਣ ਦਵਾਇਆ । ਧਰ ਜੋਤ ਵਿਚ ਦੇਹ, ਤੀਨ ਭਵਨ ਦੀ ਬੂਝ ਬੁਝਾਇਆ । ਸਾਚਾ ਦੇਵੇ ਨਾਮ ਏਹ, ਜਿਸ ਦਾ ਭੇਵ ਆਪ ਖੁਲ੍ਹਾਇਆ । ਕਲਜੁਗ ਪਰਖੀ ਪ੍ਰਭ ਸਾਚੀ ਦੇਹ, ਜੋਤ ਸਰੂਪ ਵਿਚ ਡੇਰਾ ਲਾਇਆ । ਮਹਾਰਾਜ ਸ਼ੇਰ ਸਿੰਘ ਦਾਨ ਸਾਚਾ ਦੇ, ਜਿਤ ਮਿਲਿਆਂ ਭੁੱਖ ਰਹੇ ਨਾ ਰਾਇਆ । ਆਤਮ ਤ੍ਰਿਸਨਾ ਗੁਰਸਿਖ ਬੁਝਾਏ । ਸ਼ਬਦ ਗਿਆਨ ਸੁਰਤ ਸੋਝੀ ਪਾਏ । ਭਗਤ ਭਗਵਾਨ ਦੋਏ ਜੋਤ ਇਕ ਕਰਾਏ । ਜਨ ਵੇਖੇ ਤਾਂ ਸਾਚਾ ਪ੍ਰਭ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਜੋ ਜਨ ਰਸਨੀ ਗਾਏ । ਰਸਨਾ ਜਪ ਪ੍ਰਭ ਰਾਜ ਦਹਿੰਦ । ਕਲਜੁਗ ਪਰਗਟਿਆ ਪ੍ਰਭ ਸਾਚਾ ਮਰਗਿੰਦ । ਚਰਨ ਲਗਾਏ ਡੇਰ ਨਾ ਲਾਏ ਵਾਲੀ ਹਿੰਦ । ਬੇਮੁਖ ਖਪਾਏ ਸਾਚਾ ਪ੍ਰਭ ਦੇ ਸਜ਼ਾਏ, ਗੁਰ ਧਾਮ ਕਰੇ ਜੋ ਨਿੰਦ । ਗੁਰਮੁਖ ਤਰਾਏ ਚਰਨ ਆਏ ਜੋ ਸੀਸ ਝੁਕਾਏ, ਮਹਾਰਾਜ ਸ਼ੇਰ ਸਿੰਘ ਗੁਰ ਬਖ਼ਸ਼ਿੰਦ । ਕਲਜੁਗ ਬਖ਼ਸ਼ ਆਪ ਪ੍ਰਭ ਤਾਰੇ । ਗੁਰਸਿਖ ਸੋਹਣ ਚਰਨ ਦਵਾਰੇ । ਮੂਰਖ ਸੁੱਤੇ ਪੈਰ ਪਸਾਰੇ । ਮਾਨਸ ਜਨਮ ਗਏ ਕਲਜੁਗ ਹਾਰੇ । ਧੰਨ ਧੰਨ ਧੰਨ ਗੁਰਸਿਖ, ਡਿੱਗੇ ਪ੍ਰਭ ਚਰਨ ਦਵਾਰੇ । ਪਰਗਟੇ ਜੋਤ ਆਪ ਪ੍ਰਭ ਭਗਤ ਸਨਮੁਖ, ਸ਼ਬਦ ਗਿਆਨ ਦੇ ਭਗਤ ਜਨ ਤਾਰੇ । ਮਹਾਰਾਜ ਸ਼ੇਰ ਸਿੰਘ ਭਰੇ ਤੇਰੇ ਭੰਡਾਰੇ । ਮਨੀ ਸਿੰਘ ਪ੍ਰਭ ਮਾਣ ਦਵਾਇਣਾ । ਚਰਨ ਕਵਲ ਮਿਲੇ ਟਿਕਾਇਣਾ । ਸ੍ਰਿਸ਼ਟ ਸਬਾਈ ਮਿਲੇ ਨਾ ਸੋਇਣਾ । ਰਾਜੇ ਰਾਣੇ ਸ੍ਰਿਸ਼ਟ ਵਿਨਾਸੇ, ਭੱਜੇ ਫਿਰਨ ਜਿਉਂ ਸੁੰਵੇ ਘਰ ਕਾਉਣਾ । ਸੋਹੰ ਸ਼ਬਦ ਪ੍ਰਭ ਲਾਏ ਬਾਣਨਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਜਗਤ ਜਲਾਏ ਆਪਣੇ ਭਾਨਣਾ । ਕਾਲ ਅੰਤ ਕਲਜੁਗ ਹੋ ਜਾਣਾ । ਪਿੰਡ ਭੰਡਾਲ ਸਾਚਾ

੪੦੪
੦੧

ਧਾਮ, ਸੰਤ ਜੋਤੀ ਜੋਤ ਸਮਾਇਆ । ਉਤਮ ਹੋਇਆ ਨਗਰ ਗਰਾਮ, ਜਾਮਾ ਧਾਰ ਵਿਚ ਚਰਨ ਟਿਕਾਇਆ । ਪੂਰਬ ਕਰੇ ਕੋਈ ਵਿਚਾਰ, ਅਚਰਜ ਖੇਲ ਪ੍ਰਭ ਰਚਾਇਆ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਸਾਚਾ ਸੰਤ ਸਤਿਗੁਰ ਪਰਗਟਾਇਆ । ਸਤਿਗੁਰ ਸਾਚਾ ਮਨੀ ਸਿੰਘ ਸਤਿਜੁਗ ਉਪਜਾਵੇ । ਜੋਤ ਸਰੂਪ ਨਿਹਕਲੰਕ ਮਾਣ ਦਿਵਾਵੇ । ਸੰਸਾਰੀ ਭੰਡਾਰੀ ਸਦ ਵਿਵਹਾਰੀ ਆਪਣਾ ਭੇਵ ਨਾ ਕਿਸੇ ਜਣਾਵੇ । ਪਰਗਟੀ ਜੋਤ ਏਕੰਕਾਰੀ, ਮਹਾਰਾਜ ਸ਼ੇਰ ਸਿੰਘ ਨਾਉਂ ਧਰਾਵੇ । ਏਕੰਕਾਰ ਜਗਤ ਆਕਾਰਾ । ਮਾਇਆ ਰੂਪੀ ਪਸਰਿਆ ਜਗਤ ਪਸਾਰਾ । ਲੱਖ ਚੁਰਾਸੀ ਜੂਨ ਜੋਤ ਅਧਾਰਾ । ਜੋਤ ਸਰੂਪ ਸਾਚਾ ਪ੍ਰਭ ਸਭ ਤੇ ਬਾਹਰਾ । ਜੇ ਕੋਈ ਦੇਖੇ ਦੇਖ ਵਿਚਾਰੇ, ਵਿਚ ਵਸੇ ਨਿਰਾਧਾਰਾ । ਮਹਾਰਾਜ ਸ਼ੇਰ ਸਿੰਘ ਮਾਣ ਦਵਾਇਆ, ਸਤਿਗੁਰ ਮਨੀ ਸਿੰਘ ਪੂਜੇ ਸੰਸਾਰਾ । ਗੁਰਸਿਖ ਹੋਏ ਚਰਨ ਭਵਰਾ । ਦੇਵੇ ਵਡ ਵਡਿਆਈ ਪ੍ਰਭ ਗਵਰਾ । ਜਨਮ ਮਰਨ ਕਲਜੁਗ ਦੋਏ ਸਵਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕਲਜੁਗ ਕੀਆ ਦਵਰਾ । ਕਲਜੁਗ ਕਾਲ ਕਰੇ ਕਲਕਾਤੀ । ਪਰਗਟਾਏ ਜੋਤ ਵਿਚ ਪ੍ਰਭ ਮਾਤੀ । ਦੁਨੀਆ ਮੁੰਢ ਮਸਾਣ ਜਿਉਂ ਸੋਏ ਬਿਰਛ ਰਾਤੀ । ਪਰਗਟੇ ਪੂਰਨ ਭਗਵਾਨ, ਗੁਰਸਿਖਾਂ ਦੇਵੇ ਅੰਮ੍ਰਿਤ ਬੂੰਦ ਸਵਾਂਤੀ । ਮਹਾਰਾਜ ਸ਼ੇਰ ਸਿੰਘ ਸਤਿਜੁਗ ਤੇਰਾ ਮਾਣ, ਗੁਰਸਿਖ ਭੁੱਲ ਨਾ ਜਾਵੇ ਦਿਨ ਰਾਤੀ । ਦਿਵਸ ਰੈਣ ਪ੍ਰਭ ਰਵੇ ਰੰਗ । ਬੇਮੁਖ ਭੰਨੇ ਜਿਉਂ ਕਲਜੁਗ ਕਾਚੀ ਵੰਗ । ਸੋਹੰ ਸ਼ਬਦ ਆਤਮ ਚਾੜ੍ਹੇ ਰੰਗ । ਮਹਾਰਾਜ ਸ਼ੇਰ ਸਿੰਘ ਪਰਗਟਿਆ ਸੂਰਾ ਸਰਬੰਗ । ਪਰਗਟਿਆ ਪ੍ਰਭ ਸੂਰਾ ਸੂਰ । ਦੇਖੋ ਨੇੜੇ ਨਾਹੀ ਦੂਰ । ਪਰਗਟੇ ਜੋਤ ਪ੍ਰਭ ਆਪ ਹਜ਼ੂਰ । ਮਹਾਰਾਜ ਸ਼ੇਰ ਸਿੰਘ ਗੁਣ ਭਰਪੂਰ । ਧਿਆਨੀ ਧਿਆਨ ਦੇਵੇ ਗੁਣ ਦਾਤਾ । ਬ੍ਰਹਮ ਗਿਆਨੀ ਕਲਜੁਗ ਪ੍ਰਭ ਆਪ ਪਛਾਤਾ । ਉਤਮ ਜੀਵਣ ਕਲਜੁਗ ਹੋਇਆ, ਜਿਨ੍ਹਾਂ ਮਿਲਿਆ ਪੁਰਖ ਬਿਧਾਤਾ । ਮਹਾਰਾਜ ਸ਼ੇਰ ਸਿੰਘ ਤੇਰੇ ਬਾਝੋਂ ਕਲਜੁਗ ਝੂਠਾ ਨਾਤਾ । ਝੂਠੀ ਸ੍ਰਿਸ਼ਟ ਝੂਠਾ ਵਿਵਹਾਰ । ਝੂਠੇ ਧੰਦੇ ਲੱਗਾ ਸੰਸਾਰ । ਭੁੱਲ ਗਿਆ ਜੀਵ ਉਪਜਾਵਣਹਾਰ । ਗੁਰਮੁਖ ਦਇਆ ਕੀਨੀ ਪ੍ਰਭ ਕਰਮ ਵਿਚਾਰ । ਦੇ ਸਾਚਾ ਸ਼ਬਦ ਗਿਆਨ, ਜਨ ਕੀਆ ਬੇੜਾ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਲਿਆ ਅਵਤਾਰ । ਸਚ ਸਚ ਸਚ ਅਵਤਾਰ ਨਿਹਕਲੰਕ । ਪਰਗਟ ਜੋਤ ਸੁਹਾਏ ਥਾਨ ਬੰਕ । ਚਰਨ ਆਏ ਇਕ ਹੋ ਜਾਏ ਰਾਓ ਰੰਕ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਇਆ ਸੋਹੰ ਏਕਾ ਅੰਕ । ਏਕਾ ਅੰਕ ਆਪ ਓਅੰਕਾਰਾ । ਦੂਜਾ ਸ਼ਬਦ ਸੋਹੰ ਚਲੇ ਸੰਸਾਰਾ । ਬਾਕੀ ਸਰਬ ਹੋਏ ਖੁਆਰਾ । ਜੋਤ ਸਰੂਪ ਪ੍ਰਭ ਲਿਆ ਅਵਤਾਰਾ । ਸ਼ਿਵ ਸ਼ੰਭੂ ਸ਼ਕਤੀ ਮਿਲੇ ਪ੍ਰਭ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਇਕ ਜੋਤ ਨਿਰੰਕਾਰਾ । ਏਕ ਜੋਤ ਤ੍ਰੈਲੋਕੀ ਨਾਥ । ਜੋ ਜਨ ਵੇਖੇ ਪ੍ਰਭ ਸੰਗ ਸਾਥ । ਕਲਜੁਗ ਰੱਖੇ ਗੁਰਸਿਖ ਦੇ ਕਰ ਹਾਥ । ਜੋ ਜਨ ਆਏ ਚਰਨ ਟੇਕੇ ਮਾਥ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ ਅਨਾਥਾਂ ਅਨਾਥ । ਅੰਧ ਅਗਿਆਨ ਜਗਤ ਚਲਾਇਆ । ਦਰਦ ਵਿਕਾਰ ਵਿਚ ਜੀਵ ਵਸਾਇਆ । ਝੂਠੀ ਮਾਇਆ ਵਿਚ ਭਰਮ ਭੁਲਾਇਆ । ਆਪਣਾ ਆਪ ਈਸ਼ ਵਿਚ ਛੁਪਾਇਆ । ਬੇਮੁਖ ਕਰਾਏ ਜੀਵ ਬੇਮੁਖਾਂ ਪ੍ਰਭ ਨਜ਼ਰ ਨਾ ਆਇਆ । ਗੁਰਸਿਖ ਤਰਾਏ ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਵਿਚ ਬਹਾਇਆ । ਪਰਗਟੇ ਜੋਤ ਪ੍ਰਭ ਏਕ ਨਿਰੰਜਣ । ਪ੍ਰਭ ਦਰਸ ਸਾਚਾ ਨੇਤਰ ਅੰਜਣ । ਗੁਰਚਰਨ ਧੂੜ ਜਗ ਸਾਚਾ ਮਜਨ । ਪਰਗਟੇ ਪ੍ਰਭ ਆਪ ਭੈ ਭੰਜਨ । ਗੁਰਮੁਖ ਉਤਮ ਪਰਭਾਸ ਜਿਉਂ ਚੰਦਨ । ਨਾਮ ਭਿਖਾਰੀ ਸਾਚਾ ਨਾਮ ਦਰ ਆਏ ਮੰਗਣ । ਦੁਬਧਾ ਧੋਏ ਸਾਚੇ ਨਾਮ, ਪ੍ਰਭ ਆਤਮ ਚਾੜ੍ਹੇ ਰੰਗਣ । ਦੁਆਪਰ ਕ੍ਰਿਸ਼ਨ

ਮੁਰਾਰ ਮੁਕੰਦ ਮੁਕੰਦਨ । ਕਲਜੁਗ ਨਿਹਕਲੰਕ ਅਵਤਾਰ ਤ੍ਰੈਲੋਕੀ ਨੰਦਨ । ਅਵਤਾਰ ਧਾਰ ਜਗਤ ਸੰਘਾਰਿਆ । ਜੋਤ ਸਰੂਪ ਕਰ ਖੇਲ ਅਪਾਰਿਆ । ਸ਼ਬਦ ਚਲਾਏ ਨਿਰੰਜਣ ਜੋਤ ਇਕ ਨਿਰਾਧਾਰਿਆ । ਚਾਰ ਜੁਗ ਪੂਜਾ ਹੋਏ ਵਿਚ ਸੰਸਾਰਿਆ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸੋਹੇ ਸਚ ਬੰਕ ਦਵਾਰਿਆ । ਸਤਿਜੁਗ ਉਤਮ ਧਾਮ ਪ੍ਰਭ ਆਪ ਲਿਖਾਵੇ । ਕਿਰਪਾ ਕਰ ਗਿਰਧਾਰ, ਮਸਤੂਆਣੇ ਜਾ ਚਰਨ ਟਿਕਾਵੇ । ਕਹਿਰ ਵਰਤ ਜਾਏ ਸੰਸਾਰ ਚਾਰ ਕੁੰਟ ਹੋ ਜਾਏ ਖੁਆਰ । ਜਲ ਥਲ ਥਲ ਜਲ ਆਪ ਕਰਾਵੇ ਕਰਤਾਰ । ਖੇਲ ਅਚਰਜ ਕਲ ਕਰੇ ਨਿਹਕਲੰਕ ਨਿਰੰਕਾਰ । ਮਦਿ ਮਾਸੀ ਕੋਈ ਰਹਿਣ ਨਾ ਪਾਏ, ਸੋਹੰ ਸ਼ਬਦ ਪ੍ਰਭ ਖੰਡਾ ਮਾਰੇ ਦੋ ਧਾਰ । ਸਤਿਜੁਗ ਸਾਚਾ ਆਪ ਮਿਲਾਵੇ, ਜਿਨ ਪ੍ਰਭ ਕੀ ਪਾਈ ਸਾਰ । ਵਿਚ ਅੰਧਿਆਰ ਪ੍ਰਭ ਜੋਤ ਪਰਗਟਾਵੇ, ਸਿਰ ਰੱਖੇ ਹੱਥ ਆਪ ਗਿਰਧਾਰ । ਗੁਰਸਿਖ ਸਾਚੇ ਪਾਰ ਲੰਘਾਵੇ, ਮਹਾਰਾਜ ਸ਼ੇਰ ਸਿੰਘ ਭਗਤ ਉਧਾਰ । ਜਨ ਭਗਤ ਹਰਿ ਦਰਸ ਦਿਖਾਇਆ, ਕਲ ਆਇਆ ਵਕ਼ਤ ਵਿਚਾਰ ਦਾ । ਹੋਏ ਵੇਲਾ ਅੰਤ, ਨਹੀਂ ਵੇਲਾ ਸ਼ਬਦ ਉਧਾਰ ਦਾ । ਪਰਗਟ ਜੋਤ ਪ੍ਰਭ ਬੇਅੰਤ, ਜਨਮ ਮਰਨ ਕਲ ਦੋਵੇਂ ਸਵਾਰਦਾ । ਪਰਗਟੇ ਨਿਹਕਲੰਕ ਭਗਵੰਤ, ਦਰ ਆਏ ਪ੍ਰਭ ਸਾਰੇ ਤਾਰਦਾ । ਚਰਨ ਪ੍ਰੀਤੀ ਲਾਏ ਕੰਤ, ਸੋਹੇ ਦਰ ਗੁਰਸਿਖ ਦਰਬਾਨ । ਜਿਥੇ ਵਸੇ ਵਿਸ਼ਨੂੰ ਭਗਵਾਨ । ਪ੍ਰਭ ਜੋਤ ਜੁਗੋ ਜੁਗ ਇਕ ਸਮਾਨ । ਨਿਰਮਲ ਜੋਤ ਜੀਵ ਪ੍ਰਭ ਵੇਖ, ਆਤਮ ਮਾਰ ਧਿਆਨ । ਜੁਗੋ ਜੁਗ ਪ੍ਰਭ ਪਰਗਟੇ ਕਰ ਭੇਖ, ਕੋਈ ਬੂਝੇ ਪੁਰਖ ਸੁਜਾਨ । ਭਗਤ ਜਨਾਂ ਲਿਖਾਏ ਉਤਮ ਲੇਖ, ਮਹਾਰਾਜ ਸ਼ੇਰ ਸਿੰਘ ਦੇਵੇ ਬ੍ਰਹਮ ਗਿਆਨ । ਗੁਰਮੁਖ ਵਿਰਲਾ ਵਿਚ ਸਹੰਸ । ਉਤਮ ਨਿਰਮਲ ਜੀਵ ਰਾਜ ਹੰਸ । ਗੁਰਚਰਨ ਲਾਗ ਤਰ ਸਰਬ ਸਰਬੰਸ । ਸਤਿਜੁਗ ਕਹਾਏ ਪ੍ਰਭ ਸਾਚੇ ਕੀ ਸਾਚੀ ਅੰਸ । ਸਾਚਾ ਮਾਰਗ ਲਾਏ ਏਕ ਜੋਤ ਹੋਏ ਵਿਸ਼ਨੂੰ ਬੰਸ । ਮਹਾਰਾਜ ਸ਼ੇਰ ਸਿੰਘ ਦੁਸ਼ਟ ਸੰਘਾਰੇ ਜਿਉਂ ਕ੍ਰਿਸ਼ਨਾ ਕੰਸ । ਸਤਿਜੁਗ ਸਾਚਾ ਸਭ ਸਚ ਵਰਤਾਰੇ । ਆਪ ਅਪਰੰਪਰ ਸਭ ਬਣਤ ਬਣਾਵੇ । ਆਤਮ ਜੋਤ ਜਗਾਵੇ ਆਪ ਗਗਨੰਤਰ, ਅਗਿਆਨ ਅੰਧੇਰ ਦਏ ਮਿਟਾਵੇ । ਲੋਭ ਵਿਕਾਰ ਹੋਏ ਭਸਮ ਅੰਤਰ, ਬਾਤੀ ਜੋਤ ਦੇਹ ਦੀਪਕ ਪਾਵੇ । ਸੋਹੰ ਸਾਚਾ ਸਤਿਜੁਗ ਮੰਤਰ, ਜਪ ਜੀਵ ਪ੍ਰਭ ਅਬਿਨਾਸ਼ੀ ਪਾਵੇ । ਗੁਰਸਿਖ ਉਤਮ ਜਿਉਂ ਪਾਰਜਾਤ । ਗੁਰਚਰਨ ਸੁਹਾਏ ਦਿਵਸ ਰਾਤ । ਭਿਛਿਆ ਦੇਵੇ ਪ੍ਰਭ ਸੋਹੰ ਦਾਤ । ਸ਼ਬਦ ਸਾਚਾ ਜਗਤ ਵੱਡੀ ਕਰਾਮਾਤ । ਜਪ ਜੀਵ ਪ੍ਰਭ ਲਿਖਾਵੇ ਸਾਚੀ ਬਾਤ । ਗੁਰਸਿਖ ਗੁਰ ਦੋਨੋਂ ਇਕਾ ਜਾਤ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਸਾਧ ਸੰਗਤ ਨਾਤ ਜਿਉਂ ਭੈਣ ਭਰਾਤ । ਸਤਿਗੁਰ ਸੰਗਤ ਸਚ ਆਪ ਬਣਾਈ । ਕਾਮ ਕਰੋਧ ਹੰਕਾਰ ਵਿਚੋਂ ਦਏ ਜਲਾਈ । ਸੋਹੰ ਸ਼ਬਦ ਅਪਾਰ, ਸਾਚੀ ਵਸਤ ਵਿਚ ਦਏ ਟਿਕਾਈ । ਅਨਹਦ ਸ਼ਬਦ ਹੋਏ ਧੁਨਕਾਰ, ਰਸਨਾ ਜਪ ਜੀਵ ਸਰਬ ਸੁਖ ਪਾਈ । ਆਤਮ ਖੁਲ੍ਹੇ ਦਸਮ ਦਵਾਰ, ਈਸ਼ ਜੀਵ ਭੇਤ ਮਿਟ ਜਾਈ । ਅੰਮ੍ਰਿਤ ਝਿਰਨਾ ਝਿਰੇ ਅਪਾਰ, ਗਿਰੇ ਬੂੰਦ ਕਵਲ ਖੁਲ੍ਹ ਜਾਈ । ਖੁਲ੍ਹੇ ਕਵਲ ਹੋਏ ਉਜਿਆਰ, ਅਗਿਆਨ ਅੰਧੇਰ ਵਿਚ ਦੇਹ ਮਿਟ ਜਾਈ । ਮਹਾਰਾਜ ਸ਼ੇਰ ਸਿੰਘ ਪਾਈ ਸਾਰ, ਨਿਰਮਲ ਜੋਤ ਗੁਰਸਿਖ ਜਗਾਈ । ਆਤਮ ਹੋਏ ਜੋਤ ਪਰਕਾਸ਼ਾ । ਧਰੇ ਜੋਤ ਪ੍ਰਭ ਆਪ ਅਬਿਨਾਸ਼ਾ । ਗੁਰਮੁਖ ਹਿਰਦੇ ਪ੍ਰਭ ਕੀਆ ਵਾਸਾ । ਗੁਰਚਰਨ ਪ੍ਰੀਤੀ ਸਾਚੀ ਰਹਿਰਾਸਾ । ਥਿਰ ਘਰ ਵਾਸੀ ਕਲਜੁਗ ਗੁਰਸਿਖ ਦੇਹ ਪ੍ਰਭ ਵਾਸਾ । ਅਚੁੱਤ ਅਬਿਨਾਸ਼ੀ ਮਹਾਰਾਜ ਸ਼ੇਰ ਸਿੰਘ ਜੀਵ ਜਪ ਰਸਨ ਸਵਾਸ ਸਵਾਸਾ । ਰਸਨਾ ਜਪ ਜਪਤ ਸੁਖ ਪਾਏ । ਗਰਭਵਾਸ ਫੇਰ ਜੀਵ ਨਾ ਆਏ । ਜੋਤ ਸਰੂਪ ਪ੍ਰਭ ਵਿਚ ਜੋਤੀ

ਜੋਤ ਮਿਲਾਏ । ਮਹਾਰਾਜ ਸ਼ੇਰ ਸਿੰਘ ਗੁਰਸਿਖ ਪੂਰੇ ਅੰਤ ਸਚਖੰਡ ਪਹੁੰਚਾਏ । ਸਚਖੰਡ ਸਚਾ ਦਰਬਾਰ । ਜੋਤ ਪਰਕਾਸ਼ ਕਰੇ ਏਕੰਕਾਰ । ਜੋਤ ਸਰੂਪ ਜਗਤ ਆਕਾਰ । ਜੈ ਜੈ ਜੈਕਾਰ ਮਹਾਰਾਜ ਸ਼ੇਰ ਸਿੰਘ ਪੂਰਨ ਅਵਤਾਰ । ਅਵਤਾਰੀ ਪ੍ਰਭ ਸਚ ਅਵਤਾਰਾ । ਜੋਤ ਸਰੂਪ ਨਰਾਇਣ ਨਿਰੰਕਾਰਾ । ਭਗਤ ਵਛਲ ਆਪ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਸਰਬ ਵਸਣੇਹਾਰਾ । ਸਰਬ ਘਟ ਕੀ ਆਪ ਵਖਾਣੇ । ਸਾਚਾ ਸ਼ਬਦ ਬ੍ਰਹਮ ਗਿਆਨੇ । ਗੁਰਸਿਖਾ ਘਾਲ ਘਾਲ ਕਲਜੁਗ ਮਹਾਨੇ । ਪ੍ਰਭ ਸਾਚਾ ਦੇਵੇ ਦਾਨ, ਸਾਚੀ ਜੋਤ ਜਿਉਂ ਭਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਗੁਰਮੁਖ ਵਿਰਲਾ ਜਾਣੇ । ਗੁਰਮੁਖ ਸੋ ਜਨ ਜਿਸ ਪ੍ਰਭ ਦਰਸ ਦਿਖਾਇਆ । ਬਿਨ ਦਰਸ ਪ੍ਰਭ ਭੇਵ ਕਿਸੇ ਨਾ ਪਾਇਆ । ਕਲਜੁਗ ਜੋਤ ਪਰਗਟਾਏ ਝਬ ਕਰ ਪਰਸਾਦ ਸਾਧ ਸੰਗਤ ਧਿਆਇਆ । ਮਹਾਰਾਜ ਸ਼ੇਰ ਸਿੰਘ ਜਿਨ੍ਹਾਂ ਲਿਆ ਲੱਭ, ਜੁਗ ਚਾਰ ਉਜਲ ਮੁਖ ਕਰਾਇਆ । ਜੁਗ ਚਾਰ ਪ੍ਰਭ ਰਹੇ ਸਰਨਾ । ਅੰਤ ਚਾਰ ਵਰਨ ਪ੍ਰਭ ਇਕ ਕਰਨਾ । ਜੋਤ ਸਰੂਪ ਪਰਗਟੇ ਪ੍ਰਭ ਧਰਨੀ ਧਰਨਾ । ਗੁਰਸਿਖ ਆਏ ਦਰਸ਼ਨ ਪਾਏ । ਮਹਾਰਾਜ ਸ਼ੇਰ ਸਿੰਘ ਚਰਨ ਲਾਗ ਜੀਵ ਜੰਤ ਸਭ ਤਰਨਾ । ਜੋਤ ਜਾਤੀ ਜੀਵ ਨਾ ਜਾਣੇ । ਪ੍ਰਭ ਕੀ ਜੋਤ ਸਦਾ ਏਕ ਸਮਾਣੇ । ਊਚ ਨੀਚ ਪ੍ਰਭ ਕੋਈ ਨਾ ਜਾਣੇ । ਸੋ ਜਨ ਜੋ ਚਲੇ ਪ੍ਰਭ ਕੇ ਭਾਣੇ । ਨਰਕ ਨਿਵਾਸ ਹੋਏ ਸਭ ਰਾਜੇ ਰਾਣੇ । ਸਾਚਾ ਪ੍ਰਭ ਜੋ ਨਾ ਪਛਾਣੇ । ਬੇਮੁਖ ਕਲਜੁਗ ਜੋਤ ਸਰੂਪ ਭੁੰਨੇ ਜਿਉਂ ਭਠਿਆਲੇ ਦਾਣੇ । ਪ੍ਰਭ ਦਰਸ਼ਨ ਦੇਵੇ ਗੁਰਮੁਖ ਸਵੱਛ ਸਰੂਪ, ਜੋ ਜਨ ਹੋਏ ਸੁਘੜ ਸੁਜਾਨੇ । ਮਹਾਰਾਜ ਸ਼ੇਰ ਸਿੰਘ ਕਲ ਸਾਚਾ ਭੂਪ, ਗੁਰਮੁਖ ਚਰਨ ਲਾਏ ਪ੍ਰਭ ਤਰਾਣੇ । ਚਰਨ ਕਵਲ ਕਵਲ ਚਰਨ ਨਾ ਜਾਣਨ ਪੈਰ । ਸ਼ਬਦ ਲਿਖਾਇਆ ਸਚ ਪ੍ਰਭ, ਦੁੱਖ ਭੁੱਖ ਕਲਜੁਗ ਵਰਤੇ ਕਹਿਰ । ਚਾਰ ਕੁੰਟ ਵਰਤੇ ਦੁੱਖ, ਉਲਟੀ ਜਗਤ ਵਗਾਈ ਨਹਿਰ । ਮਹਾਰਾਜ ਸ਼ੇਰ ਸਿੰਘ ਤੇਰੀ ਰੱਖ, ਗੁਰਸਿਖ ਚਰਨ ਲਾਗ ਜਾਏ ਤੈਰ । ਚਰਨ ਆਏ ਚਤੁਰ ਸੁਜਾਨਾ । ਪੂਰਬ ਕਰ ਵਿਚਾਰ, ਕਲ ਮਿਲਿਆ ਪ੍ਰਭ ਭਗਵਾਨਾ । ਆਤਮ ਦੇਵੇ ਅਧਾਰ, ਸੋਹੰ ਸਾਚਾ ਦੇ ਗਿਆਨਾ । ਬੈਠ ਵਿਚ ਨਿਰਾਧਾਰ, ਆਤਮ ਜੋਤ ਜਗਾਏ ਪ੍ਰਭ ਗੁਣ ਨਿਧਾਨਾ । ਮਹਾਰਾਜ ਸ਼ੇਰ ਸਿੰਘ ਪੈਜ ਸਵਾਰੇ, ਸਚ ਸ਼ਬਦ ਤੇਰਾ ਮਾਣਾ । ਸ਼ਬਦ ਮਾਣ ਜਿਸ ਕਮਾਇਆ । ਸ਼ਬਦ ਸੁਰਤ ਪ੍ਰਭ ਗਿਆਨ ਦਵਾਇਆ । ਦੇ ਗਿਆਨ ਦੀਪਕ ਬੁਝੀ ਪ੍ਰਭ ਦਏ ਜਗਾਇਆ । ਵਿਚ ਜੋਤ ਧਰੇ ਭਗਵਾਨ, ਬੇਮੁਖਾਂ ਦਿਸ ਨਾ ਆਇਆ । ਝੂਠੀ ਦੇਹ ਜੀਵ ਮਨ ਅਭਿਮਾਨ, ਪ੍ਰਭ ਸਾਚਾ ਮਨੋਂ ਭੁਲਾਇਆ । ਐਸੀ ਕਲ ਵਰਤੇ ਜਾਣੀ ਜਾਣ, ਮਾਇਆ ਰੂਪੀ ਜਗਤ ਭੁਲਾਇਆ । ਜਨ ਭਗਤਾਂ ਮਾਰ ਸੋਹੰ ਬਾਣ, ਬਜਰ ਕਪਾਟ ਖੁਲ੍ਹਾਇਆ । ਆਤਮ ਤੀਰਥ ਕਰ ਇਸ਼ਨਾਨ, ਅੰਮ੍ਰਿਤ ਝਿਰਨਾ ਪ੍ਰਭ ਵਿਚ ਦੇਹ ਝਿਰਾਇਆ । ਕਲਜੁਗ ਮਿਲਿਆ ਜੀਵ ਵਿਸ਼ਨੂੰ ਭਗਵਾਨ, ਅੰਤਕਾਲ ਵਿਚ ਜੋਤ ਸਮਾਇਆ । ਗੁਰਸਿਖ ਬਾਲ ਬਿਰਧ ਜਵਾਨ, ਬਾਂਹੋਂ ਪਕੜ ਪ੍ਰਭ ਪਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਦੇਵੇ ਮਾਣ, ਗੁਰਮੁਖ ਸਾਚਾ ਸਚਖੰਡ ਬਹਾਇਆ । ਗੁਰਸਿਖ ਤੇਰੀ ਮਹਿੰਮਾ ਅਪਰ ਅਪਾਰ । ਰਸਨਾ ਨਾਮ ਸੋਹੰ, ਆਤਮ ਗੁਰਚਰਨ ਪਿਆਰ । ਭੇਦ ਮੁਕਾਏ ਵਿਚ ਕਲ ਦੋਅੰ, ਜਿਨ੍ਹਾਂ ਮਿਲਿਆ ਪ੍ਰਭ ਪੁਰਖ ਅਪਾਰ । ਵਰਤੇ ਸੋ ਜੋ ਵਰਤਾਵੇ ਓਅੰ, ਆਪ ਅਮਿਟ ਨਾ ਕੋਇ ਮਿਟਾਵਣਹਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਨਿਹਕਲੰਕ ਅਵਤਾਰ । ਨਿਹਕਲੰਕ ਅਵਤਾਰ ਸਚ । ਜੋਤ ਸਰੂਪ ਅਗਨ ਜਾਏ ਜਗਤ ਮੱਚ । ਬੇਮੁਖ ਰੋਏ ਕਲ ਨਾਚੇ ਗੁਰਸਿਖ ਜਾਇਣ ਬਚ । ਸਾਚਾ ਸ਼ਬਦ ਲਿਆ ਜਿਸ ਵਚ । ਮਹਾਰਾਜ ਸ਼ੇਰ

ਸਿੰਘ ਜੋਤ ਸਰੂਪ, ਗੁਰਸਿਖਾਂ ਹਿਰਦੇ ਗਿਆ ਰਚ । ਹਿਰਦਕ ਕੀਆ ਪ੍ਰਭ ਪਰਵੇਸ਼ਾ । ਤਿਸ ਸਾਹਿਬ ਕੋ ਸਦਾ ਆਦੇਸਾ । ਜੁਗੋ ਜੁਗ ਜਗਤ ਉਲਟਾਏ ਭੇਸਾ । ਸਦ ਰਹੇ ਚਰਨ ਦਵਾਰ ਬਾਸ਼ਕ ਸ਼ੇਸ਼ਾ । ਪ੍ਰਭ ਸੋਏ ਨੈਣ ਮੁਧਾਰ, ਸਦ ਲਛਮੀ ਚਰਨ ਝੇਸਾ । ਕਲਜੁਗ ਜੋਤ ਧਰੀ ਨਿਹਕਲੰਕ ਅਵਤਾਰ, ਜੋਤ ਸਰੂਪੀ ਕਰ ਕੇ ਵੇਸਾ । ਜੋਤ ਸਰੂਪ ਹੋਏ ਪ੍ਰਭ, ਦੇਹ ਤਜਾਇਕੇ । ਪਰਗਟ ਕਲਜੁਗ ਹੋਏ ਝਬ, ਪ੍ਰਭ ਸਾਚਾ ਜੋਤ ਪਰਗਟਾਇਕੇ । ਰਾਜੇ ਰਾਣੇ ਪਕੜੇ ਉਤੋਂ ਸ਼ਾਹ ਰਗ, ਦਰ ਆਇਨ ਹੋਏ ਨਿਮਾਣੇ । ਦਰ ਸਾਚਾ ਕਿਸੇ ਵਿਰਲੇ ਲਿਆ ਲੱਭ, ਕਲਜੁਗ ਜੀਵ ਭੁੱਲੇ ਮੂਰਖ ਮੁਗਧ ਅੰਞਾਣੇ । ਮਹਾਰਾਜ ਸ਼ੇਰ ਸਿੰਘ ਤੇਰਾ ਜਸ ਗਾ ਕੇ, ਜੀਵ ਸਭ ਆਤਮ ਦੁੱਖ ਮਿਟਾਣੇ । ਪ੍ਰਭ ਭੁੱਲੇ ਦੁੱਖ ਵਿਆਪੇ । ਬੇਮੁਖ ਦਰ ਆਏ ਪ੍ਰਭ ਨਾ ਜਾਪੇ । ਗੁਰਸਿਖਾਂ ਕਲਜੁਗ ਬਾਂਹੋਂ ਪਕੜ ਲਿਆਵੇ ਆਪੇ । ਜਿਉਂ ਬਾਲ ਉਠਾ ਘਰ ਲਿਆਵਣ ਮਾਪੇ । ਮਹਾਰਾਜ ਸ਼ੇਰ ਸਿੰਘ ਜੁਗੋ ਜੁਗ ਜਨ ਭਗਤਾਂ ਥਾਪੇ । ਜੁਗੋ ਜੁਗ ਪ੍ਰਭ ਕੀ ਰੀਤਾ । ਪਰਗਟ ਆਪ ਗੁਰਸਿਖ ਬਣਾਏ ਮੀਤਾ । ਸਾਚਾ ਦੇਵੇ ਆਪਣਾ ਜਾਪ, ਜਗਤ ਜਲਾਏ ਰੀਤਾ । ਅਰਜਨ ਦੇਵੇ ਬ੍ਰਹਮ ਗਿਆਨ, ਲਿਖਾਏ ਰਸਨ ਗੀਤਾ । ਗੁਰਸਿਖਾਂ ਸੁੱਖ ਮਹਾਨ, ਅੰਮ੍ਰਿਤ ਰਸ ਜਿਨ੍ਹਾਂ ਕਲ ਪੀਤਾ । ਮਹਾਰਾਜ ਸ਼ੇਰ ਸਿੰਘ ਜੋਤ ਕਲ ਵਿਸ਼ਨੂੰ ਭਗਵਾਨ, ਕਰ ਦਰਸ ਭਏ ਪੱਤਤ ਪੁਨੀਤਾ । ਜਗਤ ਪਿਤ ਜਗਤ ਪ੍ਰਭ ਆਇਆ । ਜੋਤ ਸਰੂਪ ਏਹ ਚਲਤ ਰਚਾਇਆ । ਅਛਲ ਛਲਨ ਛਲ ਕਰ ਜਗਤ ਭੁਲਾਇਆ । ਜੋਤ ਨਿਰੰਜਣ ਵਿਚ ਦੇਹ ਧਰ, ਪ੍ਰਭ ਅਬਿਨਾਸ਼ੀ ਬਣਤ ਬਣਾਇਆ । ਕਲਜੁਗ ਪਰਗਟੇ ਅਵਤਾਰ ਨਰ, ਕਿਸੇ ਮੂਰਖ ਸਾਰ ਨਾ ਪਾਇਆ । ਜਿਨ੍ਹਾਂ ਦੇਵੇ ਆਤਮ ਸਚੀ ਜੋਤ ਧਰ, ਪ੍ਰਭ ਸਾਚਾ ਬੂਝ ਬੁਝਾਇਆ । ਨਾ ਜਨਮੇ ਨਾ ਜਾਏ ਮਰ, ਕਲਜੁਗ ਆਏ ਦਰ ਜਿਸ ਸੀਸ ਝੁਕਾਇਆ । ਮਹਾਰਾਜ ਸ਼ੇਰ ਸਿੰਘ ਸਭ ਆਸਾ ਆਏ ਦਰ ਪੂਰਨ ਆਸ ਕਰਾਇਆ । ਜੋ ਜਨ ਆਏ ਪ੍ਰਭ ਦਰਸ ਪਿਆਸਾ । ਮਿਲ ਸੰਗਤ ਆਤਮ ਹੋਈ ਰਾਸਾ । ਪ੍ਰਭ ਪੂਰਾ ਹਿਰਦਕ ਦੇਵੇ ਪੂਰਨ ਭਰਵਾਸਾ । ਆਤਮ ਜੋਤ ਜਗਾਏ, ਨਿਰਮਲ ਆਤਮ ਜੋਤ ਕਰੇ ਧਰਵਾਸਾ । ਸਾਚਾ ਸਾਹਿਬ ਜਿਸ ਵਿਚਾਰ ਲਿਆ, ਮਨ ਮਿਟੇ ਅਗਿਆਨ ਹੋਏ ਜੋਤ ਪਰਕਾਸ਼ਾ । ਮਹਾਰਾਜ ਸ਼ੇਰ ਸਿੰਘ ਚਰਨ ਧਿਆਨ ਲਿਆ ਜਿਸ ਕਰ, ਜਨਮ ਮਰਨ ਦੁੱਖ ਨਾਸਾ । ਗੁਰਸਿਖਾਂ ਹੋਏ ਪ੍ਰਭ ਸਹਾਈ । ਜੁਗੋ ਜੁਗ ਪ੍ਰਭ ਸਾਚੇ ਪੈਜ ਰਖਾਈ । ਕਲਜੁਗ ਮਿਟੇ ਅੰਧ ਅੰਧਿਆਰ, ਪ੍ਰਭ ਸਾਚੇ ਜੋਤ ਪਰਗਟਾਈ । ਮਹਾਰਾਜ ਸ਼ੇਰ ਸਿੰਘ ਤੇਰੇ ਨਾਮ ਦੁਹਾਈ । ਅੰਤਕਾਲ ਕਲਜੁਗ ਪਰਗਟਿਆ ਪੂਰਨ ਭਗਵੰਤ । ਉਤਮ ਕੀਏ ਗੁਰਸਿਖ ਵਿਚ ਸਾਧਨ ਸੰਤ । ਦੁਸ਼ਟ ਸੰਘਾਰੇ ਸ਼ਬਦ ਬਾਣ ਪ੍ਰਭ ਮਾਰੇ ਅੰਤ । ਮਹਾਰਾਜ ਸ਼ੇਰ ਸਿੰਘ ਮਹਿੰਮਾ ਤੇਰੀ ਬੜੀ ਬੇਅੰਤ । ਚਾਰ ਕੁੰਟ ਜੋਤ ਚਮਤਕਾਰੇ । ਗੁਰਸਿਖਾਂ ਘਰ ਜੈ ਜੈ ਜੈਕਾਰੇ । ਬੇਮੁਖਾਂ ਘਰ ਹਾਹਾਕਾਰੇ । ਕਲਜੁਗ ਜੋਤ ਪਰਗਟੀ ਆਪ ਨਿਰੰਕਾਰੇ । ਜਾਣੇ ਸੋ ਜਨ ਜਿਸ ਹਿਰਦੇ ਸਚ ਵਸੇ ਸਿਰਜਣਹਾਰੇ । ਬੇਮੁਖ ਪਕੜੇ ਜਮ ਜੰਧਾਰੇ । ਪ੍ਰਭ ਅਬਿਨਾਸ਼ੀ ਗੁਰਸਿਖ ਆਇਣ ਦਵਾਰੇ । ਕਰ ਕਿਰਪਾ ਪ੍ਰਭ ਪਾਰ ਉਤਾਰੇ । ਜੋਤ ਸਰੂਪ ਪ੍ਰਭ ਮਹਾਰਾਜ ਸ਼ੇਰ ਸਿੰਘ ਸੋਹੰ ਸਾਚਾ ਦੇਵੇ ਨਾਮ ਅਧਾਰੇ । ਜੋਤ ਸਰੂਪ ਜਗਤ ਨਾ ਜਾਣਿਆ । ਕਲਜੁਗ ਜੀਵ ਨਹੀਂ ਪਛਾਣਿਆ । ਸ਼ਬਦ ਲਿਖਾਏ ਹੁਕਮ ਵਰਤਾਏ, ਤਖ਼ਤੋਂ ਲਾਹੇ ਰਾਜੇ ਰਾਣਿਆਂ । ਮਹਾਰਾਜ ਸ਼ੇਰ ਸਿੰਘ ਲਾਜ ਰਖਾਏ ਸਿਰ ਹੱਥ ਟਿਕਾਏ, ਕਲਜੁਗ ਦੇਵੇ ਮਾਣ ਨਿਮਾਣਿਆਂ । ਨਿਮਾਣਿਆਂ ਪ੍ਰਭ ਮਾਣ ਦਵਾਇਆ । ਰਾਓ ਰੰਕ ਕਰ ਇਕ ਬਹਾਇਆ । ਚਾਰ ਵਰਨ ਪ੍ਰਭ ਜੋਤ ਸਰੂਪ ਅੰਤਕਾਲ ਕਰਨ ਕਲਜੁਗ ਜਾਮਾ ਨਿਹਕਲੰਕ

ਪ੍ਰਭ ਪਾਇਆ । ਮਹਾਰਾਜ ਸ਼ੇਰ ਸਿੰਘ ਦੁਸ਼ਟ ਸੰਘਾਰੇ, ਜੋਤ ਸਰੂਪ ਜਗਤ ਜਲਾਇਆ । ਪਰਗਟੀ ਜੋਤ ਪ੍ਰਭ ਅਗੰਮ ਅਪਾਰੇ । ਧਰੇ ਜੋਤ ਵਿਚ ਦੇਹ ਨਿਰਾਧਾਰੇ । ਗਿਆਨ ਬ੍ਰਹਮ ਕੋਈ ਜਨ ਵਿਚਾਰੇ । ਬੇਮੁਖ ਆਏ ਜਾਏ ਝੱਖ ਮਾਰੇ । ਗੁਰਸਿਖ ਸੋਹਣ ਗੁਰਚਰਨ ਦਵਾਰੇ । ਦਰ ਘਰ ਸਾਚਾ ਸਾਚੀ ਵਸਤ ਪਾਈ ਵਿਚ ਪ੍ਰਭ ਥਾਰੇ । ਬੇਮੁਖ ਕਾਲ ਅੰਤ ਕਲ ਸੋਹੰ ਬਾਣ ਪ੍ਰਭ ਮਾਰੇ । ਆਵੇ ਗੁਰਸਿਖ ਸਾਚੇ ਗੁਰ ਜਾਏ ਮਿਲ, ਗੁਰ ਸਾਚਾ ਜਾਏ ਜਨਮ ਸਵਾਰੇ । ਮਹਾਰਾਜ ਸ਼ੇਰ ਸਿੰਘ ਸੋ ਜਨ ਉਧਰੇ, ਜੋ ਜਨ ਆਏ ਚਰਨ ਨਿਮਸਕਾਰੇ । ਅੰਤਕਾਲ ਪ੍ਰਭ ਦਰਸ ਦਿਖਾਇਆ । ਗੁਰਮੁਖ ਸਾਚੇ ਵਿਚ ਜੋਤ ਮਿਲਾਇਆ । ਗੁਰਸਿਖਾਂ ਧਾਮ ਸਚਖੰਡ ਬਣਾਇਆ । ਅੰਤਮ ਮੇਲ ਕਰੇ ਪ੍ਰਭ ਜੋਤੀ, ਨਾ ਜਾਏ ਨਾ ਆਇਆ । ਸ੍ਰਿਸ਼ਟ ਸਬਾਈ ਰਹੀ ਸੋਤੀ, ਸੋਹੰ ਸ਼ਬਦ ਪ੍ਰਭ ਡੰਕ ਚਲਾਇਆ । ਚੁਰਾਸੀ ਵਿਚੋਂ ਮਾਨਸ ਜਨਮ ਮਾਣਕ ਮੋਤੀ, ਮਦਿ ਮਾਸੀ ਕਲ ਆਪ ਗਵਾਇਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਗੁਰਸਿਖਾਂ ਦਰਸ ਦਿਖਾਇਆ । ਜੀਵ ਚਤੁਰਾਈ ਕੁਛ ਨਾ ਹੋਏ । ਵਡ ਵਡਿਆਈ ਕਰੇ ਜੋ ਸੋਏ । ਆਤਮ ਸੁਧ ਭੁਲਾਏ, ਸੁਧ ਰਹੇ ਨਾ ਕੋਇ । ਕਲਜੁਗ ਹੋਇਆ ਭੁੱਲਾ, ਦੁੱਖ ਪਾਏ ਜਗ ਰੋਏ । ਸਚ ਸਿਆਣਪ ਹੋਏ ਕਮਲਾ, ਦੁਰਮਤ ਮੈਲ ਨਾ ਜਾਤੀ ਧੋਏ । ਪ੍ਰਭ ਪੂਰਨ ਜੋਤ ਸਮਰਥ ਨਹੀਂ ਜੇ ਯਮਲਾ, ਮਨ ਰੱਖੇ ਨਾ ਸੰਸਾ ਕੋਏ । ਪਰਗਟੇ ਜੋਤ ਕ੍ਰਿਸ਼ਨਾ ਅਵਤਾਰ ਨਿਹਕਲੰਕ ਹੈ ਜੋਏ । ਜੋਤੀ ਜੋਤ ਏਕ ਪ੍ਰਭ ਅਵੱਲਾ, ਦੂਸਰਾ ਨਾਹੀਂ ਕੋਏ । ਜੋਤ ਸਰੂਪ ਸਰਬ ਸ੍ਰਿਸ਼ਟ ਮਵਲਾ, ਆਤਮ ਜੋਤ ਕਰੇ ਬਿਲੋਏ । ਦੇ ਦਰਸ ਖੁਲ੍ਹਾਵੇ ਪ੍ਰਭ ਕਵਲਾ, ਬਰਖ ਆਤਮ ਬੂੰਦ ਮਨ ਸ਼ਾਂਤ ਹੋਏ । ਮਹਾਰਾਜ ਸ਼ੇਰ ਸਿੰਘ ਜੋਤ ਧਰੇ ਉਪਰ ਧਵਲਾ, ਕਲਜੁਗ ਅੰਤਕਾਲ ਕਲ ਹੋਏ । ਗੁਰ ਦਰ ਆਏ ਜੋ ਜਨ ਪੁਕਾਰਿਆ । ਕਰ ਕਿਰਪਾ ਪ੍ਰਭ ਸਾਚੇ ਦੁੱਖ ਨਿਵਾਰਿਆ । ਕਮਲਾ ਰਮਲਾ ਯਮਲਾ ਗਿਆਨ ਜੋਤ ਕਰੇ ਆਕਾਰਿਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਬਿਰਧ ਬਾਲ ਜਿਸ ਨਾ ਵਿਚਾਰਿਆ । ਬਾਲਕ ਹੋਏ ਸੁਰਤ ਬੇਹਾਲੂ । ਦੇਵੇ ਸੁਰਤ ਪ੍ਰਭ ਆਪ ਦਿਆਲੂ । ਜਾਵੇ ਦੁੱਖ ਭਏ ਕਿਰਪਾਲੂ । ਮਹਾਰਾਜ ਸ਼ੇਰ ਸਿੰਘ ਭਗਤ ਵਸਾਲੂ । ਪ੍ਰਭ ਪੂਰੇ ਆਸ ਪੁਚਾਈ । ਬਾਲ ਨਾਦਾਨ ਦੁੱਖ ਰਹੇ ਨਾ ਰਾਈ । ਪਿਤਾ ਮਾਤ ਪ੍ਰਭ ਆਤਮ ਸ਼ਾਂਤ ਕਰਾਈ । ਆਏ ਚਰਨ ਜੋ ਦੇਣ ਦੁਹਾਈ । ਸਰਨ ਪੜੇ ਦੀ ਲਾਜ ਰਖਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਤੇਰੀ ਵਡਿਆਈ । ਗੁਣ ਅਵਗੁਣ ਪ੍ਰਭ ਨਾ ਵਿਚਾਰਿਆ । ਹੋਏ ਨਿਮਾਣ ਪ੍ਰਭ ਦਰ ਪੁਕਾਰਿਆ । ਕਰ ਕਿਰਪਾ ਪ੍ਰਭ ਪਾਰ ਉਤਾਰਿਆ । ਆਤਮ ਸੁੱਖ ਦੇ, ਦੇਹ ਦੁੱਖ ਨਿਵਾਰਿਆ । ਸਾਚੀ ਵਥ ਨਾਮ ਭੁੱਖ ਦੇ, ਦਰ ਆਏ ਕਾਜ ਸਵਾਰਿਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ, ਸੋਹੰ ਸ਼ਬਦ ਕਰੇ ਜੈਕਾਰਿਆ । ਸੁਰਤੀ ਦੇਵੇ ਸੁਰਤ ਧਿਆਨ । ਸ਼ਬਦ ਸੁਰਤ ਦੇ ਬ੍ਰਹਮ ਗਿਆਨ । ਸੋਹੰ ਸ਼ਬਦ ਜਨ ਸੁਣੇ ਜੋ ਕਾਨ । ਅੰਤਕਾਲ ਮਿਲੇ ਕਲਜੁਗ ਵਿਸ਼ਨੂੰ ਭਗਵਾਨ । ਮਹਾਰਾਜ ਸ਼ੇਰ ਸਿੰਘ ਚਤੁਰ ਸੁਜਾਨ । ਭੋਲੇ ਭਾਉ ਗੁਰਸਿਖ ਨਾਦ ਵਜਾਇਆ । ਸੋਇਆ ਹਿਰਦਾ ਜਗਤ ਟੁੰਬ ਉਠਾਇਆ । ਬਾਂਹੋਂ ਪਕੜ ਆਪ ਪ੍ਰਭ ਸਾਚੇ, ਸਾਚਾ ਲੇਖ ਆਪ ਪ੍ਰਭ ਲਿਖਾਇਆ । ਦੁੱਖ ਦਲਿਦਰ ਨਾ ਦੇਹੀ ਲਾਗੇ, ਅੰਮ੍ਰਿਤ ਸਿੰਚ ਪ੍ਰਭ ਹਰਾ ਕਰਾਇਆ । ਝੂਠੀ ਗਗਰੀਆ ਦੇਹੀ ਕਾਚੇ, ਨਿਰਮਲ ਜੋਤ ਪ੍ਰਭ ਵਿਚ ਟਿਕਾਇਆ । ਕਲਜੁਗ ਨੇੜ ਨਾ ਆਏ ਆਂਚੇ, ਦੀਪਕ ਜੋਤ ਪ੍ਰਭ ਵਿਚ ਦੇਹ ਟਿਕਾਇਆ । ਸਾਚਾ ਸ਼ਬਦ ਜੋ ਮਨ ਵਾਚੇ, ਅਨਦ ਬਿਨੋਦੀ ਪ੍ਰਭ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਗੁਰਸਿਖ ਢਾਲੇ ਸਾਂਚੇ, ਪੰਚਮ ਵਾਰ ਵਿਚ ਸਚ ਸੁੱਚ ਵਰਤਾਇਆ ।

ਸਾਚਾ ਨਾਮ ਪ੍ਰਭ ਦੀਪਕ ਦੀਆ । ਜਗੇ ਜੋਤ ਸੁਖੀ ਹੋਏ ਜੀਆ । ਮਿਲਿਆ ਫਲ ਪੂਰਬ ਜਨਮ ਜੋ ਕੀਆ । ਅੰਮ੍ਰਿਤ ਨਾਮ ਨਿਧਾਨ ਗੁਰਸਿਖਾਂ ਪੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਕਲਜੁਗ ਹੋਇਆ ਗੁਰਸਿਖਾਂ ਥੀਆ । ਗੁਰਸਿਖਾਂ ਸੁਹਾਈ ਸਾਚੀ ਰੁੱਤ । ਨਿਰਮਲ ਕੀਆ ਦੁਖੀਆ ਬੁੱਤ । ਕਿਰਪਾ ਕਰੀ ਪ੍ਰਭ ਆਪ ਅਚੁੱਤ । ਪ੍ਰਭ ਕਲ ਵਰਤੇ ਅਦਭੁਤ । ਕਲਜੁਗ ਅੰਦਰ ਗੁਰਸਿਖ ਸਾਚੇ, ਮਹਾਰਾਜ ਸ਼ੇਰ ਸਿੰਘ ਬਣਾਏ ਸਾਚੇ ਸੁੱਤ । ਗੁਰਸਿਖ ਬਖ਼ਸ਼ੇ ਪ੍ਰਭ ਬਖ਼ਸ਼ਣਹਾਰਾ । ਕੋਟ ਦੁੱਖ ਨਿਵਾਰੇ ਵਿਚ ਦੇਹ ਮਝਾਰਾ । ਕਰੇ ਪਰਕਾਸ਼ ਜੋਤ ਵਿਚ ਅੰਧ ਅੰਧਿਆਰਾ । ਸ਼ਬਦ ਸੁਰਤ ਸੰਗ ਦੇਵੇ ਮਾਰ ਜਿਉਂ ਰਚੇ ਦੇਹ ਪਾਰਾ । ਗੁਰਸਿਖਾਂ ਪ੍ਰਭ ਦੇਵੇ ਤਾਰ, ਸਾਚਾ ਦੇਵੇ ਨਾਮ ਅਧਾਰਾ । ਅੰਤਕਾਲ ਨਾ ਹੋਏ ਖੁਆਰ, ਜਿਨ੍ਹਾਂ ਮਿਲਿਆ ਸਚ ਭਤਾਰਾ । ਮਹਾਰਾਜ ਸ਼ੇਰ ਸਿੰਘ ਸ਼ਬਦ ਬਲਿਹਾਰ, ਰਸਨਾ ਗਾਏ ਜੀਵ ਹੋਏ ਪਾਰਾ । ਚਰਨ ਆਏ ਜੀਵ ਬਿਲਲਾਇਆ । ਦੁੱਖ ਦਲਿੱਦਰਾਂ ਜਗਤ ਸਤਾਇਆ । ਹਉਮੇ ਮਾਇਆ ਖਾਈ ਕਾਇਆ । ਸਰਬ ਦਰ ਛੋੜ ਦਰ ਤੇਰੇ ਆਇਆ । ਪ੍ਰਭ ਜਾਏ ਨਾ ਮੁਖ ਮੋੜ, ਊਚਾ ਕੂਕ ਸੁਣਾਇਆ । ਮਹਾਰਾਜ ਸ਼ੇਰ ਸਿੰਘ ਬੰਧਨ ਤੋੜ, ਆਤਮ ਸਾਚਾ ਦੀਪ ਜਗਾਇਆ । ਵਕ਼ਤ ਸੁਹਾਇਆ ਸਾਧ ਸੰਗ, ਦਿਵਸ ਰੈਣ ਹੋਏ ਮੰਗਲਾਚਾਰ । ਆਤਮ ਚਾੜ੍ਹ ਪ੍ਰਭ ਸਾਚਾ ਰੰਗ, ਗੁਰਸਿਖਾਂ ਪੂਰਬ ਕਰ ਵਿਚਾਰ । ਚਰਨ ਪ੍ਰੀਤੀ ਨਿਭ ਜਾਏ ਸੰਗ, ਕਲਜੁਗ ਜੀਵ ਪ੍ਰਭ ਦੇਵੇ ਤਾਰ । ਮਹਾਰਾਜ ਸ਼ੇਰ ਸਿੰਘ ਜੀਵ ਸਾਚਾ ਦਾਨ ਮੰਗ, ਆਤਮ ਦੇ ਜਾਏ ਅਧਾਰ । ਆਤਮ ਅਧਾਰੀ ਪ੍ਰਭ ਗਿਰਧਾਰੀ । ਦਰ ਆਇਆਂ ਦੀ ਪੈਜ ਸਵਾਰੀ । ਜੋਤ ਆਕਾਰੀ ਦਰ ਗੁਰਸਿਖ ਭਿਖਾਰੀ । ਸਾਚਾ ਨਾਮ ਪ੍ਰਭ ਗੁਰਸਿਖ ਦੇ ਮੁਰਾਰੀ । ਗੁਰਸਿਖ ਡਿਗੇ ਹਰਿ ਦਵਾਰੀ । ਦੁੱਖ ਦਲਿਦਰ ਜਾਏ ਹਉਮੇ ਬੀਮਾਰੀ । ਰੱਖੇ ਲਾਜ ਪ੍ਰਭ ਨਿਰਾਧਾਰੀ । ਮਹਾਰਾਜ ਸ਼ੇਰ ਸਿੰਘ ਸਚ ਘਰ ਆ ਕੇ, ਦੇ ਦਰਸ ਗੁਰਸਿਖ ਪਾਰ ਉਤਾਰੀ । ਦਰਸ ਦਰਸ ਦਰਸ ਗੁਰਸਿਖਾਂ ਕਰਨਾ । ਤਰਸ ਤਰਸ ਤਰਸ ਕਰ ਕਲਜੁਗ ਬੇਮੁਖਾਂ ਮਰਨਾ । ਬਰਸ ਬਰਸ ਬਰਸ ਕਰ ਗੁਰ ਅੰਮ੍ਰਿਤ ਮੇਘ ਗੁਰਸਿਖ ਕਾਇਆ ਸੀਤਲ ਕਰਨਾ । ਪਰਸ ਪਰਸ ਪਰਸ ਮਹਾਰਾਜ ਸ਼ੇਰ ਸਿੰਘ ਜੀਵ ਜਗ ਨਾ ਹੋਏ ਮਰਨਾ । ਕਲਜੁਗ ਜੀਵ ਹੋਏ ਬੇਤਾਲੇ । ਮਾਇਆ ਪਾਈ ਗੁਰ ਗੋਪਾਲੇ । ਦਲੇ ਜਾਣ ਜੀਵ ਜਿਉਂ ਦਾਲ ਦੋਫਾੜੇ । ਗੁਰਸਿਖਾਂ ਪ੍ਰਭ ਹੋਏ ਆਪ ਰਖਵਾਲੇ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਸੋਹੇ ਸਦਾ ਤੇਰੇ ਚਰਨਾਂ ਨਾਲੇ । ਸੰਗਤ ਹੋਏ ਚਰਨ ਕੀ ਦਾਸੀ । ਪਰਗਟੇ ਜੋਤ ਵਿਚ ਪ੍ਰਭ ਅਬਿਨਾਸ਼ੀ । ਚਰਨ ਕੋਏ ਨਾ ਲਾਗੇ ਰਸਨ ਆਹਾਰੀ ਜੋ ਮਦਿ ਮਾਸੀ । ਮਹਾਰਾਜ ਸ਼ੇਰ ਸਿੰਘ ਸਰਬ ਗੁਣ ਦਾਤਾ, ਸਾਧ ਸੰਗਤ ਹੋਏ ਚਰਨ ਰਹਿਰਾਸੀ । ਗੁਰਸਿਖ ਚਾਤਰਕ ਦਰ ਬਿਲਲਾਏ । ਕਲਜੁਗ ਅਗਨ ਰਹੀ ਜਲਾਏ । ਨਾਮ ਨਿਧਾਨ ਗੁਣ ਨਿਧਾਨ ਦੇ, ਪ੍ਰਭ ਅੰਮ੍ਰਿਤ ਬਰਖਾਏ । ਭਗਤ ਵਛਲ ਕਲਜੁਗ ਅਛਲ ਵਿਚ ਆਤਮ ਸ਼ਾਂਤ ਕਰਾਏ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਹਉਮੇ ਮਮਤਾ ਦੇ ਜਲਾਏ । ਜਲ ਬਲ ਜਾਏ ਆਤਮ ਅਗਨ । ਜੋਤ ਸਰੂਪੀ ਦੀਪ ਦੇਹ ਵਿਚ ਜਗਣ । ਹਿਰਦਕ ਪ੍ਰੀਤੀ ਪ੍ਰਭ ਚਰਨ ਸਚ ਲਾਗੀ, ਪ੍ਰੀਤੀ ਹੋਏ ਗੁਰਸਿਖ ਤੇਰਾ ਰਵ ਸਸ ਜਿਉਂ ਗਗਨ । ਕਲਜੁਗ ਹੋ ਜਾਏ ਅੰਧੇਰ, ਬੇਮੁਖ ਕਲਜੁਗ ਹੋਏ ਨਗਨ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਅੰਮ੍ਰਿਤ ਸਾਚਾ ਗੁਰਮੁਖਾਂ ਲਾਏ ਸਾਚਾ ਸਗਨ । ਅੰਮ੍ਰਿਤ ਪੀ ਜੀਵ ਆਤਮ ਧੁੰਦ ਗਵਾਏ । ਜਿਨ੍ਹਾਂ ਵਿਚੋਂ ਪ੍ਰਭ ਭੁਲਿਆ, ਵਿਚੋਂ ਪ੍ਰਭ ਦਿਸ ਆਏ । ਵਕ਼ਤ ਸੰਭਾਲ ਰਹੇ ਕਿਉਂ ਭੁੱਲਿਆ, ਜੋਤ ਨਿਰੰਜਣ ਪਲਟੀ ਦੇਹ ਚਰਨ ਲਾਗ ਰਹੇ ਕਿਉਂ ਰੁਲਿਆ, ਫੇਰ ਵੇਲਾ ਹੱਥ ਨਾ ਆਏ ।

ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਦਾਨ ਦਰ ਖੁਲ੍ਹਿਆ, ਸਾਚਾ ਨਾਮ ਲੈ ਝੋਲੀ ਪਾਏ । ਸਾਚਾ ਨਾਮ ਪ੍ਰਭ ਆਧਾਰੀ । ਰਸਨਾ ਜਪ ਜੀਵ ਸੰਸਾਰੀ । ਦੇਵੇ ਦਰਸ ਪ੍ਰਭ ਗਿਰਧਾਰੀ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਤੀਨ ਲੋਕ ਕਰੇ ਸਿਕਦਾਰੀ । ਤੀਨ ਲੋਕ ਪ੍ਰਭ ਕਾ ਦਾਸ । ਮਾਤ ਪਾਤਾਲ ਆਕਾਸ਼ । ਜੋਤ ਨਿਰੰਜਣ ਸਦਾ ਅਬਿਨਾਸ਼ । ਸ੍ਰਿਸ਼ਟ ਸਬਾਈ ਜੁਗੋ ਜੁਗ ਹੋਏ ਵਿਨਾਸ । ਜੋ ਜਨ ਹੋਏ ਪ੍ਰਭ ਕੇ ਦਾਸ । ਅੰਤਕਾਲ ਮਿਲੇ ਸਚਖੰਡ ਨਿਵਾਸ । ਜੋਤ ਸਰੂਪ ਜਿਥੇ ਪ੍ਰਭ ਕਾ ਵਾਸ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਜਗਤ ਪਰਕਾਸ਼ । ਕਰੇ ਪਰਕਾਸ਼ ਪ੍ਰਭ ਗੋਬਿੰਦ । ਗੁਰਸਿਖਾਂ ਲਾਹੇ ਪ੍ਰਭ ਮਨ ਕੀ ਚਿੰਦ । ਬੇਮੁਖ ਨਿੰਦਕ ਦੁਸ਼ਟ ਦੁਰਾਚਾਰ ਦਰ ਆਏ ਕਰ ਜਾਇਣ ਨਿੰਦ । ਭਰ ਬੇੜਾ ਅੰਤ ਡੁੱਬਣਾ ਵਿਚ ਨੀਰ ਸਿੰਧ । ਗੁਰਸਿਖ ਦਰ ਪਾਏ ਜੋ ਲੋੜੇ, ਦਰ ਦੇਵੇ ਦਾਨ ਮਰਗਿੰਦ । ਮਹਾਰਾਜ ਸ਼ੇਰ ਸਿੰਘ ਵਿਛੜਿਆਂ ਮੇਲ ਦਰ, ਉਜਲ ਕਰੇ ਗੁਰਸਿਖ ਵਿਚ ਹਿੰਦ । ਵਾਲੀ ਹਿੰਦ ਪ੍ਰਭ ਦਰਸ ਦਿਖਾਏ । ਆਤਮ ਸ਼ਕਤੀ ਤੇਜ ਵਖਾਏ । ਸਚ ਭਗਤ ਭਗਤੀ ਲੇਖੇ ਲਾਏ । ਸਾਚੀ ਦਰਗਹਿ ਦੇਵੇ ਥਾਏਂ । ਗੁਰਸਿਖ ਉਧਰੇ ਪ੍ਰਭ ਤੇਰੇ ਨਾਂਏ । ਮਹਾਰਾਜ ਸ਼ੇਰ ਸਿੰਘ ਘਾਲ ਪਾਈ ਥਾਂਏ । ਜੋਤ ਸਰੂਪ ਪ੍ਰਭ ਭੈ ਦਿਖਾਵੇ । ਸ਼ਾਹ ਸੋਏ ਸ਼ੌਹੁ ਸੌਣ ਨਾ ਦੇਵੇ । ਵਾਲੀ ਹਿੰਦ ਰਹੇ ਭਰਮ ਭੁਲੇਵੇ । ਮਹਾਰਾਜ ਸ਼ੇਰ ਸਿੰਘ ਬਣਤ ਬਣਾਵੇ ਅਲਖ ਅਭੇਵੇ । ਨਿਰਭੈ ਹੋਏ ਆਪ ਨਿਰਹਾਰਾ । ਦੇਵੇ ਦਰਸ ਕਰ ਜੋਤ ਆਕਾਰਾ । ਦਿਖਾਵੇ ਦਰਸ ਜਿਉਂ ਕ੍ਰਿਸ਼ਨ ਮੁਰਾਰਾ । ਵਾਲੀ ਹਿੰਦ ਸੂਝੇ ਪ੍ਰਭ ਸਚ ਦਵਾਰਾ । ਚੈਨ ਨਾ ਆਏ ਪ੍ਰਭ ਜੋਤ ਜਲਾਏ ਟੁੱਟ ਜਾਏ ਸਭ ਹੰਕਾਰਾ । ਮੁਖ ਘਾਸ ਰਖਾਏ, ਆਪਣੇ ਆਪ ਗਵਾਏ ਚਰਨ ਆਏ ਕਰੇ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਦਇਆ ਕਮਾਏ, ਸਵੱਛ ਸਰੂਪ ਦਰਸ ਦਿਖਾਏ, ਸਾਚਾ ਨਾਮ ਦੇਵੇ ਭੰਡਾਰਾ । ਦੇਵੇ ਨਾਮ ਸਚ ਗਹਿਰ ਗੰਭੀਰਾ । ਕਲਜੁਗ ਝੂਠੇ ਤੋੜੇ ਜ਼ੰਜੀਰਾ । ਆਤਮ ਸੁਧ ਹੋਏ, ਸ਼ਾਂਤ ਹੋਏ ਸਰੀਰਾ । ਕਲਜੁਗ ਅਗਨ ਨਾ ਲਾਗੇ ਪੀੜਾ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਪੀਰਨ ਪੀਰਾ । ਪਾਏ ਦਰਸ ਆਏ ਹਿੰਦ ਵਾਲੀ । ਆਤਮ ਅੰਮ੍ਰਿਤ ਜਾਏ ਵਰਖ, ਮਿਲੇ ਆਪ ਬਨਵਾਲੀ । ਬੇਮੁਖਾਂ ਮਨ ਪ੍ਰਭ ਦੇਵੇ ਹਰਖ, ਦਰ ਆਏ ਨਾ ਰੋਣ ਸਵਾਲੀ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਮਿਲ, ਆਤਮ ਜੋਤ ਜਗਾ ਲੀ । ਆਤਮ ਜੋਤ ਸਚ ਪਰਕਾਸ਼ । ਅਗਿਆਨ ਅੰਧੇਰ ਹੋ ਜਾਏ ਵਿਨਾਸ । ਪਵਣ ਸਰੂਪੀ ਚਲ ਰਹੇ ਸਵਾਸ । ਦੁੱਖ ਦਲਿਦਰ ਜੋਤ ਸਰੂਪ ਪ੍ਰਭ ਕਰੇ ਵਿਨਾਸ । ਆਤਮ ਦੇਖ ਵੇਖ ਜੀਵ ਸਾਚਾ ਪ੍ਰਭ ਵਸੇ ਤੇਰੇ ਪਾਸ । ਸਾਚਾ ਪ੍ਰਭ ਵਿਚ ਰਿਹਾ ਵਸ । ਕਲਜੁਗ ਜੀਵ ਜਾਇਨ ਨੱਸ । ਆਤਮ ਅੰਧੇਰ ਹੋਇਆ ਜਿਉਂ ਰੈਣ ਮਸ । ਸਾਚਾ ਰਾਹ ਪ੍ਰਭ ਕਲ ਜਾਏ ਦੱਸ । ਗੁਰਚਰਨ ਪ੍ਰੀਤੀ ਪ੍ਰਭ ਹੋ ਜਾਏ ਵਸ । ਦੇਵੇ ਸ਼ਬਦ ਗਿਆਨ, ਹੋਏ ਪਰਕਾਸ਼ ਜਿਉਂ ਰਵ ਸਸ । ਮਹਾਰਾਜ ਸ਼ੇਰ ਸਿੰਘ ਗੁਣ ਨਿਧਾਨ, ਭਗਤਨ ਹਿਰਦੇ ਰਿਹਾ ਵਸ । ਆਤਮ ਏਕ ਜੀਵ ਜੋਤ ਅਡੋਲ । ਨੈਣ ਮੁਧਾਰੀ ਜੀਵ ਦੇਖ ਨਾ ਸਕੇ, ਪ੍ਰਭ ਬੈਠਾ ਤੇਰੇ ਕੋਲ । ਲਾਗ ਚਰਨ ਜਨ ਪ੍ਰਭ, ਲੋਚਣ ਤੀਜਾ ਦੇਵੇ ਖੋਲ੍ਹ । ਕਲਜੁਗ ਜੋਤ ਪਰਗਟਾਏ, ਸੋਹੰ ਵਜਾਏ ਢੋਲ । ਜੋ ਜਨ ਸਰਨ ਨਾ ਆਏ, ਮਹਾਰਾਜ ਸ਼ੇਰ ਸਿੰਘ ਮਾਰੇ ਰੋਲ । ਨਿਹਕਲੰਕ ਕਲਜੁਗ ਅਵਤਾਰੇ । ਭੁੱਲ ਮੁਰਾਰ ਕਿਉਂ ਸੁੱਤੇ ਪੈਰ ਪਸਾਰੇ । ਬਿਨ ਪ੍ਰਭ ਸਾਚੇ ਝੂਠੇ ਸਭ ਦਰਬਾਰੇ । ਸੁੰਞ ਮਸਾਣ ਹੋ ਜਾਇਣ ਝੂਠੇ ਮਹਲ ਮੁਨਾਰੇ, ਭੁੱਲ ਵਕ਼ਤ ਵਿਹਾਇਆ । ਵਾਲੀ ਹਿੰਦ ਸਚੀ ਸਰਕਾਰੇ, ਪ੍ਰਭ ਪਰਗਟ ਨਿਹਕਲੰਕ ਕਲ ਆਇਆ । ਸਾਚਾ ਛਤਰ ਸਿਰ ਦੇ ਝੁਲਾਰੇ, ਬੇਮੁਖ ਹੋਏ ਕਿਉਂ ਮੁਖ ਭਵਾਇਆ । ਜੀਵ ਰੁਲਾਏ ਭੁੱਖ ਦੁੱਖ ਕਰ ਹਾਹਾਕਾਰੇ,

ਕਰ ਦਰਸ ਆਪ ਪ੍ਰਭ ਜਿਸ ਰਾਜ ਦਵਾਇਆ । ਸਾਚਾ ਸ਼ਾਹੋ ਪ੍ਰਭ ਬੈਠਾ ਤਖ਼ਤ, ਨਦਰੀ ਨਦਰ ਜਗਤ ਤਰਾਇਆ । ਬੇਮੁਖਾਂ ਪ੍ਰਭ ਪਕੜ ਕਰ, ਬੇੜਾ ਸ਼ੋਹ ਦਰਿਆ ਰੁੜ੍ਹਾਇਆ । ਗੁਰਸਿਖਾਂ ਸਾਚੀ ਲਿਖਤ ਕਰ, ਵਾਸ ਸਚਖੰਡ ਕਰਾਇਆ । ਮਹਾਰਾਜ ਸ਼ੇਰ ਸਿੰਘ ਕਲ ਜੋਤ ਸਰੂਪ, ਅੰਤਕਾਲ ਜੋਤ ਗੁਰਸਿਖ ਮਿਲਾਇਆ । ਗੁਰਸਿਖ ਤੇਰੀ ਵਡ ਵਡਿਆਈ । ਬਿਕ੍ਰਮੀ ਵੀਹ ਸੌ ਅੱਠ, ਪੰਚਮ ਜੇਠ ਜਿਸ ਖ਼ੁਸ਼ੀ ਮਨਾਈ । ਸਤਿਜੁਗ ਸਾਚੀ ਨੀਂਹ ਰਖਾਈ । ਪਰਗਟ ਜੋਤ ਗੁਰ ਸਤਿਗੁਰ ਸਾਚੇ, ਗੁਰਸਿਖਾਂ ਭੁੱਖ ਗਵਾਈ । ਸਾਧ ਸੰਗਤ ਤੇਰੀ ਵਡ ਵਡਿਆਈ । ਸਚ ਭੰਡਾਰਾ ਖੋਲ੍ਹ ਕੇ, ਗੁਰਸੰਗਤ ਸੇਵ ਕਮਾਈ । ਪ੍ਰਭ ਸ਼ਬਦ ਲਿਖਾਏ ਖੋਲ੍ਹ ਕੇ, ਦੁੱਖ ਭੁੱਖ ਰਹੇ ਨਾ ਰਾਈ । ਪ੍ਰਭ ਪੂਰਾ ਤੋਲ ਜਾਏ ਤੋਲ ਕੇ, ਗੁਰਮੁਖ ਗੁਰਸਿਖ ਕਲ ਤੋਲਿਆ ਨਾ ਜਾਈ । ਸਾਧ ਸੰਗਤ ਤੇਰੀ ਵਡ ਵਡਿਆਈ । ਨਿਹਕਲੰਕ ਕਲ ਸੇਵ ਕਮਾਈ । ਧੰਨ ਧੰਨ ਧੰਨ ਸਿੰਘ ਪਾਲ, ਕੁੰਟ ਚਾਰ ਤੇਰੇ ਨਾਮ ਦੁਹਾਈ । ਕਲਜੁਗ ਦਿਤਾ ਸਚਾ ਮਾਣ, ਬ੍ਰਹਮਲੋਕ ਦੀਆ ਬਿਠਾਈ । ਬ੍ਰਹਮਾ ਮਾਣ ਗਵਾਏ ਪ੍ਰਭ ਸ੍ਰਿਸ਼ਟ ਸਬਾਈ ਹੱਥ ਫੜਾਈ । ਧੰਨ ਧੰਨ ਧੰਨ ਗੁਰਸਿਖ ਪੂਰੇ, ਤੇਰੀ ਧੰਨ ਕਮਾਈ । ਪਰਗਟ ਹੋ ਕੇ ਮਹਾਰਾਜ ਸ਼ੇਰ ਸਿੰਘ ਵਿਚ ਬ੍ਰਹਿਮੰਡ ਦਿਤੀ ਵਡਿਆਈ । ਵਿਚ ਬ੍ਰਹਿਮੰਡ ਗੁਰਸਿਖ ਬਹਾਇਆ । ਸਚ ਤਖ਼ਤ ਨਿਵਾਸੀ ਸਚ ਰਾਜ ਕਮਾਇਆ । ਖੰਡ ਬ੍ਰਹਿਮੰਡ ਵਿਚ ਗੁਰਸਿਖ ਵਡਿਆਇਆ । ਨਾਥ ਤ੍ਰੈਲੋਕੀ, ਵਿਚ ਕਲਜੁਗ ਆਇਆ । ਗੁਰਸਿਖਾਂ ਘਰ ਚੜ੍ਹਾਇਆ ਚੰਦ, ਬੇਮੁਖਾਂ ਨਜ਼ਰ ਨਾ ਆਇਆ । ਸਾਧ ਸੰਗਤ ਮਨ ਭਇਆ ਅਨੰਦ, ਸਾਧ ਸੰਗਤ ਪੰਚਮ ਜੇਠ ਦਿਨ ਮਨਾਇਆ । ਅਨਹਦ ਸ਼ਬਦ ਮਨ ਵਜਾਇਆ । ਮਹਾਰਾਜ ਸ਼ੇਰ ਸਿੰਘ ਦਇਆ ਕਮਾਇਆ । ਅਨਹਦ ਸ਼ਬਦ ਧੁਨ ਵਜਾਏ । ਧੁਨ ਧੁਨਕਾਰ ਡੰਕ ਸੁਣਾਏ । ਸੁਨ ਸਮਾਧ ਪ੍ਰਭ ਖੋਲ੍ਹ ਵਖਾਏ । ਜੋਤ ਸਰੂਪ ਜਗਨ ਨਾਥ ਗੁਰ ਗੋਪਾਲ ਦੁੱਖ ਭੈ ਭੰਜਨ ਪ੍ਰਭ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਜੀਵ ਦਰਸ ਦਿਖਾਏ । ਸਾਧ ਸੰਗਤ ਤੇਰੀ ਵਡ ਵਡਿਆਈ । ਪੰਚਮ ਜੇਠ ਆਏ ਦਰ ਦੇਵੇ ਦਰਸ ਸਰਬ ਸੁਖਦਾਈ । ਛੱਡ ਆਕਾਸ਼ ਪਾਤਾਲ, ਪ੍ਰਭ ਜੋਤ ਵਿਚ ਮਾਤ ਟਿਕਾਈ । ਧੰਨ ਧੰਨ ਧੰਨ ਨਗਰ ਗਰਾਮ, ਜਿਥੇ ਮਹਾਰਾਜ ਸ਼ੇਰ ਸਿੰਘ ਬਣਤ ਬਣਾਈ । ਸਾਚੀ ਨਗਰੀ ਪ੍ਰਭ ਕਾ ਦਵਾਰ । ਨਿਹਕਲੰਕ ਕਰੇ ਜੋਤ ਸਰੂਪ ਆਕਾਰ । ਵੇਖ ਵਖਾਈ ਜੋ ਦਰ ਕਰੇ ਵਿਚਾਰ । ਸੁਰਤ ਸ਼ਬਦ ਪ੍ਰਭ ਦੇਵੇ ਤਾਰ । ਕਲਜੁਗ ਬੇੜਾ ਹੋ ਜਾਏ ਪਾਰ । ਜੋ ਜਨ ਆਏ ਸਾਚੇ ਦਰਬਾਰ । ਜਿਥੇ ਪ੍ਰਭ ਬੈਠਾ ਕਿਰਪਾ ਧਾਰ । ਨਿਰਹਾਰੀ ਨਿਰਵੈਰ ਜੋਤ ਅਧਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟਿਆ ਪੂਰਨ ਨਿਹਕਲੰਕ ਅਵਤਾਰ । ਸੇਵਾ ਸੰਗਤ ਨਾ ਜਾਵੇ ਖਾਲੀ । ਅੰਮ੍ਰਿਤ ਸਿੰਚੇ ਆਤਮ ਸਭ ਸ੍ਰਿਸ਼ਟ ਕਾ ਵਾਲੀ । ਟੁੱਟੇ ਫੁਲ ਪ੍ਰਭ ਦੇਵੇ ਲਾ, ਜੀਵ ਟੁੱਟੇ ਜੋ ਡਾਲ੍ਹੀ । ਮਹਾਰਾਜ ਸ਼ੇਰ ਸਿੰਘ ਸਚਾ ਪਾਤਸ਼ਾਹ, ਦੋ ਜਹਾਨਾਂ ਵਾਲੀ । ਸ਼ਬਦ ਅਧਾਰੀ ਪ੍ਰਭ ਅਖਵਾਏ । ਅੰਨ ਜਲ ਭੰਡਾਰ ਗੁਰਸਿਖ ਗੁਰਸਿਖ ਬਣਾਏ । ਦਰ ਆਈ ਸਾਧ ਸੰਗਤ ਮੇਲ ਮਿਲਾਏ । ਜਨ ਮਾਨਸ ਜਨਮ ਕਲ ਲੇਖੇ ਲਾਏ । ਸਾਚਾ ਸ਼ਬਦ ਦਿਵਸ ਰੈਣ ਸ਼ਬਦ ਸੁਰਤ ਗਿਆਨ ਦਿਵਾਏ । ਕਲਜੁਗ ਅਗਨ ਆਤਮ ਚਿਖਾ ਦੇ ਅੰਮ੍ਰਿਤ ਪ੍ਰਭ ਆਪ ਬੁਝਾਏ । ਸਾਚਾ ਲੇਖ ਗੁਰਸਿਖ ਮਾਤ ਆਏ ਪ੍ਰਭ ਆਪ ਲਿਖਾਏ । ਜੁਗ ਚਾਰ ਕੋਈ ਮੇਟ ਨਾ ਸਕੇ ਰਾਏ । ਸੋਹੰ ਸ਼ਬਦ ਦਰ ਪਾਈ ਸਾਚੀ ਭਿਛਾ, ਆਤਮ ਤਪਤ ਪ੍ਰਭ ਬੁਝਾਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਰ ਦਰਸ ਜੀਵ ਅਮਰਾਪਦ ਪਾਏ । ਗੁਰਸਿਖ ਸਾਖੀ, ਪ੍ਰਭ ਹੋਏ ਸੁਹੇਲਾ । ਕਲਜੁਗ ਪਰਗਟ ਆਪ ਪਤ ਰਾਖੀ, ਵਿਛੜਿਆਂ ਪ੍ਰਭ ਕੀਆ

ਮੇਲਾ । ਸਾਚੀ ਸਿਖਿਆ ਗੁਰਸਿਖ ਮਨ ਭਾਖੀ, ਪ੍ਰਭ ਗਾਇਆ ਗੁਣੀ ਗਹੇਲਾ । ਪੂਰਨ ਹੋਏ ਬਚਨ, ਸਾਚੇ ਪ੍ਰਭ ਆਪ ਲਿਖਾਇਆ । ਗੁਰ ਗੋਬਿੰਦ ਪ੍ਰਭ ਸਾਚੇ, ਸਾਚਾ ਭੇਵ ਖੁਲ੍ਹਾਇਆ । ਕਲਜੁਗ ਜਾਮਾ ਧਾਰ ਨਿਹਕਲੰਕ ਅਖਵਾਇਆ । ਜੋਤ ਸਰੂਪ ਜੋਤ ਧਰ, ਬੇਮੁਖਾਂ ਦਿਸ ਨਾ ਆਇਆ । ਗੁਰਸਿਖ ਸੁਹਾਏ ਤੇਰਾ ਦਰ, ਜਿਥੇ ਪ੍ਰਭ ਅਬਿਨਾਸ਼ੀ ਡੇਰਾ ਲਾਇਆ । ਦਰ ਆਈ ਸੰਗਤ ਲੈ ਜਾਵੇ ਵਰ, ਨਿਹਕਲੰਕ ਸਚ ਬਚਨ ਲਿਖਾਇਆ । ਗੁਰਸਿਖ ਨਾ ਜਾਏ ਕਲਜੁਗ ਹਾਰ, ਸਾਚਾ ਨਾਮ ਪ੍ਰਭ ਧੁਰੋਂ ਲਿਖਾਇਆ । ਮਹਾਰਾਜ ਸ਼ੇਰ ਸਿੰਘ ਧਰ ਜੋਤ, ਕਲ ਗੁਰਸਿਖਾਂ ਦਰਸ ਦਿਖਾਇਆ । ਕਰ ਦਰਸ ਗੁਰਸਿਖ ਮਨ ਦਰਸ ਪਿਆਸਿਆ । ਸ਼ਬਦ ਗਿਆਨ ਪ੍ਰਭ ਆਪ ਬੁਝਾਵੇ ਆਤਮ ਪਿਆਸਿਆ । ਗੁਣ ਨਿਧਾਨ ਦੇਵੇ ਦਾਤ ਸਭ, ਦਰ ਆਏ ਨਾ ਜਾਏ ਨਿਰਾਸਿਆ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ ਝਬ, ਸਾਧ ਸੰਗਤ ਦੋਏ ਜੋੜ ਕਰੇ ਅਰਦਾਸਿਆ । ਸਾਧ ਸੰਗਤ ਮਾਤ ਤੇਰੀ ਪੁਕਾਰ । ਸੁਣ ਆਪ ਬੈਠਾ ਸਚ ਦਰਬਾਰ । ਦਰ ਕੋਏ ਨਾ ਰਹੇ ਦੁਸ਼ਟ ਦੁਰਾਚਾਰ । ਗੁਰਸਿਖ ਦੇਵੇ ਨਾਮ ਅਧਾਰ । ਮਹਾਰਾਜ ਸ਼ੇਰ ਸਿੰਘ ਸਰਬ ਗੁਣ ਦਾਤਾ, ਭਰ ਦੇਵੇ ਤੇਰੇ ਭੰਡਾਰ । ਸਾਚਾ ਭਗਤ ਸਚ ਰਿਦੇ ਵਸਾਏ । ਬਿਨ ਪ੍ਰਭ ਸਾਚੇ ਨਾ ਕਿਸੇ ਸੀਸ ਝੁਕਾਏ । ਪ੍ਰਭ ਸਾਚਾ ਪਰਗਟ ਹੋਏ, ਗੁਰਮੁਖਾਂ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਜਿਸ ਮਨ ਵਾਚਾ, ਫਿਰ ਗਰਭਵਾਸ ਨਾ ਪਾਏ । ਸੁਹਾਇਆ ਥਾਨ ਪ੍ਰਭ ਜੋਤ ਜਗਾਈ । ਦਵਾਇਆ ਮਾਣ ਨਿਹਕਲੰਕ ਜਿਸ ਜੋਤ ਪਰਗਟਾਈ । ਸੁਹਾਇਆ ਥਾਨ, ਪ੍ਰਭ ਸਚਖੰਡ ਬਣਾਈ । ਸੁਹਾਇਆ ਥਾਨ, ਜਿਥੇ ਪਰਗਟ ਪ੍ਰਭ ਦਰਸ ਦਿਖਾਈ । ਸੁਹਾਇਆ ਥਾਨ, ਜਿਥੇ ਪ੍ਰਭ ਸੁਰਤ ਸ਼ਬਦ ਗਿਆਨ ਦਿਵਾਈ । ਸੁਹਾਇਆ ਥਾਨ, ਜਿਥੇ ਪ੍ਰਭ ਦੁਖੀਆਂ ਆਤਮ ਸ਼ਾਂਤ ਕਰਾਈ । ਸੁਹਾਇਆ ਥਾਨ, ਜਿਥੇ ਪ੍ਰਭ ਗੁਰਸਿਖਾਂ ਜੋਤ ਜਗਾਈ । ਸੁਹਾਇਆ ਥਾਨ, ਜਿਥੇ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਈ । ਦਰਸ ਕਰ ਗੁਰਮੁਖ ਤਰਿਆ । ਅੰਤਕਾਲ ਜਮ ਡੰਡ ਨਾ ਭਰਿਆ । ਸਾਚਾ ਪ੍ਰਭ ਮਿਲੇ ਕਲ ਆਸਾ ਵਰਿਆ । ਆਤਮ ਬ੍ਰਹਮ ਗਿਆਨ ਦੇ, ਤਨ ਮਨ ਹਰਿਆ । ਬੁਧ ਬਿਬੇਕ ਚਤੁਰ ਸੁਜਾਨ ਦੇ, ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਲੜ ਤੇਰਾ ਫੜਿਆ । ਗੁਰਸਿਖ ਆਏ ਚਰਨ ਦਵਾਰ । ਨਿਰਮਲ ਨਾਮ ਪ੍ਰਭ ਦੇ ਅਧਾਰ । ਹਉਮੇ ਮਾਰ ਹੰਕਾਰ ਦੇਹ ਜੋਤ ਜਗੇ ਅਪਰ ਅਪਾਰ । ਜਗੇ ਜੋਤ ਮਿਟ ਜਾਏ ਅੰਧ ਅੰਧਿਆਰ । ਕਲਜੁਗ ਬੇੜਾ ਹੋ ਜਾਏ ਪਾਰ । ਮਹਾਰਾਜ ਸ਼ੇਰ ਸਿੰਘ ਨਿਰਧਨ ਦੇਵੇ ਤਾਰ । ਗੁਰਮੁਖ ਆਏ ਪ੍ਰਭ ਚਰਨ ਦਵਾਰੇ । ਆਲਸ ਨਿੰਦਰਾ ਪ੍ਰਭ ਦੋਵੇਂ ਮਾਰੇ । ਆਤਮ ਜੋਤ ਕਰੇ ਚਮਤਕਾਰੇ । ਉਜਲ ਹੋਏ ਵਿਚ ਸੰਸਾਰੇ । ਮਹਾਰਾਜ ਸ਼ੇਰ ਸਿੰਘ ਜੋ ਜਨ ਆਏ ਤੇਰੇ ਚਰਨ ਦਵਾਰੇ । ਸਾਚਾ ਪ੍ਰਭ ਸਚ ਹਰਿ ਕਾ ਦੁਆਰ । ਕਰ ਦਰਸ ਸਾਧ ਸੰਗਤ ਹੋ ਜਾਏ ਪਾਰ । ਸਾਚਾ ਨਾਮ ਪ੍ਰਭ ਦੇਵੇ ਅਧਾਰ । ਗੁਰਸਿਖ ਜਾਇਣ ਕਲਜੁਗ ਬਲਿਹਾਰ । ਸਭ ਸ੍ਰਿਸ਼ਟ ਸੋਈ, ਗੁਰਮੁਖ ਨਾਮ ਰਸਨ ਉਚਾਰ । ਕੁੰਟ ਚਾਰ ਪੈ ਜਾਏ ਦੁਹਾਈ, ਭਗਤ ਜਨਾਂ ਦਰ ਜੈ ਜੈ ਜੈਕਾਰ । ਪ੍ਰਭ ਬਿਨ ਕਲ ਨਾ ਰਾਖੇ ਕੋਈ, ਜੀਵ ਜੰਤ ਬਿਲਲਾਏ ਕਰ ਹਾਹਾਕਾਰ । ਮਹਾਰਾਜ ਸ਼ੇਰ ਸਿੰਘ ਗੁਰਸਿਖ ਅਰਜੋਈ, ਸਾਚਾ ਬਖ਼ਸ਼ ਪ੍ਰਭ ਚਰਨ ਪਿਆਰ । ਚਰਨ ਪ੍ਰੀਤੀ ਉਜਲ ਮੁਖ । ਗੁਰਮੁਖ ਪੂਰੇ ਫਿਰ ਵਾਸ ਨਾ ਹੋਵੇ ਮਾਤ ਕੁੱਖ । ਜੋਤੀ ਜੋਤ ਮਿਲਾਏ ਪ੍ਰਭ, ਗਰਭ ਵਾਸ ਨਾ ਦੇਵੇ ਦੁੱਖ । ਸਾਚੇ ਧਾਮ ਪਹੁੰਚਾਏ ਪ੍ਰਭ, ਬੈਠੇ ਆਪ ਸਦਾ ਸਨਮੁਖ । ਸਾਚਾ ਦੇਵੇ ਨਾਮ ਪ੍ਰਭ, ਸਾਧ ਸੰਗਤ ਲਹਿ ਜਾਏ ਮਨ ਦੀ ਭੁੱਖ । ਮਹਾਰਾਜ ਸ਼ੇਰ ਸਿੰਘ ਜੋ ਦਰ ਚਲ ਆਏ, ਦੁਖੀਆਂ ਲਾਹੇ ਪ੍ਰਭ ਦੁੱਖ । ਦੁਖੀਆਂ ਦੁੱਖ

ਨਿਵਾਰ ਪ੍ਰਭ, ਆਤਮ ਸ਼ਾਂਤ ਦਵਾ । ਕਲ ਪੈਜ ਸਵਾਰ ਪ੍ਰਭ, ਗੁਰਸਿਖਾਂ ਨਾ ਲੱਗੇ ਤੱਤੀ ਵਾ । ਪਰਗਟ ਜੋਤ ਨਿਹਕਲੰਕ ਝਬ, ਗੁਰਮੁਖਾਂ ਫੜੀ ਤੇਰੀ ਬਾਂਹ । ਬੇਮੁਖ ਕਲਜੁਗ ਮਾਇਆ ਲੱਬ, ਪ੍ਰਭ ਦਰ ਦੀਸੇ ਨਾ ਸਾਚਾ ਥਾਂ । ਮਹਾਰਾਜ ਸ਼ੇਰ ਸਿੰਘ ਜੁਗੋ ਜੁਗ ਕਰੇ ਸਭ ਆਪ, ਦੂਸਰ ਕੋਈ ਨਾ । ਏਕ ਆਪ ਦੂਸਰ ਨਾ ਕੋਇ । ਰਸਨਾ ਜਪ ਜੀਵ ਦਿਵਸ ਰੈਣ ਕਲ ਸਰਬ ਸੁੱਖ ਹੋਏ । ਪ੍ਰਭ ਸਾਚਾ ਘਰ ਪਰਗਟਿਆ, ਖੋਲ੍ਹ ਦੇਖ ਮੁਖ ਨੈਣ ਦੋਏ । ਅੰਧਿਆਂ ਰਾਹ ਵਖਾਣਦਾ, ਨਾੜੀ ਚਲੇ ਨਾ ਕੋਏ । ਪ੍ਰਭ ਆਪਣਾ ਚੋਜ ਵਡਾਣਦਾ, ਪਰਖ ਨਾ ਸਕੇ ਕੋਏ । ਗੁਰਸਿਖ ਚਰਨ ਪ੍ਰਭ ਮਾਣਦਾ, ਪ੍ਰਭ ਦਿਖਾਵੇ ਤੀਨ ਲੋਏ । ਪ੍ਰਭ ਜੰਦਰ ਤੋੜੇ ਅਭਿਮਾਨ ਦਾ, ਸਚਾ ਨਾਮ ਜਾਏ ਹਿਰਦੇ ਪਰੋਏ । ਵਕ਼ਤ ਆਇਆ ਸਚ ਮਿਹਰਵਾਨ ਦਾ, ਗੁਰਸਿਖਾਂ ਆਤਮ ਜਾਏ ਧੋਏ । ਕਲਜੁਗ ਮੇਲ ਹੋਇਆ ਭਗਤ ਭਗਵਾਨ ਦਾ, ਗੁਰ ਗੋਬਿੰਦ ਪਰਗਟੇ ਦੋਏ । ਰੈਣ ਸਬਾਈ ਮੰਗਲ ਗਾਇਆ, ਹਰਿ ਹਰਿ ਹਰਿ ਪ੍ਰਭ ਰਸਨਾ ਜਪ ਆਤਮ ਸੁਖ ਪਾਇਆ । ਅੰਮ੍ਰਿਤ ਵੇਲਾ ਹੋਇਆ ਸਚ, ਸਾਚਾ ਅੰਮ੍ਰਿਤ ਪ੍ਰਭ ਮੁਖ ਚੁਆਇਆ । ਗੁਰ ਧਾਮ ਚਲ ਆਈ ਸੰਗਤ, ਪ੍ਰਭ ਸਾਚੇ ਮਾਣ ਦਵਾਇਆ । ਝੂਠੇ ਛੱਡ ਜਗਤ ਕੇ ਕਾਮ, ਨਾਮ ਵਿਚ ਸਚ ਦਰ ਘਰ ਲਿਖਾਇਆ । ਆਤਮ ਮਿਲਿਆ ਠੰਡਾ ਥਾਉਂ, ਗੁਰਚਰਨ ਨਿਵਾਸ ਦਵਾਇਆ । ਸੋਹੰ ਸ਼ਬਦ ਕਲ ਸਾਚੀ ਨਾਓ, ਗੁਰਮੁਖ ਚਾੜ੍ਹ ਕਲ ਪ੍ਰਭ ਬੇੜਾ ਪਾਰ ਕਰਾਇਆ । ਪਰਗਟ ਜੋਤ ਅਗੰਮ ਅਥਾਹੋ, ਸਿਰ ਸੰਗਤ ਹੱਥ ਟਿਕਾਇਆ । ਮਹਾਰਾਜ ਸ਼ੇਰ ਸਿੰਘ ਸਚਾ ਬੇਪਰਵਾਹੁ, ਦਰਸ ਦਾਨ ਦੇ ਵੇਲੇ ਅੰਮ੍ਰਿਤ ਪੱਤਤ ਪਾਪੀ ਸਭ ਤਰਾਇਆ । ਪੱਤਤ ਪਾਵਨ ਦੁੱਖ ਭੈ ਭੰਜਨ । ਹੰਕਾਰ ਨਿਵਾਰ ਪ੍ਰਭ ਤ੍ਰੈਲੋਕੀ ਨੰਦਨ । ਸਾਚਾ ਨਾਮ ਦਰ ਗੁਰਸਿਖ ਖੜ੍ਹੇ ਮੰਗਣ । ਹਿਰਦਕ ਹੋ ਪਰਵੇਸ਼ ਸਾਚੀ ਨਾਮ ਪ੍ਰਭ ਚਾੜ੍ਹੇ ਰੰਗਣ । ਮਹਾਰਾਜ ਸ਼ੇਰ ਸਿੰਘ ਦਰ ਆਏ ਜੇਠ ਪੰਚਮ ਪਾਰ ਸਾਰੇ ਲੰਘਣ । ਪੰਚਮ ਜੇਠ ਦਿਵਸ ਸੁਹਾਇਆ । ਵੀਹ ਸੌ ਅੱਠ ਪਰਗਟ ਜੋਤ ਵਿਚ ਕਲ ਦੇ ਆਇਆ । ਪਰਗਟ ਜੋਤ ਨਿਹਕਲੰਕ ਦਰਸ ਦਿਖਾਇਆ । ਜੋਤ ਸਰੂਪੀ ਜੋਤ ਧਰ, ਪ੍ਰਭ ਪੂਰਨ ਵਿਚ ਸਿੱਖ ਦੇਹ ਸਮਾਇਆ । ਦਰ ਆਇਆ ਜੋ ਜਨ ਮਨ ਦਰਸ ਲੋਚ ਕਰ, ਪ੍ਰਭ ਪੂਰਨ ਆਸ ਕਰਾਇਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਅੰਤਕਾਲ ਕਲ ਹੋਏ ਸਹਾਇਆ । ਸ਼ਬਦ ਸੁਣਾਏ ਪ੍ਰਭ ਸੰਗਤ ਸਾਧ । ਸੋਹੰ ਸ਼ਬਦ ਜੀਵ ਸਦ ਰਸਨਾ ਅਰਾਧ । ਦੇ ਧੁੰਨ ਵਜਾਏ ਆਤਮ ਨਾਦ । ਗੁਰਸਿਖ ਪੂਰੇ ਖੁਲ੍ਹ ਜਾਏ ਸੁਨ ਸਮਾਧ । ਸਾਚਾ ਪ੍ਰਭ ਜੋਤ ਜਗਾਵੇ ਵਿਚ ਮਾਤ ਆਦਿ ਜੁਗਾਦਿ । ਮਹਾਰਾਜ ਸ਼ੇਰ ਸਿੰਘ ਜੁਗੋ ਜੁਗ ਸ਼ਬਦ ਚਲਾਏ ਬੋਧ ਅਗਾਧ । ਅਗਾਧ ਬੋਧ ਪ੍ਰਭ ਕੀ ਬਾਣੀ । ਬਿਨ ਪ੍ਰਭ ਕਿਸੇ ਜੀਵ ਨਾ ਰਸਨ ਵਖਾਣੀ । ਪ੍ਰਭ ਕੀ ਮਹਿੰਮਾ ਕਿਸੇ ਵਿਰਲੇ ਗੁਰਮੁਖ ਜਾਣੀ । ਮਹਾਰਾਜ ਸ਼ੇਰ ਸਿੰਘ ਕਲ ਪਰਗਟਿਆ, ਗੁਰਸਿਖ ਘਰ ਚੋਜ ਵਡਾਣੀ । ਸੁਹਾਇਆ ਥਾਨ ਸਚਖੰਡ ਦੁਆਰਾ । ਬ੍ਰਹਮਾ ਵਿਸ਼ਨ ਮਹੇਸ਼ ਸਦ ਖੜ੍ਹੇ ਦਵਾਰਾ । ਸੁਰਪਤ ਰਾਜਨ ਕਰੋੜ ਤੇਤੀਸ ਦਰ ਆਏ ਚਰਨ ਨਿਮਸਕਾਰਾ । ਸਾਧ ਸੰਗਤ ਕਲਜੁਗ ਸਹਾਇਆ, ਜੋ ਡਿੱਗੇ ਪ੍ਰਭ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਗੁਰਸਿਖਾਂ ਦੇਵੇ ਮੋਖ ਦੁਆਰਾ । ਗੁਰਸੰਗਤ ਤੇਰਾ ਮਾਣ ਤਾਣ ਪ੍ਰਭ । ਗੁਰਸੰਗਤ ਵਿਸ਼ਨੂੰ ਭਗਵਾਨ ਕਲ ਲਿਆ ਲੱਭ । ਗੁਰਸੰਗਤ ਜੇਠ ਪੰਚਮ ਆਈ ਸਭ । ਮਹਾਰਾਜ ਸ਼ੇਰ ਸਿੰਘ ਕਿਰਪਾ ਨਿਧ, ਅੰਮ੍ਰਿਤ ਬੂੰਦ ਪਾਏ ਨੱਭ । ਦੀਆ ਦਾਨ ਆਪ ਪ੍ਰਭ ਦਾਤੇ । ਜਗਤ ਪ੍ਰੀਤੀ ਸਚ ਗੁਰਚਰਨ ਨਾਤੇ । ਅੰਤਕਾਲ ਬਿਨ ਪ੍ਰਭ ਕੋਈ ਨਾ ਪੁੱਛੇ ਵਾਤੇ । ਮਹਾਰਾਜ ਸ਼ੇਰ ਸਿੰਘ ਦਰ ਆਏ ਗੁਰਸਿਖ

ਤਰਾਏ, ਸਾਚਾ ਸ਼ਬਦ ਲਿਖਾਏ ਵੇਲੇ ਪ੍ਰਭਾਤੇ । ਵੇਲਾ ਵਕਤ ਪਛਾਣ ਕੇ, ਪ੍ਰਭ ਦਇਆ ਕਮਾਈ । ਹੁਕਮੇ ਅੰਦਰ ਸਭ ਜੀਵ, ਬਿਨ ਹੁਕਮ ਨਾ ਕੋਏ ਆਵੇ ਜਾਈ । ਗੁਰ ਪਰਸਾਦੀ ਸਚ ਪਰਸਾਦ ਦੇ, ਸਾਚੀ ਕੁੱਖ ਸੁਫਲ ਕਰਾਈ । ਮਹਾਰਾਜ ਸ਼ੇਰ ਸਿੰਘ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦੇ, ਜੀਵ ਸਾਚੀ ਬਣਤ ਬਣਾਈ ।

❊ ੭ ਜੇਠ ੨੦੦੮ ਬਿਕ੍ਰਮੀ ਸੰਤਾ ਸਿੰਘ ਦੇ ਗ੍ਰਿਹ ਪਿੰਡ ਭੰਡਾਲ ❊

ਧੰਨ ਧੰਨ ਧੰਨ ਮਨੀ ਸਿੰਘ ਤੇਰੀ ਸਤਿ ਕਮਾਈ । ਸੋਹੰ ਸ਼ਬਦ ਧੁਨ ਪ੍ਰਭ ਸਾਚੇ ਵਿਚ ਵਜਾਈ । ਖੋਲ੍ਹ ਦਿਖਾਵੇ ਆਤਮ ਸੁਨ, ਭੁੱਲ ਰਹੀ ਨਾ ਰਾਈ । ਪ੍ਰਭ ਮਿਲਿਆ ਭਗਤ ਜਨ ਸਤਿਜੁਗ ਦੇਵੇ ਪ੍ਰਭ ਵਡਿਆਈ । ਉਪਜੇ ਧੁਨ ਮਨ ਭਏ ਗਿਆਨਾ । ਹੋਇਆ ਸਪੂਤ ਪ੍ਰਭ ਮਿਲਿਆ ਹੋਏ ਬਿਧਨਾਨਾ । ਕਲਜੁਗ ਪ੍ਰਭ ਕਾ ਸਾਚਾ ਸੁੱਤ, ਚਰਨ ਧੂੜ ਕਰੇ ਅਸ਼ਨਾਨਾ । ਮਹਾਰਾਜ ਸ਼ੇਰ ਸਿੰਘ ਦੇਵੇ ਆਤਮ ਬ੍ਰਹਮ ਗਿਆਨਾ । ਸੋਹੰ ਸ਼ਬਦ ਸਚ ਰਾਗ ਸੁਣਾਇਆ । ਅਗਿਆਨ ਅੰਧੇਰ ਵਿਚੋਂ ਦੇਹ ਮਿਟਾਇਆ । ਝੂਠੀ ਦੁਨੀਆ ਪ੍ਰਭ ਪੜਦਾ ਪਾਇਆ । ਧਾਰ ਖੇਲ ਚਤੁਰਭੁਜ ਕਹਾਇਆ । ਸੋਹੰ ਸ਼ਬਦ ਰਾਹ ਚਲਾਇਆ । ਅੰਤਕਾਲ ਨਾ ਲਾਗੇ ਤੱਤੀ ਵਾ, ਮਹਾਰਾਜ ਸ਼ੇਰ ਸਿੰਘ ਅੰਤ ਹੋਏ ਸਹਾਇਆ । ਭਗਤਨ ਤਾਰੇ ਆਪ ਭਗਵੰਤ । ਪ੍ਰਭ ਕੀ ਮਹਿੰਮਾ ਬੜੀ ਬੇਅੰਤ । ਕਲਜੁਗ ਨਾ ਪਛਾਣੇ ਕੋਈ ਜੀਵ ਜੰਤ । ਪ੍ਰਭ ਅਬਿਨਾਸ਼ੀ ਤਾਰਿਆ ਕਲ ਪੂਰਨ ਮਨੀ ਸਿੰਘ ਸੰਤ । ਸੰਤਨ ਮਹਿੰਮਾ ਜੀਵ ਨਾ ਜਾਣੇ । ਪੂਰਨ ਸੰਤ ਆਤਮ ਰਸ ਮਾਣੇ । ਵਿਸ਼ਨੂੰ ਭਗਵਾਨ ਆਤਮ ਦੇਵੇ ਬ੍ਰਹਮ ਗਿਆਨੇ । ਬ੍ਰਹਮ ਗਿਆਨੀ ਸਤਿ ਸਰੂਪ, ਬਿਨ ਪ੍ਰਭ ਕਲਜੁਗ ਕੋਈ ਨਾ ਜਾਣੇ । ਮਹਾਰਾਜ ਸ਼ੇਰ ਸਿੰਘ ਪਰਗਟ ਹੋਏ ਵਿਚ ਅੰਧ ਕੂਪ, ਛੱਡ ਜਾਏ ਚੋਲਾ ਦੇਹ ਪੁਰਾਣੇ । ਆਦਿ ਅੰਤ ਪ੍ਰਭ ਜੋਤੀ ਜੋਤਾ । ਤੀਨ ਲੋਕ ਪ੍ਰਭ ਇਕ ਰੰਗ ਹੋਤਾ । ਅੰਤਕਾਲ ਕਲ ਰਿਹਾ ਸੋਤਾ । ਅੰਤਕਾਲ ਨਰਕ ਲਵਾਇਆ ਗੋਤਾ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ, ਅੰਤਕਾਲ ਨਾ ਹੋਏ ਧੋਖਾ । ਜੋਤ ਸਰੂਪ ਜਗ ਪ੍ਰਭ ਆਇਆ । ਕਲਜੁਗ ਨਿਹਕਲੰਕ ਪ੍ਰਭ ਨਾਉਂ ਧਰਾਇਆ । ਬੇਮੁਖ ਵੇਖੇ ਦਿਸ ਨਾ ਆਇਆ । ਕਲਜੁਗ ਜਾਮਾ ਧਾਰ, ਘਨਕਪੁਰੀ ਪ੍ਰਭ ਭਾਗ ਲਗਾਇਆ । ਮਹਾਰਾਜ ਸ਼ੇਰ ਸਿੰਘ ਕਲ ਪੂਰਨ ਅਵਤਾਰ, ਚਰਨ ਆਇਆ ਸੋ ਪਾਰ ਕਰਾਇਆ । ਜੋ ਜਨ ਆਏ ਪ੍ਰਭ ਚਰਨ ਦਵਾਰ । ਪ੍ਰਭ ਸਾਚਾ ਵਡ ਦਿਸੇ ਦਰਬਾਰ । ਪਰਗਟੀ ਜੋਤ ਕਲ ਆਪ ਨਿਰੰਕਾਰ । ਗੁਰਸਿਖ ਸੁੱਤੇ ਬਾਂਹੋਂ ਪਕੜ ਪ੍ਰਭ ਲਏ ਸੰਭਾਲ । ਮਹਾਰਾਜ ਸ਼ੇਰ ਸਿੰਘ ਤੇਰੀ ਕਿਸੇ ਨਾ ਪਾਈ ਸਾਰ । ਕਲਜੁਗ ਜੀਵ ਉਪਾਇਆ, ਭਰਮ ਭੁਲੇਖੇ ਜਗਤ ਭੁਲਾਇਆ । ਜੋਤ ਸਰੂਪ ਪ੍ਰਭ ਨਜ਼ਰ ਨਾ ਆਇਆ । ਗੁਰਸਿਖਾਂ ਆਤਮ ਜੋਤ ਧਰ, ਬ੍ਰਹਮ ਗਿਆਨ ਦਵਾਇਆ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਕਲ ਜੋਤ ਸਰੂਪ ਖੇਲ ਰਚਾਇਆ । ਜੋਤ ਸਰੂਪ ਜਗਤ ਪ੍ਰਭ ਦਾਤਾ । ਆਪਣੇ ਰੰਗ ਰਵੇ ਪ੍ਰਭ ਸਦਾ ਰੰਗ ਰਾਤਾ । ਕਲਜੁਗ ਪਰਗਟੇ ਜੋਤ ਪ੍ਰਭ ਬ੍ਰਹਮ ਗਿਆਤਾ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਗੁਰਮੁਖ ਵਿਰਲੇ ਕਿਸੇ ਪਛਾਤਾ । ਜਾਣੇ ਸੋ ਜਿਸ ਜਨ ਪ੍ਰਭ ਆਪ ਜਣਾਏ । ਆਤਮ ਬੁਝੀ ਦੀਪ ਜੋਤ ਸਰੂਪ ਪ੍ਰਭ ਦਏ ਜਗਾਏ । ਪ੍ਰਭ ਸਾਚੇ ਕੀ ਸਾਚੀ ਰੀਤ, ਜਾਮਾ ਧਾਰ ਜੁਗੋ ਜੁਗ ਜਗਤ ਮੇਂ ਆਏ । ਗੁਰਸਿਖਾਂ ਆਤਮ ਠੰਡੀ

ਸੀਤ, ਜੋਤ ਸਰੂਪ ਪ੍ਰਭ ਵਿਚ ਰਿਹਾ ਸਮਾਏ । ਸਾਧ ਸੰਗਤ ਮਨ ਗਾਓ ਪ੍ਰਭ ਕੇ ਗੀਤ, ਅੰਤਕਾਲ ਵਿਚ ਜੋਤ ਮਿਲਾਏ । ਮਹਾਰਾਜ ਸ਼ੇਰ ਸਿੰਘ ਜੀਵ ਰਸਨਾ ਜਪ, ਨਿਹਕਲੰਕ ਨਰ ਨਰਾਇਣ ਕਲਜੁਗ ਆਏ । ਨਿਹਕਲੰਕ ਪ੍ਰਭ ਕਲਜੁਗ ਅਵਤਾਰ । ਸੋਹੰ ਸ਼ਬਦ ਪ੍ਰਭ ਚਾਰ ਕੁੰਟ ਕਰਾਏ ਜੈ ਜੈਕਾਰਾ । ਅਨਹਦ ਸ਼ਬਦ ਜਨ ਭਗਤਾਂ ਵਿਚ ਧੁਨਕਾਰਾ । ਉਪਜੇ ਧੁਨ ਪ੍ਰਭ ਖੋਲ੍ਹੇ ਸੁਨ, ਜੋਤ ਸਰੂਪ ਪ੍ਰਭ ਕਵਲ ਖੁਲ੍ਹਾਏ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਕਲਜੁਗ ਭਗਤ ਧੰਨ, ਜੋਤ ਸਰੂਪ ਪ੍ਰਭ ਕੀਆ ਆਕਾਰਾ । ਅਗਨ ਜੋਤ ਲਾਈ ਸੰਸਾਰ । ਚਾਰ ਕੁੰਟ ਹੋਏ ਹਾਹਾਕਾਰ । ਜਨ ਭਗਤਾਂ ਮਨ ਜੈ ਜੈ ਜੈਕਾਰ । ਨਿਹਕਲੰਕ ਪ੍ਰਭ ਲੈ ਅਵਤਾਰ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਆਦਿ ਅੰਤ ਏਕੰਕਾਰ । ਆਦਿ ਅੰਤ ਪ੍ਰਭ ਏਕਾ ਏਕ । ਸੋਹੰ ਸ਼ਬਦ ਪ੍ਰਭ ਸਾਚੀ ਦੇਵੇ ਟੇਕ । ਜਨ ਭਗਤਾਂ ਕਰੇ ਬੁਧ ਬਿਬੇਕ । ਜੁਗੋ ਜੁਗ ਪ੍ਰਭ ਵੇਸ ਅਨੇਕ । ਮਹਾਰਾਜ ਸ਼ੇਰ ਸਿੰਘ ਕਲ ਭਗਤਾਂ ਆਏ ਸਚ ਲਿਖਾਏ ਲੇਖ । ਕਲਜੁਗ ਮਨੀ ਸਿੰਘ ਸੰਤ ਵਡਿਆਇਆ । ਸੁਰਤ ਸ਼ਬਦ ਪ੍ਰਭ ਗਿਆਨ ਦੇ, ਕਪਾਟ ਬਜਰ ਖੁਲ੍ਹਾਇਆ । ਅੰਮ੍ਰਿਤ ਸਾਚਾ ਨਾਮ ਦੇ, ਆਤਮ ਝਿਰਨਾ ਨਿਝਰੋਂ ਝਰਾਇਆ । ਸੋਹੰ ਸਾਚਾ ਨਾਮ ਦਾਨ ਦੇ, ਅਨਹਦ ਧੁਨ ਵਾਜੇ ਦੇ ਵਜਾਇਆ । ਪੂਰਨ ਸੁਰਤੀ ਪ੍ਰਭ ਚਰਨ ਧਿਆਨ ਦੇ, ਨਰ ਨਰਾਇਣ ਪ੍ਰਭ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਸਚ ਗਿਆਨ ਦੇ, ਖੰਡ ਸਾਚੇ ਦਾ ਦਰਸ ਦਿਖਾਇਆ । ਕਰ ਦਰਸ ਦੇਹ ਹੋਏ ਉਜਿਆਰਾ । ਮਿਟ ਗਿਆ ਝੂਠਾ ਅੰਧ ਅੰਧਿਆਰਾ । ਉਪਜੇ ਸ਼ਬਦ ਵੱਜੇ ਧੁਨਕਾਰਾ । ਦੋਏ ਜੋੜ ਖੜਾ ਪ੍ਰਭ ਚਰਨ ਦਵਾਰਾ । ਮਾਣੇ ਰੰਗ ਕਲ ਸਚ ਭਤਾਰਾ । ਜਗਤ ਤਜਾਇਆ ਸਾਰਾ ਰੰਗ, ਢਹਿ ਪਿਆ ਗੁਰਚਰਨ ਦਵਾਰਾ । ਸੋਹੰ ਸ਼ਬਦ ਸਚ ਲਿਆ ਦਾਨ ਮੰਗ, ਮਹਾਰਾਜ ਸ਼ੇਰ ਸਿੰਘ ਆਤਮ ਭਰ ਦਏ ਭੰਡਾਰਾ । ਸ਼ਬਦ ਸੁਰਤ ਪ੍ਰਭ ਗਿਆਨ ਦਵਾਇਆ । ਸੰਤ ਮਨੀ ਸਿੰਘ ਬਾਂਹੋਂ ਪਕੜ ਉਠਾਇਆ । ਆਤਮ ਬ੍ਰਹਮ ਗਿਆਨ ਦੇ, ਅੰਤਕਾਲ ਕਲ ਲੇਖ ਲਿਖਾਇਆ । ਪੂਰਨ ਸ਼ਕਤੀ ਬ੍ਰਹਮ ਗਿਆਨ ਦੇ, ਦਿਵਸ ਰੈਣ ਪ੍ਰਭ ਸੇਵਾ ਲਾਇਆ । ਅੰਤਕਾਲ ਕਲ ਮਾਣ ਦੇ, ਅਗਾਧ ਬੋਧ ਪ੍ਰਭ ਸ਼ਬਦ ਲਿਖਾਇਆ । ਸ਼ਬਦ ਸੁਰਤੀ ਪ੍ਰਭ ਲੇਖ ਲਿਖਾ ਕੇ । ਕਲੰਕਨਿਹ ਆਇਆ ਭੇਖ ਵਟਾ ਕੇ । ਜੋਤ ਸਰੂਪ ਕਲ ਜੋਤ ਪਰਗਟਾਕੇ । ਬੇਮੁਖਾਂ ਕੋਲੋਂ ਮੁਖ ਛੁਪਾ ਕੇ । ਗੁਰਸਿਖ ਸੋਝੀ ਪਾ ਕੇ । ਸਵੱਛ ਸਰੂਪ ਜਾਏ ਦਰਸ ਦਿਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਜਾਵੇ ਲਾ ਕੇ । ਧੰਨ ਧੰਨ ਧੰਨ ਮਨੀ ਸਿੰਘ ਧੰਨ ਤੇਰੇ ਸਿਖ, ਜਿਨ੍ਹਾਂ ਤੇਰੀ ਸੇਵ ਕਮਾਈ । ਕਲਜੁਗ ਜਾਮਾ ਧਾਰ ਅੰਤਕਾਲ ਆਏ ਪ੍ਰਭ ਤੇਰੀ ਪੈਜ ਰਖਾਈ । ਗੁਣ ਨਿਧਾਨ ਘਰ ਆਇਕੇ, ਸਿੱਖ ਮਾਣ ਦਿਵਾਈ । ਜਿਥੇ ਗਿਉਂ ਦੇਹ ਤਜਾਇਕੇ, ਸਤਿਜੁਗ ਨਗਰੀ ਸਤਿ ਰਖਾਈ । ਫਿਰ ਆਇਉਂ ਜੋਤ ਪਰਗਟਾਇਕੇ, ਨਿਹਕਲੰਕ ਦੇਵੇ ਵਡਿਆਈ । ਮਹਾਰਾਜ ਸ਼ੇਰ ਸਿੰਘ ਸਤਿਜੁਗ ਅੰਦਰ ਸਚ ਤਖ਼ਤ ਜਾਏ ਬਹਾਇਕੇ, ਚਾਰ ਵਰਨ ਕਰੇ ਤੇਰੀ ਵਡਿਆਈ । ਅੰਤਕਾਲ ਕਲ ਪ੍ਰਭ ਖੇਲ ਰਚਾਇਆ । ਚਾਰ ਵਰਨ ਅੰਤਕਾਲ ਇਕ ਕਰਾਇਆ । ਰਾਜਾ ਰਾਣਾ ਫੜ ਤਖ਼ਤੋਂ ਲਾਹਿਆ । ਪੂਰਨ ਪਾਈ ਘਾਲ, ਜੋ ਦੁੱਖ ਸੰਗਰੂਰ ਮੇਂ ਪਾਇਆ । ਪ੍ਰਭ ਤੋੜੇ ਸਰਬ ਜੰਜਾਲ, ਅੰਤਕਾਲ ਪ੍ਰਭ ਹੋਏ ਸਹਾਇਆ । ਗੁਰਮੁਖ ਵਿਰਲਾ ਜਾਣੇ ਪਿਛਲਾ ਹਾਲ, ਮਹਾਰਾਜ ਸ਼ੇਰ ਸਿੰਘ ਸਚ ਦਏ ਲਿਖਾਇਆ । ਵਕਤ ਸੁਹਾਏ ਆਣ ਪ੍ਰਭ, ਜਾਂ ਹੋਏ ਵੇਲਾ । ਵਕਤ ਸੁਹਾਏ ਆਣ ਪ੍ਰਭ, ਕਲਜੁਗ ਖੇਲ ਪ੍ਰਭ ਖੇਲਾ । ਅੰਤ ਗਵਾਏ ਮਾਣ ਸਭ, ਵਿਛੜਿਆਂ ਪ੍ਰਭ ਸੰਜੋਗੀ ਮੇਲਾ । ਗਤ ਮਿਤ ਜਾਣੇ ਆਪ ਸਭ, ਜੋਤ ਸਰੂਪੀ

ਅਚਰਜ ਖੇਲਾ । ਅੰਮ੍ਰਿਤ ਝਿਰਨਾ ਵਿਚ ਝਿਰਾਏ ਨਭ, ਜਗਾਏ ਜੋਤ ਆਤਮ ਬਿਨ ਬਾਤੀ ਬਿਨ ਤੇਲਾ । ਕਲਜੁਗ ਅੰਦਰ ਮਹਾਰਾਜ ਸ਼ੇਰ ਸਿੰਘ, ਭਗਤ ਭਗਵਾਨ ਕਰਾਏ ਮੇਲਾ । ਭਗਤਨ ਉਪਜੇ ਮਨ ਅੰਧ ਅਗਿਆਨ । ਸੁਰਤ ਸ਼ਬਦ ਪ੍ਰਭ ਦੇਵੇ ਬ੍ਰਹਮ ਗਿਆਨ, ਚਰਨ ਧੂੜ ਸਭ ਤੀਰਥ ਇਸ਼ਨਾਨ । ਸੋਹੰ ਸ਼ਬਦ ਆਤਮ ਦਾਨ । ਕਲਜੁਗ ਪਾਰ ਕਰਾਏ ਪੁਰਖ ਚਤੁਰ ਸੁਜਾਨ । ਖਾਲੀ ਦਿਸਣ ਸੋ ਜਨ, ਮਦਿ ਮਾਸ ਜੋ ਰਸਨਾ ਲਾਣ । ਕਲਜੁਗ ਅੰਦਰ ਪੂਰਨ ਜੋਤ ਪਰਗਟੇ ਵਿਸ਼ਨੂੰ ਭਗਵਾਨ । ਆਪ ਅਡੋਲ ਪ੍ਰਭ, ਸਭ ਜਗਤ ਡੁਲਾਇਆ । ਸੋ ਸੁਹਾਏ ਥਾਨ, ਪ੍ਰਭ ਜਿਥੇ ਡੇਰਾ ਲਾਇਆ । ਤੋੜ ਦੇ ਮਾਣ ਹੰਕਾਰ ਵਿਕਾਰ, ਜੋ ਜੀਵ ਰਿਦੇ ਵਸਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਵੇ ਝਬ, ਸਾਧ ਸੰਗਤ ਜਿਥੇ ਰਸਨ ਧਿਆਇਆ । ਰਸਨਾ ਜਪਿਆ ਰਮਈਆ ਰਾਮ । ਪਰਗਟ ਜੋਤ ਪ੍ਰਭ ਪੂਰਨ ਕਰਾਏ ਕਾਮ । ਮਨੀ ਸਿੰਘ ਦਵਾਏ ਮਾਣ ਪ੍ਰਭ, ਪਿੰਡ ਭੰਡਾਲ ਬਣੇ ਸਚ ਧਾਮ । ਰਾਜੇ ਰਾਣੇ ਆਵਣ ਦਰ, ਸੋਹੰ ਸ਼ਬਦ ਮਾਰੇ ਬਾਣ । ਮਹਾਰਾਜ ਸ਼ੇਰ ਸਿੰਘ ਜੋਤ ਨਿਰਜੰਣ, ਸਤਿਜੁਗ ਜੋਤ ਪਰਗਟਾਵੇ ਝਬ । ਜੋਤ ਸਰੂਪ ਪ੍ਰਭ ਨਿਰਾਹਾਰ । ਜਨ ਭਗਤਾਂ ਦੇਵੇ ਨਾਮ ਅਧਾਰ । ਕਲਜੁਗ ਜਾਮਾ ਧਾਰ, ਬੇੜਾ ਕਰ ਜਾਏ ਪਾਰ । ਗੁਰਸਿਖ ਵਿਰਲਾ ਪ੍ਰਭ ਕੀ ਪਾਵੇ ਸਾਰ । ਮੂਰਖ ਮੁਗਧ ਨਾ ਕਰੇ ਵਿਚਾਰ । ਕਲਜੁਗ ਅੰਦਰ ਭਗਤ ਜਨ ਉਜਲੇ, ਜੋਤ ਸਰੂਪ ਪ੍ਰਭ ਕਰੇ ਆਕਾਰ । ਨਿਹਕਲੰਕ ਕਲ ਅਵਤਾਰ । ਭਗਤਨ ਦੇਵੇ ਕਲਜੁਗ ਤਾਰ । ਸੰਤਨ ਦੇਵੇ ਪ੍ਰਭ ਸਾਚੀ ਸਾਰ । ਨਿਹਕਲੰਕ ਕਲ ਆਇਆ । ਘਨਕਪੁਰੀ ਪ੍ਰਭ ਭਾਗ ਲਗਾਇਆ । ਨਰਾਇਣ ਲੱਖਮੀ ਪ੍ਰਭ ਮਨੀ ਸਿੰਘ ਦਰਸ ਦਿਖਾਇਆ । ਕਵਲ ਨੈਣ ਸਿਰ ਮੁਕਟ ਟਿਕਾਇਆ । ਕਰ ਦਰਸ ਆਤਮ ਤ੍ਰਿਪਤਾਇਆ । ਤਨ ਮਨ ਹੋਏ ਪ੍ਰਭ ਚਰਨ ਸੇਵ ਕਮਾਇਆ । ਆਤਮ ਲਿਆ ਪ੍ਰਭ ਸਾਚਾ ਮੰਨ, ਦੋਏ ਜੋੜ ਦਰ ਸੀਸ ਜਿਸ ਝੁਕਾਇਆ । ਸ਼ਬਦ ਲਿਖਾਵੇ ਪ੍ਰਭ ਸਾਚਾ ਧੰਨ, ਬਾਣੀ ਬੋਧ ਜਗਤ ਲਿਖਾਇਆ । ਵੱਜੇ ਵਾਜ ਸ਼ਬਦ ਗੁਣ, ਆਤਮ ਧੁਨ ਨਾਦ ਵਜਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਸੰਤ ਮਨੀ ਸਿੰਘ ਮਾਣ ਦਵਾਇਆ । ਮਨੀ ਸਿੰਘ ਸਚ ਤੇਰਾ ਧਾਮ । ਪਰਗਟ ਜੋਤ ਪ੍ਰਭ ਕਰੇ ਤੇਰਾ ਕਾਮ । ਸਤਿਜੁਗ ਉਜਲ ਹੋਏ ਤੇਰਾ ਨਾਮ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਕਲਜੁਗ ਪਰਗਟੇ ਜਿਉਂ ਦੁਆਪਰ ਸ਼ਾਮ । ਸੰਤਨ ਸੰਗ ਪ੍ਰਭ ਵਸਣੇਹਾਰਾ । ਸ਼ਬਦ ਸੁਰਤ ਸਾਚਾ ਰਾਹ ਦੱਸਣੇਵਾਲਾ । ਕਲਜੁਗ ਪਰਗਟੇ ਜੋਤ, ਚਾਰ ਕੁੰਟ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਜੋ ਕਿਛ ਕਰੇ ਸੋਈ ਕਲ ਹੋਤ, ਪਰਗਟੇ ਨਿਹਕਲੰਕ ਅਵਤਾਰਾ । ਦੁੱਖ ਭੁੱਖ ਪ੍ਰਭ ਰੋਗ ਮਿਟਾਇਆ । ਅੰਮ੍ਰਿਤ ਮੇਘ ਬਰਸ ਆਤਮ ਤ੍ਰਿਪਤਾਇਆ । ਸੁਫਲ ਕਰਾਏ ਮਾਤ ਕੁੱਖ, ਜਿਸ ਜੀਵ ਮੁਖ ਪਾਇਆ । ਅੰਤਕਾਲ ਕਲ ਲੱਗੇ ਨਾ ਦੁੱਖ, ਸਾਚਾ ਪ੍ਰਭ ਹੋ ਜਾਏ ਸਹਾਇਆ । ਨਿਰਧਨ ਬਾਲ ਉਪਜੇ ਕੁੱਖ, ਜੋ ਜਨ ਆਏ ਗੁਰਚਰਨ ਸੀਸ ਨਿਵਾਇਆ । ਕਲਜੁਗ ਭਲੇ ਸੇ ਮਨੁੱਖ, ਪ੍ਰਭ ਅਬਿਨਾਸ਼ੀ ਘਰ ਮਾਹਿ ਪਾਇਆ । ਬੇਮੁਖ ਖਾਲੀ ਜਿਉਂ ਸਿੰਮਲ ਰੁੱਖ, ਅੰਤਕਾਲ ਪ੍ਰਭ ਨਰਕ ਨਿਵਾਸ ਰਖਾਇਆ । ਗੁਰਮੁਖਾਂ ਕਰ ਉਜਲ ਮੁਖ, ਮਹਾਰਾਜ ਸ਼ੇਰ ਸਿੰਘ ਪਰਗਟ ਜੋਤ ਦਰਸ ਦਿਖਾਇਆ । ਗੁਰਸਿਖ ਜੀਵ ਕਲ ਗੁਰਚਰਨ ਭਰਵਾਸੇ । ਸਾਚਾ ਪ੍ਰਭ ਕਿਰਪਾ ਕਰ, ਆਤਮ ਜੋਤ ਕਰੇ ਪਰਕਾਸ਼ੇ । ਕਲਜੁਗ ਪ੍ਰਭ ਧਰਨੀ ਧਰ, ਕੋਈ ਜੀਵ ਨਾ ਜਾਏ ਨਿਰਾਸੇ । ਸਾਚਾ ਪ੍ਰਭ ਭਰ ਜਾਏ ਭੰਡਾਰੇ ਅਤੁਲ ਅਖੁੱਟ ਸਚ ਬੈਕੁੰਠ ਕਰੇ ਨਿਵਾਸੇ । ਬੇਮੁਖ ਜੀਵ ਦਰ ਆਏ ਜਾਇਣ ਭੁੱਲ, ਗੁਰਸਿਖ ਪ੍ਰੀਤ ਚਰਨ ਰਹਿਰਾਸੇ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਆਪ ਅਤੁਲ ਨਾ ਤੁਲ

੪੧੭
੦੧

ਤੁਲਾਸੇ । ਜੀਵ ਕੀ ਜਾਣੇ ਪ੍ਰਭ ਕੀ ਸਾਰ । ਆਤਮ ਭੁੱਲੇ ਨਾ ਕਰੇ ਵਿਚਾਰ । ਵਿਚ ਵਸੇ ਪ੍ਰਭ ਸਚ ਭਤਾਰ । ਨਜ਼ਰ ਨਾ ਆਵੇ ਹੋਏ ਅੰਧ ਅੰਧਿਆਰ । ਗੁਰਮੁਖਾਂ ਪ੍ਰਭ ਆਤਮ ਗਿਆਨ ਦੇ, ਆਤਮ ਦੀਪ ਕਰੇ ਉਜਿਆਰ । ਸਚ ਪੁਰਖਾਂ ਚਰਨ ਧਿਆਨ ਦੇ, ਸਾਚੀ ਸ਼ਬਦ ਵੱਜੇ ਧੁਨਕਾਰ । ਮਹਾਰਾਜ ਸ਼ੇਰ ਸਿੰਘ ਸੋਹੰ ਦਾਨ ਦੇ, ਕਲਜੁਗ ਬੇੜਾ ਕਰ ਜਾਏ ਪਾਰ । ਅੰਤਕਾਲ ਕਲ ਪ੍ਰਭ ਆਪ ਕਰਾਏ । ਜੋਤ ਸਰੂਪ ਅਗਨ ਜੋਤ ਲਗਾਏ । ਸੋਹੰ ਸਾਚਾ ਬਾਣ ਪ੍ਰਭ ਸ਼ਬਦ ਚਲਾਏ । ਬੇਮੁਖਾਂ ਬਾਣ ਮਦਿ ਮਾਸੀ ਕੋਈ ਰਹਿਣ ਨਾ ਪਾਏ । ਗੁਰਸਿਖਾਂ ਦੇਵੇ ਬ੍ਰਹਮ ਗਿਆਨ, ਨਿਜ ਘਰ ਵਾਸੀ ਨਿਜ ਘਰ ਨਜ਼ਰੀ ਆਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਘਰ ਜੋਤ ਜਗਾਵੇ । ਭਗਤ ਤਰੇ ਜਗਤ ਭੁਲਾਇਆ । ਪ੍ਰਭ ਨਾ ਭੁੱਲੇ ਕਿਸੇ ਜਨ ਭੁਲਾਇਆ । ਬਾਂਹੋਂ ਪਕੜ ਗੁਰਸਿਖ ਸਾਚੇ ਮਾਰਗ ਲਾਇਆ । ਸੋਹੰ ਸਾਚਾ ਗਿਆਨ ਦੇ, ਪ੍ਰਭ ਆਤਮ ਜੋਤ ਜਗਾਇਆ । ਜਨ ਭਗਤਾਂ ਸੋਹਣ ਦਵਾਰ ਬੰਕ । ਕਲਜੁਗ ਜਾਮਾ ਧਾਰ ਇਕ ਕੀਆ ਰਾਓ ਰੰਕ । ਊਚ ਨੀਚ ਭੇਵ ਚੁਕਾਏ ਮਨਕ । ਮਹਾਰਾਜ ਸ਼ੇਰ ਸਿੰਘ ਭਗਤ ਜਨ ਤਾਰੇ, ਜਿਉਂ ਤਾਰੇ ਜਨਕ । ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਜੀਵ ਤਨ ਰਚਾਇਆ । ਮਤਿ ਮਨ ਬੁਧ ਧਰ, ਪਵਣ ਰੂਪੀ ਸਵਾਸ ਚਲਾਇਆ । ਕਾਮ ਕਰੋਧ ਹੰਕਾਰ ਕਰ, ਜਗ ਝੂਠੇ ਧੰਦੇ ਲਾਇਆ । ਬੇਮੁਖ ਜੀਵ ਖੁਆਰ ਕਰ, ਮਦਿ ਮਾਸ ਆਹਾਰ ਬਣਾਇਆ । ਜਨ ਭਗਤਾਂ ਕਲ ਵਿਚਾਰ ਕਰ, ਸੋਹੰ ਸਾਚਾ ਨਾਮ ਜਪਾਇਆ । ਕਲਜੁਗ ਸਾਚੀ ਜੋਤ ਧਾਰ ਕਰ, ਨਿਹਕਲੰਕ ਨਾਉਂ ਧਰਾਇਆ । ਜੋਤ ਸਰੂਪੀ ਆਕਾਰ ਕਰ, ਪ੍ਰਭ ਆਪਣਾ ਆਪ ਛੁਪਾਇਆ । ਜੀਵ ਜੰਤਾਂ ਜੋਤ ਅਧਾਰ ਧਰ, ਪ੍ਰਭ ਵਿਚੋਂ ਦਿਸ ਨਾ ਆਇਆ । ਜਨ ਭਗਤਾਂ ਕਰਮ ਵਿਚਾਰ ਕਰ, ਪ੍ਰਭ ਹਿਰਦਕ ਜੋਤ ਜਗਾਇਆ । ਉਤਮ ਵਿਚ ਸੰਸਾਰ ਕਰ, ਸਾਚਾ ਲੇਖ ਪ੍ਰਭ ਲਿਖਾਇਆ । ਕਲਜੁਗ ਉਤਮ ਖੇਲ ਕਰਤਾਰ ਕਰ, ਪ੍ਰਭ ਸਾਰਾ ਖੇਲ ਮਿਟਾਇਆ । ਜੋਤ ਸਰੂਪੀ ਅਗਨੀ ਬਾਲ ਕਰ, ਅਗਨ ਜੋਤ ਪ੍ਰਭ ਚਾਰ ਕੁੰਟ ਲਗਾਇਆ । ਦੁੱਖ ਭੁੱਖ ਕਲਜੁਗ ਜੀਵ ਬੇਹਾਲ ਕਰ, ਹਾਹਾਕਾਰ ਕਰ ਜਗਤ ਰੁਵਾਇਆ । ਨਿਹਕਲੰਕ ਕਲਜੁਗ ਅਵਤਾਰ ਨਰ, ਅੰਤਕਾਲ ਕਲ ਆਣ ਖਪਾਇਆ । ਗੁਰਸਿਖ ਕਲਜੁਗ ਪਾਰ ਕਰ, ਪ੍ਰਭ ਜੋਤੀ ਜੋਤ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਜੋਤ ਆਕਾਰ ਕਰ, ਸਤਿਜੁਗ ਸਾਚਾ ਲਾਇਆ । ਸਤਿਜੁਗ ਚਲੇ ਸ਼ਬਦ ਨਿਆਰਾ । ਸੋਹੰ ਹੋਵੇ ਜੈ ਜੈ ਜੈਕਾਰਾ । ਜਨ ਭਗਤਾਂ ਦੀਸੇ ਪ੍ਰਭ ਚਰਨ ਦਵਾਰਾ । ਜਿਥੇ ਵਸੇ ਆਪ ਨਿਰੰਕਾਰਾ । ਜੋਤ ਸਰੂਪ ਪ੍ਰਭ ਰਹੇ ਜੋਤ ਅਧਾਰਾ । ਕਲਜੁਗ ਬੇਮੁਖ ਜੀਵ ਕਿਉਂ ਪਾਵੇ ਨਾ ਪ੍ਰਭ ਕੀ ਸਾਰਾ । ਅੰਮ੍ਰਿਤ ਨਾਮ ਮਹਾਰਸ ਪੀਵ, ਮਿਟ ਜਾਵੇ ਦੇਹ ਅੰਧਿਆਰਾ । ਗੁਰਚਰਨ ਲਾਗ ਸਦਾ ਜਗ ਜੀਵ, ਸਚਖੰਡ ਮਿਲੇ ਦਵਾਰਾ । ਮਹਾਰਾਜ ਸ਼ੇਰ ਸਿੰਘ ਨਿਰਮਲ ਜੋਤ ਧਰੇ ਵਿਚ ਆਤਮ ਦੀਵ, ਝੂਠੀ ਦੇਹ ਹੋਏ ਉਜਿਆਰਾ । ਗਿਆਨ ਗਤ ਕੋਈ ਜਨ ਜਾਣੇ । ਮੂਰਖ ਮਤਿ ਨਾ ਪ੍ਰਭ ਰੰਗ ਮਾਣੇ । ਗੁਰਮੁਖ ਚਲੇ ਪ੍ਰਭ ਕੇ ਭਾਣੇ । ਅੜੇ ਝੜੇ ਪ੍ਰਭ ਭੁੰਨੇ ਜਿਉਂ ਭਠਿਆਲੇ ਦਾਣੇ । ਦਰ ਖੜ੍ਹੇ ਨਿਗਮ ਵਿਚਾਰ ਕਰੇ ਕਲਜੁਗ ਪੁਰਖ ਸੁਜਾਨੇ । ਮਹਾਰਾਜ ਸ਼ੇਰ ਸਿੰਘ ਕਲ ਪਰਗਟ ਜੋਤ, ਦਰ ਡਿੱਗਣ ਆਏ ਰਾਜੇ ਰਾਣੇ । ਸਭ ਤੇ ਵੱਡਾ ਪ੍ਰਭ ਕਾ ਦਰ । ਰਾਓ ਰੰਕ ਅੰਤਕਾਲ ਇਕ ਜਾਏ ਕਰ । ਜੋਤ ਸਰੂਪੀ ਜੋਤ ਪਰਗਟਾਏ ਨਿਹਕਲੰਕ ਅਵਤਾਰ ਨਰ । ਸਾਚਾ ਪ੍ਰਭ ਹੋਏ ਸਹਾਏ, ਸਾਧ ਸੰਗਤ ਕਲ ਮੂਲ ਨਾ ਡਰ । ਗੁਰ ਪੂਰਾ ਲਾਜ ਰਖਾਏ, ਜੋ ਚਲ ਆਇਆ ਦਰ । ਮਹਾਰਾਜ ਸ਼ੇਰ ਸਿੰਘ ਅੰਤ ਜੋਤ ਮਿਲਾਏ, ਗੁਰਸਿਖ ਨਾ ਜਾਏ ਮਰ । ਗੁਰਸਿਖ ਹੋਏ ਨਾ

ਜਗ ਮਰਨਾ । ਅੰਤਕਾਲ ਜੋਤ ਸਰੂਪ ਹੋਏ ਨਿਹਕਲੰਕ ਗੁਰਮੁਖ ਵਿਰਲਾ ਵਰਨਾ । ਸਾਧ ਸੰਗਤ ਪ੍ਰਭ ਚਰਨ ਲਾਗ ਕਲਜੁਗ ਤਰਨਾ । ਮਹਾਰਾਜ ਸ਼ੇਰ ਸਿੰਘ ਸਚ ਸ਼ਬਦ ਡੰਕ, ਅੰਤਕਾਲ ਚਾਰ ਵਰਨ ਇਕ ਕਰਨਾ । ਚਾਰ ਵਰਨ ਪ੍ਰਭ ਇਕ ਕਰਾਏ । ਸਚਖੰਡ ਵਾਸੀ ਸਤਿਜੁਗ ਲਾਏ । ਸੋਹੰ ਸਾਚਾ ਸ਼ਬਦ ਚਲਾਏ । ਦੂਸਰ ਕੋਈ ਰਹਿਣ ਨਾ ਪਾਏ । ਈਸਾ ਮੂਸਾ ਮੁਹੰਮਦੀ ਪ੍ਰਭ ਨਸ਼ਟ ਕਰਾਏ । ਕੁਰਾਨ ਅੰਜੀਲ ਸਤਿਜੁਗ ਦਿਸ ਨਾ ਆਏ । ਝਗੜਾ ਹੋਵੇ ਹਿੰਦ ਮੁਹੰਮਦੀ, ਮਹਾਰਾਜ ਸ਼ੇਰ ਸਿੰਘ ਬਿਆਸੋ ਪਾਰ ਚਰਨ ਟਿਕਾਏ । ਚਰਨ ਕਵਲ ਭੰਡਾਲ ਪ੍ਰਭ ਧਰਿਆ । ਪੂਰਾ ਬਚਨ ਮਨੀ ਸਿੰਘ ਤੇਰਾ ਪ੍ਰਭ ਕਰਿਆ । ਹਾਹਾਕਾਰ ਕਰ ਜਗਤ ਸਭ ਡਰਿਆ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰਾ, ਕਲਜੁਗ ਨਾ ਕਿਸੇ ਤੋਂ ਡਰਿਆ । ਸੋ ਕਿਉਂ ਡਰੇ, ਜਿਸ ਪ੍ਰਭ ਹੋਏ ਸਹਾਈ । ਜਨ ਕਿਉਂ ਮਰੇ, ਜਿਸ ਪ੍ਰਭ ਸਾਚਾ ਦਰਸ ਦਿਖਾਈ । ਕਲਜੁਗ ਤਰੇ ਜਿਨ ਹਿਰਦੇ ਪ੍ਰਭ ਰਿਹਾ ਸਮਾਈ । ਤਿਨ ਕੇ ਕਾਰਜ ਸਰੇ, ਜੋ ਆਏ ਚਲ ਪ੍ਰਭ ਸਰਨਾਈ । ਅੰਤਕਾਲ ਦੁੱਖ ਡਾਹਢਾ ਭਰੇ, ਜੋ ਜਾਏ ਮੁਖ ਭਵਾਈ । ਆਵੇ ਜਾਵੇ ਜਨਮੇ ਮਰੇ, ਗਰਭਵਾਸ ਪ੍ਰਭ ਵਾਸ ਕਰਾਈ । ਦਰ ਆਏ ਖੋਟੇ ਹੋਏ ਖਰੇ, ਸਾਧ ਸੰਗਤ ਪ੍ਰਭ ਲੈ ਮਿਲਾਈ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਭੇਵ ਨਾ ਆਵੇ ਰਾਈ । ਬੇਮੁਖ ਕੀ ਜਾਣੇ ਪ੍ਰਭ ਕਾ ਭੇਵਾ । ਗੁਰਮੁਖ ਜਾਣੇ ਜੋ ਗੁਰ ਚਰਨੀਂ ਲਾਏ ਸੇਵਾ । ਕਲਜੁਗ ਪਰਗਟਿਆ ਨਿਹਕਲੰਕ, ਵਡ ਦਾਤਾ ਦੇਵੀ ਦੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟੇ ਅਲਖ ਅਭੇਵਾ । ਸੋ ਸੁਹਾਇਆ ਥਾਨ, ਜਿਥੇ ਪ੍ਰਭ ਜੋਤ ਜਗਾਈ । ਸੋ ਸੁਹਾਇਆ ਥਾਨ, ਜਿਥੇ ਪ੍ਰਭ ਪਰਗਟ ਜੋਤ ਅਭਿਮਾਨੀਆਂ ਮਾਣ ਗਵਾਈ । ਸੋ ਸੁਹਾਇਆ ਥਾਨ, ਜਿਥੇ ਪ੍ਰਭ ਸਾਧ ਸੰਗਤ ਦਰਸ ਦਿਖਾਈ । ਸੋ ਸੁਹਾਏ ਥਾਨ, ਜਿਥੇ ਪ੍ਰਭ ਸੋਹੰ ਸ਼ਬਦ ਚਲਾਈ । ਸੋ ਸੁਹਾਏ ਥਾਨ, ਜਿਥੇ ਪ੍ਰਭ ਜਨ ਭਗਤ ਤਰਾਈ । ਸੋ ਸੁਹਾਏ ਥਾਨ, ਜਿਥੇ ਪ੍ਰਭ ਅਬਿਨਾਸ਼ੀ ਸਿੰਘਆਸਣ ਬਿਠਾਈ । ਸਿੰਘਆਸਣ ਬੈਠਾ ਆਪ ਨਰ ਸਿੰਗ । ਜੋਤ ਸਰੂਪ ਰਾਣਿਆਂ ਮਹਾਰਾਣਿਆਂ ਕਰੇ ਨਿੰਗ । ਦੇਵੇ ਸ਼ਬਦ ਗਿਆਨ, ਵਜਾਏ ਆਤਮ ਕਿੰਗ । ਕਲਜੁਗ ਉਧਰੇ ਭਗਤ ਜਨ, ਜਿਉਂ ਤਰਿਆ ਭਗਤ ਭਰਿੰਗ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ ਗੁਰ ਸਾਚਾ ਮਰਗਿੰਦ । ਭੋਗ ਲਗਾਏ ਗੁਰ ਪਰਸਾਦੀ । ਹੰਕਾਰ ਨਿਵਾਰੇ ਆਤਮ ਸਾਧੀ । ਰਸਨਾ ਪ੍ਰਭ ਜੀਵ ਸਦਾ ਅਰਾਧੀ । ਕਲਜੁਗ ਪਰਗਟਿਆ ਜੋਤ ਸਰੂਪ ਸਦਾ ਅਨਾਦੀ । ਮਹਾਰਾਜ ਸ਼ੇਰ ਸਿੰਘ ਅੰਤਕਾਲ ਤੁਧ ਬਿਨ ਕੋਈ ਨਾ ਬਣਦਾ ਦਾਦੀ । ਆਈ ਬਿਕ੍ਰਮੀ ਵੀਹ ਸੌ ਅੱਠ । ਦਿਵਸ ਗਿਆ ਉਪਰ ਅੱਠ ਤੇ ਸੱਠ । ਸਾਧ ਸੰਗਤ ਕੀਆ ਭੰਡਾਲੀ ਇਕੱਠ । ਕਲਜੁਗ ਉਲਟੀ ਗੇੜ ਜਾਏ ਪ੍ਰਭ ਲੱਠ । ਸ੍ਰਿਸ਼ਟ ਸਬਾਈ ਖਪਾਈ ਵਿਚ ਭੱਠ । ਗੁਰਮੁਖ ਕਲਜੁਗ ਗੁਰ ਚਰਨੀਂ ਆਇਨ ਨੱਠ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ ਦੇਵੇ ਸ਼ਬਦ ਅਧਾਰ, ਗੁਰਸਿਖ ਨਾ ਛੋੜੇ ਹਠ । ਜੋਤ ਪਰਕਾਸ਼ੇ ਮਾਤ ਪਾਤਾਲ ਵਿਚ ਆਕਾਸ਼ੇ । ਸਾਧ ਸੰਗਤ ਗੁਰਚਰਨ ਨਿਵਾਸੇ । ਕਲਜੁਗ ਜੀਵ ਪ੍ਰਭ ਚਰਨ ਭਰਵਾਸੇ । ਵੇਲਾ ਅੰਤ ਪ੍ਰਭ ਕਰੇ ਬੇਅੰਤ, ਸ੍ਰਿਸ਼ਟ ਸਬਾਈ ਹੋਏ ਨਾਸੇ । ਮਹਾਰਾਜ ਸ਼ੇਰ ਸਿੰਘ ਸਤਿਜੁਗ ਤੇਰੀ ਮੰਤ, ਚਾਰ ਕੁੰਟ ਪ੍ਰਭ ਸ਼ਬਦ ਵਾਸੇ । ਚਲਾਏ ਸ਼ਬਦ ਸਰਬ ਗੁਣਵੰਤਾ । ਜਣਾਏ ਸ਼ਬਦ ਪ੍ਰਭ ਭਗਵੰਤਾ । ਲਿਖਾਏ ਸ਼ਬਦ ਦਿਖਾਏ ਸਾਧਨ ਸੰਤਾ । ਅਪਨਾਏ ਸ਼ਬਦ ਆਦਿਨ ਅੰਤਾ । ਮਹਾਰਾਜ ਸ਼ੇਰ ਸਿੰਘ ਪੂਰਨ ਭਗਵੰਤਾ । ਭਗਵਨ ਹੋਏ ਭਗਤ ਪਰਗਟਾਇਆ । ਸਾਚਾ ਮਾਣ ਪ੍ਰਭ ਆਪ ਦਵਾਇਆ । ਨਿਹਕਲੰਕ ਸਿਰ ਛਤਰ ਛਾਇਆ । ਧਰ ਜੋਤ ਪ੍ਰਭ ਸੰਤਨ ਜਨਮ ਦਵਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ

ਪਰਗਟ, ਮਾਥੇ ਮਨੀ ਸਿੰਘ ਤਿਲਕ ਲਗਾਇਆ । ਜਿਥੇ ਤਜਾਏ ਦੇਹ ਸੰਤ, ਉਥੇ ਪ੍ਰਭ ਜੋਤ ਪ੍ਰਗਟਾਏ । ਜੋਤ ਪ੍ਰਗਟਾਏ ਆਪ ਪ੍ਰਭ, ਜੋਤ ਲਲਾਟ ਜਗਾਏ । ਕਰ ਜਾਏ ਉਤਪਤ ਚਾਰ ਵਰਨ ਪ੍ਰਭ ਸਰਨੀ ਲਾਏ । ਮਹਾਰਾਜ ਸ਼ੇਰ ਸਿੰਘ ਤੇਰੀ ਕੋਈ ਨਾ ਜਾਣੇ ਗਤ ਮਿਤ, ਗੁਰਮੁਖ ਵਿਰਲਾ ਤੇਰਾ ਭੇਵ ਕਲ ਪਾਏ । ਸੰਤਨ ਪ੍ਰਭ ਆਪਣਾ ਭੇਵ ਖੁਲ੍ਹਾਇਆ । ਦੇ ਦਰਸ ਅਗਿਆਨ ਅੰਧੇਰ ਮਿਟਾਇਆ । ਤੋੜ ਆਤਮ ਹਰਸ, ਬ੍ਰਹਮ ਸਰੂਪ ਬਣਾਇਆ । ਮਹਾਰਾਜ ਸ਼ੇਰ ਸਿੰਘ ਹਿਰਦੇ ਅੰਮ੍ਰਿਤ ਸਾਚਾ ਬਰਸ, ਦਸਵਾਂ ਦਵਾਰ ਖੁਲ੍ਹਾਇਆ । ਖੁੱਲ੍ਹੇ ਦਵਾਰ ਹੋਏ ਜੋਤ ਪਰਕਾਸ਼ੇ । ਅੰਧ ਅਗਿਆਨ ਵਿਚੋਂ ਦੇਹ ਨਾਸੇ । ਸੰਤਨ ਸੰਗ ਸਦਾ ਪ੍ਰਭ ਵਾਸੇ । ਮਹਾਰਾਜ ਸ਼ੇਰ ਸਿੰਘ ਕਲਜੁਗ ਦੁਸ਼ਟ ਕਰੇ ਅੰਤ ਨਾਸੇ । ਦੁਸ਼ਟ ਦੁਰਾਚਾਰ ਸੋ ਜਨ ਕਹਾਏ । ਮਦਿ ਮਾਸ ਜੋ ਰਸਨਾ ਲਾਏ । ਸਾਚਾ ਪ੍ਰਭ ਲਿਆ ਭੁਲਾਏ । ਪਰਗਟੀ ਜੋਤ ਕਲ ਗੋਬਿੰਦ ਰਾਏ । ਭਗਤ ਜਨਾਂ ਦਰ ਘਰ ਹੋਏ ਸਹਾਏ । ਸਾਧ ਸੰਗਤ ਮਿਲ ਹਰਿ ਜਸ ਗਾਏ । ਪ੍ਰਭ ਅਬਿਨਾਸ਼ੀ ਜੋਤ ਪਰਗਟਾਏ । ਸੰਤ ਜਨਾਂ ਪ੍ਰਭ ਆਪ ਵਡਿਆਏ । ਮਹਾਰਾਜ ਸ਼ੇਰ ਸਿੰਘ ਤੇਰਾ ਨਾਉਂ ਕਲਜੁਗ ਸਾਚੀ ਨਾਏ । ਸੰਤ ਮਨੀ ਸਿੰਘ ਵਡ ਸੰਤਨ ਸੰਤਾ । ਉਤਮ ਕੀਆ ਪ੍ਰਭ ਵਿਚ ਕਲਜੁਗ ਜੀਵ ਜੰਤਾ । ਸਤਿਗੁਰ ਬਣਾਇਆ ਪਰਗਟੀ ਜੋਤ ਪ੍ਰਭ ਭਗਵੰਤਾ । ਤਖ਼ਤ ਬਹਾਇਆ ਰੱਖੇ ਸਿਰ ਹੱਥ, ਪ੍ਰਭ ਸਾਚਾ ਕੰਤਾ । ਨਦਰੀ ਨਦਰ ਕਰ ਪਾਰ ਕਰਾਇਆ ਜਗ ਵਡ ਮਹੰਤਾ । ਮਹਾਰਾਜ ਸ਼ੇਰ ਸਿੰਘ ਕਲ ਤੇਰੀ ਵਡਿਆਈ, ਮਾਣ ਦਵਾਏ ਵਿਚ ਸਾਧਨ ਸੰਤਾ । ਸੰਤਨ ਮਨ ਕਲ ਭਇਆ ਅਨੰਦ । ਆਤਮ ਤੋੜੇ ਪ੍ਰਭ ਹਉਮੇ ਬੰਦ । ਹੋਏ ਪਰਕਾਸ਼ ਜਿਉਂ ਆਕਾਸ਼ ਚੰਦ । ਸੀਤਲ ਆਤਮ ਉਤਮ ਸੁਖ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਅੰਮ੍ਰਿਤ ਵਰਖੇ, ਸੁੱਖ ਪਾਏ ਜੀਵ ਨਿਜਾਨੰਦ । ਨਿਜਾਨੰਦ ਜੀਵ ਨਿਜ ਵਿਚਾਰ । ਅੰਮ੍ਰਿਤ ਵਰਖੇ ਪ੍ਰਭ ਕਿਰਪਾ ਧਾਰ । ਕਲਜੁਗ ਮਾਇਆ ਭੁਲਾਇਆ ਸੰਸਾਰ । ਨਜ਼ਰ ਨਾ ਆਏ ਪ੍ਰਭ ਅਗੰਮ ਅਪਾਰ । ਜੋਤ ਸਰੂਪ ਕਲ ਕੀਆ ਆਕਾਰ । ਨਿਹਕਲੰਕ ਨਿਰਾਹਾਰ ਨਿਰਵੈਰ, ਕਲਜੁਗ ਆਇਆ ਜਾਮਾ ਧਾਰ । ਮਹਾਰਾਜ ਸ਼ੇਰ ਸਿੰਘ ਕਲ ਵਰਤਾਵੇ, ਸ੍ਰਿਸ਼ਟ ਸਬਾਈ ਹੋਏ ਖੁਆਰ । ਆਤਮ ਬੁਧ ਆਪ ਪ੍ਰਭ ਮਾਰੀ । ਮਾਇਆਧਾਰੀ ਹੋਏ ਹੰਕਾਰੀ । ਰਸਨਾ ਲੋਭੀ ਜੀਵ ਸੰਸਾਰੀ । ਪ੍ਰਭ ਪਛਾਣੇ ਕੋਈ ਨਰ ਨਾਰੀ । ਪਰਗਟੇ ਕਲ ਪ੍ਰਭ ਆਪ ਮੁਰਾਰੀ । ਬੇਮੁਖ ਜਾਇਣ ਜਨਮ ਜੂਏ ਹਾਰੀ । ਗੁਰਸਿਖ ਦੇਵੇ ਸਾਚਾ ਨਾਮ ਅਧਾਰੀ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਪਰਗਟ ਜੋਤ ਪੈਜ ਸਵਾਰੀ । ਭਗਤ ਜਨਾਂ ਹਰਿ ਆਪ ਸਵਾਰੇ । ਰਸਨਾ ਜਪ ਜਪ ਹਰਿ ਨਾਮ ਉਤਰੇ ਪਾਰੇ । ਅੰਤਕਾਲ ਕਲ ਜਾਇਣ ਸਚ ਦਵਾਰੇ । ਜੋਤ ਪਰਕਾਸ਼ ਹੋਏ ਜੋਤ ਚਮਤਕਾਰੇ । ਅਨਹਦ ਸ਼ਬਦ ਧੁਨ ਸਦਾ ਗੁੰਜਾਰੇ । ਖੁਲ੍ਹ ਜਾਏ ਆਤਮ ਸੁਨ, ਜਿਸ ਨੂੰ ਬਖ਼ਸ਼ੇ ਆਪ ਗਿਰਧਾਰੇ । ਸਭ ਲੋਚਨ ਦੇਖਣ ਮੁਨ, ਪ੍ਰਭ ਦੇਵੇ ਸੰਤ ਪਿਆਰੇ । ਮਹਾਰਾਜ ਸ਼ੇਰ ਸਿੰਘ ਸੰਤ ਮਨੀ ਸਿੰਘ ਚੁਣ, ਸਤਿਜੁਗ ਉਪਜਾਇਆ ਪੁਰਖ ਅਪਾਰੇ । ਸਤਿ ਪੁਰਖ ਸਦ ਆਇਆ । ਕਲਮ ਪਕੜ ਵਿਚ ਹੱਥ ਕਲਜੁਗ ਲੇਖ ਲਿਖਾਇਆ । ਕੋਈ ਨਾ ਰਹੇ ਕਿਸੇ ਦੀ ਅਕੜ, ਪ੍ਰਭ ਆਪਣੀ ਜੋਤ ਪਰਗਟਾਇਆ । ਸਭ ਚਰਨ ਲਿਆਵੇ ਪਕੜ, ਰਾਜਾ ਰਾਣਾ ਤਖ਼ਤੋਂ ਲਾਹਿਆ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਤੇਰਾ ਭੇਵ ਕਿਸੇ ਨਾ ਪਾਇਆ । ਰਾਜਾ ਰਾਣਾ ਕੋਈ ਨਾ ਦੀਸੇ । ਪਰਗਟੇ ਜੋਤ ਪ੍ਰਭ ਆਪ ਜਗਦੀਸੇ । ਅੰਤਕਾਲ ਵਰਨ ਚਾਰ ਹੋਏ ਇਕ ਰੰਗ ਇਕੀਸੇ । ਝੁੱਲੇ ਛਤਰ ਨਿਹਕਲੰਕ ਤੇਰੇ ਸੀਸੇ । ਅੰਮ੍ਰਿਤ ਸਾਚਾ ਨਾਮ, ਕੋਈ ਵਿਰਲਾ ਗੁਰਮੁਖ ਪੀਸੇ ।

ਗੁਰਮੁਖਾ ਤੇਰਾ ਮਾਣ, ਬੇਮੁਖ ਨਾ ਹੋਏ ਰੀਸੇ । ਪਰਗਟੀ ਜੋਤ ਭਗਵਾਨ, ਕਲਜੁਗ ਜੀਵ ਦੇ ਫਾੜਾ ਪੀਸੇ । ਮਹਾਰਾਜ ਸ਼ੇਰ ਸਿੰਘ ਗੁਣੀ ਨਿਧਾਨ, ਵਰਤਾਏ ਖੇਲ ਹੋਏ ਬੀਸ ਇਕੀਸੇ । ਵਰਤੇ ਖੇਲ ਪ੍ਰਭ ਅਥਾਹ । ਅੰਤਕਾਲ ਕਲ ਕਿਸੇ ਮਿਲੇ ਨਾ ਸਚਾ ਸ਼ਾਹ । ਥਲ ਜਲ ਜਲ ਥਲ ਪ੍ਰਭ ਚਾਰ ਕੁੰਟ ਦਏ ਵਹਾ । ਜੋਤ ਸਰੂਪੀ ਜੋਤ ਪ੍ਰਭ ਵਿਚ ਸਿੱਖ ਰਿਹਾ ਸਮਾ । ਮਹਾਰਾਜ ਸ਼ੇਰ ਸਿੰਘ ਤੇਰੇ ਚੋਜ, ਸਭ ਦਰ ਆਏ ਮੂਰਖ ਪਤ ਜਾਏ ਗਵਾ । ਗੁਰ ਦਰ ਦਰਬਾਰਾ, ਵਸੇ ਪ੍ਰਭ ਸਚਾ ਨਿਰੰਕਾਰਾ । ਖੰਡ ਬ੍ਰਹਿਮੰਡ ਜੋਤ ਆਕਾਰਾ । ਸਰਬ ਸ੍ਰਿਸ਼ਟ ਪ੍ਰਭ ਪਸਰ ਪਸਾਰਾ । ਜੀਵ ਜੰਤ ਦੀਆ ਜੋਤ ਅਧਾਰਾ । ਮਾਨਸ ਜਨਮ ਗਵਾਇਆ, ਮੂਰਖ ਜੀਵ ਨਾ ਕਰੇ ਵਿਚਾਰਾ । ਗੁਰਸਿਖਾਂ ਭੇਵ ਖੁਲ੍ਹਾਇਆ, ਪ੍ਰਭ ਖੋਲ੍ਹ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ, ਅੰਮ੍ਰਿਤ ਦੇਵੇ ਸਚ ਭੰਡਾਰਾ । ਭਗਤ ਭੰਡਾਰੀ ਪ੍ਰਭ ਅਖਵਾਏ । ਦਰ ਆਏ ਮਾਣ ਦਿਵਾਏ । ਜੋ ਜਨ ਚਰਨੀਂ ਸੀਸ ਝੁਕਾਏ । ਬੇਮੁਖ ਹੱਸ ਹੱਸ ਨੱਸ ਨੱਸ ਘਰ ਮੁੜ ਜਾਏ ਜਿਉਂ ਸੁੰਵੇ ਘਰ ਕਾਉਂ ਬਿਲਲਾਏ । ਗੁਰਮੁਖ ਪੀ ਅੰਮ੍ਰਿਤ ਨਾਮ, ਆਤਮ ਤ੍ਰਿਖਾ ਬੁਝਾਏ । ਮਹਾਰਾਜ ਸ਼ੇਰ ਸਿੰਘ ਦਰਸ ਦਾਨ ਦੇ ਲੋਚਨ ਜੋਤ ਜਗਾਏ । ਜੋਤ ਜਗਾਏ ਆਪ ਪ੍ਰਭ, ਮਿਟ ਜਾਏ ਅੰਧੇਰਾ । ਹੋਏ ਜੋਤ ਪਰਕਾਸ਼, ਜੀਵ ਨਾ ਸੂਝੇ ਸੰਞ ਸਵੇਰਾ । ਦੁੱਖ ਦਰਦ ਜਾਇਣ ਨੱਸ, ਜਿਨ੍ਹਾਂ ਮਿਲਿਆ ਪ੍ਰਭ ਨੇਰਨ ਨੇਰਾ । ਸੰਤ ਮਨੀ ਸਿੰਘ ਵਿਚ ਪਰਭਾਸ, ਭੰਡਾਲੀ ਲਾਇਆ ਡੇਰਾ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼, ਵੇਲੇ ਅੰਮ੍ਰਿਤ ਸ੍ਰਿਸ਼ਟ ਸਬਾਈ ਢਾਇਆ ਢੇਰਾ । ਸ੍ਰਿਸ਼ਟ ਸਬਾਈ ਖ਼ਾਕ ਰੁਲਾਈ, ਜੋਤ ਨਿਰੰਜਣ ਆਈ ਜਗ । ਜੋਤ ਪਰਗਟਾਈ ਪੈ ਜਾਏ ਦੁਹਾਈ, ਪਾਪ ਅੰਧੇਰੀ ਗਈ ਵਗ । ਨਾ ਕੋਈ ਹੋਏ ਸਹਾਈ, ਦੁਖੀ ਜੀਵ ਬਿਲਲਾਏ ਕਲਜੁਗ ਜੀਵ ਜਲਾਏ ਪਾਪਾਂ ਅੱਗ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ, ਆਤਮ ਜੋਤ ਜੀਵ ਜਾਏ ਜਗ । ਜਗੇ ਜੋਤ ਅਗੰਮ ਅਪਾਰੀ । ਸਾਧ ਸੰਗਤ ਭਰੇ ਭੰਡਾਰੀ । ਦਰ ਘਰ ਆਏ ਪ੍ਰਭ ਪੈਜ ਸਵਾਰੀ । ਨਿਰੰਜਣ ਜੋਤ ਗੁਰਸਿਖ ਆਤਮ ਕਰੇ ਉਜਿਆਰੀ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ, ਨਿਹਕਲੰਕ ਅਵਤਾਰੀ । ਆਵੇ ਜਾਵੇ ਆਪਣਾ ਭੇਵ ਨਾ ਖੁਲ੍ਹਾਵੇ । ਉਪਜਾਵੇ ਢਾਹਵੇ ਆਪਣਾ ਖੇਲ ਨਾ ਕਿਸੇ ਦਿਖਾਵੇ । ਰਾਵੇ ਗਾਵੇ ਤਿਸ ਜਨ ਪ੍ਰਭ ਸਾਚੀ ਸੋਝੀ ਪਾਵੇ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼, ਬੇਮੁਖ ਰਹਿਣ ਨਾ ਪਾਵੇ । ਨਾਮ ਵਿਹੁਣਾ ਬੇਮੁਖ ਮੋਆ । ਬੇਮੁਖ ਨਿੰਦਕ ਰਹੇ ਨਾ ਦੋਆ । ਅੰਮ੍ਰਿਤ ਝਿਰਾਵੇ ਪ੍ਰਭ ਆਤਮ ਚੋਆ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ, ਗੁਰਸਿਖ ਜਗਾਵੇ ਸੋਆ । ਅੰਮ੍ਰਿਤ ਝਿਰਨਾ ਆਤਮ ਝਿਰਾਏ । ਅੰਮ੍ਰਿਤ ਬੂੰਦ ਕਵਲ ਮੇਂ ਪਾਏ । ਖੋਲ੍ਹ ਕਵਲ ਤ੍ਰੈਭਵਨ ਸੁਝਾਏ । ਜਨਮ ਜਨਮ ਦੀ ਸੋਝੀ ਪਾਏ । ਪਰਗਟ ਜੋਤ ਸੰਤਨ ਵਡਿਆਏ । ਸੰਤ ਮਨੀ ਸਿੰਘ ਸਤਿਗੁਰ ਸਤਿਜੁਗ ਬਣਾਏ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਕਲਜੁਗ ਬੇਮੁਖਾਂ ਦਿਸ ਨਾ ਆਏ । ਦੀਸੇ ਨਾ ਪ੍ਰਭ ਜੋਤ ਸਰੂਪ । ਜੋਤ ਸਰੂਪ ਜੋਤ ਆਕਾਰ ਨਾ ਕੋਈ ਰੰਗ ਰੂਪ । ਭਗਤਨ ਆਏ ਪੈਜ ਸਵਾਰੇ ਪ੍ਰਭ ਸਾਚਾ ਭੂਪ । ਸਤਿਜੁਗ ਹੋਵੇ ਤੇਰੀ ਸਿਕਦਾਰੀ, ਸੰਤ ਮਨੀ ਸਿੰਘ ਸਤਿ ਸਰੂਪ । ਭਗਤਨ ਦੇਵੇ ਨਾਮ ਖੁਮਾਰੀ, ਮਹਿਮਾ ਪ੍ਰਭ ਕੀ ਬੜੀ ਅਨੂਪ । ਮਹਾਰਾਜ ਸ਼ੇਰ ਸਿੰਘ ਨਿਰਜੰਣ ਜੋਤ ਆਕਾਰੀ, ਦੇਵੇ ਦਰਸ ਸਵੱਛ ਸਰੂਪ । ਦਰਸ ਦਾਨ ਗੁਰਸਿਖਾਂ ਪਾਇਆ । ਆਤਮ ਗਿਆਨ ਪ੍ਰਭ ਆਪ ਦਵਾਇਆ । ਨਿਜਾਨੰਦ ਸੁੱਖ ਨਿਜ ਮਾਹਿ ਉਪਜਾਇਆ । ਭਰਾਂਤ ਭੁਲੇਖਾ ਸਾਰਾ ਲਾਹਿਆ । ਉਚ ਨੀਚ ਸਭ ਭੇਤ ਚੁਕਾਇਆ । ਚਾਰ ਵਰਨ ਪ੍ਰਭ ਇਕ ਕਰਾਇਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਤੇਰਾ ਅੰਤ ਕਿਨੇ ਨਾ ਪਾਇਆ । ਪ੍ਰਭ

ਕਾ ਅੰਤ ਜੀਵ ਨਾ ਜਾਣੇ । ਆਪਣੀ ਮਹਿੰਮਾ ਪ੍ਰਭ ਆਪ ਵਖਾਣੇ । ਸੰਤਨ ਮਹਿੰਮਾ ਪ੍ਰਭ ਆਪ ਲਿਖਾਣੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਕਲਜੁਗ ਕੀਏ ਸੁਘੜ ਸਿਆਣੇ । ਮਨੀ ਸਿੰਘ ਜਗ ਮਾਣ ਤਜਾਇਆ । ਅਚੁੱਤ ਪਰਮੇਸ਼ਵਰ ਰਿਦੇ ਵਸਾਇਆ । ਮੁਕੰਦ ਮਨੋਹਰ ਲੱਖਮੀ ਨਰਾਇਣ ਸਿਰ ਛਤਰ ਛਾਇਆ । ਦੇ ਦਰਸ ਮਹਾਰਾਜ ਸ਼ੇਰ ਸਿੰਘ ਨਿਰਾਸ ਆਸ ਪੁਜਾਇਆ । ਕਰ ਦਰਸ ਨਿਰਮਲ ਹੋਆ ਜੀਆ । ਸੰਤਨ ਮਿਲਿਆ ਪੂਰਬ ਜਨਮ ਬੀਜ ਜੋ ਬੀਆ । ਕਲਜੁਗ ਬੇਮੁਖ ਪਾਏ ਜੋ ਕਰਮ ਕਲ ਕੀਆ । ਮਹਾਰਾਜ ਸ਼ੇਰ ਸਿੰਘ ਸਰਬ ਗੁਣਵੰਤ, ਜੀਵ ਕਰ ਪ੍ਰਭ ਮਿਲਣ ਕਾ ਹੀਆ । ਪ੍ਰਭ ਮਿਲੇ ਪ੍ਰੇਮ ਕਰ, ਜੋ ਜੀਵ ਆਸ ਰਖਾਇਆ । ਪਰਗਟੇ ਜੋਤ ਖਿਆਲ ਕਰ, ਮਨੀ ਸਿੰਘ ਮਾਣ ਦਵਾਇਆ । ਮਾਣ ਦਵਾਏ ਆਪ ਪ੍ਰਭ ਕਲਜੁਗ ਦੇਰ ਨਾ ਲਾਇਆ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ, ਸੰਤਨ ਮਹਿੰਮਾ ਆਪ ਲਿਖਵਾਇਆ । ਉਠ ਉਠ ਉਠ ਗੁਰਸਿਖ ਬੇਮੁਖ ਜਾਇਣ ਭਾਗ, ਵੇਲਾ ਗਿਆ ਹੱਥ ਨਾ ਆਇਆ । ਸ੍ਰਿਸ਼ਟ ਸਬਾਈ ਪ੍ਰਭ ਹੱਥ ਵਾਗ, ਉਲਟੇ ਵਹਿਣ ਪ੍ਰਭ ਜਗਤ ਭੁਲਾਇਆ । ਗੁਰਸਿਖਾਂ ਨਾ ਲਾਗੇ ਦਾਗ਼, ਜਿਸ ਚਰਨੀਂ ਸੀਸ ਝੁਕਾਇਆ । ਆਤਮ ਉਪਜੇ ਪ੍ਰਭ ਚਰਨ ਧਿਆਨ, ਪ੍ਰਭ ਸਾਚਾ ਦਇਆ ਕਮਾਇਆ । ਪੂਰਨ ਹੋਏ ਗੁਰਸਿਖ ਤੇਰੇ ਭਾਗ, ਕਲਜੁਗ ਪਰਗਟ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਕਲਜੁਗ ਦਰਸ ਪ੍ਰਭ ਦਰ ਕਾ ਪਿਆਰਾ । ਪਾਵੇ ਕੋਈ ਗੁਰਮੁਖ ਨਿਆਰਾ । ਮਾਇਆਧਾਰੀ ਦੇਹ ਵਿਕਾਰੀ ਭੁੱਲਾ ਸੰਸਾਰਾ । ਸਾਧ ਸੰਗਤ ਮਿਲਿਆ ਸਚਖੰਡ ਦਵਾਰਾ । ਜਗਨ ਨਾਥ ਗੋਪਾਲ ਦੇਵੇ ਦਰਸ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਸਦ ਨਾਲ ਸਭ, ਜੋ ਜਨ ਕਰੇ ਵਿਚਾਰਾ । ਆਤਮ ਵਿਚਾਰ ਨਾ ਪ੍ਰਭ ਵਿਚਾਰਿਆ । ਪਾਏ ਨਾ ਸਾਰ ਜੀਵ ਜਿਸ ਜਨਮ ਸਵਾਰਿਆ । ਹੋਏ ਖੁਆਰ ਨਾ ਕਿਸੇ ਭਰਮ ਨਵਾਰਿਆ । ਕਲ ਆਇਆ ਜੋਤ ਧਰ ਨਿਹਕਲੰਕ ਅਵਤਾਰਿਆ । ਪ੍ਰਭ ਬੇੜਾ ਕਰ ਜਾਏ ਪਾਰ, ਜੋ ਜਨ ਚਰਨ ਆਏ ਨਿਮਸਕਾਰਿਆ । ਗੁਰ ਘਰ ਹੋਏ ਹਰਿ ਕਾ ਦਵਾਰ, ਜਿਥੇ ਪ੍ਰਭ ਕਰੇ ਜੋਤ ਆਕਾਰਿਆ । ਜੋਤ ਸਰੂਪ ਪ੍ਰਭ ਦੁਸ਼ਟ ਸੰਘਾਰ, ਜਨ ਭਗਤਾਂ ਪਾਰ ਉਤਾਰਿਆ । ਮਹਾਰਾਜ ਸ਼ੇਰ ਸਿੰਘ ਜੋਤ ਨਿਰਾਹਾਰ, ਨਿਰਵੈਰ ਅਖਵਾ ਲਿਆ । ਨਿਰਹਾਰੀ ਪ੍ਰਭ ਨਿਰਵੈਰ ਸਦਾਏ । ਕਲਜੁਗ ਜੀਵ ਕਲ ਕਰਮ ਕਮਾਏ । ਜਾਮਾ ਧਾਰ ਆਪ ਪ੍ਰਭ, ਬੇਮੁਖਾਂ ਫੜ ਲਿਆਏ । ਅੰਤ ਨਾ ਲੇਵੇ ਕੋਈ ਸਾਰ, ਪ੍ਰਭ ਨਰਕ ਨਿਵਾਸ ਦਿਵਾਏ । ਗੁਰਸਿਖਾਂ ਪ੍ਰਭ ਜਾਏ ਤਾਰ, ਗੁਰ ਗੋਬਿੰਦ ਜੋ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਪਿਆਰ, ਗੁਰਮੁਖ ਭੁੱਲ ਨਾ ਜਾਏ । ਭੁੱਲੇ ਸੋ ਜਨ ਜਿਸ ਆਪ ਭੁਲਾਏ । ਬੇਮੁਖ ਦਰ ਤੇ ਰਹਿਣ ਨਾ ਪਾਏ । ਗੁਰਸਿਖ ਪੂਰਾ ਪ੍ਰਭ ਚਰਨੀ ਰਿਹਾ ਲਪਟਾਏ । ਧੰਨ ਧੰਨ ਧੰਨ ਗੁਰਸਿਖ ਧੰਨ ਜਣੇਂਦੀ ਮਾਏ । ਉਤਮ ਹੋਇਆ ਕਲਜੁਗ ਮੁਖ, ਚਾਰ ਜੁਗ ਪ੍ਰਭ ਮਾਣ ਦਿਵਾਏ । ਜੋਤ ਸਰੂਪ ਆਤਮ ਦੇਵੇ ਸੁਖ, ਵਿਕਾਰੀ ਦੁੱਖ ਕੋਈ ਰਹਿਣ ਨਾ ਪਾਏ । ਆਤਮ ਉਤਰੇ ਮਨ ਕੀ ਭੁੱਖ, ਮਹਾਰਾਜ ਸ਼ੇਰ ਸਿੰਘ ਦਰ ਤੇਰਾ ਜੋ ਪਾਏ । ਪਾਵੇ ਦਰਸ ਜਿਸ ਦਰਸ ਦਿਖਾਵੇ । ਮੁਗਧ ਅੰਧ ਅਗਿਆਨੀ ਦਿਸ ਨਾ ਆਵੇ । ਗੁਰਸਿਖ ਚਤੁਰ ਸੁਜਾਨੀ, ਬੁਧ ਬਿਬੇਕ ਪ੍ਰਭ ਕਰਾਇਆ । ਸਾਚੇ ਹੋਏ ਗੁਰਸਿਖ ਧਿਆਨੀ, ਦਿਵਸ ਰੈਣ ਮਹਾਰਾਜ ਸ਼ੇਰ ਸਿੰਘ ਰਸਨਾ ਗਾਇਆ । ਹੁਕਮ ਸਾਚਾ ਪ੍ਰਭ ਵਰਤਾਏ । ਦੂਸਰ ਕੋਈ ਰਹਿਣ ਨਾ ਪਾਏ । ਕੁੰਟ ਚਾਰ ਸਚ ਸ਼ਬਦ ਜਣਾਏ । ਆਦਿ ਜੁਗਾਦੀ ਸਰਬ ਬੇਆਧੀ ਪ੍ਰਭ ਅਨਾਦੀ, ਨਾਦ ਧੁੰਨ ਉਪਜਾਏ । ਜੋਤ ਨਿਰੰਜਣ ਸ੍ਰਿਸ਼ਟੀ ਸਾਧੀ, ਸਾਧ ਸੰਗਤ ਰਸਨਾ ਅਰਾਧੀ, ਗਾਏ ਨਾ ਸਕੇ ਕੋਈ ਰਾਗੀ ਨਾਦੀ, ਪ੍ਰਭ ਕਾ ਭੇਵ ਕੋਈ ਨਾ

ਪਾਏ । ਮਹਾਰਾਜ ਸ਼ੇਰ ਸਿੰਘ ਸ੍ਰਿਸ਼ਟ ਸਬਾਈ ਲਾਧੀ, ਬੇੜਾ ਸ਼ੌਹ ਦਰਿਆ ਰੁੜ੍ਹਾਏ । ਭਰ ਭਰ ਪ੍ਰਭ ਡੋਬੇ ਪੂਰ । ਕਲਜੁਗ ਤੇਰੀ ਆਸਾ ਪੂਰ । ਸਤਿਜੁਗ ਉਪਜੇ ਉਪਜਾਵੇ, ਮਨੀ ਸਿੰਘ ਤੇਰਾ ਪ੍ਰਭ ਸਾਚਾ ਨੂਰ । ਮਹਾਰਾਜ ਸ਼ੇਰ ਸਿੰਘ ਪਾਰ ਲੰਘਾਵੇ, ਸਰਬ ਜੀਆਂ ਦੀ ਸਰਧਾ ਪੂਰ । ਮਾਣ ਦਿਵਾਏ ਆਪ ਪ੍ਰਭ, ਜਗਤ ਵਡਿਆਕੇ । ਭਗਤ ਤਰਾਏ ਆਪ ਪ੍ਰਭ, ਪਰਗਟੀ ਜੋਤ ਸਾਚੇ ਦਰ ਆ ਕੇ । ਗੁਣ ਨਿਧਾਨ ਆਪ ਪ੍ਰਭ, ਨਾਮ ਭਿਛਿਆ ਜਾਏ ਪਾ ਕੇ । ਭਗਤ ਵਛਲ ਭਗਵਾਨ ਪ੍ਰਭ, ਸੰਤ ਬਚਨ ਕਲ ਜਾਏ ਸਤਿ ਕਰਾ ਕੇ । ਮਹਾਰਾਜ ਸ਼ੇਰ ਸਿੰਘ ਪ੍ਰਭ ਬੇਅੰਤ, ਸਤਿਜੁਗ ਸਾਚਾ ਲਾਏ ਕਲਜੁਗ ਮਿਟਾ ਕੇ । ਮਿਟੇ ਕਲਜੁਗ ਹੋਏ ਧੁੰਦੂਕਾਰਾ । ਕੋਈ ਨਾ ਦੀਸੇ ਰਸਨਾ ਜਿਸ ਮਦਿ ਮਾਸ ਆਹਾਰਾ । ਬੇਮੁਖ ਪੀਸੇ ਪਿਸਾਵੇ ਪਿਸਾਵਣਹਾਰਾ । ਕੂੜੀ ਖੇਲ ਕਲਜੁਗ ਕੂੜੀ ਕੂੜ ਠੀਠੇ, ਪ੍ਰਭ ਲੇਖ ਲਿਖਾਵਣਹਾਰਾ । ਸਾਚਾ ਨਾਮ ਦਰ ਗੁਰਸਿਖ ਪੀ ਸੇ, ਪ੍ਰਭ ਮਿਲਿਆ ਪਿਲਾਵਣਹਾਰਾ । ਮਹਾਰਾਜ ਸ਼ੇਰ ਸਿੰਘ ਛਤਰ ਝੁੱਲੇ ਤੇਰੇ ਸੀਸੇ, ਨਿਹਕਲੰਕ ਨਾਉਂ ਲਿਖਾਵਣਹਾਰਾ । ਨਿਹਕਲੰਕ ਪ੍ਰਭ ਨੇਹਕਾਮੀ । ਪਰਗਟੀ ਜੋਤ ਪ੍ਰਭ ਅੰਤਰਜਾਮੀ । ਮਾਣ ਗਵਾਏ ਪ੍ਰਭ ਸ਼ਰਅ ਸਲਾਮੀ । ਭੇਦ ਦਿਖਾਏ ਦੇਰ ਨਾ ਲਾਏ, ਤੋੜੇ ਮਾਣ ਅਭਿਮਾਨੀ । ਮਹਾਰਾਜ ਸ਼ੇਰ ਸਿੰਘ ਤੇਰੀ ਕੋਈ ਸਾਰ ਨਾ ਪਾਏ, ਭੁਲ ਭੁੱਲ ਕਲਜੁਗ ਜੀਵ ਆਤਮ ਹੋਈ ਨਿਧਾਨੀ । ਕਲਜੁਗ ਜੀਵ ਨਾ ਹੋਏ ਧਿਆਨ । ਪਰਗਟੇ ਜੋਤ ਵਿਸ਼ਨੂੰ ਭਗਵਾਨ । ਦਰਸ ਦੇ ਪ੍ਰਭ ਦੇਵੇ ਸੋਹੰ ਦਾਨ । ਆਤਮ ਚਾੜ੍ਹ ਮਜੀਠੀ ਰੰਗ, ਪ੍ਰਭ ਬਖ਼ਸ਼ੇ ਸ਼ਕਤ ਮਹਾਨ । ਮਹਾਰਾਜ ਸ਼ੇਰ ਸਿੰਘ ਸਾਚਾ ਦਰ, ਰਾਓ ਰੰਕ ਇਕ ਸਮਾਨ, ਕਲਜੁਗ ਪਰਗਟੇ ਵਿਸ਼ਨੂੰ ਭਗਵਾਨ । ਸੁੱਕੇ ਫਲ ਪ੍ਰਭ ਲਾਏ ਡਾਲ੍ਹੀ । ਸੰਤਾਂ ਸਿੰਘ ਆਤਮ ਹੋਈ ਖਾਲੀ । ਮੰਗ ਭਿਖ ਪ੍ਰਭ ਚਾੜ੍ਹੇ ਲਾਲੀ । ਸਾਚਾ ਪ੍ਰਭ ਲੇਖ ਜਾਏ ਲਿਖ, ਨਾ ਮੰਗੇ ਕੋਈ ਦਲਾਲੀ । ਸੋਹੰ ਨਾਮ ਪਾਵੇ ਭਿਖ, ਦੋ ਜਹਾਨਾਂ ਵਾਲੀ । ਬੇਮੁਖ ਦਰ ਨਾਚੇ ਜਿਉਂ ਰਿੱਛ, ਪ੍ਰਭ ਜੋਤ ਸਦਾ ਛਪਾਲੀ । ਮਹਾਰਾਜ ਸ਼ੇਰ ਸਿੰਘ ਸਤਿ ਸਤਿ ਸਤਿ ਤੇਰਾ ਸਿੱਖ, ਜਿਸ ਚਰਨ ਪ੍ਰੀਤੀ ਲਾ ਲੀ । ਭਾਣਾ ਵਰਤੇ ਹਰਿ ਕੇ ਭਾਣੇ । ਕਲਜੁਗ ਜੀਵ ਕੋਈ ਨਾ ਜਾਣੇ । ਕਲਜੁਗ ਨਾ ਰਹਿਸੀ ਕੋਈ ਰਾਜੇ ਰਾਣੇ । ਸ਼ਬਦ ਜਗਾਏ ਪ੍ਰਭ ਉਠਾਏ ਸੱਤਰ ਲੱਖ ਪਠਾਣੇ । ਜੀਵ ਜੰਤ ਅੰਞਾਣੇ ਪਏ ਕੁਰਲਾਣ, ਦਾੜ੍ਹਾਂ ਹੇਠ ਬੱਚੇ ਚਬਾਣੇ । ਕਲਜੁਗ ਭੁੱਜਣ ਜੀਵ ਜਿਉਂ ਭਠਿਆਲੇ ਦਾਣੇ । ਮਹਾਰਾਜ ਸ਼ੇਰ ਸਿੰਘ ਸਭ ਕੁਛ ਵਰਤੇ ਤੇਰੇ ਭਾਣੇ । ਜਗਤ ਹੋਇਆ ਕਲਜੁਗ ਅੰਧ, ਗੁਰਸਿਖ ਸੋਹਣ ਚਰਨ ਮੁਕੰਦ । ਆਸ ਪਾਸ ਪਾਸ ਆਸ ਬਿਆਸ । ਪਰਗਟੀ ਜੋਤ ਪ੍ਰਭ ਗੁਣਤਾਸ । ਸੰਤ ਸੁਹੇਲਾ ਕਰੇ ਸੰਤ ਵਾਸ । ਸਾਚਾ ਧਾਮ ਕਰੇ ਪਰਕਾਸ਼ । ਮਹਾਰਾਜ ਸ਼ੇਰ ਸਿੰਘ ਸਚਾ ਸ਼ਾਹਬਾਸ । ਵਿਛੜ ਮਿਲੇ ਮਿਲ ਨਾ ਵਿਛੜੇ, ਅੰਤਕਾਲ ਕਲ ਆਇਆ । ਜੀਵ ਜੰਤ ਪੀੜਾਏ ਤੇਲ ਸਭ ਪਿੜੇ, ਪ੍ਰਭ ਸਾਚਾ ਬਚਨ ਲਿਖਾਇਆ । ਪਰਬਤ ਸਭ ਜਗਤ ਦੇ ਹਿਲੇ, ਪ੍ਰਭ ਜੋਤ ਸਰੂਪੀ ਦੇ ਹਿਲਾਇਆ । ਪ੍ਰਭ ਗੜ੍ਹ ਗੋੜ ਤੋੜੇ ਕਿਲੇ, ਸੋਹੰ ਬਾਣ ਕਲਜੁਗ ਲਾਇਆ । ਮਹਾਰਾਜ ਸ਼ੇਰ ਸਿੰਘ ਜੋ ਜਨ ਮਿਲੇ, ਮਿਲ ਪ੍ਰਭ ਮਹਾਂ ਸੁਖ ਪਾਇਆ । ਸਚ ਸ਼ਬਦ ਪ੍ਰਭ ਸਚ ਲਿਖਾਵਣਾ । ਨਿਰਭੈ ਹੋਏ ਜਿਸ ਪ੍ਰਭ ਰਸਨਾ ਗਾਵਣਾ । ਕਲਜੁਗ ਪਾਏ ਸੁੱਖ ਨਾ ਕਿਸੇ ਦੁਖਾਵਣਾ । ਕਰ ਜੀਵ ਅਰਦਾਸ ਪ੍ਰਭ ਪਰਗਟ ਹੋਏ ਦਿਖਾਵਣਾ । ਹੰਕਾਰ ਨਿਵਾਰ ਦੁਸ਼ਟ ਸੰਘਾਰ, ਪ੍ਰਭ ਸਾਚੇ ਰਾਹ ਤੇ ਲਾਵਣਾ । ਜਗਤ ਭੰਡਾਰ ਦੇ ਅੰਮ੍ਰਿਤ ਭੰਡਾਰਾ, ਆਤਮ ਗਿਆਨ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਚਾਰ ਕੁੰਟ ਜੈ ਜੈਕਾਰ ਕਰਾਵਣਾ । ਜੀਵ ਜੰਤ ਜੇ ਪ੍ਰਭ ਭੁਲਾਵੇ । ਪ੍ਰਭ ਅਬਿਨਾਸ਼ੀ ਨਾਮ ਮਿਟ ਜਾਵੇ ।

ਪਰਗਟ ਜੋਤ ਸਰੂਪ ਪ੍ਰਭ ਦਰਸ ਦਿਖਾਵੇ । ਮਹਾਰਾਜ ਸ਼ੇਰ ਸਿੰਘ ਕਰ ਸਾਚਾ ਭਉ, ਨਿਰਭੈ ਹੋਏ ਗੁਰਸਿਖ ਤਰਾਵੇ । ਧੰਨ ਧੰਨ ਧੰਨ ਗੁਰਸਿਖ, ਪ੍ਰਭ ਅਬਿਨਾਸ਼ੀ ਜਿਸ ਘਰ ਮੇਂ ਪਾਇਆ । ਆਤਮ ਪ੍ਰਭ ਲਾਹੇ ਭੁੱਖ, ਸਾਂਤਕ ਰੂਪ ਪ੍ਰਭ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਪਰਗਟ ਜੋਤ ਨਿਹਕਲੰਕ ਨਾਉਂ ਧਰਾਇਆ । ਸ਼ਬਦੀ ਸ਼ਬਦ ਲਿਖਾਵੇ ਬਾਣੀ । ਬੇਮੁਖਾਂ ਆਤਮ ਮਾਰੇ ਕਾਨੀ । ਬੇਮੁਖ ਵਿਰਲੇ ਈਸ਼ਰ ਜੋਤ ਪਛਾਣੀ । ਸੰਤ ਮਨੀ ਸਿੰਘ ਸਤਿਜੁਗ ਤੇਰੀ ਰਹੇ ਨਿਸ਼ਾਨੀ । ਅੱਠ ਜੇਠ ਕਲ ਫੇਰ ਨਾ ਆਵਣਾ । ਦਰ ਘਰ ਪਰਗਟ ਜੋਤ ਪ੍ਰਭ ਫਿਰ ਨਾ ਸੁਹਾਵਣਾ । ਪਰਗਟੇ ਜੋਤ ਪ੍ਰਭ ਖੋਲ੍ਹੇ ਸੋਤ, ਗੁਰਸਿਖਾਂ ਗਿਆਨ ਬ੍ਰਹਮ ਦਿਵਾਵਣਾ । ਮਹਾਰਾਜ ਸ਼ੇਰ ਸਿੰਘ ਧੰਨ ਧੰਨ ਧੰਨ ਗੁਰਸੰਗਤ ਚਰਨ ਲਾਗ ਜਿਸ ਅੰਤ ਸੁਖ ਪਾਵਣਾ । ਗਿਆ ਆਇਆ ਪ੍ਰਭ ਭੇਵ ਚੁਕਾਇਆ । ਜੋਤ ਸਰੂਪ ਧਾਰ ਖੇਲ ਕਲਜੁਗ ਅੰਦਰ ਆਪਣਾ ਭੇਵ ਖੁਲ੍ਹਾਇਆ । ਸੁਹਾਏ ਥਾਨ ਸੋ ਦਰ ਮੰਦਰ, ਜਿਥੇ ਪ੍ਰਭ ਮਨੀ ਸਿੰਘ ਮਾਣ ਦਿਵਾਇਆ । ਬੇਮੁਖ ਦਰ ਜਿਉਂ ਬੰਦਰ, ਮਨ ਵਿਚ ਹੰਕਾਰ ਰਖਾਇਆ । ਹੋਏ ਨਿਮਾਣਾ ਪ੍ਰਭ ਆਤਮ ਤੋੜੇ ਜੰਦਰ, ਸੋਹੰ ਕੁੰਜੀ ਪ੍ਰਭ ਸ਼ਬਦ ਲਿਖਾਇਆ । ਪ੍ਰਭ ਸਾਚਾ ਵਸੇ ਦੇਹ ਅੰਦਰ, ਬੇਮੁਖਾਂ ਭੇਵ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਜੋਤ ਸਰੂਪੀ ਜਗਤ ਭੁਲਾਇਆ । ਪ੍ਰਭ ਆਏ ਵਕ਼ਤ ਵਿਚਾਰ ਕਰ, ਲੇਖ ਲਿਖਾਏ ਲੇਖੇ । ਪ੍ਰਭ ਜਾਏ ਜਨਮ ਸੁਧਾਰ ਕਰ, ਜੋ ਜਨ ਆਏ ਦਰਸ਼ਨ ਪੇਖੇ । ਬੇਮੁਖਾਂ ਜਾਏ ਮਾਰ ਕਰ, ਜੋ ਰਹੇ ਭਰਮ ਭੁਲੇਖੇ । ਗੁਰਸਿਖਾਂ ਜਾਏ ਸ਼ਬਦ ਅਧਾਰ ਕਰ, ਮਾਨਸ ਜਨਮ ਲਾਇਆ ਲੇਖੇ । ਮਹਾਰਾਜ ਸ਼ੇਰ ਸਿੰਘ ਜੋਤ ਆਕਾਰ ਕਰ, ਤੁਧ ਗੁਰਮੁਖ ਵੇਖੇ । ਗੁਰਮੁਖ ਗੁਰਸਿਖ ਦੋ ਜਨ, ਪ੍ਰਭ ਜੋਤ ਏਕਾ । ਸਾਧ ਸੰਗਤ ਤੇਰੀ ਵਡਿਆਈ ਧੰਨ, ਰਸਨ ਜਪ ਹੋਏ ਬੁਧ ਬਿਬੇਕਾ । ਜਿਸ ਆਤਮ ਲਿਆ ਮੰਨ, ਦਰਸ ਪ੍ਰਭ ਏਕੰ ਏਕਾ । ਮਹਾਰਾਜ ਸ਼ੇਰ ਸਿੰਘ ਕਲਜੁਗ ਅਗਨ ਗੁਰਸਿਖ ਨਾ ਲਾਵੇ ਸੇਕਾ । ਸੰਤਨ ਸੰਗ ਮਿਲੇ ਵਡਿਆਈ । ਸਾਧ ਸੰਗਤ ਪ੍ਰਭ ਰਿਹਾ ਸਮਾਈ । ਧੰਨ ਧੰਨ ਧੰਨ ਗੁਰ ਸੰਗਤ, ਦਿਵਸ ਰੈਣ ਰਹੇ ਪ੍ਰਭ ਜਸ ਗਾਈ । ਜੋ ਦਰ ਆਏ ਜੋੜ ਹੱਥ ਮੰਗਤ, ਸਾਚੀ ਭਿਛਿਆ ਪ੍ਰਭ ਝੋਲੀ ਪਾਈ । ਆਤਮ ਚਾੜ੍ਹੇ ਨਾਮ ਸੋਹੰ ਰੰਗਤ, ਕਲਜੁਗ ਮਿਲੇ ਜੀਵ ਵਡਿਆਈ । ਭੁਲ ਨਾ ਜੀਵ ਜਿਸ ਬਣਾਈ ਬਣਤ, ਭਰਮ ਭੁਲੇਖੇ ਜਨਮ ਗਵਾਈ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਪਰਗਟ ਵਿਚ ਸਾਧ ਸੰਗਤ ਹੰਕਾਰ ਨਿਵਾਰੇ ਸਰਬ ਸੁਖਦਾਈ । ਨਿਵਾਰ ਨਿਵਾਰ ਹੰਕਾਰ ਪ੍ਰਭ ਹੰਕਾਰੀਆ । ਸਤਿ ਪੁਰਖਾਂ ਦੇ ਅਧਾਰ, ਪ੍ਰਭ ਸਾਚੇ ਕਾਜ ਸਵਾਰਿਆ । ਕਲ ਨਿਰਮਲ ਜੋਤ ਆਕਾਰ ਕਰ, ਮਿਲਨ ਕ੍ਰਿਸ਼ਨ ਮੁਰਾਰਿਆ । ਗੁਰਮੁਖ ਉਤਮ ਵਿਚ ਸੰਸਾਰ, ਲਿਖਾਵੇ ਲੇਖ ਪ੍ਰਭ ਆਪ ਸੰਸਾਰਿਆ । ਮਹਾਰਾਜ ਸ਼ੇਰ ਸਿੰਘ ਅਖੁੱਟ ਭੰਡਾਰਾ, ਗੁਰਸਿਖਾਂ ਦੇਵੇ ਵਰਭੰਡ ਭੰਡਾਰਿਆ । ਕਲਜੁਗ ਹਿਰਦਕ ਹੋਵੇ ਠੰਡ, ਜਿਨ ਮਿਲਿਆ ਮਹਾਰਾਜ ਸ਼ੇਰ ਸਿੰਘ ਏਕੰਕਾਰਿਆ । ਏਕੰਕਾਰ ਏਕ ਪ੍ਰਭ ਜੋਤ । ਸ੍ਰਿਸ਼ਟ ਸਬਾਈ ਰਹੀ ਕਲ ਸੋਤ । ਭਗਤ ਜਨਾਂ ਪ੍ਰਭ ਖੋਲ੍ਹੇ ਸੋਤ । ਬੇਮੁਖ ਦੁਰਮਤ ਦਰ ਗਏ ਰੋਤ । ਮਹਾਰਾਜ ਸ਼ੇਰ ਸਿੰਘ ਸਤਿਜੁਗ ਅੰਦਰ, ਚਾਰ ਵਰਨ ਤੇਰੀ ਏਕਾ ਗੋਤ । ਸ਼ੂਦਰ ਬ੍ਰਹਿਮਣ ਸ਼ੱਤਰੀ ਵੈਸ਼ ਕੋਈ ਨਾ ਦੀਸੇ । ਏਕਾ ਜੋਤ ਸਰਬ ਜੀਵ ਪ੍ਰਭ ਤੇਰੇ ਦੀਸੇ । ਹੰਕਾਰੀ ਦੁਸ਼ਟ ਦੁਰਾਚਾਰੀ ਅੰਤਕਾਲ ਕਲਜੁਗ ਸ਼ਬਦ ਸਰੂਪੀ ਪੀਸੇ । ਮਹਾਰਾਜ ਸ਼ੇਰ ਸਿੰਘ ਸਤਿਜੁਗ ਅੰਦਰ, ਵਰਨ ਕੋਈ ਨਾ ਦੀਸੇ ।

ਉਠ ਜੀਵ ਜਾਗ, ਪ੍ਰਭ ਭਏ ਪਰਕਾਸ਼ੇ । ਕਲਜੁਗ ਲੈ ਅਵਤਾਰ, ਕਰੇ ਬੰਦ ਖਲਾਸੇ । ਦੇਵੇ ਦਰਸ ਪ੍ਰਭ ਅਗੰਮ ਅਪਾਰ, ਆਤਮ ਦੇ ਧਰਵਾਸੇ । ਸੋ ਜਨ ਹੋਏ ਸੁਘੜ ਸੁਜਾਨ, ਮਿਲ ਪ੍ਰਭ ਸਮਰਥ ਅਬਿਨਾਸ਼ੇ । ਕਲਜੁਗ ਲਏ ਅਵਤਾਰ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਸ਼ਾਹੋ ਸ਼ਾਬਾਸ਼ੇ । ਦਸਮ ਦਵਾਰ ਪ੍ਰਭ ਆਪ ਖੁਲ੍ਹਾਏ । ਬ੍ਰਹਮ ਗਿਆਨੀਆਂ ਬ੍ਰਹਮ ਸਰੂਪ ਦੇ, ਜੋਤ ਸਰੂਪ ਵਿਚ ਸਿੱਖ ਸਮਾਵੇ । ਕਲਜੁਗ ਜੀਵ ਮੁਗਧ ਅੰਞਾਣ, ਪ੍ਰਭ ਸਾਚਾ ਕੋਈ ਭੇਦ ਨਾ ਪਾਵੇ । ਗੁਰਸਿਖ ਹੋਏ ਚਤੁਰ ਸੁਜਾਨ, ਗੁਰਚਰਨ ਆਏ ਸੇਵ ਕਮਾਵੇ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ, ਲੱਖ ਚੁਰਾਸੀ ਗੇੜ ਕਟਾਵੇ । ਆਤਮ ਸੁਨ ਪ੍ਰਭ ਦੇਵੇ ਖੋਲ੍ਹ, ਜਨ ਭਗਤਾਂ ਦਰਸ ਦਿਖਾਵੇ । ਨਿਹਕਲੰਕ ਗੁਣ ਨਿਧਾਨ, ਜਨ ਭਗਤਾਂ ਲੇਖ ਲਿਖਾਵੇ । ਸੋਹੰ ਜਪਾਵੇ ਸਾਚਾ ਜਾਪ । ਚਰਨ ਲਾਏ ਕੋਟ ਲਾਹੇ ਪਾਪ । ਸਾਧ ਸੰਗਤ ਪ੍ਰਭ ਮਾਈ ਬਾਪ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਅੰਤ ਸਹਾਈ ਹੋਵੇ ਆਪ । ਭਗਤ ਜਨਾਂ ਪ੍ਰਭ ਦਰਸ ਦਿਖਾਈ । ਅਛਲ ਅਛੱਲ ਨਾ ਛਲਿਆ ਜਾਈ । ਕਲਜੁਗ ਜੀਵ ਮਾਇਆ ਅਗਨ ਜਲਾਈ । ਮਦਿ ਮਾਸ ਰਸਨਾ ਆਹਾਰ ਬਣਾਈ । ਅੰਤਕਾਲ ਪ੍ਰਭ ਨਾ ਹੋਏ ਸਹਾਈ । ਕੁੰਭੀ ਨਰਕ ਨਰਕ ਨਿਵਾਸ ਦਵਾਈ । ਕੂਕਰ ਸੂਕਰ ਪ੍ਰਭ ਜੂਨ ਲਿਖਾਈ । ਪਰਗਟ ਜੋਤ ਕਲਜੁਗ ਪ੍ਰਭ ਆਪਣੀ ਕਲ ਵਰਤਾਈ । ਪਰਗਟ ਜੋਤ ਨਰ ਨਰਾਇਣ, ਸਾਚੀ ਬੂਝ ਬੁਝਾਈ । ਸਾਧ ਸੰਗਤ ਰਸਨਾ ਰਮਈਆ ਰਾਮ, ਜ਼ਾਤ ਪਾਤ ਦਾ ਭੇਵ ਚੁਕਾਈ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਚਰਨ ਲਾਗ ਦੁੱਤਰ ਤਰ ਜਾਈ । ਚਰਨ ਲਾਗ ਪ੍ਰਭ ਮਿਲੇ ਵਡਿਆਈ । ਸੁਰਤ ਸ਼ਬਦ ਆਤਮ ਧੁਨ ਪ੍ਰਭ ਦੇ ਵਜਾਈ । ਅੰਮ੍ਰਿਤ ਝਿਰਨਾ ਝਿਰ ਝਿਰਾਈ । ਅੰਮ੍ਰਿਤ ਬੂੰਦ ਕਵਲ ਮੇਂ ਪਾਈ । ਖੁਲ੍ਹੇ ਕਵਲ ਹੋਏ ਪਰਕਾਸ਼, ਅਗਿਆਨ ਅੰਧੇਰ ਸਰਬ ਮਿਟ ਜਾਈ । ਪਰਗਟੇ ਜੋਤ ਪ੍ਰਭ ਗੁਣਤਾਸ, ਈਸ਼ ਜੀਵ ਦਾ ਭੇਵ ਚੁਕਾਈ । ਸੰਤ ਜਨਾਂ ਪ੍ਰਭ ਸਦ ਹੈ ਦਾਸ, ਗੁਰਮੁਖ ਵਿਰਲੇ ਬੂਝ ਬੁਝਾਈ । ਸਾਧ ਸੰਗਤ ਪ੍ਰਭ ਸਾਚੇ ਪਰਕਾਸ਼, ਸਾਚੀ ਜੋਤ ਕਲ ਪਰਗਟਾਈ । ਭਗਤ ਜਨਾਂ ਪ੍ਰਭ ਕਿਰਪਾਲ ਦਿਆਲ, ਬ੍ਰਹਮ ਵੇਦ ਦੀ ਬੂਝ ਬੁਝਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਪਰਗਟ ਜੋਤ ਅਟੱਲ ਕਲ ਦੇਵੇ ਵਡਿਆਈ । ਬ੍ਰਹਮ ਗਿਆਨੀਆਂ ਦੇਵੇ ਹਰਿ ਨਾਉਂ । ਪ੍ਰਭ ਜੋਤ ਵਸੇ ਹਰ ਥਾਉਂ । ਨਿਹਕਲੰਕ ਸਦਾ ਬਲ ਜਾਓ । ਮਹਾਰਾਜ ਸ਼ੇਰ ਸਿੰਘ ਰਸਨਾ ਗੁਣ ਗਾਓ । ਰਸਨਾ ਰਸ ਨਾਮ ਰਸ ਪਾਏ । ਸਾਚਾ ਪ੍ਰਭ ਦਰਸ ਦਿਖਾਏ । ਆਤਮ ਜੋਤ ਜੋਤ ਪ੍ਰਭ ਦੇ ਜਗਾਏ । ਸਾਚਾ ਪ੍ਰਭ ਸਾਚੇ ਥਾਏਂ ਸਮਾਏ । ਭਗਤ ਜਨਾਂ ਹਰਿ ਲਾਜ ਰਖਾਏ । ਪਰਗਟ ਜੋਤ ਹੋਏ ਸਹਾਏ । ਕਲਜੁਗ ਜਾਮਾ ਧਾਰ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾਏ । ਗੁਰਸਿਖ ਤੇਰੇ ਨਾਮ ਵਡਿਆਈ । ਪ੍ਰਭ ਜੋਤ ਵਿਚ ਦੇਹ ਸਮਾਈ । ਅਬਿਨਾਸ਼ ਦੁਖ ਭੰਜਨ, ਕਲਜੁਗ ਆਇਆ ਭੇਸ ਵਟਾਈ । ਝੂਠੀ ਦੁਨੀਆ ਪ੍ਰਭ ਜੋੜੇ ਬੰਧਨ, ਨਿਹਕਲੰਕ ਸਿਰ ਮਾਇਆ ਪਾਈ । ਮਾਇਆ ਜਾਲ ਜਗਤ ਤੋੜੇ ਤੰਦਨ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਈ । ਮਹਾਰਾਜ ਸ਼ੇਰ ਸਿੰਘ ਤੋੜੇ ਬੰਧਨ, ਦੇ ਦਰਸ ਤ੍ਰਿਖਾ ਮਿਟਾਈ । ਦਰਸ ਦੇਖ ਆਤਮ ਤ੍ਰਿਪਤਾਸਿਆ । ਜਨ ਭਗਤ ਪ੍ਰਭ ਚਰਨ ਨਿਵਾਸਿਆ । ਪਰਗਟੇ ਜੋਤ ਮਾਤ ਪਤਾਲ ਆਕਾਸ਼ਿਆ । ਕਲਜੁਗ ਜਾਮਾ ਧਾਰ ਸਿੱਖ ਦੇਹ ਨਿਵਾਸਿਆ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ, ਰਸਨਾ ਜਪ ਜੀਵ ਸਵਾਸ ਸਵਾਸਿਆ । ਨਿਹਕਲੰਕ ਪ੍ਰਭ ਨਰ ਅਵਤਾਰਾ । ਜੋਤ ਸਰੂਪੀ ਖੇਲ ਅਪਾਰਾ । ਕਲਜੁਗ

ਹੋਵੇ ਅੰਧ ਅੰਧਿਆਰਾ । ਪਰਗਟੇ ਜੋਤ ਆਪ ਨਿਰੰਕਾਰਾ । ਜੋਤ ਸਰੂਪੀ ਜੋਤ ਪ੍ਰਭ, ਜੁਗੋ ਜੁਗ ਲੈ ਅਵਤਾਰਾ । ਜਨ ਭਗਤਾਂ ਦੇਵੇ ਸ਼ਬਦ ਭੰਡਾਰਾ । ਆਤਮ ਮਿਟੇ ਅੰਧ ਅੰਧਿਆਰਾ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਰ ਨਰਾਇਣ ਨਿਹਕਲੰਕ । ਚਾਰ ਕੁੰਟ ਵਜਾਏ ਸ਼ਬਦ ਡੰਕ । ਸ਼ਬਦ ਮਾਰ ਕਰੇ ਪ੍ਰਭ ਇਕ ਰਾਓ ਰੰਕ । ਕਲਜੁਗ ਤਾਰੇ ਜਿਉਂ ਤ੍ਰੇਤਾ ਜਨਕ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਪਰਗਟੇ ਮਾਤਲੋਕ ਬਾਰ ਅਨਕ । ਗੁਰਸਿਖ ਦੋਏ ਜੋੜ ਕਰੇ ਬੰਦਨ, ਪ੍ਰਭ ਦਰਸ ਦਿਖਾਵੇ । ਸਾਚੀ ਜੋਤ ਕਰੇ ਪਰਕਾਸ਼, ਅੰਧੇਰ ਦੇਹ ਮਿਟਾਵੇ । ਆਤਮ ਜੋਤ ਪਰਕਾਸ਼ ਕਰ, ਸ਼ਬਦ ਧੁਨ ਪ੍ਰਭ ਸਦ ਉਪਜਾਵੇ । ਮਹਾਰਾਜ ਸ਼ੇਰ ਸਿੰਘ ਸੁਰਤ ਗਿਆਨ ਕਰ, ਬ੍ਰਹਮ ਦੀ ਬੂਝ ਬੁਝਾਵੇ । ਗੁਰ ਦਰ ਆਏ ਗੁਰਚਰਨ ਪਿਆਸੇ । ਜਿਸ ਜਨ ਗੁਰਚਰਨ ਭਰਵਾਸ, ਹੋਏ ਦਾਸ ਪ੍ਰਭ ਦਾਸਨ ਦਾਸੇ । ਸਾਧ ਸੰਗਤ ਪ੍ਰਭ ਸਦ ਹੈ ਵਾਸੇ । ਕਲਜੁਗ ਜੀਵ ਭੁੱਲੇ ਕੂੜੇ ਭਰਵਾਸੇ । ਪ੍ਰਭ ਜੋਤ ਸਰੂਪ ਸਦਾ ਅਟੱਲ, ਨਾ ਸਦਾ ਵਿਨਾਸੇ । ਜੋਤ ਸਰੂਪ ਸਤਿ ਸ਼ਬਦ ਲਿਖਾਏ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਪ੍ਰਭ ਦੇ ਉਲਟਾਏ । ਅਗਨ ਜੋਤ ਦੇਵੇ ਜਗਤ ਜਲਾਏ । ਸੋਹੰ ਸ਼ਬਦ ਪ੍ਰਭ ਸਾਚਾ ਬਾਣ ਲਗਾਏ । ਚਾਰ ਕੁੰਟ ਹਾਹਾਕਾਰ ਮਚ ਜਾਏ । ਬਿਨ ਪ੍ਰਭ ਸਾਚੇ ਨਾ ਕੋਇ ਸਹਾਏ । ਕਲਜੁਗ ਅੰਤਕਾਲ ਰਹੇ ਬਿਲਲਾਏ । ਜਨ ਭਗਤਾਂ ਪ੍ਰਭ ਮੇਲ ਮਿਲਾਏ । ਜੋਤ ਸਰੂਪੀ ਦਰਸ ਪ੍ਰਭ, ਸੁਰਤ ਸ਼ਬਦ ਦਾ ਮੇਲ ਮਿਲਾਏ । ਦੇਹ ਨਿਵਾਸ ਕਰੇ ਆਤਮ ਵਾਸ, ਜਗੇ ਜੋਤ ਮਿਲੇ ਪ੍ਰਭ ਆਪ ਹਰਿ ਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦੀ ਆਸ ਪੁਜਾਏ । ਗੁਰਸਿਖਾਂ ਅੰਮ੍ਰਿਤ ਨਾਮ ਭੰਡਾਰਾ । ਬੇਮੁਖ ਕਲਜੁਗ ਹੋਏ ਖੁਆਰਾ । ਗੁਰਸਿਖ ਸਾਚਾ ਨਾਮ ਮਿਲੇ ਅਧਾਰਾ । ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਅਗੰਮ ਅਪਾਰਾ । ਜੋ ਜਨ ਆਏ ਸਰਨਾਏ । ਕਰ ਕਿਰਪਾ ਪ੍ਰਭ ਪਾਰ ਕਰਾਏ । ਪਤਤ ਪਾਪੀ ਦੁਸ਼ਟ ਦੁਰਾਚਾਰ ਪ੍ਰਭ ਪਾਰ ਕਰਾਏ । ਆਤਮ ਕਰ ਪਰਕਾਸ਼, ਅੰਮ੍ਰਿਤ ਮੁਖ ਚਵਾਏ । ਮਹਾਰਾਜ ਸ਼ੇਰ ਸਿੰਘ ਜੁਗੋ ਜੁਗ ਲਾਜ ਰਖਾਏ । ਕਲਜੁਗ ਪਰਗਟੇ ਪ੍ਰਭ ਭਰਪੂਰ । ਕੋਈ ਨਾ ਜਾਣੇ ਜੋਤ ਨਿਰੰਜਣ ਸਾਚਾ ਨੂਰ । ਗੁਰਮੁਖ ਜਾਣੇ ਜਿਸ ਜਣਾਏ ਪ੍ਰਭ ਸ਼ਰਧਾ ਪੂਰ । ਮਹਾਰਾਜ ਸ਼ੇਰ ਸਿੰਘ ਅਨਹਦ ਵਜਾਏ ਆਤਮ ਤੂਰ । ਜੂਠ ਝੂਠ ਜੋ ਮੁਖ ਰਖਾਵੇ ਰਸਨ ਹਲਕਾਇਆ । ਜਗਤ ਭੁਲਾਵੇ ਸਾਚਾ ਸ਼ਬਦ ਨਾ ਵਿਚ ਵਸਾਇਆ । ਸ਼ਬਦ ਚੋਟ ਪ੍ਰਭ ਆਤਮ ਛੁਲਾਇਆ । ਮੂਰਖ ਮੁਗਧ ਦਰ ਰਹਿਣ ਨਾ ਪਾਇਆ । ਪਾਪ ਅਪਰਾਧ ਪ੍ਰਭ ਨਸ਼ਟ ਕਰਾਇਆ । ਭਰਮ ਭੁਲੇਖਾ ਸਾਰਾ ਲਾਹਿਆ । ਸੁਣ ਸੁਣ ਨਾਮ ਆਤਮ ਵਿਕਾਰ ਮਿਟਾਇਆ । ਕਲਜੁਗ ਮਿਲਿਆ ਨਾ ਸਾਚਾ ਥਾਉਂ, ਓਅੰ ਸੋਹੰ ਪ੍ਰਭ ਰਾਹ ਚਲਾਇਆ । ਪਰਗਟੇ ਜੋਤ ਅਗੰਮ ਅਪਾਰ, ਸ਼ਬਦ ਸੁਰਤ ਦਾ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਦਰ ਤੇਰੇ ਸਰਬ ਸੁਖ ਪਾਇਆ । ਬੇਮੁਖ ਪ੍ਰਭ ਆਪ ਦੁਰਕਾਰਿਆ । ਜਨ ਭਗਤਾਂ ਕਿਰਪਾ ਕਰ, ਪ੍ਰਭ ਪਾਰ ਉਤਾਰਿਆ । ਕਲਜੁਗ ਜਾਮਾ ਧਾਰ, ਆਪਣਾ ਭੇਵ ਨਾ ਕਿਸੇ ਚਿਤਾਰਿਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰਿਆ । ਕਲਜੁਗ ਜੀਵ ਅੰਤ ਕਰ, ਅੰਤਕਾਲ ਕਲ ਹੋਏ ਖੁਆਰੀ । ਨਿਹਕਲੰਕ ਜੋਤ ਪ੍ਰਭ ਉਤਾਰੀ । ਜੋਤ ਸਰੂਪੀ ਜਾਮਾ ਧਾਰ, ਸਰਬ ਸ੍ਰਿਸ਼ਟ ਪ੍ਰਭ ਆਪ ਸੰਘਾਰੀ । ਮਹਾਰਾਜ ਸ਼ੇਰ ਸਿੰਘ ਗੁਰਸਿਖ ਨਿਰਮਲ ਦੇਵੇ ਦਰਸ ਕ੍ਰਿਸ਼ਨ ਮੁਰਾਰੀ । ਤ੍ਰੇਤਾ ਪਰਗਟੇ ਰਾਮ, ਪਰਗਟ ਜੋਤ ਦੁਆਪਰ ਪਾਰ ਉਤਾਰੀ । ਦਰਸ ਦਿਖਾਵੇ ਪ੍ਰਭ ਗਿਰਧਾਰ । ਸਾਧ ਸੰਗਤ ਪ੍ਰਭ ਲਏ ਅਵਤਾਰ । ਅੰਮ੍ਰਿਤ ਮੁਖ ਚੁਆਵੇ, ਪੀ ਅੰਮ੍ਰਿਤ ਜੀਵ

ਹੋਏ ਆਤਮ ਉਜਿਆਰ । ਅਗਿਆਨ ਅੰਧੇਰ ਪ੍ਰਭ ਦੇਹ ਵਿਨਾਸੇ, ਜਨ ਭਗਤਾਂ ਦੇਵੇ ਪ੍ਰਭ ਅੰਮ੍ਰਿਤ ਭੰਡਾਰ । ਗੁਰਮੁਖ ਵਿਰਲਾ ਕੋਈ ਰਸਨਾ ਲਾਏ । ਰਸਨ ਲਾਗ ਅੰਮ੍ਰਿਤ ਰਸ ਚਾਖੇ, ਆਤਮ ਨੈਣ ਪ੍ਰਭ ਖੋਲ੍ਹ ਵਖਾਵੇ । ਖੁੱਲ੍ਹੇ ਸੁੰਨ, ਸ਼ਬਦ ਧੁੰਨ ਪ੍ਰਭ ਦੇਹ ਵਜਾਵੇ, ਆਤਮ ਜੋਤ ਜਗਾਏ । ਆਤਮ ਜਗੇ ਜੋਤ ਹੋਏ ਪਰਕਾਸ਼, ਸਾਚੀ ਜੋਤ ਪ੍ਰਭ ਵਿਚ ਦੇਹ ਟਿਕਾਏ । ਭਗਤ ਜਨਾਂ ਪ੍ਰਭ ਸਦ ਹੈ ਪਾਸ, ਜੁਗੋ ਜੁਗ ਪ੍ਰਭ ਦਰਸ ਦਿਖਾਏ । ਕਲਜੁਗ ਜੀਵ ਰੱਖ ਚਰਨ ਭਰਵਾਸ, ਅੰਤਕਾਲ ਪ੍ਰਭ ਹੋਏ ਸਹਾਏ । ਸਚਖੰਡ ਸਚ ਘਰ ਵਾਸ, ਗੁਰਸਿਖਾਂ ਜੋਤ ਜਗਾਏ । ਦੇਵੇ ਪਦਵੀ ਅਟਲ, ਗੁਰਮੁਖ ਚਰਨ ਲਾਗ ਤਰ ਜਾਏ । ਲੱਗੇ ਚਰਨ ਆਏ ਗੁਰਸਿਖ । ਦਰਸ ਦਿਖਾਏ ਮਿਟਾਏ ਪ੍ਰਭ ਆਤਮ ਤ੍ਰਿਖ । ਘਰ ਆਏ ਪ੍ਰਭ ਜਾਏ ਲਿਖ । ਰਸਨਾ ਜਪ ਜੀਵ ਮੰਗ ਸਾਚੀ ਭਿੱਖ । ਮਹਾਰਾਜ ਸ਼ੇਰ ਸਿੰਘ ਸਾਚੀ ਨਾਓ, ਕਲਜੁਗ ਚੜ੍ਹੇ ਪੂਰੇ ਗੁਰਸਿਖ । ਗੁਰਸਿਖਾਂ ਪ੍ਰਭ ਮਾਣ ਦਵਾਇਆ । ਚਾਰ ਵਰਨ ਵਿਚ ਵਡਿਆਇਆ । ਬ੍ਰਹਮਲੋਕ ਪ੍ਰਭ ਆਪ ਉਲਟਾਇਆ । ਬ੍ਰਹਮ ਵੇਦ ਦਾ ਮਾਣ ਗਵਾਇਆ । ਸਾਚਾ ਗੁਰਸਿਖ ਨਿਹਕਲੰਕ ਵਿਚ ਬ੍ਰਹਮਲੋਕ ਟਿਕਾਇਆ । ਧ੍ਰੂ ਗਵਾਏ ਮਾਣ, ਸਵਰਨ ਸਿੰਘ ਮਾਣ ਦਿਵਾਇਆ । ਸਚਖੰਡ ਨਿਵਾਸ ਦੇ ਧਰਵਾਸ, ਪ੍ਰਭ ਥਾਨ ਸੁਹਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਮਾਣ ਦਵਾਇਆ । ਕਲਜੁਗ ਜੀਵ ਭੇਵ ਨਾ ਜਾਣੇ । ਜਨ ਭਗਤਾਂ ਸੁੱਤਿਆਂ ਰੈਣ ਪ੍ਰਭ ਖੜ੍ਹਾ ਸਰਹਾਣੇ । ਕਲਜੁਗ ਜਾਮਾ ਧਾਰ, ਮਾਣ ਗਵਾਏ ਰਾਜੇ ਰਾਣੇ । ਗੁਰਸਿਖ ਆਤਮ ਨਾਮ ਪ੍ਰਭ ਰੰਗਣ, ਬੇਮੁਖ ਭੁੱਜਣ ਜਿਉਂ ਭਠਿਆਲੇ ਦਾਣੇ । ਨਿਹਕਲੰਕ ਜੋਤ ਨਿਰੰਜਣ ਦੇਵੇ ਮਾਣ ਨਿਮਾਣ ਨਿਮਾਣੇ । ਭਗਤ ਜਨਾਂ ਪ੍ਰਭ ਕੱਟੇ ਰੋਗ, ਆਤਮ ਜੋਤ ਜਗੇ ਮਹਾਨੇ । ਬੇਮੁਖ ਆਤਮ ਸਦਾ ਸੋਗ, ਸਾਚਾ ਪ੍ਰਭ ਨਾ ਰਸਨ ਵਖਾਣੇ । ਮਹਾਰਾਜ ਸ਼ੇਰ ਸਿੰਘ ਰਾਓ ਰੰਕ ਹੋਏ ਤੇਰੇ ਭਾਣੇ । ਰਾਓ ਰੰਕ ਪ੍ਰਭ ਇਕ ਕਰਾਏ । ਸਰਬ ਜੀਵ ਮੇਂ ਰਿਹਾ ਸਮਾਏ । ਜੋਤ ਸਰੂਪੀ ਜੋਤ ਪ੍ਰਭ, ਵਿਚ ਵਸੇ ਨਜ਼ਰ ਨਾ ਆਏ । ਗੁਰਮੁਖਾਂ ਅੰਮ੍ਰਿਤ ਝਿਰਨਾ ਝਿਰੇ ਨਭ, ਖੋਲ੍ਹ ਕਵਲ ਪ੍ਰਭ ਦਰਸ ਦਿਖਾਏ । ਗੁਰਸਿਖਾਂ ਪ੍ਰਭ ਸਾਚਾ ਲਿਆ ਲੱਭ, ਬੇਮੁਖਾਂ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਭਗਤ ਉਧਾਰਨ, ਉਧਰੇ ਸੋ ਜਨ ਜੋ ਸ਼ਰਨੀ ਆਏ । ਜੋ ਜਨ ਆਏ ਪ੍ਰਭ ਸਰਨਾਇਆ । ਕਰ ਕਿਰਪਾ ਪ੍ਰਭ ਬੈਕੁੰਠ ਨਿਵਾਸ ਦਿਵਾਇਆ । ਪਰਗਟ ਜੋਤ ਵਿਚ ਮਾਤ, ਆਪਣਾ ਖੇਲ ਰਚਾਇਆ । ਸਾਚੀ ਕਰੇ ਜੋਤ ਪਰਕਾਸ਼, ਗੁਰਮੁਖਾਂ ਪ੍ਰਭ ਭੇਵ ਚੁਕਾਇਆ । ਉਪਰ ਬਾਸ਼ਕ ਸੇਜ ਨਿਵਾਸੀ, ਪ੍ਰਭ ਨੈਣ ਮੁਧਾਰ ਕਿਸੇ ਭੇਵ ਨਾ ਪਾਇਆ । ਪਰਗਟ ਜੋਤ ਕਰੇ ਪ੍ਰਭ, ਘਨਕਪੁਰੀ ਵਿਚ ਭਾਗ ਲਗਾਇਆ । ਖਾਣੀ ਬਾਣੀ ਗਗਨ ਪਤਾਲੀ, ਜੋਤ ਸਰੂਪ ਦੀਪ ਤੀਨ ਲੋਕ ਜਗਾਇਆ । ਜੋਤ ਸਰੂਪ ਪ੍ਰਭ, ਪ੍ਰਭ ਕੀ ਜੋਤ ਸਦ ਡਗਮਗਾਇਆ । ਜਨ ਭਗਤਾਂ ਖੰਡ ਸਚ ਨਿਵਾਸ, ਪ੍ਰਭ ਜੋਤੀ ਜੋਤ ਮਿਲਾਇਆ । ਬੇਮੁਖਾਂ ਕਲਜੁਗ ਹੋਵੇ ਨਾਸ, ਮਦਿ ਮਾਸ ਆਹਾਰ ਬਣਾਇਆ । ਅੰਤਕਾਲ ਹੋਵੇ ਨਰਕ ਨਿਵਾਸ ਧਰਮ ਰਾਜ ਦੇ ਸਜ਼ਾਇਆ । ਭਗਤ ਜਨਾਂ ਹਿਰਦੇ ਪ੍ਰਭ ਦਰਸ, ਸੁਰਤ ਸ਼ਬਦ ਦਾ ਮੇਲ ਕਰਾਇਆ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰੇ ਚਰਨ ਨਿਵਾਸ, ਅੰਤਕਾਲ ਵਿਚ ਜੋਤ ਮਿਲਾਇਆ । ਮਿਲਾਏ ਜੋਤ ਪ੍ਰਭ ਨਿਰੰਕਾਰੀ । ਭਗਤ ਜਨਾਂ ਦੀ ਪੈਜ ਸਵਾਰੀ । ਗੁਰ ਕੀ ਸੇਵਾ ਦਵਾਰ ਕਲਜੁਗ ਜਾਮਾ ਧਾਰ, ਪਰਗਟੇ ਕ੍ਰਿਸ਼ਨ ਮੁਰਾਰੀ । ਜਨ ਭਗਤਾਂ ਦੇਵੇ ਤਾਰ, ਜਿਉਂ ਸੁਦਾਮੇ ਪੈਜ ਸਵਾਰੀ । ਅੰਤਕਾਲ ਨਾ ਹੋਏ ਖੁਆਰ, ਜਿਨ ਮਿਲਿਆ ਸ਼ਾਮ ਮੁਰਾਰੀ । ਮਹਾਰਾਜ ਸ਼ੇਰ ਸਿੰਘ ਸੋ ਜਨ ਪਾਏ ਤੇਰੀ ਸਾਰ, ਜਿਸ ਦੇਵੇ ਦਰਸ ਜੋਤ ਅਗੰਮ ਅਪਾਰੀ । ਜੋਤ ਦਰਸ ਕੋਈ ਜਨ ਪਾਏ । ਬੁਝੀ

੪੨੭
੦੧

ਦੀਪਕ ਆਤਮ ਪ੍ਰਭ ਦਏ ਜਗਾਏ । ਸਚਖੰਡ ਨਿਵਾਸੀ ਸਚ ਘਰ ਸਚ ਦਰ ਦੀ ਬੂਝ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖਾਂ ਮਾਣ ਦਿਵਾਏ । ਕਲਜੁਗ ਪਰਗਟੇ ਤ੍ਰੈਲੋਕੀ ਨੰਦਨ । ਸਾਧ ਸੰਗਤ ਨਾਮ ਦਾਨ ਗੁਰ ਦਰ ਤੇ ਮੰਗਣ । ਕਲਜੁਗ ਗੁਰਸਿਖ ਜਿਉਂ ਭਰਵਾਸ ਚੰਦਨ । ਸੋਹੰ ਸ਼ਬਦ ਉਤਮ ਲਿਖਾਏ, ਮਹਾਰਾਜ ਸ਼ੇਰ ਸਿੰਘ ਗੁਰਸਿਖ ਤੋੜੇ ਬੰਧਨ । ਜੋ ਜਨ ਆਏ ਚਰਨੀਂ ਸੀਸ ਝੁਕਾਏ । ਚਰਨੀਂ ਝੁਕੇ ਹੋਏ ਨਿਮਾਣਾ । ਸਾਚਾ ਸ਼ਬਦ ਪ੍ਰਭ ਸੁਣਾਣਾ । ਪਰਗਟੇ ਜੋਤ ਗੁਣ ਨਿਧਾਨਾ । ਕਲਜੁਗ ਲਾਇਆ ਸ਼ਬਦ ਬਾਣਾ । ਮਹਾਰਾਜ ਸ਼ੇਰ ਸਿੰਘ ਅੰਤਕਾਲ ਕਲਜੁਗ ਵਰਤੇ ਤੇਰਾ ਭਾਣਾ । ਕਲੂ ਕਾਲ ਪ੍ਰਭ ਆਪ ਵਰਤਾਇਆ । ਪਰਗਟ ਜੋਤ ਖੇਲ ਰਚਾਇਆ । ਸਤਿਜੁਗ ਸਚ ਪ੍ਰਭ ਲਗਾਇਆ । ਰਾਓ ਰੰਕ ਕਰ ਇਕ ਬਹਾਇਆ । ਚਾਰ ਵਰਨ ਪ੍ਰਭ ਭੇਖ ਵਟਾਇਆ । ਓਅੰ ਪ੍ਰਭ ਆਪ, ਸੋਹੰ ਸਾਚਾ ਸ਼ਬਦ ਚਲਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਅਚਰਜ ਖੇਲ ਕਰੇ ਕਰਾਇਆ । ਅਚਰਜ ਪ੍ਰਭ ਆਪ, ਅਚਰਜ ਖੇਲਾ । ਕਲਜੁਗ ਬੇੜਾ ਵਿਚ ਸ਼ੋਹ ਦਰਿਆ ਠੇਲਾ । ਦਰ ਘਰ ਜੀਵ ਕਰ ਦਰਸ, ਪਰਗਟੇ ਜੋਤ ਪ੍ਰਭ ਰੰਗ ਨਵੇਲਾ । ਗੁਰਸਿਖ ਅੰਮ੍ਰਿਤ ਰਸ ਪੀ, ਆਤਮ ਹੋਵੇ ਸੁਖੀ ਸੁਹੇਲਾ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਵਿਛੜਿਆਂ ਕਲਜੁਗ ਕੀਆ ਮੇਲਾ । ਉਠ ਜੀਵ ਜਾਗ, ਸ਼ਬਦ ਰਸਨਾ ਗਾਏ । ਉਠ ਜੀਵ ਜਾਗ, ਪ੍ਰਭ ਦਰਸ ਦਿਖਾਏ । ਉਠ ਜੀਵ ਜਾਗ, ਨਿਹਕਲੰਕ ਜੋਤ ਸਰੂਪ ਘਰ ਮੇਂ ਆਏ । ਉਠ ਜੀਵ ਜਾਗ, ਚਰਨੀਂ ਲਾਗ ਗੇੜ ਚੁਰਾਸੀ ਪ੍ਰਭ ਦੇ ਕਟਾਏ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਨਿਜ ਘਰ ਆਏ । ਸਚ ਘਰ ਵਸੇ ਆਪ ਅਪਰੰਪਰ । ਜੋਤ ਸਰੂਪ ਸਰਬ ਭਰਤੰਬਰ । ਕਲਜੁਗ ਪਰਗਟਾਏ ਪ੍ਰਭ ਪੀਰ ਪੈਗ਼ੰਬਰ । ਵਰਤਾਏ ਕਹਿਰ ਜੋਤ ਸਰੂਪ ਵਿਚ ਅੰਬਰ । ਮਹਾਰਾਜ ਸ਼ੇਰ ਸਿੰਘ ਕਲਜੁਗ ਮਿਟਾਏ ਸਭ ਅਡੰਬਰ । ਸਾਚਾ ਸੰਤ ਸਚ ਘਰ ਵਸੇ । ਪਾਏ ਦਰਸ ਆਤਮ ਰਸ ਰਸੇ । ਬੇਮੁਖ ਜਾਇਣ ਸਾਚੇ ਦਰ ਤੋਂ ਨੱਸੇ । ਪੂਰਨ ਸੰਤ ਪ੍ਰਭ ਹਿਰਦੇ ਵਸੇ । ਕਰਮਹੀਣ ਪ੍ਰਭ ਭੇਵ ਨਾ ਦੱਸੇ । ਹੋਏ ਅੰਧੇਰ ਜਿਉਂ ਚੰਦ ਮੱਸੇ । ਗੁਰਸਿਖ ਜੋਤ ਜਿਉਂ ਰਵ ਸੱਸੇ । ਸੋਹੰ ਪਰਗਟ ਜੋਤ, ਸ਼ਬਦ ਪ੍ਰਭ ਸਾਚਾ ਦੱਸੇ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਵਿਚ ਸਦਾ ਵਸੇ । ਸਾਧ ਸੰਗਤ ਪ੍ਰਭ ਸਦਾ ਸਮਾਏ । ਮਿਲ ਪ੍ਰਭ ਸੰਗਤ ਹਰਿ ਜਸ ਗਾਏ । ਪ੍ਰਭ ਅਬਿਨਾਸ਼ੀ ਹਰਿ ਕੀ ਜੋਤ ਨਜ਼ਰੀ ਆਏ । ਕਰ ਦਰਸ ਗੁਰਸਿਖ ਪੂਰਾ ਵਿਚੋਂ ਹਉਮੈ ਰੋਗ ਗਵਾਏ । ਜਗੇ ਜੋਤ ਕੋਟ ਭਾਨ, ਕੋਈ ਜੀਵ ਭੇਵ ਨਾ ਪਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਚਰਨ ਲਾਗ ਸਰਬ ਤਰ ਜਾਏ । ਸਾਚਾ ਜੀਵਣ ਗੁਰਚਰਨ ਨਿਵਾਸ । ਸਚਖੰਡ ਜੀਵ ਪ੍ਰਭ ਕਰੇ ਨਿਵਾਸ । ਨਿਰਮਲ ਜੋਤ ਪ੍ਰਭ ਸਦਾ ਪਰਕਾਸ਼ । ਪ੍ਰਭ ਅਬਿਨਾਸ਼ੀ ਸਦਾ ਅਬਿਨਾਸ਼ । ਤੀਨ ਲੋਕ ਪ੍ਰਭ ਚਰਨ ਕੇ ਦਾਸ । ਜੋਤ ਸਰੂਪ ਸਰਬ ਮੇਂ ਵਾਸ । ਕਲਜੁਗ ਪਰਗਟ ਜੋਤ ਚਾਰ ਕੁੰਟ ਕਰੇ ਪਰਕਾਸ਼ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਚਰਨ ਲਾਗ ਜੀਵ ਨਾ ਹੋਵੇ ਗਰਭ ਵਾਸ । ਗਰਭ ਵਾਸ ਪ੍ਰਭ ਆਪ ਮਿਟਾਇਆ । ਜੋਤ ਸਰੂਪੀ ਵਿਚ ਜੋਤ ਮਿਲਾਇਆ । ਗੁਰਸਿਖ ਸਾਚੇ ਗੁਰ ਦਰ ਪਾਇਆ । ਜੋਤ ਜੋਤ ਪ੍ਰਭ ਜੋਤੀ ਜੋਤ ਡਗਮਗਾਇਆ । ਸਾਚੀ ਦੀਪਕ ਜੋਤ ਪਰਕਾਸ਼ੇ, ਬਿਨ ਬਾਤੀ ਬਿਨ ਤੇਲ ਗਗਨ ਜਗਾਇਆ । ਮਹਾਰਾਜ ਸ਼ੇਰ ਸਿੰਘ ਸਤਿ ਅਬਿਨਾਸ਼ੀ, ਆਦਿ ਅੰਤ ਨਾ ਕਿਸੇ ਜਣਾਇਆ । ਆਦਿ ਅੰਤ ਜਨ ਕਿਆ ਜਾਣੇ । ਆਪਣਾ ਆਪ ਨਾ ਜੀਵ ਪਛਾਣੇ । ਕਲਜੁਗ ਭੁੱਲੇ ਜੀਵ ਨਿਮਾਣੇ । ਛਡ ਆਤਮ ਰਸ, ਰਸਨਾ

ਰਸ ਲੁਭਾਣੇ । ਕਿਰਪਾ ਕਰ ਪ੍ਰਭ ਗੁਰਮੁਖਾਂ ਅੰਮ੍ਰਿਤ ਰਸ ਪ੍ਰਭ ਮੁਖ ਚੁਆਣੇ । ਜੀਵ ਜੰਤ ਸਭ ਹੋਵੇ ਵਸ, ਸਾਚਾ ਪ੍ਰਭ ਵਿਚ ਦੇਹ ਜੋਤ ਜਗਾਣੇ । ਬੇਮੁਖ ਜਾਇਣ ਦਰ ਤੋਂ ਨਸ, ਸੋਹੰ ਸ਼ਬਦ ਵੱਜੇ ਆਤਮ ਬਾਣੇ । ਮਹਾਰਾਜ ਸ਼ੇਰ ਸਿੰਘ ਹਿਰਦੇ ਜਾਏ ਵਸ, ਕਲਜੁਗ ਜੀਵ ਹੋਇਣ ਸੁਘੜ ਸਿਆਣੇ । ਗੁਰਪਰਸਾਦਿ ਪ੍ਰਭ ਦਰਸ਼ਨ ਪਾਇਆ । ਪ੍ਰਭ ਅਬਿਨਾਸ਼ੀ ਪਰਗਟ ਜੋਤ, ਕਲਜੁਗ ਦਰਸ ਦਿਖਾਇਆ । ਗੁਰਪਰਸਾਦਿ ਸਾਧ ਸੰਗਤ ਗੁਰ ਚਰਨ ਲਾਗ, ਰਸਨਾ ਹਰਿ ਹਰਿ ਹਰਿ ਜਸ ਗਾਇਆ । ਪੂਰਨ ਹੋਏ ਸਾਧ ਸੰਗਤ ਤੇਰੇ ਭਾਗ, ਜੋਤ ਨਿਰੰਜਣ ਵਿਚ ਸਮਾਇਆ । ਗੁਰਪਰਸਾਦਿ ਸੋਈ ਆਤਮ ਗਈ ਜਾਗ, ਸੁਰਤ ਸ਼ਬਦ ਅੰਮ੍ਰਿਤ ਝਿਰਨਾ ਪ੍ਰਭ ਨਿਝਰੋਂ ਝਿਰਾਇਆ । ਗੁਰਪਰਸਾਦਿ ਅੰਮ੍ਰਿਤ ਬੂੰਦ ਕਵਲ ਮੇਂ ਪਾਏ, ਦਸਮ ਦਵਾਰ ਪ੍ਰਭ ਖੋਲ੍ਹ ਵਖਾਇਆ । ਗੁਰਪਰਸਾਦਿ ਆਤਮ ਧੁਨ ਵੱਜੇ ਨਾਦ, ਸੁਨ ਸਮਾਧ ਪ੍ਰਭ ਖੋਲ੍ਹ ਵਖਾਇਆ । ਗੁਰਸਿਖ ਕਲਜੁਗ ਅੰਦਰ ਮਹਾਰਾਜ ਸ਼ੇਰ ਸਿੰਘ ਲਿਆ ਲਾਧ, ਮਾਨਸ ਜਨਮ ਸੁਫਲ ਕਰਾਇਆ ।

ਮੂਰਖ ਜੀਵ ਕਲਜੁਗ ਮਾਇਆ ਗਿਆ ਲੁਝ । ਜਗਤ ਵਿਕਾਰੀ ਹੋਏ ਖੁਆਰੀ, ਆਤਮ ਦੀਪਕ ਗਈ ਬੁਝ । ਪ੍ਰਭ ਸ਼ਬਦ ਲਿਖਾਏ ਭੇਤ ਚੁਕਾਏ ਸਾਰੇ ਗੁਝ । ਮਹਾਰਾਜ ਸ਼ੇਰ ਸਿੰਘ ਕਲੰਕਨਿਹ ਅਵਤਾਰ, ਕੋਈ ਗੁਰਮੁਖ ਜਾਵੇ ਬੁਝ । ਗੁਰ ਕਿਰਪਾ ਗੁਰਮੁਖ ਜਾਣੇ । ਬੇਮੁਖ ਦਰ ਤੇ ਧੱਕੇ ਖਾਣੇ । ਸਾਧ ਸੰਗਤ ਪ੍ਰਭ ਪਗ ਦਰਸਾਣੇ । ਜੋਤ ਸਰੂਪੀ ਜੋਤ ਮੇਲ, ਗੁਰਸਿਖ ਸਚਖੰਡ ਟਿਕਾਣੇ । ਮਹਾਰਾਜ ਸ਼ੇਰ ਸਿੰਘ ਭਾਣਾ ਮੀਠਾ, ਤੇਰਾ ਗੁਰਸਿਖ ਜਾਣੇ । ਜੋਤ ਸਰੂਪ ਚਤੁਰਭੁਜ ਕਹਾਇਆ । ਮੈਂ ਤੂੰ ਤੂੰ ਮੈਂ ਦਾ ਭੇਵ ਚੁਕਾਇਆ । ਮਾਤ ਪਿਤ ਭੈਣ ਭਰਾ ਝੂਠਾ ਖੇਲ ਜਗਤ ਰਚਾਇਆ । ਜੋਤ ਸਰੂਪ ਸਾਚਾ ਪਿਤ, ਜਗਤ ਪਿਤ ਆਪ ਅਖਵਾਇਆ । ਸਾਚਾ ਪ੍ਰਭ ਪਰਗਟ ਜੋਤ ਦਇਆ ਕਮਾਏ, ਪੂਤ ਸਪੂਤ ਵਿਚ ਗੋਦ ਬਿਠਾਇਆ । ਸਚਖੰਡ ਨਿਵਾਸ ਸਾਧ ਸੰਗਤ ਸਚ ਧਾਮ ਰਚਾਇਆ । ਝੂਠੀ ਮਾਇਆ ਜਗਤ ਕੀ ਛਾਇਆ । ਪ੍ਰਭ ਅਬਿਨਾਸ਼ੀ ਥਿਰ ਘਰ ਵਾਸੀ, ਥਿਰ ਘਰ ਗੁਰਸਿਖ ਬਹਾਇਆ । ਆਵੇ ਨਾ ਜਾਵੇ ਨਾ ਹੋਏ ਉਦਾਸੀ, ਜੋਤ ਸਰੂਪ ਵਿਚ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਕਲੰਕਨਿਹ, ਨਿਰਗੁਣ ਸਰਗੁਣ ਦੋਵੇਂ ਰੂਪ ਉਪਾਇਆ । ਸਾਚਾ ਪਿਤ ਅੰਤ ਹੋਏ ਸਹਾਈ । ਸਾਧ ਸੰਗਤ ਤੇਰੀ ਵਡ ਵਡਿਆਈ । ਅੰਤਕਾਲ ਸਾਚਾ ਪ੍ਰਭ ਹੋਏ ਸਹਾਈ । ਸੋ ਦਰ ਦੇਖੇ ਜਿਸ ਪ੍ਰਭ ਸਾਚਾ ਦੇ ਦਿਖਾਈ । ਮਹਾਰਾਜ ਸ਼ੇਰ ਸਿੰਘ ਕਲੰਕਨਿਹ, ਭੇਵ ਭੂਤ ਜਗਤ ਭੁਲਾਈ । ਕਲਜੁਗ ਜਾਮਾ ਧਾਰ ਪ੍ਰਭ ਦਇਆ ਕਮਾਏ । ਜੋਤ ਸਰੂਪੀ ਜੋਤ ਧਰ, ਗੁਰਸਿਖ ਗੋਦ ਸਵਾਏ । ਕਲਜੁਗ ਉਲਟਾ ਭੇਖ ਕਰ, ਆਪਣਾ ਭੇਵ ਛੁਪਾਏ । ਗੁਰਮੁਖਾਂ ਸਾਚੇ ਲੇਖ ਕਰ, ਸਾਚੀ ਦਰਗਾਹ ਦੇ ਪਹੁੰਚਾਏ । ਚਾਰ ਕੁੰਟ ਭਗਤ ਜਨ ਵੇਖ ਕਰ, ਗੋਦ ਆਪਣੀ ਲਏ ਸੁਆਏ । ਮਹਾਰਾਜ ਸ਼ੇਰ ਸਿੰਘ ਜਨ ਤੇਰੀ ਟੇਕ ਧਰ, ਮਾਤਲੋਕ ਫੇਰ ਨਾ ਆਏ । ਮਾਤਲੋਕ ਮਾਤ ਗਰਭ ਤਜਾਇਆ । ਪੂਰਨ ਪਰਮੇਸ਼ਵਰ ਪਰਗਟ ਸ਼ਬਦ ਸੁਰਤ ਸੁਰਤ ਸ਼ਬਦ ਗੁਰ ਸਿੱਖ ਸਿੱਖ ਗੁਰ ਵਿਚ ਮਿਲਾਇਆ । ਅਗਿਆਨੀ ਜੀਵ ਮਮਤਾ ਝੂਰਤ, ਪ੍ਰਭ ਅਬਿਨਾਸ਼ੀ ਭੇਵ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਅਕਾਲ ਮੂਰਤ, ਜੋ ਕਿਛ ਵਰਤੇ ਆਪ ਕਰੇ ਕਰਾਇਆ । ਮਮਤਾ ਚੁੱਕੇ ਭਰਮ ਜੀਵ ਜਾਏ । ਸਾਚਾ ਪ੍ਰਭ ਜੋਤ ਸਰੂਪੀ ਦਰਸ ਦਿਖਾਏ । ਮਾਇਆ ਮਮਤਾ ਵਿਚੋਂ ਦੇਹ ਜਲਾਏ । ਸਤਿ ਸਤਿ ਸਤਿ ਵਿਚ

ਦੇਹ ਵਰਤਾਏ । ਭਗਤ ਜਗਤ ਗਤ ਰਹਿ ਜਾਏ । ਪਿਤ ਪਿਤ ਪਿਤ ਸਾਚਾ ਪਿਤ ਅੰਤ ਹੋਏ ਸਹਾਏ । ਯਤ ਯਤ ਯਤ ਜੀਤ ਸਰਬ ਜਗਤ ਰਹਿ ਜਾਏ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਸਰਨ ਪੜੇ ਦੀ ਲਾਜ ਰਖਾਏ । ਸਾਚਾ ਪ੍ਰਭ ਸਰਬ ਸੁਖ ਸਾਗਰ । ਕਿੰਨਿਆਂ ਕਰਮ ਕਰ ਨਿਰਮਲ ਉਜਾਗਰ । ਆਤਮ ਵਸੇ ਵਿਚ ਝੂਠੀ ਦੇਹ ਗਾਗਰ । ਗੁਰਮੁਖ ਕੋਈ ਬਣੇ ਕਲ ਸਾਚਾ ਸ਼ਬਦ ਸੌਦਾਗਰ । ਮਹਾਰਾਜ ਸ਼ੇਰ ਸਿੰਘ ਕਲੰਕਨਿਹ, ਜੋਤ ਸਰੂਪ ਆਪ ਰਤਨਾਗਰ । ਰਤਨ ਰਤ ਮਾਣਕ ਮੋਤੀ । ਝੂਠੀ ਦੇਹ ਛਡ, ਸਾਚੀ ਜੋਤ ਮਿਲੇ ਵਿਚ ਜੋਤੀ । ਜੋ ਭਰਮ ਭੁਲੇਖੇ ਬੈਠੇ ਜੀਵ, ਝੋਲੀ ਗਿਆਨ ਵਿਭੂਤੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਮਿਲਾਏ ਵਿਚ ਸਾਚੀ ਜੋਤੀ । ਜੋ ਜਨ ਆਏ ਜਨਮ ਪਾਏ । ਅੰਤਕਾਲ ਸਾਕ ਸੈਣ ਜਾਏ ਛਡ, ਜਿਨ ਪ੍ਰਭ ਦਇਆ ਕਮਾਏ । ਅੰਤਕਾਲ ਪ੍ਰਭ ਸਾਚਾ ਹੋਏ ਸਹਾਏ । ਜੋ ਜਨ ਚਾਰ ਜੁਗ ਹੋਏ ਵਡ ਵਡ ਪ੍ਰਭ ਸਾਚਾ ਦਰਸ ਦਿਖਾਏ । ਗੁਰਚਰਨ ਪ੍ਰੀਤੀ ਦਰਸ ਭੁੱਖ । ਸਚ ਆਤਮ ਨੀਤੀ ਰੱਖੇ ਪਤ, ਮਿਲੇ ਸਰਬ ਸੁਖ । ਆਤਮ ਰਹੇ ਅਤੀਤੀ, ਲੱਗੇ ਦੁੱਖ ਜਿਸ ਰੱਖੀ ਕੁੱਖ । ਸਰਬਜੀਤ ਸਦਾ ਹੈ ਜੀਤੀ, ਮੰਗਿਆ ਦਾਨ ਪ੍ਰਭ ਦਰਸ ਭੁੱਖ । ਬਖ਼ਸ਼ੇ ਅਵਗੁਣ ਔਧ ਜੋ ਬੀਤੀ, ਖੰਡ ਸਚ ਮਿਟੇ ਸਭ ਦੁੱਖ । ਪਹੁੰਚਾਏ ਆਪ ਪ੍ਰਭ ਸਾਚੇ ਕੀ ਸਾਚੀ ਨੀਤੀ, ਸਰਬਜੀਤ ਮਿਲੇ ਸਰਬ ਸੁਖ । ਕਰ ਦਰਸ ਮਿਟੇ ਆਤਮ ਤ੍ਰਿਸਨਾ ਭੁਖ । ਛੁੱਟੀ ਚੁਰਾਸੀ ਹੋਈ ਬੰਦ ਖਲਾਸੀ, ਵਾਸ ਨਾ ਹੋਵੇ ਮਾਤਾ ਕੁੱਖ । ਮਹਾਰਾਜ ਸ਼ੇਰ ਸਿੰਘ ਤੇਰਾ ਦਰ, ਕੋਈ ਵਿਰਲਾ ਪਾਏ ਗੁਰਮੁਖ । ਗੁਰਮੁਖ ਤੇਰਾ ਸਾਚਾ ਧਾਮ । ਜਿਥੇ ਜੋਤ ਜਗਾਏ ਅਟੱਲ ਰਮਈਆ ਰਾਮ । ਨਿਰਮਲ ਜੋਤ ਜੋਤ ਨਿਰੰਜਣ ਪਰਗਟੇ ਰਾਮਾ ਸ਼ਾਮ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸੋਹੰ ਸਾਚਾ ਦੇਵੇ ਨਾਮ । ਪ੍ਰਭ ਸਾਚਾ ਵੇਖੇ ਨਦਰ ਕਰ । ਗੁਰਸਿਖ ਮਿਲੇ ਸਾਚਾ ਘਰ । ਮਾਤ ਪਤਾਲ ਅਕਾਸ਼ ਨਾ ਹੋਵੇ ਕਿਸੇ ਡਰ । ਰਸਨ ਜਪ ਜੀਵ ਸਵਾਸ ਸਵਾਸ, ਦੁੱਤਰ ਜਾਏ ਤਰ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਸਦ ਹੈ ਪਾਸ, ਨਰ ਨਰਾਇਣ ਅਵਤਾਰ ਨਰ । ਨਰ ਨਰਾਇਣ ਸਾਚਾ ਪ੍ਰਭ ਭਗਤ ਤਰਾਇਣਾ । ਮੂਰਖ ਜੀਵ ਪਾ ਰੋਵੇ ਵੈਣਾ । ਭੁਲ ਜਾਵੇ ਪ੍ਰਭ ਸਾਚੇ ਕਾ ਸਾਚਾ ਕਹਿਣਾ । ਝੂਠੀ ਦੁਨੀਆ ਜੀਵ ਝੂਠੇ ਸਦ ਨਹੀਂ ਰਹਿਣਾ । ਧੰਨ ਧੰਨ ਧੰਨ ਗੁਰਸਿਖ ਗੁਰ ਚਰਨੀਂ ਬਹਿਣਾ । ਬੇਮੁਖ ਹੋਣ ਖੁਆਰ, ਕਾਲ ਅੰਤ ਜਮ ਡੰਡ ਹੈ ਸਹਿਣਾ । ਸਾਧ ਸੰਗਤ ਉਤਰੇ ਪਾਰ, ਜੋਤ ਸਰੂਪ ਪ੍ਰਭ ਦੇਵੇ ਸਾਚਾ ਲਹਿਣਾ । ਗੁਰਮੁਖ ਗੁਰਸਿਖ ਧਰ ਧਰਵਾਸ, ਪ੍ਰਭ ਸਾਚਾ ਪੇਖ ਨੈਣਾਂ । ਸਾਚਾ ਪ੍ਰਭ ਸਾਚਾ ਧਾਮ ਜਿਥੇ ਪ੍ਰਭ ਵਾਸ, ਸਾਧ ਸੰਗਤ ਸਚਖੰਡ ਮਿਲ ਬਹਿਣਾ । ਹੋਏ ਖੁਆਰ ਜੀਵ ਬਿਲਲਾਏ । ਮਿਤ ਗਤ ਗਤ ਮਿਤ ਪ੍ਰਭ ਨਾ ਜਣਾਏ । ਜਗਤ ਵਿਹਾਰੀ ਭਰਮ ਭੁਲਾਏ । ਸਾਚਾ ਪ੍ਰਭ ਜੋਤ ਸਰੂਪੀ ਅਚਰਜ ਖੇਲ ਰਚਾਏ । ਪਰਗਟ ਜੋਤ ਦੇਵੇ ਦਰਸ, ਗੁਰਸਿਖਾਂ ਸਾਚਾ ਰਾਹ ਦਸਾਏ । ਸ਼ਬਦ ਸ਼ਬਦ ਰਸ ਆਤਮ ਵਰਖੇ । ਆਤਮ ਅਗਨ ਬੁਝਾਏ । ਮਹਾਰਾਜ ਸ਼ੇਰ ਸਿੰਘ ਗੁਰਸਿਖ ਚਰਨ ਪਰਸ, ਅੰਤਕਾਲ ਵਿਚ ਜੋਤ ਮਿਲਾਏ । ਮਿਲੇ ਜੋਤ ਜੋਤੀ ਜੀਵ । ਮਿਲੇ ਸ਼ਾਂਤ ਜਿਉਂ ਚਾਤਰਕ ਮੇਵ । ਸੋਹੰ ਨਾਮ ਜੀਵ ਮਹਾਂ ਰਸ ਅੰਮ੍ਰਿਤ ਪੀਵ । ਮਹਾਰਾਜ ਸ਼ੇਰ ਸਿੰਘ ਸਚਖੰਡ ਨਿਵਾਸੀ, ਜੋਤ ਸਰੂਪ ਸਦਾ ਜਗ ਜੀਵ । ਗੁਰਮੁਖ ਦਰ ਸਾਚਾ ਲੋੜੇ । ਸਾਚਾ ਪ੍ਰਭ ਪ੍ਰੀਤ ਚਰਨ ਸੰਗ ਜੋੜੇ । ਅੰਤਕਾਲ ਕਾਲ ਅੰਤ ਜੋਤ ਸਰੂਪ ਆਪ ਪ੍ਰਭ ਹੋੜੇ । ਮਹਾਰਾਜ ਸ਼ੇਰ ਸਿੰਘ ਤੇਰਾ ਦਰਸ, ਅੰਤਕਾਲ ਜੋ ਜਨ ਲੋੜੇ । ਅੰਤਕਾਲ ਜਿਸ ਦਰਸ ਦਿਖਾਇਆ । ਨਦਰੀ ਨਦਰ ਨਿਹਾਲ ਕਰ, ਕੋਟ ਅਪਰਾਧੀ ਪਾਰ ਕਰਾਇਆ । ਭਗਤ ਵਛਲ ਦਇਆ ਦਿਆਲ

ਕਰ, ਰੁੜ੍ਹਦਾ ਬੇੜਾ ਬੰਨੇ ਲਾਇਆ । ਜਨ ਭਗਤ ਪ੍ਰਭ ਭਾਲ ਕਰ, ਵਿਚ ਸੰਗਤ ਮੇਲ ਮਿਲਾਇਆ । ਸਾਧ ਸੰਗਤ ਇਕ ਡਾਲ੍ਹ ਕਰ, ਅੰਮ੍ਰਿਤ ਫਲ ਸੋਹੰ ਸ਼ਬਦ ਪ੍ਰਭ ਲਾਇਆ । ਵਿਚ ਸ਼ਬਦ ਕੁਠਾਲੀ ਗਾਲ ਕਰ, ਨਾਮ ਸੁਹਾਗਾ ਉਪਰ ਚੜ੍ਹਾਇਆ । ਗੁਰਸੰਗਤ ਚਰਨ ਨਿਹਾਲ ਕਰ, ਜੋਤ ਸਰੂਪ ਬ੍ਰਹਮ ਗਿਆਨ ਦਵਾਇਆ । ਕਲਜੁਗ ਸਰਵਰ ਗੁਰਸਿਖ ਮਾਣਕ ਮੋਤੀ ਰੋਲ ਕਰ, ਸਾਚੇ ਪ੍ਰਭ ਸਾਚਾ ਹਾਰ ਬਣਾਇਆ । ਨਾਮ ਨਾਮ ਨਾਮ ਧਾਗੇ ਵਿਚ ਡਾਲ ਕਰ, ਬੈਕੁੰਠ ਨਿਵਾਸੀ ਕਲੰਕਨਿਹ ਗਲ ਆਪਣੇ ਵਿਚ ਪਾਇਆ । ਮਹਾਰਾਜ ਸ਼ੇਰ ਸਿੰਘ ਆਪਣਾ ਬਿਰਦ ਸੰਭਾਲ ਕਰ, ਹਰਿਜਨਾਂ ਸਚਖੰਡ ਬਹਾਇਆ ।

ਪ੍ਰਭ ਆਤਮ ਜੋਤ ਪਰਕਾਸ਼ ਕਰ । ਸ਼ਬਦ ਸੁਰਤ ਸੁਰਤ ਸ਼ਬਦ ਸਵਾਸ ਕਰ । ਖੋਲ੍ਹ ਹਰਨ ਫਰਨ ਹਿਰਦਕ ਸਾਚਾ ਵਾਸ ਕਰ । ਜਨ ਆਏ ਪ੍ਰਭ ਤੇਰੀ ਸਰਨ, ਆਤਮ ਵਿਚ ਨਿਵਾਸ ਕਰ । ਗੁਰਸਿਖ ਕਲਜੁਗ ਵਿਚ ਨਾ ਡਰਨ, ਪ੍ਰਭ ਦਰਸ ਦਾਸਨ ਦਾਸ ਕਰ । ਫੇਰ ਹੋਏ ਮਾਤਲੋਕ ਨਾ ਮਰਨ, ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਵਿਚ ਨਿਵਾਸ ਕਰ । ਚਰਨ ਲਾਗ ਗੁਰਸਿਖ ਤਰਨ । ਖੋਲ੍ਹ ਦੇਵੇ ਪ੍ਰਭ ਹਰਨ ਫਰਨ । ਸੁਰਤ ਸ਼ਬਦ ਸ਼ਬਦ ਸੁਰਤ ਆਤਮ ਦਰਸ ਪ੍ਰਭ ਕਰਨ । ਗੁਰਸਿਖ ਸਾਚੇ ਅੰਤ ਹੋਵੇ ਨਾ ਮਰਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਜੀਵ ਪਰਸ ਚਰਨ । ਗੁਰਸਿਖ ਤੇਰੀ ਵਡ ਵਡਿਆਈ । ਜੋਤ ਸਾਚੀ ਪ੍ਰਭ ਵਿਚ ਜੋਤ ਮਿਲਾਈ । ਅਗਿਆਨ ਅੰਧੇਰ ਪ੍ਰਭ ਦੇ ਮਿਟਾਈ । ਜੋਤ ਸਰੂਪੀ ਪ੍ਰਗਟ ਜੋਤ ਵਿਚ ਲਲਾਟ ਜਗਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਗੁਰਸਿਖਾਂ ਦੇਵੇ ਸਚ ਵਡਿਆਈ । ਪਰਗਟ ਜੋਤ ਕਾਲ ਕਲ ਕਰਨਾ । ਜੋਤ ਸਰੂਪੀ ਜੋਤ ਪਲਟੇ ਪ੍ਰਭ ਧਰਨੀ ਧਰਨਾ । ਆਤਮ ਗਿਆਨ ਪਰਕਾਸ਼ ਕਰ, ਜੋ ਜਨ ਆਏ ਸਰਨਾ । ਸਾਚਾ ਪ੍ਰਭ ਵਿਚ ਦੇਹ ਨਿਵਾਸੇ । ਸ਼ਬਦ ਮੇਲ ਮਿਲਾਏ ਪ੍ਰਭ ਅਬਿਨਾਸ਼ੇ । ਅੰਤਕਾਲ ਚਾਰ ਵਰਨ ਇਕ ਕਰਾਏ ਦਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਦਰ ਤੇ ਜਾਇਣ ਨਾਸੇ । ਜੋਤ ਸਰੂਪ ਪ੍ਰਭ ਪਰਗਟੀ ਜੋਤ, ਕਲਜੁਗ ਜੀਵ ਨਾ ਜਾਣੇ । ਅਗਿਆਨ ਅੰਧੇਰ ਜੋਤ ਗਵਾਏ, ਭੁੱਲੇ ਜੀਵ ਕਲਜੁਗ ਅੰਞਾਣੇ । ਗੁਰਮੁਖ ਵਿਰਲੇ ਪ੍ਰਭ ਤੇਰੇ ਸਚੇ ਰੰਗ ਮਾਣੇ । ਭਰਮ ਭੁਲੇਖੇ ਜਗਤ ਭੁਲਾਇਆ । ਸਾਧ ਸੰਗਤ ਪ੍ਰਭ ਮਾਣ ਦਵਾਣੇ । ਅੰਮ੍ਰਿਤ ਝਿਰਨਾ ਵਿਚ ਕਵਲ ਨਾਭ ਝਿਰਾਣੇ । ਹੋਏ ਪਰਕਾਸ਼ ਜਿਉਂ ਰਵ ਸਸ, ਆਤਮ ਦੀਪ ਪ੍ਰਭ ਜੋਤ ਜਗਾਣੇ । ਸ਼ਬਦ ਸੋਹੰ ਸਾਚਾ ਰਾਹ ਪ੍ਰਭ ਜਾਏ ਦੱਸ, ਬੇਮੁਖ ਜੀਵ ਅੰਤ ਨਸ਼ਟ ਹੋ ਜਾਣੇ । ਸਤਿਜੁਗ ਹੋਵੇ ਤੇਰਾ ਜਸ, ਮਨੀ ਸਿੰਘ ਤੇਰੀ ਜੋਤ ਮਹਾਨੇ । ਚਾਰ ਵਰਨ ਦਰ ਆਇਣ ਨੱਸ, ਨਾ ਕੋਈ ਦੀਸੇ ਰਾਜਾ ਰਾਣੇ । ਕਲਜੁਗ ਅੰਧੇਰ ਜਿਉਂ ਚੰਦ ਰਾਤ ਮੱਸ, ਗੁਰਸਿਖਾਂ ਪ੍ਰਭ ਜੋਤ ਜਗਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲੰਕਨਿਹ ਜੋਤ ਸਰੂਪ ਭਾਣਾ ਕਲ ਵਰਤਾਣੇ । ਤੀਨ ਲੋਕ ਪਰਕਾਸ਼ ਜੋਤ । ਚਾਰ ਵਰਨ ਹੋਏ ਏਕਾ ਗੋਤ । ਸ਼ਬਦ ਸੁਰਤ ਪ੍ਰਭ ਕਰੇ ਸਤਿ, ਬ੍ਰਹਮ ਗਿਆਨੀਆਂ ਜਗਾਏ ਆਤਮ ਜੋਤ । ਮਹਾਰਾਜ ਸ਼ੇਰ ਸਿੰਘ ਕਲੰਕ ਨਿਹ, ਬੇਮੁਖ ਦਰ ਤੇ ਜਾਇਣ ਰੋਤ । ਨਿਹਕਲੰਕ ਕਲਜੁਗ ਵਹਾਏ ਵਹਿੰਦੇ ਵਹਿਣਾ । ਗੁਰਸਿਖ ਵਿਰਲੇ ਮਿਲੇ ਸਾਧ ਸੰਗਤ ਵਿਚ ਬਹਿਣਾ । ਜੋਤ ਸਰੂਪ ਪਰਗਟ ਜੋਤ, ਪੂਰਬ ਜਨਮ ਦਾ ਪ੍ਰਭ ਦੇਵੇ ਲਹਿਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ

ਸਾਚੇ, ਕਲਜੁਗ ਸਾਚਾ ਤੇਰਾ ਭਾਣਾ ਸਹਿਣਾ । ਵਰਤੇ ਸੋ ਜੋ ਪ੍ਰਭ ਵਰਤਾਏ । ਕੋਈ ਵਿਰਲਾ ਗੁਰਮੁਖ ਪ੍ਰਭ ਅਬਿਨਾਸ਼ੀ ਗਾਏ । ਪਰਗਟ ਜੋਤ ਪ੍ਰਭ ਸਾਧ ਸੰਗਤ ਦਰਸ ਦਿਖਾਏ । ਸ਼ਬਦ ਸਾਚਾ ਸਾਚਾ ਪ੍ਰਭ ਸੋਹੰ ਚਲਾਏ । ਅੰਤਕਾਲ ਕਲਜੁਗ ਝੂਠੀ ਖੇਲ ਮਿਟਾਏ । ਸਤਿਜੁਗ ਸਾਚੀ ਜੋਤ ਪਰਗਟਾਏ । ਮਨੀ ਸਿੰਘ ਵਿਚ ਪੂਰਨ ਜੋਤ ਜਗਾਏ । ਚਾਰ ਵਰਨ ਇਕ ਗੋਤ ਕਰ, ਪ੍ਰਭ ਚਰਨੀਂ ਲਾਏ । ਮਹਾਰਾਜ ਸ਼ੇਰ ਸਿੰਘ ਕਲੰਕਨਿਹ ਅਵਤਾਰ, ਪਰਗਟ ਜੋਤ ਕਲਜੁਗ ਪਾਰ ਕਰਾਏ । ਕਲਜੁਗ ਕਰਮ ਪ੍ਰਭ ਆਪ ਵਿਚਾਰੇ । ਬੇਮੁਖ ਜੀਵ ਪਰਗਟ ਜੋਤ ਪ੍ਰਭ ਆਪ ਸੰਘਾਰੇ । ਸਾਧ ਸੰਗਤ ਸੋਹੇ ਪ੍ਰਭ ਚਰਨ ਦਵਾਰੇ । ਮਦਿ ਮਾਸੀ ਅੰਤਕਾਲ ਕਲ ਨਰਕ ਨਿਵਾਰੇ । ਗੁਰਮੁਖ ਚਾਰ ਵਰਨ ਤੇਰੇ ਚਰਨ ਪਨਿਹਾਰੇ । ਰਸਨਾ ਸੋਹੰ ਸ਼ਬਦ ਉਚਾਰੇ । ਆਤਮ ਜੋਤ ਪ੍ਰਭ ਕਰੇ ਜੋਤ ਆਕਾਰੇ । ਮਹਾਰਾਜ ਸ਼ੇਰ ਸਿੰਘ ਚਾਰ ਕੁੰਟ ਤੇਰੀ ਜੈ ਜੈਕਾਰੇ । ਜੈ ਜੈਕਾਰ ਚਾਰ ਕੁੰਟ ਕਰ । ਗੁਰਸਿਖ ਧਾਮ ਸਾਚਾ ਬੈਕੁੰਠ ਕਰ । ਸੋਹੰ ਸਾਚਾ ਸ਼ਬਦ ਪ੍ਰਭ ਦੇਵੇ ਵਰ । ਪਰਗਟਾਵੇ ਜੋਤ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਤੇਰਾ ਧਾਮ ਸਾਚਾ ਸਰ । ਪੰਚਮ ਤੇਰੀ ਵਡ ਵਡਿਆਈ । ਜੋਤ ਨਿਰੰਜਣ ਵਿਚ ਮਾਤ ਦੇ ਆਈ । ਪਤਾਲ ਅਕਾਸ਼ ਮਾਤ ਕਿਸੇ ਦਿਸ ਨਾ ਆਈ । ਗੁਰਮੁਖ ਵਿਰਲੇ ਪ੍ਰਭ ਆਤਮ ਜੋਤ ਜਗਾਈ । ਸਾਚੀ ਜੋਤ ਪਰਕਾਸ਼ ਕਰ, ਆਤਮ ਦੀਪਕ ਪ੍ਰਭ ਦੇਹ ਜਗਾਈ । ਹਿਰਦੇ ਵਿਚ ਪ੍ਰਭ ਨਿਵਾਸ ਕਰ, ਦਵਾਰ ਦਸਮ ਦੇ ਖੁਲ੍ਹਾਈ । ਗੁਰਸਿਖ ਪੂਰਨ ਆਸ ਸਰਬ ਗੁਣਤਾਸ ਕਰ, ਬੁਝੀ ਦੀਪਕ ਫੇਰ ਜਗਾਈ । ਸੋਹੰ ਸ਼ਬਦ ਸਵਾਸ ਸਵਾਸ ਕਰ, ਟੁੱਟੀ ਪ੍ਰਭ ਫੇਰ ਗੰਢਾਈ । ਗੁਰਸਿਖ ਦਇਆ ਪ੍ਰਭ ਆਪ ਕਰ, ਅੰਤਕਾਲ ਕਲ ਹੋਏ ਸਹਾਈ । ਵਿਚ ਬੈਕੁੰਠ ਸਚਾ ਨਿਵਾਸ ਕਰ, ਜੋਤ ਵਿਚ ਪ੍ਰਭ ਜੋਤ ਮਿਲਾਈ । ਸਤਿਗੁਰ ਮਨੀ ਸਿੰਘ ਜੋਤ ਪਰਕਾਸ਼ ਕਰ, ਸਤਿਜੁਗ ਵਿਚ ਮਾਣ ਦਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਹੋਏ ਸਹਾਈ । ਪੰਚਮ ਧਰੇ ਜੋਤ ਰਮਈਆ ਰਾਮ । ਜਿਉਂ ਦੁਆਪਰ ਘਨਈਆ ਸ਼ਾਮ । ਕਲਜੁਗ ਨਿਹਕਲੰਕ ਜੋਤ ਸਰੂਪੀ ਜੋਤ ਨਾਮ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ, ਸਤਿਜੁਗ ਸਾਚਾ ਸੋਹੰ ਜਪਾਏ ਨਾਮ । ਆਪ ਅਡੋਲ ਜਗਤ ਡੁਲਾਇਆ । ਆਪ ਅਭੁਲ ਜਗਤ ਭੁਲਾਇਆ । ਪਰਗਟੇ ਜੋਤ ਬੇਮੁਖਾਂ ਦਿਸ ਨਾ ਆਇਆ । ਨਿਹਕਲੰਕ ਕਲਜੁਗ ਤੇਰੀ ਅਚਰਜ ਮਾਇਆ । ਰਾਜਾ ਰਾਣਾ ਸਭ ਤਖ਼ਤੋਂ ਲਾਹਿਆ । ਚਾਰ ਵਰਨ ਕਰ ਇਕ ਬਹਾਇਆ । ਵਰਤੇ ਕਹਿਰ ਪ੍ਰਭ ਸਾਚਾ ਚਰਨ ਭੰਡਾਲੀਂ ਪਾਇਆ । ਧੰਨ ਧੰਨ ਧੰਨ ਮਨੀ ਸਿੰਘ ਤੇਰਾ ਬਚਨ ਸਤਿ ਕਰਾਇਆ । ਪਰਗਟ ਜੋਤ ਪ੍ਰਭ ਸੋਹੰ ਸਤਿ ਵਰਤਾਇਆ । ਸਰ ਅੰਮ੍ਰਿਤ ਪ੍ਰਭ ਸਾਚੇ ਅੰਤਮ ਖੇਲ ਕਰਾਇਆ । ਰਾਣਾ ਸੰਗਰੂਰ ਚਲ ਆਏ ਹਜ਼ੂਰ, ਜੋਤ ਸਰੂਪੀ ਪ੍ਰਭ ਪਕੜ ਉਠਾਇਆ । ਮਹਾਰਾਜ ਸ਼ੇਰ ਸਿੰਘ ਵਰਤਾਏ ਸਤਿ ਸਤਿ ਸਤਿ ਸ਼ਬਦ ਪਰਗਟ ਜੋਤ ਆਪ ਲਿਖਵਾਇਆ । ਮਨੀ ਸਿੰਘ ਤੇਰੀ ਥਾਂਏ ਪਾਈ ਘਾਲ । ਸਤਿਜੁਗ ਸਾਚਾ ਸਾਚਾ ਸ਼ਬਦ ਦੀਆ ਧਨ ਮਾਲ । ਪ੍ਰਭ ਦੀਨ ਦਿਆਲ ਭਗਤ ਵਛਲ ਰੱਖਕ ਆਪ ਕਿਰਪਾਲ । ਪਰਗਟ ਜੋਤ ਮਹਾਰਾਜ ਸ਼ੇਰ ਸਿੰਘ, ਜੋਤ ਸਰੂਪ ਅਗਨ ਜਗਤ ਦੇਵੇ ਬਾਲ । ਜੁਗ ਚੌਥਾ ਆਇਆ ਪ੍ਰਭ ਅੰਤ ਕਰਨ । ਗੁਰਮੁਖਾਂ ਦੇ ਦਰਸ ਪ੍ਰਭ ਲਾਏ ਸ਼ਰਨ । ਬੇਮੁਖ ਮਾਨਸ ਜਨਮ ਕਲਜੁਗ ਹਰਨ । ਗੁਰਸਿਖ ਪ੍ਰਭ ਸਾਚੇ ਦਰਸ ਕਰ ਕਲਜੁਗ ਤਰਨ । ਸਚਖੰਡ ਨਿਵਾਸ ਕਰ ਫਿਰ ਹੋਏ ਨਾ ਮਰਨ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨ ਆਏ ਕਲਜੁਗ ਜੀਵ ਜੰਤ ਸਭ ਤਰਨ । ਗੁਰਮੁਖ ਆਤਮ ਵਿਚਾਰ ਕਰ, ਜੋਤ ਸਰੂਪ ਵਸੇ ਨਿਰਾਹਾਰ । ਸਾਚੀ ਜੋਤ ਵਿਚ ਦੇਹ ਆਕਾਰ ਕਰ, ਕਰ ਦਰਸ ਬੇੜਾ

ਹੋ ਜਾਏ ਪਾਰ । ਨਿਹਕਲੰਕ ਕਲਜੁਗ ਜੋਤ ਨਿਰੰਜਣ, ਜਿਉਂ ਦੁਆਪਰ ਕ੍ਰਿਸ਼ਨ ਮੁਰਾਰ । ਗੁਰਚਰਨ ਪ੍ਰੀਤੀ ਸਾਚਾ ਮਜਨ, ਪ੍ਰਭ ਆਤਮ ਦੇਵੇ ਜੋਤ ਅਧਾਰ । ਕਲਜੁਗ ਜੀਵ ਨਾ ਕੋਈ ਸਾਕ ਸੱਜਣ, ਝੂਠੀ ਮਾਇਆ ਜਗਤ ਪਸਾਰ । ਅੰਤਕਾਲ ਸਭ ਠੂਠੇ ਭੱਜਣ, ਪ੍ਰਭ ਬਿਨ ਕੋਈ ਨਾ ਲਾਵੇ ਪਾਰ । ਬੇਮੁਖ ਵੇਖ ਵੇਖ ਦਰ ਭੱਜਣ, ਕਲਜੁਗ ਜੋਤ ਧਰੇ ਗਿਰਧਾਰ । ਆਤਮ ਤੀਰ ਗੁਰਸਿਖ ਮਨ ਵੱਜਣ, ਝਿਰਨਾ ਝਿਰੇ ਅੰਮ੍ਰਿਤ ਅਪਾਰ । ਆਤਮ ਅੰਮ੍ਰਿਤ ਰਸ ਸਾਚਾ ਗੁਰਸਿਖ ਪੀ ਰੱਜਣ, ਵਰਖੇ ਅੰਮ੍ਰਿਤ ਪ੍ਰਭ ਕਿਰਪਾ ਧਾਰ । ਆਤਮ ਦੀਪ ਗੁਰਸਿਖ ਜਗਣ, ਸੰਤਾ ਸਿੰਘ ਕਰ ਚਰਨ ਪਿਆਰ । ਸਾਚਾ ਪ੍ਰਭ ਪਰਗਟ ਜੋਤ ਗੁਰਸਿਖ ਸੋਹੰ ਦੇਵੇ ਭਜਨ, ਆਤਮ ਜੋਤ ਜਗਾਵੇ ਅਪਰ ਅਪਾਰ । ਸੋਹੰ ਜਪ ਆਪ ਧੁੰਨ ਵੱਜਣ, ਦੇਵੇ ਦਰਸ ਪ੍ਰਭ ਅਗੰਮ ਅਪਾਰ । ਮਹਾਰਾਜ ਸ਼ੇਰ ਸਿੰਘ ਪਰਗਟੇ, ਭਗਤ ਵਛਲ ਨਿਹਕਲੰਕ ਅਵਤਾਰ । ਗੁਰਸਿਖ ਘਾਲ ਤੇਰੀ ਥਾਂਏ ਪਾਈ । ਵਿਚ ਸੰਗਰੂਰ ਗੁਰ ਸੇਵ ਕਮਾਈ । ਜਗਤ ਭੁਲੇਖੇ ਭੁਲ ਮਤਿ ਗਵਾਈ । ਮਦਿ ਮਾਸ ਰਸਨਾ ਆਹਾਰ ਬਣਾਈ । ਆਤਮ ਜੋਤ ਪ੍ਰਭ ਨਜ਼ਰ ਨਾ ਆਈ । ਬੇਮੁਖ ਹੋਇਆ ਮੁਖ ਛੁਪਾਈ । ਪਰਗਟ ਜੋਤ ਪ੍ਰਭ ਦਇਆ ਕਮਾਈ । ਸਾਧ ਸੰਗਤ ਵਿਚ ਬਚਨ ਸਤਿ ਸਤਿ ਸਤਿ ਲਿਖਵਾਈ । ਪਰਗਟ ਕਰਾਏ ਲਿਖਤ ਜੋ ਰਾਣੇ ਸੰਗਰੂਰ ਛੁਪਾਈ । ਮਨੀ ਸਿੰਘ ਸ਼ਬਦ ਅਟਲ ਭਵਿਖਤ, ਨਿਹਕਲੰਕ ਜੋ ਲਿਖਤ ਕਰਾਈ । ਮਹਾਰਾਜ ਸ਼ੇਰ ਸਿੰਘ ਚਾਰ ਕੁੰਟ, ਜੋਤ ਅਗਨ ਲਗਾਈ । ਅਗਨ ਜੋਤ ਜਗਤ ਜਲਾਇਆ । ਕਲਜੁਗ ਭਾਣਾ ਪ੍ਰਭ ਵਰਤਾਇਆ । ਜੋਤ ਸਰੂਪੀ ਜੋਤ ਪ੍ਰਭ ਨਿਹਕਲੰਕ ਨਾਂ ਰਖਾਇਆ । ਗੁਰਮੁਖ ਵਿਰਲੇ ਦੀਸੇ ਸਾਚਾ ਘਰ, ਸਾਚਾ ਮਾਰਗ ਪ੍ਰਭ ਆਪ ਚਲਾਇਆ । ਪਰਗਟ ਜੋਤ ਨਿਹਕਲੰਕ ਅਵਤਾਰ ਨਰ, ਮਹਾਰਾਜ ਸ਼ੇਰ ਸਿੰਘ ਆਪ ਰਘੁਰਾਇਆ । ਰਘੁਪਤ ਆਪ ਰਘੁਨਾਥ । ਕਰ ਦਰਸ ਜੀਵ ਆਤਮ ਦੁੱਖ ਜਾਏ ਲਾਥ । ਨਾਮ ਰਸ ਚਾਤਰਕ ਪੀਓ, ਕਲਜੁਗ ਪਰਗਟੇ ਤ੍ਰੈਲੋਕੀ ਨਾਥ । ਨਿਹਕਲੰਕ ਨਰ ਨਰਾਇਣ, ਸੋਹੰ ਸ਼ਬਦ ਚਲਾਵੇ ਸਾਚੀ ਗਾਥ । ਗੁਰਸਿਖ ਕਲ ਉਜਲ, ਸਾਚੇ ਲੇਖ ਲਿਖਾਵੇ ਵਿਚ ਮਾਥ । ਗੁਰਮੁਖਾਂ ਖੋਲ੍ਹੇ ਪ੍ਰਭ ਗੁੰਝਲ, ਆਤਮ ਦੀਸੇ ਪ੍ਰਭ ਸਦਾ ਹੈ ਸਾਥ । ਮਹਾਰਾਜ ਸ਼ੇਰ ਸਿੰਘ ਪਰਗਟੇ ਜੋਤ, ਗੁਰਮੁਖ ਕਰ ਦਰਸ ਆਤਮ ਭੁਖ ਜਾਏ ਲਾਥ । ਗੁਰਮੁਖ ਗੁਰਸਿਖ ਕਲ ਦੋਵੇਂ ਜਨ । ਕਰ ਪ੍ਰਭ ਦਰਸ ਮੁਖੋਂ ਕਹੇ ਧੰਨ ਧੰਨ ਧੰਨ । ਕਲਜੁਗ ਸੋਹੰ ਸਾਚਾ ਸ਼ਬਦ ਕੋਈ ਪਾਵੇ ਵਿਰਲਾ ਜਨ । ਵੱਜੇ ਧੁਨ ਮਿਟੇ ਧੁੰਦਕਾਰਾ, ਸਾਚਾ ਰਾਗ ਪ੍ਰਭ ਸੁਣਾਇਆ ਕੰਨ । ਉਪਜੇ ਰਾਗ ਸ਼ਬਦ ਬੋਧ ਅਗਾਧ, ਆਤਮ ਜੀਵ ਜਾਏ ਮੰਨ । ਕਲਜੁਗ ਦੇਵੇ ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਨਾ ਲਾਗੇ ਸੰਨ੍ਹ । ਕਲਜੁਗ ਸ਼ਬਦ ਸਤਿਜੁਗ ਵਰਤਾਰਾ । ਸੋਹੰ ਸ਼ਬਦ ਵਰਤੇ ਸਚ ਭੰਡਾਰਾ । ਚਾਰ ਵਰਨ ਆਏ ਨਿਹਕਲੰਕ ਦਵਾਰਾ । ਅੰਮ੍ਰਿਤ ਸਾਚਾ ਸੋਹੰ ਸਾਚਾ ਨਾਮ ਗੁਰਸਿਖ ਭੰਡਾਰਾ । ਮਹਾਰਾਜ ਸ਼ੇਰ ਸਿੰਘ ਸਤਿਜੁਗ ਵਰਤੇ ਤੇਰਾ ਸਤਿ ਵਰਤਾਰਾ । ਸਤਿ ਸਤਿ ਸਤਿ ਵਰਤਾਏ ਆਪ ਸਤਿਵਾਦੀ । ਸ਼ਬਦੀ ਸ਼ਬਦ ਚਲਾਏ, ਵਜਾਏ ਧੁੰਨ ਅਨਾਦ ਅਨਾਦੀ । ਜਨ ਭਗਤਾਂ ਹੋਏ ਸਹਾਏ, ਕਲਜੁਗ ਸਿੱਖ ਸਰਬ ਪ੍ਰਭ ਸਾਧੀ । ਸਾਧ ਸੰਗਤ ਤੇਰੇ ਮਨ ਵਧਾਈ, ਪਰਗਟੇ ਜੋਤ ਪ੍ਰਭ ਅਗਾਧੀ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਬੇਮੁਖ ਸ੍ਰਿਸ਼ਟੀ ਅੰਤਕਾਲ ਕਲਜੁਗ ਸਾਧੀ । ਗੁਰਮੁਖ ਦੇਵੇ ਪ੍ਰਭ ਆਤਮ ਗਿਆਨਾ । ਚਾਰ ਵਰਨ ਹੋਵੇ ਪਰਧਾਨਾ । ਸੋਹੰ ਸਾਚਾ ਨਾਮ, ਸਾਚਾ ਪ੍ਰਭ ਦੇਵੇ ਆਤਮ ਬ੍ਰਹਮ ਗਿਆਨਾ । ਗੁਰਸਿਖ ਸਾਚਾ ਧਾਮ, ਆਤਮ ਧਰ ਗੁਰਚਰਨ ਧਿਆਨਾ । ਕਲਜੁਗ ਸਾਚਾ ਨਾਮ, ਦੇਵੇ ਪਰਗਟ ਜੋਤ ਵਿਸ਼ਨੂੰ ਭਗਵਾਨਾ । ਰਸਨਾ ਜਪ ਸਰਬ ਸੁੱਖ ਪਾਓ, ਅੰਤਕਾਲ ਸਾਚਾ

ਪ੍ਰਭ ਵਿਚ ਜੋਤੀ ਜੋਤ ਮਿਲਾਣਾ । ਧਾਮ ਬੈਕੁੰਠ ਸਾਚਾ ਥਾਉਂ, ਜਗਾਵੇ ਜੋਤ ਪ੍ਰਭ ਮਹਾਨਾ । ਮਹਾਰਾਜ ਸ਼ੇਰ ਸਿੰਘ ਦੇਵੇ ਦਰਸ, ਗੁਰਸਿਖ ਗੁਣ ਨਿਧਾਨਾ । ਗੁਰਸਿਖ ਕਰਮ ਵਿਚਾਰ ਪ੍ਰਭ ਸ਼ਬਦ ਸੁਰਤ ਧਰ ਆਤਮ ਜੰਦਰ । ਗੁਰਸਿਖ ਜੋਤ ਆਕਾਰ ਕਰ, ਸਾਚੀ ਜੋਤ ਜਗਾਏ ਵਿਚ ਦੇਹ ਮੰਦਰ । ਬੇਮੁਖ ਦੁਸ਼ਟ ਦੁਰਾਚਾਰ ਨਰ, ਸਾਚੇ ਦਰ ਨਾਚੇ ਜਿਉਂ ਬੰਦਰ । ਗੁਰਮੁਖ ਪੂਰਬ ਵਿਚਾਰ ਕਰ, ਸਾਚਾ ਪ੍ਰਭ ਵਸੇ ਤੇਰੇ ਅੰਦਰ । ਮਾਨਸ ਜਨਮ ਕਲ ਸਵਾਰ ਕਰ, ਸੋਹੰ ਸ਼ਬਦ ਧਰ ਝੂਠੇ ਮੰਦਰ । ਸੋਹੰ ਸ਼ਬਦ ਵਡ ਵਡਿਆਈ । ਓਅੰ ਪ੍ਰਭ ਆਪ, ਸੋਹੰ ਸ਼ਬਦ ਸਤਿਜੁਗ ਸਤਿ ਚਲਾਈ । ਸੋਹੰ ਰਸਨਾ ਜੀਵ ਜਪ, ਆਤਮ ਦਰਸ ਪ੍ਰਭ ਦੇ ਦਿਖਾਈ । ਸੋਹੰ ਮਾਰੇ ਸ਼ਬਦ ਅਗਿਆਨ ਅੰਧੇਰ ਸਰਬ ਮਿਟ ਜਾਈ । ਕੋਟ ਨਿਵਾਰੇ ਆਤਮ ਪਾਪ, ਸੁਨ ਸਮਾਧ ਪ੍ਰਭ ਖੋਲ੍ਹ ਵਖਾਈ । ਸਾਚੀ ਜੋਤ ਧਰੇ ਵਿਚ ਆਪ, ਜੋਤ ਸਰੂਪ ਪ੍ਰਭ ਦਿਸ ਆਈ । ਸਾਚਾ ਸ਼ਬਦ ਸੋਹੰ ਆਤਮ ਪਰਕਾਸ਼ ਕਰ, ਕਲਜੁਗ ਮਿਲੇ ਜੀਵ ਵਡਿਆਈ । ਸਾਚੀ ਸੰਗਤ ਸੰਗ ਨਿਵਾਸ ਕਰ, ਨਿਹਕਲੰਕ ਕਲਜੁਗ ਜੋਤ ਪਰਗਟਾਈ । ਚਾਰ ਵਰਨ ਪ੍ਰਭ ਚਰਨ ਦਾਸ ਕਰ, ਜੋਤ ਸਰੂਪੀ ਖੇਲ ਰਚਾਈ । ਮਹਾਰਾਜ ਸ਼ੇਰ ਸਿੰਘ ਸਰਬ ਦੁੱਖ ਨਾਸ ਕਰ, ਗੁਰਸਿਖਾਂ ਆਤਮ ਧੀਰ ਧਰਾਈ । ਗੁਰਸਿਖ ਜੀਵੇ ਗੁਰ ਭਰਵਾਸੇ । ਬੇਮੁਖ ਗਿਆ ਕਲਜੁਗ ਕਰ ਕਰ ਹਾਸੇ । ਮੁਗਧ ਅੰਞਾਣ ਦਰ ਜਾਏ ਨਾਸੇ । ਚਤੁਰ ਸੁਘੜ ਸੁਜਾਨ, ਗੁਰਸਿਖ ਪ੍ਰਭ ਦਾਸਨ ਦਾਸੇ । ਸੰਤਾ ਸਿੰਘ ਤੇਰੀ ਸੇਵ ਮਹਾਨ, ਆਤਮ ਜੋਤ ਕਰੇ ਪ੍ਰਭ ਪਰਕਾਸ਼ੇ । ਸੋਹੰ ਸ਼ਬਦ ਸਾਚਾ ਦੇਵੇ ਦਾਨ, ਆਦਿ ਅੰਤ ਨਾ ਕਦੇ ਵਿਨਾਸੇ । ਆਤਮ ਉਪਜੇ ਬ੍ਰਹਮ ਗਿਆਨ, ਸ਼ਬਦ ਸੁਰਤ ਹੋਵੇ ਗੁਰਚਰਨ ਨਿਵਾਸੇ । ਦੇਵੇ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੰਦੀ ਤੋੜ ਕਰੇ ਬੰਦ ਖਲਾਸੇ । ਸੇਵਕ ਸੇਵਾ ਸੇਵ ਕਮਾਈ । ਗਤ ਮਿਤ ਮਿਤ ਗਤ ਜਾਣ ਪ੍ਰਭ ਹੋਏ ਸਹਾਈ । ਕਲਜੁਗ ਦੇਵੇ ਜਨ ਭਗਤਾਂ ਪ੍ਰਭ ਆਪ ਵਡਿਆਈ । ਸਤਿਜੁਗ ਦੁਆਪਰ ਤ੍ਰੇਤਾ ਵਿਛੜੇ, ਕਲਜੁਗ ਪ੍ਰਭ ਲੈ ਮਿਲਾਈ । ਨਿਹਕਲੰਕ ਅਵਤਾਰ ਨਰ ਕਲ ਜੋਤ ਧਰਾਈ । ਗੁਰਸਿਖ ਉਜਲ ਵਿਚ ਚਾਰ ਵਰਨ ਕਰਾਈ । ਮਾਨਸ ਜਨਮ ਨਾ ਜਾਏ ਹਾਰ, ਨਿਹਕਲੰਕ ਜਿਸ ਤੇਰੀ ਸਰਨ ਤਕਾਈ । ਕਲਜੁਗ ਮਿਲਿਆ ਸਾਚਾ ਦਰਬਾਰ, ਪਰਗਟ ਜੋਤ ਪ੍ਰਭ ਦਰਸ ਦਿਖਾਈ । ਧਾਮ ਬੈਕੁੰਠ ਸਾਚਾ ਘਰ, ਗੁਰਮੁਖ ਜੋਤ ਪ੍ਰਭ ਦੇਹ ਟਿਕਾਈ । ਸੋਹੰ ਜਗ ਮੇਂ ਸਾਚਾ ਨਾਮ, ਦੀਸੇ ਪ੍ਰਭ ਜਿਸ ਬਣਤ ਬਣਾਈ । ਪੂਰਨ ਹੋਏ ਸਗਲੇ ਕਾਮ, ਅੰਤਕਾਲ ਪ੍ਰਭ ਭਏ ਸਹਾਈ । ਨਿਹਕਲੰਕ ਮੁਰਾਰੀ ਨਾਮ, ਏਕਾ ਜੋਤ ਭੇਵ ਨਾ ਰਾਈ । ਏਕ ਜੋਤ ਏਕ ਪ੍ਰਭ ਏਕਾ । ਅਛਲ ਅਛੱਲ ਛਲ ਕਰੇ ਅਨੇਕਾ । ਜਨ ਭਗਤਾਂ ਕਰੇ ਬੁੱਧ ਬਿਬੇਕਾ । ਗੁਰਮੁਖ ਸਾਚੇ ਪ੍ਰਭ ਚਰਨ ਟੇਕਾ । ਜਨ ਭਗਤ ਸਾਚਾ ਪ੍ਰਭ ਲਿਖਾਏ ਲੇਖਾ । ਜੋਤ ਸਰੂਪੀ ਨਿਹਕਲੰਕ ਕਲਜੁਗ ਵਿਰਲੇ ਗੁਰਮੁਖ ਦੇਖਾ । ਅੰਤਕਾਲ ਕਲ ਕਾਲ ਕਰ, ਕਲਜੁਗ ਕਢ ਜਾਏ ਭੁਲੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੈਣ ਮੁਧਾਰੀ ਜਗਤ ਸੰਘਾਰੀ ਜੀਵ ਦੁਰਾਚਾਰੀ ਅੰਤ ਮੁਕਾਇਆ ਲੇਖਾ । ਕਲਜੁਗ ਜੀਵ ਦੁਸ਼ਟ ਦੁਰਾਚਾਰੀ । ਮਦਿ ਮਾਸ ਕਰੇ ਰਸਨ ਆਹਾਰੀ । ਸਾਚਾ ਪ੍ਰਭ ਅੰਤ ਕਰੇ ਖੁਆਰੀ । ਬੇਮੁਖ ਜੀਵ ਭੁੱਲ ਸਰਬ ਹੋਏ ਨਰਕ ਉਧਾਰੀ । ਗੁਰਸਿਖ ਗੁਰਚਰਨ ਲੱਗ ਜੀਓ, ਸਾਚਾ ਨਾਮ ਅੰਮ੍ਰਿਤ ਰਸ ਸਚ ਮਿਲੇ ਖੁਮਾਰੀ । ਮਹਾਰਾਜ ਸ਼ੇਰ ਸਿੰਘ ਦਰਸ ਪਰਸ, ਵਿਚੋਂ ਹਉਮੈ ਜਾਏ ਬੀਮਾਰੀ । ਜੋ ਜਨ ਆਏ ਪ੍ਰਭ ਦਰਸ ਪਿਆਸਾ । ਦੇਵੇ ਦਰਸ ਪਰਗਟ ਜੋਤ ਪ੍ਰਭ ਅਬਿਨਾਸ਼ਾ । ਭਗਤ ਜਨਾਂ ਪ੍ਰਭ ਦਾਸਨ ਦਾਸਾ । ਸਾਧ ਸੰਗਤ ਵਿਚ ਪ੍ਰਭ ਸਦਾ ਹੈ ਵਾਸਾ । ਗੁਰਸਿਖ ਚਰਨ ਪ੍ਰੀਤ ਤੇਰੀ ਰਹਿਰਾਸਾ ।

ਝੂਠੀ ਦੇਹ ਸਾਚਾ ਪ੍ਰਭ ਵਿਚ ਕਰੇ ਵਾਸਾ । ਮਿਟੇ ਚੁਰਾਸੀ ਨਾ ਆਏ ਗਰਭਾਸਾ । ਗੁਰਸਿਖ ਸਾਚਾ ਸਚਖੰਡ ਨਿਵਾਸਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਗੁਰਸਿਖਾਂ ਕਰੇ ਬੰਦ ਖਲਾਸਾ । ਕਲ ਜੀਵ ਬੁੱਧ ਗਵਾਈ । ਰਸਨਾ ਰਸ ਲੈ ਆਤਮ ਰਸ ਗਵਾਈ । ਸਚ ਦਰ ਤੋਂ ਨਸ, ਆਤਮ ਜੋਤ ਦੇਹ ਬੁਝਾਈ । ਝੂਠੀ ਦੁਨੀਆ ਹੋ ਕੇ ਵਸ, ਵਿਚ ਭੁਲੇਖੇ ਸੁਧ ਨਾ ਰਾਈ । ਸਾਚਾ ਪ੍ਰਭ ਆਤਮ ਜਾਏ ਵਸ, ਸਦਾ ਜੀਵ ਦੇਖੇ ਪ੍ਰਭ ਦਿਸਾਈ । ਗੁਰਮੁਖ ਵਿਰਲਾ ਕੋਈ ਪ੍ਰਭ ਦਰਸ ਪੇਖੇ, ਨੈਣ ਤੀਜਾ ਪ੍ਰਭ ਦੇ ਖੁਲ੍ਹਾਈ । ਹੰਕਾਰ ਨਿਵਾਰ ਗੁਰਸਿਖ ਪ੍ਰਭ ਲਾਏ ਲੇਖੇ, ਬੁਝੀ ਦੀਪਕ ਪ੍ਰਭ ਦੇ ਜਗਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਬੇਮੁਖਾਂ ਕੱਢੇ ਭਰਮ ਭੁਲੇਖੇ, ਸਿੱਖਾ ਦੇਵੇ ਜਗਤ ਵਡਿਆਈ । ਪਰਗਟੇ ਜੋਤ ਹੋਏ ਆਕਾਰ । ਚਾਰ ਕੁੰਟ ਹੋ ਜਾਏ ਹਾਹਾਕਾਰ । ਬੇਮੁਖਾਂ ਨਾ ਦੀਸੇ ਉਰਾਰ ਨਾ ਪਾਰ । ਸਾਚਾ ਪ੍ਰਭ ਡੋਬੇ ਵਿਚ ਮੰਝਧਾਰ । ਅੱਠ ਜੇਠ ਚਰਨ ਧਰੇ ਬਿਆਸੋਂ ਪਾਰ । ਦਰ ਘਰ ਆਏ ਪ੍ਰਭ ਗੁਰਸਿਖ ਜਾਏ ਤਾਰ । ਮਨੀ ਸਿੰਘ ਤੇਰੀ ਵਡ ਵਡਿਆਈ, ਨਿਹਕਲੰਕ ਜੋਤ ਪਰਗਟੇ ਅਪਰ ਅਪਾਰ । ਸੰਤਾ ਸਿੰਘ ਤੇਰੇ ਨਾਮ ਵਡਿਆਈ, ਸਾਧ ਸੰਗਤ ਕੀਆ ਪਿਆਰ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਪਿੰਡ ਭੰਡਾਲ ਸਤਿਜੁਗ ਬਣੇ ਸਾਚਾ ਦਰਬਾਰ । ਪਿੰਡ ਭੰਡਾਲ ਬਣੇ ਸਾਚਾ ਧਾਮ । ਸਤਿਜੁਗ ਉਜਲ ਹੋਵੇ ਨਾਮ । ਸੰਤ ਮਨੀ ਸਿੰਘ ਸਤਿ ਤੇਰਾ ਨਾਮ । ਦੇਹ ਤਜਾਈ ਜੋਤ ਮਿਲਾਈ ਵਿਚ ਜੋਤੀ ਰਾਮ । ਨਿਹਕਲੰਕ ਜੋਤ ਪਰਗਟਾਈ ਦੇਵੇ ਵਡਿਆਈ, ਸਾਚਾ ਸ਼ਬਦ ਸੋਹੰ ਪ੍ਰਭ ਦੇਵੇ ਨਾਮ । ਵੱਜੀ ਵਧਾਈ ਸਾਧ ਸੰਗਤ, ਪਰਗਟ ਜੋਤ ਪ੍ਰਭ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਸ਼ਬਦ ਸੋਹੰ ਦੇਵੇ ਮਾਤ ਵਡਿਆਈ । ਚਰਨ ਲਗਾਏ ਪ੍ਰਭ ਰਾਓ ਰੰਕ । ਗੁਰਸਿਖ ਵਡਿਆਈ ਜਿਉਂ ਭਗਤ ਜਨਕ । ਜੋਤ ਜਗਾਏ ਪ੍ਰਭ ਨਿਹਕਲੰਕ । ਜੋਤ ਪਰਗਟਾਏ ਪ੍ਰਭ ਵਿਚ ਪੁਰੀ ਘਨਕ । ਦੋਏ ਜੋੜ ਜੀਵ ਕਰ ਨਿਮਸਕਾਰ ਵਾਰ ਅਨਕ । ਗੁਰਸਿਖਾਂ ਜੋਤ ਸਰੂਪ ਪ੍ਰਭ ਜੋਤ ਜਗਾਏ ਤਨਕ । ਆਤਮ ਦੇਵੇ ਦਰਸ, ਭਰਮ ਮਿਟੇ ਸਭ ਮਨਕ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਦੇਵੇ ਦਰਸ ਕਲਜੁਗ ਬਾਰ ਅਨਕ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼ੇ । ਵਿਚ ਮਾਤ ਪਾਤਾਲ ਆਕਾਸ਼ੇ । ਗੁਰਸਿਖ ਸਾਚਾ ਸਾਚੀ ਦੇਹ ਕਰੇ ਵਿਚ ਪ੍ਰਭ ਵਾਸੇ । ਸ਼ਬਦ ਬਾਣ ਸੋਹੰ ਪ੍ਰਭ ਲਾਇਆ, ਬੇਮੁਖ ਦਰ ਤੇ ਗਏ ਨਾਸੇ । ਸਾਚਾ ਰਾਹ ਸਤਿਜੁਗ ਚਲਾਇਆ । ਦੀਨਾਂ ਨਾਥ ਦੁੱਖ ਰੋਗ ਵਿਨਾਸੇ । ਮਹਾਰਾਜ ਸ਼ੇਰ ਸਿੰਘ ਤੇਰੀ ਮਾਇਆ, ਬੇਮੁਖ ਨਾ ਸੋਹਣ ਤੇਰੇ ਚਰਨ ਪਾਸੇ । ਬੇਮੁਖ ਦਰ ਪ੍ਰਭ ਦੁਰਕਾਰਿਆ । ਕਰ ਕਿਰਪਾ ਗੁਰਸਿਖ ਉਤਾਰਿਆ । ਬੇਮੁਖ ਜਨਮ ਝੂਠੇ ਧੰਦੇ ਹਾਰਿਆ । ਗੁਰਸਿਖ ਸਾਚੇ ਸਾਚਾ ਨਾਮ ਸੋਹੰ ਰਸਨ ਉਚਾਰਿਆ । ਜਨਮ ਮਰਨ ਮਰਨ ਜਨਮ ਆਪਣਾ ਆਪ ਸਵਾਰਿਆ । ਤਰਨ ਤਾਰਨ ਤਾਰਨ ਤਰਨ ਪ੍ਰਭ ਪਾਰ ਉਤਾਰਿਆ । ਦਿਵਸ ਰੈਣ ਰੈਣ ਦਿਵਸ ਨਾ ਕਿਸੇ ਵਿਚਾਰਿਆ । ਸਾਚਾ ਸਤਿਗੁਰ ਸਿੱਖ ਤੇਰਾ ਭਰਮ ਨਵਾਰਿਆ । ਰਸਨਾ ਜਪ ਜੀਵ ਨਿਤ ਪ੍ਰਭ, ਖੁਲ੍ਹੇ ਦਸਮ ਦਵਾਰਿਆ । ਜੋਤ ਜਗਾਏ ਮਾਤ ਪ੍ਰਭ, ਦਰ ਦੀਸੇ ਸਚਖੰਡ ਦਵਾਰਿਆ । ਮਾਨਸ ਜਨਮ ਫਿਰ ਮਿਲੇ ਨਾ ਜੱਗ, ਲੱਖ ਚੁਰਾਸੀ ਗੇੜ ਲਿਖਾ ਲਿਆ । ਸੋਹੰ ਜਪ ਜੀਵ ਜਗ ਜਿੱਤ, ਮਦਿ ਮਾਸ ਨਿਹਕਲੰਕ ਦੁਰਕਾਰਿਆ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ ਜੁਗਾ ਜੁਗ ਜੁਗਾ ਜੁਗ ਨਿਤ, ਸਾਚਾ ਪ੍ਰਭ ਕਰ ਨਿਮਸਕਾਰਿਆ । ਗੁਰਚਰਨ ਪ੍ਰੀਤੀ ਕਰ ਸਾਚਾ ਹਿਤ, ਜੋਤ ਸਰੂਪੀ ਪ੍ਰਭ ਕਰੇ ਆਕਾਰਿਆ । ਜੋਤ ਸਰੂਪੀ ਕਰੇ ਆਕਾਰਾ । ਜਗਤ ਖਪਾਏ ਉਪਾਏ ਕਰ ਖੇਲ ਨਿਆਰਾ । ਜੋਤ ਜਗਾਏ ਬੁਝਾਏ ਆਪ ਸਦ ਉਜਿਆਰਾ । ਭੁਲਾਏ ਹਿਲਾਏ ਜਲਾਏ ਕਲਜੁਗ ਨਿਹਕਲੰਕ

੪੩੫
੦੧

ਅਵਤਾਰਾ । ਗੁਰਸਿਖ ਤਰਾਏ ਦਰਸ ਦਿਖਾਏ ਪ੍ਰਭ ਨਿਗਮ ਕਰ ਵਿਚਾਰਾ । ਬੇਮੁਖਾਂ ਦਿਸ ਨਾ ਆਏ, ਜੋਤ ਸਰੂਪੀ ਵਿਚ ਪੂਰਨ ਸਿੱਖ ਸਮਾਏ, ਸ਼ਬਦ ਚਲਾਏ ਅਗੰਮ ਅਪਾਰਾ । ਤ੍ਰੈਲੋਕੀ ਨਾਥ ਸ਼ਬਦ ਵਰਤਾਏ, ਆਪਣੀ ਜੋਤ ਵਿਚ ਦੇਹ ਟਿਕਾਏ, ਮੂਰਖ ਮੁਗਧ ਨਾ ਕਰਨ ਵਿਚਾਰਾ । ਗੁਰਸਿਖਾਂ ਪ੍ਰਭ ਬੂਝ ਬੁਝਾਏ, ਗਿਆਨ ਜੋਤ ਹਿਰਦਾ ਹੋ ਜਾਏ, ਆਤਮ ਉਪਜੇ ਸ਼ਬਦ ਧੁਨਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਹੋਵੇ ਤੇਰਾ ਸਚ ਦਵਾਰਾ । ਪਰਗਟੇ ਜੋਤ ਨਿਹਕਲੰਕ ਅਭੁਲ । ਸ਼ਬਦ ਅੰਧੇਰੀ ਜਗਤ ਜਾਏ ਝੁਲ । ਬੇਮੁਖ ਜੀਵ ਕਲ ਜਾਇਣ ਰੁਲ । ਓਅੰ ਪ੍ਰਭ ਆਪ ਸੋਹੰ ਜਾਪ, ਦੂਸਰ ਕੋਇ ਨਾ ਤੁਲ । ਮਦਿ ਮਾਸੀ ਨਰਕ ਨਿਵਾਸੀ ਵਾਂਗ ਸਿਮਲ ਗਏ ਹੁਲ । ਗੁਰਮੁਖ ਆਤਮ ਪ੍ਰਭ ਨਿਵਾਸੀ, ਅੰਤਕਾਲ ਕਲਜੁਗ ਕਰ ਬੰਦ ਖਲਾਸੀ, ਗੁਰਸਿਖ ਜਾਏ ਨਾ ਭੁਲ । ਮਹਾਰਾਜ ਸ਼ੇਰ ਸਿੰਘ ਘਨਕਪੁਰ ਵਾਸੀ, ਸਾਧ ਸੰਗਤ ਤੇਰੇ ਦਰਸ ਪਿਆਸੀ, ਕਲਜੁਗ ਉਤਮ ਜਿਉਂ ਕਵਲ ਫੁਲ । ਕਵਲ ਨਾਭ ਨਾਭ ਕਵਲ ਪਰਗਟੇ ਪ੍ਰਭ ਉਪਰ ਧਵਲ । ਜੋਤ ਸਰੂਪ ਸਰਬ ਸ੍ਰਿਸ਼ਟ ਰਿਹਾ ਮਵਲ । ਮਾਇਆਧਾਰੀ ਕਰੇ ਖੁਆਰੀ ਸ੍ਰਿਸ਼ਟ ਸਬਾਈ ਹੋਵੇ ਬਵਲ । ਮਹਾਰਾਜ ਸ਼ੇਰ ਸਿੰਘ ਤੇਰੇ ਨਾਮ ਵਡਿਆਈ, ਕੁੰਟ ਚਾਰ ਹੋਏ ਉਪਰ ਧਵਲ । ਚਾਰ ਕੁੰਟ ਹੋਵੇ ਧੁੰਦੂਕਾਰਾ । ਜੋਤ ਸਰੂਪ ਪ੍ਰਭ ਭਏ ਅਵਤਾਰਾ । ਗੁਰਮੁਖਾਂ ਘਰ ਜੈ ਜੈ ਜੈਕਾਰਾ । ਬੇਮੁਖਾਂ ਘਰ ਹਾਹਾਕਾਰਾ । ਗੁਰਸਿਖਾਂ ਦੀਸੇ ਸਚਖੰਡ ਦਵਾਰਾ । ਬੇਮੁਖਾਂ ਪ੍ਰਭ ਨਰਕ ਨਿਵਾਰਾ । ਚਰਨ ਆਏ ਪ੍ਰਭ ਹੋਏ ਸਹਾਏ, ਕਰ ਕਿਰਪਾ ਪਾਰ ਉਤਾਰਾ । ਬੇਮੁਖ ਤਰਾਏ ਜੋ ਆਏ ਸਰਨਾਏ ਪ੍ਰਭ ਆਤਮ ਚਿੰਤ ਮਿਟਾਏ, ਆਤਮ ਜੋਤ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਗੁਰਸਿਖਾਂ ਦੇਵੇ ਸੋਹੰ ਸਾਚਾ ਅੰਮ੍ਰਿਤ ਭੰਡਾਰਾ । ਦੇਵੇ ਅੰਮ੍ਰਿਤ ਪ੍ਰਭ ਆਪ ਭੰਡਾਰੀ । ਸਰਬ ਸ੍ਰਿਸ਼ਟ ਇਕ ਜੋਤ ਆਕਾਰੀ । ਸਦਾ ਅਡੋਲ ਆਪ ਗਿਰਧਾਰੀ । ਮੁਕੰਦ ਮਨੋਹਰ ਨਰਾਇਣ ਮੁਰਾਰੀ । ਜੋਤ ਸਰੂਪ ਨਿਹਕਲੰਕ ਨਾ ਦੀਸੇ ਦੇਹ ਧਾਰੀ । ਕਰੇ ਕਰਾਏ ਆਪ ਸਭ, ਪਰਗਟ ਜੋਤ ਸ੍ਰਿਸ਼ਟ ਸੰਘਾਰੀ । ਗੁਰਸਿਖ ਵਿਰਲੇ ਲਿਆ ਲੱਭ, ਦੇ ਦਰਸ ਪ੍ਰਭ ਪੈਜ ਸਵਾਰੀ । ਅੰਮ੍ਰਿਤ ਝਿਰਨਾ ਝਿਰਾਏ ਪ੍ਰਭ ਵਿਚ ਨਭ, ਖੋਲ੍ਹ ਦੇਵੇ ਦਸਮ ਦਵਾਰੀ । ਮਹਾਰਾਜ ਸ਼ੇਰ ਸਿੰਘ ਕਰੇ ਕਰਾਏ ਸਭ ਕਿਛ ਆਪ, ਏਕਾ ਜੋਤ ਆਪ ਗਿਰਧਾਰੀ । ਧਰੇ ਜੋਤ ਪਾਤਾਲ ਆਕਾਸ਼ ਵਿਚ ਮਾਤੀ । ਵਿਚ ਆਕਾਸ਼ ਜੋਤ ਪਰਕਾਸ਼, ਜਗੇ ਜੋਤ ਬਿਨ ਤੇਲ ਬਾਤੀ । ਵਿਚ ਪਤਾਲ ਪ੍ਰਭ ਨੈਣ ਮੁਧਾਰ, ਬਾਸ਼ਕ ਸੇਜ ਹੋਏ ਪ੍ਰਭ ਰਾਤੀ । ਕਲਜੁਗ ਨਿਹਕਲੰਕ ਅਵਤਾਰ, ਪਰਗਟੇ ਜੋਤ ਵਿਚ ਲੋਕਮਾਤੀ । ਕਲਜੁਗ ਜੀਵ ਹੋਏ ਖੁਆਰ, ਕਲਜੁਗ ਜੀਵਾਂ ਟੁੱਟੀ ਨਾਤੀ । ਸਤਿਜੁਗ ਸਾਚਾ ਨਾਮ ਅਧਾਰ, ਸੋਹੰ ਸ਼ਬਦ ਸਵਾਂਤ ਸਵਾਂਤੀ । ਏਕਾ ਸ਼ਬਦ ਏਕਾ ਜੋਤ, ਚਾਰ ਵਰਨ ਪ੍ਰਭ ਦੇਵੇ ਏਕਾ ਬਾਤੀ । ਸਾਚੀ ਜੋਤ ਕਰੇ ਪਰਕਾਸ਼, ਆਤਮ ਜੋਤ ਜਗਾਵੇ ਨਿਰਮਲ ਬਾਤੀ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਬੇਮੁਖਾਂ ਮਾਰੇ ਆਤਮ ਸ਼ਬਦ ਕਾਤੀ । ਸ਼ਬਦ ਸੋਹੰ ਸਾਚਾ ਬਾਣ ਪ੍ਰਭ ਆਪ ਚਲਾਇਆ । ਕੁੰਟ ਚਾਰ ਚਾਰ ਕੁੰਟ ਜੋਤ ਅਗਨ ਅਗਨ ਜੋਤ ਜਗਤ ਜਲਾਇਆ । ਕਲਜੁਗ ਜੀਵ ਹੋਏ ਬੇਮੁਖ, ਪ੍ਰਭ ਸਾਚਾ ਨਜ਼ਰ ਨਾ ਆਇਆ । ਮਦਿ ਮਾਸ ਰਸਨਾ ਪੀਵ, ਆਤਮ ਬੁਝਾਈ ਆਪਣੀ ਦੀਵ, ਪ੍ਰਭ ਨਰਕ ਨਿਵਾਸ ਦਵਾਇਆ । ਗੁਰਮੁਖ ਨਿਰਮਲ ਕਲਾ ਮਿਲ ਸਦਾ ਚਰਨ ਜੀਵ, ਸੋਹੰ ਸ਼ਬਦ ਜਿਸ ਰਸਨਾ ਗਾਇਆ । ਅੰਮ੍ਰਿਤ ਰਸ ਸਾਧ ਸੰਗਤ ਰਸ ਪੀਵ, ਅੰਮ੍ਰਿਤ ਮੇਘ ਪ੍ਰਭ ਆਪ ਵਰਸਾਇਆ । ਅੰਮ੍ਰਿਤ ਪੀਵ ਸਦਾ ਜਗ ਜੀਵ, ਸਾਚੀ ਦਰਗਹਿ ਪ੍ਰਭ ਮਾਣ ਦਵਾਇਆ । ਕਲਜੁਗ ਸਤਿਜੁਗ ਰਖਾਏ ਪ੍ਰਭ ਸਾਚੀ ਨੀਵ, ਪਰਗਟ

ਜੋਤ ਸੋਹੰ ਸ਼ਬਦ ਚਲਾਇਆ । ਲੱਖ ਚੁਰਾਸੀ ਪ੍ਰਭ ਤੇਰੀ ਜੀਵ, ਬੇਮੁਖ ਮਦਿ ਮਾਸ ਆਹਾਰ ਬਣਾਇਆ । ਵੇਖ ਕਲਜੁਗ ਵਰਤੇ ਕੀ, ਨਿਹਕਲੰਕ ਅੱਠ ਜੇਠ ਚਰਨ ਵਿਚ ਭੰਡਾਲੀਂ ਪਾਇਆ । ਦੁੱਖ ਭੁੱਖ ਭੁੱਖ ਦੁੱਖ ਭੁੱਖ ਜਗਤ ਰੁਲਾਇਆ । ਉਲਟਾ ਜੀਵ ਵਿਚ ਮਾਤ ਕੁੱਖ, ਪ੍ਰਭ ਉਲਟਾ ਬਿਰਛ ਲਗਾਇਆ । ਕਲਜੁਗ ਜੀਵ ਹੋਏ ਬੇਮੁਖ, ਭੁਲ ਗਏ ਜਿਸ ਜਨਮ ਦਵਾਇਆ । ਗੁਰਸਿਖ ਵਿਰਲੇ ਪ੍ਰਭ ਦਰਸ਼ਨ ਭੁਖ, ਦਿਵਸ ਰੈਣ ਰੈਣ ਦਿਵਸ ਨਿਹਕਲੰਕ ਸ਼ਬਦ ਰਸਨਾ ਗਾਇਆ । ਧੰਨ ਧੰਨ ਧੰਨ ਮਾਈ ਜਿਸ ਰੱਖਿਆ ਕੁੱਖ, ਸਾਚੇ ਪ੍ਰਭ ਵਿਚ ਡੇਰਾ ਲਾਇਆ । ਸਤਿਜੁਗ ਉਤਮ ਕਲਜੁਗ ਹੋਏ ਮਨੁੱਖ, ਜੋਤ ਸਰੂਪ ਪ੍ਰਭ ਵਿਚ ਸਿੱਖ ਸਮਾਇਆ । ਕਰ ਦਰਸ ਜੀਵ ਮਿਟ ਜਾਏ ਦੁੱਖ, ਪ੍ਰਭ ਅਬਿਨਾਸ਼ੀ ਨਿਜ ਘਰ ਮੇਂ ਆਇਆ । ਸਾਧ ਸੰਗਤ ਹੋਏ ਆਤਮ ਸੁਖ, ਮਹਾਰਾਜ ਸ਼ੇਰ ਸਿੰਘ ਸਤਿ ਬਚਨ ਲਿਖਾਇਆ । ਸਤਿ ਬਚਨ ਲਿਖਾਏ ਸਤਿਗੁਰ ਪੂਰਾ । ਗੁਰ ਬਚਨ ਨਾ ਹੋਏ ਅਧੂਰਾ । ਗੁਰ ਦਾਤਾ ਗੁਰ ਦੀਸੇ ਸੂਰਾ । ਰਸਨਾ ਜਪੇ ਸੋਹੰ ਮਿਲੇ ਆਤਮ ਸਰੂਰਾ । ਜਗੇ ਜੋਤ ਹੋਏ ਪਰਕਾਸ਼ ਜਿਉਂ ਕੋਹਤੂਰਾ । ਸਾਚਾ ਸ਼ਬਦ ਵਜਾਏ ਵਿਚ ਦੇਹ ਵਾਜਾ ਅਨਹਦ ਤੂਰਾ । ਗੁਰਮੁਖ ਸਾਚਾ ਨਾਮ ਪ੍ਰਭ ਤੇ ਲੈ ਮਿਟ ਜਾਏ ਸਗਲ ਵਸੂਰਾ । ਅੰਮ੍ਰਿਤ ਝਿਰਨਾ ਵਰਖੇ ਮੇਂਹ, ਕਿਰਪਾ ਕਰੇ ਜਾ ਸਤਿਗੁਰ ਪੂਰਾ । ਝੂਠੀ ਸ੍ਰਿਸ਼ਟ ਸਾਚਾ ਗੁਰ ਚਰਨੀਂ ਨੇਹ, ਸਾਧ ਸੰਗਤ ਪ੍ਰਭ ਸਦਾ ਹਜ਼ੂਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਗੁਰਸਿਖ ਤੇਰੀ ਆਸਾ ਪੂਰਾ । ਗੁਰਸਿਖ ਬੂਝੇ ਪ੍ਰਭ ਆਪ ਬੁਝਾਏ । ਖੋਲ੍ਹ ਤ੍ਰੈਕੁਟੀ ਪ੍ਰਭ ਦਰਸ ਦਿਖਾਏ । ਆਸ ਪਾਸ ਪਾਸ ਆਸ ਸਾਚਾ ਪ੍ਰਭ ਵਿਚ ਸਮਾਏ । ਸਭ ਸਵਾਸ ਗਰਾਸ ਹੋਏ ਪਰਕਾਸ਼, ਆਤਮ ਜੋਤ ਪ੍ਰਭ ਦੇ ਜਗਾਏ । ਕੋਟ ਅਪਰਾਧ ਕਰੇ ਪ੍ਰਭ ਨਾਸ, ਅੰਮ੍ਰਿਤ ਬੂੰਦ ਮੁਖ ਚਵਾਏ । ਗਰਭਵਾਸ ਨਾ ਹੋਏ ਜੀਵ, ਸਾਚਾ ਪ੍ਰਭ ਹੋਏ ਸਹਾਏ । ਆਤਮ ਚਿੰਤਾ ਹੋਵੇ ਨਾਸ, ਨਿਜਾਨੰਦ ਨਿਜ ਮਾਹਿ ਸਮਾਏ । ਥਿਰ ਘਰ ਵਾਸੀ ਕਰੇ ਵਿਚ ਵਾਸ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵਿਚ ਅੰਧੇਰ ਜੋਤ ਟਿਕਾਏ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ, ਕਲਜੁਗ ਅੰਦਰ ਨਿਹਕਲੰਕ ਹੋਏ ਦਰਸ ਦਿਖਾਏ । ਨਿਹਕਲੰਕ ਪ੍ਰਭ ਅਨਾਥਾਂ ਨਾਥ । ਸ੍ਰਿਸ਼ਟ ਨਾ ਜਾਣੇ ਪ੍ਰਭ ਸਗਲਾ ਸਾਥ । ਕਲਜੁਗ ਅਗਨ ਬੇਮੁਖ ਮਗਨ, ਗੁਰਸਿਖਾਂ ਰੱਖੇ ਦੇ ਕਰ ਹਾਥ । ਬੇਮੁਖ ਨਗਨ ਗੁਰਸਿਖ ਆਤਮ ਜੋਤ ਜਗਣ, ਸੋਹੰ ਨਾਮ ਸਾਚਾ ਮਿਲਿਆ ਗਾਥ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਕਰ ਦਰਸ ਜੀਵ ਦੁਖ ਜਾਏ ਲਾਥ । ਦੁਖ ਭੁਖ ਪ੍ਰਭ ਦਰਸ ਮਿਟਾਏ । ਜੋ ਜਨ ਆਏ ਚਰਨੀਂ ਸੀਸ ਝੁਕਾਏ । ਪੱਤਤ ਪਾਵਨ ਦੁਖ ਭੈ ਭੰਜਨ, ਪ੍ਰਭ ਭਏ ਸਹਾਏ ਦਰਸ ਅਮੋਘ ਕੋਈ ਵਿਰਲਾ ਗੁਰਸਿਖ ਪਾਏ । ਹਉਮੇ ਵਿਚੋਂ ਜਾਏ ਭਾਗ, ਸੋਹੰ ਸ਼ਬਦ ਜੋ ਰਸਨਾ ਗਾਏ । ਆਤਮ ਰਹੇ ਨਾ ਚਿੰਤਾ ਰੋਗ, ਜਿਨ ਮਿਲਿਆ ਪ੍ਰਭ ਹਰਿ ਰਾਏ । ਸਾਚਾ ਭੋਗ ਆਤਮ ਰਸ ਜੀਵ ਭੋਗ, ਆਤਮ ਤ੍ਰਿਸਨ ਮਿਟਾਏ । ਕਲਜੁਗ ਖਾਇਆ ਕਾਮ ਕਰੋਧ, ਅਗਨ ਜੋਤ ਪ੍ਰਭ ਦੇ ਜਲਾਏ । ਮਾਨਸ ਜਨਮ ਜੀਵ ਲੈ ਅੰਤਮ ਸੌਂ ਨਾ ਰਹੇ, ਰਸਨਾ ਹਰਿ ਹਰਿ ਹਰਿ ਗੁਣ ਗਾਏ । ਜੋਤ ਸਰੂਪੀ ਪਰਗਟ ਅਗਾਧ ਬੋਧ, ਬੋਧ ਅਗਾਧ ਪ੍ਰਭ ਆਪ ਲਿਖਾਏ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਸਰਨ ਪੜੇ ਕੀ ਲਾਜ ਰਖਾਏ । ਸਰਨ ਆਇਆ ਜੋ ਜਨ ਸਰਨਾਈ । ਸਾਚੇ ਦਰ ਮਿਲੀ ਵਡਿਆਈ । ਸ਼ਬਦ ਸੋਹੰ ਸਾਚਾ ਪ੍ਰਭ ਦੇ ਝੋਲੀ ਪਾਈ । ਰਸਨਾ ਜਪ ਜੀਵ, ਆਤਮ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਪਰਗਟ ਜੋਤ ਕਲਜੁਗ ਬਿਆਧ ਮਿਟਾਈ । ਕਲਜੁਗ ਹੋਵੇ ਅੰਧ ਅੰਧਿਆਰਾ । ਚਾਰ ਕੁੰਟ ਹੋਵੇ ਧੁੰਦੂਕਾਰਾ । ਝੂਠੀ ਸ੍ਰਿਸ਼ਟ ਝੂਠਾ ਪਸਾਰਾ । ਪਰਗਟੇ ਜੋਤ

ਨਿਹਕਲੰਕ ਅਵਤਾਰਾ । ਸ੍ਰਿਸ਼ਟ ਸੰਘਾਰੇ ਆਪ ਗਿਰਧਾਰਾ । ਨਰ ਹਰਿ ਹਰਿ ਨਰ ਜੋਤ ਸਰੂਪ ਨਿਰਾਧਾਰਾ । ਮਹਾਰਾਜ ਸ਼ੇਰ ਸਿੰਘ ਤੇਰੇ ਭਾਣੇ ਵਰਤੇ ਹਾਹਾਕਾਰਾ । ਹਾਹਾਕਾਰ ਕਰ ਜੀਵ ਬਿਲਲਾਏ । ਅਗਨ ਤ੍ਰਿਸਨਾ ਜਗਤ ਜਲਾਏ । ਕੋਈ ਨਾ ਦੀਸੇ ਜਗਤ ਸਹਾਏ । ਪ੍ਰਭ ਅਬਿਨਾਸ਼ੀ ਕਹਿਰ ਵਰਤਾਏ । ਜਲ ਥਲ ਥਲ ਜਲ ਇਕ ਹੋ ਜਾਏ । ਕੁੰਟ ਚਾਰ ਹੋਏ ਖੁਆਰ, ਹਾਹਾਕਾਰ ਕਰ ਜੀਵ ਬਿਲਲਾਏ । ਨਿਹਕਲੰਕ ਤੇਰੀ ਸ਼ਬਦ ਮਾਰ, ਕਲਜੁਗ ਜਾਏ ਵਹਿੰਦੀ ਧਾਰ, ਕੋਈ ਨਾ ਹੋਵੇ ਅੰਤ ਸਹਾਏ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਪੂਰਨ ਅਵਤਾਰ, ਭਗਤ ਜਨਾਂ ਪ੍ਰਭ ਦੇਵੇ ਤਾਰ, ਜੋਤ ਸਰੂਪ ਦਰਸ ਦਿਖਾਏ । ਦੇ ਦਰਸ ਪ੍ਰਭ ਦਰਦ ਨਿਵਾਰੇ । ਪਰਗਟ ਜੋਤ ਜੁਗੋ ਜੁਗ ਜਨ ਭਗਤਾਂ ਪੈਜ ਸਵਾਰੇ । ਜੋਤ ਨਿਰੰਜਣ ਨਿਰੰਜਣ ਜੋਤ ਇਕੋ ਏਕਾ ਏਕਾ ਓਅੰਕਾਰੇ । ਬੇਮੁਖ ਕਲਜੁਗ ਗਏ ਮਾਇਆ ਲਾਥ, ਗੁਰਸਿਖਾਂ ਮਿਲਿਆ ਸੋਹੰ ਨਾਮ ਅਧਾਰੇ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਸਾਚੀ ਜੋਤ, ਨਾ ਕੋਈ ਦੀਸੇ ਮਹਿਲ ਮੁਨਾਰੇ । ਸੋਹੰ ਸੁਰਤੀ ਸੁਰਤ ਧਿਆਨ । ਸਾਚਾ ਸ਼ਬਦ ਉਪਜੇ ਗਿਆਨ । ਅਭੁਲ ਭੁਲ ਨਾ ਜਾਏ ਵਿਸ਼ਨੂੰ ਭਗਵਾਨ । ਪ੍ਰਭ ਕਾ ਸ਼ਬਦ ਚਲੇ ਦਿਵਸ ਰੈਣ । ਸਾਚੀ ਸੰਗਤ ਜਤ ਸਤਿ ਸਤਿ ਜਤ ਕਰ ਗੁਰ ਚਰਨੀਂ ਪੈਣ । ਮਹਾਰਾਜ ਸ਼ੇਰ ਸਿੰਘ ਗੁਰਮੁਖ ਵਿਰਲਾ ਕੋਈ ਪੇਖੇ ਨੈਣ । ਕਵਲ ਨੈਣ ਨੈਣ ਕਵਲ ਪ੍ਰਭ ਤੇਰਾ ਰੂਪ । ਸਾਚਾ ਏਕ ਤੇਰਾ ਸਤਿ ਸਰੂਪ । ਕਲਜੁਗ ਪਰਗਟੇ ਨਿਹਕਲੰਕ ਸਾਚਾ ਭੂਪ । ਮਹਾਰਾਜ ਸ਼ੇਰ ਸਿੰਘ ਪਵਣ ਜੋਤ ਜੋਤ ਪਵਣ ਅਵਣ ਗਵਣ ਤੇਰੀ ਮਹਿੰਮਾ ਅਨੂਪ ਅਨੂਪ ਰੂਪ ਕਲ ਤੇਰਾ ਪ੍ਰਭ । ਜੋਤ ਨਿਰੰਜਣ ਕਲ ਪਰਗਟਾਵੇ ਝਬ । ਗੁਰਸਿਖ ਵਿਰਲਾ ਗੁਰ ਚਰਨੀਂ ਜਾਏ ਲਗ । ਆਤਮ ਦੀਪ ਜੀਵ ਜਾਏ ਜਗ । ਬੇਮੁਖ ਪਛਾੜੇ ਮਹਾਰਾਜ ਸ਼ੇਰ ਸਿੰਘ ਪਕੜ ਸ਼ਾਹ ਰਗ । ਬੇਮੁਖ ਸੋ ਜਨ ਮਦਿ ਮਾਸ ਆਹਾਰੀ । ਸਾਚੀ ਜੋਤ ਏਕ ਨਿਰੰਜਣ ਨਿਰੰਕਾਰੀ । ਰਸਨਾ ਲੋਭੀ ਕਲ ਹੋਏ ਖੁਆਰੀ । ਪਰਗਟ ਜੋਤ ਮਹਾਰਾਜ ਸ਼ੇਰ ਸਿੰਘ ਕਲਜੁਗ ਪਾਰ ਉਤਾਰੀ । ਕਰੇ ਪੁਕਾਰ ਜੀਵ, ਸੁਣੇ ਪ੍ਰਭ ਦਾਤਾ । ਸਰਬ ਕਲਾ ਸਮਰਥ, ਸਰਬ ਗੁਣ ਦਾਤਾ । ਬੇਮੁਖਾਂ ਪਾਏ ਨਥ, ਗੁਰਸਿਖਾਂ ਰੱਖੇ ਸਿਰ ਹਾਥਾ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ, ਨਿਹਕਲੰਕ ਨਾਥ ਅਨਾਥਾ । ਮਨੀ ਸਿੰਘ ਸਚ ਪਾਇਆ ਭੇਵ । ਘਨਕਪੁਰੀ ਪਕੜ ਲਿਆਇਆ ਦੇਵੀ ਦੇਵ । ਅੰਤਕਾਲ ਮਿਟਾਈ ਸਭ ਦੀ ਸੇਵ । ਸਚ ਦਰ ਵਿਸ਼ਨੂੰ ਭਗਵਾਨ, ਵਿਸ਼ਨੂੰ ਸਭ ਚਰਨ ਲਗਾਏ ਸੇਵ । ਸਾਚਾ ਨਾਉਂ ਸੋਹੰ ਲਿਆ ਕਲਜੁਗ ਸਾਚਾ ਮੇਵ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਬਿਰਥਾ ਜਾਏ ਨਾ ਤੇਰੀ ਸੇਵ । ਸਿੱਖ ਸਾਦਕ ਪ੍ਰਭ ਸੇਵ ਕਮਾਏ । ਚਰਨ ਧੂੜ ਧੂੜ ਚਰਨ ਲੈ ਮਸਤਕ ਲਾਏ । ਰੋਗ ਸੋਗ ਜਗਤ ਵਿਜੋਗ ਪ੍ਰਭ ਦੇ ਮਿਟਾਏ । ਦੇ ਦਰਸ ਅਮੋਘ ਪ੍ਰਭ ਹੋਏ ਸਹਾਏ । ਪੂਰਨ ਜੋਗ, ਜੋ ਜਨ ਰਸਨਾ ਸੋਹੰ ਗਾਏ । ਆਤਮ ਰਸ ਮਿਲੇ ਭੋਗ, ਜੀਵ ਚਰਨੀਂ ਸੀਸ ਝੁਕਾਏ । ਕਲਜੁਗ ਛੱਡ ਜੀਵ ਲਾਜ ਲੋਕ, ਫੇਰ ਵੇਲਾ ਹੱਥ ਨਾ ਆਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਸਰਨ ਪੜੇ ਦੀ ਲਾਜ ਰਖਾਏ । ਸੁਰਤੀ ਸੁਰਤ ਦਿਆਲ ਕਰ, ਦੇਹ ਦਇਆ ਕਮਾਏ । ਦੁਖੀਆਂ ਦੁਖ ਪ੍ਰਭ ਭਾਲ ਕਰ, ਦੇ ਦਰਸ ਦੁਖ ਮਿਟਾਏ । ਆਤਮ ਮੁਖ ਜਵਾਲਾ ਬਾਲ ਕਰ, ਸਭ ਭਸਮ ਕਰਾਏ । ਆਤਮ ਲਾਲ ਗੁਲਾਲਾ ਲਾਲ ਕਰ, ਵਿਚ ਨਿਰਮਲ ਜੋਤ ਟਿਕਾਏ । ਝੂਠੀ ਦੇਹ ਸਾਚਾ ਦੀਪਕ ਬਾਲ ਕਰ, ਪ੍ਰਭ ਅਬਿਨਾਸ਼ੀ ਕਰੇ ਰੁਸ਼ਨਾਏ । ਸਭ ਦੁਖ ਜੰਜਾਲ ਨਿਕਾਲ ਕਰ, ਸੁੱਖਾਂ ਵਿਚ ਵਸਾਏ । ਜੋ ਜਨ ਰਸਨ ਮਦਿ ਮਾਸ ਆਹਾਰ ਕਰ, ਕੀਆ ਆਪਣਾ ਪਾਏ । ਸਾਚਾ ਸ਼ਬਦ ਲੇਖ ਕਰਤਾਰ ਕਰ,

ਏਕਾ ਰੰਗ ਵਰਤਾਏ । ਮਾਤ ਪੂਤ ਸੁਰਤ ਸੰਭਾਲ ਕਰ, ਪ੍ਰਭ ਸਾਚਾ ਸਹਾਏ । ਗੁਣ ਨਿਧਾਨ ਮਹਾਰਾਜ ਸ਼ੇਰ ਸਿੰਘ ਬਾਲ ਉਧਾਰ ਕਰ, ਆਤਮ ਸ਼ਾਂਤ ਵਰਤਾਏ । ਨਾੜੀ ਬਹੱਤਰ ਪ੍ਰਭ ਰੋਗ ਗਵਾਇਆ । ਮਰੂ ਦੇਵਾ ਛਿਆ ਦੇਵੀ ਸੰਗ ਅਗਨ ਜਲਾਇਆ । ਸਾਚਾ ਫਲ ਸਾਚਾ ਪ੍ਰਭ ਝੋਲੀ ਪਾਇਆ । ਹਿਰਦਕ ਗੁਣ ਵਿਚਾਰ ਕਰ, ਪ੍ਰਭ ਪੂਰਨ ਦਇਆ ਕਮਾਇਆ । ਦਰ ਖੜ੍ਹੇ ਸਵਾਲੀ ਊਚਾ ਦਰਬਾਰਾ । ਕੋਈ ਨਾ ਜਾਵੇ ਖਾਲੀ, ਜਨ ਤੇਰਾ ਸਹਾਰਾ । ਸਚ ਦੋ ਜਹਾਨਾਂ ਵਾਲੀ, ਨਿਰਧਰ ਨਿਰਾਧਾਰਾ । ਜੀਵ ਜੰਤ ਦਾ ਆਪ ਪ੍ਰਭ ਵਾਲੀ, ਆਪ ਪ੍ਰਭ ਗਿਰਧਾਰਾ । ਕਲ ਜੀਵ ਘਾਲ ਬਹੁਤ ਘਾਲੀ, ਤੁਧ ਬਿਨ ਨਾ ਦੀਸੇ ਕੋਈ ਸਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰ ਕਿਰਪਾ ਪਾਰ ਉਤਾਰਾ । ਨਿਰਧਨ ਆਸ ਪ੍ਰਭ ਸਰਧਨ ਪੂਰ । ਜੋ ਜਨ ਆਏ ਖੜੇ ਦਰ, ਪ੍ਰਭ ਜੋਤ ਪਰਗਟੇ ਹਜ਼ੂਰ । ਮਿਲੇ ਸਾਚਾ ਵਰ, ਦੇਹ ਦੁਖ ਹੋ ਜਾਏ ਦੂਰ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਨਿਰਮਲ ਕੁੱਖ ਧਰਾਏ ਨੂਰ । ਪ੍ਰਭ ਕਾ ਰੂਪ ਅਗੰਮ, ਕਲਜੁਗ ਜੀਵ ਨਾ ਜਾਣਿਆ । ਪ੍ਰਭ ਕਾ ਰੂਪ ਅਗੰਮ, ਏਕ ਜੋਤ ਆਕਾਰਿਆ । ਪ੍ਰਭ ਕਾ ਰੂਪ ਅਗੰਮ, ਸਭ ਵਰਤੇ ਸੰਸਾਰਿਆ । ਪ੍ਰਭ ਕਾ ਰੂਪ ਅਗੰਮ, ਸਾਚਾ ਪ੍ਰਭ ਜੁਗੋ ਜੁਗ ਲਏ ਅਵਤਾਰਿਆ । ਪ੍ਰਭ ਕਾ ਰੂਪ ਅਗੰਮ, ਏਕ ਸਰੂਪ ਸਰਬ ਪਸਰ ਪਸਾਰਿਆ । ਪ੍ਰਭ ਕਾ ਰੂਪ ਅਗੰਮ, ਜਨ ਭਗਤਾਂ ਦੇਵੇ ਜੋਤ ਅਧਾਰਿਆ । ਪ੍ਰਭ ਕਾ ਰੂਪ ਅਗੰਮ, ਪਰਗਟ ਜੋਤ ਕਲਜੁਗ ਨਿਹਕਲੰਕ ਬੇਮੁਖ ਗਰਬ ਨਿਵਾਰਿਆ । ਪ੍ਰਭ ਕਾ ਰੂਪ ਅਗੰਮ, ਸੁਹਾਏ ਬੰਕ ਧਰੇ ਜੋਤ ਜਗਤ ਏਕੰਕਾਰਿਆ । ਪ੍ਰਭ ਕਾ ਰੂਪ ਅਗੰਮ, ਗੁਰਮੁਖਾਂ ਦੇਵੇ ਸਾਚਾ ਨਾਮ ਅਧਾਰਿਆ । ਸਾਚਾ ਨਾਮ ਸਾਚੀ ਵਡਿਆਈ । ਗੁਰਸਿਖ ਗੁਰ ਦਰ ਤੇ ਪਾਈ । ਜਨਮ ਜਨਮ ਦੀ ਮੈਲ ਗਵਾਈ । ਰਾਜ ਹੰਸ ਹੰਸ ਰਾਜ ਰਾਜ ਗੁਰ ਦਰ ਤੇ ਪਾਈ । ਸਰਬੰਸ ਲਾਜ ਰੱਖੇ ਪ੍ਰਭ, ਅੰਤਕਾਲ ਹੋਏ ਸਹਾਈ । ਪਰਗਟੇ ਜੋਤ ਨਿਹਕਲੰਕ ਵਿਚ ਮਾਤ, ਸਾਚੀ ਲਿਖਤ ਪ੍ਰਭ ਆਪ ਲਿਖਾਈ । ਸਤਿਜੁਗ ਹੋਵੇ ਸਿਰ ਮਨੀ ਸਿੰਘ ਤੇਰੇ ਤਾਜ, ਸਤਿਜੁਗ ਮਿਲੇ ਜਗਤ ਵਡਿਆਈ । ਮਹਾਰਾਜ ਸ਼ੇਰ ਸਿੰਘ ਰੱਖੇ ਲਾਜ, ਪੂਰੀ ਸੰਤ ਜੋ ਸੇਵ ਕਮਾਈ । ਨਰ ਨਰਾਇਣ ਪਰਗਟੇ ਘਨਈਆ । ਸਤਿਗੁਰ ਮਨੀ ਸਿੰਘ ਜੋਤ ਜਗਈਆ । ਸਾਚਾ ਤਖ਼ਤ ਸਤਿਜੁਗ ਸਤਿ ਦਵਈਆ । ਚਾਰ ਵਰਨ ਚਲ ਆਏ ਸ਼ਰਨ ਹੋਵੇ ਏਕਾ ਭਈਆ । ਬੇਮੁਖ ਮਰਨ ਜਨਮ ਮਾਨਸ ਹਰਨ, ਕਲਜੁਗ ਡੋਬੇ ਪ੍ਰਭ ਨਈਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਰਾਓ ਰੰਕ ਇਕ ਕਰਈਆ । ਏਕ ਸ਼ਬਦ ਏਕਾ ਗੁਰ । ਸਾਚਾ ਸ਼ਬਦ ਲਿਖਾਇਆ ਧੁਰ । ਸਾਧ ਸੰਗਤ ਬਹੇ ਗੁਰ ਚਰਨੀਂ ਜੁੜ । ਸੰਤ ਮਨੀ ਸਿੰਘ ਫੁੱਲ ਬਰਸਾਵਣ ਸੁਰ । ਦੇਵੇ ਵਡਿਆਈ ਮਹਾਰਾਜ ਸ਼ੇਰ ਸਿੰਘ ਵਾਲੀ ਘਨਕਪੁਰ । ਮਨੀ ਸਿੰਘ ਸਚ ਮਾਣ ਦਵਾਇਆ । ਸਚਖੰਡ ਨਿਵਾਸੀ ਮਾਤਲੋਕ ਸਚ ਤਖ਼ਤ ਦਵਾਇਆ । ਪਰਗਟ ਜੋਤ ਨਿਹਕਲੰਕ ਸਤਿਜੁਗ ਸਤਿਗੁਰ ਮਨੀ ਸਿੰਘ ਤਖ਼ਤ ਬਹਾਇਆ । ਚਾਰ ਕੁੰਟ ਵਜਾਇਆ ਡੰਕ, ਸੋਹੰ ਸਾਚਾ ਰਾਗ ਸੁਣਾਇਆ । ਏਕਾ ਕੀਆ ਸਭ ਰਾਓ ਰੰਕ, ਊਚ ਨੀਚ ਕੋਈ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਸਤਿਜੁਗ ਵਰਤੇ ਸੋਹੰ ਸਾਚਾ ਸ਼ਬਦ ਚਲਾਇਆ । ਸਾਚਾ ਸ਼ਬਦ ਸਾਚਾ ਦੀਬਾਣ । ਚਾਰ ਵਰਨ ਹੋਏ ਪ੍ਰਭ ਕੀ ਆਣ । ਰਸਨ ਜਪ ਜੀਵ ਸੋਹੰ ਆਤਮ ਰਸ ਮਾਣ । ਗੋਬਿੰਦ ਗੁਰ ਗੁਰ ਗੋਬਿੰਦ ਘਰ ਘਰ ਪਛਾਣ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਨਿਹਕਲੰਕ ਖੇਲ ਰਚਾਇਆ ਆਵਣ ਜਾਣ । ਪ੍ਰਭ ਆਵੇ ਜਾਵੇ ਜਗਤ ਆਕਾਰੀ । ਜੋਤ ਸਰੂਪ ਸਦਾ ਨਿਰਹਾਰੀ । ਕਲਜੁਗ ਪਰਗਟ ਨਿਹਕਲੰਕ ਸ੍ਰਿਸ਼ਟ ਸੰਘਾਰੀ । ਜੁਗੋ

ਜੁਗ ਆਏ ਜਾਮਾ ਧਾਰ ਏਕੰਕਾਰੀ । ਕਲਜੁਗ ਲੈ ਅਵਤਾਰ, ਸਾਚੀ ਜੋਤ ਪੁਰੀ ਘਨਕ ਉਤਾਰੀ । ਵਿਸ਼ਨੂੰ ਬੰਸੀ ਸਰਬ ਸਰਬੰਸੀ ਵਰਤਾਏ ਕਾਲ ਆਪ ਕਰਤਾਰੀ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਜਿਉਂ ਦੁਆਪਰ ਕ੍ਰਿਸ਼ਨ ਮੁਰਾਰੀ । ਧਰੇ ਜੋਤ ਜਗਤ ਪਿਤ ਦਾਤਾ । ਕੋਈ ਜਾਣੇ ਗਿਆਨੀ ਬ੍ਰਹਮ ਗਿਆਤਾ । ਦਰ ਘਰ ਘਰ ਦਰ ਆਏ ਲੇਖ ਲਿਖਾਏ ਪੁਰਖ ਬਿਧਾਤਾ । ਆਤਮ ਦੁਖ ਅੰਸਾ ਭੁੱਖ, ਬਿਨ ਅੰਸ ਝੂਠਾ ਜਗਤ ਕਾ ਨਾਤਾ । ਕਰ ਕਿਰਪਾ ਕਿਰਪਾਨਿਧ ਫਲ ਲਾਏ ਸਿੰਮਲ ਰੁੱਖ, ਜਿਨ ਪੂਰਾ ਪ੍ਰਭ ਪਛਾਤਾ । ਮਹਾਰਾਜ ਸ਼ੇਰ ਸਿੰਘ ਦੇਵੇ ਆਤਮਾ ਸਿੰਘ ਗੁਰਚਰਨ ਪ੍ਰੀਤ ਸਾਚਾ ਨਾਤਾ । ਉਠ ਜੀਵ ਜਾਗ, ਕਲਜੁਗ ਜੀਵ ਵਿਹਾਇਆ । ਕਲਜੁਗ ਜਾਮਾ ਧਾਰ, ਘਨਕਪੁਰੀ ਪ੍ਰਭ ਭਾਗ ਲਗਾਇਆ । ਉਠ ਜੀਵ ਜਾਗ ਪੂਰਨ ਹੋਏ ਭਾਗ, ਜੋਤ ਸਰੂਪੀ ਪ੍ਰਭ ਦਿਸ ਆਇਆ । ਉਠ ਜੀਵ ਜਾਗ ਵੱਜੇ ਧੁਨ ਨਾਦ, ਸੋਹੰ ਸਾਚਾ ਸ਼ਬਦ ਸੁਣਾਇਆ । ਉਠ ਜੀਵ ਜਾਗ ਮਿਟੇ ਵਿਵਾਦ, ਖੋਲ੍ਹ ਕਿਵਾੜ ਪ੍ਰਭ ਦਰਸ ਦਿਖਾਇਆ । ਉਠ ਜੀਵ ਜਾਗ ਪ੍ਰਭ ਰੱਖੇ ਲਾਜ, ਨਿਰਹਾਰੀ ਨਿਰਵੈਰ ਪ੍ਰਭ ਜੋਤ ਸਰੂਪ ਪ੍ਰਭ ਵਿਚ ਸਿੱਖ ਦੇਹ ਸਮਾਇਆ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਘਰ ਮੇਂ ਆਇਆ । ਸੋਹੰ ਸ਼ਬਦ ਵਰਤੇ ਸਾਚਾ ਪਹਿਲੀ ਮਾਘ, ਸਮਰਥ ਪੁਰਖ ਸਤਿ ਬਚਨ ਲਿਖਾਇਆ । ਨਿਹਕਲੰਕ ਸਰਬ ਸ੍ਰਿਸ਼ਟ ਹੱਥ ਤੇਰੇ ਵਾਗ, ਕਰੇ ਸੋ ਜੋ ਤੇਰੇ ਮਨ ਭਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਜੋਤ ਸਰੂਪੀ ਕਲਜੁਗ ਖੇਲ ਕਰਾਇਆ । ਕਲਜੁਗ ਅੰਤਮ ਪ੍ਰਭ ਅੰਤ ਕਰਾਏ । ਪਰਗਟ ਜੋਤ ਨਿਹਕਲੰਕ ਰਾਓ ਰੰਕ ਸਭ ਚਰਨੀਂ ਲਾਏ । ਸਾਚਾ ਸ਼ਬਦ ਧੁਨ ਵਜਾਏ ਧਨਕ, ਵਾਲੀ ਹਿੰਦ ਪਕੜ ਉਠਾਏ । ਮਹਾਰਾਜ ਸ਼ੇਰ ਸਿੰਘ ਤੇਰੀ ਜੋਤ ਤਨਕ ਕੋਈ ਜੀਵ ਝਲ ਨਾ ਪਾਏ । ਜੋਤ ਜਗਾਏ ਪ੍ਰਭ ਜੁਗਤ ਕਰ । ਸਾਚੀ ਜੋਤ ਦੇਵੇ ਵਿਚ ਦੇਹ ਧਰ । ਕਰੇ ਪਰਕਾਸ਼ ਸੂਝੇ ਸਾਚਾ ਦਰ । ਨਿਹਕਲੰਕ ਤੇਰੀ ਸਰਨ, ਅੰਤਕਾਲ ਕਲ ਸਭ ਆਏ ਨਾਰੀ ਨਰ । ਮਹਾਰਾਜ ਸ਼ੇਰ ਸਿੰਘ ਵਾਸੀ ਪੁਰੀ ਘਨਕ, ਚਰਨ ਲਾਗ ਸਾਧ ਸੰਗਤ ਜਾਏ ਤਰ । ਤਾਰੇ ਆਪ ਪ੍ਰਭ ਸਮਰਥ । ਕਲਜੁਗ ਮਹਿਮਾ ਨਿਹਕਲੰਕ ਅਕਥ । ਗੁਰਮੁਖ ਵਿਰਲੇ ਪਾਈ ਇਹ ਸਾਚੀ ਵਥ । ਸ੍ਰਿਸ਼ਟ ਸਬਾਈ ਲੱਖੀ ਭਥ । ਬੇਮੁਖਾਂ ਨੱਕ ਪ੍ਰਭ ਪਾਈ ਨੱਥ । ਗੁਰਸਿਖਾਂ ਸੋਹੰ ਉਪਰ ਪ੍ਰਭ ਧਰੇ ਹੱਥ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਪਰਗਟੇ ਅਕਾਲ ਮੂਰਤ ਸਮਰਥ । ਸੋਹੰ ਜਪ ਨਾਮ ਹੋਵੇ ਆਤਮ ਰਾਸਾ । ਕੂੜਾ ਛੱਡ ਜਗਤ ਭਰਵਾਸਾ । ਸਾਚਾ ਸ਼ਬਦ ਜਿਉਂ ਕੰਚਨ ਪਾਸਾ । ਝੂਠੀ ਦੇਹ ਵਿਚ ਜੋਤ ਪ੍ਰਕਾਸ਼ਾ । ਆਤਮ ਧਰ ਧਿਆਨ ਪ੍ਰਭ ਕਰੇ ਨਿਵਾਸਾ । ਸਾਧ ਸੰਗਤ ਜੀਵੇ ਗੁਰਚਰਨ ਭਰਵਾਸਾ । ਅੰਮ੍ਰਿਤ ਨਾਮ ਪੀਵੇ, ਜਨਮ ਮਾਨਸ ਹੋਵੇ ਰਾਸਾ । ਆਤਮ ਜੋਤ ਜਗਾਏ, ਦੇਵੇ ਗੁਰਚਰਨ ਪ੍ਰੀਤੀ ਸਚਖੰਡ ਨਿਵਾਸਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਨਿਹਕਲੰਕ ਵਿਚ ਸਿੱਖ ਦੇ ਵਾਸਾ । ਸਚ ਵਸਤ ਸਚ ਘਰ ਤੇ ਪਾਈਏ । ਨਿਰੰਜਣ ਜੋਤ ਕਲਜੁਗ ਪਰਕਾਸ਼, ਬੁਝੀ ਆਤਮ ਜੋਤ ਜਗਾਈਏ । ਭਰਮ ਭੁਲੇਖੇ ਹੋਵਣ ਨਾਸ, ਸਵੱਛ ਸਰੂਪ ਪ੍ਰਭ ਦਰਸ਼ਨ ਪਾਈਏ । ਰਸਨਾ ਲਾਏ ਜੋ ਜਨ ਮਦਿ ਮਾਸ, ਸਾਚੀ ਦਰਗਹਿ ਮਿਲੇ ਸਜ਼ਾਈਏ । ਸਾਧ ਸੰਗਤ ਪ੍ਰਭ ਸਦ ਹੈ ਵਾਸ, ਮਹਾਰਾਜ ਸ਼ੇਰ ਸਿੰਘ ਤੇਰੀ ਸਚ ਵਡਿਆਈਏ । ਵੱਡਾ ਆਪ ਵੱਡੀ ਵਡਿਆਈ । ਕਲਜੁਗ ਪਰਗਟ ਜੋਤ ਝੂਠੀ ਖੇਲ ਮਿਟਾਈ । ਜਾਮਾ ਲਿਆ ਧਾਰ, ਪ੍ਰਭ ਸਾਚਾ ਦਿਸ ਨਾ ਆਈ । ਜੁਗੋ ਜੁਗ ਲੈ ਅਵਤਾਰ, ਅਛਲ ਛਲ ਛਲ ਆਪ ਕਰਾਈ । ਕਲਜੁਗ ਮਾਇਆ ਕਰੇ ਖੁਆਰ, ਬੇਮੁਖਾਂ ਦਿਸ ਨਾ ਆਈ । ਜਨ ਭਗਤਾਂ ਖੋਲ੍ਹ ਦਸਮ ਦਵਾਰ, ਪ੍ਰਭ ਆਤਮ ਜੋਤ ਜਗਾਈ ।

ਕਲਜੁਗ ਆਇਆ ਜਾਮਾ ਧਾਰ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਨਾਮ ਧਰਾਈ । ਨਿਹਕਲੰਕ ਜਨ ਤੇਰੀ ਓਟ । ਸੋਹੰ ਜੀਵ ਆਤਮ ਲਾਈ ਚੋਟ । ਬੇਮੁਖ ਜੀਵ ਬਿਲਲਾਇਨ ਪ੍ਰਭ ਕੱਢੇ ਖੋਟ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਸਾਚੀ ਸ਼ਬਦ ਲਗਾਵੇ ਚੋਟ । ਸੋਹੰ ਬਾਣ ਪ੍ਰਭ ਜਗਤ ਚਲਾਇਆ । ਚਾਰ ਕੁੰਟ ਹਾਹਾਕਾਰ ਕਰਾਇਆ । ਜੋਤ ਸਰੂਪ ਪ੍ਰਗਟ ਜੋਤ ਅਗਨ ਜੋਤ ਜਗਤ ਜਲਾਇਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਅੰਤਕਾਲ ਕਲ ਆਣ ਕਰਾਇਆ । ਅੰਤਕਾਲ ਕਲਜੁਗ ਕਰਾ ਕੇ । ਸਤਿਜੁਗ ਸਾਚਾ ਜਾਵੇ ਲਾ ਕੇ । ਰਾਓ ਰੰਕ ਇਕ ਕਰਾਏ, ਸਤਿਗੁਰ ਮਨੀ ਸਿੰਘ ਮਾਣ ਦਵਾ ਕੇ । ਆਤਮ ਜਾਏ ਜੋਤ ਜਗਾ ਕੇ । ਨਿਹਕਲੰਕ ਸਿਰ ਛਤਰ ਝੁਲਾ ਕੇ । ਰਾਜਾ ਰਾਣਾ ਸਭ ਸ਼ਰਨ ਲਗਾ ਕੇ । ਮਸਤੂਆਣਾ ਸਚ ਧਾਮ ਬਣਾ ਕੇ । ਸਰ ਅੰਮ੍ਰਿਤ ਜਾਏ ਪ੍ਰਭ ਥੇਹ ਕਰਾ ਕੇ । ਲਿਖਤ ਮਨੀ ਸਿੰਘ ਤੇਰੀ ਸਤਿ ਕਰਾ ਕੇ । ਰਾਣਾ ਸੰਗਰੂਰ ਡਿੱਗੇ ਚਰਨੀ ਆ ਕੇ । ਬੀਤੀ ਜਾਏ ਭੁੱਲ ਬਖ਼ਸ਼ਾ ਕੇ । ਬਾਣੀ ਬੋਧ ਪ੍ਰਭ ਲਾਏ ਸੇਵਾ, ਕੋਈ ਨਾ ਜਾਏ ਆਪਣਾ ਆਪ ਵਖਾ ਕੇ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਦਰਸ ਦਿਖਾਵੇ ਸੰਸਾ ਲਾਹ ਕੇ । ਦਰਸ ਦਿਖਾਏ ਨਰ ਨਿਰੰਕਾਰਾ । ਕਰੇ ਜੋਤ ਵਿਚ ਦੇਹ ਉਜਿਆਰਾ । ਹੋਵੇ ਪਰਕਾਸ਼ ਜੀਵ ਪ੍ਰਭ ਖੇਲ ਨਿਆਰਾ । ਦੇਵੇ ਖੋਲ੍ਹ ਪ੍ਰਭ ਦਸਮ ਦਵਾਰਾ । ਝਿਰਨਾ ਝਿਰੇ ਅੰਮ੍ਰਿਤ ਅਪਰ ਅਪਾਰਾ । ਜੋਤੀ ਜੋਤ ਮੇਲ ਪ੍ਰਭ ਕਰੇ ਏਕ ਆਕਾਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਭੁਲ ਗਿਆ ਸੰਸਾਰਾ । ਝੂਠਾ ਜਗਤ ਪ੍ਰਭ ਆਪ ਭੁਲਾਇਆ । ਜੋਤ ਸਰੂਪੀ ਨਜ਼ਰ ਨਾ ਆਇਆ । ਮਦਿ ਮਾਸ ਅਹਾਰ ਬਣਾਇਆ । ਸਚਖੰਡ ਨਿਵਾਸੀ ਸਚਖੰਡ ਨਿਵਾਸ ਦਵਾਇਆ । ਥਿਰ ਘਰ ਵਾਸੀ ਕਲਜੁਗ ਵਰਤੇ ਤੇਰੀ ਅਚਰਜ ਮਾਇਆ । ਕਲਜੁਗ ਜਾਮਾ ਧਾਰ ਜੋਤ ਸਰੂਪ ਚਤੁਰਭੁਜ ਕਹਾਇਆ । ਸਾਵਲ ਸੁੰਦਰ ਕਵਲ ਨੈਣ ਦੁਆਪਰ ਸ਼ਾਮ ਰਘੁਰਾਇਆ । ਕਲਜੁਗ ਆਇਆ ਜਾਮਾ ਧਾਰ, ਨਿਹਕਲੰਕ ਨਾਮ ਧਰਾਇਆ । ਕਲਜੁਗ ਝੂਠੇ ਜੀਵ ਨਾ ਰਹਿਣ, ਸਾਚਾ ਸ਼ਬਦ ਸਤਿ ਲਿਖਾਇਆ । ਸਾਧ ਸੰਗਤ ਰਲ ਚਰਨੀਂ ਬਹਿਣ, ਅੰਤਕਾਲ ਹੋਏ ਪ੍ਰਭ ਸਹਾਇਆ । ਝੂਠੀ ਦੁਨੀਆ ਪਾ ਰੋਵੇ ਵੈਣ, ਸਾਚਾ ਪ੍ਰਭ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਰਾਓ ਰੰਕ ਜਿਸ ਇਕ ਕਰਾਇਆ । ਪਰਗਟੇ ਜੋਤ ਰਾਜਨ ਰਾਜਾ । ਸਭ ਸ੍ਰਿਸ਼ਟ ਜਿਸ ਸਾਜਨ ਸਾਜਾ । ਅਨਹਦ ਸ਼ਬਦ ਧੁਨ ਵਜਾਏ ਵਾਜਾ । ਪਰਗਟਾਏ ਜੋਤ ਨਿਹਕਲੰਕ ਅਵਤਾਰ ਵਿਚ ਦੇਸ ਮਾਝਾ । ਮਹਾਰਾਜ ਸ਼ੇਰ ਸਿੰਘ ਜੋ ਜਨ ਆਏ ਚਰਨ ਦਵਾਰ, ਸਰਨ ਪੜੇ ਦੀ ਰਾਖੇ ਲਾਜਾ । ਸਰਨ ਪੜੇ ਪ੍ਰਭ ਦਇਆ ਕਮਾਈ । ਵਿਨਸੇ ਦੁਖ ਆਤਮ ਸੁਖਦਾਈ । ਆਤਮ ਚਿੰਤਾ ਪ੍ਰਭ ਸਗਲ ਮਿਟਾਈ । ਸਾਚੀ ਪ੍ਰਭ ਦੇਵੇ ਵਡਿਆਈ । ਲਿਖਤ ਲੇਖ ਲੇਖ ਲਿਖਤ ਦਰ ਘਰ ਆਏ ਜਾਏ ਲਿਖਾਈ । ਕਲਜੁਗ ਪਰਗਟਿਆ ਜੋਤ ਸਰੂਪੀ ਭੇਖ, ਐਸੀ ਕਲਾ ਪ੍ਰਭ ਵਰਤਾਈ । ਸਾਚਾ ਪ੍ਰਭ ਜੋਤ ਸਰੂਪ, ਖੋਲ੍ਹ ਨੇਤਰ ਦੇਖ ਜੀਵ ਭਰਮ ਭੁਲੇਖੇ ਸਰਬ ਮਿਟ ਜਾਈ । ਜੋ ਜਨ ਆਏ ਵੇਖਾ ਵੇਖ, ਅੰਤ ਜਾਏ ਉਠ ਪਛਤਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਤੇਰਾ ਭੇਖ, ਕਿਸੇ ਗੁਰਮੁਖ ਬੂਝ ਬੁਝਾਈ । ਗੁਰਮੁਖ ਤੇਰਾ ਏਕਾ ਰਾਗ । ਸੋਹੰ ਸ਼ਬਦ ਧੁਨ ਸਾਚਾ ਨਾਦ । ਸ਼ਬਦ ਲਿਖਾਏ ਪ੍ਰਭ ਬੋਧ ਅਗਾਧ । ਜੋਤ ਪਰਗਟਾਏ ਪ੍ਰਭ ਆਦਿ ਜੁਗਾਦਿ । ਭਗਤ ਸਹਾਏ ਪ੍ਰਭ ਸਦਾ ਸੰਗ ਸਾਧ । ਮਹਾਰਾਜ ਸ਼ੇਰ ਸਿੰਘ ਸ਼ਬਦ ਸੁਰਤ ਸੁਰਤ ਸ਼ਬਦ ਸਾਚੀ ਧੁੰਨ ਵਜਾਏ ਨਾਦ । ਉਪਜੇ ਧੁਨ ਮਿਟੇ ਅੰਧਿਆਰਾ । ਚਲੇ ਪਵਣ ਖੁਲ੍ਹੇ ਦਸਮ ਦਵਾਰਾ । ਨਾ ਦੀਸੇ ਪ੍ਰਭ ਕਰ ਬੈਠਾ ਜੋਤ ਪਸਾਰਾ । ਕਲਜੁਗ ਗੁਰਸਿਖ

੪੪੧
੦੧

ਮਿਲਿਆ ਨਿਹਕਲੰਕ ਤੇਰਾ ਸਚ ਦਵਾਰਾ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਦੇਵੇ ਅੰਮ੍ਰਿਤ ਸਾਚਾ ਨਾਮ ਭੰਡਾਰਾ । ਸਾਚਾ ਅੰਮ੍ਰਿਤ ਪ੍ਰਭ ਦਰ ਪਾਈਏ । ਪੀ ਅੰਮ੍ਰਿਤ ਜੀਵ ਆਤਮ ਤ੍ਰਿਪਤ ਮਿਟਾਈਏ । ਹਉਮੇ ਮਮਤਾ ਮੈਲ ਵਿਚੋਂ ਰੋਗ ਗਵਾਈਏ । ਸਾਚਾ ਪ੍ਰਭ ਨਿਜ ਘਰ ਮਾਹਿ ਪਾਈਏ । ਨਿਜਾਨੰਦ ਨਿਜ ਆਤਮਾ ਮਾਹਿ ਉਪਜਾਈਏ । ਜਗੇ ਜੋਤ ਹੋਏ ਪਰਕਾਸ਼, ਅਗਿਆਨ ਅੰਧੇਰ ਮਿਟਾਈਏ । ਖੁੱਲ੍ਹੇ ਤ੍ਰੈਕੁਟੀ ਪ੍ਰਭ ਦੀਸੇ ਪਾਸ, ਭਰਮ ਭੁਲੇਖੇ ਸਾਰੇ ਲਾਹੀਏ । ਮਹਾਰਾਜ ਸ਼ੇਰ ਸਿੰਘ ਤੇਰੇ ਹੱਥ ਵਡਿਆਈ, ਜਿਸ ਦੇਵੇ ਸੋ ਦਰ ਤੇਰੇ ਤੋਂ ਪਾਈਏ । ਪਾਏ ਸੋ ਜਿਸ ਪ੍ਰਭ ਦਇਆ ਕਮਾਈ । ਪਾਏ ਸੋ ਜਿਸ ਪ੍ਰਭ ਹਿਰਦੇ ਰਿਹਾ ਸਮਾਈ । ਗਾਵੇ ਸੋ ਸੋਹੰ ਸ਼ਬਦ ਪ੍ਰਭ ਸਾਚੀ ਧੁਨ ਵਜਾਈ । ਨਾਹਵੇ ਸੋ ਜਿਸ ਆਤਮ ਝਿਰਨਾ ਪ੍ਰਭ ਦੇ ਝਿਰਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਤੇਰੀ ਜੋਤ ਹੋਵੇ ਰੁਸ਼ਨਾਈ । ਆਇਆ ਵਕਤ ਜੋਤ ਪਰਕਾਸ਼ੇ । ਨਿਰੰਜਣ ਜੋਤ ਸਦਾ ਅਬਿਨਾਸ਼ੇ । ਨਿਹਕਲੰਕ ਸਰਬ ਘਟ ਵਾਸੇ । ਵਰਨ ਚਾਰ ਹੋਏ ਤੇਰੇ ਦਾਸੇ । ਮਹਾਰਾਜ ਸ਼ੇਰ ਸਿੰਘ ਜੋਤੀ ਜੋਤਾ, ਜੋਤ ਸਰੂਪ ਸਰਬ ਮੇਂ ਵਾਸੇ । ਜੋਤ ਸਰੂਪ ਸਰਬ ਕਾ ਗਿਆਤਾ । ਨਿਹਕਲੰਕ ਕਲ ਪੁਰਖ ਬਿਧਾਤਾ । ਸਾਧ ਸੰਗਤ ਕਲ ਸਾਚਾ ਗੁਰ ਚਰਨੀਂ ਤੇਰਾ ਨਾਤਾ । ਧੰਨ ਧੰਨ ਧੰਨ ਗੁਰਸਿਖ ਕਲਜੁਗ ਨਿਹਕਲੰਕ ਪ੍ਰਭ ਪਛਾਤਾ । ਉਜਲ ਹੋਵੇ ਗੁਰਸਿਖ ਕਲਜੁਗ ਮਿਲਾਏ ਮੇਲ ਆਪ ਬਿਧ ਨਾਤਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰਾ, ਸਦਾ ਤੇਰੇ ਰੰਗ ਰਾਤਾ । ਰੰਗ ਰਵੇ ਤੇਰਾ ਗੁਰਸਿਖ । ਸੋਹੰ ਸਾਚੀ ਦਰ ਦੇਵੇ ਪ੍ਰਭ ਭਿਖ । ਰਸਨਾ ਜਪ ਮਿਟੀ ਆਤਮ ਤ੍ਰਿਖ । ਗੁਣ ਨਿਧਾਨ ਪਰਗਟ ਜੋਤ, ਸਾਚੇ ਲੇਖ ਗਿਆ ਲਿਖ । ਸਤਿਜੁਗ ਉਤਮ ਗੁਰਸਿਖ ਵਿਚ ਮੁਨ ਰਿਖ । ਮਹਾਰਾਜ ਸ਼ੇਰ ਸਿੰਘ ਤੇਰੇ ਹੱਥ ਵਡਿਆਈ, ਜਨ ਭਗਤਾਂ ਲੇਖ ਸਾਚੇ ਲਿਖ । ਭਗਤਨ ਦੇਵੇ ਪ੍ਰਭ ਵਡਿਆਈ । ਜੁਗੋ ਜੁਗ ਪੈਜ ਰਖਾਈ । ਕਲਜੁਗ ਜਾਮਾ ਧਾਰ ਹੋਏ ਸਹਾਈ । ਜੋਤ ਸਰੂਪੀ ਜੋਤ ਮੇਲ, ਪ੍ਰਭ ਜੋਤ ਮੇਲ ਕਰਾਈ । ਬਿਨ ਬਾਤੀ ਬਿਨ ਤੇਲ, ਗੁਰਸਿਖ ਤੇਰੀ ਆਤਮ ਜੋਤ ਜਗਾਈ । ਕਲਜੁਗ ਕੀਆ ਸਾਚਾ ਮੇਲ, ਨਿਹਕਲੰਕ ਤੇਰੀ ਵਡਿਆਈ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਅਚਰਜ ਕਲਜੁਗ ਕੀਆ ਖੇਲ, ਸ੍ਰਿਸ਼ਟ ਸਰਬ ਭਰਮ ਭੁਲੇਖੇ ਪਾਈ । ਭਰਮ ਭਰਮ ਭਰਮ ਵਿਚ ਸਰਬ ਜਗਤ ਭੁਲਾਇਆ । ਕਾਮ ਕਰੋਧ ਹੰਕਾਰ ਪ੍ਰਭ ਵਿਚ ਵਸਾਇਆ । ਜੋਤ ਸਰੂਪੀ ਖੇਲ ਕਰ, ਝੂਠੇ ਧੰਦੇ ਜਗਤ ਭੁਲਾਇਆ । ਕਲਜੁਗ ਬੇੜਾ ਵਿਚ ਸ਼ੋਹ ਦਰਿਆਏ ਠੇਲ ਕਰ, ਆਪ ਅਡੋਲ ਜਗਤ ਡੁਲਾਇਆ । ਗੁਰਸਿਖਾਂ ਜੋਤੀ ਮੇਲ ਕਰ, ਗੁਰ ਸ਼ਬਦੀ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਤੇਰਾ ਭੇਵ ਕਿਸੇ ਨਾ ਪਾਇਆ । ਭੇਵ ਭਾਵ ਕੋਈ ਜੀਵ ਨਾ ਜਾਣੇ । ਗੁਰਮੁਖ ਵਿਰਲਾ ਕੋਈ ਹਰਿ ਰੰਗ ਮਾਣੇ । ਜੋ ਜਨ ਚਲੇ ਪ੍ਰਭ ਕੇ ਭਾਣੇ । ਧੰਨ ਧੰਨ ਧੰਨ ਗੁਰਸਿਖ ਸੋਹੰ ਰਸਨਾ ਸ਼ਬਦ ਵਖਾਣੇ । ਬੇਮੁਖ ਭੁੱਜਣ ਜਿਉਂ ਭਠਿਆਲੇ ਦਾਣੇ । ਨਿਹਕਲੰਕ ਪਰਗਟ ਜੋਤ, ਤਖ਼ਤੋਂ ਲਾਹੇ ਰਾਜੇ ਰਾਣੇ । ਮਹਾਰਾਜ ਸ਼ੇਰ ਸਿੰਘ ਤ੍ਰੈਲੋਕੀ ਨੰਦਨ, ਤੇਰੇ ਚੋਜ ਵਡਾਣੇ । ਤ੍ਰੈਲੋਕੀ ਨਾਥ ਸਰਬ ਘਟ ਵਸੇ । ਆਪਣਾ ਭੇਵ ਕਿਸੇ ਵਿਰਲੇ ਗੁਰਮੁਖ ਦੱਸੇ । ਕਰੇ ਪਰਕਾਸ਼ ਜੋਤ ਜਿਉਂ ਰਵ ਸੱਸੇ । ਬੇਮੁਖ ਦਰ ਤੋਂ ਜਾਇਣ ਕਲਜੁਗ ਨੱਸੇ । ਕਲਜੁਗ ਨਾ ਦੀਸੇ ਜਿਉਂ ਚੰਦ ਮੱਸੇ । ਨਿਹਕਲੰਕ ਛਤਰ ਤੇਰੇ ਸੀਸੇ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ, ਕਲਜੁਗ ਮਿਟਾਇਆ ਕਰ ਬੀਸ ਇਕੀਸੇ । ਇਕੀਸ ਬੀਸ ਜੀਵ ਨਾ ਕਰੇ ਪ੍ਰਭ ਸਾਚੇ ਕੀ ਰੀਸ । ਕਲਜੁਗ ਜੀਵ ਕਲਜੁਗ ਮਾਇਆ ਵਿਚ ਜਾਇਣ ਲੀਸ । ਸਾਚਾ ਛਤਰ ਝੁੱਲੇ ਨਿਹਕਲੰਕ ਤੇਰੇ ਸੀਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ ਸਤਿਜੁਗ

ਦੂਸਰ ਕੋਏ ਨਾ ਦੀਸ । ਏਕਾ ਦੂਜਾ ਪ੍ਰਭ ਭਉ ਚੁਕਾਇਆ । ਏਕਾ ਸ਼ਬਦ ਸੋਹੰ ਸਤਿਜੁਗ ਚਲਾਇਆ । ਚਾਰ ਵਰਨ ਵਰਨ ਚਾਰ ਪ੍ਰਭ ਇਕ ਕਰਾਇਆ । ਜੋਤ ਸਰੂਪੀ ਜੋਤ ਧਰ, ਅਗਿਆਨ ਅੰਧੇਰ ਮਿਟਾਇਆ । ਥਿਰ ਘਰ ਵਾਸੀ ਸਰਬ ਨਿਵਾਸ ਕਰ, ਆਪਣਾ ਭੇਵ ਚੁਕਾਇਆ । ਕਲਜੁਗ ਬੇਮੁਖਾਂ ਨਾਸ ਕਰ, ਮਦਿ ਮਾਸ ਆਹਾਰ ਬਣਾਇਆ । ਗੁਰਸਿਖ ਉਜਲ ਜਿਉਂ ਚੰਦਨ ਪਰਭਾਸ ਕਰ, ਸੋਹੰ ਸਾਚਾ ਰਾਗ ਸੁਣਾਇਆ । ਦੁੱਖ ਦਰਦ ਸਰਬ ਨਾਸ ਕਰ, ਸਾਚਾ ਆਤਮ ਰੰਗ ਚੜ੍ਹਾਇਆ । ਕਲਜੁਗ ਗੁਰਸਿਖ ਰਸਨਾ ਰਾਸ ਕਰ, ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਦਿਖਾਵੇ ਦਰਸ ਆਪ ਬਨਵਾਲੀ । ਜੋਤ ਸਰੂਪ ਸ੍ਰਿਸ਼ਟ ਕਾ ਮਾਲੀ । ਬੇਮੁਖ ਜਾਏ ਜਹਾਨੋਂ ਖਾਲੀ । ਸਾਧ ਸੰਗਤ ਸਾਚੀ ਜੋਤ ਪਰਗਟਾ ਲੀ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ, ਤੇਰੀ ਖੇਲ ਨਿਰਾਲੀ । ਨਿਆਰੀ ਖੇਲ ਨਿਆਰਾ ਆਪ । ਸਰਬ ਸ੍ਰਿਸ਼ਟ ਕਾ ਮਾਈ ਬਾਪ । ਜੀਵ ਜੰਤ ਉਪਾਏ, ਉਪਾਇਆ ਆਪਣਾ ਆਪ । ਸਰਬ ਸ੍ਰਿਸ਼ਟ ਖਪਾਏ ਭੁੱਲੇ ਜੀਵ ਸਾਚਾ ਪ੍ਰਭ ਜਾਪ । ਕਲਜੁਗ ਵਹਿਣ ਵਹਾਏ, ਕੋਈ ਦਿਸ ਨਾ ਆਏ, ਨਾ ਕੋਈ ਦੀਸੇ ਮਾਈ ਬਾਪ । ਮਹਾਰਾਜ ਸ਼ੇਰ ਸਿੰਘ ਸ਼ਬਦ ਵਰਤਾਰਾ, ਸੋਹੰ ਹੋਵੇ ਵਡ ਪਰਤਾਪ । ਗੁਰ ਪਰਸਾਦਿ, ਗੁਰ ਦਰ ਤੇ ਆਈਏ । ਪੀ ਅੰਮ੍ਰਿਤ ਅਮਰ ਅਡੋਲ ਆਤਮ ਤ੍ਰਿਖਾ ਮਿਟਾਈਏ । ਅੰਮ੍ਰਿਤ ਆਤਮ ਰਸ ਜਨ ਵਿਰਲਾ ਪਾਏ । ਸਾਧ ਸੰਗਤ ਪ੍ਰਭ ਤੇਰਾ ਵਾਸ, ਗੁਰ ਗੋਬਿੰਦ ਵਿਚ ਮਾਤ ਦੇ ਆਏ । ਬੇਮੁਖ ਜੀਵ ਦਰ ਜਾਏ ਨਾਸ, ਅੰਤਕਾਲ ਨਾ ਕੋਇ ਸਹਾਏ । ਭਗਵਾਨ ਭਗਤ ਰਾਹ ਜਾਏ ਦੱਸ, ਦੇ ਦਰਸ ਜੋਤ ਪਰਗਟਾਏ । ਪੀ ਅੰਮ੍ਰਿਤ ਜੀਵ ਹਉਮੇ ਜਾਏ ਨੱਸ, ਦੁਖ ਰੋਗ ਦੇਹ ਰਹਿਣ ਨਾ ਪਾਏ । ਸੋਹੰ ਬਾਣ ਪ੍ਰਭ ਮਾਰਿਆ ਕਸ, ਕਲਜੁਗ ਜੀਵ ਸਰਬ ਬਿਲਲਾਏ । ਨਿਹਕਲੰਕ ਨਾ ਕਿਸੇ ਹੋਵੇ ਵਸ, ਜੋਤ ਸਰੂਪੀ ਜੋਤ ਮਿਲ ਜਾਏ । ਗੁਰਸਿਖ ਪੀ ਅੰਮ੍ਰਿਤ ਰਸ, ਮਹਾਰਾਜ ਸ਼ੇਰ ਸਿੰਘ ਪਾਰ ਕਰਾਏ । ਗੁਰਸਿਖ ਤੇਰਾ ਸਾਚਾ ਧਾਮ, ਸਚਖੰਡ ਨਿਵਾਸ । ਜੋਤ ਜਗਾਏ ਰਮਈਆ ਰਾਮ, ਪ੍ਰਭ ਚਰਨ ਨਿਵਾਸ । ਦੀਸੇ ਕ੍ਰਿਸ਼ਨਾ ਸ਼ਾਮ, ਨਾ ਹੋਵੇ ਗਰਭਵਾਸ । ਕਲ ਪੂਰਨ ਹੋਇਆ ਕਾਮ, ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਤ੍ਰੇਤਾ ਰਾਮ ਦੁਆਪਰ ਘਨਈਆ ਸ਼ਾਮ । ਸਤਿ ਮਿਹਰਵਾਨ ਸਤਿਜੁਗ ਮਿਟਾਇਆ । ਪ੍ਰਗਟ ਜੋਤ ਰਮਈਆ ਰਾਮ, ਤ੍ਰੇਤਾ ਅੰਤ ਖਪਾਇਆ । ਧਰੇ ਜੋਤ ਘਨਈਆ ਸ਼ਾਮ, ਅਰਜਨ ਆਤਮ ਬ੍ਰਹਮ ਗਿਆਨ ਦਵਾਇਆ । ਗੀਤਾ ਕਰੇ ਜਗਤ ਪਰਕਾਸ਼, ਭਗਤ ਵਛਲ ਮੁਖ ਵਾਕ ਲਿਖਾਇਆ । ਕਲਜੁਗ ਜਾਮਾ ਧਾਰ, ਘਨਕਪੁਰੀ ਪ੍ਰਭ ਭਾਗ ਲਗਾਇਆ । ਨਿਹਕਲੰਕ ਨਰ ਨਰਾਇਣ ਅਵਤਾਰ, ਜੋਤ ਸਰੂਪੀ ਖੇਲ ਰਚਾਇਆ । ਛੱਡੀ ਦੇਹ ਅਪਾਰ, ਆਪਣਾ ਭੇਦ ਕਲਜੁਗ ਆਪ ਛੁਪਾਇਆ । ਕਰੇ ਕਰਾਏ ਵਰਤੇ ਸੰਸਾਰ, ਸ਼ਬਦ ਬਾਣ ਪ੍ਰਭ ਜਗਤ ਚਲਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਕਲੰਕਨਿਹ, ਕਲਜੁਗ ਖਪਾਏ ਸਤਿਜੁਗ ਸਾਚਾ ਲਾਇਆ । ਸਤਿਜੁਗ ਲਗਾਏ ਸਤਿਜੁਗ ਸਤਿਵਾਦੀ । ਸੋਹੰ ਸ਼ਬਦ ਨਾਦ ਵਜਾਏ ਨਾਦੀ । ਜਗਤ ਜੋਤ ਸਰੂਪੀ ਖੇਲ ਕਰ, ਭੁੱਲੀ ਸ੍ਰਿਸ਼ਟ ਸਭ ਸਾਧੀ । ਜਨ ਭਗਤਾਂ ਜੋਤੀ ਮੇਲ ਕਰ, ਕਰਾਏ ਮੇਲ ਜੋਤ ਵਿਸਮਾਦੀ । ਗੁਰਮੁਖ ਗੁਰਸਿਖ ਸਾਚਾ ਨਾਉਂ ਸੋਹੰ ਰਸਨ ਅਰਾਧੀ । ਮਹਾਰਾਜ ਸ਼ੇਰ ਸਿੰਘ ਜੋਤੀ ਜੋਤ ਸਰੂਪ ਸਾਚੀ ਜੋਤ ਕਿਸੇ ਵਿਰਲੇ ਗੁਰਸਿਖ ਲਾਧੀ । ਅਚਰਜ ਖੇਲ ਪਾਰਬ੍ਰਹਮ ਰਚਾਇਆ । ਬ੍ਰਹਮਾ ਗਵਾਏ ਮਾਣ, ਵਿਚ ਜੋਤ ਮਿਲਾਇਆ । ਸਾਚਾ ਕਰਮ ਪਛਾਣ, ਸਿੰਘ ਪਾਲ ਹੱਥ ਸ੍ਰਿਸ਼ਟ ਫੜਾਇਆ । ਗੁਣ ਗਾਏ ਗੁਣੀ ਨਿਧਾਨ, ਬ੍ਰਹਮਲੋਕ ਗੁਰਸਿਖ ਟਿਕਾਇਆ । ਧ੍ਰੂ ਤਜਾਇਆ ਵਕ਼ਤ ਸਰਨੀ ਜੋਤ ਮਿਲਾਇਆ ।

ਪੂਰਨ ਗੁਰਸਿਖ ਤੇਰੇ ਭਾਗ, ਨਿਹਕਲੰਕ ਮਾਣ ਦਵਾਇਆ । ਸਚਖੰਡ ਨਿਵਾਸੀ ਸਾਚ ਦਰ, ਦਰ ਅੱਗੇ ਬਹਾਇਆ । ਸਤਿਜੁਗ ਸਾਚੇ ਸਚ ਪ੍ਰਭ ਮਿਲੇ ਵਡਿਆਈ, ਸਿੰਘ ਸਵਰਨ ਦਰਬਾਨ ਬਹਾਇਆ । ਕਲਜੁਗ ਜਾਮਾ ਧਾਰ, ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਸਚਖੰਡ ਨਿਵਾਸ ਦਵਾਇਆ । ਗੁਰਮੁਖ ਕਲਜੁਗ ਭਗਤ ਜਨ, ਜਾਮੇ ਬਹੱਤਰ ਉਜਲ ਕਰੇ ਨਿਹਕਲੰਕ ਸਾਚਾ ਬਚਨ ਗੁਰ ਗੋਬਿੰਦ ਲਿਖਾਇਆ । ਕਲਜੁਗ ਹੋਇਆ ਧੰਨ ਧੰਨ ਧੰਨ, ਨਿਹਕਲੰਕ ਅਚਲਤ ਦਿਖਾਇਆ । ਜਗਤ ਭੁਲਾਇਆ ਕਲ ਪਾਰ ਉਤਾਰੇ, ਜੋਤ ਸਰੂਪੀ ਜੋਤ ਨਿਰੰਜਣ ਕਰ ਨਦਰ ਗੁਰਸਿਖ ਤਰਾਇਆ । ਸਾਚਾ ਪ੍ਰਭ ਸਚ ਦੇ ਵਡਿਆਈ, ਵਿਚ ਜੋਤੀ ਜੋਤ ਮਿਲਾਇਆ । ਸਵਰਗ ਨਰਕ ਨਰਕ ਸਵਰਗ ਸਰਬ ਘਟ ਵਾਸੀ, ਗੁਰ ਗੁਰਮੁਖ ਸਚਖੰਡ ਵਖਾਇਆ । ਪਰਗਟੇ ਜੋਤ ਪ੍ਰਭ ਅਬਿਨਾਸ਼ੀ, ਭਾਗ ਘਨਕਪੁਰੀ ਲਗਾਇਆ । ਸਾਧ ਸੰਗਤ ਹੋਵੇ ਚਰਨ ਪ੍ਰਭ ਦਾਸੀ, ਦੇਵੇ ਦਰਸ ਆਪ ਰਘੁਰਾਇਆ । ਕੱਟੇ ਗਲੋਂ ਸਿਲਕ ਜਮ ਫਾਸੀ, ਪਰਗਟ ਜੋਤ ਵਿਚ ਸੰਸਾਰ ਜੋਤੀ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਅੰਤਕਾਲ ਕਰੇ ਬੰਦ ਖਲਾਸੀ, ਕਰ ਕਿਰਪਾ ਗੁਰਸਿਖ ਪਾਰ ਕਰਾਇਆ । ਕਲਜੁਗ ਗੁਰਸਿਖ ਗੁਰ ਪੂਰਾ ਉਪਜਾਏ । ਹਰਨ ਫਰਨ ਨੇਤਰ, ਸਰੂਪ ਜੋਤ ਪ੍ਰਭ ਦੇ ਖੁਲ੍ਹਾਏ । ਕਲਜੁਗ ਤਾਰੇ ਭਗਤ ਵਛਲ, ਸ਼ਬਦ ਬੇਮੁਖ ਨਾਸ ਕਰਾਏ । ਸਾਧ ਸੰਗਤ ਚਾਰ ਵਰਨ ਹੋਏ ਇਕ ਮੁਠ, ਸਤਿਗੁਰ ਸ਼ਬਦ ਸਾਚਾ ਪ੍ਰਭ ਲਿਖਾਏ । ਮਹਾਰਾਜ ਸ਼ੇਰ ਸਿੰਘ ਤੇਰਾ ਦਰ, ਕੋਈ ਵਿਰਲਾ ਗੁਰਮੁਖ ਪਾਏ । ਪੁਰਖ ਨਿਰੰਜਣ ਜੋਤੀ ਜੋਤਾ, ਜ਼ਾਤ ਪਾਤ ਜੋਤ ਅੰਤ ਇਕ ਕਰਾਏ । ਵਿਸ਼ਨੂੰ ਬੰਸੀ ਸੂਰਯ ਅੰਸ਼ੀ, ਸਤਿਜੁਗ ਸਾਚਾ ਮਾਰਗ ਲਾਵੇ । ਬੇਮੁਖ ਪਕੜ ਪਛਾੜੇ ਜਿਉਂ ਕਾਹਨਾ ਕੰਸੀ, ਪ੍ਰਭ ਆਪਣਾ ਤੇਜ ਵਖਾਵੇ । ਤਾਰੇ ਤਰੇ ਤਾਰੇ ਗੁਰਸਿਖ ਵਿਚ ਸ੍ਰਿਸ਼ਟ, ਬੇਮੁਖਾਂ ਦਿਸ ਨਾ ਆਏ । ਨਿਹਕਲੰਕ ਕਲ ਤੇਰੀ ਵਡਿਆਈ, ਕੋਈ ਜੀਵ ਭੇਵ ਨਾ ਪਾਏ । ਜੀਵ ਨਾ ਜਾਣੇ ਪ੍ਰਭ ਕੀ ਜੁਗਤ । ਸਾਚਾ ਪ੍ਰਭ ਅੰਤਕਾਲ ਕਰੇ ਮੁਕਤ । ਬੇਮੁਖ ਦਰ ਰਹੇ ਲੁਕਤ । ਨਿਹਕਲੰਕ ਤੇਰੀ ਜੋਤ ਕਲਜੁਗ ਪਰਗਟੇ ਗੁਪਤ । ਨਿਹਕਲੰਕ ਨੈਣ ਮਧਾਰੀ । ਸਤਿ ਸਫੇਦ ਕਰੇ ਅਸਵਾਰੀ । ਚਿੱਟਾ ਅਸਵ ਉਪਰ ਗਿਰਧਾਰੀ । ਪਰਗਟ ਲੋਕਮਾਤ, ਜਨ ਭਗਤਾਂ ਪ੍ਰਭ ਮਿਲੇ ਬਨਵਾਰੀ । ਬੇਮੁਖਾਂ ਸਦਾ ਰਹੇ ਕਾਲੀ ਰਾਤ, ਹਉਮੇ ਲੱਗੀ ਜਗਤ ਬੀਮਾਰੀ । ਗੁਰਮੁਖ ਵਿਰਲਾ ਪੀ ਅੰਮ੍ਰਿਤ ਹੋਵੇ ਸ਼ਾਂਤ, ਪੀ ਅੰਮ੍ਰਿਤ ਰਹੇ ਖੁਮਾਰੀ । ਜੋਤ ਨਿਰਜੰਣ ਸਦਾ ਇਕਾਂਤ, ਨਿਹਕਲੰਕ ਕਲਜੁਗ ਉਤਾਰੀ । ਮਹਾਰਾਜ ਸ਼ੇਰ ਸਿੰਘ ਸਚ ਸੋਹੰ ਸ਼ਬਦ ਕੋਈ ਵਿਰਲਾ ਬਣੇ ਵਪਾਰੀ । ਸਾਚਾ ਸ਼ਬਦ ਸਾਚਾ ਵਪਾਰ । ਸਾਚਾ ਨਾਮ ਗੁਰਸਿਖ ਆਹਾਰ । ਪਰਗਟ ਜੋਤ ਨਿਹਕਲੰਕ, ਕਲਜੁਗ ਦੇਵੇ ਤਾਰ । ਮਹਾਰਾਜ ਸ਼ੇਰ ਸਿੰਘ ਸਰਬ ਪਿਤ, ਕੋਈ ਵਿਰਲਾ ਪਾਵੇ ਸਾਰ । ਬਿਕ੍ਰਮੀ ਹੋਈ ਉਨੀਂ ਸੌ ਪੰਜਾਹ । ਕਲਜੁਗ ਪਰਗਟੇ ਨਿਹਕਲੰਕ ਬੇਪਰਵਾਹ । ਸੰਤ ਮਨੀ ਸਿੰਘ ਦੀਸੇ ਸਾਚਾ ਥਾਂ । ਕਰ ਦਰਸ ਪ੍ਰਭ ਅਗੰਮ ਅਥਾਹ । ਮਹਾਰਾਜ ਸ਼ੇਰ ਸਿੰਘ ਪੁਰੀ ਘਨਕ ਪਰਗਟ ਸਚ ਸੋਹੰ ਸ਼ਬਦ ਜਪਾਏ ਨਾਂ । ਪਰਗਟੇ ਜੋਤ ਪ੍ਰਭ ਧਰਨੀ ਧਰਿਆ । ਕਰ ਦਰਸ ਨਿਹਕਲੰਕ ਕਲਜੁਗ ਮਨੀ ਸਿੰਘ ਤਰਿਆ । ਜਨਮ ਧਾਮ ਮਾਲਵਾ ਹੋਏ ਬਾਵਲਾ, ਆਏ ਸਰਨ ਪ੍ਰਭ ਕੀ ਪੜਿਆ । ਸਾਚੀ ਜੋਤ ਨਿਰੰਜਣ ਮਿਲ, ਪਰਕਾਸ਼ ਜਗਤ ਵਿਚ ਕਰਿਆ । ਬਿਕ੍ਰਮੀ ਉਨੀਂ ਸੌ ਬਵੰਜਾ, ਚੁਕ ਸਿਰ ਅੰਮ੍ਰਿਤਸਰ ਬਾਲ ਅਵਸਥਾ ਮਹਾਰਾਜ ਸ਼ੇਰ ਸਿੰਘ ਮੰਜੀ ਸਾਹਿਬ ਉਪਰ ਧਰਿਆ । ਉਠੇ ਪੁਜਾਰੀ ਦੁਸ਼ਟ ਦੁਰਾਚਾਰੀ, ਸੰਤ ਮਨੀ ਸਿੰਘ ਨਾ ਕਿਸੇ ਤੋਂ ਡਰਿਆ । ਸੰਤ ਰਸਨ ਚਲਾਈ ਸਰ ਅੰਮ੍ਰਿਤ ਸਰਾਫ ਦਵਾਈ, ਅੰਤਕਾਲ ਕਲ ਥੇਹ ਕਰਿਆ । ਮਸਤੂਆਣਾ

ਸਤਿਜੁਗ ਉਪਜਾਣਾ, ਸਚ ਧਾਮ ਪ੍ਰਭ ਨੇ ਵਰਿਆ । ਪੁਰੀ ਅਨੰਦ ਉਨੀਂ ਸੌ ਪਜਵੰਜਾ ਬਿਕ੍ਰਮੀ ਗਏ ਮੁਕੰਦ, ਸ਼ਬਦ ਸੁਣਾਇਆ ਢੋਲ ਵਜਾਇਆ, ਸੰਤ ਮਨੀ ਸਿੰਘ ਨਿਹਕਲੰਕ ਚੁਕ ਮੋਢੇ ਧਰਿਆ । ਨੀਲਾ ਚੋਗਾ ਗਲ ਵਿਚ ਪਾਇਆ । ਮਹਾਰਾਜ ਸ਼ੇਰ ਸਿੰਘ ਉਪਰ ਸੀਸ ਉਠਾਇਆ । ਅਮਾਮ ਮਹਿੰਦੀ ਨਿਹਕਲੰਕ ਅਵਤਾਰ । ਸਭ ਲੋਕਾਈ ਸੁਣਾਏ ਮੁਸਲਮਾਨ ਹੋਣ ਖੁਆਰ । ਸਦੀ ਚੌਧਵੀਂ ਹੋਵੇ ਭਾਰ । ਅਮਾਮ ਪਰਗਟੇ ਅਵਤਾਰ । ਜੋਤ ਸਰੂਪੀ ਜੋਤ ਪ੍ਰਭ ਜਗਤ ਨਾ ਪਾਈ ਸਾਰ । ਕਲਜੁਗ ਆਇਆ ਅੰਤਕਾਲ ਕਰਨ ਪ੍ਰਭ, ਬੇਮੁਖ ਹੋਏ ਖੁਆਰ । ਸਾਧ ਸੰਗਤ ਸਤਿ ਪੁਰਖਾਂ ਲਾਧਾ, ਕਰ ਦੀਆ ਬੇੜਾ ਪਾਰ । ਸੰਤ ਮਨੀ ਸਿੰਘ ਸਤਿ ਸਤਿ ਸਤਿ ਸੇਵਾ ਕੀਨੀ, ਨਿਹਕਲੰਕ ਅਪਰ ਅਪਾਰ । ਪ੍ਰਭ ਦਇਆ ਕਮਾਈ, ਸੁਰਤ ਸ਼ਬਦ ਸ਼ਬਦ ਸੁਰਤ ਆਤਮ ਬੂਝ ਬੁਝਾਈ । ਉਪਜੇ ਸ਼ਬਦ ਵੱਜੇ ਧੁਨ, ਸੁੰਨ ਸਮਾਧ ਖੁਲ੍ਹਾਈ । ਸਾਚਾ ਸ਼ਬਦ ਆਤਮ ਪਰਵੇਸ਼ੇ, ਤੀਨ ਲੋਕ ਦੀ ਸੋਝੀ ਪਾਈ । ਲੋਇਣ ਤੀਸਰਾ ਸਾਚਾ ਪ੍ਰਭ ਵੇਖੇ, ਕਲਜੁਗ ਦਿਤੀ ਵਡਿਆਈ । ਸ਼ਬਦ ਚਲਾਏ ਹੱਥ ਕਲਮ ਫੜਾਏ, ਕਲਜੁਗ ਲੇਖ ਲਿਖਾਇਆ ਲੇਖੇ । ਰਾਜੇ ਰਾਣੇ ਵਿਚ ਰਹੇ ਭੁਲੇਖੇ । ਚਲ ਨਾ ਆਏ ਪ੍ਰਭ ਵਿਚ ਸਰਨਾਈ । ਸਾਚੇ ਸੰਤ ਮਨੀ ਸਿੰਘ ਸਾਧ ਸੰਗਤ ਇਹ ਬਚਨ ਲਿਖਾਏ । ਸਾਧ ਸੰਗਤ ਹੋਇਆ ਇਕੱਠ, ਮਹਿੰਮਾ ਨਿਹਕਲੰਕ ਮਨੀ ਸਿੰਘ ਆਪ ਸੁਣਾਏ । ਸ੍ਰਿਸ਼ਟ ਸਬਾਈ ਅੰਤ ਹੋਵੇ ਭਠ, ਸੁਰਤ ਸ਼ਬਦ ਪ੍ਰਭ ਸਿੱਖ ਜਗਾਏ । ਮਨੀ ਸਿੰਘ ਤੇਰਾ ਸਾਚਾ ਬੁਤ, ਦਿਵਸ ਰੈਣ ਰੈਣ ਦਿਵਸ ਕਲਮ ਚਲਾਏ । ਬੋਧ ਅਗਾਧ ਅਗਾਧ ਬੋਧ ਪ੍ਰਭ ਕਲਜੁਗ ਮੇਟੇ, ਸਤਿਜੁਗ ਕਰਮ ਲਿਖਾਏ । ਬਿਆਸੋਂ ਪਾਰ ਸੰਤ ਮਨੀ ਸਿੰਘ ਕਲਮ ਚਲਾਏ । ਖੰਡਾ ਦੋ ਧਾਰ, ਪਿੰਡ ਭੰਡਾਲ ਡੇਰੇ ਲਾਏ । ਸੰਤਾ ਸਿੰਘ ਸੰਤ ਚਰਨ ਪਿਆਰ, ਦਿਵਸ ਰੈਣ ਸੇਵ ਕਮਾਏ । ਸੰਤ ਮਨੀ ਸਿੰਘ ਨੇਤਰ ਤੀਜਾ ਖੋਲ੍ਹ, ਗੁਰਸਿਖ ਜੋਤ ਜਗਾਏ । ਨਿਹਕਲੰਕ ਕਲਜੁਗ ਤੇਰਾ ਗੋਝ, ਬਿਨ ਕਿਰਪਾ ਕੋਇ ਨਾ ਪਾਏ । ਸਾਧ ਸੰਗਤ ਗੁਰਚਰਨ ਦਵਾਰੇ, ਮਹਾਰਾਜ ਸ਼ੇਰ ਸਿੰਘ ਹੋਏ ਸਹਾਏ । ਸੰਤ ਮਨੀ ਸਿੰਘ ਮਨ ਗਿਆ ਮਾਨ । ਸਾਚਾ ਉਪਜਿਆ ਬ੍ਰਹਮ ਗਿਆਨ । ਏਕਾ ਉਪਜਿਆ ਪ੍ਰਭ ਚਰਨ ਧਿਆਨ । ਉਪਜੇ ਸ਼ਬਦ ਉਪਜੇ ਪ੍ਰਭ ਗੁਣੀ ਨਿਧਾਨ । ਸਤਿਜੁਗ ਲਿਖਤ ਲਿਖਾਈ ਪ੍ਰਭ ਮਹਾਨ । ਬੇਮੁਖਾਂ ਚੁਗਲੀ ਖਾਈ ਨਾ ਕਰੀ ਪਛਾਣ । ਸੰਤ ਮਨੀ ਸਿੰਘ ਬਿਰਧ ਅਵਸਥਾ, ਪਕੜ ਸੰਗਰੂਰ ਜੇਲ ਵਿਚ ਪਾਣ । ਰਾਜਨ ਰਾਜ ਹੁਕਮ ਫ਼ਰਮਾਇਆ, ਕਲਜੁਗ ਕੌਣ ਵਿਸ਼ਨੂੰ ਭਗਵਾਨ । ਸੰਤ ਮਨੀ ਸਿੰਘ ਬਚਨ ਸੁਣਾਇਆ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਜੋਤ ਮਹਾਨ । ਮਾਇਆ ਲਾਲਚ ਜਗਤ ਜਲਾਏ, ਹੰਕਾਰੀਆਂ ਦਿਸ ਨਾ ਆਣ । ਆਤਮ ਵਿਚ ਮਾਣ ਰਖਾਏ, ਘਨਕਪੁਰੀ ਪਕੜ ਲੈ ਜਾਣ । ਸਾਚਾ ਪ੍ਰਭ ਨਾਦ ਵਜਾਏ, ਸੰਤ ਮਨੀ ਸਿੰਘ ਜਾਏ ਕੁਰਬਾਨ । ਝੂਠੀ ਕਾਇਆ ਝੂਠਾ ਜਗਤ, ਸਾਚਾ ਪ੍ਰਭ ਵਿਸ਼ਨੂੰ ਭਗਵਾਨ । ਅੰਮ੍ਰਿਤ ਝਿਰਨਾ ਵਿਚ ਝਿਰਾਏ ਨਭ, ਆਤਮ ਰਸ ਗੁਰਮੁਖ ਪਾਨ । ਕਰ ਦਰਸ ਮਿਟੇ ਆਤਮ ਹਰਸ, ਦਰ ਘਰ ਆਏ ਕਲੰਕਨਿਹ ਜਾਨ । ਸਾਚੇ ਪ੍ਰਭ ਸ਼ਬਦ ਉਪਜਾਇਆ, ਸੰਤ ਮਨੀ ਸਿੰਘ ਲੇਖ ਲਿਖਾਇਆ, ਰਾਓ ਰੰਕ ਇਕ ਹੋ ਜਾਣ । ਰਾਜੇ ਰਾਣੇ ਤਖ਼ਤੋਂ ਲਾਹੇ, ਨਿਹਕਲੰਕ ਸ਼ਬਦ ਮਾਰਿਆ ਬਾਣ । ਅੰਤਕਾਲ ਵਰਨ ਚਾਰ ਇਕ ਕਰਾ ਕੇ, ਸੋਹੰ ਸਾਚਾ ਸ਼ਬਦ ਉਪਜਾ ਕੇ, ਮਹਾਰਾਜ ਸ਼ੇਰ ਸਿੰਘ ਨਾਥ ਤ੍ਰੈਲੋਕੀ, ਗਣ ਗੰਧਰਬ ਮੁਨ ਜਨ ਸੁਰ ਨਰ ਸਭ ਚਰਨੀਂ ਡਿਗਣ ਆਣ । ਤੀਨ ਲੋਕ ਪ੍ਰਭ ਪਰਤਾਪ । ਸਤਿਜੁਗ ਜਪਾਏ ਸੋਹੰ ਸਾਚਾ ਜਾਪ । ਕਲਜੁਗ ਜੀਵ ਖਪਾਏ ਕਰਮ ਵਿਚਾਰੇ ਪਾਪ । ਗੁਰਸਿਖ ਤਰਾਏ ਵਿਚੋਂ ਮਾਰੇ ਹਉਮੈ ਤਾਪ । ਮਹਾਰਾਜ ਸ਼ੇਰ ਸਿੰਘ ਕਲੰਕਨਿਹ, ਸ੍ਰਿਸ਼ਟ ਸਬਾਈ

੪੪ਪ
੦੧

ਮਾਈ ਬਾਪ । ਸਰਬ ਸੁਖ ਸਰਬ ਦਰ ਵਰ । ਸਰਨ ਲਾਗ ਕਲਜੁਗ ਜੀਵ ਜਾਏ ਤਰ । ਕਲਜੁਗ ਪਰਗਟੇ ਨਿਹਕਲੰਕ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਚਰਨ ਲਾਗ ਜੀਵ ਨਾ ਡਰ । ਗੁਰਚਰਨ ਲਾਗ ਗੁਰ ਦਰ ਸੂਝੇ । ਗੁਰਸਿਖ ਪੂਰਾ ਗੁਰ ਚਰਨੀਂ ਲੂਝੇ । ਸਾਧ ਸੰਗਤ ਪ੍ਰਭ ਅਬਿਨਾਸ਼ੀ ਬੂਝੇ । ਦੇ ਦਰਸ ਪ੍ਰਭ ਭੇਦ ਖੁਲ੍ਹਾਏ ਗੂਝੇ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਦਰ, ਤੇਰਾ ਦਰ ਬੇਮੁਖ ਨਾ ਸੂਝੇ । ਬੇਮੁਖ ਪ੍ਰਭ ਦਰ ਨਾ ਦੱਸਿਆ । ਆਤਮ ਦੁਖ ਸਦਾ ਰਹੇ ਵਸਿਆ । ਸਾਧ ਸੰਗਤ ਸਾਚਾ ਨਾਮ ਪ੍ਰਭ ਪਾਵੇ ਭਿਖਿਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਚਾਰ ਵਰਨ ਕਰਾਏ ਮੱਸਿਆ । ਚਾਰ ਵਰਨ ਸ਼ਬਦ ਹੋਏ ਵਸ । ਸੋਹੰ ਬਾਣ ਪ੍ਰਭ ਮਾਰੇ ਕਸ । ਗੁਰਮੁਖ ਜੋਤ ਪਰਕਾਸ਼ ਜਿਉਂ ਰਵ ਸਸ । ਮਹਾਰਾਜ ਸ਼ੇਰ ਸਿੰਘ ਅੰਮ੍ਰਿਤ ਵਰਖਾ ਲਾਈ, ਸੰਤ ਮਨੀ ਸਿੰਘ ਪੀਆ ਰਸ । ਵੱਡਾ ਪ੍ਰਭ ਆਪ, ਵੱਡੀ ਵਡਿਆਈ । ਪਰਗਟ ਜੋਤ ਕਲਜੁਗ ਜੀਵਾਂ ਉਲਟੀ ਮਤ ਆਪ ਪ੍ਰਭ ਪਾਈ । ਮਦਿ ਮਾਸ ਬੇਮੁਖਾਂ ਆਹਾਰ ਬਣਾਈ । ਗੁਰਸਿਖਾਂ ਪ੍ਰਭ ਸਦ ਹਰਿ ਪਾਸ, ਆਤਮ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਜਪ ਜੀਵ ਸਵਾਸ ਸਵਾਸ ਜਪ ਜਿਸ ਤੇਰੀ ਬਣਤ ਬਣਾਈ । ਸਤਿਗੁਰ ਸਾਚਾ ਆਪ ਪ੍ਰਭ, ਕਲਜੁਗ ਜੀਵ ਨਾ ਜਾਣੇ । ਕਲਜੁਗ ਪਰਗਟ ਪ੍ਰਭ, ਸਾਚਾ ਸ਼ਬਦ ਵਖਾਣੇ । ਆਤਮ ਜੋਤ ਜਗਾਏ ਝਬ, ਵਿਰਲਾ ਗੁਰਮੁਖ ਹਰਿ ਰਸ ਮਾਣੇ । ਮਹਾਰਾਜ ਸ਼ੇਰ ਸਿੰਘ ਤੇਰਾ ਪਰਕਾਸ਼ ਜੋਤ ਹੋਏ ਵਿਚ ਨਾਭ, ਦਸਮ ਦਵਾਰ ਖੁਲ੍ਹਾਣੇ । ਖੁਲ੍ਹੇ ਦਵਾਰ ਹੋਏ ਉਜਿਆਰ, ਵਿਚ ਜੋਤੀ ਜੋਤ ਮਿਲਾਏ । ਮਹਾਰਾਜ ਸ਼ੇਰ ਸਿੰਘ ਜੋਤ ਨਿਰਾਧਾਰ, ਕਲਜੁਗ ਜੀਵ ਨਾ ਜਾਣਨ ਅੰਞਾਣੇ । ਕਲਜੁਗ ਜੀਵ ਹੋਏ ਨਿਮਾਣਾ । ਪਾਰਬ੍ਰਹਮ ਪ੍ਰਭ ਅੰਤਰਜਾਮੀ ਵਰਤਾਏ ਆਪਣਾ ਭਾਣਾ । ਅੰਤਕਾਲ ਕਲਜੁਗ ਕੋਈ ਨਾ ਦੀਸੇ ਰਾਜਾ ਰਾਣਾ । ਸਾਚਾ ਲਾਏ ਆਪ ਸਤਿਜੁਗ, ਸੰਤ ਮਨੀ ਸਿੰਘ ਮਾਣ ਦਿਵਾਣਾ । ਧਰੇ ਜੋਤ ਪ੍ਰਭ ਵਿਚ ਉਪਜਾਵੇ ਧਾਮ ਮਸਤੂਆਣਾ । ਮਹਾਰਾਜ ਸ਼ੇਰ ਸਿੰਘ ਕਲਜੁਗ ਵਰਤੇ ਤੇਰਾ ਸਚ ਸਚ ਸਚ ਭਾਣਾ । ਸਚ ਸਚ ਸਚ ਆਪ ਪ੍ਰਭ ਸਚ । ਕਚ ਕਚ ਕਚ ਸ੍ਰਿਸ਼ਟ ਸਭ ਕਚ । ਨਚ ਨਚ ਨਚ ਬੇਮੁਖ ਦਰ ਤੇ ਨਚ । ਮਚ ਮਚ ਮਚ ਬੇਮੁਖ ਅਗਨ ਜੋਤ ਵਿਚ ਮਚ । ਰਚ ਰਚ ਰਚ ਜੋਤ ਸਰੂਪ ਪ੍ਰਭ ਵਿਚ ਗੁਰਸਿਖ ਹਿਰਦੇ ਰਚ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਗੁਰਸਿਖ ਸਾਚਾ ਧੁੰਨ ਵਚ । ਪਰਗਟੇ ਜੋਤ ਗੋਬਿੰਦ ਗੁਰ । ਸੰਤ ਮਨੀ ਸਿੰਘ ਲੇਖ ਲਿਖਾਵੇ ਧੁਰ । ਆਸਾ ਮਨਸਾ ਪੂਰ ਵਾਲੀ ਘਨਕਪੁਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਤੇਰੀ ਮਹਿੰਮਾ ਨਾ ਜਾਣੇ ਸੁਰ ਨਰ ਨਰ ਸੁਰ । ਸੁਰ ਨਰ ਨਰ ਸੁਰ ਸਭ ਦਰ ਭਿਖਾਰੀ । ਬ੍ਰਹਮਾ ਵਿਸ਼ਨ ਮਹੇਸ਼ ਖੜੇ ਕੋਟ ਦਵਾਰੀ । ਕਲਜੁਗ ਐਸਾ ਕੀਆ ਭੇਖ, ਨਿਹਕਲੰਕ ਜੋਤ ਉਤਾਰੀ । ਸਤਿ ਪੁਰਖਾਂ ਦੀਸੇ ਤੇਰਾ ਦਰ, ਨਿਹਕਲੰਕ ਅਵਤਾਰੀ । ਮਹਾਰਾਜ ਸ਼ੇਰ ਸਿੰਘ ਅੰਤਕਾਲ ਕਰ ਜੁਗ ਕਰੇ ਖੁਆਰੀ । ਕਲਜੁਗ ਖਪਾਏ ਚੌਥਾ ਜੁਗ । ਵੇਲਾ ਹੱਥ ਨਾ ਆਏ ਗੁਰਸਿਖ ਗੁਰਚਰਨ ਪ੍ਰੀਤੀ ਲੁਝ । ਸ਼ਬਦ ਸੁਰਤ ਦੇਹ ਉਜਿਆਰੇ, ਸਾਚੀ ਜੋਤ ਜਗਾਵੇ ਗੁਝ । ਮਾਨਸ ਜਨਮ ਜੀਵ ਸੁਫਲ ਕਰ, ਝੂਠੀ ਦੁਨੀਆ ਵਿਚ ਨਾ ਲੁਝ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਗੁਰਸਿਖਾਂ ਲਿਆ ਬੁਝ । ਮਨੀ ਸਿੰਘ ਸਤਿ ਤੇਰਾ ਮਾਣ । ਜਗਾਵੇ ਜੋਤ ਵਿਚ ਲਲਾਟ ਵਿਸ਼ਨੂੰ ਭਗਵਾਨ । ਸੁਰ ਨਰ ਦਰ ਸੋਹਣ ਖੜ੍ਹੇ ਲੈ ਹੱਥ ਬਬਾਣ । ਸਤਿਗੁਰ ਪਰਗਟੇ ਵਿਚ ਸਤਿਜੁਗ, ਜਗਤ ਮਹਿੰਮਾ ਹੋਏ ਮਹਾਨ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਸੋਹੰ ਸ਼ਬਦ ਸਾਚਾ ਦੇਵੇ ਦਾਨ । ਸਾਚਾ ਦਾਨ ਸੰਤ ਪ੍ਰਭ ਦੀਆ । ਆਤਮ ਜੋਤ ਪਰਕਾਸ਼ ਕਰ, ਮੁਖ

ਉਜਲ ਕੀਆ । ਵਿਚ ਚਰਨ ਪ੍ਰਭ ਨਿਵਾਸ ਕਰ, ਘਰ ਸਾਚਾ ਦੀਆ । ਮਹਾਰਾਜ ਸ਼ੇਰ ਸਿੰਘ ਸਤਿਜੁਗ ਪਰਕਾਸ਼ ਕਰ, ਸਵਾਰੇ ਸਤਿਜੁਗ ਸਤਿ ਸਤਿ ਰਖਾਈ ਨੀਆ । ਸਤਿਜੁਗ ਹੋਵੇ ਸਰਬ ਸਤਿ । ਜੋਤ ਪਰਕਾਸ਼ ਹੋਵੇ ਆਤਮ ਮਤ । ਸਾਧ ਸੰਗਤ ਤੇਰਾ ਰਹੇ ਜਗ ਜਤ । ਪਰਗਟੇ ਜੋਤ ਨਿਹਕਲੰਕ, ਜਾਣੇ ਤੇਰੀ ਮਿਤ ਗਤ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਗੁਰਸਿਖਾਂ ਰੱਖੇ ਪਤ । ਰੱਖੇ ਪਤ ਆਪ ਪਤਿਆਰਾ । ਸਾਧ ਸੰਗਤ ਕਰੇ ਆਤਮ ਉਜਿਆਰਾ । ਦੀਪਕ ਦੇਹ ਪ੍ਰਭ ਜੋਤ ਸਰੂਪ ਨਿਆਰਾ । ਗੁਰਮੁਖਾਂ ਮਿਲਿਆ ਸਾਚਾ ਪ੍ਰਭ, ਕਰ ਦਰਸ ਆਤਮ ਗਿਆ ਅੰਧਿਆਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਕਲਜੁਗ ਜੁਗ ਸਤਿ ਤੇਰਾ ਸਤਿ ਦਰਬਾਰਾ । ਕਲਜੁਗ ਉਪਜਾਏ ਜੋਤ ਨਿਹਕਲੰਕ । ਸਤਿਜੁਗ ਸੋਹੰ ਵਜਾਏ ਸਾਚਾ ਡੰਕ । ਚਾਰ ਵਰਨ ਇਕ ਹੋਵੇ ਕੋਈ ਨਾ ਦੀਸੇ ਰਾਓ ਰੰਕ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਕਰੇ ਪਰਕਾਸ਼ ਪੁਰੀ ਵਿਚ ਘਨਕ । ਸਚਖੰਡ ਪ੍ਰਭ ਤੇਰਾ ਦਵਾਰ । ਕਲਜੁਗ ਝੂਠਾ ਪਸਰ ਪਸਾਰ । ਸ਼ਬਦ ਅੰਧੇਰੀ ਚਲੇ ਵਿਚ ਸੰਸਾਰ । ਸੋਹੰ ਸ਼ਬਦ ਕਲਜੁਗ ਖੰਡਾ ਦੋ ਧਾਰ । ਬੇਮੁਖ ਜੀਵ ਜਾਵਣ ਵਹਿੰਦੀ ਧਾਰ । ਗੁਰਸਿਖਾਂ ਹਿਰਦੇ ਜੋਤ ਪਰਕਾਸ਼ ਕਰ, ਆਤਮ ਕਰੇ ਉਜਿਆਰ । ਬੇਮੁਖਾਂ ਕਲਜੁਗ ਨਾਸ ਕਰ, ਪਰਗਟੇ ਜੋਤ ਨਿਹਕਲੰਕ ਅਵਤਾਰ । ਭੁਲਾਇਆ ਜਗਤ ਮਦਿ ਮਾਸ ਆਹਾਰ ਕਰ, ਅੰਤਕਾਲ ਕਲਜੁਗ ਹੋਏ ਖੁਆਰ । ਗੁਰਸਿਖਾਂ ਕਰਮ ਅਪਰ ਅਪਾਰ ਕਰ, ਮਹਾਰਾਜ ਸ਼ੇਰ ਸਿੰਘ ਕਲਜੁਗ ਬੇੜਾ ਪਾਰ ਕਰ, ਜੋ ਜਨ ਆਏ ਸਚੇ ਦਰ, ਸਾਚਾ ਦਰਸ ਕ੍ਰਿਸ਼ਨ ਮੁਰਾਰ ਕਰ । ਗੁਰਚਰਨ ਊਚਾ ਦਰ । ਸਾਧ ਸੰਗਤ ਤੇਰਾ ਸਾਚਾ ਘਰ । ਕਲਜੁਗ ਪਰਗਟੇ ਨਿਹਕਲੰਕ ਅਵਤਰ । ਸੋਹੰ ਸਾਚਾ ਸ਼ਬਦ ਸਤਿਜੁਗ ਜਾਵੇ ਧਰ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਸਾਚਾ ਸ਼ਬਦ ਦੇਵੇ ਵਰ । ਸਚ ਸ਼ਬਦ ਪ੍ਰਭ ਦੇਵੇ ਦਾਨ । ਸੋਹੰ ਸ਼ਬਦ ਜਪ ਜੀਵ ਮਹਾਨ । ਆਤਮ ਉਪਜੇ ਬ੍ਰਹਮ ਗਿਆਨ । ਵੱਜੇ ਧੁਨ ਖੁੱਲ੍ਹੇ ਸੁੰਨ, ਸੁਣ ਸਾਚਾ ਰਾਗ ਪ੍ਰਭ ਸੁਣਾਏ ਕਾਨ । ਰੁਣ ਝੁਣ ਕੋਈ ਪਾਵੇ ਵਿਰਲਾ ਮੁਨ, ਜਿਸ ਲਾਇਆ ਚਰਨ ਧਿਆਨ । ਮਹਾਰਾਜ ਸ਼ੇਰ ਸਿੰਘ ਕਲਜੁਗ ਗੁਰਸਿਖ ਜਨ ਦਰਸ ਦਿਖਾਏ ਜੋਤ ਸਰੂਪ ਵਿਸ਼ਨੂੰ ਭਗਵਾਨ । ਕਲਜੁਗ ਪਰਗਟੇ ਵਿਸ਼ਨੂੰ ਭਗਵਾਨਾ । ਗੁਰ ਦਰ ਦਰ ਗੁਰ ਖੜ੍ਹੇ ਮਹਾਨਾ । ਗੁਰਸਿਖ ਜੋਤ ਪਰਕਾਸ਼ ਕਰੇ ਕੋਟ ਭਾਨਾ । ਨਿਹਕਲੰਕ ਤੇਰੇ ਚਰਨ ਪ੍ਰੀਤੀ ਕਲਜੁਗ ਸਾਚਾ ਇਸ਼ਨਾਨਾ । ਚਰਨ ਪ੍ਰੀਤੀ ਗੁਰਸਿਖ ਕਮਾਏ । ਆਤਮ ਨਿਜਾਨੰਦ ਪ੍ਰਭ ਉਪਜਾਏ । ਸਵੱਛ ਸਰੂਪ ਪਰਗਟ ਜੋਤ ਨਿਹਕਲੰਕ ਦਰਸ ਦਿਖਾਏ । ਮਹਿੰਮਾ ਪ੍ਰਭ ਕੀ ਬੜੀ ਅਨੂਪ, ਜੁਗੋ ਜੁਗ ਜਗਤ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਕਲ ਸਾਚਾ ਭੂਪ, ਗੁਰਸਿਖਾਂ ਆਤਮ ਜੋਤ ਜਗਾਏ । ਕਲਜੁਗ ਪਰਗਟੇ ਪ੍ਰਭ ਸਾਚਾ ਭੂਪ । ਬੇਮੁਖਾਂ ਹੋਏ ਚਾਰ ਕੁੰਟ ਅੰਧ ਕੂਪ । ਜੋਤ ਸਰੂਪ ਵਿਚ ਸਿੱਖ ਸਮਾਵੇ, ਨਾ ਦੀਸੇ ਰੰਗ ਰੂਪ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਕਲਜੁਗ ਦੇਵੇ ਦਰਸ ਸਵੱਛ ਸਰੂਪ । ਦਰਸਨ ਦੇ ਪ੍ਰਭ ਦਇਆ ਕਮਾਏ । ਨਿਹਕਲੰਕ ਤੇਰੀ ਸਚ ਨਾਏ । ਕੋਈ ਵਿਰਲਾ ਗੁਰਮੁਖ ਚੜ੍ਹ ਜਾਏ । ਪਰਗਟ ਜੋਤ ਗੁਰਮੁਖਾਂ ਪ੍ਰਭ ਸਾਚਾ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਅਵਤਾਰ ਨਰ, ਸੁਰਤੀ ਸੁਰਤ ਮੇਲ ਕਰਾਏ । ਆਤਮ ਦੇਵੇ ਜੀਵ ਪ੍ਰਭ ਸੁਰਤ । ਜੋਤ ਜਗਾਏ ਪ੍ਰਭ ਅਕਾਲ ਮੂਰਤ । ਗੁਰਸਿਖ ਆਸ ਤੇਰੀ ਨਿਹਕਲੰਕ ਕਲ ਪੂਰਤ । ਬੇਮੁਖ ਦਰ ਤੇ ਆਏ ਉਠ ਜਾਏ ਝੂਰਤ । ਸਾਚਾ ਪ੍ਰਭ ਸਾਚਾ ਰੂਪ, ਨਾ ਸਾਚੀ ਦਿਸੇ ਪ੍ਰਭ ਸੂਰਤ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਸਰਬ ਜਨਾਂ ਦੀ ਆਸਾ ਪੂਰਤ । ਜੋ ਜਨ ਪ੍ਰਭ ਦਰਸ

ਪਿਆਸਾ । ਦੇ ਦਰਸ ਪ੍ਰਭ ਕਲਜੁਗ ਕਰੇ ਬੰਦ ਖੁਲਾਸਾ । ਦੁਖ ਦਰਦ ਸਭ ਦੇਹ ਦਾ ਨਾਸਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰਾ, ਸਦਾ ਜੀਵੇ ਤੇਰੇ ਚਰਨ ਭਰਵਾਸਾ । ਗੁਰਸਿਖਾਂ ਦੇਵੇ ਜਗਤ ਪ੍ਰਭ ਮਾਨ । ਪਰਗਟਾਵੇ ਜੋਤ ਕਲ ਵਿਸ਼ਨੂੰ ਭਗਵਾਨ । ਹੋਏ ਸਹਾਈ ਵਡ ਵਡ ਵਡ ਵੱਡਾ ਬਲਵਾਨ । ਕਲਜੁਗ ਨਿਹਕਲੰਕ ਅਵਤਾਰ, ਰਾਓ ਰੰਕ ਕਰੇ ਇਕ ਸਮਾਨ । ਪਰਗਟੀ ਜੋਤ ਜਗਤ ਅੰਧਿਆਰ । ਨਿਹਕਲੰਕ ਜੋਤ ਸਰੂਪ ਲਏ ਅਵਤਾਰ । ਬਾਣ ਸ਼ਬਦ ਸੋਹੰ ਕਰੇ ਜਗਤ ਖੁਆਰ । ਗੁਰਸਿਖਾਂ ਜੋਤ ਜਗਾਏ, ਪ੍ਰਭ ਆਤਮ ਕਰੇ ਉਜਿਆਰ । ਘਨਕਪੁਰ ਵਾਸੀ ਨਿਹਕਲੰਕ, ਸਤਿਜੁਗ ਹੋਵੇ ਤੇਰਾ ਉਚ ਦਰਬਾਰ । ਪਰਗਟੇ ਜੋਤ ਪ੍ਰਭ ਅਬਿਨਾਸ਼ੀ, ਸ੍ਰਿਸ਼ਟ ਸਬਾਈ ਹੋਵੇ ਖੁਆਰ । ਗੁਰਸਿਖਾਂ ਮਿਲੇ ਚਰਨ ਨਿਵਾਸ, ਬੇਮੁਖਾਂ ਹੋਵੇ ਹਾਹਾਕਾਰ । ਕੋਈ ਨਾ ਦੀਸੇ ਅੰਤਕਾਲ ਕਲਜੁਗ ਮਦਿ ਮਾਸੀ ਨਰਕ ਮਝਾਰੇ ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਆਤਮ ਦੇਵੇ ਸ਼ਬਦ ਅਧਾਰ । ਆਤਮ ਜੋਤ ਪ੍ਰਭ ਆਪ ਜਗਾਏ । ਪਰਗਟ ਜੋਤ ਨਿਹਕਲੰਕ ਕਲਜੁਗ ਸ਼ਬਦੀ ਮੇਲ ਮਿਲਾਏ । ਉਪਜੇ ਸ਼ਬਦ ਵੱਜੇ ਧੁਨ ਖੁਲ੍ਹੇ ਸੁੰਨ, ਨਿਰਹਾਰੀ ਪ੍ਰਭ ਦਿਸ ਆਏ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ ਵਡ ਵਡ ਵਡ ਵੱਡਾ ਚਾਰ ਜੁਗ ਕਲੰਕ ਨਿਹ ਨਾਉਂ ਰਖਾਈ । ਚਾਰ ਜੁਗ ਏਕਾ ਜੋਤੀ । ਚਾਰ ਵਰਨ ਕਰਾਏ ਏਕਾ ਗੋਤੀ । ਜਾਮਾ ਧਾਰੇ ਨਿਹਕਲੰਕ, ਕਲ ਝੂਠੀ ਦੁਨੀਆ ਰਹੀ ਸੋਤੀ । ਗੁਰਮੁਖ ਵਿਰਲੇ ਪਾਈ ਸਾਰ, ਆਤਮ ਮਿਲੇ ਪ੍ਰਭ ਮਾਣਕ ਮੋਤੀ । ਮਹਾਰਾਜ ਸ਼ੇਰ ਸਿੰਘ ਤੇਰਾ ਸਚ ਦਵਾਰ, ਤੀਨ ਲੋਕ ਜਗਾਏ ਏਕਾ ਜੋਤੀ । ਤੀਨ ਲੋਕ ਪ੍ਰਭ ਜੋਤ ਆਕਾਰੀ । ਜੋਤ ਸਰੂਪ ਹੋਇਆ ਸੰਸਾਰੀ । ਨਿਹਕਲੰਕ ਨਿਰੰਜਣ ਜੋਤ ਪਰਗਟੇ ਕਲਜੁਗ ਨਰ ਅਵਤਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਪ੍ਰਭ ਨਿਰਾਧਾਰੀ । ਸਾਚਾ ਪ੍ਰਭ ਸਾਚਾ ਦਰਬਾਰ । ਜੋਤ ਸਰੂਪੀ ਪ੍ਰਭ ਜੋਤ ਆਕਾਰ । ਜਗਤ ਜੋਤ ਪ੍ਰਭ ਕਰੇ ਅਧਾਰ । ਝੂਠਾ ਜਗਤ ਅੰਤ ਕਲਜੁਗ ਹੋਏ ਖੁਆਰ । ਸਾਚਾ ਸ਼ਬਦ ਸੋਹੰ ਨਿਹਕਲੰਕ ਮਾਰੇ ਸਾਚੀ ਮਾਰ । ਮਹਾਰਾਜ ਸ਼ੇਰ ਸਿੰਘ ਤੇਰੇ ਸ਼ਬਦ ਡੰਕ, ਚਾਰ ਕੁੰਟ ਹੋ ਜਾਏ ਜੈ ਜੈ ਜੈਕਾਰ । ਨਿਹਕਲੰਕ ਕੋਈ ਨਾ ਜਾਣੇ ਤੇਰਾ ਅੰਤ । ਸਤਿਜੁਗ ਸੋਹੰ ਸ਼ਬਦ ਉਪਜਾਏ, ਵਿਚ ਸਿੱਖ ਮਨਕ । ਜੋਤ ਸਰੂਪ ਆਤਮ ਮਾਰੇ ਤਨਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਗੁਰਮੁਖ ਉਜਲ ਕਰੇ ਜਿਉਂ ਭਗਤ ਜਨਕ । ਭਗਤ ਜਨਾਂ ਪ੍ਰਭ ਹੱਥ ਵਡਿਆਈ । ਪਰਗਟ ਜੋਤ ਜੁਗੋ ਜੁਗ ਹੋਏ ਸਹਾਈ । ਕਲਜੁਗ ਜਾਮਾ ਧਾਰ, ਨਿਹਕਲੰਕ ਜੋਤ ਪਰਗਟਾਈ । ਬ੍ਰਹਮਾ ਮਾਣ ਗਵਾਏ, ਜੁਗ ਚੌਥੇ ਵਿਚ ਜੋਤੀ ਜੋਤ ਮਿਲਾਈ । ਸਤਿਜੁਗ ਸਾਚੇ ਦੇਵੇ ਸਿੱਖ ਨਿਹਕਲੰਕ ਵਡਿਆਈ । ਸਿੰਘ ਪਾਲ ਤੇਰੀ ਜੋਤ, ਸਾਚੇ ਪ੍ਰਭ ਵਿਚ ਬ੍ਰਹਮ ਲੋਕ ਪੁਚਾਈ । ਮਾਰ ਜਵਾਏ ਜਵਾਏ ਆਪ, ਵਾਲੀ ਸ੍ਰਿਸ਼ਟ ਆਪ ਰਘੁਰਾਈ । ਨਿਰਗੁਣ ਸਰਗੁਣ ਏਕਾ ਰੂਪ, ਸਤਿ ਪੁਰਖਾਂ ਵਿਚ ਰਿਹਾ ਸਮਾਈ । ਨਿਹਕਲੰਕ ਕਲ ਲੈ ਅਵਤਾਰ, ਸਾਧ ਸੰਗਤ ਪ੍ਰਭ ਮਾਣ ਦਵਾਈ । ਲਿਖਤ ਲਿਖਾਏ ਅਪਰ ਅਪਾਰ, ਸਾਚੀ ਨੀਵ ਸਤਿਜੁਗ ਰਖਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਤੇਰੇ ਚਰਨ ਬਲਿਹਾਰ, ਦੇਵੇ ਸਾਧ ਸੰਗਤ ਵਡਿਆਈ । ਸਾਧ ਸੰਗਤ ਤੇਰੀ ਵਡਿਆਈ । ਪਰਗਟੇ ਜੋਤ ਨਿਹਕਲੰਕ ਘਨਈਆ ਰਘੁਰਾਈ । ਜੋਤ ਸਰੂਪ ਸਰਬ ਜੋਤ ਧਰ, ਸਾਚੀ ਜੋਤ ਵਿਚ ਜਗਤ ਟਿਕਾਈ । ਜੋਤ ਸਰੂਪ ਵਸੇ ਤੀਨ ਲੋਕ, ਪਾਤਾਲ ਆਕਾਸ਼ ਮਾਤ ਸਮਾਈ । ਮਾਤਲੋਕ ਪ੍ਰਭ ਜੋਤ ਪਰਕਾਸ਼, ਨਿਹਕਲੰਕ ਕਲਜੁਗ ਨਾਉਂ ਧਰਾਈ । ਬੇਮੁਖ ਜੀਵ ਅੰਤ ਹੋਵਣ ਨਾਸ, ਕਲਜੁਗ ਤੇਰੀ ਵਿਆਧ ਮਿਟਾਈ । ਜੋ

ਜਨ ਰਸਨਾ ਲਾਵੇ ਮਦਿਰਾ ਮਾਸ, ਸਾਚਾ ਪ੍ਰਭ ਵਿਚ ਨਰਕ ਨਿਵਾਸ ਦਵਾਈ । ਸੋਹੰ ਸ਼ਬਦ ਜੋ ਜਪੇ ਸਵਾਸ ਸਵਾਸ, ਪ੍ਰਭ ਜੋਤੀ ਜੋਤ ਮਿਲਾਈ । ਸਚਖੰਡ ਸਾਚੇ ਸਿੱਖ ਤੇਰਾ ਪ੍ਰਭ ਕਰੇ ਨਿਵਾਸ, ਆਵਣ ਜਾਣ ਜਾਣ ਆਵਣ ਜਗਤ ਮਿਟ ਜਾਈ । ਬੈਕੁੰਠ ਧਾਮ ਗੁਰਸਿਖ ਤੇਰਾ ਬਿਸਰਾਮ, ਦੇ ਦਰਸ ਅੰਤਕਾਲ ਨਿਹਕਲੰਕ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਜੋਤ ਪਰਗਟਾਏ ਜਿਉਂ ਕ੍ਰਿਸ਼ਨਾ ਸ਼ਾਮ, ਨਿਰਮਲ ਜੋਤ ਨਿਹਕਲੰਕ ਵਿਚ ਸਿੱਖ ਦੇ ਆਈ । ਜੋਤ ਸਰੂਪ ਪ੍ਰਭ ਵਿਚ ਸਿੱਖ ਦੇਹ ਸਮਾਏ । ਅਚਰਜ ਖੇਲ ਖੇਲ ਅਚਰਜ ਕਲਜੁਗ ਕਰਾਏ । ਵਿਸਮਾਦੀ ਪ੍ਰਭ ਵਿਸਮਾਦ ਵਿਚ ਸਿੱਖ ਹੋ ਜਾਏ । ਪਰਗਟ ਜੋਤ ਨਿਹਕਲੰਕ, ਭਰਮ ਭੁਲੇਖੇ ਜਗਤ ਭੁਲਾਏ । ਗੁਰਸਿਖ ਕਰੇ ਨਿਮਸਕਾਰ ਬਾਰ ਅਨਕ, ਬੇਮੁਖ ਦਰ ਨਾ ਸੀਸ ਝੁਕਾਏ । ਸਾਚੀ ਜੋਤ ਪ੍ਰਭ ਆਤਮ ਲਾਏ ਤਨਕ, ਬੇਮੁਖ ਆਤਮ ਹੰਕਾਰ ਰਖਾਏ । ਮਹਾਰਾਜ ਸ਼ੇਰ ਸਿੰਘ ਵਾਲੀ ਪੁਰੀ ਘਨਕ, ਸਰਨ ਪੜੇ ਦੀ ਲਾਜ ਰਖਾਏ । ਸਰਨ ਪੜੇ ਦੀ ਰਾਖੇ ਲਾਜਾ । ਅਨਹਦ ਸ਼ਬਦ ਧੁਨ ਵਜਾਵੇ ਵਾਜਾ । ਜਗਾਵੇ ਜੋਤ ਵਿਚ ਦੇਹ ਪ੍ਰਭ ਜਿਸ ਤੇਰਾ ਸਾਜਨ ਸਾਜਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਕਲਜੁਗ ਵਡ ਰਾਜਨ ਰਾਜਾ । ਰਾਜਨ ਰਾਜ ਰਾਜ ਦਿਆਲੂ । ਭਗਤ ਵਛਲ ਪ੍ਰਭ ਸਦਾ ਕਿਰਪਾਲੂ । ਕਲਜੁਗ ਜਾਮਾ ਧਾਰੇ ਨਿਹਕਲੰਕ ਬੇਮਿਸਾਲੂ । ਮਹਾਰਾਜ ਸ਼ੇਰ ਸਿੰਘ ਜੁਗ ਚਾਰ ਸਦਾ ਕਿਰਪਾਲੂ । ਕਲਜੁਗ ਪਾਈ ਪ੍ਰਭ ਨੇ ਮਾਇਆ । ਪਰਗਟੇ ਜੋਤ ਆਪ ਰਘੁਰਾਇਆ । ਅਛਲ ਛਲ ਛਲ ਜਗਤ ਕਰਾਇਆ । ਆਪਣਾ ਭੇਵ ਨਾ ਕਿਸੇ ਜਣਾਇਆ । ਗੁਰਸਿਖਾਂ ਸ਼ਬਦ ਗਿਆਨ ਦੇ, ਕਲਜੁਗ ਪਾਰ ਕਰਾਇਆ । ਚਰਨ ਪ੍ਰੀਤੀ ਨਿਹਕਲੰਕ ਆਤਮ ਧਿਆਨ ਦੇ, ਰੰਗ ਮਜੀਠੀ ਦੇ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਦਰਸ ਵਿਸ਼ਨੂੰ ਭਗਵਾਨ ਦੇ, ਸਾਧ ਸੰਗਤ ਮਾਣ ਦਵਾਇਆ । ਪਰਗਟੇ ਜੋਤ ਕਵਲ ਨੈਣਾਂ । ਸੁੰਦਰ ਕੁੰਡਲ ਮੁਕਟ ਬੈਣਾ । ਸਾਧ ਸੰਗਤ ਨਿਹਕਲੰਕ ਮਿਲ ਦਰ ਤੇ ਬਹਿਣਾ । ਮਦਿ ਮਾਸੀ ਅੰਤਕਾਲ ਕਲਜੁਗ ਨਾ ਰਹਿਣਾ । ਸੋਹੰ ਸਾਚਾ ਸ਼ਬਦ ਪ੍ਰਭ ਆਤਮ ਦੇਵੇ ਗਹਿਣਾ । ਝੂਠੀ ਦੁਨੀਆ ਜਗਤ ਪਸਾਰਾ, ਸਦ ਬੈਠ ਕਿਸੇ ਨਹੀਂ ਰਹਿਣਾ । ਕਲਜੁਗ ਕਰੇ ਨਿਹਕਲੰਕ ਖੁਆਰੀ, ਭਾਣਾ ਪ੍ਰਭ ਦਾ ਸਰਬ ਨੇ ਸਹਿਣਾ । ਗੁਰਸਿਖਾਂ ਕਰੇ ਜੋਤ ਪਰਕਾਸ਼ ਆਤਮ ਉਜਿਆਰ, ਸਦਾ ਦੇਵੇ ਲਹਿਣਾ । ਚਾਰ ਕੁੰਟ ਹੋਵੇ ਹਾਹਾਕਾਰ, ਬੇਮੁਖ ਜੀਵ ਵਹਿਣ ਝੂਠੇ ਵਹਿਣਾ । ਮਹਾਰਾਜ ਸ਼ੇਰ ਸਿੰਘ ਜੋਤ ਆਕਾਰ, ਤੀਨ ਲੋਕ ਸਦ ਰਹਿਣਾ । ਸਾਚਾ ਪ੍ਰਭ ਜੋਤ ਆਕਾਰ, ਪਰਗਟ ਜੋਤ ਸਭ ਸ੍ਰਿਸ਼ਟ ਸੰਘਾਰੀ । ਬੁੱਧੀ ਆਤਮ ਆਤਮ ਬੁੱਧੀ ਬੇਮੁਖਾਂ ਜਗ ਹਾਰੀ । ਅੰਤਕਾਲ ਕਲਜੁਗ ਜੀਵ ਜੰਤ ਹੋਵੇ ਖੁਆਰੀ । ਸਤਿਜੁਗ ਸਾਚਾ ਲਾਏ ਆਪ ਪ੍ਰਭ, ਨਿਹਕਲੰਕ ਨਿਰਵੈਰ ਨਿਰਾਹਾਰੀ । ਸਤਿਜੁਗ ਸਤਿਗੁਰ ਮਨੀ ਸਿੰਘ ਹੋਏ ਤੇਰੀ ਵਡਿਆਈ, ਸਾਚੀ ਮਿਲੇ ਤੈਨੂੰ ਸਿਕਦਾਰੀ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਸਰਬ ਸ੍ਰਿਸ਼ਟ ਹੋਵੇ ਤੇਰੀ ਪਨਿਹਾਰੀ । ਦੇਵੇ ਮਾਣ ਸਰਬ ਕਾ ਦਾਤਾ । ਸਤਿਗੁਰ ਮਨੀ ਸਿੰਘ ਸਤਿਜੁਗ ਹੋਵੇ ਬ੍ਰਹਮ ਗਿਆਤਾ । ਚਾਰ ਵਰਨ ਤੇਰੀ ਚਰਨੀਂ ਸਾਚਾ ਨਾਤਾ । ਸੋਹੰ ਸ਼ਬਦ ਖੋਲ੍ਹੇ ਨੇਤਰ ਹਰਨ ਫਰਨ, ਦੇਵੇ ਧਿਆਨ ਆਪ ਪ੍ਰਭ ਦਾਤਾ । ਗੁਰਸਿਖ ਕਲਜੁਗ ਅੰਤਕਾਲ ਪ੍ਰਭ ਜੋਤੀ ਜੋਤ ਮਿਲਾਤਾ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਪ੍ਰੀਤੀ, ਗੁਰਸਿਖਾਂ ਸਾਚਾ ਨਾਤਾ । ਗੁਰਚਰਨ ਪ੍ਰੀਤੀ ਚਰਨ ਧੂੜ । ਕਰੇ ਬੁਧਿ ਬਿਬੇਕ ਜੀਵ ਆਤਮ ਮੂੜ । ਆਤਮ ਰੰਗ ਚੜ੍ਹਾਏ ਸਚ ਮਜੀਠੀ ਗੂੜ੍ਹ । ਮਹਾਰਾਜ ਸ਼ੇਰ ਸਿੰਘ ਗੁਰਮੁਖ ਵਿਰਲਾ, ਕਲਜੁਗ ਲੋੜੇ ਤੇਰੀ ਚਰਨ ਧੂੜ । ਨਾਸ ਨਾਸ ਨਾਸ, ਅਗਨ ਤਾਪ ਨਾਸਿਆ । ਪਰਕਾਸ਼ ਪਰਕਾਸ਼ ਪਰਕਾਸ਼ ਨਿਰੰਜਣ ਜੋਤ ਪਰਕਾਸ਼ਿਆ । ਸਵਾਸ

ਸਵਾਸ ਸਵਾਸ ਸੋਹੰ ਸ਼ਬਦ ਜਪ ਜੀਵ ਸਵਾਸ ਸਵਾਸਿਆ । ਰਾਸ ਰਾਸ ਰਾਸ ਮਾਨਸ ਜਨਮ ਹੋਵੇ ਰਾਸਿਆ । ਵਾਸ ਵਾਸ ਵਾਸ, ਸਾਚਾ ਪ੍ਰਭ ਵਿਚ ਦੇਹ ਵਾਸਿਆ । ਮਾਸ ਮਾਸ ਮਾਸ, ਕਲਜੁਗ ਰਸਨ ਬੇਮੁਖਾਂ ਭਾਸਿਆ । ਨਾਸ ਨਾਸ ਨਾਸ, ਅੰਤਕਾਲ ਕਲਜੁਗ ਕਰੇ ਨਾਸਿਆ । ਪਾਸ ਪਾਸ ਪਾਸ, ਸਾਧ ਸੰਗਤ ਪ੍ਰਭ ਸਦ ਹੈ ਪਾਸਿਆ । ਅਬਿਨਾਸ਼ ਅਬਿਨਾਸ਼ ਅਬਿਨਾਸ਼, ਨਿਹਕਲੰਕ ਆਦਿ ਜੁਗਾਦਿ ਸਦਾ ਅਬਿਨਾਸਿਆ । ਰਾਸ ਰਾਸ ਰਾਸ, ਜੀਵ ਗੁਰਚਰਨ ਪ੍ਰੀਤ ਰਹਿਰਾਸਿਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਜੁਗੋ ਜੁਗ ਵਾਸਿਆ । ਦਾਸਨ ਦਾਸ ਆਪ ਰਘੁਰਾਈ । ਪਰਗਟ ਜੋਤ ਰਘੁਪਤ ਹੋਏ ਸਹਾਈ । ਕਵਲ ਨੈਣ ਨੈਣ ਕਵਲ ਕਲ ਜੋਤ ਪਰਗਟਾਈ । ਸਿਰ ਮੁਕਟ ਮੁਕਟ ਸਿਰ, ਚਾਰ ਕੁੰਟ ਕੁੰਟ ਚਾਰ ਪ੍ਰਭ ਚਰਨ ਲਗਾਈ । ਮਹਾਰਾਜ ਸ਼ੇਰ ਸਿੰਘ ਅੰਤਕਾਲ ਸਾਧ ਸੰਗਤ ਸਿਰ ਹੱਥ ਟਿਕਾਈ । ਸਾਧ ਸੰਗਤ ਰੱਖੇ ਪ੍ਰਭ ਦੇ ਕਰ ਹੱਥ । ਸਾਚਾ ਸ਼ਬਦ ਸੋਹੰ ਆਤਮ ਵਸਾਵੇ ਸਚੀ ਗਥ । ਸਤਿਜੁਗ ਚਲੇ ਪ੍ਰਭ ਸਾਚੇ ਕੀ ਸਾਚੀ ਕਥ । ਨਿਹਕਲੰਕ ਪਰਗਟ ਕਲ, ਜਿਉਂ ਰਾਮਾ ਘਰ ਦਸਰਥ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਬੇਮੁਖਾਂ ਸਵਾਏ ਸਥ । ਬੇਮੁਖਾਂ ਸਾਚੇ ਪ੍ਰਭ ਮੁਖ ਨਾ ਲਾਇਆ । ਮਦਿ ਮਾਸ ਰਸਨਾ ਆਹਾਰ ਬਣਾਇਆ । ਵਿਚ ਚੁਰਾਸੀ ਪ੍ਰਭ ਗੇੜ ਲਿਖਾਇਆ । ਕੂਕਰ ਸ਼ੂਕਰ ਜੂਨ ਦੇ, ਵਿਸ਼ਟਾ ਮੁਖ ਰਖਾਇਆ । ਕਲਜੁਗ ਤੇਰੀ ਪਾਰਬ੍ਰਹਮ ਅਚਰਜ ਵਰਤੀ ਮਾਇਆ । ਉਤਮ ਅਚੁੱਤ ਪਰਮੇਸ਼ਵਰ, ਮਦਿ ਮਾਸੀ ਨਜ਼ਰ ਨਾ ਆਇਆ । ਸਾਧ ਸੰਗਤ ਪਰਗਟ ਜੋਤ ਮਿਲਿਆ ਨਿਹਕਲੰਕ ਪਰਮੇਸ਼ਵਰ, ਸੋਹੰ ਸ਼ਬਦ ਅਧਾਰ ਰਖਾਇਆ । ਮਹਾਰਾਜ ਸ਼ੇਰ ਸਿੰਘ ਜਗਤ ਪਿਤ ਜਗਤੇਸ਼ਵਰ, ਜੋਤ ਸਰੂਪ ਨਾ ਮਰੇ ਨਾ ਜਾਇਆ । ਨਾ ਮਰੇ ਨਾ ਜਾਏ, ਕਰੇ ਜਗਤ ਖੇਲ । ਜੁਗੋ ਜੁਗ ਪਰਗਟੇ ਜੋਤ ਅਨਾਦ ਅਨਾਦੀ ਵਿਸਮਾਦੀ ਜੋਤੀ ਮੇਲ । ਝੂਠੀ ਦੁਨੀਆ ਪ੍ਰਭ ਜਲਾਏ, ਆਤਮ ਲਾਏ ਮਦਿਰਾ ਤੇਲ । ਮਹਾਰਾਜ ਸ਼ੇਰ ਸਿੰਘ ਭਾਣਾ ਤੇਰਾ ਕਲਜੁਗ ਵਰਤੇ, ਕਿਰਪਾ ਕਰ ਸਾਧ ਸੰਗਤ ਸਭ ਚਰਨੀਂ ਮੇਲ । ਚਰਨ ਮਿਲਾਵਾ ਆਪ ਕਰ, ਸਤਿ ਪੁਰਖ ਵਿਧਾਤੇ । ਆਤਮ ਜੋਤ ਅਧਾਰ ਕਰ, ਨਿਹਕਲੰਕ ਰੰਗਰਾਤੇ । ਕਲਜੁਗ ਬੇੜਾ ਪਾਰ ਕਰ, ਭਗਤ ਵਛਲ ਸਾਚੇ ਮਾਤ ਤੇਰੇ ਚਰਨ ਪ੍ਰਭ ਨਾਤੇ । ਗੁਰਸਿਖ ਫੁਲ ਕਿਰਪਾ ਗਿਰਧਾਰ ਕਰ, ਸਤਿ ਜੋਤੀ ਜੋਤ ਮਿਲਾਤੇ । ਮਹਾਰਾਜ ਸ਼ੇਰ ਸਿੰਘ ਸੋਹੰ ਸਾਚਾ ਸ਼ਬਦ ਅਹਾਰ ਕਰ, ਗੁਰਸਿਖ ਸੋਹਣ ਤੇਰੇ ਦਰ ਰਸਨਾ ਗਾਤੇ । ਗੁਰ ਕਲਜੁਗ ਨਿਹਕਲੰਕ ਗੁਣ ਗਾਇਣ । ਦੇਵੇ ਦਰਸ ਆਪ ਪ੍ਰਭ, ਸਤਿ ਆਤਮ ਦੁਖ ਮਿਟਾਇਣ । ਆਤਮ ਝਿਰਨਾ ਝਿਰਾਏ ਵਿਚ ਕਵਲ ਨਭ, ਪ੍ਰਭ ਸਾਚੀ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਤੇਰੇ ਸਾਚੇ ਦਰ, ਸਤਿ ਪੁਰਖਾਂ ਮਿਲੇ ਵਡਿਆਈ । ਸਤਿ ਪੁਰਖਾਂ ਸਤਿਗੁਰ ਸਾਚਾ ਪਾਇਆ । ਚੰਚਲ ਹੋਈ ਮਤ, ਵਿਚ ਦੇਹ ਪ੍ਰਭ ਨਜ਼ਰੀ ਆਇਆ । ਸਾਚਾ ਪ੍ਰਭ ਰੱਖੇ ਆਪ ਸਤਿ, ਮਦਿ ਮਾਸ ਨਾ ਰਸਨਾ ਲਾਇਆ । ਸ਼ਬਦ ਸੁਰਤ ਪ੍ਰਭ ਦੇਵੇ ਸਾਚਾ ਮਿਤ, ਸਾਧ ਸੰਗਤ ਭੈਣ ਭਰਾ ਬਣਾਇਆ । ਵੇਲਾ ਹੱਥ ਨਾ ਆਵੇ ਵਤ, ਜੋਤ ਸਰੂਪ ਨਿਹਕਲੰਕ ਕਲ ਆਇਆ । ਮਹਾਰਾਜ ਸ਼ੇਰ ਸਿੰਘ ਮਾਧਵਿਆ ਕਲ ਪਰਗਟ ਜੋਤ ਜਗਤ ਭੁਲਾਇਆ । ਜਗਤ ਭੁੱਲਾ ਕਲ ਹੋਈ ਭੁਲ । ਝੂਠੇ ਜੀਵ ਅੰਤਕਾਲ ਕਲ ਜਾਇਣ ਰੁਲ । ਸਾਧ ਸੰਗਤ ਮਿਲਿਆ ਵਰ ਵਰ ਅਮੁਲ । ਆਦਿ ਜੁਗਾਦਿ ਜੁਗੋ ਜੁਗ ਨਿਹਕਲੰਕ ਜੇਵਡ ਕੋਈ ਨਾ ਤੁਲ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼ੇ, ਜਨ ਭਗਤਾਂ ਦਸਮ ਦਵਾਰ ਜਾਇਣਗੇ ਖੁਲ੍ਹ । ਖੁਲ੍ਹੇ ਦਵਾਰ ਮਨ ਭਏ ਅਨੰਦ । ਆਤਮ ਉਪਜੇ ਜੀਵ ਪਰਮਾਨੰਦ । ਬੇਮੁਖ ਦਰ ਨਾ ਸੋਹਣ ਸੋਹੰ ਸ਼ਬਦ ਸਾਚੀ ਸੁਗੰਧ ।

ਮਦਿ ਮਾਸ ਪ੍ਰਭ ਆਹਾਰ ਬਣਾਇਆ, ਰਸਨਾ ਲਾਇਆ ਗੰਦ । ਕਲਜੁਗ ਮਾਨਸ ਜਨਮ ਗਵਾਇਆ, ਭਾਗ ਹੋਏ ਮੰਦ । ਮਿਲ ਸਾਧ ਸੰਗਤ ਨਿਹਕਲੰਕ ਜਿਨ ਦਰਸ਼ਨ ਪਾਇਆ, ਕਰੇ ਖੁਲਾਸੀ ਪ੍ਰਭ ਬੰਦ ਬੰਦ । ਸਚ ਧਾਮ ਪਰਗਟ ਪਹੁੰਚਾਇਆ, ਗੁਰਚਰਨ ਨਿਵਾਸ ਜਿਉਂ ਸੀਤਲ ਚੰਦ । ਮਹਾਰਾਜ ਸ਼ੇਰ ਸਿੰਘ ਤੇਰਾ ਥਾਨ ਸੁਹਾਇਆ, ਸਾਧ ਸੰਗਤ ਮਿਲ ਪਾਇਆ ਨਿਜਾਨੰਦ । ਨਿਜਾਨੰਦ ਗੁਰਸਿਖ ਮਾਨੇ । ਕਲਜੁਗ ਚਲੇ ਪ੍ਰਭ ਕੇ ਭਾਣੇ । ਆਤਮ ਜੋਤ ਜਗੇ ਮਹਾਨੇ । ਜੋਤ ਸਰੂਪ ਜੋਤ ਪ੍ਰਭ ਗੁਰਸਿਖਾਂ ਖੜ੍ਹਾ ਸਰਹਾਣੇ । ਬੇਮੁਖ ਕਲਜੁਗ ਜੀਵ ਭੁੰਨੇ ਜਿਉਂ ਭਠਿਆਲੇ ਦਾਣੇ । ਜੋਤ ਪਰਕਾਸ਼ ਕਰੇ ਨਿਹਕਲੰਕ, ਚਰਨੀਂ ਲੱਗਣ ਰਾਜੇ ਰਾਣੇ । ਕ੍ਰਿਸ਼ਨ ਮੁਰਾਰੀ ਜੋਤ ਆਕਾਰੀ, ਦੇਵੇ ਦਰਸ ਜੋਤ ਸਰੂਪ ਵਾਲੀ ਹਿੰਦਵਾਣੇ । ਵਾਲੀ ਹਿੰਦ ਉਤਰੇ ਚਿੰਦ, ਡਿੱਗਣ ਚਰਨੀਂ ਹੋਏ ਨਿਮਾਣੇ । ਜਮਨ ਕਿਨਾਰ ਪ੍ਰਭ ਕਰੇ ਜੋਤ ਆਕਾਰ, ਸੰਤ ਮਨੀ ਸਿੰਘ ਤੇਰੇ ਬਚਨ ਸਤਿ ਵਰਤਾਣੇ । ਨਿਰਭੈ ਦੇਵੇ ਸ਼ਬਦ ਅਧਾਰ, ਨਿਰਮਲ ਜੋਤ ਕਰੇ ਆਕਾਰ ਤੀਨ ਲੋਕ ਨਿਹਕਲੰਕ ਜੋਤ ਮਹਾਨੇ । ਮਹਾਰਾਜ ਸ਼ੇਰ ਸਿੰਘ ਤੇਰਾ ਪਰਕਾਸ਼, ਕਲਜੁਗ ਕਰੇ ਨਾਸ, ਸਭ ਮਿਟਾਏ ਰਾਜੇ ਰਾਣੇ । ਮਿਟ ਮਿਟ ਮਿਟ ਜਾਏ ਅਭਿਮਾਨ । ਏਕਾ ਜੋਤ ਜੁਗੋ ਜੁਗ ਮਹਾਨ । ਰਾਓ ਰੰਕ ਪ੍ਰਭ ਇਕ ਸਮਾਨ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਜੁਗੋ ਜੁਗ ਏਕਾ ਜੋਤ ਸਮਾਨ । ਏਕਾ ਜੋਤ ਏਕਾ ਆਕਾਰ । ਜਗਤ ਪਿਤ ਕਲ ਲੈ ਆਇਆ ਅਵਤਾਰ । ਦੁਖ ਭੁਖ ਕਰੇ ਜਗਤ ਖੁਆਰ । ਆਤਮ ਸੁਖ ਦੇਵੇ ਸੋਹੰ ਸ਼ਬਦ ਅਧਾਰ । ਉਤਮ ਹਸਤੀ ਕਲਜੁਗ ਮਨੁੱਖ, ਜਿਨ੍ਹਾਂ ਜਪਿਆ ਮੁਰਾਰ । ਮਹਾਰਾਜ ਸ਼ੇਰ ਸਿੰਘ ਤੇਰੇ ਹੱਥ ਵਡਿਆਈ, ਤੇਰੀ ਕੋਈ ਨਾ ਪਾਵੇ ਸਾਰ । ਤੇਰੇ ਹੱਥ ਜਗਤ ਵਡਿਆਈ । ਮਾਰ ਜਵਾਲ ਜਵਾਲ ਮਾਰ, ਮਾਰ ਖਪਾਈ । ਜਨ ਭਗਤਾਂ ਲੇਵੇ ਸਾਰ, ਦੇਵੇ ਤਾਰ ਜੁਗੋ ਜੁਗ ਦੇ ਵਡਿਆਈ । ਸੋਹੰ ਸ਼ਬਦ ਸਾਚਾ ਦੇ ਅੰਮ੍ਰਿਤ ਭੰਡਾਰ, ਗੁਰਸਿਖਾਂ ਸੰਤ ਬਣਾਈ । ਅੰਤਕਾਲ ਕਲਜੁਗ ਨਾ ਹੋਇਣ ਖੁਆਰ, ਨਿਹਕਲੰਕ ਸਤਿਗੁਰ ਮਨੀ ਸਿੰਘ ਚਰਨ ਲਗਾਈ । ਸਾਧ ਸੰਗਤ ਗੁਰ ਚਰਨ ਕੀਆ ਪਿਆਰ, ਸਾਚਾ ਪ੍ਰਭ ਸਚਖੰਡ ਨਿਵਾਸ ਦਵਾਈ । ਵੀਹ ਸੌ ਅੱਠ ਪੰਚਮ ਜੇਠ, ਭਾਈਆਂ ਮਿਲ ਕਰੀ ਅਰਦਾਸ, ਸਿੱਖ ਊਧਮ ਲਿਆ ਬਖ਼ਸ਼ਾਈ । ਸਚਖੰਡ ਕੀਆ ਨਿਵਾਸ, ਦੇ ਦਰਸ ਦੇਹੀ ਛੁਡਾਈ । ਝੂਠੀ ਦੁਨੀਆ ਝੂਠਾ ਛੱਡਿਆ ਵਾਸ, ਸਾਧ ਸੰਗਤ ਪ੍ਰਭ ਲਿਆ ਮਿਲਾਈ । ਸਾਚਾ ਪ੍ਰਭ ਵਸੇ ਸਦਾ ਪਾਸ, ਸਾਚੀ ਜੋਤ ਵਿਚ ਜੋਤ ਟਿਕਾਈ । ਬਖ਼ਸ਼ੇ ਭੁਲ ਰਸਨਾ ਲਾਈ ਜੋ ਮਦਿਰਾ ਮਾਸ, ਕਾਲ ਅੰਤ ਅੰਤਕਾਲ ਹੋ ਗਿਆ ਸਹਾਈ । ਮਾਤ ਪਿਤ ਭੈਣ ਭਰਾ ਧੀਆਂ ਪੁੱਤਰ ਸਾਚਾ ਪਿਤ ਆਪ ਦੇਵੇ ਧਰਵਾਸ, ਨੇਤਰ ਆਂਸੂ ਨਾ ਬੰਸ ਵਹਾਈ । ਪਿਤਾ ਪੂਤ ਏਕਾ ਧਾਗਾ ਏਕਾ ਸੂਤ ਏਕਾ ਲੜੀ ਪ੍ਰਭ ਲਿਆ ਪਰੋਈ । ਏਕਾ ਰੂਪ ਏਕਾ ਜੋਤ ਸਾਚੀ ਜੋਤ ਪ੍ਰਭ ਲਿਆ ਮਿਲਾਈ । ਸੂਰਤ ਸਿੰਘ ਸਿੰਘ ਮੋਤਾ ਕਰੇ ਬੇਨੰਤੀ, ਬਖ਼ਸ਼ੇ ਪ੍ਰਭ ਸਾਚਾ ਭੂਪ ਕਰ ਦਇਆ ਪ੍ਰਭ ਲਾਜ ਰਖਾਈ । ਮਹਾਰਾਜ ਸ਼ੇਰ ਸਿੰਘ ਦੇਵੇ ਸੁੱਤ ਵਡਿਆਈ, ਸਚਖੰਡ ਨਿਵਾਸ ਦਿਵਾਈ । ਕਰਨ ਬੇਨੰਤੀ ਚਰਨ ਪ੍ਰਭ ਖੜ੍ਹੇ ਹੋਏ ਸੁੱਤ । ਬਖ਼ਸ਼ਣਹਾਰੇ ਬਖ਼ਸ਼ ਦੇ, ਪ੍ਰਭ ਪਾਰਬ੍ਰਹਮ ਅਚੁੱਤ । ਪੰਚਮ ਜੇਠ ਧੰਨ ਸੁਭਾਗ ਦਿਹਾੜਾ, ਧੰਨ ਸੁਹਾਈ ਰੁੱਤ । ਪਾਲ ਸਿੰਘ ਤੇਰੇ ਵੰਸ ਸਰਬੰਸ ਵਡਿਆਈ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ ਜੋਤ ਧਰੇ ਤੇਰੇ ਵਿਚ ਸੁੱਤ । ਧਰੇ ਜੋਤ ਵਿਚ ਪੂਰਨ ਸਿੱਖ । ਸਾਚੇ ਲੇਖ ਪ੍ਰਭ ਭੇਜਿਆ, ਧੁਰਦਰਗਾਹੋਂ ਲਿਖ । ਪਹਿਲੇ ਜਨਮ ਪ੍ਰਭ ਦੇ ਵਡਿਆਈ, ਜਨਮ ਲਿਖਾਇਆ ਭਰਿੰਗ ਰਿਖ । ਦੂਜੇ ਜਨਮ ਪ੍ਰਭ ਦੇ ਵਡਿਆਈ, ਨਿਰੰਜਣ ਜੋਤ ਪੂਰਨ ਗੋਤ ਅਵਤਾਰ ਵਿਆਸ ਸਿੱਖ । ਕਲਜੁਗ ਦੇ ਜਨਮ

ਕਰੇ ਜੋਤ ਆਕਾਰ, ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਭਵਿਖ । ਨਾਮ ਪੂਰਨ ਪੂਰਨ ਗੁਰਸਿਖ ਜਗਤ ਭੁਲੇਵਾ । ਨਿਹਕਲੰਕ ਜੋਤ ਸਰੂਪ, ਪ੍ਰਭ ਵਿਚ ਸਦਾ ਵਸੇਵਾ । ਧਰੀ ਜੋਤ ਆਪ ਪ੍ਰਭ, ਅਲਖ ਅਭੇਵਾ । ਕਲਜੁਗ ਜੀਵ ਅੰਤ ਆਵੇ ਵਕ਼ਤ, ਚਾਰ ਕੁੰਟ ਨਿਹਕਲੰਕ ਤੇਰੀ ਚਰਨ ਸੇਵਾ । ਮਹਾਰਾਜ ਸ਼ੇਰ ਸਿੰਘ ਸਤਿ ਪੁਰਖ ਨਿਰੰਜਣ, ਕਲਜੁਗ ਜੋਤ ਧਰੇ ਵਿਚ ਗੁਰਸਿਖ ਵਡ ਵਡ ਦੇਵੀ ਦੇਵਾ । ਦੇਵੀ ਦੇਵ ਗੁਰਸਿਖ ਦਵਾਰੇ । ਨਿਹਕਲੰਕ ਤੇਰੀ ਜੋਤ, ਸਿੰਘ ਪੂਰਨ ਆਤਮ ਚਮਤਕਾਰੇ । ਚਾਰ ਵਰਨ ਅੰਤ ਹੋਏ ਇਕ ਗੋਤ, ਆਏ ਡਿੱਗਣ ਸਤਿ ਦਵਾਰੇ । ਜੋ ਜਨ ਕਲਜੁਗ ਰਹੇ ਸੋਤ, ਚਲ ਆਇਣ ਨਾ ਪ੍ਰਭ ਦਵਾਰੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਕਲਜੁਗ ਸਦਾ ਸੋਹਣ ਤੇਰੇ ਦਵਾਰੇ । ਕਲਜੁਗ ਸਾਚਾ ਨਿਹਕਲੰਕ ਤੇਰਾ ਦਰਬਾਰ । ਪਰਗਟ ਜੋਤ ਸਾਧ ਸੰਗਤ, ਦਰ ਆਈ ਦੇਵੇ ਤਾਰ । ਬੇਮੁਖਾਂ ਮਾਰ ਸ਼ਬਦ ਚੋਟ, ਕਲਜੁਗ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ ਤੇਰਾ ਸ਼ਬਦ ਸਾਚਾ, ਜਗਤ ਪਿੰਡ ਕਾਚਾ ਢਾਹੇ ਢਹੇ ਹੋਏ ਖੁਆਰ । ਭਗਤ ਜਨ ਧੰਨ ਜਿਨ੍ਹਾਂ ਸ਼ਬਦ ਮਨ ਵਾਚਾ, ਆਤਮ ਹੋਏ ਅਧਾਰ । ਬੇਮੁਖ ਦਰ ਆਏ ਸੁਣ ਕੰਨ ਦਰ ਨਾਚਾ, ਪ੍ਰਭ ਸ਼ਬਦ ਵਗਾਈ ਮਾਰ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਵਿਚ ਹਿਰਦਕ ਗੁਰਸਿਖ ਰਾਚਾ, ਨਾਮ ਨਿਹਕਲੰਕ ਅਵਤਾਰ । ਗੁਰਸਿਖ ਗੁਰ ਏਕਾ ਸੂਤ ਏਕਾ ਧਾਗਾ । ਏਕਾ ਸ਼ਬਦ ਸੋਹੰ ਏਕਾ ਰਾਗਾ । ਕਲਜੁਗ ਦੁਖ ਨਾ ਗੁਰਮੁਖ ਲਾਗਾ । ਉਤਮ ਤੇਰਾ ਜਨਮ ਨਾ ਲਾਗੇ ਦਾ਼ਗਾ । ਨਿਹਕਲੰਕ ਪਕੜੀ ਤੇਰੀ ਵਾਗਾ । ਮਹਾਰਾਜ ਸ਼ੇਰ ਸਿੰਘ ਕਲ ਪਰਗਟ, ਦੇਵੇ ਦਰਸ ਜਿਉਂ ਭੋਗ ਲਗਾਵੇ ਬਿਦਰ ਸਾਗਾ । ਕਰ ਕਿਰਪਾ ਪ੍ਰਭ ਬਿਰਦ ਸਵਾਰਿਆ । ਮੁਕੰਦ ਮਨੋਹਰ ਲੱਖਮੀ ਨਰਾਇਣ ਕ੍ਰਿਸ਼ਨ ਮੁਰਾਰਿਆ । ਕਲਜੁਗ ਧਰੇ ਜੋਤ ਜੋਤ ਸਰੂਪ ਨਿਹਕਲੰਕ ਅਵਤਾਰਿਆ । ਜਾਮਾ ਲਿਆ ਧਾਰ ਘਨਕਪੁਰ ਹੋਏ ਸਚ ਦਵਾਰਿਆ । ਮਹਾਰਾਜ ਸ਼ੇਰ ਸਿੰਘ ਆਦਿ ਜੁਗਾਦੀ ਜੋਤ, ਚਾਰ ਕੁੰਟ ਤੇਰਾ ਚਮਤਕਾਰਿਆ । ਚਾਰ ਕੁੰਟ ਪ੍ਰਭ ਜੋਤ ਬਿਲੋਏ । ਜੋਤ ਪਰਕਾਸ਼ ਕਰੇ ਤੀਨ ਲੋਏ । ਤੀਨ ਲੋਕ ਪ੍ਰਭ ਏਕਾ ਜੋਤ ਵਰਤੇ ਜੁਗੋ ਜੁਗ ਸੋਏ । ਜੋਤ ਨਿਰੰਜਣ ਮਾਤਲੋਕ ਧਰੇ ਪ੍ਰਭ ਅਬਿਨਾਸ਼, ਦੂਸਰ ਨਾਹੀਂ ਕੋਇ । ਖੰਡ ਬ੍ਰਹਿਮੰਡ ਪ੍ਰਭ ਵਸੇ ਵਿਚ ਵਰਭੰਡ, ਨਿਰਗੁਣ ਸਰਗੁਣ ਰੂਪ ਦੋਏ । ਨਿਰਗੁਣ ਸਰਗੁਣ ਪ੍ਰਭ ਜੋਤ ਆਕਾਰੀ । ਕਲਜੁਗ ਹੋਇਆ ਪਰਗਟ ਜਿਉਂ ਰਾਮਾ ਕ੍ਰਿਸ਼ਨ ਮੁਰਾਰੀ । ਮੂਰਖ ਮੁਗਧਾਂ ਸੁਧ ਨਾ ਆਈ, ਬਣੇ ਮਦਿ ਮਾਸੀ ਆਹਾਰੀ । ਸਾਧ ਸੰਗਤ ਨਿਹਕਲੰਕ ਜੋਤ ਜਗਾਈ, ਜੋ ਜਨ ਢਹਿ ਪਏ ਪ੍ਰਭ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਤੇਰੇ ਨਾਮ ਦੁਹਾਈ, ਚਾਰ ਕੁੰਟ ਬੇਮੁਖਾਂ ਕਰੇ ਖੁਆਰੀ । ਖੁਆਰ ਖੁਆਰ ਹੋਏ ਜਗਤ ਖੁਆਰਾ । ਜੋਤ ਸਰੂਪ ਜਗਾਏ ਆਪ ਗਿਰਧਾਰਾ । ਗੁਰਮੁਖਾਂ ਦੇਵੇ ਸਾਚੀ ਭਗਤ, ਸੋਹੰ ਸਾਚਾ ਨਾਮ ਅਧਾਰਾ । ਬੇਮੁਖਾਂ ਪਿਸਾਵੇ ਖਪਾਵੇ ਕਾਲ ਅੰਤ, ਸੋਹੰ ਸ਼ਬਦ ਖੰਡਾ ਚਲੇ ਦੋ ਧਾਰਾ । ਬੀਰ ਬੇਤਾਲ ਪ੍ਰਭ ਲਿਆਏ ਵਕ਼ਤ ਵਿਚ ਸੰਸਾਰਾ । ਚਲੇ ਨਦੀ ਖੂਨ ਜਿਉਂ ਵਹਿੰਦੀ ਧਾਰਾ । ਮਹਾਰਾਜ ਸ਼ੇਰ ਸਿੰਘ ਤੇਰਾ ਹੁਕਮ ਵਰਤੇ, ਇਕ ਲੱਖ ਅੱਸੀ ਹਜ਼ਾਰ ਭੂਤ ਪ੍ਰੇਤ ਕਰੇ ਜੀਵ ਖੁਆਰਾ । ਹੁਕਮੇ ਅੰਦਰ ਸਭ ਦੇਵੀ ਦੇਵ । ਮੁਨ ਜਨ ਸੁਰ ਨਰ ਖੜੇ ਪ੍ਰਭ ਚਰਨ ਸੇਵ । ਏਕਾ ਜੋਤ ਅਟਲ ਪ੍ਰਭ ਅਲਖ ਅਭੇਵ । ਬੇਮੁਖਾਂ ਨਜ਼ਰ ਨਾ ਆਈ, ਸਾਚੀ ਜੋਤ ਸਦਾ ਸ਼ਬਦ ਥੇਵ । ਗੁਰਸਿਖਾਂ ਨਿਹਕਲੰਕ ਤੇਰੀ ਚਰਨ ਪ੍ਰੀਤ ਕਰ, ਕਲਜੁਗ ਉਤਮ ਕਮਾਈ ਸੇਵ । ਕਿਰਪਾ ਧਰ ਗੁਰਸਿਖਾਂ ਸੋਹੰ ਸ਼ਬਦ ਦੀਆ ਸਾਚਾ ਮੇਵ । ਗੁਰਮੁਖਾਂ ਬੁੱਧ ਬਿਬੇਕ ਕਰ, ਰਸਨਾ ਹਟਾਵੇ ਮਦਿ ਮਾਸ ਨੇਹਕੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕਿਸੇ ਜਣਾਵੇ ਭੇਵ । ਭੇਵ ਜਾਣੇ

ਜਿਸ ਜਣਾਏ ਆਪ । ਪਰਗਟੇ ਜੋਤ ਕਲਜੁਗ ਸਰਬ ਦਾਤਾ ਸਰਬ ਮਾਈ ਬਾਪ । ਆਤਮ ਜੋਤ ਕਰੇ ਉਜਿਆਰੇ, ਕੋਟ ਨਿਵਾਰੇ ਪਾਪ । ਮਹਾਰਾਜ ਸ਼ੇਰ ਸਿੰਘ ਸਤਿਜੁਗ ਹੋਵੇ ਤੇਰਾ ਸੋਹੰ ਸ਼ਬਦ ਸਾਚਾ ਜਾਪ । ਸੋਹੰ ਸ਼ਬਦ ਈਸ਼ਵਰ ਮੁਖਵਾਕ । ਖਾਣੀ ਬਾਣੀ ਗਗਨ ਪਤਾਲੀ ਪਾਕੀ ਪਾਕ । ਕੋਈ ਜਨ ਵਿਰਲਾ ਜਾਣੇ ਸੋ, ਜਿਸ ਆਤਮ ਖੁਲ੍ਹਾਵੇ ਤਾਕ । ਖੁਲ੍ਹੇ ਤਾਕ ਹੋਏ ਉਜਿਆਰਾ, ਮਹਾਰਾਜ ਸ਼ੇਰ ਸਿੰਘ ਗੁਰਮੁਖਾਂ ਕਲਜੁਗ ਦੇਵੇ ਸਾਚਾ ਵਾਕ । ਗੁਰਸਿਖ ਗੁਰ ਸ਼ਬਦ ਕਮਾਏ । ਸਾਚਾ ਪ੍ਰਭ ਵਿਚ ਆਤਮ ਧੁਨ ਉਪਜਾਵੇ । ਉਪਜਾਵੇ ਧੁਨ ਖੁਲ੍ਹਾਏ ਸੁਨ, ਤੀਨ ਭਵਨ ਦੀ ਸੋਝੀ ਪਾਏ । ਰੁਣ ਝੁਣ ਪ੍ਰਭ ਏਕਾ ਗੁਣ, ਏਕਾ ਜੋਤ ਰਿਹਾ ਤੀਨ ਲੋਕ ਸਮਾਏ । ਅੰਮ੍ਰਿਤ ਝਿਰਨਾ ਝਿਰਾਏ ਜਿਉਂ ਮੇਘ ਸਵਣ, ਜੋ ਜਨ ਨਿਹਕਲੰਕ ਤੇਰੀ ਸੇਵ ਕਮਾਏ । ਝੂਠੀ ਦੇਹ ਵਿਚ ਸਵਾਸ ਧਰੇ ਪ੍ਰਭ ਪਵਣ, ਜੋਤ ਸਰੂਪੀ ਜੋਤ ਜਗਾਏ । ਕਲਜੁਗ ਜਾਮਾ ਧਾਰ, ਹੰਕਾਰੀਆਂ ਹੰਕਾਰ ਨਿਵਾਰੇ ਜਿਉਂ ਰਾਮਾ ਰਵਣ, ਪ੍ਰਭ ਸਾਚੀ ਲਿਖਤ ਕਰਾਏ । ਬੇਮੁਖਾਂ ਜਨਮ ਗਵਾਇਆ ਅਵਣ ਗਵਣ, ਚਲ ਨਾ ਆਏ ਪ੍ਰਭ ਸਰਨਾਏ । ਮਹਾਰਾਜ ਸ਼ੇਰ ਸਿੰਘ ਕਲਜੁਗ ਜਾਮਾ ਧਾਰ, ਜਨ ਭਗਤਾਂ ਪੈਜ ਰਖਾਏ । ਪੈਜ ਰਖਾਏ ਪ੍ਰਭ ਸਾਚੇ ਭਗਤ । ਜੋ ਜਨ ਆਏ ਨਿਹਕਲੰਕ ਸ਼ਰਨ ਤੇਰੀ ਲਗਤ । ਸੋਹੰ ਸ਼ਬਦ ਦਰ ਹੋਏ ਭਿਖਾਰੀ ਮੰਗਤ । ਦੇ ਦਾਨ ਹੋਏ ਕਿਰਪਾਲ, ਪ੍ਰਭ ਸਾਚੀ ਸਾਧ ਸੰਗਤ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਸਾਚਾ, ਗੁਰਸਿਖਾਂ ਚਾੜ੍ਹੇ ਸੋਹੰ ਆਤਮ ਰੰਗਤ । ਆਤਮ ਰੰਗ ਪ੍ਰਭ ਆਪ ਚੜ੍ਹਾਇਆ । ਨਿਜ ਘਰ ਵਾਸੀ ਨਿਜ ਪਰਗਟ ਦਰਸ ਦਿਖਾਇਆ । ਕਰ ਜੋਤ ਆਕਾਰ, ਸਾਚਾ ਦੀਪਕ ਵਿਚ ਦੇਹ ਜਗਾਇਆ । ਬੈਠ ਵਿਚ ਨਿਰਾਧਾਰ, ਬੇਮੁਖ ਜੀਵਾਂ ਨਜ਼ਰ ਨਾ ਆਇਆ । ਗੁਰਸਿਖਾਂ ਕਿਰਪਾ ਕਰ ਅਪਾਰ, ਪ੍ਰਭ ਆਪਣਾ ਆਪ ਦਰਸਾਇਆ । ਕਰ ਦਰਸ ਗੁਰਸਿਖ ਬੇੜਾ ਹੋਇਆ ਪਾਰ, ਲੱਖ ਚੁਰਾਸੀ ਗੇੜ ਮੁਕਾਇਆ । ਅੰਤਕਾਲ ਜਮ ਨਾ ਖਾਈ ਮਾਰ, ਨਿਹਕਲੰਕ ਹੋਏ ਸਹਾਇਆ । ਕਲਜੁਗ ਲਏ ਪੂਰਨ ਅਵਤਾਰ, ਗੁਰਸਿਖ ਜੋਤੀ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਤੇਰਾ ਸਾਚਾ ਸਚਖੰਡ ਦਵਾਰ, ਸਾਧ ਸੰਗਤ ਨਿਵਾਸ ਦਵਾਇਆ । ਸਾਧ ਸੰਗਤ ਤੇਰਾ ਸਾਚਾ ਅਸਥਾਨ । ਦਿਵਸ ਰੈਣ ਜੋਤ ਜਗੇ ਵਿਸ਼ਨੂੰ ਭਗਵਾਨ । ਜਨ ਭਗਤ ਜੋਤ ਵਿਚ ਜੋਤ ਮਿਲ, ਵਿਚ ਜੋਤੀ ਜੋਤ ਸਮਾਣ । ਵਿਛੜ ਨਾ ਜਾਏ ਇਕ ਤਿਲ, ਕਿਰਪਾ ਕਰੀ ਆਪ ਮਿਹਰਵਾਨ । ਮਹਾਰਾਜ ਸ਼ੇਰ ਸਿੰਘ ਤੇਰੀ ਜੋਤ ਏਕਾ ਅੰਤ ਗੁਰਸਿਖ ਵਿਚ ਮਿਲ ਜਾਣ । ਗੁਰਸਿਖਾਂ ਦੇਵੇ ਪ੍ਰਭ ਸਾਚਾ ਗਿਆਨ । ਸਾਚੀ ਪ੍ਰੀਤ ਚਰਨ ਧਿਆਨ । ਦੇ ਦਰਸ ਜਗਤ ਮਿਟਾਏ ਚਿੰਦ, ਜਗਤ ਦਵਾਏ ਮਾਣ । ਮਹਾਰਾਜ ਸ਼ੇਰ ਸਿੰਘ ਗੁਰਮੁਖ ਗੁਰਸਿਖ ਤੇਰੀ ਸਾਚੀ ਜੋਤ, ਅੰਤ ਜੋਤ ਮਿਲ ਜਾਣ । ਗੋਬਿੰਦ ਗੁਰ ਗੁਰ ਗੋਬਿੰਦ ਕਲਜੁਗ ਦੋਏ ਹੋਏ । ਬੇਮੁਖ ਕਲਜੁਗ ਜੀਵ, ਅੰਤਕਾਲ ਕਲ ਰਹੇ ਸੋਏ । ਵਕਤ ਵਿਹਾਏ ਹੱਥ ਨਾ ਆਏ, ਖਾਲੀ ਰਹੇ ਜਹਾਨੀ ਦੋਏ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਦਰਸ ਦਿਖਾ, ਦੁਰਮਤ ਪਾਪ ਕਲੇਵਰ ਧੋਏ । ਮਦਿ ਮਾਸੀ ਕਲਜੁਗ ਦੁਰਮਤ ਦੁਰਾਚਾਰ । ਆਤਮ ਨਾ ਦੀਸੇ ਸਾਚਾ ਨਿਰੰਕਾਰ । ਰਸਨਾ ਵਸ ਜੀਵ ਕਰੇ ਮਾਸ ਆਹਾਰ । ਗਿਆ ਭੁਲ ਜਿਸ ਕੀਆ ਜਗਤ ਆਕਾਰ । ਅੰਤਕਾਲ ਖਾਏ ਜਮ ਮਾਰ । ਨਿਹਕਲੰਕ ਪਾਵੇ ਨਰਕ ਮਝਾਰ । ਅੰਤਕਾਲ ਗੁਰਸਿਖਾਂ ਦੇ ਦਰਸ ਪ੍ਰਭ ਦੇਵੇ ਤਾਰ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਤੇਰੇ ਚਰਨ ਬਲਿਹਾਰ । ਕਰ ਕਿਰਪਾ ਅੰਮ੍ਰਿਤ ਵਰਸਦਾ ਪ੍ਰਭ ਭਗਵੰਤ । ਜੋ ਜਨ ਆਏ ਅੰਮ੍ਰਿਤ ਆਤਮ ਵਰਸਦਾ, ਪ੍ਰਭ ਸ਼ਾਂਤ ਕਰਾਏ ਜੀਵ ਜੰਤ । ਸਾਚੀ ਸਾਧ ਸੰਗਤ ਹਿਰਦੇ ਸਦਾ ਪ੍ਰਭ ਝਿਰਨਾ ਕਵਲ ਨਾਭ ਝਿਰੰਤ । ਜੋ ਜਨ ਦਰ ਪ੍ਰਭ

ਆਏ ਪਰਸਦਾ, ਦੇਵੇ ਦਰਸ ਆਪ ਬਲਵੰਤ । ਮਹਾਰਾਜ ਸ਼ੇਰ ਸਿੰਘ ਦੇਵੇ ਜੋਤ ਅਧਾਰ ਕਲਜੁਗ ਗੁਰਸੰਗਤ । ਗੁਰਸੰਗਤ ਸੋ ਜੋ ਗੁਰ ਦਰ ਆਏ । ਗੁਰ ਦਰ ਸਾਚਾ ਕਲ ਅਵਤਾਰ ਨਰ ਨਿਹਕਲੰਕ ਤੇਰੀ ਸੇਵ ਕਮਾਏ । ਪਾਏ ਸਾਚਾ ਵਰ, ਜਾਏ ਦੁਤਰ ਤਰ, ਕਲਜੁਗ ਮਾਇਆ ਨਾ ਸਤਾਏ । ਮਹਾਰਾਜ ਸ਼ੇਰ ਸਿੰਘ ਸਤਿਜੁਗ ਦੀਸੇ ਤੇਰਾ ਊਚਾ ਦਰ, ਸੋਹੰ ਸ਼ਬਦ ਸਾਧ ਸੰਗਤ ਦਿਵਸ ਰੈਣ ਰਸਨਾ ਗਾਏ । ਦਿਵਸ ਰੈਣ ਤੇਰਾ ਉਪਜੇ ਨਾਮ । ਗੁਰਮੁਖਾਂ ਕਲ ਪੂਰਨ ਹੋਏ ਕਾਮ । ਸਾਚਾ ਸ਼ਬਦ ਪਿਆਇਆ ਸਾਚਾ ਜਾਮ । ਸਚ ਜੋਤ ਜਗਾਏ ਪ੍ਰਭ ਵਿਚ ਆਤਮ ਰਾਮ । ਮਹਾਰਾਜ ਸ਼ੇਰ ਸਿੰਘ ਪੁਰਖ ਨਿਰੰਜਣ, ਸਾਚਾ ਸ਼ਬਦ ਸੋਹੰ ਦੇਵੇ ਨਾਮ । ਨਾਮ ਸ਼ਬਦ ਸੋਹੰ ਲਾਹੇ ਦੁਖ । ਅੰਮ੍ਰਿਤ ਦੇ ਕਿਰਪਾ ਕਰ ਸੁਫਲ ਕਰਾਏ ਮਾਤਾ ਕੁੱਖ । ਹੋਵੇ ਜਨਮ ਮਾਸ ਦਸਮ, ਉਲਟਾ ਜੀਵ ਗਰਭੇ ਰੁੱਖ । ਮਹਾਰਾਜ ਸ਼ੇਰ ਸਿੰਘ ਤੇਰੇ ਸ਼ਬਦ ਦੁਹਾਈ, ਉਪਜੇ ਸੁਖ ਪ੍ਰਭ ਕਾਟੇ ਸਭ ਦੁਖ । ਸ਼ਬਦ ਗਵਾਏ ਦੁਖ ਦੇਹ ਸੁਫਲ ਕਰ । ਆਤਮ ਰਹੇ ਨਾ ਭੁਖ, ਸੋਹੰ ਸ਼ਬਦ ਜੀਵ ਧਿਆਨ ਧਰ । ਨਿਜਾਨੰਦ ਪ੍ਰਭ ਉਪਜਾਵੇ ਸੁਖ, ਸਾਚਾ ਬ੍ਰਹਮ ਗਿਆਨ ਕਰ । ਕਲਜੁਗ ਜੀਵ ਨਿਹਕਲੰਕ ਚਰਨ ਧਿਆਨ ਕਰ । ਨਿਹਕਲੰਕ ਤੇਰੇ ਚਰਨ ਧਿਆਨ । ਗਿਆਨੀਆਂ ਦੇਵੇ ਬ੍ਰਹਮ ਗਿਆਨ । ਨਿਧਾਨੀਆਂ ਕਰੇ ਕਲ ਚਤੁਰ ਸੁਜਾਨ । ਅਭਿਮਾਨੀਆਂ ਦੇਵੇ ਦੁਖ ਮਹਾਨ । ਧੰਨ ਧੰਨ ਧੰਨ ਗੁਰਸਿਖ ਨਿਹਕਲੰਕ ਤੇਰੇ ਚਰਨ ਲਾਗ ਤਰ ਜਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਕਲਜੁਗ ਜੋਤ ਪਰਗਟੇ ਵਿਸ਼ਨੂੰ ਭਗਵਾਨ । ਵਿਸ਼ਨੂੰ ਭਗਵਾਨ ਸਰਬ ਕਾ ਦਾਤਾ । ਜੋਤੀ ਜੋਤ ਜੋਤ ਸਰੂਪ, ਪ੍ਰਭ ਜੁਗੋ ਜੁਗ ਜੋਤ ਜਗਾਤਾ । ਵਸੇ ਵਿਚ ਬਿਨ ਰੰਗ ਰੂਪ, ਉਪਜਾਵੇ ਸ਼ਬਦ ਵਡ ਗਿਆਨ ਗਿਆਤਾ । ਮਹਾਰਾਜ ਸ਼ੇਰ ਸਿੰਘ ਨਰ ਨਰਾਇਣ, ਸੋਹੰ ਸ਼ਬਦ ਭੰਡਾਰੀ ਆਪ ਵਡ ਦਾਤਾ । ਵਡ ਦਾਤਾ ਪ੍ਰਭ ਆਪ ਦਾਤਾਰ । ਨਿਰਹਾਰੀ ਨਿਰਵੈਰ ਗੁਰਮੁਖ ਕਰੇ ਜੋਤ ਆਕਾਰ । ਬੇਮੁਖਾਂ ਘਰ ਦਰ ਦਰ ਘਰ ਪਏ ਵਹੀਰ, ਸੋਹੰ ਸ਼ਬਦ ਪ੍ਰਭ ਮਾਰੀ ਮਾਰ । ਮਹਾਰਾਜ ਸ਼ੇਰ ਸਿੰਘ ਤੇਰੇ ਹੱਥ ਵਡਿਆਈ, ਕਲਜੁਗ ਜਾਮਾ ਧਾਰ ਸਾਧ ਸੰਗਤ ਦੇਵੇ ਤਾਰ । ਸਾਧ ਸੰਗਤ ਤੇਰਾ ਨਾਮ ਉਜਿਆਰ । ਚਰਨ ਕਵਲ ਕਵਲ ਚਰਨ ਗੁਰ ਰੱਖੇ ਪਿਆਰ । ਉਪਰ ਧਵਲ ਪ੍ਰਭ ਵਿਚ ਕਵਲ ਜੋਤ ਸਰੂਪੀ ਕਰੇ ਆਕਾਰ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਜਿਉਂ ਕ੍ਰਿਸ਼ਨਾ ਸਵਲ, ਸੋਹੰ ਸ਼ਬਦ ਜਨ ਭਗਤਾਂ ਦੇਵੇ ਨਾਮ ਭੰਡਾਰ । ਦੇਵੇ ਨਾਮ ਭਗਤ ਭੰਡਾਰੀ । ਸੋਹੰ ਦਾਨ ਜਗਤ ਅਧਾਰੀ । ਵਿਸ਼ਨੂੰ ਭਗਵਾਨ ਜੋਤ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰੇ, ਦਰ ਆਇਆਂ ਦੀ ਪੈਜ ਸਵਾਰੀ । ਦੇਖਾ ਦੇਖ ਜੋ ਜਨ ਆਏ ਦਰ । ਸਾਚਾ ਸਾਹਿਬ ਸਾਚਾ ਨਾਮ, ਸ਼ਬਦ ਸੋਹੰ ਦੇਵੇ ਵਰ । ਚਰਨ ਲਾਗ ਕੋਟ ਅਪਰਾਧੀ ਜਾਇਣ ਤਰ । ਅੰਤਕਾਲ ਨਾ ਕਲਜੁਗ ਹੋਵੇ ਕਿਸੇ ਡਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸਾਧ ਸੰਗਤ ਪਾਇਆ ਤੇਰਾ ਊਚਾ ਦਰ । ਸਾਚਾ ਸ਼ਬਦ ਸੋਹੰ ਸਦਾ ਗੁੰਜਾਰ । ਸਾਧ ਸੰਗਤ ਰਸਨਾ ਜਪ ਹੋਵੇ ਪਾਰ । ਬੇਮੁਖ ਬਿਲਲਾਇਨ, ਅੰਤਕਾਲ ਕਲ ਹੋਇਣ ਖੁਆਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਸਾਧ ਸੰਗਤ ਜਾਏ ਤਾਰ ।

ਸੁਖ ਸਾਗਰ ਸਰਬ ਸੁਖ ਦਾਵਨ । ਦੁਖ ਭੰਜਨ ਪਤਤ ਪਾਵਨ । ਨਿਹਕਲੰਕ ਆਤਮ ਤੀਰਥ ਤੇਰੇ ਚਰਨ ਨ੍ਹਾਵਣ । ਤਾਰੇ ਗੁਰਮੁਖ ਜਨ ਰਾਜਾ ਬਲ ਪਰਗਟ ਰੂਪ ਬਾਵਨ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਜੁਗੋ ਜੁਗ ਤੇਰਾ ਆਵਣ ਜਾਵਣ । ਸਤਿਜੁਗ ਆਇਆ ਪ੍ਰਭ ਬਾਵਨ ਰੂਪਾ । ਕਰ ਭੇਖ ਖੜਾ ਦਵਾਰੇ ਭੂਪਾ । ਮੰਗਿਆ ਦਾਨ ਹੋਏ ਅਵਧੂਤਾ । ਕਰਮ ਅਢਾਈ ਦੇ ਰਾਖ ਭਬੂਤਾ । ਬਲ ਬਲ ਨਾ ਜਾਣਿਆ, ਪਰਗਟੇ ਗੋਬਿੰਦ ਸਰੂਪਾ । ਅਛਲ ਛਲਨ ਛਲ ਕਰ, ਭੋਜਨ ਕੀਆ ਨਾ ਲਾਹਿਆ ਜੂਤਾ । ਸਾਚੇ ਪ੍ਰਭ ਆਕਾਰ ਵਧਾਇਆ, ਦੋਏ ਕਰਮ ਕਰ ਤ੍ਰੈਲੋਏ ਖਪੂਤਾ । ਕਰਮ ਅੱਧੀ ਰਾਜਨ ਵਲ ਹਿਸਾਬ ਰਖਾਇਆ । ਛਤਰ ਝੁਲੇ ਨੌਂ ਖੰਡ ਪ੍ਰਿਥਮੀ, ਪ੍ਰਭ ਪਰਗਟ ਮਾਣ ਰਖਾਇਆ । ਹੋਏ ਨਿਮਾਣਾ ਚਰਨ ਲਾਗ, ਹਉਂ ਭੁੱਲਾ ਆਖ ਸੁਣਾਇਆ । ਬ੍ਰਾਹਮਣ ਬਿਰਧ ਅਵਸਥਾ ਧਾਰ, ਪ੍ਰਭ ਸਤਿਜੁਗ ਭੇਸ ਵਟਾਇਆ । ਬਖ਼ਸ਼ਣਹਾਰੇ ਬਖ਼ਸ਼ ਪ੍ਰਭ, ਬਲ ਰਾਜੇ ਮਗਰ ਮਿਣਾਇਆ । ਕਰਮ ਜਰਮ ਜਰਮ ਕਰਮ ਵਿਚਾਰ ਕਰ, ਸਿਰ ਉਪਰ ਹੱਥ ਟਿਕਾਇਆ । ਦੇ ਰਾਜ ਪਾਤਾਲ ਪ੍ਰਭ, ਸਾਚਾ ਮਾਣ ਦਵਾਇਆ । ਜੁਗੋ ਜੁਗ ਭੇਖ ਧਾਰ, ਜੋਤ ਏਕ ਅਨੇਕ ਰੰਗ ਵਟਾਇਆ । ਧੰਨ ਧੰਨ ਧੰਨ ਰਾਜਾ ਬਲ ਤੇਰਾ ਨਗਰ ਗਰਾਮ, ਜਿਥੇ ਪ੍ਰਭ ਸਾਚੇ ਦਰਸ ਦਿਖਾਇਆ । ਸਤਿਜੁਗ ਪਰਗਟ ਫਿਰ ਸਾਚਾ ਧਾਮ, ਨਾਮ ਬਲਖ ਰਖਾਇਆ । ਚਰਨ ਧਰੇ ਵਿਸ਼ਨੂੰ ਭਗਵਾਨ, ਅੰਤ ਤੁਰਕਾਂ ਨਾਸ ਕਰਾਇਆ । ਜੁਗੋ ਜੁਗ ਜੋਤ ਮਹਾਨ, ਸਭ ਥਾਈਂ ਦੇ ਸਜ਼ਾਇਆ । ਸੋਹੰ ਸ਼ਬਦ ਪ੍ਰਭ ਤੇਰਾ ਬਾਣ, ਸਤਿਜੁਗ ਸਾਚਾ ਰਾਹ ਬਣਾਇਆ । ਸ਼ਬਦ ਬਾਣ ਪ੍ਰਭ ਜਗਤ ਲਾਹੇ ਘਾਣ, ਆਪਣਾ ਭੇਵ ਨਾ ਕਿਸੇ ਜਣਾਇਆ । ਪਰਗਟ ਜੋਤ ਕਰੇ ਸੰਗਰਾਮ, ਕਲਜੁਗ ਜੀਵਾਂ ਜਨਮ ਗਵਾਇਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਜਗਤ ਸਬਾਏ ਪਾਈ ਮਾਇਆ । ਲਿਖਾਏ ਲੇਖ ਪ੍ਰਭ ਬਣ ਭਿਖਾਰੀ । ਸਤਿਜੁਗ ਵੱਡੀ ਰਾਜੇ ਮਿਲੀ ਸਿਕਦਾਰੀ । ਚਰਨੀਂ ਡਿੱਗਣ ਵਲੀ ਕੰਧਾਰੀ । ਅੰਤਕਾਲ ਕਲਜੁਗ ਪ੍ਰਭ ਮਾਰੇ ਮਾਰ ਕਰ ਖੁਆਰੀ । ਸਾਚੇ ਤਖ਼ਤ ਵਸੇ ਨਿਹਕਲੰਕ ਬਨਵਾਰੀ । ਝੁੱਲੇ ਛਤਰ ਸੀਸ ਹੋਵੇ ਅਸਵ ਗਜ ਅਸਵਾਰੀ । ਸਾਧ ਸੰਗਤ ਪਰਗਟੇ ਜੋਤ ਪ੍ਰਭ, ਕੱਟੇ ਹਉਮੇ ਭੁੱਖ ਬੀਮਾਰੀ । ਸਾਚਾ ਸ਼ਹਿਨਸ਼ਾਹ ਰੱਖੇ ਲਾਜ ਮੁਰਾਰੀ । ਬੇਮੁਖ ਲੱਭੇ ਨਾ ਰਾਹ, ਨਾ ਆਇਣ ਚਲ ਦਵਾਰੀ । ਮਹਾਰਾਜ ਸ਼ੇਰ ਸਿੰਘ ਸਚ ਵਰਤਾਏ, ਸਚਾ ਦੇਵੇ ਏਕ ਸ਼ਬਦ ਅਧਾਰੀ । ਏਕਾ ਸ਼ਬਦ ਪ੍ਰਭ ਏਕਾ ਚਾੜ੍ਹੇ ਰੰਗ । ਕਲਜੁਗ ਗਵਾਏ ਅੰਤ ਕਰਾਏ ਭੰਗ । ਸਤਿਜੁਗ ਸਾਚਾ ਪ੍ਰਭ ਲਾਏ, ਗੁਰਸੰਗਤ ਵਰ ਲਿਆ ਮੰਗ । ਦੁੱਖ ਦਲਿਦਰ ਪ੍ਰਭ ਸਾਰੇ ਲਾਹੇ, ਨਾ ਦੀਸੇ ਭੁੱਖ ਨੰਗ । ਸੋਹੰ ਸ਼ਬਦ ਸਰਬ ਰਾਹੇ ਲਾਏ, ਕਿਸੇ ਨਾ ਹੋਵੇ ਆਤਮ ਭੰਗ । ਸਤਿਜੁਗ ਹੋਏ ਪ੍ਰਭ ਸਾਚੀ ਨਾਏ, ਗੁਰਮੁਖ ਸਾਚੇ ਪਾਰ ਜਾਇਣ ਲੰਘ । ਮਹਾਰਾਜ ਸ਼ੇਰ ਸਿੰਘ ਅੰਮ੍ਰਿਤ ਵਰਖਾਏ, ਜਿਉਂ ਚਲੇ ਨੀਰ ਗੰਗ । ਗੰਗਾ ਗੋਦਾਵਰੀ ਤੇਰੇ ਜਗ ਗੁਣ ਗਹਿਰ ਗੰਭੀਰ । ਭਗਤ ਜਨਾਂ ਆਤਮ ਦੇਵੇ ਧੀਰ । ਅੰਮ੍ਰਿਤ ਵਹਾਇਣ ਜਿਉਂ ਬਾਲਕ ਮਾਤਾ ਸੀਰ । ਤੇਰੀ ਜਲ ਧਾਰ ਕੱਟੇ ਜ਼ੰਜੀਰ ਕਬੀਰ । ਰਵਿਦਾਸ ਚੁਮਾਰ ਤਰਾਇਆ, ਫੜ ਲਿਆ ਹੱਥ ਕਸੀਰ । ਤਟ ਤੇਰੇ, ਬਿਰਧਾਂ ਬਾਲ ਜਵਾਨਾਂ ਬਣੀ ਰਹੇ ਸਦ ਭੀੜ । ਅੰਤਕਾਲ ਕਲਜੁਗ ਤੇਰੀ ਹੋਈ ਅਖੀਰ । ਕਲ ਜੀਵ ਪਾਪੀ, ਸੰਗ ਪਾਪਾਂ ਭਰ ਗਏ ਤੇਰੇ ਚੀਰ । ਖਿੱਚੇ ਜੋਤ ਆਪ ਪ੍ਰਭ ਵਡ ਦਾਤੀ, ਤੇਰਾ ਖਾਲੀ ਹੋਇਆ ਨੀਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਸਭਨ ਗਵਾਏ ਮਾਣ

ਕਲਜੁਗ ਅਖ਼ੀਰ । ਗੋਦਵਰੀ ਗੋਦਾਵਰੀ । ਤਿਰਪ ਬਰਗ ਬੂੰਦ ਗਰੜ ਮੁਖ ਗਿਰਾਵਰੀ । ਚਲਿਆ ਨੀਰ ਜਗਤ ਸੁਧਾਵਰੀ । ਵਿਸ਼ਨੂੰ ਭਗਵਾਨ ਵਰ ਦੇ ਸੁਧਾਵਰੀ । ਤੇਰੇ ਨੀਰ ਜਗਤ ਤਰਾਇਆ । ਪਰਗਟ ਗੋਬਿੰਦ ਗੁਰ, ਵਿਚ ਤੇਰੇ ਚਰਨ ਟਿਕਾਇਆ । ਜਲ ਅੰਮ੍ਰਿਤ ਅੰਮ੍ਰਿਤ ਜਲ ਇਕ ਰਸ ਬਣਾਇਆ । ਜਨ ਭਗਤਾਂ ਪੀ ਤੇਰਾ ਅੰਮ੍ਰਿਤ ਜਲ, ਆਤਮ ਤਿਰਖਾ ਬੁਝਾਇਆ । ਬੇਮੁਖਾਂ ਤੇਰੇ ਦਰ ਘਰ ਜਾਏ ਪਾਪ ਕਾਮ ਕਰੋਧ ਵਧਾਇਆ । ਬੇਮੁਖ ਕਲਜੁਗ ਜੀਵ, ਸੰਗ ਪਾਪਾਂ ਤੇਰਾ ਮੁਖ ਛੁਪਾਇਆ । ਜਾਮਾ ਧਾਰ ਨਿਹਕਲੰਕ, ਤੇਰਾ ਲੇਖ ਚੁਕਾਇਆ । ਅੰਤਕਾਲ ਕਲ ਕੀਆ ਆਣ, ਜੋਤ ਸਰੂਪੀ ਖੇਲ ਰਚਾਇਆ । ਧਰੇ ਜੋਤ ਵਿਸ਼ਨੂੰ ਭਗਵਾਨ, ਜਗਤ ਭੁਲੇਖਾ ਸਾਰਾ ਲਾਹਿਆ । ਸਤਿਜੁਗ ਦੇਵੇ ਸਤਿ ਪੁਰਖਾਂ ਮਾਣ, ਜਿਉਂ ਹੋਏ ਦਰਬਾਨ ਬਲ ਤਰਾਇਆ । ਤ੍ਰੇਤਾ ਪਾਈ ਸਾਰ । ਧਰੇ ਜੋਤ ਆਪ ਗਿਰਧਾਰ । ਵਡ ਵਡ ਵੱਡਾ ਹੋਏ ਪ੍ਰਭ, ਨਾਮ ਧਰਾਏ ਰਾਮ ਅਵਤਾਰ । ਨਿਮਾਣਿਆਂ ਨਿਤਾਣਿਆਂ ਦੇਵੇ ਮਾਣ, ਘਰ ਭੀਲਣੀ ਬੇਰ ਕਰੇ ਆਹਾਰ । ਸਾਚੇ ਪ੍ਰਭ ਚਰਨ ਛੁਹਾਏ, ਅਹਲਿਆ ਕਰ ਕਿਰਪਾ ਕੀਨੀ ਪਾਰ । ਅਪਾਰ ਕਰ ਕੀਆ ਏਕ ਜੋਤ ਆਕਾਰ । ਹੰਕਾਰੀਆਂ ਅੰਤ ਖੁਆਰ ਕਰ, ਜੁਗ ਤ੍ਰੇਤਾ ਕੀਆ ਪਾਰ । ਆਇਆ ਦੁਆਪਰ ਧਰੇ ਜੋਤ ਰਘੁਨਾਥ । ਭਗਤ ਵਛਲ ਅਨਾਥਾਂ ਨਾਥ, ਸਰਬ ਜੀਵ ਕੇ ਸਾਥ । ਮੁਕੰਦ ਮਨੋਹਰ ਲੱਖਮੀ ਨਰਾਇਣ, ਜਨ ਭਗਤਾਂ ਰੱਖੇ ਲਾਜ ਸਿਰ ਦੇ ਕਰ ਹਾਥ । ਕਵਲ ਨੈਣ ਸੁੰਦਰ ਕੁੰਡਲ ਮੁਕਟ ਬੈਣ ਘਨਈਆ ਸ਼ਾਮ ਤ੍ਰੈਲੋਕੀ ਨਾਥ । ਤ੍ਰੈਲੋਕੀ ਨਾਥ ਦੁਆਪਰ ਆਇਆ ਜਨ ਭਗਤਾਂ ਮਾਣ ਦਵਾਇਆ । ਏਕਾ ਜੋਤ ਜਗਤ ਧਰ, ਅਚਰਜ ਖੇਲ ਰਚਾਇਆ । ਹੰਕਾਰਿਆਂ ਪ੍ਰਭ ਹੰਕਾਰ ਦੇ, ਜਨ ਭਗਤਾਂ ਦਰਸ ਦਿਖਾਇਆ । ਦਰੋਪਦੀ ਲੱਜਿਆ ਕੱਪੜ ਕੋਟ ਆਕਾਰ ਦੇ, ਰਾਜਨ ਮਾਣ ਗਵਾਇਆ । ਬਿਪਰ ਸੁਦਾਮਾ ਦਾਲਦੀ, ਮੰਗਣ ਦਰ ਦਵਾਰਕਾ ਆਇਆ । ਦੇਵੇ ਵਡਿਆਈ ਆਪ ਪ੍ਰਭ, ਮੁਰਾਰ ਕ੍ਰਿਸ਼ਨ ਸਿੰਘ ਆਸਣ ਉਪਰ ਬਿਠਾਇਆ । ਏਕਾ ਜੋਤ ਵਿਸ਼ਨੂੰ ਭਗਵਾਨ ਦੇ, ਜਨ ਭਗਤਾਂ ਮਾਣ ਦਵਾਇਆ । ਏਕਾ ਸ਼ਬਦ ਲਾਏ ਬਾਣ, ਦੁੱਖਾਂ ਨਾਸ ਕਰਾਇਆ । ਅਰਜਨ ਦੇਵੇ ਬ੍ਰਹਮ ਗਿਆਨ, ਗੀਤਾ ਗਿਆਨ ਪ੍ਰਭ ਲਿਖਾਇਆ । ਜੋ ਜਨ ਦੇਵੇ ਪੂਰਨ ਧਿਆਨ, ਵਿਚ ਜਨਮ ਮਰਨ ਨਾ ਆਇਆ । ਦੁਆਪਰ ਦੇ ਗਿਆ ਪ੍ਰਭ ਸਾਚਾ ਦਾਨ, ਕਲਜੁਗ ਜੀਵਾਂ ਭੇਵ ਨਾ ਪਾਇਆ । ਛੱਡਿਆ ਆਤਮ ਬ੍ਰਹਮ ਗਿਆਨ, ਨਿਜਾਨੰਦ ਸੁਖ ਗਵਾਇਆ । ਰਸਨਾ ਕੀਆ ਮਦਿ ਮਾਸ ਅਹਾਰ, ਆਤਮ ਰਸ ਖਪਾਇਆ । ਆਤਮ ਭੁਲਾਇਆ ਸ੍ਰੀ ਭਗਵਾਨ, ਜਿਸ ਮਾਨਸ ਜਨਮ ਦਵਾਇਆ । ਧਿਆਏ ਅਠਾਰਾਂ ਲਿਖਾਏ ਗੋਝ ਗਿਆਨ, ਗੁਣੀ ਨਿਧਾਨ ਸ਼ਬਦ ਲੇਖ ਲਿਖਾਇਆ । ਕਲਜੁਗ ਜੀਵ ਭੁਲ ਹੋਏ ਅੰਞਾਣ, ਚਿਤ ਨਾ ਆਇਆ । ਕਲਜੁਗ ਪਰਗਟੇ ਨਿਹਕਲੰਕ ਬਲਵਾਨ, ਅੰਤਕਾਲ ਕਲਜੁਗ ਜੀਵ ਦੇ ਸਜ਼ਾਇਆ । ਸੋ ਜਨ ਹੋਵੇ ਚਤੁਰ ਸੁਜਾਨ, ਜਿਸ ਮਦਿ ਮਾਸ ਨਾ ਰਸਨਾ ਲਾਇਆ । ਧਰੇ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੁੰਟ ਚਾਰ ਹਾਹਾਕਾਰ ਮਚਾਇਆ । ਨਿਹਕਲੰਕ ਜਗਤ ਜੋਤ ਧਰ ਆਏ । ਜੋਤ ਸਰੂਪੀ ਅਗਨ ਚਾਰ ਕੁੰਟ ਲਗਾਏ । ਜਨ ਭਗਤਾਂ ਘਰ ਹੋਵੇ ਜੈ ਜੈ ਜੈਕਾਰ, ਬੇਮੁਖ ਹਾਹਾਕਾਰ ਕਰ ਬਿਲਲਾਏ । ਸਿੱਖਾ ਸ਼ਬਦ ਹੋਵੇ ਸਚੀ ਧੁਨਕਾਰ, ਸੋਹੰ ਪ੍ਰਭ ਆਪ ਸਾਚਾ ਸ਼ਬਦ ਲਿਖਾਵੇ । ਨਿਹਕਲੰਕ ਤੇਰੀ ਕੋਈ ਵਿਰਲਾ ਪਾਵੇ ਸਾਰ, ਜਿਸ ਆਤਮ ਦਰਸ ਦਿਖਾਏ । ਦੇ ਦਰਸ ਪ੍ਰਭ ਦੁਬਧਾ ਮਾਰੇ, ਆਤਮ ਕਰੇ ਜੋਤ ਆਕਾਰ । ਗੁਰਮੁਖਾਂ ਖੋਲ੍ਹੇ ਜੋ ਦਰ ਆਏ, ਨਿਹਕਲੰਕ ਦਸਮ ਦਵਾਰ । ਖੁੱਲ੍ਹੇ ਦਵਾਰ ਹੋਏ ਉਜਿਆਰ । ਰੁਣ ਝੁਣ ਸਦਾ ਧੁਨਕਾਰ ।

ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਜਨ ਭਗਤਾਂ ਸ਼ਬਦ ਸੋਹੰ ਭਰ ਜਾਏ ਭੰਡਾਰ । ਸੋਹੰ ਸ਼ਬਦ ਸਚ ਦੀਬਾਣ । ਰਸਨਾ ਜਪ ਜੀਵ ਮਹਾਂ ਸੁਖ ਪਾਣ । ਬੁਝੀ ਆਤਮ ਦੀਪ, ਸੋਹੰ ਸ਼ਬਦ ਬੱਤੀ ਲਾ ਜਗਾਣ । ਨਿਹਕਲੰਕ ਕਰੇ ਆਕਾਰ, ਜੋ ਜਨ ਮਨ ਤਨ ਮੰਨ ਲੈ ਮਾਣ । ਮਨ ਤਨ ਜਿਸ ਜਨ ਮਾਨਿਆ । ਸਾਚਾ ਪ੍ਰਭ ਜੋਤ ਸਰੂਪ ਪਛਾਣਿਆ । ਮਨ ਰੱਖੇ ਨਾ ਜਗਤ ਅਭਿਮਾਨਿਆ । ਸੋ ਜਨ ਹੋਵੇ ਸੁਘੜ ਸੁਜਾਨਿਆ । ਸਾਚਾ ਪ੍ਰਭ ਜੋਤ ਸਰੂਪ ਪਛਾਣਿਆ । ਕਲਜੁਗ ਚਲੇ ਸਦਾ ਪ੍ਰਭ ਤੇਰੇ ਭਾਣਿਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਦੇਵੇ ਮਾਣ ਨਿਮਾਣਿਆ । ਦੇਵੇ ਪ੍ਰਭ ਵਡਿਆਈ । ਊਚ ਨੀਚ ਦਾ ਭੇਵ ਮਿਟਾਈ । ਦੀਨਾਂ ਨਾਥ ਜਨ ਭਗਤਾਂ ਪ੍ਰਭ ਆਪ ਅਖਵਾਈ । ਜੁਗੋ ਜੁਗ ਜੋਤ ਸਰੂਪ, ਨਿਹਕਲੰਕ ਤੇਰੀ ਵਡਿਆਈ । ਜਣਾਵੇ ਜਨ ਵਸਾਵੇ ਮਨ ਸੁਣਾਵੇ ਗਣ, ਜੀਵ ਕਹੇ ਮੁਖੋਂ ਧੰਨ ਧੰਨ । ਉਪਜਾਵੇ ਪਰਗਟਾਵੇ ਪ੍ਰਭ ਸਾਚਾ ਦਰਸ ਦਿਖਾਵੇ, ਜੀਵ ਆਤਮ ਜਾਏ ਮੰਨ । ਮੁਨ ਜਨ ਵਡਿਆਏ, ਮਾਣ ਦਵਾਏ ਸਾਚੀ ਜੋਤ ਟਿਕਾਵੇ, ਜੀਵ ਹੋਏ ਜਨ ਜਨ ਜਨ । ਮਹਾਰਾਜ ਸ਼ੇਰ ਸਿੰਘ ਸਰਬ ਕਲ ਵਰਤੇ, ਜਨ ਭਗਤ ਤੇਰੇ ਚਰਨ ਜਾਏ ਮੰਨ ਮੰਨ ਮੰਨ । ਜਨ ਭਗਤਾਂ ਤੇਰੇ ਚਰਨ ਬਨ ਆਈ । ਤਨ ਮਨ ਧਨ ਸੇਵ ਕਰ, ਪਰਮਗਤ ਤੇਰੇ ਦਰ ਤੇ ਪਾਈ । ਸਾਚਾ ਪ੍ਰਭ ਗੁਰਮੁਖ ਵਡ ਦੇਵੀ ਦੇਵ, ਕਲ ਸਾਚੇ ਦੇ ਜਾਵੇ ਵਡਿਆਈ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਨਿਹਕਲੰਕ ਤੇਰੀ ਬਿਰਥਾ ਸੇਵ ਨਾ ਜਾਈ । ਕਲਜੁਗ ਸਾਚੀ ਜੋਤ ਧਰ, ਪ੍ਰਭ ਕਲਜੁਗ ਖੇਲ ਮਿਟਾਏ । ਕਲਜੁਗ ਸਾਚੀ ਜੋਤ ਧਰ, ਪ੍ਰਭ ਰਸਨਾ ਸ਼ਬਦ ਚਲਾਏ । ਕਲਜੁਗ ਸਾਚੀ ਜੋਤ ਧਰ, ਚਾਰ ਕੁੰਟ ਡੰਕ ਵਜਾਏ । ਕਲਜੁਗ ਸਾਚੀ ਜੋਤ ਧਰ, ਖਾਣੀ ਬਾਣੀ ਭਸਮ ਕਰਾਏ । ਕਲਜੁਗ ਸਾਚੀ ਜੋਤ ਧਰ, ਸਰਬਤ ਤੀਰਥਾਂ ਮਾਣ ਗਵਾਏ । ਕਲਜੁਗ ਸਾਚੀ ਜੋਤ ਧਰ, ਕੁਰਾਨ ਅੰਜੀਲ ਦਏ ਖਪਾਏ । ਕਲਜੁਗ ਸਾਚੀ ਜੋਤ ਧਰ, ਪ੍ਰਭ ਭੇਖ ਪਖੰਡ ਨਾਸ ਕਰਾਏ । ਕਲਜੁਗ ਸਾਚੀ ਜੋਤ ਧਰ, ਏਕਾ ਮੁਹੰਮਦ ਪ੍ਰਭ ਸਾਚਾ ਅੰਤ ਕਰਾਏ । ਕਲਜੁਗ ਸਾਚੀ ਜੋਤ ਧਰ, ਅਗਨ ਜੋਤ ਜੋਤ ਜਗਤ ਜਲਾਏ । ਕਲਜੁਗ ਸਾਚੀ ਜੋਤ ਧਰ, ਵਰਭੰਡੀ ਖੇਲ ਮਿਟਾਏ । ਕਲਜੁਗ ਸਾਚੀ ਜੋਤ ਧਰ, ਜੂਠ ਝੂਠ ਸਭ ਮੇਟ ਮਿਟਾਏ । ਕਲਜੁਗ ਸਾਚੀ ਜੋਤ ਧਰ, ਸਾਚੇ ਸਿੱਖ ਤਰਾਏ । ਕਲਜੁਗ ਸਾਚੀ ਜੋਤ ਧਰ, ਅੰਤਕਾਲ ਕਲਜੁਗ ਆਪ ਕਰਾਏ । ਕਲਜੁਗ ਸਾਚੀ ਜੋਤ ਧਰ, ਸਤਿਜੁਗ ਸਾਚਾ ਲਾਏ । ਕਲਜੁਗ ਸਾਚੀ ਜੋਤ ਧਰ, ਸੋਹੰ ਸ਼ਬਦ ਚਲਾਏ । ਕਲਜੁਗ ਸਾਚੀ ਜੋਤ ਧਰ, ਨਿਹਕਲੰਕ ਨਾਮ ਰਖਾਏ । ਕਲਜੁਗ ਸਾਚੀ ਜੋਤ ਧਰ, ਭਗਵਾਨ ਵਿਸ਼ਨੂੰ ਆਪਣਾ ਭੇਖ ਵਟਾਏ । ਕਲਜੁਗ ਸਾਚੀ ਜੋਤ ਧਰ, ਮਧੁਰ ਬੈਣ ਮਾਤ ਵਿਚ ਆਏ । ਕਲਜੁਗ ਸਾਚੀ ਜੋਤ ਧਰ, ਵਰਨ ਚਾਰ ਇਕ ਕਰਾਏ । ਕਲਜੁਗ ਸਾਚੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਸਾਚਾ ਨਾਮ ਜਪਾਏ । ਸਾਚੀ ਜੋਤ ਧਰੇ ਪ੍ਰਭ ਕਲਜੁਗ, ਆਪਣੇ ਨਾਮ ਦੇਵੇ ਵਡਿਆਈ । ਸਾਚੀ ਜੋਤ ਧਰੇ ਪ੍ਰਭ ਕਲਜੁਗ, ਸੰਤ ਮਨੀ ਸਿੰਘ ਤਖ਼ਤ ਬਿਠਾਈ । ਸਾਚੀ ਜੋਤ ਧਰੇ ਪ੍ਰਭ ਕਲਜੁਗ, ਸਤਿਜੁਗ ਦੇਵੇ ਸੋਹੰ ਵਡਿਆਈ । ਸਾਚੀ ਜੋਤ ਧਰੇ ਪ੍ਰਭ ਕਲਜੁਗ, ਮਹਾਰਾਜ ਸ਼ੇਰ ਸਿੰਘ ਬੇਮੁਖਾਂ ਦਿਸ ਨਾ ਆਈ । ਸਾਚੀ ਜੋਤ ਸਾਚਾ ਪ੍ਰਭ, ਜਗਤ ਆਇਆ ਜਗਦੀਸ । ਸਾਚੀ ਜੋਤ ਸਾਚਾ ਪ੍ਰਭ, ਬੇਮੁਖਾਂ ਜਾਏ ਪੀਸ । ਸਾਚੀ ਜੋਤ ਸਾਚਾ ਪ੍ਰਭ, ਸਤਿਜੁਗ ਸਾਚੇ ਛਤਰ ਝੁਲਾਵੇ ਸੀਸ । ਸਾਚੀ ਜੋਤ ਸਾਚਾ ਪ੍ਰਭ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਤੇਰੀ ਕੋਈ ਨਾ ਕਰੇ ਰੀਸ । ਜੋਤ ਧਰੇ ਜਗਤ ਦਿਆਲ । ਰੱਖਕ ਵਛਲ ਭਗਤ ਰਖਵਾਲ । ਭਗਤ ਰਖਵਾਲ ਦੇਵੇ ਮਾਣ, ਬ੍ਰਹਮਪੁਰੀ

ਸਾਚੇ ਸਿੱਖ ਪਾਲ । ਮਹਾਰਾਜ ਸ਼ੇਰ ਸਿੰਘ ਨਾਥ ਤ੍ਰੈਲੋਕੀ ਸਦਾ ਦਿਆਲ । ਦਿਆਲ ਪਾਲ ਸਿੰਘ ਦਇਆ ਪ੍ਰਭ ਕਰੇ । ਕਲਜੁਗ ਸੇਵ ਕਮਾਈ ਪ੍ਰਭ ਮਾਨਸ ਜਨਮ ਸੁਫਲ ਕਰੇ । ਚਾਰ ਜੁਗ ਤੇਰੀ ਰਹੇ ਵਡਿਆਈ, ਬ੍ਰਹਮਲੋਕ ਜੋਤ ਪ੍ਰਭ ਧਰੇ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਜੋ ਜਨ ਸਰਨੀ ਪੜੇ । ਜਨ ਆਏ ਸਰਨ ਪ੍ਰਭ ਸਰਨਾਗਤ । ਪ੍ਰਭ ਸਦਾ ਹਜ਼ੂਰ ਨਾ ਜਾਏ ਭਾਗਤ । ਉਪਜਾਵੇ ਸ਼ਬਦ ਸੁਣਾਵੇ ਸਚ ਰਾਗਤ । ਸੁਣ ਸਾਚਾ ਰਾਗ, ਸੋਇਆ ਜੀਵ ਜਾਏ ਜਾਗਤ । ਮਹਾਰਾਜ ਸ਼ੇਰ ਸਿੰਘ ਕਰ ਦਰਸ ਤੇਰੇ ਪੂਰਨ ਹੋਏ ਭਾਗਤ । ਜੋ ਜਨ ਹੋਏ ਪ੍ਰਭ ਚਰਨ ਭਿਖਾਰੀ । ਸਾਚਾ ਪ੍ਰਭ ਘਰ ਦਰ ਗੁਰਸਿਖ ਦਵਾਰੀ । ਅੰਧ ਘੋਰ ਘੋਰ ਅੰਧ ਪਰਗਟ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਜੁਗੋ ਜੁਗ ਪਰਗਟ ਰੱਖੇ ਲਾਜ ਮੁਰਾਰੀ । ਰੱਖੇ ਲਾਜ ਪ੍ਰਭ ਲਾਜਾਵੰਤ । ਪ੍ਰਭ ਗੁਣ ਨਾ ਜਾਣੇ ਕਲਜੁਗ ਜੀਵ ਜੰਤ । ਕੋਈ ਵਿਰਲਾ ਜਨ ਪਛਾਣੇ ਸਾਚਾ ਸੰਤ । ਸੋਹੰ ਸ਼ਬਦ ਵਖਾਣੇ ਜਿਸ ਬਖ਼ਸ਼ੇ ਪ੍ਰਭ ਕੰਤ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਮਹਿੰਮਾ ਬੜੀ ਅਨੰਤ । ਅੰਤ ਆਪ ਅਨੰਤ ਜਗ ਰਿਹਾ । ਜੋਤ ਸਰੂਪ ਜੁਗੋ ਜੁਗ ਪ੍ਰਭ ਏਕਾ ਜੇਹਾ । ਏਕਾ ਜੋਤ ਪ੍ਰਭ, ਜੋਤੀ ਜੋਤ ਅਨੇਕ ਧਾਰੇ ਦੇਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਜੇਵਡ ਅਵਰ ਨਾ ਕੇਹਾ । ਸਾਰੰਗਧਰ ਭਗਵਾਨ ਬੀਠਲਾ । ਗੁਰਮੁਖ ਸਾਚੇ ਸਾਚਾ ਰੰਗ ਪ੍ਰਭ ਡੀਠਲਾ । ਜਨ ਭਗਤਾਂ ਭਾਣਾ ਪ੍ਰਭ ਲੱਗੇ ਮੀਠਲਾ । ਬੇਮੁਖਾਂ ਸੋਹੰ ਲੱਗੇ ਜਿਉਂ ਕੌੜਾ ਰੀਠਲਾ । ਮਹਾਰਾਜ ਸ਼ੇਰ ਸਿੰਘ ਅੰਮ੍ਰਿਤ ਵਰਖੇ, ਸਾਧ ਸੰਗਤ ਆਤਮ ਕਰੇ ਸੀਤਲਾ । ਸੀਤਲ ਕਾਇਆ ਹੋਈ, ਕਰ ਸਤਿਗੁਰ ਦਰਸ । ਜਗਤ ਮਾਇਆ ਗਈ, ਮਿਟੀ ਆਤਮ ਹਰਸ । ਸਾਚੇ ਪ੍ਰਭ ਕਿਰਪਾ ਭਈ, ਅੰਮ੍ਰਿਤ ਵਰਖਾ ਗਈ ਬਰਸ । ਮਹਾਰਾਜ ਸ਼ੇਰ ਸਿੰਘ ਜਨ ਆਏ ਸਰਨਾਈ, ਜੋਤ ਜਗਾਏ ਵਿਚ ਅਰਸ਼ । ਅਰਸ਼ੀ ਜੋਤ ਅਰਸ਼ ਪ੍ਰਭ ਧਰੇ । ਕਲਜੁਗ ਜੀਵ ਲੋਕਮਾਤ ਵਿਚ ਨਾ ਡਰੇ । ਜਨਮ ਮਰਨ ਮਰਨ ਜਨਮ ਤੇ ਪਾਰ ਪਰੇ । ਸਤਿ ਪੁਰਖ ਨਿਰੰਜਣ ਕਿਰਪਾ ਆਪ ਕਰੇ । ਮਹਾਰਾਜ ਸ਼ੇਰ ਸਿੰਘ ਸਾਚੀ ਜੋਤ ਸਾਚੇ ਧਾਮ ਧਰੇ । ਸਾਚਾ ਧਾਮ ਪ੍ਰਭ ਚਰਨ ਨਿਵਾਸ । ਆਵਣ ਜਾਵਣ ਮਿਟੀ ਤਰਾਸ । ਮਿਲਿਆ ਪਾਰਬ੍ਰਹਮ ਪਰਮੇਸ਼ਵਰ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਜਗਤ ਭੰਡਾਰੀ ਸਰਬ ਗੁਣਤਾਸ । ਗੁਣਵੰਤ ਗੁਣਤਾਸ । ਜਨ ਭਗਤਾਂ ਹਿਰਦੇ ਰੱਖੇ ਵਾਸ । ਜਨ ਭਗਤ ਉਪਜਾਏ ਕਲਜੁਗ ਜਿਉਂ ਚੰਦਨ ਪਰਭਾਸ । ਦਰ ਖੜ੍ਹੇ ਸਹਾਏ ਵਿਚ ਪ੍ਰਭ ਕਰੇ ਨਿਵਾਸ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਸਾਧ ਸੰਗਤ ਸਦਾ ਬਲ ਬਲ ਜਾਸ । ਬਲ ਬਲ ਜਾਏ ਸੰਗਤ ਸਾਧ । ਰਸਨਾ ਜਪੇ ਨਾਮ ਆਤਮ ਅਗਾਧ । ਏਕ ਸ਼ਬਦ ਏਕ ਧੁਨ ਵਜਾਈ ਨਾਦ । ਮਿਟੇ ਅਗਿਆਨ ਦਿਸੇ ਬ੍ਰਹਿਮਾਦ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰ, ਗੁਰਸਿਖ ਰਸਨਾ ਆਵੇ ਏਕਾ ਸਾਦ । ਰਸਨ ਸਾਦ ਰਮਈਆ ਰਾਮ । ਮਿਲਿਆ ਮਾਧਵ ਘਨਈਆ ਸ਼ਾਮ । ਆਤਮ ਯਾਦ ਨਾ ਭੁੱਲਿਆ ਨਾਮ । ਰਸਨਾ ਜਪ ਜਪ ਜੀਵ ਮਹਾਂ ਸੁਖ ਪਾਣ । ਵਡ ਵਡ ਵਡ ਤਪ, ਸੋਹੰ ਜਪਣਾ ਨਾਮ । ਆਤਮ ਜਪ ਜਪ ਜਪ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ । ਵਿਸ਼ਨੂੰ ਭਗਵਾਨ ਪ੍ਰਭ ਕਾ ਨਾਮ । ਧਰੇ ਜੋਤ ਨਿਹਕਲੰਕ, ਜਿਉਂ ਤ੍ਰੇਤਾ ਰਾਮ । ਸੋਹੰ ਸ਼ਬਦ ਸੁਫਲ ਕਰਾਏ ਕਾਮ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਸਤਿਜੁਗ ਜਪਾਏ ਸਾਚਾ ਨਾਮ । ਨਾਮ ਜਪਾਏ ਸਤਿਜੁਗ ਸਰਬ ਕਲਾਵੰਤ । ਤੇਜ ਵਖਾਏ ਆਪ ਭਗਵੰਤ । ਗੁਰਮੁਖ ਵਡਿਆਈ ਵਿਚ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ, ਗੁਰਮੁਖਾਂ ਬੇਅੰਤ । ਬੇਅੰਤ ਰੂਪ ਸਤਿ ਸਰੂਪ, ਪ੍ਰਭ ਦਰਸ ਦਿਖਾਏ ।

ਸਤਿਜੁਗ ਭੂਪ ਮਹਿੰਮਾ ਅਨੂਪ, ਸਰਬ ਸ੍ਰਿਸ਼ਟ ਮਿਟਾਏ । ਵਿਚ ਅੰਧਕੂਪ ਪਰਗਟੇ ਜੋਤ ਬਿਨ ਰੰਗ ਰੂਪ, ਕਲ ਸਾਚੀ ਜੋਤ ਧਰਾਏ । ਮਹਾਰਾਜ ਸ਼ੇਰ ਸਿੰਘ ਤੇਰਾ ਸਵੱਛ ਸਰੂਪ, ਜਨ ਭਗਤਾਂ ਆਣ ਤਰਾਏ । ਤਾਰੇ ਆਪ ਪ੍ਰਭ ਤਾਰਨਹਾਰ । ਸਾਚਾ ਸ਼ਬਦ ਸੋਹੰ ਦੇਵੇ ਭੰਡਾਰ । ਬੇਮੁਖਾਂ ਕਲਜੁਗ ਆਤਮ ਹੋਵੇ ਧੁੰਧੂਕਾਰ । ਸਾਧ ਸੰਗਤ ਦੀਸੇ ਘਨਕਪੁਰ ਵਾਸੀ, ਤੇਰਾ ਸਾਚਾ ਸਚਖੰਡ ਦਵਾਰ । ਜਿਥੇ ਜੋਤ ਪਰਗਟੇ ਪ੍ਰਭ ਅਬਿਨਾਸ਼ੀ, ਜਨ ਭਗਤਾਂ ਦੇਵੇ ਨਾਮ ਅਧਾਰ । ਮਹਾਰਾਜ ਸ਼ੇਰ ਸਿੰਘ ਲੋਕ ਤੀਨ ਵਾਸੀ, ਸਚ ਦੀਸੇ ਤੇਰਾ ਚਰਨ ਦਵਾਰ । ਘਨਕਪੁਰ ਵਾਸੀ ਤੇਰਾ ਦਵਾਰ ਸਤਿਜੁਗ ਸਚ । ਚਾਰ ਕੁੰਟ ਸਰਬ ਧਾਮ ਦੀਸੇ ਕੱਚ । ਜੋਤ ਜਲਾਏ ਅਗਨ, ਜਗ ਜਾਇਣ ਸਾਰੇ ਮਚ । ਪਰਗਟ ਜੋਤ, ਗੁਰਸਿਖਾਂ ਸਿਰ ਰੱਖੇ ਹਥ । ਅੰਤਕਾਲ ਕਲਜੁਗ ਜੀਵ ਜਾਇਣ ਮੱਚ । ਮਹਾਰਾਜ ਸ਼ੇਰ ਸਿੰਘ ਤੇਰੇ ਸ਼ਬਦ ਅਟਲ, ਲਿਖਤ ਲਿਖਾਈ ਹੋਵੇ ਸਚ । ਲਿਖਾਏ ਲਿਖਤ ਪ੍ਰਭ ਜਗਤ ਲੇਖ, ਮਿਟਾਏ ਦੁਸ਼ਟ ਦੁਰਾਚਾਰੀ । ਮਿਟਾਏ ਲੇਖ ਬੇਮੁਖਾਂ ਬਿਧਮਾਤਾ ਕੀ ਕਰੇ ਵਿਚਾਰੀ । ਦੁਖ ਭੁਖ ਭੁਖ ਦੁਖ ਲਗ ਜਾਏ ਜਗਤ ਬੀਮਾਰੀ । ਬਾਲ ਨਾ ਠਹਿਰਨ ਮਾਤਾ ਕੁੱਖ, ਕਲਜੁਗ ਹੋਵੇ ਅੰਤ ਖੁਆਰੀ । ਮਹਾਰਾਜ ਸ਼ੇਰ ਸਿੰਘ ਮਾਰੀ ਸ਼ਬਦ ਮਾਰ, ਸ੍ਰਿਸ਼ਟ ਪਾਰ ਉਤਾਰੀ । ਪਾਰ ਉਤਾਰ ਉਤਾਰ ਪਾਰ, ਜਨ ਭਗਤਾਂ ਬੇੜਾ ਕੀਆ ਪਾਰ । ਬੇਮੁਖ ਕਲਜੁਗ ਡੁੱਬੇ ਅਧ ਵਿਚਕਾਰ । ਨਾ ਦੀਸੇ ਪ੍ਰਭ, ਨਾ ਦੀਸੇ ਪਾਰ ਕਿਨਾਰ । ਬਾਂਹੋਂ ਪਕੜ ਪ੍ਰਭ ਰੋੜ੍ਹਿਆ, ਕਲਜੁਗ ਬੇੜਾ ਕਰ ਖੁਆਰ । ਮਹਾਰਾਜ ਸ਼ੇਰ ਸਿੰਘ ਤੁਧ ਬਿਨ ਅੰਤਕਾਲ ਨਾ ਦੇਵੇ ਤਾਰ । ਰਾਮ ਰਾਮ ਰਾਮ ਤ੍ਰੈਤਾ ਉਪਜਿਆ ਰਾਮ । ਰਾਮਦਾਸ ਰਾਮਦਾਸ ਰਾਮਦਾਸ ਅੰਮ੍ਰਿਤਸਰ ਤੇਰਾ ਗ੍ਰਾਮ । ਤੇਰਾ ਗ੍ਰਾਮ ਕਲਜੁਗ ਬਣਿਆ ਚਾਰ ਵਰਨ ਸਾਚਾ ਧਾਮ । ਕਲਜੁਗ ਜੀਵ ਕਲਜੁਗ ਦਿਸ ਨਾ ਆਇਆ ਸਾਚਾ ਰਾਮ । ਤਨ ਮਨ ਬੁਧ ਹੰਕਾਰ ਰਖਾਇਆ, ਬਣ ਬੈਠੇ ਹੰਕਾਰੀ ਰਾਮ । ਹੰਕਾਰ ਨਿਵਾਰੇ ਪ੍ਰਭ ਬਨਵਾਰੀ, ਕਰੇ ਖੁਆਰੇ ਸਚ ਜੋਤੀ ਰਾਮ । ਕਲਜੁਗ ਜਾਮਾ ਨਿਹਕਲੰਕ, ਮਹਾਰਾਜ ਸ਼ੇਰ ਸਿੰਘ ਧਰਾਇਆ ਨਾਮ । ਪਰਗਟ ਜਾਮਾ ਨਿਹਕਲੰਕ, ਪ੍ਰਭ ਆਇਆ ਸਚ ਦਵਾਰ । ਬੇਮੁਖਾਂ ਕਪਟ ਵਿਚਾਰਿਆ, ਪ੍ਰਭ ਪੂਰੇ ਕੀਆ ਖੁਆਰ । ਪ੍ਰਭ ਜੋਤ ਸਰੂਪੀ ਸ਼ਬਦ ਉਚਾਰਿਆ, ਸ਼ਬਦ ਰੂਪ ਮਾਰੀ ਮਾਰ । ਅੰਤਕਾਲ ਕਲਜੁਗ ਸਰ ਅੰਮ੍ਰਿਤ ਢਹਿ ਢਹਿ ਹੋਏ ਖੁਆਰ । ਕਲਜੁਗ ਨਿਹਕਲੰਕ ਵੱਡਾ ਵਡ ਆਪ, ਦਸ ਸੁੱਤ ਹੋਏ ਦਸ ਅਵਤਾਰ । ਕਲਜੁਗ ਗੁਰ ਪੂਰਾ ਸੁਤ । ਜੀਵ ਕਲਜੁਗ ਸਾਚਾ ਸ਼ਬਦ ਉਪਜਾਵੇ ਵਿਚ ਬੁੱਤ । ਜੋਤ ਮੇਲ ਮੇਲ ਜੋਤ ਪ੍ਰਭ ਕਰੇ ਅਚੁੱਤ । ਗੁਰ ਨਿਰੰਜਣ ਨਰਾਇਣ ਜੋਤ ਸਰੂਪ ਜੋਤੀ ਮੂਰਤ । ਜੋਤ ਸਰੂਪ ਜੋਤੀ ਜੋਤ ਮੇਲ ਰੱਖੇ ਵਿਚ ਸੁੱਤ । ਨਿਹਕਲੰਕ ਧਰੇ ਜੋਤ ਵਿਚ ਸਤਿਗੁਰ । ਦੇਵੇ ਸ਼ਬਦ ਆਪ ਪ੍ਰਭ, ਮੇਲ ਰੱਖੇ ਧੁਰ । ਗੁਰ ਗੋਬਿੰਦ ਏਕਾ ਜੋਤ, ਦੋਏ ਮੂਰਤੀ ਬੈਠੇ ਜੁੜ । ਏਕਾ ਸ਼ਬਦ ਏਕਾ ਰਾਗ, ਪ੍ਰਭ ਇਕ ਉਪਜਾਵੇ ਸੁਰ । ਨਿਰੰਜਣ ਜੋਤ ਅਨੰਦ ਨਿਰਮਲ, ਮਾਤਲੋਕ ਟਿਕਾਵੇ ਪ੍ਰਭ ਵਿਚ ਗੁਰ । ਗੁਰ ਆਵੇ ਜਗ, ਪ੍ਰਭ ਹੁਕਮੇ ਅੰਦਰ । ਸਾਚੀ ਜੋਤ ਪ੍ਰਭ ਜਗਾਵੇ ਹੁਕਮੇ ਅੰਦਰ । ਸ਼ਬਦ ਸੁਰਤ ਜੋਤ ਮੇਲ, ਪ੍ਰਭ ਸ਼ਬਦ ਰੱਖੇ ਤਨ ਅੰਦਰ । ਅੰਤਕਾਲ ਛਡ ਨਾ ਦੀਸੇ ਜਗ ਅੰਦਰ । ਅੰਤਕਾਲ ਕਲਜੁਗ ਪ੍ਰਭ ਆਏ ਜੋਤ ਧਰ । ਸੋਲਾਂ ਕਲਾ ਸਮਰਥ, ਜੋਤ ਪਰਗਟਾਏ ਪ੍ਰਭ ਧਰਨੀ ਧਰ । ਜਨ ਭਗਤਾਂ ਸ਼ਬਦ ਚੜ੍ਹਾਏ ਸਾਚੇ ਰਥ, ਸ਼ਰਨ ਲਗਾਏ ਸ਼ਰਨੀ ਸ਼ਰ । ਬੇਮੁਖਾਂ ਖਪਾਏ ਜਲਾਏ ਭੱਠ, ਭਗਤਾਂ ਦੇਵੇ ਫਲ ਪ੍ਰਭ ਕਰਨੀ ਕਰ । ਕਲਜੁਗ ਉਲਟੀ ਗੇੜ ਵਖਾਵੇ ਲਠ, ਕਲਜੁਗ ਕਰਮ ਹੈ ਮਰਨੀ ਮਰ । ਸਾਧ ਸੰਗਤ ਗੁਰ ਚਰਨੀਂ ਆਏ ਨਠ, ਲਗ ਜਾਏ ਚਰਨ ਤਰ । ਮਹਾਰਾਜ

ਸ਼ੇਰ ਸਿੰਘ ਕਰ ਲਿਆ ਇਕੱਠ, ਸਾਧ ਸੰਗਤ ਨਾ ਹੋਵੇ ਕਿਸੇ ਡਰ । ਸਾਧ ਸੰਗਤ ਨਾ ਭਉ ਵਿਆਪੇ । ਹੋਏ ਸਹਾਈ ਆਪ ਪ੍ਰਭ ਆਪੇ । ਸਰਬ ਭੁਲਾਇਆ ਪ੍ਰਭ ਸਾਚਾ ਜਾਪੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਜਗਤ ਜਲਾਇਆ ਘਰ ਘਰ ਹੋਏ ਸਿਆਪੇ । ਘਰ ਘਰ ਰੋਣ ਸਰਬ ਹਿੰਦਵੈਣਾਂ । ਸਾਚੇ ਦਰ ਬਿਨ ਡਿੱਗੇ ਕਲਜੁਗ ਡੂੰਘੇ ਵਹਿਣਾ । ਭਾਈਆਂ ਤਾਈਂ ਨਾ ਮਿਲੀਆਂ ਭੈਣਾਂ । ਨਾਰਾਂ ਮਿਲਿਆ ਨਾ ਸੰਗ ਕੰਤਾਂ ਬਹਿਣਾ । ਸਾਚਾ ਸ਼ਬਦ ਗੁਰ ਜੀਵ ਤੇਰਾ ਸਾਚਾ ਗਹਿਣਾ । ਸ਼ਬਦ ਅੰਧੇਰੀ ਝੁਲ ਗਈ, ਜਗ ਜਾਵੇ ਵਹਿੰਦੇ ਵਹਿਣਾ । ਕਲਜੁਗ ਤੇਰੀ ਫੁਲਵਾੜੀ ਅੰਤ ਹੁਲ ਗਈ, ਮਦਿ ਮਾਸੀ ਕੋਈ ਨਾ ਰਹਿਣਾ । ਬੇਮੁਖ ਦੁਨੀਆ ਸਾਰੀ ਭੁਲ ਗਈ, ਨਿਹਕਲੰਕ ਡੰਨ ਪਿਆ ਸਹਿਣਾ । ਮਹਾਰਾਜ ਸ਼ੇਰ ਸਿੰਘ ਤੇਰੇ ਭਗਤਾਂ ਸੁਰਤੀ ਖੁਲ੍ਹ ਗਈ, ਸਦ ਚਰਨ ਨਿਵਾਸ ਕਰ ਰਹਿਣਾ । ਗੁਰਸਿਖ ਗੁਰਚਰਨ ਭਵਰਾ । ਲਏ ਚਰਨ ਧੂੜ ਜਨਮ ਕਰ ਸਵਰਾ । ਜਨ ਜੋ ਦਰ ਆਏ ਹੋ ਗਵਰਾ । ਸਚਖੰਡ ਸਾਚਾ ਪ੍ਰਭ ਸਿਰ ਝੁਲਾਏ ਚਵਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਕਲਜੁਗ ਦੂਸਰ ਨਾ ਕੋਈ ਅਵਰਾ । ਔਰ ਨਾ ਦੀਸੇ ਦੂਸਰ ਕੋਇ । ਸਰਬ ਥਾਈਂ ਪ੍ਰਭ ਤੇਰੀ ਸੋਏ । ਕਲਜੁਗ ਜਾਮਾ ਧਾਰ, ਗੁਰਮੁਖਾਂ ਹਿਰਦੇ ਧੋਏ । ਸਤਿਜੁਗ ਸਾਚਾ ਆਕਾਰ, ਚਾਰ ਵਰਨ ਦੀਏ ਇਕ ਲੜ ਪਰੋਏ । ਸਾਚਾ ਦੀਆ ਅਧਾਰ ਸੋਹੰ ਸ਼ਬਦ, ਨਿਹਕਲੰਕ ਤੇਰੀ ਚਰਨ ਧੂੜ, ਖੋਲ੍ਹੇ ਤੀਸਰ ਲੋਏ । ਮਹਾਰਾਜ ਸ਼ੇਰ ਸਿੰਘ ਚਾਰ ਵਰਨ ਦਰ ਆਇਣ, ਸਤਿਜੁਗ ਤੇਰੀ ਸਾਚੀ ਸੋਏ । ਚਾਰ ਵਰਨ ਪ੍ਰਭ ਸਚ ਵਰਤਾਰਾ । ਜੋਤ ਨਿਰੰਜਣ ਧਰੇ ਸਤਿਜੁਗ ਅਪਾਰਾ । ਸ਼ਬਦ ਸਾਚਾ ਸੋਹੰ ਖੁਲ੍ਹਾਏ ਦਸਮ ਦਵਾਰਾ । ਕਲਜੁਗ ਜੀਵ ਮੁਗਧ ਅੰਞਾਣ, ਨਾ ਪਾਵਣ ਸਾਰ ਗਵਾਰਾ । ਮਹਾਰਾਜ ਸ਼ੇਰ ਸਿੰਘ ਸ਼ਬਦ ਭੰਡਾਰੀ, ਵਰਤਾਵੇ ਸ਼ਬਦ ਭੰਡਾਰਾ । ਵਰਤਾਵੇ ਸ਼ਬਦ ਪ੍ਰਭ ਆਪ ਅਤੋਲ । ਸਾਚਾ ਸ਼ਬਦ ਕਲਜੁਗ ਕਿਸੇ ਵਿਰਲੇ ਲਿਆ ਮੋਲ । ਕਲਜੁਗ ਬੇਮੁਖ ਸੌਂ ਰਹੇ ਕੋਲ । ਰਸਨਾ ਸ਼ਬਦ ਉਚਾਰ ਪ੍ਰਭ ਊਚ ਕੂਕ ਵਜਾਏ ਢੋਲ । ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਰੀ ਪਰਗਟੇ ਜੋਤ, ਸ਼ਬਦ ਲਿਖਾਵੇ ਰਸਨਾ ਬੋਲ । ਸਾਚੇ ਪ੍ਰਭ ਸ਼ਬਦ ਚਲਾਇਆ । ਪਰਗਟ ਆਪ ਆਪਣਾ ਭੇਵ ਖੁਲ੍ਹਾਇਆ । ਸ਼ਬਦ ਵਿਚ ਨਿਹਕਲੰਕ ਪ੍ਰਭ ਨਾਉਂ ਰਖਾਇਆ । ਜਨ ਭਗਤਾਂ ਆਤਮ ਲਾਈ ਖਿੱਚ, ਚਰਨ ਨਿਵਾਸ ਦਵਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਸਾਚਾ ਰਾਗ ਸੁਣਾਇਆ । ਸਾਚਾ ਰਾਗ ਸਚ ਸ਼ਬਦ ਆਪ ਉਪਜਾਵੇ । ਆਤਮ ਜਾਗ ਸੋਹੰ ਸ਼ਬਦ ਗੁਰਸਿਖ ਲਗਾਵੇ । ਪੂਰਨ ਕਲਜੁਗ ਭਾਗ, ਜਿਸ ਪ੍ਰਭ ਦਇਆ ਕਮਾਵੇ । ਮਾਨਸ ਜਨਮ ਨਾ ਲਾਗੇ ਆਂਚ, ਮਾਤਾ ਕੁੱਖ ਸੁਫਲ ਕਰਾਵੇ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ, ਗੁਰਸਿਖ ਬੇੜਾ ਪਾਰ ਕਰਾਵੇ । ਕਲਜੁਗ ਬੇੜਾ ਪਾਪ ਡੁਬਾਇਆ । ਪਾਪ ਅਪਰਾਧ ਕਲਜੁਗ ਖੇਲ ਰਚਾਇਆ । ਸੰਤ ਸਾਧ ਕੋਈ ਸਾਚਾ ਨਜ਼ਰ ਨਾ ਆਇਆ । ਜਗਤ ਭੇਖ ਕਲਜੁਗ ਜੀਵਾਂ ਜਗਤ ਬਣਾਇਆ । ਪ੍ਰਭ ਸਾਚਾ ਆਤਮ ਲਏ ਵੇਖ, ਨਾ ਛੁਪੇ ਕਿਛ ਛੁਪਾਇਆ । ਅੰਤ ਪੂਰ ਕਰਾਏ ਲੇਖ, ਜਾਮਾ ਨਿਹਕਲੰਕ ਧਰ ਆਇਆ । ਜੋ ਕੁਛ ਵਰਤੇ ਕਲਜੁਗ ਲੈਣਾ ਵੇਖ, ਚਾਰ ਕੁੰਟ ਧੁੰਦੂਕਾਰ ਮਚਾਇਆ । ਮਹਾਰਾਜ ਸ਼ੇਰ ਸਿੰਘ ਤੇਰਾ ਜੋਤ ਸਰੂਪੀ ਭੇਖ, ਕਲਜੁਗ ਭਸਮ ਕਰਾਇਆ । ਜੋਤ ਸਰੂਪ ਭੇਖ ਭਗਵਾਨ ਦਾ । ਕਲਜੁਗ ਬੇਮੁਖਾਂ ਅੰਤ ਖਪਾਣ ਦਾ । ਕਲਜੁਗ ਭੇਖ ਕਰ ਆਏ ਪ੍ਰਭ, ਮਦਿ ਮਾਸੀ ਸਰਬ ਮਿਟਾਣ ਦਾ । ਮਹਾਰਾਜ ਸ਼ੇਰ ਸਿੰਘ ਨਾਉਂ ਧਰਾਏ, ਕੋਈ ਵਿਰਲਾ ਗੁਰਮੁਖ ਜਾਣਦਾ । ਵਿਸ਼ਨੂੰ ਭਗਵਾਨ ਪਰਗਟੇ ਜਗ । ਜੋਤ ਅਗਨ ਚਾਰ ਕੁੰਟ ਜਾਏ ਲਗ । ਬੇਮੁਖ

ਜੀਵ ਜਾਣ ਮੌਤ ਕੁਠਾਲੀ ਦਗ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਤੇਰੀ ਚਰਨੀਂ ਜਾਏ ਲਗ । ਚਰਨ ਲਾਗ ਕਲਜੁਗ ਜੀਵ ਨਾ ਦੁਖ ਵਿਆਪੇ । ਸਾਚਾ ਦਰ ਪ੍ਰਭ ਤੇਰਾ, ਸਤਿ ਪੁਰਖਾਂ ਧਿਆਪੇ । ਭਗਤ ਜਨਾਂ ਹਰਿ ਸਦਾ ਮਾਈ ਬਾਪੇ । ਮਹਾਰਾਜ ਸ਼ੇਰ ਸਿੰਘ ਤੁਧ ਜੇਵਡ, ਕਲਜੁਗ ਕੋਈ ਨਾ ਜਾਪੇ । ਕਲਜੁਗ ਵੱਡਾ ਪ੍ਰਭ ਭੁਯੰਗ । ਸਾਚਾ ਸ਼ਬਦ ਚੜ੍ਹਾਵੇ ਆਤਮ ਰੰਗ । ਗੁਰਸਿਖ ਕਲਜੁਗ ਪਾਪ ਪਹਾੜਾਂ ਜਾਏ ਲੰਘ । ਤੱਤੀ ਵਾ ਨਾ ਲਾਗੇ ਅੰਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਸਦਾ ਸਹਾਈ ਅੰਗ ਸੰਗ । ਅੰਗ ਸੰਗ ਪ੍ਰਭ ਸਦਾ ਸਹਾਈ । ਗੁਰਸਿਖ ਤੇਰੀ ਜਿਸ ਬਣਤ ਬਣਾਈ । ਕਲਜੁਗ ਮਾਇਆ ਤੈਨੂੰ ਲੱਗੇ ਨਾ ਰਾਈ । ਮਹਾਰਾਜ ਸ਼ੇਰ ਸਿੰਘ ਤੇਰਾ ਹੋਵੇ ਸਹਾਈ । ਹੋਏ ਸਹਾਈ ਸਰਬ ਪ੍ਰਭ ਨਾਇਕ । ਮਿਟਾਵੇ ਸਰਬ ਜਗਤ ਮਾਇਕ । ਹਿਰਦੇ ਇਕ ਸਚ ਨਾਮ ਧਰਾਇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਘਾਲੀ ਘਾਇਕ । ਘਾਲ ਘਾਲ ਘਾਲ ਗੁਰਸਿਖਾਂ ਘਾਲੀ । ਜਾਲ ਜਾਲ ਜਾਲ, ਹਉਮੇ ਸ਼ਬਦ ਸੰਗ ਜਾਲੀ । ਬਾਲ ਬਾਲ ਬਾਲ, ਆਤਮ ਦੀਪ ਆਪ ਪ੍ਰਭ ਬਾਲੀ । ਮਾਲ ਮਾਲ ਮਾਲ, ਪ੍ਰਭ ਮਾਲਾ ਮਾਲ ਕਰੇ ਘਨਕਪੁਰ ਵਾਲੀ । ਡਾਲ ਡਾਲ ਡਾਲ ਗੁਰਸਿਖ ਡਾਲ, ਪ੍ਰਭ ਫੁੱਲ ਲਾਏ ਇਕ ਸੋਹੰ ਡਾਲੀ । ਭਾਲ ਭਾਲ ਭਾਲ, ਕਲਜੁਗ ਪ੍ਰਭ ਸੰਗਤ ਮੇਲ ਮਿਲਾ ਲੀ । ਮਹਾਰਾਜ ਸ਼ੇਰ ਸਿੰਘ ਭਗਤ ਕਿਰਪਾਲ ਕਿਰਪਾਲ ਕਿਰਪਾਲ ਕਿਰਪਾ ਕਰੇ ਆਪ ਬਨਵਾਲੀ । ਕਿਰਪਾ ਕਰੇ ਭਗਤ ਜਨ ਮੀਤਾ । ਮਿਟੀ ਕਾਇਆ ਹਰਸ ਆਤਮ ਤ੍ਰਿਪਤਾ । ਨਾਮ ਨਿਧਾਨ ਨਿਰਮਲ ਗੁਰ ਦਰ ਆਏ ਗੁਰਸਿਖ ਪੀਤਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰਾ, ਜੁਗ ਚਾਰ ਸਦਾ ਹੈ ਜੀਤਾ । ਚਾਰ ਜੁਗ ਤੇਰੇ ਸਿੱਖ ਵਡਿਆਈ । ਨਿਹਕਲੰਕ ਜਿਸ ਤੇਰੀ ਸੇਵ ਕਮਾਈ । ਉਚ ਪਦਵੀ ਸਚ ਦਰ ਤੇ ਪਾਈ । ਗਰਭ ਵਾਸ ਤੇਰੀ ਬੰਦ ਖਲਾਸ ਕਰਾਈ । ਬੈਕੁੰਠ ਨਿਵਾਸ ਸਾਚੀ ਜੋਤ ਵਿਚ ਜੋਤ ਮਿਲਾਈ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰੇ ਚਰਨ ਭਰਵਾਸ, ਕਲਜੁਗ ਪਾਵੇ ਵਡਿਆਈ । ਜਗਤ ਲਿਖਾਏ ਲੇਖ, ਗੁਰ ਦਰ ਗੁਰਸਿਖ ਲਿਖਾਰੀ । ਗੁਰ ਗੁਰ ਗੁਰਸਿਖ ਜਾਏ ਜਗਤ ਬਲਿਹਾਰੀ । ਸਾਚੀ ਦ੍ਰਿਸ਼ਟ ਦੇਵੇ ਸਚ ਸਿਰਜਣਹਾਰੀ । ਏਕਾ ਪ੍ਰਭ ਏਕਾ ਦੇਵੇ ਇਸ਼ਟ, ਸੋਹੰ ਸਾਚਾ ਨਾਮ ਮੁਰਾਰੀ । ਮਹਾਰਾਜ ਸ਼ੇਰ ਸਿੰਘ ਸਾਰੀ ਸ੍ਰਿਸ਼ਟ, ਅੰਤਮ ਕਰੇ ਖੁਆਰੀ । ਕਲਜੁਗ ਲੇਖ ਅੰਤ ਹੋਏ ਮਾੜੇ । ਚਾਰ ਕੁੰਟ ਪੈ ਜਾਣ ਉਜਾੜੇ । ਭਾਣਾ ਵਰਤੇ ਦਿਨ ਦਿਹਾੜੇ । ਸੱਤਰ ਲੱਖ ਪਠਾਣ ਪ੍ਰਭ ਪੂਰਬ ਚਾੜ੍ਹੇ । ਆਸ ਪਾਸ ਸਰਬ ਬਿਆਸ, ਮਹਾਰਾਜ ਸ਼ੇਰ ਸਿੰਘ ਤੇਰੀ ਅਗਨ ਜੋਤ ਸਭ ਸਾੜੇ । ਚੜ੍ਹਨ ਪਠਾਣ ਪ੍ਰਭ ਕੇ ਭਾਣੇ । ਪੁੱਜਣ ਬਿਆਸ ਹੋਏ ਮੁਹਾਨੇ । ਵਰਤੇ ਕਹਿਰ ਪ੍ਰਭ ਮਾਰੇ ਸ਼ਬਦ ਬਾਣੇ । ਦੁਖ ਭੁਖ ਅੰਤ ਰੋਗ ਦੇਹੀ ਲਗ ਜਾਣੇ । ਰੋਣ ਮੁਗਲਾਣੀਆਂ ਬਾਂਹ ਲੈ ਸਰਹਾਣੇ । ਹੋਵੇ ਹੱਥ ਵਡਿਆਈ ਮਹਾਰਾਣੇ ਹਿੰਦਵਾਣੇ । ਧਰੇ ਜੋਤ ਨਿਹਕਲੰਕ ਤਰਲ ਜੁਆਨੇ । ਮਹਾਰਾਜ ਸ਼ੇਰ ਸਿੰਘ ਤੇਰੇ ਹੁਕਮੇ ਅੰਦਰ, ਭੁੱਜ ਜਾਣ ਜੀਵ ਜਿਉਂ ਭਠਿਆਲੇ ਦਾਣੇ । ਜੀਵ ਭੁੱਲੇ ਕਲਜੁਗ ਬੇਮੁਖ । ਸਦੀ ਚੌਧਵੀਂ ਉਖਾੜੇ ਉਮਤ ਰੁੱਖ । ਨਾ ਕੋਈ ਰਹੇ ਮੁਹੰਮਦੀ, ਨਾ ਕੋਈ ਮੁਹੰਮਦੀ ਸੁਤ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ ਸ਼ਬਦ ਲਿਖਾਏ ਉਨੁਤ । ਮੁਹੰਮਦ ਈਮਾਨ, ਕਲਜੁਗ ਪਰਗਟਿਆ ਕੁਰਾਨ । ਸਦੀ ਚੌਧਵੀਂ ਮਿਟ ਜਾਏ ਨਿਸ਼ਾਨ । ਸਚ ਕਰਮ ਕਰਮ ਸਚ ਕਰਮ ਕਰਮ ਸਚ ਨਾ ਜਗਤ ਰਹੇ ਮਾਣ । ਮਾਤਾ ਗਊ ਰੱਖਕ ਭਗਵਾਨ ਹੋਵੇ ਗਵਾਲਾ ਕ੍ਰਿਸ਼ਨ ਨਿਧਾਨ । ਕਲਜੁਗ ਪਰਗਟੇ ਨਿਹਕਲੰਕ ਬਲੀ ਬਲਵਾਨ । ਸੰਘਾਰੇ ਦੁਸ਼ਟ ਜੋ ਗਊ ਬੱਧ ਖਾਣ । ਸਤਿਜੁਗ ਸਾਚਾ ਪਰਗਟੇ, ਮਦਿ ਮਾਸੀ ਨਜ਼ਰ

ਨਾ ਆਣ । ਏਕ ਸ਼ਬਦ ਕਰੇ ਵਰਤਾਰ, ਚਾਰ ਕੁੰਟ ਹੋਏ ਗੁੰਜਾਨ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਤੀਨ ਲੋਕ ਲੋਕ ਤੀਨ ਵਿਸ਼ਨੂੰ ਭਗਵਾਨ । ਮਾਰੇ ਸ਼ਬਦ ਅੱਲਾ ਅਲਾਹੀ । ਪਰਗਟ ਜੋਤ ਕਰੇ ਖੁਆਰ ਨਿਕਾਹੀ । ਧਰੇ ਪਰਕਾਸ਼ ਸਾਚੀ ਜੋਤ ਵਡ ਦਾਤਾ ਬੇਪਰਵਾਹੀ । ਮਹਾਰਾਜ ਸ਼ੇਰ ਸਿੰਘ ਤੁਧ ਜੇਵਡ, ਅਵਰ ਕੋਈ ਦੀਸੇ ਨਾਹੀ । ਮੁਹੰਮਦ ਸੰਗ ਮੁਹੰਮਦੀ, ਪ੍ਰਭ ਅੰਤ ਕਰੇ ਖੁਆਰ । ਵੇਲਾ ਅੰਤ ਅੰਤ ਆ ਗਿਆ, ਚਾਰ ਜੁਗਾਂ ਆਈ ਹਾਰ । ਪਾਇਣ ਦਰੋਹੀ ਖ਼ੁਦਾਏ ਨਬੀ ਰਸੂਲ ਦੀ, ਪ੍ਰਭ ਸਾਚੇ ਸ਼ਬਦ ਮਾਰੀ ਮਾਰ । ਕੋਈ ਨਜ਼ਰ ਨਾ ਆਵੇ ਪੀਰ ਦਸਤਗੀਰ, ਐਸਾ ਕਰੇ ਖ਼ੁਆਰ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ ਨਿਹਕਲੰਕ ਅਵਤਾਰ । ਨਿਹਕਲੰਕ ਰੂਪ ਨਰਾਇਣ । ਸੁਭਾਗਾ ਧਾਮ, ਪ੍ਰਭ ਪਰਗਟੇ ਵਿਚ ਹਿੰਦਵਾਇਣ । ਪ੍ਰਭ ਸਾਚਾ ਧਾਮ ਗੁਰਮੁਖ ਪੇਖੇ ਨੈਣ । ਪ੍ਰਭ ਜੋਤੀ ਰਾਮ, ਸਿਰ ਸੋਹੇ ਮੁਕਟ ਬੈਣ । ਸੋਹੰ ਸ਼ਬਦ ਜਪਾਵੇ ਨਾਮ, ਗੁਰਮੁਖ ਸਾਚੇ ਰਸਨਾ ਲੈਣ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਕਲਜੁਗ ਜੀਵ ਨਾ ਸਕਣ ਕਹਿਣ । ਪਰਗਟੀ ਜੋਤ ਪ੍ਰਭ ਜਾਏ ਅਬਲੀਸ । ਪੀਰ ਪੈਗ਼ੰਬਰ ਕਲਜੁਗ ਅੰਤ ਕੋਈ ਨਾ ਦੀਸ । ਨਿਹਕਲੰਕ ਪ੍ਰਭ ਸਾਚਾ, ਛਤਰ ਝੁਲਾਵੇ ਸੀਸ । ਮਹਾਰਾਜ ਸ਼ੇਰ ਸਿੰਘ ਅੰਤਕਾਲ ਕਲਜੁਗ ਮਿਟਾਏ, ਕਰ ਬੀਸ ਇਕੀਸ । ਕੁਰਾਨ ਕੁਰ੍ਹਾ ਆਪ ਪ੍ਰਭ ਦੇ ਮਿਟਾ । ਬੱਤੀ ਸਪਾਰੇ ਜੋ ਮੁਹੰਮਦ ਗਿਆ ਲਿਖਾ । ਪਰਗਟ ਜੋਤ ਨਿਹਕਲੰਕ ਪਕੜ ਪਹਾੜੋਂ ਚਰਨੀਂ ਲਵੇ ਲਾ । ਮਿਸ਼ਰ ਨਿਵਾਹੀ ਮੁਹੰਮਦ ਹਜ਼ਰਤ ਮੁਹੰਮਦੀ, ਅੰਤਕਾਲ ਖ਼ਾਕ ਗੋਦੀ ਜਾਏ ਸਵਾ । ਕਲਜੁਗ ਪਰਗਟ ਮਹਾਰਾਜ ਸ਼ੇਰ ਸਿੰਘ ਬੇਮੁਖ ਖਪਾਏ, ਵਿਚ ਉਲਟੀ ਮਤਿ ਵਸਾ । ਗਿਆ ਮੁਹੰਮਦ ਮਿਟ ਜਾਇਣ ਮੁਹੰਮਦੀ । ਹਸਨ ਹੁਸੈਨ ਨਾ ਰਹੇ ਅਹਿਮਦੀ । ਮਿਟ ਜਾਏ ਨਾਮ ਤੇਰਾ ਅਲੀ ਸ਼ਾਹ, ਨਾ ਰਹੇ ਤੇਰੀ ਰਾਮ ਦੀ । ਨਿਹਕਲੰਕ ਪਰਗਟ ਅਵਤਾਰ, ਧਰ ਜੋਤ ਕ੍ਰਿਸ਼ਨਾ ਸ਼ਾਮ ਦੀ । ਉਪਾਏ ਕਲ ਖਪਾਏ ਅੰਤ । ਕੋਈ ਨਾ ਜਾਣੇ ਕੀ ਕਰੇ ਭਗਵੰਤ । ਸ਼ਬਦ ਵਖਾਣੇ ਕੋਈ ਨਿਰਮਲ ਸੰਤ । ਕਲਜੁਗ ਭੁੱਲੇ ਬੇਮੁਖ ਜੰਤ । ਮਹਾਰਾਜ ਸ਼ੇਰ ਸਿੰਘ ਕਲੰਕਨਿਹ ਸਰਬ ਗੁਣਵੰਤ । ਮੂਸਾ ਈਸਾ ਪ੍ਰਭ ਕਲ ਉਪਾਇਆ । ਕਲਜੁਗ ਅੰਤਮ ਕਰਨ ਦਾ ਖੇਲ ਰਚਾਇਆ । ਭਗਤ ਵਛਲ ਗਊ ਧੇਨ ਬੇਮੁਖਾਂ ਆਹਾਰ ਬਣਾਇਆ । ਕਲਜੁਗ ਜਾਮਾ ਧਾਰ, ਨਿਹਕਲੰਕ ਬੇਮੁਖਾਂ ਆਣ ਖਪਾਇਆ । ਗਿਆ ਅਥਰਬਣ ਅੱਲ੍ਹਾ ਵੇਦ । ਕਲਜੁਗ ਪਰਗਟ ਨਿਹਕਲੰਕ ਸਭ ਖੁਲ੍ਹਾਏ ਭੇਦ । ਪਹਿਲੇ ਸ਼ਬਦ ਲਿਖਾਏ, ਫਿਰ ਸ੍ਰਿਸ਼ਟ ਕਰਾਏ ਖੇਦ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਨਾ ਕਿਸੇ ਜਣਾਵੇ ਭੇਦ । ਆਪ ਅਭੇਦ ਜਗਤ ਪ੍ਰਭ ਭੇਦਾ । ਚਾਰ ਜੁਗ ਵਰਤੇ ਵਰਤੇ ਪ੍ਰਭ ਵਿਚ ਚਾਰ ਵੇਦਾ । ਚੌਥਾ ਵੇਦ ਆਇਆ ਕਲਜੁਗ ਅਥਰਬਣ, ਨਿਹਕਲੰਕ ਖੇਲ ਅਚਰਜ ਅਚਰਜ ਖੇਲ ਜਗਤ ਵਿਚ ਖੇਦਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਜਾਮਾ ਧਰੇ ਅਛਲ ਅਛੇਦਾ । ਜਾਮਾ ਧਾਰੇ ਵਿਚ ਘਨਕਪੁਰੀ । ਧਾਰੇ ਜੋਤ, ਬੇਮੁਖ ਜੀਵਾਂ ਨਾ ਦੀਸੇ ਧਾਏ ਦੂਰੀ । ਮਾਰ ਪਛਾੜੇ, ਸਾਚੀ ਪ੍ਰੀਤ ਨਾ ਸੰਗ ਪ੍ਰਭ ਜੁੜੀ । ਮਹਾਰਾਜ ਸ਼ੇਰ ਸਿੰਘ ਕਲਜੁਗ ਅੰਤ ਝੂਠੇ ਧੰਦੇ ਝੂਠੀ ਦੁਨੀਆ ਸਾਰੀ ਰੁੜ੍ਹੀ । ਝੂਠੇ ਧੰਦੇ ਝੂਠੇ ਮਾਨਸ । ਪ੍ਰਭ ਸਿਮਰਨ ਕਾ ਕੀਆ ਆਲਸ । ਕੋਈ ਜਨ ਵਿਰਲਾ ਆਤਮ ਖਾਲਸ । ਨਿਹਕਲੰਕ ਰਸਨਾ ਜਪ ਜੀਵ, ਤੇਰੇ ਮਨ ਹੋਏ ਨਾ ਆਲਸ । ਮਹਾਰਾਜ ਸ਼ੇਰ ਸਿੰਘ ਅੰਤਕਾਲ ਗੁਰਸਿਖ ਤੇਰਾ ਬਣ ਜਾਏ ਸਾਲਸ । ਆਇਆ ਪ੍ਰਭ ਜਗਤ ਵਿਹਾਰੀ । ਕਲਜੁਗ ਪੈਗ਼ੰਬਰ ਈਸਾ ਮੂਸਾ ਕਰੇ ਖੁਆਰੀ । ਜਾਮਾ ਧਾਰ ਨਿਹਕਲੰਕ, ਜੋਤ ਸਰੂਪ ਸ੍ਰਿਸ਼ਟ ਸੰਘਾਰੀ । ਅਗਨ ਜੋਤ ਦਿਸ਼ਾ ਪੱਛਮ ਪ੍ਰਭ ਲਾਏ ਜੋਤ ਚਿੰਗਾਰੀ । ਮਹਾਰਾਜ ਸ਼ੇਰ ਸਿੰਘ ਤੇਰੇ ਨਾਮ,

ਚਾਰ ਕੁੰਟ ਹੋਵੇ ਜੈ ਜੈ ਜੈਕਾਰੀ । ਮਿਟੇ ਈਸਾ ਨਾ ਰਹੇ ਅਸੀਲਾ । ਜੋਤ ਸਰੂਪੀ ਪ੍ਰਭ ਅੰਤ ਕਰਨ ਦਾ ਕੀਆ ਹੀਲਾ । ਝੂਠਾ ਜਾਮ ਪਿਆਏ, ਦੇਹ ਆਤਮ ਜੋਤ ਲਗਾਈ ਤੀਲਾ । ਮਹਾਰਾਜ ਸ਼ੇਰ ਸਿੰਘ ਨਾਮ ਨਿਹਕਲੰਕ ਰਖਾ ਗਿਆ, ਬੈਠ ਗੁਰ ਗੋਬਿੰਦ ਘੋੜਾ ਨੀਲਾ । ਨੀਲੇ ਘੋੜੇ ਬੈਠ, ਗੋਬਿੰਦ ਕਰੀ ਪੁਕਾਰ । ਕੱਚੀ ਛੱਡੀ ਅਨੰਦਪੁਰ, ਸਿੱਖਾ ਦਵਾਈ ਹਾਰ । ਕਲਜੁਗ ਅੰਤ ਕਰਨ ਨੂੰ, ਪ੍ਰਭ ਪਰਗਟੇ ਨਿਹਕਲੰਕ ਅਵਤਾਰ । ਸਾਚਾ ਗੁਰ ਸ਼ਬਦ ਲਿਖਾ ਗਿਆ, ਸਾਚੀ ਸੁਣ ਪ੍ਰਭ ਪੁਕਾਰ । ਕਲਜੁਗ ਵੇਲਾ ਅੰਤ ਆ ਗਿਆ, ਪ੍ਰਭ ਕਰੇ ਜੋਤ ਆਕਾਰ । ਜਾਮਾ ਘਨਕਪੁਰੀ ਵਿਚ ਧਾਰ ਕੇ, ਨਿਹਕਲੰਕ ਲਿਆ ਅਵਤਾਰ । ਮਹਾਰਾਜ ਸ਼ੇਰ ਸਿੰਘ ਨਾਮ ਰਖਾਇਕੇ, ਛੱਡੀ ਦੇਹ ਕੀਆ ਜੋਤ ਆਕਾਰ । ਵਿਚ ਸਾਚੇ ਸਿੱਖ ਜੋਤ ਟਿਕਾਇਕੇ, ਸਾਚਾ ਭਗਤ ਧਰੇ ਪਿਆਰ । ਕਲਜੁਗ ਅੰਤਮ ਅੰਤ ਕਰਾਇਕੇ, ਸਤਿਜੁਗ ਸਾਚਾ ਸਚ ਧਰੇ ਪਿਆਰ । ਸਤਿਗੁਰ ਮਨੀ ਸਿੰਘ ਤਖ਼ਤ ਬਿਠਾਇਕੇ, ਸਤਿਜੁਗ ਤਿਲਕ ਲਗਾਏ ਆਪ ਦਾਤਾਰ । ਚਾਰ ਵਰਨ ਚਰਨ ਲਗਾਇਕੇ, ਚਾਰ ਕੁੰਟ ਸੋਹੰ ਸ਼ਬਦ ਹੋਵੇ ਜੈ ਜੈ ਜੈਕਾਰ । ਆਪਣਾ ਜੋਤ ਸਰੂਪੀ ਭੇਖ ਵਟਾਇਕੇ, ਵਰਤੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਜਗਾਇਕੇ, ਗੁਰਸਿਖਾਂ ਬੇੜਾ ਕਰ ਜਾਏ ਪਾਰ । ਹੁਕਮੇ ਤੇਰੇ ਸੱਤਰ ਲੱਖ । ਚਾਰ ਚੁਫੇਰ ਪਰਭਾਸ ਰੋਵਣ ਕੱਖ । ਕਲਜੁਗ ਅੰਧੇਰ ਜਿਉਂ ਚੰਦ ਰਾਤ ਮੱਸ । ਹਾਹਾਕਾਰ ਚਾਰ ਚੁਫੇਰ, ਸ਼ਬਦ ਬਾਣ ਪ੍ਰਭ ਮਾਰਿਆ ਕਸ । ਸਾਚਾ ਪ੍ਰਭ ਪਰਗਟੇ ਨਾ ਲਾਏ ਡੇਰ, ਸਾਧ ਸੰਗਤ ਬਚੇ ਸੋ ਜੋ ਜਨ ਚਰਨੀਂ ਆਵੇ ਨੱਸ । ਆਪ ਅਡੋਲ ਰਹੇ ਬੈਠ, ਸਰਬ ਸ੍ਰਿਸ਼ਟ ਹੋਈ ਭਸ । ਜੁਗ ਚੌਵੀਏ ਨਿਹਕਲੰਕ ਪਾਇਆ ਫੇਰਾ, ਜਗ ਆਪਣਾ ਜਾਏ ਦੱਸ । ਵੱਡਾ ਜਾਮਾ ਵਿਚ ਦੇਹ ਧਾਰੀ ਨਿਹਕਲੰਕ । ਏਕਾ ਜੋਤੀ ਸਾਚੇ ਆਵੇ, ਜਗਤ ਭੇਖ ਕਰ ਅਨਕ । ਜੁਗੋ ਜੁਗ ਭੇਖ ਪ੍ਰਭ ਧਾਰੇ, ਧਰੇ ਜੋਤ ਵਿਚ ਜੀਵ ਕਨਕ । ਚੌਥੇ ਜੁਗ ਪ੍ਰਭ ਆਇਆ, ਜੋਤ ਸਰੂਪ ਪੁਰੀ ਵਿਚ ਘਨਕ । ਕਲਜੁਗ ਉਤਮ ਸੋਹੰ ਸ਼ਬਦ ਸੁਣਾਇਆ, ਜਨ ਵਿਰਲੇ ਹਿਰਦੇ ਰੱਖੇ ਮਣਕ । ਵਰਤੇ ਕਹਿਰ ਕਹਿਰ ਅੰਧੇਰੀ । ਨਿਹਕਲੰਕ ਕਲ ਵਾਰੀ ਤੇਰੀ । ਪੈ ਜਾਏ ਦੁਹਾਈ ਨਾ ਲੱਗੇ ਦੇਰੀ । ਸਾਚਾ ਪ੍ਰਭ ਕਲਜੁਗ ਪਰਗਟ, ਨਾ ਕਰੇ ਹੇਰਾ ਫੇਰੀ । ਮਹਾਰਾਜ ਸ਼ੇਰ ਸਿੰਘ ਜੀਵ ਕੀ ਜਾਣੇ ਗਤ ਤੇਰੀ । ਨਾ ਜਾਣੇ ਜੀਵ, ਨਾ ਜਣਾਏ ਪ੍ਰਭ । ਬੇਮੁਖ ਵਸ ਨਹੀਂ ਕੁਛ, ਜਿਉਂ ਕੱਲਰ ਵਿਚ ਦੱਬ । ਭਗਤ ਵਖਾਣੇ ਗੁਣ ਨਿਧਾਨੇ, ਦਰ ਤੇਰਾ ਗਿਆ ਲਭ । ਮਹਾਰਾਜ ਸ਼ੇਰ ਸਿੰਘ ਤੇਰੇ ਭਾਣੇ, ਜਗਤ ਅੰਧੇਰੀ ਕਹਿਰ ਜਾਏ ਵਗ । ਵਰਤੇ ਕਹਿਰ, ਉਲਟੇ ਵਹਿਣ ਦਰਿਆ । ਏਕਾ ਪਹਿਰ ਏਕਾ ਲਹਿਰ, ਭੈਣ ਤਾਂਈ ਛੱਡ ਜਾਇਣ ਭਰਾ । ਹਿੰਦਵਾਣੀਆਂ ਮੁਗਲਾਣੀਆਂ ਆਵਣ ਜਾਵਣ ਵਾਹੋ ਦਾ । ਭਾਣਾ ਵਰਤੇ ਨਿਹਕਲੰਕ ਤੇਰਾ, ਕੋਈ ਰਹੇ ਨਾ ਆਪਣੇ ਥਾਂ । ਮਾਰੇ ਮਾਰ ਉਜਾੜੇ, ਚਾਰ ਕੁੰਟ ਜੀਵ ਜੰਤ ਉਖਾੜੇ । ਨਾਰੀਆਂ ਰੋਵਣ ਨਾ ਦਿਸਣ ਲਾੜੇ । ਰੋਵਣ ਮਾਵਾਂ ਗੋਦੀ ਖਾਲੀ, ਅੰਤ ਹੋਏ ਦਿਨ ਮਾੜੇ । ਬੇਮੁਖ ਰੋਏ ਅੰਤਕਾਲ, ਕਲਜੁਗ ਅਗਨ ਜੋਤ ਪ੍ਰਭ ਸਾੜੇ । ਜਾਮਾ ਧਾਰ ਨਿਹਕਲੰਕ, ਸਭ ਸ੍ਰਿਸ਼ਟ ਭਜਾਏ ਦਿਨ ਦਿਹਾੜੇ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਸਾਚੀ ਰੰਗਣ ਨਾਮ ਇਕ ਚਾੜ੍ਹੇ । ਦਰ ਦਰ ਘਰ ਘਰ ਪੈ ਜਾਏ ਦੁਹਾਈ । ਨਰ ਨਰ ਵਰ ਵਰ ਰੋਵੇ ਲੋਕਾਈ । ਕਲਜੁਗ ਅੰਤਮ ਸਤਿਜੁਗ ਵਾਸੀ ਦੇਵੇ ਪਾ ਦੁਹਾਈ । ਮਹਾਰਾਜ ਸ਼ੇਰ ਸਿੰਘ ਸੋ ਜਨ ਉਧਰੇ, ਜੋ ਆਏ ਤੇਰੀ ਸਰਨਾਈ । ਮਾਰ ਮਾਰ ਮਾਰ ਪ੍ਰਭ ਸ਼ਬਦ ਬਾਣ ਜਗ ਮਾਰਿਆ । ਤਾਰ ਤਾਰ ਤਾਰ ਪ੍ਰਭ ਜਨ ਭਗਤਾਂ ਸ਼ਬਦ ਗਿਆਨ ਸੰਗ ਤਾਰਿਆ । ਖੁਆਰ ਖੁਆਰ ਖੁਆਰ

ਕਰ, ਕਲਜੁਗ ਜੀਵ ਸੰਘਾਰਿਆ । ਅਧਾਰ ਅਧਾਰ ਅਧਾਰ ਕਰ, ਕਰ ਕਿਰਪਾ ਸਾਚਾ ਗੁਰਸਿਖ ਉਧਾਰਿਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਰਸਨਾ ਸਾਚਾ ਸੋਹੰ ਸ਼ਬਦ ਉਚਾਰਿਆ । ਸੋਹੰ ਸ਼ਬਦ ਜਗਤ ਪਰਵੇਸ਼ । ਸਾਚੇ ਸਾਹਿਬ ਕੋ ਸਦਾ ਆਦੇਸ । ਕਲਜੁਗ ਅਚਰਜ ਕੀਆ ਭੇਸ । ਮਹਾਰਾਜ ਸ਼ੇਰ ਸਿੰਘ ਤੇਰਾ ਊਚਾ ਦਰ, ਦਰ ਖੜ੍ਹੇ ਲੱਖ ਮਹੇਸ਼ । ਲੱਖ ਵਿਸ਼ਨ ਮਹੇਸ਼ ਤੇਰਾ ਦਰਸ ਪਾਇਣ । ਬਾਸ਼ਕ ਸੀਸ ਸਹੰਸਰ, ਮੁਖ ਰਸਨਾ ਨਾਮ ਤੇਰਾ ਗਾਇਣ । ਊਚਾ ਦਰ ਤੇਰਾ ਨਿਹਕਲੰਕ ਗੁਰਮੁਖ ਆਸ ਪੁਜਾਇਣ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਗੁਰਸਿਖ ਭੇਵ ਕਲ ਪਾਇਣ । ਪੇਖ ਪੇਖ ਪੇਖ ਜੀਵ ਮਿਟੇ ਭੇਖ । ਘਨਕਪੁਰ ਵਾਸੀ ਸਾਚੇ ਲਿਖਾਏ ਲੇਖ । ਕਲਜੁਗ ਜਾਮਾ ਧਾਰ ਗੁਰਸਿਖ ਮੇਟ ਵਖਾਏ ਲਿਖੀ ਵਿਧਾਤਾ ਰੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚਰਨੀਂ ਲਗ ਜੀਵ ਜਗਤ ਨਾ ਵੇਖ । ਜਗਤ ਭੁਲੇਵਾ ਪ੍ਰਭ ਭਰਮ ਦਾ । ਗੁਰਸਿਖ ਚਰਨ ਪ੍ਰੀਤੀ ਕਰ, ਨਹੀਂ ਵੇਲਾ ਹੁਣ ਸ਼ਰਮ ਦਾ । ਪ੍ਰਭ ਸਾਚੀ ਨੀਤੀ ਦੇਵੇ ਫਲ ਦੇਵੇ ਪੂਰਬ ਕਰਮ ਦਾ । ਕਰ ਕਿਰਪਾ ਚਰਨ ਪ੍ਰੀਤੀ ਦੇਵ, ਦੁਖ ਲਾਹਵੇ ਸਾਰੇ ਜਨਮ ਦਾ । ਮਹਾਰਾਜ ਸ਼ੇਰ ਸਿੰਘ ਕਲ ਨਿਹਕਲੰਕ ਸਤਿ ਕਰ ਮਾਣ, ਨਾ ਵੇਲਾ ਅੰਤ ਭਰਮ ਦਾ । ਭੁਲੇਖਾ ਭਰਮ ਜੀਵ ਮਾਨਸ ਗਵਾਏ ਜਨਮ । ਪਰਗਟ ਜੋਤ ਪ੍ਰਭ ਕੀਆ ਕਰਮ । ਮਹਾਰਾਜ ਸ਼ੇਰ ਸਿੰਘ ਸਚ ਸਤਿਜੁਗ ਉਪਜਾਵੇ, ਸਚ ਆਪਣਾ ਚਲਾਵੇ ਧਰਮ । ਸਾਚਾ ਧਰਮ ਸਤਿ ਸਤਿਜੁਗ ਰਹਿਣਾ । ਸਤਿ ਵਡਿਆਈ ਦੇਵੇ ਪ੍ਰਭ, ਵਿਚ ਸਾਧ ਸੰਗਤ ਮਿਲ ਬਹਿਣਾ । ਸਾਧ ਸੰਗਤ ਸਭ ਕੀ ਜੋਤ, ਜਨ ਮੰਨ ਭਾਈ ਭੈਣਾਂ । ਮਹਾਰਾਜ ਸ਼ੇਰ ਸਿੰਘ ਸਤਿ ਬਚਨ ਲਿਖਾਏ, ਸਤਿ ਸਾਧ ਸੰਗਤ ਮੰਨ ਲੈਣਾ । ਜੋ ਨਾ ਮੰਨੇ, ਨਾ ਰਾਖੇ ਭਾਉ । ਸਾਚਾ ਪ੍ਰਭ ਨਾ ਲਾਗੇ ਦਾਉ । ਆਪਣਾ ਕੀਆ ਜੀਵ ਅੰਤ ਫਲ ਆਪੇ ਖਾਉ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਦਰਗਹਿ ਸਾਚੀ ਕਰੇ ਨਿਆਉਂ । ਸਾਚੀ ਦਰਗਹਿ ਪ੍ਰਭ ਸਦਾ ਖੜ੍ਹਾ ਹਜ਼ੂਰ । ਬੇਮੁਖ ਭਰ ਭਰ ਡੋਬੇ ਪੂਰ । ਸਾਧ ਸੰਗਤ ਪ੍ਰਭ ਆਸਾ ਪੂਰ । ਆਤਮ ਧਰੇ ਜੋਤ ਸਰੂਪੀ ਸਾਚਾ ਨੂਰ । ਮਹਾਰਾਜ ਸ਼ੇਰ ਸਿੰਘ ਤੇਰਾ ਸਾਚਾ ਨਾਮ, ਨਾ ਤੁੱਟੇ ਕਦੇ ਸਰੂਰ । ਸਾਚਾ ਨਾਮ ਸਾਚੀ ਰਾਸ । ਸਾਚਾ ਪ੍ਰਭ ਵਿਚ ਆਤਮ ਸਾਚੀ ਵਾਸ । ਜਨ ਭਗਤਾਂ ਪ੍ਰਭ ਹੋਏ ਰਹੇ ਸਦ ਦਾਸ । ਪਰਗਟੇ ਜੋਤ ਜਨ ਦੋਏ ਜੋੜ ਕਰੇ ਅਰਦਾਸ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਤੇਰੇ ਹਿਰਦੇ ਕੀਆ ਨਿਵਾਸ । ਹਿਰਦੇ ਵਸੇ ਪ੍ਰਭ ਵਸਨੀਕ । ਹੰਕਾਰੀਆਂ ਪ੍ਰਭ ਤਾਰਦੇ ਜਿਉਂ ਤਾਰੇ ਬਾਲਮੀਕ । ਸਾਚਾ ਸ਼ਬਦ ਗਿਆਨ ਦੇ, ਆਤਮ ਸਾਚੀ ਪਾਵੇ ਭੀਖ । ਮਹਾਰਾਜ ਸ਼ੇਰ ਸਿੰਘ ਤੇਰਾ ਸਾਚਾ ਅੰਮ੍ਰਿਤ, ਰਸਨਾ ਰਸ ਮਾਣੇ ਜੀਵ ਰਸਨਾ ਪੀਖ । ਪੀਵਤ ਪੀਵਤ ਪੀਵਤ ਆਤਮ ਤ੍ਰਿਪਤਾਸਿਆ । ਜੀਵਤ ਜੀਵਤ ਜੀਵਤ ਗੁਰਸਿਖ ਨਾ ਕਦੇ ਵਿਨਾਸਿਆ । ਦੀਪਕ ਦੀਪਕ ਦੀਪਕ ਜੋਤ ਧਰੇ ਪ੍ਰਭ ਅਬਿਨਾਸ਼ਿਆ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਰਖ ਗੁਰਸਿਖ ਚਰਨ ਧਰਵਾਸਿਆ । ਚਰਨ ਧਰਵਾਸ ਮਿਲੇ ਧਰਮਾਪਤ । ਸਰਬ ਜੀਵ ਕੀ ਜਾਣੈ ਪ੍ਰਭ ਮਿਤ ਗਤਿ । ਆਤਮ ਸ਼ਬਦ ਉਪਜਾਵੇ ਸਤਿ ਸਤਿ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਅੰਤਕਾਲ ਕਲਜੁਗ ਰੱਖੇ ਪਤਿ । ਪਤਿਪਰਮੇਸ਼ਵਰ ਸਰਬ ਕਲ ਪਰੀ ਪੂਰਨ । ਸ਼ਬਦ ਲਿਖਾਏ ਸਚ, ਨਾ ਰਸਨਾ ਸ਼ਬਦ ਅਧੂਰਨ । ਗੁਰਸਿਖਾਂ ਜੋਤ ਜਗਾਈ ਰੰਗ ਚੜ੍ਹਾਈ ਪ੍ਰਭ ਚਰਨ ਧੂੜਨ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਹਿਰਦੇ ਵਸੇ ਨਾ ਵੇਖ ਜੀਵ ਦੂਰਨ । ਦੂਰ ਨਾ ਦੀਸੇ ਪ੍ਰਭ ਦਿਆਲੂ । ਹਿਰਦੇ ਪਰਵੇਸ਼ੇ ਸਰਬ ਕਿਰਪਾਲੂ । ਆਤਮ ਜੋਤ ਸਰੂਪੀ ਭੇਸੇ, ਨਾ ਕਰੇ ਕੋਈ

ਵਸਾਲੂ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਜਗਤ ਭਗਤ ਸਰਬ ਪ੍ਰਿਤਪਾਲੂ । ਜਗਤ ਪਿਤ ਤੇਰੀ ਸਰਨਾਇਆ । ਭੈ ਭਿਆਨਕ ਵਰਤੇ ਕਲ, ਦਰ ਸਾਚਾ ਦਿਸ ਨਾ ਆਇਆ । ਅੰਤ ਵੇਲਾ ਨਾ ਜਾਏ ਟਲ, ਜੀਵ ਲੱਖ ਉਪਾਵ ਬਣਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਧੁਰਦਰਗਾਹੋਂ ਆਇਆ ਚਲ, ਜਿਸ ਅੰਤਮ ਖੇਲ ਰਚਾਇਆ । ਆਇਆ ਈਸ਼ਵਰ ਵਿਚੋਂ ਸਚਖੰਡ । ਸ੍ਰਿਸ਼ਟ ਸਬਾਈ ਹੋਵੇ ਰੰਡ । ਚਾਰ ਕੁੰਟ ਪੈ ਜਾਏ ਡੰਡ । ਨਿਹਕਲੰਕ ਜੋਤ ਧਰੀ ਵਿਚ ਵਰਭੰਡ । ਸ਼ਬਦ ਅੰਧੇਰੀ ਕਲਜੁਗ ਜੀਵ ਜਾਏ ਛੰਡ । ਸਾਚਾ ਸ਼ਬਦ ਅਧਾਰ, ਪ੍ਰਭ ਗੁਰਮੁਖਾਂ ਜਾਏ ਵੰਡ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਗੁਰ ਕਲਜੁਗ ਜੋਤ ਪਰਚੰਡ । ਚੰਡ ਪਰਚੰਡ ਪ੍ਰਭ ਤੇਰੀ ਜੋਤ । ਏਕ ਸ਼ਬਦ ਲਗਾਵੇ ਜਗ ਚੋਟ । ਦੁਖੀ ਜੀਵ ਬਿਲਲਾਏ ਜਿਉਂ ਡਿੱਗੇ ਆਲਣੇ ਬੋਟ । ਮਹਾਰਾਜ ਸ਼ੇਰ ਸਿੰਘ ਤੇਰਾ ਖੁਲ੍ਹਾ ਦਰ, ਦਰ ਆਇਣ ਪਾਪੀ ਕੋਟ । ਦਰ ਦਰ ਪ੍ਰਭ ਦਰ ਦਵਾਰ । ਕਿਰਪਾ ਕਰ ਪ੍ਰਭ ਅੰਤ ਦੇਵੇ ਤਾਰ । ਕਲਜੁਗ ਦੱਸੇ ਸਾਚੀ ਬਿਧ, ਜੀਵ ਬੇੜਾ ਹੋ ਜਾਏ ਪਾਰ । ਸੋਹੰ ਸ਼ਬਦ ਮਾਰਗ ਸਿਧ, ਕਲਜੁਗ ਜੀਵ ਨਾ ਹੋਏ ਖੁਆਰ । ਰਸਨਾ ਜਪ ਆਤਮ ਜਾਏ ਵਿਧ, ਖੁਲ੍ਹ ਜਾਏ ਦਸਮ ਦਵਾਰ । ਘਰ ਪਾਵੇ ਨੌਂ ਨਿਧ, ਨਾ ਹੋਵੇ ਜਗਤ ਖੁਆਰ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਦੇਵੇ ਸੋਹੰ ਸ਼ਬਦ ਅਧਾਰ । ਸਾਚਾ ਸ਼ਬਦ ਸਚ ਸੰਗੀਤ । ਨਿਹਕਲੰਕ ਸਾਚੀ ਤੇਰੇ ਚਰਨ ਪ੍ਰੀਤ । ਚਰਨ ਲਾਗ ਜੀਵ ਸਦਾ ਅਤੀਤ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਚਾਰ ਵਰਨ ਤੇਰੇ ਗਾਵੇ ਰਸਨਾ ਗੀਤ । ਸਾਚਾ ਗੀਤ ਕਲਜੁਗ ਗੋਬਿੰਦ । ਬੇਮੁਖ ਕਲਜੁਗ ਰਹੇ ਭਵਿੰਦ । ਆਇਣ ਦਰ ਕਰ ਜਾਇਣ ਨਿੰਦ । ਚਰਨ ਲਾਗ ਕਲਜੁਗ ਪ੍ਰਭ ਪਰਗਟੇ ਬਖ਼ਸ਼ਿੰਦ । ਅੰਮ੍ਰਿਤ ਰਸ ਪੀਓ ਪ੍ਰਭ ਵਰਖਾਏ ਅੰਮ੍ਰਿਤ ਨੀਰ ਸਿੰਧ । ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ, ਕਲਜੁਗ ਪਰਗਟਿਆ ਮਰਗਿੰਦ । ਉਠ ਜੀਵ ਜਾਗ, ਕਿਉਂ ਵਕਤ ਵਿਹਾਇਆ । ਉਠ ਜੀਵ ਜਾਗ, ਵੇਲਾ ਪ੍ਰਭ ਮਿਲਣ ਦਾ ਆਇਆ । ਉਠ ਜੀਵ ਜਾਗ, ਪ੍ਰਭ ਚਾਰ ਕੁੰਟ ਅਗਨ ਜੋਤ ਜਲਾਇਆ । ਉਠ ਜੀਵ ਜਾਗ, ਬੇਮੁਖਾਂ ਹਾਹਾਕਾਰ ਮਚਾਇਆ । ਉਠ ਜੀਵ ਜਾਗ, ਕਿਉਂ ਜਗਤ ਸ਼ਰਮਾਇਆ । ਉਠ ਜੀਵ ਜਾਗ, ਪ੍ਰਭ ਲਾਹੇ ਕਲਜੁਗ ਮਾਇਆ । ਉਠ ਜੀਵ ਜਾਗ, ਵੇਲਾ ਅੰਤ ਅੰਤ ਦਾ ਆਇਆ । ਉਠ ਜੀਵ ਜਾਗ, ਥਿਰ ਘਰ ਵਾਸੀ ਵਿਚ ਮਾਤ ਦੇ ਆਇਆ । ਉਠ ਜੀਵ ਜਾਗ, ਪ੍ਰਭ ਪੜ ਸ਼ਰਨਾਇਆ । ਉਠ ਜੀਵ ਜਾਗ, ਰੈਣ ਸੌਂ ਕੇ ਵਕ਼ਤ ਲੰਘਾਇਆ । ਉਠ ਜੀਵ ਜਾਗ, ਜੁਗ ਚੌਥੇ ਨਿਹਕਲੰਕ ਜਗ ਆਇਆ । ਉਠ ਜੀਵ ਜਾਗ, ਕਿਉਂ ਸੋਏ ਭਾਗ ਆਪਣਾ ਆਪ ਭੁਲਾਇਆ । ਉਠ ਜੀਵ ਜਾਗ, ਨਿਹਕਲੰਕ ਹਥ ਪਕੜੀ ਸ੍ਰਿਸ਼ਟ ਵਾਗ, ਕਿਉਂ ਸਾਚਾ ਪ੍ਰਭ ਭੁਲਾਇਆ । ਉਠ ਗੁਰਮੁਖ ਜਾਗ, ਪ੍ਰਭ ਸਾਚਾ ਸ਼ਬਦ ਸੁਣਾਵੇ ਰਾਗ, ਬੇਮੁਖਾਂ ਕਲਜੁਗ ਸੁਆਇਆ । ਉਠ ਜੀਵ ਜਾਗ, ਸੁਣ ਸ਼ਬਦ ਅਹਿਲਾਦ, ਪ੍ਰਭ ਕਲਜੁਗ ਨਾਦ ਵਜਾਇਆ । ਉਠ ਜੀਵ ਜਾਗ, ਵੇਖ ਕੀ ਵਰਤੇ ਬ੍ਰਹਿਮਾਦ, ਪ੍ਰਭ ਤੀਨ ਲੋਕ ਉਲਟਾਇਆ । ਮਿਟੇ ਜਨਮ ਬਿਆਧ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਦਰ ਆਇਆ । ਨਿਹਕਲੰਕ ਭਾਰਤ ਪ੍ਰਭ ਸਾਚਾ ਭੂਪ । ਚਾਰ ਵਰਨ ਪਰੋਏ ਇਕ ਸੂਤ । ਧਰਤੀ ਮਾਤ ਵਰਨ ਚਾਰ ਵਰ ਦੇ, ਕਰਾਏ ਦੇ ਇਕ ਪੂਤ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ ਜੋਤ ਨਿਹਕਲੰਕ ਬਿਨ ਰੂਪ । ਰੂਪ ਨਾ ਦੀਸੇ ਨਿਹਕਲੰਕ, ਵਰਤੇ ਵਿਚ ਸੰਸਾਰ । ਰੂਪ ਨਾ ਦੀਸੇ ਨਿਹਕਲੰਕ, ਸੋਹੰ ਸ਼ਬਦ ਕਰਾਏ ਜੈ ਜੈ ਜੈਕਾਰ । ਰੂਪ ਨਾ ਦੀਸੇ ਨਿਹਕਲੰਕ, ਸ਼ਬਦ ਲਿਖਾਵੇ ਅਗੰਮ ਅਪਾਰ । ਰੂਪ ਨਾ ਦੀਸੇ ਨਿਹਕਲੰਕ, ਗੁਰਮੁਖਾਂ ਦੇਵੇ

ਦਰਸ ਅਪਾਰ । ਰੂਪ ਨਾ ਦੀਸੇ ਨਿਹਕਲੰਕ, ਕਲ ਆਇਆ ਧਰ ਜੋਤ ਅਪਾਰ । ਰੂਪ ਨਾ ਦੀਸੇ ਨਿਹਕਲੰਕ, ਝੂਠੀ ਮਾਇਆ ਪਾਈ ਸੰਸਾਰ । ਰੂਪ ਨਾ ਦੀਸੇ ਨਿਹਕਲੰਕ, ਰਸਨਾ ਲੱਗਾ ਮਦਿ ਮਾਸ ਆਹਾਰ । ਰੂਪ ਨਾ ਦੀਸੇ ਨਿਹਕਲੰਕ, ਕਰਮ ਧਰਮ ਜੀਵ ਦੋਵੇਂ ਦਿਤੇ ਹਾਰ । ਰੂਪ ਨਾ ਦੀਸੇ ਨਿਹਕਲੰਕ, ਨਾ ਦੀਸੇ ਤੇਰਾ ਸਚ ਦਰਬਾਰ । ਸਤਿਜੁਗ ਛਤਰ ਝੁੱਲੇ ਤੇਰੇ ਸੀਸੇ, ਗੁਰਸਿਖਾਂ ਦੇਵੇ ਚਰਨ ਪਿਆਰ । ਜਗਾਈ ਜੋਤ ਨਿਹਕਲੰਕ, ਜਗਤ ਜਲਾਇਆ । ਜਗਾਈ ਜੋਤ ਨਿਹਕਲੰਕ, ਸ਼ਬਦ ਡੰਕ ਲਗਾਇਆ । ਜਗਾਈ ਜੋਤ ਨਿਹਕਲੰਕ, ਚਾਰ ਕੁੰਟ ਟੁੰਬ ਉਠਾਇਆ । ਜਗਾਈ ਜੋਤ ਨਿਹਕਲੰਕ, ਦੁਖ ਭੁਖ ਜਗਤ ਜੀਵ ਦੁਖਾਇਆ । ਜੋਤ ਜਗਾਈ ਨਿਹਕਲੰਕ, ਸੁਖ ਕਲ ਜੀਵ ਸਰਬ ਮਿਟਾਇਆ । ਜੋਤ ਜਗਾਈ ਨਿਹਕਲੰਕ, ਚਾਰ ਕੁੰਟ ਵਹੀਰ ਚਲਾਇਆ । ਜੋਤ ਜਗਾਈ ਨਿਹਕਲੰਕ, ਰਾਓ ਰੰਕ ਇਕ ਕਰਾਇਆ । ਜੋਤ ਜਗਾਈ ਨਿਹਕਲੰਕ, ਊਚ ਨੀਚ ਕੋਈ ਦਿਸ ਨਾ ਆਇਆ । ਜੋਤ ਜਗਾਈ ਨਿਹਕਲੰਕ, ਵਰਨ ਚਾਰ ਇਕ ਧਾਮ ਬਹਾਇਆ । ਜੋਤ ਜਗਾਈ ਨਿਹਕਲੰਕ, ਸੋਹੰ ਸਾਚਾ ਸ਼ਬਦ ਚਲਾਇਆ । ਜੋਤ ਜਗਾਈ ਨਿਹਕਲੰਕ, ਉਨੰਜਾ ਪਵਣ ਸਿਰ ਛਤਰ ਝੁਲਾਇਆ । ਜੋਤ ਜਗਾਈ ਨਿਹਕਲੰਕ, ਕਰੋੜ ਤੇਤੀਸ ਚਰਨ ਬਹਾਇਆ । ਜੋਤ ਜਗਾਈ ਨਿਹਕਲੰਕ, ਖੰਡ ਬ੍ਰਹਿਮੰਡ ਪ੍ਰਭ ਸ਼ਰਨ ਤਕਾਇਆ । ਜੋਤ ਜਗਾਈ ਨਿਹਕਲੰਕ, ਬੀਰ ਬੈਤਾਲ ਕੋਈ ਦਿਸ ਨਾ ਆਇਆ । ਜੋਤ ਜਗਾਈ ਨਿਹਕਲੰਕ, ਹਾਕਨ ਡਾਕਨ ਸਿਰ ਮੁੰਡਵਾਇਆ । ਜੋਤ ਜਗਾਈ ਨਿਹਕਲੰਕ, ਚਾਰ ਕੁੰਟ ਮਰਦੰਗ ਵਜਾਇਆ । ਜੋਤ ਜਗਾਈ ਨਿਹਕਲੰਕ, ਬੀਰ ਮੁਹੰਮਦ ਵਸ ਕਰਾਇਆ । ਜੋਤ ਜਗਾਈ ਨਿਹਕਲੰਕ, ਕੁਰਾਨ ਅੰਜੀਲ ਦੇ ਮਿਟਾਇਆ । ਜੋਤ ਜਗਾਈ ਨਿਹਕਲੰਕ, ਸਰਬੱਤ ਤੀਰਥਾਂ ਜੋਤ ਖਿਚਾਇਆ । ਜੋਤ ਜਗਾਈ ਨਿਹਕਲੰਕ, ਕੋਈ ਦੂਸਰ ਰਹਿਣ ਨਾ ਪਾਇਆ । ਜੋਤ ਜਗਾਈ ਨਿਹਕਲੰਕ, ਪੂਜਾ ਪਾਠ ਕਲਜੁਗ ਸਭ ਮਿਟਾਇਆ । ਜੋਤ ਜਗਾਈ ਨਿਹਕਲੰਕ, ਅੰਤਕਾਲ ਕਲਜੁਗ ਕੋਈ ਦੂਸਰ ਦਿਸ ਨਾ ਆਇਆ । ਜੋਤ ਜਗਾਈ ਨਿਹਕਲੰਕ, ਸਚ ਆਪਣਾ ਆਪ ਵਰਤਾਇਆ । ਜੋਤ ਜਗਾਈ ਨਿਹਕਲੰਕ, ਸਾਚਾ ਨਾਮ ਸਤਿਜੁਗ ਰਾਹ ਦਿਸਾਇਆ । ਜੋਤ ਜਗਾਈ ਨਿਹਕਲੰਕ, ਸਤਿਗੁਰ ਮਨੀ ਸਿੰਘ ਸਤਿਜੁਗ ਉਪਜਾਇਆ । ਜੋਤ ਜਗਾਈ ਨਿਹਕਲੰਕ, ਸਿਰ ਸਾਚਾ ਛਤਰ ਝੁਲਾਇਆ । ਜੋਤ ਜਗਾਈ ਨਿਹਕਲੰਕ, ਰਾਜਾ ਰਾਣਾ ਸਭ ਸ਼ਰਨੀ ਲਾਇਆ । ਜੋਤ ਜਗਾਈ ਨਿਹਕਲੰਕ, ਮਹਾਰਾਜ ਸ਼ੇਰ ਸਿੰਘ ਨਾਉਂ ਧਰਾਇਆ । ਕਰ ਜੋਤ ਆਕਾਰ ਨਿਹਕਲੰਕ ਪਰਕਾਸ਼ਿਆ । ਕਰ ਜੋਤ ਪਰਕਾਸ਼, ਕਲ ਸ੍ਰਿਸ਼ਟ ਕਰੇ ਸਭ ਨਾਸਿਆ । ਕਰ ਜੋਤ ਪਰਕਾਸ਼, ਕਰੇ ਸਭ ਰਾਓ ਦਾਸਨ ਦਾਸਿਆ । ਕਰ ਜੋਤ ਪਰਕਾਸ਼ ਨਿਹਕਲੰਕ, ਸਾਚਾ ਸ਼ਬਦ ਚਲਾਵੇ ਪ੍ਰਭ ਅਬਿਨਾਸਿਆ । ਕਰ ਜੋਤ ਪਰਕਾਸ਼ ਨਿਹਕਲੰਕ, ਸਾਧ ਸੰਗਤ ਪ੍ਰਭ ਕਰੇ ਨਿਵਾਸਿਆ । ਕਰ ਜੋਤ ਪਰਕਾਸ਼ ਨਿਹਕਲੰਕ, ਮਹਾਰਾਜ ਸ਼ੇਰ ਸਿੰਘ ਆਏ ਜਗ ਕਰ ਦਰਸ ਸਰਬ ਦੁਖ ਨਾਸਿਆ । ਧਰੀ ਜੋਤ ਪ੍ਰਭ ਜਗਤ ਗੰਭੀਰ । ਧਰੀ ਜੋਤ ਨਿਹਕਲੰਕ, ਗੁਰਸਿਖ ਪੂਰਨ ਸਤਿ ਸਤਿ ਸਰੀਰ । ਧਰੀ ਜੋਤ ਨਿਹਕਲੰਕ, ਸੋਹੰ ਸ਼ਬਦ ਰਸਨ ਚਲਾਏ ਤੀਰ । ਧਰੀ ਜੋਤ ਨਿਹਕਲੰਕ, ਬੇਮੁਖ ਨਾ ਬੰਨ੍ਹਣ ਧੀਰ । ਧਰੀ ਜੋਤ ਨਿਹਕਲੰਕ, ਵਿਚ ਹਉਮੈ ਲਾਈ ਪੀੜ । ਧਰੀ ਜੋਤ ਨਿਹਕਲੰਕ, ਬੇਮੁਖ ਦਿਤੇ ਰੁਲਾ ਲੱਥੇ ਚੀਰ । ਧਰੀ ਜੋਤ ਨਿਹਕਲੰਕ, ਕਰੇ ਕਲਜੁਗ ਅਖ਼ੀਰ । ਧਰੀ ਜੋਤ ਨਿਹਕਲੰਕ, ਬੇਮੁਖਾਂ ਕਰੇ ਸ਼ਾਂਤ ਸਰੀਰ । ਧਰੀ ਜੋਤ ਨਿਹਕਲੰਕ, ਹੋਏ ਸਹਾਈ ਵੇਲੇ ਭੀੜ । ਧਰੀ ਜੋਤ ਨਿਹਕਲੰਕ, ਵਡ ਪੀਰਾਂ ਪੀਰ । ਧਰੀ ਜੋਤ ਨਿਹਕਲੰਕ, ਮਹਾਰਾਜ ਸ਼ੇਰ ਸਿੰਘ ਗੁਣੀ ਗਹੀਰ । ਸਾਚਾ ਜਾਮਾ

ਨਿਹਕਲੰਕ, ਸਚਮ ਸਚ । ਸਾਚਾ ਜਾਮਾ ਨਿਹਕਲੰਕ ਝੂਠੀ ਦੁਨੀਆ ਜਾਏ ਮਚ । ਸਾਚਾ ਜਾਮਾ ਨਿਹਕਲੰਕ, ਬੇਮੁਖ ਕਲ ਕਚਨ ਕੱਚ । ਸਾਚਾ ਜਾਮਾ ਨਿਹਕਲੰਕ, ਝੂਠੇ ਰਾਜ ਰਾਗ ਘਰ ਦਿਸਣ ਕਚ । ਸਾਚਾ ਜਾਮਾ ਨਿਹਕਲੰਕ, ਜੋਤ ਸਰੂਪ ਪਰਗਟ ਗੁਰਸਿਖਾਂ ਗਿਆ ਰਚ । ਮਹਾਰਾਜ ਸ਼ੇਰ ਸਿੰਘ ਸਾਚਾ ਸ਼ਬਦ ਤੇਰਾ, ਤੇਰੇ ਬਚਨ ਲਿਖਾਏ ਸਚ । ਸਚ ਬਚਨ ਤੇਰਾ ਨਿਹਕਲੰਕ, ਆਪ ਸਦਾ ਅਡੋਲ । ਸਾਚਾ ਬਚਨ ਤੇਰਾ ਨਿਹਕਲੰਕ, ਸਦ ਆਪ ਅਤੋਲ । ਸਤਿ ਬਚਨ ਤੇਰਾ ਨਿਹਕਲੰਕ, ਦੁਨੀਆ ਸੋਈ ਰਹੀ ਅਨਭੋਲ । ਸਾਚਾ ਬਚਨ ਤੇਰਾ ਨਿਹਕਲੰਕ, ਕਲਜੁਗ ਤੋਲੇ ਪੂਰੇ ਤੋਲ । ਸਾਚਾ ਬਚਨ ਤੇਰਾ ਨਿਹਕਲੰਕ, ਬੇਮੁਖ ਜੀਵ ਸੌਂ ਰਹੇ ਕੋਲ । ਸਾਚਾ ਬਚਨ ਤੇਰਾ ਨਿਹਕਲੰਕ, ਅੰਤਕਾਲ ਕਲਜੁਗ ਦੇਵੇ ਭੁਲੇਖਾ ਖੋਲ੍ਹ । ਸਾਚਾ ਜਾਮਾ ਤੇਰਾ ਨਿਹਕਲੰਕ, ਸਚ ਸ਼ਬਦ ਵਜਾਵੇ ਢੋਲ । ਸਾਚਾ ਜਾਮਾ ਤੇਰਾ ਨਿਹਕਲੰਕ, ਸਰਬ ਸ੍ਰਿਸ਼ਟ ਰਿਹਾ ਕਲ ਮੌਲ । ਸਾਚਾ ਜਾਮਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਉਪਰ ਧੌਲ । ਧਰ ਜੋਤ ਨਿਹਕਲੰਕ, ਜਗਤ ਭੁਲਾਇਆ । ਧਰ ਜੋਤ ਨਿਹਕਲੰਕ, ਰਾਓ ਰੰਕ ਭੁਲਾਇਆ । ਧਰ ਜੋਤ ਨਿਹਕਲੰਕ, ਬੇਮੁਖਾਂ ਮਨ ਹੰਕਾਰ ਵਸਾਇਆ । ਧਰ ਜੋਤ ਨਿਹਕਲੰਕ, ਕਰੋਧ ਚੰਡਾਲ ਵਿਚ ਧਰਾਇਆ । ਧਰ ਜੋਤ ਨਿਹਕਲੰਕ, ਅਗਨ ਜੋਤ ਬੇਮੁਖਾਂ ਹਿਰਦਾ ਜਲਾਇਆ । ਧਰ ਜੋਤ ਨਿਹਕਲੰਕ, ਉਲਟੇ ਗੇੜ ਕਲਜੁਗ ਭਵਾਇਆ । ਧਰ ਜੋਤ ਨਿਹਕਲੰਕ, ਰਣਭੂਮੀ ਇਕ ਖੇਲ ਰਚਾਇਆ । ਪਰਗਟ ਜੋਤ ਨਿਹਕਲੰਕ, ਵੇਖੇ ਖੇਲ ਆਪ ਰਘੁਰਾਇਆ । ਧਰ ਜੋਤ ਨਿਹਕਲੰਕ, ਚੰਡ ਪਰਚੰਡ ਪ੍ਰਭ ਤੇਜ ਵਧਾਇਆ । ਧਰ ਜੋਤ ਨਿਹਕਲੰਕ, ਝੂਠਾ ਠੂਠਾ ਕਲਜੁਗ ਭੰਨ ਵਖਾਇਆ । ਧਰ ਜੋਤ ਨਿਹਕਲੰਕ, ਸਤਿਜੁਗ ਸਾਚਾ ਲਾਇਆ । ਧਰ ਜੋਤ ਨਿਹਕਲੰਕ, ਗੁਰਮੁਖਾਂ ਆਤਮ ਬ੍ਰਹਮ ਗਿਆਨ ਦਵਾਇਆ । ਧਰ ਜੋਤ ਨਿਹਕਲੰਕ, ਨਿਰਹਾਰੀ ਨਿਰਵੈਰ ਸਮਾਇਆ । ਧਰ ਜੋਤ ਨਿਹਕਲੰਕ, ਗੁਰਸਿਖਾਂ ਸਾਚਾ ਰਾਹ ਦਿਖਾਇਆ । ਧਰ ਜੋਤ ਨਿਹਕਲੰਕ, ਜਨ ਭਗਤ ਜਾਮੇ ਬਹੱਤਰ ਲਿਖਤ ਕਰਾਇਆ । ਧਰ ਜੋਤ ਨਿਹਕਲੰਕ, ਰਾਜਾ ਰਾਣਾ ਸਭ ਤਖ਼ਤੋਂ ਲਾਹਿਆ । ਧਰ ਜੋਤ ਨਿਹਕਲੰਕ, ਏਕਾ ਸ਼ਬਦ ਏਕਾ ਸੁਰਤ ਚਲਾਇਆ । ਧਰ ਜੋਤ ਨਿਹਕਲੰਕ, ਸਤਿ ਪਰਮੇਸ਼ਵਰ ਵਿਚ ਕਲਜੁਗ ਆਇਆ । ਧਰ ਜੋਤ ਨਿਹਕਲੰਕ, ਭਗਤ ਵਛਲ ਨਾਥ ਤ੍ਰੈਲੋਕੀ ਨਾਉਂ ਨਰਾਇਣ ਪ੍ਰਭ ਨਾਮ ਰਖਾਇਆ । ਪਰਗਟੇ ਜੋਤ ਨਿਹਕਲੰਕ, ਸ਼ਬਦ ਰਸਨ ਅੰਤਕਾਲ ਕਲਜੁਗ ਆਪ ਪ੍ਰਭ ਚਲਾਇਆ । ਪਰਗਟ ਜੋਤ ਨਿਹਕਲੰਕ, ਬੇਮੁਖਾਂ ਹਿਰਦਾ ਨਸ਼ਟ ਕਰਾਇਆ । ਪਰਗਟ ਜੋਤ ਨਿਹਕਲੰਕ, ਚਾਰ ਕੁੰਟ ਅੰਧੇਰ ਕਰਾਇਆ । ਪਰਗਟ ਜੋਤ ਨਿਹਕਲੰਕ, ਆਪਣਾ ਭਾਣਾ ਆਪ ਵਰਤਾਇਆ । ਪਰਗਟ ਜੋਤ ਨਿਹਕਲੰਕ, ਤ੍ਰੈਭਵਨ ਧਨੀ ਜਗਤ ਹਿਲਾਇਆ । ਪਰਗਟ ਜੋਤ ਨਿਹਕਲੰਕ, ਕਲਜੁਗ ਜਾਮਾ ਧਾਰ ਮਹਾਰਾਜ ਸ਼ੇਰ ਸਿੰਘ ਨਾਮ ਧਰਾਇਆ ।

੪੬੭
੦੧

❊ ੬ ਸਾਵਣ ੨੦੦੮ ਬਿਕ੍ਰਮੀ ਮੇਰਠ ਵਿਹਾਰ ਹੋਇਆ ❊

ਭਗਤਨ ਦੇਵੇ ਪ੍ਰਭ ਵਡਿਆਈ । ਸਾਚੀ ਜੋਤ ਵਿਚ ਲਲਾਟ ਜਗਾਈ । ਤੀਨ ਭਵਨ ਸਰਬ ਗਵਨ ਦੀ ਸੋਝੀ ਪਾਈ । ਨਿਰਮਲ ਜੋਤ ਪ੍ਰਭ ਵਿਚ ਦੇਹ ਜਗਾਈ । ਜਗੇ ਜੋਤ ਹੋਏ ਉਜਿਆਰ, ਅੰਧ ਅੰਧੇਰ ਸਰਬ ਮਿਟ ਜਾਈ । ਮਿਟੇ ਅੰਧੇਰ ਸ਼ਬਦ ਧੁਨਕਾਰ, ਅਨਹਦ ਸਾਚਾ ਰਾਗ

ਸੁਣਾਈ । ਸੁਣਿਆ ਰਾਗ ਗਿਆ ਜੀਵ ਜਗਤ ਤਿਆਗ, ਸਾਚੇ ਪ੍ਰਭ ਚਰਨ ਬਣ ਆਈ । ਲਾਗ ਚਰਨ ਪ੍ਰਭ ਸਾਚੀ ਸ਼ਰਨ, ਅੰਤ ਪਰਮਗਤ ਪਾਈ । ਪਰਮਗਤ ਪਾਈ ਮਿਲੀ ਵਡਿਆਈ, ਵਿਚ ਜੋਤੀ ਜੋਤ ਮਿਲਾਈ । ਨਿਰਮਲ ਜੋਤ ਜੋਤ ਮਿਲਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਗੇੜ ਕਟਾਈ । ਭਗਤ ਜਨ ਦਰ ਪਾਇਆ ਮਾਣ । ਦਰਗਹਿ ਹੋਇਆ ਸਚ ਪਰਵਾਨ । ਅੰਤਕਾਲ ਵਿਚ ਜਾਏ ਬਬਾਣ । ਸਚਖੰਡ ਸਾਚਾ ਸਿੱਖ ਸਚ ਪਾਏ ਅਸਥਾਨ । ਮਹਾਰਾਜ ਸ਼ੇਰ ਸਿੰਘ ਧਰਮ ਰਾਏ ਤੇਰੇ ਸ਼ਬਦ ਦੀ ਬਾਣ । ਸ਼ਬਦ ਬਾਣ ਅਸਰਾਈਲ । ਗੁਰਸਿਖ ਲੇਖਾ ਦੇਣ ਨਾ ਜਬਰਾਈਲ । ਸ਼ਬਦ ਸਾਚਾ ਦਰਗਾਹ ਸਾਚੀ ਹੋਵੇ ਵਕੀਲ । ਮਹਾਰਾਜ ਸ਼ੇਰ ਸਿੰਘ ਸ਼ਬਦ ਸਾਚਾ, ਗੁਰਸਿਖ ਤੇਰੀ ਸਚ ਦਲੀਲ । ਭਗਤ ਜਨਾਂ ਪ੍ਰਭ ਆਪ ਰਖਵਾਲ । ਏਥੇ ਓਥੇ ਕਰੇ ਪ੍ਰਿਤਪਾਲ । ਸਾਚਾ ਸ਼ਬਦ ਸੋਹੰ ਆਤਮ ਪਾਈ ਮਾਲ । ਉਜਲ ਹੋਇਆ ਵਿਚ ਕਲਜੁਗ, ਗੁਰਸਿਖ ਸਾਚਾ ਸਿੰਘ ਪਾਲ । ਸ਼ਬਦ ਭੰਡਾਰੀ ਪ੍ਰਭ ਸਾਚਾ, ਦੇ ਸ਼ਬਦ ਕਲ ਕੀਆ ਮਾਲਾ ਮਾਲ । ਦੇ ਵਡਿਆਈ ਜਨ ਭਗਤ, ਬ੍ਰਹਮਲੋਕ ਖੜ੍ਹਾ ਚਰਨ ਦਵਾਲ । ਮਹਾਰਾਜ ਸ਼ੇਰ ਸਿੰਘ ਤੇਰੇ ਹਥ ਵਡਿਆਈ, ਜਨ ਭਗਤਾਂ ਹੋਵੇ ਸਦਾ ਰਖਵਾਲ । ਰੱਖੇ ਬਿਰਦ ਸਵਾਰੇ ਪੈਜ । ਜਨ ਭਗਤਾਂ ਉਧਾਰੇ ਮਾਰੇ ਨੈਜ । ਸਾਧ ਸੰਗਤ ਪ੍ਰਭ ਮਿਲਿਆ ਕਲਜੁਗ ਸਹਿਜ । ਮਹਾਰਾਜ ਸ਼ੇਰ ਸਿੰਘ ਸ਼ਬਦ ਸਾਚਾ, ਸਚ ਰਸਨਾ ਜਾਏ ਕਹਿਜ । ਸਾਚਾ ਸ਼ਬਦ ਦੇ ਗੁਰਸਿਖਾਂ, ਪ੍ਰਭ ਆਤਮ ਧੁਨ ਵਜਾਈ । ਸਾਚਾ ਸ਼ਬਦ ਦੇ ਪ੍ਰਭ ਗੁਰਸਿਖਾਂ, ਪ੍ਰਭ ਸਾਚੇ ਬੂਝ ਬੁਝਾਈ । ਸਾਚਾ ਸ਼ਬਦ ਦੇ ਪ੍ਰਭ ਗੁਰਸਿਖਾਂ, ਰੰਗ ਸਾਚਾ ਮਜੀਠ ਦੇ ਚੜ੍ਹਾਈ । ਗੁਰਸਿਖਾਂ ਬ੍ਰਹਮ ਗਿਆਨੀਆਂ, ਸਾਚਾ ਬ੍ਰਹਮ ਗਿਆਨ ਦਵਾਈ । ਸਾਚੀ ਜੋਤ ਜਗਾ ਗੁਰਸਿਖਾਂ, ਕਲਜੁਗ ਦੇ ਵਡਿਆਈ । ਸਾਚੀ ਜੋਤ ਜਗਾ ਗੁਰਸਿਖਾਂ, ਪ੍ਰਭ ਆਤਮ ਦੇ ਜਗਾਈ । ਸਾਚੀ ਜੋਤ ਜਗਾ ਗੁਰਸਿਖਾਂ, ਥਿਰ ਘਰ ਵਾਸੀ ਸਚ ਦੇ ਬੁਝਾਈ । ਸਾਚੀ ਜੋਤ ਜਗਾ ਗੁਰਸਿਖਾਂ ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚੀ ਨੀਂਹ ਰਖਾਈ । ਧਰੇ ਜੋਤ ਪ੍ਰਭ ਵਿਚ ਗੁਰਸਿਖਾਂ, ਆਤਮ ਕਰੇ ਉਜਿਆਰਾ । ਧਰੇ ਜੋਤ ਪ੍ਰਭ ਵਿਚ ਗੁਰਸਿਖਾਂ, ਖੋਲ੍ਹੇ ਦਸਮ ਦਵਾਰਾ । ਧਰੇ ਜੋਤ ਪ੍ਰਭ ਵਿਚ ਗੁਰਸਿਖਾਂ ਮਿਟਾਏ ਧੁੰਧੂਕਾਰਾ । ਧਰੇ ਜੋਤ ਪ੍ਰਭ ਵਿਚ ਗੁਰਸਿਖਾਂ, ਬੰਧ ਛੁੱਟੇ ਸਰਬ ਸੰਸਾਰਾ । ਧਰੇ ਜੋਤ ਪ੍ਰਭ ਵਿਚ ਗੁਰਸਿਖਾਂ, ਮਹਾਰਾਜ ਸ਼ੇਰ ਸਿੰਘ ਹਰਿ ਭਗਤ ਪਿਆਰਾ । ਹਰਿ ਭਗਤ ਹਰਿ ਦੇਵੇ ਮਾਣ । ਜਨ ਭਗਤ ਜੀਵ ਬਾਲ ਅੰਞਾਣ । ਸੋਹੰ ਸ਼ਬਦ ਆਤਮ ਦੇਵੇ ਸਤਿ ਗਿਆਨ । ਮਹਾਰਾਜ ਸ਼ੇਰ ਸਿੰਘ ਕਲਜੁਗ ਵਰਤੇ, ਤੇਰਾ ਸ਼ਬਦ ਸਚਾ ਪਰਵਾਨ । ਉਤਮ ਭਗਤ ਉਤਮ ਜ਼ਾਤ । ਸੋਹੰ ਸ਼ਬਦ ਪ੍ਰਭ ਦੇਵੇ ਸਚੀ ਕਰਾਮਾਤ । ਉਤਪਤ ਹੋਵੇ ਵਿਚ ਸਤਿਜੁਗ, ਪਾਤਾਲ ਆਕਾਸ਼ ਮਾਤ । ਗੁਰਮੁਖ ਰਸਨਾ ਗਾਇਣ ਉਠ ਵੇਲੇ ਪਰਭਾਤ । ਬੇਮੁਖ ਸੁੱਤਿਆਂ ਰੈਣ ਵਿਹਾਇਣ, ਨਾ ਮਿਲਿਆ ਪ੍ਰਭ ਸਾਚਾ ਪਾਤ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਜਨ ਭਗਤਾਂ ਕਲਜੁਗ ਉਤਮ ਜ਼ਾਤ । ਭਗਤ ਵਛਲ ਭਗਤ ਭੰਡਾਰੀ । ਸੋਹੰ ਸ਼ਬਦ ਦੇਵੇ ਦਾਤ, ਪ੍ਰਭ ਆਤਮ ਅਧਾਰੀ । ਬੈਠੇ ਆਪ ਅਡੋਲ, ਜੋਤ ਸਰੂਪ ਸਦਾ ਨਿਰਾਧਾਰੀ । ਕਲਜੁਗ ਜਾਮਾ ਧਾਰ, ਨਿਹਕਲੰਕ ਜਨ ਭਗਤਾਂ ਪੈਜ ਸਵਾਰੀ । ਸਵਾਰੇ ਪੈਜ ਵਡ ਸਾਗਰ ਸਿੰਧ । ਦੇਵੇ ਮਾਣ ਜਗਤ ਵਡਿਆਈ, ਜਿਉਂ ਸੁਰਪਤ ਰਾਜਾ ਇੰਦ । ਹੋਏ ਸਹਾਈ ਅੰਤ ਪ੍ਰਭ, ਰੱਖੇ ਲਾਜ ਗੁਰ ਗੋਬਿੰਦ । ਮਹਾਰਾਜ ਸ਼ੇਰ ਸਿੰਘ ਕਲ ਤੇਰਾ ਦਰਸ, ਜਨ ਭਗਤਾਂ ਲਾਹਵੇ ਚਿੰਦ । ਆਤਮ ਚਿੰਦ ਸੰਸਾ ਜਾਏ । ਸ਼ਬਦ ਧੁਨ ਪ੍ਰਭ ਦੇ ਉਪਜਾਏ । ਖੁਲ੍ਹਾਏ ਸੁਨ, ਅਨਹਦ ਸਾਚਾ ਰਾਗ ਸੁਣਾਏ । ਰੁਣ ਝੁਣ ਅੰਮ੍ਰਿਤ

ਵਰਖਾ ਵਿਚ ਆਤਮ ਲਾਏ । ਅੰਮ੍ਰਿਤ ਝਿਰਨਾ ਝਿਰ, ਅੰਮ੍ਰਿਤ ਬੂੰਦ ਕਵਲ ਮੇਂ ਪਾਏ । ਪਾਵੇ ਬੂੰਦ ਖੁੱਲੇ ਕਵਲ ਫੁਲ, ਅਗਿਆਨ ਅੰਧੇਰ ਸਰਬ ਮਿਟ ਜਾਏ । ਮਿਟੇ ਅੰਧੇਰ ਮਿਲੇ ਪ੍ਰਭ ਅਤੁਲ, ਨਾ ਤੁਲਿਆ ਜਾਏ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ, ਜੀਵ ਸਾਚੀ ਜੋਤ ਜਗਾਏ । ਜਗੇ ਜੋਤ ਆਤਮ ਪਰਕਾਸ਼ । ਸਰਬ ਦੁਖ ਹੋਏ ਨਾਸ । ਦੂਖ ਵਿਨਾਸ ਪ੍ਰਭ ਦੀਸੇ ਪਾਸ । ਪ੍ਰਭ ਦੀਸੇ ਪਾਸ, ਜੋਤ ਸਰੂਪ ਸਦਾ ਅਬਿਨਾਸ਼ । ਜੋਤ ਸਰੂਪ ਸਦਾ ਅਬਿਨਾਸ਼, ਸਾਧ ਸੰਗਤ ਤੇਰਾ ਹੋਇਆ ਦਾਸ । ਸਾਧ ਸੰਗਤ ਪ੍ਰਭ ਦਾਸਨ ਦਾਸਾ । ਤ੍ਰੈਲੋਕੀ ਨਾਥ ਪਰਗਟ ਜੋਤ, ਵਿਚ ਸੰਗਤ ਕਰੇ ਵਾਸਾ । ਜਨ ਭਗਤਾਂ ਦੀਸੇ ਪ੍ਰਭ ਸਦ ਹੈ ਸਾਥਾ । ਗੁਰ ਚਰਨ ਪ੍ਰੀਤੀ ਸਾਚਾ ਭਰਵਾਸਾ । ਮਹਾਰਾਜ ਸ਼ੇਰ ਸਿੰਘ ਕਲਜੁਗ ਰੱਖੇ ਦੇ ਕਰ ਹਾਥ, ਜੋ ਜਨ ਰਸਨਾ ਜਪੇ ਸਵਾਸ ਸਵਾਸਾ । ਰਸਨਾ ਜਪ ਜਪੇ ਗੁਰ ਨਾਉਂ । ਸਾਚੀ ਦਰਗਹਿ ਪ੍ਰਭ ਸੱਚਾ ਦੇਵੇ ਥਾਉਂ । ਕਲਜੁਗ ਪਰਗਟੇ ਨਿਹਕਲੰਕ, ਗੁਰਸਿਖ ਲਾਗੇ ਪਾਉਂ । ਮਹਾਰਾਜ ਸ਼ੇਰ ਸਿੰਘ ਪਕੜ ਤਰਾਇਆ, ਗੁਰਸਿਖ ਕਲਜੁਗ ਬਾਹੋਂ । ਬਾਹੋਂ ਪਕੜ ਤਰਾਏ ਪ੍ਰਭ, ਦੁਖ ਦਰਦ ਦੁਹੇਲਾ । ਜਾਮਾ ਕਲਜੁਗ ਧਾਰ, ਗੁਰਸਿਖਾਂ ਪੰਚਮ ਜੇਠ ਕੀਆ ਮੇਲਾ । ਬੇਮੁਖ ਗਿਆ ਖੁਆਰ ਕਰ, ਬੇੜਾ ਵਿਚ ਸ਼ੋਹ ਦਰਿਆਏ ਠੇਲਾ । ਝੂਠੀ ਖੇਲ ਪ੍ਰਭ ਜਗਤ ਲਗਾਇਆ । ਸਾਚਾ ਨਾਮ ਕਲਜੁਗ ਪਾਏ ਮਾਇਆ । ਬੇਮੁਖਾਂ ਮਨੋਂ ਭੁਲਾਇਆ ਚਿਤ ਨਾ ਆਇਆ ਸਾਚਾ ਪ੍ਰਭ, ਮਦਿ ਮਾਸ ਰਸਨਾ ਵਿਕਾਰ ਚਲਾਇਆ । ਕਲਜੁਗ ਜਾਮਾ ਧਾਰ, ਨਿਹਕਲੰਕ ਦੁਸ਼ਟਾਂ ਆਣ ਖਪਾਇਆ । ਦੂਤ ਦੁਸ਼ਟ ਪ੍ਰਭ ਦਰ ਦੁਰਾਚਾਰ । ਬੇਮੁਖ ਕਲਜੁਗ ਜੀਵ, ਚਲ ਆਏ ਨਾ ਪ੍ਰਭ ਦਰਬਾਰ । ਜਾਮਾ ਧਾਰੇ ਨਿਹਕਲੰਕ, ਜੋਤ ਸਰੂਪ ਨਰ ਅਵਤਾਰ । ਝੂਠੀ ਦੁਨੀਆ ਸੋਂ ਰਹੀ, ਲੰਮੇ ਪੈਰ ਪਸਾਰ । ਵੇਲਾ ਕਲਜੁਗ ਅੰਤ ਆ ਗਿਆ, ਪ੍ਰਭ ਸ਼ਬਦ ਮਾਰੇ ਮਾਰ । ਬੇਮੁਖਾਂ ਵਕਤ ਵਿਹਾ ਗਿਆ, ਦਰ ਦਰ ਹੋਇਣ ਖੁਆਰ । ਸਾਚਾ ਪ੍ਰਭ ਲਿਖਤ ਕਰਾ ਗਿਆ, ਜੋਤ ਨਿਰੰਜਣ ਕਰ ਆਕਾਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਨਾਉਂ ਰਖਾ ਗਿਆ, ਜਨ ਭਗਤਾਂ ਦੇਵੇ ਸ਼ਬਦ ਅਧਾਰ । ਨਿਹਕਲੰਕ ਤੇਰਾ ਸਾਚਾ ਨਾਉਂ । ਸੋਹੰ ਸਾਚਾ ਸ਼ਬਦ, ਸਾਚੇ ਗੁਣ ਗਾਓ । ਪਰਗਟ ਜੋਤ ਨਿਹਕਲੰਕ, ਇਕ ਕਰਾਏ ਰੰਕਾਂ ਰਾਓ । ਸੋਹੰ ਸ਼ਬਦ ਵਜਾਏ ਧੁਨਕ, ਸੁਣਾਏ ਸਭਨੀ ਥਾਉਂ । ਜਨ ਭਗਤਾਂ ਸੁਹਾਇਣ ਬੰਕ, ਜਿਥੇ ਪ੍ਰਭ ਵਸਾਵੇ ਸਾਚਾ ਨਾਉਂ । ਧਰਾਏ ਨਾਮ ਪ੍ਰਭ ਆਪ ਧਰਨਾਪਤਿ । ਜਨ ਭਗਤਾਂ ਜਾਣੇ ਪ੍ਰਭ ਆਪ ਮਿਤ ਗਤ । ਸਤਿਜੁਗ ਦੇਵੇ ਸਾਚਾ ਆਤਮ ਸਤਿ । ਗੁਰਸਿਖਾਂ ਬੁਧ ਬਿਬੇਕ ਕਰ, ਵਿਚ ਆਤਮ ਪਾਵੇ ਸਾਚੀ ਮਤਿ । ਗੁਰਸਿਖ ਨਾ ਜਾਏ ਡੋਲ, ਪ੍ਰਭ ਧੀਰਜ ਦੇਵੇ ਯਤਿ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸੋਹੰ ਸਾਚਾ ਸ਼ਬਦ ਚਲਾਵੇ ਸਤਿ ਸਤਿ ਸਤਿ । ਸਤਿ ਸਤਿ ਸਤਿ ਵਰਤਾਏ ਸਚਾ ਪਾਤਸ਼ਾਹ । ਕਲਜੁਗ ਜਾਮਾ ਧਾਰੇ, ਨਿਹਕਲੰਕ ਬੇਪਰਵਾਹ । ਅੰਤਕਾਲ ਕਲਜੁਗ ਕੋਈ ਦੀਸੇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਜਪਾਏ ਨਾਂ । ਸਾਚਾ ਸ਼ਬਦ ਆਤਮ ਧੁਜ । ਗੁਰਮੁਖ ਜੋਤ ਜਗਾਏ, ਨਾ ਜਾਏ ਬੁਝ । ਗੁਰਚਰਨ ਪ੍ਰੀਤ ਜੀਵ, ਕਲਜੁਗ ਗੁਰ ਚਰਨੀ ਲੁਝ । ਮਹਾਰਾਜ ਸ਼ੇਰ ਸਿੰਘ ਸ਼ਬਦ ਭੰਡਾਰੀ, ਸ਼ਬਦ ਗਿਆਨ ਦੇਵੇ ਜੀਵ ਤੁਝ । ਸ਼ਬਦ ਗਿਆਨ ਗੁਰਚਰਨ ਵਿਗਾਸਣ । ਆਤਮ ਧਿਆਨ ਸਰਬ ਦੁਖ ਨਾਸਣ । ਉਪਜੇ ਬ੍ਰਹਮ ਗਿਆਨ, ਧਰੇ ਜੋਤ ਪ੍ਰਭ ਅਬਿਨਾਸ਼ਣ । ਬੇਮੁਖ ਦਰ ਤੇ ਰਹਿਣ ਨਾ ਪਾਏ, ਸੋਹੰ ਸ਼ਬਦ ਸੁਣ ਉਠ ਨਾਸਣ । ਗੁਰਸਿਖਾਂ ਪ੍ਰਭ ਸਾਚੀ ਜੋਤ ਜਗਾਏ, ਸੋਹੰ ਸ਼ਬਦ ਜਪਾਏ ਸਵਾਸ ਸਵਾਸਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਾਸ ਦਾਸਨ । ਭਗਤ ਜਨਮ ਪ੍ਰਭ

ਸੁਫਲ ਕਰਾਏ, ਜੁਗੋ ਜੁਗ ਲੈ ਅਵਤਾਰ ਮਾਤਲੋਕ ਵਿਚ ਹੋਏ ਸਹਾਏ । ਕਲਜੁਗ ਜਾਮਾ ਧਾਰ ਨਿਹਕਲੰਕ ਪ੍ਰਭ ਨਾਂ ਰਖਾਏ । ਬਹੱਤਰ ਜਾਮੇ ਭਗਤ ਜਨ ਪਰਗਟ ਨਾਮ ਲਿਖਾਏ । ਉਤਮ ਰੱਖੇ ਪਾਲ ਸਿੰਘ, ਬ੍ਰਹਮਲੋਕ ਵਿਚ ਬਿਠਾਏ । ਬ੍ਰਹਮਾ ਅੰਤ ਮਾਣ ਗਵਾਏ, ਵਿਚ ਜੋਤੀ ਜੋਤ ਮਿਲਾਏ । ਦੂਸਰ ਨਾਉਂ ਗੁਰ ਗੁਰਸਿਖ ਵਡਿਆਈ । ਸਵਰਨ ਸਿੰਘ ਦਰ ਅੱਗੇ ਬਹਾਈ । ਗਵਾਏ ਧ੍ਰੂ ਮਾਣ, ਚੌਥੇ ਜੁਗ ਪ੍ਰਭ ਦੇ ਖਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੰਡ ਬ੍ਰਹਿਮੰਡ ਦੇ ਉਲਟਾਈ । ਮਾਣਾ ਸਿੰਘ ਤੇਰੀ ਭਗਤੀ ਮਹਾਨ । ਖੜਿਆ ਪ੍ਰਭ ਵਿਚ ਬੈਕੁੰਠ ਬਬਾਣ । ਮਿਲਾਏ ਜੋਤੀ ਜੋਤ ਇਕ ਕਰ, ਪ੍ਰਭ ਜੋਤੀ ਜੋਤ ਮਿਲਾਣ । ਸਾਚੀ ਦਰਗਹਿ ਮਿਲੇ ਵਡਿਆਈ, ਮਿਟਿਆ ਜਗਤ ਆਵਣ ਜਾਣ । ਬੁੱਧ ਸਿੰਘ ਤੇਰੀ ਬੁੱਧਿ ਬਿਬੇਕ । ਏਕਾ ਰੱਖੀ ਪ੍ਰਭ ਚਰਨ ਟੇਕ । ਕਮਾਈ ਸੇਵ ਕਲਜੁਗ ਪ੍ਰਭ ਸਾਚਾ ਵੇਖ । ਜਾਮਾ ਧਾਰ ਨਿਹਕਲੰਕ, ਸਾਚੇ ਲਿਖਾਵੇ ਲੇਖ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਕਰ ਜੋਤ ਸਰੂਪੀ ਭੇਖ । ਗੁਰਸਿਖ ਘਾਲ ਤੇਰੀ ਥਾਏਂ । ਕਲਜੁਗ ਮਾਨਸ ਜਨਮ ਧੰਨ ਧੰਨ ਜਣੇਂਦੀ ਮਾਏ । ਬੇੜਾ ਲਿਆ ਬੰਨ੍ਹ, ਸਾਚਾ ਵਕ਼ਤ ਸੁਹਾਏ । ਬਾਲੇ ਚੱਕ ਬਣੇ ਧਾਮ ਨਿਆਰਾ, ਰਸਨਾ ਦੁਨੀਆ ਗਾਏ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਬੁੱਧ ਸਿੰਘ ਸੇਵ ਪਾਈ ਥਾਏਂ । ਕਲਜੁਗ ਧਾਮ ਨਾ ਰਹਿਸੀ ਨਾਮ । ਅੰਧ ਅੰਧੇਰੀ ਸ਼ਾਮ । ਬੇਮੁਖਾਂ ਅੰਤਕਾਲ ਮੌਤ ਪਿਲਾਏ ਜਾਮ । ਜਨ ਭਗਤਾਂ ਦੇਵੇ ਸੋਹੰ ਸਾਚਾ ਨਾਮ । ਜਾਮਾ ਧਾਰ ਨਿਹਕਲੰਕ, ਕਲਜੁਗ ਮਿਟਾਏ ਸਚ ਕਰਾਏ ਨਾਮ । ਸਚਾ ਕਰਮ ਕਰੇ ਪ੍ਰਭ, ਕਲਜੁਗ ਮਿਟਾਏ । ਸਚਾ ਧਰਮ ਧਰੇ ਪ੍ਰਭ, ਸਤਿਜੁਗ ਸਾਚਾ ਲਾਏ । ਸਤਿਜੁਗ ਸਤਿ ਸਤਿ ਵਰਤੇ, ਸੋਹੰ ਸ਼ਬਦ ਚਲਾਏ । ਸਤਿਵਾਦੀ ਜੀਵ ਨਾ ਕਬਹੂੰ ਡਰਤੇ, ਰਹੇ ਰਾਮ ਸਿਉਂ ਲਿਵ ਲਾਏ । ਨਿਹਕਲੰਕ ਤੇਰਾ ਭਾਣਾ ਕਲ ਵਰਤੇ, ਦੁਖੀ ਜੀਵ ਜੰਤ ਰਹੇ ਬਿਲਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਨਾ ਕੋਇ ਸਹਾਏ । ਸਰਬਤ ਤੀਰਥਾਂ ਪ੍ਰਭ ਨਾਮ ਮਿਟਾਏ । ਤੱਟ ਤੀਰਥ ਕੋਈ ਰਹਿਣ ਨਾ ਪਾਏ । ਖਾਣੀ ਬਾਣੀ ਕੋਈ ਦਿਸ ਨਾ ਆਏ । ਕਲਜੁਗ ਅੰਤ ਗੀਤਾ ਗਿਆਨ ਮਿਟਾਏ । ਕੁਰਾਨ ਅੰਜੀਲ ਪ੍ਰਭ ਅਛੇਦ ਕਰਾਏ । ਜਾਮਾ ਧਾਰ ਨਿਹਕਲੰਕ, ਏਕਾ ਨਾਮ ਜਗਤ ਚਲਾਏ । ਸੋਹੰ ਸ਼ਬਦ ਵਜਾਏ ਡੰਕ, ਚਾਰ ਕੁੰਟ ਜੈ ਜੈ ਜੈਕਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲਾਏ । ਸਤਿਜੁਗ ਸਾਲਸ ਆਪ ਪ੍ਰਭ, ਸਤਿ ਧਰਮ ਉਪਾਏ । ਸਤਿਜੁਗ ਸਾਲਸ ਆਪ ਪ੍ਰਭ, ਸਤਿ ਪੁਰਖ ਪਰਗਟਾਏ । ਸਤਿਜੁਗ ਸਾਲਸ ਆਪ ਪ੍ਰਭ, ਸਤਿ ਦੀਪਕ ਜੋਤ ਜਗਾਏ । ਸਤਿਜੁਗ ਸਾਲਸ ਆਪ ਪ੍ਰਭ, ਸਤਿ ਮਾਰਗ ਸਤਿ ਚਲਾਏ । ਸਤਿਜੁਗ ਸਾਲਸ ਆਪ ਪ੍ਰਭ, ਸਤਿ ਸਤਿ ਸਤਿ ਵਰਤਾਏ । ਸਤਿਜੁਗ ਸਾਲਸ ਆਪ ਪ੍ਰਭ, ਸਚ ਸਚ ਗੁਰਮੁਖਾਂ ਝੋਲੀ ਪਾਏ । ਸਤਿਜੁਗ ਸਾਲਸ ਆਪ ਪ੍ਰਭ, ਸਤਿਵਾਦ ਸਤਿਵਾਦ ਰਚਾਏ । ਸਤਿਜੁਗ ਸਾਲਸ ਆਪ ਪ੍ਰਭ, ਇਕ ਸੋਹੰ ਸ਼ਬਦ ਚਲਾਏ । ਸਤਿਜੁਗ ਸਾਲਸ ਆਪ ਪ੍ਰਭ, ਚਾਰ ਵਰਨ ਇਕ ਕਰਾਏ । ਸਤਿਜੁਗ ਸਾਲਸ ਆਪ ਪ੍ਰਭ, ਸਤਿਜੁਗ ਏਕਾ ਪੰਥ ਰਚਾਏ । ਸਤਿਜੁਗ ਸਾਲਸ ਆਪ ਪ੍ਰਭ, ਸਤਿ ਧਰਮ ਦੀ ਨੀਂਹ ਰਖਾਏ । ਸਤਿਜੁਗ ਸਾਲਸ ਆਪ ਪ੍ਰਭ, ਊਚ ਨੀਚ ਦਾ ਭੇਵ ਚੁਕਾਏ । ਸਤਿਜੁਗ ਸਾਲਸ ਆਪ ਪ੍ਰਭ, ਰਾਓ ਰੰਕ ਇਕ ਕਰਾਏ । ਸਤਿਜੁਗ ਸਾਲਸ ਆਪ ਪ੍ਰਭ, ਦੁੱਖ ਭੁੱਖ ਰੋਗ ਮਿਟਾਏ । ਸਤਿਜੁਗ ਸਾਲਸ ਆਪ ਪ੍ਰਭ, ਕਾਮ ਕਰੋਧ ਹੰਕਾਰ ਮਿਟਾਏ । ਸਤਿਜੁਗ ਸਾਲਸ ਆਪ ਪ੍ਰਭ, ਰਾਜਸ ਤਾਮਸ ਨੇੜ ਨਾ ਆਏ । ਸਤਿਜੁਗ ਸਾਲਸ ਆਪ ਪ੍ਰਭ, ਸਾਂਤਕ ਰੂਪ ਸਤਿ ਜੀਵ ਉਪਾਏ । ਸਤਿਜੁਗ

ਸਾਲਸ ਆਪ ਪ੍ਰਭ, ਸਤਿ ਪੁਰਖ ਸਤਿ ਵਕ਼ਤ ਬਣਾਏ । ਸਤਿਜੁਗ ਸਾਲਸ ਆਪ ਪ੍ਰਭ, ਸਰਬ ਸਾਚੀ ਜੋਤ ਜਗਾਏ । ਸਤਿਜੁਗ ਸਾਲਸ ਆਪ ਪ੍ਰਭ, ਮਦਿ ਮਾਸ ਸਰਬ ਹਟਾਏ । ਸਤਿਜੁਗ ਸਾਲਸ ਆਪ ਪ੍ਰਭ, ਸਭ ਆਪਣੀ ਪੂਜਾ ਲਾਏ । ਸਤਿਜੁਗ ਸਾਲਸ ਆਪ ਪ੍ਰਭ, ਸਭ ਭਰਮ ਭੁਲੇਖੇ ਲਾਹੇ । ਸਤਿਜੁਗ ਸਾਲਸ ਆਪ ਪ੍ਰਭ, ਸਤਿਜੁਗ ਆਪਣੀ ਜੋਤ ਪਰਗਟਾਏ । ਸਤਿਜੁਗ ਸਾਲਸ ਆਪ ਪ੍ਰਭ, ਜਨ ਭਗਤਾਂ ਸਾਚਾ ਰਾਹ ਦਿਸਾਏ । ਸਤਿਜੁਗ ਸਾਲਸ ਆਪ ਪ੍ਰਭ, ਗੁਰਸਿਖਾਂ ਬਜਰ ਕਪਾਟ ਖੁਲ੍ਹਾਏ । ਸਤਿਜੁਗ ਸਾਲਸ ਆਪ ਪ੍ਰਭ, ਆਤਮ ਕੁਫਲ ਸੋਹੰ ਚਾਬੀ ਲਾਏ । ਸਤਿਜੁਗ ਸਾਲਸ ਆਪ ਪ੍ਰਭ, ਕਰ ਕਿਰਪਾ ਆਤਮ ਕਿਵਾੜ ਖੁਲ੍ਹਾਏ । ਸਤਿਜੁਗ ਸਾਲਸ ਆਪ ਪ੍ਰਭ, ਖੰਡਾਂ ਵਰਭੰਡਾਂ ਦੀਪਾਂ ਲੋਆਂ ਸਰਬ ਥਾਈਂ ਹੋਏ ਸਹਾਏ । ਸਤਿਜੁਗ ਸਾਲਸ ਆਪ ਪ੍ਰਭ, ਸਤਿਜੁਗ ਬਣੇ ਸਾਚੀ ਨਾਏ । ਸਤਿਜੁਗ ਸਾਲਸ ਆਪ ਪ੍ਰਭ, ਅੰਤਕਾਲ ਸਤਿ ਪੁਰਖਾਂ ਦਰਸ ਦਿਖਾਏ । ਸਤਿਜੁਗ ਸਾਲਸ ਆਪ ਪ੍ਰਭ, ਦੇ ਦਰਸ ਦੇਹ ਛੁਡਾਏ । ਸਤਿਜੁਗ ਸਾਲਸ ਆਪ ਪ੍ਰਭ, ਗੁਰਮੁਖ ਵਿਚ ਬਬਾਣ ਬਿਠਾਏ । ਸਤਿਜੁਗ ਸਾਲਸ ਆਪ ਪ੍ਰਭ, ਜਮਦੂਤ ਨੇੜ ਨਾ ਆਏ । ਸਤਿਜੁਗ ਸਾਲਸ ਆਪ ਪ੍ਰਭ, ਗੁਰਸਿਖਾਂ ਧਰਮ ਰਾਜ ਨਾ ਦੇ ਸਜਾਏ । ਸਤਿਜੁਗ ਸਾਲਸ ਆਪ ਪ੍ਰਭ, ਵਿਚ ਜੋਤੀ ਜੋਤ ਮਿਲਾਏ । ਸਤਿਜੁਗ ਸਾਲਸ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੂਸਰ ਕੋਈ ਨਾਹੇ । ਸਤਿਜੁਗ ਧਰੇ ਪ੍ਰਭ ਜੋਤ ਆਕਾਰ । ਸਾਚਾ ਸ਼ਬਦ ਸੋਹੰ ਵਰਤੇ ਭੰਡਾਰ । ਜਨ ਭਗਤਾਂ ਦਰ ਘਰ ਹਰਿ ਕਾ ਦਵਾਰ । ਨਿਹਕਲੰਕ ਪਰਗਟ ਜੋਤ, ਦੇਵੇ ਦਰਸ ਅਗੰਮ ਅਪਾਰ । ਏਕਾ ਜੋਤ ਆਤਮ ਦੇ ਜਾਏ ਅਧਾਰ । ਜਗੇ ਜੋਤ ਵਿਚ ਦੇਹ, ਆਤਮ ਹੋਏ ਉਜਿਆਰ । ਮਿਟੇ ਭੇਤ ਜਿਉਂ ਅਨਾਤਮ, ਨਾ ਕਲਜੁਗ ਹੋਏ ਖੁਆਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਸਾਚਾ ਤੇਰਾ ਦਰਬਾਰ । ਦਰਬਾਰ ਸਚ ਸਚਾ ਪ੍ਰਭ ਦਰਬਾਰੀ । ਕਲਜੁਗ ਪਰਗਟੇ ਨਿਹਕਲੰਕ ਅਵਤਾਰੀ । ਸਤਿਜੁਗ ਹੋਵੇ ਨਿਹਕਲੰਕ ਸਚੀ ਤੇਰੀ ਸਿਕਦਾਰੀ । ਸ੍ਰਿਸ਼ਟ ਸਬਾਈ ਪ੍ਰਭ ਆਏ ਚਰਨ ਦਵਾਰੀ । ਸੋਹੰ ਸ਼ਬਦ ਚਾਰ ਕੁੰਟ ਸਰਬ ਜੀਵ ਰਸਨ ਉਚਾਰੀ । ਸਾਚਾ ਸ਼ਬਦ ਹੋਵੇ ਸਤਿਜੁਗ, ਜੀਵ ਸਾਚਾ ਵਡਹਾਰੀ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਸਚ ਸ਼ਬਦ ਭੰਡਾਰੀ । ਸਾਚਾ ਸ਼ਬਦ ਭੰਡਾਰ ਪ੍ਰਭ, ਗੁਰਸਿਖ ਕਲ ਮੰਗ । ਊਚਾ ਦਰ ਦਰਬਾਰ ਪ੍ਰਭ, ਭੁਲ ਜੀਵ ਨਾ ਸੰਗ । ਪਰਗਟੇ ਨਿਹਕਲੰਕ ਅਵਤਾਰ ਨਰ, ਵਡ ਸੂਰਾ ਸਰਬੰਗ । ਸੋਹੰ ਸ਼ਬਦ ਉਧਾਰੇ, ਕਾਇਆ ਚਾੜ੍ਹੇ ਸੀਤਲਤਾ ਰੰਗ । ਸਾਚਾ ਸ਼ਬਦ ਗੁਰਚਰਨ ਪਿਆਰ ਦੇ, ਮਹਾਰਾਜ ਸ਼ੇਰ ਸਿੰਘ ਸਾਚਾ ਗੁਰ ਸਾਚਾ ਵਰ ਲਿਆ ਸਿੱਖ ਮੰਗ । ਸਾਚਾ ਦਰ ਸਚ ਘਰ ਤੇ ਪਾਈਏ । ਆਤਮ ਚਿੰਦਿਆ ਸਰਬ ਮਿਟਾਈਏ । ਨਿਜਾਨੰਦ ਨਿਜ ਮਾਹਿ ਪਰਗਟਾਈਏ । ਨਿਹਕਲੰਕ ਬਖ਼ਸ਼ਿੰਦ ਚਰਨ ਲਾਗ ਅਵਗੁਣ ਬਖ਼ਸ਼ਾਈਏ । ਬੇਮੁਖ ਕਰਨ ਦਰ ਨਿੰਦ, ਲੱਖ ਚੁਰਾਸੀ ਸਦ ਗੇੜ ਭਵਾਈਏ । ਸਰਨ ਡਿੱਗੇ ਸਤਿਜੁਗ ਸਾਰੀ ਹਿੰਦ, ਨਿਹਕਲੰਕ ਤੇਰੀ ਵਡ ਵਡਿਆਈਏ । ਮਹਾਰਾਜ ਸ਼ੇਰ ਸਿੰਘ ਗੁਰ ਗੁਣੀ ਗਹਿੰਦ, ਚਰਨ ਲਾਗ ਸਰਬ ਫਲ ਪਾਈਏ । ਅੰਮ੍ਰਿਤ ਫਲ ਗੁਰਚਰਨ ਸੇਵਾ । ਕਲਜੁਗ ਗੁਰਸਿਖ ਉਤਮ ਮੇਵਾ । ਮਿਲੀ ਵਡਿਆਈ ਵਡ ਦੇਵੀ ਦੇਵਾ । ਮਹਾਰਾਜ ਸ਼ੇਰ ਸਿੰਘ ਕਲੰਕਨਿਹ ਅਲਖ ਅਭੇਵਾ । ਅਲਖ ਪ੍ਰਭ ਨਾ ਕਿਸੇ ਲਖਿਆ । ਆਪਣਾ ਭੇਵ ਨਾ ਕਿਸੇ ਪ੍ਰਭ ਦੱਸਿਆ । ਜਨ ਭਗਤ ਦੇਵੇ ਪ੍ਰਭ ਸਾਚੀ ਭਿਖਿਆ । ਮਹਾਰਾਜ ਸ਼ੇਰ ਸਿੰਘ ਵੇਲੇ ਅੰਤ ਹਥ ਗੁਰਸਿਖਾਂ ਸਿਰ ਰੱਖਿਆ । ਗੁਰਸਿਖ ਤੇਰੇ ਨਾਮ ਵਡਿਆਈ । ਕਲਜੁਗ ਨਿਹਕਲੰਕ ਸੇਵ ਕਮਾਈ । ਰੈਣ ਪਸਰ ਪਸਾਰ ਸੁੱਤੀ ਸਰਬ ਲੋਕਾਈ । ਸਾਧ

ਸੰਗਤ ਰਸਨਾ ਜਪ ਨਾਮ, ਹਰਿ ਨਾਮ ਆਤਮ ਤ੍ਰਿਖਾ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਵਡਿਆਈ । ਗੁਰਸਿਖਾਂ ਪ੍ਰਭ ਦਰਸ ਦਿਖਾਇਆ । ਬੇਮੁਖਾਂ ਪ੍ਰਭ ਨਰਕ ਨਿਵਾਸ ਰਖਾਇਆ । ਗੁਰਸਿਖਾਂ ਸਤਿ ਸੋਹੰ ਸ਼ਬਦ ਸੁਣਾਇਆ । ਬੇਮੁਖਾਂ ਮਦਿ ਮਾਸ ਰਸਨ ਲਗਾਇਆ । ਗੁਰਸਿਖਾਂ ਆਤਮ ਗਿਆਨ ਦਵਾਇਆ । ਬੇਮੁਖਾਂ ਕਾਮ ਕਰੋਧ ਚਲਾਇਆ । ਗੁਰਸਿਖਾਂ ਪ੍ਰਭ ਪਤਤ ਪੁਨੀਤ ਕਰਾਇਆ । ਬੇਮੁਖਾਂ ਆਤਮ ਵਿਕਾਰ ਵਧਾਇਆ । ਗੁਰਸਿਖਾਂ ਨਿਹਕਲੰਕ ਆਪਣਾ ਦਰਸ ਦਖਾਇਆ । ਬੇਮੁਖਾਂ ਕਲਜੁਗ ਮਾਇਆ ਵਿਚ ਫਸਾਇਆ । ਗੁਰਮੁਖਾਂ ਪ੍ਰਭ ਅਗਿਆਨ ਅੰਧੇਰ ਮਿਟਾਇਆ । ਬੇਮੁਖਾਂ ਪ੍ਰਭ ਹਉਮੇ ਮਮਤਾ ਰੋਗ ਵਧਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਰਗਟ ਸੋਹੰ ਖੰਡਾ ਦੋ ਧਾਰ ਚਲਾਇਆ । ਸੋਹੰ ਸ਼ਬਦ ਖੰਡਾ ਦੋ ਧਾਰੀ । ਭਗਤਾਂ ਦੇਵੇ ਨਾਮ ਅਧਾਰੀ । ਬੇਮੁਖਾਂ ਕਰੇ ਖੁਆਰੀ । ਜਨ ਭਗਤਾਂ ਪੈਜ ਸਵਾਰੀ । ਬੇਮੁਖ ਹੋਏ ਦੁਸ਼ਟ ਦੁਰਾਚਾਰੀ । ਜਨ ਭਗਤਾਂ ਦੇਵੇ ਸਤਿਜੁਗ ਸਚੀ ਸਿਕਦਾਰੀ । ਬੇਮੁਖਾਂ ਕਲਜੁਗ ਮਮਤਾ ਲੱਗੀ ਬੀਮਾਰੀ । ਗੁਰਮੁਖਾਂ ਅੰਮ੍ਰਿਤ ਦੇਵੇ ਪ੍ਰਭ ਵੱਡਾ ਭੰਡਾਰੀ । ਬੇਮੁਖਾਂ ਦਰ ਤੇ ਹਾਹਾਕਾਰੀ । ਗੁਰਸਿਖਾਂ ਸੋਹੰ ਸ਼ਬਦ ਪ੍ਰਭ ਆਤਮ ਕਰੇ ਚਮਤਕਾਰੀ । ਬੇਮੁਖਾਂ ਆਤਮ ਵਸੇ ਹਤਿਆਰੀ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਇਆ ਖੰਡਾ ਦੋ ਧਾਰੀ । ਸੋਹੰ ਸ਼ਬਦ ਖੰਡਾ ਦੋ ਧਾਰਾ । ਬੇਮੁਖਾਂ ਚੀਰੇ ਜਿਉਂ ਲੱਕੜੀ ਆਰਾ । ਗੁਰਸਿਖਾਂ ਆਤਮ ਦੀਸੇ ਸਚ ਨਿਰੰਕਾਰਾ । ਬੇਮੁਖਾਂ ਡੋਬੇ ਵਿਚ ਮੰਝਧਾਰਾ । ਗੁਰਸਿਖਾਂ ਕੀਆ ਸੋਹੰ ਪਾਰ ਉਤਾਰਾ । ਬੇਮੁਖਾਂ ਪ੍ਰਭ ਦਰ ਦੁਰਕਾਰਾ । ਗੁਰਸਿਖਾਂ ਰਸਨਾ ਜਪ ਹੋਵੇ ਜੈ ਜੈ ਜੈਕਾਰਾ । ਬੇਮੁਖ ਕਰੇ ਕਲਜੁਗ ਅੰਤ ਖੁਆਰਾ । ਗੁਰਸਿਖਾਂ ਖੋਲ੍ਹੇ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਇਆ ਖੰਡਾ ਦੋ ਧਾਰਾ । ਨਿਹਕਲੰਕ ਖੰਡਾ ਦੋ ਧਾਰ । ਬੇਮੁਖਾਂ ਕਲਜੁਗ ਕਰੇ ਖੁਆਰ । ਗੁਰਸਿਖਾਂ ਮਾਨਸ ਜਨਮ ਦੇਵੇ ਸਵਾਰ । ਬੇਮੁਖਾਂ ਆਈ ਕਲਜੁਗ ਹਾਰ । ਗੁਰਸਿਖਾਂ ਦੇਵੇ ਸ਼ਬਦ ਸਚਾ ਤਾਰ । ਬੇਮੁਖ ਨਾ ਸੋਹਣ ਹਰਿ ਕੇ ਦਵਾਰ । ਗੁਰਮੁਖਾਂ ਧਾਮ ਸਚਾ ਦਰਬਾਰ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਇਆ ਖੰਡਾ ਦੋ ਧਾਰ । ਸੋਹੰ ਸ਼ਬਦ ਸਚਾ ਖੰਡ । ਤੀਨ ਲੋਕ ਪ੍ਰਭ ਦੀਆ ਵੰਡ । ਕਲਜੁਗ ਪਰਗਟ ਸੋਹੰ ਸ਼ਬਦ ਸੁਣਾਇਆ ਵਰਭੰਡ । ਸੁਣ ਸੁਣ ਜੀਵ ਨਾ ਆਤਮ ਹੋਵੇ ਰੰਡ । ਬੇਮੁਖਾਂ ਹਿਰਦਕ ਹੋਇਆ ਘਮੰਡ । ਅੰਤਕਾਲ ਕਲਜੁਗ ਸ਼ਬਦ ਬਾਣ ਮਾਰ ਕਹਿਰ ਜਾਏ ਵੰਡ । ਸ੍ਰਿਸ਼ਟ ਸਬਾਈ ਹੋ ਜਾਏ ਖੰਡ ਖੰਡ । ਕੋਈ ਨਾ ਦੀਸੇ ਸੁਹਾਗਣ ਸਰਬ ਰੋਵਣ ਰੰਡ । ਚਾਰ ਕੁੰਟ ਹਾਹਾਕਾਰ, ਸੁਣੇ ਪੁਕਾਰ ਬ੍ਰਹਿਮੰਡ । ਕਲਜੁਗ ਕਰਨ ਵਿਚਾਰ, ਪ੍ਰਭ ਖੇਲ ਮਿਟਾਈ ਵਰਭੰਡ । ਮਹਾਰਾਜ ਸ਼ੇਰ ਸਿੰਘ ਲਿਖਾਵੇ, ਬੇਮੁਖ ਕਲਜੁਗ ਪਾਵਣ ਡੰਡ । ਝੂਠਾ ਡੰਕ ਝੂਠਾ ਪਸਾਰਾ । ਕਲਜੁਗ ਕੀਆ ਪਾਰ ਕਿਨਾਰਾ । ਨਿਹਕਲੰਕ ਪਰਗਟੇ ਨਰ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਚ ਦਵਾਰਾ । ਸਿੱਖ ਦਵਾਰ ਸਦਾ ਚਲ ਆਇਣ । ਗੁਰਮੁਖ ਕਲਜੁਗ ਤਰਾਇਣ । ਗੁਰਮੁਖ ਆਤਮ ਪ੍ਰਭ ਦਰਸ਼ਨ ਪਾਇਣ । ਬੇਮੁਖ ਹਿਦਰਕ ਦੁਖ ਪ੍ਰਭ ਸਦਾ ਵਸਾਇਣ । ਗੁਰਮੁਖ ਮਿਲਿਆ ਸੋਹੰ ਰਸਨਾ ਗਾਇਣ । ਬੇਮੁਖ ਨਾ ਉਤਰੇ ਮਨ ਕੀ ਭੁਖ, ਰਸਨ ਰਸ ਨਾ ਸਦਾ ਬਿਲਲਾਇਣ । ਮਹਾਰਾਜ ਸ਼ੇਰ ਸਿੰਘ ਸੋਈ ਕਲ ਵਰਤੇ, ਜੋ ਹੁਕਮ ਤੇਰੇ ਮਨ ਭਾਇਣ । ਭਾਣਾ ਤੇਰਾ ਇਕ, ਜਗ ਭਰਮ ਦੂਜਾ । ਕਲਜੁਗ ਜਾਮਾ ਧਾਰ, ਸਭ ਮਿਟਾਈ ਪੂਜਾ । ਸਚ ਸੋਹੰ ਸ਼ਬਦ ਚਲਾਇਆ, ਕੋਈ ਰਹੇ ਨਾ ਦੂਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰ ਜਨ ਭਗਤਾਂ ਕਲਜੁਗ ਸੂਝਾ । ਸਚਾ ਦਰ ਦਰ

ਆਏ ਦਰਵੇਸ਼ । ਸਾਚੀ ਜੋਤ ਪ੍ਰਭ ਆਤਮ ਕਰੇ ਪਰਵੇਸ਼ । ਆਤਮ ਧਰੇ ਜੋਤ, ਗੁਰਸਿਖ ਬੁਧ ਵਿਸ਼ੇਸ਼ । ਊਚਾ ਦਰ ਸਚਾ ਦਰਬਾਰ, ਦਰ ਖੜ੍ਹੇ ਸਦਾ ਮਹੇਸ਼ । ਵਿਚ ਪਾਤਾਲ ਪ੍ਰਭ ਸਾਚਾ ਘਰ, ਸੇਜਾ ਕਰੇ ਉਪਰ ਸ਼ੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਉਂ ਸਦਾ ਆਦੇਸ । ਨਾਮ ਤੇਰਾ ਸਤਿ ਦੇਵੇ ਧੀਰ । ਰਸਨਾ ਜਪ ਜੀਵ ਹਉਮੇ ਜਾਏ ਪੀੜ । ਰਸਨਾ ਜਪ ਜੀਵ, ਅੰਮ੍ਰਿਤ ਵਰਸੇ ਦੇਵੇ ਸ਼ਾਂਤ ਜਿਉਂ ਬਾਲਕ ਸੀਰ । ਸ਼ਬਦ ਸੁਰਤ ਗੁਰ ਗਿਆਨ ਦੇ, ਗੁਰਸਿਖਾਂ ਦੇਵੇ ਧੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਦਰਸ ਕਰ ਹੋਵੇ ਸ਼ਾਂਤ ਸਰੀਰ । ਚਾਰ ਵੇਦ ਹੋਏ ਬੇਤਾਲੇ । ਸ਼ਾਂਖ ਸਤਿ ਸਤਿ ਸਤਿ ਦੀਪਾਲੇ । ਰਿਗ ਵੇਦ ਨਾ ਰਹੇ ਨਾਲੇ । ਯਜੁਰ ਗਵਾਏ ਪਰਗਟ ਕ੍ਰਿਸ਼ਨ ਵਸਾਲੇ । ਅਥਰਬਣ ਅੱਲ੍ਹਾ ਨੂਰ ਗਵਾਏ ਖਪਾਏ ਗਵਾਏ ਗੁਰ ਗੋਪਾਲੇ । ਜਾਮਾ ਧਾਰ ਨਿਹਕਲੰਕ, ਸਭ ਪਾਏ ਅੰਤ ਭਠਿਆਲੇ । ਮਹਾਰਾਜ ਸ਼ੇਰ ਸਿੰਘ ਸਤਿਜੁਗ ਪਰਗਟਾਏ, ਸੋਹੰ ਸ਼ਬਦ ਚਲਾਏ ਬੇਮਿਸਾਲੇ । ਮਿਟਾਏ ਵੇਦ ਮਿਟੇ ਪੁਰਾਨ । ਜਾਏ ਅੰਜੀਲ ਨਾ ਰਹੇ ਕੁਰਾਨ । ਸਿਮਰਤੀ ਕੋਈ ਨਾ ਦੀਸੇ ਧੁਜ ਧੁਰਾਨ । ਸੋਹੰ ਮਾਰੇ ਸ਼ਬਦ ਭਗਵਾਨ । ਮਹਾਰਾਜ ਸ਼ੇਰ ਸਿੰਘ ਕਲਜੁਗ ਵਗੇ ਤੇਰੇ ਨਾਮ ਦੀਬਾਣ । ਨਾਮ ਬਾਣ ਕਲਜੁਗ ਸੰਘਾਰਿਆ । ਜਾਣੀ ਜਾਣ ਵਿਸ਼ਨੂੰ ਭਗਵਾਨ ਕਲਜੁਗ ਮਾਰਿਆ । ਧਰਤੀ ਧਿਆਨ ਕੀਆ ਖੇਲ, ਜੋਤ ਸਰੂਪ ਨਿਰਾਧਾਰਿਆ । ਗੁਣੀ ਨਿਧਾਨ ਤੇਰਾ ਭੇਵ, ਜੁਗੋ ਜੁਗ ਨਾ ਕਿਸੇ ਵਿਚਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਨਿਹਕਲੰਕ ਕਲ ਧਾਰਿਆ । ਜਾਮਾ ਧਾਰ ਜਗਤ ਭੁਲਾਇਆ । ਜੋਤ ਸਰੂਪੀ ਸਰੂਪ ਪ੍ਰਭ ਛੁਪਾਇਆ । ਜਨ ਭਗਤਾਂ ਦੇ ਦਰਸ ਅਨੂਪ, ਪ੍ਰਭ ਆਪਣਾ ਭੇਵ ਚੁਕਾਇਆ । ਮਹਾਰਾਜ ਸ਼ੇਰ ਸਿੰਘ ਕਲ ਸਾਚਾ ਭੂਪ, ਸਿਰ ਤਾਜ ਜਗਤ ਦੇ ਲਾਹਿਆ । ਜਗਤ ਜੀਵ ਨਾ ਛਤਰ ਝੁਲਾਏ । ਊਚ ਨੀਚ ਪ੍ਰਭ ਇਕ ਕਰਾਏ । ਰਾਓ ਰੰਕ ਕੋਈ ਦਿਸ ਨਾ ਆਏ । ਹਰਨ ਫਰਨ ਪ੍ਰਭ ਖੇਲ ਵਰਤਾਏ । ਜਲ ਥਲ ਥਲ ਜਲ ਵਹਾਏ । ਦੁਖ ਸੁਖ ਭੁਖ ਇਕ ਰੰਗ ਵਰਤਾਏ । ਸਾਚਾ ਸ਼ਬਦ ਗੁਰਸਿਖਾਂ ਆਤਮ ਗਿਆਨ ਦਵਾਏ । ਮਹਾਰਾਜ ਸ਼ੇਰ ਸਿੰਘ ਤੇਰੇ ਦਰ, ਸਾਚੀ ਨਾਉਂ ਭਿਛਿਆ ਕੋਈ ਵਿਰਲਾ ਗੁਰਮੁਖ ਪਾਏ । ਭਿਛਿਆ ਦੇਵੇ ਪ੍ਰਭ ਸਿੱਖ ਦਰ ਬਣ ਭਿਖਾਰੀ । ਦੇਵੇ ਦਾਤਾ ਵਡ ਭਗਤ ਭੰਡਾਰੀ । ਖੁੱਲ੍ਹੇ ਦ੍ਰਿਸ਼ਟੀ ਹੋਏ ਜੋਤ ਆਕਾਰੀ । ਮਹਾਰਾਜ ਸ਼ੇਰ ਸਿੰਘ ਕਲੰਕਨਿਹ ਖੁਲ੍ਹਾਵੇ ਦਸਮ ਦਵਾਰੀ । ਖੁੱਲ੍ਹੇ ਦਵਾਰ ਮਿਲੇ ਆਤਮ ਰਸ । ਏਕਾ ਸ਼ਬਦ ਸੋਹੰ ਆਤਮ ਜਾਏ ਵਸ । ਝੂਠੀ ਦੇਹ ਅੰਧ ਅੰਧਿਆਰ ਛਿੰਨ ਭੀਤਰ ਜਾਏ ਨਸ । ਸਾਚੀ ਜੋਤ ਕੀਆ ਆਕਾਰ, ਹੋਇਆ ਪਰਕਾਸ਼ ਜਿਉਂ ਰਵ ਸਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਗਿਆ ਜਗਤ ਦਸ । ਸੁਰਪਤ ਖੜ੍ਹੇ ਪ੍ਰਭ ਚਰਨ ਹਜ਼ੂਰ । ਸਾਚਾ ਪ੍ਰਭ ਸੁਰਪਤ ਜਨਾਂ ਦੀ ਆਸਾ ਪੂਰ । ਜਾਮਾ ਸ਼ੇਰ ਸਿੰਘ ਨਿਹਕਲੰਕ ਵਡ ਸੂਰਾ ਸੂਰ । ਜਗਾਏ ਜੋਤ ਗੁਰਸਿਖ ਜਿਉਂ ਕੋਹਤੂਰ । ਆਤਮ ਮਿਲੇ ਸਰਬ ਸੁਖ, ਸਾਚਾ ਵਿਚ ਵਸਾਏ ਨੂਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਮਸਤਕ ਲਾਏ ਧੂੜ । ਮਸਤਕ ਧੂੜ ਸਾਚਾ ਧਰਮ । ਸਾਚਾ ਲੇਖ ਪ੍ਰਭ ਸਚ ਲਿਖਾਏ ਕਰਮ । ਮਾਤਲੋਕ ਜੀਵ ਭਰਵਾਸ ਕਰ, ਵਾਸ ਗਰਭ ਨਾ ਹੋਵੇ ਜਰਮ । ਏਕਾ ਪ੍ਰਭ ਜੋਤ ਜਗਾਏ, ਜੋਤ ਮਿਟਾਏ ਭਰਮ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚਾ, ਜੁਗੋ ਜੁਗ ਚਲਾਏ ਸਾਚਾ ਧਰਮ । ਸਾਚਾ ਧਰਮ ਪ੍ਰਭ ਜਗਤ ਚਲਾਏ । ਝੂਠਾ ਠੂਠਾ ਕਲ ਰਹਿਣ ਨਾ ਪਾਏ । ਰਸਨਾ ਲੂਠ ਜੀਵ ਬਿਲਲਾਏ । ਅੰਮ੍ਰਿਤ ਸਿੰਚ ਪ੍ਰਭ ਸਤਿ ਸੰਤੋਖ ਦਵਾਏ । ਜੋਤ ਜਗਾਏ ਕਿੰਚ ਪ੍ਰਭ ਧਵਲ ਧਰਮ ਵਰਤਾਏ ।

ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਰਗਟ ਸਾਚਾ ਮਗ ਚਲਾਏ । ਸਾਚਾ ਮਗ ਚਲੇ ਜਗ ਸਤਿ । ਨਿਹਕਲੰਕ ਕਲ ਆਇਆ, ਗੁਰਸਿਖਾਂ ਰੱਖੇ ਪਤ । ਆਪਣਾ ਆਪ ਬੁਝਾਇਆ, ਬ੍ਰਹਮ ਗਿਆਨ ਦੀਆ ਪ੍ਰਭ ਤੱਤ । ਸੋਹੰ ਸਾਚਾ ਸ਼ਬਦ ਸੁਣਾਇਆ, ਗੁਰਮੁਖ ਨਾ ਟੁੱਟੇ ਤੇਰਾ ਯਤਿ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ, ਆਤਮ ਜੋਤ ਜਗਾਈ ਸਤਿ । ਦਰਸ ਦਿਖਾ ਪ੍ਰਭ ਦ੍ਰਿਸ਼ਟ ਖੁਲ੍ਹਾਈ । ਸਾਚੀ ਜੋਤ ਪ੍ਰਭ ਸਚ ਮੇਲ ਕਰਾਈ । ਹੋਇਆ ਮੇਲ ਭਇਆ ਪਰਕਾਸ਼, ਦੇਹ ਅੰਧੇਰ ਸਰਬ ਮਿਟ ਜਾਈ । ਮਹਾਰਾਜ ਸ਼ੇਰ ਸਿੰਘ ਸਰਬ ਗੁਣਤਾਸ, ਸਾਚੀ ਬੂਝ ਬੁਝਾਈ । ਸਾਚੀ ਬੂਝ ਸਤਿ ਪੁਰਖਾਂ ਦੇਵੇ । ਸਤਿ ਨਿਰੰਜਣ ਜੋਤ ਵਿਚ ਸੁਖ ਵਸੇਵੇ । ਬੇਮੁਖ ਵਿਰਲੇ ਜਾਇਣ ਰੋਤ, ਨਾ ਪਾਇਣ ਪ੍ਰਭ ਭੇਵੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਵਿਰਲਾ ਗੁਰਮੁਖ ਸੇਵੇ । ਸੇਵਕ ਸੇਵਾ ਸੇਵ ਪ੍ਰਭ ਲਾਇਆ । ਸੋਹੰ ਸਾਚਾ ਸ਼ਬਦ ਪ੍ਰਭ ਰਸਨ ਚਲਾਇਆ । ਕਰੇ ਵੱਡਾ ਵਡ ਦੇਵ, ਪ੍ਰਭ ਸਤਿ ਮੰਤਰ ਦ੍ਰਿੜਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਪਰਗਟ ਕਲਜੁਗ ਆਇਆ । ਸੇਵਕ ਸੇਵਾ ਕਰ ਪ੍ਰਭ ਦਰ ਆਏ । ਸੇਵਕ ਸੇਵਾ ਕਰ ਪ੍ਰਭ ਜਗ ਵਡਿਆਏ । ਸੇਵਕ ਸੇਵਾ ਕਰ, ਅੰਤ ਸਾਚੀ ਜੋਤ ਮਿਲ ਜਾਏ । ਸੇਵਕ ਸੇਵਾ ਕਰ, ਸਾਧ ਸੰਗਤ ਪ੍ਰਭ ਨਿਵਾਸ ਦਵਾਏ । ਸੇਵਕ ਸੇਵਾ ਕਰ, ਸਾਚਾ ਪ੍ਰਭ ਜਨਮ ਮਰਨ ਦਾ ਗੇੜ ਕਟਾਏ । ਸੇਵਕ ਸੇਵਾ ਕਰ, ਗਰਭ ਜੂਨ ਪ੍ਰਭ ਫੰਦ ਕਟਾਏ । ਸੇਵਕ ਸੇਵਾ ਕਰ, ਥਿਰ ਘਰ ਵਾਸੀ ਥਿਰ ਘਰ ਪਹੁੰਚਾਏ । ਸੇਵਕ ਸੇਵਾ ਕਰ, ਅਨੰਦ ਮੰਗਲ ਪ੍ਰਭ ਦਰ ਤੇ ਗਾਏ । ਸੇਵਕ ਸੇਵਾ ਕਰ, ਸਚ ਊਚੋ ਊਚ ਸਚ ਪ੍ਰਭ ਦਿਖਾਏ । ਸੇਵਕ ਸੇਵਾ ਕਰ, ਸਰਬ ਜਗਤ ਪ੍ਰਭ ਮਾਣ ਰਖਾਏ । ਸੇਵਕ ਸੇਵਾ ਕਰ, ਸਾਚੀ ਲਿਖਤ ਪ੍ਰਭ ਦੇ ਲਿਖਾਏ । ਸੇਵਕ ਸੇਵਾ ਕਰ, ਜਨ ਭਗਤਾਂ ਵਿਚ ਪ੍ਰਭ ਨਾਮ ਧਰਾਏ । ਸੇਵਕ ਸੇਵਾ ਕਰ, ਅੰਤਕਾਲ ਅਮਰਾਪਦ ਪਾਏ । ਸੇਵਕ ਸੇਵਾ ਕਰ, ਸਚਖੰਡ ਪ੍ਰਭ ਨਿਵਾਸ ਦਵਾਏ । ਸੇਵਕ ਸੇਵਾ ਕਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੋਏ ਸਹਾਏ । ਸਾਚਾ ਸੇਵਕ ਗੁਰਚਰਨ ਸੇਵ ਕਮਾਏ । ਤਨ ਮਨ ਧਨ ਵਾਰ, ਚਰਨ ਪ੍ਰੀਤੀ ਲਾਏ । ਅੰਤ ਬੇੜਾ ਹੋਇਆ ਪਾਰ, ਪ੍ਰਭ ਪਰਗਟ ਦਰਸ ਦਿਖਾਏ । ਗਿਆ ਜਨਮ ਸੁਧਾਰ, ਲੱਖ ਚੁਰਾਸੀ ਗੇੜ ਕਟਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਚੇਤ ਸਿੰਘ ਤੇਰੀ ਲਾਜ ਰਖਾਏ । ਤੇਰੀ ਸੇਵਾ ਗਊ ਦਾਨ । ਪੂਰਨ ਪਾਏ ਦਰ ਭਗਵਾਨ । ਸੁਫਲ ਹੋਇਆ ਵਿਚ ਜਹਾਨ । ਚਾਰ ਵਰਨ ਸਤਿਜੁਗ ਜਾਇਣ ਕੁਰਬਾਨ । ਧੰਨ ਧੰਨ ਧੰਨ ਗੁਰਸਿਖ, ਪ੍ਰਭ ਸਾਚੇ ਦੀ ਸੇਵ ਕਮਾਣ । ਕਰ ਦਰਸ ਮਨ ਉਤਰੇ ਭੁਖ, ਹੋਏ ਕਲ ਨਿਹਕਲੰਕ ਬਲਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਿੱਖਾ ਦੇਵੇ ਮਾਣ । ਧੰਨ ਜਨਮ ਗੁਰਸਿਖ, ਕਲਜੁਗ ਸੇਵ ਕਮਾਈ । ਪਰਗਟ ਜਾਮਾ ਨਿਹਕਲੰਕ, ਕਲਜੁਗ ਦੇਵੇ ਵਡਿਆਈ । ਆਤਮ ਹੋਵੇ ਸਰਬ ਸੁਖ, ਭੁਖ ਰਹੇ ਨਾ ਰਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਹੋਵੇ ਸਹਾਈ । ਗੁਰਸਿਖ ਕਲਜੁਗ ਸਤਿ ਸਰੂਪ । ਸਤਿ ਪੁਰਖ ਲਿਖਾਏ ਆਪ ਪ੍ਰਭ ਭੂਪ । ਉਜਲ ਕਰੇ ਮੁਖ ਵਿਚ ਕਲ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਆਕਾਰ ਬਿਨ ਰੰਗ ਰੂਪ । ਸ਼ਬਦ ਰੂਪ ਪ੍ਰਭ ਸ਼ਬਦ ਚਲਾਇਆ । ਸ਼ਬਦ ਰੂਪ ਪ੍ਰਭ ਜਗਤ ਤੁਲਾਇਆ । ਸ਼ਬਦ ਰੂਪ ਪ੍ਰਭ ਅਗਨ ਜੋਤ ਜਲਾਇਆ । ਸ਼ਬਦ ਰੂਪ ਪ੍ਰਭ ਖੰਡ ਬ੍ਰਹਿਮੰਡ ਡੁਲਾਇਆ । ਸ਼ਬਦ ਰੂਪ ਪ੍ਰਭ ਭਾਣਾ ਕਲ ਵਰਤਾਇਆ । ਸ਼ਬਦ ਰੂਪ ਪ੍ਰਭ ਚਾਰ ਕੁੰਟ ਹਾਹਾਕਾਰ ਮਚਾਇਆ । ਸ਼ਬਦ ਰੂਪ ਪ੍ਰਭ ਸ਼ਬਦ ਸ਼ਬਦੀ ਖੇਡ ਰਚਾਇਆ । ਸ਼ਬਦ ਰੂਪ ਪ੍ਰਭ ਆਪਣਾ ਭੇਵ ਨਾ ਕਿਸੇ ਜਣਾਇਆ ।

ਸ਼ਬਦ ਰੂਪ ਪ੍ਰਭ ਸ਼ਬਦ ਬਾਣ ਜਗਤ ਟੁੰਬ ਉਠਾਇਆ । ਸ਼ਬਦ ਰੂਪ ਪ੍ਰਭ ਸ਼ਬਦ ਖੰਡਾ ਕਲਜੁਗ ਹਥ ਫੜਾਇਆ । ਸ਼ਬਦ ਰੂਪ ਪ੍ਰਭ ਸ਼ਬਦ ਸਤਿ ਡੰਡਾ, ਬੇਮੁਖਾਂ ਸਿਰ ਲਾਇਆ । ਸ਼ਬਦ ਰੂਪ ਪ੍ਰਭ ਵਸੇ ਵਿਚ ਵਰਭੰਡਾ, ਹਾਕਨ ਡਾਕਨ ਸਿਰ ਮੁੰਡਵਾਇਆ । ਸ਼ਬਦ ਚੋਟ ਲਗਾਏ ਪ੍ਰਭ ਵਿਚ ਨੌਂ ਖੰਡਾਂ, ਆਕਾਸ਼ ਪਾਤਾਲ ਹਿਲਾਇਆ । ਸ਼ਬਦ ਰੂਪ ਪ੍ਰਭ ਕਲਜੁਗ ਜਾਮਾ ਧਾਰ, ਨਿਹਕਲੰਕ ਨਾਂ ਰਖਾਇਆ । ਸ਼ਬਦ ਰੂਪ ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਸੋਹੰ ਸਤਿਜੁਗ ਸ਼ਬਦ ਚਲਾਇਆ । ਸ਼ਬਦ ਚਲਾਏ ਪ੍ਰਭ ਸਤਿਜੁਗ ਸਤਿ ਵਰਤਾਏ । ਕਲਜੁਗ ਅੰਧੇਰ ਮਿਟੇ ਮਿਟ ਜਾਏ । ਸਤਿਜੁਗ ਸਤਿਵਾਦੀ ਸਤਿ ਪੁਰਖ ਉਪਜਾਏ । ਸਤਿਜੁਗ ਤੇਰੀ ਸਾਚੀ ਨਾਏ । ਪੁਰਖ ਨਿਰੰਜਣ ਗੁਰਮੁਖਾਂ ਉਪਰ ਬਿਠਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚਖੰਡ ਦੇ ਪਹੁੰਚਾਏ । ਸੋਹੰ ਸ਼ਬਦ ਤੇਰਾ ਕਲਜੁਗ ਗੁਣ । ਬੇਮੁਖ ਮਾਰੇ ਕਲਜੁਗ ਚੁਣ । ਗੁਰਮੁਖਾਂ ਉਪਜਾਵੇ ਆਤਮ ਧੁਨ । ਸਾਚਾ ਰਾਗ ਆਤਮ ਉਪਜਾਵੇ, ਗੁਰਸਿਖ ਲੈਣ ਕੰਨ ਸੁਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਵਰਤੇ ਵੇਖ ਜੀਵ ਤੇਰੇ ਗੁਣ । ਸ਼ਬਦ ਉਪਜਾਵੇ ਸਤਿ ਗਿਆਨ । ਸ਼ਬਦ ਉਪਜਾਵੇ ਪ੍ਰਭ ਦਰਸ ਧਿਆਨ । ਸ਼ਬਦ ਮਿਲਾਵੇ ਪ੍ਰਭ ਵਿਸ਼ਨੂੰ ਭਗਵਾਨ । ਸ਼ਬਦ ਤਰਾਵੇ ਮੂਰਖ ਮੁਗਧ ਅੰਞਾਣ । ਸ਼ਬਦ ਸੁਣਾਵੇ ਸੋਹੰ ਸਾਚਾ ਕਾਨ । ਸ਼ਬਦ ਕਲ ਪਾਵੇ ਵਿਰਲਾ ਗੁਰਮੁਖ ਚਤੁਰ ਸੁਜਾਨ । ਸ਼ਬਦ ਕਮਾਵੇ ਜਿਸ ਹੋਵੇ ਪ੍ਰਭ ਮਿਹਰਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਸ਼ਬਦੀ ਮੇਲ ਮਿਲਾਣ । ਸ਼ਬਦ ਉਪਜਾਵੇ ਆਤਮ ਧੁਨ । ਸ਼ਬਦ ਖੁਲ੍ਹਾਵੇ ਆਤਮ ਦੇਹ ਸਮਾਧੀ ਸੁਨ । ਸ਼ਬਦ ਚਲਾਵੇ ਵਿਚ ਦੇਹ ਰੁਣ ਝੁਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਗੁਰਸਿਖ ਤਾਰੇ ਕਲਜੁਗ ਚੁਣ । ਸ਼ਬਦ ਜੋਤ ਪ੍ਰਭ ਆਤਮ ਲਾਵੇ । ਗੁਰਸਿਖਾਂ ਹਿਰਦਾ ਟੁੰਬ ਉਠਾਵੇ । ਪ੍ਰਭ ਅਬਿਨਾਸ਼ੀ ਪਰਗਟ ਦਰਸ ਦਿਖਾਵੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਭਰਮ ਮਿਟਾਵੇ । ਸ਼ਬਦ ਸੁਣੇ ਸੁਣੇ ਜਨ ਕੋਇ । ਜਿਸ ਜਨ ਸੁਣਿਆ ਦੁਖ ਰਹੇ ਨਾ ਕੋਇ । ਗੁਰਮੁਖ ਵਿਰਲੇ ਪ੍ਰਭ ਜੋਤ ਸਰੂਪੀ ਮਿਲਿਆ, ਦੇਵੇ ਦਰਸ ਸਰਬ ਸੁਖ ਹੋਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰ ਸਿੱਖ ਸਿੱਖ ਗੁਰ ਏਕਾ ਜੋਤ ਕਰਾਏ ਦੋਏ । ਸ਼ਬਦ ਉਪਜੇ ਆਤਮ ਉਜਿਆਰੇ । ਸ਼ਬਦ ਧੁਨ ਜਿਸ ਜਨ ਵੱਜੇ ਧੁਨਕਾਰੇ । ਅੰਮ੍ਰਿਤ ਝਿਰਨਾ ਝਿਰੇ ਆਤਮ ਫੁਹਾਰੇ । ਸਾਂਤਕ ਸਤਿ ਵਰਤੇ, ਖੁਲ੍ਹ ਜਾਇਣ ਦਸਮ ਦਵਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਾਓ ਚਰਨ ਬਲਿਹਾਰੇ । ਸ਼ਬਦ ਵਜਾਇਆ ਪ੍ਰਭ ਜਗਤ ਨਗਾਰਾ । ਸੋਹੰ ਸ਼ਬਦ ਦਰ ਸਚ ਦਵਾਰਾ । ਜਨ ਭਗਤਾਂ ਵਰਤਾਵੇ ਪਰਗਟ ਜੋਤ ਅੰਮ੍ਰਿਤ ਭੰਡਾਰਾ । ਕਲ ਜੀਵ ਭੁਲਾਏ, ਭੁੱਲਾ ਸਰਬ ਸੰਸਾਰਾ । ਨਿਹਕਲੰਕ ਕਲ ਆਇਆ, ਜੋਤ ਸਰੂਪੀ ਲੈ ਅਵਤਾਰਾ । ਮਹਾਰਾਜ ਸ਼ੇਰ ਸਿੰਘ ਨਾਮ ਧਰਾਇਆ, ਜੋਤ ਜਗਾਈ ਅਗੰਮ ਅਪਾਰਾ । ਜੋਤ ਅਗੰਮ ਅਥਾਹ । ਕਲਜੁਗ ਪਰਗਟੀ ਪ੍ਰਭ ਸਾਚੇ ਬੇਪਰਵਾਹ । ਸਾਧ ਸੰਗਤ ਪ੍ਰਭ ਦਿਖਾਇਆ ਸੋਹੰ ਸਾਚਾ ਰਾਹ । ਬੇਮੁਖਾਂ ਪੜਦਾ ਪਾਇਆ, ਕਲਜੁਗ ਨਾ ਦੀਸੇ ਸਚਾ ਥਾਂ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਚਰਨੀਂ ਲਗ ਜਾ । ਸਾਚੀ ਸ਼ਬਦ ਤੇਰੀ ਧੁਨਕਾਰ । ਸੁਣ ਜੀਵ ਨਾ ਹੋਏ ਖੁਆਰ । ਆਤਮ ਵਰਖੇ ਮੇਘ ਪ੍ਰਭ ਕਿਰਪਾ ਧਾਰ । ਬੇਮੁਖ ਝੂਠੇ ਕਿਉਂ ਕਲ ਸੋਏ ਪੈਰ ਪਸਾਰ । ਅੰਤ ਭਜ ਜਾਣਾ ਦੇਹ ਕਾਚੇ ਠੂਠੇ, ਆਤਮ ਕਰ ਵਿਚਾਰ । ਬੇਮੁਖ ਝੂਠੇ ਦੁਨੀਆ ਲੂਠੇ, ਨਾ ਦੀਸੇ ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਕਰ ਮਾਰੇ ਕਲਜੁਗ ਝੂਠੇ, ਸੋਹੰ ਸ਼ਬਦ ਵਗਾਵੇ ਮਾਰ । ਸ਼ਬਦ ਮਾਰ ਜਗਤ ਪ੍ਰਭ ਮਾਰੇ । ਸ਼ਬਦ ਆਕਾਰ

ਕਰ ਗੁਰਸਿਖ ਤਾਰੇ । ਸ਼ਬਦ ਮਾਰ ਕਰੇ ਬੇਮੁਖ ਖੁਆਰੇ । ਸ਼ਬਦ ਭੰਡਾਰ ਜਨ ਭਗਤਾਂ ਹਰਿ ਵਰਤਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸ਼ਬਦ ਕਰਾਏ ਜੈ ਜੈਕਾਰੇ । ਜੈ ਜੈਕਾਰ ਤੇਰੀ ਸ਼ਬਦ ਸੋਹੰ । ਜੈ ਜੈ ਜੈ ਜਗਤ ਦੋਇਨ । ਜੈ ਜੈ ਜੈਕਾਰ ਹੋਏ ਤੀਨ ਲੋਇਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੂਸਰ ਦਿਸੇ ਨਾ ਕੋਇਨ । ਦੂਸਰ ਦਿਸੇ ਨਾ ਦਿਸਾਏ । ਸਾਚਾ ਪ੍ਰਭ ਜੋਤ ਜਗਾਏ । ਚਾਰ ਵਰਨ ਪੜੇ ਨਿਹਕਲੰਕ ਤੇਰੀ ਸਰਨਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਲਿਖਤ ਕਰਾਏ । ਲਿਖਤ ਕਰਾਏ ਕਲਜੁਗ ਪ੍ਰਭ ਲੇਖ । ਕਲਜੁਗ ਜੀਵ ਭੁਲਾਇਆ ਕਰ ਜੋਤ ਸਰੂਪੀ ਭੇਖ । ਕਲਜੁਗ ਭਾਣਾ ਵਰਤਿਆ, ਗੁਰਸਿਖ ਸਾਚੇ ਬੀਤੀ ਦੇਖ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਾਚੀ ਵੇਖ । ਸਾਚੀ ਜੋਤ ਵਿਚ ਸੰਸਾਰ । ਜੋਤ ਸਰੂਪੀ ਪ੍ਰਭ ਆਕਾਰ । ਬੈਠਾ ਅਡੋਲ ਆਪ ਨਿਰਾਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੰਤਨ ਦੇਵੇ ਤਾਰ । ਸੰਤਨ ਦੇਵੇ ਪ੍ਰਭ ਸਾਤਕ ਰੂਪ । ਸੰਤਨ ਮਹਿੰਮਾ ਬੜੀ ਅਨੂਪ । ਸਤਿ ਪੁਰਖ ਕਾ ਸਤਿ ਸਰੂਪ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਸਹਾਈ ਹੋਏ ਪ੍ਰਭ ਭੂਪ । ਸੰਤਨ ਸ਼ਬਦ ਕਲ ਸਾਚਾ ਸੋਹੰ । ਸੰਤ ਮਿਲ ਜੀਵ ਚਾੜ੍ਹ ਆਤਮ ਰੰਗ । ਸੰਤਨ ਸੋਮਾ ਅੰਮ੍ਰਿਤ ਵਗੇ ਵਿਚ ਦੇਹ ਗੰਗ । ਸੰਤਨ ਸੇਵ ਮਾਨਸ ਜਨਮ ਨਾ ਹੋਏ ਭੰਗ । ਪੂਰਨ ਸੰਤ ਸਚਾ ਗੁਰਦੇਵ, ਆਤਮ ਦੇਵੇ ਸਤਿ ਅਨੰਦ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੀਤਲ ਕਰੇ ਬੰਦ ਬੰਦ । ਸੰਤ ਰੂਪ ਜੋ ਜਾਣੇ ਸਤਿ । ਸੰਤ ਕੀ ਕੋਈ ਵਿਰਲਾ ਜਾਣੇ ਗਤਿ । ਸੰਤ ਸਹਾਈ ਆਪ ਪ੍ਰਭ ਰੱਖੇ ਪਤਿ । ਸੰਤ ਉਪਜਾਈ ਪ੍ਰਭ ਆਤਮ ਸਾਚੀ ਮਤਿ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਜੋਤ ਜਗਾਈ ਤਤ । ਸੰਤ ਸੋ ਜੋ ਸੰਤ ਵਿਚ ਰਿਹਾ । ਸੰਤ ਸੋ ਜੋ ਥਿਰ ਘਰ ਬਹਿ ਰਿਹਾ । ਸੰਤ ਸੋ ਜਿਸ ਪ੍ਰਭ ਦਰਸ ਦੇ ਰਿਹਾ । ਸੰਤ ਸੋ ਜਿਸ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਦਿਸ ਰਿਹਾ । ਸੰਤ ਪ੍ਰਭ ਏਕਾ ਜੋਤ । ਸੰਤਨ ਪ੍ਰਭ ਚਰਨ ਪ੍ਰੀਤੀ ਸਾਚੀ ਗੋਤ । ਏਕ ਅਧਾਰ ਧਰੇ ਸੰਤ ਆਤਮ ਜੋਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਖੁਲ੍ਹਾਏ ਸੰਤਨ ਸੋਤ । ਭੇਖ ਭਿਖਾਰੀ ਜੋ ਹੋਏ ਸੰਤ । ਦੁਸ਼ਟ ਦੁਰਾਚਾਰੀ ਸੋ ਮਹੰਤ । ਪ੍ਰਭ ਕਰੇ ਖੁਆਰੀ ਵਾਰ ਅੰਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਮਿਟਾਵੇ ਭੇਖ ਵਿਚ ਜੀਵ ਜੰਤ । ਮਾਇਆ ਲੋਭੀ ਰਸਨਾ ਹਲਕਾਏ । ਸੰਤ ਭੇਖ ਕਲ ਰਹੇ ਵਟਾਏ । ਸਾਚੀ ਭਿਖਿਆ ਪ੍ਰਭ ਦਰ ਕੋਈ ਵਿਰਲਾ ਮੰਗਣ ਜਾਏ । ਕਰੇ ਡੰਡੌਵਤ ਸਾਚੇ ਘਰ, ਪ੍ਰਭ ਸਾਚਾ ਨਾਮ ਦਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦਰ ਆਏ ਆਸ ਪੁਜਾਏ । ਬਾਣਾ ਧਾਰ ਸੰਤ ਜਨ ਜੀਵ ਧਰੋ ਕਮਾਏ । ਨਾਮ ਕਹਾਏ ਭਗਤ ਜਨ, ਕਲਜੁਗ ਭਰਮ ਭੁਲੇਖੇ ਪਾਏ । ਲਾਏ ਭਬੂਤੀ ਬਣੇ ਸੰਤ ਜਨ, ਨਾ ਦੀਸੇ ਹਰਿ ਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਝੂਠਾ ਭੇਖ ਮਿਟਾਏ । ਭੇਖਾਧਾਰੀ ਭੇਖ ਵਟਾਇਣ । ਸੰਤ ਜਨਾਂ ਕਲੰਕ ਲਗਾਇਣ । ਵਿਸ਼ੇ ਵਿਕਾਰ ਵਿਚ ਕਲ ਫਸ ਜਾਇਣ । ਬੁਧ ਸੁਧ ਤਨ ਸਭ ਭੁਲਾਇਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੁਸ਼ਟਾਂ ਆਇਆ ਨਸ਼ਟ ਕਰਾਇਣ । ਦੁਸ਼ਟ ਸੰਘਾਰੇ ਆਪ ਨਿਹਕਾਮੀ । ਪਰਗਟ ਜੋਤ ਕਲਜੁਗ ਨਿਹਕਲੰਕ ਸਵਾਮੀ । ਕੋਈ ਨਾ ਦੀਸੇ ਕਲਜੁਗ ਬੇਮੁਖ ਨਾਮੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਸਤਿ ਸਵਾਮੀ । ਸਤਿ ਪੁਰਖਾਂ ਸਤਿ ਧਰਮ ਦੀਬਾਣ । ਬੇਮੁਖਾਂ ਆਤਮ ਵਿਚੋਂ ਸੁੰਞ ਮਸਾਣ । ਸਤਿ ਪੁਰਖਾਂ ਸਤਿ ਮਿਲਿਆ ਵਿਸ਼ਨੂੰ ਭਗਵਾਨ । ਬੇਮੁਖ ਕਲਜੁਗ ਜਾਮਾ ਧਾਰ, ਮਦਿ ਮਾਸ ਆਹਾਰ ਬਣਾਨ । ਮਹਾਰਾਜ ਸ਼ੇਰ

ਸਿੰਘ ਸਤਿਗੁਰ ਸਾਚਾ, ਨਿਹਕਲੰਕ ਵਿਸ਼ਨੂੰ ਭਗਵਾਨ । ਸਤਿ ਭੂਮਿਕਾ ਸਾਚਾ ਧਾਮ । ਜੋਤ ਪਰਗਟਾਏ ਪ੍ਰਭ ਰਾਮਾ ਰਾਮ । ਘਨਕਪੁਰ ਕਲ ਆਇਆ ਨਿਹਕਲੰਕ ਘਨੀਸ਼ਾਮ । ਸੋਹੰ ਸ਼ਬਦ ਚਲਾਇਆ, ਪਿਲਾਇਆ ਸਾਚਾ ਜਾਮ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸ਼ਬਦ ਕਲਜੁਗ ਅੰਤ ਕਰਾਇਆ ਕਾਮ । ਕੰਮ ਕਾਮ ਪ੍ਰਭ ਆਪ ਕਰਾਏ । ਜੁਗੋ ਜੁਗ ਲਏ ਅਵਤਾਰ, ਜੁਗ ਦੇ ਉਲਟਾਏ । ਸਤਿਜੁਗ ਹੋਏ ਪਾਰ, ਤ੍ਰੇਤਾ ਮਾਤ ਪਰਗਟਾਏ । ਅੰਤ ਤ੍ਰੇਤਾ ਕੀਆ ਪਾਰ, ਦੁਆਪਰ ਤੇਜ ਵਧਾਏ । ਦੁਆਪਰ ਕੀਆ ਪਾਰ ਕਿਨਾਰ, ਕਲਜੁਗ ਮਾਤ ਚਰਨ ਟਿਕਾਏ । ਕਲਜੁਗ ਦੀਆ ਮਾਣ, ਈਸਾ ਮੂਸਾ ਮੁਹੰਮਦ ਪ੍ਰਭ ਉਪਜਾਏ । ਕੁਰਾਨ ਅੰਜੀਲ ਅੰਜੀਲ ਕੁਰਾਨ, ਅੱਲਾ ਅਲਾਹ ਨੂਰ ਉਪਾਏ । ਕਲਜੁਗ ਖੇਦ ਕਰਨ ਦਾ ਪ੍ਰਭ ਪਰਬੰਧ ਬਣਾਏ । ਏਕ ਜੋਤ ਵਰਤੇ ਵਿਚ ਸਰਬ ਗੋਤ ਮਾਰਗ ਮਗ ਚਲਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੁਗੋ ਜੁਗ ਜੋਤ ਪਰਗਟਾਏ । ਕਲਜੁਗ ਆਇਆ ਕਲ ਦੇਹ ਉਲਟਾਏ । ਜਾਮਾ ਧਾਰ ਨਿਹਕਲੰਕ ਸਤਿਜੁਗ ਸਾਚਾ ਲਾਏ । ਸਤਿਜੁਗ ਵਰਤੇ ਸਤਿ ਸਤਿ, ਕੋਈ ਦੂਸਰ ਰਹਿਣ ਨਾ ਪਾਏ । ਸਾਚੀ ਦੇ ਪ੍ਰਭ ਮਤਿ ਮਤਿ, ਸਤਿ ਪੁਰਖ ਜੀਵ ਉਪਾਏ । ਰੱਖੇ ਆਪ ਪ੍ਰਭ ਪਤਿ ਪਤਿ, ਜਨ ਭਗਤਾਂ ਪਤਿਪਰਮੇਸ਼ਵਰ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਦੇ ਜਗਾਏ । ਸਤਿ ਦੀਪਕ ਹੋਏ ਜਗਤ ਪਰਕਾਸ਼ । ਏਕਾ ਜੋਤ ਜਗਾਏ ਪ੍ਰਭ ਸਰਬ ਗੁਣਤਾਸ । ਕਲਜੁਗ ਸਾਚਾ ਸਿੱਖ ਸਿੰਘ ਪੂਰਨ, ਪ੍ਰਭ ਸਾਚੇ ਕੀਆ ਵਾਸ । ਸੋਲਾਂ ਕਲਾ ਪ੍ਰਭ ਸਮਰਥ, ਸਾਚੀ ਦੇਹ ਕੀਆ ਨਿਵਾਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੇ ਸਿੱਖ ਸਦਾ ਰਹੇ ਪਾਸ । ਦੀਪਕ ਦੂਜਾ ਭਏ ਪਰਕਾਸ਼ । ਮਨੀ ਸਿੰਘ ਤੇਰੀ ਜੋਤ ਆਕਾਸ਼ । ਸਾਚਾ ਪ੍ਰਭ ਕਰੇ ਤੇਰੇ ਆਤਮ ਵਾਸ । ਸਾਧ ਸੰਗਤ ਰਹੇ ਤੇਰੇ ਚਰਨ ਪਾਸ । ਚਾਰ ਵਰਨ ਜਪੇ ਤੇਰਾ ਨਾਉਂ ਸਵਾਸ ਸਵਾਸ । ਤੀਜਾ ਦੀਪਕ ਜਗਤ ਬਿਲੋਏ । ਭਗਵਾਨ ਸਿੰਘ ਵਰ ਦੀਆ ਤੋਹੇ । ਮਹਿੰਮਾ ਤੇਰੀ ਜਨ ਜਾਣੇ ਕੋਇ । ਏਕਾ ਜੋਤ ਦੀਪ ਜਗਾਏ ਦੋਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਹੋਵੇ ਤੇਰੀ ਸਾਚੀ ਸੋਏ । ਚੌਥਾ ਦੀਪਕ ਦੀਪ ਉਪਾਇਆ । ਧਰ ਜੋਤ ਪ੍ਰਭ ਜੋਤ ਸਰੂਪ ਕਲਜੁਗ ਮਾਣ ਦਵਾਇਆ । ਦੀਪਕ ਦੇਹ ਸਦਾ ਪਰਕਾਸ਼ੇ, ਪ੍ਰਭ ਸਾਚੀ ਜੋਤ ਜਗਾਇਆ । ਸਾਧ ਸੰਗਤ ਸਤਿ ਸੋਹੇ ਪਾਸੇ, ਪ੍ਰਭ ਸਾਚੇ ਮਾਣ ਦਿਵਾਇਆ । ਏਕਾ ਜੋਤ ਜਗਾਈ ਪ੍ਰਭ ਅਬਿਨਾਸ਼ੇ, ਸਭ ਭਰਮ ਭੁਲੇਖਾ ਲਾਹਿਆ । ਸਾਚੀ ਜੋਤ ਕਰੇ ਵਿਚ ਵਾਸੇ, ਇਕ ਨਿਰੰਜਣ ਰਾਇਆ । ਮਹਾਰਾਜ ਸ਼ੇਰ ਸਿੰਘ ਦੇ ਵਡਿਆਈ, ਸਤਿਗੁਰ ਮਨੀ ਸਿੰਘ ਸਿਰਤਾਜ ਬਣਾਇਆ । ਪੰਚਮ ਦੀਪਕ ਭਏ ਪਰਕਾਸ਼ । ਆਤਮ ਮਿਟਾਏ ਅੰਧੇਰ ਵਿਸ਼ਵਾਸ । ਰੱਖੇ ਲਾਜ ਵਿਚ ਗਰਭਾਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਰਹੇ ਸਿੱਖ ਪਾਸ । ਪੰਚਮ ਦੀਪ ਜਗੇ ਜਗਤਾਰ । ਪੰਚਮ ਜੇਠ ਲਏ ਅਵਤਾਰ । ਪੂਰਨ ਪਰਮੇਸ਼ਵਰ ਲਿਖਾਏ ਬਚਨ ਅਪਾਰ । ਸਤਿ ਸਤਿ ਸਤਿ ਵਰਤੇ ਸਤਿ ਕਲਾਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਲਿਖਤ ਲਿਖਾਏ ਅਪਾਰ । ਦੀਪਕ ਛੇਵਾਂ ਛੇ ਘਰ ਵੇਖ । ਹੁਕਮ ਅੰਦਰ ਪ੍ਰਭ ਲਿਖਾਏ ਲੇਖ । ਮਿਟਾਇਆ ਅਮਰ, ਪ੍ਰਭ ਸਾਚੇ ਕੇ ਸਾਚੇ ਭੇਖ । ਧਰੇ ਜੋਤ ਪ੍ਰਭ ਏਕਾ ਏਕ । ਪ੍ਰਭਜੋਤ ਪ੍ਰਭ ਚਰਨਾ ਟੇਕ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕ ਜੋਤ ਦੀਪ ਜਗਾਏ ਅਨੇਕ । ਸਪਤਮ ਦੀਪ ਸਤਿ ਪੁਰਖ ਉਪਾਏ । ਸਤਿ ਨਿਰੰਜਣ ਜੋਤ, ਸਤਿ ਸਤਿ ਸਤਿ ਵਰਤਾਏ । ਨਾ ਜਾਣੇ ਪ੍ਰਭ ਓਤ ਪੋਤ, ਸਾਚੀ ਦੇਹ ਵਿਚ ਦੇ ਜੋਤ ਟਿਕਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਕਰੇ ਨਿਆਏ । ਸਾਚਾ

ਪ੍ਰਭ ਸਤਿ ਵਰਤਾਏ । ਸਚ ਸੁੱਚ ਦੀ ਜੋਤ ਜਗਾਏ । ਜਗੇ ਜੋਤ ਕਲਜੁਗ ਫਿਰ ਬੁਝ ਨਾ ਜਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੀਪਕ ਸੱਤਵਾਂ ਦੇ ਜਗਾਏ । ਦੀਪਕ ਸੱਤਵਾਂ ਕਰੇ ਪਰਕਾਸ਼ । ਧਰੇ ਜੋਤ ਨਾ ਜਾਏ ਵਿਨਾਸ । ਹੋਏ ਉਜਿਆਰ ਵਿਚ ਆਕਾਸ਼ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਕਰੇ ਪਰਕਾਸ਼ । ਸਾਚੀ ਜੋਤ ਪ੍ਰਭ ਸਤਿ ਵਰਤਾਏ । ਸਾਚੇ ਸਿੱਖ ਘਰ ਸਿੱਖ ਪ੍ਰਭ ਜਨਮ ਦਵਾਏ । ਮੋਹਣ ਸਿੰਘ ਤੇਰੀ ਘਾਲ ਪਾਈ ਥਾਏਂ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਲਾਜ ਰਖਾਏ । ਸ਼ਬਦ ਅਮੋੜ ਦੇਹ ਗਵਾਈ । ਤਿੰਨ ਅਸੂ ਘਨਕਪੁਰੀ ਪ੍ਰਭ ਬਚਨ ਸੁਣਾਈ । ਕੋਈ ਵਿਰਲਾ ਜਾਣੇ, ਜਿਸ ਪ੍ਰਭ ਬੂਝ ਬੁਝਾਈ । ਮਹਾਰਾਜ ਸ਼ੇਰ ਸਿੰਘ ਤੇਰੀ ਮਾਤ ਜੋਤ ਜਗਾਈ । ਸੇਵਾ ਕਰੀ ਘਾਲੀ ਘਾਲ । ਅੰਤ ਨਾ ਪੂਰੀ ਹੋਈ ਘਾਲ । ਸ਼ਬਦ ਅਖੁਟ ਪ੍ਰਭ ਦੇਵੇ ਸਚਾ ਧਨ ਮਾਲ । ਦਵਾਇਆ ਜਨਮ ਪ੍ਰਭ ਫੇਰ ਵਸਾਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਦੀਪਕ ਦੇਵੇ ਬਾਲ । ਮੋਹਣ ਸਿੰਘ ਤੇਰਾ ਜਨਮ ਅਤੀਤ । ਮਾਨਸ ਜਨਮ ਦਵਾਇਆ, ਪ੍ਰਭ ਸਾਚੇ ਸਚ ਭੀਤ । ਸਾਚਾ ਲੇਖ ਲਿਖਾਇਆ, ਕਲਜੁਗ ਨਾਉਂ ਧਰਿਆ ਸੁਰਜੀਤ । ਪ੍ਰਭ ਬੇੜਾ ਪਾਰ ਕਰਾਇਆ, ਸਤਿ ਚਰਨ ਲਗਾਈ ਪ੍ਰੀਤ । ਦੀਪਕ ਸੱਤਵਾਂ ਜਗਤ ਜਗਾਇਆ, ਗੁਰਸਿਖ ਪਰਖੀ ਤੇਰੀ ਨੀਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕੋਏ ਨਾ ਜਾਣੇ ਤੇਰੀ ਰੀਤ । ਸੁੱਤ ਸਿੱਖ ਨਾਮ ਸੁਰਜੀਤ । ਨਿਹਕਲੰਕ ਬਖ਼ਸ਼ੇ ਚਰਨ ਕਵਲ ਪ੍ਰੀਤ । ਦੇਵੇ ਵਡਿਆਈ ਵਿਚ ਸੰਗ ਸੰਗੀਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਆਤਮ ਕੀਆ ਸੀਤ । ਮੋਹਣ ਸਿੰਘ ਤੇਰਾ ਮਨ ਟਿਕਾਇਆ । ਮਾਨਸ ਜਨਮ ਕਲ ਦਵਾਇਆ । ਸਾਚਾ ਗੁਰਸਿਖ ਸਾਚੀ ਦੇਹ ਵਿਚ ਵਾਸ ਕਰਾਇਆ । ਚਰਨ ਧੂੜ ਪ੍ਰਭ ਦਰ ਤੇ ਮਿਲੀ, ਪਿਤਾ ਪੂਤ ਪ੍ਰਭ ਮੇਲ ਕਰਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਿੰਘ ਮੋਹਣ ਤੇਰਾ ਨਾਮ ਸੁਰਜੀਤ ਧਰਾਇਆ । ਸੁਰਜੀਤ ਸ਼ਬਦ ਮਸਤਾਨਾ । ਆਤਮ ਧਰੇ ਜੋਤ ਭਗਵਾਨਾ । ਬਾਲ ਅਵਸਥਾ ਦਿਸੇ ਨਾਦਾਨਾ । ਆਤਮ ਦੇਵੇ ਪ੍ਰਭ ਬ੍ਰਹਮ ਗਿਆਨਾ । ਪਿਛਲਾ ਜਨਮ ਸਿੰਘ ਮੋਹਣ ਕਲਸੀਆਂ ਅਸਥਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖਾਂ ਤਾਰੇ ਦੇ ਸਾਚਾ ਨਾਮਾ । ਦੀਪਕ ਸਤਵੇਂ ਸਤਿ ਸਤਿ । ਸਤਿਗੁਰ ਸਾਚਾ ਰੱਖੇ ਪਤਿ । ਸਤਿਗੁਰ ਮਨੀ ਸਿੰਘ ਸਿਰ ਰੱਖੇ ਹਥ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਚੜ੍ਹਾਏ ਰਥ । ਰਥ ਰਥਵਾਹੀ ਆਪ ਗੋਬਿੰਦ । ਗੁਰਮੁਖ ਵਿਰਲਾ ਹੋਏ ਪਾਰ ਵਿਚ ਹਿੰਦ । ਕਲਜੁਗ ਉਲਟ ਵਗਾਈ ਪ੍ਰਭ ਸਿੰਧ । ਬੇਮੁਖ ਖਪਾਏ ਜੋ ਕਰਨ ਪ੍ਰਭ ਕੀ ਨਿੰਦ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਗੁਣੀ ਗਹਿੰਦ । ਸਾਚੀ ਲਿਖਤ ਪ੍ਰਭ ਸਚ ਵਰਤਾਵੇ । ਲਿਖਿਆ ਲੇਖ ਨਾ ਕੋਈ ਮਿਟਾਵੇ । ਮਿਟੇ ਨਾ ਲੇਖ ਜਿਨ ਲਿਖ ਪਾਰ ਕਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਕਲਮ ਚਲਾਏ । ਸ਼ਬਦ ਵਿਚ ਪ੍ਰਭ ਹੁਕਮ ਲਿਖਾਇਆ । ਊਧਮ ਅਧ ਵਿਚ ਰਖਾਇਆ । ਮਿਟੇ ਨਾ ਬਚਨ ਜੋ ਲਿਖਤ ਲਿਖਾਇਆ । ਸਾਧ ਸੰਗਤ ਕਰ ਬੇਨੰਤੀ ਬਹੁਤ ਬਖ਼ਸ਼ਾਇਆ । ਭੈਣ ਭਰਾਵਾਂ ਸਾਚੇ ਦਰ ਕਰ ਨਿਮਸਕਾਰ, ਗਲ ਪੱਲਾ ਪਾਇਆ । ਪ੍ਰਭ ਅਬਿਨਾਸ਼ੀ ਸਰਬ ਘਟ ਵਾਸੀ, ਭਾਣਾ ਆਪ ਵਰਤਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਲੇਖ ਲਿਖਾਇਆ । ਮਿਟੇ ਲੇਖ ਹੋਏ ਬਚਨ ਅਧੂਰਾ । ਜਗਤ ਕੁਟੰਬ ਪ੍ਰਭ ਹੋਇਆ ਦੂਰਾ । ਗੁਰਸਿਖਾਂ ਮਨ ਵਧਾਈ, ਸਤਿਗੁਰ ਸਾਚਾ ਬਚਨ ਕਰਾਵੇ ਪੂਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਤੇਰਾ ਬਚਨ ਨਾ ਹੋਏ ਅਧੂਰਾ । ਊਧਮ ਸਿੰਘ ਅਧ ਵਿਚ ਰਖਾ ਕੇ । ਜਗਤ

ਮੋਹ ਪ੍ਰਭ ਗਿਆ ਗਵਾ ਕੇ । ਸਾਧ ਸੰਗਤ ਰਾਹ ਸਾਚੇ ਲਾ ਕੇ । ਕੋਈ ਨਾ ਭੁੱਲੇ ਜੀਵ ਸਾਚਾ ਸ਼ਬਦ ਕਮਾ ਕੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਲੇਖ ਜਾਏ ਮੁਕਾ ਕੇ । ਗੁਰਸਿਖ ਨਾ ਭੁੱਲੇ, ਨਾ ਪ੍ਰਭ ਭੁਲਾਏ । ਗੁਰਸਿਖ ਨਾ ਡੋਲੇ, ਨਾ ਪ੍ਰਭ ਡੁਲਾਏ । ਗੁਰਸਿਖ ਚਲੇ ਗੁਰ ਕੇ ਭਾਏ । ਸਤਿਗੁਰ ਸਾਚਾ ਹੋਏ ਸਹਾਏ । ਸ਼ਬਦ ਅਮੋੜ ਕਰੇ ਜੋ ਰਾਏ । ਸਤਿਗੁਰ ਸਾਚਾ ਦੇਵੇ ਦੇਹ ਛੁਡਾਏ । ਪ੍ਰਭ ਬਿਨ ਨਾ ਹੋਵੇ ਕੋਏ ਸਹਾਏ । ਮਹਾਰਾਜ ਸ਼ੇਰ ਸਿੰਘ ਕਲਜੁਗ ਤੁਧ ਬਿਨ ਦੂਸਰ ਕੋਈ ਨਾ ਦੀਸੇ ਥਾਏਂ ।

❊ ੧੧ ਸਾਵਣ ੨੦੦੮ ਬਿਕ੍ਰਮੀ ਮੇਰਠ ਵਿਹਾਰ ਹੋਇਆ ❊

ਕਲਜੁਗ ਜੀਵ ਪ੍ਰਭ ਭਰਮ ਭੁਲਾਣਾ । ਚਾਰ ਕੁੰਟ ਹੋਏ ਸੁੰਞ ਮਸਾਣਾ । ਵਰਤੇ ਨਿਹਕਲੰਕ ਕਲਜੁਗ ਤੇਰਾ ਭਾਣਾ । ਮਹਾਰਾਜ ਸ਼ੇਰ ਸਿੰਘ ਜੋਤ ਆਕਾਰ, ਕਰੇ ਬਿਧਨਾਨਾ । ਜੋਤ ਆਕਾਰ ਜਗਤ ਕਰਾਇਆ । ਵਰਨ ਬਰਨ ਪ੍ਰਭ ਮਿਟਾਇਆ । ਏਕਾ ਜੋਤੀ ਏਕਾ ਜਾਤੀ ਜੀਵ ਬਣਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਪੰਥ ਚਲਾਇਆ । ਪੰਥ ਪਰਕਾਸ਼ ਭਏ ਜਗ ਅੰਦਰ । ਸੋਹੰ ਸ਼ਬਦ ਵਸੇ ਸਰਬ ਜੀਵ ਦੇ ਮੰਦਰ । ਆਤਮ ਖੋਲ੍ਹ ਵਖਾਏ ਪ੍ਰਭ ਸਾਚਾ ਜੰਦਰ । ਮਹਾਰਾਜ ਸ਼ੇਰ ਸਿੰਘ ਤੇਰੇ ਦਰ, ਬੇਮੁਖ ਨਾਚੇ ਜਿਉਂ ਨਾਚੇ ਬੰਦਰ । ਨਟ ਨਟੂਆ ਨਟਣਹਾਰਾ । ਪਟ ਪਟੂਆ ਪ੍ਰਭ ਪੁੱਟਨਹਾਰਾ । ਸਟ ਸਟੂਆ ਸੱਟ ਸ਼ਬਦ ਚੋਟ ਲਗਾਵਣਹਾਰਾ । ਭਠ ਭਠੂਆ ਭੱਠ ਪਿਆ ਸੰਸਾਰਾ । ਮਹਾਰਾਜ ਸ਼ੇਰ ਸਿੰਘ ਘਟ ਘਟੂਆ, ਘਟ ਘਟ ਵਸਣੇਹਾਰਾ ਤੇਰਾ ਅੰਤ ਨਾ ਪਾਰਾਵਾਰਾ । ਅੰਤ ਨਾ ਪਾਏ ਕੋਈ ਪਾਰਬ੍ਰਹਮ । ਸਾਚੇ ਪ੍ਰਭ ਸਾਚੇ ਤੇਰੇ ਕਰਮ । ਪਰਗਟ ਜੋਤ ਨਿਹਕਲੰਕ, ਗੁਰਸਿਖਾਂ ਮਿਟਾਏ ਭਰਮ । ਸੋਹੰ ਸ਼ਬਦ ਚਲਾਏ ਠਣਕ, ਸਾਚਾ ਜਗਤ ਚਲਾਏ ਧਰਮ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਰਖਾਏ ਮਿਟਾਏ ਅਧਰਮ । ਧਰਮ ਅਧਰਮੀ ਹੋਏ ਕਲਜੁਗ ਜੀਵ । ਮਾਸ ਆਹਾਰੀ ਮਦਿ ਰਸਨਾ ਪੀਵ । ਪੀਵ ਮਦਿ ਆਤਮ ਸਾਚੀ ਜੋਤ, ਬੇਮੁਖ ਬੁਝਾਇਆ ਦੀਵ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਚਰਨ ਲਾਗ ਜਗ ਜੀਵ । ਦੀਪਕ ਬੁਝਿਆ ਭਇਆ ਅੰਧੇਰ । ਬੇਮੁਖ ਨਾ ਸੂਝੇ ਸੰਞ ਸਵੇਰ । ਮਾਇਆਧਾਰੀ ਹੇਰ ਫੇਰ । ਮਹਾਰਾਜ ਸ਼ੇਰ ਸਿੰਘ ਸਭ ਖ਼ਾਕ ਮਿਲਾਏ, ਨਾ ਲਾਏ ਕਲਜੁਗ ਦੇਰ । ਕਲਜੁਗ ਅੰਤ ਕਲ ਕਾਤੀ । ਬੇਮੁਖ ਸੋਇਣ ਪੈਰ ਪਸਾਰ, ਨਾ ਜਾਗਣ ਰਾਤੀ । ਸਾਧ ਸੰਗਤ ਗੁਰ ਚਰਨ ਪਿਆਰ, ਪ੍ਰਭ ਮਿਲਿਆ ਪੁਰਖ ਬਿਧਾਤੀ । ਮਹਾਰਾਜ ਸ਼ੇਰ ਸਿੰਘ ਚਾਰ ਵਰਨ ਕਰੇ ਇਕ ਜ਼ਾਤੀ । ਚਾਰ ਵਰਨ ਹੋਏ ਏਕਾ ਜ਼ਾਤ । ਸਰਬ ਮਿਟਾਏ ਪ੍ਰਭ ਜ਼ਾਤ ਪਾਤ । ਏਕਾ ਸ਼ਬਦ ਸੋਹੰ ਸਤਿਜੁਗ ਜੀਵਾਂ ਦੇਵੇ ਸਾਚੀ ਦਾਤ । ਵਿਸ਼ਨੂੰ ਭਗਵਾਨ ਮਾਤਲੋਕ ਵੱਡੀ ਕਰਾਮਾਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਚਾਰ ਵਰਨ ਕਰਾਏ ਏਕਾ ਜ਼ਾਤ । ਅਵਰਨ ਆਪ ਵਰਨ ਨਾ ਪ੍ਰਭ ਵਿਚਾਰਿਆ । ਜੋਤ ਸਰੂਪ ਪਰਗਟ ਪਾਰ ਉਤਾਰਿਆ । ਜੋ ਜਨ ਆਏ ਨਿਹਕਲੰਕ, ਤੇਰੇ ਚਰਨ ਨਿਮਸਕਾਰਿਆ । ਸੁਹਾਇਣ ਥਾਨ ਸੋਹਣ ਬੰਕ ਦੁਆਰਿਆ । ਜੋਤ ਸਰੂਪ ਕਲਜੁਗ ਧਰੇ ਜੋਤ ਆਕਾਰਿਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਜੀਵ ਸ਼ਬਦ ਗੁਣ ਹਾਰਿਆ । ਸ਼ਬਦ ਗੁਣ ਗੁਣਾ ਗੁਣਵੰਤ । ਊਚੋ ਊਚ ਆਪ ਭਗਵੰਤ । ਨੀਚੋ ਨੀਚ ਨੀਚ ਸਰਬ ਜੰਤ । ਜਿਨ੍ਹ ਨਾ ਮਿਲਿਆ ਪ੍ਰਭ ਸਾਚਾ ਕੰਤ ।

ਉਤਮ ਮਹਿੰਮਾ ਗੁਰਸਿਖ ਵਿਚ ਸਾਧ ਸੰਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਰਗਟਾਵੇ ਜੋਤ ਵਿਚ ਜੀਵ ਜੰਤ । ਜੀਵ ਜੰਤ ਪ੍ਰਭ ਜੋਤ ਧਰਵਾਸਾ । ਜੋਤ ਸਰੂਪ ਸਰਬ ਮੇਂ ਵਾਸਾ । ਸਰਬ ਅਬਿਨਾਸ਼ੀ ਸਦਾ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਚਾਰ ਵਰਨ ਅੰਤ ਕਰਾਏ ਦਾਸ । ਸਾਧ ਸੰਗਤ ਹੋਏ ਦਾਸਨ ਦਾਸ । ਸਾਧ ਸੰਗਤ ਪ੍ਰਭ ਚਰਨ ਨਿਵਾਸ । ਏਕਾ ਸ਼ਬਦ ਵਜਾਏ ਧੁਨ, ਸੋਹੰ ਜਪਣ ਸਵਾਸ ਸਵਾਸ । ਸਾਚਾ ਪ੍ਰਭ ਸਚ ਵਸਾਏ ਮਨ, ਨਿਹਕਲੰਕ ਰਹੇ ਸਦ ਪਾਸ । ਗੁਰਸਿਖ ਹੋਏ ਸਾਚੇ ਜਨ, ਕਲਜੁਗ ਆਤਮ ਹੋਈ ਰਾਸ । ਸੋਹੰ ਸ਼ਬਦ ਪ੍ਰਭ ਸੁਣਾਇਆ ਕੰਨ, ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਰਹਿਰਾਸ । ਗੁਰਸਿਖ ਗੁਰਚਰਨ ਰਹਿਰਾਸੇ । ਸਚ ਪ੍ਰੀਤੀ ਕਲ ਚਰਨ ਧਰਵਾਸੇ । ਅੰਤਕਾਲ ਹੋਏ ਜੀਵ ਸਵਾਸ ਖੁਲਾਸੇ । ਸਚਖੰਡ ਪ੍ਰਭ ਕਰੇ ਨਿਵਾਸੇ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਪ੍ਰਭ ਤੇਰੇ ਸਦ ਹੈ ਪਾਸੇ । ਸਦਾ ਪਾਸ ਸਰਬ ਗੁਣ ਦਾਤਾ । ਭਗਤ ਜਨਾਂ ਕਾ ਹਰਿ ਪ੍ਰਭ ਆਪ ਪਿਤ ਮਾਤਾ । ਦੇਵੇ ਸ਼ਬਦ ਗਿਆਨ ਪ੍ਰਭ ਵਡ ਗਿਆਤਾ । ਚਰਨ ਧੂੜ ਸਾਚਾ ਇਸ਼ਨਾਨ, ਸਤਿ ਗਿਆਨ ਸਤਿ ਕਰ ਜਾਤਾ । ਸੋਹੰ ਸ਼ਬਦ ਸਾਚਾ ਦਾਨ, ਦੇਵੇ ਦਾਨ ਆਪ ਪ੍ਰਭ ਦਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਸਾਚਾ ਨਾਤਾ । ਸਾਚਾ ਨਾਤਾ ਸਤਿਗੁਰ ਚਰਨ । ਕਲਜੁਗ ਜੀਵ ਨਾ ਹੋਵੇ ਮਰਨ । ਬੇਮੁਖ ਕਲਜੁਗ ਦੁਖੜੇ ਭਰਨ । ਚਰਨ ਲਾਗ ਗੁਰਸਿਖ ਤਰਨ । ਉਜਲ ਹੋਏ ਵਿਚ ਚਾਰ ਵਰਨ । ਮਹਾਰਾਜ ਸ਼ੇਰ ਸਿੰਘ ਜੋ ਜਨ ਆਏ ਤੇਰੀ ਸਰਨ । ਸਰਨ ਗਹੀ ਜਗਤ ਪਿਤ ਸਰਨਾਇਆ । ਭੈ ਭਿਆਨਕ ਵਿਚ ਪ੍ਰਭ ਹੋਏ ਸਹਾਇਆ । ਜਿਥੇ ਨਾ ਰੱਖੇ ਕੋਏ, ਉਥੇ ਪ੍ਰਭ ਸਿਰ ਹਥ ਟਿਕਾਇਆ । ਵਾਲੀ ਹੋਏ ਜਹਾਨੀ ਦੋਏ, ਜਿਸ ਸੋਹੰ ਸ਼ਬਦ ਕਮਾਇਆ । ਬੇਮੁਖ ਗਏ ਕਲਜੁਗ ਰੋਏ, ਫੇਰ ਵੇਲਾ ਹਥ ਨਾ ਆਇਆ । ਮਾਇਆ ਭੁੱਲੇ ਰਹੇ ਸੋਏ, ਪ੍ਰਭ ਅਬਿਨਾਸ਼ੀ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਜੋਤ ਸਰੂਪੀ ਖੇਲ ਰਚਾਇਆ । ਜੋਤ ਸਰੂਪ ਜਗਤ ਵਿਆਪਿਆ । ਆਪਣਾ ਖੇਲ ਕਰੇ ਪ੍ਰਭ ਅਬਿਨਾਸ਼ਿਆ । ਗੁਰਮੁਖਾਂ ਹਿਰਦੇ ਜੋਤ ਧਰੇ, ਪ੍ਰਭ ਜੋਤ ਸਰੂਪੀ ਜਾਪਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸਾਚਾ ਸ਼ਬਦ ਅਲਾਪਿਆ । ਸ਼ਬਦ ਉਚਾਰਨ ਜਗਤ ਉਧਾਰਨ ਭਗਤ ਸੁਧਾਰਨ ਸਰਬ ਗੁਣਵੰਤ । ਪੈਜ ਰਖਾਵਣ ਪਾਰ ਕਰਾਵਣ ਜਨ ਭਗਤ ਤਰਾਵਣ ਆਪ ਭਗਵੰਤ । ਦੁਸ਼ਟ ਸੰਘਾਰਨ ਜੋਤ ਆਕਾਰਨ ਸਾਧ ਸੰਗਤ ਪ੍ਰਭ ਜਨਮ ਸਵਾਰਨ, ਦੇਵੇ ਵਡਿਆਈ ਵਿਚ ਸਾਧਨ ਸੰਤ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼ੇ ਪ੍ਰਭ ਅਬਿਨਾਸ਼ੇ ਵਿਚ ਜੀਵ ਜੰਤ । ਜੀਵ ਜੰਤ ਜਗਤ ਖੇਲਾ । ਮਾਇਆ ਰੂਪ ਜਗਤ ਪ੍ਰਭ ਝੂਠਾ ਰਚਿਆ ਮੇਲਾ । ਕਲਜੁਗ ਜਾਮਾ ਧਾਰ, ਬੇੜਾ ਸ਼ੋਹ ਦਰਿਆ ਠੇਲਾ । ਮਹਾਰਾਜ ਸ਼ੇਰ ਸਿੰਘ ਕਰ ਜੋਤ ਪਰਕਾਸ਼, ਗੁਰਸਿਖਾਂ ਗੁਰਚਰਨ ਕਰਾਇਆ ਮੇਲਾ । ਚਰਨ ਨਿਵਾਸ ਆਪ ਪ੍ਰਭ ਦਵਾਇਆ । ਰਿਧ ਸਿਧ ਗੁਰਸਿਖ ਵਸ ਕਰਾਇਆ । ਸੋਹੰ ਸ਼ਬਦ ਸਾਚੀ ਬਿਧ, ਪ੍ਰਭ ਮਿਲਣ ਦਾ ਭੇਦ ਖੁਲ੍ਹਾਇਆ । ਪਰਗਟ ਹੋਏ ਘਰ ਨੌਂ ਨਿਧ, ਸੋਹੰ ਸ਼ਬਦ ਜਿਸ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਸੁਧ ਸਿਧ ਸ਼ਬਦ ਚਲਾਇਆ । ਸਿਧ ਦੂਜਾ ਭਉ ਚੁਕਾਇਆ । ਏਕਾ ਸ਼ਬਦ ਸਤਿਜੁਗ ਵਰਤੰਤ । ਸੋਹੰ ਚਾਰ ਵਰਨ ਕਰੇ ਤੇਰੀ ਮੰਤ । ਹੋਏ ਪੁਜਾਰੀ ਸਰਬ ਜੀਵ ਜੰਤ । ਓਅੰਕਾਰੀ ਆਪ ਭਗਵੰਤ । ਮਹਿਮਾ ਗਣੀ ਨਾ ਜਾਏ, ਪ੍ਰਭ ਬੜਾ ਬੇਅੰਤ । ਮਹਾਰਾਜ ਸ਼ੇਰ ਸਿੰਘ ਤੇਰੀ ਗਤ ਮਿਤ, ਨਾ ਕੋਈ ਜਾਣੇ ਜੰਤ । ਜੀਵ ਜੰਤ ਦੇ ਵਸ ਨਾ ਕੋਏ । ਜੋ ਕਿਛ ਕਰੇ ਪ੍ਰਭ ਸੋਈ ਕਲ ਹੋਏ । ਜੋਤ ਸਰੂਪੀ ਪਰਗਟ

ਪ੍ਰਭ ਸਾਚੀ ਜੋਤ ਬਿਲੋਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਤੀਨ ਲੋਕ ਤੇਰੀ ਜੋਤ ਸਰੂਪੀ ਲੋਏ । ਜੋਤ ਸਰੂਪੀ ਲੋਏ, ਲੋਏ ਆਕਾਰ । ਤੀਨ ਲੋਕ ਵਰਤੇ ਪ੍ਰਭ ਵਰਤੇ ਵਿਚ ਸੰਸਾਰ । ਜਾਮਾ ਧਾਰੇ ਪ੍ਰਭ ਧਰਨੀ ਧਰਤੇ ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਵੱਡਾ ਦਾਤਾ ਆਪ ਦਾਤਾਰ । ਵਡ ਵਡ ਆਪ ਵੱਡੀ ਵਡਿਆਏ । ਛਡ ਛਡ ਛਡ ਜੀਵ ਝੂਠਾ ਜਾਪ, ਸੋਹੰ ਜਾਪ ਸਤਿ ਰਸਨਾ ਗਾਏ । ਛਡ ਛਡ ਛਡ ਜੀਵ ਸਭ ਕਲ ਝੂਠੇ, ਸਾਚਾ ਦਰ ਪ੍ਰਭ ਸਚ ਘਰ ਆਏ । ਮਹਾਰਾਜ ਸ਼ੇਰ ਸਿੰਘ ਤੇਰਾ ਨਾਉਂ, ਜਨ ਭਗਤ ਦਿਵਸ ਰੈਣ ਗਾਏ । ਦਿਵਸ ਰੈਣ ਰਸਨਾ ਗਾਓ । ਰਸਨ ਜਪ ਜੀਵ ਸਰਬ ਸੁਖ ਪਾਓ । ਸਤਿਜੁਗ ਸੋਹੰ ਸਾਚੀ ਨਾਓ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਰਸਨਾ ਸਦਾ ਸਦਾ ਗੁਣ ਗਾਓ । ਗੁਣ ਗਾਓ ਪ੍ਰਭ ਗਹਿਰ ਗੰਭੀਰ । ਦੇਵੇ ਸਾਚਾ ਦਰਸ ਸ਼ਾਂਤ ਕਰੇ ਸਰੀਰ । ਰੱਖੇ ਲਾਜ ਆਪ ਪ੍ਰਭ, ਸਾਚੀ ਦੇਵੇ ਆਤਮ ਧੀਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਰਮਲ ਜੋਤ ਧਰੇ ਵਿਚ ਸਰੀਰ । ਉਤਪਤ ਜੀਵ ਜਗਤ ਉਪਾਇਆ । ਮਾਤ ਗਰਭ ਸੇ ਬਾਹਰ ਆਇਆ । ਕਲਜੁਗ ਮਾਇਆ ਪ੍ਰਭ ਅਬਿਨਾਸ਼ੀ ਜੀਵ ਭੁਲਾਇਆ । ਕਲਜੁਗ ਜਾਮਾ ਧਾਰ ਪ੍ਰਭ ਅਬਿਨਾਸ਼ੀ ਨਿਹਕਲੰਕ ਸਤਿ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖ ਮਨ ਸਤਿ ਵਸਾਇਆ । ਸਤਿ ਸਤਿ ਸਤਿ ਵਰਤੇ ਸਾਚੇ ਦਰ । ਸਤਿ ਸਤਿ ਸਤਿ ਵਰਤੇ ਸਾਚੇ ਘਰ । ਸਤਿ ਸਤਿ ਸਤਿ ਵਰਤੇ ਸਤਿ ਪ੍ਰਭ ਦੇਵੇ ਵਰ । ਸਤਿ ਸਤਿ ਸਤਿ ਮਹਾਰਾਜ ਸ਼ੇਰ ਸਿੰਘ ਅਵਤਾਰ ਨਰ । ਅਵਤਾਰ ਨਰ ਪ੍ਰਭ ਨਰਾਇਣ । ਬੇਮੁਖਾਂ ਆਇਆ ਕਲਜੁਗ ਜਨਮ ਭੁਗਤਾਇਣ । ਸਾਧ ਸੰਗਤ ਪ੍ਰਭ ਦਰਸ ਦਿਖਾਇਆ, ਕਰ ਦਰਸ ਆਤਮ ਆਇਆ ਚੈਨ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸਾਚੇ, ਸ਼ਬਦ ਮੇਲ ਰਹੇ ਦਿਵਸ ਰੈਣ । ਏਕ ਰੰਗ ਪ੍ਰਭ ਰੰਗ ਮਜੀਠ । ਸੋਹੰ ਸਾਚਾ ਸ਼ਬਦ ਵਿਚ ਗਿਆ ਪੀਠ । ਗੁਰਮੁਖਾਂ ਚਾੜ੍ਹੇ ਪ੍ਰਭ ਸਾਚਾ ਰੰਗ ਨਾਮ ਮਜੀਠ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅੰਤਕਾਲ ਕਲਜੁਗ ਨਾ ਗੁਰਸਿਖਾਂ ਦੇਵੇ ਪੀਠ । ਗੁਰਮੁਖ ਪਰਗਟੇ ਗੁਰ ਗੁਰਸਿਖ ਸਨਮੁਖ । ਸਰਬ ਜਨਮ ਕੀ ਲਾਹਵੇ ਭੁਖ । ਕੋਈ ਨਾ ਵਿਆਪੇ ਕਲਜੁਗ ਦੁਖ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਵਸਾਏ ਸੁਖ । ਸੁੱਖਾਂ ਸੁਖ, ਸੁਖ ਗੁਰ ਚਰਨਾਂ । ਮਿਟੇ ਆਤਮ ਭੁਖ, ਪ੍ਰਭ ਆਏ ਸ਼ਰਨਾ । ਝੂਠੀ ਦੁਨੀਆ ਦਿਸੇ ਸਾਚਾ ਸੱਖ, ਮਿਲ ਸਾਧ ਸੰਗਤ ਜੀਵ ਤਰਨਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰੀ ਓਟ, ਕਲਜੁਗ ਨਾ ਡਰਨਾ । ਗੁਰਸਿਖ ਭੈ ਭਰਮ ਦੋਏ ਮੇਟੇ । ਸਾਚੇ ਪ੍ਰਭ ਸਾਚੇ ਰੰਗ ਰੰਗੇ ਰੰਗੇਟੇ । ਭਗਤ ਜਨਾਂ ਹਰਿ ਮਾਈ ਬਾਪ, ਜਨ ਭਗਤ ਸਾਚੇ ਪ੍ਰਭ ਬੇਟੇ । ਮਹਾਰਾਜ ਸ਼ੇਰ ਸਿੰਘ ਤੇਰੀ ਸ਼ਰਨ, ਸਾਧ ਸੰਗਤ ਹੋਈ ਭੇਟੇ । ਸਾਧ ਸੰਗਤ ਸਦ ਮਿਲੇ ਵਡਿਆਈ । ਸਾਧ ਸੰਗਤ ਜੁਗੋ ਜੁਗ ਪ੍ਰਭ ਲਾਜ ਰਖਾਈ । ਸਾਧ ਸੰਗਤ ਕਲਜੁਗ ਮਿਲੇ ਵਧਾਈ । ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਤੇਰਾ ਹੋਏ ਸਹਾਈ । ਸਦਾ ਸਹਾਈ ਆਪ ਪ੍ਰਭ, ਸਦ ਨਿਰਵੈਰਾ । ਹੋਏ ਸਹਾਈ ਆਪ ਪ੍ਰਭ, ਨਾ ਲਾਵੇ ਦੇਰਾ । ਹੋਏ ਸਹਾਈ ਆਪ ਪ੍ਰਭ, ਭਉ ਚੁਕਾਵੇ ਤੇਰਾ ਮੇਰਾ । ਹੋਏ ਸਹਾਈ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਕਰੇ ਨਿਬੇੜਾ । ਸਤਿ ਪੁਰਖ ਤੇਰੀ ਸੋਭਾ ਗੁਣ । ਸਾਚਾ ਸ਼ਬਦ ਰਾਗ ਕੰਨ ਲਿਆ ਸੁਣ । ਕਲਜੁਗ ਪਾਪ ਆਤਮ ਵਿਚ ਪੁਣ । ਸਾਚੀ ਸ਼ਬਦ ਵੱਜੇ ਵਿਚ ਧੁਨ । ਮਹਾਰਾਜ ਸ਼ੇਰ ਸਿੰਘ ਸਾਚਾ ਸ਼ਬਦ ਚਲਾਵੇ ਦਿਖਾਵੇ ਸਾਚੇ ਗੁਣ । ਉਪਜੇ ਸ਼ਬਦ ਮਨ ਭਏ ਪਰਕਾਸ਼ । ਅਗਿਆਨ ਅੰਧੇਰ ਜਾਏ ਵਿਨਾਸ ।

ਰਸਨਾ ਸ਼ਬਦ ਚਲੇ ਸੋਹੰ, ਆਤਮ ਹੋਏ ਰਾਸ । ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਇਆ, ਪਰਗਟ ਜੋਤ ਸਰਬ ਗੁਣਤਾਸ । ਸ਼ਬਦ ਜਗਤ ਚਲੇ ਮਹਾਨ । ਸ਼ਬਦ ਸੁਰਤ ਤੀਨ ਲੋਕ ਬੰਧਾਣ । ਕਲਜੁਗ ਜੀਵ ਨਾ ਕਰੀ ਪਛਾਣ । ਕਲਜੁਗ ਪਰਗਟੇ ਨਿਹਕਲੰਕ ਵਿਸ਼ਨੂੰ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰ ਸਾਚਾ ਮਾਨ । ਮਾਣ ਮੋਹ ਪ੍ਰਭ ਦੋਏ ਤਜਾਏ । ਹਰਿ ਹਰਿ ਪ੍ਰਭ ਖੇਲ ਰਚਾਏ । ਵੇਖੇ ਵਿਗਸੇ ਆਪ ਦਿਸ ਨਾ ਆਏ । ਧਰੇ ਜੋਤ ਵਿਚ ਰਵ ਸੱਸੇ, ਜੋਤੀ ਜੋਤ ਉਪਜਾਏ । ਕਲਜੁਗ ਅੰਧੇਰ ਚਾਂਦ ਜਿਉਂ ਮੱਸੇ, ਸਤਿ ਸਰੂਪ ਪ੍ਰਭ ਦਿਸ ਨਾ ਆਏ । ਧੰਨ ਗੁਰਸਿਖ ਜਿਨ ਹਿਰਦੇ ਹਰਿ ਪ੍ਰਭ ਵਸੇ, ਪ੍ਰਭ ਸਾਚੀ ਜੋਤ ਜਗਾਏ । ਸੋਹੰ ਸ਼ਬਦ ਰਾਹ ਸਾਚਾ ਦੱਸੇ, ਜੋ ਜਨ ਰਸਨਾ ਗਾਏ । ਬੇਮੁਖ ਦਰ ਤੇ ਜਾਇਣ ਨੱਸੇ, ਇਕ ਛਿਨ ਠਹਿਰ ਨਾ ਪਾਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਕਲ ਆਪਣੀ ਕਲਾ ਵਰਤਾਏ । ਕਲ ਵਰਤਾਵੇ ਆਪਣੀ ਕਲ । ਏਕ ਕਰਾਏ ਜਲ ਥਲ । ਸ੍ਰਿਸ਼ਟ ਸਬਾਈ ਜਾਏ ਹਲ । ਜੋਤ ਸਰੂਪੀ ਦੇਰ ਨਾ ਲਾਏ ਪਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਬੇਮੁਖਾਂ ਜਾਏ ਦਲ । ਬੇਮੁਖ ਦਲੇ ਦਾਲ ਦੋਫਾੜ । ਮਾਝਾ ਹੋਏ ਸਰਬ ਉਜਾੜ । ਬੇਮੁਖ ਮਾਰੇ ਪ੍ਰਭ ਝਾੜ ਝਾੜ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ, ਗੁਰਸਿਖਾਂ ਸੋਹੰ ਕੀਨੀ ਵਾੜ । ਗੁਰਸਿਖ ਸ਼ਬਦ ਤੇਰਾ ਕਿਲ੍ਹਾ ਕੋਟ । ਰਸਨਾ ਜਪ ਨਾ ਲੱਗੇ ਆਤਮ ਚੋਟ । ਬੇਮੁਖ ਕਲ ਆਲ੍ਹਣਿਉਂ ਡਿੱਗੇ ਬੋਟ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕੱਢ ਵਖਾਵੇ ਖੋਟ । ਖੋਟਾ ਖਰਾ, ਖਰਾ ਖੋਟੀਨ । ਗੁਰਚਰਨ ਲਾਗ ਗੁਰਸਿਖ ਜੀਣ । ਤਾਰੇ ਆਪ ਪ੍ਰਭ ਪਰਬੀਨ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸਦਾ ਰਸਨਾ ਚੀਨ । ਰਸਨਾ ਜਪ ਮਿਲੇ ਰਸ ਮੁਖ । ਕਲਜੁਗ ਪੋਹੇ ਨਾ ਕੋਈ ਦੁਖ । ਆਤਮ ਵਸੇ ਸਚ ਸਾਚਾ ਸੁਖ । ਮਹਾਰਾਜ ਸ਼ੇਰ ਸਿੰਘ ਤੇਰਾ ਦਰਸ, ਸਰਬ ਮਿਟਾਏ ਭੁਖ । ਦਰਸ ਗੁਰ ਦ੍ਰਿਸ਼ਟ ਖੁਲ੍ਹਾਏ । ਦਰਸ ਗੁਰ ਪਾਪ ਨਸ਼ਟ ਕਰਾਏ । ਦਰਸ ਗੁਰ ਇਕ ਇਸ਼ਟ ਰਖਾਏ । ਦਰਸ ਗੁਰ ਆਤਮ ਤ੍ਰਿਖਾ ਬੁਝਾਏ । ਦਰਸ ਗੁਰ ਗੁਰ ਦਰਸ ਕਲਜੁਗ ਵਿਰਲਾ ਗੁਰਮੁਖ ਪਾਏ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਤੇਰੀ ਸਰਨਾਏ ।

੪੮੨
੦੧

❊ ੧੨ ਸਾਵਣ ੨੦੦੮ ਬਿਕ੍ਰਮੀ ਮੇਰਠ ਵਿਹਾਰ ਹੋਇਆ ❊

ਪ੍ਰਭ ਸਾਚਾ ਕਰਮ ਲੇਖ ਲਿਖਾਇਕੇ, ਕਲਜੁਗ ਜਨਮ ਦਵਾਇਆ । ਪ੍ਰਭ ਜੋਤੀ ਜੋਤ ਉਪਜਾਇਕੇ, ਦੇਹ ਸਾਚਾ ਦੀਪ ਜਗਾਇਆ । ਸਚ ਵਸਤੂ ਵਿਚ ਟਿਕਾਇਕੇ, ਗੁਰਮੁਖਾਂ ਸਾਚਾ ਨਾਮ ਧਰਾਇਆ । ਨਿਰਮਲ ਜੋਤ ਵਿਚ ਲਲਾਟ ਜਗਾਇਕੇ, ਕਲਜੁਗ ਭਗਤ ਵਡਿਆਇਆ । ਮਾਨਸ ਜਨਮ ਕਲ ਪਾਇਕੇ, ਗੁਰਮੁਖ ਪ੍ਰਭ ਚਰਨੀਂ ਸੇਵਾ ਆਇਆ । ਸੋਹੰ ਰਸਨਾ ਗਾਇਕੇ, ਨਿਜਾਨੰਦ ਨਿਜ ਮਾਹਿ ਪਾਇਆ । ਨਿਹਕਲੰਕ ਟੇਕ ਰਖਾਇਕੇ, ਮਦਿ ਮਾਸ ਨਾ ਰਸਨਾ ਲਾਇਆ । ਧੰਨ ਧੰਨ ਧੰਨ ਗੁਰਸਿਖ, ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ । ਗੁਰਸਿਖ ਤੇਰਾ ਨਾਮ ਊਚ, ਊਚਾ ਮਿਲੇ ਦਰਬਾਰਾ । ਗੁਰਮੁਖ ਤੇਰੇ ਅੰਦਰ ਸੂਚ, ਸਚ ਮਿਲਿਆ ਪ੍ਰਭ ਭਤਾਰਾ । ਗੁਰਮੁਖ ਤੇਰੇ ਅੰਦਰ ਨਾਮ ਰੂਚ, ਆਤਮ ਰਚਿਆ ਨੈਣ ਮੁੰਧਾਰਾ । ਮਹਾਰਾਜ ਸ਼ੇਰ ਸਿੰਘ ਵਰਤਾਵੇ ਸੂਚ, ਗੁਰਮੁਖ ਦੇਹ ਹੋਏ ਉਜਿਆਰਾ । ਗੁਰਸਿਖ ਕਲਜੁਗ ਤੇਰੀ ਸੋਏ । ਤੁਧ ਜੇਵਡ ਅਵਰ ਨਾ ਦੀਸੇ ਕੋਏ । ਰੰਗ

ਲਾਵੇ ਰੰਗ ਵਰਤਾਵੇ ਗੁਰ ਸਿੱਖ ਸਿੱਖ ਗੁਰ ਏਕਾ ਜੋਤ ਜਗਾਈ ਦੋਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸ਼ਬਦ ਲਏ ਪਰੋਏ । ਗੁਰਸਿਖ ਤੇਰੇ ਬੰਧਨ ਬੰਧਨਾ । ਕਲਜੁਗ ਪਰਗਟੇ ਪ੍ਰਭ ਮੁਕੰਦ ਮੁਕੰਦਨਾ । ਅੰਤਕਾਲ ਤੋੜੇ ਜਮ ਫੰਦਨਾ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਜੋੜੇ, ਸੋਹੰ ਸਾਚੀ ਤੰਦਨਾ । ਤੰਦਨ ਤੰਦ ਸਾਚਾ ਨਾਉਂ । ਗੁਰਮੁਖ ਕਲਜੁਗ ਰਸਨਾ ਗਾਓ । ਪ੍ਰਭ ਅਬਿਨਾਸ਼ੀ ਨਿਜ ਘਰ ਮਾਹਿ ਪਾਓ । ਮਹਾਰਾਜ ਸ਼ੇਰ ਸਿੰਘ ਬਖ਼ਸ਼ੇ ਸਤਿ ਸੁਭਾਓ । ਸਤਿ ਸੁਭਾਓ ਗੁਰਮੁਖ ਗੁਰਸਿਖ । ਜਗਤ ਤਰਾਵਾ ਪਰਗਟੇ, ਪ੍ਰਭ ਦੇਵੇ ਨਾਮ ਭਿਖ । ਸ਼ਬਦ ਮਿਲਾਵਾ ਕਰੇ ਪ੍ਰਭ, ਆਤਮ ਮਿਟਾਵੇ ਤ੍ਰਿਖ । ਮਹਾਰਾਜ ਸ਼ੇਰ ਸਿੰਘ ਕਲਜੁਗ ਵਡਿਆਏ, ਜੋ ਚਰਨੀਂ ਆਏ ਸਿੱਖ । ਸਿੱਖ ਸਾਰ ਪ੍ਰਭ ਆਪ ਸਮਾਲੀ । ਪਰਗਟ ਹੋਏ ਦੋ ਜਹਾਨਾਂ ਵਾਲੀ । ਮਸਤਕ ਚੜ੍ਹਾਏ ਪ੍ਰਭ ਜੋਤ ਸਰੂਪੀ ਲਾਲੀ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਗੁਰਸਿਖਾਂ ਚਾੜ੍ਹੀ ਆਤਮ ਦੀਪਕ ਬਾਲੀ । ਧੰਨ ਧੰਨ ਧੰਨ ਗੁਰਸਿਖ, ਧੰਨ ਤੇਰੀ ਕਮਾਈ । ਉਜਲ ਹੋਏ ਕਲਜੁਗ ਮੁਖ, ਪ੍ਰਭ ਸਾਚੇ ਦੀ ਸੇਵ ਕਮਾਈ । ਵਾਸ ਨਾ ਹੋਏ ਮਾਤ ਗਰਭ, ਪ੍ਰਭ ਚੁਰਾਸੀ ਗੇੜ ਕਟਾਈ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਸੁਖ, ਜਨ ਭਗਤਾਂ ਮਿਲੇ ਵਡਿਆਈ । ਭਗਤ ਜਨਾਂ ਦਰ ਮਿਲੇ ਵਡਿਆਈ । ਮਿਟੇ ਭਰਮ ਮਨਾ, ਪ੍ਰਭ ਦਰਸ ਦਿਖਾਈ । ਸ਼ਾਂਤ ਹੋਏ ਤਨਾ, ਪ੍ਰਭ ਸਾਂਤਕ ਸਤਿ ਵਰਤਾਈ । ਸਚ ਪਾਇਆ ਹਰਿ ਪ੍ਰਭ ਧਨਾ, ਤੋਟ ਰਹੇ ਨਾ ਰਾਈ । ਮਹਾਰਾਜ ਸ਼ੇਰ ਸਿੰਘ ਗੁਰਮੁਖਾਂ ਮਨ ਮਨਾ, ਦੇ ਦਰਸ ਆਤਮ ਤ੍ਰਿਖਾ ਮਿਟਾਈ । ਤ੍ਰਿਖ ਵੰਤ ਪ੍ਰਭ ਦੇਵੇ ਧੀਰ । ਆਤਮ ਅੰਮ੍ਰਿਤ ਪੀ ਸ਼ਾਂਤ ਹੋਏ ਸਰੀਰ । ਹਉਮੇ ਜਾਏ ਵਿਚੋਂ ਜੀਵ ਪੀੜ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਕਲਜੁਗ ਭਗਤਾਂ ਦੇਵੇ ਧੀਰ । ਧੀਰ ਧਰਾਏ ਧਰਮਾਪਤਿ । ਜਨ ਭਗਤਾਂ ਜਾਣੇ ਪ੍ਰਭ ਮਿਤ ਗਤ । ਸਾਚੀ ਜੋਤ ਧਰੇ ਵਿਚ ਤਤ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਕਲਜੁਗ ਦੇਵੇ ਜੋਤ ਸਰੂਪੀ ਯਤਿ । ਗੁਰਮੁਖ ਧਾਰੇ ਮੁਕਟ ਬੈਣੀ । ਗੁਰਸਿਖ ਵੇਖ ਪ੍ਰਭ ਸਾਚਾ ਨੈਣੀਂ । ਗੁਰਮੁਖ ਸ਼ਬਦ ਧੁਨ ਉਪਜੇ ਰੈਣੀ । ਧੰਨ ਗੁਰਸਿਖ ਧੰਨ ਤੇਰੀ ਵਡਿਆਈ, ਸਾਧ ਸੰਗਤ ਤੇਰੀ ਸਾਚੀ ਬਹਿਣੀ । ਸਾਧ ਸੰਗਤ ਸਚੇ ਧਰੇ ਪਿਆਰ । ਆਵੇ ਨਾ ਜਾਵੇ, ਨਾ ਜਗ ਹੋਏ ਖੁਆਰ । ਏਕਾ ਜੋਤ ਮਿਲਾਏ ਪ੍ਰਭ ਏਕੰਕਾਰ । ਸਤਿ ਸਰੂਪੀ ਸਤਿ ਪ੍ਰਭ, ਸਤਿ ਵਰਤਾਵੇ ਸਤਿਕਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਦੀਸੇ, ਸਚ ਤੇਰਾ ਦਰਬਾਰ । ਸਾਚਾ ਦਰ ਸਾਚਾ ਦਰਬਾਰਾ । ਨਿਹਕਲੰਕ ਕਲ ਲਿਆ ਅਵਤਾਰਾ । ਗੁਰਸਿਖ ਦੇਵੇ ਸਚ ਨਾਮ ਆਧਾਰਾ । ਜੋਤ ਜਗਤ ਜਗਾਏ, ਗੁਰਸਿਖਾਂ ਨਿਗਮ ਕਰ ਵਿਚਾਰਾ । ਮਹਾਰਾਜ ਸ਼ੇਰ ਸਿੰਘ ਤੇਰਾ ਪਰਕਾਸ਼, ਸਤਿਜੁਗ ਵਰਤੇ ਵਿਚ ਸੰਸਾਰਾ । ਤੀਨ ਲੋਕ ਪਰਕਾਸ਼ ਪ੍ਰਭ ਜੋਤ । ਪ੍ਰਭ ਕੀ ਜੋਤ ਵਰਤੇ ਵਿਚ ਚਾਰ ਵਰਨ ਇਕ ਗੋਤ । ਉਪਜਾਏ ਉਪਜੇ ਆਪ ਪ੍ਰਭ, ਗੁਰਸਿਖਾਂ ਖੋਲ੍ਹੇ ਸੋਤ । ਮਹਾਰਾਜ ਸ਼ੇਰ ਸਿੰਘ ਕਲ ਖਪਾਏ, ਬੇਮੁਖ ਜਾਏ ਵਰਤੇ ਜੋਤ । ਗੁਰਸਿਖਾਂ ਹਰਿ ਹਿਰਦੇ ਵਸਿਆ । ਆਤਮ ਦੇ ਗਿਆਨ, ਰਾਹ ਸਾਚਾ ਦੱਸਿਆ । ਪਰਗਟ ਜੋਤ ਪਰਕਾਸ਼ ਵਿਸ਼ਨੂੰ ਭਗਵਾਨ, ਜਿਉਂ ਰਵ ਸੱਸਿਆ । ਬੇਮੁਖ ਦਰ ਤੇ ਕਲਜੁਗ ਜਾਏ ਨੱਸਿਆ । ਬੇਮੁਖ ਆਤਮ ਹੋਵੇ ਅੰਧੇਰ, ਜਿਉਂ ਚੰਦ ਨਾ ਦੀਸੇ ਦਿਵਸ ਮੱਸਿਆ । ਗੁਰਮੁਖ ਤੇਰੇ ਸਦ ਬਲਿਹਾਰ, ਜਿਸ ਹਿਰਦੇ ਹਰਿ ਪ੍ਰਭ ਵਸਿਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕਲਜੁਗ ਜਾਮਾ ਧਾਰ, ਸੋਹੰ ਸ਼ਬਦ ਸਚ ਦੱਸਿਆ । ਸਾਚਾ ਸ਼ਬਦ ਪ੍ਰਭ ਆਪ ਉਪਾਇਆ । ਸਾਚਾ ਸ਼ਬਦ ਸੋਹੰ ਪ੍ਰਭ ਨਾਮ ਰਖਾਇਆ । ਸਾਚਾ ਸ਼ਬਦ ਸਾਚੇ ਪ੍ਰਭ ਆਪ ਵਡਿਆਇਆ । ਸਾਚਾ ਸ਼ਬਦ ਸਤਿਜੁਗ ਸਾਚਾ ਮਾਰਗ ਲਾਇਆ । ਸਾਚਾ ਸ਼ਬਦ ਪ੍ਰਭ ਸਤਿ

ਪੁਰਖਾਂ ਰਿਦੇ ਵਸਾਇਆ । ਸਾਚਾ ਸ਼ਬਦ ਸਾਚਾ ਰਾਗ, ਪ੍ਰਭ ਭਗਤ ਜਨ ਸ਼ਬਦ ਸੁਰਤ ਮੇਲ ਕਰਾਇਆ । ਸਾਚਾ ਸ਼ਬਦ ਅਨਹਦ ਅਨਾਹਦ, ਪ੍ਰਭ ਦੇਹੀ ਨਾਦ ਵਜਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਸੋਹੰ ਸਾਚਾ ਸ਼ਬਦ ਚਲਾਇਆ । ਸ਼ਬਦ ਚਲੇ ਚਲਾਏ ਗੁਰ । ਨਿਹਕਲੰਕ ਪਰਗਟ ਆਏ ਕਲਜੁਗ ਧੁਰ । ਹੋਏ ਪਰਕਾਸ਼ ਵਿਚ ਤੀਨ ਲੋਕ, ਰਸਨਾ ਗਾਇਣ ਸੁਰ ਅਸੁਰ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਏ, ਸਤਿਜੁਗ ਵਰਤੇ ਪ੍ਰਭ ਲਿਖਾਏ ਸਾਚਾ ਗੁਰ । ਸਾਚਾ ਸ਼ਬਦ ਸਾਚਾ ਮੁਖਵਾਕ । ਸੋਹੰ ਖੁਲ੍ਹਾਵੇ ਬੇਮੁਖਾਂ ਆਤਮ ਤਾਕ । ਸਾਚੀ ਧੁਨ ਉਪਜਾਵੇ ਝੂਠੀ ਦੇਹੀ ਹੋਵੇ ਪਾਕ । ਸੋਹੰ ਸ਼ਬਦ ਜੋ ਜਨ ਕਮਾਵੇ, ਸੋਹੰ ਚਲਾਏ ਜੀਵ ਜੇ ਨਾਕ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਵੇ, ਅਗਿਆਨ ਅੰਧੇਰ ਖੁਲ੍ਹਾਵੇ ਤਾਕ । ਅਗਿਆਨ ਅੰਧੇਰ ਤੇਰੇ ਜੀਵ ਅੰਦਰ । ਸਾਚੀ ਜੋਤ ਜਗੇ ਵਿਚ ਦੇਹ ਮੰਦਰ । ਬੇਮੁਖ ਪ੍ਰਭ ਭੁਲਾਇਆ, ਨਾ ਖੁਲ੍ਹਾਇਆ ਆਤਮ ਜੰਦਰ । ਸੋਹੰ ਸ਼ਬਦ ਪ੍ਰਭ ਸਾਚਾ ਨਾਮ ਚਲਾਇਆ, ਗੁਰਮੁਖਾਂ ਵਸੇ ਸਦਾ ਪ੍ਰਭ ਅੰਦਰ । ਗੁਰਸਿਖ ਕਮਾਇਆ ਸ਼ਬਦ ਸਾਚਾ । ਗੁਰਸਿਖ ਪਾਇਆ ਜਿਸ ਆਤਮ ਵਾਚਾ । ਗੁਰਸਿਖ ਜੋਤ ਜਗਾਇਆ, ਆਤਮ ਜੋਤ ਲਗਾਇਆ ਮਾਚਾ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਇਆ ਸਾਚਾ । ਸੇਵ ਕਰੇ ਗੁਰਸਿਖ ਗੁਰ ਦਰਬਾਰ । ਪਰਗਟ ਜੋਤ ਨਿਹਕਲੰਕ ਕਲਜੁਗ ਦੇਵੇ ਤਾਰ । ਹੱਥੋ ਹਥ ਦੇ ਵਡਿਆਈ, ਨਾ ਪ੍ਰਭ ਕਰੇ ਉਧਾਰ । ਜਨ ਭਗਤਾਂ ਹੋਏ ਸਹਾਈ, ਦੇਵੇ ਪੈਜ ਸਵਾਰ । ਗੁਰਸਿਖ ਤੇਰੇ ਨਾਮ ਵਡਿਆਈ, ਗੁਰਚਰਨ ਕੀਆ ਪਿਆਰ । ਮਹਾਰਾਜ ਸ਼ੇਰ ਸਿੰਘ ਹੋਵੇ ਸਹਾਈ, ਲੇਖ ਲਿਖਾਏ ਸਚ ਦਰਬਾਰ । ਲਿਖਾਇਆ ਲੇਖ ਪ੍ਰਭ ਨਾ ਮੇਟੇ ਕੋਏ । ਕਲਜੁਗ ਮਿਟ ਜਾਏ ਕੋਈ ਰਹਿਣ ਨਾ ਪਾਏ, ਗੁਰਸਿਖ ਗੁਰ ਜਗਤ ਦੋਏ । ਦੇਵੇ ਵਡਿਆਈ, ਗੁਰਸਿਖ ਤੇਰੇ ਮਨ ਵਧਾਈ, ਸਤਿਜੁਗ ਹੋਏ ਤੇਰੀ ਸਾਚੀ ਸੋਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਦੂਸਰ ਰਹੇ ਨਾ ਕੋਏ । ਏਕਾ ਆਪ ਏਕਾ ਜੋਤ ਜਗਾਈ । ਏਕਾ ਆਪ ਏਕਾ ਸ੍ਰਿਸ਼ਟ ਉਪਾਈ । ਏਕਾ ਆਪ ਲੱਖ ਚੁਰਾਸੀ ਜੂਨ ਉਪਾਈ । ਏਕਾ ਆਪ ਰਿਹਾ ਸਰਬ ਮੇਂ ਜੋਤ ਜਗਾਈ । ਏਕਾ ਆਪ ਅਡੋਲ, ਨਾ ਡੁੱਲਿਆ ਜਾਈ । ਏਕਾ ਆਪ ਪਰਗਟ ਨਿਹਕਲੰਕ ਸਾਰੀ ਸ੍ਰਿਸ਼ਟ ਡੁਲਾਈ । ਏਕਾ ਆਪ ਅਭੁਲ ਨਾ ਭੁੱਲਿਆ ਜਾਈ । ਏਕਾ ਆਪ ਅਭੁਲ, ਸਭ ਸ੍ਰਿਸ਼ਟ ਭੁਲਾਈ । ਏਕਾ ਆਪ ਅਤੁਲ, ਨਾ ਤੁਲਿਆ ਜਾਈ । ਏਕਾ ਆਪ ਅਤੁੱਲ, ਸੋਹੰ ਸ਼ਬਦ ਸਭ ਜਗਤ ਤੁਲਾਈ । ਬੇਮੁਖ ਗਏ ਕਲਜੁਗ ਭੁੱਲ, ਗੁਰਸਿਖ ਆਏ ਦਰ ਸੇਵ ਕਮਾਈ । ਬੇਮੁਖ ਗਏ ਕਲਜੁਗ ਰੁਲ, ਗੁਰਸਿਖਾਂ ਸਿਰ ਪ੍ਰਭ ਹਥ ਟਿਕਾਈ । ਏਕਾ ਜੋਤ ਪ੍ਰਭ ਸਦਾ ਅਮੁਲ, ਮਾਇਆਧਾਰੀ ਦੇ ਪ੍ਰਭ ਖ਼ਾਕ ਰੁਲਾਈ । ਕਲਜੁਗ ਦੀਪਕ ਹੋਇਆ ਗੁਲ, ਨਿਹਕਲੰਕ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ, ਜਨ ਭਗਤਾਂ ਦੇਵੇ ਵਡਿਆਈ । ਕਲਜੁਗ ਜੀਵ ਅੰਧ ਅਗਿਆਨੀ । ਗੁਰਸਿਖਾਂ ਜੋਤ ਜਗਾਏ ਮਹਾਨੀ । ਕਲਜੁਗ ਜੀਵ ਹੋਏ ਗੁਮਾਨੀ । ਗੁਰਮੁਖਾਂ ਆਤਮ ਦੇਵੇ ਪ੍ਰਭ ਸ਼ਬਦ ਧਿਆਨੀ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰੇ, ਕਲਜੁਗ ਉਪਜੇ ਬ੍ਰਹਮ ਗਿਆਨੀ । ਬ੍ਰਹਮ ਗਿਆਨੀ ਬ੍ਰਹਮ ਸਰੂਪ । ਜਗਾਏ ਜੋਤ ਪ੍ਰਭ ਵਿਚ ਦੇਹ ਅਨੂਪ । ਸਤਿ ਵਰਤਾਏ ਵਿਚ ਦੇਹ ਸਤਿ ਸਰੂਪ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਸਾਚਾ ਭੂਪ । ਜਾਮਾ ਧਾਰ ਲਏ ਅਵਤਾਰ, ਭਗਤ ਉਧਾਰਿਆ । ਜੋਤ ਨਿਰਾਧਾਰ ਕਰ ਆਕਾਰ, ਸਾਚਾ ਸ਼ਬਦ ਉਚਾਰਿਆ । ਪ੍ਰਭ ਚਰਨ ਬਲਿਹਾਰ ਜਨ ਭਗਤਾਂ ਜਾਏ ਤਾਰ, ਜੁਗੋ ਜੁਗ ਲੈ ਅਵਤਾਰਿਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਗੁਰਸਿਖਾਂ ਪਾਰ ਉਤਾਰਿਆ । ਗੁਰਮੁਖ

ਤੇਰੇ ਦਰ ਦਰਬਾਰ । ਪਰਗਟ ਜੋਤ ਪ੍ਰਭ ਜਾਏ ਕਾਜ ਸਵਾਰ । ਸਾਚਾ ਦਰ ਦਰਸਾਵੇ, ਸਤਿਜੁਗ ਹੋਵੇ ਸਚਖੰਡ ਦਵਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖਾਂ ਦੇਵੇ ਤਾਰ । ਗੁਰਮੁਖ ਤੇਰੀ ਵਡ ਵਡਿਆਈ । ਵੱਡੀ ਦਾਤ ਕਲ ਸੇਵ ਪ੍ਰਭ ਦਰ ਤੇ ਪਾਈ । ਕਲਜੁਗ ਸਾਚੀ ਕਰਾਮਾਤ, ਸੋਹੰ ਸ਼ਬਦ ਪ੍ਰਭ ਦੇ ਸੁਣਾਈ । ਕਰੇ ਦਰਸ ਜਨ ਸੁੱਤਿਆਂ ਰਾਤ, ਜੋ ਜਨ ਰਸਨਾ ਗਾਈ । ਸਾਚੀ ਬਖ਼ਸ਼ੇ ਪ੍ਰਭ ਸ਼ਬਦ ਦਾਤ, ਸਚ ਵਸਤ ਜਨ ਭਗਤਾਂ ਝੋਲੀ ਪਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਦੇਵੇ ਵਡਿਆਈ । ਮਿਲੇ ਵਡਿਆਈ ਕਲ ਸਾਚੇ ਦਰ । ਪ੍ਰਭ ਅਬਿਨਾਸ਼ੀ ਦੇਵੇ ਸਾਚੇ ਵਰ । ਗੁਰਸਿਖਾਂ ਮਿਲਾਇਆ ਪ੍ਰਭ ਸਾਚੇ ਘਰ । ਕਰ ਦਰਸ ਕਲਜੁਗ ਗਏ ਤਰ । ਸਤਿਗੁਰ ਸਾਚਾ ਮਿਲਿਆ ਨਿਹਕਲੰਕ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰਾ, ਕਲਜੁਗ ਦੁਖ ਨਾ ਜਾਏ ਭਰ । ਵਡ ਸਿਖ, ਪ੍ਰਭ ਵੱਡੀ ਦੇ ਵਡਿਆਈ । ਸਾਚੀ ਦੇਵੇ ਭਿਖ, ਨਾਮ ਭਿਛਿਆ ਪ੍ਰਭ ਝੋਲੀ ਪਾਈ । ਆਤਮ ਮਿਟਾਏ ਤ੍ਰਿਖ, ਅੰਮ੍ਰਿਤ ਬੂੰਦ ਪ੍ਰਭ ਮੁਖ ਚੁਆਈ । ਆਤਮ ਰਹੇ ਨਾ ਵਿਖ, ਸਾਚੀ ਜੋਤ ਪ੍ਰਭ ਆਪ ਜਗਾਈ । ਨਿਹਕਲੰਕ ਸਾਚੇ ਲੇਖ ਕਲ ਜਾਏ ਲਿਖ, ਜਨ ਭਗਤਾਂ ਦੇਵੇ ਵਡਿਆਈ । ਮਹਾਰਾਜ ਸ਼ੇਰ ਸਿੰਘ ਤੇਰੇ ਵਿਰਲੇ ਸਿਖ, ਜਿਨ੍ਹਾਂ ਤੇਰੀ ਸੇਵ ਕਮਾਈ । ਸੇਵ ਕਮਾਈ ਪਰਮਗਤ ਪਾਈ । ਜਗਨ ਨਾਥ ਗੋਪਾਲ ਮੁਖ ਭਨੀ, ਪ੍ਰਭ ਹੋਏ ਸਹਾਈ । ਸਾਰੰਗ ਧਰ ਭਗਵਾਨ ਬੀਠਲਾ, ਜਗਤ ਦੇਵੇ ਵਡਿਆਈ । ਜਨ ਭਗਤਾਂ ਤੇਰਾ ਸਾਚਾ ਰੰਗ ਡੀਠੜਾ, ਆਪਣੇ ਰੰਗ ਪ੍ਰਭ ਦੇ ਰੰਗਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਜੋਤ ਰਿਹਾ ਜਗਾਈ । ਸਾਚੀ ਜੋਤ ਜਗਾਈ ਪ੍ਰਭ ਪਰਮਾਨੰਦ । ਗੁਰਮੁਖ ਛਡ ਛੁਡਾਏ ਜੀਵ ਬੰਦ ਬੰਦ । ਕਲਜੁਗ ਜਾਮਾ ਧਾਰਿਆ ਹਰੀ ਮੁਕੰਦ । ਮਹਾਰਾਜ ਸ਼ੇਰ ਸਿੰਘ ਸਚ ਵਰਤਾਏ, ਗੁਰਸਿਖ ਉਪਜਾਏ ਸਾਚੇ ਚੰਦ । ਗੁਰਸਿਖ ਚਾਂਦ, ਚਾਂਦ ਸੀਤਲਾ । ਸਤਿਜੁਗ ਚਲਾਏ ਪ੍ਰਭ ਸਾਚੀ ਰੀਤਲਾ । ਗੁਰਮੁਖ ਬਣਾਏ ਪ੍ਰਭ ਸਾਚੇ ਮੀਤਲਾ । ਨਿਹਕਲੰਕ ਤੇਰੇ ਚਰਨ ਪ੍ਰੀਤੀ, ਚਾਰ ਵਰਨ ਅੰਤ ਕਲ ਜੀਤਲਾ । ਮਹਾਰਾਜ ਸ਼ੇਰ ਸਿੰਘ ਤੇਰੇ ਹਥ ਵਡਿਆਈ, ਗੁਰਸਿਖਾਂ ਮਿਲਿਆ ਪ੍ਰਭ ਭੈ ਭੀਤਲਾ । ਭਰਮ ਭੈ ਮਿਟਾਏ ਭਗਤ ਜਨ । ਸਾਚਾ ਸ਼ਬਦ ਸੋਹੰ ਸੁਣਾਏ ਜਨ । ਉਪਜਾਏ ਜਗਾਏ ਜੋਤ, ਗੁਰਸਿਖ ਆਤਮ ਜਾਏ ਮਨ । ਦਰਸ ਦਿਖਾਏ ਧੀਰ ਧਰਾਏ, ਗੁਰਸਿਖ ਮੁਖੋਂ ਕਹੇ ਧੰਨ ਧੰਨ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾ, ਬੇਮੁਖਾਂ ਅਗਨ ਲਗਾਈ ਤਨ । ਦੁਖ ਭੁਖ ਪ੍ਰਭ ਜਗਤ ਵਰਤਾ । ਆਪਣਾ ਆਪ ਬੈਠਾ ਛੁਪਾ । ਬੇਮੁਖਾਂ ਪਾਇਆ ਓਝੜ ਰਾਹ । ਗੁਰਸਿਖਾਂ ਦਿਖਾਇਆ ਦਰਸ ਅਥਾਹ । ਜੋਤ ਜਗਾਈ ਪ੍ਰਭ ਬੇਪਰਵਾਹ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਭ ਥਾਈਂ ਰਿਹਾ ਸਮਾ । ਸਚ ਥਾਨ ਥਨੰਤਰ ਪ੍ਰਭ ਤੇਰਾ ਥਾਨ । ਏਕਾ ਜੋਤ ਤੀਨ ਲੋਕ ਵਰਤੇ ਭਗਵਾਨ । ਕਲਜੁਗ ਪਰਗਟੇ ਨਿਹਕਲੰਕ ਸ਼ਕਤ ਮਹਾਨ । ਸਾਚਾ ਸ਼ਬਦ ਲਗਾਏ ਤਨਕ, ਸੋਹੰ ਦੇਵੇ ਬ੍ਰਹਮ ਗਿਆਨ । ਚਾਰ ਵਰਨ ਕਰੇ ਏਕਾ ਅੰਕ, ਨਾ ਕੋਈ ਦੀਸੇ ਰਾਓ ਰਾਜਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਦੇਵੇ ਸੋਹੰ ਦਾਨ । ਦੇਵੇ ਦਾਨ ਪ੍ਰਭ ਦਰ ਆਏ ਭਿਖਾਰੀ । ਸੋਹੰ ਖੁਲ੍ਹਾਵੇ ਜੀਵ ਆਤਮ ਦਵਾਰੀ । ਆਤਮ ਕਰੇ ਪ੍ਰਭ ਜੋਤ ਉਜਿਆਰੀ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਪਰਗਟ ਜੋਤ, ਗੁਰਸਿਖ ਤੇਰੀ ਪੈਜ ਸਵਾਰੀ । ਗੁਰਸਿਖ ਤੇਰਾ ਮਾਣ ਰਹੇ ਚਾਰ ਜੁਗ । ਗੁਰਸਿਖ ਸਾਚਾ ਦਾਨ ਮਿਲੇ ਸ਼ਬਦ ਅਮੁਘ । ਚਰਨ ਧੂੜ ਕਲਜੁਗ ਇਸ਼ਨਾਨ, ਸਤਿਜੁਗ ਸਾਚੇ ਮਿਲੇ ਪਿੰਡ ਬੁਘ । ਮਹਾਰਾਜ ਸ਼ੇਰ ਸਿੰਘ ਤੇਰੇ ਹਥ ਵਡਿਆਈ, ਮਾਤ ਜੋਤ ਧਰੇ ਜੁਗੋ ਜੁਗ । ਮਾਤਲੋਕ ਪ੍ਰਭ ਮਾਤ ਤਜਾਈ ।

੪੮੫
੦੧

ਪਿਤਾ ਪੂਤ ਸੂਤ ਸਭ ਖੇਲ ਮਿਟਾਈ । ਛਡ ਦੇਹ ਜੋਤ ਸਰੂਪੀ ਖੇਲ ਰਚਾਈ । ਆਵੇ ਨਾ ਜਾਵੇ, ਨਾ ਦੀਸੇ ਪ੍ਰਭ ਰਘੁਰਾਈ । ਗੁਰਸਿਖ ਸਾਚੀ ਦੇਹ ਵੇਖ, ਪ੍ਰਭ ਸਾਚੇ ਜੋਤ ਜਗਾਈ । ਜੋਤ ਸਰੂਪੀ ਕੀਆ ਭੇਖ, ਨਿਹਕਲੰਕ ਤੇਰੀ ਵਡਿਆਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲ ਸਾਚੀ ਜੋਤ ਜਗਾਈ । ਜਗੇ ਜੋਤ ਹੋਏ ਉਜਿਆਰਾ । ਕਲਜੁਗ ਮਿਟੇ ਤੇਰਾ ਧੁੰਧੂਕਾਰਾ । ਸਤਿਜੁਗ ਹੋਵੇ ਸਤਿ ਪਸਾਰਾ । ਨਿਹਕਲੰਕ ਕਲ ਲਿਆ ਅਵਤਾਰਾ । ਸੋਹੰ ਸਾਚਾ ਸ਼ਬਦ ਰਸਨ ਉਚਾਰਾ । ਰਸਨਾ ਜਪ ਜੀਵ ਚਾਰ ਵਰਨ ਸੋਹੰ ਪਾਰ ਉਤਾਰਾ । ਮਹਾਰਾਜ ਸ਼ੇਰ ਸਿੰਘ ਸਤਿਜੁਗ ਦੀਸੇ, ਤੇਰਾ ਸਚ ਦਵਾਰਾ । ਸਤਿਜੁਗ ਵਰਤਾਏ ਆਪ ਸਤਿ ਪੁਰਖ । ਸੁੱਕੇ ਫਲ ਜੋ ਲਗਾਏ ਕਲਜੁਗ ਬਿਰਖ । ਸਾਰੀ ਖੇਲ ਮਿਟਾਏ ਜੋ ਕਲਜੁਗ ਦਿਰਖ । ਮਹਾਰਾਜ ਸ਼ੇਰ ਸਿੰਘ ਏਕਾ ਜੋਤ ਜਗਾਏ, ਸਤਿਜੁਗ ਸਾਚੇ ਸਤਿ ਪੁਰਖ । ਸਾਚੀ ਜੋਤ ਜਗਾਏ ਜਗਤ ਬਲਵਾਨ । ਸਾਚੇ ਜੀਵ ਉਪਾਏ ਮਿਹਰਵਾਨ । ਏਕਾ ਸ਼ਬਦ ਵਸਾਏ, ਹਿਰਦੇ ਭਗਤ ਭਗਵਾਨ । ਸਚ ਸੁੱਚ ਵਰਤਾਏ, ਸਤਿਜੁਗ ਸਾਚੀ ਆਣ । ਸੋਹੰ ਸ਼ਬਦ ਚਲਾਏ, ਚਾਰ ਵਰਨ ਰਸਨਾ ਗਾਣ । ਮਨੀ ਸਿੰਘ ਸਤਿਗੁਰ ਹੋਏ ਸਹਾਏ, ਲਿਖਾਏ ਵਿਸ਼ਨੂੰ ਭਗਵਾਨ । ਮਸਤੂਆਣਾ ਹੋਏ ਸਤਿ ਅਸਥਾਨ । ਜੋਤ ਜਗਾਏ ਪ੍ਰਭ ਮਹਾਨ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਚਾਰ ਵਰਨ ਹੋਏ ਤੇਰੀ ਆਣ । ਚਾਰ ਵਰਨ ਪ੍ਰਭ ਚਰਨੀਂ ਲਾਇਆ । ਏਕੇ ਸ਼ਬਦ ਜਗਤ ਚਲਾਇਆ । ਚਾਰ ਕੁੰਟ ਤੇਰੀ ਜੈ ਜੈ ਜੈਕਾਰ, ਸੋਹੰ ਤੇਰੀ ਹੋਏ ਰੁਸ਼ਨਾਇਆ । ਏਕ ਜੋਤ ਕੀਆ ਆਕਾਰ, ਮਾਤ ਪਾਤਾਲ ਆਕਾਸ਼ ਹਿਲਾਇਆ । ਭਗਤ ਜਨਾਂ ਹਰਿ ਬਖ਼ਸ਼ੇ ਹਰਿ ਦਵਾਰ, ਚਰਨ ਨਿਵਾਸ ਦਵਾਇਆ । ਪਰਗਟ ਜੋਤ ਨਿਹਕਲੰਕ ਕਲਜੁਗ ਕੀਆ ਪਾਰ, ਮਹਾਰਾਜ ਸ਼ੇਰ ਸਿੰਘ ਨਾਮ ਧਰਾਇਆ । ਸ਼ੇਰ ਸਿੰਘ ਤੇਰਾ ਜਾਮਾ ਸਤਿ । ਸਤਿਜੁਗ ਵਰਤੇ ਹੋਏ ਸਤਿ ਸਤਿ । ਚਾਰ ਵਰਨ ਪ੍ਰਭ ਰੱਖੇ ਪਤਿ । ਮਹਾਰਾਜ ਸ਼ੇਰ ਸਿੰਘ ਸੁਰਤ ਸ਼ਬਦ, ਸਰਬ ਜੀਵ ਧਰਾਏ ਸਤਿ । ਸਤਿ ਸਤਿ ਰਹੇ ਸਰਬ ਜੀਵ ਜੰਤ । ਸੋਹੰ ਸ਼ਬਦ ਚਲਾਏ ਪ੍ਰਭ ਬੇਅੰਤ । ਸਾਚਾ ਸਤਿਜੁਗ ਹੋਏ ਸੋਹੰ ਮੰਤ । ਮਹਿੰਮਾ ਗਣੀ ਨਾ ਜਾਏ, ਲਿਖਾਈ ਪ੍ਰਭ ਬੇਅੰਤ । ਦੇਵੇ ਵਡਿਆਈ ਵਸ ਕਰਾਏ, ਦੇਵ ਦੰਤ । ਮਹਾਰਾਜ ਸ਼ੇਰ ਸਿੰਘ ਜੋ ਜਨ ਰਸਨਾ ਗਾਏ, ਪਾਰ ਹੋਏ ਜੀਵ ਜੰਤ । ਜੀਵ ਜੰਤ ਜਗਤ ਕਾ ਖੇਲ । ਜੋਤ ਸਰੂਪੀ ਪ੍ਰਭ ਕੀਆ ਮੇਲ । ਆਤਮ ਧਰੇ ਜੋਤ ਜਗਾਏ, ਬਿਨ ਬਾਤੀ ਬਿਨ ਤੇਲ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਪਰਗਟ ਜੋਤ ਜਨ ਭਗਤਾਂ ਲਿਆ ਮੇਲ । ਮੇਲ ਮਿਲਾਇਆ ਕਲਜੁਗ ਘਨਕਪੁਰ ਵਾਸੀ । ਸਾਧ ਸੰਗਤ ਸਿਰ ਹਥ ਧਰ, ਪ੍ਰਭ ਮਿਟਾਏ ਸਭ ਉਦਾਸੀ । ਸਾਚਾ ਦੇਵੇ ਵਰ ਘਰ, ਸਚਖੰਡ ਪ੍ਰਭ ਚਰਨ ਨਿਵਾਸੀ । ਨਿਹਕਲੰਕ ਅਵਤਾਰ ਨਰ, ਸਰਬ ਖਪਾਏ ਮਦਿ ਮਾਸੀ । ਤੇਰਾ ਊਚਾ ਸਤਿਜੁਗ ਦਰ, ਮਹਾਰਾਜ ਸ਼ੇਰ ਸਿੰਘ ਬੈਕੁੰਠ ਨਿਵਾਸੀ । ਬੈਕੁੰਠ ਨਿਵਾਸ ਤੇਰਾ ਸਚ ਧਾਮ । ਜੋਤ ਸਰੂਪੀ ਵਰਤ ਜਗ ਸਤਿ ਕਰਾਏ ਨਾਮ । ਏਕਾ ਸ਼ਬਦ ਚਲਾਏ ਸੋਹੰ ਜਪਾਏ ਨਾਮ । ਮਹਾਰਾਜ ਸ਼ੇਰ ਸਿੰਘ ਤੇਰੇ ਹਥ ਵਡਿਆਈ, ਕਲਜੁਗ ਮਿਟਾਏ ਸਰਬ ਧਾਮ । ਸਰਬ ਧਾਮ ਪ੍ਰਭ ਨਾਮ ਮਿਟਾਇਆ । ਜੋਤ ਸਰੂਪੀ ਜੋਤ ਖਿਚ ਆਪਣੇ ਵਿਚ ਸਮਾਇਆ । ਸੋਹੰ ਸ਼ਬਦ ਜਗਤ ਵਿਚ, ਇਕ ਸਾਚਾ ਸ਼ਬਦ ਚਲਾਇਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਸਭ ਦਾ ਮਾਣ ਗਵਾਇਆ । ਮਾਣ ਗਵਾਏ ਸਰਬ ਵਿਆਪੀ । ਪਰਗਟੇ ਜੋਤ ਸਰਬ ਵਡ ਪਰਤਾਪੀ । ਨਾਮ ਨਿਹਕਲੰਕ ਤੇਰੀ ਸ਼ਬਦ ਧੁਨ, ਸੁਣ ਸ੍ਰਿਸ਼ਟ ਸਰਬ ਕਾਂਪੀ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਜੋਤ ਜਗਾਏ ਸਰਬ ਬਿਆਪੀ । ਜਗਾਵੇ ਜੋਤ ਜਗਤ ਉਜਿਆਰਾ ।

ਚਾਰ ਕੁੰਟ ਹੋਏ ਹਾਹਾਕਾਰਾ । ਸਾਧ ਸੰਗਤ ਸੋਹੇ ਪ੍ਰਭ ਚਰਨ ਦਵਾਰਾ । ਰਸਨਾ ਉਪਜੇ ਸ਼ਬਦ ਸੋਹੰ ਤੇਰੀ ਜੈ ਜੈਕਾਰਾ । ਕਲਜੁਗ ਪਰਗਟ ਆਇਆ, ਨਿਹਕਲੰਕ ਨਰ ਅਵਤਾਰਾ । ਸਤਿ ਮਾਰਗ ਚਲਾਇਆ, ਸੋਹੰ ਸ਼ਬਦ ਦੀਆ ਅਧਾਰਾ । ਏਕਾ ਰਾਹ ਦਿਖਾਇਆ, ਚਾਰ ਵਰਨ ਹੋਏ ਉਧਾਰਾ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਤਿ ਵਰਤਾਇਆ, ਏਕ ਆਕਾਰ ਇਕ ਓਅੰਕਾਰਾ । ਏਕੰਕਾਰ ਜਗਤ ਆਕਾਰ । ਸ੍ਰਿਸ਼ਟ ਸਬਾਈ ਪਸਰ ਪਸਾਰ । ਏਕਾ ਜੋਤ ਜੀਵ ਜੰਤ ਕਰੇ ਉਜਿਆਰ । ਕਲਜੁਗ ਜੀਵ ਹੋਏ ਕੁਕਰਮੀ, ਆਤਮ ਭੁੱਲਿਆ ਰਾਮ ਮੁਰਾਰ । ਛਡ ਧਰਮ ਹੋਏ ਅਧਰਮੀ, ਪਰਗਟੇ ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਬੇਮੁਖਾਂ ਕਰੇ ਖੁਆਰ । ਬੇਮੁਖ ਮੁਗਧ ਅੰਞਾਣ, ਪ੍ਰਭ ਚਰਨ ਨਾ ਲਾਗੇ ਧਿਆਨ । ਆਤਮ ਦਿਸੇ ਨਾ ਉਪਜੇ ਗਿਆਨ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਜੋਤ ਧਰੇ ਭਗਵਾਨ । ਧਰੇ ਜੋਤ ਜਗਤ ਗੁਰ ਜੀਤ । ਸਾਧ ਸੰਗਤ ਹੋਈ ਆਤਮ ਸੀਤ । ਏਕਾ ਉਪਜੀ ਗੁਰਚਰਨ ਪ੍ਰੀਤ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਕਰੇ ਆਤਮ ਸੀਤ । ਰੱਖੇ ਪਤਿ ਪ੍ਰਭ ਪਤਿਵੰਤ । ਮਿਲਾਏ ਜੋਤ ਸਾਚੀ ਭਗਵੰਤ । ਜਗਾਏ ਬੈਠ ਸਦਾ ਇਕੰਤ । ਦੇਵੇ ਮਾਣ ਦਰ ਸਾਧ ਸੰਤ । ਸਾਚਾ ਪ੍ਰਭ ਪਰਗਟ ਕਰੇ ਵਿਚ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਕਲਜੁਗ ਮਹਿੰਮਾ ਬੜੀ ਬੇਅੰਤ । ਸ਼ਬਦ ਮਾਰ ਤਨ ਜਲਾਇਆ । ਦੁਖ ਰੋਗ ਰੋਗ ਦੁਖ ਵਿਚ ਦੇਹ ਵਸਾਇਆ । ਕਿਸੇ ਵੈਦ ਭੇਵ ਨਾ ਪਾਇਆ । ਸ਼ਬਦ ਬਾਣ ਤਨ ਸੁਕਾਇਆ । ਅਨਕ ਬਾਰ ਕਰ ਬੇਨੰਤੀ, ਭੁਲ ਭੁਲ ਭੁਲ ਬਖ਼ਸ਼ਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਲਿਖਾਇਆ ਲੇਖ ਨਾ ਮੂਲ ਮਿਟਾਇਆ । ਲੇਖ ਲਿਖਾਏ ਰਹੇ ਅਧ ਵਿਚ । ਸਾਚੀ ਜੋਤ ਲਏ ਪ੍ਰਭ ਖਿਚ । ਸਾਧ ਸੰਗਤ ਸਚ ਸ਼ਬਦ ਵਸਾਵੇ ਵਿਚ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਲਿਖਤ ਕਰਾਏ ਵਿਚ । ਲਿਖਾਇਆ ਸ਼ਬਦ ਹੋਇਆ ਕਲ ਪੂਰਾ । ਪ੍ਰਭ ਕਾ ਬਚਨ ਨਾ ਹੋਏ ਅਧੂਰਾ । ਛੁਡਾਏ ਦੇਹ ਛੱਡੇ ਸੁੱਤ ਸੂਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣਾ ਸ਼ਬਦ ਕਰਾਏ ਪੂਰਾ । ਸ਼ਬਦ ਅਮੋੜ ਕੋਈ ਜਗਤ ਨਾ ਹੋਏ । ਸ਼ਬਦ ਮਾਰ ਚਲੇ, ਰਾਖੇ ਨਾ ਕੋਏ । ਸ਼ਬਦ ਅਧਾਰ ਜਨ ਪੁਰਖੇ ਸੋਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਲੇਖ ਲਿਖਤ ਪੂਰ ਕਰਾਏ ਦੋਏ । ਲਿਖਾਇਆ ਲੇਖ ਲਿਖਤ ਲਿਖਾਰੀ । ਸਾਚੇ ਗੁਣ ਦੇਖ, ਪ੍ਰਭ ਸਾਚੇ ਗੁਰ ਦਰਬਾਰੀ । ਨਾ ਕੀਆ ਭੇਖ, ਨਾ ਪ੍ਰਭ ਭੇਖ ਭਿਖਾਰੀ । ਜੈਸਾ ਵਰਤੇ ਕਲ ਲੈਣਾ ਵੇਖ, ਸ਼ਬਦ ਮਾਰ ਜਗਤ ਪ੍ਰਭ ਮਾਰੀ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਕਲਜੁਗ ਹੋਇਆ ਜੋਤ ਅਧਾਰੀ । ਭੁਲ ਸ਼ਬਦ ਪ੍ਰਭ ਭੁਲਾਇਆ । ਵਡ ਵਡ ਆਪ ਆਪਣਾ ਆਪ ਅਖਵਾਇਆ । ਭੁਲ ਭੁਲ ਭੁਲ ਰਸਨਾ ਵਿਕਾਰ ਚਲਾਇਆ । ਭੁਲ ਭੁਲ ਭੁਲ ਆਪਣਾ ਆਪ ਭੁਲਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਤਮ ਜੀਵ ਭੁਲਾਇਆ । ਰਸਨਾ ਕਰੇ ਮਦਿ ਮਾਸ ਆਹਾਰ । ਸਾਚਾ ਪ੍ਰਭ ਸ਼ਬਦ ਦੇਵੇ ਅਪਾਰ । ਸ਼ਬਦ ਮੰਨ ਬਚਨ ਜਾਏ ਹਾਰ । ਆਪਣਾ ਆਪ ਜੀਵ ਅੰਤ ਕਰੇ ਖੁਆਰ । ਸਾਧ ਸੰਗਤ ਅਰਾਧਿਆ, ਪ੍ਰਭ ਬਖ਼ਸ਼ੇ ਕਿਰਪਾ ਧਾਰ । ਪੰਚਮ ਜੇਠ ਬਖ਼ਸ਼ੇ ਮਧ ਮਾਧਵਿਆ, ਪ੍ਰਭ ਬੇੜਾ ਕਰ ਜਾਏ ਪਾਰ । ਨਿਹਕਲੰਕ ਜਾਮਾ ਧਾਰ, ਮਾਤ ਪਿਤ ਪੁੱਤਰ ਧੀਆਂ ਨਾ ਕਰੇ ਵਿਚਾਰ । ਚਰਨ ਪ੍ਰੀਤੀ ਜਨ ਦੇਵੇ ਸ਼ਬਦ ਅਧਾਰ । ਕਰ ਕਰ ਸੇਵਾ ਗੁਰਸਿਖ ਲੰਘ ਜਾਏ ਪਾਰ । ਅੰਧ ਅੰਧੇਰ ਰਖਾਇਆ ਜੋ ਆਤਮ ਧਰੇ ਹੰਕਾਰ । ਪ੍ਰਭ ਸਾਚਾ ਦਿਸ ਨਾ ਆਇਆ, ਨਿਹਕਲੰਕ ਅਵਤਾਰ । ਜਿਸ ਚਰਨੀਂ ਸੀਸ ਨਿਵਾਇਆ, ਸੇਵਾ ਕਰੀ ਅਪਰ ਅਪਾਰ । ਗੁਰ

ਦਰ ਸਾਚਾ ਤਿਨ੍ਹਾਂ ਪ੍ਰਭ ਮਿਲਿਆ ਭਗਤ ਉਧਾਰ । ਮਹਾਰਾਜ ਸ਼ੇਰ ਸਿੰਘ ਜਿਸ ਰਸਨਾ ਗਾਇਆ, ਕਲ ਬੇੜਾ ਹੋਇਆ ਪਾਰ । ਸਾਚਾ ਸ਼ਬਦ ਪ੍ਰਭ ਸਚ ਲਿਖਾਏ । ਮਦਿ ਮਾਸ ਜੋ ਸਿੱਖ ਰਸਨਾ ਲਾਏ । ਪੁੱਤਰ ਧੀਆਂ ਜੋ ਪ੍ਰਭ ਬੰਸ ਕਹਾਏ । ਰਸਨਾ ਕਰੇ ਮਦਿ ਮਾਸ ਆਹਾਰ, ਪ੍ਰਭ ਜੋਤੀ ਜੋਤ ਖਿਚ ਵਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਦੇਰ ਨਾ ਲਾਏ । ਮਦਿਰਾ ਪਾਨ ਕਰੇ ਮਨ ਹੋਏ ਮਧੂਰਾ । ਆਤਮ ਚੜ੍ਹੇ ਵਿਖ, ਮਨ ਹੋਇਆ ਸਗਲ ਵਸੂਰਾ । ਸਾਚੀ ਜੋਤ ਲਈ ਪ੍ਰਭ ਖਿਚ, ਦੇਹ ਪੀਸੇ ਜਿਉਂ ਪੀਸੇ ਸੰਦੂਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸ਼ਬਦ ਕਰਾਏ ਪੂਰਾ । ਸਾਚਾ ਸ਼ਬਦ ਪ੍ਰਭ ਆਪ ਉਚਰਨਾ । ਮਦਿ ਮਾਸ ਵਿਸ਼ਨੂੰ ਬੰਸੀ ਕਿਸੇ ਆਹਾਰ ਨਾ ਕਰਨਾ । ਖਿੱਚੇ ਜੋਤ ਕਲਜੁਗ ਆਪ ਪ੍ਰਭ, ਜੀਵ ਹੋਏ ਕਲ ਮਰਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਰਗਟੇ ਜੋਤ ਧਰਨੀ ਧਰਨਾ । ਮਨੀ ਸਿੰਘ ਮਨ ਹੋਇਆ ਉਦਾਸ । ਰਸਨਾ ਲਾਏ ਨਾ ਮਦਿਰਾ ਮਾਸ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਸ਼ਬਦ ਚਲੇ ਸਵਾਸ ਸਵਾਸ । ਨਿਹਕਲੰਕ ਵਿਚ ਆਤਮ ਕਰੇ ਵਾਸ । ਸਾਚਾ ਧਾਮ ਸਚ ਦੇ ਵਡਿਆਈ, ਸਤਿਜੁਗ ਹੋਏ ਤੇਰੀ ਰਾਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਵਸੇ ਤੇਰੇ ਪਾਸ । ਕਲਜੁਗ ਵਸਿਆ ਮਦਿਰਾ ਮਸ । ਬੇਮੁਖ ਜੀਵ ਕੀਏ ਇਸ ਵਸ । ਗੁਰਸਿਖ ਜਾਏ ਦੂਰੋਂ ਨਸ । ਸਾਚੀ ਰਸਨਾ ਮਨੀ ਸਿੰਘ ਕਰਨੀ ਵਸ । ਸਤਿਜੁਗ ਚਾਰ ਵਰਨ ਕਰੇ ਤੇਰਾ ਜਸ । ਸੋਹੰ ਸ਼ਬਦ ਸਾਚਾ ਰਸਨਾ ਰਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸਾਚਾ ਰਾਹ ਜਾਏ ਦਸ । ਰਸਨਾ ਰਸੇ ਆਪ ਰਸਈਆ । ਆਤਮ ਵਸੇ ਪ੍ਰਭ ਰਾਮ ਰਮਈਆ । ਕਲਜੁਗ ਰਾਹ ਸਾਚਾ ਦੱਸੇ ਕਾਹਨ ਘਨਈਆ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਚਲਾਇਆ, ਕਲਜੁਗ ਸਾਚੀ ਨਈਆ । ਪ੍ਰਭ ਸਾਚੇ ਕੀ ਸਾਚੀ ਅੰਸ । ਸਾਚਾ ਪ੍ਰਭ ਪਰਗਟਾਵੇ ਸਾਚਾ ਬੰਸ । ਗੁਰਸਿਖ ਊਜਲ ਕਰਾਏ ਵਿਚ ਸਹੰਸ । ਮਹਾਰਾਜ ਸ਼ੇਰ ਸਿੰਘ ਭਗਤ ਉਪਜਾਵੇ ਸਾਚੀ ਅੰਸ । ਜਨ ਭਗਤ ਪ੍ਰਭ ਜੋਤ ਧਰ । ਵਡ ਵਡਿਆਈ ਪਰਗਟ ਜੋਤ ਦੇਵੇ ਅਵਤਾਰ ਨਰ । ਸਾਚੀ ਜੋਤ ਪਰਕਾਸ਼ ਕਰ । ਸਚ ਦਿਖਾਵੇ ਪ੍ਰਭ ਸਾਚਾ ਘਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਊਚੋ ਊਚ ਦਿਖਾਵੇ ਦਰ । ਦਰ ਦਰਬਾਰ ਸਚੀ ਦਰਗਹਿ । ਏਕਾ ਜੋਤ ਜਗਾਏ ਪ੍ਰਭ ਅਥਾਹ । ਦੂਸਰ ਕੋਈ ਦੀਸੇ ਓਥੇ ਨਾ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਦਿਖਾਵੇ ਸਾਚਾ ਰਾਹ । ਸਚ ਮਾਰਗ ਗੁਰਸਿਖ ਪ੍ਰਭ ਲਾਇਆ । ਆਤਮ ਅੰਮ੍ਰਿਤ ਸਿੰਚ ਨਿਰਮਲ ਦੇਹ ਕਰਾਇਆ । ਸਾਚਾ ਸ਼ਬਦ ਸਾਚੇ ਪ੍ਰਭ, ਹਿਰਦੇ ਆਪ ਵਸਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਗੁਰਸਿਖਾਂ ਰਾਹ ਦਸਾਇਆ । ਦੀਸੇ ਮਾਰਗ ਜਗਤ ਨਿਆਰਾ । ਮਦਿ ਮਾਸ ਪ੍ਰਭ ਦਰ ਦੁਰਕਾਰਾ । ਸੋਹੰ ਸ਼ਬਦ ਜਨ ਭਗਤਾਂ ਕੀਆ ਭੰਡਾਰਾ । ਆਤਮ ਅੰਮ੍ਰਿਤ ਬਰਖ, ਆਤਮ ਕੀਆ ਉਜਿਆਰਾ । ਮਹਾਰਾਜ ਸ਼ੇਰ ਸਿੰਘ ਕਲਜੁਗ ਨਿਹਕਲੰਕ ਲੀਆ ਅਵਤਾਰਾ । ਨਿਹਕਲੰਕ ਕਲ ਏਕਾ ਵਾਰ । ਧਰੇ ਜੋਤ ਕਰੇ ਆਕਾਰ । ਚਾਰ ਕੁੰਟ ਸਾਚੀ ਜੋਤ ਚਮਤਕਾਰ । ਬੇਮੁਖਾਂ ਘਰ ਮਚ ਜਾਏ ਹਾਹਾਕਾਰ । ਸਾਧ ਸੰਗਤ ਸੋਹੇ ਗੁਰਚਰਨ ਦਵਾਰ । ਰਸਨਾ ਹੋਏ ਸਾਚੇ ਪ੍ਰਭ ਕੀ ਜੈ ਜੈਕਾਰ । ਸੋਹੰ ਸ਼ਬਦ ਉਪਜੇ ਧੁਨ, ਅਨਹਦ ਧੁਨ ਸਚੀ ਧੁਨਕਾਰ । ਆਤਮ ਖੁੱਲ੍ਹੇ ਸਮਾਧੀ ਸੁੰਨ, ਜੋਤ ਜਗੇ ਅਪਰ ਅਪਾਰ । ਗੁਰਸਿਖ ਪ੍ਰਭ ਕਲਜੁਗ ਚੁਣ, ਸਾਚਾ ਦੀਆ ਨਾਮ ਅਧਾਰ । ਗੁਰਸਿਖ ਨਿਹਕਲੰਕ ਜਾਣੇ ਤੇਰੇ ਗੁਣ, ਦੇਵੇ ਦਰਸ ਅਗੰਮ ਅਪਾਰ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਖੋਲ੍ਹੇ ਦਸਮ ਦਵਾਰ । ਦਸਮ ਦਵਾਰ ਦੇਹ ਦਰਵਾਜ਼ਾ । ਖੁਲ੍ਹਾਵੇ ਆਪ

ਪ੍ਰਭ ਵਡ ਰਾਜਨ ਰਾਜਾ । ਪੰਜ ਤਤ ਵਿਚ ਕਰ ਆਕਾਰ, ਝੂਠੀ ਦੇਹ ਸਾਜਨ ਸਾਜਾ । ਪਵਣ ਰੂਪ ਦੇ ਸਹਾਰ, ਅਨਹਦ ਧੁਨ ਵਜਾਏ ਵਾਜਾ । ਮਹਾਰਾਜ ਸ਼ੇਰ ਸਿੰਘ ਭਾਣਾ ਵਰਤੇ ਸੰਸਾਰ, ਭਗਤ ਜਨਾਂ ਹਰਿ ਰੱਖੇ ਲਾਜਾ । ਜੀਵ ਕਾਇਆ ਕੀਆ ਆਕਾਰ । ਕਲਜੁਗ ਭਰਿਆ ਕਰੋਧ ਹੰਕਾਰ । ਪੱਤਤ ਪਾਪੀ ਹੋਏ ਜੀਵ ਗਵਾਰ । ਸਾਚੇ ਪ੍ਰਭ ਕੀ ਨਾ ਪਾਈ ਸਾਰ । ਬੈਠਾ ਵਿਚ ਪ੍ਰਭ ਵਿਚ ਜੋਤ ਨਿਰਾਧਾਰ । ਮਹਾਰਾਜ ਸ਼ੇਰ ਸਿੰਘ ਕੋਈ ਵਿਰਲਾ ਜਾਣੇ ਤੇਰਾ ਜੋਤ ਆਕਾਰ । ਜੋਤ ਜਗੇ ਜਗਤ ਉਜਾਗਰ । ਸਾਚਾ ਸਤਿਗੁਰ ਗਹਿਰ ਗੰਭੀਰ ਸਾਗਰ । ਪਰਗਟੇ ਨਿਹਕਲੰਕ ਪ੍ਰਭ ਰਤਨਾਗਰ । ਕਲਜੁਗ ਤੋੜੇ ਅੰਤ ਕਾਚੀ ਗਾਗਰ । ਮਹਾਰਾਜ ਸ਼ੇਰ ਸਿੰਘ ਭਗਤਾਂ ਅੰਮ੍ਰਿਤ ਬਰਸਾਵੇ ਵਿਚ ਆਤਮ ਸਾਗਰ । ਆਤਮ ਉਤਮ, ਜੀਵ ਉਤਮ ਵਿਚਾਰ । ਸਤਿਗੁਰ ਸਾਚਾ ਪਰਗਟੇ, ਮਦਿ ਮਾਸ ਛਡ ਆਹਾਰ । ਸੋਹੰ ਸ਼ਬਦ ਜੋ ਜਨ ਰਟੇ, ਆਤਮ ਹੋਏ ਉਜਿਆਰ । ਸਾਚਾ ਸ਼ਬਦ ਨਾ ਮਿਲੇ ਹੱਟੇ, ਸਾਚਾ ਪ੍ਰਭ ਦੇਵੇ ਅਧਾਰ । ਬੇਮੁਖ ਕਲਜੁਗ ਨਾਚੇ ਜਿਉਂ ਨੱਟੇ, ਦਰ ਦਰ ਹੋਏ ਖੁਆਰ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਦੇਵੇ ਜੋਤ ਅਧਾਰ । ਬੇਮੁਖ ਕਲਜੁਗ ਹੋਏ ਮੁਖ ਕਾਲਾ । ਝੂਠੀ ਮਾਇਆ ਝੂਠੇ ਧੰਦੇ, ਝੂਠਾ ਬਣੇ ਗਵਾਲਾ । ਝੂਠਾ ਆਇਆ ਝੂਠਾ ਜਾਇਆ, ਦਿਸੇ ਨਾ ਗੋਪਾਲਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕਲਜੁਗ ਪਰਗਟੇ ਦੀਨ ਦਿਆਲਾ । ਦੀਨ ਦਿਆਲ ਪ੍ਰਭ ਸਦਾ ਦੁਖ ਭੰਜਨ । ਸੋਹੰ ਸ਼ਬਦ ਗਿਆਨ ਨੇਤਰ ਦਰਸ ਪ੍ਰਭ ਸਾਚਾ ਅੰਜਣ । ਕਰ ਦਰਸ ਵਿਸ਼ਨੂੰ ਭਗਵਾਨ, ਜਗਾਏ ਜੋਤ ਪ੍ਰਭ ਨਿਰੰਜਣ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ, ਜਨ ਭਗਤਾਂ ਸਦਾ ਦੁਖ ਭੰਜਨ । ਭਗਤ ਜਨ ਪ੍ਰਭ ਦੁਖ ਮਿਟਾਇਆ । ਦੇ ਦਰਸ ਅੰਧੇਰ ਗਵਾਇਆ । ਕਰ ਜੋਤ ਪਰਕਾਸ਼ ਗਿਆਨ ਅੰਧੇਰ ਮਿਟਾਇਆ । ਦੁੱਖਾਂ ਕੀਆ ਨਾਸ, ਸਚ ਸੁੱਚ ਵਿਚ ਦੇਹ ਵਰਤਾਇਆ । ਜਿਨ ਜਨ ਨਾ ਲਾਇਆ ਰਸਨਾ ਮਾਸ, ਕਲਜੁਗ ਉਤਮ ਮਾਨਸ ਜਨਮ ਲਿਖਾਇਆ । ਗੁਰਚਰਨ ਪ੍ਰੀਤੀ ਸਚੀ ਰਹਿਰਾਸ, ਬਾਣੀ ਖਾਣੀ ਪ੍ਰਭ ਭੇਵ ਮਿਟਾਇਆ । ਸਾਚਾ ਪ੍ਰਭ ਸਦਾ ਰਹੇ ਪਾਸ, ਗੁਰਮੁਖਾਂ ਦਰਸ ਘਰ ਮਾਹਿ ਪਾਇਆ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਵਾਸ, ਪਰਗਟ ਜੋਤ ਨਿਹਕਲੰਕ ਕਲ ਆਇਆ । ਸਾਧ ਸੰਗਤ ਪ੍ਰਭ ਸਦਾ ਹਦੂਰ । ਸਾਧ ਸੰਗਤ ਪ੍ਰਭ ਕਲਜੁਗ ਸਰਧਾ ਪੂਰ । ਸਾਧ ਸੰਗਤ ਪ੍ਰਭ ਬਖ਼ਸ਼ੇ ਸੋਹੰ ਸਾਚਾ ਨੂਰ । ਸਾਧ ਸੰਗਤ ਗੁਣਵੰਤ ਗੁਣ ਨਿਧਾਨ ਆਤਮ ਕਰੇ ਭਰਪੂਰ । ਸਾਧ ਸੰਗਤ ਮਿਲੇ ਪ੍ਰਭ, ਸਾਚਾ ਦੇਵੇ ਨਾਮ ਸਰੂਰ । ਮਹਾਰਾਜ ਸ਼ੇਰ ਸਿੰਘ ਸਤਿਜੁਗ ਉਪਜਾਵੇ, ਸਾਚਾ ਤੇਰਾ ਨੂਰ । ਨੂਰ ਨਰਾਇਣ ਨਰਕ ਉਧਾਰੀ । ਚਰਨ ਲਾਗ ਕਲਜੁਗ ਜੀਵ ਉਤਰੇ ਪਾਰੀ । ਹਿਰਦਾ ਜਾਏ ਜਾਗ, ਜੋ ਜਨ ਆਏ ਪ੍ਰਭ ਚਰਨ ਦਵਾਰੀ । ਸੋਹੰ ਸ਼ਬਦ ਲਾਗੀ ਸਚੀ ਜਾਗ, ਆਤਮ ਹੋਏ ਜੀਵ ਉਜਿਆਰੀ । ਸਾਚਾ ਸ਼ਬਦ ਉਪਜੇ ਰਾਗ, ਅਨਹਦ ਧੁਨ ਵੱਜੇ ਧੁਨਕਾਰੀ । ਕਲਜੁਗ ਗੁਰਸਿਖ ਨਾ ਲਾਗੇ ਦਾਗ਼, ਸਾਚੀ ਜੋਤ ਪ੍ਰਭ ਦਏ ਅਧਾਰੀ । ਝੂਠੀ ਸ੍ਰਿਸ਼ਟ ਪ੍ਰਭ ਸਾਚੇ ਹਥ ਵਾਗ, ਜਿਉਂ ਭਾਵੇ ਤਿਉਂ ਮਾਰੀ । ਬੇਮੁਖ ਭੋਣ ਜਿਉਂ ਸੁੰਵੇ ਘਰ ਕਾਗ, ਚਲ ਨਾ ਆਏ ਪ੍ਰਭ ਚਰਨ ਦਵਾਰੀ । ਗੁਰਸਿਖਾਂ ਹੋਏ ਪੂਰਨ ਭਾਗ, ਮਹਾਰਾਜ ਸ਼ੇਰ ਸਿੰਘ ਮਿਲਿਆ ਜੋਤ ਆਕਾਰੀ । ਜੋਤ ਆਕਾਰ ਜਗਤ ਪ੍ਰਭ ਆਇਆ । ਨਾ ਦੀਸੇ ਨਾ ਦਿਸਾਇਆ । ਨਿਹਕਲੰਕ ਪ੍ਰਭ ਨਾਮ ਧਰਾਇਆ । ਪੀਸੇ ਜਗਤ ਪ੍ਰਭ ਪੀਸਾਇਆ । ਕਲਜੁਗ ਸਾਚਾ ਖੇਲ ਰਚਾਇਆ । ਕਲਜੁਗ ਕੂੜ ਕੂੜੀ ਠੀਸੇ, ਅੰਤਕਾਲ ਪ੍ਰਭ ਆਣ ਖਪਾਇਆ । ਨਿਹਕਲੰਕ ਛਤਰ ਤੇਰੇ ਸੀਸੇ, ਸੋਹੰ ਸਾਚਾ ਸ਼ਬਦ ਚਲਾਇਆ । ਸਤਿਜੁਗ ਸਤਿ ਦਰਬਾਰਾ ਤੇਰਾ ਦੀਸੇ, ਦੂਸਰ ਕੋਈ ਦਿਸ

ਨਾ ਆਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਕਿਸੇ ਭੇਵ ਨਾ ਪਾਇਆ । ਊਚਾ ਦਰ ਸਚੀ ਦਰਗਹਿ । ਜੋਤ ਜਗਾਈ ਸਚੇ ਪਾਤਸ਼ਾਹ । ਜਨ ਭਗਤਾਂ ਦਿਖਾਵੇ ਪ੍ਰਭ ਸਚਾ ਰਾਹ । ਸਾਚੀ ਜੋਤ ਪ੍ਰਭ ਸਚ ਵਸਾਏ ਥਾਂ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਦੂਸਰ ਕੋਈ ਨਾਂਹ । ਨਿਹਕਲੰਕ ਜੋਤ ਆਕਾਰੀ । ਝੂਠੀ ਦੁਨੀਆ ਕਰ ਜਾਏ ਖੁਆਰੀ । ਜਾਮਾ ਧਾਰ ਹਉਮੇ ਜਗਤ ਵਧਾਈ ਬੀਮਾਰੀ । ਜਨ ਭਗਤਾਂ ਦੇਵੇ ਦਰਸ ਗਿਰਧਾਰੀ । ਦੇ ਦਰਸ ਪ੍ਰਭ ਹਉਮੇ ਮਮਤਾ ਮਾਰੀ । ਗੁਰਸਿਖ ਤੇਰੇ ਸਦ ਬਲ ਬਲ ਬਲ ਜਾਓ, ਜੋ ਆਏ ਪ੍ਰਭ ਚਰਨ ਨਿਮਸਕਾਰੀ । ਸਾਚੀ ਦਰਗਹਿ ਮਿਲੇ ਸਚਾ ਥਾਉਂ, ਮਹਾਰਾਜ ਸ਼ੇਰ ਸਿੰਘ ਦੇਵੇ ਸਚੀ ਸਿਕਦਾਰੀ । ਸਾਚੀ ਸ਼ਰਧਾ ਦੇਵੇ ਸ਼ਰਧਾਨੰਦ । ਕਰੇ ਵਾਸ ਪ੍ਰਭ ਸਾਚੇ ਖੰਡ । ਏਕਾ ਜੋਤ ਧਰੇ ਪ੍ਰਭ ਵਿਚ ਬ੍ਰਹਿਮੰਡ । ਪ੍ਰਭ ਆਤਮ ਜੋਤ ਜਗਾਏ ਸਰਬ ਵਰਭੰਡ । ਬੇਮੁਖਾਂ ਆਤਮ ਹੋਈ ਰੰਡ । ਗੁਰਸਿਖਾਂ ਸਾਚਾ ਨਾਮ ਪ੍ਰਭ ਦੇਵੇ ਵੰਡ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਜਗਾਏ ਵਿਚ ਨੌਂ ਖੰਡ । ਨੌਂ ਖੰਡ ਪ੍ਰਿਥਮੀ ਪ੍ਰਭ ਜੋਤ ਜਗਾਈ । ਸਤ ਦੀਪਕ ਹੋਏ ਰੁਸ਼ਨਾਈ । ਮਹਿੰਮਾ ਗਣਤ ਗਣੀ ਨਾ ਜਾਈ । ਸੋ ਜਨ ਜਾਣੇ ਜਿਸ ਪ੍ਰਭ ਸਾਚੇ ਬੂਝ ਬੁਝਾਈ । ਹਰਿ ਰੰਗ ਹਰਿ ਆਤਮ ਮਾਣੇ, ਭੁੱਲੀ ਪਈ ਲੋਕਾਈ । ਗੁਰਸਿਖ ਹੋਏ ਸੁਘੜ ਸਿਆਣੇ, ਜੋ ਆਏ ਪ੍ਰਭ ਸਰਨਾਈ । ਨਿਹਕਲੰਕ ਕਲ ਪਹਰਿਆ ਬਾਣਾ, ਸ਼ੇਰ ਸਿੰਘ ਨਾਮ ਧਰਾਈ । ਧਰਾਇਆ ਨਾਮ ਧਰਤ ਸੁਲਾਈ । ਨਿਹਕਲੰਕ ਤੇਰੇ ਨਾਮ ਵਡਿਆਈ । ਸਾਚਾ ਨਾਮ ਤੇਰਾ ਸੁਣ ਦੁਖ ਰਹੇ ਨਾ ਰਾਈ । ਆਤਮ ਉਪਜੇ ਸਾਚੀ ਧੁਨ, ਸੁਨ ਸਮਾਧ ਖੁਲ੍ਹਾਈ । ਮਹਾਰਾਜ ਸ਼ੇਰ ਸਿੰਘ ਪਰਗਟ ਕਲ, ਸਾਚੀ ਜੋਤ ਜਗਾਈ । ਸਾਚੀ ਜੋਤ ਸਤਿ ਵਰਤਾਰਾ । ਸਾਤੋਂ ਦੀਪਕ ਹੋਏ ਉਜਿਆਰਾ । ਨੌਂ ਖੰਡ ਪ੍ਰਿਥਮੀ ਵਿਚ ਸੰਸਾਰਾ । ਜਲਾਂ ਥਲਾਂ ਜੀਵ ਜੰਤਾਂ ਪ੍ਰਭ ਜੋਤ ਅਧਾਰਾ । ਕਲ ਜਾਏ ਅੰਤ ਹੋਏ ਖੁਆਰਾ । ਸ਼ਬਦ ਬਾਣ ਪ੍ਰਭ ਸਾਚੇ ਮਾਰਾ । ਮਹਾਰਾਜ ਸ਼ੇਰ ਸਿੰਘ ਅੰਤਕਾਲ, ਕਲਜੁਗ ਕੀਆ ਖੁਆਰਾ । ਕਲਜੁਗ ਅੰਤ ਕਰਨ ਪ੍ਰਭ ਆਇਆ । ਜਾਮਾ ਧਾਰ ਨਿਹਕਲੰਕ, ਜਗ ਝੂਠਾ ਨੇਂਹੁ ਚੁਕਾਇਆ । ਸਾਚਾ ਸ਼ਬਦ ਸੋਹੰ ਵਜਾਏ ਧਨਕ, ਚਾਰ ਵਰਨ ਪ੍ਰਭ ਕੰਨ ਸੁਣਾਇਆ । ਏਕ ਕਰਾਏ ਰਾਓ ਰੰਕ, ਲਿਖਤ ਲੇਖ ਪ੍ਰਭ ਆਪ ਲਿਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਧਰਮ ਜਿਸ ਉਪਜਾਇਆ । ਸਤਿ ਧਰਮ ਸਤਿਜੁਗ ਦੋਏ ਸੁੱਤ । ਕਰੇ ਵਾਸ ਵਿਚ ਜੀਵ ਬੁੱਤ । ਸਤਿਜੁਗ ਤੇਰੀ ਸਾਚੀ ਰੁੱਤ । ਏਕਾ ਏਕ ਦਿਸ ਆਏ ਪ੍ਰਭ ਅਬਿਨਾਸ਼ੀ ਅਚੁੱਤ । ਮਹਾਰਾਜ ਸ਼ੇਰ ਸਿੰਘ ਸਤਿਜੁਗ ਪੁਰਖ ਉਪਜਾਏ, ਗੁਰਮੁਖ ਸਾਚੇ ਸੁੱਤ । ਗੁਰਮੁਖਾਂ ਹਰਿ ਨਾਮ ਪਿਆਰਾ । ਹਰਿ ਹਰਿ ਜਪ ਜਪੇ ਰਾਮ ਮੁਰਾਰਾ । ਸੋਹੰ ਸ਼ਬਦ ਨਿਹਕਲੰਕ, ਕਲਜੁਗ ਦੇਵੇ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਬਾਰ ਅਨਕ, ਜਗਤ ਕੀਆ ਜੋਤ ਪਸਾਰਾ । ਜਗਤ ਜੋਤੀ ਪ੍ਰਭ ਜੋਤ ਅਧਾਰੀ । ਨਿਰਾਧਾਰ ਅਡੋਲ ਵਿਚ ਬੈਠ ਨਿਰਾਹਾਰੀ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਤੇਰੀ ਪੈਜ ਸਵਾਰੀ । ਪੈਜ ਸਵਾਰੀ ਆਪ ਗਿਰਧਾਰ । ਭਗਤ ਉਧਾਰੇ ਦੁਸ਼ਟਾਂ ਕਰੇ ਖੁਆਰ । ਸਚਖੰਡ ਜਨ ਭਗਤ ਸੋਹਣ ਪ੍ਰਭ ਦਵਾਰ । ਅੰਮ੍ਰਿਤ ਭਰਿਆ ਪ੍ਰਭ ਭੰਡਾਰ । ਬਰਖੇ ਉਪਰ ਕਿਰਪਾ ਧਾਰ । ਨਿਹਕਲੰਕ ਭੁੱਲੇ ਸੰਸਾਰ । ਕਲਜੁਗ ਪਰਗਟ ਲਏ ਅਵਤਾਰ । ਨਿਹਕਲੰਕ ਨਾਮ ਨਰਾਇਣ ਰਖ । ਏਕਾ ਸ਼ਬਦ ਚਲਾਇਆ ਸਤਿਜੁਗ ਅਲਖ । ਸਚੋ ਸਚ ਵਰਤਾਇਆ ਰਸਨਾ ਲਾਇਆ ਲਾਇਆ ਭੋਗ ਭਖ । ਮਹਾਰਾਜ ਸ਼ੇਰ ਸਿੰਘ ਸਾਚਾ ਸ਼ਬਦ ਚਲਾਇਆ, ਗੁਰਸਿਖਾਂ ਸਿਰ ਰੱਖੇ ਹਥ । ਸ਼ਬਦ ਸੁਣ ਆਤਮ ਤ੍ਰਿਪਤਾਸਿਆ । ਆਤਮ ਬੁਝੀ ਪ੍ਰਭ ਦਰਸ ਪਿਆਸਿਆ । ਦੁਖ ਦਰਦ

ਦੇਹ ਰੋਗ ਸਭ ਵਿਚੋਂ ਨਾਸਿਆ । ਜਗਾਏ ਜੋਤ ਪ੍ਰਭ ਅਬਿਨਾਸਿਆ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਦੇਵੇ ਚਰਨ ਨਿਵਾਸਿਆ । ਜੋ ਜਨ ਕਰੇ ਪ੍ਰਭ ਚਰਨ ਨਿਵਾਸ । ਸਾਧ ਸੰਗਤ ਜਪ ਰਸਨ ਸਵਾਸ । ਕਲਜੁਗ ਦੁਖ ਹੋ ਜਾਇਣ ਨਾਸ । ਮਹਾਰਾਜ ਸ਼ੇਰ ਸਿੰਘ ਸਦ ਵਸੇ ਪਾਸ । ਸਦ ਰਹੇ ਪ੍ਰਭ ਸੰਗਤ ਸੰਗ । ਸਾਚਾ ਸ਼ਬਦ ਚੜ੍ਹਾਏ ਜਨ ਭਗਤਾਂ ਰੰਗ । ਬੇਮੁਖ ਭੰਨਾਏ ਕਲਜੁਗ ਜਿਉਂ ਝੂਠੀ ਵੰਗ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ ਅੰਮ੍ਰਿਤ ਦੇਹ ਵਹਾਏ ਗੰਗ । ਅੰਮ੍ਰਿਤ ਜਲ ਗੰਗਾ ਧਾਰ । ਪੀ ਅੰਮ੍ਰਿਤ ਜੀਵ ਹੋਏ ਪਾਰ । ਕਲਜੁਗ ਪਰਗਟ ਨਿਹਕਲੰਕ ਅਵਤਾਰ । ਸ਼ਕਤੀ ਖਿਚ ਪਰੀ ਪੂਰਨ, ਖਾਲੀ ਕੀਆ ਹਰਿਦਵਾਰ । ਗੰਗਾ ਨੀਰ ਤੇਰਾ ਸਾਚਾ ਸੀਰ, ਮਾਤ ਪਰਗਟ ਨਾ ਦੂਜੀ ਵਾਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਅੰਤ ਕਲਜੁਗ ਦੇਵੇ ਸਭਨਾ ਹਾਰ । ਹਾਰ ਹਾਰ ਕਲਜੁਗ ਹਾਰਿਆ । ਜਾਮਾ ਲਿਆ ਧਾਰ, ਪੁਰੀ ਘਨਕ ਨਿਹਕਲੰਕ ਅਵਤਾਰਿਆ । ਖੁਆਰ ਖੁਆਰ ਖੁਆਰ ਕਰ ਜਗਤ ਖੁਆਰਿਆ । ਮਾਰ ਮਾਰ ਮਾਰ ਪ੍ਰਭ ਸ਼ਬਦ ਬਾਣ ਕਲ ਮਾਰਿਆ । ਤਾਰ ਤਾਰ ਤਾਰ ਜਨ ਭਗਤਾਂ ਪਾਰ ਉਤਾਰਿਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਤੇਰਾ ਅੰਤ ਨਾ ਪਾਰਾਵਾਰਿਆ । ਅੰਤ ਨਾ ਜਾਣੇ ਪ੍ਰਭ ਸਦਾ ਬੇਅੰਤਾ । ਆਪਣਾ ਆਪ ਆਕਾਰ ਕਰੇ ਪ੍ਰਭ ਭਗਵੰਤਾ । ਦੇਵੇ ਜੋਤ ਅਧਾਰ ਸਰਬ ਜੀਵ ਜੰਤਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਹੋਏ ਸਹਾਈ ਸਾਧਨ ਸੰਤਾ । ਸਾਧ ਸੰਤ ਪ੍ਰਭ ਸੰਤਾਨ । ਉਪਜਾਇਆ ਸਾਚੇ ਪ੍ਰਭ, ਆਤਮ ਬ੍ਰਹਮ ਗਿਆਨ । ਪਰਗਟ ਜੋਤ ਨਿਹਕਲੰਕ, ਜਨ ਭਗਤਾਂ ਲਿਆ ਪਛਾਣ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਜਨ ਭਗਤਾਂ ਦੇਵੇ ਮਾਣ । ਜਨ ਵਡਿਆਈ ਕਲ ਪ੍ਰਭ ਦੇ ਹਥ । ਅਗਨ ਕੂੜ ਚਲਾਏ ਕਲ ਰਥ । ਸਾਚੇ ਸਾਹਿਬ ਫੜੀ ਹਥ ਨਥ । ਜਨ ਭਗਤਾਂ ਦੇਵੇ ਤਾਰ, ਨਿਹਕਲੰਕ ਪ੍ਰਭ ਸਮਰਥ । ਪ੍ਰਭ ਸਮਰਥ ਸਰਬ ਕਾ ਦਾਤਾ । ਗਿਆਨ ਗੋਝ ਗੋਝ ਗਿਆਨ ਕਾ ਗਿਆਤਾ । ਜਨ ਭਗਤਾਂ ਮੇਲ ਮਿਲਾਏ, ਮਿਲੇ ਬਿਧ ਨਾਤਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਜਗਜੀਵਣ ਦਾਤਾ । ਜਗਤ ਦਾਤਾ ਪ੍ਰਭ ਆਪ ਦਾਤਾਰ । ਸਾਚਾ ਸ਼ਬਦ ਪ੍ਰਭ ਖੋਲ੍ਹ ਦੇਵੇ ਭੰਡਾਰ । ਗੁਰਮੁਖ ਵਿਰਲਾ ਕੋਈ ਪਾਏ ਸਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਆਇਆ ਨਿਹਕਲੰਕ ਅਵਤਾਰ । ਨਿਹਕਲੰਕ ਜੋਤ ਉਜਿਆਰੀ । ਚਾਰ ਵਰਨ ਹੋਏ ਤੇਰੇ ਚਰਨ ਪੁਜਾਰੀ । ਘਨਕਪੁਰ ਵਾਸੀ ਤੇਰੀ ਵੱਡੀ ਸਿਕਦਾਰੀ । ਚਾਰ ਵਰਨ ਤੇਰੇ ਦਰ ਪਨਿਹਾਰੀ । ਜੂਠ ਝੂਠ ਪ੍ਰਭ ਕਰੇ ਖ਼ੁਆਰੀ । ਨਰ ਨਰਾਇਣ ਜੋਤ ਜਗਤ ਅਵਤਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਮਰਥ ਪੁਰਖ ਅਪਾਰੀ । ਅਪਰ ਅਪਾਰ ਪ੍ਰਭ ਅਪਰ ਅਪਾਰਾ । ਨਿਹਕਲੰਕ ਤੇਰਾ ਕਲਜੁਗ ਪਸਰ ਪਸਾਰਾ । ਜੋਤ ਸਰੂਪੀ ਜੋਤ ਧਰੇ ਅੰਤ ਕਲਜੁਗ ਕਰੇ ਖੁਆਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਤੇਰਾ ਦਰ ਦਰਬਾਰਾ । ਸਾਚਾ ਦਰਬਾਰ, ਗੁਰਸਿਖ ਦਰਬਾਰੀ । ਨਿਹਕਲੰਕ ਗੁਰਸਿਖ ਤੇਰੇ ਚਰਨ ਨਿਮਸਕਾਰੀ । ਏਕਾ ਸ਼ਬਦ ਦੇਵੇ ਪ੍ਰਭ ਸ਼ਬਦ ਅਧਾਰੀ । ਸੋਹੰ ਸਾਚਾ ਨਾਮ ਆਤਮ ਰੱਖੇ ਖ਼ੁਮਾਰੀ । ਮਹਾਰਾਜ ਸ਼ੇਰ ਸਿੰਘ ਤੇਰੀ ਸੇਵਾ, ਹਉਮੇ ਕੱਟੇ ਬੀਮਾਰੀ । ਹਉਮੇ ਦੁਖ ਰੋਗ ਨਾ ਵਿਆਪੇ । ਸ਼ਬਦ ਬਾਣ ਪ੍ਰਭ ਮਾਰੇ ਤੀਨ ਤਾਪੇ । ਆਪਣਾ ਆਪ ਕਲਜੁਗ ਜੀਵ ਨਾ ਜਾਪੇ । ਮਹਾਰਾਜ ਸ਼ੇਰ ਸਿੰਘ ਕਲਜੁਗ ਭਗਤਾਂ ਹੋਇਆ ਮਾਈ ਬਾਪੇ । ਜਗਤ ਪਿਤ ਜਗਤ ਪਸਾਰਾ । ਜਗਤ ਹਿਤ ਜਗ ਕੀਆ ਉਜਿਆਰਾ । ਗੁਰਸਿਖ ਸਾਚਾ ਸਤਿਗੁਰ ਮਿਤ, ਸੋਹੰ ਦੇਵੇ ਨਾਮ ਅਧਾਰਾ । ਏਕਾ ਸ਼ਬਦ ਵਸੇ ਵਿਚ ਚਿਤ, ਖੁਲ੍ਹੇ ਦਸਮ ਦਵਾਰਾ । ਸਾਚਾ ਪ੍ਰਭ ਜੋਤ ਜਗਾਏ ਨਿਤ, ਜੀਵ ਜੰਤ ਜਗਾਵਣਹਾਰਾ ।

੪੯੧
੦੧

ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਜਨ ਭਗਤਾਂ ਦੇਵੇ ਨਾਮ ਅਧਾਰਾ । ਕਰੇ ਪਾਰ ਪ੍ਰਭ ਪਾਰਬ੍ਰਹਮ । ਜੁਗੋ ਜੁਗ ਪ੍ਰਭ ਸਾਚੇ ਕਾ ਸਾਚਾ ਧਰਮ । ਊਚ ਨੀਚ ਏਹ ਪ੍ਰਭ ਕਾ ਕਰਮ । ਮਹਾਰਾਜ ਸ਼ੇਰ ਸਿੰਘ ਸਤਿਜੁਗ ਵਰਤਾਏ ਏਕਾ ਧਰਮ । ਸਾਚਾ ਧਰਮ ਸਚਾ ਦਰਬਾਰਾ । ਸਾਚੀ ਜੋਤ ਪ੍ਰਭ ਸਤਿਜੁਗ ਕਰੇ ਆਕਾਰਾ । ਵਰਨ ਚਾਰ ਕਰ ਏਕਾ ਗੋਤ, ਏਕਾ ਦਿਸਾਏ ਪ੍ਰਭ ਦਵਾਰਾ । ਮਹਾਰਾਜ ਸ਼ੇਰ ਸਿੰਘ ਸਤਿਜੁਗ ਹੋਵੇ ਤੇਰਾ ਸਤਿ ਵਰਤਾਰਾ । ਸਤਿ ਵਰਤੇ ਸਤਿਜੁਗ ਵਰਤਾਏ ਸਤਿਵਾਦੀ । ਸਾਚਾ ਸ਼ਬਦ ਚਲਾਏ, ਪ੍ਰਭ ਸ਼ਬਦ ਅਨਾਦੀ । ਜੋ ਜਨ ਰਸਨਾ ਗਾਏ, ਆਤਮ ਜਾਏ ਸਾਧੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਰਸਨਾ ਸਦਾ ਅਰਾਧੀ । ਰਸਨਾ ਜਪੇ ਜਪਾਵੇ ਪ੍ਰਭ ਨਾਉਂ । ਰਸਨਾ ਗਾਏ ਜਾਏ ਸਾਚੇ ਥਾਉਂ । ਸੋਹੰ ਸ਼ਬਦ ਚਲਾਵੇ ਪ੍ਰਭ ਸਤਿਜੁਗ ਸਾਚਾ ਨਾਉਂ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਬੇਮੁਖਾਂ ਨਾ ਦੀਸੇ ਥਾਉਂ । ਥਾਨ ਥਨੰਤਰ ਸਰਬ ਪ੍ਰਭ ਵਸੇ । ਆਪਣਾ ਭੇਵ ਜਨ ਭਗਤ ਪ੍ਰਭ ਸਾਚਾ ਦੱਸੇ । ਸਾਧ ਸੰਗਤ ਪ੍ਰਭ ਹਿਰਦੇ ਵਸੇ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਨਿਹਕਲੰਕ ਨਰ ਨਰਾਇਣ ਨਾਉਂ ਆਪਣਾ ਦੱਸੇ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਪ੍ਰਭ ਦੇਵੇ ਦਾਨ । ਰਸਨਾ ਜਪੇ ਜਪ ਜੀਵੇ, ਆਤਮ ਉਪਜੇ ਬ੍ਰਹਮ ਗਿਆਨ । ਆਤਮ ਜਾਏ ਸਤਿ ਕਰ ਮੰਨ, ਦੇਵੇ ਦਰਸ ਵਿਸ਼ਨੂੰ ਭਗਵਾਨ । ਜੋ ਜਨ ਸੁਣੇ ਲਾਏ ਕਰ ਕੰਨ, ਆਤਮ ਧਰ ਧਿਆਨ । ਸਾਚਾ ਨਾਮ ਪ੍ਰਭ ਦੇਵੇ ਨਾ ਲੱਗੇ ਸੰਨ੍ਹ, ਜਨ ਹੋਵੇ ਗੁਣੀ ਨਿਧਾਨ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਸੋਹੰ ਸ਼ਬਦ ਪਾਏ ਆਣ । ਸੋਹੰ ਸ਼ਬਦ ਜਗਤ ਬੰਧਾਇਆ । ਬੰਦੀ ਛੋੜ ਨਿਹਕਲੰਕ ਨਾ ਬੇਮੁਖਾਂ ਬੰਦ ਕਟਵਾਇਆ । ਕਲਜੁਗ ਗਏ ਬੇੜਾ ਰੋੜ੍ਹ, ਆਪਣਾ ਆਪ ਗਵਾਇਆ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਚਰਨ ਪ੍ਰੀਤੀ ਜੋੜ, ਸਾਚਾ ਬਿਰਦ ਰਖਾਇਆ । ਰੱਖੇ ਬਿਰਦ ਗੁਰਸਿਖ ਲਾਜ । ਸਾਚਾ ਪ੍ਰਭ ਸਤਿਜੁਗ ਦੇਵੇ ਸਿਦਕ ਸਾਚਾ ਤਾਜ । ਏਕਾ ਧੁਨ ਸੋਹੰ ਸ਼ਬਦ, ਕੰਨ ਪਾਈ ਵਾਜ । ਮਹਾਰਾਜ ਸ਼ੇਰ ਸਿੰਘ ਸ਼ਬਦ ਚਲਾਇਆ, ਜਨ ਭਗਤਾਂ ਸੁਣਾਇਆ, ਰੱਖੀ ਕਲਜੁਗ ਲਾਜ । ਲਾਜਵੰਤ ਲਾਜ ਰਖਾਏ । ਜਨ ਭਗਤਾਂ ਹੋਏ ਸਹਾਏ । ਊਚ ਨੀਚ ਨੀਚ ਊਚ ਪ੍ਰਭ ਚਰਨੀਂ ਸਭ ਲਗਾਏ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਭਾਗ ਘਨਕਪੁਰੀ ਲਗਾਏ । ਰੱਖੇ ਲਾਜ ਤ੍ਰੈਲੋਕੀ ਨੰਦਨ । ਜਨਮ ਮਰਨ ਦੇ ਤੋੜੇ ਫੰਦਨ । ਜਗਾਏ ਜੋਤ ਪ੍ਰਭ ਮਨੋਹਰ ਮੁਕੰਦਨ । ਗੁਰਸਿਖ ਉਪਜਾਏ ਪਰਭਾਸ ਜਿਉਂ ਚੰਦਨ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਤ੍ਰੈਲੋਕੀ ਨੰਦਨ । ਤ੍ਰੈਲੋਕੀ ਨਾਥ ਅਨਾਥ ਅਨਾਥੇ । ਜਨ ਭਗਤਾਂ ਹੋਏ ਪ੍ਰਭ ਸਦਾ ਹੈ ਸਾਥੇ । ਕਰ ਦਰਸ ਦੁਖ ਸਗਲੇ ਲਾਥੇ । ਚਰਨ ਧੂੜ ਪ੍ਰਭ ਗੁਰਸਿਖ ਲਾਈ ਮਾਥੇ । ਗੁਰਸਿਖ ਤੇਰੀ ਲਾਜ, ਕਲਜੁਗ ਪ੍ਰਭ ਹਾਥੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਸਦਾ ਤੇਰੇ ਸੰਗ ਸਾਥੇ । ਸਾਚਾ ਪ੍ਰਭ ਸਤਿ ਸੰਗ ਸੁਹੇਲਾ । ਕਲਜੁਗ ਜਾਮਾ ਧਾਰ, ਜੋਤ ਸਰੂਪੀ ਕੀਆ ਮੇਲਾ । ਬੇਮੁਖਾਂ ਵਕ਼ਤ ਵਿਹਾਇਆ, ਹਥ ਨਾ ਆਵੇ ਵੇਲਾ । ਮਹਾਰਾਜ ਸ਼ੇਰ ਸਿੰਘ ਦੀਪਕ ਜੋਤ ਜਗਾਇਆ, ਅਚਰਜ ਖੇਲ ਕਲ ਵਿਚ ਖੇਲਾ । ਦੀਪਕ ਜੋਤ ਜਗਤ ਪਰਕਾਸ਼ੇ । ਨਿਹਕਲੰਕ ਜੋਤ ਸਰੂਪ ਕਰੇ ਜਗਤ ਵਾਸੇ । ਬੇਮੁਖ ਦਰ ਤੇ ਜਾਇਣ ਨਾਸੇ ਰਸਨਾ ਲਾਏ ਜੋ ਜਨ ਮਦਿ ਮਾਸੇ । ਸਾਧ ਸੰਗਤ ਪ੍ਰਭ ਦੇਵੇ ਆਤਮ ਧਰਵਾਸੇ । ਸਾਚਾ ਸ਼ਬਦ ਸੋਹੰ, ਵਿਚ ਆਤਮ ਕਰੇ ਵਾਸੇ । ਜਾਏ ਤਰ ਜਨ ਜਗ ਦੋਇੰਗ, ਮਹਾਰਾਜ ਸ਼ੇਰ ਸਿੰਘ ਕਰੇ ਬੰਦ ਖਲਾਸੇ । ਬੰਦ ਖਲਾਸੀ ਪ੍ਰਭ ਜੀਵ ਕਰਾਏ । ਜੋ ਜਨ ਆਏ ਚਰਨ ਲਗ ਜਾਏ । ਚਰਨ ਲਾਗ

ਪ੍ਰਭ ਰਹੇ ਸ਼ਰਨਾਏ । ਹਉਮੇ ਮਮਤਾ ਵਿਚੋਂ ਗਵਾਏ । ਸਾਚੀ ਨਾਏ ਸ਼ਬਦ ਪ੍ਰਭ ਦੇ ਚੜ੍ਹਾਏ । ਸਚਖੰਡ ਦੀ ਬੂਝ ਬੁਝਾਏ । ਅੰਤ ਜੋਤੀ ਮੇਲ ਕਰ, ਪ੍ਰਭ ਜੋਤੀ ਜੋਤ ਮਿਲਾਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਚਾਰ ਵਰਨ ਤੇਰੀ ਸਰਨਾਏ । ਸਰਨ ਪ੍ਰਭ ਕੀ ਜਨ ਸਰਨਾਇਆ । ਆਏ ਸਰਨ ਪ੍ਰਭ ਬੇੜਾ ਪਾਰ ਕਰਾਇਆ । ਨਾ ਹੋਏ ਮਰਨ, ਪ੍ਰਭ ਜੋਤੀ ਜੋਤ ਮਿਲਾਇਆ । ਗੁਰ ਚਰਨ ਲਾਗ ਜੀਵ ਤਰਨ, ਪ੍ਰਭ ਸਾਚਾ ਰਾਹ ਦਿਖਾਇਆ । ਮਹਾਰਾਜ ਸ਼ੇਰ ਸਿੰਘ ਕਲ ਤੇਰੇ ਚਰਨ, ਜਨ ਭਗਤਾਂ ਪਾਰ ਕਰਾਇਆ । ਜਨ ਭਗਤ ਹੋਏ ਪ੍ਰਭ ਚਰਨ ਪੁਜਾਰੀ । ਸਾਚੀ ਸੇਵਾ ਸਾਚਾ ਦਰ, ਗੁਰਸਿਖ ਹੋਵੇ ਸਾਚਾ ਦਰਬਾਰੀ । ਸਾਚਾ ਦੇਵੇ ਪ੍ਰਭ ਵਰ, ਅੰਤ ਨਾ ਹੋਵੇ ਖੁਆਰੀ । ਪਰਗਟੇ ਨਿਹਕਲੰਕ ਅਵਤਾਰ ਨਰ, ਸ਼ਾਮਾ ਕ੍ਰਿਸ਼ਨ ਮੁਰਾਰੀ । ਸਤਿਜੁਗ ਸ਼ਾਂਤ ਸਤਿ ਵਰਤਾਏ । ਏਕਾ ਜੀਵ ਏਕਾ ਵਰਨ, ਏਕਾ ਜੋਤ ਜਗਾਏ । ਏਕਾ ਗਿਆਨ ਏਕ ਧਿਆਨ, ਏਕਾ ਸ਼ਬਦ ਸੁਣਾਏ । ਏਕਾ ਦਾਨ ਸੋਹੰ ਨਾਮ, ਪ੍ਰਭ ਸਾਚਾ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚੇ, ਸਤਿ ਸਤਿ ਸਤਿ ਵਰਤਾਏ । ਸਤਿ ਵਰਤੇ ਸਤਿਜੁਗ ਸਤਿ । ਸਾਧ ਸੰਗਤ ਤੇਰੀ ਸਤਿਗੁਰ ਸਾਚਾ ਰੱਖੇ ਪਤਿ । ਏਕਾ ਸ਼ਬਦ ਚਲਾਏ, ਚਾਰ ਵਰਨ ਏਕ ਚਲਾਏ ਤੱਤ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸਤਿ ਪੁਰਖਾਂ ਦੇਵੇ ਸਾਚੀ ਮਤਿ । ਸਤਿ ਪੁਰਖ ਸਤਿ ਸਰੂਪ । ਮਹੰਮਾ ਗਣੀ ਨਾ ਜਾਏ ਕਲਜੁਗ ਅਨੂਪ । ਕਰੀ ਜੋਤ ਪਰਕਾਸ਼ ਪ੍ਰਭ ਵਿਚ ਜੋਤ ਸਰੂਪੀ ਰੂਪ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟਿਆ ਵਡ ਭੂਪ । ਨਿਹਕਲੰਕ ਵਡ ਭੂਪਨ ਭੂਪਾ । ਜੋਤ ਜਗਾਏ ਪ੍ਰਭ ਸਤਿ ਸਰੂਪਾ । ਕੋਏ ਨਾ ਜਾਣੇ ਖੇਲ, ਪ੍ਰਭ ਖੇਲ ਅਨੂਪਾ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਜੋਤ ਸਰੂਪ, ਨਾ ਦੀਸੇ ਰੰਗ ਰੂਪਾ । ਰੰਗ ਰੂਪ ਪ੍ਰਭ ਨਜ਼ਰ ਨਾ ਆਇਆ । ਨਿਹਕਲੰਕ ਤੇਰੀ ਅਚਰਜ ਮਾਇਆ । ਜੋਤ ਸਰੂਪ ਪ੍ਰਭ ਵਿਚ ਸਿੱਖ ਸਦਾ ਸਮਾਇਆ । ਕਲਜੁਗ ਜਾਮਾ ਧਾਰ, ਆਪਣਾ ਭੇਵ ਰਖਾਇਆ । ਨਿਹਕਲੰਕ ਨਰ ਅਵਤਾਰ, ਕਲਜੁਗ ਸਰਬ ਭੁਲਾਇਆ । ਜੋਤੀ ਜੋਤ ਕਰੇ ਪਸਾਰ, ਨਾ ਦੀਸੇ ਨਾ ਦਿਸ ਆਇਆ । ਕਲਜੁਗ ਝੂਠਾ ਕੀਆ ਵਿਹਾਰ, ਬੇਮੁਖਾਂ ਮੁਖ ਛੁਪਾਇਆ । ਭਗਤ ਵਛਲ ਜਨ ਭਗਤਾਂ ਦੇਵੇ ਤਾਰ, ਮਹਾਰਾਜ ਸ਼ੇਰ ਸਿੰਘ ਤੇਰਾ ਸ਼ਬਦ ਸੁਹਾਇਆ । ਸ਼ਬਦ ਸੁਹਾਇਆ ਕਲਜੁਗ ਵੇਲਾ । ਸ਼ਬਦ ਗਵਾਇਆ ਬੇਮੁਖਾਂ ਕਰ ਝੂਠੀ ਖੇਲਾ । ਸ਼ਬਦ ਤਰਾਇਆ ਕਰ ਸਾਧ ਸੰਗਤ ਮੇਲਾ । ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ, ਅਚਰਜ ਖੇਲ ਜਗਤ ਵਿਚ ਖੇਲਾ । ਜਗਤ ਖੇਲ ਕਲਜੁਗ ਖਿਲਾਏ । ਆਪ ਮਿਟੇ ਸਭ ਜਗਤ ਮਿਟਾਏ । ਨਾ ਦੀਸੇ ਨਾ ਦਿਸ ਆਏ । ਕਲਜੁਗ ਤੇਰੀ ਰਹੀ ਨਾ ਥਾਂਏ । ਸਤਿਜੁਗ ਸਾਚਾ ਮਾਤ ਪ੍ਰਭ ਟਿਕਾਏ । ਧਰਮ ਵਰਨ ਪ੍ਰਭ ਏਕਾ ਜਗਤ ਚਲਾਏ । ਲਾਗ ਸਰਨ ਸਭ ਸੋਹੰ ਸ਼ਬਦ ਗਾਏ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨ, ਦੁਖ ਭੁਖ ਰਹੇ ਨਾ ਰਾਏ । ਦੁਖ ਭੁਖ ਪ੍ਰਭ ਕੀਨੀ ਦੂਰ । ਜੋਤ ਸਰੂਪ ਗੁਰ ਆਤਮ ਕੀਨੀ ਭਰਪੂਰ । ਨਿਹਕਲੰਕ ਕਲ ਆਇਆ ਬੇਮੁਖਾਂ ਕੀਆ ਚੂਰ । ਸੋਹੰ ਸ਼ਬਦ ਚਲਾਇਆ ਵਡ ਸੂਰਾ ਸੂਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਡੋਬੇ ਪੂਰ । ਕਲਜੁਗ ਡੁੱਬਿਆ ਪ੍ਰਭ ਡੁਬਾਇਆ । ਵੇਲਾ ਅੰਤ ਅੰਤਕਾਲ ਕਲਜੁਗ ਆਇਆ । ਝੂਠਾ ਪਸਰਿਆ ਪਸਾਰ, ਝੂਠੀ ਦੀਸੇ ਮਾਇਆ । ਨਿਹਕਲੰਕ ਕਲ ਜੋਤ ਆਕਾਰ, ਕਲਜੁਗ ਆਣ ਖਪਾਇਆ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਪਿਆਰ, ਗੁਰਸਿਖਾਂ ਮਨ ਭਾਇਆ । ਗੁਰਸਿਖ ਪ੍ਰਭ ਦਰਸ ਪਿਆਰਾ । ਏਕਾ ਸ਼ਬਦ ਕਰੇ ਅਧਾਰਾ । ਆਪਣੇ ਰੰਗ ਰਵੇ ਕਰਤਾਰਾ । ਪ੍ਰਭ ਪਰਮੇਸ਼ਵਰ ਸਰਬ ਸਹਾਰਾ ।

ਜੀਵ ਜੰਤ ਦਵਾਏ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਤੇਰਾ ਨਾਮ ਅਧਾਰਾ । ਨਾਮ ਅਧਾਰ ਤੇਰਾ ਆਤਮ ਜੀਵ । ਸਾਚਾ ਅੰਮ੍ਰਿਤ ਰਸ ਗੁਰਚਰਨ ਪੀਵ । ਸੋਹੰ ਸ਼ਬਦ ਜਗਾਏ ਤੇਰੀ ਗੁਰਸਿਖ ਆਤਮ ਦੀਵ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਦੇਵੇ ਨਾਮ ਭੰਡਾਰਾ, ਗੁਰਚਰਨ ਲਾਗ ਜੀਵ ਜਗ ਜੀਵ । ਜੀਵੇ ਜਗ ਜੀਵ ਉਜਿਆਰਾ । ਸਾਚਾ ਪ੍ਰਭ ਵਿਚ ਕਰੇ ਜੋਤ ਆਕਾਰਾ । ਜੋਤ ਪਰਕਾਸ਼ ਦੇਵੇ ਨਾਮ ਭੰਡਾਰਾ । ਮਹਾਰਾਜ ਸ਼ੇਰ ਸਿੰਘ ਸਤਿਜੁਗ ਵਰਤੇ, ਤੇਰਾ ਸਾਚਾ ਨਾਮ ਸੰਸਾਰਾ । ਸਾਚਾ ਨਾਮ ਚਲੇ ਸੰਸਾਰ । ਅੰਤ ਦਵਾਏ ਜੀਵ ਜੰਤਾਂ ਮੋਖ ਦਵਾਰ । ਸਾਚਾ ਸ਼ਬਦ ਪ੍ਰਭ ਲਿਖਾਏ ਲਿਖਤ ਅਪਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਤੇਰਾ ਦਰਬਾਰ ।

❊ ੧੪ ਸਾਵਣ ੨੦੦੮ ਬਿਕ੍ਰਮੀ ਮੇਰਠ ਵਿਹਾਰ ਹੋਇਆ ❊

ਆਵਣ ਜਾਵਣ ਪ੍ਰਭ ਜਗਤ ਵਿਹਾਰਾ । ਜੁਗੋ ਜੁਗ ਮਾਤਲੋਕ ਲਏ ਅਵਤਾਰਾ । ਸਤਿ ਵਰਤੇ ਸਤਿ ਸਤਿ ਸਤਿ ਮਿਹਰਵਾਨ ਭਤਾਰਾ । ਤ੍ਰੇਤਾ ਭਇਆ ਰਾਮ ਚੰਦ, ਰਾਮ ਨਾਮ ਦੇਵੇ ਜਗਤ ਸਹਾਰਾ । ਦੁਆਪਰ ਕ੍ਰਿਸ਼ਨ ਮੁਰਾਰ, ਗੀਤਾ ਗਿਆਨ ਰਸਨ ਉਚਾਰਾ । ਕਲਜੁਗ ਜਾਮਾ ਧਾਰ, ਪਰਗਟੇ ਨਿਹਕਲੰਕ ਅਵਤਾਰਾ । ਕਰੇ ਜਗਤ ਉਧਾਰ, ਸੋਹੰ ਸ਼ਬਦ ਪ੍ਰਭ ਰਸਨ ਉਚਾਰਾ । ਜਨ ਭਗਤਾਂ ਕਰੇ ਪਾਰ, ਸਾਚਾ ਨਾਮ ਸੋਹੰ ਦੇ ਅਧਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭਗਤ ਵਛਲ ਭਤਾਰਾ । ਭਗਤ ਵਛਲ ਜਗਨ ਨਾਥ । ਭਗਤ ਜਨਾਂ ਪ੍ਰਭ ਸਦ ਹੈ ਸਾਥ । ਹੋਏ ਸਹਾਈ ਸਿਰ ਰੱਖੇ ਹਾਥ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਸਾਚੀ ਚਲਾਏ ਗਾਥ । ਸਾਚੀ ਸਤਿਜੁਗ ਨਿਹਕਲੰਕ ਬਾਣੀ । ਕੋਈ ਜਾਣੇ ਵਿਰਲਾ ਗੁਰਮੁਖ, ਪ੍ਰਭ ਸਾਚੇ ਰਸਨ ਵਖਾਣੀ । ਆਤਮ ਦੇਵੇ ਸਰਬ ਸੁਖ, ਹਰਿ ਹਿਰਦੇ ਜੀਵ ਵਸਾਣੀ । ਉਤਰ ਜਾਏ ਸਭ ਆਤਮ ਭੁਖ, ਪਾਏ ਪਦ ਨਿਰਬਾਣੀ । ਵਾਸ ਨਾ ਹੋਵੇ ਮਾਤ ਕੁੱਖ, ਪ੍ਰਭ ਜੋਤੀ ਜੋਤ ਮਿਲਾਣੀ । ਮਹਾਰਾਜ ਸ਼ੇਰ ਸਿੰਘ ਕਲ ਭਗਤ ਤੇਰੇ ਵੇਖ ਚੋਜ ਵਡਾਣੀ । ਵੇਖੇ ਸੋ ਜੋ ਆਪ ਵਰਤਾਏ । ਨਿਹਕਲੰਕ ਭਾਣਾ ਕਲਜੁਗ ਸਤਿ ਵਰਤਾਏ । ਚਾਰ ਕੁੰਟ ਜੀਵ ਜੰਤ ਟੁੰਬ ਉਠਾਏ । ਸ਼ਬਦ ਮਾਰ ਕਲ ਖੁਆਰ ਹਾਹਾਕਾਰ ਕਰਾਏ । ਭਗਤ ਜਨਾਂ ਹਰਿ ਦੇਵੇ ਚਰਨ ਪਿਆਰ, ਜੈ ਜੈ ਜੈਕਾਰ ਕਰਾਏ । ਆਤਮ ਪਾਇਣ ਪ੍ਰਭ ਕੀ ਸਾਰ, ਸੋਹੰ ਸ਼ਬਦ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚੀ ਚਲੇ ਤੇਰੀ ਨਾਏ । ਸਾਚੀ ਨਾਏ ਸਤਿਜੁਗ ਚਾਲੇ । ਪ੍ਰਭ ਕਾ ਭਗਤ ਨਾ ਦੁਖ ਕੋਈ ਘਾਲੇ । ਸੋਹੰ ਸ਼ਬਦ ਆਤਮ ਪਾਏ ਮਾਲੇ । ਮਹਾਰਾਜ ਸ਼ੇਰ ਸਿੰਘ ਸਦਾ ਰਹੇ ਸੰਗ ਨਾਲੇ । ਸਦਾ ਸੰਗ ਪ੍ਰਭ ਸਦਾ ਸਹਾਈ । ਚਰਨ ਪ੍ਰੀਤ ਜਿਸ ਜਨ ਕਮਾਈ । ਭੈ ਭਿਆਨਕ ਪ੍ਰਭ ਹੋਏ ਸਹਾਈ । ਪਰਗਟ ਜੋਤ ਜੁਗੋ ਜੁਗ, ਜਨ ਭਗਤਾਂ ਪੈਜ ਰਖਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਤੇਰੀ ਕੀਮਤ ਕਹੀ ਨਾ ਜਾਈ । ਜੁਗੋ ਜੁਗ ਲੈ ਅਵਤਾਰਾ । ਭਗਤ ਜਨਾਂ ਪ੍ਰਭ ਪਾਰ ਉਤਾਰਾ । ਬਾਲ ਅਵਸਥਾ ਧ੍ਰੂ ਰਸਨ ਉਚਾਰਾ । ਕਰ ਕਿਰਪਾ ਗਿਰਧਾਰ, ਸਤਿਜੁਗ ਦੀਆ ਸਹਾਰਾ । ਚਰਨ ਨਿਵਾਸ ਚਰਨ ਪ੍ਰੀਤੀ, ਸਚਖੰਡ ਦੀਆ ਦਵਾਰਾ । ਚਾਰ ਜੁਗ ਕਰ ਦਰਸ ਪ੍ਰਭ ਸਦਾ ਰਹੇ ਉਜਿਆਰਾ । ਅਡੋਲ ਅਡੁਲ ਨਾ ਛੱਡਿਆ ਦਰ ਦਰਬਾਰਾ । ਕਲਜੁਗ ਪਰਗਟ ਨਿਹਕਲੰਕ, ਜੁਗ ਚੌਥੇ ਪਾਰ ਉਤਾਰਾ । ਜੋਤ ਮਿਲਾਈ ਵਿਚ ਜੋਤ, ਛੱਡਿਆ ਬ੍ਰਹਿਮੰਡ ਦਵਾਰਾ । ਮਹਾਰਾਜ ਸ਼ੇਰ ਸਿੰਘ ਕਲਜੁਗ

ਪਰਗਟ, ਸਵਰਨ ਦਵਾਏ ਸਚਖੰਡ ਦਵਾਰਾ । ਜੁਗੋ ਜੁਗ ਜਗਤ ਪ੍ਰਭ ਆਏ । ਸਤਿਜੁਗ ਲੈ ਅਵਤਾਰ, ਜੋਤ ਸਰੂਪ ਪ੍ਰਹਿਲਾਦ ਤਰਾਏ । ਹੰਕਾਰੀਆਂ ਹੰਕਾਰ ਨਿਵਾਰ, ਜਨ ਭਗਤਾਂ ਜੋਤ ਜਗਾਏ । ਦੁਸ਼ਟਾਂ ਕਰ ਖੁਆਰ, ਆਪਣਾ ਬਿਰਦ ਰਖਾਏ । ਜੋਤ ਸਰੂਪੀ ਜੋਤ ਪ੍ਰਭ, ਨਰ ਸਿੰਘ ਨਾਮ ਧਰਾਏ । ਬਾਂਹੋਂ ਪਕੜ ਪਛਾੜਿਆ, ਹੰਕਾਰ ਨਿਵਾਰਨ ਪ੍ਰਭ ਹੰਕਾਰ ਗਵਾਏ । ਸਾਚਾ ਤਖ਼ਤ ਸਾਚੇ ਭਗਤ ਪ੍ਰਭ ਮਾਥੇ ਤਿਲਕ ਲਗਾਏ । ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ, ਪਰਗਟ ਜੁਗੋ ਜੁਗ ਜਗਤ ਨਾਮ ਧਰਾਏ । ਜਗਤ ਆਏ ਜਗਤ ਗਿਰਧਾਰੀ । ਬਾਵਨ ਰੂਪ ਧਾਰ ਖੜ੍ਹਾ ਬਲ ਦਵਾਰੀ । ਚਾਰ ਵੇਦ ਖੁਲ੍ਹਾਏ, ਭੇਦ ਕੋਏ ਨਾ ਜਾਣੇ ਪ੍ਰਭ ਗਿਰਧਾਰੀ । ਪਰਗਟ ਜੁਗੋ ਜੁਗ ਪ੍ਰਭ, ਸਾਚੇ ਭਗਤਾਂ ਪੈਜ ਸਵਾਰੀ । ਰੱਖੇ ਲਾਜ ਭਗਤ ਅੰਬਰੀਕ । ਕੋਈ ਨਾ ਦੀਸੇ ਸਾਨੀ ਪ੍ਰਭ ਸਰੀਕ । ਦੁਰਬਾਸ਼ੇ ਹੰਕਾਰ ਨਿਵਾਰਿਆ, ਰੱਖੇ ਲਾਜ ਭਗਤ ਅੰਬਰੀਕ । ਜੁਗੋ ਜੁਗ ਪ੍ਰਭ ਲੈ ਅਵਤਾਰ, ਜਗਤ ਚਲਾਏ ਸਾਚੀ ਰੀਤ । ਜਨ ਭਗਤ ਭਗਤ ਜਨ । ਸਾਚਾ ਦੇਵੇ ਪ੍ਰਭ ਨਾਮ ਧਨ । ਆਤਮ ਬ੍ਰਹਮ ਗਿਆਨ ਸੀਤਲ ਕਰੇ ਮਨ ਤਨ । ਜੁਗੋ ਜੁਗ ਲੈ ਅਵਤਾਰ ਪ੍ਰਭ ਸਾਚਾ ਸ਼ਬਦ ਜਨ ਭਗਤ ਸੁਣਾਵੇ ਕੰਨ । ਸਾਚਾ ਸ਼ਬਦ ਪ੍ਰਭ ਭਗਤਨ ਰਾਗ । ਏਕਾ ਪ੍ਰਭ ਏਕਾ ਜੋਤ ਲਗਾਏ ਜਾਗ । ਪਾਤਾਲ ਨਿਵਾਸੀ ਉਪਰ ਰੱਖੇ ਸੇਜ ਬਾਸ਼ਕ ਨਾਗ । ਕਲ ਜਾਮਾ ਧਾਰ ਨਿਹਕਲੰਕ, ਜਗਤ ਲਗਾਏ ਆਗ । ਖੰਡ ਬ੍ਰਹਿਮੰਡ ਪ੍ਰਭ ਜੋਤ ਜਗਾਈ, ਸ੍ਰਿਸ਼ਟ ਭਵਾਈ ਵਾਗ । ਮਹਾਰਾਜ ਸ਼ੇਰ ਸਿੰਘ ਜੁਗੋ ਜੁਗ ਜਗਤ ਲਏ ਅਵਤਾਰ, ਜਨ ਭਗਤਾਂ ਰੱਖੇ ਲਾਜ । ਤ੍ਰੇਤਾ ਤ੍ਰਿਪਤ ਕਰ, ਜਨਕ ਪਾਰ ਉਤਾਰਿਆ । ਸਚ ਸੁੱਚ ਵਰਤਾ, ਆਤਮ ਜੋਤ ਕਰੇ ਆਕਾਰਿਆ । ਸਾਚਾ ਪ੍ਰਭ ਵਿਚ ਗਿਆ ਸਮਾ, ਜੋਤ ਨਿਰੰਜਣ ਵਿਚ ਦੇਹ ਚਮਤਕਾਰਿਆ । ਜੁਗੋ ਜੁਗ ਜਨ ਭਗਤਾਂ, ਨਰ ਨਰਾਇਣ ਕਾਜ ਸਵਾਰਿਆ । ਕਲਜੁਗ ਜਾਮਾ ਧਾਰ, ਪਰਗਟੇ ਨਿਹਕਲੰਕ ਅਵਤਾਰਿਆ । ਜੋਤ ਸਰੂਪੀ ਖੇਲ ਕਰ, ਕਲਜੁਗ ਜੀਵ ਆਣ ਸੰਘਾਰਿਆ । ਮਹਾਰਾਜ ਸ਼ੇਰ ਸਿੰਘ ਸਤਿ ਪੁਰਖ ਨਿਰੰਜਣ, ਭਗਤਾਂ ਦਸਾਵੇ ਸਚ ਦਵਾਰਿਆ । ਸਾਚਾ ਦਰ ਦਰਬਾਰ ਸਚਾ ਘਰ ਦੀਸੇ । ਭਗਤ ਜਨਾਂ ਜੁਗੋ ਜੁਗ, ਪ੍ਰਭ ਮਾਤ ਛਤਰ ਝੁਲਾਵੇ ਸੀਸੇ । ਬੇਮੁਖ ਮੁਗਧ ਗਵਾਰ, ਨਾ ਜਨ ਭਗਤਾਂ ਕਰਨ ਰੀਸੇ । ਸਾਚੀ ਲਿਖਤ ਪ੍ਰਭ ਕਰਾਏ ਅਪਾਰ, ਗੁਰਸਿਖ ਸਾਚਾ ਨਾਮ ਚਾਰ ਵਰਨ ਜਗ ਦੀਸੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਜਗਤ ਖਪਾਏ ਕਰ ਬੀਸ ਇਕੀਸੇ । ਹਰੀ ਚੰਦ ਹਰਿ ਮਿਲਿਆ ਦਵਾਰ । ਪਰਗਟ ਜੋਤ ਸਰੂਪ ਮਿਲੇ ਪ੍ਰਭ ਜਗਤ ਤਾਰ । ਊਚ ਨੀਚ ਨੀਚ ਊਚ ਹਉਮੇ ਦਿਤੀ ਮਾਰ । ਏਕਾ ਸਾਚਾ ਸ਼ਬਦ ਪ੍ਰਭ ਆਤਮ ਦੇਵੇ ਅਧਾਰ । ਆਤਮ ਉਤਮ ਬ੍ਰਹਮ ਦੇ, ਬ੍ਰਹਮ ਸਰੂਪ ਹੋਏ ਵਿਚਾਰ । ਏਕਾ ਜੋਤ ਪ੍ਰਭ ਅਗੰਮ ਦੇ, ਅੰਮ੍ਰਿਤ ਵਰਖੇ ਕਿਰਪਾ ਧਾਰ । ਜੁਗੋ ਜੁਗ ਪ੍ਰਭ ਤੇਰੀ ਖੇਲਾ, ਵਿਰਲਾ ਜਾਣੇ ਸਾਰ । ਤਾਰੇ ਬਿਦਰ ਭਗਤ ਭਗਵਾਨਾ । ਬਿਪਰ ਸੁਦਾਮੇ ਦੀਆ ਮਾਣ, ਦੁਆਪਰ ਪਰਗਟ ਕ੍ਰਿਸ਼ਨ ਭਗਵਾਨ । ਰੱਖੀ ਲਾਜ ਸੁਤ ਦੁਰੋਪਤ ਆਪ ਵਿਸ਼ਨੂੰ ਭਗਵਾਨ । ਜੁਗੋ ਜੁਗ ਤਾਰੇ ਭਗਤ ਪ੍ਰਭ, ਸਾਚੀ ਤੇਰੀ ਆਣ । ਨਾਮ ਦੇਵ ਤਾਰਿਆ, ਕਰ ਜੋਤ ਸਰੂਪੀ ਭੇਖ । ਜੋਤ ਸਰੂਪ ਪਰਗਟ, ਪ੍ਰਭ ਲਿਖਾਏ ਮਸਤਕ ਲੇਖ । ਅੱਖਰ ਇਕ ਨਾ ਆਵੜੇ, ਪ੍ਰਭ ਸਾਚਾ ਲਿਆ ਵੇਖ । ਜਨ ਭਗਤਾਂ ਜੋਤ ਪਰਕਾਸ਼ ਕਰ, ਪ੍ਰਭ ਸਤਿ ਕਰਾਏ ਲੇਖ । ਜੁਗੋ ਜੁਗ ਲਏ ਅਵਤਾਰ, ਪ੍ਰਭ ਮਾਤ ਆਵੇ ਕਰ ਭੇਖ । ਕਰੇ ਭੇਖ ਭਗਤ ਭਿਖਾਰੀ । ਤਾਰੇ ਜਨ ਭਗਤਾਂ ਪ੍ਰਭ ਆਏ ਦਵਾਰੀ । ਕਲਜੁਗ ਜਾਮਾ ਧਾਰੇ, ਨਿਹਕਲੰਕ ਨਰ ਅਵਤਾਰੀ । ਅੰਮ੍ਰਿਤ ਧਾਰ ਅੰਮ੍ਰਿਤ ਬਰਸ, ਭਗਤਾਂ

ਕਰੇ ਆਤਮ ਉਜਿਆਰੀ । ਜੋਤ ਸਰੂਪੀ ਦੇਵੇ ਦਰਸ, ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਨਰ ਅਵਤਾਰੀ । ਤਾਰਨਹਾਰ ਤਾਰ ਪ੍ਰਭ, ਜਨ ਭਗਤ ਮੰਗਣ ਭਿਖ । ਜੋ ਜਨ ਆਏ ਦਰਬਾਰ ਪ੍ਰਭ, ਸਾਚੇ ਲੇਖ ਜਾਏ ਪ੍ਰਭ ਲਿਖ । ਅੰਮ੍ਰਿਤ ਦੇਵੇ ਨਾਮ ਭੰਡਾਰ ਪ੍ਰਭ, ਆਤਮ ਉਤਰੇ ਵਿਖ । ਸੋਹੰ ਸ਼ਬਦ ਦੇਵੇ ਅਧਾਰ ਪ੍ਰਭ, ਕਲਜੁਗ ਕਰੇ ਸਿੱਖ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ ਨਿਹਕਲੰਕ, ਜਨ ਭਗਤਾਂ ਆਵੇ ਦਿਖ । ਵੇਖੇ ਦਰ ਪ੍ਰਭ ਦਰਬਾਰਾ । ਊਚੋ ਊਚ ਅਗੰਮ ਅਪਾਰਾ । ਸਚਖੰਡ ਵਾਸੀ ਥਿਰ ਘਰ ਕਰੇ ਜੋਤ ਆਕਾਰਾ । ਮਹਾਰਾਜ ਸ਼ੇਰ ਸਿੰਘ ਕਲਜੁਗ ਲਿਆ ਨਿਹਕਲੰਕ ਅਵਤਾਰਾ । ਜਾਮਾ ਧਾਰ ਨਿਹਕਲੰਕ, ਝੂਠੀ ਦੇਹ ਮਿਟਾਈ । ਕਲਜੁਗ ਲੈ ਅਵਤਾਰ, ਕਲਜੁਗ ਔਧ ਮੁਕਾਈ । ਏਕਾ ਸ਼ਬਦ ਵਜਾਇਆ ਡੰਕ, ਚਾਰ ਕੁੰਟ ਪਾਈ ਦੁਹਾਈ । ਸਾਚਾ ਸ਼ਬਦ ਵਸਾਇਆ ਵਿਚ ਰਾਓ ਰੰਕ ਭੇਵ ਨਾ ਰੱਖਿਆ ਰਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਚਾਰ ਕੂਟ ਤੇਰੇ ਨਾਮ ਦੁਹਾਈ । ਚਾਰ ਕੁੰਟ ਪ੍ਰਭ ਜੋਤ ਆਕਾਰ । ਝੂਠੀ ਦੁਨੀਆ ਕਲਜੁਗ ਅੰਤਕਾਲ ਹੋਈ ਖੁਆਰ । ਜਾਮਾ ਧਾਰ ਨਿਹਕਲੰਕ, ਸ਼ਬਦ ਵਗਾਏ ਮਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਕਰੇ ਆਕਾਰ । ਜੋਤ ਆਕਾਰ ਹੋਏ ਤ੍ਰੈਭਵਣ । ਹਾਹਾਕਾਰ ਸਰਬ ਗਵਨ । ਕਲਜੁਗ ਜੀਵ ਬੇਮੁਖ ਹੋਏ ਭਵਣ । ਗੁਰਮੁਖ ਸਾਚੇ ਗੁਰਚਰਨ ਧੂੜ ਸਦ ਲਵਣ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਤੇਰੇ ਗੁਣ ਜਾਣੇ ਕਵਣ । ਪ੍ਰਭ ਗੁਣ ਜਾਣੇ, ਜਿਸ ਆਪ ਜਣਾਏ । ਭਗਤ ਜਨਾਂ ਪ੍ਰਭ ਸੋਝੀ ਪਾਏ । ਸਾਚਾ ਸ਼ਬਦ ਵਿਚ ਦੇਹ ਵਸਾਏ । ਵਸੇ ਸ਼ਬਦ ਹੋਏ ਉਜਿਆਰ, ਜੋਤ ਜਗਾਏ ਨਿਰੰਜਣ ਰਾਏ । ਜਗੇ ਜੋਤ ਹੋਏ ਪਰਕਾਸ਼, ਅਨਹਦ ਧੁਨ ਪ੍ਰਭ ਸ਼ਬਦ ਸੁਣਾਏ । ਉਪਜੇ ਸ਼ਬਦ ਖੁੱਲ੍ਹੇ ਸੁਨ, ਨਾਥ ਤ੍ਰੈਲੋਕੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਕਲੰਕਨਿਹ, ਜੋਤ ਸਰੂਪੀ ਦਰਸ ਦਿਖਾਏ । ਦੇ ਦਰਸ ਪ੍ਰਭ ਦਰਦ ਮਿਟਾਇਆ । ਦਰ ਦਰਵਾਜ਼ਾ ਪ੍ਰਭ ਦਸਮ ਖੁਲ੍ਹਾਇਆ । ਜੋਤ ਸਰੂਪ ਵਿਚ ਨਜ਼ਰੀ ਆਇਆ । ਸਾਧ ਸੰਗਤ ਕਲ ਮਿਲੇ ਵਡਿਆਈ, ਪ੍ਰਭ ਅਬਿਨਾਸ਼ੀ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਸੋਹੰ ਸ਼ਬਦ ਜਿਸ ਰਸਨਾ ਗਾਇਆ । ਸੋਹੰ ਸ਼ਬਦ ਜਨ ਰਸਨਾ ਗਾਏ । ਸਾਚੀ ਦਰਗਹਿ ਪ੍ਰਭ ਦੇ ਬਿਠਾਏ । ਵਡ ਵਡਿਆਈ ਵਿਚ ਕਲਜੁਗ ਪਾਏ । ਮਹਾਰਾਜ ਸ਼ੇਰ ਸਿੰਘ ਹੋਏ ਸਹਾਏ । ਸਾਧ ਸੰਗਤ ਤੇਰੀ ਅਰਦਾਸ । ਮਾਨਸ ਜਨਮ ਕਲ ਹੋਇਆ ਰਾਸ । ਚਰਨ ਕਵਲ ਪ੍ਰਭ ਦੇ ਨਿਵਾਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਸਹਾਈ ਸਦਾ ਰਹੇ ਪਾਸ । ਸਦਾ ਸੁਹੇਲਾ ਸਭ ਸੁਖ ਦਾਤਾ । ਸੋਹੰ ਸ਼ਬਦ ਗਿਆਨ ਦੇਵੇ ਬ੍ਰਹਮ ਗਿਆਤਾ । ਆਤਮ ਮੇਲ ਮਿਲਾਏ, ਜੋਤ ਸਰੂਪੀ ਕੀਆ ਨਾਤਾ । ਏਕ ਸ਼ਬਦ ਸੁਣਾਏ, ਦਾਨ ਦੇਵੇ ਜਗ ਦਾਤਾ । ਸਾਚਾ ਸ਼ਬਦ ਪ੍ਰਭ ਝੋਲੀ ਪਾਏ, ਆਪ ਪ੍ਰਭ ਜਗਤ ਪਿਤ ਮਾਤਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਰੰਗ ਸ਼ਬਦ ਰੰਗ ਰਾਤਾ । ਆਪਣੇ ਰੰਗ ਰਵੇ ਏਕੰਕਾਰ । ਜੋਤ ਸਰੂਪੀ ਕਰੇ ਜਗਤ ਆਕਾਰ । ਆਪ ਅਡੋਲ ਬੈਠ ਰਿਹਾ ਨਿਰਾਧਾਰ । ਜਗਤ ਮਾਰੇ ਪ੍ਰਭ ਸ਼ਬਦੀ ਮਾਰ । ਹੋਏ ਖੁਆਰ ਕਲਜੁਗ ਜੀਵ, ਰਸਨਾ ਕਰੇ ਮਦਿ ਮਾਸ ਆਹਾਰ । ਜਨ ਭਗਤ ਸੋਹਣ ਪ੍ਰਭ ਚਰਨ ਦਵਾਰ । ਰਸਨਾ ਸੋਹੰ ਜੈ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਕਲਜੁਗ ਜਾਏ ਨਿਵਾਰ । ਨਿਵਾਰ ਨਿਵਾਰ ਨਿਵਾਰ ਪ੍ਰਭ ਕਲਜੁਗ ਨਿਵਾਰਿਆ । ਮਾਰ ਮਾਰ ਮਾਰ ਬੇਮੁਖ ਖੁਆਰ ਕਰ ਮਾਰਿਆ । ਤਾਰ ਤਾਰ ਤਾਰ, ਪ੍ਰਭ ਭਗਤ ਜਨ ਸੋਹੰ ਸ਼ਬਦ ਦੇ ਤਾਰਿਆ । ਵਾਰ ਵਾਰ ਵਾਰ ਕਲਜੁਗ ਜੀਵ ਜਾਓ ਵਾਰ, ਨਿਹਕਲੰਕ ਤੇਰੇ ਚਰਨ ਨਿਮਸਕਾਰਿਆ ।

ਹਾਰ ਹਾਰ ਹਾਰ ਕਲ ਆਈ, ਬੇਮੁਖ ਜੀਵ ਮਾਨਸ ਜਨਮ ਕਲਜੁਗ ਹਾਰਿਆ । ਮਾਰ ਮਾਰ ਮਾਰ ਭਗਤ ਜਨ ਆਤਮ ਤ੍ਰਿਖਾ ਮਿਟੀ, ਮਿਲਿਆ ਪ੍ਰਭ ਸਚਖੰਡ ਦਵਾਰਿਆ । ਪੀਵ ਪੀਵ ਪੀਵ ਅੰਮ੍ਰਿਤ ਨਾਮ ਪ੍ਰਭ ਵਰਖੇ ਪੀਵ ਝੂਠੀ ਦੇਹ ਆਤਮ ਕਰੇ ਉਜਿਆਰਿਆ । ਸਾਧ ਸੰਗਤ ਕਲਜੁਗ ਪਰਗਟ, ਨਿਹਕਲੰਕ ਬੇੜਾ ਪਾਰ ਉਤਾਰਿਆ । ਗੁਰਸਿਖ ਮਾਣ ਸਚੀ ਦਰਗਹਿ । ਸਾਚ ਕਰਮ ਪ੍ਰਭ ਚਰਨ ਲਗ ਜਾਹ । ਸੋਹੰ ਸ਼ਬਦ ਲੈ ਗਿਆਨ, ਦੀਸੇ ਸਾਚਾ ਰਾਹ । ਆਤਮ ਧਰੇ ਧਿਆਨ, ਪ੍ਰਭ ਬਖ਼ਸ਼ੇ ਸਰਬ ਗੁਨਾਹ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਦੂਸਰ ਕੋਈ ਨਾ । ਏਕਾ ਜੋਤ ਜਗਤ ਵਰਤੰਤ । ਸਾਚੀ ਜੋਤ ਧਰੇ ਪ੍ਰਭ ਵਿਚ ਸਾਧ ਸੰਤ । ਊਜਲ ਕਲਜੁਗ ਹੋਏ, ਜਿਨ ਮਿਲਿਆ ਪ੍ਰਭ ਸਾਚਾ ਕੰਤ । ਏਕਾ ਜੋਤ ਮਿਲਾਏ, ਮਿਲੇ ਭਗਤ ਭਗਵੰਤ । ਮਿਲਾਈ ਜੋਤ ਏਕ ਪ੍ਰਭ ਏਕਾ । ਜੁਗੋ ਜੁਗ ਲਏ ਅਵਤਾਰ, ਵਰਤਾਏ ਸਾਂਗ ਅਨੇਕਾ । ਕਲਜੁਗ ਜਾਮਾ ਧਾਰ ਨਿਹਕਲੰਕ, ਜਨ ਭਗਤਾਂ ਸੋਹੰ ਦੇਵੇ ਟੇਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਧਰੇ ਜੁਗੋ ਜੁਗ ਏਕਾ । ਏਕਾ ਜੋਤ ਧਰੇ ਪ੍ਰਭ ਅਬਿਨਾਸ਼ੀ । ਜੁਗੋ ਜੁਗ ਲਏ ਅਵਤਾਰ ਸਰਬ ਘਟ ਵਾਸੀ । ਝੂਠੀ ਦੁਨੀਆ ਜੁਗੋ ਜੁਗ ਅੰਤ ਜੁਗ ਵਿਨਾਸੀ । ਕਲਜੁਗ ਅੰਤ ਕੋਈ ਨਾ ਦੀਸੇ, ਜੋ ਜਨ ਮਦਿਰਾ ਮਾਸੀ । ਨਿਹਕਲੰਕ ਲਏ ਅਵਤਾਰ, ਬੇਮੁਖਾਂ ਕਰੇ ਨਾਸੀ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਦੇਵੇ ਅੰਮ੍ਰਿਤ ਭੰਡਾਰ, ਪਰਗਟ ਨਿਹਕਲੰਕ ਘਨਕਪੁਰ ਵਾਸੀ । ਘਨਕਪੁਰ ਸਤਿ ਪ੍ਰਭ ਕਲ ਦਰ । ਜਨ ਭਗਤਾਂ ਦੀਸੇ ਸਾਚਾ ਥਿਰ ਘਰ । ਥਿਰ ਘਰ ਕਲਜੁਗ ਜੋਤ ਪਰਗਟਾਏ, ਨਿਹਕਲੰਕ ਅਵਤਾਰ ਨਰ । ਜਾਮਾ ਧਾਰ ਉਪਾਇਆ, ਸਤਿਜੁਗ ਦੇ ਕੇ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਭਾਣਾ ਕਲ ਵਰਤਾਇਆ, ਖੁਆਰ ਹੋਏ ਸਭ ਨਾਰੀ ਨਰ । ਘਰ ਘਰ ਕਲ ਪਏ ਖੁਆਰੀ । ਅਗਨ ਜੋਤ ਜੋਤ ਅਗਨ ਪ੍ਰਭ ਲਾਏ ਚਿੰਗਾਰੀ । ਰਾਜੇ ਰਾਣੇ ਦਰ ਦਰ ਫਿਰਨ ਭਿਖਾਰੀ । ਸ਼ਬਦ ਮਾਰ ਪ੍ਰਭ ਸਾਚੇ ਕਲਜੁਗ ਮਾਰੀ । ਉਧਰੇ ਸੋ ਜਨ, ਜੋ ਆਏ ਪ੍ਰਭ ਚਰਨ ਦਵਾਰੀ । ਰੱਖੇ ਲਾਜ ਆਪ ਪ੍ਰਭ, ਸਰਨ ਪੜੇ ਦੀ ਪੈਜ ਸਵਾਰੀ । ਨਿਹਕਲੰਕ ਤੇਰਾ ਸ਼ਬਦ ਬਾਣ, ਬੇਮੁਖਾਂ ਕਰੇ ਖੁਆਰੀ । ਜਨ ਭਗਤਾਂ ਪਾਈ ਸਾਚੀ ਆਣ, ਸੋਹੰ ਸ਼ਬਦ ਦੀਆ ਨਾਮ ਅਧਾਰੀ । ਸਾਧ ਸੰਗਤ ਸੁਖ ਪ੍ਰਭ ਚਰਨ ਮਾਣ, ਸੋਹੰ ਚੜ੍ਹੀ ਰਹੇ ਖ਼ੁਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਨਿਹਕਲੰਕ ਅਵਤਾਰੀ । ਨਿਹਕਲੰਕ ਨਿਰਧਨ ਰੂਪ । ਸਾਧ ਸੰਗਤ ਦਰਸਾਏ ਪ੍ਰਭ ਸਤਿ ਸਰੂਪ । ਹੋਏ ਸਹਾਈ ਸਾਚ ਪ੍ਰਭ ਵਿਚ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਜੋਤ ਜਗਾਏ, ਕਲਜੁਗ ਜੋਤ ਸਰੂਪੀ ਜੋਤ ਅਨੂਪ । ਜਗੇ ਜੋਤ ਜਗਤ ਅੰਧਿਆਰੇ । ਗੁਰਮੁਖ ਆਇਣ ਪ੍ਰਭ ਚਰਨ ਦਵਾਰੇ । ਸੋਹੰ ਸਾਚਾ ਸ਼ਬਦ ਜਨ ਭਗਤਾਂ ਨਾਮ ਅਧਾਰੇ । ਬੇਮੁਖ ਆਏ ਦਰ, ਦਰ ਦਰ ਬੈਠ ਜਾਏ ਝਖ ਮਾਰੇ । ਮਾਇਆਧਾਰੀ ਰਸਨਾ ਲੋਭੀ, ਆਤਮ ਭਰੀ ਹੰਕਾਰੇ । ਪ੍ਰਭ ਦਰ ਆਏ ਨਾ ਪਾਇਣ ਸੋਝੀ, ਅੰਤਕਾਲ ਮਾਰੇ ਜਮ ਜੰਧਾਰੇ । ਧਰਮ ਰਾਜ ਪਕੜ ਪਛਾੜੇ, ਸਾਚਾ ਪ੍ਰਭ ਅੰਤਕਾਲ ਨਰਕ ਨਿਵਾਰੇ । ਸਰਬ ਸ੍ਰਿਸ਼ਟੀ ਨਿਹਕਲੰਕ ਚਬਾਈ ਦਾੜ੍ਹੇ । ਜਨ ਭਗਤਾਂ ਕਾਜ ਸਵਾਰੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸਾਧ ਸੰਗਤ ਸੋਹੇ ਤੇਰੇ ਚਰਨ ਦਵਾਰੇ । ਚਰਨ ਨਿਵਾਸ ਕਲ ਸਰਬ ਸੁਖ । ਆਤਮ ਰਾਸ, ਮਿਟੇ ਸਭ ਜਗਤ ਭੁਖ । ਸੋਹੰ ਸ਼ਬਦ ਹਿਰਦੇ ਵਾਸ, ਉਪਜੇ ਆਤਮ ਸੁਖ । ਮਹਾਰਾਜ ਸ਼ੇਰ ਸਿੰਘ ਜਨ ਭਗਤ ਤੇਰੇ ਪਾਸ, ਊਜਲ ਕਰਾਏ ਚਾਰ ਵਰਨ ਗੁਰਸਿਖ ਤੇਰਾ ਮੁਖ । ਊਜਲ ਗੁਰਮੁਖ ਜੋ ਪ੍ਰਭ ਕਰਾਏ । ਕਲਜੁਗ ਜਾਮਾ ਧਾਰ, ਵਿਚ ਲਿਖਤ ਨਾਮ ਰਖਾਏ । ਸਾਚੀ ਲਿਖਤ

ਚਲੇ ਜੁਗ ਚਾਰ, ਏਕਾ ਸ਼ਬਦ ਹੋਏ ਸਹਾਏ । ਬਖ਼ਸ਼ੇ ਆਪ ਪ੍ਰਭ ਗਿਰਧਾਰ, ਚਾਰ ਵਰਨ ਤੇਰੀ ਹੋਏ ਸਰਨਾਏ । ਮਹਾਰਾਜ ਸ਼ੇਰ ਸਿੰਘ ਕਿਰਪਾ ਧਾਰ, ਸੋਹੰ ਸ਼ਬਦ ਸਤਿਜੁਗ ਚਲਾਈ ਨਾਏ । ਸੋਹੰ ਸਤਿਜੁਗ ਸਾਚੀ ਨਾਏ । ਸਤਿਗੁਰ ਮਨੀ ਸਿੰਘ ਹੋਏ ਸਹਾਏ । ਸਾਚਾ ਤਾਜ ਸਤਿਜੁਗ ਸਾਚੇ ਸਤਿਗੁਰ ਪ੍ਰਭ ਸੀਸ ਟਿਕਾਏ । ਜੋਤ ਸਰੂਪੀ ਪਰਕਾਸ਼ ਕਰ, ਚਾਰ ਵਰਨ ਸਰਨੀ ਲਾਏ । ਮਾਤ ਪਾਤਾਲ ਆਕਾਸ਼, ਸਰਬ ਏਕਾ ਜੋਤ ਜਗਾਏ । ਖੰਡ ਬ੍ਰਹਿਮੰਡ ਸ਼ਿਵਲੋਕ ਬ੍ਰਹਮਲੋਕ ਪ੍ਰਭ ਦੇ ਉਲਟਾਏ । ਚੌਥੇ ਜੁਗ ਨਿਹਕਲੰਕ ਕਲਜੁਗ ਪਰਗਟ ਆਪਣੀ ਕਲ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਦਾ ਭੇਵ ਖੁਲ੍ਹਾਏ । ਚਾਰ ਜੁਗ ਹੋਏ ਵਰਤੰਤ । ਦਵਾਏ ਮਾਣ ਨਿਹਕਲੰਕ, ਸਤਿਗੁਰ ਬਣਾਏ ਮਨੀ ਸਿੰਘ ਸੰਤ । ਸੋਹੰ ਸ਼ਬਦ ਚਲਾਏ, ਰਸਨਾ ਗਾਏ ਸਰਬ ਜੀਵ ਜੰਤ । ਚਾਰ ਵਰਨ ਇਕ ਕਰਾਏ, ਏਕਾ ਨਾਮ ਜਪਾਏ ਪ੍ਰਭ ਭਗਵੰਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਧਰੇ ਜੋਤ ਵਿਚ ਜੀਵ ਜੰਤ । ਜੀਵ ਜੰਤ ਪ੍ਰਭ ਜੋਤ ਭਰਵਾਸਾ । ਜੋਤ ਸਰੂਪ ਜਗਤ ਵਿਚ ਵਾਸਾ । ਕਲਜੁਗ ਬੇਮੁਖ ਜੀਵ ਅੰਤਕਾਲ ਹੋਏ ਨਾਸਾ । ਸਾਧ ਸੰਗਤ ਗੁਰ ਚਰਨ ਪ੍ਰੀਤ, ਹੋਏ ਨਿਹਕਲੰਕ ਤੇਰਾ ਵਾਸਾ । ਕਲਜੁਗ ਮਿਲਿਆ ਸਾਚਾ ਮੀਤ, ਮਹਾਰਾਜ ਸ਼ੇਰ ਸਿੰਘ ਪੂਰਨ ਕਰੇ ਆਸਾ । ਪੂਰਨ ਆਸ ਪ੍ਰਭ ਆਸ ਪੁਜਾਈ । ਜਨ ਭਗਤਾਂ ਦਰਸ ਦੇ ਪ੍ਰਭ, ਆਤਮ ਤ੍ਰਿਖਾ ਮਿਟਾਈ । ਸਾਚਾ ਅੰਮ੍ਰਿਤ ਆਤਮ ਵਰਖ, ਹਉਮੇ ਅਗਨ ਜਲਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਜਨ ਭਗਤਾਂ ਬੂਝ ਬੁਝਾਈ । ਬੂਝ ਬੁਝਾਵੇ ਦਿਸਾਵੇ ਸਾਚਾ ਦਰ । ਸਾਚਾ ਸ਼ਬਦ ਉਪਜਾਵੇ ਅਵਤਾਰ ਨਰ । ਸਾਚੇ ਮਾਰਗ ਪਾਵੇ, ਸੋਹੰ ਸ਼ਬਦ ਦੇਵੇ ਵਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਨਿਹਕਲੰਕ ਅਵਤਾਰ ਨਰ । ਨਾਮਦੇਵ ਨਰਾਇਣ ਪਾਇਆ । ਪਰਗਟ ਜੋਤ ਸਰੂਪ ਪ੍ਰਭ ਘਰ ਆਏ ਭੋਗ ਲਗਾਇਆ । ਸੈਣ ਨਾਈ ਤਾਰ ਪ੍ਰਭ, ਆਪਣਾ ਭੇਸ ਵਟਾਇਆ । ਭਗਤ ਕਬੀਰ ਬੇੜਾ ਪਾਰ ਕਰ, ਅਚਰਜ ਵਿਚ ਪ੍ਰਭ ਅਚਰਜ ਮਿਲਾਇਆ । ਭਗਤ ਬੈਣੀ ਉਧਾਰ ਕਰ, ਦੁਖ ਦਲਿਦਰ ਗਲੋਂ ਲਾਹਿਆ । ਅਜਾਮਲ ਪਾਪੀ ਪਾਰ ਕਰ, ਅੰਤਕਾਲ ਪ੍ਰਭ ਦਰਸ ਦਿਖਾਇਆ । ਗਨਕਾ ਸ਼ਬਦ ਅਧਾਰ ਕਰ, ਸ਼ਬਦ ਦੇ ਪ੍ਰਭ ਪਾਰ ਕਰਾਇਆ । ਭਗਤ ਤ੍ਰਿਲੋਚਨ ਨਾਮ ਅਧਾਰ ਦੇ, ਆਤਮ ਦਰਸ ਦਿਖਾਇਆ । ਰਵਿਦਾਸ ਚੁਮਾਰ ਉਧਾਰ ਕਰ, ਚਾਰ ਵਰਨ ਵਿਚ ਮੁਖ ਰਖਾਇਆ । ਪੂਤਨਾ ਪਤਤ ਉਧਾਰ ਕਰ, ਸਚਖੰਡ ਪ੍ਰਭ ਨਿਵਾਸ ਦਵਾਇਆ । ਬੱਧਕ ਬਾਣ ਪ੍ਰਭ ਮਾਰਿਆ, ਬਾਂਹੋਂ ਪਕੜ ਗਲੇ ਲਗਾਇਆ । ਸਦਨਾ ਕਸਾਈ ਤਾਰਿਆ, ਪਰਗਟ ਹੋਏ ਪ੍ਰਭ ਦਰਸ ਦਿਖਾਇਆ । ਗਰੜ ਸਵਾਰੀ ਕਰ ਪ੍ਰਭ, ਅੰਤ ਹੋਏ ਸਹਾਇਆ । ਜੁਗੋ ਜੁਗ ਪ੍ਰਭ ਜੋਤ ਧਰ, ਜਨ ਭਗਤਾਂ ਪਾਰ ਕਰਾਇਆ । ਕਲਜੁਗ ਜਾਮਾ ਧਾਰ, ਨਿਹਕਲੰਕ ਪ੍ਰਭ ਨਾਉਂ ਧਰਾਇਆ । ਕਲ ਜੋਤ ਪਰਕਾਸ਼ ਕਰ, ਸੰਤ ਮਨੀ ਸਿੰਘ ਦਰਸ ਦਿਖਾਇਆ । ਆਤਮ ਕੀਨੀ ਰਾਸ, ਚਰਨ ਸੇਵ ਪ੍ਰਭ ਆਪ ਲਗਾਇਆ । ਰਸਨਾ ਜਪੇ ਸਵਾਸ ਸਵਾਸ, ਵਿਸ਼ਨੂੰ ਭਗਵਾਨ ਜਿਨ ਸੀਸ ਨਿਵਾਇਆ । ਸਾਚੇ ਸਾਹਿਬ ਸਾਚਾ ਸ਼ਬਦ ਗਿਆਨ ਦੇ, ਉਜਲ ਜਗਤ ਕਰਾਇਆ । ਹਥ ਕਲਮ ਗੁਣੀ ਨਿਧਾਨ ਦੇ, ਕਲਜੁਗ ਲੇਖ ਲਿਖਾਇਆ । ਸੁਰਤੀ ਸ਼ਬਦ ਸ਼ਬਦ ਭਗਵਾਨ ਦੇ, ਰਾਜਾ ਰਾਣਾ ਤਖ਼ਤੋਂ ਲਾਹਿਆ । ਨਿਮਾਣਿਆਂ ਪ੍ਰਭ ਮਾਣ ਦੇ, ਰਾਓ ਰੰਕ ਇਕ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਮਾਣ ਦਵਾਇਆ । ਸੰਤ ਮਨੀ ਸਿੰਘ ਮਨ ਗਿਆ ਮਾਨ । ਸਾਚਾ ਸ਼ਬਦ ਦੀਆ ਪ੍ਰਭ ਆਤਮ ਗਿਆਨ । ਉਪਜੇ ਧੁਨ, ਉਪਜਾਵੇ ਗੁਣੀ ਨਿਧਾਨ ।

ਜੋਤ ਜਗਾਈ ਮਹਾਰਾਜ ਸ਼ੇਰ ਸਿੰਘ ਸੁੱਤ ਹੋਇਆ ਚਤੁਰ ਸੁਜਾਨ । ਜੋਤ ਜਗਾਈ ਹੋਏ ਰੂਪ । ਸਤਿ ਸਵਾਏ ਦਿਸਾਏ ਪ੍ਰਭ ਸਰੂਪ । ਮਾਣੇ ਰੰਗ ਰੰਗ ਪ੍ਰਭ ਭੂਪ । ਏਕ ਸ਼ਬਦ ਏਕਾ ਪ੍ਰਭ, ਏਕਾ ਦਿਸਾਏ ਰੂਪ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਵਡ ਭੂਪ । ਸ਼ਬਦ ਚਲਾਏ ਪ੍ਰਭ, ਲੇਖ ਲਿਖਾਏ ਸੰਤ । ਸ਼ਬਦ ਲਿਖਾਏ ਪ੍ਰਭ, ਜਗਤ ਖੁਆਰੀ ਕਰਾਏ ਸੰਤ । ਸ਼ਬਦ ਚਲਾਏ ਪ੍ਰਭ, ਕਲਮ ਮਾਰ ਮਾਰੀ ਜਾਏ ਸੰਤ । ਸ਼ਬਦ ਲਿਖਾਏ ਪ੍ਰਭ, ਕਲਜੁਗ ਜੀਵ ਦੁੱਖੀ ਦੁਖਿਆਰੇ ਲੇਖ ਲਿਖਾਏ ਸੰਤ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਭੇਖ ਮਿਟਾਏ ਵਿਚ ਜੀਵ ਜੰਤ । ਚਲੇ ਸ਼ਬਦ ਦਿਵਸ ਰੈਣ । ਮਨੀ ਸਿੰਘ ਨਾ ਮਿਲੇ ਬਹਿਣ । ਸਾਚੇ ਸਿੱਖ ਸਦਾ ਚਰਨੀਂ ਰਹਿਣ । ਕਰ ਦਰਸ ਆਤਮ ਸੁਖ ਪਾਇਣ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਦਰਸ ਦਿਖਾਵੇ, ਜਨ ਭਗਤ ਵੇਖਣ ਨੈਣ । ਸੰਤ ਮਨੀ ਸਿੰਘ ਸਤਿ ਸਤਿ ਸਤਿ ਲਿਖਾਇਆ । ਅੰਤਕਾਲ ਛਡ ਦੇਹ, ਵਿਚ ਜੋਤੀ ਮੇਲ ਮਿਲਾਇਆ । ਨਿਹਕਲੰਕ ਚਰਨ ਸੰਗ ਨੇਂਹ, ਪ੍ਰਭ ਸੇਵ ਸੁਫਲ ਕਰਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੰਤ ਮਨੀ ਸਿੰਘ ਮਾਣ ਦਵਾਇਆ । ਛਡ ਦੇਹ ਜੋਤ ਵਿਚ ਸਮਾਇਆ । ਪ੍ਰਭ ਅਬਿਨਾਸ਼ੀ ਕਿਰਪਾ ਨਿਧ, ਮਾਤ ਜਨਮ ਦਵਾਇਆ । ਜੋਤ ਪਰਕਾਸ਼ ਕਰੀ ਵਿਚ ਨੂਰ, ਨੂਰੋ ਨੂਰ ਉਪਾਇਆ । ਸੰਤ ਮਨੀ ਸਿੰਘ ਸਾਚਾ ਸੂਰ, ਸਾਚੀ ਕੁੱਖ ਉਪਜਾਇਆ । ਬੇਮੁਖ ਜਾਇਣ ਪ੍ਰਭ ਦਰ ਤੋਂ ਦੂਰ, ਪ੍ਰਭ ਸੰਤਨ ਮਾਣ ਦਵਾਇਆ । ਸਰਬ ਕਲਾ ਪ੍ਰਭ ਆਸਾ ਪੂਰ, ਨਿਜ ਘਰ ਵਾਸੀ ਨਿਜ ਆਤਮ ਜੋਤ ਜਗਾਇਆ । ਜਗਾਈ ਜੋਤ ਜਗਤ, ਮਨੀ ਸਿੰਘ ਦੇ ਸਾਚਾ ਨੂਰ । ਸਾਚਾ ਤਖ਼ਤ ਰਚਾਇਕੇ, ਸਤਿਜੁਗ ਬਹਾਏ ਆਸਾ ਪੂਰ । ਕਲਜੁਗ ਭੇਖ ਮਿਟਾਇਕੇ, ਏਕਾ ਜੋਤ ਜਗੇ ਦੇਹ ਨੂਰ । ਸਤਿਗੁਰ ਮਨੀ ਸਿੰਘ ਮਾਣ ਦਵਾਇਕੇ, ਸੋਹੰ ਸ਼ਬਦ ਵਜਾਏ ਤੂਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਾ ਨੇੜੇ ਨਾ ਦੂਰ । ਸੰਤ ਮਨੀ ਸਿੰਘ ਤੇਰਾ ਸਚ ਉਪਦੇਸ਼ । ਭੂਰੀ ਵਾਲੇ ਸਚ ਕੀਆ ਕਲਜੁਗ ਭੇਸ । ਧੰਨ ਧੰਨ ਸਾਧ ਸੰਗਤ ਤੇਰੀ, ਤੇਰੇ ਸਿੱਖਾਂ ਸਦਾ ਆਦੇਸ਼ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਪਰਗਟੇ ਪ੍ਰਭ ਨਿਰਗੇਸ਼ । ਵੱਡੇ ਸਿੱਖ ਵੱਡੀ ਵਡਿਆਈ । ਵੱਡੀ ਮਤਿ ਪ੍ਰਭ ਦਰ ਤੇ ਪਾਈ । ਆਤਮ ਸਤਿ ਸਤਿ ਧੀਰ ਰਖਾਈ । ਆਤਮ ਕੁੰਜੀ ਗਿਆਨ, ਸੋਹੰ ਸ਼ਬਦ ਪ੍ਰਭ ਦੇਵੇ ਲਾਈ । ਸਾਚਾ ਚਰਨ ਧਿਆਨ, ਏਕਾ ਲਿਵ ਲਾਈ । ਸਾਚਾ ਸਿੱਖ ਕਲਜੁਗ ਜਾਣ, ਨਿਹਕਲੰਕ ਜਿਸ ਸੇਵ ਕਮਾਈ । ਸੰਤ ਮਨੀ ਸਿੰਘ ਰਾਹ ਦਸਾਇਆ । ਸਾਧ ਸੰਗਤ ਵਿਚ ਸੁਣਾਇਆ । ਕਲਜੁਗ ਜਾਮਾ ਧਾਰ, ਨਿਹਕਲੰਕ ਵਿਚ ਮਾਤ ਦੇ ਆਇਆ । ਸਾਚੀ ਜੋਤ ਵਿਸ਼ਨੂੰ ਭਗਵਾਨ, ਮਹਾਰਾਜ ਸ਼ੇਰ ਸਿੰਘ ਨਾਮ ਧਰਾਇਆ । ਗੁਰਮੁਖਾਂ ਮਨ ਗਿਆ ਮਾਣ । ਸਾਚਾ ਕੀਆ ਪ੍ਰਭ ਚਰਨ ਧਿਆਨ । ਦੇਵੇ ਦਰਸ ਕ੍ਰਿਸ਼ਨ ਘਨਈਆ ਵਿਸ਼ਨੂੰ ਭਗਵਾਨ । ਮਿਟੇ ਹਰਸ ਪ੍ਰਭ ਸਰਬ ਮਿਟਾਣ । ਏਕਾ ਦਰਸ ਦਰ ਸਾਚੇ ਪਾਣ । ਜੋਤ ਸਰੂਪੀ ਜੋਤ ਜਗਾਏ ਮਹਾਨ । ਸਾਚਾ ਦੇ ਦਰਸ ਨਿਹਕਲੰਕ, ਆਤਮ ਦੀਆ ਗਿਆਨ । ਮਾਹਣਾ ਸਿੰਘ ਮਨ ਉਪਜੇ ਸੁਖ, ਮਿਲੇ ਵਿਸ਼ਨੂੰ ਭਗਵਾਨ । ਕਰ ਦਰਸ ਆਤਮ ਤ੍ਰਿਪਤਾਸਿਆ । ਭਰਮ ਭੁਲੇਖਾ ਸਾਰਾ ਨਾਸਿਆ । ਸਾਚਾ ਪ੍ਰਭ ਵਿਚ ਹਿਰਦੇ ਵਾਸਿਆ । ਛਡ ਜਗਤ ਵਿਹਾਰ ਹੋਇਆ ਪ੍ਰਭ ਦਾਸਨ ਦਾਸਿਆ । ਮਿਲੇ ਪ੍ਰਭ ਗਿਰਧਾਰ ਰਸਨਾ ਜਪੇ ਸਵਾਸ ਸਵਾਸਿਆ । ਹੋਏ ਦਰਸ ਅਪਾਰ, ਆਤਮ ਹੋਏ ਰਾਸਿਆ । ਮਹਾਰਾਜ ਸ਼ੇਰ ਸਿੰਘ ਜਗਤ ਪਸਾਰ, ਸਦ ਦੀਸੇ ਪਾਸਿਆ । ਸਦਾ ਸੰਗ ਪ੍ਰਭ ਦੀਸੇ ਨਾਲ । ਸਾਚੀ ਸ਼ਬਦ ਰੰਗਤ ਪ੍ਰਭ ਚਾੜ੍ਹੀ ਲਾਲ । ਆਤਮ ਦੀਪ ਪ੍ਰਭ ਜੋਤ ਸਰੂਪੀ

ਦੀਆ ਬਾਲ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰ, ਸਾਚਾ ਦਰਸ ਦੀਆ ਦਿਖਾਲ । ਕਰ ਦਰਸ ਤ੍ਰਿਖਾ ਬੁਝਾਈ । ਆਤਮ ਸ਼ਾਂਤ ਮਿਲੀ ਸਰਬ ਸੁਖਦਾਈ । ਮਨ ਚਾਉ ਘਨੇਰਾ, ਆਤਮ ਵੱਜੀ ਵਧਾਈ । ਨਾ ਦੀਸੇ ਸੰਞ ਸਵੇਰਾ, ਸਾਚਾ ਸਾਹਿਬ ਸਦ ਰਸਨਾ ਗਾਈ । ਨਿਹਕਲੰਕ ਕਲ ਪਾਇਆ ਫੇਰਾ, ਜਨ ਭਗਤਾਂ ਦੇਵੇ ਵਡਿਆਈ । ਮਾਹਣਾ ਸਿੰਘ ਤੇਰਾ ਸਾਚਾ ਸੰਗ । ਸਿੰਘ ਪਾਲ ਚਾੜ੍ਹਿਆ ਆਤਮ ਰੰਗ । ਕਰੀ ਪ੍ਰੀਤੀ ਚਰਨ ਪ੍ਰਭ, ਏਕਾ ਦਰਸ ਪ੍ਰਭ ਲਿਆ ਮੰਗ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਕਰ ਦਰਸ ਗੁਰਸਿਖ ਪਾਰ ਜਾਏ ਲੰਘ । ਦੇ ਦਰਸ ਦੀਨ ਦਿਆਲਾ । ਜੋਤ ਜਗਾਈ ਵਿਚ ਦੇਹ ਗੁਲਾਲਾ । ਆਤਮ ਧੀਰ ਧਰਾਈ ਸਾਚੇ ਸਿੱਖ ਪਾਲਾ । ਕ੍ਰਿਸ਼ਨ ਕਲਾ ਵਰਤਾਈ, ਦੇਵੇ ਦਰਸ ਰੂਪ ਵਿਚ ਬਾਲਾ । ਹੋਵੇ ਜੋਤ ਸਵਾਈ, ਮਿਲਿਆ ਮਹਾਰਾਜ ਸ਼ੇਰ ਸਿੰਘ ਭਗਤ ਵਸਾਲਾ । ਕਰ ਦਰਸ ਸ਼ਬਦ ਰੂਪ, ਮਨ ਭਇਆ ਅਨੰਦ । ਰਸਨਾ ਮੁਖ ਨਾ ਲਾਈ, ਮਾਸ ਮਦਿਰਾ ਗੰਦ । ਕਲਜੁਗ ਗੁਰਸਿਖ ਪਰਗਟਿਆ, ਸਤਿਜੁਗ ਸਾਚਾ ਚਾੜ੍ਹਿਆ ਚੰਦ । ਨਿਹਕਲੰਕ ਦੇ ਵਡਿਆਈ, ਦਰਸ ਕਰਾਇਆ ਵਿਚ ਬ੍ਰਹਿਮੰਡ । ਸਾਚੇ ਧਾਮ ਪੁਚਾਇਆ ਪ੍ਰਭ, ਆਤਮ ਨਾ ਹੋਈ ਰੰਡ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਥਾਉਂ ਮਾਣ ਦਵਾਇਆ ਖੰਡ ਵਰਭੰਡ ਬ੍ਰਹਿਮੰਡ । ਜੋਤ ਜਗਾਈ ਪਾਲ ਸਿੰਘ, ਤੇਰੀ ਵਿਚ ਲਲਾਟ । ਦਰਸ ਦਿਖਾਇਆ ਖੋਲ੍ਹ ਪ੍ਰਭ ਬਜਰ ਕਪਾਟ । ਸਾਚਾ ਸ਼ਬਦ ਸੁਣਾਇਆ, ਸਾਚੀ ਸ਼ਬਦ ਲਗਾਈ ਚਾਟ । ਮਹਾਰਾਜ ਸ਼ੇਰ ਸਿੰਘ ਬ੍ਰਹਮਲੋਕ ਬਹਾਇਆ, ਮਾਤਲੋਕ ਚੁਕਾਈ ਵਾਟ । ਬ੍ਰਹਮਲੋਕ ਗਿਆ ਬ੍ਰਹਿਮਾਦ । ਗੁਰਸਿਖ ਸਾਚਾ ਸਦਾ ਅਨਾਹਦ । ਦਵਾਏ ਮਾਣ ਬੋਧ ਅਗਾਧ । ਮਹਾਰਾਜ ਸ਼ੇਰ ਸਿੰਘ ਚਾਰ ਜੁਗ, ਜਨ ਭਗਤਾਂ ਰਖਾਵੇ ਯਾਦ । ਗੁਰਸਿਖ ਗੁਰ ਨਾਉਂ ਰਸਨਾ ਗਾਇਆ । ਥਿਰ ਘਰ ਵਾਸੀ ਸਚਖੰਡ ਨਿਵਾਸੀ ਕਲਜੁਗ ਮਾਣ ਦਵਾਇਆ । ਕਲਜੁਗ ਨਿਹਕਲੰਕ ਨਰ ਨਿਰਵੈਰ, ਨਿਰਾਹਾਰ ਸਦਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਜਨ ਭਗਤਾਂ ਮਾਣ ਦਵਾਇਆ । ਪਾਲ ਸਿੰਘ ਗੁਰਸਿਖ ਨਿਆਰਾ । ਸਾਚੇ ਪ੍ਰਭ ਖੁਲ੍ਹਾਇਆ ਦਸਮ ਦਵਾਰਾ । ਕਰ ਜੋਤ ਪਰਕਾਸ਼, ਆਤਮ ਕੀਆ ਉਜਿਆਰਾ । ਸਦਾ ਸਦਾ ਪ੍ਰਭ ਅਬਿਨਾਸ਼, ਸੋਹੰ ਦੇਵੇ ਨਾਮ ਭੰਡਾਰਾ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਜਨ ਭਗਤਾਂ ਦੇਵੇ ਧਰਮ ਅਧਾਰਾ । ਪਾਲ ਸਿੰਘ ਪਾਇਆ ਪਰਮਾਨੰਦ । ਮਿਲਿਆ ਪ੍ਰਭ ਮਨੋਹਰ ਮੁਕੰਦ । ਸਾਚਾ ਸ਼ਬਦ ਸਾਚੀ ਧੁਨ, ਸਾਚਾ ਆਤਮ ਹੋਇਆ ਅਨੰਦ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਉਪਜਾਇਆ ਸਾਚਾ ਚੰਦ । ਸਾਚੇ ਸਿੱਖ ਪ੍ਰਭ ਦਰਸ ਪਾਇਆ । ਸਾਚਾ ਸੁਖਨ ਸਚ ਆਖ ਸੁਣਾਇਆ । ਧੰਨ ਧੰਨ ਧੰਨ ਗੁਰਸਿਖ, ਜਿਨ ਹਿਰਦੇ ਵਸਾਇਆ । ਬਚਨ ਮੰਨ ਸਿੰਘ ਪਾਲ, ਪ੍ਰਭ ਚਰਨ ਆਏ ਸੀਸ ਝੁਕਾਇਆ । ਕਲਜੁਗ ਪਾਇਆ ਸਾਚਾ ਧਨ ਮਾਲ, ਪ੍ਰਭ ਸਾਚੇ ਦਰਸ ਦਿਖਾਇਆ । ਆਤਮਾ ਸਿੰਘ ਸਿੰਘ ਜੀਵਣ, ਪ੍ਰਭ ਚਰਨੀਂ ਸੀਸ ਝੁਕਾਇਆ । ਮਨ ਤਨ ਧਨ ਵਾਰ, ਪ੍ਰਭ ਸੇਵਾ ਚਿੱਤ ਲਾਇਆ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ, ਦਰ ਘਰ ਜਾਏ ਜਨ ਭਗਤ ਤਰਾਇਆ । ਪਾਲ ਸਿੰਘ ਕਲਜੁਗ ਵਡ ਹੰਸ । ਕਰ ਸੇਵਾ ਨਿਹਕਲੰਕ ਤਾਰਿਆ ਸਰਬ ਬੰਸ । ਜੋਤ ਜਗਾਈ ਪ੍ਰਭ ਏਕਾ ਅੰਕ । ਭਗਤ ਵਡਾਏ ਤੇਰੀ ਅੰਸ । ਮਹਾਰਾਜ ਸ਼ੇਰ ਸਿੰਘ ਸੁਹਾਏ ਤੇਰੇ ਬੰਕ । ਸਿੱਖ ਉਪਜਾਏ ਵਿਚ ਸਹੰਸ । ਸਾਚੀ ਸੇਵਾ ਸਾਚਾ ਫਲ ਪਾਇਆ । ਅੰਤਕਾਲ ਪ੍ਰਭ ਦੇ ਦਰਸ, ਚਵੀ ਚੇਤ ਉਨੀਂ ਸੌ ਅਠਾਨਵੇਂ ਬਿਕ੍ਰਮੀ ਵਿਚ ਜੋਤੀ ਜੋਤ ਮਿਲਾਇਆ । ਬ੍ਰਹਮਾ ਗਵਾਏ ਮਾਣ, ਪ੍ਰਭ ਬ੍ਰਹਮਲੋਕ ਬਹਾਇਆ । ਸਾਚੀ ਸੇਵ ਭਗਤ ਭਗਵਾਨ ਦੇ, ਪ੍ਰਭ ਸਾਚੇ ਧਾਮ ਬਿਠਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਖੰਡ ਬ੍ਰਹਿਮੰਡ ਉਲਟਾਇਆ । ਸੇਵਾ ਕਰੀ ਪਾਰਬ੍ਰਹਮ । ਨਿਰਮਲ ਹੋਇਆ ਕਲਜੁਗ ਜਰਮ । ਦੇ ਦਰਸ ਪ੍ਰਭ ਮਿਟਾਇਆ ਭਰਮ । ਗੁਰਚਰਨ ਪ੍ਰੀਤੀ ਕਲਜੁਗ ਸਾਚਾ ਕਰਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਰਭਵਾਸ ਮਿਟਾਏ ਜਰਮ । ਸਾਚੇ ਸਿੱਖ ਤੇਰੀ ਸਤਿ ਵਡਿਆਈ । ਅੰਤਕਾਲ ਮਾਤਲੋਕ ਪਰਮਗਤ ਪਾਈ । ਸਾਚੇ ਪਰਗਟ ਜੋਤ ਤੇਰੀ ਸਾਚੀ ਜੋਤ ਜਗਾਈ । ਧਰੀ ਜੋਤ ਵਿਚ ਤੇਰੇ ਸੁਤ, ਚਾਰ ਕੁੰਟ ਪੈ ਜਾਏ ਦੁਹਾਈ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਭੁੱਲੀ ਰਹੀ ਲੋਕਾਈ । ਜੋਤ ਸਰੂਪ ਸਿੱਖ ਦੇਹ ਪ੍ਰਭ ਵਾਸਿਆ । ਬੇਮੁਖਾਂ ਦਿਖਾਇਆ ਭੁਲਾਇਆ ਕਰ ਕਰ ਜਾਇਣ ਹਾਸਿਆ । ਗੁਰਸਿਖਾਂ ਸ਼ਬਦ ਸੁਣਾਇਆ ਦਰਸ ਦਿਖਾਇਆ, ਜੋਤ ਸਰੂਪ ਕਰ ਸਿੱਖ ਦੇਹ ਵਾਸਿਆ । ਸਾਰਾ ਭਰਮ ਮਿਟਾਇਆ, ਸ਼ਬਦ ਸੁਰਤ ਦਾ ਮੇਲ ਕਰ, ਚਲਾਏ ਸ਼ਬਦ ਪ੍ਰਭ ਅਬਿਨਾਸ਼ਿਆ । ਮਹਾਰਾਜ ਸ਼ੇਰ ਸਿੰਘ ਖੇਲ ਰਚਾਇਆ, ਨਿਹਕਲੰਕ ਕਲ ਆਇਆ, ਸਾਚੀ ਦੇਹ ਗੁਰਸਿਖ ਪ੍ਰਭ ਜੋਤ ਸਰੂਪੀ ਕੀਆ ਵਾਸਿਆ । ਸਾਚਾ ਦੀਪਕ ਗੁਰਸਿਖ ਪਰਕਾਸ਼ । ਨਿਹਕਲੰਕ ਜੋਤ ਸਰੂਪੀ ਰੱਖੇ ਵਾਸ । ਸਦਾ ਸਹਾਈ ਪ੍ਰਭ ਸਦਾ ਰਹੇ ਪਾਸ । ਸਾਚਾ ਸ਼ਬਦ ਮਨ ਸਾਚੀ ਧਰਵਾਏ ਧਰਵਾਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਰੱਖੇ ਸਿੱਖ ਦੇਹ ਵਾਸ । ਵੱਡਾ ਸਿੱਖ ਪ੍ਰਭ ਆਪ ਵਡਿਆਇਆ । ਜਾਮਾ ਧਾਰ ਨਿਹਕਲੰਕ ਜੋਤ ਸਰੂਪ ਵਿਚ ਡੇਰਾ ਲਾਇਆ । ਸਾਚਾ ਸ਼ਬਦ ਲਿਖਾਏ ਲਿਖਤ, ਚਾਰ ਵਰਨ ਪ੍ਰਭ ਚਰਨੀਂ ਲਾਇਆ । ਐਸੀ ਕਲਜੁਗ ਬਣਾਈ ਬਣਤ, ਜੋਤ ਸਰੂਪੀ ਪ੍ਰਭ ਦਿਸ ਨਾ ਆਇਆ । ਪ੍ਰਭ ਕੀ ਮਹਿਮਾ ਸਦਾ ਅਗਣਤ, ਕਿਸੇ ਭੇਵ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਸਿੱਖ ਸਾਚੇ ਦੇ ਵਿਚ ਸਮਾਇਆ । ਸਦਾ ਸਮੀਪਤ ਸਦਾ ਸਮੀਪ । ਸਾਚੀ ਜੋਤ ਜਗਾਈ ਵਿਚ ਆਤਮ ਦੀਪ । ਕਲਜੁਗ ਵਖਾਈ ਸਤਿਜੁਗ ਚਲਾਈ ਉਲਟੀ ਰੀਤ । ਨਿਹਕਲੰਕ ਤੇਰੀ ਵਡਿਆਈ, ਗੁਰਸਿਖਾਂ ਆਤਮ ਕੀਨੀ ਸੀਤ । ਪੂਰਨ ਸਿੱਖ ਪੂਰਨ ਭਰਵਾਸ । ਸਾਚੇ ਪ੍ਰਭ ਜੋਤ ਸਰੂਪੀ ਕੀਆ ਵਾਸ । ਸ਼ਬਦ ਚਲਾਏ ਲਿਖਤ ਕਰਾਏ, ਕਲਜੁਗ ਕੀਆ ਨਾਸ । ਬਚਨ ਉਲਟਾਏ ਰਹਿਣ ਨਾ ਪਾਏ, ਪ੍ਰਭ ਸਾਚਾ ਕਰੇ ਵਿਨਾਸ । ਮਹਾਰਾਜ ਸ਼ੇਰ ਸਿੰਘ ਸ਼ਬਦ ਵਰਤਾਏ, ਜੈ ਜੈ ਜੈਕਾਰ ਚਾਰ ਕੁੰਟ ਕਰਾਏ ਸਰਬ ਗੁਣਤਾਸ । ਜੈ ਜੈ ਜੈਕਾਰ ਪ੍ਰਭ ਦਰਬਾਰ । ਜਨ ਭਗਤਾਂ ਦੀਸੇ ਹਰਿ ਕਾ ਦਵਾਰ । ਉਤਰੇ ਪਾਰ, ਜੋ ਦਰ ਆਇਣ ਨਰ ਨਾਰ । ਸਾਧ ਸੰਗਤ ਪ੍ਰਭ ਪੈਜ ਸਵਾਰ । ਦੇਵੇ ਦਰਸ ਨਿਹਕਲੰਕ ਨੈਣ ਮੁਧਾਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਜੋਤ ਸਰੂਪੀ ਜਗਤ ਆਕਾਰ । ਗੁਰਸਿਖ ਵਣਜਾਰਾ, ਜਗਤ ਠਗ । ਗੁਰਸਿਖ ਨਾਮ ਅਧਾਰਾ, ਬੇਮੁਖਾਂ ਮਾਰ ਗਈ ਕਲਜੁਗ ਵਗ । ਸਾਚਾ ਨਾਮ ਕਰੇ ਆਤਮ ਉਜਿਆਰਾ, ਗੁਰਮੁਖ ਸਾਚੇ ਗੁਰ ਚਰਨੀਂ ਗਏ ਲਗ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਬਲਿਹਾਰੀ, ਏਕਾ ਸ਼ਬਦ ਚਲਾਇਆ ਜਗ । ਏਕਾ ਸ਼ਬਦ ਜਗਤ ਚਲਾਇਆ । ਜੋਤ ਸਰੂਪੀ ਨਿਹਕਲੰਕ, ਆਪਣਾ ਡੰਕ ਆਪ ਵਜਾਇਆ । ਨਿਰਾਹਾਰੀ ਨਿਰਵੈਰ ਵਿਚ ਸਿੱਖ ਦੇਹ ਪ੍ਰਭ ਸਮਾਇਆ । ਆਤਮ ਮੁਖ ਕਰ ਪ੍ਰਭ ਬ੍ਰਹਮ ਗਿਆਨ ਦਵਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸੋਹੰ ਸਾਚਾ ਸ਼ਬਦ ਚਲਾਇਆ । ਸਾਚੇ ਪ੍ਰਭ ਸਾਚੀ ਆਣ । ਸਾਧ ਸੰਗਤ ਪ੍ਰਭ ਦੇਵੇ ਮਾਣ । ਚਰਨ ਧੂੜ ਬਖ਼ਸ਼ੇ ਇਸ਼ਨਾਨ । ਸੋਹੰ ਸ਼ਬਦ ਆਤਮ ਦੇਵੇ ਉਤਮ ਗਿਆਨ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਦਰਗਹਿ ਕਰੀ ਪਰਵਾਨ । ਸਾਧ ਸੰਗਤ ਸਾਚੇ ਗੁਰਸਿਖ । ਆਤਮ ਸਦਾ ਪ੍ਰਭ ਮਿਲਣ ਕੀ ਤ੍ਰਿਖ । ਦੇਵੇ ਮਾਣ ਕਲਜੁਗ, ਵਡ ਕਰੇ ਵਿਚ ਮੁਨ ਰਿਖ । ਧੰਨ ਧੰਨ ਧੰਨ ਵਡਿਆਈ, ਕਲਜੁਗ ਤੇਰੀ ਗੁਰਸਿਖ । ਮਹਾਰਾਜ

ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਨਾਮ ਪਾਵੇ ਸਾਚੀ ਭਿਖ । ਨਾਮ ਭਿਖਾਰੀ ਗੁਰਮੁਖ ਕੋਏ । ਜਗਤ ਵਿਹਾਰੀ ਬੇਮੁਖ ਹੋਏ । ਸਾਚਾ ਸਿੱਖ ਸਾਚਾ ਪ੍ਰਭ ਦਰਸ ਬਿਲੋਏ । ਆਤਮ ਉਪਜੇ ਬ੍ਰਹਮ ਗਿਆਨ, ਦੀਸੇ ਤ੍ਰੈਲੋਏ । ਏਕਾ ਨਾਮ ਗੁਣੀ ਨਿਧਾਨ ਸੋਹੰ ਦੂਸਰ ਨਾ ਕੋਏ । ਮਿਲੇ ਪ੍ਰਭ ਵਿਸ਼ਨੂੰ ਭਗਵਾਨ, ਜੋਤ ਸਰੂਪੀ ਮੇਲ ਕਰਾਏ ਜੋਤੀ ਦੋਏ । ਜੋਤੀ ਜੋਤ ਕਰਾਏ ਮੇਲ । ਆਤਮ ਦੀਪ ਪਰਕਾਸ਼ੇ, ਬਿਨ ਬਾਤੀ ਬਿਨ ਤੇਲ । ਕਲਜੁਗ ਪਰਗਟ ਨਿਹਕਲੰਕ, ਜੋਤ ਸਰੂਪੀ ਕੀਆ ਖੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਲਿਆ ਮੇਲ । ਭਿੰਨੜੀ ਰੈਣ ਸੁਹਾਈ, ਪ੍ਰਭ ਦਰਸ ਦਿਖਾਇਆ । ਭਿੰਨੜੀ ਰੈਣ ਸੁਹਾਈ ਰੰਗ ਰਾਤੇ ਰੰਗ ਨਾਮ ਚੜ੍ਹਾਇਆ । ਭਿੰਨੜੀ ਰੈਣ ਸੁਹਾਈ ਸਰਬ ਗੁਣ ਦਾਤੇ, ਸਾਧ ਸੰਗਤ ਹੋਏ ਸਹਾਇਆ । ਭਿੰਨੜੀ ਰੈਣ ਸੁਹਾਈ ਪੁਰਖ ਬਿਧਾਤੇ, ਜਨ ਭਗਤਾਂ ਅੰਗ ਲਗਾਇਆ । ਭਿੰਨੜੀ ਰੈਣ ਸੁਹਾਈ ਸਰਬ ਸੁਖ ਦਾਤੇ, ਬਾਂਹੋਂ ਪਕੜ ਗੁਰਸਿਖ ਤਰਾਇਆ । ਭਿੰਨੜੀ ਰੈਣ ਸੁਹਾਈ, ਸਾਚਾ ਪ੍ਰਭ ਕਿਸੇ ਵਿਰਲੇ ਜਾਤਾ, ਚਲ ਆਇਆ ਸਰਨਾਈ । ਭਿੰਨੜੀ ਰੈਣ ਸੁਹਾਈ, ਪਰਗਟ ਜੋਤ ਨਿਹਕਲੰਕ ਸਾਚੀ ਲਿਖਤ ਜਗਤ ਵਰਤਾਈ । ਭਿੰਨੜੀ ਰੈਣ ਸੁਹਾਈ, ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ ਆਪਣੀ ਕਲ ਵਰਤਾਈ । ਭਿੰਨੜੀ ਰੈਣ ਸੁਹਾਈ, ਪ੍ਰਭ ਪਰਕਾਸ਼ਿਆ । ਭਿੰਨੜੀ ਰੈਣ ਸੁਹਾਈ, ਸਾਚਾ ਦੀਸੇ ਪ੍ਰਭ ਸਦਾ ਅਬਿਨਾਸ਼ਿਆ । ਭਿੰਨੜੀ ਰੈਣ ਸੁਹਾਈ, ਸਾਧ ਸੰਗਤ ਦੇਵੇ ਸ਼ਬਦ ਸਦਾ ਧਰਵਾਸਿਆ । ਭਿੰਨੜੀ ਰੈਣ ਸੁਹਾਈ, ਨਿਜ ਘਰ ਵਾਸ ਆਤਮ ਕਰਾਏ ਪ੍ਰਭ ਸਾਚੇ ਘਰ ਵਾਸਿਆ । ਭਿੰਨੜੀ ਰੈਣ ਸੁਹਾਈ, ਸਾਧ ਸੰਗਤ ਪ੍ਰਭ ਸੋਹੇ ਪਾਸਿਆ । ਭਿੰਨੜੀ ਰੈਣ ਸੁਹਾਈ, ਗੁਰਚਰਨ ਪ੍ਰੀਤੀ ਗੁਰਸਿਖ ਰਹਿਰਾਸਿਆ । ਭਿੰਨੜੀ ਰੈਣ ਸੁਹਾਈ, ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਜਪਾਵੇ ਸਵਾਸ ਸਵਾਸਿਆ । ਭਿੰਨੜੀ ਰੈਣ ਸੁਹਾਈ, ਪ੍ਰਭ ਮਿਟਾਏ ਅੰਧੇਰਾ । ਭਿੰਨੜੀ ਰੈਣ ਸੁਹਾਈ, ਪ੍ਰਭ ਜੋਤ ਜਗਾਏ ਸੰਞ ਸਵੇਰਾ । ਭਿੰਨੜੀ ਰੈਣ ਸੁਹਾਈ, ਨਿਹਕਲੰਕ ਪਰਗਟੇ ਨਾ ਲਾਏ ਦੇਰਾ । ਭਿੰਨੜੀ ਰੈਣ ਸੁਹਾਈ, ਵਿਚ ਸਿੱਖ ਪ੍ਰਭ ਲਾਇਆ ਡੇਰਾ । ਭਿੰਨੜੀ ਰੈਣ ਸੁਹਾਈ, ਨਿਹਕਲੰਕ ਕਲ ਪਾਇਆ ਫੇਰਾ । ਭਿੰਨੜੀ ਰੈਣ ਸੁਹਾਈ, ਬੇਮੁਖਾਂ ਚਾਰ ਕੁੰਟ ਅੰਧੇਰਾ । ਭਿੰਨੜੀ ਰੈਣ ਸੁਹਾਈ, ਸਾਧ ਸੰਗਤ ਭਰਵਾਸਾ ਤੇਰਾ । ਭਿੰਨੜੀ ਰੈਣ ਸੁਹਾਈ, ਮਹਾਰਾਜ ਸ਼ੇਰ ਸਿੰਘ ਸਾਚਾ ਤੇਰਾ ਫੇਰਾ । ਭਿੰਨੀ ਰੈਣ ਪਰਗਟੇ ਭਗਵਾਨ । ਭਿੰਨੀ ਰੈਣ ਪੰਚਮ ਜੇਠ ਚਤੁਰ ਸੁਜਾਨ । ਭਿੰਨੀ ਰੈਣ ਪ੍ਰਭ ਦੇਵੇ ਸੋਹੰ ਸਾਚਾ ਦਾਨ । ਭਿੰਨੀ ਰੈਣ ਪ੍ਰਭ ਉਪਜਾਵੇ ਆਤਮ ਗਿਆਨ । ਭਿੰਨੀ ਰੈਣ ਪਰਗਟ ਜੋਤ ਮਿਲੇ ਭਗਵਾਨ । ਭਿੰਨੀ ਰੈਣ ਆਤਮ ਦੀਪ ਜਗੇ ਬਿਧਨਾਨ । ਭਿੰਨੀ ਰੈਣ ਪ੍ਰਭ ਸੋਹੰ ਦੇਵੇ ਸਾਚਾ ਦਾਨ । ਭਿੰਨੀ ਰੈਣ ਪ੍ਰਭ ਦਰਸ ਕਰ ਮੂਰਖ ਹੋਏ ਚਤੁਰ ਸੁਜਾਨ । ਭਿੰਨੀ ਰੈਣ ਮਹਾਰਾਜ ਸ਼ੇਰ ਸਿੰਘ ਦਰ ਸਾਚਾ ਜਾਣ । ਭਿੰਨੀ ਰੈਣ ਪ੍ਰਭ ਜਗਤ ਆਕਾਰ । ਭਿੰਨੀ ਰੈਣ ਪ੍ਰਭ ਜੋਤ ਧਰੀ ਸੰਸਾਰ । ਭਿੰਨੀ ਰੈਣ ਏਕਾ ਰੂਪ ਨਿਹਕਲੰਕ ਅਵਤਾਰ । ਭਿੰਨੀ ਰੈਣ ਗੁਰਸਿਖਾਂ ਦਸਾਵੇ ਸਚ ਦਰਬਾਰ । ਭਿੰਨੀ ਰੈਣ, ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਜੋਤ ਜਗਾਏ ਅਪਰ ਅਪਾਰ । ਭਿੰਨੀ ਰੈਨੜੀਏ, ਤੇਰਾ ਮੁਖ ਉਜਿਆਰਾ । ਭਿੰਨੀ ਰੈਨੜੀਏ, ਨਿਹਕਲੰਕ ਕਲ ਲਿਆ ਅਵਤਾਰਾ । ਭਿੰਨੀ ਰੈਨੜੀਏ, ਸੁੰਨ ਸਮਾਧ ਜਗਤ ਵਰਤਾਰਾ । ਭਿੰਨੀ ਰੈਨੜੀਏ, ਤੇਰਾ ਮਿਟਿਆ ਅੰਧ ਅੰਧਿਆਰਾ । ਭਿੰਨੀ ਰੈਨੜੀਏ, ਨਿਹਕਲੰਕ ਜੋਤ ਸਰੂਪ ਕਲਜੁਗ ਉਜਿਆਰਾ । ਭਿੰਨੀ ਰੈਨੜੀਏ, ਮਹਾਰਾਜ ਸ਼ੇਰ ਸਿੰਘ ਪੰਚਮ ਜੇਠ ਕਲਜੁਗ ਲਏ ਅਵਤਾਰਾ । ਭਿੰਨੀ ਰੈਨੜੀਏ, ਸਚ ਤੇਰਾ ਰੰਗ । ਭਿੰਨੀ ਰੈਨੜੀਏ, ਜਨ ਭਗਤਾਂ ਮੰਗੀ ਸਚੀ ਮੰਗ । ਭਿੰਨੀ ਰੈਨੜੀਏ, ਬੇਮੁਖ

ਸੁਆਏ ਗੁਰਮੁਖ ਵਹਾਏ ਆਤਮ ਗੰਗ । ਭਿੰਨੀ ਰੈਨੜੀਏ, ਜਾਮਾ ਧਾਰ ਨਿਹਕਲੰਕ ਜਨ ਭਗਤਾਂ ਚਾੜ੍ਹੇ ਆਤਮ ਰੰਗ । ਭਿੰਨੀ ਰੈਨੜੀਏ, ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਜਨ ਭਗਤਾਂ ਮੰਗੀ ਸਾਚੀ ਮੰਗ । ਭਿੰਨੀ ਰੈਣ ਜਗਤ ਭੁਲਾਇਆ । ਭਿੰਨੀ ਰੈਣ ਪੰਚਮ ਜੇਠ ਜਗਤ ਪਰਕਾਸ਼ ਕਰਾਇਆ । ਭਿੰਨੀ ਰੈਣ ਨਿਹਕਲੰਕ ਜੋਤ ਸਰੂਪ ਜਗਤ ਵਿਚ ਆਇਆ । ਭਿੰਨੀ ਰੈਣ ਪਾਇਣ ਵੈਣ, ਕਲਜੁਗ ਜੀਵ ਭੁਲਾਇਆ । ਭਿੰਨੀ ਰੈਣ ਬੇਮੁਖ ਵਹਾਏ ਵਹਿੰਦੇ ਵਹਿਣ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਭਿੰਨੀ ਰੈਣ ਗੁਰਸਿਖ ਸਾਚੇ ਸਚ ਰਸ ਲੈਣ, ਨਿਹਕਲੰਕ ਜਿਸ ਚਰਨ ਲਗਾਇਆ । ਭਿੰਨੀ ਰੈਣ ਗੁਰਸਿਖ ਵਿਚ ਸਾਧ ਸੰਗਤ ਸਾਚੇ ਪ੍ਰਭ ਸਿਰ ਹਥ ਟਿਕਾਇਆ । ਭਿੰਨੀ ਰੈਣ ਗੁਰਮੁਖ ਗੁਰਸਿਖ ਮਹਾਰਾਜ ਸ਼ੇਰ ਸਿੰਘ ਦਰਸ ਕਰ ਲੈਣ, ਆਤਮ ਸ਼ਾਂਤ ਪ੍ਰਭ ਕਰਾਇਆ । ਭਿੰਨੀ ਰੈਣ ਜਗਤ ਭਗਵਾਨਾ । ਭਿੰਨੀ ਰੈਣ ਪਾਵੇ ਭਗਤ ਪ੍ਰਭ ਦਰਸ ਮਹਾਨਾ । ਭਿੰਨੀ ਰੈਣ ਗੁਰਸਿਖ ਲਾਵੇ ਗੁਰਚਰਨ ਧਿਆਨਾ । ਭਿੰਨੀ ਰੈਣ ਪੰਚਮ ਜੇਠ ਕਲਜੁਗ ਪਹਰਿਆ ਕਾਲਾ ਜਾਮਾ । ਭਿੰਨੀ ਰੈਣ ਬੇਮੁਖਾਂ ਚਲਾਇਆ ਅੰਧ ਅਗਿਆਨਾ । ਭਿੰਨੀ ਰੈਣ ਗੁਰਸਿਖਾਂ ਉਪਜਾਇਆ ਬ੍ਰਹਮ ਗਿਆਨਾ । ਭਿੰਨੀ ਰੈਣ ਸਾਧ ਸੰਗਤ ਪ੍ਰਭ ਚਰਨ ਧੂੜ ਇਸ਼ਨਾਨਾ । ਭਿੰਨੀ ਰੈਣ ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਸਾਚਾ ਦੇਵੇ ਦਾਨਾ । ਭਿੰਨੀ ਰੈਣ ਦਰ ਪ੍ਰਭ ਭਗਤ ਭਿਖਾਰੀ । ਭਿੰਨੀ ਰੈਣ ਸੋਹੰ ਸ਼ਬਦ ਰਸਨਾ ਰਸਨ ਉਚਾਰੀ । ਭਿੰਨੀ ਰੈਣ ਹੋਈ ਡੈਣ ਕਲਜੁਗ ਜੀਵ ਸੁਆਏ ਸ਼ਬਦ ਖੁਮਾਰੀ । ਭਿੰਨੀ ਰੈਣ ਸਾਧ ਸੰਗਤ ਨਾਮ ਪ੍ਰਭ ਲੈਣ ਆਏ ਦਰ ਦਰਬਾਰੀ । ਭਿੰਨੀ ਰੈਣ ਬੇਮੁਖ ਕਲਜੁਗ ਠੋਕਰ ਖਾਇਣ, ਘਰ ਘਰ ਹੋਏ ਖੁਆਰੀ । ਭਿੰਨੀ ਰੈਣ ਸਾਧ ਸੰਗਤ ਜਾਏ ਬਲਿਹਾਰੀ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਪੰਚਮ ਜੇਠ ਉਪਜੇ ਨਿਹਕਲੰਕ ਅਵਤਾਰੀ । ਪੰਚਮ ਜੇਠ ਹੋਏ ਦਿਵਸ ਮਹਾਨਾ । ਸਤਿਜੁਗ ਵਰਤੇ ਸਤਿ ਕਰ ਜਾਣਾ । ਚਾਰ ਵਰਨ ਪ੍ਰਭ ਮਾਨੇ ਭਾਣਾ । ਰਾਓ ਰੰਕ ਇਕ ਕਰੇ ਪ੍ਰਭ, ਨਾ ਕੋਈ ਦੀਸੇ ਰਾਣਾ । ਕਲਜੁਗ ਪਰਗਟ ਨਿਹਕਲੰਕ, ਸਤਿਜੁਗ ਸਾਚਾ ਲਾਣਾ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਸਤਿਗੁਰ ਮਨੀ ਸਿੰਘ ਤਖ਼ਤ ਬਹਾਣਾ । ਸਤਿਜੁਗ ਸਾਚਾ ਸਤਿ ਉਪਜਾਇਆ । ਸਚ ਧਰਮ ਦਾ ਪ੍ਰਭ ਰਾਹ ਚਲਾਇਆ । ਸਤਿ ਸਤਿ ਸਤਿ ਪ੍ਰਭ ਵਰਤੇ, ਸਾਚਾ ਲੇਖ ਲਿਖਾਇਆ । ਸੋਹੰ ਸ਼ਬਦ ਚਲੇ ਸਭ ਧਰਤੇ, ਏਕਾ ਸ਼ਬਦ ਪ੍ਰਭ ਰਸਨ ਅਲਾਇਆ । ਸਚ ਸੁੱਚ ਸਭ ਜਗ ਵਰਤੇ, ਨਿਹਕਲੰਕ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਤਿਜੁਗ ਸਾਚਾ ਲਾਇਆ । ਸਤਿਜੁਗ ਲਾਵੇ ਪੀਤ ਪੀਤੰਬਰ । ਏਕਾ ਸ਼ਬਦ ਚਲਾਵੇ ਮਾਤ ਪਤਾਲ ਵਿਚ ਅੰਬਰ । ਕਲਜੁਗ ਕੋਈ ਨਾ ਦੀਸੇ, ਅੰਤਕਾਲ ਕੋਈ ਪੀਰ ਪੈਗੰਬਰ । ਕਲਜੁਗ ਝੂਠਾ ਖੇਲ ਰਚਾਇਆ, ਮੇਟ ਵਖਾਵੇ ਪ੍ਰਭ ਅਡੰਬਰ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਸਰਬ ਭਰਤੰਬਰ । ਭਰਤੰਬਰ ਪ੍ਰਭ ਭਗਵਾਨਾ । ਛਿੰਨ ਭੰਗਰ ਹੋਏ ਜੋਤ ਸਮਾਨਾ । ਪ੍ਰਭ ਕੀ ਮਹਿੰਮਾ ਜਗਤ ਮਹਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਨਾ ਜਾਣੇ ਜੀਵ ਨਾਦਾਨਾ । ਜੀਵ ਨਾਦਾਨ ਨਾ ਪ੍ਰਭ ਵਿਚਾਰਿਆ । ਗੁਰਸਿਖ ਚਤੁਰ ਸੁਜਾਨ, ਦਰ ਆਏ ਚਰਨ ਨਿਮਸਕਾਰਿਆ । ਬੇਮੁਖਾਂ ਮਾਰ ਬਾਣ, ਸੋਹੰ ਪਾਰ ਉਤਾਰਿਆ । ਗੁਰਸਿਖਾਂ ਦੇ ਆਤਮ ਗਿਆਨ, ਪ੍ਰਭ ਸਾਚੇ ਕਾਜ ਸਵਾਰਿਆ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਆਪਣਾ ਭੇਵ ਆਪ ਉਚਾਰਿਆ । ਆਪਣਾ ਭੇਵ ਪ੍ਰਭ ਆਪ ਜਣਾਇਆ । ਨਿਹਕਲੰਕ ਨਾਮ ਧਰ, ਆਪਣਾ ਆਪ ਉਪਾਇਆ । ਜੋਤ ਸਰੂਪੀ ਖੇਲ ਕਰ, ਵਿਚ ਸਿੱਖ ਦੇਹ ਸਮਾਇਆ । ਜੋਤੀ ਜੋਤ ਪ੍ਰਭ ਮੇਲ ਕਰ, ਵਿਛੜਿਆ ਮੇਲ ਮਿਲਾਇਆ । ਬੇਮੁਖਾਂ ਕਲਜੁਗ ਬੇੜਾ ਠੇਲ ਕਰ, ਸ਼ੋਹ

ਦਰਿਆ ਰੁੜ੍ਹਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਆਪਣਾ ਤੇਜ ਵਖਾਇਆ । ਆਪਣਾ ਆਪ ਪ੍ਰਭ ਉਪਾਇਕੇ । ਪੰਜ ਤੱਤ ਦੀ ਦੇਹ ਤਜਾਇਕੇ । ਜੋਤ ਸਰੂਪੀ ਸਾਚੀ ਜੋਤ ਜਗਾਇਕੇ । ਗੁਰਸਿਖ ਦੇ ਵਿਚ ਆਸਣ ਲਾਇਕੇ । ਕਲਜੁਗ ਜੀਵ ਉਪਾਏ ਬਚਨ ਸੁਣਾਇਕੇ । ਬੇਮੁਖਾਂ ਮੇਟ ਮਿਟਾਏ ਸਾਚੇ ਲੇਖ ਜਾਏ ਲਿਖਾਇਕੇ । ਜਨ ਭਗਤਾਂ ਆਣ ਤਰਾਏ, ਆਤਮ ਬ੍ਰਹਮ ਗਿਆਨ ਦਵਾਇਕੇ । ਸਰਨ ਪੜੇ ਦੀ ਲਾਜ ਰਖਾਇਕੇ । ਜੋ ਜਨ ਚਰਨੀਂ ਡਿੱਗੇ ਆਇਕੇ । ਸਾਚਾ ਪ੍ਰਭ ਹੋਏ ਸਹਾਏ, ਜੋ ਆਏ ਗਲ ਪੱਲਾ ਪਾਇਕੇ । ਮਹਾਰਾਜ ਸ਼ੇਰ ਸਿੰਘ ਸੋਹੰ ਚਲਾਏ ਸਾਚੀ ਨਾਏ, ਗੁਰਸਿਖਾਂ ਪਾਰ ਕਰਾਏ ਉਪਰ ਚੜ੍ਹਾਇਕੇ । ਸਾਚੀ ਨਾਓ ਨਿਹਕਲੰਕ ਚਲਾਈ । ਸੋਹੰ ਬਾਣ ਪ੍ਰਭ ਜੀਵ ਲਗਾਈ । ਨਾਮ ਨਿਧਾਨ ਨਿਹਕਲੰਕ ਦਵਾਈ । ਮਹਾਰਾਜ ਸ਼ੇਰ ਸਿੰਘ ਤੇਰੀ ਆਣ, ਚਾਰ ਕੁੰਟ ਚਾਰ ਵਰਨ ਹੋ ਜਾਈ । ਚਾਰ ਵਰਨ ਹੋਏ ਪ੍ਰਭ ਕੀ ਆਣ । ਏਕਾ ਸ਼ਬਦ ਸੋਹੰ ਵੱਜੇ ਬਾਣ । ਜਨ ਭਗਤ ਪ੍ਰਭ ਚਰਨੀਂ ਡਿੱਗਣ ਆਣ । ਬੇਮੁਖ ਕਲਜੁਗ ਨਾ ਕਰਨ ਪ੍ਰਭ ਪਛਾਣ । ਜਨ ਭਗਤਾਂ ਪ੍ਰਭ ਸੋਹੰ ਸ਼ਬਦ ਦੇਵੇ ਦਾਨ । ਉਤਮ ਹੋਏ ਵਿਚ ਜਹਾਨ । ਬੇਮੁਖ ਅੰਤ ਕਲਜੁਗ ਸਾਰੇ ਮਿਟ ਜਾਣ । ਝੂਠੀ ਮਾਇਆ ਝੂਠੇ ਜੀਵ ਨਾ ਰਹੇ ਨਾਮ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸੋਹੰ ਚਾਰ ਵਰਨ ਪਾਏ ਆਣ । ਸੋਹੰ ਸ਼ਬਦ ਸਤਿ ਤੇਰਾ ਮਾਣ । ਮਿਲੇ ਵਡਿਆਈ ਸਤਿ ਕਰ ਜਾਣ । ਜੀਵ ਜੰਤ ਸਭ ਰਸਨਾ ਗਾਣ । ਰਸਨਾ ਜਪ ਜੀਵ ਹੋਏ ਗੁਣੀ ਨਿਧਾਨ । ਆਤਮ ਦਾਤ ਸਾਚੀ ਸਤਿ ਮਾਣ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਸੋਹੰ ਵਿਸ਼ਨੂੰ ਭਗਵਾਨ । ਸੋਹੰ ਸ਼ਬਦ ਵਡ ਸਾਗਰ ਸਿੰਧ । ਰਸਨਾ ਜਪਾਏ ਕਰੋੜ ਤੇਤੀਸ ਪੁਰੀ ਵਿਚ ਇੰਦ । ਬੇਮੁਖ ਦਰ ਤੇ ਕਰ ਜਾਇਣ ਨਿੰਦ । ਕਲਜੁਗ ਪਛਾੜੇ ਪ੍ਰਭ ਮਰਗਿੰਦ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਗੁਣੀ ਗਹਿੰਦ । ਗੁਣ ਸਾਗਰ ਪ੍ਰਭ ਗਹਿਰ ਗੰਭੀਰ । ਬੇਮੁਖਾਂ ਮਾਰੇ ਸੋਹੰ ਤੀਰ । ਗੁਰਸਿਖਾਂ ਹੋਏ ਸ਼ਾਂਤ ਸਰੀਰ । ਸੋਹੰ ਸ਼ਬਦ ਪ੍ਰਭ ਆਤਮ ਦੇਵੇ ਧੀਰ । ਬੇਮੁਖ ਕੁੰਟ ਚਾਰ ਪੈ ਜਾਏ ਵਹੀਰ । ਦੁਖ ਭੁਖ ਭੁਖ ਦੁਖ ਤਨ ਨਾ ਦੀਸੇ ਚੀਰ । ਜਗਤ ਹਲੂਣਾ ਆਇਆ, ਭੈਣਾਂ ਛੱਡ ਗਏ ਵੀਰ । ਮਾਤਾ ਪੁੱਤਰ ਭੁਲਾਇਆ, ਬੱਚੇ ਛੱਡੇ ਪੀਂਦੇ ਸੀਰ । ਰਾਓ ਰੰਕ ਕਰ ਬਹਾਇਆ, ਸ਼ਬਦ ਚਲਿਆ ਤੀਰ । ਸਾਧ ਸੰਗਤ ਪ੍ਰਭ ਮਾਣ ਦਵਾਇਆ, ਸੋਹੰ ਸ਼ਬਦ ਸ਼ਾਂਤ ਸਰੀਰ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ, ਕੱਟੀ ਹਉਮੇ ਪੀੜ । ਸ਼ਬਦ ਤੀਰ ਪ੍ਰਭ ਜਗਤ ਚਲਾਇਆ । ਚਾਰ ਕੁੰਟ ਕੁੰਟ ਚਾਰ ਪੈ ਜਾਏ ਦੁਹਾਇਆ । ਕਲਜੁਗ ਜੀਵ ਜੀਵ ਕਲਜੁਗ ਭੁਲਾਏ ਮਾਇਆ । ਪ੍ਰਭ ਅਬਿਨਾਸ਼ੀ ਦਿਸ ਨਾ ਆਇਆ । ਹੋਏ ਮਦਿ ਮਾਸੀ ਜੀਵ ਮਾਨਸ ਜਨਮ ਗਵਾਇਆ । ਅੰਤ ਪਈ ਗਲ ਜਮ ਕੀ ਫਾਸੀ, ਪ੍ਰਭ ਨਰਕ ਨਿਵਾਸ ਦਵਾਇਆ । ਸਾਧ ਸੰਗਤ ਤੇਰੀ ਸੇਵਾ ਰਾਸੀ, ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਕੱਟੀ ਗਲੋਂ ਸਿਲਕ ਜਮ ਫਾਸੀ, ਜਮਰਾਜ ਨੇੜ ਨਾ ਆਇਆ । ਹੋਏ ਸਹਾਈ ਘਨਕਪੁਰ ਵਾਸੀ, ਦੇ ਦਰਸ ਅੰਤਕਾਲ ਗੁਰਸਿਖ ਤਰਾਇਆ । ਮਹਾਰਾਜ ਸ਼ੇਰ ਸਿੰਘ ਜੋਤ ਜਗਤ ਪਰਕਾਸ਼ੀ, ਰਾਓ ਰੰਕ ਇਕ ਕਰਾਇਆ ।

❊ ੧੫ ਸਾਵਣ ੨੦੦੮ ਬਿਕ੍ਰਮੀ ਮੇਰਠ ਵਿਹਾਰ ਹੋਇਆ ❊

ਤੀਨ ਲੋਕ ਪ੍ਰਭ ਵਰਤਾਰਾ । ਜੋਤ ਨਿਰੰਜਣ ਮਾਤ ਪਤਾਲ ਅਕਾਸ਼ ਸਤਿ ਉਜਿਆਰਾ । ਕਲਜੁਗ ਜਾਮਾ ਕਲਜੁਗ ਪਰਗਟੇ ਨਿਹਕਲੰਕ ਅਵਤਾਰਾ । ਸਤਿ ਨਿਰੰਜਣ ਸਤਿ ਪੁਰਖ, ਜੋਤ ਜਗਾਵੇ ਵਿਚ ਸੰਸਾਰਾ । ਸਰਬ ਘਟ ਸਰਬ ਦੁਖ ਭੰਜਨ, ਸਾਚਾ ਕਰੇ ਕਲ ਵਰਤਾਰਾ । ਏਕਾ ਸ਼ਬਦ ਚੜ੍ਹਾਏ ਸਾਚੀ ਰੰਗਣ, ਸੋਹੰ ਸ਼ਬਦ ਹੋਵੇ ਜੈ ਜੈ ਜੈਕਾਰਾ । ਸਾਧ ਸੰਗਤ ਪ੍ਰਭ ਦਰ ਤੇ ਮੰਗਣ, ਦੋਏ ਜੋੜ ਕਰ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਸਤਿਜੁਗ ਵਰਤੇ, ਤੇਰਾ ਸਚ ਪਸਾਰਾ । ਤੀਨ ਲੋਕ ਜੋਤ ਸਰੂਪ ਪਰਕਾਸ਼ਿਆ । ਜੁਗੋ ਜੁਗ ਅਟਲ ਪ੍ਰਭ, ਨਾ ਹੋਵੇ ਕਦੇ ਵਿਨਾਸਿਆ । ਬੇਮੁਖ ਜਾਏ ਕਲ ਜਾਏ ਝੂਠਾ ਜੀਵ ਸਰਬ ਵਿਨਾਸਿਆ । ਸਾਧ ਸੰਗਤ ਪ੍ਰਭ ਦਰ ਲਿਆ ਮਲ, ਸੋਹੰ ਸ਼ਬਦ ਪ੍ਰਭ ਦੇਵੇ ਭਰਵਾਸਿਆ । ਜੋਤ ਸਰੂਪ ਸਦਾ ਅਟਲ, ਮਹਾਰਾਜ ਸ਼ੇਰ ਸਿੰਘ ਸਰਬ ਘਟ ਵਾਸਿਆ । ਤੀਨ ਲੋਕ ਪ੍ਰਭ ਚਰਨ ਦਵਾਰੇ । ਸਾਚਾ ਸਾਹਿਬ ਸਾਚੀ ਰੱਖੇ ਜਗਤ ਸਿਕਦਾਰੇ । ਜਗਾਏ ਜੋਤ ਜਗਤ ਪਸਾਰ, ਬੈਠੇ ਵਿਚ ਆਪ ਨਿਰਾਧਾਰੀ । ਸਾਚਾ ਕਲ ਪ੍ਰਭ ਆਕਾਰ, ਜਨ ਭਗਤਾਂ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਤੇਰਾ ਸਚ ਦਰਬਾਰ, ਸਾਧ ਸੰਗਤ ਰਹੇ ਚਰਨ ਦਵਾਰੀ । ਪ੍ਰਭ ਚਰਨ ਚਰਨ ਕਵਲ । ਸਾਧ ਸੰਗਤ ਆਤਮ ਜੋਤ ਪ੍ਰਭ ਗਈ ਮਵਲ । ਦੇਵੇ ਵਡਿਆਈ ਨਿਹਕਲੰਕ ਉਪਰ ਧਵਲ । ਧਵਲ ਧਰਾਏ ਧਰਵਾਸ, ਪ੍ਰਭ ਜੋਤ ਧਰ । ਸਾਚਾ ਕਰ ਪਰਕਾਸ਼, ਪ੍ਰਭ ਅਵਤਾਰ ਨਰ । ਮਾਤ ਪਤਾਲ ਅਕਾਸ਼, ਸਾਚਾ ਦਿਖਾਵੇ ਗੁਰਸਿਖ ਘਰ । ਮਹਾਰਾਜ ਸ਼ੇਰ ਸਿੰਘ ਸਦਾ ਅਬਿਨਾਸ਼, ਸਾਧ ਸੰਗਤ ਸੋਹੇ ਸਾਚੇ ਦਰ । ਸਾਚਾ ਦਰ ਊਚਾ ਦਰਬਾਰ । ਜੋਤ ਜਗਾਈ ਪ੍ਰਭ ਨਿਰੰਕਾਰ । ਏਕਾ ਸ਼ਬਦ ਚਲਾਏ, ਸਤਿਜੁਗ ਸਤਿ ਕਰੇ ਵਰਤਾਰ । ਆਪਣਾ ਨਾਮ ਜਪਾਏ, ਸੋਹੰ ਸਤਿਜੁਗ ਦੇ ਅਧਾਰ । ਏਕਾ ਨਾਮ ਧਰਾਏ, ਸਤਿਜੁਗ ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਵਰਤੇ ਤੇਰਾ ਹੁਕਮ ਅਪਾਰ । ਹੁਕਮ ਵਰਤਾਏ ਕਲਜੁਗ ਵਰਤਾਰਾ । ਦੁਖ ਭੁਖ ਕਰੇ ਜਗਤ ਖੁਆਰਾ । ਜੋਤ ਸਰੂਪ ਜਲਾਏ ਪ੍ਰਭ ਬੇਮੁਖ, ਚਾਰ ਕੁੰਟ ਮਚ ਜਾਏ ਧੁੰਧੂਕਾਰਾ । ਘਰ ਘਰ ਘਰ ਹੋਏ ਹਾਹਾਕਾਰਾ । ਸਾਧ ਸੰਗਤ ਸੋਹੇ ਪ੍ਰਭ ਚਰਨ ਦਵਾਰਾ । ਸੋਹੰ ਸ਼ਬਦ ਰਸਨਾ ਕਰੇ ਜੈ ਜੈ ਜੈਕਾਰਾ । ਮਹਾਰਾਜ ਸ਼ੇਰ ਸਿੰਘ ਸਤਿਜੁਗ ਵਰਤੇ, ਤੇਰਾ ਸਤਿ ਵਰਤਾਰਾ । ਸਤਿ ਸਤਿ ਸਤਿ ਵਰਤਾਏ, ਜਗਤ ਦਿਖਾਏ ਬੇਮੁਖ ਰੁਲਾਏ, ਕਰੇ ਜੋਤ ਖੁਆਰਾ । ਪ੍ਰਭ ਦਰਸ ਦਿਖਾਏ ਗੁਰਮੁਖਾਂ ਚਰਨੀਂ ਲਾਏ, ਹਉਮੈ ਅਗਨ ਜਲਾਏ, ਦੇਵੇ ਸਾਚਾ ਨਾਮ ਅਧਾਰਾ । ਸੋਹੰ ਸਾਚੀ ਨਾਓ ਚਲਾਏ, ਭਗਤ ਜਨ ਵਿਰਲਾ ਕੋਈ ਚੜ੍ਹ ਜਾਏ, ਕਲਜੁਗ ਬੇੜਾ ਪਾਰ ਕਰਾਏ, ਪਾਵੇ ਦਰਸ ਨਿਹਕਲੰਕ ਅਵਤਾਰਾ । ਮਹਾਰਾਜ ਸ਼ੇਰ ਸਿੰਘ ਜੋਤ ਜਗਾਏ, ਚਾਰ ਕੁੰਟ ਚਾਰ ਵਰਨ ਜੈ ਜੈ ਜੈਕਾਰ ਕਰਾਏ, ਸਾਚਾ ਸ਼ਬਦ ਕਰੇ ਵਰਤਾਰਾ । ਸਾਚਾ ਸ਼ਬਦ ਹੋਵੇ ਧਨ ਮਾਲ । ਜੋਤ ਜਗਾਏ ਕਲਜੁਗ ਵਿਸ਼ਨੂੰ ਭਗਵਾਨ । ਏਕਾ ਸ਼ਬਦ ਵਰਤਾਏ, ਸੋਹੰ ਦਾਨੀ ਦਾਨ । ਗੁਰਮੁਖ ਵਿਰਲਾ ਪਾਏ, ਆਤਮ ਹੋਵੇ ਬ੍ਰਹਮ ਗਿਆਨ । ਜੋ ਜਨ ਚਰਨੀ ਆਏ, ਸਾਧ ਸੰਗਤ ਰਲ ਜਾਣ । ਕਲਜੁਗ ਜਾਮਾ ਧਾਰ ਨਿਹਕਲੰਕ ਦੇਵੇ ਮਾਣ । ਮਹਾਰਾਜ ਸ਼ੇਰ ਸਿੰਘ ਸਾਚਾ ਦਰ, ਰਾਓ ਰੰਕ ਇਕ ਸਮਾਨ । ਰਾਓ ਰੰਕ ਰੰਕ ਰਾਓ ਪ੍ਰਭ ਇਕ ਕਰਾਏ । ਊਚ ਨੀਚ ਦਾ ਭੇਵ ਚੁਕਾਏ । ਸੋਹੰ ਸ਼ਬਦ ਸਤਿਜੁਗ ਸਾਚਾ ਗਿਆਨ ਦਵਾਏ । ਏਕਾ ਜੋਤ ਜਗੇ ਨਿਰੰਜਣ, ਦੇਹ ਦੁਖ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚੀ ਜੋਤ ਜਗਾਏ । ਜੋਤ ਜਗੇ ਜਗਤ ਉਜਿਆਰਾ ।

ਨਿਹਕਲੰਕ ਤੇਰਾ ਹੋਵੇ ਸਰਬ ਪਸਾਰਾ । ਸਤਿਗੁਰ ਮਨੀ ਸਿੰਘ ਸਾਚਾ ਸੁਤ ਪ੍ਰਭ ਤਾਰਾ । ਕਲਜੁਗ ਪਰਗਟ ਨਿਹਕਲੰਕ ਮਹਾਰਾਜ ਸ਼ੇਰ ਸਿੰਘ ਨਾਮ ਉਚਾਰਾ । ਨਾਮ ਨਿਰੰਜਣ ਜਗਤ ਅਨੇਕ । ਜੋਤ ਜਗਾਏ ਪ੍ਰਭ ਏਕਾ ਏਕ । ਸੰਤ ਜਨਾਂ ਸਾਚਾ ਸ਼ਬਦ ਰਖਾਏ ਟੇਕ । ਆਤਮ ਕਰੇ ਬ੍ਰਹਮ ਗਿਆਨ, ਬੁੱਧ ਕਰੇ ਬਿਬੇਕ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਆਤਮ ਵੇਖ । ਆਤਮ ਵੇਖ ਵਿਚਾਰ ਕਰ, ਵਿਚ ਹਰਿ ਪ੍ਰਭ ਵਸਿਆ । ਸਾਚਾ ਸ਼ਬਦ ਆਕਾਰ ਕਰ, ਸਾਚਾ ਰਾਹ ਪ੍ਰਭ ਸਾਚੇ ਦੱਸਿਆ । ਕਲਜੁਗ ਬੇੜਾ ਪਾਰ ਕਰ, ਮਿਟੇ ਅੰਧੇਰ ਜਿਉਂ ਚੰਦ ਮੱਸਿਆ । ਸਾਚਾ ਸ਼ਬਦ ਸੋਹੰ ਜਨ ਭਗਤਾਂ ਹਿਰਦੇ ਵਸਿਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਆਪਣਾ ਭੇਵ ਸ਼ਬਦ ਸਰੂਪੀ ਦੱਸਿਆ । ਸ਼ਬਦੀ ਸ਼ਬਦ ਚਲਾ, ਪ੍ਰਭ ਏਕਾ ਜੋਤ ਜਗਾਏ । ਸਾਧ ਸੰਗਤ ਦਰਸਾ, ਪ੍ਰਭ ਸਾਚੀ ਲਿਖਤ ਕਰਾਏ । ਸੋਹੰ ਸ਼ਬਦ ਜਪਾ, ਪ੍ਰਭ ਆਤਮ ਉਜਿਆਰ ਕਰਾਏ । ਸਾਚਾ ਸ਼ਬਦ ਵਰਤਾ ਪ੍ਰਭ ਗੁਰਸਿਖਾਂ ਨਾਮ ਦਵਾਏ । ਜੋਤ ਸਰੂਪ ਦਰਸ ਦਿਖਾ, ਪ੍ਰਭ ਆਤਮ ਤ੍ਰਿਖਾ ਮਿਟਾਏ । ਵਿਚ ਜੋਤੀ ਜੋਤ ਮਿਲਾ, ਪ੍ਰਭ ਜਨਮ ਮਰਨ ਦਾ ਗੇੜ ਕਟਾਏ । ਗੁਰਸਿਖ ਸਾਚੇ ਰਿਹਾ ਸਮਾ, ਪ੍ਰਭ ਵਾਸ ਵਿਚ ਬੈਕੁੰਠ ਕਰਾਏ । ਮਹਾਰਾਜ ਸ਼ੇਰ ਸਿੰਘ ਆਪਣੀ ਜੋਤ ਪਰਗਟਾ, ਭਾਣਾ ਕਲ ਵਰਤਾਏ । ਕਲ ਵਰਤਾਏ ਵਰਤੇ ਪ੍ਰਭ ਕਾ ਭਾਣਾ । ਨਾ ਕੋਈ ਦੀਸੇ ਰਾਜਾ ਰਾਣਾ । ਜੋਤ ਸਰੂਪ ਜਗਤ ਪਿਤ ਸਰਬ ਥਾਈਂ ਸਮਾਣਾ । ਮਹਾਰਾਜ ਸ਼ੇਰ ਸਿੰਘ ਸਾਚਾ ਦਰ ਕਿਸੇ ਵਿਰਲੇ ਗੁਰਮੁਖ ਪਾਣਾ । ਆਏ ਜਗ ਪ੍ਰਭ ਭਗਤ ਵਡਿਆਏ । ਜਨ ਭਗਤਾਂ ਦੇ ਵਡਿਆਈ, ਉਜਲ ਮੁਖ ਕਰਾਏ । ਸਾਧ ਸੰਗਤ ਪ੍ਰਭ ਹੋ ਸਹਾਈ, ਸਾਚਾ ਨਾਮ ਦਵਾਏ । ਚਾਰ ਵਰਨ ਤੇਰੇ ਨਾਮ ਦੁਹਾਈ, ਜੈ ਜੈ ਜੈਕਾਰ ਕਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਜੋਤ ਜਗਾਏ । ਸਤਿਜੁਗ ਸੁਹਾਏ ਸਚ ਵਰਤਾਏ, ਸਚ ਕੁਲਵੰਤ । ਸਚ ਸ਼ਬਦ ਵਰਤਾਏ, ਏਕਾ ਰੰਗ ਲਾਏ, ਏਕ ਕਰਾਏ ਸਭ ਜੀਵ ਜੰਤ । ਸਤਿ ਪੁਰਖਾਂ ਸਾਚਾ ਨਾਮ ਦਵਾਏ, ਅੰਧ ਅੰਧਿਆਰ ਮਿਟਾਏ, ਸਾਚੀ ਜੋਤ ਜਗਾਏ ਭਗਵੰਤ । ਮਹਾਰਾਜ ਸ਼ੇਰ ਸਿੰਘ ਸਤਿ ਸ਼ਬਦ ਲਿਖਾਏ, ਗੁਰਸਿਖ ਉਜਲ ਵਿਚ ਜਗਤ ਕਰਾਏ, ਦੇਵੇ ਵਡਿਆਈ ਵਿਚ ਸਾਧ ਸੰਤ । ਸੰਤਨ ਸੰਗ ਸਦ ਪ੍ਰਭ ਵੇਸ । ਕਲਜੁਗ ਪਰਗਟ ਕੀਆ ਜੋਤ ਸਰੂਪ ਭੇਸ । ਬੇਮੁਖਾਂ ਪਕੜ ਪਛਾੜਿਆ ਜਿਉਂ ਕ੍ਰਿਸ਼ਨਾ ਕੰਸਾ ਕੇਸ । ਸਾਧ ਸੰਗਤ ਤੇਰਾ ਜਨਮ ਮਰਨ ਸਵਾਰਿਆ, ਦਰ ਆਏ ਜੋ ਦਰਵੇਸ਼ । ਏਕਾ ਜੋਤ ਧਰੇ ਇਕ ਓਅੰਕਾਰਿਆ, ਦਰ ਖੜ੍ਹੇ ਵਿਸ਼ਨੂੰ ਬ੍ਰਹਮਾ ਮਹੇਸ਼ । ਸਾਚਾ ਸ਼ਬਦ ਜਗਤ ਵਰਤਾਰਿਆ, ਸਾਚੇ ਸਾਹਿਬ ਸਦਾ ਆਦੇਸ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰਿਆ, ਕਲਜੁਗ ਵਡ ਨਰਗੇਸ਼ । ਵਡਾ ਵਡ ਵਡੀ ਵਡਿਆਈ । ਮਾਤਲੋਕ ਪ੍ਰਭ ਜੋਤ ਪਰਗਟਾਈ । ਪਰਗਟ ਜੋਤ ਨਿਹਕਲੰਕ, ਜੋਤ ਅਗਨ ਜਗਤ ਲਗਾਈ । ਸੋਹੰ ਸ਼ਬਦ ਵਜਾਏ ਸਾਚਾ ਡੰਕ, ਰਾਓ ਰੰਕ ਇਕ ਕਰਾਈ । ਜਨ ਭਗਤਾਂ ਉਜਲ ਕਰਾਏ ਜਿਉਂ ਤ੍ਰੇਤਾ ਜਨਕ, ਜੋ ਆਏ ਪ੍ਰਭ ਸਰਨਾਈ । ਮਹਾਰਾਜ ਸ਼ੇਰ ਸਿੰਘ ਵਾਸੀ ਪੁਰੀ ਘਨਕ, ਸਾਚੀ ਜੋਤ ਕਲ ਪਰਗਟਾਈ । ਸਾਚੀ ਜੋਤ ਕਲ ਪਰਗਟਾਏ । ਸਾਚੀ ਵਸਤ ਸੰਭਾਲ ਸਿਖ, ਪ੍ਰਭ ਝੋਲੀ ਪਾਏ । ਆਤਮ ਜੋਤੀ ਬਾਲ ਸਿਖ, ਪ੍ਰਭ ਸਾਚੀ ਜੋਤ ਜਗਾਏ । ਗੁਰਚਰਨ ਪ੍ਰੀਤੀ ਪਾਲ ਸਿਖ, ਮਾਨਸ ਜਨਮ ਫਿਰ ਹੱਥ ਨਾ ਆਏ । ਮਹਾਰਾਜ ਸ਼ੇਰ ਸਿੰਘ ਗੁਰ ਗੋਪਾਲ ਸਿਖ, ਸ਼ਰਨ ਲਾਗ ਬੇੜਾ ਪਾਰ ਕਰਾਏ । ਬੇੜਾ ਪਾਰ ਪ੍ਰਭ ਜਗਤ ਕਰਾਇਆ । ਚਰਨ ਆਏ ਜਿਸ ਸੀਸ ਝੁਕਾਇਆ । ਚਾਰ ਵਰਨ ਵਰਨ ਚਾਰ, ਪ੍ਰਭ ਸਾਚੇ ਮਾਣ ਦਵਾਇਆ । ਕਲਜੁਗ ਜਾਮਾ ਧਾਰ, ਸਾਧ ਸੰਗਤ ਪ੍ਰਭ ਦਰਸ

ਦਿਖਾਇਆ । ਜੇਠ ਪੰਚਮ ਰੈਣ ਸੁਹਾਈ, ਪ੍ਰਭ ਪਰਗਟਿਆ ਨੈਣ ਮੁਧਾਰੜਾ । ਜੇਠ ਪੰਚਮ ਰੈਣ ਸੁਹਾਈ, ਪ੍ਰਭ ਆਇਆ ਜਗਤ ਪਧਾਰੜਾ । ਜੇਠ ਪੰਚਮ ਰੈਣ ਸੁਹਾਈ, ਮਾਤਲੋਕ ਬਣੇ ਸਚਖੰਡ ਦਵਾਰੜਾ । ਜੇਠ ਪੰਚਮ ਰੈਣ ਸੁਹਾਈ, ਪਰਗਟ ਜੋਤ ਪ੍ਰਭ ਜੋਤ ਸਰੂਪੀ ਬਾਲੜਾ । ਜੇਠ ਪੰਚਮ ਰੈਣ ਸੁਹਾਈ, ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਲਾਲੜਾ । ਪੰਚਮ ਜੇਠ ਤੇਰੀ ਵਡਿਆਈ, ਨਿਹਕਲੰਕ ਕਲ ਜੋਤ ਪਰਗਟਾਈ । ਪੰਚਮ ਜੇਠ ਤੇਰੀ ਵਡਿਆਈ, ਚਾਰ ਵਰਨ ਜੁਗ ਚਾਰ ਰਸਨਾ ਗਾਈ । ਪੰਚਮ ਜੇਠ ਤੇਰੀ ਵਡਿਆਈ, ਗਣ ਗੰਧਰਬ ਫੂਲਨ ਬਰਖਾ ਲਾਈ । ਪੰਚਮ ਜੇਠ ਤੇਰੀ ਵਡਿਆਈ, ਕਰੋੜ ਤੇਤੀਸ ਸੁਰਪਤ ਦਰ ਖੜ੍ਹੇ ਆਈ । ਪੰਚਮ ਜੇਠ ਤੇਰੀ ਵਡਿਆਈ, ਇੰਦ ਇੰਦਰਾਸਨ ਸਿੰਘ ਸਿੰਘਾਸਣ ਪ੍ਰਭ ਦਵਾਰ ਖੜ੍ਹੇ ਸਿਰ ਝੁਕਾਈ । ਪੰਚਮ ਜੇਠ ਤੇਰੀ ਵਡਿਆਈ, ਸ਼ਿਵ ਸ਼ੰਕਰ ਖੜ੍ਹੇ ਦਵਾਰ ਗਲ ਬਾਸ਼ਕ ਤਸ਼ਕ ਪਾਈ । ਪੰਚਮ ਜੇਠ ਤੇਰੀ ਵਡਿਆਈ, ਸਹੰਸਰ ਮੁਖ ਬਾਸ਼ਕ ਸੋਹੰ ਰਸਨਾ ਗਾਈ । ਪੰਚਮ ਜੇਠ ਤੇਰੀ ਵਡਿਆਈ, ਨਰ ਨਰਾਇਣ ਨਿਹਕਲੰਕ ਕਲਜੁਗ ਸਾਚੀ ਜੋਤ ਜਗਾਈ । ਪੰਚਮ ਜੇਠ ਤੇਰੀ ਵਡਿਆਈ, ਸਾਧ ਸੰਗਤ ਮਿਲ ਪ੍ਰਭ ਦਵਾਰ ਰਸਨਾ ਹਰਿ ਹਰਿ ਗਾਈ । ਮਹਾਰਾਜ ਸ਼ੇਰ ਸਿੰਘ ਸਤਿ ਕਰਤਾਰ, ਸਾਚੀ ਜੋਤ ਵਿਚ ਜਗਤ ਜਗਾਈ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਨਿਹਕਲੰਕ ਕਲ ਧਾਰੇ ਜਾਮਾ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਸੋਹੰ ਸ਼ਬਦ ਚਲਾਏ ਸਾਚਾ ਨਾਮਾ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ, ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ ਜੋਤ ਸਰੂਪੀ ਪਹਰਿਆ ਜਾਮਾ । ਰੈਣ ਸੁਹਾਈ ਜੋਤ ਪਰਕਾਸ਼ੇ । ਕਲਜੁਗ ਅੰਧੇਰ ਜਗਤ ਵਿਨਾਸੇ । ਧਾਰੇ ਜਾਮਾ ਨਿਹਕਲੰਕ, ਪੂਰਨ ਪੁਰਖ ਅਬਿਨਾਸੇ । ਏਕਾ ਸ਼ਬਦ ਵਜਾਏ ਡੰਕ, ਸਾਧ ਸੰਗਤ ਪ੍ਰਭ ਹਿਰਦੇ ਵਾਸੇ । ਚਾਰ ਵਰਨ ਇਕ ਕਰਾਏ ਰਾਉ ਰੰਕ, ਊਚ ਨੀਚ ਸਭ ਏਕਾ ਰਾਸੇ । ਏਕਾ ਪ੍ਰਭ ਏਕਾ ਓਟ ਰਖਾਏ ਅੰਕ, ਜਗਤ ਭੇਖ ਹੋਏ ਸਭ ਨਾਸੇ । ਸਾਚੀ ਸ਼ਬਦ ਪ੍ਰਭ ਲਗਾਏ ਤਨਕ, ਗੁਰਸਿਖ ਦੁਖ ਵਿਕਾਰ ਸਰਬ ਦੇਹ ਨਾਸੇ । ਦਿਖਾਵੇ ਦਰਸ ਪ੍ਰਭ ਵਾਸੀ ਪੁਰੀ ਘਨਕ, ਏਕਾ ਸ਼ਬਦ ਧਰੇ ਧਰਵਾਸੇ । ਏਕਾ ਸ਼ਬਦ ਸਤਿਜੁਗ ਧੀਰ ਧਰਾਏ । ਹਿਰਦਕ ਕਰੇ ਪਰਕਾਸ਼ ਜੋਤ ਅਗਿਆਨ ਅੰਧੇਰ ਮਿਟਾਏ । ਸਾਚਾ ਪ੍ਰਭ ਕਰੇ ਵਿਚ ਵਾਸ, ਭੂਤ ਭਵਿਖਤ ਸਰਬ ਦਏ ਗਵਾਏ । ਹਉਮੈ ਅਗਨ ਕਰੇ ਸਭ ਨਾਸ, ਅਮਕਾ ਜੀਵ ਕੋਈ ਰਹਿਣ ਨਾ ਪਾਏ । ਸਾਚਾ ਸ਼ਬਦ ਪਰਵੇਸ਼ ਕਰੇ ਗੁਣਤਾਸ, ਨਿਰਮਲ ਸਾਚੀ ਜੋਤ ਜਗਾਏ । ਗੁਰਮੁਖ ਪ੍ਰਭ ਚਰਨ ਮਿਲਣ ਦੀ ਆਸ, ਪ੍ਰਭ ਪਰਗਟ ਦਰਸ ਦਿਖਾਏ । ਸਾਧ ਸੰਗਤ ਪ੍ਰਭ ਸਦ ਹੈ ਵਾਸ, ਪਰਗਟ ਜੁਗੋ ਜੁਗ ਪੈਜ ਰਖਾਏ । ਬੇਮੁਖਾਂ ਕਰੇ ਪ੍ਰਭ ਸਦ ਹੀ ਨਾਸ, ਭਾਣਾ ਜਗਤ ਵਰਤਾਏ । ਮਹਾਰਾਜ ਸ਼ੇਰ ਸਿੰਘ ਗੁਰਚਰਨ ਰਹਿਰਾਸ, ਰਸਨਾ ਸੋਹੰ ਸ਼ਬਦ ਸਚ ਗਾਏ । ਸੋਹੰ ਸ਼ਬਦ ਸਤਿਜੁਗ ਉਧਾਰ । ਏਕਾ ਏਕ ਵਰਤਾਏ ਪ੍ਰਭ ਏਕੰਕਾਰ । ਵਕ਼ਤ ਸੁਹਾਏ ਪਰਗਟੇ ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਜੋ ਜਨ ਰਸਨਾ ਗਾਏ, ਕਲਜੁਗ ਉਤਰੇ ਪਾਰ । ਰਸਨਾ ਜਪੇ ਰਸ ਰਾਮ ਰਸਈਆ । ਦਿਖਾਵੇ ਦਰਸ ਪਰਗਟ ਜੋਤ, ਨਿਹਕਲੰਕ ਕ੍ਰਿਸ਼ਨ ਘਨਈਆ । ਸੋਹੰ ਸਾਚਾ ਸ਼ਬਦ, ਸਾਚੇ ਪ੍ਰਭ ਸਤਿਜੁਗ ਚਲਾਈ ਸਾਚੀ ਨਈਆ । ਮਹਾਰਾਜ ਸ਼ੇਰ ਸਿੰਘ ਘਨਕਪੁਰ ਵਾਸੀ, ਸਾਚਾ ਸ਼ਬਦ ਗੁਰਸਿਖ ਦਵਈਆ । ਸਾਚਾ ਸ਼ਬਦ ਪ੍ਰਭ ਸਚ ਉਪਜਾਇਆ । ਜਾਮਾ ਧਾਰ ਨਿਹਕਲੰਕ ਜਨ ਭਗਤਾਂ ਹਿਰਦੇ ਵਸਾਇਆ । ਸਾਚਾ ਕਲ ਸ਼ਬਦ ਧੁੰਨਕਾਰ, ਬਜਰ ਕਪਾਟ ਖੋਲ੍ਹ ਵਖਾਇਆ । ਏਕਾ ਜੋਤ ਧਰੇ ਇਕ ਓਅੰਕਾਰ, ਦੀਪਕ ਸਾਚਾ ਵਿਚ ਦੇਹ ਜਗਾਇਆ । ਬੈਠ ਰਿਹਾ ਅਡੋਲ ਵਿਚ ਨਿਰਾਧਾਰ,

ਆਪਣਾ ਭੇਵ ਪ੍ਰਭ ਆਪ ਜਣਾਇਆ । ਗੁਰਸਿਖਾਂ ਸਾਚੀ ਪ੍ਰਭ ਪੂਰਨ ਸਾਰ, ਆਤਮ ਪਰਦਾ ਵਿਚੋਂ ਲਾਹਿਆ । ਅਨਹਦ ਸ਼ਬਦ ਉਪਜੇ ਧੁਨਕਾਰ, ਜੋਤ ਸਰੂਪ ਪ੍ਰਭ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਜੀਵ ਖੁਲ੍ਹਾਏ ਆਤਮ ਸੁੰਨ, ਸਤਿ ਸਰੂਪ ਹੋਏ ਦਰਸ ਦਿਖਾਇਆ । ਖੁਲ੍ਹੇ ਸੁੰਨ ਆਤਮ ਉਜਿਆਰੀ । ਸਾਚਾ ਦੀਸੇ ਪ੍ਰਭ ਜਗਤ ਮੁਰਾਰੀ । ਜਗਨ ਨਾਥ ਗੋਪਾਲ ਮੁਖ ਭਣੀ ਤੇਰੀ ਏਕਾ ਜੋਤ ਨਿਰੰਕਾਰੀ । ਸਾਰੰਗ ਧਰ ਭਗਵਾਨ ਬੀਠਲਾ, ਜੋਤ ਸਰੂਪ ਜਗਤ ਆਕਾਰੀ । ਗੁਰਸਿਖ ਸਾਚਾ ਨਿਹਕਲੰਕ ਤੇਰਾ ਰੰਗ ਡੀਠਲਾ, ਬੇਮੁਖਾਂ ਕਰੇ ਖੁਆਰੀ । ਗੁਰਮੁਖ ਦੇਵੇ ਸੋਹੰ ਸ਼ਬਦ, ਸਾਚਾ ਨਾਮ ਖੁਮਾਰੀ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸਾਧ ਸੰਗਤ ਸੋਹੇ ਤੇਰੇ ਚਰਨ ਦਵਾਰੀ । ਚਰਨ ਦਵਾਰ ਆਏ ਪਾਏ ਚਰਨਾਮਿਤ । ਕਲਜੁਗ ਮਾਨਸ ਜਨਮ ਗੁਰਸਿਖਾਂ ਲਿਆ ਜਿੱਤ । ਜੋਤ ਜਗਾਈ ਪ੍ਰਭ ਅਗੰਮ, ਏਕਾ ਸ਼ਬਦ ਵਸੇ ਦੇਹ ਨਿੱਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਸਾਚੀ ਜੋਤ ਸਦਾ ਅਚੁੱਤ । ਪਾਰਬ੍ਰਹਮ ਪਰਮੇਸ਼ਵਰ ਉਚਿਤ । ਕਲਜੁਗ ਜਾਮਾ ਧਾਰਿਆ ਭਗਤਾਂ ਹਿਤ । ਜਨਮ ਮਰਨ ਸਵਾਰਿਆ, ਮਾਨਸ ਜਨਮ ਕੀਆ ਪਵਿਤ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰਿਆ, ਸਾਚਾ ਅੰਮ੍ਰਿਤ ਗੁਰਸਿਖਾਂ ਆਤਮ ਜਾਏ ਸਿਤ । ਆਤਮ ਅੰਮ੍ਰਿਤ ਕਰੇ ਉਜਿਆਰ । ਅੰਮ੍ਰਿਤ ਬਖ਼ਸ਼ੇ ਪ੍ਰਭ ਗੁਰਸਿਖਾਂ ਕਿਰਪਾ ਧਾਰ । ਅੰਮ੍ਰਿਤ ਵਰਖੇ ਆਤਮ ਰਸ, ਝਿਰਨਾ ਝਿਰੇ ਅਪਰ ਅਪਾਰ । ਗੁਰਸਿਖ ਜਾਣੇ ਨਿਹਕਲੰਕ ਤੇਰਾ ਜੋਤ ਸਰੂਪ ਰਸ, ਬੇਮੁਖ ਹੋਏ ਖੁਆਰ । ਸਾਚਾ ਸ਼ਬਦ ਗਿਆਨ ਪ੍ਰਭ ਜਾਏ ਦੱਸ, ਸਾਚਾ ਦੀਸੇ ਸਚਖੰਡ ਦਵਾਰ । ਬੇਮੁਖ ਜਾਣ ਦਰ ਤੋਂ ਨੱਸ, ਸੋਹੰ ਸ਼ਬਦ ਪ੍ਰਭ ਮਾਰੀ ਮਾਰ । ਜਨ ਭਗਤਾਂ ਹਿਰਦੇ ਜਾਏ ਵਸ, ਮਹਾਰਾਜ ਸ਼ੇਰ ਸਿੰਘ ਸਤਿ ਅਵਤਾਰ । ਸਤਿ ਅਵਤਾਰ ਸਤਿਗੁਰ ਸੂਰ । ਸਰਬ ਜਨਾਂ ਦੀ ਆਸਾ ਪੂਰ । ਦੇ ਦਰਸ ਗੁਰਮੁਖਾਂ ਆਤਮ ਕਰੇ ਭਰਪੂਰ । ਏਕਾ ਸ਼ਬਦ ਸੁਣਾਏ, ਆਤਮ ਉਪਜਾਏ ਸਾਚਾ ਨੂਰ । ਸਾਚੀ ਜੋਤ ਹੋਏ ਪਰਕਾਸ਼ ਮਾਤ ਜਿਉਂ ਕੋਹਤੂਰ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ, ਗੁਰਸਿਖਾਂ ਦਰ ਸਦਾ ਹਦੂਰ । ਗੁਰਸਿਖ ਦਰ ਆਏ ਪ੍ਰਭ ਪਰਵੇਸ਼ਿਆ । ਨਿਹਕਲੰਕ ਸਤਿਜੁਗ ਤੇਰੀ ਸਦਾ ਅਦੇਸਿਆ । ਕਲਜੁਗ ਪਰਗਟ ਨਿਹਕਲੰਕ, ਜੁਗੋ ਜੁਗ ਜੋਤ ਸਰੂਪੀ ਕਰੇ ਪ੍ਰਭ ਭੇਸਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖਾਂ ਬੁੱਧ ਬਬੇਕਿਆ । ਗੁਰਮੁਖ ਮਾਣ ਪ੍ਰਭ ਦਰ ਪਾਏ । ਪਰਗਟ ਜੋਤ ਨਿਹਕਲੰਕ ਸਤਿਜੁਗ ਲਾਜ ਰਖਾਏ । ਪੂਤ ਪਿਤਾ ਦਾ ਮੇਲ ਛੱਡ, ਪ੍ਰਭ ਸਾਚਾ ਨਜ਼ਰੀ ਆਏ । ਭਰਾ ਭੈਣਾਂ ਝੂਠਾ ਖੇਲ ਛੱਡ, ਜਗਦੀਸ਼ਰ ਸਰਨ ਲਗ ਜਾਏ । ਵਡੀ ਵਡਿਆਈ ਪ੍ਰਭ ਦੇਵੇ ਵਡ, ਜੋ ਜਨ ਸਰਨੀ ਸੀਸ ਝੁਕਾਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸਾਧ ਸੰਗਤ ਪਰਗਟ ਦਰਸ ਦਿਖਾਏ । ਚਰਨ ਲਾਗ ਪ੍ਰਭ ਸੇਵ ਕਮਾਈ । ਸਾਚੀ ਸੇਵਾ ਜਗਤ ਕਰ, ਉਚ ਪਦਵੀ ਪ੍ਰਭ ਦਰ ਤੇ ਪਾਈ । ਏਕਾ ਜੋਤ ਵਿਚ ਜੋਤ ਧਰ, ਆਤਮ ਜੋਤ ਜਗਾਈ । ਵਿਸ਼ਨੂੰ ਭਗਵਾਨ ਚਰਨ ਟੇਕ ਧਰ, ਰੰਗਾ ਸਿੰਘ ਘਨਕਪੁਰ ਵਾਸੀ ਆਤਮ ਰੰਗ ਚੜ੍ਹਾਈ । ਮਹਾਰਾਜ ਸ਼ੇਰ ਸਿੰਘ ਬੁਧ ਬਿਬੇਕ ਕਰ, ਸਚਖੰਡ ਨਿਵਾਸ ਦਵਾਈ । ਰੰਗਾ ਸਿੰਘ ਪ੍ਰਭ ਰੰਗ ਰਾਤਾ । ਹਿਰਦੇ ਵਸੇ ਏਕਾ ਪ੍ਰਭ ਵਿਧਾਤਾ । ਝੂਠੀ ਦੁਨੀਆ ਜਗਤ ਤਿਆਗੇ, ਝੂਠਾ ਛੱਡਿਆ ਜਗਤ ਨਾਤਾ । ਆਤਮ ਸ਼ਬਦ ਉਪਜੇ ਅਨਰਾਗੇ, ਗੁਰਮੁਖ ਮੇਵਾ ਬ੍ਰਹਮ ਗਿਆਤਾ । ਵੱਡਾ ਸਿੱਖ ਹੋਇਆ ਵਡਭਾਗੀ, ਦੇਵੇ ਦਰਸ ਸਰਬ ਸੁਖ ਦਾਤਾ । ਕਲਜੁਗ ਆਤਮ ਸੋਈ ਜਾਗੀ, ਜੋਤ ਜਗਾਏ ਪ੍ਰਭ ਬਿਧਨਾਤਾ । ਸਾਚੀ ਪ੍ਰੀਤ ਪ੍ਰਭ ਚਰਨ ਲਾਗੀ, ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਾਤਾ । ਸਾਚੀ ਪ੍ਰੀਤ

ਪ੍ਰਭ ਚਰਨ ਲਗਾਈ । ਚਰਨ ਧੂੜ ਮਸਤਕ ਲਾ, ਆਤਮ ਤ੍ਰਿਖਾ ਮਿਟਾਈ । ਦਿਵਸ ਰੈਣ ਰੈਣ ਦਿਵਸ ਦਰ ਘਰ ਘਰ ਦਰ, ਪ੍ਰਭ ਦਰ ਸੇਵ ਕਮਾਈ । ਅੰਤ ਪਾਇਆ ਸਾਚਾ ਘਰ, ਦਰਸ ਦੇ ਪ੍ਰਭ ਦੇਹ ਛੁਡਾਈ । ਨਿਹਕਲੰਕ ਅਵਤਾਰ ਮਿਲਿਆ ਨਰ, ਵਿਚ ਜੋਤੀ ਜੋਤ ਮੇਲ ਮਿਲਾਈ । ਕਲਜੁਗ ਗੁਰਸਿਖ ਗਿਆ ਤਰ, ਸਚਖੰਡ ਪ੍ਰਭ ਨਿਵਾਸ ਦਵਾਈ । ਮਹਾਰਾਜ ਸ਼ੇਰ ਸਿੰਘ ਪਰਗਟ ਨਿਹਕਲੰਕ ਗੁਰਸਿਖਾਂ ਲਾਜ ਰਖਾਈ । ਗੁਰਸਿਖ ਜੋਤ ਨਿਰਮਲ ਉਜਾਗਰ । ਪਰਗਟ ਜੋਤ ਨਿਹਕਲੰਕ, ਪਾਰ ਕੀਆ ਭਵ ਸਾਗਰ । ਸਾਧ ਸੰਗਤ ਏਕਾ ਸ਼ਬਦ ਵਰਤਾਏ ਪ੍ਰਭ ਰਤਨਾਗਰ । ਮਹਾਰਾਜ ਸ਼ੇਰ ਸਿੰਘ ਜੋਤ ਜਗਾਏ, ਗੁਰਮੁਖ ਵਿਚ ਦੇਹ ਝੂਠੀ ਗਾਗਰ । ਮਾਤਲੋਕ ਕਲਜੁਗ ਸਾਧ ਸੰਗਤ ਵਰ ਸਾਚਾ ਮੰਗ । ਸਾਚਾ ਪ੍ਰਭ ਵਸੇ ਸਦਾ ਤੇਰੇ ਸੰਗ । ਸਾਚੇ ਸ਼ਬਦ ਸੁਰਤ ਸਤਿਗੁਰ ਸਾਚਾ, ਸਾਚਾ ਚਾੜ੍ਹੇ ਆਤਮ ਰੰਗ । ਆਤਮ ਰੰਗ ਨਾ ਹੋਵੇ ਭੰਗ । ਅੰਮ੍ਰਿਤ ਸੋਮਾ ਦੇਹ ਵਿਚ ਵਹਾਏ ਗੰਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਦਰਸ ਜੀਵ ਪਾਰ ਜਾਏ ਲੰਘ । ਸੰਤਨ ਦੇਵੇ ਪ੍ਰਭ ਵਡਿਆਈ । ਆਣ ਬਾਣ ਜੁਗੋ ਜੁਗ ਪ੍ਰਭ ਲਿਖਤ ਲਿਖਾਈ । ਭਗਤ ਵਛਲ ਅਨਾਥਾਂ ਨਾਥ, ਜਨ ਭਗਤਾਂ ਹੋਵੇ ਸਹਾਈ । ਸਾਚੇ ਸਿੱਖ ਸਦਾ ਪ੍ਰਭ ਸਾਥ, ਪਰਗਟ ਹੋਏ ਦਰਸ ਦਿਖਾਈ । ਮੁਕੰਦ ਮਨੋਹਰ ਪ੍ਰਭ ਰਘੁਨਾਥ, ਨਰ ਨਰਾਇਣ ਜੋਤ ਪਰਗਟਾਈ । ਅਛਲ ਛਲ ਛਲ ਜਗਤ ਕਰਾਇਆ, ਆਪਣਾ ਭੇਵ ਛੁਪਾਈ । ਸਾਚੇ ਸਿੱਖ ਪ੍ਰਭ ਵਾਸ ਕਰ, ਦੇ ਦਸਮ ਦਵਾਰ ਖੁਲ੍ਹਾਈ । ਏਕ ਸ਼ਬਦ ਸਰਬ ਗੁਣਤਾਸ ਦੇ, ਸ਼ਬਦ ਸੁਰਤ ਸੁਰਤ ਸ਼ਬਦ ਮੇਲ ਮਿਲਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਗੁਰਸਿਖ ਸਾਚੀ ਜੋਤ ਜਗਾਈ । ਗੁਰਸਿਖ ਤੇਰੇ ਨਾਮ ਵਡਿਆਈ । ਕਲਜੁਗ ਮਾਨਸ ਜਨਮ ਧਾਰ, ਨਿਹਕਲੰਕ ਕਲ ਸੇਵ ਕਮਾਈ । ਸਾਚਾ ਸ਼ਬਦ ਅਧਾਰ ਕਰ, ਬੁਝੀ ਦੀਪਕ ਆਤਮ ਜੋਤ ਜਗਾਈ । ਸਾਚਾ ਪ੍ਰਭ ਵਿਚਾਰ ਕਰ, ਲੋਕ ਲਾਜ ਸਭ ਤਜਾਈ । ਸਾਚਾ ਜਗਤ ਵਪਾਰ ਕਰ, ਸੋਹੰ ਸ਼ਬਦ ਵਣਜ ਕਰਾਈ । ਉਤਮ ਆਤਮ ਵਿਚਾਰ ਕਰ, ਸੋਹੰ ਬੱਤੀ ਨਾਮ ਲਗਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਧਾਰ ਕਲ, ਕਲਜੁਗ ਸਾਚੀ ਪਾਈ ਵਡਿਆਈ । ਭਗਤ ਜਨਾਂ ਪ੍ਰਭ ਆਪ ਵਡਿਆਇਆ । ਜਾਮਾ ਧਾਰ ਜੁਗੋ ਜੁਗ ਅੰਧ ਕੂਪ ਹੋਏ ਸਹਾਇਆ । ਕਲਜੁਗ ਪਰਗਟ ਨਿਹਕਲੰਕ, ਵਡਾ ਵਡ ਕਹਾਇਆ । ਏਕਾ ਕਰੇ ਰਾਓ ਰੰਕ, ਸੋਹੰ ਸਾਚਾ ਸ਼ਬਦ ਚਲਾਇਆ । ਮਹਾਰਾਜ ਸ਼ੇਰ ਸਿੰਘ ਜੋਤ ਵਿਸ਼ਨੂੰ ਭਗਵਾਨ, ਕਲਜੁਗ ਮੇਟ ਸਤਿਜੁਗ ਸਾਚਾ ਲਾਇਆ । ਪੰਚਮ ਜੇਠ ਵੀਹ ਸੌ ਅੱਠ । ਕਲਜੁਗ ਉਲਟ ਭਵਾਈ ਲੱਠ । ਸਰਬ ਸ੍ਰਿਸ਼ਟ ਝੁਕਾਈ ਭੱਠ । ਸਾਧ ਸੰਗਤ ਪ੍ਰਭ ਚਰਨ ਆਏ ਨੱਠ । ਪਿੰਡ ਭੰਡਾਲ ਹੋਇਆ ਸਾਚਾ ਇਕੱਠ । ਭਾਣਾ ਵਰਤੇ ਕਲਜੁਗ ਡਾਢਾ, ਮਹਾਰਾਜ ਸ਼ੇਰ ਸਿੰਘ ਤੇਰਾ ਸਿੱਖ ਨਾ ਛੋਡੇ ਹਠ । ਸਾਧ ਸੰਗਤ ਪ੍ਰਭ ਹੋਏ ਸਹਾਈ । ਪਰਗਟੇ ਜੋਤ ਪ੍ਰਭ ਰਘੁਰਾਈ । ਸਰਬ ਸ੍ਰਿਸ਼ਟ ਜੋਤ ਸਰੂਪ, ਪ੍ਰਭ ਅਗਨ ਜਲਾਈ । ਸਾਧ ਸੰਗਤ ਤੇਰੇ ਮਨ ਵਧਾਈ । ਸਾਚੀ ਲਿਖਤ ਨਿਹਕਲੰਕ, ਕਲਜੁਗ ਸਤਿ ਵਰਤਾਈ । ਜੋਤ ਸਰੂਪ ਪ੍ਰਭ ਵਰਤੇ ਭਵਿਖਤ, ਚਾਰ ਕੁੰਟ ਪੈ ਜਾਏ ਦੁਹਾਈ । ਸਾਚੀ ਹੋਵੇ ਮਨੀ ਸਿੰਘ ਤੇਰੀ ਕਰਾਈ ਲਿਖਤ, ਵਿਚ ਸੰਗਰੂਰ ਜੋ ਬਚਨ ਸੁਣਾਈ । ਮਹਾਰਾਜ ਸ਼ੇਰ ਸਿੰਘ ਪਰਗਟ ਨਿਹਕਲੰਕ, ਰਾਣਾ ਸੰਗਰੂਰ ਸ਼ਬਦ ਮਾਰ ਚਰਨ ਲੈ ਆਈ । ਲਿਖਤ ਲਿਖਾਈ ਲਿਖਾਵਣਹਾਰੇ । ਸਾਚੀ ਜੋਤ ਸ਼ਬਦ ਵਰਤਾਰੇ । ਮਨੀ ਸਿੰਘ ਤੇਰੀ ਕਲਮ ਚਲੇ ਅਪਰ ਅਪਾਰੇ । ਕਲਜੁਗ ਅੰਤ ਰਾਜੇ ਰਾਣੇ ਹੋਏ ਖੁਆਰੇ । ਮਸਤੂਆਣੇ ਪਰਗਟੇ ਜੋਤ ਨਿਹਕਲੰਕ, ਭਗਤਨ ਆਇਣ ਸਭ ਚਰਨ ਦਵਾਰੇ ।

ਮਹਾਰਾਜ ਸ਼ੇਰ ਸਿੰਘ ਪੂਰਨ ਭਗਵੰਤ, ਜੋਤ ਜਗਾਈ ਅਗੰਮ ਅਪਾਰੇ । ਅਗੰਮ ਅਪਾਰ ਪ੍ਰਭ ਹੋਏ ਉਜਿਆਰਾ । ਪਾਰ ਬਿਆਸ ਕੀਆ ਕਿਨਾਰਾ । ਪਾਰ ਉਰਾਰ ਹੋਏ ਧੁੰਧੂਕਾਰਾ । ਜੀਵ ਜੰਤ ਹੋਏ ਸਰਬ ਖੁਆਰਾ । ਸਾਧ ਸੰਗਤ ਦੀਸੇ, ਨਿਹਕਲੰਕ ਤੇਰਾ ਸਚ ਦਰਬਾਰਾ । ਆਏ ਚਰਨ ਪ੍ਰਭ ਹੋਏ ਸਹਾਈ, ਕਰ ਕਿਰਪਾ ਪ੍ਰਭ ਪਾਰ ਉਤਾਰਾ । ਮਹਾਰਾਜ ਸ਼ੇਰ ਸਿੰਘ ਤੇਰੀ ਸ਼ਬਦ ਮਾਰ, ਘਰ ਘਰ ਹੋਵੇ ਹਾਹਾਕਾਰਾ । ਸ਼ਬਦ ਮਾਰ ਪ੍ਰਭ ਕਲਜੁਗ ਮਾਰਿਆ । ਜਾਮਾ ਧਾਰ ਨਿਹਕਲੰਕ ਵਡ ਵਡ ਵਡ ਅਵਤਾਰਿਆ । ਸਾਧ ਸੰਗਤ ਸਾਚਾ ਦਰ, ਦਰ ਆਏ ਸਰਬ ਨਿਮਸਕਾਰਿਆ । ਮਹਾਰਾਜ ਸ਼ੇਰ ਸਿੰਘ ਸਤਿ ਸਤਿ ਮਿਲੇ ਅਬਿਨਾਸ਼ਾ, ਕਲਜੁਗ ਸਤਿ ਵਰਤਾਰਿਆ । ਕਲਜੁਗ ਵਰਤੇ ਜੋ ਪ੍ਰਭ ਵਰਤਾਏ । ਜੀਵ ਜੰਤ ਕੋਈ ਭੇਵ ਨਾ ਪਾਏ । ਹੰਕਾਰ ਵਿਕਾਰ ਪ੍ਰਭ ਦੇ ਵਧਾਏ । ਜੀਵ ਖੇਦ ਕਰਨ ਦਾ ਪ੍ਰਭ ਝੂਠਾ ਖੇਲ ਰਚਾਏ । ਸ਼ਬਦ ਮਾਰ ਕਰਾਏ, ਜੋਤ ਸਰੂਪ ਪ੍ਰਭ ਆਤਮ ਅਗਨ ਲਗਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਜੀਵਾਂ ਉਲਟੀ ਮਤਿ ਵਸਾਏ । ਕਲਜੁਗ ਵਰਤੇ ਪ੍ਰਭ ਤੇਰੀ ਮਾਇਆ । ਬੇਮੁਖ ਹੋਇਆ ਕਲ ਜੀਵ, ਜੋ ਸ਼ਰਨ ਨਹੀਂ ਆਇਆ । ਗੁਰਮੁਖ ਸਾਚੇ ਅੰਮ੍ਰਿਤ ਰਸ ਲਿਆ ਪੀਵ, ਆਤਮ ਸਾਚਾ ਰੰਗ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਜੋਤ ਸਰੂਪੀ ਕਲਜੁਗ ਖੇਲ ਰਚਾਇਆ । ਰਚ ਰਚ ਰਚ ਖੇਲ ਪ੍ਰਭ ਜੋਤ ਜਗਾਈ । ਮਚ ਮਚ ਮਚ, ਬਿਨ ਤੇਲ ਪ੍ਰਭ ਜਗਤ ਜੋਤ ਅਗਨ ਲਗਾਈ । ਸਚ ਸਚ ਸਚ ਸਾਧ ਸੰਗਤ, ਸਾਧ ਸੰਗਤ ਗੁਰਚਰਨ ਮੇਲ, ਅੰਤਕਾਲ ਪ੍ਰਭ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਤੇਰਾ ਕਲਜੁਗ ਖੇਲ, ਬੇਮੁਖਾਂ ਦੇਵੇ ਖ਼ਾਕ ਮਿਲਾਈ । ਸਾਚਾ ਸ਼ਬਦ ਪ੍ਰਭ ਲਿਖਾਣਾ । ਬੇਮੁਖ ਮੁਗਧ ਗਵਾਰ, ਕਲਜੁਗ ਝੂਠਾ ਜਾਣਾ । ਏਕਾ ਦੀਸੇ ਨਿਹਕਲੰਕ ਤੇਰਾ ਦਰਬਾਰ, ਊਚ ਨੀਚ ਏਕਾ ਰਾਜਾ ਰਾਣਾ । ਮਹਾਰਾਜ ਸ਼ੇਰ ਸਿੰਘ ਤੇਰਾ ਸਤਿਵਾਦ, ਸੋਹੰ ਸਾਚਾ ਸ਼ਬਦ ਸੁਹਾਣਾ । ਸੋਹੰ ਸਾਚਾ ਸ਼ਬਦ ਉਪਜਾਇਆ । ਅੱਲਾ ਅਲਾਹ ਨੂਰ ਜਗ ਨਾਮ ਮਿਟਾਇਆ । ਕੁਰਾਨ ਅੰਜੀਲ ਅੰਜੀਲ ਕੁਰਾਨ ਕੋਈ ਕਲਜੁਗ ਰਹਿਣ ਨਾ ਪਾਇਆ । ਖਾਣੀ ਬਾਣੀ ਬਾਣੀ ਖਾਣੀ ਗਗਨ ਪਤਾਲੀ ਖੰਡ ਬ੍ਰਹਿਮੰਡ ਨਿਹਕਲੰਕ ਉਲਟਾਇਆ । ਕਲਜੁਗ ਜਾਮਾ ਧਾਰ, ਗਿਆਨ ਗੀਤਾ ਭੇਵ ਚੁਕਾਇਆ । ਸੋਹੰ ਸ਼ਬਦ ਰਸਨ ਉਚਾਰ, ਸੋਹੰ ਸਾਚਾ ਮਾਰਗ ਲਾਇਆ । ਏਕਾ ਸ਼ਬਦ ਚਾਰ ਵਰਨ ਅਧਾਰ, ਕਲਜੁਗ ਸਾਰਾ ਭੇਖ ਮਿਟਾਇਆ । ਜੋਤ ਜਗਾਏ ਪ੍ਰਭ ਨਿਰਾਧਾਰ, ਨਿਰਵੈਰ ਸਤਿਜੁਗ ਸਾਚਾ ਲਾਇਆ । ਸਾਚੀ ਜੋਤ ਕਰ ਆਕਾਰ, ਸਚ ਸੁੱਚ ਵਿਚ ਜੀਵ ਜੰਤ ਵਸਾਇਆ । ਮਹਾਰਾਜ ਸ਼ੇਰ ਸਿੰਘ ਤੇਰਾ ਸਤਿ ਵਰਤਾਰ, ਸੋਹੰ ਸ਼ਬਦ ਜੈ ਜੈ ਜੈਕਾਰ ਕਰਾਇਆ । ਜੈ ਜੈ ਜੈਕਾਰ ਜਗਤ ਵਰਤਾਰਾ । ਸਾਚਾ ਭੇਖ ਜਗਤ ਪਸਾਰਾ । ਸਾਚਾ ਪ੍ਰਭ ਸਤਿਜੁਗ ਲਿਖਾਏ ਲੇਖ, ਏਕਾ ਮਿਲੇ ਸਚ ਦਰਬਾਰਾ । ਮਹਾਰਾਜ ਸ਼ੇਰ ਸਿੰਘ ਜੁਗੋ ਜੁਗ ਏਕ, ਜੋਤ ਸਰੂਪੀ ਜਗਤ ਵਰਤਾਰਾ । ਜੋਤ ਸਰੂਪ ਜਗਤ ਪ੍ਰਭ ਆਇਆ । ਛੱਡ ਦੇਹ ਅਪਾਰ, ਜੋਤ ਸਰੂਪ ਪ੍ਰਭ ਵਿਚ ਸਿੱਖ ਸਮਾਇਆ । ਬੈਠ ਰਿਹਾ ਪ੍ਰਭ ਨਿਰਾਧਾਰ, ਸੋਹੰ ਸਾਚਾ ਸ਼ਬਦ ਅਲਾਇਆ । ਦੇਵੇ ਦਰਸ ਅਗੰਮ ਅਪਾਰ, ਚਰਨ ਆਏ ਜਿਸ ਸੀਸ ਝੁਕਾਇਆ । ਭਵ ਸਾਗਰ ਪ੍ਰਭ ਕਰ ਜਾਏ ਪਾਰ, ਸਾਧ ਸੰਗਤ ਸਿਰ ਹੱਥ ਟਿਕਾਇਆ । ਮਾਨਸ ਜਨਮ ਨਾ ਆਵੇ ਹਾਰ, ਪ੍ਰਭ ਅਬਿਨਾਸ਼ੀ ਘਰ ਮੇਂ ਪਾਇਆ । ਮਹਾਰਾਜ ਸ਼ੇਰ ਸਿੰਘ ਪਤਤ ਜਾਵੇ ਤਾਰ, ਸਾਧ ਸੰਗਤ ਹੋਏ ਸਹਾਇਆ । ਸਾਧ ਸੰਗਤ ਪ੍ਰਭ ਚਰਨ ਭਿਖਾਰੀ । ਏਕਾ ਸ਼ਬਦ ਦੇਵੇ ਪ੍ਰਭ ਸੋਹੰ ਨਾਮ ਅਧਾਰੀ । ਗੁਰਸਿਖ ਆਤਮ ਚਾੜ੍ਹੇ ਰੰਗਤ, ਸਦ ਆਤਮ ਰਹੇ ਖੁਮਾਰੀ । ਮਹਾਰਾਜ ਸ਼ੇਰ ਸਿੰਘ ਕਲਜੁਗ ਤੇਰੀ

ਪ੧੦
੦੧

ਸਾਚੀ ਸੰਗਤ, ਸੋਹੰ ਸ਼ਬਦ ਰਸਨਾ ਕਰੇ ਜੈ ਜੈ ਜੈਕਾਰੀ । ਸਾਚੀ ਸੰਗਤ ਪ੍ਰਭ ਸਚ ਵਰਤਾਇਆ । ਗਿਆਨ ਗੋਝ ਆਤਮ ਧਿਆਨ ਦੇ, ਪ੍ਰਭ ਪਰਗਟ ਦਰਸ ਦਿਖਾਇਆ । ਕਲਜੁਗ ਸਾਚਾ ਸਤਿਗੁਰ ਮਾਣ ਦੇ, ਜਨ ਭਗਤਾਂ ਆਪ ਵਡਿਆਇਆ । ਨਿਜਾਨੰਦ ਆਤਮ ਗੁਣ ਨਿਧਾਨ ਦੇ, ਨਿਜ ਆਤਮ ਸੁਖ ਵਸਾਇਆ । ਸਾਚਾ ਸ਼ਬਦ ਸੋਹੰ ਬ੍ਰਹਮ ਗਿਆਨ ਦੇ, ਪ੍ਰਭ ਦਸਮ ਦਵਾਰ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਨਾਮ ਭਗਤ ਭਗਵਾਨ ਦੇ, ਕਲਜੁਗ ਆਣ ਤਰਾਇਆ । ਕਲਜੁਗ ਤਾਰ ਪ੍ਰਭ ਦੁਖ ਨਿਵਾਰਿਆ । ਭਗਤ ਜਨਾਂ ਸਿਰ ਛਤਰ ਝੁਲਾਰਿਆ । ਚਾਰ ਜੁਗ ਸਤਿਗੁਰ ਸਾਚਾ ਸਾਚੀ ਲਿਖਤ ਵਰਤਾਰਿਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਸੋਹੰ ਡੰਕ ਚਾਰ ਕੁੰਟ ਵਜਾ ਰਿਹਾ । ਚਾਰ ਕੁੰਟ ਪ੍ਰਭ ਸ਼ਬਦ ਆਕਾਰਾ । ਵਰਤੇ ਕਲ ਜੋ ਪ੍ਰਭ ਵਰਤਾਰਾ । ਸਾਧ ਸੰਗਤ ਸਚ ਦੀਸੇ ਹਰਿ ਕਾ ਦਵਾਰਾ । ਘਨਕਪੁਰ ਵਾਸੀ ਨਿਹਕਲੰਕ, ਪੁਰੀ ਘਨਕ ਲਿਆ ਅਵਤਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਵਰਤੇ ਤੇਰਾ ਭੰਡਾਰਾ । ਸਚ ਭੰਡਾਰ ਪ੍ਰਭ ਸਤਿ ਵਰਤਾਇਆ । ਅੰਮ੍ਰਿਤ ਆਤਮ ਬਰਖ, ਗੁਰਸਿਖ ਆਤਮ ਸ਼ਾਂਤ ਕਰਾਇਆ । ਗੁਰਸਿਖ ਸਾਚੇ ਕਲਜੁਗ, ਪ੍ਰਭ ਪਰਗਟ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਤਿਜੁਗ ਸਾਚਾ ਜਗਤ ਲਗਾਇਆ । ਸਤਿਜੁਗ ਸਾਚਾ ਸਚ ਪਰਕਾਸ਼ਾ । ਜੋਤ ਸਰੂਪ ਨਿਹਕਲੰਕ ਕੀਆ ਵਾਸਾ । ਚਾਰ ਵਰਨ ਆਏ ਸ਼ਰਨ, ਸਭ ਹੋਏ ਪ੍ਰਭ ਦਾਸਨ ਦਾਸਾ । ਮਹਾਰਾਜ ਸ਼ੇਰ ਸਿੰਘ ਸਾਚਾ ਸ਼ਬਦ, ਸੋਹੰ ਚਾਰ ਕੁੰਟ ਕਰਾਏ ਨਾਸਾ । ਸੋਹੰ ਸ਼ਬਦ ਰਸਨਾ ਜੀਵ, ਪ੍ਰਭ ਆਤਮ ਦਿਸੇ ਨੈਣਾਂ । ਸੋਹੰ ਸ਼ਬਦ ਜਪ ਜੀਵ, ਝੂਠੀ ਦੁਨੀਆ ਸਦ ਨਹੀਂ ਰਹਿਣਾ । ਸੋਹੰ ਸ਼ਬਦ ਜਪ ਜੀਵ, ਸਾਚਾ ਸਾਧ ਸੰਗਤ ਵਿਚ ਬਹਿਣਾ । ਸੋਹੰ ਸ਼ਬਦ ਜਪ ਜੀਵ, ਸਾਚੇ ਪ੍ਰਭ ਕਾ ਸਾਚਾ ਕਹਿਣਾ । ਸੋਹੰ ਸ਼ਬਦ ਜਪ ਜੀਵ, ਨਿਜਾਨੰਦ ਨਿਜ ਮਾਹਿ ਲੈਣਾ । ਸੋਹੰ ਸ਼ਬਦ ਜਪ ਜੀਵ, ਕਲ ਜੀਵ ਵਹੇ ਝੂਠੇ ਵਹਿਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਦਰ ਆਏ ਬਹਿਣਾ । ਸਤਿਜੁਗ ਲੇਖ ਪ੍ਰਭ ਆਪ ਲਿਖਾਇਆ । ਊਚ ਨੀਚ ਦਾ ਭੇਵ ਚੁਕਾਇਆ । ਰਾਓ ਰੰਕ ਕਰ ਪ੍ਰਭ ਇਕ ਬਹਾਇਆ । ਚਾਰ ਵਰਨ ਪ੍ਰਭ ਪਾਈ ਮਾਇਆ । ਸਤਿ ਸੰਤੋਖ ਪ੍ਰਭ ਆਤਮ ਧੀਰ ਧਰਾਇਆ । ਦਰਸ ਦੇ ਪ੍ਰਭ ਸਾਚੇ ਘੋਖ, ਅੰਮ੍ਰਿਤ ਨੀਰ ਵਹਾਇਆ । ਏਕਾ ਸ਼ਬਦ ਰਖਾਏ ਮੋਖ, ਸੋਹੰ ਜਗਤ ਚਲਾਇਆ । ਰਸਨਾ ਜਪ ਹੋਵੇ ਮੋਖ, ਗੁਰ ਮੰਤਰ ਰਾਹ ਦਿਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚਾ ਰਾਹ ਚਲਾਇਆ । ਸਾਚਾ ਰਾਹ ਸੰਤਨ ਕੀ ਘਾਲ । ਸੋਹੰ ਸ਼ਬਦ ਪ੍ਰਭ ਦੇਵੇ ਸਚਾ ਧਨ ਮਾਲ । ਏਕਾ ਜੋਤ ਜਗਾਏ, ਪ੍ਰਭ ਆਤਮ ਗੋਪਾਲ । ਪਰਗਟ ਦਰਸ ਦਿਖਾਵੇ, ਪ੍ਰਭ ਦੀਨ ਦਿਆਲ । ਸੋਹੰ ਸ਼ਬਦ ਰਸਨਾ ਜਪਾਵੇ, ਮਹਾਰਾਜ ਸ਼ੇਰ ਸਿੰਘ ਭਗਤ ਵਸਾਲ । ਸੋਹੰ ਸ਼ਬਦ ਸਤਿ, ਸਤਿ ਸਤਿ ਤੇਰੀ ਵਡਿਆਈ । ਸੋਹੰ ਸ਼ਬਦ ਰਸਨਾ ਜਪ ਜੀਵ, ਪ੍ਰਭ ਆਤਮ ਮੇਘ ਵਰਸਾਈ । ਮਹਾਰਾਜ ਸ਼ੇਰ ਸਿੰਘ ਸਤਿਜੁਗ ਤੇਰੀ ਸਤਿ ਸਤਿ ਸਤਿ ਵਡਿਆਈ । ਸੋਹੰ ਸ਼ਬਦ ਰਸਨਾ ਜਪ ਜੀਵ, ਆਤਮ ਜੋਤ ਹੋਵੇ ਰੁਸ਼ਨਾਈ । ਸੋਹੰ ਸ਼ਬਦ ਜਪ ਜੀਵ, ਮਿਲੇ ਪ੍ਰਭ ਸਰਬ ਸੁਖਦਾਈ । ਸੋਹੰ ਸ਼ਬਦ ਜਪ ਜੀਵ, ਕਲਜੁਗ ਵਿਚ ਮਿਲੇ ਵਡਿਆਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਚਾਰ ਕੁੰਟ ਤੇਰੇ ਨਾਮ ਦੁਹਾਈ । ਚਾਰ ਕੁੰਟ ਪ੍ਰਭ ਬਾਣ ਲਗਾਇਆ । ਸ਼ਬਦ ਸੁਰਤ ਵਾਲੀ ਹਿੰਦ, ਪ੍ਰਭ ਦਰਸ ਕਰਵਾਇਆ । ਨਿਹਕਲੰਕ ਜਾਮਾ ਧਾਰ, ਆਪਣਾ ਭੇਵ ਛੁਪਾਇਆ । ਸ਼ਬਦ ਜੋਤ ਆਕਾਰ ਕਰ, ਵਿਚ ਸਿੱਖ ਦੇਹ ਸਮਾਇਆ । ਮਹਾਰਾਜ ਸ਼ੇਰ ਸਿੰਘ ਸਾਚਾ ਜਗਤ ਪਸਾਰ ਕਰ, ਕਲਜੁਗ ਝੂਠਾ ਪ੍ਰਭ ਭੁਲਾਇਆ ।

ਹਿੰਦਵੈਣ ਹਿੰਦਵਾਲੀ ਪ੍ਰਭ ਦਰਸ ਦਿਖਾ ਕੇ । ਦੇਵੇ ਦਰਸ ਨਿਹਕਲੰਕ, ਬਾਂਹੋਂ ਪਕੜ ਉਠਾ ਕੇ । ਸਾਚਾ ਦਰ ਦਿਸੇ ਦਰਬਾਰ, ਗੁਰਸਿਖ ਦੇਹ ਬੈਠਾ ਆਸਣ ਲਾ ਕੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਜਗਤ ਖਪਾਏ ਜਲਾਏ ਜੋਤ ਸਰੂਪੀ ਅਗਨ ਲਗਾ ਕੇ । ਵਾਲੀ ਹਿੰਦ ਪ੍ਰਭ ਦਰਸ ਦਿਖਾਵੇ । ਭੇਵ ਆਪਣਾ ਸਰਬ ਜਣਾਵੇ । ਸ਼ਬਦ ਗਿਆਨ ਸੁਰਤ ਧਿਆਨ ਦੇ, ਹਉਮੈ ਮਾਣ ਚੁਕਾਵੇ । ਚਰਨ ਧਿਆਨ ਵਿਸ਼ਨੂੰ ਭਗਵਾਨ ਦੇ, ਜੋਤ ਸਰੂਪੀ ਖਿਚ ਲਿਆਵੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਸਾਚੀ ਜੋਤ ਪਰਗਟਾਵੇ । ਵਾਲੀ ਹਿੰਦ ਮਿਟੇ ਅਗਿਆਨ । ਆਤਮ ਹੋਵੇ ਨਿਹਕਲੰਕ ਤੇਰਾ ਚਰਨ ਧਿਆਨ । ਏਕਾ ਸ਼ਬਦ ਧਰਾਏ ਧੀਰ, ਪ੍ਰਭ ਚਰਨੀਂ ਡਿੱਗੇ ਆਣ । ਮਹਾਰਾਜ ਸ਼ੇਰ ਸਿੰਘ ਬੁਧਿ ਬਿਬੇਕ ਕਰ, ਆਤਮ ਦੇਵੇ ਬ੍ਰਹਮ ਗਿਆਨ । ਹਿੰਦ ਵਾਲੀ ਪ੍ਰਭ ਦਰਸ ਪਾਏ । ਵਿਚ ਸੰਗਰੂਰ ਚਲ ਕਰ ਆਏ । ਮਸਤੂਆਣੇ ਪ੍ਰਭ ਚਰਨੀਂ ਸੀਸ ਝੁਕਾਏ । ਰਾਣਾ ਸੰਗਰੂਰ ਚਰਨ ਧੂੜ ਲੈ, ਮਸਤਕ ਲੈ ਲਗਾਏ । ਨਿਹਕਲੰਕ ਤੇਰੇ ਚਰਨ ਹਦੂਰ, ਭੁੱਲ ਆਪਣੀ ਲਏ ਬਖ਼ਸ਼ਾਏ । ਵਾਲੀ ਹਿੰਦ ਰਾਣਾ ਸੰਗਰੂਰ । ਨਿਹਕਲੰਕ ਤੇਰੇ ਖੜ੍ਹੇ ਹਜ਼ੂਰ । ਕਰ ਬੇਨੰਤੀ ਪ੍ਰਭ ਆਸਾ ਪੂਰ । ਕਲਜੁਗ ਪਰਗਟਿਆ ਪ੍ਰਭ ਨਿਹਕਲੰਕ, ਮਹਾਰਾਜ ਸ਼ੇਰ ਸਿੰਘ ਗੁਣ ਭਰਪੂਰ । ਵਾਲੀ ਹਿੰਦ ਰਾਣਾ ਸੰਗਰੂਰ ਪ੍ਰਭ ਚਰਨ ਦਵਾਰੇ । ਕਰ ਕਰ ਨਿਮਸਕਾਰ ਜਾਇਣ ਬਲਿਹਾਰੇ । ਨਿਹਕਲੰਕ ਤੇਰੀ ਸਾਚੀ ਜੋਤ, ਕਰੇ ਸਤਿ ਉਜਿਆਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਕਰਾਏ ਖੇਲ ਨਿਆਰੇ । ਰਾਣੇ ਸੰਗਰੂਰ ਹੰਕਾਰ ਗਵਾਇਆ । ਚਰਨ ਲਾਗ ਪ੍ਰਭ ਦਰਸ਼ਨ ਪਾਇਆ । ਲਿਖਤ ਲਿਖਾਈ ਮਨੀ ਸਿੰਘ, ਨਿਹਕਲੰਕ ਸਤਿ ਸਤਿ ਸਤਿ ਵਰਤਾਇਆ । ਸਾਚੀ ਲਿਖਤ ਲਿਆਏ ਸੀਸ ਧਰ, ਸਾਲ ਅਠੱਤੀ ਜੋ ਬੰਦ ਰਖਾਇਆ । ਪਕੜ ਲਿਆਏ ਚਰਨ ਅਵਤਾਰ ਨਰ, ਨਿਹਕਲੰਕ ਸਭ ਮਾਣ ਗਵਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਤੇਜ ਵਖਾਇਆ । ਬਾਣੀ ਆਏ ਨਿਹਕਲੰਕ ਤੇਰੇ ਦਰਬਾਰ । ਕਰ ਦਰਸ ਰਾਣਾ ਸੰਗਰੂਰ, ਸਾਚੇ ਪ੍ਰਭ ਕੀ ਪਾਏ ਸਾਰ । ਆਤਮ ਹੋਏ ਸ਼ਬਦ ਭਰਪੂਰ, ਚਰਨ ਕਰੇ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਤਤ ਪਾਪੀ ਦੇਵੇ ਤਾਰ । ਪਤਤ ਪਾਪੀ ਪ੍ਰਭ ਰੱਖੇ ਪਤ । ਆਤਮ ਅੰਮ੍ਰਿਤ ਵਰਖ, ਪ੍ਰਭ ਸਾਚੀ ਦੇਵੇ ਮਤਿ । ਸਾਚਾ ਸ਼ਬਦ ਗਿਆਨ ਦੇ, ਪ੍ਰਭ ਸਤਿ ਰਖਾਵੇ ਮਤਿ । ਮਹਾਰਾਜ ਸ਼ੇਰ ਸਿੰਘ ਦਰਸ ਵਿਸ਼ਨੂੰ ਭਗਵਾਨ ਦੇ, ਵਿਚ ਵਰਤਾਵੇ ਸੁੱਚ ਸਤਿ । ਸਤਿ ਸਤਿ ਸਤਿਜੁਗ ਭਾਏ । ਸਾਚਾ ਪ੍ਰਭ ਸਤਿ ਪੁਰਖਾਂ ਵਿਚ ਵਸਾਏ । ਊਚਾਂ ਨੀਚ ਨੀਚਾਂ ਊਚ ਪ੍ਰਭ ਏਕਾ ਕਰ ਵਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਸਚ ਸਤਿਜੁਗ ਵਰਤਾਏ । ਕਲਜੁਗ ਭਰਮ ਭੁਲਾਇਆ । ਮਾਇਆ ਰੂਪ ਪ੍ਰਭ ਪੜਦਾ ਪਾਇਆ । ਮਦਿ ਮਾਸ ਕਲਜੁਗ ਜੀਵ, ਰਸਨ ਆਹਾਰ ਬਣਾਇਆ । ਅੰਮ੍ਰਿਤ ਰਸ ਗੁਰਸਿਖ ਵਿਰਲਾ ਪੀਵ, ਆਤਮ ਤ੍ਰਿਖਾ ਪ੍ਰਭ ਦੇ ਮਿਟਾਇਆ । ਕਲਜੁਗ ਜੀਵ ਬੇਮੁਖ, ਕਾਮ ਕਰੋਧ ਹੰਕਾਰ ਪ੍ਰਭ ਵਿਚ ਵਸਾਇਆ । ਗੁਰਮੁਖ ਸਾਚਾ ਸਦਾ ਚਰਨ ਲਗ ਜੀਵ, ਸਾਚਾ ਸ਼ਬਦ ਪ੍ਰਭ ਮਨ ਵਸਾਇਆ । ਬੇਮੁਖਾਂ ਕਲਜੁਗ ਪਰਗਟ ਨਿਹਕਲੰਕ ਸੋਹੰ ਸ਼ਬਦ ਬਾਣ ਲਗਾਇਆ । ਜਨ ਭਗਤਾਂ ਸਾਚਾ ਸੋਹੰ ਸ਼ਬਦ ਆਤਮ ਗਿਆਨ ਦਵਾਇਆ । ਨਿਹਕਲੰਕ, ਕਲਜੁਗ ਅਚਰਜ ਵਰਤੇ ਤੇਰੀ ਮਾਇਆ । ਜੋਤ ਸਰੂਪੀ ਪ੍ਰਭ ਜੋਤ ਧਰ, ਆਪਣਾ ਭੇਵ ਛੁਪਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਜਨ ਭਗਤਾਂ ਦਰਸ ਦਿਖਾਇਆ । ਦਰਸ ਦਾਨ ਭਗਤ ਪ੍ਰਭ ਦੀਆ । ਆਤਮ ਜਗੇ ਜੋਤ, ਸੁਖੀ ਹੋਏ ਜਗਤ ਜੀਆ । ਸੋਹੰ ਸ਼ਬਦ ਸਤਿਜੁਗ ਸਾਚੀ ਤੇਰੀ ਰਖਾਈ ਨੀਆ । ਮਹਾਰਾਜ

ਸ਼ੇਰ ਸਿੰਘ ਨਿਹਕਲੰਕ ਪਰਗਟ, ਸਾਚਾ ਸ਼ਬਦ ਜਨ ਭਗਤਾਂ ਦੀਆ । ਭਗਤ ਜਨਾਂ ਪ੍ਰਭ ਸਦਾ ਭੰਡਾਰੀ । ਗੁਰਮੁਖ ਦਰ ਤੇ ਮੰਗਣ, ਦੋਏ ਜੋੜ ਪ੍ਰਭ ਚਰਨ ਦਵਾਰੀ । ਸੋਹੰ ਸ਼ਬਦ ਸਾਚਾ ਪ੍ਰਭ ਦੇਵੇ ਜਗਤ ਅਧਾਰੀ । ਏਕਾ ਸ਼ਬਦ ਏਕਾ ਜੋਤ, ਜੁਗੋ ਜੁਗ ਪਰਗਟੇ ਪ੍ਰਭ ਏਕੰਕਾਰੀ । ਕਲਜੁਗ ਜਾਮਾ ਧਾਰਿਆ, ਨਿਹਕਲੰਕ ਨਰ ਨਰਾਇਣ ਅਵਤਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ ਸਾਧ ਸੰਗਤ ਪੈਜ ਸਵਾਰੀ । ਸਾਧ ਸੰਗਤ ਸਤਿ ਤੇਰਾ ਮੂਲ । ਸੋਹੰ ਸ਼ਬਦ ਨਾ ਜਾਏ ਰਸਨਾ ਭੂਲ । ਦੇਵੇ ਦਰਸ ਪਰਗਟ ਪ੍ਰਭ ਕੰਤੂਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸ਼ਬਦ ਗੁਰਸਿਖਾਂ ਦੇਵੇ ਸਾਚਾ ਮੂਲ । ਸ਼ਬਦ ਗੁਣ ਜਗਤ ਵਰਤਾਰਾ । ਆਤਮ ਧੁਨ, ਜਨ ਭਗਤ ਉਜਿਆਰਾ । ਉਪਜੇ ਰੁਣ ਝੁਣ, ਜੋਤ ਨਿਰੰਜਣ ਕਰੇ ਆਕਾਰਾ । ਸਾਚੇ ਸਿੱਖ ਤੇਰੀ ਖੁਲ੍ਹੀ ਸੁੰਨ, ਆਤਮ ਦੀਸੇ ਪ੍ਰਭ ਜੋਤ ਆਕਾਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਤੇਰਾ ਖੋਲ੍ਹੇ ਦਸਮ ਦਵਾਰਾ । ਸ਼ਬਦ ਸੋਹੰ ਤੇਰੀ ਸਤਿ ਕਮਾਈ । ਸਾਚੀ ਸੁਰਤ ਸਿੱਖ ਸਾਚੇ ਪਾਈ । ਸੁਰਤੀ ਸੁਰਤ ਪ੍ਰਭ ਮੇਲ ਕਰ, ਸ਼ਬਦ ਸੁਰਤ ਦਾ ਮੇਲ ਮਿਲਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸੋਹੰ ਸ਼ਬਦ ਦੇਵੇ ਵਡਿਆਈ । ਗੁਰਸਿਖਾਂ ਸੋਹੰ ਸ਼ਬਦ ਅਧਾਰ । ਬੇਮੁਖਾਂ ਕਰੇ ਜਗਤ ਖੁਆਰ । ਦਰ ਆਏ ਜੋ ਨਰ ਨਾਰ । ਰਸਨਾ ਜਪ ਸਾਚਾ ਸ਼ਬਦ, ਤੇਰਾ ਹੋਏ ਬੇੜਾ ਪਾਰ । ਕਲਜੁਗ ਸਚਖੰਡ ਨਿਹਕਲੰਕ ਤੇਰਾ ਦਰਬਾਰ । ਵਿਚ ਵਰਭੰਡ ਪਰਗਟੇ, ਜੋਤ ਸਰੂਪ ਪ੍ਰਭ ਨਿਰਾਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਆਇਆ ਸਰਬ ਕਲਧਾਰ । ਕਲਧਾਰ ਕਲ ਲੇਖ ਮਿਟਾਏ । ਜੋਤ ਨਿਰੰਜਣ ਜਗਤ ਪਿਤ ਆਪ ਅਖਵਾਏ । ਭਰਤੰਬਰ ਸਰਬ ਵਿਚ ਪ੍ਰਭ ਸਮਾਏ । ਛਿੰਨ ਭੰਗਰ ਕਲਜੁਗ ਝੂਠੀ ਖੇਲ ਮਿਟਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਭਾਣਾ ਸਤਿ ਵਰਤਾਏ । ਕਲਜੁਗ ਜੀਵ ਦੁਖ ਹੋਏ ਮਹਾਨਾ । ਹਿੰਦਵੈਣ ਜੋਤ ਜਗਾਏ ਪ੍ਰਭ ਗੁਣ ਨਿਧਾਨਾ । ਸ਼ਬਦ ਰੂਪ ਸ਼ਬਦ ਲਿਖਾਏ ਵਿਸ਼ਨੂੰ ਭਗਵਾਨਾ । ਜਗਤ ਵਰਤਾਏ ਮਿਟ ਨਾ ਜਾਏ, ਲੇਖ ਲਿਖਾਏ ਪ੍ਰਭ ਜਾਣੀ ਜਾਣਾ । ਚਰਨ ਭੰਡਾਲ ਪ੍ਰਭ ਪਾਏ, ਵੀਹ ਸੌ ਅੱਠ ਜੇਠ ਲਿਖਤ ਕਰਾਏ, ਗੁਰਮੁਖਾਂ ਦੇਵੇ ਆਤਮ ਧਿਆਨਾ । ਸੱਤਰ ਲੱਖ ਪਠਾਣ ਚੜ੍ਹਾਏ, ਲਿਖਤ ਮਨੀ ਸਿੰਘ ਸਤਿ ਹੋ ਜਾਏ, ਪਾਰ ਬਿਆਸੋਂ ਹੋਏ ਪਦ ਨਿਰਬਾਨਾ । ਮਹਾਰਾਜ ਸ਼ੇਰ ਸਿੰਘ ਲਿਖਤ ਲਿਖਾਏ, ਅੱਲਾ ਅਲਾਹੀ ਨੂਰ ਮਿਟਾਏ, ਸਾਚਾ ਵਰਤੇ ਪ੍ਰਭ ਕਾ ਭਾਣਾ । ਸਾਚੀ ਲਿਖਤ ਸਤਿ ਲਿਖਾਏ ਲੇਖ, ਨਿਹਕਲੰਕ ਨਰ ਅਵਤਾਰੀ । ਕਲਜੁਗ ਕਰਮ ਵੇਖ, ਚਲਾਈ ਕਲਮ ਜੋਤ ਆਕਾਰੀ । ਮਦਿ ਮਾਸੀ ਮਿਟਾਏ ਭੇਖ, ਕੋਈ ਨਾ ਦੀਸੇ ਮਦਿਰਾ ਹਾਰੀ । ਗੁਰਸਿਖ, ਮਹਾਰਾਜ ਸ਼ੇਰ ਸਿੰਘ ਸਾਚਾ ਗੁਰ ਵੇਖ, ਨਿਹਕਲੰਕ ਨਰ ਅਵਤਾਰੀ । ਕਲਜੁਗ ਆਇਆ ਨਰ ਅਵਤਾਰਿਆ । ਪਰਗਟੇ ਜੋਤ ਨਿਹਕਲੰਕ ਅਵਤਾਰਿਆ । ਸੋਹੰ ਸ਼ਬਦ ਵਜਾਏ ਸਤਿ ਡੰਕ, ਚਾਰ ਕੁੰਟ ਹੋਏ ਜੈ ਜੈ ਜੈਕਾਰਿਆ । ਏਕ ਕਰਾਏ ਰਾਓ ਰੰਕ, ਚਾਰ ਵਰਨ ਦਾ ਭੇਖ ਨਿਵਾਰਿਆ । ਮਹਾਰਾਜ ਸ਼ੇਰ ਸਿੰਘ ਸਤਿ ਤੇਰੇ ਸੰਤ, ਸ਼ਬਦ ਧੁਨ ਧੁਨ ਸ਼ਬਦ ਵਿਚ ਦੇਹ ਵਜਾ ਰਿਹਾ । ਸ਼ਬਦ ਧੁੰਨ ਪ੍ਰਭ ਉਪਜਾਈ । ਸਾਚੀ ਸੁਰਤ ਸਾਚੇ ਸਿੱਖ ਪ੍ਰਭ ਦਵਾਈ । ਅਕਾਲ ਮੂਰਤ ਨਿਰਮਲ ਜੋਤ ਜਗਾਈ । ਸਰਬ ਕਲ ਪ੍ਰਭ ਭਰਪੂਰ, ਸਰਬ ਥਾਈਂ ਰਿਹਾ ਸਮਾਈ । ਅਨਹਦ ਸ਼ਬਦ ਵਜਾਏ ਤੂਰਤ, ਗੁਰਸਿਖ ਆਤਮ ਧੁੰਨ ਕਰਾਈ । ਮਹਾਰਾਜ ਸ਼ੇਰ ਸਿੰਘ ਸਭ ਆਸਾ ਪੂਰਤ, ਸਾਧ ਸੰਗਤ ਦੇਵੇ ਵਡਿਆਈ । ਜੋ ਜਨ ਆਏ ਆਸ ਕਰ, ਪ੍ਰਭ ਆਸ ਪੁਜਾਏ । ਜੋ ਜਨ ਆਏ ਚਰਨ ਧਰਵਾਸ ਕਰ, ਪ੍ਰਭ ਆਤਮ ਧੀਰ ਧਰਾਏ । ਜੋ ਜਨ ਆਏ ਆਤਮ ਸੋਹੰ ਵਾਸ ਕਰ, ਪ੍ਰਭ ਆਤਮ ਗਿਆਨ ਦਵਾਏ । ਜੋ

੫੧੩
੦੧

ਜਨ ਆਏ ਚਰਨ ਹੰਕਾਰ ਨਾਸ ਕਰ, ਪ੍ਰਭ ਸੁਰਤ ਸ਼ਬਦ ਮੇਲ ਕਰਾਏ । ਜੋ ਜਨ ਆਏ ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਰਹਿਰਾਸ ਕਰ, ਕਰ ਕਿਰਪਾ ਪ੍ਰਭ ਪਾਰ ਕਰਾਏ । ਚਰਨ ਕਵਲ ਪ੍ਰਭ ਸਾਚੀ ਰਹਿਰਾਸਾ । ਲਾਗ ਚਰਨ ਨਿਹਕਲੰਕ ਦੁਖ ਦਰਦ ਸਭ ਨਾਸਾ । ਚਰਨ ਕਵਲ ਕਵਲ ਚਰਨ ਗੁਰਸਿਖ ਪ੍ਰਭ ਪੂਰੇ ਕਰ ਭਰਵਾਸਾ । ਮਹਾਰਾਜ ਸ਼ੇਰ ਸਿੰਘ ਪਰਗਟ ਨਿਹਕਲੰਕ ਤੇਰੀ ਪੂਰਨ ਕਰੇ ਆਸਾ । ਆਤਮ ਰਾਸ ਜੀਵ ਆਤਮ ਰਾਸੀ । ਦੇਵੇ ਦਰਸ ਪ੍ਰਭ ਸਚਖੰਡ ਨਿਵਾਸੀ । ਜੋ ਜਨ ਰਸਨਾ ਆਹਾਰ ਕਰੇ ਮਦਿਰਾ ਮਾਸੀ । ਅੰਤਕਾਲ ਪ੍ਰਭ ਪਾਏ ਗਲ ਜਮ ਕੀ ਫਾਸੀ । ਸਾਧ ਸੰਗਤ ਸਾਚਾ ਪ੍ਰਭ, ਏਕਾ ਜੋਤ ਜਗਾਏ ਪ੍ਰਭ ਅਬਿਨਾਸ਼ੀ । ਸਚਖੰਡ ਦਵਾਏ ਮਾਣ, ਸਾਧ ਸੰਗਤ ਪ੍ਰਭ ਚਰਨ ਨਿਵਾਸੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਪਰਗਟੇ ਘਨਕਪੁਰ ਵਾਸੀ । ਸਚਖੰਡ ਹਰਿ ਕਾ ਦਵਾਰ । ਜੋਤ ਜਗਾਏ ਪ੍ਰਭ ਅਪਰ ਅਪਾਰ । ਏਕਾ ਜੋਤ ਪ੍ਰਭ ਏਕਾ ਏਕੰਕਾਰ । ਤੀਨ ਲੋਕ ਪ੍ਰਭ ਸਦਾ ਆਕਾਰ । ਖੰਡ ਬ੍ਰਹਿਮੰਡ ਵਰਭੰਡ ਨਿਹਕਲੰਕ ਕਰੇ ਪਸਾਰ । ਅਵਣ ਗਵਣ ਤੀਨ ਭਵਨ ਵਰਤੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਤੇਰਾ ਰੰਗ ਅਪਾਰ । ਰੰਗ ਰੰਗ ਪ੍ਰਭ ਏਕਾ ਜੋਤ । ਏਕਾ ਜੋਤ ਜੁਗੋ ਜੁਗ ਹੋਤ । ਬੇਮੁਖ ਕਲਜੁਗ ਰਹੇ ਸੋਤ । ਗੁਰਮੁਖ ਪ੍ਰਭ ਦਰਸ ਕਰ, ਆਤਮ ਗਏ ਧੋਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਪਰਗਟਾਵੇ ਜੋਤ । ਸਤਿਗੁਰ ਸਾਚਾ ਸਤਿਗੁਰ ਸੂਰਾ । ਪ੍ਰਭ ਕਾ ਸ਼ਬਦ ਨਾ ਹੋਏ ਅਧੂਰਾ । ਏਕਾ ਸ਼ਬਦ ਸੋਹੰ ਚਾਰ ਵਰਨ ਭਰਪੂਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸੋਹੰ ਸ਼ਬਦ ਅਨਹਦ ਵਜਾਏ ਤੂਰਾ । ਅਨਹਦ ਤੂਰ ਰਾਗ ਪ੍ਰਭ ਰੰਗ । ਏਕਾ ਸ਼ਬਦ ਸੋਹੰ ਜੀਵ ਪ੍ਰਭ ਦਰ ਤੇ ਮੰਗ । ਕਲਜੁਗ ਝੂਠਾ ਜੀਵ, ਟੁੱਟ ਜਾਏ ਜਿਉਂ ਝੂਠੀ ਵੰਗ । ਗੁਰ ਚਰਨ ਪ੍ਰੀਤੀ ਭਾਲ, ਆਤਮ ਚਾੜ੍ਹ ਜੀਵ ਸਾਚਾ ਰੰਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਚਰਨ ਲਾਗ ਕਲਜੁਗ ਪਾਰ ਜਾਏ ਲੰਘ । ਕਲਜੁਗ ਜਨਮ ਜੀਵ ਅਮੋਲਕ ਪਾਇਆ । ਪ੍ਰਭ ਅਬਿਨਾਸ਼ੀ ਭੁੱਲ ਮਾਨਸ ਜਨਮ ਗਵਾਇਆ । ਕਲਜੁਗ ਪਰਗਟੇ ਨਿਹਕਲੰਕ ਅਡੋਲ, ਸਾਰਾ ਜਗਤ ਭੁਲਾਇਆ । ਹਰਿ ਪ੍ਰਭ ਸਦਾ ਅਤੁਲ, ਕਲਜੁਗ ਜੀਵ ਪਕੜ ਤੁਲਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ, ਜਾਮਾ ਧਾਰ ਨਿਹਕਲੰਕ ਭਾਣਾ ਕਲ ਵਰਤਾਇਆ । ਕਲ ਵਰਤੇ, ਵਰਤਾਏ ਕਲ । ਬੇਮੁਖ ਜੀਵ ਅਗਨ ਜੋਤ ਜਾਇਣ ਬਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਵਸਾਵੇ ਮਨ । ਪਵਣ ਪਾਣੀ ਅਗਨੀ ਤੇਰਾ ਮੇਲ । ਅਪ ਤੇਜ ਵਾਏ ਪ੍ਰਿਥਮੀ ਆਕਾਸ ਪ੍ਰਭ ਕਾ ਖੇਲ । ਜੀਵ ਸਾਚੀ ਜੋਤ ਜਗਾਈ ਵਿਚ ਦੇਹ ਬਿਨ ਬਾਤੀ ਬਿਨ ਤੇਲ । ਕਲਜੁਗ ਜਾਮਾ ਧਾਰ ਭੁੱਲਿਆ ਪ੍ਰਭ ਨਾ ਹੋਇਆ ਮੇਲ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕੋਈ ਨਾ ਜਾਣੇ ਤੇਰਾ ਜੋਤ ਸਰੂਪੀ ਖੇਲ । ਸਾਚਾ ਸ਼ਬਦ ਭਗਤ ਵਣਜਾਰਾ । ਮਾਣੇ ਰੰਗ ਸਤਿ ਰੰਗ ਭਤਾਰਾ । ਦਰਸ ਦਿਖਾਏ ਜੋਤ ਸਰੂਪ, ਪ੍ਰਭ ਆਤਮ ਦਵਾਰਾ । ਅੰਤਕਾਲ ਮਿਲਾਏ ਜੋਤ, ਦਵਾਏ ਸਚਖੰਡ ਦਵਾਰਾ । ਨਾ ਦੀਸੇ ਪ੍ਰਭ ਰੰਗ ਰੂਪ, ਏਕਾ ਜੋਤ ਜਗਤ ਪਸਾਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਵਡ ਦਾਤਾ ਭੂਪ, ਸਾਚਾ ਦੇਵੇ ਨਾਮ ਅਧਾਰਾ । ਜਨ ਭਗਤਾਂ ਨਾਮ ਅਧਾਰ ਦੇ, ਪ੍ਰਭ ਆਤਮ ਰੰਗ ਚੜ੍ਹਾਇਆ । ਵਡ ਵਡਿਆਈ ਵਿਚ ਸੰਸਾਰ ਦੇ, ਸਾਚਾ ਲੇਖ ਵਿਚ ਲਿਲਾਟ ਲਿਖਾਇਆ । ਏਕਾ ਸ਼ਬਦ ਏਕੰਕਾਰ ਦੇ, ਏਕਾ ਦਰਸ ਦਿਖਾਇਆ । ਸਾਚਾ ਨਾਮ ਭਗਤ ਭੰਡਾਰ ਦੇ, ਪ੍ਰਭ ਹਿਰਦੇ ਨਾਮ ਵਸਾਇਆ । ਸਾਚਾ ਦਰਸ ਨਿਰਗੁਣਹਾਰ ਦਾਤਾਰ ਦੇ, ਜੋਤ ਸਰੂਪੀ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਸਾਚ ਸ਼ਬਦ ਸਾਚਾ ਦਰਸ

ਸਚ ਦਰਬਾਰ ਦੇ, ਸਤਿਜੁਗ ਸਤਿ ਦਿਖਾਇਆ । ਸਾਚੇ ਭਗਤ ਤੇਰੇ ਬਲਿਹਾਰ । ਰਸਨਾ ਰਵੇ ਆਤਮ ਗਵੇ, ਸਾਚਾ ਪ੍ਰਭ ਮੁਰਾਰ । ਬੇਮੁਖ ਲਵੇ ਜਿਉਂ ਸੁੰਵੇ ਘਰ ਕਵੇ, ਮਾਨਸ ਜਨਮ ਗਿਆ ਹਾਰ । ਗੁਰਸਿਖ ਨੌਂ ਨਿਧ ਪ੍ਰਭ ਦਰ ਤੇ ਲਵੇ, ਦੋਏ ਜੋੜ ਕਰੇ ਨਿਮਸਕਾਰ । ਕਲਜੁਗ ਜੀਵ ਰੈਣ ਸਬਾਈ ਸਵੇ, ਅੰਤਕਾਲ ਕਲ ਹੋਏ ਖੁਆਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਸਤਿ ਸਤਿ ਵਰਤਾਏ ਸਤਿ ਵਰਤਾਰ । ਸਤਿ ਵਰਤਾਰ ਸਤਿ ਪੁਰਖਾਂ ਭਿਛਿਆ । ਸਦਾ ਰਹੇ ਆਤਮ ਦਰਸ ਪ੍ਰਭ ਇਛਿਆ । ਜਾਮਾ ਧਾਰ ਨਿਹਕਲੰਕ ਕਲ ਕਰੇ ਰਿਛਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਪੂਰਨ ਕਰੇ ਇਛਿਆ । ਪੂਰਨ ਭਗਤ ਪਰਮਾਨੰਦ ਪਾਏ । ਵਡਿਆਈ ਜਗਤ ਸਾਚੇ ਪ੍ਰਭ ਦੀ ਸੇਵ ਕਮਾਏ । ਮਾਨਸ ਜਨਮ ਦਾਗ਼ ਨਾ ਲਾਗਤ, ਸਾਚਾ ਪ੍ਰਭ ਹੋਏ ਸਹਾਏ । ਹਉਮੇ ਮਾਰੇ ਵਿਚੋਂ ਹੰਗਤ, ਸੋਹੰ ਸ਼ਬਦ ਰੰਗ ਚੜ੍ਹਾਏ । ਜੋ ਜਨ ਆਏ ਪ੍ਰਭ ਦਰ ਤੇ ਮੰਗਤ, ਸਾਚਾ ਸ਼ਬਦ ਪ੍ਰਭ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਤਾਰੇ ਸਿੱਖ ਸੇਵਕ, ਜਿਉਂ ਤਾਰੇ ਨਾਨਕ ਅੰਗਦ, ਚਰਨ ਪ੍ਰੀਤੀ ਸੇਵ ਕਮਾਏ । ਸੇਵਕ ਸੇਵਾ ਸਰਬ ਫਲ ਪਾਇਆ । ਮੁਕੰਦ ਮਨੋਹਰ ਲਖਮੀ ਨਰਾਇਣ ਹੋਵੇ ਆਣ ਸਹਾਇਆ । ਸਾਧ ਸੰਗਤ ਰਲ ਪ੍ਰਭ ਚਰਨੀਂ ਬਹਿਣ, ਸਚ ਅਨੰਦ ਪ੍ਰਭ ਦਰਸ਼ਨ ਪਾਇਆ । ਬੇਮੁਖ ਵਹੇ ਕਲ ਝੂਠੇ ਵਹਿਣ, ਕਲਜੁਗ ਬੇੜਾ ਪ੍ਰਭ ਆਪ ਡੁਬਾਇਆ । ਕੋਈ ਨਾ ਦੀਸੇ ਸਾਕ ਸੈਣ, ਭਰਮ ਭੁਲੇਖਾ ਜਗਤ ਭੁਲਾਇਆ । ਪਰਗਟੀ ਜੋਤ ਨਿਹਕਲੰਕ ਦਰਸ ਕਰ ਗੁਰਸਿਖ ਨੈਣ, ਕਲਜੁਗ ਵੇਲਾ ਫਿਰ ਹੱਥ ਨਾ ਆਇਆ । ਧੰਨ ਧੰਨ ਧੰਨ ਗੁਰਸਿਖ ਸੋਹੰ ਸ਼ਬਦ ਜੋ ਰਸਨਾ ਲੈਣ, ਨਿਹਕਲੰਕ ਜਗਤ ਵਡਿਆਇਆ । ਮਹਾਰਾਜ ਸ਼ੇਰ ਸਿੰਘ ਧਰਨੀ ਧਰ, ਸਤਿਗੁਰ ਸਾਚਾ ਆਪ ਅਖਵਾਇਆ । ਧਰਨੀ ਧਰ ਜਗਤ ਜਗਦੀਸ਼ਵਰ । ਏਕਾ ਜੋਤ ਜਗਾਈ, ਕਲਜੁਗ ਪ੍ਰਭ ਈਸ਼ਰ । ਬੇਮੁਖ ਜੀਵ ਅੰਤਕਾਲ ਕਲਜੁਗ ਜਾਏ ਪੀਸਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਜਨ ਭਗਤਾਂ ਸਰਬ ਸੁਖ ਦੀਸਰ । ਸਰਬ ਸੁਖ ਸਰਬ ਸੁਖਦਾਈ । ਵੇਲੇ ਅੰਤ ਪ੍ਰਭ ਹੋਵੇ ਸਹਾਈ । ਸਾਚੀ ਗੁਰਸਿਖ ਦੇਵੇ ਪ੍ਰਭ ਵਡਿਆਈ । ਸਚਖੰਡ ਚਰਨ ਨਿਵਾਸ ਲੈ, ਅਮਰਾਪਦ ਸਵਰਨ ਸਿੰਘ ਪਾਈ । ਸਾਚਾ ਪ੍ਰਭ ਆਤਮ ਧਰਵਾਸ ਦੇ, ਸੋਹੰ ਸ਼ਬਦ ਸਚ ਗਿਆਨ ਦਵਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਤੇਰੀ ਸਚ ਸਰਨਾਈ । ਗੁਰਸਿਖ ਆਏ ਪ੍ਰਭ ਸ਼ਰਨਾਇਆ । ਸਾਚਾ ਪ੍ਰਭ ਸਤਿ ਪੁਰਖਾਂ ਹੋਏ ਸਹਾਇਆ । ਪਰਗਟ ਜੋਤ ਅੰਤਕਾਲ, ਪ੍ਰਭ ਸਾਚੇ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਗੁਰਸਿਖ ਸਾਚੀ ਜੋਤ ਮਿਲਾਇਆ । ਸਾਚਾ ਗੁਰ ਸਾਚਾ ਦਰ, ਸਾਚੀ ਧਰਮਸਾਲ । ਸਾਧ ਸੰਗਤ ਪ੍ਰਭ ਚਰਨ ਪ੍ਰੀਤੀ, ਨਿਭ ਜਾਏ ਚਰਨਾਂ ਨਾਲ । ਸਾਚੀ ਹੋਏ ਕਲਜੁਗ ਨੀਤੀ, ਅੰਤ ਨਾ ਖਾਏ ਜਮ ਕਾਲ । ਸਰਬਜੀਤ ਸਦਾ ਜਗ ਜੀਤੀ, ਸਾਚਾ ਸ਼ਬਦ ਲਿਆ ਜਗ ਪਾਲ । ਸਾਚਾ ਸ਼ਬਦ ਜਗਤ ਵਰਤੰਤ । ਜਣਾਵੇ ਪ੍ਰਭ ਜਾਣੇ ਕੋਈ ਵਿਰਲਾ ਸੰਤ । ਆਤਮ ਦਿਸਾਵੇ ਝਬ, ਜੋ ਜਨ ਪ੍ਰਭ ਚਰਨ ਲਗੰਤ । ਅੰਮ੍ਰਿਤ ਝਿਰਨਾ ਝਿਰੇ ਵਿਚ ਨਭ, ਕਵਲ ਨਾਭ ਪ੍ਰਭ ਦਰਸ ਖਲੰਤ । ਅਗਿਆਨ ਅੰਧੇਰ ਮਿਟੇ ਵਿਚ ਦੇਹ, ਆਤਮ ਜੋਤ ਪ੍ਰਭ ਸਦਾ ਜਗੰਤ । ਮਹਾਰਾਜ ਸ਼ੇਰ ਸਿੰਘ ਨਾਥ ਤ੍ਰੈਲੋਕੀ, ਜੀਵ ਜੰਤ ਸਦਾ ਵਸੰਤ । ਪਰਗਟੇ ਕਲ ਤ੍ਰੈਲੋਕੀ ਨੰਦਨ । ਜੋਤ ਪਰਕਾਸ਼ ਕਰੇ ਮਨੋਹਰ ਮੁਕੰਦਨ । ਗੁਰਸਿਖ ਵਿਰਲਾ ਜੋੜ ਅਰਦਾਸ ਕਰੇ ਚਰਨ ਬੰਦਨ । ਸਤਿਗੁਰ ਸਾਚਾ ਜਮ ਫਾਸ ਹਰੇ, ਅੰਤਕਾਲ ਸਭ ਤੋੜੇ ਬੰਧਨ । ਜੋ ਜਨ ਆਏ ਪ੍ਰਭ ਸਰਨ ਪੜੇ, ਸੋਹੰ ਸ਼ਬਦ ਪ੍ਰਭ ਚਾੜ੍ਹੇ ਰੰਗਣ । ਏਕਾ ਸ਼ਬਦ ਚਲਾਇਆ ਅਵਤਾਰ

ਨਰ ਹਰੇ, ਗੁਰਸਿਖ ਚੜ੍ਹ ਪਾਰ ਸਭ ਲੰਘਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਦਰਸ ਦਾਨ ਗੁਰਮੁਖ ਆਏ ਦਰ ਜੋ ਮੰਗਣ । ਪ੍ਰਭ ਦਰਸ ਦੇ ਹਰਸ ਮਿਟਾਏ । ਹਉਮੇ ਤ੍ਰਿਸਨਾ ਅਗਨ ਜਲਾਏ । ਏਕ ਸ਼ਬਦ ਸੋਹੰ ਆਤਮ ਸਾਚੀ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸਾਧ ਸੰਗਤ ਦਰਸ ਦਿਖਾਏ । ਦਰਸ ਦੇਖ ਆਤਮ ਤ੍ਰਿਪਤਾਸਿਆ । ਭਰਮ ਭੁੱਲੇਖਾ ਸਭ ਆਤਮ ਨਾਸਿਆ । ਸਾਚੇ ਪ੍ਰਭ ਸਚ ਆਤਮ ਕੀਆ ਵਾਸਿਆ । ਏਕਾ ਸ਼ਬਦ ਅਧਾਰ ਦੇ, ਕਲਜੁਗ ਦੇਵੇ ਸ਼ਬਦ ਧਰਵਾਸਿਆ । ਆਤਮ ਅੰਮ੍ਰਿਤ ਭੰਡਾਰ ਦੇ, ਸਾਚੀ ਜੋਤ ਕਰੇ ਪਰਕਾਸ਼ਿਆ । ਸਾਚਾ ਦਰਸ ਜੋਤ ਨਿਰੰਕਾਰ, ਸੋਹੰ ਸ਼ਬਦ ਜਪਾਵੇ ਸਵਾਸ ਸਵਾਸਿਆ । ਉਠ ਜੀਵ ਜਾਗ ਵਕਤ ਵਿਹਾਇਆ । ਉਠ ਜੀਵ ਜਾਗ, ਪਤਿਪਰਮੇਸ਼ਵਰ ਘਰ ਮੇਂ ਪਾਇਆ । ਉਠ ਜੀਵ ਜਾਗ, ਨਿਹਕਲੰਕ ਕਲ ਪਾਈ ਮਾਇਆ । ਉਠ ਜੀਵ ਜਾਗ, ਕਲਜੁਗ ਵੇਲਾ ਪ੍ਰਭ ਮਿਲਣ ਦਾ ਆਇਆ । ਉਠ ਜੀਵ ਜਾਗ, ਭੁੱਲ ਭੁੱਲ ਕਿਉਂ ਜਨਮ ਗਵਾਇਆ । ਉਠ ਜੀਵ ਜਾਗ, ਜੋਤ ਸਰੂਪੀ ਪ੍ਰਭ ਕਲਜੁਗ ਖੇਲ ਰਚਾਇਆ । ਉਠ ਜੀਵ ਜਾਗ, ਝੂਠੇ ਧੰਦੇ ਲਾਗ, ਕਿਉਂ ਮਾਣ ਵਧਾਇਆ । ਉਠ ਜੀਵ ਜਾਗ, ਹੋਣ ਪੂਰਨ ਭਾਗ, ਲਾਗ ਪ੍ਰਭ ਸਰਨਾਇਆ । ਉਠ ਜੀਵ ਜਾਗ, ਅਨਹਦ ਸ਼ਬਦ ਪ੍ਰਭ ਸੁਣਾਵੇ ਰਾਗ, ਸੋਹੰ ਸ਼ਬਦ ਢੋਲ ਵਜਾਇਆ । ਉਠ ਜੀਵ ਜਾਗ, ਚਰਨ ਲਾਗ, ਮਾਨਸ ਜਨਮ ਕਿਉਂ ਜਗਤ ਗਵਾਇਆ । ਉਠ ਜੀਵ ਜਾਗ, ਸਾਚੇ ਪ੍ਰਭ ਹਥ ਸ੍ਰਿਸ਼ਟ ਵਾਗ, ਕਲਜੁਗ ਬੇੜਾ ਪਕੜ ਰੁੜ੍ਹਾਇਆ । ਮਹਾਰਾਜ ਸ਼ੇਰ ਸਿੰਘ ਸ਼ਬਦ ਸੁਣਾਵੇ ਅਨਰਾਗ, ਆਤਮ ਧੁਨ ਵਿਚ ਦੇਹ ਵਜਾਇਆ । ਉਠ ਜੀਵ ਜਾਗ, ਜਗਤ ਵਿਕਾਰੀ । ਉਠ ਜੀਵ ਜਾਗ, ਕਲਜੁਗ ਮਾਇਆ ਧਾਰੀ । ਉਠ ਜੀਵ ਜਾਗ, ਲਾਗ ਪ੍ਰਭ ਚਰਨ ਦਵਾਰੀ । ਉਠ ਜੀਵ ਜਾਗ, ਛਡ ਝੂਠੇ ਧੰਦੇ ਜਗਤ ਸੰਸਾਰੀ । ਉਠ ਜੀਵ ਜਾਗ, ਝੂਠੀ ਦਿਸੇ ਸਭ ਜਗਤ ਪਸਾਰੀ । ਉਠ ਜੀਵ ਜਾਗ, ਕਲਜੁਗ ਪਰਗਟੇ ਨਿਹਕਲੰਕ ਅਵਤਾਰੀ । ਉਠ ਜੀਵ ਜਾਗ, ਚਰਨ ਲਾਗ, ਦੇਵੇ ਦਰਸ ਕ੍ਰਿਸ਼ਨ ਮੁਰਾਰੀ । ਉਠ ਜੀਵ ਜਾਗ, ਕਲਜੁਗ ਆਇਆ ਮਹਾਰਾਜ ਸ਼ੇਰ ਸਿੰਘ ਨਰਾਇਣ ਨਰ ਅਵਤਾਰੀ । ਜਾਗ ਜਾਗ ਜਾਗ, ਪ੍ਰਭ ਆਣ ਜਗਾਇਆ । ਰਾਗ ਰਾਗ ਰਾਗ, ਸੋਹੰ ਸਾਚਾ ਰਾਗ ਸੁਣਾਇਆ । ਲਾਗ ਲਾਗ ਲਾਗ, ਚਰਨ ਜੀਵ ਪ੍ਰਭ ਅਬਿਨਾਸ਼ੀ ਕਲ ਵਿਚ ਆਇਆ । ਭਾਗ ਭਾਗ ਭਾਗ, ਬੇਮੁਖ ਪ੍ਰਭ ਦਰ ਤੇ ਭਾਗ, ਸੋਹੰ ਸ਼ਬਦ ਪ੍ਰਭ ਬਾਣ ਲਗਾਇਆ । ਨਾਸ ਨਾਸ ਨਾਸ, ਬੇਮੁਖ ਕਲਜੁਗ ਜੀਵ ਨਾਸ, ਮਦਿ ਮਾਸ ਆਹਾਰ ਬਣਾਇਆ । ਆਗ ਆਗ ਆਗ, ਕਲਜੁਗ ਜੋਤ ਲਗਾਈ ਆਗ, ਕਲਜੁਗ ਅੰਤਮ ਖੇਲ ਰਚਾਇਆ । ਨਾਗ ਨਾਗ ਨਾਗ, ਬਾਸ਼ਕ ਤਸ਼ਕ ਤੇਰੀ ਸੇਜ ਨਾਗ, ਨੈਣ ਮੁਧਾਰ ਉਪਰ ਆਸਣ ਲਾਇਆ । ਜਾਗ ਜਾਗ ਜਾਗ, ਕਲਜੁਗ ਜੀਵ ਜਾਗ, ਨਿਹਕਲੰਕ ਜਾਮਾ ਧਾਰ ਕਲਜੁਗ ਆਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਜੋਤ ਸਰੂਪੀ ਕਲਜੁਗ ਖੇਲ ਰਚਾਇਆ । ਜਨ ਭਗਤਾਂ ਦੇ ਦਿਖਾਏ, ਪ੍ਰਭ ਸਾਚਾ ਸਚ ਦਵਾਰਾ । ਨਿਹਕਲੰਕ ਰਿਹਾ ਵਰਤਾਏ, ਕਲਜੁਗ ਸੋਹੰ ਸ਼ਬਦ ਭੰਡਾਰਾ । ਕੋਈ ਵਿਰਲਾ ਝੋਲੀ ਪਾਏ, ਜੋ ਜਨ ਆਏ ਪ੍ਰਭ ਚਰਨ ਦਵਾਰਾ । ਬੇਮੁਖ ਸੁੰਨ ਸਮਾਧ ਸਵਾਏ, ਸੋਹੰ ਸ਼ਬਦ ਪ੍ਰਭ ਬਾਣ ਮਾਰਾ । ਜਨ ਭਗਤ ਪਰਗਟ ਜੋਤ ਪ੍ਰਭ ਬਾਹੋਂ ਪਕੜ ਤਰਾਏ, ਕਲਜੁਗ ਸਤਿ ਅਵਤਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਦੇਵੇ ਦਰ ਦਰਬਾਰਾ । ਦਇਆਨੰਦ ਪ੍ਰਭ ਸਦਾ ਦਿਆਲ । ਭਗਤ ਵਛਲ ਆਪ ਰਖਵਾਲ । ਜੁਗੋ ਜੁਗ ਜਨ ਭਗਤਾਂ ਪ੍ਰਭ ਸਦਾ ਨਿਹਾਲ । ਦੇਵੇ ਦਰਸ ਜਗਾਏ ਜੋਤ ਪ੍ਰਭ ਅੰਤਕਾਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਤਮ ਜੋਤ ਦੇਵੇ

ਬਾਲ । ਆਤਮ ਉਤਪਤ ਕਮਾਇਆ ਪਿਤ । ਏਕਾ ਜੋਤ ਉਪਜਾਵੇ ਸਤਿ । ਸਾਧ ਸੰਗਤ ਪ੍ਰਭ ਵਰਤਾਵੇ ਪ੍ਰਭ ਸਾਚੀ ਮਤਿ । ਮਹਾਰਾਜ ਸ਼ੇਰ ਸਿੰਘ ਅੰਤਕਾਲ ਗੁਰਸਿਖਾਂ ਰੱਖੇ ਪਤਿ । ਪਤਿਪਰਮੇਸ਼ਵਰ ਪ੍ਰਭ ਅੰਤਰਜਾਮੀ । ਦੁਸ਼ਟ ਸੰਘਾਰ ਸਦਾ ਨਿਹਕਾਮੀ । ਕਲਜੁਗ ਪਰਗਟੇ ਜਾਮਾ ਧਾਰ, ਨਿਹਕਲੰਕ ਸਰਬ ਸਵਾਮੀ । ਬੇਮੁਖਾਂ ਕਰੇ ਖੁਆਰ, ਅੰਤ ਕਲਜੁਗ ਕੋਈ ਨਾ ਦੀਸੇ ਕਾਮੀ । ਜਨ ਭਗਤਾਂ ਦੇਵੇ ਸ਼ਬਦ ਭੰਡਾਰ, ਸਾਚਾ ਦਾਨ ਦੇਵੇ ਪ੍ਰਭ ਦਾਨੀ । ਬੇਮੁਖਾਂ ਕਰੇ ਖੁਆਰ, ਕੋਈ ਨਾ ਦੀਸੇ ਕਲਜੁਗ ਅਭਿਮਾਨੀ । ਸਾਧ ਸੰਗਤ ਚਰਨ ਪ੍ਰਭ ਹਰਿ ਕਾ ਦਵਾਰ, ਸੋਹੰ ਸ਼ਬਦ ਰਸਨਾ ਗਾਏ ਪਦ ਨਿਰਬਾਨੀ । ਮਹਾਰਾਜ ਸ਼ੇਰ ਸਿੰਘ ਤੇਰਾ ਸ਼ਬਦ ਵਰਤਾਰ, ਸਤਿ ਸਤਿ ਸਤਿ ਵਰਤਾਏ ਪ੍ਰਭ ਸਾਚਾ ਸਚ ਵਰਤਾਨੀ ।

❊ ੧੬ ਸਾਵਣ ੨੦੦੮ ਬਿਕ੍ਰਮੀ ਚਕਰਾਤੇ ਵਿਹਾਰ ਹੋਇਆ ❊

ਸ੍ਰੀ ਰੰਗ ਬੈਕੁੰਠ ਨਿਵਾਸੀ । ਮਛ ਕਛ ਕੂਰਮ ਆਗਿਆ ਅਉਤਰਾਸੀ । ਤੀਨ ਲੋਕ ਪ੍ਰਭ ਚਰਨ ਕੀ ਦਾਸੀ । ਜੋਤ ਜਗਾਏ ਪਰਗਟ ਨਿਹਕਲੰਕ ਘਨਕਪੁਰ ਵਾਸੀ । ਜੁਗੋ ਜੁਗ ਅਟਲ ਪ੍ਰਭ ਅਬਿਨਾਸ਼ੀ । ਕਲਜੁਗ ਜਾਮਾ ਧਾਰ, ਅੰਤ ਕਰਾਏ ਮਦਿਰਾ ਮਾਸੀ । ਜਨ ਭਗਤਾਂ ਪੈਜ ਸਵਾਰ, ਰਸਨ ਸੋਹੰ ਜਪਾਏ ਸਵਾਸ ਸਵਾਸੀ । ਬੇਮੁਖਾਂ ਕਰੇ ਖੁਆਰ, ਜੋ ਦਰ ਆਏ ਕਰਨ ਹਾਸੀ । ਕਲਜੁਗ ਬਣਾਇਆ ਪ੍ਰਭ ਸਚਖੰਡ ਦਵਾਰ, ਧਰੇ ਜੋਤ ਸਰਬ ਘਟ ਵਾਸੀ । ਗੁਰਸਿਖਾਂ ਬਖ਼ਸ਼ੇ ਪ੍ਰਭ ਚਰਨ ਦਵਾਰ, ਸਾਚੀ ਪ੍ਰੀਤ ਜਗਤ ਰਹਿਰਾਸੀ । ਏਕਾ ਸ਼ਬਦ ਦੇਵੇ ਅਧਾਰ, ਹਉਮੇ ਕਾਇਆ ਵਿਚੋਂ ਨਾਸੀ । ਨਦਰੀ ਨਦਰ ਕਰੇ ਪ੍ਰਭ ਪਾਰ, ਨਿਹਕਲੰਕ ਘਨਕਪੁਰ ਵਾਸੀ । ਘਨਕਪੁਰ ਵਾਸੀ ਤੇਰਾ ਥਿਰ ਘਰ । ਸਤਿਜੁਗ ਦੀਸੇ ਸਾਚਾ ਵਰ । ਪਰਗਟਾਵੇ ਜੋਤ ਨਿਹਕਲੰਕ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਚਰਨ ਲਾਗ ਗੁਰਸਿਖ ਜਾਏ ਤਰ । ਤਾਰਨਹਾਰਾ ਸਮਰਥ ਜਗਤ ਆਕਾਰਿਆ । ਜਾਮਾ ਧਾਰ ਨਿਹਕਲੰਕ ਪ੍ਰਗਟ ਜੋਤ ਕਰੇ ਨਿਰਹਾਰਿਆ । ਏਕਾ ਸ਼ਬਦ ਸੋਹੰ ਵਜਾਏ ਸਾਚਾ ਡੰਕ, ਚਾਰ ਵਰਨ ਕਰਾਏ ਜੈ ਜੈ ਜੈਕਾਰਿਆ । ਏਕ ਕਰਾਏ ਪ੍ਰਭ ਰਾਓ ਰੰਕ, ਸਤਿਜੁਗ ਸਾਚਾ ਹੋਵੇ ਵਰਤਾਰਿਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਜਨ ਭਗਤਾਂ ਕਾਜ ਸਵਾਰਿਆ । ਜਗਤ ਤਾਰ ਆਇਆ ਜਗਤ ਪਿਤ । ਜੋਤ ਆਕਾਰੀ ਜੀਵ ਜੰਤ ਉਧਾਰੀ, ਜੋਤ ਪਰਗਟਾਵੇ ਜੁਗੋ ਜੁਗ ਨਿਤ । ਦੁਸ਼ਟ ਸੰਘਾਰੀ ਜਨ ਭਗਤ ਅਧਾਰੀ, ਕਲਜੁਗ ਆਇਆ ਪਾਰਬ੍ਰਹਮ ਉਚਿਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਅੰਮ੍ਰਿਤ ਆਤਮ ਦੇਵੇ ਸਿਤ । ਆਤਮ ਅੰਮ੍ਰਿਤ ਪ੍ਰਭ ਵਰਖਾਇਆ । ਨਿਜਾਨੰਦ ਨਿਜ ਮਾਹਿ ਉਪਾਇਆ । ਸ਼ਾਂਤ ਕਰਾਏ ਸਤਿ ਸਰੂਪੀ, ਸਤਿ ਪੁਰਖ ਉਪਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਜੋਤ ਸਰੂਪੀ ਖੇਲ ਰਚਾਇਆ । ਸਤਿਜੁਗ ਹੋਵੇ ਪ੍ਰਭ ਸਤਿ ਵਰਤਾਰ । ਸੋਹੰ ਸ਼ਬਦ ਚਾਰ ਵਰਨ ਹੋਏ ਅਧਾਰ । ਜੋਤ ਨਿਰੰਜਣ ਸਾਚਾ ਕਰੇ ਜੋਤ ਆਕਾਰ । ਜਨ ਭਗਤਾਂ ਰਸਨਾ ਜਪ ਆਤਮ ਕੀਆ ਉਜਿਆਰ । ਆਤਮ ਉਜਿਆਰ ਦੀਸੇ ਘਰ ਸਚਖੰਡ ਦਵਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸ਼ਬਦ ਦੇਵੇ ਜਗਤ ਭੰਡਾਰ । ਗੁਰਮੁਖ ਤੇਰੀ ਧੰਨ ਧੰਨ ਧੰਨ ਵਡਿਆਈ । ਨਿਹਕਲੰਕ ਚਰਨ ਲਾਗ, ਕਲਜੁਗ ਸੇਵ ਕਮਾਈ । ਬੇਮੁਖ ਕਲਜੁਗ ਦੁਰਾਚਾਰ, ਦੁਰਮਤ ਦੇਹ ਕਰਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਜਾਮਾ ਧਾਰ, ਅਚਰਜ ਖੇਲ ਰਚਾਈ ।

ਕਲਜੁਗ ਉਚਿਤ ਕਰੇ ਪ੍ਰਭ ਖੇਲ । ਜਨ ਭਗਤਾਂ ਜੋਤ ਸਰੂਪੀ ਕੀਆ ਮੇਲ । ਆਤਮ ਜੋਤ ਜਗਾਈ ਬਿਨ ਬਾਤੀ ਬਿਨ ਤੇਲ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਬੇਮੁਖ ਜਲਾਏ ਪਾ ਆਤਮ ਜੋਤੀ ਤੇਲ । ਨਿਹਕਲੰਕ ਨਰ ਅਵਤਾਰੀ । ਜਾਮਾ ਧਰੇ ਮਾਤਲੋਕ, ਘਨਕਪੁਰ ਬਣੇ ਸਚਖੰਡ ਦਵਾਰੀ । ਜੋਤ ਜਗਾਏ ਵਿਚ ਤੀਨ ਲੋਕ, ਚਾਰ ਕੁੰਟ ਕਰਾਏ ਜੈ ਜੈ ਜੈਕਾਰੀ । ਬੇਮੁਖਾਂ ਵਰਤੇ ਘਰ ਘਰ ਸੋਗ, ਰਸਨਾ ਕੀਆ ਮਦਿ ਮਾਸ ਅਹਾਰੀ । ਮਹਾਰਾਜ ਸ਼ੇਰ ਸਿੰਘ ਕਲ ਤੇਰੀ ਜੋਤ, ਜਨ ਭਗਤਾਂ ਸੋਹੰ ਨਾਮ ਦੇਵੇ ਸਦਾ ਖੁਮਾਰੀ । ਸੋਹੰ ਸ਼ਬਦ ਸਦਾ ਗੁਣਵੰਤ । ਰਸਨਾ ਜਪਾਏ ਪਰਗਟ ਨਿਹਕਲੰਕ ਭਗਵੰਤ । ਸਤਿਜੁਗ ਮਾਣ ਕਰਾਏ, ਸੰਤ ਮਨੀ ਸਿੰਘ ਵਿਚ ਜੀਵ ਜੰਤ । ਸਚ ਜੋਤ ਵਿਚ ਲਿਲਾਟ ਟਿਕਾਏ, ਪਰਗਟ ਨਿਹਕਲੰਕ ਕਲ ਸਾਚਾ ਕੰਤ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਕਾਸ਼ੇ, ਮਾਇਆ ਪਾਈ ਜਗਤ ਬੇਅੰਤ । ਮਾਇਆ ਪਾਈ ਜਗਤ ਭੁਲਾਇਆ । ਆਪਣਾ ਭੇਵ ਪ੍ਰਭ ਆਪ ਛੁਪਾਇਆ । ਜਾਮਾ ਧਾਰ ਨਿਹਕਲੰਕ, ਕਲਜੁਗ ਜੀਵ ਅੰਤ ਨਾਸ ਕਰਾਇਆ । ਜਨ ਭਗਤਾਂ ਸੋਹਣ ਦਵਾਰ ਬੰਕ, ਪ੍ਰਭ ਜੋਤ ਸਰੂਪੀ ਡੇਰਾ ਲਾਇਆ । ਏਕਾ ਸ਼ਬਦ ਚਲਾਵੇ ਇਕ ਰਖਾਵੇ ਅੰਕ, ਸਾਚਾ ਸ਼ਬਦ ਸਤਿਜੁਗ ਚਲਾਇਆ । ਨਾ ਕੋਈ ਦੀਸੇ ਰਾਓ ਰੰਕ, ਚਾਰ ਵਰਨ ਪ੍ਰਭ ਇਕ ਕਰਾਇਆ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਦਵਾਰ, ਗੁਰਸਿਖ ਕਰ ਨਿਮਸਕਾਰ ਬਾਰ ਅਨਕ, ਕਲਜੁਗ ਬੇੜਾ ਪਾਰ ਕਰਾਇਆ । ਕਲਜੁਗ ਪਾਰ ਕਰੇ ਪਤਿਆਰਾ । ਏਕਾ ਸ਼ਬਦ ਦੇਵੇ ਸੋਹੰ ਨਾਮ ਅਧਾਰਾ । ਧਰੇ ਜੋਤ ਜਗਤ ਆਕਾਰ, ਬੈਠ ਅਡੋਲ ਆਪ ਨਿਰਾਧਾਰਾ । ਮਹਾਰਾਜ ਸ਼ੇਰ ਸਿੰਘ ਤੇਰੇ ਸਾਚੇ ਬੋਲ, ਸਤਿਜੁਗ ਵਰਤੇ ਸੋਹੰ ਤੇਰਾ ਸਤਿ ਵਰਤਾਰਾ । ਸੋਹੰ ਸ਼ਬਦ ਸਤਿ ਪੁਰਖਾਂ ਗਾਇਆ । ਸਾਚਾ ਸ਼ਬਦ ਸਤਿ ਸਰੂਪ ਵਿਚ ਹਿਰਦੇ ਵਸਾਇਆ । ਜੋਤ ਜਗਾਏ ਨਿਹਕਲੰਕ ਅਨੂਪ, ਅੰਧ ਅਗਿਆਨ ਪ੍ਰਭ ਦੇ ਮਿਟਾਇਆ । ਦਰਸ ਦਿਖਾਵੇ ਪ੍ਰਭ ਸਵੱਛ ਸਰੂਪ, ਦਸਮ ਦਵਾਰ ਪ੍ਰਭ ਖੋਲ੍ਹ ਵਖਾਇਆ । ਨਜ਼ਰੀ ਆਏ ਬਿਨ ਰੰਗ ਰੂਪ, ਜੋਤ ਸਰੂਪੀ ਪ੍ਰਭ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਕਲ ਵਡਾ ਭੂਪ, ਕਲਜੁਗ ਖਪਾਏ ਸਤਿਜੁਗ ਸਾਚਾ ਲਾਇਆ । ਕਲਜੁਗ ਮਿਟੇ ਮਿਟ ਜਾਏ ਅੰਧਿਆਰਾ । ਏਕਾ ਜੋਤ ਧਰੇ ਕਲਜੁਗ ਪ੍ਰਭ ਏਕਾ ਏਕੰਕਾਰਾ । ਜੁਗੋ ਜੁਗ ਜੋਤ ਸਰੂਪ ਪ੍ਰਭ ਮਾਤ ਲਏ ਅਵਤਾਰਾ । ਕਲਜੁਗ ਜਾਮਾ ਧਾਰ, ਘਨਕਪੁਰ ਬਣਾਏ ਸਚਖੰਡ ਦਵਾਰਾ । ਜਨ ਭਗਤਾਂ ਕਰਾਏ ਜੈ ਜੈ ਜੈਕਾਰ, ਏਕਾ ਨਾਮ ਸ਼ਬਦ ਦੇਵੇ ਅਧਾਰਾ । ਗੁਰ ਜਪ ਕਲਜੁਗ ਜਨਮ ਸਵਾਰਾ । ਮਹਾਰਾਜ ਸ਼ੇਰ ਸਿੰਘ ਤੇਰਾ ਜੋਤ ਪਰਕਾਸ਼, ਕਲਜੁਗ ਮਿਟੇ ਅੰਧ ਅੰਧਿਆਰਾ । ਨਿਹਕਲੰਕ ਜੋਤ ਸਰੂਪ ਪਰਕਾਸ਼ਿਆ । ਕਲਜੁਗ ਅੰਤਕਾਲ ਮਿਟਾਵੇ ਪ੍ਰਭ ਅਬਿਨਾਸ਼ਿਆ । ਸਾਚੀ ਜੋਤ ਜਗਤ ਪਿਤ, ਸਾਧ ਸੰਗਤ ਵਿਚ ਕਰੇ ਵਾਸਿਆ । ਮਹਾਰਾਜ ਸ਼ੇਰ ਸਿੰਘ ਕਲੰਕਨਿਹ, ਬੇਮੁਖ ਕਲਜੁਗ ਤੇਰੇ ਦਰ ਤੋਂ ਨਾਸਿਆ । ਬੇਮੁਖ ਕਲਜੁਗ ਜੀਵ, ਮਦਿ ਮਾਸ ਆਹਾਰੀ । ਜਨ ਭਗਤ ਅੰਮ੍ਰਿਤ ਰਸ ਪੀਵ, ਆਤਮ ਰਹੇ ਪ੍ਰਭ ਨਾਮ ਖੁਮਾਰੀ । ਬੇਮੁਖ ਕਲਜੁਗ ਜੀਵ, ਆਤਮ ਰਹੇ ਸਦਾ ਹੰਕਾਰੀ । ਗੁਰਮੁਖ ਸਾਚੇ ਸਚੇ ਦਰ ਥੀਵ, ਪ੍ਰਭ ਚਰਨ ਕਰਨ ਆਏ ਨਿਮਸਕਾਰੀ । ਕਲਜੁਗ ਜਾਮਾ ਧਾਰ ਨਿਹਕਲੰਕ, ਸੰਤ ਮਨੀ ਸਿੰਘ ਤੇਰੀ ਪੈਜ ਸਵਾਰੀ । ਸੰਤ ਮਨੀ ਸਿੰਘ ਪ੍ਰਭ ਮਾਣ ਦਵਾਇਆ । ਸੋਹੰ ਸ਼ਬਦ ਪਰਕਾਸ਼ ਕਰ, ਜੋਤ ਸਰੂਪੀ ਦੀਪ ਜਗਾਇਆ । ਵਿਚ ਮਸਤੂਆਣੇ ਵਾਸ ਕਰ, ਨਿਹਕਲੰਕ ਕਲ ਪਾਈ ਮਾਇਆ । ਸਾਚਾ ਪ੍ਰਭ ਸਾਚਾ ਪਰਕਾਸ਼ ਕਰ, ਰਾਣਾ ਸੰਗਰੂਰ ਬੰਨ੍ਹ ਚਰਨ ਲਿਆਇਆ । ਰਾਜ ਤਾਜ ਅੰਤਕਾਲ ਪ੍ਰਭ ਨਾਸ ਕਰ, ਸ਼ਬਦ ਮਨੀ ਸਿੰਘ ਤੇਰਾ ਸਚ ਕਰਾਇਆ । ਵਾਲੀ ਹਿੰਦ ਚਰਨ ਪ੍ਰਭ ਦਾਸ ਕਰ,

ਜੋਤ ਸਰੂਪੀ ਦਰਸ ਦਿਖਾਇਆ । ਹਉਮੇ ਮਮਤਾ ਵਿਚੋਂ ਨਾਸ ਕਰ, ਆਤਮ ਝਿਰਨਾ ਪ੍ਰਭ ਨਿਝਰੋਂ ਝਿਰਾਇਆ । ਝੂਠੀ ਦੇਹ ਸਾਚੇ ਪ੍ਰਭ ਵਿਚ ਵਾਸ ਕਰ, ਬਜਰ ਕਪਾਟ ਖੋਲ੍ਹ ਵਖਾਇਆ । ਸਾਚੀ ਜੋਤ ਵਿਚ ਪਰਕਾਸ਼ ਕਰ, ਵਾਲੀ ਹਿੰਦ ਪਕੜ ਵਿਚ ਚਰਨ ਬਹਾਇਆ । ਨਿਹਕਲੰਕ ਜੋਤ ਸਰੂਪੀ ਪਰਕਾਸ਼ ਕਰ, ਆਪਣਾ ਭੇਵ ਆਪ ਖੁਲ੍ਹਾਇਆ । ਸ਼ਬਦ ਗੁਣ ਆਤਮ ਧੁੰਨ, ਮਹਾਰਾਜ ਸ਼ੇਰ ਸਿੰਘ ਸਾਚਾ ਬਾਣ ਸੋਹੰ ਲਾਇਆ । ਸਾਚਾ ਬਾਣ ਜਗਤ ਪ੍ਰਭ ਲਾਏ । ਚਾਰ ਕੁੰਟ ਹਾਹਾਕਾਰ ਕਰਾਏ । ਜਨ ਭਗਤਾਂ ਰਸਨਾ ਜੈ ਜੈ ਜੈਕਾਰ ਕਰਾਏ । ਨਿਹਕਲੰਕ ਕਲ ਜਾਮਾ ਧਾਰ, ਜੋਤ ਸਰੂਪੀ ਸਚ ਵਖਾਇਆ । ਏਕਾ ਜੋਤ ਕਰ ਆਕਾਰ, ਅਗਨ ਜੋਤ ਜਗਤ ਜਲਾਇਆ । ਮਹਾਰਾਜ ਸ਼ੇਰ ਸਿੰਘ ਕਲ ਸਤਿ ਵਰਤਾਰ, ਕਲ ਸਾਚਾ ਸ਼ਬਦ ਸੋਹੰ ਚਲਾਇਆ । ਅੰਤਕਾਲ ਕਲਜੁਗ ਆਈ ਹਾਰ । ਵੇਦ ਅਥਰਬਣ ਪ੍ਰਭ ਕਰੇ ਖੁਆਰ । ਸੋਹੰ ਸ਼ਬਦ ਜਗਤ ਕਰੇ ਆਕਾਰ । ਜਨ ਭਗਤਾਂ ਦੇਵੇ ਸਾਚਾ ਨਾਮ ਅਧਾਰ । ਜੋ ਜਨ ਆਏ ਨਿਹਕਲੰਕ ਤੇਰੇ ਦਰਬਾਰ । ਮਾਨਸ ਜਨਮ ਕਲਜੁਗ ਕਰ ਗਏ ਪਾਰ । ਸਤਿਜੁਗ ਹੋਵੇ ਸਤਿ ਤੇਰਾ ਵਰਤਾਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਜੋਤ ਸਰੂਪੀ ਤੇਰਾ ਆਕਾਰ । ਜੋਤ ਧਰੇ ਪ੍ਰਭ ਸਮਰਥ । ਸਤਿਜੁਗ ਦੇਵੇ ਸੋਹੰ ਸਾਚੀ ਵਥ । ਬੇਮੁਖਾਂ ਪਾਏ ਸ਼ਬਦ ਸਰੂਪੀ ਪ੍ਰਭ ਨੱਥ । ਬੇਮੁਖ ਜੀਵ ਕਲਜੁਗ ਹੋਏ ਸਰਬ ਭਥ । ਸਾਧ ਸੰਗਤ ਅੰਤ ਕਲਜੁਗ ਨਿਹਕਲੰਕ ਰੱਖੇ ਸਿਰ ਹਥ । ਸੋਹੰ ਸਾਚਾ ਨਾਮ ਸਤਿਜੁਗ ਚਲਾਇਆ ਰਥ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਸਦਾ ਸਮਰਥ । ਆਵੇ ਜਾਵੇ ਜਗਤ ਪ੍ਰਭ ਦਾਤਾ । ਕਲਜੁਗ ਖੇਲ ਕਰਾਏ, ਵਰਤਾਏ ਰੰਗ ਇਕ ਰਾਤਾ । ਸ਼ਬਦੀ ਸ਼ਬਦ ਮੇਲ ਕਰਾਏ, ਜਨ ਭਗਤਾਂ ਚਰਨ ਰਖਾਏ ਨਾਤਾ । ਕਲਜੁਗ ਅਚਰਜ ਖੇਲ ਵਰਤਾਏ, ਜੋਤ ਧਰੇ ਜਗਤ ਪਿਤ ਮਾਤਾ । ਮਹਾਰਾਜ ਸ਼ੇਰ ਸਿੰਘ ਸਤਿ ਸਤਿ ਸਤਿ ਵਰਤਾਵੇ, ਸਤਿ ਪੁਰਖ ਬਿਧਾਤਾ । ਸਤਿ ਸਤਿ ਵਰਤੇ ਸਭ ਤੇਰਾ ਭਾਣਾ । ਅੰਤਕਾਲ ਕਲਜੁਗ ਕੋਈ ਨਾ ਦੀਸੇ ਰਾਜਾ ਰਾਣਾ । ਜੋਤ ਸਰੂਪ ਪਰਗਟ ਨਿਹਕਲੰਕ, ਰਾਓ ਰੰਕ ਇਕ ਕਰਾਣਾ । ਮਹਾਰਾਜ ਸ਼ੇਰ ਸਿੰਘ ਕਲਜੁਗ ਵਰਤਾਵੇ ਸਾਚਾ ਆਪਣਾ ਭਾਣਾ । ਪਰਗਟ ਨਿਹਕਲੰਕ ਦੇਵੇ ਦਰਸ ਅਮੋਘ । ਸੋਹੰ ਸ਼ਬਦ ਗਿਆਨ ਦਵਾਏ, ਕੱਟੇ ਹਉਮੇ ਰੋਗ । ਆਤਮ ਜੋਤ ਜਗਾਏ, ਆਤਮ ਮਿਟਾਏ ਸੋਗ । ਸੁੰਨ ਸਮਾਧ ਖੁਲ੍ਹਾਏ, ਸਤਿ ਜਗਾਏ ਜੋਤ । ਸੋਹੰ ਸ਼ਬਦ ਧੁਨ ਵਜਾਏ, ਮਹਾਰਾਜ ਸ਼ੇਰ ਸਿੰਘ ਗੁਰਸਿਖ ਜਗਾਵੇ ਜੋਤ । ਗੁਰਸਿਖ ਪ੍ਰਭ ਜੋਤ ਕੀਆ ਆਕਾਰਾ । ਸੋਹੰ ਸ਼ਬਦ ਸਾਚੀ ਆਤਮ ਧੁਨ ਕਰੇ ਧੁੰਨਕਾਰਾ । ਜਨ ਭਗਤ ਕਲਜੁਗ ਵਾਚਾ, ਪ੍ਰਭ ਮਿਲਿਆ ਅਗੰਮ ਅਪਾਰਾ । ਬੇਮੁਖ ਆਏ ਦਰ ਨਾਚਾ, ਅੰਤ ਜਾਏ ਝਖ ਮਾਰਾ । ਗੁਰਮੁਖ ਮਿਲਿਆ ਪ੍ਰਭ ਸਾਚਾ, ਨਿਹਕਲੰਕ ਦਿਖਾਵੇ ਸਚਖੰਡ ਦਵਾਰਾ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ, ਕਲਜੁਗ ਕੀਆ ਜੋਤ ਸਰੂਪ ਪਸਾਰਾ । ਜੋਤ ਸਰੂਪ ਜਗਤ ਪ੍ਰਭ ਆਇਆ । ਬੇਮੁਖ ਜੀਵ ਕਲਜੁਗ ਭੇਵ ਨਾ ਪਾਇਆ । ਪਰਗਟ ਜੋਤ ਨਿਹਕਲੰਕ, ਜੋਤ ਸਰੂਪ ਵਿਚ ਸਿੱਖ ਸਮਾਇਆ । ਨਜ਼ਰ ਆਏ ਨਾ ਰੰਗ ਰੂਪ, ਗਿਆਨ ਗੋਝ ਪ੍ਰਭ ਭੇਵ ਖੁਲ੍ਹਾਇਆ । ਪ੍ਰਭ ਕੀ ਮਹਿੰਮਾ ਬੜੀ ਅਨੂਪ, ਅਗਾਧ ਬੋਧ ਬੋਧ ਅਗਾਧ ਸਾਚਾ ਸ਼ਬਦ ਜਗਤ ਲਿਖਾਇਆ । ਸ਼ਬਦ ਸਰੂਪ ਕਲਜੁਗ ਜੀਵ ਸਰਬ ਹੋਏ ਸੋਗ, ਨਰਕ ਨਿਵਾਸ ਦਵਾਇਆ । ਸਾਧ ਸੰਗਤ ਪ੍ਰਭ ਰੱਖੇ ਮੁਖ, ਸਾਚਾ ਛਤਰ ਸਿਰ ਝੁਲਾਇਆ । ਧਾਰੇ ਜੋਤ ਅਨੰਦ ਬਿਨੋਦ, ਨਿਹਕਲੰਕ ਪ੍ਰਭ ਨਾਮ ਲਿਖਾਇਆ । ਜੋਤ ਸਰੂਪੀ ਪ੍ਰਭ ਵਡ ਦਾਤਾ ਜੋਧ, ਝੂਠੀ ਸ੍ਰਿਸ਼ਟ ਪ੍ਰਭ ਲਏ ਖਪਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਾਮਾ ਧਾਰ ਨਿਹਕਲੰਕ ਘਨਕਪੁਰੀ

ਪ੍ਰਭ ਮਾਣ ਦਵਾਇਆ । ਘਨਕਪੁਰ ਵਾਸੀ ਕਲ ਤੇਰੀ ਵਡਿਆਈ । ਨਰ ਨਰਾਇਣ ਨਿਹਕਲੰਕ ਕਲਜੁਗ ਜੋਤ ਪਰਗਟਾਈ । ਗੁਰਮੁਖ ਸਾਚਾ ਪ੍ਰਭ ਦਰਸ ਕਰ ਨੈਣ, ਆਤਮ ਜੋਤ ਪ੍ਰਭ ਦਏ ਜਗਾਈ । ਆਤਮ ਜੋਤ ਹੋਏ ਉਜਿਆਰ, ਅਗਿਆਨ ਅੰਧੇਰ ਸਰਬ ਮਿਟ ਜਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ ਜਾਮਾ ਧਾਰ, ਕਲਜੁਗ ਝੂਠੀ ਖੇਲ ਮਿਟਾਈ । ਜੋਤ ਸਰੂਪ ਪ੍ਰਭ ਸਦ ਵਰਤਾਰਾ । ਏਕਾ ਜੋਤ ਅਟਲ, ਏਕਾ ਏਕੰਕਾਰਾ । ਕਲਜੁਗ ਜਾਮਾ ਧਾਰਿਆ, ਨਿਹਕਲੰਕ ਅਵਤਾਰਾ । ਬਾਸ਼ਕ ਸੇਜ ਤਜਾਈ, ਪ੍ਰਭ ਨੈਣ ਮੁਧਾਰਾ । ਕਲ ਜੋਤ ਸਰੂਪੀ ਖੇਲ ਰਚਾਇਆ, ਸਾਚਾ ਜੋਤ ਕੀਆ ਵਰਤਾਰਾ । ਪ੍ਰਭ ਆਪਣਾ ਭੇਵ ਛੁਪਾਇਆ, ਬੇਮੁਖਾਂ ਨਾ ਦੀਸੇ ਪ੍ਰਭ ਦਵਾਰਾ । ਗੁਰਸਿਖਾਂ ਜੋਤ ਸਰੂਪੀ ਦੀਪ ਜਗਾਇਆ, ਸਚ ਦੀਸੇ ਨਿਹਕਲੰਕ ਤੇਰਾ ਦਰਬਾਰਾ । ਪ੍ਰਭ ਅਬਿਨਾਸ਼ੀ ਆਪਣੇ ਚਰਨ ਲਗਾਇਆ, ਖੋਲ੍ਹ ਦੀਆ ਦਸਮ ਦਵਾਰਾ । ਸੁਰਤ ਸ਼ਬਦ ਪ੍ਰਭ ਮੇਲ ਕਰਾਇਆ, ਉਪਜੇ ਧੁਨ ਮਿਟੇ ਧੁੰਧੂਕਾਰਾ । ਪ੍ਰਭ ਜੋਤੀ ਜੋਤ ਟਿਕਾਇਆ, ਖੋਲ੍ਹ ਦੀਆ ਪ੍ਰਭ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਆਪਣਾ ਭੇਵ ਖੁਲ੍ਹਾਇਆ, ਸਚ ਦਿਖਾਇਆ ਸਤਿ ਪੁਰਖਾਂ ਸਚਖੰਡ ਦਵਾਰਾ । ਸਚਖੰਡ ਗੁਰਸਿਖਾਂ ਧਾਮ । ਏਕਾ ਜੋਤ ਜਗਾਏ ਏਕਾ ਰਾਮ । ਓਅੰ ਆਪ, ਸੋਹੰ ਉਪਜਾਏ ਸਾਚਾ ਨਾਮ । ਨਿਹਕਲੰਕ ਕਲ ਆਇਆ, ਜੋਤ ਸਰੂਪੀ ਪਹਰਿਆ ਜਾਮ । ਘਨਕਪੁਰ ਧਾਮ ਸੁਹਾਇਆ, ਜੋਤ ਧਰੇ ਵਿਸ਼ਨੂੰ ਭਗਵਾਨ । ਕਲਜੁਗ ਭੇਖ ਵਟਾਇਆ । ਅਚਰਜ ਖੇਲ ਕੀਆ, ਪਾਈ ਜਗਤ ਮਾਇਆ । ਮਹਾਰਾਜ ਸ਼ੇਰ ਸਿੰਘ ਕੋਈ ਨਾ ਜਾਣੇ ਤੇਰਾ ਨਾਮ, ਜਗਤ ਭੁਲੇਖਾ ਪਾਇਆ । ਕੀਆ ਜੋਤ ਪਰਕਾਸ਼, ਭਾਣਾ ਵਰਤਾਇਆ ਨਾ ਭੇਵ ਜਣਾਇਆ । ਕਲਜੁਗ ਪ੍ਰਭ ਅਬਿਨਾਸ਼, ਗੁਰਸਿਖ ਤਰਾਇਆ । ਨਿਹਕਲੰਕ ਦਰਸ ਦਿਖਾਇਆ । ਸੋਹੰ ਸ਼ਬਦ ਜਪਾਇਆ ਸਵਾਸ ਸਵਾਸ, ਸਾਧ ਸੰਗਤ ਪ੍ਰਭ ਦੇ ਦਰਸ ਮਾਣ ਦਵਾਇਆ । ਪਰਗਟ ਜੋਤ ਮਾਤਲੋਕ, ਸਵੱਛ ਸਰੂਪ ਦਰਸ ਦਿਖਾਇਆ । ਨਿਹਕਲੰਕ ਜੋਤ ਨਿਰੰਕਾਰ । ਕਲਜੁਗ ਤੇਰਾ ਜੋਤ ਸਰੂਪੀ ਆਕਾਰ । ਕੋਈ ਨਾ ਜਾਣੇ ਕਲਜੁਗ ਜੀਵ ਉਪਜਾਏ, ਪਰਗਟੇ ਨਿਹਕਲੰਕ ਅਵਤਾਰ । ਧੰਨ ਧੰਨ ਧੰਨ ਗੁਰਸਿਖ ਸਿੱਖ ਸਾਚੇ ਦਰਸ ਦੇਵੇ ਕ੍ਰਿਸ਼ਨ ਮੁਰਾਰ । ਬੇਮੁਖ ਭੁੰਨੇ ਜਿਉਂ ਭਠਿਆਲੇ ਦਾਣੇ, ਅੰਤਕਾਲ ਕਲ ਹੋਏ ਖੁਆਰ । ਗੁਰਸਿਖ ਸਾਚਾ ਪ੍ਰਭ ਚਰਨ ਰੰਗ ਮਾਣੇ, ਜੋਤ ਜਗਾਏ ਪ੍ਰਭ ਅਪਰ ਅਪਾਰ । ਜੋ ਜਨ ਚਲੇ ਕਲਜੁਗ ਨਿਹਕਲੰਕ ਤੇਰੇ ਭਾਣੇ, ਸੋਹੰ ਸ਼ਬਦ ਆਤਮ ਧਰੇ ਉਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਦੇਵੇ ਨਾਮ ਅਧਾਰ । ਨਾਮ ਅਧਾਰ ਦੇਵੇ ਪ੍ਰਭ ਅਧਾਰੀ । ਸਵੱਛ ਸਰੂਪ ਪਰਗਟੇ, ਨਿਹਕਲੰਕ ਨਰ ਅਵਤਾਰੀ । ਸਤਿਜੁਗ ਸਾਚੀ ਦੇਵੇ, ਮਨੀ ਸਿੰਘ ਤੇਰੇ ਹੱਥ ਸਿਕਦਾਰੀ । ਚਾਰ ਵਰਨ ਆਇਣ ਚਰਨ, ਸੋਹੰ ਸ਼ਬਦ ਹੋਏ ਜੈ ਜੈ ਜੈਕਾਰੀ । ਚਰਨ ਲਾਗ ਰਾਉ ਰੰਕ ਸਭ ਤਰਨ, ਦੇਵੇ ਪ੍ਰਭ ਭਗਤ ਭੰਡਾਰੀ । ਸਤਿਗੁਰ ਮਨੀ ਸਿੰਘ, ਸਤਿਜੁਗ ਸਾਚੀ ਹੋਵੇ ਤੇਰੀ ਸ਼ਰਨ, ਨਿਹਕਲੰਕ ਲਿਖਾਵੇ ਲੇਖ, ਪਰਗਟ ਜੋਤ ਪ੍ਰਭ ਲਿਖਾਰੀ । ਸਤਿਗੁਰ ਮਨੀ ਸਿੰਘ ਸਤਿਜੁਗ ਮਿਲੇ ਵਡਿਆਈ । ਉਚ ਪਦਵੀ ਵਿਚ ਮਾਤ ਦੇ ਆਈ । ਸਾਚਾ ਸ਼ਬਦ ਮਾਰੇ ਜਗ ਤਨਕ, ਊਚ ਨੀਚ ਕੋਈ ਰਹਿਣ ਨਾ ਪਾਈ । ਜਨ ਭਗਤ ਜੋਤ ਜਗਾਏ ਜਿਉਂ ਤ੍ਰੇਤਾ ਜਨਕ, ਆਤਮ ਤ੍ਰਿਖਾ ਦੇ ਮਿਟਾਈ । ਜੋਤ ਪਰਕਾਸ਼ ਕਰੇ ਕਲਜੁਗ ਵਾਸੀ ਪੁਰੀ ਘਨਕ, ਚਾਰ ਕੁੰਟ ਪੈ ਜਾਏ ਦੁਹਾਈ । ਗੁਰਸਿਖ ਕਰ ਨਿਮਸਕਾਰ ਬਾਰ ਅਨਕ, ਨਿਹਕਲੰਕ ਕਲ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਕਲ ਪ੍ਰਗਟਾਈ । ਪ੍ਰਗਟੇ ਜੋਤ ਅਗੰਮ ਅਥਾਹ । ਸਤਿਜੁਗ ਦੀਸੇ ਦੂਸਰ ਕੋਈ ਨਾਂਹ ।

ਪ੍ਰ੨੦
੦੧

ਸੋਹੰ ਸਾਚਾ ਸ਼ਬਦ, ਸਤਿਜੁਗ ਦਿਸਾਵੇ ਸਾਚਾ ਰਾਹ । ਆਤਮ ਉਪਜਾਵੇ ਧੁਨ, ਜਨ ਭਗਤ ਆਤਮ ਗਿਆ ਸਮਾ । ਨਿਹਕਲੰਕ ਕਲਜੁਗ ਜੀਵ ਨਾ ਜਾਣੇ ਤੇਰੇ ਗੁਣ, ਜੋਤ ਸਰੂਪੀ ਕਲਜੁਗ ਖੇਲ ਲਿਆ ਰਚਾ । ਕਲਜੁਗ ਖੇਲ ਜਗਤ ਰਚਾਇਆ । ਜੁਗੋ ਜੁਗ ਲੈ ਅਵਤਾਰ, ਪ੍ਰਭ ਏਕਾ ਰੰਗ ਰੰਗ ਵਰਤਾਇਆ । ਜਾਮਾ ਧਾਰ ਨਿਹਕਲੰਕ, ਖੰਡ ਬ੍ਰਹਿਮੰਡ ਉਲਟਾਇਆ । ਬ੍ਰਹਮਾ ਗਵਾਏ ਮਾਣ, ਅੰਤਕਾਲ ਜੁਗ ਚੌਥੇ ਪ੍ਰਭ ਵਿਚ ਜੋਤ ਮਿਲਾਇਆ । ਜਾਮਾ ਧਾਰ ਨਿਹਕਲੰਕ, ਗੁਰਸਿਖ ਸਾਚੇ ਕਲਜੁਗ ਮਾਣ ਦਵਾਇਆ । ਸਤਿਜੁਗ ਵਰਤੇ ਸਤਿ ਸਤਿ ਸਤਿ, ਬ੍ਰਹਮਲੋਕ ਸਿੰਘ ਪਾਲ ਬਹਾਇਆ । ਚੌਥੇ ਜੁਗ ਪ੍ਰਭ ਜੋਤ ਧਰ, ਅੰਤਕਾਲ ਕਲ ਧ੍ਰੂ ਕਰਾਇਆ । ਸਾਚੀ ਜੋਤ ਮਿਲਾਏ ਪ੍ਰਭ ਚੌਥੇ ਜੁਗ, ਅੰਤ ਖੇਲ ਮਿਟਾਇਆ । ਗੁਰਸਿਖ ਸਾਚੇ ਜੋਤ ਪਰਕਾਸ਼ ਕਰ, ਸਚਖੰਡ ਪ੍ਰਭ ਚਰਨ ਨਿਵਾਸ ਦਵਾਇਆ । ਸਤਿਜੁਗ ਸਾਚਾ ਸਤਿ ਸਤਿ ਪ੍ਰਭ ਵਾਸ ਕਰ, ਸਿੰਘ ਸਵਰਨ ਸਚਖੰਡ ਦਵਾਰ ਬਹਾਇਆ । ਚੌਥਾ ਜੁਗ ਕਲਜੁਗ ਨਿਹਕਲੰਕ ਨਾਸ ਕਰ, ਸਤਿਜੁਗ ਸਾਚਾ ਸਤਿ ਸਤਿ ਵਰਤਾਇਆ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼ ਕਰ, ਸਾਧ ਸੰਗਤ ਪਰਗਟ ਦਰਸ ਦਿਖਾਇਆ । ਸਾਧ ਸੰਗਤ ਜਾਪੇ ਸਚਖੰਡ ਦਵਾਰ, ਪਰਗਟ ਜੋਤ ਧਰੇ ਕਲ ਨਿਹਕਲੰਕ ਅਵਤਾਰ । ਸਾਚੀ ਜੋਤ ਪਰਗਟਾਈ ਤ੍ਰੈਤੇ ਸਾਚੇ ਸ਼ਾਮ ਅਵਤਾਰ । ਕਲਜੁਗ ਜਾਮਾ ਧਾਰਿਆ, ਨਿਹਕਲੰਕ ਅਵਤਾਰ । ਜਨ ਭਗਤ ਕਾਜ ਸਵਾਰਿਆ, ਦੇਵੇ ਦਰਸ ਅਗੰਮ ਅਪਾਰ । ਬਹੱਤਰ ਜਾਮੇ ਪ੍ਰਭ ਲੇਖ ਲਿਖਾ ਰਿਹਾ । ਗੋਬਿੰਦ ਲਿਖਾਇਆ ਸ਼ਬਦ ਅਪਾਰ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰਿਆ, ਲਿਖਤ ਲਿਖਾਈ ਅਪਰ ਅਪਾਰ । ਲਿਖਾਵੇ ਲਿਖਤ ਪ੍ਰਭ ਕਲਜੁਗ ਲੇਖ । ਕਲਜੁਗ ਪਰਗਟ ਆਇਆ, ਜੋਤ ਸਰੂਪੀ ਕੀਆ ਭੇਖ । ਸਾਧ ਸੰਗਤ ਪ੍ਰਭ ਦਰਸ ਦਿਖਾਇਆ, ਜਨ ਭਗਤਾਂ ਪ੍ਰਭ ਲਿਆ ਵੇਖ । ਮਹਾਰਾਜ ਸ਼ੇਰ ਸਿੰਘ ਨਾਉਂ ਧਰਾਇਆ, ਚਾਰ ਵਰਨ ਕਰਾਏ ਏਕ । ਏਕ ਵਰਨ ਪ੍ਰਭ ਏਕਾ ਜ਼ਾਤੀ । ਏਕਾ ਸ਼ਬਦ ਚਲਾਏ ਏਕਾ ਰੰਗ ਰਾਤੀ । ਦੂਸਰ ਕੋਈ ਰਹਿਣ ਨਾ ਪਾਏ, ਚਾਰ ਵਰਨ ਪ੍ਰਭ ਜੋਤ ਜਗਾਏ ਏਕਾ ਬਾਤੀ । ਪ੍ਰਭ ਦਰਸ ਜਨ ਸੋਭਾ ਪਾਏ, ਗੁਰਚਰਨ ਸਤਿਜੁਗ ਹੋਵੇ ਸਾਚੀ ਨਾਤੀ । ਮਹਾਰਾਜ ਸ਼ੇਰ ਸਿੰਘ ਜੋਤ ਜਗਾਏ, ਮਾਤ ਪਾਤਾਲ ਆਕਾਸ਼ੀ । ਮਾਤ ਪਾਤਾਲ ਆਕਾਸ਼, ਪ੍ਰਭ ਜੋਤ ਆਕਾਰਾ । ਕਲਜੁਗ ਕਰੇ ਜੋਤ ਪਰਕਾਸ਼, ਮਿਟ ਜਾਏ ਕਲ ਧੁੰਧੂਕਾਰਾ । ਬੇਮੁਖ ਜੀਵ ਅੰਤ ਹੋਏ ਨਾਸ, ਲੇਖ ਲਿਖਾਏ ਨਿਹਕਲੰਕ ਅਵਤਾਰਾ । ਜੋ ਜਨ ਕਰਨ ਚਰਨ ਪ੍ਰਭ ਵਾਸ, ਸਾਚਾ ਸ਼ਬਦ ਪ੍ਰਭ ਦਏ ਅਧਾਰਾ । ਮਹਾਰਾਜ ਸ਼ੇਰ ਸਿੰਘ ਤੇਰਾ ਜੋਤ ਸਰੂਪੀ ਵਾਸ, ਗੁਰਮੁਖਾਂ ਆਤਮ ਕਰੇ ਉਜਿਆਰਾ । ਗੁਰਸਿਖ ਆਤਮ ਉਜਿਆਰੀ । ਸੋਹੰ ਸ਼ਬਦ ਦੇਵੇ ਨਿਹਕਲੰਕ ਅਵਤਾਰੀ । ਜੋਤ ਜਗਾਏ ਸਤਿ ਵਰਤਾਏ, ਸਾਚਾ ਪ੍ਰਭ ਅਗੰਮ ਅਪਾਰੀ । ਦਿਸ ਨਾ ਆਏ ਵਿਚ ਰਹਾਏ, ਸਦ ਨਿਰਾਧਾਰੀ । ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਏ ਕਲਜੁਗ ਭਾਣਾ ਵਰਤਾਏ, ਨਿਹਕਲੰਕ ਨਰ ਅਵਤਾਰੀ । ਮਹਾਸਾਰਥੀ ਜਗਤ ਪ੍ਰਭ ਆਇਆ । ਕਲਜੁਗ ਰਥ ਸ਼ੌਹ ਦਰਿਆ ਰੁੜ੍ਹਾਇਆ । ਸਤਿਜੁਗ ਸਾਚਾ ਸਤਿ ਸਤਿ, ਸਤਿਗੁਰ ਸਾਚੇ ਲਾਇਆ । ਹਿਰਦੇ ਜਨ ਭਗਤਾਂ ਵਸ ਵਸ ਵਸ ਕਰ, ਆਤਮ ਰੰਗ ਚੜ੍ਹਾਇਆ । ਸੋਹੰ ਸਾਚਾ ਸ਼ਬਦ ਆਤਮ ਰਸ ਰਸ ਕਰ, ਨਿਜਾਨੰਦ ਨਿਜ ਮਾਹਿ ਪਾਇਆ । ਸਾਚਾ ਰਾਹ ਸਤਿਜੁਗ ਪ੍ਰਭ ਦੱਸ ਦੱਸ ਕਰ, ਸੋਹੰ ਸ਼ਬਦ ਸੁਣਾਇਆ । ਜਨ ਭਗਤਾਂ ਕਲਜੁਗ ਹਸ ਹਸ ਹਸ ਕਰ, ਰਸਨਾ ਗਾਇਆ । ਬੇਮੁਖਾਂ ਨਿਹਕਲੰਕ ਦਰ ਤੋਂ ਨੱਸ ਨੱਸ ਨੱਸ ਕਰ, ਆਪਣਾ ਮੁਖ ਛੁਪਾਇਆ । ਜੋਤ ਪਰਕਾਸ਼ ਗੁਰਸਿਖ ਦੇ ਰਵ ਸਸ ਕਰ, ਗੁਰ ਆਤਮ ਜੋਤ ਜਗਾਇਆ । ਸਾਚੀ ਦੇਹ ਵਿਚ

ਪ੍ਰਭ ਵਸ ਕਰ, ਦਸਮ ਦਵਾਰ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਪਰਗਟ ਨਿਹਕਲੰਕ, ਸਤਿਜੁਗ ਸਾਚਾ ਰਾਹ ਚਲਾਇਆ । ਸਤਿਜੁਗ ਤੇਰੀ ਸਤਿ ਵਡਿਆਈ । ਸੋਹੰ ਸਾਚਾ ਨਾਮ ਤੇਰਾ ਹੋਵੇ ਸਹਾਈ । ਜਾਮਾ ਧਾਰ ਨਿਹਕਲੰਕ, ਮਾਤਲੋਕ ਦੇਵੇ ਵਡਿਆਈ । ਪਰਗਟੀ ਜੋਤ ਨਰ ਨਰਾਇਣ, ਮਹਾਰਾਜ ਸ਼ੇਰ ਸਿੰਘ ਤੇਰੇ ਨਾਮ ਦੁਹਾਈ । ਸੋਹੰ ਸ਼ਬਦ ਜੀਵ ਸੁਰਤ ਖੁਲ੍ਹਾਏ । ਸੋਹੰ ਸ਼ਬਦ ਜੀਵ ਆਤਮ ਧੁੰਨ ਉਪਜਾਏ । ਸੋਹੰ ਸ਼ਬਦ ਜੀਵ ਅੰਧ ਅੰਧਿਆਰ ਮਿਟਾਏ । ਸੋਹੰ ਸ਼ਬਦ ਜੀਵ ਸਾਚਾ ਝਿਰਨਾ ਵਿਚ ਦੇਹ ਝਿਰਾਏ । ਸੋਹੰ ਸ਼ਬਦ ਜੀਵ ਜੋਤ ਸਰੂਪੀ ਜੋਤ ਮੇਲ ਕਰਾਏ । ਸੋਹੰ ਸ਼ਬਦ ਜੀਵ ਪਰਗਟ ਜੋਤ ਨਿਹਕਲੰਕ, ਚਾਰ ਵਰਨ ਪ੍ਰਭ ਝੋਲੀ ਪਾਏ । ਸੋਹੰ ਸ਼ਬਦ ਜੀਵ ਏਕਾ ਏਕ ਜਗਤ ਰਹਿ ਜਾਏ । ਸੋਹੰ ਸ਼ਬਦ ਜੀਵ ਖਾਣੀ ਬਾਣੀ ਸਰਬ ਮਿਟਾਏ । ਸੋਹੰ ਸ਼ਬਦ ਜੀਵ ਕੁਰਾਨ ਅੰਜੀਲ ਕੋਈ ਰਹਿਣ ਨਾ ਪਾਏ । ਸੋਹੰ ਸ਼ਬਦ ਜਪ ਜੀਵ ਪਰਗਟ ਨਿਹਕਲੰਕ ਆਪਣੀ ਕਲ ਵਰਤਾਏ । ਸੋਹੰ ਸ਼ਬਦ ਚਾਰ ਕੁੰਟ ਪ੍ਰਭ ਬਾਣ ਲਗਾਏ । ਸੋਹੰ ਸ਼ਬਦ ਜਨ ਭਗਤਾਂ ਹੋਏ ਸਹਾਏ । ਸੋਹੰ ਸ਼ਬਦ ਬੇਮੁਖਾਂ ਆਤਮ ਅਗਨ ਜਲਾਏ । ਸੋਹੰ ਸ਼ਬਦ ਗੁਰਸਿਖ ਆਤਮ ਤ੍ਰਿਖਾ ਬੁਝਾਏ । ਸੋਹੰ ਸ਼ਬਦ ਕਲਜੁਗ ਸਾਰਾ ਭੇਖ ਮਿਟਾਏ । ਸੋਹੰ ਸ਼ਬਦ ਸਤਿਜੁਗ ਸਾਚਾ ਸਚ ਸਚ ਵਰਤਾਏ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਸਾਚਾ ਸ਼ਬਦ ਸੋਹੰ ਸਤਿਜੁਗ ਵਰਨ ਚਾਰ ਚਲਾਏ । ਸਤਿਜੁਗ ਵਰਤੇ ਵਰਤਾਏ ਸਤਿ । ਪ੍ਰਭ ਸਤਿ ਸਰੂਪ, ਦੇਵੇ ਸਾਚੀ ਮਤਿ । ਸੋਹੰ ਸ਼ਬਦ ਆਤਮ ਰਖਾਵੇ ਜੀਵ ਯਤਿ । ਚਾਰ ਵਰਨ ਪ੍ਰਭ ਕਰਾਏ ਏਕਾ ਤੱਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਵਰਤਾਏ ਸਤਿ ਸਤਿ ਸਤਿ । ਸਤਿ ਵਰਤਾਏ ਸਤਿ ਦਿਆਲਾ । ਜਨ ਭਗਤਾਂ ਦੇਵੇ ਦਰਸ ਗੁਰ ਗੁਪਾਲਾ । ਸਾਧ ਸੰਗਤ ਅੰਤ ਕਲਜੁਗ ਹੋਏ ਰਖਵਾਲਾ । ਪ੍ਰਭ ਚਰਨ ਦਵਾਰ ਕਲਜੁਗ ਦੀਸੇ ਸਾਚੀ ਧਰਮਸਾਲਾ । ਮਹਾਰਾਜ ਸ਼ੇਰ ਸਿੰਘ ਤੇਰਾ ਦਰਸ ਅਪਾਰ, ਸੋਹੰ ਮਿਲੇ ਆਤਮ ਸਾਚੀ ਮਾਲਾ । ਸੋਹੰ ਜਣਾਏ ਪ੍ਰਭ ਸਰਨਾਗਤ । ਜਨ ਭਗਤ ਪ੍ਰਭ ਰਾਖੇ ਪਤਿ । ਕਲਜੁਗ ਜੀਵ ਨਾ ਜਾਣੇ ਨਿਹਕਲੰਕ ਤੇਰੀ ਮਿਤ ਗਤ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਮਾਤ ਜੋਤ ਪਰਗਟਾਵੇ ਜੁਗੋ ਜੁਗ ਨਿਤ । ਜੁਗ ਜੁਗ ਜਗਤ ਪ੍ਰਭ ਆਏ । ਆਵਣ ਜਾਣ ਜਾਣ ਆਵਣ ਪ੍ਰਭ ਖੇਲ ਰਚਾਏ । ਜਨ ਭਗਤਾਂ ਦੇਵੇ ਮਾਣ, ਵੇਲੇ ਅੰਤ ਹੋਏ ਸਹਾਏ । ਕਲਜੁਗ ਜੀਵ ਅੰਞਾਣ, ਨਿਹਕਲੰਕ ਨਾ ਜਾਨਣ ਤੇਰੀ ਸੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵਿਰਲਾ ਗੁਰਸਿਖ ਜਾਣੇ ਕੋਇ । ਜਾਣੇ ਸੋ ਜਿਸ ਪ੍ਰਭ ਆਪ ਜਣਾਏ । ਪਰਗਟ ਜੋਤ ਨਿਹਕਲੰਕ, ਮੁਰਾਰ ਕ੍ਰਿਸ਼ਨ ਦਰਸ ਦਿਖਾਏ । ਦੇਵੇ ਦਰਸ ਪ੍ਰਭ ਗੁਰਸਿਖ ਸਾਚੇ, ਪ੍ਰਭ ਆਤਮ ਤ੍ਰਿਖਾ ਮਿਟਾਏ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਗੁਰਮੁਖਾਂ ਆਤਮ ਜੋਤ ਜਗਾਏ । ਆਤਮ ਜੋਤ ਦੇਵੇ ਆਤਮ ਅਧਾਰੀ । ਸਾਚੀ ਦ੍ਰਿਸ਼ਟ ਖੁਲ੍ਹਾਏ, ਪ੍ਰਭ ਸਾਚਾ ਸ਼ਬਦ ਅਧਾਰੀ । ਆਤਮ ਉਜਲ ਕਰਾਏ, ਏਕ ਦਿਸਾਏ ਨੈਣ ਮੁਧਾਰੀ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਸਾਧ ਸੰਗਤ ਤੇਰੀ ਪੈਜ ਸਵਾਰੀ । ਪੰਚਮ ਜੇਠ ਵਿਚ ਮਾਤ ਮਿਲੇ ਵਡਿਆਈ । ਸਾਚੀ ਜੋਤ ਨਰ ਨਰਾਇਣ, ਕਲਜੁਗ ਪਰਗਟਾਈ । ਜਾਮਾ ਧਾਰ ਪ੍ਰਭ ਨਿਹਕਲੰਕ, ਜੋਤ ਸਰੂਪ ਘਨਕਪੁਰੀ ਸਤਿ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਕਰ ਜੋਤ ਆਕਾਰ, ਕਲਜੁਗ ਸਾਚੀ ਜੋਤ ਪਰਗਟਾਈ । ਪੰਚਮ ਜੇਠ ਪ੍ਰਭ ਆਇਆ । ਧਾਰ ਖੇਲ ਚਤੁਰਭੁਜ ਕਹਾਇਆ । ਸਾਵਲ ਸੁੰਦਰ ਕ੍ਰਿਸ਼ਨ ਘਨਈਆ, ਜਾਮਾ ਧਾਰ ਨਿਹਕਲੰਕ ਕਲ ਆਇਆ । ਪੰਚਮ ਜੇਠ ਪਰਗਟ ਜੋਤ, ਜਨ ਭਗਤਾਂ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ

ਸਤਿਗੁਰ ਸਾਚੇ ਕਲਜੁਗ ਜਾਮਾ ਧਾਰ, ਸੋਹੰ ਸਾਚਾ ਸ਼ਬਦ ਚਲਾਇਆ । ਪੰਚਮ ਰੈਣੜੀ ਤੇਰੀ ਰੁੱਤ ਸੁਹਾਈ, ਸਚ ਪ੍ਰਭ ਮਾਤਲੋਕ ਜੋਤ ਪ੍ਰਗਟਾਈ । ਪੰਚਮ ਰੈਣੜੀ ਤੇਰੀ ਰੁੱਤ ਸੁਹਾਈ, ਸਚਖੰਡ ਨਿਵਾਸੀ ਸਾਚੀ ਜੋਤ ਵਿਚ ਮਾਤ ਟਿਕਾਈ । ਪੰਚਮ ਰੈਣੜੀ ਤੇਰੀ ਰੁੱਤ ਸੁਹਾਈ, ਕਲਜੁਗ ਹੋਏ ਜੋਤ ਪਰਕਾਸ਼, ਘਨਕਪੁਰੀ ਹੋਵੇ ਰੁਸ਼ਨਾਈ । ਪੰਚਮ ਰੈਣੜੀ ਤੇਰੀ ਰੁੱਤ ਸੁਹਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਸਤਿ ਪਰਗਟਾਈ । ਪੰਚਮ ਜੇਠ ਪੰਚਮ ਜਗ ਆਇਆ । ਚੌਥੇ ਜੁਗ ਦਾ ਪ੍ਰਭ ਅੰਤ ਕਰਾਇਆ । ਕਲੂ ਕਾਲ ਅੰਤਕਾਲ, ਪ੍ਰਭ ਸਾਚੇ ਖੇਲ ਮਿਟਾਇਆ । ਪੰਚਮ ਜੇਠ ਜਾਮਾ ਧਾਰ, ਨਿਹਕਲੰਕ ਕਲ ਆਇਆ । ਸੋਹੰ ਸਾਚਾ ਸ਼ਬਦ ਅਧਾਰ, ਸਤਿਗੁਰ ਸਾਚੇ ਰਾਹ ਚਲਾਇਆ । ਪੰਚਮ ਜੇਠ ਸਤਿਜੁਗ ਹੋਵੇ ਤੇਰੀ ਵਡ ਵਡ ਵਡਿਆਇਆ । ਉਤਮ ਦਿਵਸ ਪ੍ਰਭ ਚਾਰ ਵਰਨ ਵਿਚ ਰਖਾਇਆ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ ਨਿਹਕਲੰਕ ਆਪਣਾ ਭੇਵ ਸ਼ਬਦ ਰੂਪ ਖੁਲ੍ਹਾਇਆ । ਸ਼ਬਦ ਰੂਪ ਪ੍ਰਭ ਸ਼ਬਦ ਲਿਖਾਵੇ । ਕਲਜੁਗ ਜਾਮਾ ਧਾਰ, ਨਿਹਕਲੰਕ ਸਤਿ ਉਪਜਾਵੇ । ਇਕ ਕਰਾਏ ਰਾਓ ਰੰਕ, ਊਚ ਨੀਚ ਕੋਈ ਦਿਸ ਨਾ ਆਵੇ । ਚਾਰ ਵਰਨ ਇਕ ਕਰਾਏ । ਸਤਿਜੁਗ ਸਾਚੇ ਤੇਰੇ ਲੇਖ ਲਿਖਾਵੇ । ਮਹਾਰਾਜ ਸ਼ੇਰ ਸਿੰਘ ਵਾਸੀ ਪੁਰੀ ਘਨਕ, ਵਿਚ ਮਾਤ ਸਾਚੀ ਜੋਤ ਪਰਗਟਾਵੇ । ਪੰਚਮ ਜੇਠ ਪੰਚਮ ਆਇਆ । ਪ੍ਰਭ ਅਬਿਨਾਸ਼ੀ ਕਲਜੁਗ ਫੇਰਾ ਪਾਇਆ । ਕਲਜੁਗ ਜੀਵ ਵਿਨਾਸੀ, ਮਦਿਰਾ ਮਾਸ ਆਹਾਰ ਬਣਾਇਆ । ਗੁਰਮੁਖ ਸਾਚੇ ਪ੍ਰਭ ਚਰਨ ਰਹਿਰਾਸੀ, ਸਾਚਾ ਸ਼ਬਦ ਰਸਨਾ ਗਾਇਆ । ਚਾਰ ਕੁੰਟ ਪ੍ਰਭ ਚਰਨ ਕੀ ਦਾਸੀ, ਜੋਤ ਸਰੂਪ ਗਿਆਨ ਦਵਾਇਆ । ਹਉਮੈ ਮਮਤਾ ਵਿਚੋਂ ਨਾਸੀ, ਆਤਮ ਜੋਤ ਪ੍ਰਭ ਦੇ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਾਈ ਆਪਣੀ ਮਾਇਆ । ਕਲਜੁਗ ਮਾਇਆ ਜਗਤ ਭੁਲਾਇਆ । ਪ੍ਰਭ ਅਬਿਨਾਸ਼ੀ ਦਿਸ ਨਾ ਆਇਆ । ਜੋਤ ਸਰੂਪੀ ਪ੍ਰਭ ਭੇਵ ਰਖਾਇਆ । ਗੁਰ ਸਾਚੇ ਪਰਗਟ ਜੋਤ, ਨਿਹਕਲੰਕ ਕਲ ਦਰਸ ਦਿਖਾਇਆ । ਸਾਧ ਸੰਗਤ ਸਾਚੇ ਪ੍ਰਭ, ਸਾਚਾ ਸ਼ਬਦ ਰਸਨ ਸੁਣਾਇਆ । ਜੋ ਜਨ ਆਏ ਪ੍ਰਭ ਦਰ ਦੇ ਮੰਗਤ, ਸਾਚਾ ਸ਼ਬਦ ਸੋਹੰ ਪ੍ਰਭ ਝੋਲੀ ਪਾਇਆ । ਸੋਹੰ ਸ਼ਬਦ ਜਨ ਆਤਮ ਚਾੜ੍ਹੇ ਰੰਗਤ, ਆਤਮ ਧੁੰਨ ਵਿਚ ਦੇਹ ਵਜਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖਾਂ ਜੋਤ ਸਰੂਪੀ ਦਰਸ ਦਿਖਾਇਆ । ਜੋ ਜਨ ਆਏ, ਪ੍ਰਭ ਦਰਸ ਭਿਖਾਰੀ । ਸੋ ਜਨ ਸੋਹੇ ਨਿਹਕਲੰਕ ਤੇਰੇ ਚਰਨ ਦਵਾਰੀ । ਆਤਮ ਉਪਜੇ ਸੋਹੰ ਧੁਨ ਧੁਨਕਾਰੀ । ਸਾਚੀ ਜੋਤ ਸਚ, ਆਤਮ ਕਰੇ ਉਜਿਆਰੀ । ਸਾਚੀ ਭਿਛਿਆ ਦੇਵੇ, ਜੋ ਜਨ ਆਏ ਪ੍ਰਭ ਦਰ ਭਿਖਾਰੀ । ਜਾਮਾ ਧਾਰ ਕਲ ਨਿਹਕਲੰਕ, ਜਨ ਭਗਤਾਂ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚੀ ਜੋਤ ਵਿਚ ਮਾਤ ਉਤਾਰੀ । ਮਾਤਲੋਕ ਪ੍ਰਭ ਸਦਾ ਆਵਣ ਜਾਣਿਆ । ਕਲਜੁਗ ਨਿਹਕਲੰਕ ਵਿਰਲੇ ਗੁਰਮੁਖ ਪਛਾਣਿਆ । ਜੋਤ ਸਰੂਪੀ ਪ੍ਰਭ ਜੋਤ ਪਰਕਾਸ਼ ਕਰ, ਤਖ਼ਤੋਂ ਲਾਹੇ ਰਾਜੇ ਰਾਣਿਆ । ਜਨ ਭਗਤਾਂ ਹਿਰਦੇ ਵਾਸ ਕਰ, ਦੇਵੇ ਮਾਣ ਸਤਿਜੁਗ ਨਿਮਾਣਿਆਂ । ਚਾਰ ਵਰਨ ਚਾਰ ਕੁੰਟ ਪ੍ਰਭ ਚਰਨ ਦਾਸ ਕਰ, ਸਾਚੀ ਜੋਤ ਸਤਿਜੁਗ ਪਰਗਟਾਣਿਆ । ਸਾਚੀ ਸਾਧ ਸੰਗਤ ਪ੍ਰਭ ਵਾਸ ਕਰ, ਸੋਹੰ ਸ਼ਬਦ ਵਜਾਏ ਧੁਨਕਾਨਿਆ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚੀ ਜੋਤ ਪਰਕਾਸ਼ ਕਰ, ਸੋਹੰ ਸਚ ਸ਼ਬਦ ਜਨ ਭਗਤਾਂ ਕੰਨ ਸੁਣਾਣਿਆ । ਭਗਤ ਜਨਾਂ ਪ੍ਰਭ ਸ਼ਬਦ ਸੁਣਾਇਆ । ਅੰਮ੍ਰਿਤ ਆਤਮ ਸਿੰਚ, ਸੋਹੰ ਆਤਮ ਮੇਘ ਵਰਸਾਇਆ । ਜਾਮਾ ਧਾਰ ਨਿਹਕਲੰਕ, ਏਕਾ ਸ਼ਬਦ ਚਾਰ ਵਰਨ ਚਲਾਇਆ । ਚਾਰ ਕੁੰਟ ਸੋਹੰ ਤੇਰਾ ਵਜਾਏ

ਡੰਕ, ਮਹਾਰਾਜ ਸ਼ੇਰ ਸਿੰਘ ਸਤਿਜੁਗ ਤੇਰਾ ਮਾਣ ਰਖਾਇਆ । ਗੁਰਸਿਖ ਸਾਚੇ, ਕਲ ਸਾਚੀ ਜੋਤ ਪਰਕਾਸ਼ । ਗੁਰਸਿਖ ਸਾਚੇ, ਤੇਰਾ ਮਿਟੇ ਅੰਧ ਵਿਸ਼ਵਾਸ । ਗੁਰਮੁਖ ਸਾਚੇ, ਸੋਹੰ ਸ਼ਬਦ ਜਪ ਸਵਾਸ ਸਵਾਸ । ਗੁਰਸਿਖ ਸਾਚੇ, ਏਕਾ ਜੋਤ ਪ੍ਰਭ ਕਰੇ ਪਰਕਾਸ਼ । ਗੁਰਸਿਖ ਸਾਚੇ, ਸਾਚਾ ਮਿਲੇ ਪ੍ਰਭ ਅਬਿਨਾਸ਼ । ਗੁਰਸਿਖ ਸਾਚੇ, ਕਲਜੁਗ ਹੋਵੇ ਤੇਰੀ ਰਹਿਰਾਸ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਤੇਰੀ ਆਤਮ ਕਰੇ ਨਿਵਾਸ । ਸਾਚਾ ਪ੍ਰਭ ਆਤਮ ਨਿਵਾਸਿਆ । ਕਲਜੁਗ ਬੇਮੁਖ ਜੀਵ, ਸਾਚੇ ਦਰ ਤੋਂ ਨਾਸਿਆ । ਕਲਜੁਗ ਕੀਆ ਆਹਾਰ, ਰਸਨਾ ਲਾਏ ਮਦਿਰਾ ਮਾਸਿਆ । ਸੋਹੰ ਸ਼ਬਦ ਤੇਰਾ ਵਰਤਾਰ, ਬੇਮੁਖ ਜੀਵ ਜਗਤ ਵਿਨਾਸਿਆ । ਸਾਧ ਸੰਗਤ ਤੇਰੀ ਰਸਨ ਜੈ ਜੈ ਜੈਕਾਰ, ਸੋਹੰ ਸਾਚਾ ਸ਼ਬਦ ਗੁਰਸਿਖਾਂ ਭਾਸਿਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਮੇਲ ਮਿਲਾਏ ਪ੍ਰਭ ਅਬਿਨਾਸ਼ਿਆ । ਗੁਰਸਿਖ ਮੇਲ, ਪ੍ਰਭ ਜੋਤ ਮਿਲਾਇਆ । ਨਿਰਮਲ ਸਾਚੀ ਜੋਤ, ਗੁਰਮੁਖ ਸਾਚਾ ਵਿਚ ਸਮਾਇਆ । ਸਿੱਖ ਗੁਰ ਗੁਰ ਸਿੱਖ ਮਾਤਲੋਕ ਸਾਚੀ ਗੋਤ, ਸਾਚਾ ਮਗ ਪ੍ਰਭ ਜਗਤ ਚਲਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕਲ ਪਰਗਟ ਜੋਤ, ਸੋਹੰ ਸਾਚਾ ਸ਼ਬਦ ਸੁਣਾਇਆ । ਸੋਹੰ ਸ਼ਬਦ ਜਿਸ ਜਨ ਵਖਾਣਿਆ । ਚਰਨ ਲਾਗ, ਕਲਜੁਗ ਪ੍ਰਭ ਨਿਹਕਲੰਕ ਪਛਾਣਿਆ । ਸੋਹੰ ਸਾਚਾ ਪ੍ਰਭ ਦੇਵੇ ਵਰ, ਜਨਮ ਮਰਨ ਦਾ ਗੇੜ ਮਿਟਾਣਿਆ । ਦਰਸ ਦਿਖਾਵੇ ਅੰਤਕਾਲ ਅਵਤਾਰ ਨਰ, ਵਿਚ ਜੋਤੀ ਜੋਤ ਮਿਲਾਣਿਆ । ਗੁਰਮੁਖਾਂ ਮਿਲਿਆ ਸਚਖੰਡ ਅੰਤ ਸਾਚਾ ਘਰ, ਸੋਹੰ ਸ਼ਬਦ ਸਾਚਾ ਮੇਲ ਮਿਲਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਮਾਤਲੋਕ ਸਦ ਆਵਣ ਜਾਣਿਆ । ਮਾਤਲੋਕ ਪ੍ਰਭ ਜੋਤ ਸਰੂਪੀ ਆਇਆ । ਅਵਣ ਗਵਣ ਤੀਨ ਭਵਨ, ਕਲਜੁਗ ਜੀਵ ਭੁਲਾਇਆ । ਜਾਮਾ ਧਾਰ ਨਿਹਕਲੰਕ, ਸ਼ਬਦ ਸੋਹੰ ਰਸਨ ਅਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਾਈ ਉਲਟੀ ਮਾਇਆ । ਕਲਜੁਗ ਮਾਇਆ ਜੀਵ ਭੁਲਾਏ । ਜੋਤ ਸਰੂਪ ਪਰਗਟ ਪ੍ਰਭ, ਕਲਜੁਗ ਦਰਸ ਦਿਖਾਏ । ਸਾਚੀ ਕਲਮ ਵਗਾਏ ਮਾਰ, ਬਚਨ ਮਨੀ ਸਿੰਘ ਸਤਿ ਵਰਤਾਏ । ਬੇਮੁਖਾਂ ਕਰੇ ਖੁਆਰ, ਦੁਖ ਭੁਖ ਜਗਤ ਹੋ ਜਾਏ । ਸੋਹੰ ਸ਼ਬਦ ਖੰਡਾ ਦੋ ਧਾਰ, ਸਤਿਗੁਰ ਸਾਚਾ ਕਲਜੁਗ ਲਾਏ । ਨਰ ਨਾਰੀ ਹੋਏ ਖੁਆਰ, ਐਸੀ ਕਲਾ ਪ੍ਰਭ ਕਲ ਵਰਤਾਏ । ਬੇਮੁਖਾਂ ਨਾ ਦੀਸੇ ਸਤਿ ਦਰਬਾਰ, ਕਲਜੁਗ ਮਾਇਆ ਪਰਦਾ ਪਾਏ । ਅੰਤ ਆਈ ਕਲਜੁਗ ਹਾਰ, ਕੋਏ ਨਾ ਹੋਏ ਸਹਾਏ । ਸਾਧ ਸੰਗਤ ਨਿਹਕਲੰਕ ਤੇਰੇ ਚਰਨ ਪਿਆਰ, ਸੋਹੰ ਸ਼ਬਦ ਚੜ੍ਹਾਏ ਸਾਚੀ ਨਾਏ । ਜੋ ਜਨ ਆਇਣ ਪ੍ਰਭ ਚਰਨ ਦਵਾਰ, ਸਾਚਾ ਪ੍ਰਭ ਹੋਏ ਸਹਾਏ । ਸੋਹੰ ਸ਼ਬਦ ਕਲਜੁਗ ਦੇਵੇ ਤਾਰ, ਜੋ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਤੇਰਾ ਦਰਸ ਅਪਾਰ, ਕਰ ਦਰਸ ਜੀਵ ਤਰ ਜਾਏ । ਦੇ ਦਰਸ ਪ੍ਰਭ ਆਤਮ ਦਰਸਾਇਆ । ਹਿਰਦੇ ਵਰਖ ਅੰਮ੍ਰਿਤ ਮੇਘ ਪ੍ਰਭ ਬਰਸਾਇਆ । ਸਾਚਾ ਸ਼ਬਦ ਮਿਟਾਏ ਆਤਮ ਹਰਸ, ਸੋਹੰ ਸ਼ਬਦ ਪ੍ਰਭ ਗਿਆਨ ਦਵਾਇਆ । ਸਾਧ ਸੰਗਤ ਕਲਜੁਗ ਜਾਮਾ ਧਾਰ ਨਿਹਕਲੰਕ, ਜੋਤ ਸਰੂਪੀ ਮੇਲ ਕਰਾਇਆ । ਜੋਤ ਸਰੂਪੀ ਮੇਲ, ਜਨ ਭਗਤਾਂ ਪ੍ਰਭ ਕਰਾਏ । ਅੰਮ੍ਰਿਤ ਝਿਰਨਾ ਝਿਰਾਏ ਵਿਚ ਨਭ, ਸੁੰਨ ਸਮਾਧ ਖੋਲ੍ਹ ਵਖਾਏ । ਜੋ ਜਨ ਚਰਨ ਆਏ ਤਰ ਜਾਏ ਸਭ, ਨਿਹਕਲੰਕ ਤੇਰੀ ਵਡਿਆਏ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਪਰਗਟ ਜੋਤ ਝਬ, ਸਾਧ ਸੰਗਤ ਤੇਰੀ ਤ੍ਰਿਖਾ ਮਿਟਾਏ । ਸਾਧ ਸੰਗਤ, ਨਿਹਕਲੰਕ ਸਰਨਾਇਆ । ਜੋਤ ਸਰੂਪ ਪਰਗਟ ਪ੍ਰਭ, ਕਲਜੁਗ ਹੋਏ ਸਹਾਇਆ । ਦੇਵੇ ਸਾਚਾ ਸ਼ਬਦ ਸੋਹੰ ਅਧਾਰ, ਸਾਚੇ ਪ੍ਰਭ ਸਿਰ ਹਥ ਟਿਕਾਇਆ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਦਵਾਰ,

ਨਾ ਪੋਹੇ ਕਲਜੁਗ ਮਾਇਆ । ਨਿਹਕਲੰਕ ਤੇਰਾ ਦਰਬਾਰਾ । ਕਲਜੁਗ ਦੀਸੇ ਮਾਤਲੋਕ ਸਚਖੰਡ ਦਵਾਰਾ । ਏਕਾ ਜੋਤ ਧਰੇ ਨਿਹਕਲੰਕ ਅਵਤਾਰਾ । ਸਾਚਾ ਸ਼ਬਦ ਚਲਾਏ, ਸਚ ਕਰੇ ਵਰਤਾਰਾ । ਮਹਾਰਾਜ ਸ਼ੇਰ ਸਿੰਘ ਤੇਰੀ ਸਰਨਾਏ, ਗੁਰਮੁਖਾਂ ਮਿਲਿਆ ਸਚਖੰਡ ਦਵਾਰਾ । ਗੁਰਸਿਖ ਗੁਰਮੁਖ ਪ੍ਰਭ ਦਇਆ ਕਮਾਈ । ਕਲਜੁਗ ਜਾਮਾ ਧਾਰ, ਸਾਚੀ ਦੇਵੇ ਪ੍ਰਭ ਵਡਿਆਈ । ਸਾਚਾ ਕਰ ਜੋਤ ਆਕਾਰ, ਸ਼ਬਦ ਸੁਰਤ ਪ੍ਰਭ ਮੇਲ ਮਿਲਾਈ । ਪਰਗਟ ਜੋਤ ਪ੍ਰਭ ਨਿਰਾਧਾਰ, ਨਿਰਹਾਰੀ ਵਿਚ ਸਿੱਖ ਸਮਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਦੂਸਰ ਕੋਈ ਦੀਸੇ ਨਾਹੀਂ । ਵਡ ਵਡ ਆਪ ਵਡ ਵਡਿਆਰਾ । ਸੋਹੰ ਸਾਚਾ ਸ਼ਬਦ ਕਰੇ ਵਰਤਾਰਾ । ਜਾਮਾ ਧਾਰ ਨਿਹਕਲੰਕ, ਜਨ ਭਗਤਾਂ ਦੇਵੇ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਸਤਿਜੁਗ ਵਰਤੇ ਤੇਰਾ ਸਤਿ ਵਰਤਾਰਾ । ਜੋਤ ਸਰੂਪੀ ਪ੍ਰਭ ਦਰ ਮਾਦਿ । ਸਾਚਾ ਸੋਹੰ ਸ਼ਬਦ ਆਤਮ ਧੁੰਨ ਵਜਾਏ ਨਾਦ । ਖੋਲ੍ਹ ਵਖਾਏ ਪ੍ਰਭ ਆਤਮ ਸੁੰਨ, ਗੁਰਸਿਖਾਂ ਸੁਣਾਏ ਸਾਚਾ ਰਾਗ । ਮਹਾਰਾਜ ਸ਼ੇਰ ਸਿੰਘ ਚਰਨ ਲਾਏ ਕਲ, ਗੁਰਸਿਖ ਸਾਚੇ ਸਤਿਜੁਗ ਸਾਚੇ ਸਾਧ । ਸਾਧ ਸੰਗਤ ਪ੍ਰਭ ਚਰਨ ਨਿਵਾਸੀ । ਪਰਗਟ ਜੋਤ ਦੇਵੇ ਦਰਸ, ਸਾਚਾ ਪ੍ਰਭ ਘਨਕਪੁਰ ਵਾਸੀ । ਕਲਜੁਗ ਮਾਇਆ, ਗੁਰਸਿਖ ਦਰ ਤੇਰੇ ਤੋਂ ਨਾਸੀ । ਕਲਜੁਗ ਮਿਲਿਆ ਨਿਹਕਲੰਕ, ਪ੍ਰਭ ਅਬਿਨਾਸ਼ੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਆਤਮ ਸਦਾ ਨਿਵਾਸੀ । ਸਤਿ ਪੁਰਖ ਗੁਰਸਿਖ ਵਡ ਹੰਸਾ । ਉਤਮ ਕਰਾਏ ਵਿਚ ਮਾਤ ਪ੍ਰਭ ਸਹੰਸਾ । ਗੁਰਮੁਖ ਸਾਚੇ ਪ੍ਰਭ ਤੇਰੀ ਸਾਚੀ ਅੰਸਾ । ਸਤਿਜੁਗ ਚਾਰ ਵਰਨ ਨਿਹਕਲੰਕ ਤੇਰਾ ਸਾਚਾ ਬੰਸਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਉਪਜਾਵੇ ਸਾਚੀ ਅੰਸਾ । ਚੌਥਾ ਦੀਪਕ ਪ੍ਰਭ ਆਪ ਬੁਝਾਇਆ । ਜੋਤ ਸਰੂਪੀ ਜੋਤ ਪ੍ਰਭ ਜੋਤੀ ਜੋਤ ਮਿਲਾਇਆ । ਵੇਦ ਅਥਰਬਣ ਅੰਤਕਾਲ ਪ੍ਰਭ ਆਣ ਮਿਟਾਇਆ । ਈਸਾ ਮੂਸਾ ਮੁਹੰਮਦੀ, ਕੋਈ ਕਲ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਭਾਣਾ ਕਲ ਵਰਤਾਇਆ । ਕਲਜੁਗ ਮੂਲ ਜਾਏ ਗਵਾ ਕੇ । ਆਪ ਖੇਲ ਕਲਜੁਗ ਵਿਚ ਮਾਤ ਮਿਟਾ ਕੇ । ਚੌਥਾ ਦੀਪਕ ਚੌਥਾ ਜੁਗ ਜਾਏ ਬੁਝਾ ਕੇ । ਸਾਚਾ ਸ਼ਬਦ ਸੋਹੰ ਸਤਿਜੁਗ ਸਾਚਾ ਸ਼ਬਦ ਲਿਖਾ ਕੇ । ਏਕਾ ਜੋਤ ਆਪ ਪ੍ਰਭ ਓਅੰ, ਏਕਾ ਨਾਮ ਜਾਏ ਜਗਤ ਵਰਤਾ ਕੇ । ਦੂਸਰ ਰਹੇ ਨਾ ਕੋਈ ਦੋਇੰਗ, ਸੋਹੰ ਸ਼ਬਦ ਸਤਿਜੁਗ ਪਰਗਟੇ ਕਲਜੁਗ ਸਾਚਾ ਭੇਖ ਮਿਟਾ ਕੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਸੋਹੰ ਜਾਏ ਸਤਿਜੁਗ ਸਾਚੀ ਨਾਓ ਚਲਾ ਕੇ । ਸੋਹੰ ਸਾਚੀ ਪ੍ਰਭ ਨਾਓ ਚਲਾਈ । ਆਤਮ ਸੁਰਤ ਸੁਰਤ ਜੀਵ, ਸ਼ਬਦ ਸੁਰਤ ਦਾ ਮੇਲ ਮਿਲਾਈ । ਸ਼ਬਦ ਸੁਰਤ ਹੋਵੇ ਮੇਲ, ਆਤਮ ਜੋਤ ਪ੍ਰਭ ਵਿਚ ਪਰਗਟਾਈ । ਪਰਗਟੇ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੀ ਤ੍ਰਿਪਤ ਮਿਟਾਈ । ਪੂਰਾ ਗੁਰ ਦੇਵੇ ਭਰਵਾਸਾ । ਜੋਤ ਸਰੂਪ ਨਿਹਕਲੰਕ, ਵਿਚ ਸਿੱਖ ਦੇ ਵਾਸਾ । ਸਾਚਾ ਸ਼ਬਦ ਆਕਾਰ, ਜੋਤ ਸਰੂਪ ਕਰੇ ਪਰਕਾਸ਼ਾ । ਮਹਾਰਾਜ ਸ਼ੇਰ ਸਿੰਘ ਤੇਰੀ ਸ਼ਬਦ ਧੁਨਕਾਰ, ਕਲ ਦੇਵੇ ਦਰਸ ਸਭ ਘਟ ਵਾਸਾ । ਦਰਸ ਦੇ ਪ੍ਰਭ ਤ੍ਰਿਖਾ ਮਿਟਾਈ । ਸੰਤ ਮਨੀ ਸਿੰਘ, ਨਿਹਕਲੰਕ ਸਾਚੀ ਜੋਤ ਜਗਾਈ । ਕਲਜੁਗ ਸਾਚੇ ਸੰਤ, ਸਾਚੀ ਸੇਵ ਕਮਾਈ । ਅੰਤਕਾਲ ਪ੍ਰਭ ਦਰਸ ਦੇ, ਝੂਠੀ ਦੇਹ ਤਜਾਈ । ਉਤਮ ਮਾਣ ਗੁਰਸਿਖ ਵਿਚ ਸਹੰਸ ਦੇ, ਵਿਚ ਜੋਤੀ ਜੋਤ ਮਿਲਾਈ । ਸਾਚੀ ਜੋਤ ਮਾਤਲੋਕ ਵਿਚ ਸਰਬੰਸ ਦੇ, ਪ੍ਰਭ ਪਰਗਟਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸੰਤ ਮਨੀ ਸਿੰਘ ਤੇਰੀ ਲਿਖਤ ਲਿਖਾਈ । ਸਤਿਗੁਰ ਮਨੀ ਸਿੰਘ ਸਤਿਗੁਰ ਬਣਾਇਆ । ਸਤਿਜੁਗ ਸਾਚੇ ਸਚ ਤਖ਼ਤ

ਬਹਾਇਆ । ਪਰਗਟ ਜੋਤ ਨਿਹਕਲੰਕ, ਸਾਚੇ ਸਤਿਗੁਰ ਸਿਰ ਛਤਰ ਝੁਲਾਇਆ । ਸਤਿਗੁਰ ਮਨੀ ਸਿੰਘ ਪ੍ਰਭ ਦੇ ਵਡਿਆਈ, ਚਾਰ ਵਰਨ ਸਰਨੀ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਜਾਮਾ ਧਾਰ, ਸਾਚੇ ਸੰਤ ਸਤਿ ਮਾਣ ਦਵਾਇਆ । ਮਨੀ ਸਿੰਘ ਤੇਰੀ ਧੰਨ ਵਡਿਆਈ । ਦਿਵਸ ਰੈਣ ਰੈਣ ਦਿਵਸ, ਨਿਹਕਲੰਕ ਸੇਵ ਕਮਾਈ । ਉਪਜੇ ਸ਼ਬਦ ਵਜੇ ਧੁਨਕਾਰ, ਆਲਸ ਨਿੰਦਰਾ ਪ੍ਰਭ ਸਰਬ ਮਿਟਾਈ । ਏਕਾ ਸ਼ਬਦ ਅਨਾਹਦ ਚਲਾਏ ਏਕੰਕਾਰ, ਸਾਚੀ ਕਲਮ ਸੰਤ ਹੱਥ ਉਠਾਈ । ਲਿਖਤ ਲਿਖਾਏ ਨਿਹਕਲੰਕ ਅਪਾਰ, ਵਿਚ ਭੰਡਾਲ ਪ੍ਰਭ ਜੋਤ ਜਗਾਈ । ਗੁਰਸਿਖ ਸੇਵਾ ਕਰੀ ਅਪਾਰ । ਧਾਮ ਨਿਆਰਾ ਪ੍ਰਭ ਲਿਖਤ ਕਰਾਏ, ਬੇਮੁਖ ਹੋਏ ਦੁਸ਼ਟ ਦੁਰਾਚਾਰ । ਰਾਣੇ ਸੰਗਰੂਰ ਦਰ ਚੁਗਲੀ ਲਾਈ, ਬੇਮੁਖ ਮਾਇਆ ਧਾਰ । ਸਾਚੀ ਲਿਖਤ ਪ੍ਰਭ ਕੈਦ ਕਰਾਈ, ਨਿਹਕਲੰਕ ਨਾ ਪਾਈ ਸਾਰ । ਸਾਧ ਸੰਗਤ ਵਿਚ ਜੇਲ ਰਖਾਈ, ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਕਰ ਆਕਾਰ, ਸਾਧ ਸੰਗਤ ਲਏ ਛੁਡਾਈ । ਸੰਤ ਮਨੀ ਸਿੰਘ, ਸਾਚਾ ਲੇਖ ਲਿਖਾਇਆ । ਕਲਮ ਮਾਰ ਕਰ ਖੁਆਰ, ਰਾਜਾ ਰਾਣਾ ਸਭ ਤਖ਼ਤੋਂ ਲਾਹਿਆ । ਸਚਖੰਡ ਦਿਖਾਇਆ ਨਿਹਕਲੰਕ ਦਰਬਾਰ, ਬਾਕੀ ਸਭ ਦਾ ਮਾਣ ਗਵਾਇਆ । ਮਹਾਰਾਜ ਸ਼ੇਰ ਸਿੰਘ ਜੋਤ ਅਧਾਰ, ਵਿਸ਼ਨੂੰ ਭਗਵਾਨ ਵਕਤ ਸੁਹੇਲੜਾ ਆਣ ਸੁਹਾਇਆ । ਵਿਚ ਮਸਤੂਆਣੇ, ਸਾਚੀ ਜੋਤ ਹੋਏ ਰੁਸ਼ਨਾਏ । ਨਿਹਕਲੰਕ ਲਾਏ ਟਿਕਾਣੇ, ਪ੍ਰਭ ਚਲੇ ਆਪਣੇ ਭਾਏ । ਦਿਵਸ ਰੈਣ ਰੈਣ ਦਿਵਸ ਚਾਲੀ, ਪ੍ਰਭ ਸਾਚਾ ਸ਼ਬਦ ਲਿਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਕਲ ਸਾਚੀ ਜੋਤ ਜਗਾਏ । ਮਸਤੂਆਣੇ ਪ੍ਰਭ ਭਰਮ ਮਿਟਾਏ । ਵਾਲੀ ਹਿੰਦ ਪਰਗਟ ਜੋਤ ਪ੍ਰਭ ਦਰਸ ਦਿਖਾਏ । ਰਾਜਾ ਰਾਣਾ ਰਾਣਾ ਰਾਜਾ, ਸਭ ਸ਼ਰਨ ਲਗ ਜਾਏ । ਜਮਨ ਕਿਨਾਰੇ ਪ੍ਰਭ ਜੋਤ ਆਕਾਰੇ, ਸਾਚਾ ਧਾਮ ਨਿਹਕਲੰਕ ਪਰਗਟਾਏ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਸ਼ਬਦ ਸੁਰਤ ਦੇ, ਵਾਲੀ ਹਿੰਦ ਬਾਂਹੋਂ ਪਕੜ ਜਗਾਏ । ਭਰਮ ਭੁਲੇਖੇ ਪ੍ਰਭ ਭੁਲਾਇਆ । ਸ਼ਬਦ ਮੇਲ ਨਾ ਕਿਸੇ ਮਿਲਾਇਆ । ਜੋਤ ਸਰੂਪੀ ਸਾਚਾ ਖੇਲ, ਨਾ ਕਿਸੇ ਜਣਾਇਆ । ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਸੰਗ ਸੁਹੇਲ, ਜੁਗੋ ਜੁਗ ਹੋਏ ਸੁਹਾਇਆ । ਸ਼ਬਦ ਗਿਆਨ ਜਗਤ ਜਗਾਏ । ਸੋਹੰ ਸ਼ਬਦ, ਨਿਹਕਲੰਕ ਸਾਚਾ ਨਾਦ ਵਜਾਏ । ਸਤਿਜੁਗ ਸਾਚਾ ਡੰਕ ਚਾਰ ਵਰਨ ਦੇ ਉਠਾਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਰਾਓ ਰੰਕ ਇਕ ਕਰਾਏ । ਜੋਤ ਪਰਗਟਾਏ ਵਿਚ ਸੰਗਰੂਰ । ਰਾਣਾ ਸੰਗਰੂਰ ਆਏ ਪ੍ਰਭ ਚਰਨ ਹਦੂਰ । ਕਰ ਦਰਸ ਆਤਮ ਹੋਏ ਭਰਪੂਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਉਪਜਾਵੇ ਗੁਰਮੁਖ ਸਾਚੇ ਸਾਚਾ ਦੇਵੇ ਨੂਰ । ਰਾਣਾ ਆਏ ਪ੍ਰਭ ਚਰਨ ਦਵਾਰੇ । ਦੋਏ ਜੋੜ ਕਰੇ ਨਿਮਸਕਾਰੇ । ਬਖ਼ਸ਼ਣਹਾਰ ਬਖ਼ਸ਼ ਪ੍ਰਭ, ਢਹਿ ਪਏ ਦਵਾਰੇ । ਸ਼ਰਨੀ ਆਏ ਰਖ ਲਾਜ, ਨਿਹਕਲੰਕ ਕ੍ਰਿਸ਼ਨ ਮੁਰਾਰੇ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਜੋ ਜਨ ਆਏ ਪ੍ਰਭ ਚਰਨ ਦਵਾਰੇ । ਜੋ ਜਨ ਆਏ ਪ੍ਰਭ ਚਰਨ ਦਵਾਰ । ਦੋਏ ਜੋੜ ਕਰੇ ਪ੍ਰਭ ਚਰਨ ਨਿਮਸਕਾਰ । ਹਉਮੇ ਮਮਤਾ ਤਜੇ ਹੰਕਾਰ । ਸੋਹੰ ਸਾਚਾ ਸ਼ਬਦ ਇਕ, ਆਤਮ ਰੱਖੇ ਅਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਕਰੇ ਉਜਿਆਰ । ਜੋ ਜਨ ਆਏ ਪ੍ਰਭ ਚਰਨ ਸੇਵਾ । ਦੇਵੇ ਦਰਸ ਵਡ ਦੇਵੀ ਦੇਵਾ । ਸੋਹੰ ਸਾਚਾ ਸ਼ਬਦ ਕਲਜੁਗ ਸਾਚਾ ਮੇਵਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਕਲਜੁਗ ਸਾਚੀ ਤੇਰੀ ਸੇਵਾ । ਸਾਚੀ ਸੇਵਾ ਸਾਚੀ ਭਿਖ । ਕਲਜੁਗ ਪਾਏ ਕੋਈ ਵਿਰਲਾ ਸਿੱਖ । ਦੇਵੇ ਪ੍ਰਭ ਵਡਿਆਈ, ਉਤਮ ਕਰੇ ਵਿਚ ਮੁਨ ਰਿਖ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,

ਕਲਜੁਗ ਪਰਗਟਾਵੇ ਸਾਚੇ ਸਿੱਖ । ਸਾਚੇ ਸਿੱਖ ਸਾਚਾ ਗੁਰ ਆਪ ਪਰਗਟਾਏ । ਪਰਗਟ ਜੋਤ ਦੇ ਦਰਸ, ਆਪਣੀ ਚਰਨੀ ਲਾਏ । ਆਤਮ ਮਿਟਾਈ ਪ੍ਰਭ ਸਾਰੀ ਹਰਸ, ਮਦਿ ਮਾਸ ਵਿਕਾਰ ਤਜਾਏ । ਮਹਾਰਾਜ ਸ਼ੇਰ ਸਿੰਘ ਕਲਜੁਗ ਸਾਚਾ ਤੇਰਾ ਦਰਸ, ਜਨ ਭਗਤਾਂ ਪਾਰ ਕਰਾਏ । ਜਨ ਭਗਤ, ਜਗਤ ਵਡਿਆਈ । ਚੰਚਲ ਮਤਿ, ਚਤੁਰਭੁਜ ਹੋਏ ਸਹਾਈ । ਕਲਜੁਗ ਜਾਮਾ ਧਾਰ, ਨਿਹਕਲੰਕ ਦੇਵੇ ਵਡਿਆਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚੀ ਤੇਰੀ ਸਰਨਾਈ ।

❊ ੧੭ ਸਾਵਣ ੨੦੦੮ ਬਿਕ੍ਰਮੀ ਚਕਰਾਤੇ ਵਿਹਾਰ ਹੋਇਆ ❊

ਏਕਾ ਜੋਤ ਏਕਾ ਵਰਤਾਰ । ਮਾਤਲੋਕ ਜੁਗੋ ਜੁਗ ਪ੍ਰਭ ਲਏ ਅਵਤਾਰ । ਸਤਿਜੁਗ ਧਰੇ ਜੋਤ, ਸਤਿ ਮਿਹਰਵਾਨ ਆਪ ਨਿਰਾਧਾਰ । ਤ੍ਰੇਤਾ ਪ੍ਰਭ ਪਰਗਟਿਆ, ਜੋਤ ਸਰੂਪ ਰਾਮ ਅਵਤਾਰ । ਕਲਜੁਗ ਪਾਰ ਉਤਾਰਦਾ, ਪ੍ਰਭ ਸਾਚਾ ਸਚ ਕਰਤਾਰ । ਦੁਆਪਰ ਭੇਖ ਵਟਾ ਲਿਆ, ਜੋਤ ਧਰ ਕ੍ਰਿਸ਼ਨ ਮੁਰਾਰ । ਰਘਵੰਸੀ ਯਜੁਰ ਵੇਦ ਖਪਾ ਲਿਆ, ਗਿਆਨ ਗੀਤਾ ਰਸਨ ਉਚਾਰ । ਜਨ ਭਗਤਾਂ ਪਾਰ ਕਰਾ ਗਿਆ, ਸਾਚੇ ਦੇ ਨਾਮ ਅਧਾਰ । ਕਲਜੁਗ ਜਾਮਾ ਧਾਰਿਆ, ਨਿਹਕਲੰਕ ਨਰ ਨਰਾਇਣ ਅਵਤਾਰ । ਪਰਗਟ ਜੋਤ ਪ੍ਰਭ ਸਾਚਾ ਸ਼ਬਦ ਵਰਤਾ ਰਿਹਾ, ਸ਼ਬਦ ਸਾਚਾ ਸੋਹੰ ਜਗਤ ਅਧਾਰ । ਸਾਧ ਸੰਗਤ ਪ੍ਰਭ ਚਰਨ ਲਗਾ ਲਿਆ, ਪਰਗਟ ਨਿਹਕਲੰਕ ਅਵਤਾਰ । ਬੇਮੁਖਾਂ ਭਸਮ ਕਰਾ ਲਿਆ, ਸੋਹੰ ਸ਼ਬਦ ਮਾਰੀ ਮਾਰ । ਪ੍ਰਭ ਕਲਜੁਗ ਜੋਤ ਪਰਗਟਾ ਲਿਆ, ਚਾਰ ਕੁੰਟ ਵਰਤੇ ਧੁੰਧੂਕਾਰ । ਜਿਸ ਜਨ ਅੰਤਕਾਲ ਸੋਹੰ ਗਾ ਲਿਆ, ਕਲਜੁਗ ਬੇੜਾ ਹੋਇਆ ਪਾਰ । ਆਪਣਾ ਭੇਵ ਪ੍ਰਭ ਅਬਿਨਾਸ਼ੀ ਸ਼ਬਦ ਰੂਪ ਖੁਲ੍ਹਾ ਲਿਆ, ਮਹਾਰਾਜ ਸ਼ੇਰ ਸਿੰਘ ਜਾਮਾ ਨਿਹਕਲੰਕ ਕਲ ਧਾਰ । ਕਲਜੁਗ ਆਇਆ ਪ੍ਰਭ ਕੁਲਵੰਤ । ਸਾਚੀ ਮਾਇਆ ਪਾਈ, ਭੁਲਾਏ ਸਰਬ ਜੀਵ ਜੰਤ । ਸਾਚਾ ਪ੍ਰਭ ਦਿਸ ਨਾ ਆਈ, ਕਲਜੁਗ ਜੋਤ ਧਰੇ ਭਗਵੰਤ । ਨਿਹਕਲੰਕ ਕਲ ਤੇਰੀ ਵਡਿਆਈ, ਝੂਠੀ ਸ੍ਰਿਸ਼ਟ ਕਰੇ ਭਸਮੰਤ । ਚਾਰ ਕੁੰਟ ਤੇਰੇ ਨਾਮ ਦੁਹਾਈ, ਨਾ ਜਣਾਵੇ ਕਿਸੇ ਆਦਿ ਅੰਤ । ਜਨ ਭਗਤਾਂ ਹੋਏ ਸਹਾਈ, ਸ਼ਬਦ ਸਾਚਾ ਸਾਚਾ ਸੋਹੰ ਦੇਵੇ ਮੰਤ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਜੋਤ ਸਰੂਪ ਪ੍ਰਭ ਅਕੰਤ । ਕਲਜੁਗ ਆਇਆ ਪ੍ਰਭ ਮੁਰਾਰੀ । ਰਿਖੀ ਕੇਸ਼ ਗਵਰਧਨ ਧਾਰੀ । ਰਾਮ ਰਮਈਆ ਕ੍ਰਿਸ਼ਨ ਮੁਰਾਰੀ । ਪਰਗਟ ਜੋਤ ਨਿਹਕਲੰਕ, ਜੋਤ ਮਾਤ ਆਕਾਰੀ । ਚਾਰ ਵਰਨ ਅੰਤਕਾਲ ਕਲਜੁਗ ਦਿਸਣ ਪ੍ਰਭ ਚਰਨ ਦਵਾਰੀ । ਸੋਹੰ ਦੇਵੇ ਨਾਮ ਸਾਚਾ, ਪ੍ਰਭ ਸ਼ਬਦ ਅਧਾਰੀ । ਸਾਚੀ ਹੋਵੇ ਜੋਤ ਪਰਕਾਸ਼, ਆਤਮ ਹੋਵੇ ਜੀਵ ਉਜਿਆਰੀ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਚਾਰ ਵਰਨ ਤੇਰੀ ਸਿਕਦਾਰੀ । ਭਗਤ ਵਛਲ ਜਗਤ ਪ੍ਰਭ ਆਇਆ । ਨਰ ਨਰਾਇਣ ਕਲ ਜੋਤ ਪਰਗਟਾਇਆ । ਮੁਕੰਦ ਮਨੋਹਰ ਲਖਮੀ ਨਰਾਇਣ, ਕਲ ਭੇਖ ਵਟਾਇਆ । ਗੁਰਮੁਖ ਸਾਚਾ ਪ੍ਰਭ ਵੇਖੇ ਨੈਣ, ਸੋਹੰ ਸ਼ਬਦ ਜਿਸ ਰਸਨਾ ਗਾਇਆ । ਨਿਹਕਲੰਕ ਤੇਰੇ ਦਵਾਰ ਜੋ ਜਨ ਰਹਿਣ, ਅੰਤਕਾਲ ਜਮ ਫੰਦ ਕਟਾਇਆ । ਸਾਧ ਸੰਗਤ ਸਾਚੀ ਵਿਚ ਜੋ ਬਹਿਣ, ਸਚਖੰਡ ਪ੍ਰਭ ਨਿਵਾਸ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਧਾਰ ਘਨਕਪੁਰੀ ਪ੍ਰਭ ਭਾਗ ਲਗਾਇਆ । ਭਗਤ ਵਛਲ, ਅਨਾਥਾਂ ਨਾਥ । ਕਲ ਧਰੇ ਜੋਤ ਪ੍ਰਭ

ਰਘੁਨਾਥ । ਗੋਪੀ ਨਾਥ ਸਗਲ ਜੀਵ ਸਾਥ । ਜਾਮਾ ਧਾਰੇ ਨਿਹਕਲੰਕ ਮਾਤ ਤ੍ਰੈਲੋਕੀ ਨਾਥ । ਅੰਤਕਾਲ ਭਏ ਭਿਆਨਕ, ਸਾਧ ਸੰਗਤ ਸਿਰ ਪ੍ਰਭ ਰੱਖੇ ਹਾਥ । ਜੋ ਜਨ ਆਏ ਪ੍ਰਭ ਸਾਚੇ ਸ਼ਰਨ, ਆਤਮ ਦੁਖੜੇ ਗਏ ਲਾਥ । ਅੰਤਕਾਲ ਜਮ ਡੰਨ ਨਾ ਭਰਨ, ਸਾਚੇ ਲੇਖ ਪ੍ਰਭ ਲਿਖਾਏ ਮਾਥ । ਨਿਹਕਲੰਕ ਤੇਰੇ ਚਰਨ ਲਗ ਤਰਨ, ਦੇਵੇ ਦਰਸ ਪ੍ਰਭ ਰਘੁਨਾਥ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਕਾਸ਼ੇ ਸੋਹੰ ਸਾਚਾ ਸ਼ਬਦ, ਸਤਿਜੁਗ ਚਲਾਏ ਸਾਚੀ ਗਾਥ । ਬਨ ਮਾਲਾ ਭਿਬੂਖਨ, ਕਵਲ ਨੈਨ । ਸੁੰਦਰ ਕੁੰਡਲ, ਮੁਕਟ ਬੈਨ । ਮਹਾਸਾਰਥੀ, ਜਗਤ ਰਥਵਾਇਨ । ਜਾਮਾ ਧਾਰੇ ਨਿਹਕਲੰਕ, ਵਿਚ ਹਿੰਦ ਵੈਣ । ਗੁਰਮੁਖ ਕਲਜੁਗ ਸ਼ਰਨ ਲਾਗ, ਆਤਮ ਕੀਆ ਸਾਚੇ ਸ਼ਬਦ ਰਸੈਣ । ਸੋਇਆ ਜੀਵ ਗਿਆ ਜਾਗ, ਸਾਚਾ ਪ੍ਰਭ ਜੋਤ ਪਰਗਟਾਵੇ ਤੀਜੇ ਨੈਣ । ਸੋਹੰ ਸ਼ਬਦ ਸੁਣਾਵੇ ਰਾਗ, ਜੋ ਜਨ ਰਸਨਾ ਨਿਹਕਲੰਕ ਨਾਮ ਤੇਰਾ ਲੈਣ । ਸਰਬ ਸ੍ਰਿਸ਼ਟ ਪ੍ਰਭ ਹਥ ਵਾਗ, ਬੇਮੁਖ ਅੰਤ ਨਾ ਕਲਜੁਗ ਰਹਿਣ । ਸਾਧ ਸੰਗਤ ਨਾ ਲਾਗੇ ਦਾਗ਼, ਨਿਹਕਲੰਕ ਚਰਨ ਲਾਗ ਅੰਤ ਤਰ ਜਾਇਣ । ਨਿਹਕਲੰਕ ਕਲਜੁਗ ਜੀਵ ਕਲ ਵੇਖ ਸਹੰਸ ਮੂਰਤ ਸਹੰਸ ਨੈਣ । ਜੋਤ ਸਰੂਪੀ ਕੀਆ ਭੇਖ । ਰਾਮ ਚੰਦ ਕਲ ਦਰਸ ਜੀਵ ਆਤਮ ਭਏ ਅਨੰਦ, ਨਾ ਦੀਸੇ ਪ੍ਰਭ ਰੂਪ ਨਾ ਰੇਖ । ਸੰਖ ਗਦਾ ਚੱਕਰ ਪਾਨ ਧਾਰੀ, ਪ੍ਰਭ ਕੀ ਮਹਿੰਮਾ ਬੜੀ ਅਨੂਪ । ਕਲਜੁਗ ਜੋਤ ਪਰਗਟਾਈ ਨਿਹਕਲੰਕ ਜੋਤ ਸਰੂਪੀ ਸਾਚੇ ਭੂਪ । ਏਕਾ ਜੋਤ ਜਗਾਈ ਕਲਜੁਗ ਨਿਰੰਜਣ । ਪਤਤ ਪਾਵਨ ਦੁੱਖ ਭੈ ਭੰਜਨ । ਹੰਕਾਰ ਨਿਵਾਰ ਪ੍ਰਭ ਭਵਖੰਡਨ । ਕਲਜੁਗ ਜਾਮਾ ਧਾਰੇ ਨਿਹਕਲੰਕ ਤ੍ਰੈਲੋਕੀ ਨੰਦਨ । ਗੁਰਮੁਖ ਵਿਰਲੇਂ ਆਏ ਦਰ, ਸੋਹੰ ਦਾਨ ਸ਼ਬਦ ਪ੍ਰਭ ਮੰਗਣ । ਸਾਚਾ ਦੀਸੇ ਮਾਤਲੋਕ ਪ੍ਰਭ ਸਾਚਾ, ਘਰ ਸਾਚੇ ਸ਼ਬਦ ਚੜ੍ਹਾਈ ਆਤਮ ਰੰਗਣ । ਕਲਜੁਗ ਪਰਗਟ ਨਿਹਕਲੰਕ, ਦੋਵੇਂ ਜੋੜ ਜੀਵ ਕਰ ਬੰਦਨ । ਏਕਾ ਸ਼ਬਦ ਦੇਵੇ ਅਧਾਰ, ਅੰਤਕਾਲ ਤੋੜੇ ਬੰਧਨ । ਗੁਰਮੁਖ ਉਜਲ ਵਿਚ ਕਲਜੁਗ ਜੀਵ ਜਿਉਂ ਪਰਭਾਸ ਚੰਦਨ । ਮਹਾਰਾਜ ਸ਼ੇਰ ਸਿੰਘ ਸਤਿਗੁਰ, ਸਾਧ ਸੰਗਤ ਦਰਸ ਦਾਨ ਦਰ ਆਈ ਮੰਗਣ । ਅਛਲ ਛਲਨ ਪ੍ਰਭ ਜਗਤ ਛਲਾਇਆ । ਨਿਹਕਲੰਕ ਜਾਮਾ ਧਾਰ, ਕਲਜੁਗ ਪਾਈ ਮਾਇਆ । ਲਿਆ ਪ੍ਰਭ ਅਵਤਾਰ, ਜੋਤ ਸਰੂਪੀ ਮਾਤ ਖੇਲ ਰਚਾਇਆ । ਕਲਜੁਗ ਜੀਵ ਮਾਨਸ ਜਨਮ ਗਏ ਹਾਰ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਨਿਹਕਲੰਕ ਤੇਰਾ ਸਚਖੰਡ ਦਵਾਰ, ਕਲਜੁਗ ਵਿਰਲੇ ਗੁਰਮੁਖ ਪਾਇਆ । ਸਾਚਾ ਦਿਸੇ ਨਾ ਪ੍ਰਭ ਦਰਬਾਰ, ਮਦਿ ਮਾਸ ਆਹਾਰ ਬਣਾਇਆ । ਸਾਧ ਸੰਗਤ ਪ੍ਰਭ ਚਰਨ ਪਿਆਰ, ਅਨਹਦ ਰਾਗ ਪ੍ਰਭ ਧੁਨ ਉਪਜਾਇਆ । ਸਾਚਾ ਸ਼ਬਦ ਦੇਵੇ ਅਧਾਰ, ਸਾਚੀ ਜੋਤ ਵਿਚ ਦੇ ਜਗਾਇਆ । ਜਗੇ ਜੋਤ ਆਤਮ ਹੋਵੇ ਉਜਿਆਰ, ਜੋਤ ਸਰੂਪੀ ਪ੍ਰਭ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਦੇਵੇ ਤਾਰ, ਜਿਸ ਜਨ ਚਰਨੀਂ ਸੀਸ ਝੁਕਾਇਆ । ਗੁਰਸਿਖ ਸਾਚਾ, ਪ੍ਰਭ ਪਾਰ ਉਤਾਰਿਆ । ਆਤਮ ਜੋਤ ਧਰੇ, ਏਕਾ ਏਕੰਕਾਰਿਆ । ਸੋਹੰ ਸਾਚਾ ਸ਼ਬਦ, ਦੇਵੇ ਜੀਵ ਉਧਾਰਿਆ । ਪਰਗਟ ਜੋਤ, ਜਨ ਭਗਤਾਂ ਪਾਰ ਉਤਾਰਿਆ । ਮਹਾਰਾਜ ਸ਼ੇਰ ਸਿੰਘ ਕਲ ਤੇਰੀ ਮਾਇਆ, ਬੇਮੁਖਾਂ ਅੰਤ ਨਾ ਪਾਰਾਵਾਰਿਆ । ਅੰਤ ਨਾ ਜਾਣੇ ਕੋਈ, ਨਾ ਪਾਰ ਉਰਾਰ । ਜੋਤ ਜਗਾਏ ਜਗਤ ਪ੍ਰਭ, ਏਕਾ ਏਕੰਕਾਰ । ਚਾਰ ਵਰਨ ਕਰਾਏ ਇਕ ਸਭ, ਸਾਚਾ ਸ਼ਬਦ ਦੇ ਅਧਾਰ । ਅੰਮ੍ਰਿਤ ਝਿਰਨਾ ਝਿਰਾਵੇ ਵਿਚ ਨੱਭ, ਜੀਵ ਆਤਮ ਹੋਵੇ ਠੰਡੀ ਠਾਰ । ਨਿਹਕਲੰਕ ਦੇਵੇ ਵਡਿਆਈ ਸਾਧ ਸੰਗਤ, ਜੋਤ ਧਰੇ ਅਗੰਮ ਅਪਾਰ । ਅੰਤਕਾਲ ਕਲ ਹੋਏ ਸਹਾਈ, ਸਾਚੀ ਜੋਤ ਕਰ ਆਕਾਰ । ਮਹਾਰਾਜ ਸ਼ੇਰ ਸਿੰਘ ਤੇਰੇ ਹੱਥ ਵਡਿਆਈ, ਸਾਧ ਸੰਗਤ ਕਲਜੁਗ ਦੇਵੇ ਤਾਰ । ਸਤਿਜੁਗ ਸਾਚਾ

ਸ਼ਬਦ ਵਰਤੰਤ । ਏਕ ਸ਼ਬਦ ਚਲਾਏ, ਪਰਗਟ ਜੋਤ ਪ੍ਰਭ ਭਗਵੰਤ । ਚਾਰ ਵਰਨ ਚਰਨੀ ਲਾਏ, ਏਕ ਕਰਾਏ ਸਰਬ ਜੀਵ ਜੰਤ । ਸਾਚਾ ਸ਼ਬਦ ਧੁੰਨ ਉਪਜਾਏ, ਜੀਆ ਸੋਹੰ ਸਾਚਾ ਮੰਤ । ਅਨਹਦ ਅਨਾਹਦ ਸਾਚਾ ਰਾਗ ਸੁਣਾਏ, ਨਿਹਕਲੰਕ ਕਲ ਸਾਚਾ ਕੰਤ । ਗੁਰਮੁਖਾਂ ਜੋਤੀ ਜੋਤ ਮਿਲਾਏ, ਏਕਾ ਜੋਤ ਕਰੇ ਪ੍ਰਭ ਭਗਤ ਭਗਵੰਤ । ਜੋਤੀ ਜੋਤ ਮਿਲਾਏ, ਭਗਤ ਉਧਾਰਿਆ । ਸਾਚਾ ਪ੍ਰਭ ਹੋਏ ਸਹਾਏ, ਜਾਮਾ ਘਨਕਪੁਰੀ ਵਿਚ ਧਾਰਿਆ । ਸੋਹੰ ਸ਼ਬਦ ਜਨ ਰਸਨਾ ਗਾਏ, ਪਰਗਟ ਨਿਹਕਲੰਕ ਪਾਰ ਉਤਾਰਿਆ । ਸਤਿਜੁਗ ਸਾਚੀ ਦੇਵੇ ਨਾਏ, ਸਾਧ ਸੰਗਤ ਪ੍ਰਭ ਕਿਰਪਾ ਕਰੇ ਬਨਵਾਰਿਆ । ਜੋ ਜਨ ਆਏ ਚਰਨ ਲਗ ਜਾਏ, ਦੇਵੇ ਦਰਸ ਜੋਤ ਸਰੂਪ ਕ੍ਰਿਸ਼ਨ ਮੁਰਾਰਿਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਜਾਮਾ ਘਨਕਪੁਰੀ ਵਿਚ ਧਾਰਿਆ । ਘਨਕਪੁਰ ਆਏ ਘਨਈਆ ਸ਼ਾਮ । ਸਾਚੀ ਜੋਤ ਪਰਗਟਾਈ ਰਮਈਆ ਰਾਮ । ਕਲਜੁਗ ਨਾਮ ਧਰਾਏ, ਸੋਹੰ ਸਾਚਾ ਸ਼ਬਦ ਦਵਈਆ ਰਾਮ । ਮਹਾਰਾਜ ਸ਼ੇਰ ਸਿੰਘ ਨਾਮ ਧਰਾਏ, ਸਾਚੀ ਜੋਤ ਜਗਈਆ ਰਾਮ । ਕਲਜੁਗ ਆਇਆ ਪ੍ਰਭ ਨੈਣ ਮੁਧਾਰ । ਬਾਸ਼ਕ ਸੇਜ ਤਿਆਗ, ਸਿੱਖ ਆਸਣ ਕਰੇ ਜੋਤ ਆਕਾਰ । ਚਰਨੀ ਆਏ ਬਾਸ਼ਕ ਨਾਗ, ਸਹੰਸਰ ਮੁਖ ਰਸਨਾ ਨਾਮ ਪ੍ਰਭ ਉਚਾਰ । ਬ੍ਰਹਮਾ ਵਿਸ਼ਨ ਮਹੇਸ਼ ਪ੍ਰਭ ਤੇਰੇ ਚਰਨ ਦਵਾਰ । ਤੀਨ ਲੋਕ ਜੋਤ ਕਰੇ ਆਕਾਰ । ਸ਼ੰਕਰ ਖੜ੍ਹਾ ਗਲ ਬਾਸ਼ਕ ਤਸ਼ਕ ਪਾਏ ਹਾਰ । ਨਿਰਮਲ ਜੋਤ ਪ੍ਰਭ ਜੋਤ ਆਕਾਰ । ਕਰੋੜ ਤੇਤੀਸ ਸੁਰਪਤ ਦੀਸੇ ਤੇਰਾ ਨਿਹਕਲੰਕ ਸਚਖੰਡ ਦਵਾਰ । ਕਲਜੁਗ ਜੋਤ ਧਰੇ ਮੁਰਾਰ ਵਿਚ ਵਰਭੰਡ, ਬੇਮੁਖਾਂ ਮਾਰੇ ਸੋਹੰ ਮਾਰ । ਸ੍ਰਿਸ਼ਟ ਸਬਾਈ ਹੋਏ ਅੰਧ, ਨਿਹਕਲੰਕ ਕਰੇ ਅੰਤ ਖੁਆਰ । ਸਾਧ ਸੰਗਤ ਸੋਹੰ ਸ਼ਬਦ ਜਾਏ ਪ੍ਰਭ ਵਡ, ਜੋ ਜਨ ਆਏ ਪ੍ਰਭ ਚਰਨ ਦਵਾਰ । ਨਿਹਕਲੰਕ ਜੋਤ ਪਰਕਾਸ਼ ਖੰਡ ਵਿਚ ਬ੍ਰਹਿਮੰਡ, ਏਕਾ ਜੋਤ ਕਰੇ ਪ੍ਰਭ ਆਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਆਇਆ ਨਿਹਕਲੰਕ ਜਾਮਾ ਧਾਰ । ਤੀਨ ਲੋਕ ਪ੍ਰਭ ਜੋਤ ਆਕਾਰੇ । ਏਕਾ ਜੋਤ, ਪ੍ਰਭ ਜਗਤ ਅਧਾਰੇ । ਬੈਠਾ ਅਡੋਲ ਸਦਾ ਨਿਰਾਧਾਰੇ । ਕਲਜੁਗ ਭੇਵ ਦੀਆ ਪ੍ਰਭ ਖੋਲ੍ਹ, ਧਰ ਜੋਤ ਪ੍ਰਭ ਨਿਰਾਹਾਰੇ । ਬੇਮੁਖ ਜੀਵ ਕਲ ਤੋਲੇ ਪੂਰੇ ਤੋਲ, ਅੰਤਕਾਲ ਕਲ ਕਰੇ ਖੁਆਰੇ । ਸੋਹੰ ਸ਼ਬਦ ਚਾਰ ਕੁੰਟ ਵਜਾਇਆ ਢੋਲ, ਬੇਮੁਖ ਨਾ ਆਇਣ ਪ੍ਰਭ ਚਰਨ ਦਵਾਰੇ । ਜਨ ਭਗਤਾਂ ਹਿਰਦੇ ਵਸੇ ਪ੍ਰਭ ਸਦਾ ਕੋਲ, ਆਤਮ ਹੋਈ ਜਗਤ ਉਜਿਆਰੇ । ਏਕਾ ਸ਼ਬਦ ਸਤਿਜੁਗ ਰੱਖਿਆ ਮੂਲ, ਪਰਗਟ ਨਿਹਕਲੰਕ ਨਰ ਅਵਤਾਰੇ । ਨਿਹਕਲੰਕ ਤੇਰੇ ਕਲਜੁਗ ਚੋਹਲ, ਦੇਵੇ ਦਰਸ ਅਗੰਮ ਅਪਾਰੇ । ਦੁਸ਼ਟ ਦੁਰਾਚਾਰ ਅੰਤਕਾਲ ਪ੍ਰਭ ਜਾਵੇ ਰੋਲ, ਕੋਏ ਨਾ ਹੋਵੇ ਜਗਤ ਸਹਾਰੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਨਰਾਇਣ ਨਰ ਅਵਤਾਰੇ । ਨਰਾਇਣ ਨਰ ਅਵਤਾਰਾ । ਜੋਤ ਸਰੂਪੀ ਕਲਜੁਗ ਕੀਆ ਪਸਾਰਾ । ਸੋਹੰ ਸ਼ਬਦ ਬੇਮੁਖਾਂ ਲਾਇਆ, ਪ੍ਰਭ ਖੰਡਾ ਦੋ ਧਾਰਾ । ਜਨ ਭਗਤਾਂ ਹਿਰਦੇ ਅੰਮ੍ਰਿਤ ਵਰਖਾਇਆ, ਝਿਰਨਾ ਝਿਰੇ ਨਿਝਰੋਂ ਧਾਰਾ । ਅੰਮ੍ਰਿਤ ਬੂੰਦ ਕਵਲ ਪ੍ਰਭ ਪਾਈ, ਖੋਲ੍ਹ ਦੀਆ ਜੀਵ ਦਸਮ ਦਵਾਰਾ । ਬੁਝੀ ਦੀਪਕ ਵਿਚ ਦੇ ਜਗਾਈ, ਸਾਚੀ ਜੋਤ ਕਰੇ ਆਕਾਰਾ । ਸੋਹੰ ਸਾਚੀ ਸ਼ਬਦ ਧੁੰਨ ਵਿਚ ਪ੍ਰਭ ਦੇਹ ਵਜਾਈ, ਉਪਜੇ ਧੁੰਨ ਮਿਟੇ ਧੁੰਧੂਕਾਰਾ । ਉਪਜੀ ਧੁਨ ਪ੍ਰਭ ਸੁੰਨ ਸਮਾਧ ਖੁਲ੍ਹਾਈ, ਦੀਸੇ ਪ੍ਰਭ ਵਿਚ ਨਿਰਾਧਾਰਾ । ਪਰਗਟ ਜੋਤ ਪ੍ਰਭ ਦਿਖਾਈ, ਜੋ ਜਨ ਆਏ ਪ੍ਰਭ ਚਰਨ ਦਵਾਰਾ । ਸਾਧ ਸੰਗਤ ਸਿਰ ਹੱਥ ਟਿਕਾਈ, ਕਲਜੁਗ ਨਿਹਕਲੰਕ ਨਰ ਅਵਤਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਧਰੇ ਜੋਤ ਕ੍ਰਿਸ਼ਨ ਮੁਰਾਰਾ । ਕਲਜੁਗ ਜੀਵ ਕਲ ਹੋਇਆ ਬਾਵਲਾ । ਪਰਗਟਾਏ ਜੋਤ ਨਿਹਕਲੰਕ ਘਨਈਆ ਸਾਵਲਾ ।

ਏਕਾ ਸ਼ਬਦ ਵਜਾਏ ਡੰਕ ਸੋਹੰ ਸ਼ਬਦ ਸਚ ਨਾਦਲਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਸਾਚਾ ਧਾਮ ਸੁਹਾਵਲਾ । ਸਤਿਜੁਗ ਤੇਰਾ ਸਤਿ ਵਰਤਾਰ । ਸਾਚੀ ਜੋਤ ਜਗਾਏ, ਨਿਹਕਲੰਕ ਅਵਤਾਰ । ਕਲਜੁਗ ਉਤਮ ਪ੍ਰਭ ਆਪ ਕਰਾਏ, ਘਨਕਪੁਰੀ ਵਿਚ ਜਾਮਾ ਧਾਰ । ਕਲਜੁਗ ਜੀਵ ਲਏ ਖਪਾਏ, ਮਦਿ ਮਾਸ ਜਿਨ ਕੀਆ ਆਹਾਰ । ਸਾਧ ਸੰਗਤ ਪ੍ਰਭ ਹੋਏ ਸਹਾਏ, ਸੋਹੰ ਸ਼ਬਦ ਦੇਵੇ ਨਾਮ ਅਧਾਰ । ਮਹਾਰਾਜ ਸ਼ੇਰ ਸਿੰਘ ਕਲ ਤੇਰੀ ਸਰਨਾਏ, ਸਾਚਾ ਦੀਸੇ ਸਚਖੰਡ ਦਵਾਰ । ਸੋਹੰ ਸ਼ਬਦ ਦੇਵੇ ਨਿਹਕਲੰਕ, ਜਨ ਭਗਤਾਂ ਨਾਮ ਭੰਡਾਰ । ਸਾਚਾ ਸ਼ਬਦ ਵਜਾਏ ਡੰਕ, ਚਾਰ ਕੁੰਟ ਹੋਏ ਜੈ ਜੈ ਜੈਕਾਰ । ਏਕਾ ਕਰਾਏ ਪ੍ਰਭ ਰਾਓ ਰੰਕ, ਰਾਜਾ ਰਾਣਾ ਸਭ ਤਖ਼ਤੋਂ ਉਤਾਰ । ਚਾਰ ਵਰਨ ਸੋਹਣ ਬੰਕ, ਸੋਹੰ ਸ਼ਬਦ ਸਤਿਜੁਗ ਹੋਵੇ ਸਤਿ ਤਾਰ । ਮਹਾਰਾਜ ਸ਼ੇਰ ਸਿੰਘ ਵਾਸੀ ਪੁਰੀ ਘਨਕ, ਕਲਜੁਗ ਖੇਲ ਕੀਆ ਨਿਆਰ । ਸ਼ਬਦ ਮੇਲ ਨਿਹਕਲੰਕ ਕਰਾਇਆ । ਪਰਗਟ ਜੋਤ ਮਾਤਲੋਕ, ਜਨ ਭਗਤਾਂ ਦਰਸ ਦਿਖਾਇਆ । ਤਜਾਇਆ ਇੰਦ ਬ੍ਰਹਮਲੋਕ, ਸਿੱਖ ਆਸਣ ਘਰ ਪ੍ਰਭ ਡੇਰਾ ਲਾਇਆ । ਛਡ ਆਇਆ ਪ੍ਰਭ ਸ਼ਿਵਲੋਕ, ਵਿਚ ਮਾਤ ਜੋਤ ਪਰਗਟਾਇਆ । ਮਹਾਰਾਜ ਸ਼ੇਰ ਸਿੰਘ ਨਾਥ ਤ੍ਰੈਲੋਕੀ, ਜਨਮ ਧਾਰ ਘਨਕਪੁਰੀ ਕਲ ਭਾਗ ਲਗਾਇਆ । ਸਤਿਜੁਗ ਸਾਚਾ ਵਿਸ਼ਨੂੰ ਬੰਸ । ਚਾਰ ਵਰਨ ਕਰਾਏ ਪ੍ਰਭ ਏਕਾ ਅੰਸ । ਸੋਹੰ ਸਾਚਾ ਸ਼ਬਦ ਚਲਾਏ, ਦੁਸ਼ਟ ਖਪਾਏ ਜਿਉਂ ਕ੍ਰਿਸ਼ਨਾ ਕੰਸ । ਨਿਹਕਲੰਕ ਕਲ ਨਾਮ ਧਰਾਏ, ਗੁਰਸਿਖ ਵਿਰਲੇ ਚਰਨੀਂ ਲਾਏ, ਕਲਜੁਗ ਵਿਚੋਂ ਸਹੰਸ । ਜਨ ਭਗਤਾਂ ਪ੍ਰਭ ਦਰਸ ਦਿਖਾਇਆ । ਹਉਮੇ ਮਮਤਾ ਰੋਗ ਗਵਾਇਆ । ਆਤਮ ਸਹਿੰਸਾ ਸਾਰਾ ਲਾਹਿਆ । ਦੇ ਦਰਸ ਅਪਾਰ, ਕਪਾਟ ਬਜਰ ਪ੍ਰਭ ਖੋਲ੍ਹ ਵਖਾਇਆ । ਅੰਮ੍ਰਿਤ ਮੇਘ ਵਰਖਾ ਨਿਰਾਧਾਰ, ਆਤਮ ਸਿੰਚ ਪ੍ਰਭ ਸ਼ਾਂਤ ਕਰਾਇਆ । ਜੋਤ ਸਰੂਪੀ ਕਰ ਜੋਤ ਆਕਾਰ, ਨਿਹਕਲੰਕ ਕਲ ਦਰਸ ਦਿਖਾਇਆ । ਗੁਰਮੁਖ ਕਰ ਦਰਸ ਕਲ ਹੋਇਆ ਪਾਰ, ਸਾਚੇ ਪ੍ਰਭ ਸਿਰ ਹੱਥ ਟਿਕਾਇਆ । ਬੇਮੁਖ ਕਲਜੁਗ ਹੋਏ ਖੁਆਰ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਗੁਰਸਿਖ ਸਾਚੇ ਸੋਹੰ ਸ਼ਬਦ ਅਧਾਰ, ਪਰਗਟ ਜੋਤ ਪ੍ਰਭ ਜਗਤ ਵਰਤਾਇਆ । ਕਲਜੁਗ ਜੀਵ ਮਾਰੀ ਸੋਹੰ ਮਾਰ, ਅੰਤ ਨਰਕ ਨਿਵਾਸ ਦਵਾਇਆ । ਗੁਰਮੁਖ ਸੋਹਣ ਪ੍ਰਭ ਚਰਨ ਦਵਾਰ, ਦੇ ਦਰਸ ਪ੍ਰਭ ਵਿਚ ਜੋਤ ਮਿਲਾਇਆ । ਮਦਿ ਮਾਸੀ ਅੰਤ ਕਲ ਆਈ ਹਾਰ, ਨਿਹਕਲੰਕ ਦੇ ਸਜ਼ਾਇਆ । ਗੁਰਮੁਖ ਵਿਰਲੇ ਕਲ ਉਤਰੇ ਪਾਰ, ਸੋਹੰ ਸ਼ਬਦ ਜਿਸ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ ਨਰ ਅਵਤਾਰ, ਸੋਹੰ ਹੋਵੇ ਜਗਤ ਸਹਾਇਆ । ਜਗਤ ਵਰਤੇ ਪ੍ਰਭ ਵਰਤਾਰਾ । ਝੂਠੀ ਸ੍ਰਿਸ਼ਟ ਅੰਤ ਕਲ ਹੋਏ ਖੁਆਰਾ । ਕਲਜੁਗ ਜੀਵ ਮੁਗਧ ਅੰਞਾਣ, ਨਾ ਆਏ ਨਿਹਕਲੰਕ ਤੇਰੇ ਚਰਨ ਦਵਾਰਾ । ਸੋਹੰ ਸਾਚਾ ਸ਼ਬਦ ਬਾਣ, ਜਗਤ ਪ੍ਰਭ ਮਾਰਾ । ਸਾਧ ਸੰਗਤ ਪ੍ਰਭ ਦੇਵੇ ਮਾਣ, ਧਰ ਜੋਤ ਨਿਹਕਲੰਕ ਨੈਣ ਮੁੰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਵਰਤੇ ਤੇਰਾ ਸਤਿ ਸਤਿ ਵਰਤਾਰਾ । ਸਤਿਜੁਗ ਲਾਏ ਸਤਿਗੁਰ ਸਾਚਾ । ਕਲਜੁਗ ਮਿਟਾਏ ਸਤਿਜੁਗ ਵਰਤਾਏ ਸਤਿਗੁਰ ਸਾਚਾ । ਬੇਮੁਖ ਦਰ ਆਏ ਹੱਸਾ ਹਸ ਉਠ ਜਾਏ, ਝੂਠਾ ਜੀਵ ਦਰ ਸਾਚੇ ਨਾਚਾ । ਸਾਧ ਸੰਗਤ ਪ੍ਰਭ ਦੇ ਵਡਿਆਈ, ਸੋਹੰ ਸਾਚਾ ਸ਼ਬਦ ਧੁਨ ਗੁਰਸਿਖ ਮਨ ਆਤਮ ਵਾਚਾ । ਆਤਮ ਕਰ ਵਿਚਾਰ, ਪ੍ਰਭ ਵਿਚਾਰਿਆ । ਆਏ ਚਰਨ ਦਵਾਰ, ਗੁਰਸਿਖ ਨਿਮਸਕਾਰਿਆ । ਮਾਨਸ ਜਨਮ ਲਿਆ ਸੁਧਾਰ, ਨਿਹਕਲੰਕ ਤੇਰੇ ਸਚਖੰਡ ਦਵਾਰਿਆ । ਕਲਜੁਗ ਬੇੜਾ ਹੋਇਆ ਪਾਰ, ਉਜਲ ਮੁਖ ਵਿਚ ਸੰਸਾਰਿਆ । ਬੇਮੁਖਾਂ ਆਈ ਅੰਤ ਕਲ ਹਾਰ, ਸਤਿਗੁਰ ਸਾਚਾ

ਮਨੋਂ ਵਿਸਾਰਿਆ । ਅੰਤ ਦੇਵੇ ਪ੍ਰਭ ਨਰਕ ਨਿਵਾਸ, ਮਦਿ ਮਾਸ ਜੋ ਕਰੇ ਆਹਾਰਿਆ । ਧਰਮ ਰਾਏ ਮਾਰੇ ਡਾਹਢੀ ਮਾਰ, ਕੁੰਭੀ ਨਰਕ ਕਰੇ ਖੁਆਰਿਆ । ਕਲਜੁਗ ਬੇਮੁਖ ਜੀਵ, ਨਿਹਕਲੰਕ ਤੇਰਾ ਕਰਮ ਵਿਚਾਰਿਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਕਲਜੁਗ ਅੰਤ ਪਾਰ ਉਤਾਰਿਆ । ਕਲਜੁਗ ਮਿਟੇ ਮਿਟੇ ਅੰਧਿਆਰਾ । ਸਾਚੀ ਜੋਤ ਧਰੇ, ਨਿਹਕਲੰਕ ਵਿਚ ਸੰਸਾਰਾ । ਚਾਰ ਕੁੰਟ ਮਚਾਏ ਪ੍ਰਭ ਜੋਤ ਸਰੂਪੀ ਧੁੰਧੂਕਾਰਾ । ਜੀਵ ਜੰਤ ਅੰਤਕਾਲ ਸਭ ਹੋਏ ਖੁਆਰਾ । ਸਾਧ ਸੰਗਤ ਨਿਹਕਲੰਕ ਦਵਾਰ ਰਸਨਾ ਸੋਹੰ ਜੈ ਜੈ ਜੈਕਾਰਾ । ਮਹਾਰਾਜ ਸ਼ੇਰ ਸਿੰਘ ਤੇਰਾ ਜਗਤ ਵਰਤਾਰ, ਸੋਹੰ ਸ਼ਬਦ ਕਰਾਏ ਸਤਿ ਵਰਤਾਰਾ । ਜਗਤ ਪਿਤ ਨਿਹਕਲੰਕ ਤੇਰੀ ਸ਼ਰਨਾਇਆ । ਭੈ ਭਿਆਨਕ ਵਿਚ ਹੋਏ ਸਹਾਇਆ । ਸੋਹੰ ਸਾਚਾ ਸ਼ਬਦ ਜਿਸ ਜਨ ਰਸਨਾ ਗਾਇਆ । ਨਿਹਕਲੰਕ ਤੇਰੇ ਚਰਨ ਪਿਆਰ, ਝੂਠੀ ਜਗਤ ਤਜਾਈ ਮਾਇਆ । ਲੋਕਮਾਤ ਦੀਸੇ ਸਚਖੰਡ ਦਵਾਰ, ਪਰਗਟ ਨਿਹਕਲੰਕ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਚ ਸੰਸਾਰ, ਜਾਮਾ ਧਾਰ ਜੋਤ ਸਰੂਪੀ ਖੇਲ ਰਚਾਇਆ । ਸਾਚਾ ਪ੍ਰਭ ਵਸੇ ਸਚਖੰਡ । ਜੋਤ ਜਗਾਏ ਵਿਚ ਬ੍ਰਹਿਮੰਡ । ਨਿਹਕਲੰਕ ਨਾਮ ਧਰਾਏ ਵਿਚ ਵਰਭੰਡ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਚਲਾਏ ਵਿਚ ਨਵ ਖੰਡ । ਮਾਰ ਮਾਰ ਮਾਰ, ਸ਼ਬਦ ਬਾਣ ਜਗਤ ਪ੍ਰਭ ਮਾਰਿਆ । ਹਾਰ ਹਾਰ ਹਾਰ, ਕਲਜੁਗ ਜੀਵ ਮਾਨਸ ਜਨਮ ਕਲ ਹਾਰਿਆ । ਤਾਰ ਤਾਰ ਤਾਰ, ਨਿਹਕਲੰਕ ਜੋ ਜਨ ਆਏ ਤੇਰੇ ਚਰਨ ਦਵਾਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਜਾਮਾ ਘਨਕਪੁਰੀ ਵਿਚ ਧਾਰਿਆ । ਘਨਕਪੁਰੀ ਪ੍ਰਭ ਜੋਤ ਪਰਗਟਾ ਕੇ । ਸੰਤ ਮਨੀ ਸਿੰਘ ਦਰਸ ਦਿਖਾ ਕੇ । ਕਲਜੁਗ ਆਇਆ ਕ੍ਰਿਸ਼ਨ ਘਨਈਆ ਭੇਸ ਵਟਾ ਕੇ । ਨਿਹਕਲੰਕ ਕਲ ਨਾਉਂ ਰਖਾ ਕੇ । ਸਾਧ ਸੰਗਤ ਜਾਏ ਪ੍ਰਭ ਦਰਸ ਦਿਖਾ ਕੇ । ਸੋਹੰ ਸਾਚਾ ਸ਼ਬਦ ਜਪਾ ਕੇ । ਅਨਹਦ ਰਾਗ ਆਤਮ ਉਪਜਾ ਕੇ । ਨਿਹਕਲੰਕ ਜਾਏ ਦਇਆ ਸਾਧ ਸੰਗਤ ਕਮਾ ਕੇ । ਦੁਖ ਰੋਗ ਸਾਰੇ ਦੇਹ ਦੇ ਲਾਹ ਕੇ । ਅੰਮ੍ਰਿਤ ਆਤਮ ਵਰਖਾ ਵਰਖਾ ਕੇ । ਅੰਮ੍ਰਿਤ ਬੂੰਦ ਸਾਧ ਸੰਗਤ ਜਾਏ ਰਸਨਾ ਲਾ ਕੇ । ਆਤਮ ਬੁਝੀ ਦੀਪ ਨਿਹਕਲੰਕ ਦਰ ਜਾਏ ਜੋਤ ਜਗਾ ਕੇ । ਸੋਹੰ ਸਾਚਾ ਨਾਮ ਮਹਾਰਸ ਪੀਵ, ਆਤਮ ਵੇਖੇ ਪ੍ਰਭ ਵਖਾਏ ਆਪਣਾ ਆਪ ਪਰਗਟਾ ਕੇ । ਸੋਹੰ ਸਾਚੀ ਪ੍ਰਭ ਰਖਾਈ ਨੀਵ, ਸਤਿਜੁਗ ਜਾਵੇ ਪ੍ਰਭ ਸਾਚਾ ਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਜਾਏ ਇਕ ਕਰਾ ਕੇ । ਚਾਰ ਵਰਨ ਪ੍ਰਭ ਭੇਤ ਚੁਕਾਇਆ । ਨੀਚ ਊਚ ਊਚ ਨੀਚ ਦਾ ਖੇਲ ਮਿਟਾਇਆ । ਰਾਓ ਰੰਕ ਕਰ ਇਕ ਬਹਾਇਆ । ਕਲਜੁਗ ਨਿਹਕਲੰਕ ਤੇਰੀ ਵਰਤੇ ਮਾਇਆ । ਸੋਹੰ ਸਾਚਾ ਸ਼ਬਦ, ਚਾਰ ਵਰਨ ਸੁਣਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਤਿ ਪੁਰਖਾਂ ਪਰਗਟ ਦਰਸ ਦਿਖਾਇਆ । ਦਰਸ ਦਿਖਾਏ ਪ੍ਰਭ ਦਰਸ ਮੰਦ । ਕਲਜੁਗ ਜੀਵ ਕਰਾਏ ਅੰਧ । ਆਤਮ ਪਰਦਾ ਵਿਚ ਰਖਾਇਆ ਕੰਧ । ਗੁਰਮੁਖ ਸਾਚੇ ਸੋਹੰ ਸ਼ਬਦ ਤੇਰਾ ਮਨ ਅਨੰਦ । ਆਤਮ ਉਪਜੇ ਜੀਵ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਸੋਹੰ ਸਤਿਜੁਗ ਚਾੜ੍ਹੇ ਸਾਚਾ ਚੰਦ । ਸਤਿਜੁਗ ਤੇਰੀ ਸਤਿ ਵਡਿਆਈ । ਪਰਗਟ ਜੋਤ ਨਿਹਕਲੰਕ, ਤੇਰੀ ਲਿਖਤ ਕਰਾਈ । ਸਤਿਗੁਰ ਮਨੀ ਸਿੰਘ, ਸਤਿਜੁਗ ਮਿਲੇ ਵਡਿਆਈ । ਚਾਰ ਵਰਨ ਚਲ ਆਇਣ, ਤੇਰੀ ਸਰਨਾਈ । ਚਾਰ ਕੁੰਟ ਹੋਏ ਰੁਸ਼ਨਾਈ, ਸ਼ਬਦ ਧੁਨ ਪ੍ਰਭ ਜਗਤ ਸੁਣਾਈ । ਸਾਚਾ ਸ਼ਬਦ ਸੋਹੰ, ਬੇਮੁਖਾਂ ਪ੍ਰਭ ਆਤਮ ਚੋਟ ਲਗਾਈ । ਸ੍ਰਿਸ਼ਟ ਸਬਾਈ ਨਿਹਕਲੰਕ, ਅੰਤਕਾਲ ਸੁੰਨ ਸਮਾਧ ਸਵਾਈ । ਜਾਮਾ ਧਾਰ ਘਨਕਪੁਰ, ਸਤਿਗੁਰ ਦੇਵੇ ਸਤਿ ਵਡਿਆਈ । ਸਤਿਜੁਗ ਤੇਰਾ ਸਚ

ਲਿਖਾਇਆ ਲੇਖ । ਚਾਰ ਵਰਨ ਇਕ ਕਰਾਇਆ ਭੇਖ । ਕਲਜੁਗ ਜੀਵ ਜੋ ਵਰਤੇ ਕਲ, ਨੈਣ ਲੈਣਾ ਵੇਖ । ਨਿਹਕਲੰਕ ਜੋਤ ਧਰੇ, ਕਰ ਜੋਤ ਸਰੂਪੀ ਭੇਖ । ਸਾਧ ਸੰਗਤ ਸਾਚਾ ਦਰ ਪ੍ਰਭ ਲਿਆ ਵੇਖ । ਮਹਾਰਾਜ ਸ਼ੇਰ ਸਿੰਘ ਅੰਤ ਮਿਟਾਏ, ਕਲਜੁਗ ਝੂਠਾ ਭੇਖ । ਭੇਖ ਧਾਰ ਪ੍ਰਭ ਬਣੇ ਭਿਖਾਰੀ । ਆਵੇ ਚਲ, ਜਿਉਂ ਬਲ ਦਵਾਰੀ । ਮੱਛ ਕੱਛ ਪ੍ਰਭ ਜੋਤ ਆਕਾਰੀ । ਜੁਗੋ ਜੁਗ ਨਿਹਕਲੰਕ, ਮਾਤ ਲਏ ਅਵਤਾਰੀ । ਕਲਜੁਗ ਜਾਮਾ ਧਾਰ, ਝੂਠੀ ਸ੍ਰਿਸ਼ਟ ਪ੍ਰਭ ਆਣ ਸੰਘਾਰੀ । ਗੁਰਸਿਖਾਂ ਦੇ ਸ਼ਬਦ ਅਧਾਰ, ਪਰਗਟ ਜੋਤ ਕਲ ਪੈਜ ਸਵਾਰੀ । ਜੁਗੋ ਜੁਗ ਜੋਤ ਸਰੂਪ, ਪ੍ਰਭ ਜੋਤ ਜਗਤ ਵਰਤਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਆਇਆ ਧਰ ਨਾਮ ਮੁਰਾਰੀ । ਸ਼ਾਮਾ ਰਾਮਾ ਏਕਾ ਨਾਮ । ਜੋਤ ਜਗੇ ਏਕਾ ਧਾਮ । ਏਕਾ ਪ੍ਰਭ ਜੁਗੋ ਜੁਗ ਏਕਾ ਕਾਮ । ਕਲਜੁਗ ਜਾਮਾ ਧਾਰ ਨਿਹਕਲੰਕ, ਪ੍ਰਭ ਸੋਹੰ ਸ਼ਬਦ ਜਪਾਏ ਸਾਚਾ ਨਾਮ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਦੇਵੇ ਸਾਚਾ ਨਾਮ । ਜਨ ਭਗਤਾਂ ਪ੍ਰਭ ਦਰਸ ਦਿਖਾਇਆ । ਸੋਹੰ ਸਾਚਾ ਸ਼ਬਦ ਸੁਣਾਇਆ । ਨਿਜਾਨੰਦ ਨਿਜ ਮਾਹਿ ਉਪਜਾਇਆ । ਜਗਤ ਪਿਤ ਪਰਗਟ ਨਿਹਕਲੰਕ ਹੋਏ ਸਹਾਇਆ । ਆਦਿ ਅੰਤ ਤੇਰਾ ਪ੍ਰਭ, ਕਿਸੇ ਜੀਵ ਨਾ ਪਾਇਆ । ਜੋਤ ਸਰੂਪੀ ਜਗਤ ਵਰ, ਪ੍ਰਭ ਆਪਣਾ ਆਪ ਛੁਪਾਇਆ । ਸਾਚੀ ਜੋਤ ਵਿੱਚ ਮਾਤ ਧਰ, ਕਲਜੁਗ ਅੰਧ ਅੰਧਿਆਰ ਕਰਾਇਆ । ਗੁਰਮੁਖਾਂ ਦੀਸੇ ਨਿਹਕਲੰਕ ਤੇਰਾ ਸਾਚਾ ਦਰ, ਚਰਨੀਂ ਆਏ ਸੀਸ ਝੁਕਾਇਆ । ਮਹਾਰਾਜ ਸ਼ੇਰ ਸਿੰਘ ਚੌਥੇ ਜੁਗ ਅਵਤਾਰ ਨਰ, ਕਲਜੁਗ ਪਰਗਟ ਅੰਤ ਕਰਾਇਆ । ਕਲਜੁਗ ਅੰਤ ਪ੍ਰਭ ਕੀਆ ਨਿਬੇੜਾ । ਕਰੇ ਜੋਤ ਪਰਕਾਸ਼ ਨਾ ਲਾਵੇ ਦੇਰਾ । ਬੇਮੁਖ ਦੀਸੇ ਚਾਰ ਕੁੰਟ ਅੰਧੇਰਾ । ਗੁਰਸਿਖਾਂ ਆਤਮ ਜੋਤ ਪਰਕਾਸ਼, ਨਾ ਹੋਵੇ ਸੰਞ ਸਵੇਰਾ । ਨਿਹਕਲੰਕ ਤੇਰਾ ਜੋਤ ਪਰਕਾਸ਼, ਕਲਜੁਗ ਪਾਇਆ ਪ੍ਰਭ ਸਾਚੇ ਫੇਰਾ । ਖੰਡ ਬ੍ਰਹਿਮੰਡ ਪ੍ਰਭ ਆਪ ਤਜਾ ਕੇ । ਗੁਰਸਿਖ ਸਾਚੇ ਪ੍ਰਭ ਬੈਠਾ ਆਸਣ ਲਾ ਕੇ । ਕਲਜੁਗ ਜੀਵ ਉਲਟੀ ਮਾਇਆ ਪਾਏ, ਜਾਮਾ ਧਾਰੇ ਨਿਹਕਲੰਕ ਜੋਤ ਸਰੂਪੀ ਭੇਖ ਵਟਾ ਕੇ । ਸਾਚੇ ਸਿੱਖ ਦੇਹ ਪ੍ਰਭ ਕਰੇ ਨਿਵਾਸ, ਨੌਂ ਦਰ ਬੰਦ ਕਰਾ ਕੇ । ਏਕਾ ਜੋਤ ਜਗਾਏ ਮਾਤ ਪਾਤਾਲ ਆਕਾਸ਼, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕਲ ਨਾਉਂ ਧਰਾ ਕੇ । ਤਾਰ ਤਾਰ ਤਾਰ ਜਨ ਭਗਤ ਜਨ ਤਾਰਿਆ । ਪਾਰ ਪਾਰ ਪਾਰ ਕਰ ਕਲਜੁਗ ਪਾਰ ਉਤਾਰਿਆ । ਅਵਤਾਰ ਅਵਤਾਰ ਅਵਤਾਰ ਨਿਹਕਲੰਕ ਨਰ ਅਵਤਾਰਿਆ । ਧਾਰ ਧਾਰ ਧਾਰ ਪ੍ਰਭ ਜਾਮਾ ਘਨਕਪੁਰੀ ਵਿਚ ਧਾਰਿਆ । ਸਾਰ ਸਾਰ ਸਾਰ ਪ੍ਰਭ ਪਾਈ ਗੁਰਸਿਖ ਜੋ ਪ੍ਰਭ ਚਰਨ ਦਵਾਰਿਆ । ਮਾਰ ਮਾਰ ਮਾਰ ਪ੍ਰਭ ਕਰੇ ਬੇਮੁਖਾਂ ਅੰਤ ਖੁਆਰਿਆ । ਹਾਰ ਹਾਰ ਹਾਰ ਕਲਜੁਗ ਅੰਤ ਗਿਆ ਹਾਰ, ਵੇਦ ਅਥਰਬਣ ਅੰਤ ਹਾਰਿਆ । ਦਵਾਰ ਦਵਾਰ ਦਵਾਰ, ਮਾਤਲੋਕ ਨਿਹਕਲੰਕ ਤੇਰਾ ਸਚਖੰਡ ਦਵਾਰਿਆ । ਮਹਾਰਾਜ ਸ਼ੇਰ ਸਿੰਘ ਪਰਗਟ ਨਿਹਕਲੰਕ, ਜਨ ਭਗਤਾਂ ਪਾਰ ਉਤਾਰਿਆ । ਸਤਾਰਾਂ ਸਾਵਣ, ਪ੍ਰਭ ਸਤਿ ਵਰਤਾਇਆ । ਵੀਹ ਸੌ ਅੱਠ ਬਿਕ੍ਰਮੀ, ਕਲਜੁਗ ਕਿਰਿਆ ਕਰਮ ਕਰਾਇਆ । ਸਤਿ ਨਿਰੰਜਣ ਕਲਜੁਗ ਜੋਤ ਪਰਗਟਾ ਕੇ ਨਿਰੰਜਣ ਰਾਇਆ । ਚਾਰ ਵਰਨ ਕਰਾਏ ਏਕਾ ਗੋਤ, ਸੋਹੰ ਸਾਚਾ ਸ਼ਬਦ ਸੁਣਾਇਆ । ਪਰਗਟੀ ਕਲ ਨਿਹਕਲੰਕ ਪ੍ਰਭ ਜੋਤ, ਕਲਜੁਗ ਪਰਗਟ ਅੰਤ ਕਰਾਇਆ । ਸਾਧ ਸੰਗਤ ਦਰ ਆਏ ਦੁਰਮਤ ਮੈਲ ਜਾਏ ਦਰ ਧੋਤ, ਨਿਹਕਲੰਕ ਤੇਰਾ ਦਰਸ਼ਨ ਪਾਇਆ । ਮਦਿ ਮਾਸੀ ਦਰ ਜਾਇਣ ਰੋਤ, ਰਸਨਾ ਪ੍ਰਭ ਵਿਕਾਰ ਚਲਾਇਆ । ਮਹਾਰਾਜ ਸ਼ੇਰ ਸਿੰਘ ਅਬਿਨਾਸ਼ੀ ਜੋਤ, ਜੁਗੋ ਜੁਗ ਜਨ ਭਗਤਾਂ ਆਣ ਤਰਾਇਆ । ਭਗਤ ਜਨਾਂ ਪ੍ਰਭ

ਪ੩੨
੦੧

ਲਾਜ ਰਖਾਏ । ਸਤਾਰਾਂ ਸਾਵਣ ਪਰਗਟ ਜੋਤ ਨਿਹਕਲੰਕ ਸਾਚੀ ਲਿਖਤ ਲਿਖਾਏ । ਵੀਹ ਸੌ ਅੱਠ ਬਿਕ੍ਰਮੀ, ਕਲਜੁਗ ਸ਼ਬਦ ਮਾਰ ਜਲਾਏ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ, ਜੋਤ ਸਰੂਪ ਅਗਨ ਜੋਤ ਜਗਤ ਜਲਾਏ । ਕਲਜੁਗ ਹੋਵੇ ਅੰਧ ਅੰਧਿਆਰਾ । ਸ਼ਬਦ ਬਾਣ ਨਿਹਕਲੰਕ ਅੰਤ ਮਾਰਾ । ਕੋਈ ਨਾ ਦੀਸੇ ਜੀਵ ਦੁਸ਼ਟ ਦੁਰਾਚਾਰਾ । ਬੇਮੁਖਾਂ ਕੀਆ ਪਾਰ ਕਿਨਾਰਾ । ਸਾਚੀ ਸਾਧ ਸੰਗਤ, ਸੋਹੰ ਸ਼ਬਦ ਸਚ ਵਰਤਾਰਾ । ਜਨ ਭਗਤਾਂ ਦੇਵੇ ਪ੍ਰਭ ਸਾਚਾ ਨਾਮ ਭੰਡਾਰਾ । ਬੇਮੁਖ ਦਰ ਆਏ, ਜਾਏ ਝਖ ਮਾਰਾ । ਨਿਹਕਲੰਕ ਨਾ ਦੀਸੇ ਕਲਜੁਗ ਅਵਤਾਰਾ । ਜਨ ਭਗਤਾਂ, ਆਤਮ ਜੋਤ ਕਰੇ ਪ੍ਰਭ ਉਜਿਆਰਾ । ਜੋਤ ਸਰੂਪ ਪਰਗਟ ਨਿਹਕਲੰਕ, ਕਲਜੁਗ ਭੇਵ ਖੁਲ੍ਹਾਏ ਸਾਰਾ । ਮਹਾਰਾਜ ਸ਼ੇਰ ਸਿੰਘ, ਤੇਰਾ ਹੋਵੇ ਸਤਿ ਵਰਤਾਰਾ । ਭਗਤ ਜਨਾਂ ਪ੍ਰਭ ਹੋਏ ਸਹਾਇਆ । ਜਾਮਾ ਧਾਰ ਨਿਹਕਲੰਕ, ਸਾਧ ਸੰਗਤ ਸਿਰ ਹੱਥ ਟਿਕਾਇਆ । ਸਚਖੰਡ ਦੇ ਨਿਵਾਸ, ਗੁਰਸਿਖ ਸਾਚਾ ਵਿਚ ਜੋਤ ਮਿਲਾਇਆ । ਜੋ ਜਨ ਹੋਏ ਚਰਨ ਪ੍ਰਭ ਦਾਸ, ਆਵਣ ਜਾਵਣ ਦਾ ਪ੍ਰਭ ਗੇੜ ਚੁਕਾਇਆ । ਕਲਜੁਗ ਦੇਵੇ ਭਗਤਾਂ ਵਡਿਆਈ । ਇੰਦਰ ਸਿੰਘ, ਪ੍ਰਭ ਤੇਰੀ ਆਤਮ ਜੋਤ ਜਗਾਈ । ਕਲਜੁਗ ਜਾਮਾ ਧਾਰ, ਨਿਹਕਲੰਕ ਚਰਨ ਸੇਵ ਕਮਾਈ । ਕਲਜੁਗ ਬੇੜਾ ਕੀਆ ਪਾਰ, ਪ੍ਰਭ ਦੇਵੇ ਵਡਿਆਈ । ਰੱਖੇ ਲਾਜ, ਮਹਾਰਾਜ ਸ਼ੇਰ ਸਿੰਘ, ਜੋ ਜਨ ਆਏ ਸਰਨਾਈ । ਇੰਦਰ ਸਿੰਘ ਤੇਰੀ ਆਤਮ ਵਾਸ । ਆਤਮ ਜੋਤ ਪ੍ਰਭ ਕਰੇ ਪਰਕਾਸ਼ । ਸਤਿਗੁਰ ਸਾਚਾ ਵਿਚ ਰੱਖੇ ਵਾਸ । ਆਤਮ ਅੰਧ ਅੰਧਿਆਰਾ, ਦੇ ਦਰਸ ਪ੍ਰਭ ਕੀਆ ਨਾਸ । ਏਕਾ ਜੋਤ ਟਿਕਾਈ, ਪ੍ਰਭ ਅਬਿਨਾਸ਼ । ਗੁਰਸਿਖ ਤੇਰੀ ਕਲਜੁਗ ਵਡਿਆਈ, ਸੋਹੰ ਸ਼ਬਦ ਜਪ ਸਵਾਸ । ਮਹਾਰਾਜ ਸ਼ੇਰ ਸਿੰਘ ਸਾਚੀ ਜੋਤ ਪਰਗਟਾਈ, ਗੁਰਸਿਖ ਕੀਆ ਵਾਸ । ਗੁਰਮੁਖ ਮਿਲਿਆ, ਪ੍ਰਭ ਗੁਣ ਨਿਧਾਨਾ । ਗੁਰਸਿਖ ਹੋਇਆ ਕਲਜੁਗ ਸੁਘੜ ਸੁਜਾਨਾ । ਸੋਹੰ ਸ਼ਬਦ ਆਤਮ ਦੇਵੇ ਬ੍ਰਹਮ ਗਿਆਨਾ । ਦੇਵੇ ਦਰਸ ਪਰਗਟ ਜੋਤ, ਨਿਹਕਲੰਕ ਵਿਸ਼ਨੂੰ ਭਗਵਾਨਾ । ਸਾਚਾ ਸ਼ਬਦ ਗੁਰਸਿਖ ਸਾਚੇ, ਕਲਜੁਗ ਆਤਮ ਮਾਨਾ । ਆਤਮ ਹੋਵੇ ਪਰਕਾਸ਼, ਜਗੇ ਜੋਤ ਵਿਚ ਦੇਹ ਮਹਾਨਾ । ਹਉਮੇ ਮਮਤਾ ਜਾਏ ਨਾਸ, ਅਨਹਦ ਸ਼ਬਦ ਵੱਜੇ ਬਿਧਨਾਨਾ । ਮਹਾਰਾਜ ਸ਼ੇਰ ਸਿੰਘ ਸਦਾ ਅਬਿਨਾਸ਼, ਸਾਧ ਸੰਗਤ ਦੇਵੇ ਚਰਨ ਧਿਆਨਾ । ਸਾਧ ਸੰਗਤ ਪ੍ਰਭ ਚਰਨ ਧਿਆਨ । ਆਤਮ ਉਪਜੇ ਬ੍ਰਹਮ ਗਿਆਨ । ਦੇਵੇ ਦਰਸ ਪ੍ਰਭ ਗੁਣੀ ਨਿਧਾਨ । ਗੁਰਮੁਖ ਸਾਚੇ, ਨਿਹਕਲੰਕ ਤੇਰਾ ਦਰਸ਼ਨ ਪਾਣ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਏ, ਸਤਿਜੁਗ ਚਾਰ ਵਰਨ ਹੋਏ ਤੇਰੀ ਆਣ । ਗੁਰਮੁਖਾਂ ਮੁਖ ਕਲ ਉਜਲ ਕੀਆ । ਜੋਤ ਸਰੂਪੀ ਪਰਗਟ ਜੋਤ, ਪ੍ਰਭ ਆਤਮ ਜੋਤ ਜਗਾਇਆ ਦੀਆ । ਸਾਧ ਸੰਗਤ ਤੇਰੀ ਕਲ ਵਡਿਆਈ, ਦਰ ਆਏ ਨਿਹਕਲੰਕ ਅੰਮ੍ਰਿਤ ਰਸ ਪੀਆ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ, ਦੇਵੇ ਫਲ ਪੂਰਬ ਜਨਮ ਜੋ ਬੀਆ । ਪੂਰਬ ਕਰਮ, ਪ੍ਰਭ ਗੁਰਸਿਖ ਵਿਚਾਰਿਆ । ਕਲਜੁਗ ਪਰਗਟ ਦਰਸ ਦੇ, ਜਨਮ ਮਰਨ ਸਵਾਰਿਆ । ਆਤਮ ਅੰਮ੍ਰਿਤ ਬਰਸ ਕੇ, ਪ੍ਰਭ ਆਤਮ ਦੁਖ ਨਿਵਾਰਿਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਜਨ ਭਗਤਾਂ ਪਾਰ ਉਤਾਰਿਆ । ਭਗਤ ਜਨਾਂ ਪ੍ਰਭ ਦਰਸ ਦਿਖਾ ਕੇ । ਆਤਮ ਜਾਏ ਜੋਤ ਜਗਾ ਕੇ । ਸੋਹੰ ਸਾਚਾ ਸ਼ਬਦ, ਧੁਨ ਉਪਜਾ ਕੇ । ਅਨਹਦ ਰਾਗ ਆਤਮ ਸੁਣਾ ਕੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਸਤਿ ਸਤਿ ਜਾਏ ਸਤਿਜੁਗ ਵਰਤਾ ਕੇ । ਭੁਲ ਭੁਲ ਭੁਲ, ਜੀਵ ਪ੍ਰਭ ਭੁਲਾਇਆ । ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਝੂਠੇ ਧੰਦੇ ਮਾਨਸ ਜਨਮ ਗਵਾਇਆ । ਰਸਨਾ ਵਿਕਾਰੀ, ਮਦਿ ਮਾਸ

ਆਹਾਰ ਬਣਾਇਆ । ਆਤਮ ਹੰਕਾਰੀ, ਕਾਮ ਕਰੋਧ ਵਸਾਇਆ । ਕਲਜੁਗ ਜੀਵ ਭੁੱਲੇ ਸੰਸਾਰੀ, ਨਿਹਕਲੰਕ ਪਾਈ ਮਾਇਆ । ਗੁਰਮੁਖ ਵਿਰਲੇ ਚਲ ਆਏ ਦਰਬਾਰੀ, ਪਰਗਟ ਜੋਤ ਪ੍ਰਭ ਦਰਸ ਦਿਖਾਇਆ । ਸਾਚਾ ਸ਼ਬਦ ਦੇਵੇ ਪ੍ਰਭ ਜੋਤ ਅਧਾਰੀ, ਮਹਾਰਾਜ ਸ਼ੇਰ ਸਿੰਘ ਕਲ ਨਾਮ ਧਰਾਇਆ । ਸੁਰਤ ਸ਼ਬਦ ਪ੍ਰਭ ਮੇਲ ਕਰ, ਗੁਰਮੁਖ ਜਗਾਏ । ਸੁਰਤ ਸ਼ਬਦ ਮੇਲ ਪ੍ਰਭ, ਦਸਮ ਦਵਾਰ ਖੁਲ੍ਹਾਏ । ਸ਼ਬਦ ਸੁਰਤ ਪ੍ਰਭ ਮੇਲ ਕਰ, ਅੰਮ੍ਰਿਤ ਝਿਰਨਾ ਨਿਝਰੋਂ ਝਿਰਾਏ । ਸੁਰਤ ਸ਼ਬਦ ਪ੍ਰਭ ਮੇਲ ਕਰ, ਆਤਮ ਸਾਚੀ ਜੋਤ ਜਗਾਏ । ਸੁਰਤ ਸ਼ਬਦ ਪ੍ਰਭ ਮੇਲ ਕਰ, ਸੁੰਨ ਸਮਾਧ ਖੋਲ੍ਹ ਵਖਾਏ । ਸੁਰਤ ਸ਼ਬਦ ਪ੍ਰਭ ਮੇਲ ਕਰ, ਅਨਹਦ ਸਾਚਾ ਰਾਗ ਸੁਣਾਏ । ਸੁਰਤ ਸ਼ਬਦ ਪ੍ਰਭ ਮੇਲ ਕਰ, ਜੋਤੀ ਜੋਤ ਮਿਲਾਏ । ਸੁਰਤ ਸ਼ਬਦ ਪ੍ਰਭ ਮੇਲ ਕਰ, ਸਚਖੰਡ ਦਵਾਰ ਦਸਾਏ । ਸੁਰਤ ਸ਼ਬਦ ਪ੍ਰਭ ਮੇਲ ਕਰ, ਪਵਣ ਉਨੰਜਾ ਸਿਰ ਛਤਰ ਝੁਲਾਏ । ਸੁਰਤ ਸ਼ਬਦ ਪ੍ਰਭ ਮੇਲ ਕਰ, ਏਕੰਕਾਰ ਇਕ ਆਕਾਰ ਕਰਾਏ । ਸੁਰਤ ਸ਼ਬਦ ਪ੍ਰਭ ਮੇਲ ਕਰ, ਈਸ਼ ਜੀਵ ਦਾ ਭੇਦ ਮਿਟਾਏ । ਸੁਰਤ ਸ਼ਬਦ ਪ੍ਰਭ ਮੇਲ ਕਰ, ਮਹਾਰਾਜ ਸ਼ੇਰ ਸਿੰਘ ਗੁਰਮੁਖ ਸਾਚੇ ਸਚਖੰਡ ਧਾਮ ਪਹੁੰਚਾਏ । ਸ਼ਬਦ ਦੇਵੇ ਸੁਰਤ ਗਿਆਨਾ । ਦੇਵੇ ਸ਼ਬਦ ਵਿਸ਼ਨੂੰ ਭਗਵਾਨਾ । ਜਗਾਏ ਜੋਤ ਪ੍ਰਭ ਦੇਹ ਮਹਾਨਾ । ਜੋਤ ਸਰੂਪੀ ਕਲਜੁਗ ਪ੍ਰਭ ਪਹਰਿਆ ਜਾਮਾ । ਤਖ਼ਤੋਂ ਲਾਹਿਆ ਸਭ ਰਾਜਾ ਰਾਣਾ । ਅੰਤਕਾਲ ਕਲਜੁਗ ਪ੍ਰਭ, ਵਰਨ ਚਾਰ ਇਕ ਕਰਾਣਾ । ਊਚ ਨੀਚ ਨੀਚ ਊਚ ਦਾ ਭੇਵ ਮਿਟਾਣਾ । ਸਤਿਜੁਗ ਸਾਚਾ ਸਤਿ ਸਤਿ ਸਤਿ ਵਰਤਾਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਵਰਤਾਏ ਆਪਣਾ ਭਾਣਾ । ਭਾਣਾ ਕਲਜੁਗ ਪ੍ਰਭ ਆਪ ਵਰਤਾਇਆ । ਕੂੜ ਡੰਕ ਏਕਾ ਅੰਕ ਗੁਰ ਪੂਰੇ ਸ਼ਬਦ ਸੁਰਤ ਦੇ ਵਿਚੋਂ ਗਵਾਇਆ । ਕਲਜੁਗ ਪਰਗਟ ਨਿਹਕਲੰਕ, ਅਨਰਾਗ ਸੋਹੰ ਸ਼ਬਦ ਸੁਣਾਇਆ । ਗੁਰਸਿਖ ਭਾਗ ਗਏ ਜਾਗ, ਰਸਨਾ ਜਪ ਮਹਾ ਸੁੱਖ ਪਾਇਆ । ਬੇਮੁਖ ਆਤਮ ਲਾਈ ਆਗ, ਹੱਸ ਹੱਸ ਵਕਤ ਗਵਾਇਆ । ਸਾਚੇ ਪ੍ਰਭ ਪਤਾਲ ਸੇਜ ਸੁਹਾਈ ਉਪਰ ਬਾਸ਼ਕ ਨਾਗ, ਲੱਛਮੀ ਚਰਨ ਝੱਸਣ ਲਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਜਾਮਾ ਧਾਰ, ਜੀਵ ਆਲਸ ਵਿਚ ਸਵਾਇਆ । ਸੋਹੰ ਪ੍ਰਭ ਸਾਚਾ ਨਾਦ ਵਜਾਇਆ । ਚਾਰ ਕੁੰਟ ਪੈ ਜਾਏ ਦੁਹਾਇਆ । ਅੰਤਕਾਲ ਕਲਜੁਗ ਜੀਵ, ਭੁਲ ਭੁਲ ਚਰਨ ਪ੍ਰਭ ਆਇਆ । ਰੱਖੇ ਲਾਜ ਨਿਹਕਲੰਕ, ਜੋ ਆਏ ਚਲ ਸਰਨਾਇਆ । ਜਾਮਾ ਧਾਰ ਵਿਚ ਪੁਰੀ ਘਨਕ, ਪ੍ਰਭ ਆਪਣਾ ਆਪ ਛੁਪਾਇਆ । ਕਲਜੁਗ ਆਇਆ ਜੋਤ ਪਰਗਟਾਇਕੇ । ਲੱਖ ਚੁਰਾਸੀ ਜੂਨ ਗੁਰਸਿਖ ਜਾਏ ਗੇੜ ਕਟਾਇਕੇ । ਏਕਾ ਏਕੰਕਾਰ, ਏਕਾ ਏਕ ਵਰਤਾਇਕੇ । ਸੋਹੰ ਸਾਚਾ ਸ਼ਬਦ, ਸਤਿਜੁਗ ਗਿਆਨ ਦਵਾਇਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਜਗਤ ਵਡਿਆਇਕੇ । ਭਗਤ ਜਨ ਪ੍ਰਭ ਦਰਸ ਪਿਆਸਾ । ਬੇਮੁਖਾਂ ਨਿਹਕਲੰਕ ਤੇਰੇ ਦਰ ਆਏ ਹਾਸਾ । ਗੁਰਸਿਖਾਂ ਸੋਹੰ ਸ਼ਬਦ ਆਤਮ ਕਰੇ ਪਰਕਾਸ਼ਾ । ਬੇਮੁਖਾਂ ਦਰ ਆਤਮ ਹੋਈ ਨਾਸਾ । ਗੁਰਸਿਖਾਂ ਸੋਹੰ ਜਪਿਆ ਸਵਾਸ ਸਵਾਸਾ । ਕਲਜੁਗ ਨਿਹਕਲੰਕ ਤੇਰੇ ਚਰਨ ਭਰਵਾਸਾ । ਸਾਧ ਸੰਗਤ ਪ੍ਰਭ ਦਾਸਨ ਦਾਸਾ । ਦਾਸਨ ਦਾਸ ਆਪ ਪ੍ਰਭ ਹਰੀ । ਚਰਨ ਲਾਗ ਸਾਧ ਸੰਗਤ ਕਲ ਤਰੀ । ਗੁਰਮੁਖ ਸਾਚੇ ਪ੍ਰਭ ਮਿਲਿਆ ਸਾਚਾ ਆਸਾ ਵਰੀ । ਕਲਜੁਗ ਜਾਮਾ ਧਾਰਿਆ, ਨਿਹਕਲੰਕ ਅਵਤਾਰ ਨਰੀ । ਮਹਾਰਾਜ ਸ਼ੇਰ ਸਿੰਘ ਸੋ ਧਾਮ ਸੁਹਾਏ, ਜੋਤ ਪਰਗਟਾਵੇ ਜਿਸ ਦਰੀ । ਸੋ ਸੁਹਾਏ ਥਾਨ, ਜਿਥੇ ਪ੍ਰਭ ਜੋਤ ਜਗਾਏ । ਸੋ ਸੁਹਾਏ ਥਾਨ, ਜਿਥੇ ਪ੍ਰਭ ਦਰਸ ਦਿਖਾਏ । ਸੋ ਸੁਹਾਏ ਥਾਨ, ਸਿੰਘ ਆਸਣ ਪ੍ਰਭ ਡੇਰਾ ਲਾਏ । ਸੋ ਸੁਹਾਏ ਥਾਨ, ਜਿਥੇ ਜੀਵ ਪ੍ਰਭ

ਜਗਤ ਭੁਲਾਏ । ਸੋ ਸੁਹਾਏ ਥਾਨ, ਜਿਥੇ ਨਿਹਕਲੰਕ ਭਗਤ ਤਰਾਏ । ਸੋ ਸੁਹਾਏ ਥਾਨ, ਜਿਥੇ ਪ੍ਰਭ ਅਬਿਨਾਸ਼ੀ ਕਲ ਜੋਤ ਪਰਗਟਾਏ । ਸੋ ਸੁਹਾਏ ਥਾਨ, ਜਿਥੇ ਸੋਹੰ ਸਾਚਾ ਗਿਆਨ ਪ੍ਰਭ ਸੁਣਾਏ । ਸੋ ਸੁਹਾਏ ਥਾਨ, ਜਿਥੇ ਸਾਚਾ ਸ਼ਬਦ ਸਾਧ ਸੰਗਤ ਪ੍ਰਭ ਝੋਲੀ ਪਾਏ । ਸੋ ਸੁਹਾਏ ਥਾਨ, ਜਿਥੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਕਲਜੁਗ ਖੇਲ ਵਰਤਾਏ । ਸੁਹਾਇਆ ਥਾਨ, ਜਿਥੇ ਪ੍ਰਭ ਆਇਆ । ਪਰਗਟ ਜੋਤ, ਸਾਧ ਸੰਗਤ ਮਾਣ ਦਵਾਇਆ । ਸੁਹਾਏ ਥਾਨ, ਜਗਤ ਪਿਤ ਹੋਏ ਸ਼ਰਨਾਇਆ । ਸੁਹਾਏ ਥਾਨ, ਵਿਸ਼ਨੂੰ ਭਗਵਾਨ ਮਾਤਲੋਕ ਵਿਚ ਡੇਰਾ ਲਾਇਆ । ਸੁਹਾਏ ਥਾਨ, ਸਤਿਗੁਰ ਸਾਚੇ ਸਾਧ ਸੰਗਤ ਸਾਚਾ ਸ਼ਬਦ ਸੁਣਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਨਿਹਕਲੰਕ ਕਲ ਭੇਵ ਖੁਲ੍ਹਾਇਆ । ਨਿਹਕਲੰਕ ਪ੍ਰਭ ਕਲ ਪਰਕਾਸ਼ਿਆ । ਜੋਤ ਸਰੂਪ ਵਿਚ ਸਿੱਖ ਦੇ ਨਿਵਾਸਿਆ । ਸਾਚਾ ਸ਼ਬਦ ਸਾਧ ਸੰਗਤ ਜਪਾਵੇ ਪ੍ਰਭ ਸਵਾਸ ਸਵਾਸਿਆ । ਗੁਰਮੁਖ ਸਾਚਾ ਮਾਤ ਗਰਭ ਨਾ ਕਰੇ ਵਾਸਿਆ । ਬੇਮੁਖ ਦਰ ਤੇ ਆਏ, ਸੋਹੰ ਸ਼ਬਦ ਸੁਣ ਦਰ ਤੇ ਨਾਸਿਆ । ਸਾਧ ਸੰਗਤ ਨਿਹਕਲੰਕ ਤੇਰੇ ਚਰਨ ਭਰਵਾਸਿਆ । ਜੋਤ ਜਗਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਬਿਨਾਸਿਆ । ਸਾਧ ਸੰਗਤ ਮਿਲਿਆ, ਊਚਾ ਦਰ ਊਚਾ ਦਰਬਾਰ । ਜੋਤ ਸਰੂਪ ਪਰਗਟੇ, ਕਲਜੁਗ ਨਿਹਕਲੰਕ ਅਵਤਾਰ । ਏਕਾ ਸ਼ਬਦ ਸਾਚਾ ਭੇਵ, ਸੋਹੰ ਦੀਆ ਨਾਮ ਅਧਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਆਇਆ, ਨਿਹਕਲੰਕ ਜਾਮਾ ਧਾਰ । ਸਾਧ ਸੰਗਤ ਤੇਰੀ ਸਤਿ ਵਡਿਆਈ । ਪ੍ਰਭ ਚਰਨ ਪ੍ਰੀਤੀ ਕਰ ਦਰਸ ਪ੍ਰਭ ਪਾਈ । ਆਤਮ ਤ੍ਰਿਖਾ ਕਲਜੁਗ ਮਿਟਾਈ । ਸੋਹੰ ਸਾਚਾ ਨਾਮ, ਪ੍ਰਭ ਝੋਲੀ ਦੇਵੇ ਪਾਈ । ਏਕਾ ਮਨ ਉਪਜਾਵੇ ਰਾਗ, ਰਾਮ ਰਮਈਆ ਸਾਚਾ ਨਾਮ ਮਹਾਰਾਜ ਸ਼ੇਰ ਸਿੰਘ ਦਿਵਾਈ । ਸੋਹੰ ਨਾਮ ਜੋ ਜਨ ਕਮਾਏ । ਆਤਮ ਅੰਮ੍ਰਿਤ ਰਸ ਨਿਜ ਮਾਹੇ ਪਾਏ । ਸਾਚਾ ਪ੍ਰਭ ਹੋ ਜਾਏ ਵਸ, ਆਤਮ ਸਾਚੀ ਜੋਤ ਜਗਾਏ । ਜਗਤ ਵਿਕਾਰ ਜਾਇਣ ਸਭ ਨੱਸ, ਨਿਹਕਲੰਕ ਹੋਏ ਸਹਾਏ । ਸੋਹੰ ਬਾਣ ਸ਼ਬਦ ਪ੍ਰਭ ਮਾਰੇ ਕਸ, ਬੀਰ ਬੈਤਾਲ ਕੋਈ ਨਜ਼ਰ ਨਾ ਆਏ । ਕਰੇ ਜੋਤ ਪਰਕਾਸ਼ ਜਿਉਂ ਰਵ ਸਸ, ਅਗਿਆਨ ਅੰਧੇਰ ਦਏ ਮਿਟਾਏ । ਗੁਰਮੁਖ ਆਏ ਚਰਨ ਪ੍ਰਭ ਨੱਸ, ਬੇਮੁਖ ਗਏ ਮੁਖ ਛਪਾਏ । ਸਤਿਜੁਗ ਸਾਚਾ ਰਾਹ ਜਾਏ ਪ੍ਰਭ ਦੱਸ, ਸੋਹੰ ਸ਼ਬਦ ਸਾਚੀ ਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਅੰਤ ਸਹਾਏ । ਸਚ ਸ਼ਬਦ ਪ੍ਰਭ ਆਪ ਉਪਜਾਇਆ । ਏਕਾ ਰਾਗ ਮਧ ਮਾਧਵ ਸੁਣਾਇਆ । ਮੁਰਾਰੀ ਕ੍ਰਿਸ਼ਨ ਨਿਹਕਲੰਕ, ਕਲ ਜਾਮਾ ਪਾਇਆ । ਸਾਚਾ ਪ੍ਰਭ ਦਰ ਖੜ੍ਹੇ ਬ੍ਰਹਮਾ ਵਿਸ਼ਨ ਮਹੇਸ਼, ਸ਼ੇਰ ਸਿੰਘ ਨਾਮ ਧਰਾਇਆ । ਵਡਾ ਦਰ ਵਡ ਦਰਬਾਰ । ਏਕਾ ਜੋਤ ਕਰੇ ਆਕਾਰ । ਜੋਤ ਸਰੂਪੀ ਜੋਤ ਪ੍ਰਭ ਆਇਆ ਏਕੰਕਾਰ । ਓਅੰ ਪ੍ਰਭ ਆਪ, ਸੋਹੰ ਸਾਚੀ ਸ਼ਬਦ ਧੁਨਕਾਰ । ਸਤਿਜੁਗ ਵਰਤਾਏ ਸਤਿ ਸਤਿ, ਪ੍ਰਭ ਰਸਨਾ ਗਾਏ ਸਰਬ ਸੰਸਾਰ । ਆਤਮ ਰਖਾਏ ਪ੍ਰਭ ਯਤਿ ਯਤਿ ਯਤਿ, ਸੋਹੰ ਸ਼ਬਦ ਦੇਵੇ ਅਧਾਰ । ਸਤਿਜੁਗ ਵਰਤਾਏ ਪ੍ਰਭ ਸਾਚੀ ਮਤਿ, ਨਿਹਕਲੰਕ ਤੇਰੇ ਨਾਮ ਜੈ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਰਸਨਾ ਦੇਵੇ ਸ਼ਬਦ ਵਿਵਹਾਰ । ਕਲਜੁਗ ਅੰਤ ਪ੍ਰਭ ਆਪ ਕਰਾਇਆ । ਈਸਾ ਮੂਸਾ ਮੁਹੰਮਦੀ ਸਭ ਜਗਤ ਮਿਟਾਇਆ । ਅੱਲ੍ਹਾ ਅਲਾਹ ਨੂਰ ਕੋਈ ਦਿਸ ਨਾ ਆਇਆ । ਜਾਮਾ ਧਾਰ ਨਿਹਕਲੰਕ, ਬੇਮੁਖਾਂ ਅੰਤ ਆਏ ਖਪਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸੋਹੰ ਸਾਚਾ ਰਾਹ ਚਲਾਇਆ । ਕਲਜੁਗ ਸਾਰੀ ਖੇਲ ਮਿਟਾਈ । ਤੀਰਥ ਤਟ ਕੋਈ ਰਹੇ ਨਾ ਰਾਈ । ਗੰਗਾ ਗੋਦਾਵਰੀ ਪ੍ਰਭ ਜੋਤ ਖਿਚ

ਪੜਪ ੦੧

ਰਖਾਈ । ਅਠ ਸਠ ਤੀਰਥ ਪ੍ਰਭ ਮਾਣ ਗਵਾਈ । ਅੰਤਕਾਲ ਕਲਜੁਗ, ਸਰ ਅੰਮ੍ਰਿਤ ਥੇਹ ਹੋ ਜਾਈ । ਸਿੰਘ ਲਛਮਣ ਤੇਰਾ ਏਕਾ ਘਰ, ਅੰਮ੍ਰਿਤਸਰ ਨਿਸ਼ਾਨ ਰਹਿ ਜਾਈ । ਜਾਮਾ ਧਾਰ ਨਿਹਕਲੰਕ, ਮਨੀ ਸਿੰਘ ਸ਼ਬਦ ਸੁਰਤ ਦਵਾਈ । ਸਾਚੇ ਸੰਤ ਲਿਖਤ ਲਿਖੀ ਅਪਾਰ, ਅੰਮ੍ਰਿਤਸਰ ਸਰਾਫ ਦਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੈ ਅਵਤਾਰ, ਕਲਜੁਗ ਪੂਰ ਕਰਾਈ । ਪੂਰਨ ਬਚਨ ਪ੍ਰਭ ਸੰਤ ਕਰਾਇਆ । ਉਨੀ ਸੌ ਅਠਸਠ ਬਿਕ੍ਰਮੀ ਜੋ ਲਿਖਤ ਪ੍ਰਭ ਸਾਚੇ ਕਰਵਾਇਆ । ਨਿਹਕਲੰਕ ਹੋਏ ਪਰਗਟ, ਜਾਏ ਸੰਗਰੂਰ ਡੇਰਾ ਲਾਇਆ । ਸ਼ਬਦ ਸੁਰਤ ਰਾਣਾ ਸੰਗਰੂਰ ਪ੍ਰਭ ਦਰਸ ਦਿਖਾਏ ਅਲਖ, ਬਾਹੋਂ ਪਕੜ ਦਰ ਟੁੰਬ ਉਠਾਇਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ ਕਲਜੁਗ ਸਭ ਦਾ ਮਾਣ ਗਵਾਇਆ । ਗਵਾਏ ਮਾਣ ਪ੍ਰਭ ਹੰਕਾਰੀਆਂ । ਦੇਵੇ ਮਾਣ ਜੋ ਜਨ ਆਏ ਪ੍ਰਭ ਚਰਨ ਦਵਾਰਿਆ । ਗੁਣੀ ਨਿਧਾਨ, ਨਿਹਕਲੰਕ ਵਡ ਸੰਸਾਰਿਆ । ਚਾਰ ਕੁੰਟ ਸੁੰਞ ਮਸਾਣ, ਹੋ ਜਾਏ ਧੁੰਧੂਕਾਰਿਆ । ਰੋਵਣ ਬਿਰਧ ਬਾਲ ਜਵਾਨ, ਚਾਰ ਕੁੰਟ ਹੋਵੇ ਹਾਹਾਕਾਰਿਆ । ਮਹਾਰਾਜ ਸ਼ੇਰ ਸਿੰਘ ਸੋ ਜਨ ਉਧਰੇ, ਜਿਸ ਦੇਵੇ ਸਾਚਾ ਨਾਮ ਅਧਾਰਿਆ । ਜਮਨ ਕਿਨਾਰੇ ਪ੍ਰਭ ਆਏ ਚਲ । ਪਰਗਟਾਵੇ ਜੋਤ ਨਿਹਕਲੰਕ, ਅੰਤ ਕਲਜੁਗ ਨਾ ਲਾਵੇ ਪਲ । ਨੌਂ ਖੰਡ ਪ੍ਰਿਥਮੀ ਜਾਵੇ ਹਲ । ਸਾਧ ਸੰਗਤ ਬੈਠੇ, ਨਿਹਕਲੰਕ ਤੇਰਾ ਦਰ ਮਲ । ਬੇਮੁਖ ਜੀਵ ਅਗਨ ਜੋਤ ਕਲ ਜਾਇਣ ਜਲ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼, ਵਰਤਾਏ ਭਾਣਾ ਨਾ ਜਾਏ ਟਲ । ਪ੍ਰਭ ਅਟਲ, ਸਚ ਸ਼ਬਦ ਲਿਖਾਇਆ । ਸਾਚਾ ਸ਼ਬਦ ਵਿਚ ਜਗਤ ਵਰਤਾਇਆ । ਜਾਮਾ ਧਾਰ ਨਿਹਕਲੰਕ, ਵਾਲੀ ਹਿੰਦ ਦਰਸ ਦਿਖਾਇਆ । ਸਾਚੀ ਸ਼ਬਦ ਜੋਤ ਪ੍ਰਭ ਲਾਏ ਤਨਕ, ਛਡ ਦਰਬਾਰ ਨਿਹਕਲੰਕ ਸ਼ਰਨ ਤੇਰੀ ਆਇਆ । ਕਰ ਨਿਮਸਕਾਰ ਬਾਰ ਅਨਕ, ਜਾਏ ਭੁਲ ਬਖ਼ਸ਼ਾਇਆ । ਪਰਗਟੇ ਜੋਤ ਵਾਸੀ ਪੁਰੀ ਘਨਕ, ਸਾਚਾ ਭੇਵ ਲਾ ਚਰਨ ਸੇਵ ਵਾਲੀ ਹਿੰਦ ਦਿਖਾਇਆ । ਵਾਲੀ ਹਿੰਦ ਦਰਸ ਪ੍ਰਭ ਕਰ । ਏਕਾ ਦੀਸੇ ਨਿਹਕਲੰਕ, ਸਤਿਜੁਗ ਤੇਰਾ ਦਰ । ਲਾਏ ਚਰਨ, ਵਰਨ ਚਾਰ ਇਕ ਜਾਏ ਕਰ । ਸੋਹੰ ਸਾਚਾ ਨਾਮ, ਪ੍ਰਭ ਆਤਮ ਦੇਵੇ ਧਰ । ਗੁਰਮੁਖ ਸਾਚੇ, ਕਲਜੁਗ ਮਾਇਆ ਕੋਲੋਂ ਮੂਲ ਨਾ ਡਰ । ਅੰਤਕਾਲ ਹੋਏ ਸਹਾਈ, ਨਿਹਕਲੰਕ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚਾ ਤੇਰਾ ਦਰ ਘਰ । ਸਾਚਾ ਦਰ, ਸਤਿ ਪੁਰਖਾਂ ਪਾਇਆ । ਅਵਤਾਰ ਨਰ, ਪ੍ਰਭ ਦਰਸ ਦਿਖਾਇਆ । ਜਗਨ ਨਾਥ ਭਗਵਾਨ ਬੀਠਲਾ, ਪ੍ਰਭ ਨਜ਼ਰੀ ਆਇਆ । ਪਰਗਟ ਜੋਤ ਨਿਹਕਲੰਕ, ਚਤੁਰਭੁਜ ਹੋਏ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਬੇਮੁਖਾਂ ਪਾਈ ਕਲਜੁਗ ਮਾਇਆ । ਕਲ ਤੇਰਾ ਜਗਤ ਆਕਾਰ । ਝੂਠਾ ਕੀਆ ਜਗਤ ਪਸਾਰ । ਕਾਮ ਕਰੋਧ ਜਗਤ ਚਲਾਇਆ ਵਿਕਾਰ । ਅੰਤਕਾਲ ਕਰਮ ਵਿਚਾਰ ਪ੍ਰਭ ਦੇਵੇ ਹਾਰ । ਬੇਮੁਖ ਜੀਵ ਨਿਹਕਲੰਕ, ਅੰਤ ਕਰੇ ਖੁਆਰ । ਗੁਰਮੁਖ ਸਾਚੇ ਅੰਮ੍ਰਿਤ ਰਸ ਪੀਵ, ਸਾਚਾ ਨਾਮ ਅਧਾਰ । ਗੁਰਸਿਖ ਸਾਚੇ ਸਦਾ ਜਗ ਜੀਵ, ਸਾਚੀ ਲਿਖਤ ਲਿਖਾਏ ਪ੍ਰਭ ਗਿਰਧਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟਿਆ, ਜਿਉਂ ਦੁਆਪਰ ਕ੍ਰਿਸ਼ਨ ਮੁਰਾਰ । ਦੁਆਪਰ ਪਰਗਟੇ ਕ੍ਰਿਸ਼ਨ ਮੁਰਾਰੀ । ਕਵਲ ਨੈਣ ਚਤੁਰਭੁਜ ਧਾਰੀ । ਸਿੰਘ ਸਿੰਘਾਸਣ ਗਰੜ ਸਵਾਰੀ । ਜਨ ਭਗਤਾਂ ਅੰਧ ਕੂਪ ਪੈਜ ਸਵਾਰੀ । ਦਰੋਪਤ ਸੁਤ ਪਾਰ ਉਤਾਰੀ । ਬਿਦਰ ਸੁਹਾਇਆ ਥਾਨ, ਛਡ ਦੁਰਯੋਧਨ ਅਟਾਰੀ । ਦੁਰਬਾਸ਼ੇ ਗਵਾਇਆ ਮਾਣ, ਪਾਂਡੋ ਰੱਖੇ ਲਾਜ ਪ੍ਰਭ ਮੁਰਾਰੀ । ਜਾਦਵ ਜਾਮਾ ਧਾਰ, ਦੁਆਪਰ ਆਇਆ ਕ੍ਰਿਸ਼ਨ ਅਵਤਾਰੀ । ਅਰਜਨ ਦੇ ਬ੍ਰਹਮ ਗਿਆਨ, ਗੀਤਾ ਗਿਆਨ ਜਗਤ ਵਿਚਾਰੀ । ਸਾਚਾ ਸ਼ਬਦ ਲਿਖਾਏ ਵਿਸ਼ਨੂੰ ਭਗਵਾਨ, ਸੁਖ ਦੇਵੇ ਮਨ

ਬਣੇ ਲਿਖਾਰੀ । ਯਜੁਰ ਵੇਦ ਮਿਟਾਏ ਗਿਰਧਾਰੀ । ਦੁਆਪਰ ਅੰਤਮ ਅੰਤ, ਵਿਸ਼ਨੂੰ ਭਗਵਾਨ ਮਾਤ ਜੋਤ ਆਕਾਰੀ । ਕਲਜੁਗ ਜਾਮਾ ਧਾਰ, ਪਰਗਟ ਹੋਵੇ ਨਿਹਕਲੰਕ ਅਵਤਾਰੀ । ਬੇਮੁਖ ਹੋਇਆ ਸਰਬ ਸੰਸਾਰ, ਝੂਠੀ ਮਾਇਆ ਜਗਤ ਪਸਾਰੀ । ਬੇਮੁਖਾਂ ਆਤਮ ਹੋਇਆ ਅੰਧ ਅੰਧਿਆਰ, ਨਾ ਦੀਸੇ ਰਾਧਾ ਕ੍ਰਿਸ਼ਨ ਮੁਰਾਰੀ । ਜਨ ਭਗਤਾਂ ਦੇ ਦਰਸ ਅਪਾਰ, ਘਨਈਏ ਕ੍ਰਿਸ਼ਨ ਕਲ ਪੈਜ ਸਵਾਰੀ । ਸਾਚੀ ਜੋਤ ਕੀਆ ਆਕਾਰ, ਜੁਗੋ ਜੁਗ ਆਏ ਜਗਤ ਪ੍ਰਭ ਨਿਰੰਕਾਰੀ । ਏਕਾ ਜੋਤ ਸਦਾ, ਜੁਗ ਅਨੇਕ ਭੇਖ ਪ੍ਰਭ ਵਰਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪਰਗਟੇ ਜੋਤ, ਸਤਿਜੁਗ ਲਿਖਾਏ ਸ਼ਬਦ ਲਿਖਾਰੀ । ਕਲਜੁਗ ਆਇਆ ਪ੍ਰਭ ਧਰਨੀ ਧਰ । ਜਾਮਾ ਧਾਰੇ ਨਿਹਕਲੰਕ ਅਵਤਾਰ ਨਰ । ਬੇਮੁਖ ਜੀਵ ਅੰਤ ਕਲਜੁਗ ਦੁਖ ਜਾਇਣ ਭਰ । ਸਾਧ ਸੰਗਤ ਪ੍ਰਭ ਚਰਨ ਲਾਗ ਜਾਏ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਜਾਏ ਇਕ ਕਰ । ਵਰਨ ਬਰਨ ਪ੍ਰਭ ਏਕਾ ਚਰਨ । ਸਤਿਜੁਗ ਜੀਵ ਪ੍ਰਭ ਚਰਨ ਲਾਗ ਤਰਨ । ਏਕਾ ਸ਼ਬਦ ਏਕਾ ਗੁਰ, ਚਾਰ ਵਰਨ ਆਏ ਸ਼ਰਨ । ਪਰਗਟ ਜੋਤ ਨਿਹਕਲੰਕ, ਸਾਚੀ ਟੇਕ ਸਤਿਜੁਗ ਜੀਵ ਪ੍ਰਭ ਧਰਨ । ਧਰਨੀ ਧਰ ਜਗਤ ਪਿਤ ਆਇਆ । ਦਰਸ ਦੇਵੇ ਨਿਰੰਜਣ ਰਾਇਆ । ਸਾਧ ਸੰਗਤ ਤੇਰਾ ਹੋਏ ਸਹਾਇਆ । ਮੁਕੰਦ ਮਨੋਹਰ ਲੱਖਮੀ ਨਰਾਇਣ, ਕਲ ਭੇਖ ਵਟਾਇਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਧਰਤ ਧਵਲ ਆਕਾਸ਼ ਹਿਲਾਇਆ । ਖੰਡ ਬ੍ਰਹਿਮੰਡ ਪ੍ਰਭ ਉਲਟਾਏ । ਬ੍ਰਹਮਾ ਨਿਹਕਲੰਕ ਮਾਣ ਗਵਾਏ । ਧ੍ਰੂ ਦਰਬਾਨ ਰਹਿਣ ਨਾ ਪਾਏ । ਚੌਥੇ ਜੁਗ ਪ੍ਰਭ ਜੋਤੀ ਜੋਤ ਮਿਲਾਏ । ਗੁਰਮੁਖ ਸਾਚੇ ਕਲਜੁਗ ਸਿਖ, ਪ੍ਰਭ ਸਚਖੰਡ ਮਾਣ ਦਵਾਏ । ਸਾਚਾ ਸਿੱਖ ਸਿੰਘ ਪਾਲ, ਨਿਹਕਲੰਕ ਬ੍ਰਹਮਲੋਕ ਪੁਚਾਏ । ਗੁਰਮੁਖ ਸਾਚਾ ਸਵਰਨ ਸਿੰਘ ਹੋਵੇ ਦਰਬਾਨ, ਸਚਖੰਡ ਪ੍ਰਭ ਚਰਨ ਸੇਵ ਕਮਾਏ । ਮਹਾਰਾਜ ਸ਼ੇਰ ਸਿੰਘ ਤੇਰੀ ਸ਼ਕਤ ਮਹਾਨ, ਜਨ ਭਗਤਾਂ ਮਾਣ ਦਵਾਏ । ਬਹੱਤਰ ਜਾਮੇ ਜਨ ਭਗਤ ਲਿਖਾਏ । ਕਲਜੁਗ ਜਾਮਾ ਧਾਰ ਨਿਹਕਲੰਕ, ਸਚ ਕਰਮ ਚਲਾਏ । ਕਲਜੁਗ ਉਤਮ ਉਤਮ ਸਿਖ, ਉਤਮ ਮੁਖ ਪਾਲ ਸਿੰਘ ਕਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਬ੍ਰਹਮ ਲੋਕ ਦੇ ਵਿਚ ਪਹੁੰਚਾਏ । ਬ੍ਰਹਮਲੋਕ ਗੁਰਸਿਖ ਟਿਕਾਇਆ । ਚਾਰ ਵੇਦ ਪ੍ਰਭ ਮਾਣ ਗਵਾਇਆ । ਬਾਹੋਂ ਪਕੜ ਨਿਹਕਲੰਕ, ਬ੍ਰਹਮਾ ਵਿਚ ਜੋਤੀ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਖੰਡ ਬ੍ਰਹਿਮੰਡ ਉਲਟਾਇਆ । ਗੁਰਸਿਖ ਦੇਵੇ ਪ੍ਰਭ ਵਡਿਆਈ । ਸ੍ਰਿਸ਼ਟ ਸਬਾਈ ਹੱਥ ਫੜਾਈ । ਜੋਤ ਸਰੂਪ ਵਿਸ਼ਨੂੰ ਭਗਵਾਨ, ਖੰਡ ਸਚ ਸਾਚੀ ਜੋਤ ਜਗਾਈ । ਜਾਮਾ ਧਾਰ ਨਿਹਕਲੰਕ, ਜੋਤ ਸਰੂਪ ਪ੍ਰਭ ਮੇਲ ਮਿਲਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਗੁਰਮੁਖ ਸਾਚੇ ਦਰ ਤੇਰੇ ਸੋਭਾ ਪਾਈ । ਬ੍ਰਹਮਲੋਕ ਦੀਸੇ ਗੁਰਸਿਖ ਬ੍ਰਹਿਮਾਦੀ । ਏਕਾ ਸ਼ਬਦ ਪ੍ਰਭ ਵਜਾਏ ਧੁਨ ਪ੍ਰਭ ਅਨਾਦੀ । ਜਾਮਾ ਧਾਰ ਨਿਹਕਲੰਕ, ਝੂਠੀ ਦੁਨੀਆ ਸਾਧੀ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ ਸਾਧ ਸੰਗਤ, ਸੋਹੰ ਸ਼ਬਦ ਸਦ ਰਸਨਾ ਅਰਾਧੀ । ਰਸਨਾ ਅਰਾਧ, ਆਤਮ ਰਸ ਜਾਣਿਆ । ਸਾਚਾ ਨਾਦ, ਸੋਹੰ ਸ਼ਬਦ ਆਤਮ ਧੁੰਨ ਉਪਜਾਣਿਆ । ਕਲਜੁਗ ਪਰਗਟੇ ਕ੍ਰਿਸ਼ਨ ਮਧ ਮਾਧਵ, ਵਰਤਾਏ ਸਤਿ ਸਤਿ ਸਤਿਜੁਗ ਭਾਣਿਆ । ਹੰਕਾਰੀਆਂ ਪ੍ਰਭ ਲਿਆ ਸਾਧ, ਤਖ਼ਤੋਂ ਲਾਹੇ ਰਾਜੇ ਰਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਰੰਗ ਵਿਰਲੇ ਗੁਰਮੁਖ ਮਾਣਿਆ । ਰੰਗ ਮਾਣੇ ਪ੍ਰਭ ਰੰਗ ਰਾਤਾ । ਦੇਵੇ ਦਰਸ, ਪ੍ਰਭ ਵਿਧਾਤਾ । ਸੋਹੰ ਸ਼ਬਦ ਦੇਵੇ ਦਾਨ ਵਡ ਦਾਤਾ । ਆਤਮ ਦੇਵੇ ਬ੍ਰਹਮ ਗਿਆਨ, ਪ੍ਰਭ ਸਰਬ ਗਿਆਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਤੇਰੇ ਚਰਨ ਪ੍ਰੀਤ ਕਲਜੁਗ ਸਾਚਾ ਨਾਤਾ । ਚਰਨ ਪ੍ਰੀਤ ਜਿਸ ਜਨ ਕਮਾਈ । ਸਤਿਗੁਰ ਸਾਚੇ, ਆਤਮ ਜੋਤ ਜਗਾਈ । ਅੰਤਕਾਲ ਕਿਰਪਾਨਿਧ, ਸਾਧ ਸੰਗਤ ਸਿਰ ਹੱਥ ਟਿਕਾਈ । ਸੋਹੰ ਸ਼ਬਦ ਜਾਏ ਆਤਮ ਵਿਧ, ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ । ਵਡਾ ਆਪ, ਵਡੀ ਵਡਿਆਈ । ਰੱਖੇ ਲਾਜ ਜੋ ਜਨ ਆਏ ਸਰਨਾਈ । ਗੁਰਮੁਖ ਸਾਚੇ, ਤੇਰੀ ਪਤਿ ਰਖਾਈ । ਮਾਨਸ ਜਨਮ ਧਾਰ, ਪ੍ਰਭ ਅਬਿਨਾਸ਼ੀ ਸੇਵ ਕਮਾਈ । ਉਜਲ ਮੁਖ ਵਿਚ ਸੰਸਾਰ, ਨਿਹਕਲੰਕ ਦੇਵੇ ਵਡਿਆਈ । ਸਾਚਾ ਸ਼ਬਦ ਜਨ ਰਖ ਅਧਾਰ, ਭੁੱਖ ਰਹੇ ਨਾ ਰਾਈ । ਸਤਿਜੁਗ ਵਰਤੇ ਵਰਤਾਵੇ ਸਤਿ ਕਰਤਾਰ, ਸੋਹੰ ਸਾਚੀ ਲਿਖਤ ਲਿਖਾਈ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ, ਸੋਹੰ ਸ਼ਬਦ ਭਿਛਿਆ ਪਾਈ । ਜੋ ਜਨ ਆਏ ਮਨ ਸ਼ਬਦ ਭੁਖ । ਪ੍ਰਭ ਉਪਜਾਵੇ ਆਤਮ ਸੁਖ । ਲੱਖ ਚੁਰਾਸੀ ਕਟਾਵੇ, ਵਾਸ ਨਾ ਹੋਵੇ ਮਾਤਾ ਕੁੱਖ । ਸੋਹੰ ਸਾਚਾ ਸ਼ਬਦ ਸੁਣਾਵੇ, ਵਿਰਲਾ ਕੋਈ ਕਮਾਵੇ ਗੁਰਮੁਖ । ਮਹਾਰਾਜ ਸ਼ੇਰ ਸਿੰਘ ਸ਼ਬਦ ਵਰਤਾਏ, ਹੋਏ ਸਹਾਏ ਗੁਰਮੁਖਾਂ ਲਾਹੇ ਆਤਮ ਭੁਖ । ਜੋ ਜਨ ਆਇਆ, ਆਤਮ ਧਰ ਧਿਆਨ । ਸੋਹੰ ਸ਼ਬਦ ਪ੍ਰਭ ਦੇਵੇ ਬ੍ਰਹਮ ਗਿਆਨ । ਜਗਾਏ ਜੋਤ ਵਿਚ ਦੇਹ ਗੁਣੀ ਨਿਧਾਨ । ਅਨਹਦ ਉਪਜੇ ਰਾਗ, ਗੁਰਮੁਖ ਸੁਣੇ ਕਾਨ । ਮਹਾਰਾਜ ਸ਼ੇਰ ਸਿੰਘ ਸ਼ਬਦ ਵਰਤਾਰਾ, ਪਰਗਟੇ ਜੋਤ ਵਿਸ਼ਨੂੰ ਭਗਵਾਨ । ਸੋਹੰ ਸ਼ਬਦ ਤੇਰਾ ਸਤਿ ਸਰੂਪ । ਸੋਹੰ ਸ਼ਬਦ ਮੇਲ ਕਰਾਏ ਕਲਜੁਗ ਸਾਚੇ ਭੂਪ । ਸੋਹੰ ਸ਼ਬਦ ਤੇਰੀ ਮਹਿੰਮਾ ਅਨੂਪ । ਸੋਹੰ ਸ਼ਬਦ ਪਰਗਟਾਵੇ ਪ੍ਰਭ ਸਵੱਛ ਸਰੂਪ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਹੋਏ ਸਹਾਈ ਵਿਚ ਅੰਧ ਕੂਪ । ਜੋ ਜਨ ਆਏ ਆਤਮ ਵਿਚਾਰੀ । ਸਾਚੇ ਪ੍ਰਭ ਹੋਏ ਚਰਨ ਪੁਜਾਰੀ । ਮੰਗਣ ਦਰ, ਪ੍ਰਭ ਵਡ ਦਰਬਾਰੀ । ਸਾਚਾ ਘਰ ਨਿਹਕਲੰਕ ਵਿਚ ਮਾਤ ਸੰਸਾਰੀ । ਆਸਾ ਵਰ ਗੁਰਸਿਖ ਦੇਵੇ ਸ਼ਬਦ ਅਧਾਰੀ । ਨਿਹਕਲੰਕ ਅਵਤਾਰ ਨਰ ਜਗੇ ਜੋਤ, ਜਗਾਏ ਪ੍ਰਭ ਗਿਰਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਦਰਸ ਗੁਰਸਿਖਾਂ ਪਾਰ ਉਤਾਰੀ । ਗੁਰਸਿਖ ਸਾਚੇ ਆਤਮ ਆਸਾ । ਸੋਹੰ ਸ਼ਬਦ ਸਿੱਖ ਸਦਾ ਪਿਆਸਾ । ਦੋਏ ਜੋੜ ਕਰੇ ਬੰਦਨ, ਚਰਨ ਸੀਸ ਕਰੇ ਨਿਵਾਸਾ । ਨਿਹਕਲੰਕ ਆਤਮ ਤੋੜੇ ਬੰਧਨ, ਸਾਚਾ ਸ਼ਬਦ ਵਿਚ ਦੇਹ ਕਰੇ ਵਾਸਾ । ਸੋਹੰ ਸ਼ਬਦ ਆਤਮ ਚਾੜ੍ਹੇ ਰੰਗਣ, ਜੋ ਜਨ ਤਿਆਗੇ ਮਦਿਰਾ ਮਾਸਾ । ਗੁਰਮੁਖ ਆਏ ਦਾਤ ਦਰ ਮੰਗਣ, ਪ੍ਰਭ ਪੂਰਨ ਦੇਵੇ ਭਰਵਾਸਾ । ਆਤਮ ਦੀਪਕ ਪ੍ਰਭ ਜੋਤ ਸੰਗ ਜਗਣ, ਆਤਮ ਕਰੇ ਜੋਤ ਪਰਕਾਸ਼ਾ । ਸਾਚੀ ਲਾਗੀ ਪ੍ਰਭ ਚਰਨ ਸੰਗ ਲਗਣ, ਗੁਰਸਿਖ ਜਾਏ ਨਾ ਦਰ ਨਿਰਾਸਾ । ਮਹਾਰਾਜ ਸ਼ੇਰ ਸਿੰਘ ਤੇਰਾ ਸਾਚਾ ਦਰ, ਸਾਧ ਸੰਗਤ ਤੇਰੇ ਚਰਨ ਭਰਵਾਸਾ । ਜੋ ਜਨ ਲਾਏ ਪ੍ਰਭ ਚਰਨ ਧੂੜ, ਸਰਬ ਜਨਾਂ ਪ੍ਰਭ ਆਸਾ ਪੂਰ । ਸੋਹੰ ਸ਼ਬਦ ਆਤਮ ਜੋਤ ਪਰਗਟਾਵੇ ਨੂਰ । ਏਕਾ ਸ਼ਬਦ ਰਾਗ ਰਸਾਇਣ, ਆਤਮ ਰੱਖੇ ਸਦਾ ਸਰੂਰ । ਸਾਚਾ ਸ਼ਬਦ ਏਕ ਅਧਾਰਨ, ਜੋਤ ਜਗਾਏ ਜਿਉਂ ਕੋਹਤੂਰ । ਮਹਾਰਾਜ ਸ਼ੇਰ ਸਿੰਘ ਜੋਤ ਅਧਾਰਨ, ਗੁਰਸਿਖਾਂ ਨਾ ਦੀਸੇ ਦੂਰ । ਆਤਮ ਸ਼ਬਦ, ਜਿਸ ਆਸ ਰਖਾਈ । ਸਾਚੀ ਵਸਤ ਪ੍ਰਭ ਝੋਲੀ ਪਾਈ । ਭੁਲ ਡੋਲ, ਕਲਜੁਗ ਜੀਵ ਪਤ ਗਵਾਈ । ਸੋਹੰ ਸ਼ਬਦ ਸਾਚਾ ਅਨਮੁਲ, ਗੁਰਮੁਖ ਸਾਚੇ ਪ੍ਰਭ ਦਏ ਵਡਿਆਈ । ਕਲਜੁਗ ਜੀਵ ਜਾਇਣ ਭੁਲ, ਸਾਚਾ ਪ੍ਰਭ ਦੇ ਸਜ਼ਾਈ । ਸਾਚਾ ਬਚਨ ਨਿਹਕਲੰਕ ਅਟੱਲ, ਨਾ ਕੋਈ ਮੇਟ ਮਿਟਾਈ । ਸੋਹੰ ਸ਼ਬਦ ਆਤਮ ਵਰਖੇ ਫੁਲ, ਸੁਰਤ ਸ਼ਬਦ ਦਾ ਮੇਲ ਕਰਾਈ । ਮਦਿ ਮਾਸ ਜੋ ਰਸਨਾ ਲਾਏ ਆਤਮ ਦੀਪਕ ਹੋਏ ਗੁਲ, ਸਾਚੀ ਲਿਖਤ ਪ੍ਰਭ ਕਰਾਈ । ਮਾਨਸ ਜਨਮ ਕਲ ਜਾਏ ਰੁਲ, ਸ਼ਬਦ ਗੁਣ ਜੋ ਜਨ ਭੁਲਾਈ ।

ਕਲਜੁਗ ਜੀਵ ਅੰਤ ਜਾਇਣ ਹੁੱਲ, ਸਾਚਾ ਸ਼ਬਦ ਜੋ ਨਾ ਕਮਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਭਿਛਿਆ ਪਾਈ । ਆਤਮ ਧਿਆਨ, ਪ੍ਰਭ ਸ਼ਬਦ ਕਮਾਵਣਾ । ਨਿਹਕਲੰਕ ਤੇਰਾ ਨਾਮ ਸੋਹੰ, ਗੁਰਮੁਖ ਸਾਚੇ ਗਾਵਣਾ । ਦੁਸ਼ਟਾਂ ਕਰੇ ਖੁਆਰ, ਹੰਕਾਰ ਨਿਵਾਰੇ ਜਿਉਂ ਰਾਮਾ ਰਾਵਣਾ । ਜਨ ਭਗਤਾਂ ਦੇਵੇ ਤਾਰ, ਮਹਾਰਾਜ ਸ਼ੇਰ ਸਿੰਘ ਤੇਰਾ ਸਾਚਾ ਸ਼ਬਦ ਸੁਹਾਵਣਾ । ਸ਼ਬਦ ਦੇਵੇ ਦੇਵਣਹਾਰਾ । ਆਤਮ ਜੋਤ ਕਰੇ ਉਜਿਆਰਾ । ਝੂਠੀ ਦੇਹ ਝੂਠਾ ਮੁਨਾਰਾ । ਜੋਤ ਸਰੂਪ ਵਿਚ ਵਸਿਆ ਗਿਰਧਾਰਾ । ਨਿਹਕਲੰਕ ਤੇਰਾ ਪਸਰ ਪਸਾਰਾ । ਸੋਹੰ ਸ਼ਬਦ ਗਿਆਨ ਦੇ, ਆਤਮ ਕਰੇ ਉਜਿਆਰਾ । ਸਾਚਾ ਦਰਸ ਪ੍ਰਭ ਗੁਣ ਨਿਧਾਨ ਦੇ, ਜਨ ਭਗਤਾਂ ਪਾਰ ਉਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਨਾਮ ਅਧਾਰਾ । ਪ੍ਰਭ ਚਰਨ ਜੋ ਜਨ ਆਏ, ਨਾਮ ਲੈਣ ਦੀ ਆਸ ਰਖਾਏ । ਹਉਮੇ ਮਮਤਾ ਹੰਕਾਰ ਗਵਾਏ । ਨਿਰਧਨ ਹੋਏ ਪ੍ਰਭ ਚਰਨੀ ਸੀਸ ਝੁਕਾਏ । ਸਰਧਨ ਹੋਏ ਪ੍ਰਭ ਸੋਹੰ ਦਾਨ ਝੋਲੀ ਪਾਏ । ਆਤਮ ਹੋਏ ਪਰਕਾਸ਼, ਸਾਚਾ ਦੀਪਕ ਪ੍ਰਭ ਵਿਚ ਦੇਹ ਜਗਾਏ । ਹਉਮੇ ਮਮਤਾ ਹੋਵੇ ਨਾਸ, ਸੋਹੰ ਸ਼ਬਦ ਹੋਵੇ ਰੁਸ਼ਨਾਏ । ਨਿਰੰਜਣ ਜੋਤ ਜਗਤ ਪਰਕਾਸ਼, ਪਰਗਟ ਜੁਗੋ ਜੁਗ ਹੋਏ । ਖੰਡ ਬ੍ਰਹਿਮੰਡ ਮਾਤ ਪਤਾਲ ਅਕਾਸ਼, ਤੀਨ ਲੋਕ ਪ੍ਰਭ ਸਾਚੀ ਸੋਏ । ਮਹਾਰਾਜ ਸ਼ੇਰ ਸਿੰਘ ਤੇਰਾ ਜੋਤ ਪਰਕਾਸ਼, ਜਨਮ ਮਰਨ ਦੁਖ ਮੇਟੇ ਦੋਏ । ਜਣਾਏ ਜਨ ਮਨਾਏ ਮਨ । ਸਾਚੀ ਜੋਤ ਪਰਕਾਸ਼ ਕਰੇ ਪ੍ਰਭ ਵਿਚ ਸਾਚੇ ਤਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖਾਂ ਤੇਰਾ ਸਾਚਾ ਦਰ ਘਰ ਲਿਆ ਮੰਨ । ਜਨ ਭਗਤ ਆਤਮ ਵਰ ਮਾਣਿਆ । ਦੇਵੇ ਦਰਸ ਜੋਤ ਸਰੂਪ ਵਿਸ਼ਨੂੰ ਭਗਵਾਨਿਆ । ਸੋਹੰ ਸ਼ਬਦ ਦੇਵੇ ਦਾਨ, ਆਤਮ ਬ੍ਰਹਮ ਗਿਆਨਿਆ । ਸਤਾਰਾਂ ਸਾਵਣ ਸਾਧ ਸੰਗਤ ਕਲਜੁਗ ਰਹਿ ਜਾਏ ਸਚੀ ਨਿਸ਼ਾਨੀਆ । ਵਿਰਲੇ ਗੁਰਮੁਖ ਨਿਹਕਲੰਕ ਤੇਰਾ ਦਰਸ ਨੈਣ ਪੇਖ, ਆਤਮ ਰਸ ਮਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਸੁਹਾਏ ਥਾਨ ਸੁਹਾਣਿਆ । ਸੋ ਸੁਹਾਏ ਥਾਨ, ਜਿਥੇ ਪ੍ਰਭ ਆਇਆ । ਸੋ ਸੁਹਾਏ ਥਾਨ, ਘਨਕਪੁਰ ਵਾਸੀ ਆਪਣਾ ਭੇਵ ਖੁਲ੍ਹਾਇਆ । ਸੋ ਸੁਹਾਏ ਥਾਨ, ਜਗਤ ਪਿਤ ਆਏ ਦਾਈ ਦਾਇਆ । ਸੋ ਸੁਹਾਏ ਥਾਨ, ਨਿਹਕਲੰਕ ਕਲਜੁਗ ਜੋਤ ਪਰਗਟਾਇਆ । ਸੋ ਸੁਹਾਏ ਥਾਨ, ਸਾਧ ਸੰਗਤ ਮਿਲ ਰਸਨਾ ਹਰਿ ਹਰਿ ਹਰਿ ਗੁਣ ਗਾਇਆ । ਸੋ ਸੁਹਾਏ ਥਾਨ, ਨਿਹਕਲੰਕ ਕਲ ਜੋਤ ਪਰਗਟਾਇਆ । ਸੋ ਸੁਹਾਏ ਥਾਨ, ਜਾਮਾ ਧਾਰ ਪ੍ਰਭ ਸਾਧ ਸੰਗਤ ਬੇੜਾ ਬੰਨੇ ਲਾਇਆ । ਸੋ ਸੁਹਾਏ ਥਾਨ, ਬੇਮੁਖਾਂ ਪਕੜ ਪ੍ਰਭ ਝੂਠੀ ਨੀਂਦ ਸਵਾਇਆ । ਸੋ ਸੁਹਾਏ ਥਾਨ, ਸਾਚੇ ਗੁਰਸਿਖਾਂ ਪ੍ਰਭ ਆਲਸ ਨਿੰਦਰਾ ਲਾਹਿਆ । ਸੋ ਸੁਹਾਏ ਥਾਨ, ਪ੍ਰਭ ਸੋਹੰ ਸ਼ਬਦ ਆਤਮ ਮੁਖ ਚੁਆਇਆ । ਸੋ ਸੁਹਾਏ ਥਾਨ, ਰੰਗ ਰਾਤਾ ਰੰਗ ਰੰਗੀਲਾ ਮਾਧਵ ਵਿਚ ਮਾਤ ਦੇ ਆਇਆ । ਸੋ ਸੁਹਾਏ ਥਾਨ, ਕਲਜੁਗ ਜਾਮਾ ਧਾਰ ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਖੇਲ ਰਚਾਇਆ । ਸੁਹਾਇਆ ਥਾਨ, ਪ੍ਰਭ ਆਇਆ ਘਰ । ਸੋਹੰ ਸ਼ਬਦ ਪ੍ਰਭ ਸਾਚਾ ਦੇਵੇ ਵਰ । ਪਰਗਟੇ ਜੋਤ ਨਿਹਕਲੰਕ ਅਵਤਾਰ ਨਰ । ਗੁਰਮੁਖਾਂ ਦਿਸਾਇਆ ਪ੍ਰਭ ਊਚ ਘਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚਾ ਦੀਆ ਗੁਰਸੰਗਤ ਵਰ । ਵਰ ਘਰ ਗੁਰਸੰਗਤ ਪਾਇਆ । ਉਤਮ ਨਿਹਕਲੰਕ ਤੇਰੀ ਸ਼ਰਨਾਇਆ । ਅੰਮ੍ਰਿਤ ਆਤਮ ਸਿੰਚ, ਜੀਵ ਆਤਮ ਤ੍ਰਿਖਾ ਮਿਟਾਇਆ । ਮਹਾਰਾਜ ਸੇਰ ਸਿੰਘ ਸਤਿਗੁਰ ਸਾਚੇ ਸੋਹੰ ਗਿਆਨ ਦਵਾਇਆ । ਸ਼ਬਦ ਗਿਆਨ, ਜਗਤ ਗੁਣ ਨਿਧ । ਸ਼ਬਦ ਗਿਆਨ ਸਰਬ ਕਾਜ ਸਿਧ । ਸ਼ਬਦ ਗਿਆਨ ਪਾਵੇ ਸਾਚੇ ਘਰ ਨੌਂ ਨਿਧ । ਮਹਾਰਾਜ ਸ਼ੇਰ ਸਿੰਘ

ਸਤਿਗੁਰ ਸਾਚਾ, ਭਗਤਾਂ ਆਤਮ ਜਾਏ ਵਿਧ । ਸੋਹੰ ਸ਼ਬਦ ਜੀਵ ਤੇਰਾ ਭਰਵਾਸਾ । ਰਸਨਾ ਜਪ ਜਪ ਜਪ ਜੀਵ, ਆਤਮ ਜੋਤ ਕਰੇ ਪਰਕਾਸ਼ਾ । ਆਤਮ ਰਸ ਮਹਾਂ ਰਸ ਪੀਵ, ਪਰਗਟਾਵੇ ਜੋਤ ਪ੍ਰਭ ਅਬਿਨਾਸ਼ਾ । ਨਿਹਕਲੰਕ ਸ਼ਰਨ ਸੋਹੰ ਸੋਹੰ ਸ਼ਬਦ ਜਪ ਜੀਵ, ਆਤਮ ਦੁੱਖ ਸਰਬ ਜਾਏ ਨਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਕਾਸ਼ ਮਾਤ ਪਤਾਲ ਅਕਾਸ਼ਾ । ਜੋਤ ਜਗਾਏ ਮਾਤ ਪਤਾਲ ਅਕਾਸ਼ । ਸੋਹੰ ਸ਼ਬਦ ਨਿਹਕਲੰਕ ਗੁਰਸਿਖਾਂ ਦੇਵੇ ਸਾਚੀ ਦਾਤ । ਰਸਨਾ ਜਪ ਜੀਵ, ਆਤਮ ਦਿਸੇ ਨਾ ਦਿਨ ਰਾਤ । ਸਾਚਾ ਸ਼ਬਦ ਬ੍ਰਹਮ ਸਰੂਪ, ਚਾਰ ਵਰਨ ਦਸਾਏ ਏਕਾ ਜ਼ਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਨਿਰਮਲ ਜੋਤ ਜਗਾਤ । ਸਾਚੇ ਪ੍ਰਭ ਜੋਤ ਜਗਾਈ । ਗੁਰਮੁਖ ਆਤਮ ਦੀਪ ਫੇਰ ਜਗਾਈ । ਸੋਹੰ ਸ਼ਬਦ ਸਾਚਾ ਨਾਮ ਧੁਨ ਵਜਾਈ । ਧੰਨ ਧੰਨ ਧੰਨ ਗੁਰਸਿਖ, ਸੋਹੰ ਸਾਚਾ ਸ਼ਬਦ ਕਮਾਈ । ਕਲਜੁਗ ਉਤਮ ਹੋਵੇ ਮੁਖ, ਨਿਹਕਲੰਕ ਦੇਵੇ ਵਡਿਆਈ । ਦੇਵੇ ਦਾਨ ਪ੍ਰਭ ਵਡ ਦਾਈ । ਸੋਹੰ ਵਡ ਗੁਣੀ ਨਿਧਾਨ, ਰਸਨਾ ਜਪ ਜੀਵ ਆਤਮ ਤ੍ਰਿਖਾ ਮਿਟਾਈ । ਸਤਿਜੁਗ ਵਰਤੇ ਨਿਹਕਲੰਕ ਤੇਰੀ ਲਿਖਤ ਕਰਾਈ ਸਚ ਬਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਘਟਾਂ ਜਾਣੀ । ਸੋਹੰ ਸਾਚਾ ਸ਼ਬਦ ਜੀਵ ਜਗਤ ਕਮਾ । ਮੂਰਖ ਮਾਨਸ ਜਨਮ ਜੀਵ ਕਲਜੁਗ ਨਾ ਗਵਾ । ਆਤਮ ਜਗਾਏ ਸਾਚਾ ਦੀਪ, ਸਾਚੀ ਹੋਵੇ ਵਿਚ ਰੁਸ਼ਨਾ । ਮਦਿ ਮਾਸੀ ਕਲਜੁਗ ਜੀਵ, ਨਿਹਕਲੰਕ ਦਰ ਭੁਲ ਬਖ਼ਸ਼ਾ । ਸੋਹੰ ਸ਼ਬਦ ਸਤਿਗੁਰ ਸਾਚਾ, ਸਤਿਜੁਗ ਦਿਸਾਵੇ ਸਾਚਾ ਰਾਹ । ਕਲਜੁਗ ਸਰਬ ਭੇਖ ਮਿਟਾਏ, ਦੂਸਰ ਕੋਈ ਦੀਸੇ ਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖਾਂ ਅੰਤਕਾਲ ਪਕੜੇ ਬਾਂਹ । ਬਾਹੋਂ ਪਕੜ ਪ੍ਰਭ ਪਾਰ ਕਰਾਇਆ । ਚਰਨ ਆਏ ਜਿਸ ਸੀਸ ਝੁਕਾਇਆ । ਸਰਨਾਗਤ ਪ੍ਰਭ ਹੋਏ ਸਰਨਾਇਆ । ਰੱਖੇ ਪਤਿ ਪ੍ਰਭ ਗੁਰਸਿਖ ਸਿਰ ਹੱਥ ਟਿਕਾਇਆ । ਗੁਰਮੁਖ ਆਤਮ ਆਈ ਵੱਤ, ਸੋਹੰ ਸ਼ਬਦ ਪ੍ਰਭ ਆਤਮ ਪਾਇਆ । ਸਾਚਾ ਦੇਵੇ ਪ੍ਰਭ ਆਤਮ ਯਤਿ, ਸਾਚਾ ਸ਼ਬਦ ਅਧਾਰ ਰਖਾਇਆ । ਏਕਾ ਅੰਕ ਜਪਾਏ ਤੱਤ, ਜੋਤ ਸਰੂਪ ਦੀਪ ਜਗਾਇਆ । ਮਹਾਰਾਜ ਸ਼ੇਰ ਸਿੰਘ ਤੇਰਾ ਵਰਤਾਰ, ਸਤਿ ਸਤਿ ਪੁਰਖਾਂ ਮਾਣ ਕਲਜੁਗ ਪਾਇਆ । ਜੋ ਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਏ । ਸਤਿਜੁਗ ਸਾਚਾ ਸ਼ਬਦ, ਪ੍ਰਭ ਸ਼ਬਦੀ ਭੇਵ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਸਰੂਪ ਦਰਸ ਦਿਖਾਏ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈ । ਸ੍ਰਿਸ਼ਟ ਸਬਾਈ, ਅੰਤ ਕਰਾਈ ਥੈ । ਗੁਰਮੁਖ ਵਿਰਲਾ ਕੋਈ ਕਲਜੁਗ ਰਹੇ । ਚਾਰ ਕੁੰਟ ਸੋਹੰ ਸ਼ਬਦ ਤੇਰੇ ਨਾਮ ਦੀ ਜੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਤਰੇ ਜੋ ਜਨ ਨਾਮ ਰਸਨਾ ਤੇਰਾ ਲਏ । ਜੋ ਜਨ ਜਪੇ ਸੋਹੰ ਨਾਮਾ । ਸਚਾ ਪ੍ਰਭ ਪੂਰਨ ਕਰਾਏ ਕਾਮਾ । ਨਿਹਕਲੰਕ ਕਲ ਪਹਰਿਆ ਜਾਮਾ । ਦੁਆਪਰ ਕ੍ਰਿਸ਼ਨ ਮੁਰਾਰ ਤ੍ਰੇਤਾ ਰਾਮਾ । ਸਤਿਜੁਗ ਸਾਚੇ ਮਿਹਰਵਾਨ, ਨਿਹਕਲੰਕ ਕਲ ਪਹਰਿਆ ਜਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਸਤਿਜੁਗ ਜਪਾਏ ਸਾਚਾ ਨਾਮਾ । ਨਾਮ ਨਰਾਇਣ, ਨਿਰੰਜਣ ਦੇਵੇ । ਜੋ ਜਨ ਰਸਨਾ ਸੋਹੰ ਸੇਵੇ । ਪਾਵੇ ਦਰਸ ਅਲਖ ਅਭੇਵੇ । ਮਹਾਰਾਜ ਸ਼ੇਰ ਸਿੰਘ ਸਾਚਾ ਸ਼ਬਦ ਸਾਚੀ ਵਸਤ ਗੁਰਮੁਖਾਂ ਦੇਵੇ । ਗੁਰਮੁਖ ਵਸਤ ਪ੍ਰਭ ਦਰ ਤੇ ਪਾਈ । ਕਲਜੁਗ ਮਿਲੀ ਜਗਤ ਵਡਿਆਈ । ਸੋਹੰ ਸ਼ਬਦ ਸਰਬ ਸੁਖਦਾਈ । ਰਸਨਾ ਜਪ ਜੀਵ, ਜਗ ਤਰ ਜਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਤੇਰੀ ਸਚ ਸਰਨਾਈ । ਗੁਰਮੁਖ ਦੀਆ ਨਾਮ ਅਧਾਰਾ । ਜੋਤ ਜਗਾਈ ਨੈਣ ਮੁੰਧਾਰਾ । ਦੀਪਕ ਪਰਕਾਸ਼ ਆਤਮ

੫੪੦
੦੧

ਉਜਿਆਰਾ । ਦੀਸੇ ਪ੍ਰਭ ਸਦਾ ਨਿਰਾਹਾਰਾ । ਮਹਾਰਾਜ ਸ਼ੇਰ ਸਿੰਘ ਗੁਰਮੁਖ ਆਤਮ ਤੇਰੇ ਸਦਾ ਪਸਾਰਾ । ਨਿਰਹਾਰੀ ਨਿਰਵੈਰ ਸਮਾਏ । ਧਾਰ ਖੇਲ ਚਤੁਰਭੁਜ ਕਹਾਏ । ਸਾਵਲ ਸੁੰਦਰ ਪ੍ਰਭ ਰੂਪ ਵਟਾਏ । ਮਹਾਸਾਰਥੀ ਆਪ ਅਖਵਾਏ । ਸਤਿਜੁਗ ਸੋਹੰ ਸਾਚਾ ਸ਼ਬਦ ਪ੍ਰਭ ਰਥ ਚਲਾਏ । ਸਾਧ ਸੰਗਤ ਬਾਹੋਂ ਪਕੜ ਪ੍ਰਭ ਉਪਰ ਚੜ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਗਾਥ ਚਾਰ ਵਰਨ ਰਸਨਾ ਗਾਏ । ਚਾਰ ਵਰਨ ਏਕਾ ਜੋਤੀ । ਪ੍ਰਭ ਸ਼ਰਨ ਹੋਏ ਏਕਾ ਗੋਤੀ । ਸਤਿਜੁਗ ਜੀਵ ਗੁਰਮੁਖ ਸਾਚੇ ਮਾਣਕ ਮੋਤੀ । ਨਿਹਕਲੰਕ ਅਵਤਾਰ ਸਾਚੀ ਜੋਤ ਜਗਾਏ ਆਤਮ ਜੋਤੀ । ਸਤਿਜੁਗ ਜੀਵ ਪ੍ਰਭ ਆਪ ਉਪਾਏ । ਸਤਿ ਨਿਰੰਜਣ ਜੋਤ ਵਿਚ ਦੇਹ ਜਗਾਏ । ਚਾਰ ਵਰਨ ਕਰਾਏ ਏਕਾ ਗੋਤ, ਨਿਹਕਲੰਕ ਚਰਨੀ ਲਾਏ । ਸੋਹੰ ਸ਼ਬਦ ਉਪਜਾਏ ਸਾਚੀ ਜੋਤ, ਪ੍ਰਭ ਅਬਿਨਾਸ਼ੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਜੈ ਜੈ ਜੈਕਾਰ ਕਰਾਏ । ਸਤਿਜੁਗ ਸੁਰਤ ਪ੍ਰਭ ਅਬਿਨਾਸ਼ੇ । ਸਾਚਾ ਪਿਤ ਸਾਚੀ ਜੋਤ ਪਰਕਾਸੇ । ਪ੍ਰਭ ਪਰਮੇਸ਼ਵਰ ਪਾਰਬ੍ਰਹਮ ਅਚੁਤ, ਏਕਾ ਸ਼ਬਦ ਰਹਿਰਾਸੇ । ਗੁਰਮੁਖ ਸਾਚੇ ਨਿਹਕਲੰਕ ਤੇਰੇ ਸੁਤ, ਦੇਵੇ ਦਰਸ ਮਹਾਰਾਜ ਸ਼ੇਰ ਸਿੰਘ ਘਨਕਪੁਰ ਵਾਸੇ । ਸਤਿਜੁਗ ਤੇਰਾ ਸ਼ਾਂਤਕ ਰੂਪ । ਸਾਚੀ ਜੋਤ ਧਰੇ ਨਿਹਕਲੰਕ ਅਨੂਪ । ਕਲਜੁਗ ਜੀਵ ਨਾ ਦੀਸੇ ਪ੍ਰਭ ਰੰਗ ਰੂਪ । ਸਿੱਖ ਦੇਹ ਨਿਵਾਸ ਕਰ, ਬੈਠਾ ਪ੍ਰਭ ਸਾਚਾ ਭੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ । ਅਨਾਦੀ ਬ੍ਰਹਿਮਾਦੀ ਆਪਣਾ ਭੇਵ ਖੁਲ੍ਹਾਏ । ਸਾਧ ਸੰਗਤ ਸੋਹੰ ਸ਼ਬਦ ਰਸਨਾ ਅਰਾਧੀ । ਕਲਜੁਗ ਅੰਤ ਨਿਹਕਲੰਕ ਤੋੜੀ ਗਾਧੀ । ਸਾਚੀ ਜੋਤ ਪਰਗਟਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖਾਂ ਆਤਮ ਸਾਧੀ । ਆਤਮ ਜੋਤ ਜਗਾਏ, ਨਿਹਕਲੰਕ ਤੇਰਾ ਅਚਰਜ ਖੇਲ । ਜੋਤ ਸਰੂਪੀ ਕੀਆ ਮੇਲ । ਆਤਮ ਜੋਤ ਜਗਾਈ ਬਿਨ ਬਾਤੀ ਬਿਨ ਤੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਿਲਾਇਆ ਸਾਚਾ ਮੇਲ । ਜੁਗੋ ਜੁਗ ਪ੍ਰਭ ਭਗਤ ਤਰਾਏ । ਬਾਲ ਅਵਸਥਾ ਧ੍ਰੂ ਦਰਸ ਦਿਖਾਏ । ਨਰ ਸਿੰਘ ਜਾਮਾ ਧਾਰ ਪ੍ਰਹਿਲਾਦ ਰਖਾਏ । ਬਾਵਨ ਭੇਖ ਧਾਰ, ਬਲ ਰਾਜੇ ਦਰ ਮੰਗਣ ਜਾਏ । ਚੱਕਰ ਸੁਦਰਸ਼ਨ ਬਾਣ ਮਾਰ, ਅੰਬਰੀਕ ਲਾਜ ਰਖਾਏ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਨਾ ਕੋਈ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਸਚਖੰਡ ਨਿਵਾਸੀ, ਜੁਗੋ ਜੁਗ ਹੋਏ ਸਹਾਏ । ਕਰ ਕਿਰਪਾ ਪ੍ਰਭ ਜਨਕ ਉਧਾਰੇ । ਹਰੀ ਚੰਦ ਕਰੇ ਆਤਮ ਉਜਿਆਰੇ । ਨਿਹਕਲੰਕ ਤੇਰੇ ਜੁਗੋ ਜੁਗ ਪਸਾਰੇ । ਦੁਆਪਰ ਜਾਮਾ ਧਾਰ, ਬਿਦਰ ਸੁਦਾਮਾ ਤਾਰੇ । ਦਰੋਪਤ ਰੱਖੀ ਲਾਜ ਕ੍ਰਿਸ਼ਨ ਮੁਰਾਰੇ । ਜੈ ਦੇਵ ਗੁਣ ਨਿਧਾਨ, ਲਿਖੇ ਲੇਖ ਅਪਾਰੇ । ਅੱਖਰ ਇਕ ਨਾ ਆਵੜੇ, ਪ੍ਰਭ ਆਇਆ ਚਲ ਦਵਾਰੇ । ਪਰਗਟ ਜੋਤ ਵਿਸ਼ਨੂੰ ਭਗਵਾਨ, ਜਨ ਭਗਤਾਂ ਕਾਜ ਸਵਾਰੇ । ਭਗਤ ਤ੍ਰਿਲੋਚਨ ਤਾਰਿਆ । ਨਾਮਾ ਲਾਏ ਭੋਗ ਦੂਧਾ ਧਾਰੇ ਪਾਰ ਉਤਾਰਿਆ । ਭੇਖ ਕੀਆ ਪ੍ਰਭ ਗਿਰਧਾਰੇ, ਭਗਤ ਚੁਮਿਆਰ ਰਵਿਦਾਸ ਜਗਤ ਸੁਧਾਰਿਆ । ਪਰਗਟੀ ਜੋਤ ਵਿਚ ਗੰਗ ਧਾਰੇ, ਜੁਗੋ ਜੁਗ ਵਿਸ਼ਨੂੰ ਭਗਵਾਨ ਤੇਰੀ ਜੋਤ ਆਕਾਰਿਆ । ਪਰਗਟ ਜੋਤ ਨਿਰੰਕਾਰ, ਜਨ ਭਗਤਾਂ ਕਾਜ ਸਵਾਰੇ । ਸੋਹੰ ਸਾਚਾ ਨਾਮ ਗਿਆਨ ਦੇ, ਆਤਮ ਭਰੇ ਭੰਡਾਰੇ । ਸਾਚਾ ਸ਼ਬਦ ਗੁਣ ਨਿਧਾਨ ਦੇ, ਗੰਗਾ ਪਾਰ ਉਤਾਰੇ । ਅੰਤ ਦਰਸ ਵਿਸ਼ਨੂੰ ਭਗਵਾਨ ਦੇ, ਜਨ ਭਗਤਾਂ ਕਾਜ ਸਵਾਰੇ । ਬੇਣੀ ਬੇੜਾ ਪਾਰ ਕਰਾਇਆ । ਨਰ ਨਰਾਇਣ ਅਜਾਮਲ ਤਰਾਇਆ । ਅੰਤਕਾਲ ਤੇਰੀ ਸਰਨਾਇਆ । ਜਗਤ ਪਿਤ ਪ੍ਰਭ ਰਸਨਾ ਗਾਇਆ । ਪਤਤ ਪੂਤਨਾ ਸਚਖੰਡ ਨਿਵਾਸ ਦਵਾਇਆ । ਕ੍ਰਿਸ਼ਨ ਘਨਈਆ ਤੇਰੀ ਅਚਰਜ ਮਾਇਆ ।

ਬੱਧਕ ਬਾਣ ਮਾਰਿਆ, ਸਿਰ ਹੱਥ ਦੇ ਪ੍ਰਭ ਪਾਰ ਕਰਾਇਆ । ਜੁਗੋ ਜੁਗ ਪਰਗਟ ਪ੍ਰਭ ਸਾਚੇ, ਸਾਚ ਕਾਜ ਕਰਾਇਆ । ਬਾਲਮੀਕ ਸ਼ਬਦ ਅਧਾਰ ਦੇ, ਆਤਮ ਬ੍ਰਹਮ ਗਿਆਨ ਦਵਾਇਆ । ਸਦਨੇ ਕਸਾਈ ਦਰਸ ਅਪਾਰ ਦੇ, ਜੋਤ ਸਰੂਪ ਦਰਸ ਦਿਖਾਇਆ । ਬੇਮੁਖਾਂ ਮਨ ਹੰਕਾਰ ਦੇ, ਜੁਗੋ ਜੁਗ ਪ੍ਰਭ ਸਾਚੇ ਸਦਾ ਭੁਲਾਇਆ । ਜਨ ਭਗਤਾਂ ਏਕਾ ਸ਼ਬਦ ਅਧਾਰ ਦੇ, ਪ੍ਰਭ ਆਪਣਾ ਨਾਮ ਜਪਾਇਆ । ਕਲਜੁਗ ਜਾਮਾ ਧਾਰ, ਨਿਹਕਲੰਕ ਜਨ ਭਗਤਾਂ ਹੋਏ ਸਹਾਇਆ । ਜੁਗੋ ਜੁਗ ਜਗਤ ਪਿਤ, ਪਤ ਭਗਤਾਂ ਰੱਖਦਾ ਆਇਆ । ਜਾਮੇ ਬਹੱਤਰ ਭਗਤ ਜਨ ਨਿਹਕਲੰਕ ਲਿਖਤ ਲਿਖਾਇਆ । ਦੇਵੇ ਵਡਿਆਈ ਵਿਚ ਸਾਧ ਸੰਗਤ, ਸਾਚਾ ਸ਼ਬਦ ਪ੍ਰਭ ਰਸਨ ਚਲਾਇਆ । ਉਤਮ ਹੋਏ ਵਿਚ ਕਲਜੁਗ ਜੰਤ, ਨਿਹਕਲੰਕ ਜਿਸ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮਾਇਆ ਜਗਤ ਭੁਲਾਇਆ । ਸਾਚਾ ਪ੍ਰਭ ਕਲਜੁਗ ਆਇਆ । ਭਗਤ ਹੇਤ ਪਰਕਾਸ਼ ਕਰ, ਸਾਚਾ ਸ਼ਬਦ ਚਲਾਇਆ । ਬੇਮੁਖਾਂ ਕਲਜੁਗ ਨਾਸ ਕਰ, ਸਤਿਜੁਗ ਸਾਚਾ ਲਾਇਆ । ਚਾਰ ਵਰਨ ਇਕ ਚਰਨ ਦਾਸ ਕਰ, ਪ੍ਰਭ ਭੈਣ ਭਰਾ ਬਣਾਇਆ । ਹਉਮੇ ਵਿਚੋਂ ਨਾਸ ਕਰ, ਸੋਹੰ ਸਾਚਾ ਸ਼ਬਦ ਸੁਣਾਇਆ । ਰਾਜਸ ਤਾਮਸ ਸਰਬ ਨਾਸ ਕਰ, ਸਾਂਤਕ ਰੂਪ ਸਤਿ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਪਾਇਆ । ਗੁਰਮੁਖ ਵੱਡੇ ਤੇਰੀ ਵਡ ਵਡਿਆਈ । ਧੰਨ ਧੰਨ ਗੁਰਸਿਖ ਬਹੌਲ ਸਿੰਘ, ਪ੍ਰਭ ਸੇਵ ਕਮਾਈ । ਗੁਰਮੁਖ ਸਾਚੇ ਸਿੰਘ ਗੁੱਜਰ, ਨਿਹਕਲੰਕ ਤੇਰੀ ਲਿਖਤ ਕਰਾਈ । ਧੰਨ ਧੰਨ ਧੰਨ ਮਨੀ ਸਿੰਘ, ਸਾਚੀ ਬੁਧਿ ਮਤਿ ਪ੍ਰਭ ਵਿਚ ਤੇਰੇ ਪਾਈ । ਕਲਜੁਗ ਜਾਮਾ ਧਾਰ, ਸਤਿਜੁਗ ਮਿਲੇ ਸਚੀ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਅਵਤਾਰ, ਬਿਰਥੀ ਜਾਏ ਨਾ ਤੇਰੀ ਸੇਵ ਕਮਾਈ । ਰੰਗਾ ਸਿੰਘ ਪ੍ਰਭ ਰੰਗ ਰੰਗਾਇਆ । ਨਿਹਕਲੰਕ ਜੋਤ ਸਰੂਪ ਦਰਸ ਦਿਖਾਇਆ । ਪਰਗਟ ਜੋਤ ਸਤਿ ਸਰੂਪ, ਵਿਚ ਜੋਤੀ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚਾ ਸਚਖੰਡ ਪੁਚਾਇਆ । ਕਲਜੁਗ ਆਇਆ ਪ੍ਰਭ ਗਿਰਧਾਰ । ਜਨ ਭਗਤਾਂ ਜਾਵੇ ਜਨਮ ਸਵਾਰ । ਮਾਹਣਾ ਸਿੰਘ ਸਤਿ ਪੁਰਖ ਅਪਾਰ । ਜੋਤ ਜਗਾਏ ਪ੍ਰਭ ਕਰ ਨਿਗਮ ਵਿਚਾਰ । ਦੇਵੇ ਦਰਸ ਸਦਾ ਨਿਰਾਧਾਰ । ਨੈਣੀ ਪੇਖੇ ਗੁਰਮੁਖ ਸਾਚਾ ਦਰਸ ਮੁਰਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਸਾਚਾ ਅਵਤਾਰ । ਮਾਹਣਾ ਸਿੰਘ ਪ੍ਰਭ ਚਰਨ ਸੇਵ ਕਮਾਈ । ਆਤਮ ਜੋਤੀ ਮੇਲ, ਪ੍ਰਭ ਸਾਚੇ ਜੋਤ ਮਿਲਾਈ । ਹੋਵੇ ਬੈਕੁੰਠ ਨਿਵਾਸ, ਆਵਣ ਜਾਣ ਭੇਵ ਚੁਕਾਈ । ਸਦਾ ਰਹੇ ਪ੍ਰਭ ਚਰਨ ਪਾਸ, ਉਚ ਪਦਵੀ ਪ੍ਰਭ ਦਰ ਤੇ ਪਾਈ । ਮਹਾਰਾਜ ਸ਼ੇਰ ਸਿੰਘ ਤੇਰਾ ਸਾਚਾ ਵਾਸ, ਸਾਧ ਸੰਗਤ ਤੇਰੀ ਸਰਨਾਈ । ਮਾਹਣਾ ਸਿੰਘ ਤੇਰੀ ਸਾਚੀ ਅੰਸ । ਤੇਜਾ ਸਿੰਘ ਸੁਤ ਗੁਰਸਿਖ ਰਾਜ ਹੰਸ । ਸਾਚਾ ਸਿੱਖ ਕਲਜੁਗ ਸਤਿ ਤੇਰਾ ਸਰਬੰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਤਮ ਕਰੇ ਵਿਚ ਸਹੰਸ । ਤੇਜਾ ਸਿੰਘ ਪ੍ਰਭ ਦਰਸ ਭਿਖਾਰੀ । ਦਿਵਸ ਰੈਣ ਨਿਹਕਲੰਕ ਤੇਰੀ ਵਿਚ ਸੇਵ ਗੁਜ਼ਾਰੀ । ਆਤਮ ਹੋਈ ਤੇਰੇ ਦਰ ਪਨਿਹਾਰੀ । ਮਾਤ ਪਿਤ ਭੈਣ ਭਰਾ ਛੱਡੇ ਜੀਵ ਸੰਸਾਰੀ । ਏਕਾ ਨਾਮ ਸਾਚਾ ਰਾਮ ਆਤਮ ਹੋਇਆ ਅਧਾਰੀ । ਗੁਰਚਰਨ ਸੇਵਾ ਸਾਚਾ ਕਾਮ, ਆਤਮ ਉਤਮ ਵਿਚਾਰੀ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ, ਗੁਰਮੁਖ ਪੈਜ ਸਵਾਰੀ । ਤੇਜਾ ਸਿੰਘ ਸਤਿ ਤੇਰਾ ਤਨ । ਏਕਾ ਸ਼ਬਦ ਵਸਾਇਆ ਮਨ । ਸੋਹੰ ਸਾਚਾ ਰਾਗ ਪ੍ਰਭ ਸੁਣਾਇਆ ਕੰਨ । ਕਲਜੁਗ ਪੂਰਨ ਹੋਏ ਭਾਗ, ਆਤਮ ਮਿਟਾਇਆ ਸਾਰਾ ਜਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਬੇੜਾ ਤੇਰਾ ਦੇਵੇ ਬੰਨ੍ਹ । ਕਲਜੁਗ ਬੇੜਾ

ਪ੍ਰਭ ਪਾਰ ਕਰਾਇਆ । ਸੁਰਤ ਸ਼ਬਦ ਦਾ ਮੇਲ ਮਿਲਾਇਆ । ਪਵਣ ਜੋਤ ਜੋਤ ਪਵਣ, ਇਕ ਥਾਏਂ ਵਸਾਇਆ । ਸਾਚਾ ਸ਼ਬਦ ਸਾਚੀ ਧੁਨਕਾਰ ਸਾਚਾ ਰਾਗ ਸੁਣਾਇਆ । ਸਾਚੇ ਸ਼ਬਦ ਮਹਾਰਾਜ ਸ਼ੇਰ ਸਿੰਘ ਬੂਝ ਬੁਝਾਇਆ । ਸ਼ਬਦ ਸੁਰਤ ਪ੍ਰਭ ਗੁਰਸਿਖ ਦਵਾਈ । ਮਸਤ ਦੀਵਾਨਾ ਪ੍ਰਭ ਰਹੇ ਸਰਨਾਈ । ਭਗਤ ਭਗਵਾਨੇ ਏਕਾ ਜੋਤ ਜਗਾਈ । ਆਤਮ ਗਿਆਨਾ ਪ੍ਰਭ ਪੂਰਨ ਬੂਝ ਬੁਝਾਈ । ਗੁਣ ਨਿਧਾਨ ਸਚ ਸ਼ਬਦੀ ਸ਼ਬਦ ਮਿਲਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਜਨ ਭਗਤਾਂ ਦੇਵੇ ਵਡਿਆਈ । ਤੇਜਾ ਸਿੰਘ ਸਿਰ ਤੇਰੇ ਤਾਜ । ਗੁਰਸਿਖਾਂ ਦੀ ਰੱਖੀ ਲਾਜ । ਸਾਚਾ ਰਾਗ ਪ੍ਰਭ ਸੁਣਾਵੇ ਮਾਝ । ਜਗਤ ਲਿਖਤ ਕਰਾਏ, ਚਾਰ ਜੁਗ ਰਹੇ ਤੇਰੀ ਸਾਂਝ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੱਖੇ ਤੇਰੀ ਲਾਜ । ਗੁਰਸਿਖ ਤੇਰੀ ਪੈਜ ਸਵਾਰੇ । ਪੂਰਨ ਪ੍ਰਭ ਜੋਤ ਨਿਰਾਧਾਰੇ । ਜਗੇ ਜੋਤ ਵਿਚ ਦੇਹ ਨਿਰੰਕਾਰੇ । ਸਤਿ ਪੁਰਖਾਂ ਮਿਲਿਆ ਕਲਜੁਗ ਪ੍ਰਭ ਗਿਰਧਾਰੇ । ਘਨਕਪੁਰ ਜਾਮਾ ਧਾਰ, ਗੁਰਸਿਖਾਂ ਪੈਜ ਸਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਦੇਵੇ ਅਧਾਰੇ । ਸਚ ਰੰਗ ਪ੍ਰਭ ਗੁਰਸਿਖ ਮਾਣਿਆ । ਕਲਜੁਗ ਵਿਸ਼ਨੂੰ ਭਗਵਾਨ ਸਾਚਾ ਜਾਣਿਆਂ । ਸਾਚਾ ਪ੍ਰਭ ਦੇਵੇ ਮਾਣ, ਡਿੱਗੇ ਚਰਨ ਜੋ ਹੋਏ ਨਿਮਾਣਿਆ । ਉਚ ਪਦਵੀ ਪ੍ਰਭ ਦਰ ਤੇ ਪਾਇਣ, ਪ੍ਰਭ ਜੋਤੀ ਜੋਤ ਮਿਲਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਾਚਾ ਦਰ ਗੁਰਸਿਖ ਸਾਚੇ ਜਾਣਿਆ । ਤੇਜਾ ਸਿੰਘ ਤੇਰਾ ਸਤਿ ਸਰੂਪ । ਸਤਿ ਸਤਿ ਸਤਿ ਵਰਤਾਏ, ਪ੍ਰਭ ਸਾਚਾ ਭੂਪ । ਆਤਮ ਜੋਤ ਜਗਾਏ, ਦਿਸ ਆਏ ਸਾਚਾ ਰੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਦਰਸ ਅਨੂਪ । ਤੇਜਾ ਸਿੰਘ ਧੰਨ ਤੇਰੀ ਕਮਾਈ । ਦਿਵਸ ਰੈਣ ਪ੍ਰਭ ਸੇਵ ਕਮਾਈ । ਨਿਹਕਲੰਕ ਸੇਵਾ ਕਲ ਨਾ ਬਿਰਥੀ ਜਾਈ । ਆਤਮ ਦੇਵੇ ਜੋਤੀ ਮੇਲ, ਸਾਚੇ ਪ੍ਰਭ ਸਾਚੀ ਲਿਖਤ ਕਰਾਈ । ਵਡੀ ਵਡਿਆਈ ਵਿਚ ਦੇਵੀ ਦੇਵ, ਤੇਤੀਸ ਕਰੋੜ ਤੇਰੀ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਵੇ ਆਪ ਸਹਾਈ । ਸੁਰਪਤ ਪ੍ਰਭ ਮਾਣ ਗਵਾਏ । ਇੰਦ ਇੰਦਰਾਸਣ ਇੰਦਲੋਕ ਪ੍ਰਭ ਦੇ ਉਲਟਾਏ । ਗੁਰਸਿਖ ਸਾਚਾ ਸਾਚੀ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਘਾਲ ਪਾਈ ਥਾਂਏ । ਗੁਰਸਿਖ ਤੇਰੇ ਗੁਣ ਗੰਭੀਰ । ਸੇਵਾ ਕਰ ਪ੍ਰਭ ਨਿਰਧਨ ਹੋਇਆ ਸਰੀਰ । ਕਲਜੁਗ ਵੇਲਾ ਅੰਤ ਆ ਗਿਆ, ਤੇਰਾ ਅੰਤ ਅਖ਼ੀਰ । ਸਤਿਗੁਰ ਸਾਚੇ ਸ਼ਬਦ ਲਿਖਾ ਲਿਆ, ਪਰਗਟ ਨਿਹਕਲੰਕ ਵਡ ਪੀਰਾਂ ਪੀਰ । ਮਹਾਰਾਜ ਸ਼ੇਰ ਸਿੰਘ ਵਿਚ ਜੋਤੀ ਜੋਤ ਮਿਲਾ ਲਿਆ, ਆਤਮ ਸ਼ਾਂਤ ਸਰੀਰ । ਆਤਮ ਸ਼ਾਂਤ ਸ਼ਾਂਤਕ ਰਸ ਪਾਇਆ । ਸਚਖੰਡ ਸਚ ਦਵਾਰ, ਨਿਹਕਲੰਕ ਤੇਰੀ ਸਰਨਾਇਆ । ਦਰਸ ਅਪਾਰ ਕਿਰਪਾ ਧਾਰ, ਪ੍ਰਭ ਸਾਚੇ ਗੁਰਸਿਖਾਂ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮੇਲ ਮਿਲਾਇਆ । ਧੰਨ ਧੰਨ ਧੰਨ ਗੁਰਸਿਖ, ਧੰਨ ਜਣੇਂਦੀ ਮਾਇਆ । ਬੁੱਧ ਸਿੰਘ ਤੇਰੀ ਬੁਧਿ ਬਿਬੇਕ । ਪ੍ਰਭ ਚਰਨ ਰਖਾਈ ਏਕਾ ਟੇਕ । ਦਰ ਘਰ ਕਸ਼ਟ ਉਠਾਏ ਅਨੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਦੀਸੇ ਏਕ । ਬੁੱਧ ਸਿੰਘ ਬਲੀ ਬਲਵਾਨ । ਤੇਰਾ ਕਲਜੁਗ ਰੱਖਿਆ ਮਾਣ । ਸੇਵਾ ਤੇਰੀ ਬੜੀ ਮਹਾਨ । ਤਨ ਮਨ ਧਨ, ਪ੍ਰਭ ਚਰਨ ਕੁਰਬਾਨ । ਨਿਹਕਲੰਕ ਦਰਸ ਦਿਖਾਵੇ ਵਿਸ਼ਨੂੰ ਭਗਵਾਨ । ਬੁੱਧ ਸਿੰਘ ਤੇਰੀ ਸਾਚੀ ਬੁਧਿ । ਕਰ ਦਰਸ ਪ੍ਰਭ ਆਤਮ ਹੋਏ ਸੁਧ । ਸਾਚਾ ਨੂਰ ਦਿਖਾਇਆ ਪਰਗਟ ਜੋਤ ਸਰੂਪ ਪ੍ਰਭ ਤੁੱਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਆਤਮ ਕੀਨੀ ਸੁਧ ।

ਚੇਤ ਸਿੰਘ ਤੇਰੀ ਚਤੁਰਾਈ । ਚਤੁਰਭੁਜ ਪ੍ਰਭ ਸੇਵ ਕਮਾਈ । ਉਚ ਪਦਵੀ ਤੇਰੇ ਸੁਤ ਨੇ ਪਾਈ । ਸਚਖੰਡ ਪ੍ਰਭ ਚਰਨ ਨਿਵਾਸ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਵਡਿਆਈ । ਸੇਵਾ ਸੰਗਤ ਗੁਰਸਿਖ ਕਮਾਈ । ਨਿਹਕਲੰਕ ਸਿਰ ਛਤਰ ਝੁਲਾਈ । ਸਾਚੇ ਪ੍ਰਭ ਕਲ ਸਾਚੀ ਕਲ ਵਰਤਾਈ । ਪਰਗਟ ਜੋਤ ਨਿਹਕਲੰਕ ਸਾਚੀ ਲਿਖਤ ਲਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦੇਵੇ ਵਡਿਆਈ । ਸਾਚੀ ਲਿਖਤ ਪ੍ਰਭ ਆਪ ਲਿਖਾਏ । ਚੇਤ ਸਿੰਘ ਤੇਰਾ ਨਾਮ ਵਡਿਆਏ । ਸਾਚਾ ਧਾਮ ਸਤਿਜੁਗ ਤੇਰਾ ਦਰ ਰਹਿ ਜਾਏ । ਨਿਹਕਲੰਕ ਨਰ ਅਵਤਾਰ, ਸਾਚੀ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਮਹਿੰਮਾ ਆਪ ਲਿਖਾਏ । ਆਤਮ ਉਤਮ ਜਗਤ ਉਜਿਆਰੀ । ਗੁਰਸਿਖ ਸੇਵਾ ਪ੍ਰਭ ਕੀਨੀ ਭਾਰੀ । ਨਿਹਕਲੰਕ ਦੀਸੇ ਸਚਖੰਡ ਦਵਾਰੀ । ਸਾਧ ਸੰਗਤ ਤੇਰੇ ਦਰ ਭਿਖਾਰੀ । ਸਾਚਾ ਸ਼ਬਦ ਗਿਆਨ ਦੇ, ਨਿਹਕਲੰਕ ਨਰ ਅਵਤਾਰੀ । ਮਹਾਰਾਜ ਸ਼ੇਰ ਸਿੰਘ ਚਰਨ ਧਿਆਨ ਦੇ, ਜੋ ਜਨ ਆਏ ਚਰਨ ਦਵਾਰੀ । ਆਤਮਾ ਸਿੰਘ ਤੇਰੀ ਆਤਮ ਵਾਸ । ਸਾਚਾ ਪ੍ਰਭ ਆਤਮ ਜੋਤ ਕਰੇ ਪਰਕਾਸ਼ । ਸਾਚਾ ਧਾਮ ਗੁਰਚਰਨ ਨਿਵਾਸ । ਕਲਜੁਗ ਮਾਨਸ ਜਨਮ ਹੋਇਆ ਰਾਸ । ਦੇਵੇ ਦਰਸ ਪ੍ਰਭ ਨਿਰੰਜਣ ਪਾਸ । ਜਨ ਭਗਤਾਂ ਪ੍ਰਭ ਹੋਇਆ ਦਾਸ । ਜੋ ਜਨ ਜਪੇ ਰਸਨ ਸਵਾਸ ਸਵਾਸ । ਭੁੱਲ ਨਾ ਲਾਏ ਰਸਨਾ ਮਦਿਰਾ ਮਾਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਆਤਮ ਕਰੇ ਵਾਸ । ਆਤਮਾ ਸਿੰਘ ਤੇਰੀ ਉਤਮ ਮਤਿ । ਕਲਜੁਗ ਰੱਖੇ ਪ੍ਰਭ ਸਾਚਾ ਤੇਰੀ ਪਤਿ । ਮਾਨਸ ਜਨਮ ਨਾ ਆਵੇ ਵਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਵੇ ਕ੍ਰਿਸ਼ਨਾ ਸਤਿ । ਕ੍ਰਿਸ਼ਨ ਸਰੂਪ ਪ੍ਰਭ ਦਰਸ ਦਿਖਾਏ । ਵਡ ਦਇਆ ਜਿਸ ਜਨ ਕਮਾਏ । ਸਾਚਾ ਪ੍ਰਭ ਸਿੱਖ ਸਾਚੇ ਦਰਸ ਦਿਖਾਵੇ । ਜੋਤ ਸਰੂਪ ਜੋਤ ਧਰ, ਆਤਮ ਜੋਤ ਜਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਰਬ ਸਰਬੰਸ ਤਰਾਵੇ । ਤੇਰੀ ਘਾਲ ਪਾਈ ਥਾਂਏ । ਸਾਚੀ ਲਿਖਤ ਨਾ ਮਿਟੇ ਰਾਏ । ਸਾਚਾ ਪ੍ਰਭ ਹੋਏ ਸਹਾਏ । ਚਰਨ ਪ੍ਰੀਤੀ ਜੋ ਜਨ ਕਮਾਏ । ਸਾਚਾ ਮਾਰਗ ਪ੍ਰਭ ਸਚ ਦਿਸਾਏ । ਕਲਜੁਗ ਜੀਵ ਮਦਿ ਮਾਸ ਰਸਨਾ ਲਾਏ । ਅੰਤਕਾਲ ਨਿਹਕਲੰਕ ਦੇ ਸਜ਼ਾਏ । ਗੁਰਮੁਖ ਸਾਚੇ, ਪ੍ਰਭ ਆਤਮ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੋਹੰ ਨਾਦ ਵਜਾਏ । ਜੀਵਣ ਸਿੰਘ ਜਗਤ ਵਿਚ ਆਇਆ । ਪ੍ਰਭ ਸਾਚੇ ਦੀ ਸੇਵ ਕਮਾਇਆ । ਪ੍ਰਭ ਅਬਿਨਾਸ਼ੀ ਰਿਦੇ ਧਿਆਇਆ । ਅੰਤਕਾਲ ਭੁੱਲ ਪ੍ਰਭ, ਭੈ ਮਨੋਂ ਚੁਕਾਇਆ । ਡੁਲ ਡੁਲ ਡੁਲ, ਕਿਉਂ ਮਨ ਡੁਲਾਇਆ । ਰੁਲ ਰੁਲ ਰੁਲ, ਕਿਉਂ ਮਾਨਸ ਜਨਮ ਰੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਕਲਜੁਗ ਵੇਲੇ ਅੰਤ ਲਿਖਾਇਆ । ਜੀਵਣ ਸਿੰਘ ਵੇਲਾ ਅੰਤ, ਨਾ ਦਰ ਛੋੜ । ਬੇੜਾ ਆਪਣਾ ਨਾ ਕਲਜੁਗ ਰੋੜ੍ਹ । ਸਾਚੀ ਸੇਵਾ ਪ੍ਰਭ ਦੀ, ਪ੍ਰਭ ਦਰ ਤੇ ਮੋੜ । ਵੇਲਾ ਹੱਥ ਨਹੀਂ ਆਵਣਾ, ਪ੍ਰਭ ਚਰਨੋਂ ਦੇਵੇ ਤੋੜ । ਕਰ ਬਚਨ ਸੁਖ ਮੁਖ ਭਵਾਵਣਾ, ਅੰਤ ਦੇਹੀ ਚਲੇ ਕੋਹੜ । ਵੇਲਾ ਗਿਆ ਹੱਥ ਨਾ ਆਵਣਾ, ਅੰਤ ਪ੍ਰਭ ਸਾਚੇ ਦੀ ਸਾਚੀ ਲੋੜ । ਮਹਾਰਾਜ ਸ਼ੇਰ ਸਿੰਘ ਸਾਚਾ ਸ਼ਬਦ ਲਿਖਾਵਣਾ, ਕਲਜੁਗ ਫੇਰ ਨਾ ਹੋਣਾ ਜੋੜ । ਵੇਲਾ ਅੰਤ ਵਕਤ ਸੰਭਾਲ । ਬਾਹੋਂ ਪਕੜ ਪ੍ਰਭ ਰਿਹਾ ਉਠਾਲ । ਸੇਵਾ ਕੀਤੀ ਅੰਤ ਨਾ ਗਾਲ । ਝੂਠਾ ਜਗਤ ਸਭ ਧਨ ਮਾਲ । ਪਾਰਜਾਤ ਨਾ ਟੁੱਟੀਂ ਨਾਲੋਂ ਡਾਲ੍ਹ । ਏਕਾ ਸ਼ਬਦ ਏਕਾ ਬਚਨ, ਪ੍ਰਭ ਸਾਚੇ ਕਾ ਪਾਲ । ਪੀਸ ਪਿਸਾਏ ਜਿਉਂ ਅੰਤ ਦੁਫਾੜੇ ਦਾਲ । ਕਲਜੁਗ ਅੰਤ ਕੀਆ ਆਪ, ਸਤਿਜੁਗ

ਸਾਚਾ ਸਤਿ ਜਾਏ ਵਰਤਾ । ਚਰਨ ਲਾਗ, ਸਿੱਖਾ ਵੇਲਾ ਭੁੱਲ ਬਖ਼ਸ਼ਾ । ਬਿਨ ਪ੍ਰਭ ਸਾਚੇ, ਕਲਜੁਗ ਕੋਈ ਨਾ ਦੀਸੇ ਸਾਚਾ ਰਾਹ । ਸਰਨ ਆਏ ਜੋ ਸਰਨਾਈ, ਪ੍ਰਭ ਬਖ਼ਸ਼ੇ ਸਰਬ ਗੁਨਾਹ । ਮਹਾਰਾਜ ਸ਼ੇਰ ਸਿੰਘ ਨਿਹਕਲੰਕ, ਦੂਸਰ ਕੋਈ ਨਾਂਹ । ਚਰਨ ਲਾਗ ਭੁੱਲ ਬਖ਼ਸ਼ਾਓ । ਮਾਇਆ ਮਮਤਾ ਮਨੋ ਤਜਾਓ । ਸਾਚੀ ਲਿਖਤ ਸਾਚਾ ਵਰ ਪ੍ਰਭ ਦਰ ਲਿਖਾਓ । ਅੰਤਕਾਲ ਕਲਜੁਗ ਨਾ ਆਪਣਾ ਮੂਲ ਗਵਾਓ । ਗੁਰਮੁਖ ਗੁਰਸਿਖ ਸਾਚਾ ਪਾਲ ਸਿੰਘ, ਸਿੰਘ ਸਾਚੇ ਦੀ ਲਾਜ ਰਖਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਬਚਨ ਲਿਖਾਏ, ਵਕਤ ਅਮੋਲਕ ਨਾ ਮੂਲ ਗਵਾਓ । ਆਇਆ ਵਕ਼ਤ ਜਗਤ ਦੇ ਰਹਾਇਆ । ਪ੍ਰਭ ਅਬਿਨਾਸ਼ੀ ਖੇਲ ਰਚਾਇਆ । ਝੂਠ ਜੂਠ ਦਾ ਭੇਖ ਮਿਟਾਇਆ । ਸਚ ਸੁੱਚ ਵਿਚ ਸਾਧ ਸੰਗਤ ਵਰਤਾਇਆ । ਝੂਠਾ ਠੂਠਾ ਪ੍ਰਭ ਭੰਨ ਵਖਾਇਆ । ਕਲਜੁਗ ਅੰਤ ਪ੍ਰਭ ਆਣ ਕਰਾਇਆ । ਗੁਰਮੁਖ ਸਾਚੇ, ਪ੍ਰਭ ਸਾਚਾ ਰਾਹ ਦਿਸਾਇਆ । ਭੁੱਲ ਭੁੱਲ ਭੁੱਲ, ਕਲਜੁਗ ਜੀਵ ਕਿਉਂ ਆਪਣਾ ਮੂਲ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੈ ਵਿਚ ਜਗਤ ਰਖਾਇਆ । ਵਕਤ ਸੁਹੰਜਣਾ ਵਕਤ ਸੁਹਾਏ । ਗੁਰਸਿਖਾਂ ਪ੍ਰਭ ਦਰਸ ਦਿਖਾਏ । ਚਰਨ ਲਾਗ ਜੋ ਗੁਰਸਿਖ ਹਟ ਜਾਏ । ਦੁਖ ਭੁਖ ਪ੍ਰਭ ਦੇਹ ਵਸਾਏ । ਅੰਤਕਾਲ ਨਰਕ ਨਿਵਾਸ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖਾਂ ਪਾਰ ਕਰਾਏ । ਜਿਸ ਮਾਇਆ ਆਤਮ ਭੁਲਾਈ । ਝੂਠੀ ਮਾਇਆ ਜਗ ਰਹਿਣੀ ਨਾਹੀਂ । ਜਿਸ ਮਾਇਆ ਆਤਮ ਭੁਲਾਇਆ । ਪ੍ਰਭ ਅਬਿਨਾਸ਼ੀ ਮਨੋਂ ਭੁਲਾਇਆ । ਪ੍ਰਭ ਸੇਵਾ ਦਾ ਨਾਮ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸ਼ਬਦ ਅਗੰਮ ਸੁਣਾਇਆ ।

੫੪੫
੦੧

ਦਰਸ਼ਨ ਸਿੰਘ ਪ੍ਰਭ ਦਰਸ ਪਿਆਸ । ਏਕਾ ਸ਼ਬਦ ਪ੍ਰਭ ਆਤਮ ਵਾਸ । ਰਸਨਾ ਜਪੇ ਸਵਾਸ ਸਵਾਸ । ਸਾਚੇ ਪ੍ਰਭ ਸਦਾ ਚਰਨ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੋਹੇ ਪਾਸ । ਸਾਚਾ ਸਿੱਖ ਗੁਣੀ ਨਿਧਾਨ । ਗੁਣਵੰਤ ਚਤੁਰ ਸੁਜਾਨ । ਪ੍ਰਭ ਭਗਤ ਆਤਮ ਦੇਵੇ ਚਰਨ ਧਿਆਨ । ਪ੍ਰੀਤਮ ਸਿੰਘ ਤੇਰੀ ਹੋਵੇ ਪ੍ਰੀਤ ਮਹਾਨ । ਸਾਚੀ ਪ੍ਰੀਤ ਪ੍ਰੀਤਮ ਪਾਈ । ਪੁਰਖ ਨਿਰੰਜਣ ਜੋਤ ਜਗਾਈ । ਸਾਧ ਸੰਗਤ ਵਿੱਚ ਮਿਲੇ ਵਡਿਆਈ । ਸਦਾ ਰਹੇ ਪ੍ਰਭ ਸਰਨਾਈ । ਭੁੱਲ ਨਾ ਜਾਣਾ ਪ੍ਰਭ ਲਿਖਤ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਵੇ ਅੰਤ ਸਹਾਈ । ਚਰਨ ਦਾਸ ਹੋਏ ਪ੍ਰਭ ਸੇਵ ਕਮਾਓ । ਅਮਰਾਪਦ ਪ੍ਰਭ ਦਰ ਤੇ ਪਾਓ । ਸਾਚਾ ਨਾਮ ਸ਼ਬਦ ਧੁਨ, ਹਿਰਦੇ ਸਦਾ ਵਸਾਓ । ਗੁਣ ਨਿਧਾਨ ਸਾਚਾ ਪ੍ਰਭ, ਰਸਨਾ ਸਦ ਹੀ ਗਾਓ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਸਦ ਰਖ ਮਿਲਣ ਦਾ ਚਾਓ । ਆਤਮ ਰਸ ਪ੍ਰਭ ਦਰਸ ਪੁਜਾਰੀ । ਪਵਣ ਉਨੰਜਾ ਸਿਰ ਛਤਰ ਝੁਲਾਰੀ । ਜਗੇ ਜੋਤ ਸਚ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਚਰਨ ਨਿਮਸਕਾਰੀ । ਧੰਨ ਧੰਨ ਧੰਨ ਗੁਰਸਿਖ, ਧੰਨ ਕਮਾਈ । ਸਾਧ ਸੰਗਤ ਦੀ ਸੇਵ ਕਮਾਈ । ਬਿਸ਼ਨ ਕੌਰ ਤੇਰੀ ਵਡਿਆਈ । ਸਾਚੇ ਸੁਤ ਪ੍ਰਭ ਜੋਤ ਪਰਗਟਾਈ । ਚਾਰ ਵਰਨ ਚਾਰ ਕੁੰਟ ਚਲ ਆਏ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਛਤਰ ਝੁਲਾਈ । ਬਸੰਤ ਕੌਰ ਬਸੰਤੀ ਰੁੱਤ । ਸਾਚਾ ਪ੍ਰਭ ਵਡਿਆਈ ਦੇਵੇ ਬਖ਼ਸ਼ੇ ਸੁਤ । ਵੇਲਾ ਵਕ਼ਤ ਸੁਹਾਇਆ, ਏਕਾ ਸੁਹਾਈ ਰੁੱਤ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਪ੍ਰਭ ਅਬਿਨਾਸ਼ੀ ਅਚੁੱਤ । ਸੇਵਾ ਸਾਚੀ ਪ੍ਰਭ ਕਮਾਈ । ਭੁਲ ਭੁਲ ਪ੍ਰਭ ਦਰ ਤੇ ਆਈ । ਹਉਮੇ ਹੰਗਤਾ ਮਨੋਂ ਤਜਾਈ । ਪੰਚਮ ਜੇਠ ਸਾਚੀ ਵਸਤ ਪ੍ਰਭ ਝੋਲੀ ਪਾਈ । ਸੁਤ ਸੁਤ ਪ੍ਰਭ ਦਰ ਮਿਲੇ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਨੋ ਦਰ ਆਈ ਆਸ ਪੁਜਾਈ । ਦੁਆਪਰ ਬਿਦਰ ਭਗਤ ਗਿਰਧਾਰ । ਕਲ ਜਾਮਾ ਘਰ ਘੁਮਿਆਰ । ਸੋਹਣ ਸਿੰਘ ਨਾਉਂ ਪ੍ਰਭ ਦੇ ਉਚਾਰ । ਪਰਗਟ ਜੋਤ ਨਿਹਕਲੰਕ, ਲਾਇਆ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪ ਲਿਖਾਰ । ਸੋਹਣ ਸਿੰਘ ਪ੍ਰਭ ਸਦਾ ਸਨਮੁਖ । ਕਰ ਦਰਸ ਆਤਮ ਉਤਰੇ ਭੁਖ । ਸਾਚਾ ਪ੍ਰਭ ਸਦਾ ਵਸਾਏ ਸੁਖ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾ, ਗੁਰਸਿਖਾਂ ਮਿਟਾਏ ਭੁਖ । ਠਾਕਰ ਸਿੰਘ ਸਦ ਠਾਕਰ ਦਵਾਰ । ਭਵ ਸਾਗਰ ਪ੍ਰਭ ਦੇਵੇ ਤਾਰ । ਏਕਾ ਸ਼ਬਦ ਆਤਮ ਰੱਖ ਉਧਾਰ । ਸਾਚਾ ਪ੍ਰਭ ਸਦਾ ਰਿਹਾ ਗੁਣ ਵਿਚਾਰ । ਸਰਬ ਜੀਵ ਆਤਮ ਦੇਵੇ ਉਧਾਰ । ਭੁਲ ਭੁਲ ਨਾ ਹੋਣਾ ਜਗਤ ਖੁਆਰ । ਭਾਣਾ ਵਰਤੇ, ਵਰਤਾਏ ਸਤਿ ਕਰਤਾਰ । ਗੁਰਸਿਖ ਜਾਏ ਬਚਨ ਜੋ ਹਾਰ । ਏਕਾ ਬਚਨ ਅਟੱਲ ਲਿਖਾਏ ਏਕੰਕਾਰ । ਗੁਰਸਿਖ ਜੋ ਉਲਟਾਏ, ਹੋਏ ਅੰਤ ਖੁਆਰ । ਸਤਿ ਸਤਿ ਸਤਿ ਕਰ ਮਨ ਵਸਾਏ, ਪ੍ਰਭ ਬੇੜਾ ਕਰ ਜਾਏ ਪਾਰ । ਸਰਬ ਜੀਵ ਪ੍ਰਭ ਵਿਚ ਜੋਤ ਮਿਲਾਏ , ਕਲਜੁਗ ਨਾ ਹੋਏ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਤਿ ਵਰਤਾਏ ਵਰਤਾਰ । ਏਕਾ ਹੋਵੇ ਪ੍ਰਭ ਕੀ ਪੂਜਾ । ਸਤਿਜੁਗ ਰਹੇ ਨਾ ਕੋਈ ਦੂਜਾ । ਗੁਰਮੁਖ ਸਾਚੇ ਸਾਚਾ ਦਰ ਕਲਜੁਗ ਸੂਝਾ । ਸਤਿਗੁਰ ਸਾਚਾ ਆਤਮ ਭੇਤ ਖੁਲ੍ਹਾਏ ਗੂਝਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਦਰ ਤੇਰਾ ਬੂਝਾ । ਜਗਤ ਲਗਾਏ ਪ੍ਰਭ ਜੋਤੀ ਅੱਗ । ਉਲਟੇ ਵਹਿਣ ਵਹਾਏ ਵਹਾਏ ਅੰਤ ਕਲਜੁਗ । ਬੇਮੁਖ ਪਕੜ ਖਪਾਏ ਸ਼ਾਹ ਰਗ । ਕਲਜੁਗ ਪਾਪ ਅੰਧੇਰੀ, ਅੰਤਕਾਲ ਕਲ ਗਈ ਵਗ । ਗੁਰਮੁਖ ਸਾਚੇ ਨਠ ਨੱਠ ਨੱਠ, ਚਰਨ ਪ੍ਰਭ ਲੱਗ । ਦੇਵੇ ਵਡਿਆਈ ਨਿਹਕਲੰਕ ਵਿਚ ਜਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਸਾਚੀ ਮਤਿ । ਸਾਚੀ ਮਤਿ ਸਾਚਾ ਗਿਆਨ । ਸਾਚਾ ਸ਼ਬਦ ਸਾਚਾ ਧਿਆਨ । ਗੁਰਸਿਖ ਉਚ ਆਤਮ ਬ੍ਰਹਮ ਗਿਆਨ । ਸੋਹੰ ਸ਼ਬਦ ਦੇਵੇ ਵਡ ਦਾਨੀ ਦਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਦੇਵੇ ਮਾਣ । ਕਲਜੁਗ ਮਾਣ ਪ੍ਰਭ ਆਪ ਦਵਾਇਆ । ਵਡ ਹੰਸ ਪਰਮਹੰਸ ਗੁਰਸਿਖ ਲਿਖਾਇਆ । ਸਾਚਾ ਬੰਸ ਪ੍ਰਭ ਜਗਤ ਚਲਾਇਆ । ਸਾਚੀ ਅੰਸ ਗੁਰਸਿਖ ਲੇਖ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਗ ਕੰਨ ਸੁਣਾਇਆ । ਸਰਬਜੀਤ ਪ੍ਰਭ ਦੇਵੇ ਧੀਰ । ਕਲਜੁਗ ਰੱਖੀ ਪਤਿ ਨਾ ਲੱਥੇ ਚੀਰ । ਪ੍ਰਭ ਅਬਿਨਾਸ਼ੀ ਚਰਨ ਪਿਆਰ, ਨਿਵਾਸ ਹੋਇਆ ਚਰਨ ਅਖ਼ੀਰ । ਪ੍ਰਭ ਭਾਣਾ ਸਚ ਵਰਤਾਇਆ, ਸਾਚੀ ਜੋਤ ਤਜਿਆ ਝੂਠ ਸਰੀਰ । ਸਾਚੀ ਜੋਤ ਸਾਚੇ ਘਰ ਆਈ । ਏਕਾ ਰੰਗ ਏਕਾ ਲਿਵ ਲਾਈ । ਗੁਰਚਰਨ ਲਾਗ ਪਰਮਗਤ ਪਾਈ । ਸਾਚੇ ਪ੍ਰਭ ਸਚ ਲਿਖਤ ਵਰਤਾਈ । ਪੰਚਮ ਜੇਠ ਜੋ ਰਸਨ ਸੁਣਾਈ । ਦਿਵਸ ਪੰਝੀ ਦੁਖ ਰਹੇ ਨਾ ਰਾਈ । ਸਾਚਾ ਪ੍ਰਭ ਸਰਬਜੀਤ, ਸਰਬ ਦੁਖ ਦੇਹ ਦੇ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਵਿਚ ਜੋਤ ਮਿਲਾਈ । ਦਿਵਸ ਸਤਾਰਾਂ ਪ੍ਰਭ ਲਿਖਤ ਕਰਾਈ । ਸਤਾਰਾਂ ਸਾਵਣ ਕਲਜੁਗ ਅੰਤਮ ਕਲਮ ਚਲਾਈ । ਸੱਤ ਸਤਾਰਵੀਂ ਕਰੇ ਸਰਬ ਸੁਖਦਾਈ । ਕਲਜੁਗ ਤੇਰੀ ਮਿਟੀ ਵਡਿਆਈ । ਨਿਹਕਲੰਕ ਤੇਰੀ ਲਿਖਤ ਲਿਖਾਈ । ਲੇਖ ਲਿਖਾਇਆ ਤੇਰਾ ਕਲ ।

ਬੇਮੁਖ ਜੀਵ ਅੰਤਕਾਲ ਕਲ ਜਾਇਣ ਹਲ । ਅਗਨ ਜੋਤ ਬੇਮੁਖ ਜਾਇਣ ਜਲ । ਭਾਣਾ ਪ੍ਰਭ ਵਰਤਾਏ ਕਰੇ ਜਲ ਥਲ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ, ਨਾ ਲਾਵੇ ਘੜੀ ਪਲ । ਕਲਜੁਗ ਤੇਰਾ ਪੰਧ ਮੁਕਾਇਆ । ਕਲਜੁਗ ਜੀਵ ਵਿਚ ਖ਼ਾਕ ਰੁਲਾਇਆ । ਸਾਢੇ ਤਿੰਨ ਹੱਥ ਸੀਆਂ, ਕਿਸੇ ਹੱਥ ਨਾ ਆਇਆ । ਕਲਜੁਗ ਨਿਹਕਲੰਕ, ਬੇਮੁਖ ਜੀਵਾਂ ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਪ੍ਰਭ ਅਬਿਨਾਸ਼ੀ ਨਦਰ ਨਿਹਾਲ । ਸਾਧ ਸੰਗਤ ਸੋਹੇ ਪ੍ਰਭ ਚਰਨ ਨਾਲ । ਸੋਹੰ ਸ਼ਬਦ ਸਤਿਜੁਗ ਦੇਵੇ ਪ੍ਰਭ ਧਨ ਮਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੀਪ ਗੁਰਸਿਖ ਦੇਵੇ ਬਾਲ । ਊਧਮ ਸਿੰਘ ਅਧ ਵਿਚ ਰਖਾਇਆ । ਲਿਖਿਆ ਹੁਕਮ ਪ੍ਰਭ ਸਚ ਕਰਾਇਆ । ਸਾਧ ਸੰਗਤ ਵਿਚ ਜੋ ਬਚਨ ਲਿਖਾਇਆ । ਭਾਣਾ ਆਪਣਾ ਸਤਿ ਸਤਿ ਸਤਿ ਵਰਤਾਇਆ । ਆਪਣਾ ਅੰਤ ਨਾ ਕਿਸੇ ਜਣਾਇਆ । ਭੁੱਲ ਮਦਿ ਮਾਸ ਰਸਨਾ ਲਾਇਆ । ਸਾਚਾ ਪ੍ਰਭ ਮਨੋਂ ਭੁਲਾਇਆ । ਸ਼ਬਦ ਬਾਣ ਪ੍ਰਭ ਸਾਚੇ ਲਾਇਆ । ਮਾਨਸ ਜਨਮ ਅੱਧ ਵਿਚ ਰਖਾਇਆ । ਸਾਚੇ ਪ੍ਰਭ ਮਹਾਰਾਜ ਸ਼ੇਰ ਸਿੰਘ ਹੁਕਮ ਸਤਿ ਵਰਤਾਇਆ । ਸਾਧ ਸੰਗਤ ਅਰਦਾਸ ਗੁਜ਼ਾਰੇ । ਕਰ ਕਿਰਪਾ ਪ੍ਰਭ ਪਤਤ ਪਾਪੀ ਤਾਰੇ । ਜੋ ਚਲ ਆਏ ਨਿਹਕਲੰਕ ਤੇਰੇ ਚਰਨ ਦਵਾਰੇ । ਸਾਚਾ ਧਾਮ ਸਚਖੰਡ, ਸਾਚੀ ਜੋਤ ਕਰੇ ਆਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸਰਬ ਜੋਤ ਵਰਤਾਰੇ । ਪ੍ਰਭ ਅਭੁਲ ਨਾ ਕੋਈ ਭੁਲਾਏ । ਪ੍ਰਭ ਅਡੁਲ ਨਾ ਕੋਈ ਡੁਲਾਏ । ਪ੍ਰਭ ਅਤੁਲ ਨਾ ਕੋਈ ਤੁਲਾਏ । ਪ੍ਰਭ ਅਮੁਲ ਕੀਮਤ ਕਹੀ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਰਨ ਪੜੇ ਦੀ ਲਾਜ ਰਖਾਏ । ਸਰਬ ਸਰਬੰਸ ਕਰੇ ਪੁਕਾਰ । ਦੋਵੇਂ ਜੋੜ ਨਿਹਕਲੰਕ ਤੇਰੇ ਚਰਨ ਦਵਾਰ । ਬਖ਼ਸ਼ ਦੇਵੇ ਪ੍ਰਭ ਬਖ਼ਸ਼ਣਹਾਰ । ਅੰਤਮ ਦੇਵੇ ਦਰਸ ਅਪਾਰ । ਝੂਠੀ ਦੇਹ ਤਜਾਈ ਵਿਚ ਸੰਸਾਰ । ਸਾਚੀ ਜੋਤ ਮਿਲਾਈ ਵਿਚ ਨਿਰਾਧਾਰ । ਮਹਾਰਾਜ ਸ਼ੇਰ ਸਿੰਘ ਸਚਖੰਡ ਤੇਰਾ ਸਚ ਦਵਾਰ । ਊਧਮ ਸਿੰਘ ਗੁਰ ਧਾਮ ਪਹੁੰਚਾਇਆ । ਘਨਕਪੁਰ ਵਾਸੀ ਆਪਣਾ ਬਿਰਦ ਰਖਾਇਆ । ਸਾਧ ਸੰਗਤ ਵਿਚ ਅੰਤ ਨਿਵਾਸ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਧਾਮ ਸਚ ਘਰ ਟਿਕਾਇਆ । ਸਚ ਧਾਮ ਗੁਰਸਿਖ ਬਹਾ ਕੇ । ਪ੍ਰਭ ਅਬਿਨਾਸ਼ੀ ਵਿਚ ਜੋਤੀ ਜੋਤ ਮਿਲਾ ਕੇ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤਜਾ ਕੇ । ਕਲਜੁਗ ਗੁਰਸਿਖ ਸਾਚੇ ਧਾਮ ਬੈਠਾ ਆਸਣ ਲਾ ਕੇ । ਮਹਾਰਾਜ ਸ਼ੇਰ ਸਿੰਘ ਮਿਲਾਏ ਮੇਲ, ਜੋਤੀ ਜੋਤ ਪਰਗਟਾ ਕੇ । ਜੋਤ ਪਰਗਟਾ ਜਗਤ ਪ੍ਰਭ ਆਇਆ । ਦੇ ਦਰਸ ਜਨ ਭਗਤਾਂ ਪਾਰ ਕਰਾਇਆ । ਅੰਮ੍ਰਿਤ ਆਤਮ ਬਰਸ, ਨਿਜਾਨੰਦ ਨਿਜ ਮਾਹਿ ਕਰਾਇਆ । ਮਹਾਰਾਜ ਸ਼ੇਰ ਸਿੰਘ ਤੇਰਾ ਦਰਸ, ਗੁਰਸਿਖ ਸਾਚੇ ਪਾਇਆ । ਊਚ ਨੀਚ ਪ੍ਰਭ ਮਿਟਾ ਕੇ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਅੰਤ ਇਕ ਕਰਾ ਕੇ । ਆਤਮ ਭੁੱਖਾ ਹੇਮ ਸਿੰਘ, ਪ੍ਰਭ ਚਰਨੀ ਆਏ । ਗੁਰਸਿਖ ਸਾਚਾ ਪਾਲ ਸਿੰਘ, ਹੋਏ ਵਿਚੋਲ ਆਣ ਮਿਲਾਏ । ਦਰ ਆਏ ਕਰੀ ਪੁਕਾਰ, ਸਾਚੀ ਭਿਛਿਆ ਪ੍ਰਭ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਦਾਤ ਪੁੱਤਰ ਪ੍ਰਭ ਝੋਲੀ ਪਾਈ । ਹੋਏ ਨਿਮਾਣਾ ਆਇਆ ਪ੍ਰਭ ਸਰਨਾਈ । ਤਨ ਮਨ ਧਨ ਕਰ ਪ੍ਰਭ ਸਾਚੇ ਸੇਵ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਗੁਰਸਿਖਾਂ ਸਾਚੀ ਦਾਤ ਝੋਲੀ ਪਾਈ । ਉਪਜਿਆ ਪੂਤ ਮਨ ਭਇਆ ਅਨੰਦ । ਮਾਤ ਪਿਤਾ ਘਰ ਚੜ੍ਹਿਆ ਚੰਦ । ਆਤਮ ਉਪਜਿਆ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੱਟੇ ਰੋਗ ਜੀਵ ਬੰਦ ਬੰਦ । ਮਦਨ ਮੂਰਤ ਤੇਰੀ ਗੋਪਾਲ । ਸਾਚੀ ਦੀਪਕ ਗੁਰਸਿਖ

ਆਤਮ ਬਾਲ । ਕਲਜੁਗ ਸਾਚਾ ਕੱਟ ਜੰਜਾਲ । ਸੋਹੰ ਸਾਚਾ ਸ਼ਬਦ ਦੇ ਸਚਾ ਧਨ ਮਾਲ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸਾਚੇ ਆਤਮ ਕਰੇ ਲਾਲ ਗੁਲਾਲ । ਗੁਰਸਿਖ ਜੋਤ ਜਗਾਏ, ਪ੍ਰਭ ਵਿਚ ਲਲਾਟ । ਸੋਹੰ ਸਾਚਾ ਨਾਮ, ਨਾ ਵਿਕਾਏ ਹਾਟ । ਜੋ ਜਨ ਸ਼ਬਦ ਕਮਾਏ, ਖੋਲ੍ਹ ਵਖਾਏ ਪ੍ਰਭ ਬਜਰ ਕਪਾਟ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸਾਚਾ ਸ਼ਬਦ ਜੀਵ ਆਤਮ ਰਾਟ । ਸਾਚਾ ਸ਼ਬਦ ਸਾਚਾ ਰਾਗ । ਗੁਰਸਿਖ ਸੋਇਆ ਕਲਜੁਗ ਗਿਆ ਜਾਗ । ਬੇਮੁਖ ਦਰ ਤੋਂ ਜਾਇਣ ਭਾਗ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ, ਲਗਾਏ ਭੋਗ ਜਿਉਂ ਬਿਦਰ ਅਲੂਣੇ ਸਾਗ । ਅੰਮ੍ਰਿਤ ਵੇਲਾ ਅੰਮ੍ਰਿਤ ਰਸ । ਬੇਮੁਖ ਜਾਇਣ ਪ੍ਰਭ ਦਰ ਤੋਂ ਨੱਸ । ਸਾਧ ਸੰਗਤ ਸਾਚਾ ਰਾਹ ਪ੍ਰਭ ਜਾਏ ਦੱਸ । ਕਲਜੁਗ ਹੋਏ ਅੰਧੇਰ, ਜਿਉਂ ਰੈਣ ਮੱਸ । ਗੁਰਸਿਖ ਜੋਤ ਪਰਕਾਸ਼ ਜਿਉਂ ਰਵ ਸਸ । ਨਿਹਕਲੰਕ ਕਲਜੁਗ ਸਾਚਾ ਵਾਸ, ਮਹਾਰਾਜ ਸ਼ੇਰ ਸਿੰਘ ਜਨ ਭਗਤਾਂ ਹੋਇਆ ਵਸ । ਸਚ ਸੁੱਚ ਪ੍ਰਭ ਜਗਤ ਵਰਤਾਈ । ਬੇਮੁਖ ਸਾਧ ਸੰਗਤ ਰਲ, ਜਿਉਂ ਚੰਦਨ ਵਾਸ ਨਿਮ ਮਹਿਕਾਈ । ਪਸੂ ਪਰੇਤੋਂ ਕਰੇ ਦੇਵ, ਪੂਰੇ ਗੁਰ ਦੀ ਇਹ ਵਡਿਆਈ । ਕਲਜੁਗ ਜਾਮਾ ਧਾਰ, ਨਿਹਕਲੰਕ ਅਪਣਾ ਭੇਵ ਖੁਲ੍ਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਸਾਚੀ ਜੋਤ ਜਗਾਈ । ਕਲਜੁਗ ਜੀਵ ਜਗਤ ਅੰਧਿਆਰਾ । ਕਲਜੁਗ ਜੀਵ ਦੇਖ ਝੂਠਾ ਸਗਲ ਪਸਾਰਾ । ਕਲਜੁਗ ਜੀਵ ਅੰਤਕਾਲ ਕਲ ਦੀਸੇ ਏਕੰਕਾਰਾ । ਕਲਜੁਗ ਜੀਵ ਤੇਰੀ ਬੁਝੀ ਆਤਮ ਦੀਵ, ਰਸਨਾ ਕੀਆ ਮਦਿ ਮਾਸ ਆਹਾਰਾ । ਕਲਜੁਗ ਜੀਵ ਅੰਮ੍ਰਿਤ ਰਸ ਪ੍ਰਭ ਦਰ ਪੀਵ, ਆਤਮ ਸ਼ਬਦ ਹੋਏ ਉਜਿਆਰਾ । ਬੇਮੁਖ ਜੀਵ ਗੁਰਚਰਨ ਲਾਗ ਸਦਾ ਜਗ ਜੀਵ, ਸਾਚਾ ਮਿਲੇ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਤੇਰਾ ਮਾਨਸ ਜਨਮ ਸਵਾਰਾ । ਅੰਮ੍ਰਿਤ ਵੇਲੇ ਪਰਗਟ ਜੋਤ, ਪ੍ਰਭ ਅੰਮ੍ਰਿਤ ਮੇਘ ਬਰਖਾਇਆ । ਅੰਮ੍ਰਿਤ ਵੇਲੇ ਪਰਗਟ ਜੋਤ, ਸਾਚਾ ਸ਼ਬਦ ਸੁਣਾਇਆ । ਅੰਮ੍ਰਿਤ ਵੇਲੇ ਪਰਗਟ ਜੋਤ, ਅਨਦ ਬਿਨੋਦੀ ਪ੍ਰਭ ਦਰਸ ਦਿਖਾਇਆ । ਅੰਮ੍ਰਿਤ ਵੇਲੇ ਪਰਗਟ ਜੋਤ, ਅੰਮ੍ਰਿਤ ਵੇਲਾ ਸੁਹਾਇਆ । ਅੰਮ੍ਰਿਤ ਵੇਲੇ ਪਰਗਟ ਜੋਤ, ਅੰਮ੍ਰਿਤ ਝਿਰਨਾ ਵਿਚ ਦੇਹ ਝਿਰਾਇਆ । ਅੰਮ੍ਰਿਤ ਵੇਲੇ ਪਰਗਟ ਜੋਤ, ਅੰਮ੍ਰਿਤ ਸਾਚਾ ਕਵਲ ਨਾਭ ਮੁਖ ਚੁਆਇਆ । ਖੁਲ੍ਹੇ ਕਵਲ ਹੋਏ ਉਜਿਆਰਾ, ਅੰਮ੍ਰਿਤ ਸਾਚਾ ਪ੍ਰਭ ਵਰਸਾਇਆ । ਅੰਮ੍ਰਿਤ ਵੇਲੇ ਪਰਗਟ ਜੋਤ, ਪ੍ਰਭ ਅਬਿਨਾਸ਼ੀ ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਗੁਰਸਿਖ ਮੁਖ ਚੁਆਇਆ । ਅੰਮ੍ਰਿਤ ਆਤਮ ਦੇਵੇ ਅਧਾਰ । ਅੰਮ੍ਰਿਤ ਵਰਖੇ ਪ੍ਰਭ ਕਿਰਪਾ ਧਾਰ । ਅੰਮ੍ਰਿਤ ਆਤਮ ਵਰਸ, ਆਤਮ ਕਰੇ ਉਜਿਆਰ । ਅੰਮ੍ਰਿਤ ਆਤਮ ਰਸ ਚੁਆਇਆ । ਜਿਸ ਜਨ ਰਸਨਾ ਲਾਏ ਵਿਚ ਦੇਹ ਵਸਾਇਆ । ਸਾਚੀ ਹੋਵੇ ਦੇਹ ਰੁਸ਼ਨਾਏ, ਸਾਚਾ ਅੰਮ੍ਰਿਤ ਪ੍ਰਭ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਅੰਮ੍ਰਿਤ ਆਤਮ ਰੋਗ ਮਿਟਾਇਆ । ਸਤਾਰਾਂ ਸਾਵਣ ਰੈਣ ਸੁਹਾਵਣੀ । ਗਾਏ ਰਾਗ ਕੋਈ ਜਨ ਮੁਧਾਵਣੀ । ਗੁਰਸਿਖ ਸਾਚਾ ਪਾਵੇ ਪਦ ਨਿਰਬਾਵਣੀ । ਆਵਣ ਜਾਵਣ ਗੇੜ ਚੁਰਾਸੀ ਪ੍ਰਭ ਕਟਾਵਣੀ । ਗੁਰਮੁਖ ਸਾਚੇ ਜੋ ਦਰ ਆਏ, ਪ੍ਰਭ ਪੂਰਨ ਆਸ ਕਰਾਵਣੀ । ਸਰਨ ਪੜੇ ਦੀ ਲਾਜ ਰਖਾਏ, ਸਾਚਾ ਸ਼ਬਦ ਵਰਤਾਏ ਬਾਵਨੀ । ਸੱਚੋ ਸਚ ਵਰਤਾਏ, ਕਲਜੁਗ ਮਿਟਾਏ ਆਵਣ ਜਾਵਣੀ । ਸੋਹੰ ਸਚ ਵਰਤਾਏ, ਸਾਚਾ ਤੀਰਥ ਨਿਹਕਲੰਕ ਤੇਰੇ ਚਰਨ ਨਾਵ੍ਹਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਵਰਤਾਏ ਜੋ ਮਨ ਭਾਵਨੀ । ਕਲਜੁਗ ਵਰਤਾਏ ਪ੍ਰਭ ਆਪਣੀ ਕਲ । ਜਲ ਥਲ ਥਲ ਜਲ ਕਰਾਏ ਜਲ । ਭਾਣਾ ਸਾਚਾ, ਨਾ ਕਲਜੁਗ ਜਾਏ ਟਲ ।

ਸ੍ਰਿਸ਼ਟ ਸਬਾਈ ਅੰਤਕਾਲ ਕਲਜੁਗ ਜਾਏ ਹਲ । ਚਾਰ ਕੁੰਟ ਚੜ੍ਹ ਆਇਣ ਦਲ । ਕਲਜੁਗ ਜੀਵ ਅੰਤਕਾਲ ਰਣ ਭੂਮ ਲਿਆ ਮਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ ਸਾਚੀ ਵਰਤਾਈ ਕਲ । ਕਲ ਧਾਰ ਆਇਆ ਕਲ ਧਾਰੀ । ਜਗਤ ਰੁਲਾਏ ਪ੍ਰਭ ਨਿਰਹਾਰੀ । ਬੇਮੁਖ ਭੁਲਾਏ, ਮਾਇਆ ਜਗਤ ਪਸਾਰੀ । ਗੁਰਸਿਖ ਤਰਾਏ, ਮਹਾਰਾਜ ਸ਼ੇਰ ਸਿੰਘ ਨਿਰੰਕਾਰੀ । ਪੂਰੇ ਤੋਲ ਗੁਰਸਿਖ ਤੁਲਾਇਆ । ਸਾਚਾ ਸ਼ਬਦ ਸੋਹੰ, ਤੇਰੇ ਵਿਚ ਵਸਾਇਆ । ਜਗਤ ਭੇਖ ਸਰਬ ਮਿਟਾਇਆ । ਏਕਾ ਰਾਮ ਏਕਾ ਜੋਤ, ਏਕਾ ਜੀਵ ਉਪਾਇਆ । ਏਕਾ ਨਾਮ ਏਕਾ ਗੋਤ, ਚਾਰ ਵਰਨ ਕਰਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚਾ ਸਤਿਜੁਗ ਲਾਇਆ । ਸਤਿ ਪੁਰਖ ਤੇਰਾ ਸਤਿ ਮਾਨ । ਸਾਚਾ ਸ਼ਬਦ ਕਲਜੁਗ ਮਿਲਿਆ ਦਾਨ । ਆਤਮ ਵੱਜਾ ਸੋਹੰ ਸਾਚਾ ਬਾਣ । ਕਲਜੁਗ ਪਰਗਟੇ ਜੋਤ ਸਰੂਪ, ਨਿਹਕਲੰਕ ਵਿਸ਼ਨੂੰ ਭਗਵਾਨ । ਜੋਤ ਸਰੂਪ ਤੇਰੀ ਸਾਚੀ ਜੋਤਾ । ਏਕਾ ਜੋਤ ਆਕਾਰ, ਪ੍ਰਭ ਜੁਗੋ ਜੁਗ ਹੋਤਾ । ਗੁਰਸਿਖ ਸ਼ਬਦ ਅਧਾਰ ਕਰ, ਗੁਰਮੁਖ ਜਗਾਇਆ ਸੋਤਾ । ਬੇਮੁਖ ਕਲਜੁਗ ਖੁਆਰ ਕਰ, ਨਰਕ ਲਵਾਇਆ ਗੋਤਾ । ਸਾਧ ਸੰਗਤ ਪ੍ਰਭ ਸ਼ਬਦ ਅਧਾਰ ਕਰ, ਵਿਚ ਜੋਤ ਮਿਲਾਈ ਜੋਤੀ ਜੋਤਾ । ਮਿਲ ਜੋਤ ਜੀਵ ਜੋਤ ਜਗਾਏ । ਆਪਣਾ ਆਪ ਜਗਤ ਤਜਾਏ । ਏਕਾ ਨਿਰਮਲ ਸਾਚੀ ਜੋਤ ਪ੍ਰਭ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰੀ ਸਚ ਸਰਨਾਏ । ਸਤਿਜੁਗ ਤੇਰਾ ਸਤਿ ਵਰਤਾਰ । ਸੰਤ ਮਨੀ ਸਿੰਘ ਸਤਿਜੁਗ ਕਰੇ ਅਧਾਰ । ਦੇਵੇ ਵਡਿਆਈ ਨਿਹਕਲੰਕ ਅਵਤਾਰ । ਮਸਤਕ ਤਿਲਕ ਲਗਾਏ, ਸਚ ਬਣਾਏ ਦਰਬਾਰ । ਸੋਹੰ ਸਾਚਾ ਸ਼ਬਦ ਚਲਾਏ, ਸਚ ਵਰਤਾਏ ਜਗਤ ਭੰਡਾਰ । ਚਾਰ ਵਰਨ ਚਰਨੀ ਲਾਏ, ਹੋਇਣ ਸਰਬ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਸਰਨਾਏ, ਗੁਰਸਿਖ ਨਾ ਹੋਏ ਖੁਆਰ । ਗੁਰਸਿਖ ਤੇਰੀ ਮਿਟੀ ਖੁਆਰੀ । ਸਾਚੇ ਪ੍ਰਭ ਚਰਨ ਬਲਿਹਾਰੀ । ਕਲਜੁਗ ਬੇੜਾ ਪ੍ਰਭ ਪਾਰ ਉਤਾਰੀ । ਨਿਹਕਲੰਕ ਅੰਤ ਮਿਟਾਏ ਮਾਇਆਧਾਰੀ । ਜਾਮਾ ਧਾਰੇ ਪ੍ਰਭ ਜਗਤ ਮਿਟਾਏ । ਊਚ ਨੀਚ ਕੋਈ ਰਹਿਣ ਨਾ ਪਾਏ । ਸਰਬ ਖੰਡ ਵਿਚ ਵਰਭੰਡ, ਪ੍ਰਭ ਸਾਚੀ ਜੋਤ ਜਗਾਏ । ਆਤਮ ਹੋਵੇ ਨਾ ਕਿਸੇ ਰੰਡ, ਸਤਿਜੁਗ ਸਾਚੀ ਸੇਵਾ ਲਾਏ । ਧਰਮ ਰਾਏ ਨਾ ਦੇਵੇ ਕਿਸੇ ਡੰਡ, ਨਿਹਕਲੰਕ ਹੋਏ ਸਹਾਏ । ਸਾਧ ਸੰਗਤ ਪ੍ਰਭ ਜਾਏ ਵੰਡ, ਸਾਧ ਸੰਗਤ ਭਿਛਿਆ ਪਾਏ । ਮਹਾਰਾਜ ਸ਼ੇਰ ਸਿੰਘ ਦੀਸੇ ਵਰਭੰਡ, ਜੋਤ ਸਰੂਪ ਸਦਾ ਰਹਾਏ । ਜੋਤ ਸਰੂਪ ਜਗਤ ਕੇ ਦਾਤੇ । ਕਲਜੁਗ ਅੰਤ ਸਾਚੇ ਸ਼ਬਦ ਸਦਾ ਰੰਗਰਾਤੇ । ਨਿਹਕਲੰਕ ਜੋਤ ਪਰਕਾਸ਼ੇ, ਬਿਨ ਤੇਲ ਬਿਨ ਬਾਤੇ । ਜਨ ਭਗਤਾਂ ਜਨਮ ਹੋਇਆ, ਪਾਇਆ ਦਰਸ ਪ੍ਰਭ ਵਿਧਾਤੇ । ਮਹਾਰਾਜ ਸ਼ੇਰ ਸਿੰਘ ਤੇਰਾ ਧਰਵਾਸ, ਚਰਨ ਪ੍ਰੀਤੀ ਸਾਚੇ ਨਾਤੇ । ਚਰਨ ਸੇਵਾ ਉਤਮ ਫਲ । ਗੁਰਸਿਖ ਸਾਚਾ ਦਰ ਅੰਤ ਪ੍ਰਭ ਮਲ । ਸਾਚੀ ਜੋਤ ਪਰਕਾਸ਼, ਅੰਤ ਜੋਤ ਵਿਚ ਰਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਅੱਜ ਤੇ ਕੱਲ । ਆਇਆ ਵਕਤ ਪ੍ਰਭ ਗੁਣ ਗਾਵਣ ਦਾ । ਸਾਧ ਸੰਗਤ ਰੰਗ ਸਾਚਾ ਆਤਮ ਚੜ੍ਹਾਵਣ ਦਾ । ਨਿਹਕਲੰਕ ਜੋਤ ਪਰਗਟਾਏ, ਧੰਨ ਦਿਹਾੜਾ ਸਤਾਰਾਂ ਸਾਵਣ ਦਾ । ਜਨ ਭਗਤਾਂ ਲਿਖਤ ਕਰਾਈ, ਪ੍ਰਭ ਦਰ ਵਡਿਆਈ ਪਾਵਣ ਦਾ । ਮਹਾਰਾਜ ਸ਼ੇਰ ਸਿੰਘ ਸਾਚੀ ਕਲ ਵਰਤਾਈ, ਗੁਰਸਿਖ ਵੇਲਾ ਨਹੀਂ ਮੁਖ ਭਵਾਵਣ ਦਾ । ਗੁਰਮੁਖ ਸਾਚਾ ਸਦਾ ਹੈ ਜਾਗੇ । ਮਾਨਸ ਜਨਮ ਨਾ ਲਾਗੇ ਦਾਗ਼ੇ । ਅਨਹਦ ਸ਼ਬਦ ਉਪਜੇ ਸਦਾ ਰਾਗੇ । ਦਰਸ ਪ੍ਰੀਤ ਪ੍ਰਭ ਚਰਨੀਂ ਲਾਗੇ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤੇਰੇ, ਕਲਜੁਗ ਸੋਏ ਜਾਗੇ । ਸੋਇਆ ਜਾਗੇ,

ਜਾਗਤ ਸੋਇਆ । ਅੰਤਕਾਲ ਕਲਜੁਗ ਬੇਮੁਖ ਦਰ ਤੇ ਰੋਇਆ । ਗੁਰਸਿਖ ਸਾਚੇ ਸਾਚਾ ਫਲ, ਪੂਰਬ ਜਨਮ ਦਾ ਬੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਕਦੇ ਨਾ ਸੋਇਆ । ਸਾਚੇ ਪ੍ਰਭ ਦਿਤੀ ਵਡਿਆਈ । ਸਾਚੇ ਸਿੱਖ ਹੱਥ ਕਲਮ ਫੜਾਈ । ਦਿਵਸ ਰੈਣ ਪ੍ਰਭ ਜਸ ਗਾਈ । ਸਤਾਰਾਂ ਦਿਵਸ ਪ੍ਰਭ ਲਿਖਤ ਕਰਾਈ । ਸਾਚਾ ਨਾਮ ਜਗਤ ਰਹਿ ਜਾਈ । ਧੰਨ ਧੰਨ ਧੰਨ ਗੁਰਸਿਖ ਤੇਰੀ ਸੇਵਾ, ਗੁਰਚਰਨ ਕਮਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਦੇਵੇ ਵਡਿਆਈ । ਦਿਵਸ ਸਤਾਰਾਂ ਕਲਮ ਚਲਾ ਕੇ । ਕਲਜੁਗ ਸਤਿਜੁਗ ਕਰਮ ਲਿਖਾ ਕੇ । ਜਨ ਭਗਤਾਂ ਚਾਰ ਜੁਗ ਵਡਿਆ ਕੇ । ਗੁਰਸਿਖ ਤੇਰੀ ਰੱਖੇ ਲਾਜ, ਜੋਤ ਪਰਗਟਾ ਕੇ । ਨਿਹਕਲੰਕ ਕਲ ਆ ਕੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਜਾਏ ਸ਼ਬਦ ਲਿਖਾ ਕੇ । ਸਾਚੀ ਲਿਖਤ ਸਾਚਾ ਲਿਖਾਰੀ । ਦਿਵਸ ਸਤਾਰਾਂ ਪ੍ਰਭ ਚਰਨ ਦਵਾਰੀ । ਦੇਵੇ ਸ਼ਬਦ ਪ੍ਰਭ ਸ਼ਬਦ ਭੰਡਾਰੀ । ਆਤਮ ਰਹੇ ਸੋਹੰ ਤੇਰੇ ਨਾਮ ਖੁਮਾਰੀ । ਸਾਚੀ ਜੋਤ ਧਰੇ ਕਲਜੁਗ, ਨਿਹਕਲੰਕ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਪੈਜ ਸਵਾਰੀ । ਲਿਖਤ ਤੇਰੀ ਲਿਖਾਏ ਲੇਖ । ਕਲਜੁਗ ਆਤਮ ਰੰਗ ਕਲ ਵੇਖ । ਕਲਜੁਗ ਜਾਏ ਸਤਿਜੁਗ ਪਰਗਟਾਏ, ਸਾਚਾ ਕੀਆ ਭੇਸ । ਨਿਹਕਲੰਕ ਸਤਿਗੁਰ ਸਾਚਾ, ਸਾਚੇ ਪ੍ਰਭ ਕੋ ਸਦਾ ਆਦੇਸ । ਸਦਾ ਸਦਾ ਪ੍ਰਭ ਦੀਨ ਦਿਆਲ । ਦੁਖ ਭੰਜਣ ਭਗਤ ਵਛਲ ਗੋਪਾਲ । ਮਦਨ ਮੋਹਨ ਗੁਰ ਗੋਪਾਲ । ਜਨ ਭਗਤਾਂ ਤੋੜੇ ਆਤਮ ਜੰਜਾਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਆਤਮ ਦੀਪਕ ਦੇਵੇ ਬਾਲ । ਗੁਰਸਿਖ ਤੇਰੀ ਰੀਤ ਸਾਚੀ । ਝੂਠੀ ਮਾਇਆ ਤਜਾਈ ਨੀਤ । ਨਿਹਕਲੰਕ ਕਲ ਪਾਈ ਸਾਚੀ ਪ੍ਰੀਤ । ਅੰਤਕਾਲ ਪ੍ਰਭ ਏਕਾ ਸਾਚਾ ਮੀਤ । ਦੇਵੇ ਦਰਸ ਪਰਗਟ ਜੋਤ, ਪਰਖੇ ਪ੍ਰਭ ਸਾਚੀ ਨੀਤ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸਾਚੇ, ਕਲਜੁਗ ਲਿਆ ਜੀਤ । ਕਲਜੁਗ ਤੇਰੀ ਲੱਖੀ ਪਤਿ । ਜੋਤ ਸਰੂਪ ਪ੍ਰਭ ਖਿਚਿਆ ਸਾਰਾ ਯਤਿ । ਤਨ ਨਿਚੋੜੀ ਸਾਰੀ ਰਤ । ਬੇਮੁਖਾਂ ਪਾਈ ਉਲਟੀ ਮਤਿ । ਗੁਰਸਿਖਾਂ ਦੇਵੇ ਸੋਹੰ ਨਾਮ ਸਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਰੱਖੇ ਪਤਿ । ਗੁਰਪਰਸਾਦ ਗੁਰਦਰ ਪਾਇਆ । ਗੁਰਪਰਸਾਦ ਪ੍ਰਭ ਦਰਸ ਦਿਖਾਇਆ । ਗੁਰਪਰਸਾਦ ਪਰਗਟ ਜੋਤ ਨਿਹਕਲੰਕ ਭੋਗ ਲਗਾਇਆ । ਗੁਰਪਰਸਾਦ ਸਾਧ ਸੰਗਤ ਮੁਖ ਲਗਾਇਆ । ਗੁਰਪਰਸਾਦ ਦੁੱਖ ਰੋਗ ਦੇਹ ਗਵਾਇਆ । ਗੁਰਪਰਸਾਦ ਤੀਨ ਤਾਪ ਪ੍ਰਭ ਨਾਸ ਕਰਾਇਆ । ਗੁਰਪਰਸਾਦ ਮਰੂ ਦੇਵਾ ਛੇਆ ਦੇਵੀ ਪ੍ਰਭ ਵਸ ਕਰਾਇਆ । ਗੁਰਪਰਸਾਦ ਗੁਰ ਗੋਰਖ ਸਾਚਾ ਨਾਦ ਵਜਾਇਆ । ਗੁਰਪਰਸਾਦ ਜਾਮਾ ਧਾਰ ਨਿਹਕਲੰਕ ਕਲਜੁਗ ਅੰਤ ਸਰਬ ਮਿਟਾਇਆ । ਗੁਰਪਰਸਾਦ ਪ੍ਰਭ ਆਏ ਪਰਸਾਦੀ । ਗੁਰਪਰਸਾਦ ਸਭ ਸ੍ਰਿਸ਼ਟ ਸਾਧੀ । ਗੁਰਪਰਸਾਦ ਗੁਰਮੁਖ ਸਾਚੇ ਪ੍ਰਭ ਰਸਨ ਅਰਾਧੀ । ਮਹਾਰਾਜ ਸ਼ੇਰ ਸਿੰਘ ਕਲਜੁਗ ਜੋਤ ਜਗਾਏ ਅਨਾਦੀ । ਗੁਰਪਰਸਾਦ ਗੁਰ ਰੰਗ ਚੜ੍ਹਾਇਆ । ਗੁਰਪਰਸਾਦ ਪ੍ਰਭ ਕਲਜੁਗ ਭਰਮ ਮਿਟਾਇਆ । ਗੁਰਪਰਸਾਦ ਸਾਚਾ ਸ਼ਬਦ ਪ੍ਰਭ ਗਿਆਨ ਦਵਾਇਆ । ਗੁਰਪਰਸਾਦ ਗੁਰਮੁਖ ਸਾਚੇ ਹਿਰਦੇ ਸਦਾ ਵਸਾਇਆ । ਗੁਰਪਰਸਾਦ ਕਲਜੁਗ ਪੋਹ ਨਾ ਸਕੇ ਮਾਇਆ । ਪ੍ਰਭ ਚਰਨ ਲਾਗ ਸਾਚਾ ਵਰ, ਪ੍ਰਭ ਦਰ ਤੇ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਿਰ ਹੱਥ ਟਿਕਾਇਆ । ਗੁਰਪਰਸਾਦ, ਪ੍ਰਭ ਕਾ ਰੰਗ । ਗੁਰਪਰਸਾਦ ਸਾਚਾ ਨਾਮ ਸੋਹੰ ਸਾਧ ਸੰਗਤ ਲਿਆ ਮੰਗ । ਕਲਜੁਗ ਜੀਵ ਪ੍ਰਭ ਦਰ ਨਾ ਸੰਗ । ਕਲਜੁਗ ਝੂਠਾ ਜੀਵ ਟੁੱਟ ਜਾਏ

ਜਿਉਂ ਕਾਚੀ ਵੰਗ । ਗੁਰਪਰਸਾਦ ਗੁਰਸਿਖ ਜਨਮ ਨਾ ਹੋਏ ਭੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਅੰਗ ਸੰਗ । ਗੁਰਪਰਸਾਦ ਜੋਤ ਜਗਾਈ । ਗੁਰਪਰਸਾਦ ਸਤਾਰਾਂ ਸਾਵਣ ਸਾਧ ਸੰਗਤ ਮਨ ਵਧਾਈ । ਪਰਗਟ ਜੋਤ ਨਿਹਕਲੰਕ, ਸਾਚੀ ਲਿਖਤ ਸ਼ਬਦ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਵਡਿਆਈ । ਗੁਰਪਰਸਾਦ ਗੁਰ ਪੂਰਾ ਪਾਇਆ । ਗੁਰਪਰਸਾਦ ਭਰਮ ਭੁਲੇਖਾ ਸਾਰਾ ਲਾਹਿਆ । ਗੁਰਪਰਸਾਦ ਵਰ ਦਰ ਪ੍ਰਭ ਪਾਇਆ । ਗੁਰਪਰਸਾਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਸੁਣਾਇਆ । ਗੁਰਪਰਸਾਦ ਦੁਰਮਤ ਜਾਏ । ਗੁਰਪਰਸਾਦ ਸਾਚੀ ਮਤਿ ਸਤਿ ਵਰਤਾਏ । ਗੁਰਪਰਸਾਦ ਪ੍ਰਭ ਅਬਿਨਾਸ਼ੀ ਘਰ ਮੇਂ ਪਾਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਪਰਗਟ ਜੋਤ ਭੋਗ ਲਗਾਏ । ਭੋਗ ਲਗਾਏ ਭਗਤ ਘਰ । ਸੋਹੰ ਸਾਚਾ ਸ਼ਬਦ ਦੇ ਜਾਏ ਵਰ । ਚਰਨ ਲਾਗ ਗੁਰਸੰਗਤ ਗਈ ਤਰ । ਕੌਰ ਰਣਜੀਤ ਮਿਲਿਆ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ ਨਿਹਕਲੰਕ ਅਵਤਾਰ ਨਰ । ਭੋਗ ਲਗਾਏ ਭਗਤ ਵਛਲ ਭਗਵਾਨ । ਸਾਧ ਸੰਗਤ ਹੋਵੇ ਰਸਨਾ ਪਾਨ । ਸਤਿਪਰਸਾਦ ਆਤਮ ਤੋੜੇ ਅਭਿਮਾਨ । ਗੁਰਪਰਸਾਦ ਕਲਜੁਗ ਜੀਵ ਆਤਮ ਉਪਜੇ ਬ੍ਰਹਮ ਗਿਆਨ । ਗੁਰਪਰਸਾਦ ਪ੍ਰਭ ਗੁਣ ਜਾਣੇ ਕੋਈ ਗੁਣੀ ਨਿਧਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਨਾਮ ਦੇਵੇ ਵਡ ਦਾਨੀ ਦਾਨ । ਭੋਗ ਭੋਗ ਭੋਗ, ਪ੍ਰਭ ਲਗਾਏ ਭੋਗ । ਰੋਗ ਰੋਗ ਰੋਗ, ਗੁਰਸਿਖਾਂ ਮਿਟਾਏ ਰੋਗ । ਜੋਗ ਜੋਗ ਜੋਗ, ਸੋਹੰ ਸ਼ਬਦ ਸਾਚਾ ਜੋਗ । ਭੋਗ ਭੋਗ ਭੋਗ, ਗੁਰਸਿਖ ਆਤਮ ਰਸ ਗੁਰਚਰਨ ਪ੍ਰੀਤੀ ਭੋਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਰਗਟ ਜੋਤ ਕਲਜੁਗ ਗੁਰਸਿਖ ਘਰ ਲਗਾਏ ਭੋਗ । ਭੋਗ ਲਗਾਏ ਵਿਸ਼ਨੂੰ ਭਗਵਾਨ । ਸਾਚਾ ਹੋਇਆ ਜਗਤ ਪਰਵਾਨ । ਭਖ ਭੋਜ ਲੇਹਜ ਫੇਹਜ ਚਾਰੋਂ ਇਕ ਸਮਾਨ । ਝੂਠਾ ਜਗਤ ਨਾ ਜਾਣੇ ਭੇਵ ਬਲੀ ਬਲਵਾਨ । ਕਲਜੁਗ ਜਾਮਾ ਧਾਰ, ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਗੁਣੀ ਨਿਧਾਨ । ਭਾਗ ਹੋਏ ਪ੍ਰਭ ਦਰਸ ਦਿਖਾਇਆ । ਘਨਕਪੁਰ ਵਾਸੀ ਪਰਗਟ ਜੋਤ, ਸਾਵਣ ਸਤਾਰਾਂ ਭੋਗ ਲਗਾਇਆ । ਪੁਰਖ ਅਬਿਨਾਸ਼ੀ ਸਰਬ ਜੀਵ ਵਿਨਾਸੀ, ਸਾਚਾ ਪ੍ਰਭ ਜਗਤ ਸਮਾਇਆ । ਬੇਮੁਖ ਮਿਟੇ ਕਲਜੁਗ ਕਰ ਕਰ ਹਾਸੀ, ਸਾਚਾ ਪ੍ਰਭ ਨਜ਼ਰ ਨਾ ਆਇਆ । ਜੋ ਜਨ ਹੋਏ ਮਦਿਰਾ ਮਾਸੀ, ਅੰਤਕਾਲ ਪ੍ਰਭ ਵਿਚ ਪ੍ਰੇਤ ਵਾਸ ਕਰਾਇਆ । ਨਿਹਕਲੰਕ ਪਰਗਟ ਭੇਸ, ਬੇਮੁਖਾਂ ਵਿਸ਼ਟਾ ਮੁਖ ਰਖਾਇਆ । ਸਾਧ ਸੰਗਤ ਸਦਾ ਅਦੇਸ, ਪ੍ਰਭ ਪਰਸਾਦੀ ਸਤਿ ਪਰਸਾਦ ਵਰਤਾਇਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਜੋਤ ਆਕਾਰ, ਰਸਨਾ ਭੋਗ ਲਗਾਇਆ । ਰਸਨਾ ਭੋਗ ਲਗਾਇਆ ਸਾਚੇ ਪ੍ਰਭ, ਸਚ ਤੇਰੀ ਵਡਿਆਈ । ਕਲਜੁਗ ਜਾਮਾ ਧਾਰ, ਸਾਧ ਸੰਗਤ ਦੀ ਆਸ ਪੁਜਾਈ । ਕਰ ਜੋਤ ਆਕਾਰ, ਚਾਰ ਕੁੰਟ ਹਾਹਾਕਾਰ ਮਚਾਈ । ਬੈਠਾ ਆਪ ਨਿਰਾਧਾਰ, ਨਿਰਾਹਾਰ ਪ੍ਰਭ ਸਦਾ ਸੁਖਦਾਈ । ਜਨ ਭਗਤਾਂ ਦੇਵੇ ਸ਼ਬਦ ਭੰਡਾਰ, ਸ਼ਬਦ ਗਿਆਨ ਪ੍ਰਭ ਝੋਲੀ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਾਰੇ ਸਿੱਖ ਜੋ ਆਏ ਸਰਨਾਈ । ਸਰਨ ਆਏ, ਪ੍ਰਭ ਸਰਨਾਗਤ । ਸਾਚਾ ਸ਼ਬਦ ਵਰਤਾਏ, ਗੁਰਸਿਖ ਰਖਾਏ ਸਿਰ ਹੱਥ । ਪ੍ਰਭ ਏਕਾ ਨਾਮ ਜਪਾਏ, ਚਾਰ ਵਰਨ ਇਕ ਕਰਾਏ ਏਕਾ ਮਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਜੋਤ ਆਕਾਰ ਲਿਆ ਜਗ ਜਿੱਤ । ਜੋਤ ਆਕਾਰ ਪ੍ਰਭ ਕਿਸੇ ਨਾ ਜਣਾਇਆ । ਪਰਗਟ ਜੋਤ ਨਿਹਕਲੰਕ, ਸਵੱਛ ਸਰੂਪ ਦਰਸ ਦਿਖਾਇਆ । ਜਾਮਾ ਧਾਰ ਘਨਕਪੁਰ, ਕਲਜੁਗ ਜੀਵ ਭੇਵ ਰਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਭਾਣਾ ਸਤਿ

ਵਰਤਾਇਆ । ਸਤਿ ਹੋਵੇ ਸਤਿ ਵਰਤਾਰਾ । ਏਕਾ ਜੋਤ ਜਗੇ, ਜਗਤ ਨਿਰੰਕਾਰਾ । ਝੂਠਾ ਮਿਟੇ ਸਰਬ ਪਸਾਰਾ । ਏਕੰਕਾਰ ਏਕਾ ਕੀਆ ਆਕਾਰਾ । ਏਕਾ ਜੋਤ ਪ੍ਰਭ ਨਿਰਾਧਾਰ, ਸਰਬ ਜਗਤ ਕੀਆ ਪਸਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਤਾਰਨਹਾਰਾ । ਆਵੇ ਜਾਵੇ ਜਾਵੇ ਆਏ । ਲੱਖ ਚੁਰਾਸੀ ਪ੍ਰਭ ਗੇੜ ਫਿਰਾਏ । ਮਾਨਸ ਜਨਮ ਪ੍ਰਭ ਉਤਮ ਰਖਾਏ । ਗੁਰਮੁਖ ਵਿਰਲਾ ਕੋਈ ਸਾਚੀ ਬੂਝ ਬੁਝਾਏ । ਰਸਨਾ ਛਡ ਵਿਕਾਰ, ਆਤਮ ਰਸ ਨਿਜ ਮਾਹਿ ਪਾਏ । ਸੋਹੰ ਸ਼ਬਦ ਆਕਾਰ, ਦੁਰਮਤ ਮੈਲ ਗਵਾਏ । ਉਜਲ ਮੁਖ ਵਿਚ ਸੰਸਾਰ, ਜੋ ਜਨ ਆਏ ਨਿਹਕਲੰਕ ਸਰਨਾਏ । ਸਾਧ ਸੰਗਤ ਪ੍ਰਭ ਦੇਵੇ ਤਾਰ, ਅੰਤਕਾਲ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਤੇਰੇ ਭਰੇ ਭੰਡਾਰ, ਅਤੁਲ ਅਖੁਟ ਨਾ ਨਿਖੁਟਿਆ ਜਾਏ । ਏਕਾ ਸ਼ਬਦ ਜਗਤ ਵਰਤਾਰ, ਸੋਹੰ ਚਲੇ ਸਾਚੀ ਨਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਨਾਮ ਲਿਖਾਏ । ਮਧਸੂਦਨ ਦਾਮੋਦਰ ਸਵਾਮੀ । ਭਗਤ ਵਛਲ ਸਦਾ ਨਿਹਕਾਮੀ । ਨਿਹਕਲੰਕ ਧਰੇ ਜੋਤ ਕਲ ਅੰਤਰਜਾਮੀ । ਜਨ ਭਗਤਾਂ ਏਕਾ ਓਟ, ਪ੍ਰਭ ਦਰ ਸੁਆਮੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਗਿਆਨ ਸੋਹੰ ਆਤਮ ਨਾਮੀ । ਨਿਹਕਲੰਕ ਕਵਣ ਜਾਣੇ ਤੇਰੇ ਗੁਣ । ਗੁਰਮੁਖ ਚਰਨ ਲਗਾਏ ਕਲਜੁਗ ਚੁਣ । ਸੋਹੰ ਸ਼ਬਦ ਸੁਣਾਏ, ਆਤਮ ਵਜਾਏ ਧੁਨ । ਸਾਚਾ ਰਾਗ ਅਲਾਏ, ਖੋਲ੍ਹ ਵਖਾਈ ਸੁੰਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਸਾਚਾ ਨਾਮ ਜਾਏ ਸੁਣ । ਸਾਚਾ ਨਾਮ ਪ੍ਰਭ ਜਗਤ ਸੁਣਾਇਆ । ਮਰਦੰਗ ਢੋਲ ਜਗਤ ਵਜਾਇਆ । ਚਾਰ ਕੁੰਟ ਸੋਹੰ ਬਾਣ ਲਗਾਇਆ । ਬੇਮੁਖਾਂ ਘਰ ਹਾਹਾਕਾਰ ਮਚਾਇਆ । ਗੁਰਸਿਖਾਂ ਬਾਂਹੋਂ ਪਕੜ ਨਿਹਕਲੰਕ ਚਰਨੀਂ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਪਾਈ ਮਾਇਆ । ਮਾਇਆ ਮਮਤਾ ਝੂਠਾ ਰੂਪ । ਬੇਮੁਖਾਂ ਭੁੱਲਿਆ ਨਿਹਕਲੰਕ ਸਾਚਾ ਭੂਪ । ਜੋਤ ਪਰਗਟਾਏ ਵਿਚ ਸਿੱਖ ਦੇ, ਨਾ ਦੀਸੇ ਰੰਗ ਰੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਤਿ ਸਰੂਪ । ਸੋਹੰ ਸ਼ਬਦ ਗੁਰਸਿਖਾਂ ਆਣ । ਨਿਹਕਲੰਕ ਸਾਚਾ ਗੁਰ, ਕਲਜੁਗ ਜਾਣ । ਸੋਹੰ ਸ਼ਬਦ ਆਤਮ ਮਾਰੇ ਬਾਣ । ਏਕਾ ਧੁਨ ਉਪਜਾਏ, ਪ੍ਰਭ ਜਾਣੀ ਜਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਚਲਾਇਆ ਬਾਣ । ਸ਼ਬਦ ਬਾਣ ਜਗਤ ਚਲਾ ਕੇ । ਕਲਜੁਗ ਬੈਠਾ ਜੋਤ ਸਰੂਪੀ ਭੇਖ ਵਟਾ ਕੇ । ਸਾਚੀ ਜੋਤ ਵਿਚ ਸਿੱਖ ਟਿਕਾ ਕੇ । ਅਗਾਧ ਬੋਧ ਬੋਧ ਅਗਾਧ, ਸਾਚੀ ਲਿਖਤ ਜਾਏ ਲਿਖਾ ਕੇ । ਗੁਰ ਗੋਬਿੰਦ ਜਾਏ ਬਚਨ ਕਲ ਵਰਤਾ ਕੇ । ਬੇਮੁਖਾਂ ਸਾਚਾ ਸੋਹੰ ਖੰਡਾ ਲਾ ਕੇ । ਜਨ ਭਗਤਾਂ ਆਤਮ ਉਜਲ ਕਰਾ ਕੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਜੁਗੋ ਜੁਗ ਜਾਏ ਭੇਵ ਖੁਲ੍ਹਾ ਕੇ । ਚਾਰ ਜੁਗ ਪ੍ਰਭ ਵਰਤਾਰ । ਆਵੇ ਜਾਵੇ ਜਗਤ ਵਿਹਾਰ । ਆਪਣੇ ਰੰਗ ਰਵੇ ਨਿਰੰਕਾਰ । ਏਕਾ ਜੋਤ ਜੁਗੋ ਜੁਗ ਆ ਕੇ, ਜਗਤ ਕਰੇ ਆਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਪਰਗਟਿਆ ਨਿਹਕਲੰਕ ਅਵਤਾਰ । ਘਨਕਪੁਰੀ ਪ੍ਰਭ ਕਾ ਥਾਉਂ । ਪਿੰਡ ਘਵਿੰਡ ਹੈ ਸਾਚਾ ਨਾਉਂ । ਜੋਤ ਜਗਾਏ ਅਗੰਮ ਅਥਾਹੋ । ਬੇਮੁਖਾਂ ਨਾ ਦੀਸੇ ਸਾਚਾ ਬੇਪਰਵਾਹੋ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਸਾਚਾ ਸ਼ਾਹੋ । ਸਾਚਾ ਸ਼ਾਹ ਸਚਾ ਦਰਬਾਰ । ਸਾਚਾ ਸ਼ਬਦ ਸਰਬ ਭੰਡਾਰ । ਸਾਧ ਸੰਗਤ ਦੇਵੇ ਨਿਹਕਲੰਕ ਅਵਤਾਰ । ਆਤਮ ਉਤਪਤ ਸਾਚੀ ਜੋਤ ਕਰੇ ਆਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਦੇਵੇ ਚਰਨ ਪਿਆਰ । ਗੁਰਮੁਖ ਔਖਾ ਨਾਮ ਕਮਾਵਣਾ । ਮਦਿ ਮਾਸ ਨਾ ਰਸਨਾ ਲਾਵਣਾ । ਭਗਵਾਨ ਵਿਸ਼ਨੂੰ ਸਾਚਾ ਸ਼ਬਦ

ਸੁਣਾਵਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅੰਤ ਜੋਤੀ ਜੋਤ ਮਿਲਾਵਣਾ । ਸ਼ਬਦ ਕਮਾ ਮਦਿ ਰਸਨਾ ਲਾਏ । ਦੁਰਮਤ ਦੇਹ ਜੀਵ ਹੋ ਜਾਏ । ਸਤਿਗੁਰ ਸਾਚਾ ਸਾਚੀ ਦੇ ਸਜ਼ਾਏ । ਬੇਮੁਖ ਹੋਇਆ ਗੁਰਸਿਖ, ਨਰਕ ਨਿਵਾਸ ਦਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਵਰਤਾਏ ।

❊ ੪ ਅੱਸੂ ੨੦੦੮ ਬਿਕ੍ਰਮੀ ਮੇਰਠ ਵਿਹਾਰ ਹੋਇਆ ❊

ਪੂਰਨ ਗੁਰ ਪੂਰਨ ਅਵਤਾਰ । ਗੁਰਮੁਖ ਸਾਚੇ ਪ੍ਰਭ ਜਾਏ ਤਾਰ । ਮਾਣ ਦਵਾਏ ਵਿਚ ਸੰਸਾਰ । ਧਰੇ ਜੋਤ ਆਪ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਤੇਰੀ ਜਾਏ ਪੈਜ ਸਵਾਰ । ਰੱਖੇ ਲਾਜ ਆਪ ਗਿਰਧਾਰ । ਪਰਗਟਾਈ ਜੋਤ ਵਿਚ ਸੰਸਾਰ । ਭਗਤ ਜਨਾਂ ਪ੍ਰਭ ਪਾਰ ਉਤਾਰ । ਮਹਾਰਾਜ ਸ਼ੇਰ ਸਿੰਘ ਦਰਸ ਕਰ, ਗੁਰਮੁਖ ਹੋਏ ਪਾਰ । ਗੁਰਮੁਖ ਪ੍ਰਭ ਦਰਸ਼ਨ ਪਾਇਆ । ਤੇਰਾਂ ਹਾੜ ਵੀਹ ਸੌ ਇਕ ਬਿਕ੍ਰਮੀ ਜੋ ਲਿਖਾਇਆ । ਮੇਲ ਮਿਲਾਇਆ ਆਪ ਪ੍ਰਭ ਦਰ ਕਰ ਕਰ ਹਾਹਾਕਾਰ, ਸਾਚੀ ਮਾਤਾ ਤਨ ਰੁਲਾਇਆ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਬਲਿਹਾਰ, ਗੁਰਮੁਖ ਕੀਆ ਪਾਰ, ਪ੍ਰੇਤ ਜਨਮ ਪ੍ਰਭ ਗਵਾਇਆ । ਮਿਲਿਆ ਜਨਮ ਭਇਆ ਪਰਕਾਸ਼ । ਪੂਰਨ ਗੁਰ ਪੁਜਾਈ ਆਸ । ਕਲਜੁਗ ਦੁੱਖਾਂ ਕੀਆ ਨਾਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਬਖ਼ਸ਼ਿਆ ਚਰਨ ਨਿਵਾਸ । ਨਿਰਧਨ ਰੂਪ ਪ੍ਰਭ ਪੂਰਨ ਜੋਤ ਜਗਾਏ, ਪ੍ਰਭ ਸਤਿ ਸਰੂਪ । ਕਲਜੁਗ ਅੰਤਮ ਅੰਤ ਅੰਧ ਕੂਪ । ਗੁਰਮੁਖ ਸਾਚੇ ਤੇਰਾ ਸਾਚਾ ਸਤਿ ਸਰੂਪ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਵਡ ਦਾਤਾ ਵਡ ਭੂਪ । ਵੱਡਾ ਪ੍ਰਭ ਵੱਡੀ ਵਡਿਆਈ । ਗੁਰਮੁਖ ਰੰਗ ਮਜੀਠ ਚੜ੍ਹਾਈ । ਟੁੱਟੀ ਗੰਢਣਹਾਰ ਪ੍ਰਭ, ਟੁੱਟੀ ਗੰਢ ਵਖਾਈ । ਮਹਾਰਾਜ ਸ਼ੇਰ ਸਿੰਘ ਪਤਤ ਉਧਾਰਣ, ਜੋ ਜਨ ਆਏ ਸਰਨਾਈ । ਗੁਰਸਿਖ ਸਾਚੇ ਚਰਨ ਪ੍ਰਭ ਆਏ । ਚਰਨ ਧੂੜ ਲੈ ਮਸਤਕ ਲਾਏ । ਕਰਮ ਧਰਮ ਸਚ ਲੇਖ ਲਿਖਾਏ । ਮਾਨਸ ਜਨਮ ਸੁਫਲ ਕਰਾਏ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ ਦਰਸ ਦਿਖਾਏ । ਦਿਖਾਏ ਦਰਸ ਪ੍ਰਭ ਦਇਆ ਨੰਦ । ਆਤਮ ਉਪਜਾਏ ਪਰਮਾਨੰਦ । ਗੁਰਮੁਖ ਰੋਗ ਕੱਟੇ ਪ੍ਰਭ ਬੰਦ ਬੰਦ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਦਰਸ ਸਾਧ ਸੰਗਤ ਹੋਏ ਅਨੰਦ । ਕਰ ਦਰਸ ਸਿੱਖ ਸਾਚਾ ਤਰਿਆ । ਪ੍ਰਭ ਅਬਿਨਾਸ਼ੀ ਘਰ ਸਾਚਾ ਵਰਿਆ । ਮਾਤਲੋਕ ਗੁਰਸਿਖ ਨਾ ਡਰਿਆ । ਕਾਇਆ ਸੀਤਲ, ਤਨ ਮਨ ਹਰਿਆ । ਜੋ ਜਨ ਆਏ ਸਰਨ ਪ੍ਰਭ ਪਰਿਆ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟ, ਨਾਮ ਨਿਹਕਲੰਕ ਕਲ ਧਰਿਆ । ਨਿਹਕਲੰਕ ਕਲ ਜਾਮਾ ਧਾਰ । ਗੁਰਸਿਖ ਬੇੜਾ ਕੀਆ ਪਾਰ । ਸੋਹੰ ਸਾਚਾ ਸ਼ਬਦ ਉਪਜੇ ਧੁਨਕਾਰ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ, ਅਡੋਲ ਜੋਤ ਨਿਰਾਧਾਰ । ਪਾਲ ਸਿੰਘ ਤੇਰਾ ਸਾਚਾ ਸੰਗ । ਗੁਰਮੁਖ ਵਿਰਲੇ ਲਿਆ ਮੰਗ । ਸ਼ਬਦ ਗਾਇਣ ਆਤਮ ਚਾੜ੍ਹੇ ਰੰਗ । ਕਲਜੁਗ ਅੰਧ ਅਗਿਆਨ ਪਾਰ ਜਾਏ ਲੰਘ । ਸੋਹਣ ਸਿੰਘ ਛਡ ਬੰਸ, ਪਾਲ ਸਿੰਘ ਤੇਰਾ ਕੀਆ ਸੰਗ । ਮਹਾਰਾਜ ਸ਼ੇਰ ਸਿੰਘ ਆਤਮ ਅੰਮ੍ਰਿਤ ਬਰਸ, ਸੋਹਣ ਸਿੰਘ ਚਾੜ੍ਹੇ ਸਾਚਾ ਰੰਗ । ਸੋਹਣ ਸਿੰਘ ਤੇਰੀ ਸੇਵਾ ਸਤਿ । ਸਾਚਾ ਪ੍ਰਭ ਕਲ ਰਾਖੇ ਪਤਿ । ਪ੍ਰਭ ਅਬਿਨਾਸ਼ੀ ਤੇਰੀ ਜਾਣੀ ਮਿਤ ਗਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਕਲਜੁਗ ਰੱਖੇ ਪਤਿ । ਗੁਰਸਿਖ ਤੇਰੀ ਸਤਿ ਕਮਾਈ । ਕਲਜੁਗ ਮਿਲੀ ਤੈਨੂੰ ਵਡਿਆਈ । ਰਿਧ ਸਿਧ ਪ੍ਰਭ ਵਸ ਕਰਾਈ । ਸਾਚੀ ਬਿਧ ਪ੍ਰਭ ਮਿਲਣ ਕੀ ਪ੍ਰਭ ਆਪ ਬਣਾਈ । ਪਰਗਟ ਜੋਤ ਨਿਹਕਲੰਕ, ਤੇਰੀ ਪੈਜ ਰਖਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਤੇਰੀ ਬਣਤ ਬਣਾਈ । ਬਣਾਈ ਬਣਤ ਆਪ ਬਨਵਾਰੀ । ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਦੇਵੇ ਦੇਹ ਅਧਾਰੀ । ਸਾਚੀ ਜੋਤ ਧਰੇ ਗਿਰਧਾਰੀ । ਉਲਟਾ ਬਿਰਛ ਰਾਖੇ ਲਾਜ ਮੁਰਾਰੀ । ਜਾਮਾ ਧਾਰ ਮਾਤਲੋਕ, ਗੇੜ ਚੁਰਾਸੀ ਪਾਰ ਉਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਕਰੀ ਆਕਾਰੀ । ਕਾਇਆ ਆਕਾਰ ਜਗਤ ਵਿਚ ਆਇਆ । ਮਾਨਸ ਜਨਮ ਪ੍ਰਭ ਮਾਤ ਦਵਾਇਆ । ਗੁਰ ਸਾਚੇ ਵਿਚ ਜਗਤ ਵਡਿਆਇਆ । ਅਚਰਜ ਖੇਲ ਪ੍ਰਭ ਵਰਤਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰੇ, ਗੁਰਮੁਖ ਪਾਰ ਕਰਾਇਆ । ਗੁਰਮੁਖ ਤੇਰੀ ਸਾਚੀ ਧੁਨ । ਗੁਰਚਰਨ ਪੁਕਾਰ ਪ੍ਰਭ ਅਬਿਨਾਸ਼ੀ ਲਈ ਸੁਣ । ਮਾਨਸ ਜਨਮ ਦਵਾਇਆ ਪਤਤ ਪਾਪੀਆਂ ਵਿਚੋਂ ਚੁਣ । ਮਹਾਰਾਜ ਸ਼ੇਰ ਸਿੰਘ ਸਿਰ ਹੱਥ ਟਿਕਾਇਆ, ਵਡ ਦਾਤਾ ਦੇਵੇ ਵਰ ਗੁਣ । ਗੁਣਵੰਤ ਗੁਣ ਨਿਧਾਨ । ਗੁਰਮੁਖ ਦੇਵੇ ਚਰਨ ਧਿਆਨ । ਮਦਿ ਮਾਸ ਨਾ ਰਸਨਾ ਪਾਨ । ਚਰਨ ਧੂੜ ਪ੍ਰਭ ਸਚਾ ਇਸ਼ਨਾਨ । ਕਲਜੁਗ ਉਪਜੇ ਬ੍ਰਹਮ ਗਿਆਨ । ਮਹਾਰਾਜ ਸ਼ੇਰ ਸਿੰਘ ਮਾਨਸ ਜਨਮ ਕਲ ਕੀਆ ਪਰਵਾਨ । ਮਾਨਸ ਜਨਮ ਜਗਤ ਅਨਮੁੱਲਾ । ਚਰਨ ਲਾਗ ਜੀਵ ਕਿਉਂ ਕਲਜੁਗ ਭੁੱਲਾ । ਸਾਚਾ ਅੰਮ੍ਰਿਤ ਪ੍ਰਭ ਦਰ ਤੇ ਪੀਵ, ਸਦਾ ਭੰਡਾਰਾ ਖੁੱਲ੍ਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਵਡ ਦਾਤ ਅਨਤੁੱਲਾ । ਗੁਰਮੁਖ ਰੰਗ ਰੰਗੀਲੜਾ, ਪ੍ਰਭ ਮੇਲ ਮਿਲਾਏ । ਪ੍ਰਭ ਆਪ ਕਰਾਏ ਹੀਲੜਾ, ਆਤਮ ਜੋਤ ਜਗਾਏ । ਲਾਏ ਸ਼ਬਦ ਸਾਚੀ ਤੀਲੜਾ, ਪ੍ਰਭ ਅਬਿਨਾਸ਼ੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਛਬੀਲੜਾ, ਬੇੜਾ ਪਾਰ ਕਰਾਏ । ਦੇ ਦੀਦਾਰ ਪੂਰਨ ਪ੍ਰਭ, ਕਰ ਦੇਵੇ ਬੇੜਾ ਪਾਰ । ਅੰਮ੍ਰਿਤ ਆਤਮ ਵਰਖੇ ਕਿਰਪਾ ਧਾਰ । ਨਿਗਮ ਜੋਤ ਜਗਾਏ, ਦੇਵੇ ਸ਼ਬਦ ਅਧਾਰ । ਮਹਾਰਾਜ ਸ਼ੇਰ ਸਿੰਘ ਲਾਜ ਰਖਾਏ, ਜਨਮ ਦਵਾਏ ਵਿਚ ਸੰਸਾਰ । ਮਾਨਸ ਜਨਮ ਕਲ ਦਵਾ ਕੇ । ਪ੍ਰਭ ਅਬਿਨਾਸ਼ੀ ਆਪਣੀ ਚਰਨੀ ਲਾ ਕੇ । ਲੱਖ ਚੁਰਾਸੀ ਗੇੜ ਕਟਾ ਕੇ । ਸੋਹਣ ਸਿੰਘ ਸਾਚਾ ਮਾਣ ਦਵਾ ਕੇ । ਭਗਤ ਵਿਚੋਲਾ ਪ੍ਰਭ ਆਪ ਬਣਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਜਾਏ ਲਿਖਾ ਕੇ । ਲਿਖੇ ਲੇਖ ਨਾ ਮਿਟਾਏ ਕੋਏ । ਪ੍ਰਭ ਸਾਚੇ ਕੀ ਸਾਚੀ ਸੋਏ । ਕਲਜੁਗ ਜਾਮਾ ਧਾਰ ਨਿਹਕਲੰਕ, ਕਰੇ ਕਰਾਏ ਸੋ ਹੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਗੁਰ ਗੋਬਿੰਦ ਦੋਏ । ਜਗੀ ਜੋਤ ਜਗਤ ਪਰਵਾਨ । ਸਾਚਾ ਸ਼ਬਦ ਸਾਚਾ ਨੀਸਾਨ । ਪਾਰਬ੍ਰਹਮ ਤੇਰੀ ਸਾਚੀ ਆਣ । ਸੋਹੰ ਸ਼ਬਦ ਗੁਰਮੁਖ ਵਿਰਲੇ ਲਿਆ ਪਛਾਣ । ਮਹਾਰਾਜ ਸ਼ੇਰ ਸਿੰਘ ਤੇਰੇ ਚਰਨ ਸਦਾ ਕੁਰਬਾਣ । ਗੁਰਮੁਖ ਸਾਚੇ ਛਤਰ ਝੁੱਲੇ ਤੇਰੇ ਸੀਸ । ਬੇਮੁਖ ਕਲਜੁਗ ਜੀਵ ਅੰਤਕਾਲ ਕਲ ਗਏ ਪੀਸ । ਗੁਰਮੁਖ ਸਾਚੇ ਤੇਰਾ ਨਾਮ ਧਰਾਇਆ, ਪ੍ਰਭ ਸਾਚੇ ਸਿੰਘ ਜਗਦੀਸ਼ । ਅੱਸੂ ਚਾਰ ਦਿਨ ਸੁਹਾਇਆ, ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਏ ਸਾਧ ਸੰਗਤ ਤੇਰਾ ਝੁਕੇ ਚਰਨ ਵਿਚ ਸੀਸ । ਸਾਚਾ ਨਾਮ ਪ੍ਰਭ ਜਗਤ ਧਰਾ ਕੇ । ਸਿੰਘ ਜਗਦੀਸ਼ ਨਾਮ ਰਖਾ ਕੇ । ਗੁਰਮੁਖ ਵਡਿਆਈ ਦੇਵੇ, ਮਾਨਸ ਜਨਮ ਦਵਾ ਕੇ । ਹੋਏ ਸਹਾਈ ਪ੍ਰਭ, ਪੈਜ ਸਵਾਰੇ ਆ ਕੇ । ਮਹਾਰਾਜ ਸ਼ੇਰ ਸਿੰਘ ਤੇਰੇ ਸਿੱਖ ਉਧਰੇ ਰਸਨਾ ਤੇਰੇ ਗੁਣ ਗਾ ਕੇ । ਰਸਨਾ ਗਾਇਣ ਸਾਚਾ ਗੁਰ । ਚਰਨ ਪ੍ਰੀਤੀ ਗੁਰਮੁਖ ਵਿਰਲੇ ਗਏ ਜੁੜ । ਬੇਮੁਖ ਕਲਜੁਗ ਖਾਲੀ ਹੱਥ ਗਏ ਤੁਰ ।

ਮਹਾਰਾਜ ਸ਼ੇਰ ਸਿੰਘ ਤੇਰਾ ਸਤਿਜੁਗ ਥਾਨ ਸੁਹਾਏ ਘਨਕਪੁਰ । ਸਾਚਾ ਧਾਮ ਸੁਹਾਏ ਥਾਨ । ਜੋਤ ਜਗੇ ਸਤਿਜੁਗ ਮਹਾਨ । ਘਨਕਪੁਰੀ ਦੀਸੇ ਪ੍ਰਭ ਗੁਣੀ ਨਿਧਾਨ । ਅੱਸੂ ਤਿੰਨ ਦਰ ਦਰਬਾਰ ਪ੍ਰਭ ਰੱਖਿਆ ਸਚ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚਾ ਸ਼ਬਦ ਸੋਹੰ ਕੀਆ ਪਰਵਾਨ । ਗੁਰਮੁਖ ਸਾਚੇ ਪ੍ਰਭ ਸਾਚਾ ਦੇਵੇ ਵਰ । ਇਕ ਟੇਕ ਜੀਵ, ਪ੍ਰਭ ਚਰਨ ਧਰ । ਕਲਜੁਗ ਜੀਵ ਭਰੇ ਹੰਕਾਰ ਬੇਮੁਖ ਜੀਵ ਨਾ ਡਰ । ਕਰ ਦਰਸ ਪਾਰਬ੍ਰਹਮ ਗੁਰ ਅੰਤ ਜਾਏ ਤਰ । ਪ੍ਰੀਤਮ ਸਿੰਘ ਤੇਰਾ ਹੋਏ ਸਹਾਈ, ਮਹਾਰਾਜ ਸ਼ੇਰ ਸਿੰਘ ਅਵਤਾਰ ਨਰ । ਜਗਤ ਮਾਰ ਸ਼ਬਦ ਪ੍ਰਭ ਮਾਰੇ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਰਸਨ ਉਚਾਰੇ । ਕਰ ਕਿਰਪਾ ਪ੍ਰਭ ਪਾਰ ਉਤਾਰੇ । ਮਹਾਰਾਜ ਸ਼ੇਰ ਸਿੰਘ ਤੇਰੇ ਨਾਉਂ ਸਦਾ ਜੈਕਾਰੇ । ਸਾਚਾ ਪ੍ਰਭ ਸਿਰ ਰੱਖੇ ਹੱਥ । ਹੰਕਾਰੀ ਜੀਵ ਨੱਚਣ ਦਰ, ਪ੍ਰਭ ਸ਼ਬਦ ਪਾਏ ਨੱਥ । ਗੁਰਸਿਖ ਸਾਚੇ ਪ੍ਰਭ ਰੰਗ ਮਾਣ, ਸੋਹੰ ਮਿਲੇ ਜਗ ਸਾਚੀ ਵੱਥ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਿਰ ਰੱਖੇ ਤੇਰੇ ਹੱਥ । ਭੈ ਭਿਆਨਕ ਪ੍ਰਭ ਭੈ ਭੂਪ । ਪ੍ਰਭ ਕੀ ਮਹਿੰਮਾ ਸਦਾ ਅਨੂਪ । ਗੁਰਮੁਖ ਸਾਚੇ ਵੇਖ ਪ੍ਰਭ ਸਤਿ ਸਰੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਨੇਕ ਕਰਾਏ ਰੂਪ । ਗੁਰਸਿਖ ਸਾਚਾ, ਸਦਾ ਸ਼ਹੀਦ । ਏਕਾ ਦਰਸ ਪ੍ਰਭ ਮੰਗੇ ਦੀਦ । ਆਤਮ ਸ਼ਬਦ ਕਲ ਗਈ ਵੀਦ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਆਤਮ ਦਰਸ ਦਿਖਾਏ ਦੀਦ । ਰੱਖੇ ਲਾਜ ਪ੍ਰਭ ਲਾਜਾਵੰਤ । ਹੋਏ ਸਹਾਈ ਪ੍ਰਭ ਭਗਤ ਭਗਵੰਤ । ਕੋਈ ਨਾ ਪੋਹੇ ਨਾ ਮਾਰੇ ਮਾਰ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਉਤਮ ਵਿਚ ਜੀਵ ਜੰਤ । ਜੀਵ ਜੰਤ ਵਿਚ ਸਿੱਖ ਤੇਰਾ ਮਾਣ । ਏਕਾ ਰੱਖ ਪ੍ਰਭ ਚਰਨ ਧਿਆਨ । ਨਿਹਕਲੰਕ ਸੁਖ ਹਿਰਦੇ ਮਾਣ । ਪਰਗਟ ਜੋਤ ਪ੍ਰਭ ਹੰਕਾਰੀਆਂ ਤੋੜੇ ਮਾਣ । ਸੋਹੰ ਸ਼ਬਦ ਪ੍ਰਭ ਸਾਚਾ ਮਾਰੇ ਬਾਣ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਵਿਸ਼ਨੂੰ ਭਗਵਾਨ । ਗੁਰ ਪੂਰਾ ਸਾਚੀ ਧੁੱਜ । ਗੁਰਸਿਖ ਸਾਚੇ ਪ੍ਰਭ ਕੀ ਭੁੱਜ । ਗੁਰਚਰਨ ਪ੍ਰੀਤੀ ਜੀਵ ਕਲ ਲੁੱਝ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਗੁਰਮੁਖ ਵਿਰਲੇ ਲਿਆ ਬੁੱਝ । ਪ੍ਰਭ ਪੂਰਾ ਭੈ ਦਿਖਾਵੇ । ਕਰ ਕਰਮ ਗੁਰਸਿਖ ਤੇਰੀ ਜੈ ਕਰਾਵੇ । ਸਾਚਾ ਧਰਮ ਗੁਰਸਿਖ ਕਰਮ, ਪ੍ਰਭ ਚਰਨ ਪ੍ਰੀਤੀ ਲਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤਾਵੇ । ਵਰਤੇ ਕਲ ਕਲ ਅੰਧੇਰਾ । ਜੋਤ ਸਰੂਪੀ ਪ੍ਰਭ ਪਾਇਆ ਮਾਤ ਫੇਰਾ । ਝੂਠੀ ਦੁਨੀਆ ਅੰਤ ਢਹਿ ਹੋਈ ਢੇਰਾ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਦੀਸੇ ਨੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟੇ ਜੋਤ ਨਾ ਲਾਏ ਦੇਰਾ ।

ਪਪਪ ੦੧

❊ ੧ ਮਾਘ ੨੦੦੮ ਬਿਕ੍ਰਮੀ ਪਿੰਡ ਬੁੱਘੇ ਵਿਹਾਰ ਹੋਇਆ ❊

ਨਿਹਕਲੰਕ ਤੇਰੀ ਰਹਿਰਾਸ । ਸੋਹੰ ਸ਼ਬਦ ਕਰੇ ਬੰਦ ਖੁਲਾਸ । ਸਾਚਾ ਪ੍ਰਭ ਗੁਰਮੁਖ ਸਾਚੇ ਸਦ ਰੱਖੇ ਵਾਸ । ਜੋਤ ਸਰੂਪ ਪ੍ਰਭ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸੋਹੇ ਤੇਰੇ ਚਰਨ ਪਾਸ । ਸਾਧ ਸੰਗਤ ਜਗ ਤੇਰਾ ਮਾਣ । ਕਰ ਦਰਸ ਪ੍ਰਭ ਪਤਤ ਪਾਪੀ ਤਰ ਜਾਣ । ਸਾਚੀ ਜੋਤ ਪ੍ਰਭ ਕਲ ਕਰੇ ਪਰਗਟ, ਨਿਹਕਲੰਕ ਬਲੀ ਬਲਵਾਨ । ਅਗਨ ਜੋਤ ਜਗਤ ਲਗਾਏ, ਹੋ ਜਾਏ ਸੁੰਞ ਮਸਾਣ । ਗੁਰਮੁਖ

ਸਾਚੇ ਆਇਣ ਭਾਗੇ, ਸਾਚਾ ਦੇਵੇ ਪ੍ਰਭ ਚਰਨ ਧਿਆਨ । ਸਾਧ ਸੰਗਤ ਪ੍ਰਭ ਚਰਨੀਂ ਲਾਗੇ, ਪ੍ਰਭ ਆਤਮ ਦੇਵੇ ਬ੍ਰਹਮ ਗਿਆਨ । ਬੇਮੁਖ ਪਕੜੇ ਪ੍ਰਭ ਸ਼ਾਹ ਰਗ, ਸੋਹੰ ਸ਼ਬਦ ਮਾਰੇ ਬਾਣ । ਅਗਨ ਜੋਤ ਚਾਰ ਕੁੰਟ ਜਾਏ ਲੱਗ, ਪਰਗਟ ਹੋਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਜੋਤ ਸਰੂਪ ਪ੍ਰਭ ਅਗਨ ਲਗਾਏ । ਸਾਚਾ ਭਾਣਾ ਕਲ ਵਰਤਾਏ । ਹਾਹਾਕਾਰ ਜਗਤ ਕਰਾਏ । ਸ਼ਬਦ ਮਾਰ ਕਰ ਖੁਆਰ, ਕਲਜੁਗ ਜੀਵ ਖਪਾਏ । ਗੁਰਸਿਖ ਸਾਚੇ ਪ੍ਰਭ ਦੇਵੇ ਸ਼ਬਦ ਅਧਾਰ, ਜੋਤ ਸਰੂਪ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ, ਜਾਮਾ ਘਨਕਪੁਰੀ ਵਿਚ ਪਾਏ । ਘਨਕਪੁਰੀ ਸਾਚਾ ਘਰ । ਧਰੇ ਜੋਤ ਅਵਤਾਰ ਨਰ । ਸਤਿਜੁਗ ਦਿਖਾਏ ਚਾਰ ਵਰਨ ਪ੍ਰਭ ਏਕਾ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚਾਰ ਉਪਜਾਵੇ ਸਾਚਾ ਸਰ । ਸਾਚਾ ਸਰ ਅੰਮ੍ਰਿਤ ਮੇਘ । ਸੋਹੰ ਸ਼ਬਦ ਪ੍ਰਭ ਸਾਚੇ ਸਤਿਜੁਗ ਵਰਤਾਈ ਸਾਚੀ ਦੇਗ । ਬੇਮੁਖ ਕਲਜੁਗ ਜੀਵ ਚਰਨ ਲਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਆਤਮ ਅੰਮ੍ਰਿਤ ਵਰਖੇ ਮੇਘ । ਘਨਕਪੁਰ ਧਾਮ ਨਿਆਰਾ । ਧਰੇ ਜੋਤ ਪ੍ਰਭ ਏਕਾ ਏਕੰਕਾਰਾ । ਜੋਤ ਸਰੂਪ ਜਾਮਾ ਧਾਰ, ਮਾਤ ਕਰਾਏ ਸਚ ਵਰਤਾਰਾ । ਏਕਾ ਸ਼ਬਦ ਚਲਾਏ ਚਾਰ ਵਰਨ ਸੁਣਾਏ, ਸੋਹੰ ਸਾਚਾ ਨਾਮ ਅਧਾਰਾ । ਊਚ ਨੀਚ ਕੋਈ ਰਹਿਣ ਨਾ ਪਾਏ, ਰਾਓ ਰੰਕ ਇਕ ਕਰਾਏ, ਸਾਚੀ ਜੋਤ ਜਗਤ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਨਿਰੰਕਾਰਾ । ਕੀਆ ਆਕਾਰ ਕਿਰਪਾ ਨਿਧ । ਸ਼ਬਦ ਸਰੂਪ ਪ੍ਰਭ ਰਾਜੇ ਰਾਣੇ ਕੀਨੇ ਸਿਧ । ਗੁਰਮੁਖ ਕਰੇ ਚਰਨ ਪਿਆਰ, ਸਾਚੀ ਉਪਜਾਵੇ ਨੌਂ ਨਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਤਮ ਜਾਏ ਵਿਧ । ਸ਼ਬਦ ਬਾਣ ਪ੍ਰਭ ਆਤਮ ਲਾਏ । ਗੁਰਮੁਖ ਸਾਚੇ ਪ੍ਰਭ ਆਤਮ ਜੋਤ ਜਗਾਏ । ਸਾਚੀ ਜੋਤ ਆਕਾਰ ਕਰ, ਸਵੱਛ ਸਰੂਪ ਪ੍ਰਭ ਦਰਸ ਦਿਖਾਏ । ਏਕਾ ਨਾਮ ਅਧਾਰ ਕਰ, ਮਾਨਸ ਜਨਮ ਸੁਫਲ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸੋਹੰ ਸਾਚਾ ਸ਼ਬਦ ਚਲਾਏ । ਸਤਿਜੁਗ ਆਏ ਅੱਜ ਕਿ ਕੱਲ । ਕਲਜੁਗ ਪ੍ਰਭ ਅੰਤ ਕਰਾਏ, ਨਾ ਲਾਏ ਘੜੀ ਪਲ । ਸ੍ਰਿਸ਼ਟ ਕਰਾਏ ਜਲ ਥਲ । ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਏ ਨਾ ਲਾਏ ਘੜੀ ਪਲ । ਵੇਲਾ ਅੰਤ ਪ੍ਰਭ ਅੰਤਨ ਅੰਤਾ । ਧਰੇ ਜੋਤ ਪ੍ਰਭ ਭਗਵੰਤਾ । ਰੱਖੇ ਲਾਜ ਗੁਰਸਿਖ ਤੇਰੀ ਵਿਚ ਸਾਧਨ ਸੰਤਾ । ਕਲਜੁਗ ਜੀਵ ਭੁਲਾਏ, ਪ੍ਰਭ ਪਾਈ ਮਾਇਆ ਬੇਅੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਕੋਈ ਨਾ ਜਾਣੇ ਆਦਿਨ ਅੰਤਾ । ਆਦਿ ਅੰਤ ਨਾ ਕਿਸੇ ਜਣਾਇਆ । ਬ੍ਰਹਮਾ ਵਿਸ਼ਨ ਮਹੇਸ਼, ਦਰ ਅੱਗੇ ਬਹਾਇਆ । ਕਲਜੁਗ ਜਾਮਾ ਧਾਰ ਨਿਹਕਲੰਕ, ਖੰਡ ਬ੍ਰਹਿਮੰਡ ਉਲਟਾਇਆ । ਸੋਹੰ ਸ਼ਬਦ ਲਗਾਵੇ ਡੰਕ, ਚਾਰ ਕੁੰਟ ਪ੍ਰਭ ਦੇ ਸੁਣਾਇਆ । ਸਤਿਜੁਗ ਚਲਾਏ ਪ੍ਰਭ ਸਾਚਾ ਅੰਕ, ਸੋਹੰ ਸਾਚਾ ਸ਼ਬਦ ਪ੍ਰਭ ਵਰਤਾਇਆ । ਸੋ ਸੁਹਾਏ ਥਾਨ ਬੰਕ, ਜਿਥੇ ਪਰਗਟ ਜੋਤ ਦਰਸ ਦਿਖਾਇਆ । ਭੇਖ ਮਿਟਾਏ ਪ੍ਰਭ ਰਾਉ ਰੰਕ, ਸਤਿਜੁਗ ਪ੍ਰਭ ਸਾਚੇ ਲਾਇਆ । ਆਤਮ ਸ਼ਬਦ ਪ੍ਰਭ ਸਾਚੀ ਧੁਨ, ਰਾਣਾ ਮਹਾਰਾਣਾ ਚਲ ਪ੍ਰਭ ਸ਼ਰਨੀ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭਾਣਾ ਕਲ ਵਰਤਾਇਆ । ਕਲਜੁਗ ਤੇਰੀ ਹੋਈ ਅਖ਼ੀਰ । ਵੇਲੇ ਅੰਤ ਤੇਰੀ ਕੋਏ ਨਾ ਬੰਨ੍ਹੇ ਧੀਰ । ਪੀਰ ਪੈਗ਼ੰਬਰ ਔਲੀਏ, ਸਭਨ ਕਰਾਏ ਅਖ਼ੀਰ । ਪਰਗਟ ਜੋਤ ਨਿਹਕਲੰਕ, ਖਿੱਚੇ ਜੋਤ ਅਠਸਠ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਗੁਰਸਿਖਾਂ ਦੇਵੇ ਜਿਉਂ ਬਾਲਕ ਮਾਤਾ ਸੀਰ । ਦੇਵੇ ਕਲਜੁਗ ਸਾਚਾ ਪਿਤ, ਗੁਰਸਿਖ ਸਾਚੇ ਪ੍ਰਭ ਤੇਰਾ

ਪਪ੍ਰ੍ਰ
੦੧

ਨਾਮ ਵਡਿਆਇਆ । ਮਾਤ ਪਿਤ ਕਰ ਹਿਤ, ਪਿਤਾ ਪੂਤ ਸਤਿਜੁਗ ਲਿਖਾਇਆ । ਪਾਰਬ੍ਰਹਮ ਪ੍ਰਭ ਅਚੁੱਤ, ਸਾਚਾ ਬੰਸ ਸਤਿਜੁਗ ਉਪਜਾਇਆ । ਗੁਰਮੁਖ ਸਾਚੇ ਵਡ ਵਡ ਵਡ ਹੰਸ, ਸੋਹੰ ਸਾਚਾ ਸ਼ਬਦ ਪ੍ਰਭ ਰਸਨ ਚੋਗ ਚੁਗਾਇਆ । ਪਰਗਟ ਹੋਏ ਵਿਚ ਸਹੰਸ, ਪ੍ਰਭ ਸਾਚੇ ਲੇਖ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਧਾਰ ਨਿਹਕਲੰਕ ਸਤਿਜੁਗ ਸਾਚਾ ਲਾਇਆ । ਕਲਜੁਗ ਤੇਰਾ ਅੰਧ ਅੰਧਿਆਰ । ਸ੍ਰਿਸ਼ਟ ਸਬਾਈ ਕਰੇ ਖੁਆਰ । ਪਰਗਟ ਜੋਤ ਨਿਹਕਲੰਕ, ਸ਼ਬਦ ਸਰੂਪੀ ਮਾਰੇ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜੇ ਰਾਣਿਆਂ ਕਰੇ ਖੁਆਰ । ਰਾਜਨ ਰਾਜ ਪ੍ਰਭ ਰਾਜ ਦਹਿੰਦ । ਸਾਚਾ ਪ੍ਰਭ ਸਦਾ ਬਖ਼ਸ਼ਿੰਦ । ਸ਼ਬਦ ਸਰੂਪ ਪ੍ਰਭ ਪਕੜ ਲਿਆਏ ਵਾਲੀ ਹਿੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਚਲਾਏ ਜਿਉਂ ਸਾਗਰ ਸਿੰਧ । ਸ਼ਬਦੀ ਦੇਵੇ, ਪ੍ਰਭ ਸ਼ਬਦ ਗਿਆਨਾ । ਸੁਰਤੀ ਸੁਰਤ ਵਾਲੀ ਹਿੰਦ ਦੇਵੇ ਪ੍ਰਭ ਚਰਨ ਧਿਆਨਾ । ਏਕਾ ਜੋਤ ਅਕਾਲ ਮੂਰਤ, ਪਰਗਟ ਜੋਤ ਤੋੜੇ ਅਭਿਮਾਨਾ । ਸੋਹੰ ਸ਼ਬਦ ਵਜਾਵੇ ਸਾਚੀ ਤੂਰਤ, ਸਾਚਾ ਸ਼ਬਦ ਸੁਣਾਵੇ ਕਾਨਾ । ਮਹਾਰਾਜ ਸ਼ੇਰ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਸਤਿ ਸੁਹਾਨਾ । ਜਾਮਾ ਧਾਰ ਘਨਕਪੁਰ । ਏਕਾ ਜੋਤ ਪਰਗਟਾਏ ਗੋਬਿੰਦ ਗੁਰ । ਗੁਰਮੁਖ ਵਿਰਲੇ ਅੰਤਕਾਲ ਗੁਰਚਰਨ ਬੈਠੇ ਜੁੜ । ਬੇਮੁਖ ਕਲਜੁਗ ਜੀਵ ਖਾਲੀ ਹੱਥ ਗਏ ਦਰ ਮੁੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰ ਕਿਸੇ ਨਾ ਸੂਝੇ ਸੁਰ । ਵਕ਼ਤ ਸੁਹਾਏ ਪਹਿਲੀ ਮਾਘ । ਸਤਿਜੁਗ ਲਗਾਈ ਸਾਚੀ ਜਾਗ । ਪਰਗਟ ਜੋਤ ਨਿਹਕਲੰਕ ਸ੍ਰਿਸ਼ਟ ਸਬਾਈ ਹੱਥ ਪਕੜੀ ਵਾਗ । ਸੋ ਜਨ ਉਧਰੇ ਅੰਤਕਾਲ ਕਲ, ਜੋ ਪ੍ਰਭ ਚਰਨ ਗਏ ਲਾਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਉਪਜਾਵੇ ਰਾਗ । ਪਹਿਲੀ ਮਾਘ ਪ੍ਰਭ ਵਕ਼ਤ ਸੁਹਾਵਣਾ । ਵੀਹ ਸੌ ਅੱਠ ਬਿਕ੍ਰਮੀ ਵਾਹ ਵਾਹ ਸਾਚਾ ਸਤਿਜੁਗ ਲਾਵਣਾ । ਅਠਸਠ ਤੀਰਥਾਂ ਪ੍ਰਭ ਸਾਚੇ ਮਾਣ ਗਵਾਵਣਾ । ਚਾਰ ਕੁੰਟ ਪਾ ਵਹੀਰ, ਬੇਮੁਖਾਂ ਨਸ਼ਟ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭਾਣਾ ਕਲ ਵਰਤਾਵਣਾ । ਪਹਿਲੀ ਮਾਘ ਪ੍ਰਭ ਭਾਗ ਲਗਾਏ । ਜੋਤ ਨਿਰੰਜਣ ਮਾਤ ਧਰ, ਸਤਿਜੁਗ ਸਾਚੀ ਨੀਂਹ ਰਖਾਏ । ਚਾਰ ਵਰਨ ਪ੍ਰਭ ਇਕ ਕਰਾਏ । ਸਤਿਗੁਰ ਸਾਚਾ ਮਾਰਗ ਲਾਏ । ਸੋਹੰ ਸਾਚਾ ਸ਼ਬਦ ਧਰ, ਖਾਣੀ ਬਾਣੀ ਪ੍ਰਭ ਸਰਬ ਮਿਟਾਏ । ਗੁਰਚਰਨ ਪ੍ਰੀਤੀ ਸਾਚਾ ਸਰ ਕਰ, ਗੁਰਚਰਨ ਧੂੜ ਗੁਰਸਿਖ ਮਸਤਕ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਹ ਵਾਹ ਸਾਚਾ ਸਤਿਜੁਗ ਲਾਏ । ਪਹਿਲੀ ਮਾਘ ਪ੍ਰਭ ਧਰੇ ਜੋਤ । ਚਾਰ ਵਰਨ ਕਰਾਏ ਪ੍ਰਭ ਏਕਾ ਗੋਤ । ਬੇਮੁਖ ਕਲਜੁਗ ਜੀਵ ਕਲ ਰਹੇ ਸੋਤ । ਧੰਨ ਧੰਨ ਧੰਨ ਨਿਹਕਲੰਕ ਤੇਰੇ ਸਾਚੇ ਸਿਖ, ਚਰਨ ਲਾਗ ਗਏ ਦੁਰਮਤ ਪਾਪ ਕਲੇਵਰ ਧੋਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਰਗਟਾਏ ਸਾਚੀ ਜੋਤ । ਪਹਿਲੀ ਮਾਘ ਪ੍ਰਭ ਭਏ ਦਿਆਲਾ । ਗੁਰਸਿਖ ਆਤਮ ਕਰੇ ਗੁਲਾਲਾ । ਪਰਗਟ ਜੋਤ ਪ੍ਰਭ ਨਿਹਕਲੰਕ, ਦੀਪਕ ਗੁਰਸਿਖ ਤੇਰੀ ਆਤਮ ਬਾਲਾ । ਮਾਣ ਗਵਾਏ ਸੁਰ ਨਰ, ਖਿੱਚੇ ਜੋਤ ਪ੍ਰਭ ਜੋਤ ਜਵਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਦੇਵੇ ਸਾਚੀ ਮਾਲਾ । ਪਹਿਲੀ ਮਾਘ ਪ੍ਰਭ ਜੋਤ ਆਕਾਰੇ । ਜੋਤ ਸਰੂਪ ਸ੍ਰਿਸ਼ਟ ਸਬਾਈ ਕਲ ਵਰਤਾਰੇ । ਪਵਨ ਜੋਤ ਜੋਤ ਪਵਨ, ਏਕਾ ਸ਼ਬਦ ਸੁਣਾਏ ਵਿਚ ਸੰਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਏਕੰਕਾਰੇ । ਪਹਿਲੀ ਮਾਘ ਪ੍ਰਭ ਵਕ਼ਤ ਸੁਹਾਏ । ਕਲਜੁਗ ਅੰਤ ਕਰੇ ਪ੍ਰਭ, ਸਾਚੀ ਖੇਲ ਰਚਾਏ । ਵਡ ਬਲੀ ਬਲਵਾਨਾ, ਪ੍ਰਭ ਸ਼ਬਦ ਸਰੂਪੀ ਟੁੰਬ ਉਠਾਏ ।

੫੫੭
੦੧

ਬਿਠਾਏ ਵਿਚ ਬਬਾਣਾ, ਪ੍ਰਭ ਅਗਨ ਮੇਘ ਵਰਸਾਏ । ਪ੍ਰਭ ਖੇਲ ਕਰ ਬਿਧਨਾਨਾ, ਕਲਜੁਗ ਜੀਵਾਂ ਭੇਦ ਨਾ ਆਏ । ਕਲਜੁਗ ਜੀਵ ਲੱਗੇ ਦੁਖ ਮਹਾਨਾ, ਅੰਤਕਾਲ ਪ੍ਰਭ ਦੇ ਸਜ਼ਾਏ । ਪ੍ਰਭ ਅਬਿਨਾਸ਼ੀ ਕਿਸੇ ਵਿਰਲੇ ਗੁਰਮੁਖ ਜਾਣਾ, ਨਿਹਕਲੰਕ ਕਲ ਜਾਮਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਸਤਿਜੁਗ ਸਾਚਾ ਲਾਏ । ਪਹਿਲੀ ਮਾਘ ਪ੍ਰਭ ਭਾਗ ਲਗਾਵਣਾ । ਸਤਿਜੁਗ ਸਾਚਾ ਮਗ ਚਲਾਵਣਾ । ਸੋਹੰ ਸਾਚਾ ਸ਼ਬਦ ਚਾਰ ਕੁੰਟ ਵਰਤਾਵਣਾ । ਜੋਤ ਸਰੂਪ ਪ੍ਰਭ ਸ੍ਰਿਸ਼ਟ ਸੁਣਾਏ ਉਨੰਜਾ ਪਵਣਾ । ਗੁਰਸਿੱਖਾਂ ਪ੍ਰਭ ਪਕੜ ਉਠਾਏ, ਦਿਵਸ ਰੈਣ ਨਾ ਮਿਲੇ ਸਾਵਣਾ । ਸਾਚਾ ਦੀਪਕ ਪ੍ਰਭ ਦੇ ਜਗਾਏ, ਮਹਾਰਾਜ ਸ਼ੇਰ ਸਿੰਘ ਸਾਚਾ ਦਰ ਘਰ ਵਿਰਲੇ ਗੁਰਮੁਖ ਪਾਵਣਾ । ਪਹਿਲੀ ਮਾਘ ਕਲ ਕਰੇ ਆਕਾਰਾ । ਜੋਤ ਸਰੂਪ ਪ੍ਰਭ ਨਰ ਅਵਤਾਰ । ਸਾਚਾ ਕਰਮ ਧਰਮ ਚਲਾਏ ਵਿਚ ਸੰਸਾਰ । ਬੇਮੁਖ ਜੀਵ ਖਪਾਏ, ਜੋਤ ਸਰੂਪ ਪ੍ਰਭ ਗਿਰਧਾਰ । ਊਚ ਨੀਚ ਪ੍ਰਭ ਭੇਦ ਚੁਕਾਏ, ਏਕਾ ਬਖ਼ਸ਼ੇ ਚਰਨ ਪਿਆਰ । ਸਾਚਾ ਪ੍ਰਭ ਕੋਈ ਵਿਰਲਾ ਪਾਏ, ਜਿਸ ਬਖ਼ਸ਼ੇ ਪ੍ਰਭ ਕਿਰਪਾ ਧਾਰ । ਸੋਹੰ ਸ਼ਬਦ ਜਨ ਵਿਰਲਾ ਗਾਵੇ, ਪ੍ਰਭ ਆਤਮ ਕਰੇ ਉਜਿਆਰ । ਗੁਰਚਰਨ ਧੂੜ ਗੁਰਸਿਖ ਸਾਚਾ ਨਾਹਵੇ, ਪ੍ਰਭ ਬੇੜਾ ਕਰ ਜਾਏ ਪਾਰ । ਅੰਤਕਾਲ ਅਮਰਾ ਪਦ ਪਾਵੇ, ਪ੍ਰਭ ਬਖ਼ਸ਼ੇ ਮੋਖ ਦਵਾਰ । ਜਨਮ ਮਰਨ ਪ੍ਰਭ ਗੇੜ ਚੁਕਾਵੇ, ਜਨਮ ਨਾ ਪਾਵੇ ਦੂਜੀ ਵਾਰ । ਮਾਤ ਗਰਭ ਪ੍ਰਭ ਫੰਦ ਕਟਾਵੇ, ਮਹਾਰਾਜ ਸ਼ੇਰ ਸਿੰਘ ਜੋਤ ਨਿਰੰਕਾਰ । ਪਹਿਲੀ ਮਾਘ ਪ੍ਰਭ ਵਕਤ ਸੁਹਾਏ । ਸਾਧ ਸੰਗਤ ਤੇਰੇ ਕਸ਼ਟ ਹਟਾਏ । ਸਿਰ ਰੱਖੇ ਹੱਥ ਸੋਹੰ ਦੇਵੇ ਸਾਚੀ ਵਥ, ਸਤਿਜੁਗ ਸਾਚਾ ਰਾਹ ਦਿਸਾਏ । ਬੇਮੁਖਾਂ ਪ੍ਰਭ ਪਾਏ ਨੱਥ, ਦਰ ਦਰ ਮੰਗਣ ਕੋਈ ਭਿਖ ਨਾ ਪਾਏ । ਸੋਹੰ ਚਲਾਇਆ ਸਤਿਜੁਗ ਸਾਚਾ ਰਥ, ਗੁਰਸਿਖ ਸਾਚੇ ਪ੍ਰਭ ਪਾਰ ਕਰਾਏ । ਮਹਾਰਾਜ ਸ਼ੇਰ ਸਿੰਘ ਸਰਬ ਕਲਾ ਸਮਰਥ, ਕਲਜੁਗ ਜੀਵ ਭੇਵ ਨਾ ਪਾਏ । ਪਹਿਲੀ ਮਾਘ ਦਿਵਸ ਭਾਗ ਭਰਿਆ । ਸਤਿਜੁਗ ਸਾਚੇ, ਸਾਚਾ ਜਨਮ ਮਾਤ ਵਿਚ ਧਰਿਆ । ਕਲਜੁਗ ਜੀਵ ਭਾਂਡੇ ਕਾਚੇ, ਸੋਹੰ ਖੰਡਾ ਪ੍ਰਭ ਸਾਚੇ ਫੜਿਆ । ਬੇਮੁਖ ਜੀਵ ਅੰਤਕਾਲ ਕਲ ਝੂਠੇ ਨਾਚੇ, ਮਹਾਰਾਜ ਸ਼ੇਰ ਸਿੰਘ ਸ਼ਬਦ ਮਾਰ ਕਰਾਏ ਜੋ ਜਨ ਨਾ ਸ਼ਰਨੀ ਪੜਿਆ । ਪਹਿਲੀ ਮਾਘ ਵਡ ਵਡਿਆਈ । ਸਾਚੇ ਪ੍ਰਭ ਸਾਚੀ ਧੁਨ ਗੁਰਸਿਖ ਆਤਮ ਉਪਜਾਈ । ਖੋਲ੍ਹ ਵਖਾਈ ਆਤਮ ਸੁੰਨ, ਪ੍ਰਭ ਆਤਮ ਜੋਤ ਜਗਾਈ । ਸੋਹੰ ਸ਼ਬਦ ਤੇਰੀ ਰੁਣ ਝੁਣ, ਕਿਸੇ ਵਿਰਲੇ ਗੁਰਮੁਖ ਪਾਈ । ਗੁਰਸਿਖ ਸਾਚੇ ਪ੍ਰਭ ਕਲਜੁਗ ਸੇਵ ਕਮਾਈ । ਬੇਮੁਖ ਜੀਵ ਕਲਜੁਗ ਵੇਲੇ ਅੰਤ ਪ੍ਰਭ ਦੇ ਸਜ਼ਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਤੇਰੀ ਰੁੱਤ ਸੁਹਾਈ । ਸਾਚੀ ਰੁੱਤ ਸਾਚ ਵਰਤਾਰ । ਸਤਿ ਸਤਿ ਪ੍ਰਭ ਭਰੇ ਭੰਡਾਰ । ਸਾਧ ਸੰਗਤ ਪ੍ਰਭ ਜਾਏ ਤਾਰ । ਬੇਮੁਖ ਜੀਵਾਂ ਅੰਤਕਾਲ ਪ੍ਰਭ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸ਼ਬਦ ਮਾਰੇ ਮਾਰ । ਪਹਿਲੀ ਮਾਘ ਪ੍ਰਭ ਜੋਤ ਜਗਾ । ਜਨਮ ਜਨਮ ਦੀ ਮੈਲ ਜਾਏ ਗਵਾ । ਵਿਛੜਿਆਂ ਪ੍ਰਭ ਮੇਲ ਕਰ, ਚਰਨੀ ਲਏ ਲਗਾ । ਵੇਲੇ ਅੰਤ, ਅੰਤਕਾਲ ਪ੍ਰਭ ਸਾਚਾ ਪਕੜੇ ਬਾਂਹ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਦੂਸਰ ਕੋਈ ਨਾ । ਪਹਿਲੀ ਮਾਘ ਪ੍ਰਭ ਭਰਮ ਚੁਕਾਵਣਾ । ਸਚ ਸੁੱਚ ਵਿਚ ਸਾਧ ਸੰਗਤ ਵਰਤਾਵਣਾ । ਏਕਾ ਦੂਜਾ ਪ੍ਰਭ ਸਾਰਾ ਭੇਵ ਚੁਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਵਰਨ ਚਾਰ ਜਪਾਵਣਾ । ਸਾਧ ਸੰਗਤ ਪ੍ਰਭ ਬਖ਼ਸ਼ੇ ਦਾਤ । ਸਾਚਾ ਸ਼ਬਦ ਸਾਚੀ ਕਰਾਮਾਤ । ਆਤਮ ਜੋਤ ਜਗੇ, ਗੁਰਸਿਖ ਨਾ ਦੀਸੇ ਦਿਵਸ ਰਾਤ । ਜੋ ਜਨ ਚਰਨੀ ਲਾਗੇ, ਚਰਨ ਪ੍ਰੀਤੀ ਕਲ ਸਾਚਾ ਨਾਤ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਧਰੇ ਵਿਚ ਮਾਤ । ਪਹਿਲੀ ਮਾਘ ਪ੍ਰਭ ਭੇਤ ਚੁਕਾਇਆ । ਭਰਮ ਭੁਲੇਖਾ ਸਾਰਾ ਲਾਹਿਆ । ਸਾਧ ਸੰਗਤ ਕਲ ਸਾਚਾ, ਸਾਚਾ ਸ਼ਬਦ ਪ੍ਰਭ ਸੁਣਾਇਆ । ਜੋਤ ਜਗਾਈ ਬਿਨ ਬਾਤੀ ਬਿਨ ਤੇਲ, ਸੋਹੰ ਬਾਤੀ ਦੇ ਲਗਾਇਆ । ਅਚਰਜ ਕੀਆ ਪ੍ਰਭ ਸਾਚੇ ਖੇਲ, ਜੋਤ ਸਰੂਪੀ ਦਿਸ ਨਾ ਆਇਆ । ਵਿਛੜਿਆਂ ਪ੍ਰਭ ਮਿਲਾਇਆ ਮੇਲ, ਪਹਿਲੀ ਮਾਘ ਦਿਵਸ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਇਆ । ਪਹਿਲੀ ਮਾਘ ਜੋਤ ਆਕਾਰ । ਹਾਹਾਕਾਰ ਵਰਤੇ ਵਿਚ ਸੰਸਾਰ । ਗੁਰਮੁਖ ਸਾਚੇ ਤੇਰੇ ਦਰ ਘਰ ਰਸਨ ਸੋਹੰ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਵਡ ਸਿਕਦਾਰ । ਸਤਿਜੁਗ ਹੋਵੇ ਪ੍ਰਭ ਸਿਕਦਾਰੀ । ਬਾਕੀ ਸਰਬ ਕਰੇ ਖੁਆਰੀ । ਸ੍ਰਿਸ਼ਟ ਸਬਾਈ ਹੋਵੇ ਪ੍ਰਭ ਪਨਿਹਾਰੀ । ਏਕਾ ਕੰਤ ਸਾਚਾ ਪ੍ਰਭ, ਸ੍ਰਿਸ਼ਟ ਸਬਾਈ ਨਾਰੀ । ਜੋਤ ਧਰੇ ਪ੍ਰਭ ਭਗਵੰਤ, ਜੋਤ ਸਰੂਪ ਸਦਾ ਨਿਰਾਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖਾਂ ਆਤਮ ਕਰੇ ਉਜਿਆਰੀ । ਪਹਿਲੀ ਮਾਘ ਪ੍ਰਭ ਰੰਗ ਚੜ੍ਹਾਇਆ । ਰੰਗ ਰੰਗੀਲਾ ਮਾਧਵ, ਕਲ ਅਚਰਜ ਖੇਲ ਰਚਾਇਆ । ਵੇਲੇ ਅੰਤ ਵਿਚ ਦੁਆਪਰ ਜਾਦਵ ਨਾਸ ਕਰਾਇਆ । ਕਲਜੁਗ ਜਾਮਾ ਧਾਰ ਨਿਹਕਲੰਕ, ਕਲਜੁਗ ਭੇਖ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲਾਇਆ । ਸਤਿਜੁਗ ਤੇਰਾ ਮਾਣ ਰਖਾਇਆ । ਜਾਮਾ ਧਾਰ ਨਿਹਕਲੰਕ, ਤੇਰਾ ਜਨਮ ਦਵਾਇਆ । ਸੋਹੰ ਸਾਚਾ ਸ਼ਬਦ, ਪ੍ਰਭ ਸਾਚੇ ਤੇਰੀ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਅਚਰਜ ਖੇਲ ਰਚਾਇਆ । ਪਹਿਲੀ ਮਾਘ ਪ੍ਰਭ ਭਰਮ ਚੁਕਾਏ । ਗੁਰਮੁਖ ਸੋਏ ਪ੍ਰਭ ਲਏ ਜਗਾਏ । ਸਾਚਾ ਪ੍ਰਭ ਸਿਰ ਰੱਖੇ ਹੱਥ, ਵੇਲੇ ਅੰਤ ਨਾ ਲਾਗੇ ਤੱਤੀ ਵਾਏ । ਗੁਰਸੰਗਤ ਪ੍ਰਭ ਬਖ਼ਸ਼ੇ ਸਾਚੀ ਵਥ, ਭੈਣ ਭਰਾ ਬਣਾਏ । ਵੇਲਾ ਗਿਆ ਨਾ ਆਵੇ ਹੱਥ, ਸਾਚਾ ਪ੍ਰਭ ਲਿਖਤ ਲਿਖਾਏ । ਮਹਾਰਾਜ ਸ਼ੇਰ ਸਿੰਘ ਸਦਾ ਅਕਥ, ਪ੍ਰਭ ਕੀ ਮਹਿੰਮਾ ਲਖੀ ਨਾ ਜਾਏ । ਪਹਿਲੀ ਮਾਘ ਤੇਰਾ ਸਾਚਾ ਰੂਪ । ਸਤਿਜੁਗ ਲਗਾਏ ਪ੍ਰਭ ਸਾਚਾ ਭੂਪ । ਚਾਰ ਕੁੰਟ ਵਰਤਾਏ, ਹੋ ਜਾਏ ਅੰਧ ਕੂਪ । ਗੁਰਸਿਖਾਂ ਪ੍ਰਭ ਆਤਮ ਜੋਤ ਜਗਾਏ, ਮਹਾਰਾਜ ਸ਼ੇਰ ਸਿੰਘ ਸਤਿ ਸਰੂਪ । ਪਹਿਲੀ ਮਾਘ ਸਮਾਂ ਸੁਹਾਨਾ । ਕਲਜੁਗ ਮਿਟਾ ਪ੍ਰਭ ਸਾਚਾ ਸਤਿਜੁਗ ਲਾਨਾ । ਆਪਣਾ ਖੇਲ ਰਚਾ ਤਖਤੋਂ ਲਾਹੇ ਰਾਜਾ ਰਾਣਾ । ਸੋਹੰ ਸ਼ਬਦ ਚਲਾ, ਮਾਣ ਗਵਾਏ ਵੇਦ ਪੁਰਾਨਾਂ । ਸਾਚੀ ਕਲ ਵਰਤਾ, ਮਹਾਰਾਜ ਸ਼ੇਰ ਸਿੰਘ ਸਾਚਾ ਸਮਾਂ ਸੁਹਾਨਾ । ਪਹਿਲੀ ਮਾਘ ਸਰਬ ਸੁਖ । ਦੇ ਦਰਸ ਸਾਧ ਸੰਗਤ, ਪ੍ਰਭ ਉਤਾਰੇ ਆਤਮ ਭੁੱਖ । ਰੱਖੇ ਲਾਜ ਵੇਲੇ ਅੰਤ, ਜਿਉਂ ਬਾਲਕ ਮਾਤਾ ਕੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਦੇਵੇ ਸਾਚਾ ਸੁਖ । ਪਹਿਲੀ ਮਾਘ ਪ੍ਰਭ ਸ਼ਬਦ ਲਿਖਾਵਣਾ । ਸਾਧ ਸੰਗਤ ਪ੍ਰਭ ਰਸਨ ਸੁਨਾਵਣਾ । ਗੁਰਮੁਖ ਸਾਚੇ, ਪ੍ਰਭ ਸਾਚੇ ਮਾਰਗ ਲਾਵਣਾ । ਏਕਾ ਦਰ ਦਵਾਰ, ਪ੍ਰਭ ਸਾਚੇ ਦਰਸਾਵਣਾ । ਏਕਾ ਸ਼ਬਦ ਅਧਾਰ, ਸਾਧ ਸੰਗਤ ਪ੍ਰਭ ਵਰਤਾਵਣਾ । ਦਰ ਆਏ ਜੋ ਨਰ ਨਾਰ, ਕਰ ਕਿਰਪਾ ਪ੍ਰਭ ਪਾਰ ਲੰਘਾਵਣਾ । ਜਨਮ ਨਾ ਪਾਏ ਵਿਚ ਸੰਸਾਰ, ਮਹਾਰਾਜ ਸ਼ੇਰ ਸਿੰਘ ਜਿਸ ਜੀਵ ਰਸਨਾ ਗਾਵਣਾ । ਪਹਿਲੀ ਮਾਘ ਘਰ ਭਗਤਨ ਭੰਡਾਰ । ਪ੍ਰਭ ਸਾਚਾ ਸ਼ਬਦ ਦੇਵੇ ਅਧਾਰ । ਗੁਰਚਰਨ ਪ੍ਰੀਤੀ ਸਤਿਜੁਗ ਸਾਚੀ ਨੀਤੀ, ਪ੍ਰਭ ਰਾਹ ਚਲਾਏ ਅਪਰ ਅਪਾਰ । ਅੰਤਕਾਲ ਕਲ ਔਧ ਜਗ ਬੀਤੀ, ਪ੍ਰਭ ਸਾਚਾ ਕਰੇ ਖੁਆਰ । ਕਲਜੁਗ ਜੀਵ ਭਰਨ ਜੋ ਕੀਤੀ, ਵੇਲੇ ਅੰਤ ਆਈ ਹਾਰ । ਸਾਧ ਸੰਗਤ ਪ੍ਰਭ ਕਾਇਆ ਸੀਤਲ ਕੀਤੀ, ਜੋਤ ਸਰੂਪ ਦੇਵੇ ਦਰਸ

ਅਪਾਰ । ਏਕਾ ਬਖ਼ਸ਼ੇ ਪ੍ਰਭ ਚਰਨ ਪ੍ਰੀਤੀ, ਸੋਹੰ ਸ਼ਬਦ ਭਰੇ ਭੰਡਾਰ । ਸਤਿਜੁਗ ਚਲਾਏ ਸਾਚੀ ਰੀਤੀ, ਪਰਗਟ ਨਿਹਕਲੰਕ ਅਵਤਾਰ । ਗੁਰਸਿਖ ਸਾਚੇ ਸ੍ਰਿਸ਼ਟ ਸਭ ਜੀਤੀ, ਕਿਰਪਾ ਕਰੇ ਗਿਰਧਾਰ । ਆਤਮ ਕਰੇ ਪ੍ਰਭ ਅਤੀਤੀ, ਝਿਰਨਾ ਝਿਰਾਏ ਅੰਮ੍ਰਿਤ ਅਪਾਰ । ਅੰਮ੍ਰਿਤ ਬੂੰਦ ਗੁਰਸਿਖ ਮਹਾਰਸ ਪੀਤੀ, ਬਖ਼ਸ਼ੇ ਪ੍ਰਭ ਸਾਚਾ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚੀ ਜੋਤ ਕਰੇ ਆਕਾਰ । ਪਹਿਲੀ ਮਾਘ ਪ੍ਰਭ ਭਏ ਅਨੰਦਾ । ਸਾਧ ਸੰਗਤ ਉਪਜਾਏ, ਪ੍ਰਭ ਪਰਮਾਨੰਦਾ । ਕਲਜੁਗ ਮਿਟਾਏ ਪ੍ਰਭ ਝੂਠਾ ਧੰਦਾ । ਗੁਰਸਿਖ ਬਣਾਏ, ਪ੍ਰਭ ਸਾਚਾ ਬੰਦਾ । ਸੋਹੰ ਸਾਚਾ ਸ਼ਬਦ ਸੁਣਾਏ, ਖੋਲ੍ਹ ਵਖਾਏ ਪ੍ਰਭ ਆਤਮ ਜੰਦਾ । ਪ੍ਰਭ ਸਾਚਾ ਮਾਣ ਦਵਾਏ, ਰਸਨਾ ਨਾ ਲਾਏ ਮਦਿਰਾ ਮਾਸ ਜੋ ਗੰਦਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤ ਸਦਾ ਬਖ਼ਸ਼ਿੰਦਾ । ਪਹਿਲੀ ਮਾਘ ਪ੍ਰਭ ਸਾਚੀ ਕਲ ਵਰਤਾ । ਵੇਲੇ ਅੰਮ੍ਰਿਤ ਸ੍ਰਿਸ਼ਟ ਸਬਾਈ ਲਈ ਭੁਲਾ । ਗੁਰਚਰਨ ਪ੍ਰੀਤੀ ਪਾ ਵਿਰਲੇ ਸੰਤ, ਆਤਮ ਤ੍ਰੈਕੁਟੀ ਲਈ ਖੁਲ੍ਹਾ । ਮਾਣ ਦਵਾਏ ਪ੍ਰਭ ਵਿਚ ਜੰਤ, ਸਾਚੀ ਸੇਵ ਚਰਨ ਲਈ ਕਮਾ । ਜਗਾਏ ਜੋਤ ਪ੍ਰਭ ਅਕੰਤ, ਮਹਾਰਾਜ ਸ਼ੇਰ ਸਿੰਘ ਸਾਚੀ ਦਇਆ ਕਮਾ । ਪਹਿਲੀ ਮਾਘ, ਪ੍ਰਭ ਪੂਰਨ ਆਸਾ । ਪਹਿਲੀ ਮਾਘ, ਪ੍ਰਭ ਦੇਵੇ ਸਾਧ ਸੰਗਤ ਪੂਰਨ ਭਰਵਾਸਾ । ਪਹਿਲੀ ਮਾਘ, ਸੋਹੰ ਸ਼ਬਦ ਜਪਾਏ ਸਵਾਸ ਸਵਾਸਾ । ਪਹਿਲੀ ਮਾਘ, ਸ੍ਰਿਸ਼ਟ ਸਬਾਈ ਕਰਾਏ ਨਾਸਾ । ਪਹਿਲੀ ਮਾਘ, ਸਤਿਗੁਰ ਸਾਚਾ ਸਤਿਜੁਗ ਵਿਚ ਮਾਤ ਕਰਾਏ ਵਾਸਾ । ਪਹਿਲੀ ਮਾਘ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪਰਗਟਾਏ ਜੋਤ ਪ੍ਰਭ ਅਬਿਨਾਸ਼ਾ । ਪਹਿਲੀ ਮਾਘ, ਰਘੁਪਤ ਰਘੁਨਾਥ । ਸਾਧ ਸੰਗਤ ਸਿਰ ਰੱਖੇ ਹਾਥ । ਚਰਨ ਧੂੜ ਪਰਗਟ ਜੋਤ ਪ੍ਰਭ ਲਗਾਵੇ ਮਾਥ । ਮਹਾਰਾਜ ਸ਼ੇਰ ਸਿੰਘ ਕਲੰਕਨਿਹ ਤ੍ਰੈਲੋਕੀ ਨਾਥ । ਪਹਿਲੀ ਮਾਘ ਪੁਰਬ ਮਨਾਵਣਾ । ਦਰ ਘਰ ਪ੍ਰਭ ਸੁਹਾਵਣਾ । ਵਰ ਵਰ ਵਰ, ਸਾਧ ਸੰਗਤ ਦਰ ਸਾਚੇ ਪਾਵਣਾ । ਹਰਿ ਹਰਿ ਹਰਿ, ਪ੍ਰਭ ਸਾਚੇ ਦਰਸ ਦਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਬੁੱਗੀਂ ਭਾਗ ਲਗਾਵਣਾ । ਘਰ ਸਾਚੇ ਪ੍ਰਭ ਭਾਗ ਲਗਾਏ । ਸਾਧ ਸੰਗਤ ਦਰ ਮੰਗਲ ਗਾਏ । ਜੋਤ ਸਰੂਪ ਪਰਗਟ ਜੋਤ, ਸਾਚਾ ਦਰਸ ਦਿਖਾਏ । ਨਿਰੰਜਣ ਜੋਤ, ਨਾ ਰੰਗ ਨਾ ਰੂਪ, ਮਹਾਰਾਜ ਸ਼ੇਰ ਸਿੰਘ ਨਾਂ ਰਖਾਏ । ਪਹਿਲੀ ਮਾਘ ਪ੍ਰਭ ਰਾਹ ਚਲਾਏ । ਸਾਧ ਸੰਗਤ ਸੰਗਤ ਸਾਧ ਪ੍ਰਭ ਏਕਾ ਮਾਰਗ ਲਾਏ । ਅਗਾਧ ਬੋਧ ਬੋਧ ਅਗਾਧ ਪ੍ਰਭ ਸਾਚਾ ਹੁਕਮ ਸੁਣਾਏ । ਗੁਰਮੁਖ ਭੁੱਲੇ ਪ੍ਰਭ ਲਏ ਸੁਧਾਰ, ਜੋ ਦਰ ਗਏ ਭੁਲਾਏ । ਧਰੇ ਜੋਤ ਪ੍ਰਭ ਕਲ ਵਡ ਜੋਧਾ ਜੋਧ, ਰਾਜਾ ਰਾਣਾ ਕੋਈ ਰਹਿਣ ਨਾ ਪਾਏ । ਜੋਤ ਸਰੂਪ ਪ੍ਰਭ ਵਡ ਬੋਧ, ਸਤਿਜੁਗ ਸਾਚੇ ਲੇਖ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਕਲ ਪਰਗਟਾਏ । ਪਹਿਲੀ ਮਾਘ, ਸਾਚਾ ਪੁਰਬ ਮਨਾਵਣਾ । ਸਾਚੇ ਪ੍ਰਭ ਸਾਚਾ ਰਾਗ, ਸਾਚਾ ਸ਼ਬਦ ਸਾਧ ਸੰਗਤ ਵਰਤਾਵਣਾ । ਆਦਿ ਜੁਗਾਦੀ ਸਾਚਾ ਨਾਦ, ਪ੍ਰਭ ਆਤਮ ਧੁਨ ਉਪਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁੱਤਿਆਂ ਬਾਹੋਂ ਪਕੜ ਉਠਾਵਣਾ । ਪਹਿਲੀ ਮਾਘ, ਪ੍ਰਭ ਆਏ ਦਰ ਦਰਬਾਰੇ । ਧਰੇ ਜੋਤ ਨਿਹਕਲੰਕ, ਜੋਤ ਸਰੂਪ ਅਪਰ ਅਪਾਰੇ । ਵੇਲੇ ਅੰਤ ਸ੍ਰਿਸ਼ਟ ਸਬਾਈ, ਆਪਣਾ ਮੂਲ ਕਲ ਹਾਰੇ । ਸਾਧ ਸੰਗਤ ਪ੍ਰਭ ਰੱਖੇ ਲਾਜ, ਪਹਿਲੀ ਮਾਘ ਜੋ ਆਏ ਚਲ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਚਿੱਟੇ ਅਸਵ ਸਵਾਰੇ । ਪਹਿਲੀ ਮਾਘ, ਪ੍ਰਭ ਦੇਵੇ ਦਰਸ ਅਮੋਘ । ਸੋਹੰ ਸਾਚਾ ਸ਼ਬਦ, ਸਾਧ ਸੰਗਤ ਦਵਾਏ ਸਾਚਾ ਜੋਗ । ਸਾਚਾ ਸ਼ਬਦ ਸੁਣਾਏ, ਪ੍ਰਭ ਕੱਟੇ ਹਉਮੈ ਰੋਗ । ਏਕਾ ਧੁਨ ਉਪਜਾਏ, ਆਤਮ

ਚਿੰਤ ਮਿਟਾਏ ਸੋਗ । ਪ੍ਰਭ ਸੁੰਨ ਸਮਾਧ ਖੁਲ੍ਹਾਏ, ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਅਮੋਘ । ਪਹਿਲੀ ਮਾਘ, ਪ੍ਰਭ ਰੱਖੇ ਹਿਤ । ਸਾਧ ਸੰਗਤ ਪ੍ਰਭ ਮਿਲੇ ਸਾਚਾ ਪਿਤ । ਜੋਤ ਸਰੂਪੀ ਜੋਤ ਪਰਗਟਾਏ, ਪ੍ਰਭ ਜੁਗਾ ਜੁਗ ਨਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਕਲਜੁਗ ਲਿਆ ਜਨਮ ਜੀਵ ਜਿੱਤ । ਪਹਿਲੀ ਮਾਘ, ਪ੍ਰਭ ਸਰਧਨ ਪੂਰ । ਰੱਖੇ ਲਾਜ, ਜੋ ਜਨ ਚਲ ਆਇਣ ਹਜ਼ੂਰ । ਸੋਹੰ ਸ਼ਬਦ ਪ੍ਰਭ ਆਤਮ ਬਖ਼ਸ਼ੇ ਸਤਿ ਸਰੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਤਮ ਦੇਵੇ ਸਾਚਾ ਨੂਰ । ਪਹਿਲੀ ਮਾਘ, ਪ੍ਰਭ ਨੂਰੀ ਨੂਰਾ । ਵਡ ਦਾਤਾ ਵਡ ਗੁਣ ਭਰਪੂਰਾ । ਸਾਚਾ ਸ਼ਬਦ ਲਿਖਾਏ, ਵਰਤਾਏ, ਨਾ ਹੋਏ ਅਧੂਰਾ । ਸ੍ਰਿਸ਼ਟ ਸਬਾਈ ਅੰਤਕਾਲ, ਪ੍ਰਭ ਕਰਾਏ ਚੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਬਖ਼ਸ਼ੇ ਚਰਨ ਧੂੜਾ । ਪਹਿਲੀ ਮਾਘ ਬੇਮੁਖ ਬੇਤਾਲੇ । ਕਲਜੁਗ ਜੀਵ ਹੋਏ ਬੇਹਾਲੇ । ਬੇਮੁਖ ਜੀਵ, ਅੰਤਕਾਲ ਪ੍ਰਭ ਸਾਚੇ ਗਾਲੇ । ਗੁਰ ਚਰਨ ਪ੍ਰੀਤੀ ਗੁਰਸਿਖ ਤੇਰੀ ਨਿਭੇ ਨਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਕੋਈ ਵਿਰਲਾ ਗੁਰਮੁਖ ਪਾਲੇ । ਪਹਿਲੀ ਮਾਘ ਸਤਿਜੁਗ ਜਨਮਾ । ਸਾਚਾ ਪ੍ਰਭ ਸਚ ਲਿਖਾਏ ਕਰਮਾ । ਬੇਮੁਖ ਜੀਵਾਂ ਸਭ ਮਿਟਾਏ ਭਰਮਾ । ਦੁਸ਼ਟ ਦੁਰਾਚਾਰਾਂ ਪ੍ਰਭ ਆਏ ਸ਼ਰਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਤੇਰਾ ਸਾਚਾ ਕਰਮਾ । ਪਹਿਲੀ ਮਾਘ ਪ੍ਰਭ ਪ੍ਰਿਤਪਾਲਾ । ਸਾਧ ਸੰਗਤ ਪ੍ਰਭ ਸਦਾ ਸਮਾਲਾ । ਵੇਲੇ ਅੰਤਕਾਲ, ਗੁਰਮੁਖ ਵਿਰਲੇ ਭਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਚਾਰ ਵਰਨ ਦਿਸਾਏ ਸਾਚੀ ਧਰਮਸਾਲਾ । ਧਰੇ ਜੋਤ ਪ੍ਰਭ ਅਲਖ ਅਲੇਖਾ । ਬੇਮੁਖ ਜੀਵਾਂ ਪ੍ਰਭ ਕੱਢੇ ਭਰਮ ਭੁਲੇਖਾ । ਧੰਨ ਗੁਰਸਿਖ ਸਾਚਾ, ਸਾਚਾ ਪ੍ਰਭ ਜਿਸ ਨੈਣ ਤੀਜੇ ਦੇਖਾ । ਅੰਤਕਾਲ ਕਲ ਪਰਗਟ ਜੋਤ, ਕਲਜੁਗ ਮਿਟਾਏ ਝੂਠੀ ਰੇਖਾ । ਨਿਹਕਲੰਕ ਅਵਤਾਰ ਨਰ , ਅੰਤ ਮੁਕਾਇਆ ਸਾਰਾ ਲੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਧਾਰਿਆ ਭੇਖਾ । ਜੋਤ ਸਰੂਪ ਪ੍ਰਭ ਭੇਖ ਧਰ । ਕਲਜੁਗ ਪਰਗਟਿਆ ਅਵਤਾਰ ਨਰ । ਸ਼ਬਦ ਮਨੀ ਸਿੰਘ ਸਤਿ ਜਾਏ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਚਲਾਏ ਅਪਰ । ਸਾਚਾ ਸੰਤ ਸਤਿ ਕਲਮ ਚਲਾਈ । ਪ੍ਰਭ ਅਬਿਨਾਸ਼ੀ ਸੇਵ ਕਮਾਈ । ਕਲਮ ਮਾਰ ਕਰ ਖੁਆਰ ਰਾਓ ਰੰਕ ਕਰਾਈ । ਦੁਸ਼ਟ ਦੁਰਾਚਾਰ ਨਾ ਆਏ ਚਲ ਪ੍ਰਭ ਸ਼ਰਨਾਈ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਵੇਲੇ ਅੰਤ ਦੇਹ ਛੁਡਾਈ । ਦਿਵਸ ਰੈਣ ਸੰਤ ਕਲਮ ਚਲਾਏ । ਲੇਖਾ ਲਿਖੇ, ਬੇਮੁਖਾਂ ਲੇਖ ਲਿਖਾਏ । ਆਪ ਅਭੇਖ ਸਰਬ ਰਿਹਾ ਦੇਖ, ਪ੍ਰਭ ਆਪਣਾ ਆਪ ਛੁਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚੀ ਧੁਨ ਸਾਚੇ ਸੰਤ ਉਪਜਾਏ । ਸਾਚਾ ਸ਼ਬਦ ਪ੍ਰਭ ਉਪਜਾਇਆ । ਆਲਸ ਨਿੰਦਰਾ ਪ੍ਰਭ ਮਗਰੋਂ ਲਾਹਿਆ । ਏਕਾ ਜੋਤ ਸਰੂਪ, ਪ੍ਰਭ ਨਜ਼ਰੀ ਆਇਆ । ਸਾਚੀ ਜੋਤ ਆਕਾਰ ਕਰ, ਪ੍ਰਭ ਕਲਜੁਗ ਭੇਖ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਮਾਣ ਦਵਾਇਆ । ਸੰਤ ਮਨੀ ਸਿੰਘ ਪ੍ਰਭ ਸ਼ਬਦ ਕਮਾਏ । ਸਾਚਾ ਪ੍ਰਭ ਦਿਵਸ ਰੈਣ ਸਦ ਰਸਨਾ ਗਾਏ । ਏਕਾ ਦਿਸੇ ਨਰ ਅਵਤਾਰ, ਦੂਸਰ ਸਰਬ ਭੇਖ ਮਿਟਾਏ । ਕੂਕ ਪੁਕਾਰੇ ਸਾਚਾ ਦਰ, ਰਾਜਾ ਰਾਣਾ ਕੋਈ ਸ਼ਰਨ ਨਾ ਆਏ । ਵੇਲੇ ਅੰਤ ਮਾਰ ਕਲਮ ਗਿਆ ਕਰ, ਕਲਜੁਗ ਝੂਠੇ ਲੇਖ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਕੰਨ ਸੁਣਾਏ । ਸ਼ਬਦ ਮਾਰ ਪ੍ਰਭ ਜਗਤ ਕਰਾਇਆ । ਸੰਤ ਮਨੀ ਸਿੰਘ ਸਾਚਾ ਸ਼ਬਦ ਸੁਣਾਇਆ । ਸਤਿ

ਪੁਰਖ ਸਦਾ ਵਿਸਮਾਦੇ, ਪ੍ਰਭ ਵਿਸਮਾਦੀ ਵਿਚ ਸਮਾਇਆ । ਚਲਾਏ ਸ਼ਬਦ ਪ੍ਰਭ ਅਨਾਦੇ, ਨਾਦ ਧੁੰਨ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਾਚਾ ਮਾਣ ਦਵਾਇਆ । ਸਾਚਾ ਸ਼ਬਦ ਪ੍ਰਭ ਉਪਜਾਏ । ਸਾਚਾ ਸੰਤ ਲਿਖਤ ਲਿਖਾਏ । ਮਹਿੰਮਾ ਅਗਣਤ, ਗਣੀ ਨਾ ਜਾਏ । ਬਣਾਏ ਬਣਤ ਵੇਲੇ ਅੰਤ, ਕਲਮ ਲੇਖ ਲਿਖਾਏ । ਬੈਠ ਇਕੰਤ ਸ਼ਬਦ ਲਿਖੰਤ, ਸ੍ਰਿਸ਼ਟ ਸਬਾਈ ਭਸਮ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਵਿਚ ਦੇਹ ਜਗਾਏ । ਸਾਚੀ ਸੁਰਤ ਪ੍ਰਭ ਦਰ ਪਾਏ । ਅਨਹਦ ਸ਼ਬਦ ਦੇਵੇ ਰਘੁਰਾਏ । ਦਿਵਸ ਰੈਣ ਸਾਚਾ ਸੰਤ ਕਲਮ ਚਲਾਏ । ਸ੍ਰਿਸ਼ਟ ਸਬਾਈ ਵਹਾਈ ਵਹਿੰਦੇ ਵਹਿਣ, ਲਿਖਤ ਸਤਿ ਕਰਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚੀ ਧੁੰਨ ਉਪਜਾਈ । ਸਾਚਾ ਸ਼ਬਦ ਸਦਾ ਮਨ ਵਸੇ । ਆਤਮ ਜਗੇ ਜੋਤ ਰਵ ਸਸੇ । ਕਰ ਦਰਸ ਸਾਚਾ ਪ੍ਰਭ, ਆਤਮ ਸੰਤ ਸਦਾ ਕਲ ਹੱਸੇ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਸੰਤ ਮਨੀ ਸਿੰਘ ਸਦਾ ਤੇਰੇ ਵਿਚ ਵਸੇ । ਸਾਚਾ ਦੂਤ ਸਾਚਾ ਸੰਤ ਬਣਾਇਆ । ਸਾਚੇ ਧਾਮ ਪ੍ਰਭ ਪੱਲਾ ਫਿਰਾਇਆ । ਆਪਣਾ ਨਾਮ ਅਮਾਮ ਮਹਿਦੀ ਪ੍ਰਭ ਰਖਾਇਆ । ਸਾਚਾ ਕਾਮ ਬਾਲ ਅਵਸਥਾ ਪ੍ਰਭ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਆਪ ਛੁਪਾਇਆ । ਆਪਣਾ ਭੇਦ ਪ੍ਰਭ ਆਪ ਛੁਪਾਵੇ । ਏਕਾ ਸ਼ਬਦ ਸੰਤ ਮਨੀ ਸਿੰਘ ਕੰਨ ਸੁਣਾਵੇ । ਜੋਤ ਸਰੂਪੀ ਜੋਤ ਧਰ, ਪ੍ਰਭ ਸਾਚੀ ਜੋਤ ਦਰਸਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਾਚਾ ਸ਼ਬਦ ਚਲਾਵੇ । ਸੰਤ ਮਨੀ ਸਿੰਘ ਪ੍ਰਭ ਦਰਸ ਦਿਖਾਇਆ । ਆਪਣਾ ਭੇਦ ਪ੍ਰਭ ਆਪ ਚੁਕਾਇਆ । ਸਾਚੀ ਜੋਤ ਪਰਕਾਸ਼ ਕਰ, ਪ੍ਰਭ ਆਤਮ ਦੀਪ ਜਗਾਇਆ । ਅਗਿਆਨ ਅੰਧੇਰ ਵਿਨਾਸ ਕਰ, ਸੋਹੰ ਸਾਚਾ ਪ੍ਰਭ ਵਿਚ ਸਵਾਸ ਚਲਾਇਆ । ਪੂਰਨ ਕਿਰਪਾ ਕਰ, ਸਾਚੀ ਸੇਵਾ ਸੰਤ ਮਨੀ ਸਿੰਘ ਲਾਇਆ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਵਿਚ ਵਾਸ ਕਰ, ਸਾਚਾ ਸ਼ਬਦ ਰਾਗ ਸੁਣਾਇਆ । ਸ਼ਬਦ ਲਿਖਾਏ ਪ੍ਰਭ ਰਾਗਨ ਰਾਗੇ । ਭੇਤ ਖੁਲ੍ਹਾਏ ਪ੍ਰਭ ਪਹਿਲੀ ਮਾਘੇ । ਜੋਤ ਮਨੀ ਸਿੰਘ ਸਤਿਜੁਗ ਜਾਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਾਏ ਗੁਰਸਿਖ ਵਿਰਲਾ ਵਡ ਭਾਗੇ । ਸੰਤ ਮਨੀ ਸਿੰਘ ਤੇਰੀ ਪੂਰਨ ਘਾਲਾ । ਸਾਚਾ ਪ੍ਰਭ ਤੇਰਾ ਸਦਾ ਰਖਵਾਲਾ । ਜਗਾਵੇ ਜੋਤ ਵਿਚ ਲਿਲਾਟ, ਪ੍ਰਭ ਸਾਚਾ ਬੇਮਿਸਾਲਾ । ਕਲਜੁਗ ਜੀਵਾਂ ਅੰਤ, ਸੋਹੰ ਸ਼ਬਦ ਕਰੇ ਮੂੰਹ ਕਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਪਹਿਲੀ ਮਾਘ ਤੇਰੇ ਕੱਟੇ ਦੁਖ ਜੰਜਾਲਾ । ਦੁੱਖ ਦਲਿਦਰ ਪ੍ਰਭ ਦਏ ਗਵਾ । ਸਤਿਗੁਰ ਸਾਚਾ ਆਏ ਜੋਤ ਪਰਗਟਾ । ਨਿਹਕਲੰਕ ਜਾਮਾ ਧਾਰ, ਨਾਉਂ ਲਿਆ ਰਖਾ । ਸੋਹੰ ਸਾਚਾ ਸ਼ਬਦ ਚਾਰ ਵਰਨ ਜਾਏ ਵਰਤਾ । ਸਰਗੁਣ ਨਿਰਗੁਣ ਰੂਪ ਪ੍ਰਭ ਸਰਬ ਰਿਹਾ ਸਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਲਿਆ ਰਸਨ ਧਿਆ । ਦੁਖ ਭੁਖ ਪ੍ਰਭ ਰੋਗ ਮਿਟਾਏ । ਗੁਰ ਸੰਗਤ ਸਾਚਾ ਮਾਣ ਦਵਾਏ । ਜਾਮਾ ਧਾਰ ਨਿਹਕਲੰਕ, ਵਾਕ ਭਵਿਖਤ ਸਚ ਕਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਤੇਰੇ ਛਤਰ ਸੀਸ ਝੁਲਾਏ । ਰੋਗ ਸੋਗ ਗੁਰਸਿਖ ਮਿਟਾਵਣਾ । ਪ੍ਰਭ ਅਬਿਨਾਸ਼ੀ ਪ੍ਰਭ ਆਪ ਅਖਵਾਵਣਾ । ਦੁਖ ਦਰਦ ਨਿਵਾਸੀ, ਨਿਹਕਲੰਕ ਕਲ ਨਾਉਂ ਭੁਲਾਵਣਾ । ਸਰਬ ਘਟ ਵਾਸੀ ਜਾਮਾ ਘਨਕਪੁਰੀ ਵਿਚ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਥੇ ਵੇਲਾ ਅੰਤ ਕਰਾਵਣਾ । ਸਾਧ ਸੰਗਤ, ਤੇਰਾ ਦਰਦ ਮਿਟਾਇਆ । ਪਤਿਪਰਮੇਸ਼ਵਰ ਤੇਰਾ ਹੋਏ ਸਹਾਇਆ । ਜਪ ਤਪ ਪ੍ਰਭ ਸਰਬ ਮਿਟਾਇਆ । ਏਕਾ ਸਾਚਾ ਨਾਮ, ਸੋਹੰ ਸ਼ਬਦ

ਚਲਾਇਆ । ਗੁਰਮੁਖ ਸਾਚਾ ਕਾਮ, ਪ੍ਰਭ ਚਰਨੀ ਸੀਸ ਝੁਕਾਇਆ । ਸਤਿਜੁਗ ਉਪਜੇ ਸਾਚਾ ਧਾਮ, ਮਹਾਰਾਜ ਸ਼ੇਰ ਸਿੰਘ ਜਿਸ ਧਾਮ ਚਰਨ ਟਿਕਾਇਆ । ਸਾਚਾ ਧਾਮ ਵਿਚ ਵਰਭੰਡ । ਪ੍ਰਭ ਜੋਤ ਜਗਾਵੇ ਵਿਚ ਨਵਖੰਡ । ਬੇਮੁਖਾਂ ਆਤਮ ਹੋਏ ਰੰਡ । ਅੰਤਕਾਲ ਕਲਜੁਗ ਪ੍ਰਭ ਸਾਚਾ ਲਾਏ ਡੰਡ । ਸਾਚਾ ਨਾਮ ਸੋਹੰ ਪ੍ਰਭ ਸਾਧ ਸੰਗਤ ਜਾਏ ਵੰਡ । ਚਾਰ ਜੁਗ ਚਾਰ ਵਰਨ, ਪ੍ਰਭ ਦੇਵੇ ਵਡਿਆਈ ਵਿਚ ਵਰਭੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਵਿਚ ਖੰਡ ਬ੍ਰਹਿਮੰਡ । ਜੋਤ ਸਰੂਪ ਜਗਤ ਪਰਵੇਸ਼ਿਆ । ਕਲਜੁਗ ਕਰੇ ਪ੍ਰਭ ਸਾਚਾ ਭੇਸਿਆ । ਗੁਰਮੁਖ ਵਿਰਲਾ ਪ੍ਰਭ ਦਰ ਆਏ ਕਰੇ ਅਦੇਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦਾ ਪਰਵੇਸ਼ਿਆ । ਸਾਚੇ ਸਿੱਖ ਪ੍ਰਭ ਸਦਾ ਸਮਾਇਆ । ਸਾਚੀ ਜੋਤ ਪ੍ਰਭ ਆਤਮ ਕਰੇ ਰੁਸ਼ਨਾਇਆ । ਖੋਲ੍ਹ ਦੇਵੇ ਪ੍ਰਭ ਆਤਮ ਸੁੰਨ, ਅਗਿਆਨ ਅੰਧੇਰ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੀਪ ਜਗਾਇਆ । ਜਗੇ ਦੀਪ ਅੰਧੇਰ ਵਿਨਾਸਿਆ । ਧਰੇ ਜੋਤ ਪ੍ਰਭ ਅਬਿਨਾਸ਼ਿਆ । ਗੁਰਮੁਖ ਸਾਚੇ ਵੇਖ, ਪ੍ਰਭ ਸਾਚਾ ਰੱਖੇ ਵਿਚ ਧਰਵਾਸਿਆ । ਪ੍ਰਭ ਸਾਚੇ ਕਲ ਕੀਆ ਭੇਖ, ਬੇਮੁਖ ਜੀਵਾਂ ਜਨਮ ਗਵਾਇਆ ਕਰ ਕਰ ਹਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਦਾਸਨ ਦਾਸਿਆ । ਸਾਧ ਸੰਗਤ ਪ੍ਰਭ ਦਾਸਨ ਦਾਸੇ । ਦੇਵੇ ਦਰਸ ਪ੍ਰਭ ਘਨਕਪੁਰ ਵਾਸੇ । ਗੁਰਮੁਖ ਸਾਚੇ ਪ੍ਰਭ ਸਾਚੇ ਬਲ ਬਲ ਜਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਰੇ ਬੰਦ ਖੁਲਾਸੇ । ਬੰਧਨ ਬੰਧ, ਪ੍ਰਭ ਬੰਧਨ ਤੋੜੇ । ਦਵਾਪਰ ਤਰੇਤੇ ਵਿਛੜੇ ਪ੍ਰਭ ਕਲਜੁਗ ਜੋੜੇ । ਪ੍ਰਭ ਸਾਚਾ ਜਗ ਆਇਆ, ਸਿੱਖ ਸਾਚੇ ਦੀ ਸਾਚੀ ਲੋੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਵਿਚ ਸ਼ੋਹ ਦਰਿਆ ਰੋੜ੍ਹੇ । ਗੁਰਸਿਖ ਦੇਵੇ ਦਰਸ ਪ੍ਰਭ ਸਦ ਗੁਪਤੇ । ਪਹਿਲੀ ਮਾਘ ਸੋਹੰ ਸ਼ਬਦ ਲਿਖਾਵੇ ਜੁਗਤੇ । ਰਸਨਾ ਜਪ ਜਪ ਜੀਵ ਪਾਏ ਦਵਾਰ ਸਾਚੀ ਮੁਕਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਜੋਤ ਸਰੂਪੀ ਕੀਨੀ ਜੁਗਤੇ । ਸਾਚੀ ਮੁਕਤੀ ਸਚ ਦਰ ਪਾਓ । ਸਾਧ ਸੰਗਤ ਪਹਿਲੀ ਮਾਘ ਗੁਰ ਦਰ ਆਓ । ਭਰਮ ਭੁਲੇਖੇ ਸਾਰੇ ਲਾਹੋ । ਸਾਚਾ ਪ੍ਰਭ ਨੇਤਰ ਪੇਖ ਮਾਨਸ ਜਨਮ ਸੁਫਲ ਕਰਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਅਬਿਨਾਸ਼ੀ ਸੇਵ ਕਮਾਓ । ਸਾਚਾ ਪ੍ਰਭ ਸਚ ਘਰ ਆਵੇ । ਸਾਚਾ ਦਰ ਪ੍ਰਭ ਆਣ ਸੁਹਾਵੇ । ਸਾਚਾ ਦਰ ਗੁਰਸਿਖ ਦਵਾਵੇ । ਭੰਡਾਰੇ ਪ੍ਰਭ ਅਖੁਟ ਰਖਾਵੇ । ਅਵਤਾਰ ਨਰ ਜਾਮਾ ਘਨਕਪੁਰ ਵਿਚ ਪਾਵੇ । ਸਾਚਾ ਸਰ ਦੋ ਸੌ ਚੌਤੀ ਬੁਰਜੀ ਬਣ ਜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਧਾਰ ਮੇਘ ਬਰਸਾਵੇ । ਅੰਮ੍ਰਿਤ ਮੇਘ ਬਰਸੇ ਲਹਿੰਦੀ ਧਾਰਾ । ਸੰਤ ਮਨੀ ਸਿੰਘ ਲਿਖਿਆ ਸ਼ਬਦ ਅਗੰਮ ਅਪਾਰਾ । ਵਡਾ ਸਰ ਵਡਾ ਦਰ, ਬਣੇ ਵਿਚ ਸੰਸਾਰਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਨਿਹਕਲੰਕ ਅਵਤਾਰਾ । ਘਨਕਪੁਰਾ ਗੁਣਾ ਗੁਣਵੰਤ । ਕਲਜੁਗ ਜੋਤ ਧਰੀ ਭਗਵੰਤ । ਦਰਸ ਦਿਖਾਇਆ ਭਰਮ ਚੁਕਾਇਆ ਪ੍ਰਭ ਮਨੀ ਸਿੰਘ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਧਾਰ ਸਤਿਜੁਗ ਮਾਣ ਦਵਾਇਆ ਸਰਬ ਵਿਚ ਜੀਵ ਜੰਤ । ਮਾਨ ਸਰੋਵਰ ਧਾਮ ਨਿਆਰਾ । ਪ੍ਰਭ ਅਬਿਨਾਸ਼ੀ ਚਰਨ ਦਵਾਰਾ । ਚੇਤ ਸਿੰਘ ਤੇਰਾ ਦਰ ਉਪਜੇ, ਬਣੇ ਵਡ ਦਰਬਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਅਪਰ ਅਪਾਰਾ । ਸਾਚਾ ਧਾਮ ਪ੍ਰਭ ਕਾ ਭਇਆ । ਪ੍ਰਭ ਅਬਿਨਾਸ਼ੀ ਕੀਨੀ ਦਇਆ । ਜੋਤ ਸਰੂਪ ਸਤਿਜੁਗ ਚਲਾਏ ਸਾਚੀ ਨਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ

ਪ੍ਰੇਮ ੩੭
੦੧

ਅਵਤਾਰ ਜਗ ਭਇਆ । ਘਨਕਪੁਰ ਵਡ ਦਰਬਾਰਾ । ਵਰਤਾਏ ਖੇਲ, ਪ੍ਰਭ ਵਿਚ ਸੰਸਾਰਾ । ਸਤਿਜੁਗ ਸਤਿ ਵਰਤਾਏ, ਸਾਚੀ ਜੋਤ ਹੋਏ ਉਜਿਆਰਾ । ਘਨਕਪੁਰ ਥਾਨ ਸੁਹਾਏ, ਤਜਾਏ ਦੇਹ ਪ੍ਰਭ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲ ਵਰਤੇ ਵਿਚ ਸੰਸਾਰਾ । ਘਨਕਪੁਰ ਸਚ ਧਾਮ ਰਚਾਇਆ । ਵੇਲੇ ਸ਼ਾਮ ਸਾਚੇ ਰਾਮ ਨੀਂਹ ਰਖਾਇਆ । ਪੂਰਨ ਕੀਆ ਕਾਮ, ਪ੍ਰਭ ਅਬਿਨਾਸ਼ੀ ਅੰਧ ਅੰਧੇਰ ਰਖਾਇਆ । ਬੇਮੁਖ ਜੀਵਾਂ ਮੌਤ ਪਿਲਾਇਆ ਜਾਮ, ਮਾਝਾ ਹੱਦ ਘਵਿੰਡ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਿਆ ਲੇਖ ਸੰਤ ਮਨੀ ਸਿੰਘ ਸਤਿ ਕਰਾਇਆ । ਸਾਚੇ ਪ੍ਰਭ ਸ਼ਬਦ ਉਪਜਾਇਆ । ਘਨਕਪੁਰ ਲੇਖ ਪ੍ਰਭ ਅਬਿਨਾਸ਼ੀ ਆਪ ਲਿਖਾਇਆ । ਊਚਾ ਦਰ ਦਰਬਾਰ, ਸੰਤ ਸਾਚੇ ਮੇਖ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਆਪ ਵਰਤਾਇਆ । ਘਨਕਪੁਰ, ਤੇਰਾ ਲਿਖਾਇਆ ਲੇਖ । ਵੇਲੇ ਅੰਤ ਕਲਜੁਗ, ਗੁਰਸਿਖ ਤੈਨੂੰ ਲੈਣ ਦੁਰੋਂ ਵੇਖ । ਜੋਤ ਸਰੂਪ ਪਰਗਟ ਪ੍ਰਭ, ਜੋਤ ਸਰੂਪੀ ਧਰੇ ਭੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਉਪਜਾਏ ਤੇਰੀ ਰੇਖ । ਸਾਚੇ ਪ੍ਰਭ ਸਾਚਾ ਸਤਿਜੁਗ ਲਾ । ਸਤਿਜੁਗ ਸਾਚੇ ਸਤਿ ਪੁਰਖ ਲਏ ਉਪਜਾ । ਸੋਹੰ ਸਾਚਾ ਸ਼ਬਦ, ਪ੍ਰਭ ਸਾਚੇ ਦਾ ਸਾਚਾ ਰਾਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਥਾਈਂ ਹੋਏ ਸਹਾ । ਸਾਚਾ ਧਾਮ ਘਨਕਪੁਰ । ਸਾਚਾ ਲੇਖ ਲਿਖਾਇਆ ਧੁਰ । ਕਲਜੁਗ ਪਰਗਟੇ ਸਾਚੇ ਧਾਮ ਦੋਏ ਗੋਬਿੰਦ ਗੁਰ । ਜੋਤ ਜਗਾਏ ਕਲੰਕਨਿਹ, ਦੇਵੀ ਦੇਵ ਚਰਨ ਆਏ ਤੁਰ । ਪ੍ਰਭ ਸਰਬ ਮਿਟਾਈ ਸੇਵ, ਸਾਚਾ ਸ਼ਬਦ ਸੁਣਾਇਆ ਸੰਤ ਘਨਕਪੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰ ਨਾ ਪਾਇਣ ਸੁਰ । ਦੇਵੀ ਦੇਵ ਪ੍ਰਭ ਮਾਣ ਗਵਾਇਆ । ਸੰਤ ਮਨੀ ਸਿੰਘ ਸਾਚਾ ਸ਼ਬਦ ਲਿਖਾਇਆ । ਸੇਵ ਮੇਵ ਪ੍ਰਭ ਸਾਰਾ ਨਸ਼ਟ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਸਾਚਾ ਜਗਤ ਵਰਤਾਇਆ । ਗੰਗਾ ਤੇਰਾ ਗਿਆ ਨੀਰ । ਦਿਵਸ ਰੈਣ ਕੱਟੀ ਵਹੀਰ । ਪਰਗਟ ਜੋਤ ਨਿਹਕਲੰਕ ਖਿੱਚੇ ਜੋਤ ਜੋ ਕੱਟੇ ਜ਼ੰਜੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਲਜੁਗ ਨਾ ਦੇਵੇ ਕਿਸੇ ਧੀਰ । ਗੋਦਆਵਰੀ ਤੇਰਾ ਮਾਣ ਚੁਕਾਇਆ । ਜੋਤ ਸਰੂਪ ਪ੍ਰਭ ਜੋਤ ਧਰ, ਤੇਰਾ ਅੰਮ੍ਰਿਤ ਨੀਰ ਕਰਾਇਆ । ਪ੍ਰਭ ਅਬਿਨਾਸ਼ੀ ਅਵਤਾਰ ਨਰ, ਵੇਲੇ ਅੰਤ ਕਲਜੁਗ ਚੀਰ ਲੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਚਲਾਇਆ । ਪ੍ਰਭ ਅਬਿਨਾਸ਼ੀ ਸਦਾ ਰੰਗ ਭੀਨਾ । ਵੇਲੇ ਅੰਤਕਾਲ ਕਲ, ਪ੍ਰਭ ਮਿਟਾਏ ਮੱਕਾ ਮਦੀਨਾ । ਜੋਤ ਜਗਾਏ ਨਿਹਕਲੰਕ, ਸਰਬ ਖਪਾਏ ਮੁਹੰਮਦੀ ਦੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਇਕ ਕੀਨਾ । ਸਾਚਾ ਪ੍ਰਭ ਜੋਤ ਪਰਗਟਾਏ । ਤਟ ਤੀਰਥ ਕੋਈ ਰਹਿਣ ਨਾ ਪਾਏ । ਪੀਰ ਪੈਗੰਬਰ ਔਲੀਏ, ਪ੍ਰਭ ਮਾਣ ਗਵਾਏ । ਗੁਰਸਿਖ ਸਾਚੇ ਸਾਚੇ ਸੰਤ, ਨਿਹਕਲੰਕ ਜੋ ਸੇਵ ਕਮਾਏ । ਨਜ਼ਰ ਆਏ ਜਿਸ ਬਣਾਈ ਬਣਤ, ਪਰਗਟ ਜੋਤ ਦਰਸ ਦਿਖਾਏ । ਜੋਤ ਸਰੂਪ ਪ੍ਰਭ ਸਦਾ ਇਕੰਤ, ਨਿਰਹਾਰ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭਾਣਾ ਕਲ ਵਰਤਾਏ । ਜੋਤ ਸਰੂਪ ਜਗਤ ਗਿਰਧਾਰ । ਸਾਚਾ ਕਾਰਜ ਕਰੇ ਕਰਤਾਰ । ਸਾਚਾ ਰਾਜ ਵਰਤਾਏ ਵਿਚ ਸੰਸਾਰ । ਨਰ ਨਰਾਇਣ ਨਿਰੰਜਣ ਜੋਤ ਏਕੰਕਾਰ । ਵਰਨ ਚਾਰ ਪ੍ਰਭ ਕਰਾਏ ਏਕਾ ਗੋਤ, ਸੋਹੰ ਸ਼ਬਦ ਚਲੇ ਸੰਸਾਰਾ । ਪ੍ਰਭ ਅਬਿਨਾਸ਼ੀ ਪਰਗਟੇ ਸਾਚੀ ਜੋਤ ਆਪ ਗਿਰਧਾਰਾ । ਬੇਮੁਖ ਜੀਵ ਜਗ ਰਹੇ ਸੋਤ, ਦਿਸ ਨਾ ਆਏ ਪ੍ਰਭ ਅਗੰਮ ਅਪਾਰਾ । ਜੋ ਕਿਛ ਪ੍ਰਭ ਵਰਤਾਏ ਸੋਈ ਕਲ ਹੋਤ,

ਵੇਲੇ ਅੰਤ ਦਿਸੇ ਅੰਧਿਆਰਾ । ਮਹਾਰਾਜ ਸ਼ੇਰ ਸਿੰਘ ਨਿਰੰਜਣ ਜੋਤ, ਜੋਤ ਪਰਕਾਸ਼ ਕਰੇ ਸ੍ਰਿਸ਼ਟ ਉਜਿਆਰਾ । ਸਾਚੀ ਜੋਤ ਜਗਤ ਪਰਕਾਸ਼ੇ । ਕਲਜੁਗ ਅੰਧੇਰ ਸਰਬ ਵਿਨਾਸੇ । ਸਾਚਾ ਪ੍ਰਭ ਗੁਰਮੁਖ ਸਾਚੇ ਤੇਰੇ ਹਿਰਦੇ ਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਦਰਸ ਪਿਆਸੇ । ਦੇ ਦਰਸ ਪ੍ਰਭ ਪਿਆਸ ਮਿਟਾਏ । ਮਿਟਾਏ ਪਿਆਸ ਜੋ ਜਨ ਆਏ ਸਰਨਾਏ । ਖਾਏ ਤਰਸ ਪ੍ਰਭ ਅਬਿਨਾਸ਼, ਵੇਲੇ ਅੰਤ ਚਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਿਰ ਹੱਥ ਟਿਕਾਏ । ਸਾਧ ਸੰਗਤ ਸਿਰ ਹੱਥ ਟਿਕਾਇਆ । ਸਾਚੇ ਪ੍ਰਭ ਸਾਚਾ ਕਰਮ ਕਰਾਇਆ । ਜੋਤ ਸਰੂਪੀ ਜੋਤ ਧਰ, ਜਗ ਸਾਚਾ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਇਆ । ਮਿਲਿਆ ਮੇਲ ਸਾਚੇ ਪ੍ਰਭ । ਗੁਰਮੁਖ ਸਾਚੇ, ਪ੍ਰਭ ਲਿਆ ਲਭ । ਅੰਮ੍ਰਿਤ ਝਿਰਨਾ ਝਿਰੇ ਵਿਚ ਨਭ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਵਕ਼ਤ ਲਿਆਏ ਝੱਬ । ਵੇਲੇ ਅੰਤ ਪ੍ਰਭ ਅੰਤ ਕਰਾਵਣਾ । ਪਰਗਟ ਸਾਚੀ ਜੋਤ, ਸਾਚਾ ਕਰਮ ਵਿਚ ਜਗਤ ਕਰਾਵਣਾ । ਜੋਤ ਸਰੂਪੀ ਪਰਗਟ ਭੇਸ, ਸਾਧ ਸੰਗਤ ਪ੍ਰਭ ਦਰਸ ਦਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਸਦ ਆਵਣ ਜਾਵਣਾ । ਵੇਲੇ ਅੰਤ ਪ੍ਰਭ ਦਇਆ ਕਮਾਏ । ਸਾਧ ਸੰਗਤ ਪ੍ਰਭ ਸ਼ਬਦ ਜਣਾਏ । ਭੁਲ ਭੁਲ ਭੁਲ, ਕੋਈ ਜੀਵ ਭੁਲ ਨਾ ਜਾਏ । ਰੁਲ ਰੁਲ ਰੁਲ, ਵੇਲੇ ਅੰਤ ਗੁਰਸਿਖ ਕੋਈ ਰੁਲ ਨਾ ਜਾਏ । ਅਤੁਲ ਅਤੁਲ ਅਤੁਲ, ਪ੍ਰਭ ਨਾ ਕੋਈ ਤੁਲਾਏ । ਅਡੁਲ ਅਡੁਲ ਅਡੁਲ, ਪ੍ਰਭ ਨਾ ਕੋਈ ਡੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠ ਅਡੋਲ ਸ੍ਰਿਸ਼ਟ ਸਬਾਈ ਦੇ ਉਲਟਾਏ । ਸਾਚਾ ਪ੍ਰਭ ਸਚ ਦਇਆ ਧਾਰ । ਸਾਚਾ ਕਾਰਜ ਕਰੇ ਕਰਤਾਰ । ਸਾਚਾ ਰਾਜ ਵਰਤਾਵੇ ਵਿਚ ਸੰਸਾਰ । ਜੋਤ ਜਗਾਵੇ ਵਿਚ ਮਾਝ, ਸਾਚਾ ਗਿਰਧਾਰ । ਸਾਧ ਸੰਗਤ ਪ੍ਰਭ ਰੱਖੇ ਲਾਜ, ਦੇਵੇ ਦਰਸ ਨਿਰਾਹਾਰ । ਸੋਹੰ ਸ਼ਬਦ ਮਾਰੇ ਅਵਾਜ਼, ਸਾਧ ਸੰਗਤ ਆ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰੇ ਖੁਆਰ । ਸੋਹੰ ਸ਼ਬਦ ਪ੍ਰਭ ਅਵਾਜ਼ ਲਗਾਏ । ਗੁਰਸਿਖ ਸਾਚੇ, ਪ੍ਰਭ ਸਚ ਸੁਣਾਏ । ਭਜ ਭਜ ਨਠ ਨਠ, ਸਾਧ ਸੰਗਤ ਪ੍ਰਭ ਸ਼ਰਨੀ ਆਏ । ਇਕੱਠ ਇਕੱਠ ਇਕੱਠ, ਸਾਚਾ ਇਕੱਠ ਹੋ ਜਾਏ । ਲਠ ਲਠ ਲਠ, ਉਲਟੀ ਲਠ ਪ੍ਰਭ ਜਗਤ ਭੁਆਏ । ਭਠ ਭਠ ਭਠ, ਸ੍ਰਿਸ਼ਟ ਸਬਾਈ ਭਠ ਹੋ ਜਾਏ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰ, ਸਾਚਾ ਸ਼ਬਦ ਸੁਣਾਏ । ਸਾਚਾ ਪ੍ਰਭ ਸਚ ਵਰਤਾਰ, ਪੰਜ ਸਿੱਖ ਪ੍ਰਭ ਪਕੜ ਉਠਾਏ । ਵਰਤਾਏ ਸੋ ਜੋ ਸ਼ਬਦ ਲਿਖਾਏ ਅਪਾਰ, ਵਿਚ ਕਲਸੀਂ ਖੇਲ ਰਚਾਏ । ਕਰੇ ਕਰਾਏ ਕਰਨੇਹਾਰ, ਅਭੇਦ ਭੇਦਾ ਭੇਵ ਛੁਪਾਏ । ਸਾਚਾ ਤਖ਼ਤ ਕਰ ਤਿਆਰ, ਆਪਣਾ ਆਸਣ ਆਪ ਲਗਾਏ । ਉਪਰ ਬੈਠ ਆਪ ਗਿਰਧਾਰ, ਸਿੰਘ ਆਸਣ ਗੁਰਸਿਖਾਂ ਸੀਸ ਟਿਕਾਏ । ਚਾਰ ਕੁੰਟ ਮਚ ਜਾਏ ਹਾਹਾਕਾਰ, ਕਿਸੇ ਵੇਲਾ ਹੱਥ ਨਾ ਆਏ । ਮਹਾਰਾਜ ਸ਼ੇਰ ਸਿੰਘ ਤੇਰਾ ਵਰਤਾਰ, ਭੇਦ ਕਿਸੇ ਨਾ ਆਏ । ਸਾਚੇ ਪ੍ਰਭ, ਸਚ ਬਣਤ ਬਣਾਈ । ਸਾਚੀ ਖੇਲ ਕਲਸੀਂ ਪ੍ਰਭ ਵਰਤਾਈ । ਸਾਚਾ ਰਾਜ ਸਾਚਾ ਤਾਜ, ਸਾਚੀ ਦੇਵੇ ਪ੍ਰਭ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਭਵਿਖਤ ਸਚ ਕਰਾਈ । ਸਾਚੇ ਪ੍ਰਭ ਖੇਲ ਰਚਾਇਆ । ਪੰਜਾਂ ਸਿੱਖਾ ਪ੍ਰਭ ਹੁਕਮ ਸੁਣਾਇਆ । ਚਾਰ ਕੁੰਟ ਪ੍ਰਭ ਖੜ੍ਹਾ ਕਰਾਇਆ । ਪੰਜਾਂ ਸਿਰ ਪ੍ਰਭ ਛਤਰ ਝੁਲਾਇਆ । ਸੰਗਤ ਸਬਾਈ ਬਾਹਰ ਕਢਾਇਆ । ਇਕ ਇਕ ਗੁਰਸਿਖ ਆਏ ਗੁਰਚਰਨੀਂ ਸੀਸ ਝੁਕਾਇਆ । ਸਾਧ ਸੰਗਤ ਚੁਪ ਹੋ ਜਾਏ, ਪ੍ਰਭ ਸੁੰਨ ਸਮਾਧ ਕਰਾਇਆ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਵਿਚ ਕਲਸੀਂ ਜਾਏ ਕਰਾਇਆ । ਸਾਚੇ ਪ੍ਰਭ ਸਚ ਖੇਲ ਰਚਾਏ । ਸਾਧ ਸੰਗਤ ਦੇਵੇ ਸਚ ਸੁਣਾਏ । ਆਦਿ ਅੰਤ ਪ੍ਰਭ ਸਦਾ ਸਹਾਏ । ਸਾਧ ਸੰਗਤ ਪ੍ਰਭ ਸਾਚਾ ਜੁਗੋ ਜੁਗ ਪੈਜ ਰਖਾਏ । ਵੇਲਾ ਵਕਤ ਸੁਹਾ ਗਿਆ, ਭਿੰਨੜੀ ਰੈਣ ਸੁਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਵਡਿਆਏ । ਸਾਚੇ ਪ੍ਰਭ ਸਚ ਸ਼ਬਦ ਲਿਖਾਇਆ । ਸਾਧ ਸੰਗਤ ਪ੍ਰਭ ਮਾਣ ਦਵਾਇਆ । ਵਕਤ ਸੁਹਾਇਆ ਵੇਲੇ ਅੰਤਕਾਲ ਅੰਤ ਪ੍ਰਭ ਸਾਧ ਸੰਗਤ ਰਹੇ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਣ ਗੰਧਰਬ ਤੇਰਾ ਦਰਸ ਕਿਸੇ ਨਾ ਪਾਇਆ । ਸਾਧ ਸੰਗਤ ਪ੍ਰਭ ਮਿਲੇ ਭੂਪਨ ਭੂਪਿਆ । ਦੇਵੇ ਦਰਸ ਪ੍ਰਭ ਸਚ ਅਨੂਪਿਆ । ਦਿਸ ਨਾ ਆਏ ਜੋਤ ਸਰੂਪ, ਨਾ ਦਿਸਾਏ ਰੇਖ ਰੂਪਿਆ । ਪ੍ਰਭ ਅਬਿਨਾਸ਼ੀ ਸਤਿ ਸਰੂਪਿਆ । ਮਹਾਰਾਜ ਸ਼ੇਰ ਸਿੰਘ ਜੋਤ ਜਗਾਏ, ਕਰੇ ਪਰਕਾਸ਼ ਵਿਚ ਅੰਧ ਕੂਪਿਆ । ਪ੍ਰਭ ਕੀ ਜੋਤ ਜਗਤ ਉਜਾਗਰ । ਨਿਹਕਲੰਕ ਚਰਨ ਧੂੜ ਜਿਉਂ ਨੀਰ ਸਾਗਰ । ਗੁਰਸਿਖ ਸਾਚੇ ਅੰਮ੍ਰਿਤ ਬਰਖੇ ਵਿਚ ਝੂਠੀ ਦੇਹ ਗਾਗਰ । ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਏ, ਗੁਰਸਿਖ ਤਰਾਏ ਕਰ ਨਿਰਮਲ ਉਜਾਗਰ । ਗੁਰਸਿਖ ਸਾਚਾ ਨਿਰਮਲ ਨਿਰਮਲਾ । ਬੇਮੁਖ ਕਲਜੁਗ ਜੀਵ, ਅੰਤਕਾਲ ਕਲ ਜਿਉਂ ਸਿੰਮਲਾ । ਆਤਮ ਤਪੇ ਜਿਉਂ ਬਾਲੂ ਬਿਮਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸਦ ਨਿਰਮਲ ਨਿਰਮਲਾ । ਸਾਚਾ ਪ੍ਰਭ ਸਦਾ ਨਿਰਾਲਮ । ਝੂਠੀ ਸ੍ਰਿਸ਼ਟ ਝੂਠਾ ਸਭ ਆਲਮ । ਸ਼ਬਦ ਮਾਰ ਕਰੇ ਖੁਆਰ, ਪ੍ਰਭ ਚਲਾਏ ਸਾਚੀ ਕਾਲਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਖੰਡਾ ਦੋ ਧਾਰ ਕਲਜੁਗ ਵਡਾ ਜ਼ਾਲਮ । ਸ਼ਬਦ ਮਾਰ ਪ੍ਰਭ ਜਗਤ ਕਰਾਇਆ । ਜੋਤ ਸਰੂਪ ਪ੍ਰਭ ਅਗਨ ਲਗਾਇਆ । ਗੁਰਸਿਖ ਸਾਚੇ, ਪ੍ਰਭ ਸਾਚੀ ਸ਼ਰਨ ਲਗਾਇਆ । ਸਾਚਾ ਸ਼ਬਦ ਗਿਆਨ ਦੇ, ਪ੍ਰਭ ਆਤਮ ਅਗਨ ਬੁਝਾਇਆ । ਸਾਚਾ ਦਰਸ ਵਿਸ਼ਨੂੰ ਭਗਵਾਨ ਦੇ, ਆਤਮ ਦੁਖ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਦ ਵਿਚ ਸੁਹਾਇਆ । ਸਾਚਾ ਪ੍ਰਭ ਸਦਾ ਸਤਿਵੰਤ । ਜੋਤ ਜਗਾਏ ਵੇਲੇ ਅੰਤ । ਧਰਤ ਧਵਲ ਹਿਲਾਏ, ਜੀਵ ਜੰਤ ਹੋਇਣ ਭਸਮੰਤ । ਸਾਧ ਸੰਗਤ ਮਿਲਿਆ ਪ੍ਰਭ ਇਕ ਇਕੰਤ । ਥਿਰ ਘਰ ਵਾਸੀ ਵਿਚ ਮਾਤ ਦੇ ਆਏ, ਮਹਾਰਾਜ ਸ਼ੇਰ ਸਿੰਘ ਭਗਤ ਭਗਵੰਤ । ਆਇਆ ਮਾਤ ਪ੍ਰਭ ਸੁਖਦਾਇਕ । ਦੁਖ ਰੋਗ ਸਰਬ ਮਿਟਾਇਕ । ਪ੍ਰਭ ਸਾਚਾ ਸਾਚਾ ਨਾਇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਸਦਾ ਸਹਾਇਕ । ਸਾਧ ਸੰਗਤ ਪ੍ਰਭ ਸਚ ਦੇਵੇ ਸੀਖਿਆ । ਸੋਹੰ ਸਾਚਾ ਸ਼ਬਦ, ਪ੍ਰਭ ਝੋਲੀ ਪਾਏ ਭੀਖਿਆ । ਧੰਨ ਧੰਨ ਧੰਨ ਗੁਰਸਿਖ, ਸਾਚਾ ਨਾਮ ਜਿਸ ਪ੍ਰਭ ਸਾਚੇ ਲੀਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰ ਵਿਰਲੇ ਗੁਰਮੁਖ ਦੀਖਿਆ । ਸਾਚੇ ਪ੍ਰਭ ਧਰ ਸਾਚੀ ਸਰਨਾ । ਮਾਤਲੋਕ ਫਿਰ ਹੋਏ ਨਾ ਮਰਨਾ । ਜਮ ਕਾ ਡੰਡ ਵੇਲੇ ਅੰਤ ਨਾ ਭਰਨਾ । ਗੁਰਚਰਨ ਪ੍ਰੀਤੀ ਭਵਜਲ ਤਰਨਾ । ਪ੍ਰਭ ਅਬਿਨਾਸ਼ੀ ਨਿਹਕਲੰਕ, ਗੁਰਮੁਖ ਵਿਰਲੇ ਵਰਨਾ । ਬੇਮੁਖ ਜੀਵਾਂ ਅੰਤਕਾਲ ਕਲਜੁਗ ਦੁਖ ਡਾਹਢਾ ਭਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਝਿਰਾਏ ਸਾਚਾ ਝਿਰਨਾ । ਅੰਮ੍ਰਿਤ ਝਿਰਨਾ ਪ੍ਰਭ ਝਿਰਾਏ । ਸ਼ਾਂਤ ਸਵਾਂਤੀ ਬੂੰਦ ਪ੍ਰਭ ਮੇਘ ਬਰਖਾਏ । ਸਾਚਾ ਪ੍ਰਭ ਕਿਰਪਾ ਨਿਧ, ਕਵਲ ਨਾਭ ਖੋਲ੍ਹ ਵਖਾਏ । ਕਾਰਜ ਹੋਵਣ ਸਾਰੇ ਸਿਧ, ਦਵਾਰ ਦਸਮ ਪ੍ਰਭ ਭੇਦ ਖੁਲ੍ਹਾਏ । ਗੁਰਸਿਖ ਦੇਵੇ ਨੌਂ ਨਿਧ, ਸਾਚੀ ਜੋਤ ਪ੍ਰਭ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਸਰਬ ਖੁਲ੍ਹਾਏ । ਆਪਣਾ

ਭੇਵ ਪ੍ਰਭ ਖੁਲ੍ਹਾਉਣਾ । ਜੋਤ ਸਰੂਪੀ ਸਾਚਾ ਡੰਕ ਨਿਹਕਲੰਕ ਵਜਾਉਣਾ । ਸਾਚਾ ਧਾਮ ਪ੍ਰਭ ਅਬਿਨਾਸ਼ੀ ਵੇਲੇ ਅੰਤ ਸੁਹਾਉਣਾ । ਸਾਧ ਸੰਗਤ, ਸਾਚਾ ਨਾਮ ਨਿਹਕਲੰਕ ਸਦ ਰਸਨੀ ਗਾਉਣਾ । ਜੋਤ ਜਗਾਏ ਰਮਈਆ ਰਾਮ, ਮਸਤੂਆਣੇ ਚਰਨ ਪ੍ਰਭ ਪਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਰਾਣੇ ਸੰਗਰੂਰ ਦਿਖਾਉਣਾ । ਜੋਤ ਸਰੂਪ ਪ੍ਰਭ ਦਰਸ ਦਿਖਾਏ । ਰਾਣਾ ਸੰਗਰੂਰ ਪ੍ਰਭ ਟੁੰਬ ਉਠਾਏ । ਪ੍ਰਭ ਦੀਸੇ ਦੂਰ, ਨਜ਼ਰ ਨਾ ਆਏ । ਟੁੱਟੇ ਗ਼ਰੂਰ, ਪ੍ਰਭ ਸਾਚਾ ਭਉ ਚੁਕਾਏ । ਆਤਮ ਸਰੂਰ, ਪ੍ਰਭ ਸੋਹੰ ਸ਼ਬਦ ਧੁੰਨ ਉਪਜਾਏ । ਸਰਬ ਕਲਾ ਪ੍ਰਭ ਸਾਚਾ ਪੂਰ, ਦਰ ਆਏ ਸੀਸ ਝੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੁੱਲਿਆਂ ਗਲੇ ਲਗਾਏ । ਭੁਲ ਭੁਲ ਭੁਲ ਵਕਤ ਗਵਾਇਆ । ਸੰਤ ਮਨੀ ਸਿੰਘ ਸਾਚਾ ਢੋਲ ਵਜਾਇਆ । ਪ੍ਰਭ ਅਬਿਨਾਸ਼ੀ ਜੋਤ ਸਰੂਪ, ਅਨਹਦ ਧੁਨ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਇਆ । ਸਾਚਾ ਪ੍ਰਭ ਸਚ ਹੁਕਮ ਸੁਣਾਏ । ਸੰਤ ਮਨੀ ਸਿੰਘ ਸਤਿ ਕਮਾਏ । ਰਾਜੇ ਰਾਣਿਆਂ ਦੇ ਸੁਣਾਏ । ਨਿਹਕਲੰਕ ਜਾਮਾ ਧਾਰ ਵਿਚ ਮਾਤ ਦੇ ਆਏ । ਨਰ ਅਵਤਾਰ ਕਿਰਪਾ ਧਾਰ, ਚਲ ਆ ਸੀਸ ਝੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੇਰ ਦਿਸ ਨਾ ਆਏ । ਸਾਚੇ ਸੰਤ ਸਚ ਹੁਕਮ ਸੁਣਾਇਆ । ਪ੍ਰਭ ਅਬਿਨਾਸ਼ੀ ਸਾਚਾ ਸ਼ਬਦ ਲਿਖਾਇਆ । ਸਾਚਾ ਸੰਤ ਪਰਵਾਨ ਪ੍ਰਭ ਦੀਬਾਨ ਆਪਣਾ ਖੇਲ ਰਚਾਇਆ । ਨਿਹਕਲੰਕ ਜੋ ਚਰਨੀਂ ਡਿੱਗੇ ਆਣ, ਪ੍ਰਭ ਦੇਵੇ ਮਾਣ ਸਵਾਇਆ । ਜੋ ਜਨ ਨਾ ਕਰਨ ਪਛਾਣ, ਪ੍ਰਭ ਰਾਓ ਰੰਕ ਕਰਾਇਆ । ਨਿਮਾਣਿਆਂ ਪ੍ਰਭ ਦੇਵੇ ਮਾਣ, ਨਿਮਾਣਿਆਂ ਸਿਰ ਛਤਰ ਝੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜਾ ਰਾਣਾ ਸਭ ਤਖ਼ਤੋਂ ਲਾਹਿਆ । ਸਾਚੇ ਸੰਤ ਪ੍ਰਭ ਚਰਨ ਟੇਕਾ । ਸਾਚਾ ਪ੍ਰਭ, ਸ਼ਬਦ ਉਪਜਾਏ ਏਕਾ । ਭਾਣਾ ਪ੍ਰਭ ਵਰਤਾਏ, ਕਲਜੁਗ ਜੀਵ ਭੁੱਲੇ ਅਨੇਕਾ । ਵੇਲੇ ਅੰਤ ਪਤਿ ਗਵਾਏ, ਇਕ ਰਖਾਏ ਪ੍ਰਭ ਚਰਨ ਟੇਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕਰੇ ਬੁਧਿ ਬਿਬੇਕਾ । ਸਾਚਾ ਪ੍ਰਭ ਭਰਮ ਨਿਵਾਰੇ । ਰਾਜੇ ਰਾਣੇ ਆਇਣ ਚਲ ਦਰਬਾਰੇ । ਜੋਤ ਸਰੂਪ ਪ੍ਰਭ ਪਰਗਟੇ ਗਿਰਧਾਰੇ । ਏਕਾ ਸ਼ਬਦ ਪ੍ਰਭ ਮਾਰੇ ਖੰਡਾ ਦੋ ਧਾਰੇ । ਆਤਮ ਮਾਰ ਕਰ ਖੁਆਰ ਉਤਰਨ ਪਾਰ, ਜੋ ਜਨ ਡਿੱਗਣ ਦਵਾਰੇ । ਵਿਚ ਸੰਸਾਰ ਪ੍ਰਭ ਗਿਰਧਾਰ, ਸੋਹੰ ਸ਼ਬਦ ਕਰਾਏ ਜੈਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁੱਚ ਵਰਤਾਏ ਵਿਚ ਸੰਸਾਰੇ । ਸਾਚਾ ਪ੍ਰਭ ਸਚ ਦੀਬਾਣ । ਚਾਰ ਵਰਨ ਪ੍ਰਭ ਪਾਏ ਏਕਾ ਮਾਣ । ਰਾਓ ਰੰਕ ਨਿਹਕਲੰਕ ਦਰ ਇਕ ਸਮਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾਜ ਰਖਾਏ ਚਰਨ ਆਏ ਜੋ ਬਿਰਧ ਬਾਲ ਜਵਾਨ । ਪ੍ਰਭ ਰੱਖੇ ਲਾਜ ਬਿਰਧ ਬਾਲ ਅੰਞਾਣਿਆਂ । ਪ੍ਰਭ ਅਬਿਨਾਸ਼ੀ ਕਲਜੁਗ ਜਿਸ ਜਨ ਪਛਾਣਿਆ । ਸਾਚਾ ਪ੍ਰਭ ਪਰਗਟ ਜੋਤ, ਚਰਨ ਲਗਾਵੇ ਰਾਜੇ ਰਾਣਿਆਂ । ਹੰਕਾਰੀਆਂ ਪ੍ਰਭ ਹੰਕਾਰ ਨਿਵਾਰੇ, ਦਰਸ ਦਿਖਾਵੇ ਰਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਵਰਤਾਵੇ ਆਪਣੇ ਭਾਣਿਆਂ । ਸਾਚਾ ਪ੍ਰਭ ਸਚ ਵਰਤੇ ਭਾਣਾ । ਰਾਓ ਰੰਕ ਪ੍ਰਭ ਚਰਨ ਲਗਾਣਾ । ਸਾਚਾ ਸ਼ਬਦ ਪ੍ਰਭ ਸਚ ਸੁਨਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਜੋਤ ਸਰੂਪ ਪ੍ਰਭ ਜਾਮਾ ਧਾਰ । ਕਲਜੁਗ ਆਇਆ ਵਿਚ ਸੰਸਾਰ । ਦਿਸ ਨਾ ਆਏ ਪ੍ਰਭ ਨੈਣ ਮੁੰਧਾਰ । ਪ੍ਰਭ ਸਾਚੇ ਦੀ ਸਾਚੀ ਕਾਰ । ਸਚ ਸੁੱਚ ਵਰਤਾਵੇ ਵਿਚ ਸੰਸਾਰ । ਸਤਿਜੁਗ ਵਰਤਾਵੇ ਪ੍ਰਭ ਸਤਿ ਵਰਤਾਰ । ਏਕਾ ਆਤਮ ਗਿਆਨ ਦੇ, ਪ੍ਰਭ ਭਰੇ ਭੰਡਾਰ । ਸਤਿਜੁਗ ਤੇਰਾ ਵਾਸ, ਮਿਟੇ

ਅੰਧੇਰ ਭਏ ਪਰਕਾਸ਼ । ਬਾਲਕ ਦੇਵੇ ਗਿਆਨ, ਵਿਚ ਗਰਭਵਾਸ । ਸਾਚਾ ਸੋਹੰ ਸ਼ਬਦ ਪ੍ਰਭ ਵਿਚ ਚਲਾਏ ਸਵਾਸ । ਕਲਜੁਗ ਮਾਇਆ ਪ੍ਰਭ ਸਾਚੇ, ਜੀਵ ਜੰਤਾਂ ਕੀਨੀ ਨਾਸ । ਪਰਗਟ ਜੋਤ ਨਿਹਕਲੰਕ ਸ੍ਰਿਸ਼ਟ ਸਬਾਈ ਕੀਨੀ ਦਾਸ । ਸਤਿਜੁਗ ਤੇਰਾ ਸਤਿ ਵਰਤਾਰ । ਸੋਹੰ ਸ਼ਬਦ ਪ੍ਰਭ ਭਰੇ ਭੰਡਾਰ । ਚਾਰ ਵਰਨ ਸੋਹੰ ਏਕਾ ਅਧਾਰ । ਚਰਨ ਲਾਗ ਨੀਚ ਊਚ ਸਭ ਉਧਰੇ ਪਾਰ । ਪਾਰਬ੍ਰਹਮ ਪਰਮੇਸ਼ਵਰ ਨਰ ਨਰਾਇਣ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਤੇਰਾ ਸਚ ਦਰਬਾਰ । ਸਾਚਾ ਦਰ ਗੁਰਸਿਖ ਸਾਚੇ ਮੰਗਿਆ । ਸੋਹੰ ਸ਼ਬਦ ਸਿੱਖ ਸਾਚੇ ਲਾਗੇ ਅੰਗਿਆ । ਗੁਣ ਨਿਧਾਨ ਪ੍ਰਭ ਸਾਚਾ ਨਾਮ ਦੇ, ਗੁਰਸਿਖ ਤੇਰਾ ਆਤਮ ਰੰਗਿਆ । ਪਰਗਟ ਜੋਤ ਦੇਵੇ ਦਰਸ ਵਿਸ਼ਨੂੰ ਭਗਵਾਨ, ਜਿਸ ਦਰ ਆਏ ਮੰਗਿਆ । ਚਾਰ ਵਰਨ, ਪ੍ਰਭ ਦਰ ਭਿਖਾਰੀ । ਧਰੇ ਜੋਤ ਨਿਹਕਲੰਕ ਅਵਤਾਰੀ । ਝੂਠੀ ਸ੍ਰਿਸ਼ਟ ਜੋਤ ਸਰੂਪ ਪ੍ਰਭ ਆਣ ਸੰਘਾਰੀ । ਕਲਜੁਗ ਕਾਇਆ ਪ੍ਰਭ ਪਾਰ ਉਤਾਰੀ । ਸਤਿਜੁਗ ਸਾਚੀ ਸਤਿਗੁਰ ਸਾਚੇ ਤੇਰੀ ਨੀਂਹ ਉਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਚਾਰ ਕੁੰਟ ਸਿਰ ਛਤਰ ਝੁਲਾਰੀ । ਛਤਰ ਸੋਹੇ ਪ੍ਰਭ ਸਾਚੇ ਸੀਸ । ਸਤਿਜੁਗ ਸਾਚੇ ਏਕਾ ਰਾਹ ਦਿਸਾਏ ਜਗਦੀਸ਼ । ਗੁਰਸਿਖ ਸਾਚੇ ਪ੍ਰਭ ਮੇਲ ਮਿਲਾਏ, ਭੇਦ ਚੁਕਾਏ ਬੀਸ ਇਕੀਸ । ਅੰਤਕਾਲ ਵਿਚ ਜੋਤ ਰਲਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੇਮੁਖਾਂ ਜਾਏ ਪੀਸ । ਪੀਸ ਪਿਸਾਵੇ ਸਾਰਾ ਜਗ । ਰਾਜੇ ਰਾਣੇ ਪਕੜ ਲਿਆਵੇ ਸ਼ਾਹ ਰਗ । ਕਲਜੁਗ ਜੀਵ ਅਗਨ ਜੋਤ ਜਾਇਣ ਦਗ । ਗੁਰਮੁਖ ਸਾਚੇ ਨਿਹਕਲੰਕ, ਤੇਰੀ ਚਰਨੀਂ ਜਾਇਣ ਲਗ । ਅੰਤਕਾਲ ਕਲ ਸੋ ਜਨ ਉਧਰੇ, ਜੋ ਪ੍ਰਭ ਆਏ ਪਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਸਰਬੱਗ । ਵਡ ਦਾਤਾ ਪ੍ਰਭ ਵਡ ਸੂਰ । ਸ੍ਰਿਸ਼ਟ ਸਬਾਈ ਕਰੇ ਚੂਰ । ਕਲਜੁਗ ਵੇਲਾ ਅੰਤ ਆ ਗਿਆ, ਨਾ ਰਿਹਾ ਦੂਰ । ਗੁਰ ਸਾਚਾ ਸ਼ਬਦ ਲਿਖਾ ਗਿਆ, ਗੁਰਸਿਖਾਂ ਆਤਮ ਕਰੇ ਭਰਪੂਰ । ਸਤਿਜੁਗ ਸਾਚੀ ਜੋਤ ਜਗਾ ਗਿਆ, ਸਿੱਖ ਸਾਚੇ ਜਿਉਂ ਕੋਹਤੂਰ । ਪ੍ਰਭ ਸਾਚਾ ਭੇਸ ਵਟਾ ਗਿਆ, ਜੋਤ ਸਰੂਪੀ ਸਾਚਾ ਏਕਾ ਨੂਰ । ਨਿਰੰਜਣ ਜੋਤ ਸਦ ਨਿਰਹਾਰ । ਪਾਰਬ੍ਰਹਮ ਜੋਤ ਸਰੂਪ ਲਏ ਅਵਤਾਰ । ਕਲਜੁਗ ਅੰਤਮ ਕਰੇ ਖੁਆਰ । ਸਤਿਜੁਗ ਸਾਚਾ ਸਚ ਵਰਤੇ ਵਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਭਏ ਨਿਹਕਲੰਕ ਅਵਤਾਰ । ਨਿਹਕਲੰਕ ਤੇਰਾ ਨਾਨਾ ਰੂਪ । ਸਾਚੀ ਜੋਤ ਪਰਗਟਾਏ, ਵਿਚ ਮਾਤ ਅੰਧ ਕੂਪ । ਆਤਮ ਅਗਨ ਲਗਾਈ, ਬਿਲਲਾਏ ਵਡ ਵਡ ਭੂਪ । ਪ੍ਰਭ ਸਾਚੇ ਦਇਆ ਕਮਾਈ, ਗੁਰਸਿਖਾਂ ਦਰਸ ਦਿਖਾਏ ਜੋਤ ਸਰੂਪ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ, ਤੇਰੀ ਮਹਿੰਮਾ ਜਗਤ ਅਨੂਪ । ਸਾਚਾ ਪ੍ਰਭ, ਰੰਗ ਨਾ ਰੂਪਿਆ । ਜੋਤ ਸਰੂਪੀ ਸਦ ਜੋਤ ਸਰੂਪਿਆ । ਆਵਣ ਜਾਣ ਜਾਵਣ ਆਣ, ਜਾਮਾ ਧਾਰੇ ਗੁਰਸਿਖਾਂ ਸੋਹੰ ਸਾਚੀ ਧੂਪਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਤਿ ਸਰੂਪਿਆ । ਸਤਿਜੁਗ ਤੇਰੀ ਸਾਚੀ ਸਾਰ । ਸੋਹੰ ਸ਼ਬਦ ਤੇਰੀ ਵਰਤਾਰ । ਨਿਹਕਲੰਕ ਤੇਰਾ ਸਿਕਦਾਰ । ਵਡ ਵਡ ਆਪ ਪ੍ਰਭ ਵਡ ਕਰਤਾਰ । ਏਕਾ ਦਰ ਚਾਰ ਵਰਨ ਦਿਸਾਏ ਹਰਿ ਕਾ ਦਵਾਰ । ਪਾਰਬ੍ਰਹਮ ਜੋਤ ਜਗਾਏ ਅਪਰ ਅਪਾਰ । ਗੁਰਚਰਨ ਪ੍ਰੀਤੀ ਸਾਚਾ ਘਰ, ਸੋਹੰ ਸਾਚਾ ਸ਼ਬਦ ਜਨ ਭਗਤਾਂ ਦੇਵੇ ਭੰਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਕਰਤਾਰ । ਸਤਿਜੁਗ ਸਾਚਾ ਸਤਿ ਕਰ ਜਾਣਿਆ । ਪਾਰਬ੍ਰਹਮ ਸਰੂਪ ਬ੍ਰਹਮ, ਵਿਰਲੇ ਗੁਰ ਕਿਸੇ ਪਛਾਣਿਆਂ । ਖੇਲ ਕੀਆ ਪ੍ਰਭ ਅਗੰਮ, ਤਖ਼ਤੋਂ ਲਾਹੇ ਰਾਜੇ ਰਾਣਿਆਂ । ਕੋਈ ਨਾ ਮਾਰੇ ਚਾਰ ਕੁੰਟ ਦਮ,

ਪ੍ਰਭ ਧਰੇ ਜੋਤ ਵਡ ਜਰਵਾਣਿਆ । ਸੋਹੰ ਸਾਚਾ ਸ਼ਬਦ ਜਪਾਵੇ ਨਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਸਤਿਜੁਗ ਤੇਰੀ ਸਾਚੀ ਨਾਏ । ਪ੍ਰਭ ਅਬਿਨਾਸ਼ੀ ਦੇ ਲਿਖਾਏ । ਰਾਓ ਰੰਕ ਸਰਬ ਝੜ ਜਾਏ । ਊਚ ਨੀਚ ਕੋਈ ਰਹਿਣ ਨਾ ਪਾਏ । ਏਕਾ ਵਰਨ ਪ੍ਰਭ ਵਿਚ ਮਾਤ ਵਰਤਾਏ । ਸਾਚੀ ਸਰਨ ਨਿਹਕਲੰਕ ਤੇਰੀ ਦਿਸ ਆਏ । ਕਲ ਬੇਮੁਖ ਜੀਵ ਵੇਲੇ ਅੰਤ ਡਰਨ ਕੋਏ ਨਾ ਹੋਏ ਸਹਾਏ । ਪਤਤ ਪਾਪੀ ਸਭ ਦਰ ਤਰਨ, ਜੋ ਜਨ ਆਇਨ ਸਰਨਾਏ । ਸਾਧ ਸੰਗਤ ਗੁਰਚਰਨੀ ਤਰਨ, ਦਰ ਆਏ ਸੀਸ ਝੁਕਾਏ । ਮਾਤਲੋਕ ਨਾ ਹੋਵੇ ਮਰਨ, ਆਵਣ ਜਾਣ ਪ੍ਰਭ ਗੇੜ ਚੁਕਾਏ । ਖੋਲ੍ਹ ਦੇਵੇ ਪ੍ਰਭ ਹਰਨ ਫਰਨ, ਸੋਹੰ ਸ਼ਬਦ ਜੋ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਗਾਥ ਸਤਿਜੁਗ ਲਿਖਾਏ । ਹਰਨ ਫਰਨ ਪ੍ਰਭ ਆਪ ਖੁਲ੍ਹਾਏ । ਸਾਚੀ ਜੋਤ ਵਿਚ ਦੇਹ ਟਿਕਾਏ । ਅਗਿਆਨ ਅੰਧੇਰ ਸਭ ਦੇ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜਾਨੰਦ ਗੁਰਸਿਖ ਉਪਜਾਏ । ਨਿਜਾਨੰਦ ਗੁਰ ਦਰ ਪਾਈਏ । ਕਲਜੁਗ ਮਾਇਆ ਤਨੋਂ ਜਲਾਈਏ । ਹੰਗਤਾ ਮੈਲ ਮਨੋਂ ਤਜਾਈਏ । ਸਾਚਾ ਗੁਰ ਸਾਚੀ ਸੰਗਤ ਬਣ ਜਾਈਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਹੋਏ ਦਾਗ਼ ਨਾ ਲਾਈਏ । ਸਾਚ ਪ੍ਰਭ, ਸਚ ਫ਼ਰਮਾਏ । ਸਾਚਾ ਸ਼ਬਦ ਗੁਰ ਸੰਗਤ ਸੁਣਾਏ । ਨਿੰਦਕ ਦੁਸ਼ਟ ਪ੍ਰਭ ਦਰ ਰਹਿਣ ਨਾ ਪਾਏ । ਪਹਿਲੀ ਮਾਘ ਪ੍ਰਭ ਸਾਰਾ ਭੇਦ ਖੁਲ੍ਹਾਏ । ਆਤਮ ਅਜੋੜ ਪ੍ਰਭ ਬੰਦੀ ਤੋੜ, ਪ੍ਰਭ ਸਾਚੀ ਬਣਤ ਬਣਾਏ । ਬੇਮੁਖ ਚਲੇ ਦੇਹੀ ਕੋਹੜ, ਰਸਨਾ ਨਿੰਦ ਜੋ ਪ੍ਰਭ ਸੁਣਾਏ । ਜੋ ਜਨ ਹੋਏ ਸ਼ਬਦ ਅਮੋੜ, ਸਾਧ ਸੰਗਤ ਵਿਚ ਰਹਿਣ ਨਾ ਪਾਏ । ਵੇਲਾ ਅੰਤ ਪ੍ਰਭ ਸਾਚੇ ਦੀ ਸਾਚੀ ਲੋੜ, ਮਹਾਰਾਜ ਸ਼ੇਰ ਸਿੰਘ ਸਾਚਾ ਸ਼ਬਦ ਲਿਖਾਏ । ਸਾਚੇ ਸਿੱਖ ਸਚ ਵਰਤੰਤ । ਸਚ ਸੁੱਚ ਵਰਤਾਏ ਪ੍ਰਭ ਭਗਵੰਤ । ਬੇਮੁਖ ਭੁੱਲੇ ਸਰਬ ਜੀਵ ਜੰਤ । ਹੋਏ ਨਿਮਾਣਾ ਚਰਨੀਂ ਸੀਸ ਝੁਕਾਏ, ਬਖ਼ਸ਼ ਦੇਵੇ ਪ੍ਰਭ ਸਾਚਾ ਕੰਤ । ਚਰਨ ਧੂੜ ਜਨ ਮਸਤਕ ਲਾਏ, ਹੋਏ ਸਹਾਈ ਵੇਲੇ ਅੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਾਇਆ ਪਾਈ ਬੇਅੰਤ । ਸਤਿਜੁਗ ਸਾਚਾ ਪ੍ਰਭ ਸਾਚੇ ਲਾਇਆ । ਸਾਚਾ ਸ਼ਬਦ ਵੀਹ ਸੌ ਅੱਠ ਬਿਕ੍ਰਮੀ ਪਹਿਲੀ ਮਾਘ ਲਿਖਾਇਆ । ਏਕਾ ਰਾਗ ਪ੍ਰਭ ਸਾਚੇ ਸੋਹੰ ਚਾਰ ਵਰਨ ਸੁਣਾਇਆ । ਬੇਮੁਖਾਂ ਆਤਮ ਡੰਗ ਮਾਰੇ ਨਾਗ, ਬਾਸ਼ਕ ਤਸ਼ਕ ਪ੍ਰਭ ਟੁੰਬ ਉਠਾਇਆ । ਗੁਰਸਿਖ ਹਿਰਦੇ ਜਾਇਣ ਜਾਗ, ਨਾਦ ਧੁਨ ਪ੍ਰਭ ਦੇ ਉਪਜਾਇਆ । ਗੁਰਸਿਖ ਸਾਚੇ ਪ੍ਰਭ ਚਰਨੀਂ ਲਾਗ, ਕਲਜੁਗ ਮਮਤਾ ਦੇ ਤਜਾਇਆ । ਜੋਤ ਸਰੂਪ ਪਰਗਟੇ ਆਦਿ ਜੁਗਾਦਿ, ਨਿਹਕਲੰਕ ਕਲ ਜਾਮਾ ਘਨਕਪੁਰੀ ਵਿਚ ਪਾਇਆ । ਗੁਰਸਿਖ ਪ੍ਰਭ ਦੇਵੇ ਸਾਚੀ ਸਿਖਿਆ । ਵੇਲੇ ਅੰਤ ਸਾਧ ਸੰਗਤ ਤੇਰੀ ਸਚ ਪਰੀਖਿਆ । ਸਾਚਾ ਪ੍ਰਭ ਸਾਚਾ ਦਰ ਸਚ ਸੋਹੰ ਦੇਵੇ ਸਾਚੀ ਭੀਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਵਿਰਲੇ ਗੁਰਮੁਖ ਦੀਖਿਆ । ਵਿਰਲਾ ਗੁਰਸਿਖ ਪ੍ਰਭ ਦਰ ਪੇਖੇ । ਸਾਚਾ ਪਿਤ ਜਨ ਸਾਚਾ ਵੇਖੇ । ਸ੍ਰਿਸ਼ਟ ਸਬਾਈ ਪ੍ਰਭ ਰਹੀ ਭਰਮ ਭੁਲੇਖੇ । ਗੁਰਸਿਖ ਤੇਰਾ ਮਾਨਸ ਜਨਮ ਪ੍ਰਭ ਲਾਇਆ ਲੇਖੇ । ਜੋ ਜਨ ਦਰ ਆਇਣ ਵੇਖਾ ਵੇਖੇ । ਪ੍ਰਭ ਚਰਨੀ ਸੀਸ ਝੁਕਾਇਣ, ਪ੍ਰਭ ਸਾਚਾ ਲੇਖ ਲਿਖਾਏ ਵਿਚ ਲੇਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਵਿਚ ਵੇਖੇ । ਸਾਧ ਸੰਗਤ ਸਾਚਾ ਫ਼ਰਮਾਣ । ਸਾਚਾ ਸ਼ਬਦ ਸਾਚਾ ਗੁਰ ਸਚ ਪਾਵੇ ਆਣ । ਨਿੰਦਕ ਦੁਸ਼ਟ ਦੁਰਾਚਾਰ, ਪ੍ਰਭ ਦਰ ਨਾ ਪਾਇਣ । ਸੋ ਜਨ ਉਧਰਨ ਪਾਰ, ਸੋਹੰ ਸ਼ਬਦ ਜੋ ਰਸਨਾ ਗਾਇਣ । ਕਲਜੁਗ ਜਾਮਾ ਧਾਰਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

ਸਾਧ ਸੰਗਤ ਪ੍ਰਭ ਭਓ ਚੁਕਾਏ । ਸਾਚਾ ਸ਼ਬਦ ਸਤਿ ਵਰਤਾਏ । ਸੰਤ ਮਨੀ ਸਿੰਘ ਸਾਚਾ ਮਾਣ ਦਵਾਏ । ਜਾਮਾ ਧਾਰ ਨਿਹਕਲੰਕ, ਸਤਿਗੁਰ ਸਾਚਾ ਸਤਿਜੁਗ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਤਿਲਕ ਲਗਾਏ । ਸਾਚੇ ਪ੍ਰਭ ਸਚ ਤਿਲਕ ਲਗਾਇਆ । ਚਾਰ ਵਰਨ ਸਿਰਤਾਜ ਬਣਾਇਆ । ਚਾਰ ਵਰਨ ਮਨੀ ਸਿੰਘ ਤੇਰੀ ਸਰਨਾਇਆ । ਪਰਬ੍ਰਹਮ ਅਚਰਜ ਖੇਲ, ਸਤਿਜੁਗ ਸਾਚੇ ਜੋਤ ਸਰੂਪੀ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਵਰਭੰਡ ਏਕਾ ਸ਼ਬਦ ਚਲਾਇਆ । ਸਾਚੇ ਪ੍ਰਭ ਸਚ ਸਤਿਜੁਗ ਲਾਇਆ । ਸਾਚਾ ਸਤਿਗੁਰ ਪ੍ਰਭ ਆਪ ਪਰਗਟਾਇਆ । ਜੋਤ ਸਰੂਪੀ ਨਿਹਕਲੰਕ ਭਰਮ ਭੁਲੇਖਾ ਸਾਰਾ ਲਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰਾ ਭੇਦ ਆਪ ਖੁਲ੍ਹਾਇਆ । ਮਨੀ ਸਿੰਘ ਸਿਰ ਤੇਰੇ ਤਾਜਾ । ਵਡਾ ਪ੍ਰਭ ਆਪ ਵਡ ਰਾਜਾ । ਪਰਗਟਾਈ ਜੋਤ ਰਖਾਈ ਲਾਜ ਵਿਚ ਮਾਝਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੀ ਰੱਖੇ ਲਾਜਾ । ਸਤਿਜੁਗ ਸਾਚਾ ਸਤਿ ਉਪਜਾਇਆ । ਕਲਜੁਗ ਮਾਝਾ ਥੇਹ ਕਰ, ਸਤਿਜੁਗ ਸਾਚੇ ਪਰਗਟਾਇਆ । ਸਤਿਜੁਗ ਅੰਮ੍ਰਿਤ ਮੇਘ ਬਰਸ, ਸਤਿ ਸਰੂਰ ਪ੍ਰਭ ਦੇ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਭੇਤ ਚੁਕਾਇਆ । ਸਤਿਜੁਗ ਸਾਚੇ ਪ੍ਰਭ ਭਾਗ ਲਗਾਵਣਾ । ਦੇਸ ਮਾਝਾ ਪ੍ਰਭ ਫੇਰ ਵਸਾਵਣਾ । ਪੁਰੀ ਘਨਕ ਹੋਏ ਸਤਿ ਸੁਹਾਵਣਾ । ਚਾਰ ਵਰਨ ਪ੍ਰਭ ਦਰ ਆਏ ਸਾਚਾ ਗਾਵਣਾ । ਮਹਾਰਾਜ ਸ਼ੇਰ ਸਿੰਘ ਸ਼ਬਦ ਸੁਣਾਏ, ਚਾਰ ਕੁੰਟ ਜੋਤ ਸਰੂਪ ਵਿਚ ਪਾਵਣਾ । ਜੋਤ ਸਰੂਪ ਭਏ ਜਗ ਅੰਤਰ । ਸੋਹੰ ਸ਼ਬਦ ਦੇਵੇ ਸਾਚਾ ਗੁਰ ਮੰਤਰ । ਗੁਰਸਿਖ ਆਤਮ ਸਦਾ ਪ੍ਰਭ ਬਸੰਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਕਰੇ ਸੁਤੰਤਰ । ਗੁਰਸਿਖ ਤੇਰੀ ਆਤਮ ਰਾਸ । ਸਾਚਾ ਪ੍ਰਭ ਵਸੇ ਤੇਰੇ ਪਾਸ । ਧਰੇ ਜੋਤ ਪ੍ਰਭ ਅਬਿਨਾਸ਼ । ਸਦਾ ਅਡੋਲ ਨਾ ਜਾਏ ਵਿਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਪ੍ਰਭ ਸਦਾ ਬਲ ਬਲ ਜਾਸ । ਸਾਚਾ ਸ਼ਬਦ ਪ੍ਰਭ ਜਾਏ ਵੰਡ । ਬੇਮੁਖ ਪ੍ਰਭ ਲਾਏ ਸੋਹੰ ਡੰਡ । ਗੁਰਸਿਖ ਤੇਰੀ ਆਤਮ ਹੋਏ ਨਾ ਰੰਡ । ਜਾਮਾ ਧਾਰ ਨਿਹਕਲੰਕ, ਰਾਜਿਆਂ ਰਾਣਿਆਂ ਤੋੜੇ ਘੁਮੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਧਾਰੇ ਵਿਚ ਬ੍ਰਹਿਮੰਡ । ਵਰਭੰਡੀ ਵਰਭੰਡ ਸਮਾਏ । ਚਾਰ ਵਰਨ ਪ੍ਰਭ ਏਕਾ ਜੋਤ ਜਗਾਏ । ਏਕਾ ਏਕ ਪ੍ਰਭ ਏਕ ਕਰ, ਏਕਾ ਮਾਰਗ ਲਾਏ । ਨਿਹਕਲੰਕ ਸਾਚੀ ਚਰਨ ਟੇਕ ਧਰ, ਦੂਸਰ ਸਾਰਾ ਭੇਦ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ । ਸਾਚਾ ਮਾਰਗ ਸਤਿਜੁਗ ਲਾਇਆ । ਪ੍ਰਭ ਅਬਿਨਾਸ਼ੀ ਸ਼ਬਦ ਲਿਖਾਇਆ । ਪਹਿਲੀ ਮਾਘ ਪ੍ਰਭ ਜਨਮ ਦਵਾਇਆ । ਵੀਹ ਸੌ ਅੱਠ ਬਿਕ੍ਰਮੀ, ਸਤਿਗੁਰ ਸਾਚੇ ਮਾਣ ਦਵਾਇਆ । ਕਲਜੁਗ ਵੇਲਾ ਅੰਤਮ ਅੰਤ, ਬੇਮੁਖਾਂ ਹੱਥ ਨਾ ਆਇਆ । ਦਰ ਆਏ ਗੁਰਸਿਖ ਸਾਚੇ ਸੰਤ, ਪ੍ਰਭ ਸਾਚਾ ਲੇਖ ਲਿਖਾਇਆ । ਕੋਈ ਨਾ ਦੀਸੇ ਦੇਵ ਦੰਤ, ਪ੍ਰਭ ਸੋਹੰ ਸ਼ਬਦ ਚਲਾਇਆ । ਸ੍ਰਿਸ਼ਟ ਸਬਾਈ ਹੋਈ ਭਸਮੰਤ, ਜੋਤ ਅਗਨ ਪ੍ਰਭ ਦੇ ਲਗਾਇਆ । ਸੋ ਜਨ ਉਧਰੇ ਜਿਨ ਮਿਲਿਆ ਪ੍ਰਭ ਸਾਚਾ ਕੰਤ, ਚਲ ਆਏ ਨਿਹਕਲੰਕ ਸਰਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾਇਆ । ਸਤਿਜੁਗ ਤੇਰਾ ਵਕ਼ਤ ਸੁਹਾਏ । ਸਤਿ ਪੁਰਖਾਂ ਆਤਮ ਪ੍ਰਭ ਜੋਤ ਜਗਾਏ । ਆਤਮ ਸ਼ਾਂਤ ਗੁਰਸਿਖ ਸਾਚੇ, ਪ੍ਰਭ ਸਾਚਾ ਕਲ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਕਰਾਏ । ਸਾਚਾ ਪ੍ਰਭ ਕਲ ਸਾਚੀ ਸ਼ਰਨਾ । ਅਵਤਾਰ ਨਰ ਕਿਸੇ ਵਿਰਲੇ ਗੁਰਮੁਖ ਵਰਨਾ । ਕਲਜੁਗ

ਜੀਵਾਂ ਅੰਤਕਾਲ ਕਲ, ਦੁਖ ਡਾਹਢਾ ਭਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਚਰਨ ਲਾਗ ਕਲ ਤਰਨਾ । ਤਰਨ ਤਾਰਨ ਪ੍ਰਭ ਸਮਰਥ । ਗੁਰਸਿਖ ਰੱਖੇ ਦੇ ਕਰ ਹੱਥ । ਏਕਾ ਸ਼ਬਦ ਪ੍ਰਭ ਸਾਚਾ ਦੇਵੇ ਸਾਚੀ ਵਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ । ਸਰਬ ਕਲਾ ਪ੍ਰਭ ਕਲ ਵਿਚ ਆਏ । ਨਿਹਕਲੰਕ ਕਲ ਨਾਮ ਧਰਾਏ । ਛੱਡ ਦੇਹ ਪ੍ਰਭ ਗਿਰਧਾਰ, ਜੋਤ ਸਰੂਪੀ ਜੋਤ ਪਰਗਟਾਏ । ਸਾਚਾ ਕਰ ਆਕਾਰ, ਕਲਜੁਗ ਅੰਧੇਰ ਪ੍ਰਭ ਦੇ ਮਿਟਾਏ । ਸਾਚਾ ਸ਼ਬਦ ਵਰਤਾਰ, ਚਾਰ ਵਰਨ ਪ੍ਰਭ ਦੇ ਵਰਤਾਏ । ਪ੍ਰਭ ਜਾਏ ਕਾਜ ਸਵਾਰ, ਪ੍ਰਭ ਸਾਚੇ ਦਰਸ ਜੋ ਜਨ ਪਾਏ । ਮਹਾਰਾਜ ਸ਼ੇਰ ਸਿੰਘ ਕਿਰਪਾ ਧਾਰ, ਅੰਮ੍ਰਿਤ ਝਿਰਨਾ ਨਿਜ ਦੇ ਝਿਰਾਏ । ਝਿਰਨਾ ਝਿਰੇ ਅੰਮ੍ਰਿਤ ਰਸ । ਪ੍ਰਭ ਅਬਿਨਾਸ਼ੀ ਹੋਇਆ ਵਸ । ਸਾਚਾ ਪ੍ਰਭ ਸਤਿਜੁਗ ਸਾਚਾ ਰਾਹ ਜਾਏ ਦੱਸ । ਸਾਧ ਸੰਗਤ ਪਹਿਲੀ ਮਾਘ ਚਰਨ ਆਏ ਨੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਗੁਰਮੁਖਾਂ ਹੱਸ । ਗੁਰਸਿਖ ਤੇਰੀ ਉਤਮ ਜ਼ਾਤੀ । ਅੰਮ੍ਰਿਤ ਦੇਵੇ ਪ੍ਰਭ ਦਾਨ ਬੂੰਦ ਸਵਾਂਤੀ । ਗੁਰਸਿਖ ਸਾਚੇ ਦਰਸ ਦਿਖਾਏ ਪ੍ਰਭ ਸੁੱਤਿਆਂ ਰਾਤੀ । ਸਾਚਾ ਪ੍ਰਭ ਆਤਮ ਜੋਤ ਜਗਾਏ, ਸੋਹੰ ਸ਼ਬਦ ਲਗਾਏ ਬਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦੇਵੇ ਦਾਨ ਪ੍ਰਭ ਵਡ ਦਾਤੀ । ਸਾਚਾ ਪ੍ਰਭ ਦੇਵੇ ਸਾਚਾ ਦਾਨਾ । ਸੋਹੰ ਸ਼ਬਦ ਜਗਤ ਮਹਾਨਾ । ਰਸਨਾ ਜਪ ਜੀਵ ਆਤਮ ਉਪਜੇ ਬ੍ਰਹਮ ਗਿਆਨਾ । ਸਾਚਾ ਨਾਮ ਅੰਮ੍ਰਿਤ ਰਸ ਪੀਵ, ਸਾਚਾ ਰਸ ਪ੍ਰਭ ਵਿਚ ਦੇਹ ਉਪਜਾਨਾ । ਕਲਜੁਗ ਉਤਮ ਹੋਏ ਜੀਵ, ਜਨ ਬਖ਼ਸ਼ੇ ਪ੍ਰਭ ਚਰਨ ਧਿਆਨਾ । ਪ੍ਰਭ ਆਤਮ ਜੋਤ ਜਗਾਏ ਦੀਪ, ਹੋਏ ਪਰਕਾਸ਼ ਕੋਟ ਭਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਸਮਾਂ ਸੁਹਾਨਾ । ਸਤਿਜੁਗ ਸਾਚਾ ਪ੍ਰਭ ਸਮਾਂ ਸੁਹਾਨਾ । ਪਹਿਲੀ ਮਾਘ ਪ੍ਰਭ ਸਾਚਾ ਸਤਿਜੁਗ ਲਾਨਾ । ਏਕ ਰਾਗ ਸਾਚਾ ਨਾਦ, ਪ੍ਰਭ ਸਾਚੀ ਧੁੰਨ ਉਪਜਾਨਾ । ਆਦਿ ਜੁਗਾਦਿ ਸਦਾ ਬ੍ਰਹਿਮਾਦ, ਪ੍ਰਭ ਏਕਾ ਬ੍ਰਹਮ ਉਪਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲਾਨਾ । ਸਤਿਜੁਗ ਸਾਚਾ ਸਚ ਵਰਤੰਤ । ਗੁਰਮੁਖ ਵਿਰਲੇ ਦਿਸਨ ਸੰਤ । ਦੁਖਦਾਇਕ ਮਿਟਨ ਸਰਬ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਏ, ਕਲਜੁਗ ਤੇਰਾ ਹੋਏ ਅੰਤ । ਸਤਿਜੁਗ ਆਏ ਪ੍ਰਭ ਸਰਨਾਇਆ । ਸਾਚਾ ਵਰ ਪ੍ਰਭ ਦਰ ਤੇ ਪਾਇਆ । ਭੁਖ ਦੁਖ ਪ੍ਰਭ ਰੋਗ ਮਿਟਾਇਆ । ਆਤਮ ਸੁਖ ਪ੍ਰਭ ਸਾਚੇ ਸਤਿਜੁਗ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਨਿਮਾਣਿਆਂ ਹੱਥ ਟਿਕਾਇਆ । ਨਿਮਾਣਿਆਂ ਪ੍ਰਭ ਮਾਣ ਦਵਾਏ । ਰਾਓ ਉਮਰਾਓ ਵਿਚ ਖ਼ਾਕ ਮਿਲਾਏ । ਵਰਨ ਬਰਨ ਪ੍ਰਭ ਭੇਦ ਮਿਟਾਏ । ਏਕਾ ਸ਼ਰਨ ਨਿਹਕਲੰਕ ਪ੍ਰਭ ਸਾਚੀ ਲਿਖਤ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਚਲਾਏ । ਸਾਚਾ ਸ਼ਬਦ ਭਉ ਚੁਕਾਏ । ਪ੍ਰਭ ਅਬਿਨਾਸ਼ੀ ਨਜ਼ਰੀ ਆਏ । ਵਿਸਮਾਦੀ ਵਿਸਮਾਦ ਗੁਰਸਿਖ ਵਿਸਮਾਦ ਹੋ ਜਾਏ । ਸਾਚਾ ਪ੍ਰਭ ਸਦਾ ਅਨਾਦੀ, ਅਨਹਦ ਸਾਚਾ ਰਾਗ ਸੁਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਸਚ ਵਰਤਾਏ । ਸਚ ਸੁੱਚ ਪ੍ਰਭ ਭਰੇ ਭੰਡਾਰਾ । ਪੂਰਨ ਦੇਵੇ ਬ੍ਰਹਮ ਪ੍ਰਭ ਨਾਰੀ ਨਾਰਾ । ਏਕਾ ਏਕ ਕਰਾਏ ਪ੍ਰਭ ਏਕਾ ਏਕੰਕਾਰਾ । ਸਾਚਾ ਸ਼ਬਦ ਚਲਾਏ, ਪ੍ਰਭ ਸਚ ਕਰੇ ਵਰਤਾਰਾ । ਸਾਚੀ ਜੋਤ ਪਰਗਟਾਏ, ਨਿਹਕਲੰਕ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਖੋਲ੍ਹੇ ਮੋਖ ਦਵਾਰਾ । ਸਤਿਜੁਗ ਸਾਚੇ ਪ੍ਰਭ ਸਾਚੀ ਸੁਰਤ ਰਖਾਈ । ਪ੍ਰਭ ਅਬਿਨਾਸ਼ੀ ਪਰਗਟ ਜੋਤ, ਕਲ ਸਾਚੀ ਲਿਖਤ ਲਿਖਾਈ । ਵਰਨ

੫੭੧
੦੧

ਬਰਨ ਮਿਟਾਏ ਇਕ ਕਰਾਏ ਗੋਤ, ਊਚ ਨੀਚ ਪ੍ਰਭ ਭੇਵ ਮਿਟਾਈ । ਮਾਤ ਪਰਗਟਾਈ ਨਿਰੰਜਣ ਜੋਤ, ਮਹਾਰਾਜ ਸ਼ੇਰ ਸਿੰਘ ਜੋਤ ਸਵਾਈ । ਜੋਤ ਸਰੂਪ ਜੋਤ ਉਜਿਆਰਾ । ਕਲਜੁਗ ਝੂਠਾ ਮਿਟਾਏ ਪਸਾਰਾ । ਸਤਿਜੁਗ ਸਾਚਾ ਸਤਿ ਵਰਤਾਏ ਵਿਚ ਸੰਸਾਰਾ । ਪ੍ਰਭ ਏਕਾ ਮਾਣ ਰਖਾਏ, ਸਭ ਨਾਰੀ ਨਾਰਾ । ਕੋਈ ਭਿਖ ਮੰਗਣ ਨਾ ਜਾਏ, ਪ੍ਰਭ ਸਾਚਾ ਦੇਵੇ ਸਰਬ ਭੰਡਾਰਾ । ਦੁੱਖੀਆ ਜੀਵ ਕੋਈ ਦਿਸ ਨਾ ਆਏ, ਸੋਹੰ ਸ਼ਬਦ ਦੇਵੇ ਅਧਾਰਾ । ਬੇਮੁਖ ਕੋਈ ਰਹਿਣ ਨਾ ਪਾਏ, ਸ਼ਬਦ ਚਲਾਏ ਪ੍ਰਭ ਖੰਡਾ ਦੋ ਧਾਰਾ । ਸਾਚੀ ਨਿਹਕਲੰਕ ਤੇਰੀ ਸਰਨਾਏ, ਮਹਾਰਾਜ ਸ਼ੇਰ ਸਿੰਘ ਨਰ ਅਵਤਾਰਾ । ਸਾਚਾ ਸਿੱਖ ਸਰਬ ਗੁਣ ਜਾਣੇ । ਪ੍ਰਭ ਸਾਚੇ ਕਾ ਸਾਚਾ ਰੰਗ, ਜੋਤ ਸਰੂਪੀ ਮਾਣੇ । ਸੋ ਜਨ ਉਧਰੇ ਪਾਰ, ਜੋ ਚਲੇ ਪ੍ਰਭ ਕੇ ਭਾਣੇ । ਪੂਰਨ ਸ਼ਬਦ ਰੱਖੇ ਉਧਾਰ, ਮਹਾਰਾਜ ਸ਼ੇਰ ਸਿੰਘ ਬਖ਼ਸ਼ੇ ਬਾਲ ਅੰਞਾਣੇ । ਸਤਿਜੁਗ ਤੇਰਾ ਸਾਂਤਕ ਰੂਪ । ਏਕਾ ਦਿਸੇ ਪ੍ਰਭ ਸਾਚਾ ਭੂਪ । ਜੋਤ ਸਰੂਪੀ ਜੋਤ ਪ੍ਰਭ, ਪ੍ਰਭ ਸਾਚੇ ਕਾ ਸਾਚਾ ਰੂਪ । ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ, ਪਰਗਟ ਜੋਤ ਸਵੱਛ ਸਰੂਪ । ਸਾਚਾ ਸਰੂਪ ਜਿਸ ਜਨ ਜਾਣਿਆ । ਪਾਰਬ੍ਰਹਮ ਪਰਮੇਸ਼ਵਰ ਕਲਜੁਗ ਪਛਾਣਿਆ । ਤਨ ਮਨ ਧਨ ਪ੍ਰਭ ਚਰਨ ਨਿਸਾਣਿਆ । ਸਾਚਾ ਸ਼ਬਦ ਸੁਣ ਕੰਨ, ਆਤਮ ਸੁੱਖ ਪਾਏ ਮਹਾਨਿਆ । ਆਤਮ ਉਪਜਾਈ ਸਾਚੀ ਧੁਨ, ਕਿਰਪਾ ਕਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਸਾਚਾ ਪ੍ਰਭ ਸਦਾ ਸੁਖਦਾਇਆ । ਭਗਤ ਜਨਾਂ ਅੰਤਕਾਲ ਪ੍ਰਭ ਸਾਚੇ ਜਨਮ ਦਵਾਇਆ । ਜੋਤ ਸਰੂਪੀ ਨਿਹਕਲੰਕ ਚਰਨੀ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੱਖੇ ਲਾਜ ਆਪ ਰਘੁਰਾਇਆ । ਗੁਰਸਿਖ ਸਾਚੇ ਪ੍ਰਭ ਉਪਜਾਏ । ਚਰਨ ਸੇਵ ਪ੍ਰਭ ਪਕੜ ਲਿਆਏ । ਦੇਵੇ ਵਡਿਆਈ ਵਿਚ ਦੇਵੀ ਦੇਵ, ਸਾਚੀ ਲਿਖਤ ਪ੍ਰਭ ਲੇਖ ਲਿਖਾਏ । ਮਿਲਿਆ ਪ੍ਰਭ ਅਲੱਖ ਅਭੇਵ, ਪ੍ਰਭ ਕੀ ਮਹਿੰਮਾ ਗਣੀ ਨਾ ਜਾਏ । ਸਾਚਾ ਸ਼ਬਦ ਸੋਹੰ ਰਸਨਾ ਜਪੇ, ਪਰਗਟ ਜੋਤ ਪ੍ਰਭ ਆਤਮ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹੋਏ ਸਹਾਏ । ਸਾਚੇ ਸਿੱਖ ਪ੍ਰਭ ਜਨਮ ਦਵਾਇਆ । ਸ਼ਬਦ ਸਰੂਪੀ ਸ਼ਬਦ ਪ੍ਰਭ, ਸਾਚੇ ਆਣ ਸੁਹਾਇਆ । ਝਿਰਨਾ ਝਿਰਾਏ ਵਿਚ ਕਵਲ ਨਭ, ਦਸਵਾਂ ਦਵਾਰ ਖੋਲ੍ਹ ਦਿਖਾਇਆ । ਜੋਤ ਪਰਗਟਾਏ ਮਾਤ ਪ੍ਰਭ ਝੱਬ, ਸਾਧ ਸੰਗਤ ਪ੍ਰਭ ਸਚ ਧਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਇਆ । ਸਾਧ ਸੰਗਤ ਪ੍ਰਭ ਚਰਨ ਧਿਆਨਾ । ਪਰਗਟਾਏ ਜੋਤ ਵਿਸ਼ਨੂੰ ਭਗਵਾਨਾ । ਸ਼ਬਦ ਲਿਖਾਏ ਵਰਤਾਏ, ਉਪਜਾਏ ਬ੍ਰਹਮ ਗਿਆਨਾ । ਹੋਏ ਸਹਾਏ ਪ੍ਰਭ ਰਘੁਰਾਏ, ਸਾਚਾ ਦਾਨ ਪ੍ਰਭ ਝੋਲੀ ਪਾਏ ਸੋਹੰ ਦਾਨਾ । ਸਾਧ ਸੰਗਤ ਤੇਰਾ ਸੰਗ ਸੁਹੇਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਗੁਰਸਿਖ ਤੇਰੀ ਆਤਮ ਧੀਰ । ਅੰਮ੍ਰਿਤ ਚਲਾਇਆ ਸਾਚਾ ਨੀਰ । ਹੰਗਤਾ ਤੋੜੇ ਪ੍ਰਭ ਆਤਮ ਜ਼ੰਜੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਵਡਿਆਏ ਵਿਚ ਸੰਤ ਫ਼ਕੀਰ । ਮਾਣ ਗਵਾਏ ਪ੍ਰਭ ਫ਼ਕੀਰ ਫ਼ਕੀਰਾ । ਅੰਤ ਮਿਟਾਏ ਪ੍ਰਭ ਸ਼ਾਹ ਸੁਲਤਾਨਾ ਪੀਰਾ । ਜੋਤ ਸਰੂਪੀ ਪ੍ਰਭ ਜੋਤ ਖਿਚਾਏ ਮਾਤਲੋਕ ਸਭ ਨੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸਤਿਜੁਗ ਉਪਜਾਏ, ਮੁਖ ਰਖਾਏ ਸਤਿਜੁਗ ਸਾਚਾ ਹੀਰਾ । ਆਇਆ ਪ੍ਰਭ ਗਵਰਧਨ ਧਾਰ । ਸ੍ਰਿਸ਼ਟ ਸਬਾਈ ਦੱਬੀ ਭਾਰ । ਧਰਤ ਮਾਤ ਕਰੇ ਪੁਕਾਰ । ਦੁੱਖੀ ਜੀਵ ਬਿਲਲਾਇਨ ਕਰ ਕਰ ਹਾਹਾਕਾਰ । ਮਾਇਆਧਾਰੀ ਕਲਜੁਗ ਜੀਵ, ਨਿਰਧਨਾਂ ਕਰਨ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਰਗਟੇ ਜੋਤ ਨਿਹਕਲੰਕ ਅਵਤਾਰ । ਜਗਤ ਮਾਤ ਧਰਤ ਪੁਕਾਰੀ । ਸ੍ਰਿਸ਼ਟ ਸਬਾਈ ਰਸਨ ਵਿਕਾਰੀ । ਕਲਜੁਗ

ਟੁੱਟਾ ਨਾਤ, ਮਾਤ ਪਿਤ ਸੁਤ ਭੈਣ ਭਰਾ ਨਰ ਨਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੱਖੇ ਲਾਜ ਮੁਰਾਰੀ । ਸਾਚਾ ਪ੍ਰਭ ਸਚ ਸੁਣ ਪੁਕਾਰ । ਕਲਜੁਗ ਆਇਆ ਜਾਮਾ ਧਾਰ । ਹੰਕਾਰੀਆਂ ਪ੍ਰਭ ਨਿਵਾਰੇ ਹੰਕਾਰ । ਮਾਇਆਧਾਰੀ ਕਰੇ ਖੁਆਰ । ਨਿਮਾਣਿਆਂ ਪ੍ਰਭ ਜਾਏ ਤਾਰ । ਸਚ ਸੁੱਚ ਕਰੇ ਆਤਮ ਵਰਤਾਰ । ਬੇਮੁਖਾਂ ਮਾਰੇ ਪ੍ਰਭ ਆਤਮ ਸ਼ਬਦ ਕਟਾਰ । ਜੋਤ ਪਰਗਟਾਏ ਨਿਹਕਲੰਕ ਸਚੀ ਸਰਕਾਰ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ । ਸਾਚਾ ਪ੍ਰਭ ਸਚੀ ਸਰਕਾਰ । ਝੂਠੀ ਸ੍ਰਿਸ਼ਟ ਝੂਠਾ ਪਸਾਰ । ਏਕਾ ਪ੍ਰਭ ਵਡ ਸਿਕਦਾਰ । ਰਾਜਾ ਰਾਣਾ ਹੋਏ ਬੇਮੁਹਾਰ । ਦਿਸ ਨਾ ਆਏ ਨਿਹਕਲੰਕ ਤੇਰਾ ਉਚ ਦਰਬਾਰ । ਵੇਲੇ ਅੰਤ ਪ੍ਰਭ ਸਾਚਾ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਤੇਰਾ ਵਰਤਾਰ । ਮਾਇਆਧਾਰੀ ਜਗਤ ਹੰਕਾਰੀ ਸਾਚਾ ਪ੍ਰਭ ਕਰੇ ਖੁਆਰੀ । ਨਿਮਾਣਿਆਂ ਪ੍ਰਭ ਬਖ਼ਸ਼ੇ ਸਚੀ ਸਿਕਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਆਪ ਮੁਰਾਰੀ । ਸਾਚਾ ਪ੍ਰਭ ਸਰਧਨ ਪੂਰ । ਨਿਰਧਨ ਦੇਵੇ ਪ੍ਰਭ ਚਰਨ ਧੂੜ । ਹੰਕਾਰੀਆਂ ਪ੍ਰਭ ਪਾਏ ਸਾਚਾ ਜੂੜ । ਨਿਮਾਣਿਆਂ ਪ੍ਰਭ ਆਤਮ ਬਖ਼ਸ਼ੇ ਰੰਗ ਮਜੀਠੀ ਗੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਬਖ਼ਸ਼ੇ ਚਰਨ ਧੂੜ । ਮਾਣ ਮੋਹ ਪ੍ਰਭ ਜਗਤ ਤਜਾਇਆ । ਵਡ ਵਡ ਵਡ ਆਪ ਵਡ ਅਖਵਾਇਆ । ਛਡ ਛਡ ਛਡ ਪ੍ਰਭ ਛਡ ਦੇਹ ਜੋਤ ਸਰੂਪ ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਨਿਮਾਣਿਆਂ ਹੱਥ ਟਿਕਾਇਆ । ਕਲਜੁਗ ਜੀਵ ਹੋਏ ਅੰਞਾਣੇ । ਦੁਖ ਦਲਿਦਰੀ ਜੀਵ ਕੁਰਲਾਣੇ । ਸਤਿਜੁਗ ਸਾਚੇ ਪ੍ਰਭ ਸਾਚੇ ਮਾਣ ਦਵਾਣੇ । ਰਾਜੇ ਰਾਣੇ ਪ੍ਰਭ ਦਰ ਦਰ ਭਵਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਊਚੋਂ ਨੀਚ ਕਰਾਣੇ । ਨੀਚਾਂ ਪ੍ਰਭ ਊਚ ਕਰਾਏ । ਧੰਨ ਧੰਨ ਧੰਨ ਜਨ ਨੀਚ, ਜੋ ਸਾਚਾ ਪ੍ਰਭ ਧਿਆਏ । ਸਾਚਾ ਪ੍ਰਭ ਦਿਸੇ ਹਿਰਦੇ ਬੀਚ, ਵੇਲੇ ਅੰਤ ਹੋਏ ਸਹਾਏ । ਹੰਕਾਰੀਆਂ ਵੇਲੇ ਅੰਤ ਆਤਮ ਗੰਢ ਗਈ ਪੀਚ, ਦੇਵੇ ਕੌਣ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਕ ਨਿਵਾਸ ਲਿਖਾਏ । ਨਿਮਾਣਿਆਂ ਪ੍ਰਭ ਮਾਣ ਦਵਾਣਾ । ਸਾਚਾ ਛਤਰ ਪ੍ਰਭ ਸੀਸ ਝੁਲਾਣਾ । ਏਕਾ ਜੋਤ ਏਕਾ ਗੋਤ ਪ੍ਰਭ ਵਰਨ ਚਾਰ ਇਕ ਕਰਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜਾ ਰਾਣਾ ਸਭ ਤਖ਼ਤੋਂ ਲਾਹਣਾ । ਸਾਚਾ ਜਾਮਾ ਪ੍ਰਭ ਕਲ ਧਾਰਿਆ । ਨਿਰਧਨਾ ਪ੍ਰਭ ਜਨਮ ਸਵਾਰਿਆ । ਸਾਚੀ ਦੇ ਵਡਿਆਈ, ਸਚ ਦਿਸਾਏ ਹਰਿ ਕੇ ਦਵਾਰਿਆ । ਏਕਾ ਸ਼ਰਨਾਏ ਸਾਚਾ ਪ੍ਰਭ, ਜੋਤ ਸਰੂਪ ਜਗਤ ਵਰਤਾਰਿਆ । ਚਾਰ ਵਰਨ ਹੋਏ ਭੈਣਾਂ ਭਾਈ, ਪਰਗਟੇ ਜੋਤ ਨਿਹਕਲੰਕ ਅਵਤਾਰਿਆ । ਮਾਤਾ ਧਰਤੀ ਸਾਚੀ ਮਾਈ, ਪ੍ਰਭ ਆਈ ਚਰਨ ਪੁਕਾਰਿਆ । ਕਲਜੁਗ ਮਾਇਆ ਕਲਜੁਗ ਜੀਵਾਂ ਗਈ ਜਿੱਤ, ਕਰਮ ਧਰਮ ਜਗ ਦੋਵੇਂ ਹਾਰਿਆ । ਮਹਾਰਾਜ ਸ਼ੇਰ ਸਿੰਘ ਕਰ ਸਾਚਾ ਹਿਤ, ਕਲੰਕਨਿਹ ਜਾਮਾ ਘਨਕਪੁਰੀ ਵਿਚ ਧਾਰਿਆ । ਸਾਚੀ ਮਾਤ ਦਰ ਪ੍ਰਭ ਆ । ਪ੍ਰਭ ਅਬਿਨਾਸ਼ੀ ਅੱਗੇ ਮਾਰੀ ਧਾਹ । ਮਾਇਆਧਾਰੀ ਕਲਜੁਗ ਜੀਵ ਮੇਰੀ ਪਤ ਰਹੇ ਗਵਾ । ਪਾਪੀ ਅਪਰਾਧੀ ਦੁਸ਼ਟ ਦੁਰਾਚਾਰੀ, ਧੀ ਭੈਣ ਨਾ ਕੋਈ ਜਾਣੇ ਮਾਂ । ਸਾਚਾ ਪ੍ਰਭ ਕਰੇ ਖੁਆਰੀ, ਤੇਰੇ ਦਰ ਆਈ ਪਕੜੀਂ ਬਾਂਹ । ਵਡ ਦਾਤਾ ਪ੍ਰਭ ਤੂੰ ਨਿਰੰਕਾਰੀ, ਮੇਰੇ ਬਖ਼ਸ਼ੀ ਸਰਬ ਗੁਨਾਹ । ਨਿਰੰਜਣ ਜੋਤ ਪ੍ਰਭ ਨਿਰੰਕਾਰੀ, ਤੁਧ ਬਿਨ ਦੂਸਰ ਕੋਈ ਨਾ । ਕਲਜੁਗ ਜੀਵਾਂ ਕਰੇ ਖੁਆਰੀ, ਭਵਣ ਜਿਉਂ ਸੁੰਞੇ ਘਰ ਕਾਂ । ਮਹਾਰਾਜ ਸ਼ੇਰ ਸਿੰਘ ਜੋਤ ਉਜਿਆਰੀ, ਕਲਜੁਗ ਆਕਾਰੀ ਦਰ ਪੁਕਾਰੀ ਧਰਤੀ ਮਾਂ । ਧਰਤੀ ਮਾਤਾ ਪ੍ਰਭ ਸੁਣ ਪੁਕਾਰਾ । ਨਿਹਕਲੰਕ ਧਾਰ ਲਿਆ ਅਵਤਾਰਾ । ਆਇਆ ਪ੍ਰਭ ਦੁਸ਼ਟ ਸੰਘਾਰਾ ।

੫੭੩
੦੧

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਜਾਮਾ ਅਪਰ ਅਪਾਰਾ । ਆਤਮ ਰਸ ਅੰਮ੍ਰਿਤ ਰਸਈਆ । ਸਾਚਾ ਪ੍ਰਭ ਮੁਖ ਚਵਈਆ । ਸੋਹੰ ਸਾਚਾ ਨਾਮ ਨਿਧਾਨ ਦਵਈਆ । ਸਤਿਜੁਗ ਸਾਚੀ ਨੀਂਹ ਰਖਈਆ । ਸੁਣੀ ਪੁਕਾਰ ਪ੍ਰਭ ਸਾਚੀ ਮਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਮਾਣਿਆਂ ਸਿਰ ਛਤਰ ਝੁਲਈਆ । ਸਾਚਾ ਅੰਮ੍ਰਿਤ ਮੇਘ ਬਰਸਈਆ । ਵਰਸੇ ਨੀਰ ਆਤਮ ਸੀਰ, ਗੁਰ ਗੋਬਿੰਦ ਰੱਖੇ ਚਰਨ ਰਸਈਆ । ਸਾਚਾ ਪ੍ਰਭ ਕੱਟੇ ਭੀੜ, ਪ੍ਰਭ ਸਾਚਾ ਅੰਮ੍ਰਿਤ ਵਰਸਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਉਧਾਰੀ ਜੋ ਜਨ ਦਰ ਆਏ ਦਰਸਈਆ । ਪੀ ਅੰਮ੍ਰਿਤ ਪੂਰਨ ਆਤਮਾ । ਮੁਕਾਏ ਭੇਤ ਪ੍ਰਭ ਅਨਾਤਮਾ । ਜਗਾਏ ਜੋਤ ਸਚ ਪਰਮਾਤਮਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਦੇਵੇ ਵਡਿਆਈ ਊਚੋ ਊਚ ਮਹਾਤਮਾ । ਪੀ ਅੰਮ੍ਰਿਤ ਆਤਮ ਰਸ । ਦੁਖ ਦਰਦ ਜੀਵ ਜਾਇਣ ਨੱਸ । ਪ੍ਰਭ ਸਾਚਾ ਘਰ ਆਏ ਵਸ । ਸਤਿਜੁਗ ਸਾਚਾ ਰਾਹ ਪ੍ਰਭ ਜਾਏ ਦੱਸ । ਬੇਮੁਖਾਂ ਦਿਸ ਨਾ ਆਏ ਜਿਉਂ ਚੰਦ ਮੱਸ । ਮਹਾਰਾਜ ਸ਼ੇਰ ਸਿੰਘ ਅੰਮ੍ਰਿਤ ਮੇਘ ਵਰਸਾਏ ਆਤਮ ਉਪਜਾਏ ਸਾਚਾ ਰਸ । ਪ੍ਰਭ ਅਬਿਨਾਸ਼ੀ ਕਵਲ ਨੈਣ । ਬਨ ਮਾਲਾ ਮੁਕਟ ਬੈਣ । ਸਾਧ ਸੰਗਤ ਸਤਿਗੁਰ ਤੇਰਾ ਸਾਚਾ ਸੱਜਣ ਸਾਕ ਸੈਣ । ਮਹਾਰਾਜ ਸ਼ੇਰ ਸਿੰਘ ਹੋਏ ਸਹਾਏ, ਗੁਰਸਿਖ ਤੇਰੇ ਦਿਵਸ ਰੈਣ । ਪ੍ਰਭ ਸਾਚੇ ਸਚ ਕਰਮ ਕਮਾਇਆ । ਵਿਚ ਮਾਤ ਪ੍ਰਭ ਜੋਤ ਜਗਾਇਆ । ਕਰੋੜ ਤੇਤੀਸ ਵਿਚ ਚਰਨ ਬਹਾਇਆ । ਗਣ ਗੰਧਰਬ ਬੰਨ੍ਹ ਦਰ ਲਿਆਇਆ । ਸਾਧ ਸੰਗਤ ਸਤਿਜੁਗ ਸਾਚੇ ਪ੍ਰਭ ਸਾਚੇ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸੰਗਤ ਫੂਲਨ ਬਰਖਾ ਲਾਇਆ । ਫੂਲਨ ਬਰਖਾ ਪ੍ਰਭ ਲਗਾਈ । ਸੁਰ ਨਰ ਮੁਨ ਜਨ ਦੇਵ ਚਲ ਆਏ ਸਰਨਾਈ । ਬ੍ਰਹਮਾ ਛੱਡੇ ਬ੍ਰਹਮਲੋਕ ਵੇਲੇ ਅੰਤ ਦੇ ਦੁਹਾਈ । ਧ੍ਰੂ ਗਵਾਇਆ ਮਾਣ ਸਚ ਦਰ ਸਵਰਨ ਬਹਾਈ । ਸਾਚੇ ਸਿੱਖ ਰਖਾਈ ਲਾਜ, ਹਾਰ ਪੰਜ ਪ੍ਰਭ ਪਹਿਨਾਈ । ਧੁਰ ਦਰਗਾਹੋਂ ਮਾਰੀ ਆਵਾਜ਼, ਸਿੰਘ ਚੇਤ ਵਿਚ ਜੋਤੀ ਜੋਤ ਮਿਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੂਲਨ ਬਰਖਾ ਸਾਧ ਸੰਗਤ ਤੇਰੇ ਸੀਸ ਲਗਾਈ । ਪੰਚਮ ਹਾਰ ਪ੍ਰਭ ਦਰਬਾਰੇ । ਪੰਚਮ ਪੰਚਮ ਪ੍ਰਭ ਪੰਚਮ ਮਾਰੇ । ਜੋਤ ਧਰ ਨਿਹਕਲੰਕ ਦੁਸ਼ਟ ਸੰਘਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਸੰਗ ਗੁਰਸਿਖ ਤੇਰਾ ਜਨਮ ਮਰਨ ਸਵਾਰੇ । ਪੰਚਮ ਪੰਚਮ ਪ੍ਰਭ ਪੰਚਮ ਚਲਾਇਆ । ਸਾਚਾ ਫ਼ਰਮਾਣ ਸਾਚੇ ਪ੍ਰਭ ਧੁਰੋਂ ਸੁਣਾਇਆ । ਸਾਧ ਸੰਗਤ ਸਤਿ ਹੁਕਮ ਪਛਾਣ, ਭੁਲ ਨਾ ਜਾਣ ਸਾਚਾ ਭੇਦ ਪ੍ਰਭ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਵਿਚ ਸਦ ਰਹੇ ਸਮਾਇਆ । ਪੰਚਮ ਪੰਚਮ ਪੰਚਮ, ਪ੍ਰਭ ਪੰਚਮ ਆਏ । ਪੰਚਮ ਪੰਚਮ ਪੰਚਮ, ਪ੍ਰਭ ਪੰਚਮ ਮਾਣ ਦਵਾਏ । ਪੰਚਮ ਜੇਠ ਪ੍ਰਭ ਜਾਮਾ ਘਨਕਪੁਰੀ ਵਿਚ ਪਾਏ । ਪੰਚਮ ਪ੍ਰਭ ਜੋਤ ਸਰੂਪਾ ਪੰਚਮ ਵਿਚ ਸਦਾ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਤੇਰੀ ਲਾਜ ਰਖਾਏ । ਪੰਚਮ ਹਾਰ ਆਤਮ ਸੁਗੰਧ । ਸਾਧ ਸੰਗਤ ਉਪਜਾਏ ਪ੍ਰਭ ਪਰਮਾਨੰਦ । ਪੰਚਮ ਵਿਚ ਵਸਾਏ, ਪ੍ਰਭ ਸਦਾ ਚਿਤ ਅਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਮਿਟਾਏ ਬੰਦ ਬੰਦ । ਸਾਚਾ ਪ੍ਰਭ ਪੰਚਮ ਪਰਕਾਸ਼ । ਪੰਚਮ ਹਾਰ ਗੁਰਸਿਖ ਤੇਰੀ ਰਹਿਰਾਸ । ਪੰਚਮ ਜੋਤ ਜਗਾਏ ਪ੍ਰਭ ਸਦਾ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਰਖਾਏ ਵਾਸ । ਰੱਖੇ ਵਾਸ ਪ੍ਰਭ ਕ੍ਰਿਸ਼ਨ ਮੁਰਾਰਾ । ਸਾਚਾ ਚਰਨ ਧੂੜ ਇਸ਼ਨਾਨ ਦੇ, ਗੁਰਸਿਖ ਸਾਚਾ ਪਾਰ ਉਤਾਰਾ । ਪ੍ਰਭ ਆਤਮ ਬ੍ਰਹਮ ਗਿਆਨ ਦੇ, ਸਾਚੀ ਜੋਤ ਕਰੇ ਆਕਾਰਾ । ਮਹਾਰਾਜ ਸ਼ੇਰ ਸਿੰਘ ਦਰਸ ਵਿਸ਼ਨੂੰ ਭਗਵਾਨ ਦੇ, ਗੁਰਮੁਖ ਸਾਚਾ

ਪਾਰ ਉਤਾਰਾ । ਸਾਚਾ ਪ੍ਰਭ ਦਇਆ ਕਮਾਏ । ਜੋਤ ਸਰੂਪੀ ਸ਼ਬਦ ਲਿਖਾਏ । ਛਲ ਛਿਦਰ ਪ੍ਰਭ ਨਸ਼ਟ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਦਲਿਦਰ ਸਾਰੇ ਲਾਹੇ । ਟੂਣੇ ਜਾਦੂ ਪ੍ਰਭ ਜਗਤ ਮੁਕਾਏ । ਸੋਹੰ ਸ਼ਬਦ ਸਾਚਾ ਮੁਖ ਰਖਾਏ । ਰਸਨਾ ਜਪੇ ਜੀਵ, ਜਿੰਨ ਭੂਤ ਕੋਈ ਨੇੜ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਸ਼ਬਦ ਚਲਾਏ । ਸਾਚਾ ਸ਼ਬਦ ਪ੍ਰਭ ਆਪ ਲਿਖਵਾਇਆ । ਬਿਰਧਾਂ ਬਾਲਾਂ ਭਏ ਸਹਾਇਆ । ਰਸਨਾ ਜਪ ਜਪ ਜਪ ਜੀਵ, ਆਤਮ ਦੁਖ ਲਾਹਿਆ । ਸਾਚਾ ਨਾਮ ਆਤਮ ਪੀਵ, ਆਤਮ ਤ੍ਰਿਪਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਦਲਿਦਰ ਸਾਰਾ ਲਾਹਿਆ । ਸਾਚੇ ਪ੍ਰਭ ਸਚ ਫ਼ਰਮਾਣ । ਸੋਹੰ ਸ਼ਬਦ ਪਾਏ ਸਾਚੀ ਆਣ । ਕਲਜੁਗ ਦੁੱਖ ਗੁਰਸਿਖ ਤੇਰੇ ਨੇੜ ਨਾ ਆਣ । ਕਿਰਪਾ ਕਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਮੇਲ ਮੇਲ ਮੇਲ, ਪ੍ਰਭ ਸਾਚੇ ਮੇਲ । ਆਤਮ ਜੋਤ ਜਗਾ ਬਿਨ ਬਾਤੀ ਬਿਨ ਤੇਲ । ਕਲਜੁਗ ਝੂਠੀ ਖੇਲ ਮਿਟਾਏ, ਅਚਰਜ ਕਰੇ ਖੇਲ । ਗੁਰਮੁਖ ਸਾਚੇ ਅੰਤਕਾਲ ਦਰਸ ਦਿਖਾਏ, ਪ੍ਰਭ ਸਾਚਾ ਸੱਜਣ ਸੁਹੇਲ । ਮਹਾਰਾਜ ਸ਼ੇਰ ਸਿੰਘ ਸਾਚਾ ਮਿਲਾਇਆ ਮੇਲ । ਸਾਚਾ ਗੁਰ ਸੱਜਣ ਸੁਹੇਲਾ । ਵੇਲੇ ਅੰਤਕਾਲ ਕਲ ਪਹਿਲੀ ਮਾਘ ਕਰਾਏ ਮੇਲਾ । ਸੋਹੰ ਸਾਚਾ ਸ਼ਬਦ ਦੇਵੇ ਗੁਣੀ ਗਹੇਲਾ । ਸੁੰਨ ਸਮਾਧ ਪ੍ਰਭ ਖੋਲ੍ਹ ਵਖਾਏ ਅਚਰਜ ਖੇਲ ਆਪ ਪ੍ਰਭ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਧਾਰੇ ਸਾਧ ਸੰਗਤ ਤੇਰਾ ਸਾਚਾ ਸੱਜਣ ਸੁਹੇਲਾ । ਪਹਿਲੀ ਮਾਘ ਰੁਤ ਸੁਹਾਏ । ਚਾਰ ਜੁਗ ਫਿਰ ਇਹ ਵਕ਼ਤ ਨਾ ਆਏ । ਸੋਹੰ ਸ਼ਬਦ ਚਾਰ ਵਰਨ ਚਾਰ ਕੁੰਟ ਦੇ ਸੁਣਾਏ । ਇਕ ਕਰਾਏ ਰਾਓ ਰੰਕ ਸਾਚੀ ਸ਼ਬਦ ਧੁਨ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਣਾਈ ਬਣਤ, ਪਹਿਲੀ ਮਾਘ ਕਲਜੁਗ ਉਲਟਾਏ । ਪਹਿਲੀ ਮਾਘ ਤੇਰਾ ਮੁਖ ਸੁਹਾਵਾ । ਸਾਧ ਸੰਗਤ ਪ੍ਰਭ ਮਿਲਣ ਦਾ ਸਾਚਾ ਦਾਅਵਾ । ਨਾਮ ਦਾਨ ਸਚ ਦਰ ਤੇ ਪਾਵਾ । ਦੇਵੇ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸੋਹੰ ਰਸਨਾ ਗਾਵਾ । ਸਾਚਾ ਪ੍ਰਭ ਭਰੇ ਭੰਡਾਰ । ਸਾਚਾ ਆਤਮ ਦੇਵੇ ਜੋਤ ਅਧਾਰ । ਸਾਚਾ ਪ੍ਰਭ ਸਰਬ ਜਨਾਂ ਦੀ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜਾਏ ਤਾਰ । ਸਾਚਾ ਪ੍ਰਭ ਸਾਚੇ ਕਰਮਾ । ਸਾਚਾ ਪ੍ਰਭ ਸਾਚੇ ਧਰਮਾ । ਸਾਚੇ ਪ੍ਰਭ ਜੋਤ ਮਿਟਾਈ ਬ੍ਰਹਮਾ । ਸਾਚੇ ਪ੍ਰਭ ਸੋਹੰ ਸ਼ਬਦ ਬੇਮੁਖਾਂ ਆਤਮ ਲਾਇਆ ਵਰਮਾ । ਸਾਚੇ ਪ੍ਰਭ ਜੋਤ ਪਰਗਟਾਈ ਪਹਿਲੀ ਮਾਘ ਸਤਿਜੁਗ ਸਾਚਾ ਜਰਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਲੇਖ ਲਿਖਾਵੇ ਕਰਮਾ । ਸਾਚੇ ਪ੍ਰਭ ਪਹਿਲੀ ਮਾਘ ਭਉ ਚੁਕਾਇਆ । ਸਾਚਾ ਸ਼ਬਦ ਗਿਆਨ, ਸਾਧ ਸੰਗਤ ਵਰਤਾਇਆ । ਸਾਚਾ ਹੁਕਮ ਸਾਚਾ ਫ਼ਰਮਾਣ, ਸਾਚੇ ਪ੍ਰਭ ਸੁਣਾਇਆ । ਗੁਰਸਿਖਾਂ ਪ੍ਰਭ ਆਵਣ ਜਾਣ, ਲੱਖ ਚੁਰਾਸੀ ਗੇੜ ਕਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਮਾਂ ਸੁਹਾਇਆ । ਸਾਚਾ ਪ੍ਰਭ ਵਕ਼ਤ ਸੁਹਾਏ । ਪਹਿਲੀ ਮਾਘ ਪਰਗਟ ਜੋਤ ਭਰਮ ਭੁਲੇਖੇ ਸਾਰੇ ਲਾਹੇ । ਸਾਚਾ ਸ਼ਬਦ ਧੁੰਨ ਉਪਜਾਵੇ ਰਾਗ, ਅਨਹਦ ਸਾਚਾ ਰਾਗ ਸੁਣਾਏ । ਗੁਰਸਿਖ ਸੋਏ ਜਾਇਣ ਜਾਗ, ਸਾਚਾ ਪ੍ਰਭ ਦਇਆ ਕਮਾਏ । ਸਾਧ ਸੰਗਤ ਪ੍ਰਭ ਚਰਨ ਆਏ ਭਾਗ, ਸਾਚਾ ਦਿਵਸ ਪਹਿਲੀ ਮਾਘ ਪ੍ਰਭ ਲਿਖਾਵੇ । ਪਹਿਲੀ ਮਾਘ ਪ੍ਰਭ ਭਏ ਦਿਆਲਾ । ਭਗਤਨ ਹੋਵੇ ਆਪ ਰਖਵਾਲਾ । ਪਾਰਬ੍ਰਹਮ ਸਦਾ ਪ੍ਰਿਤਪਾਲਾ । ਆਦਿ ਜੁਗਾਦਿ ਸਤਿ ਸਤਿ ਸਤਿ ਵਰਭੰਡ ਸਦਾ ਰਖਵਾਲਾ । ਅਨਾਦ ਵਿਸਮਾਦ ਗੁਰਸਿਖ ਸਾਚੀ ਜੋਤ ਜਗਾਵਣ ਵਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸ਼ਬਦ ਸੁਖਾਲਾ ।

ਸਤਿਜੁਗ ਤੇਰਾ ਹੋਏ ਪਰਕਾਸ਼ । ਕਲਜੁਗ ਅੰਧੇਰ ਜਾਏ ਵਿਨਾਸ । ਏਕਾ ਜੋਤ ਜਗੇ ਅਬਿਨਾਸ਼ । ਸਾਧ ਸੰਗਤ ਪ੍ਰਭ ਰੱਖੇ ਵਾਸ । ਜਨ ਭਗਤਾਂ ਹੋਵੇ ਦਾਸਨ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸਦ ਬਲ ਜਾਸ । ਗੁਰਸਿਖ ਸਾਚੇ ਪ੍ਰਭ ਬਲਿਹਾਰ । ਬਾਹੋਂ ਪਕੜ ਪ੍ਰਭ ਦੇਵੇ ਤਾਰ । ਜਨਮ ਨਾ ਪਾਵੇ ਦੂਜੀ ਵਾਰ । ਜੋਤੀ ਜੋਤ ਮਿਲਾਏ, ਪ੍ਰਭ ਭਗਤਨ ਪ੍ਰਿਤਪਾਲ । ਕਲਜੁਗ ਸਾਚੀ ਕਲ ਵਰਤਾਵੇ, ਵੇਖੇ ਸਰਬ ਸੰਸਾਰ । ਪਹਿਲੀ ਮਾਘ ਪ੍ਰਭ ਆਪਣਾ ਆਪ ਪਰਗਟਾਵੇ, ਸੋਹੰ ਸ਼ਬਦ ਕਰਾਏ ਜੈ ਜੈ ਜੈਕਾਰ । ਜੋ ਜਨ ਰਸਨਾ ਪ੍ਰਭ ਅਬਿਨਾਸ਼ੀ ਗਾਵੇ, ਦੇਵੇ ਦਰਸ ਪ੍ਰਭ ਗਿਰਧਾਰ । ਪਰਗਟ ਹੋਵੇ ਵਾਸੀ ਘਨਕਪੁਰ, ਆਤਮ ਦੇਵੇ ਜੋਤ ਅਧਾਰ । ਚਾਰ ਕੁੰਟ ਕਰਾਏ ਪ੍ਰਭ ਚਰਨ ਦਾਸੀ, ਸ਼ਬਦ ਮਾਰ ਪ੍ਰਭ ਮਾਰੇ ਮਾਰ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ, ਨਿਹਕਲੰਕ ਅਵਤਾਰ । ਸਾਚਾ ਪ੍ਰਭ ਸਦ ਨਿਰੰਕਾਰੀ । ਸਾਚਾ ਪ੍ਰਭ ਸਦ ਨਿਰਾਹਾਰੀ । ਸਾਚਾ ਪ੍ਰਭ ਵਡ ਵਡ ਦਰਬਾਰੀ । ਸਾਚਾ ਪ੍ਰਭ ਆਦਿ ਜੁਗਾਦਿ ਦਰ ਆਇਆ ਜਾਏ ਪੈਜ ਸਵਾਰੀ । ਅੰਤਕਾਲ ਕਲਜੁਗ ਧਰਤ ਮਾਤ ਆਏ ਚਰਨ ਪ੍ਰਭ ਪੁਕਾਰੀ । ਕਲਜੁਗ ਜੀਵ ਹੋਏ ਦੁਸ਼ਟ ਦੁਰਾਚਾਰ ਰਾਉ ਰੰਕਾਂ ਕਰੇ ਖੁਆਰੀ । ਸੁਧ ਬੁਧਿ ਕਲਜੁਗ ਜੀਵਾਂ ਗਈ ਮਾਰੀ । ਕਲਜੁਗ ਜੀਵ ਹੋਏ ਵਡ ਹੰਕਾਰੀ । ਦੇਵੀਆਂ ਕੰਨਿਆਂ ਹੋਣ ਖੁਆਰ, ਮਦਿਰਾ ਮਾਸ ਕਰਨ ਆਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟੇ ਜੋਤ ਰੱਖੇ ਲਾਜ ਆਪ ਮੁਰਾਰੀ । ਸਾਧ ਸੰਗਤ ਸਤਿ ਸਤਿ ਵਰਤਾਵੇ । ਸਾਚਾ ਪ੍ਰਭ ਸਿਰ ਰੱਖੇ ਹਾਥ, ਸਰਬ ਥਾਂਏ ਹੋਏ ਸਹਾਏ । ਸਾਚਾ ਪ੍ਰਭ ਸਦ ਅਬਿਨਾਸ਼, ਕਲਜੁਗ ਜੀਵ ਭੇਵ ਨਾ ਪਾਏ । ਮਹਾਰਾਜ ਸ਼ੇਰ ਸਿੰਘ ਤ੍ਰੈਲੋਕੀ ਨਾਥ, ਸਾਚੀ ਗਾਥ ਚਾਰ ਜੁਗ ਚਲਾਏ । ਸਾਚਾ ਸ਼ਬਦ ਪ੍ਰਭ ਸਚ ਲਿਖਾਉਣਾ । ਪਹਿਲੀ ਮਾਘ ਪ੍ਰਭ ਭਾਗ ਲਗਾਉਣਾ । ਸਾਚਾ ਸ਼ਬਦ ਸਾਧ ਸੰਗਤ ਪ੍ਰਭ ਝੋਲੀ ਪਾਉਣਾ । ਏਕਾ ਧੁਨ ਪ੍ਰਭ ਆਤਮ ਉਪਜਾਉਣਾ । ਗੁਰਮੁਖਾਂ ਜਾਏ ਆਤਮ ਸਾਧ, ਪਹਿਲੀ ਮਾਘ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਉਣਾ । ਪਹਿਲੀ ਮਾਘ ਪ੍ਰਭ ਭੇਵ ਖੁਲ੍ਹਾ । ਖੰਡ ਬ੍ਰਹਿਮੰਡ ਪ੍ਰਭ ਦਏ ਹਲਾ । ਬ੍ਰਹਮਾ ਵਿਸ਼ਨ ਮਹੇਸ਼ ਦਰ ਖੜ੍ਹੇ ਸੀਸ ਨਿਵਾ । ਕਰੋੜ ਤੇਤੀਸ ਪ੍ਰਭ ਸਾਚੇ ਲਏ ਬੁਲਾ । ਮਹਾਰਾਜ ਸ਼ੇਰ ਸਿੰਘ ਸਾਚਾ ਸ਼ਬਦ ਲਿਆ ਲਿਖਾ । ਆਇਨ ਚਲ ਸਰਬ ਦਵਾਰ । ਸਤਿਗੁਰ ਸਾਚਾ ਸਚ ਲਾਏ ਦਰਬਾਰ । ਨਿਮਾਣਿਆਂ ਦੇਵੇ ਪ੍ਰਭ ਮਾਣ, ਹੰਕਾਰੀਆਂ ਜਾਏ ਹੰਕਾਰ ਨਿਵਾਰ । ਮਹਾਰਾਜ ਸ਼ੇਰ ਸਿੰਘ ਸਾਚੀ ਜੋਤ ਕਰੇ ਆਕਾਰ । ਸਾਚੇ ਪ੍ਰਭ ਸਚ ਵਰਤਾਇਆ । ਸਤਿ ਸਤਿ ਸਤਿ ਸ਼ਬਦ ਸੁਣਾਇਆ । ਸਤਿਜੁਗ ਸਾਚੇ ਪਹਿਲੀ ਮਾਘ ਜਨਮ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਪਹਿਲੀ ਮਾਘ ਪੁਰਬ ਮਨਾ । ਲਿਖਤ ਲਿਖਾਏ ਪਰਗਟਾਏ ਸੋਹੰ ਸ਼ਬਦ ਸਾਚਾ ਨਾਂ । ਰਾਓ ਰੰਕ ਪ੍ਰਭ ਟੁੰਬ ਉਠਾਏ, ਸਾਚਾ ਪ੍ਰਭ ਦੀਸੇ ਨਾ । ਸਾਧ ਸੰਗਤ ਪ੍ਰਭ ਦਰਸ ਦਿਖਾਏ, ਜਸ ਰਸਨਾ ਲਿਆ ਗਾ । ਸਾਚਾ ਪ੍ਰਭ ਸਦਾ ਬਖ਼ਸ਼ਿੰਦ । ਚਰਨੀ ਆਵੇ ਸੁਰਪਤ ਰਾਜਾ ਇੰਦ । ਪ੍ਰਭ ਪਕੜ ਉਠਾਵੇ ਵਾਲੀ ਹਿੰਦ । ਵਡ ਜੋਧਾ ਜੋਤ ਸਰੂਪ ਪ੍ਰਭ ਵਡ ਮਰਗਿੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਗੁਣੀ ਗਹਿੰਦ । ਗੁਣਵੰਤ ਪ੍ਰਭ ਵਡ ਦਾਤਾਰ । ਸਾਚੀ ਜੋਤ ਕਰੇ ਆਕਾਰ । ਏਕਾ ਸ਼ਬਦ ਵਰਤਾਵੇ ਵਿਚ ਸੰਸਾਰ । ਰਸਨ ਚਲਾਏ ਲਿਖਾਏ ਸ਼ਬਦ ਅਪਾਰ । ਸਚ ਸੁੱਚ ਵਰਤਾਏ, ਪਹਿਲੀ ਮਾਘ ਜੋ ਆਏ ਚਲ ਦਰਬਾਰ । ਹਉਮੈ ਰੋਗ ਗਵਾਏ, ਆਤਮ ਕਰੇ ਉਜਿਆਰ । ਪ੍ਰਭ ਝੂਠਾ ਮੋਹ ਗਵਾਏ, ਸਾਚਾ ਬਖ਼ਸ਼ੇ ਚਰਨ ਪਿਆਰ । ਮਹਾਰਾਜ

ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਆਇਆ ਜਾਮਾ ਧਾਰ । ਪਹਿਲੀ ਮਾਘ ਭਾਗ ਮਥੰਨ । ਸਾਚਾ ਸ਼ਬਦ ਸਾਧ ਸੰਗਤ ਸੁਣਾਵੇ ਕੰਨ । ਸੋਹੰ ਸ਼ਬਦ ਰਾਣਿਆਂ ਲਾਵੇ ਡੰਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਤੇਰਾ ਬੇੜਾ ਜਾਏ ਬੰਨ੍ਹ । ਸਚ ਦਰਬਾਰ ਪ੍ਰਭ ਸਾਚੇ ਲਾਵਣਾ । ਪਾਰਬ੍ਰਹਮ ਪਰਮੇਸ਼ਵਰ ਪ੍ਰਭ ਏਕਾ ਨਾਉਂ ਰਖਾਵਣਾ । ਚਾਰ ਵਰਨ ਸਤਿਜੁਗ ਸਾਚੇ ਪ੍ਰਭ ਇਕ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸਾਰਾ ਲਾਹਵਣਾ । ਭਰਮ ਨਿਵਾਰੇ ਪ੍ਰਭ ਪਹਿਲੀ ਮਾਘ । ਸਤਿਜੁਗ ਸ਼ਬਦ ਲਿਖਾਵੇ, ਪ੍ਰਭ ਸਾਚਾ ਰਾਗ । ਆਤਮ ਮੈਲ ਗਵਾਏ, ਮਾਤਲੋਕ ਨਾ ਲਾਗੇ ਦਾਗ਼ । ਸਾਧ ਸੰਗਤ ਪ੍ਰਭ ਸਾਚਾ ਦਾਨ ਝੋਲੀ ਪਾਏ, ਸੋਏ ਭਾਗ ਕਲ ਗਏ ਜਾਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਤੇਰੀ ਪਕੜੇ ਵਾਗ । ਸਾਚਾ ਪ੍ਰਭ ਅਲਖ ਅਲੇਖਾ । ਜੋਤ ਸਰੂਪੀ ਕੀਆ ਭੁਲੇਖਾ । ਕਲਜੁਗ ਵਿਰਲੇ ਗੁਰਮੁਖ ਦੇਖਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਮੁਕਾਏ ਲੇਖਾ । ਸਾਚਾ ਪ੍ਰਭ ਪੁਰਖ ਬਿਧਾਤਾ । ਸਾਚਾ ਪ੍ਰਭ ਜਗਤ ਪਿਤ ਦਾਤਾ । ਸਾਚਾ ਪ੍ਰਭ ਸਾਧ ਸੰਗਤ ਦਿਸਾਵੇ ਚਰਨੀ ਨਾਤਾ । ਸਾਚਾ ਪ੍ਰਭ ਗੁਰਸਿਖ ਤੇਰਾ ਪਿਤ ਮਾਤਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਵਿਰਲੇ ਗੁਰਮੁਖ ਜਾਤਾ । ਸਾਚਾ ਪ੍ਰਭ ਵਡ ਸੂਰਨ ਸੂਰਾ । ਸਾਚਾ ਪ੍ਰਭ ਸਰਬ ਕਲਾ ਭਰਪੂਰਾ । ਸਾਚਾ ਪ੍ਰਭ ਜੋਤ ਨਿਰੰਜਣ ਏਕਾ ਨੂਰਾ । ਸਾਚਾ ਪ੍ਰਭ ਸਾਧ ਸੰਗਤ ਆਤਮ ਦੁਖ ਗਵਾਏ ਵਸੂਰਾ । ਮਹਾਰਾਜ ਸ਼ੇਰ ਸਿੰਘ ਸਾਚਾ ਗੁਰ ਸੂਰਾ । ਸਾਚਾ ਪ੍ਰਭ ਪਰਗਟੇ ਵਡ ਪੀਰਨ ਪੀਰ । ਸਾਚਾ ਪ੍ਰਭ ਕਲਜੁਗ ਲਾਹੇ ਤੇਰਾ ਜੰਜੀਰ । ਸਾਚਾ ਪ੍ਰਭ ਜੋਤ ਖਿਚਾਏ, ਅਠਸਠ ਨੀਰ । ਸਾਚਾ ਪ੍ਰਭ ਜੋਤ ਪਰਗਟਾਏ, ਕਲਜੁਗ ਜੀਵ ਨਾ ਬੰਨ੍ਹਣ ਧੀਰ । ਸਾਚਾ ਪ੍ਰਭ ਗੁਰਸਿਖ ਸਾਚੇ ਚਰਨ ਲਗਾਏ, ਦੇ ਦਰਸ ਸ਼ਾਂਤ ਕਰੇ ਸਰੀਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸ਼ਬਦ ਚਲਾਏ ਤੀਰ । ਏਕਾ ਸ਼ਬਦ ਏਕਾ ਆਕਾਰ । ਏਕ ਜੋਤ ਪਰਗਟਾਏ ਪ੍ਰਭ ਨਿਰੰਕਾਰ । ਸਾਚਾ ਪ੍ਰਭ ਪਹਿਲੀ ਮਾਘ ਸਾਧ ਸੰਗਤ ਤੇਰੇ ਭਰੇ ਭੰਡਾਰ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਵੇ, ਸਚ ਦਿਖਾਵੇ ਹਰਿ ਕਾ ਦਵਾਰ । ਗੁਰਸਿਖ ਪਾਵੇ ਜਿਸ ਚਰਨ ਪਿਆਰਾ । ਸਾਚਾ ਪ੍ਰਭ ਦੇਵੇ ਦਰਸ ਜੋਤ ਸਰੂਪ ਨਿਰਾਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰਾ । ਪ੍ਰਭ ਕਾ ਅੰਤ ਜੀਵ ਨਾ ਜਾਣੇ । ਸਾਚਾ ਪ੍ਰਭ ਭੇਖ ਵਟਾਣੇ । ਏਕਾ ਜੋਤ ਉਪਜਾਵੇ ਗੁਣੀ ਨਿਧਾਨੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਮਾਤਲੋਕ ਸਦ ਆਵਣ ਜਾਣੇ । ਆਵਣ ਜਾਣ ਪ੍ਰਭ ਕਾ ਖੇਲ । ਜਨ ਭਗਤਾਂ ਮੇਲ ਮਿਲਾਏ, ਆਤਮ ਜੋਤ ਜਗਾਏ ਬਿਨ ਬਾਤੀ ਤੇਲ । ਬੇਮੁਖ ਪ੍ਰਭ ਖਪਾਏ, ਬੇੜਾ ਸ਼ੌਹ ਦਰਿਆਏ ਠੇਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਮਿਲਾਏ ਮੇਲ । ਜੋਤ ਸਰੂਪ ਪ੍ਰਭ ਮੇਲ ਮਿਲਾਇਆ । ਪੂਰਬ ਲਹਿਣਾ ਪ੍ਰਭ ਵਿਚ ਮਾਤ ਦਵਾਇਆ । ਸਾਚਾ ਲੇਖਾ ਆਣ ਚੁਕਾਇਆ । ਭਗਤ ਭਗਵਾਨ ਪ੍ਰਭ ਸਾਚੇ ਮੇਲ ਮਿਲਾਇਆ । ਚਰਨ ਧੂੜ ਸਾਚਾ ਇਸ਼ਨਾਨ, ਗੁਰਸੰਗਤ ਪ੍ਰਭ ਕਰਾਇਆ । ਦਰ ਆਏ ਦੀਆ ਮਾਣ, ਸਚਖੰਡ ਨਿਵਾਸ ਦਵਾਇਆ । ਪ੍ਰਭ ਬਿਠਾਏ ਵਿਚ ਬਬਾਣ, ਗੁਰਸਿਖਾਂ ਸਿਰ ਹੱਥ ਟਿਕਾਇਆ । ਸਾਚਾ ਦਰ ਗੁਰਸਿਖ ਵਿਰਲੇ ਪਾਣ, ਨਿਹਕਲੰਕ ਜਿਸ ਤੇਰੀ ਸਰਨਾਇਆ । ਪ੍ਰਭ ਚੁਕਾਇਆ ਆਵਣ ਜਾਣ, ਵਿਚ ਜੋਤੀ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਆਪਣਾ ਭੇਵ ਖੁਲ੍ਹਾਇਆ । ਜੋਤ ਸਰੂਪੀ ਸਾਚਾ ਖੇਲ ਰਚਾਏ । ਸ਼ਬਦ ਸਰੂਪ ਪ੍ਰਭ ਵਾਲੀ ਹਿੰਦ ਉਠਾਏ । ਦਰਸ ਦਿਖਾਏ ਆਪ ਪ੍ਰਭ, ਅਗਿਆਨ ਅੰਧੇਰ

ਸਰਬ ਮਿਟਾਏ । ਦਿਵਸ ਰੈਣ ਰੈਣ ਦਿਵਸ ਪ੍ਰਭ ਏਕਾ ਰੰਗ ਵਸਾਏ । ਏਕਾ ਦਿਸੇ ਸਵੱਛ ਸਰੂਪ, ਪ੍ਰਭ ਆਪਣਾ ਭੇਦ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣਾ ਜੋਤ ਸਰੂਪੀ ਦਰਸ ਦਿਖਾਏ । ਸਾਚੇ ਪ੍ਰਭ ਆਪਣਾ ਭੇਵ ਚੁਕਾਇਆ । ਆਪਣੀ ਜੋਤ ਕਲਜੁਗ ਲਏ ਪਰਗਟਾਇਆ । ਕਲਜੁਗ ਅੰਤਮ ਅੰਤਕਾਲ ਕਲਜੁਗ ਜੀਵਾਂ ਦੇ ਕਰਾਇਆ । ਬੇਮੁਖਾਂ ਭਸਮੰਤ ਕਰ, ਅਗਨ ਜੋਤ ਅੰਤ ਪ੍ਰਭ ਦੇ ਲਗਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਲਿਖਾਇਆ । ਸ਼ਬਦ ਰੂਪ ਪ੍ਰਭ ਦਿਸ ਨਾ ਆਏ । ਸ਼ਬਦ ਰੂਪ ਸ਼ਬਦ ਮਾਰ ਪ੍ਰਭ ਕਰਾਏ । ਸ਼ਬਦ ਰੂਪ ਨਿਹਕਲੰਕ, ਕਲਜੁਗ ਤੇਰਾ ਮੂਲ ਗਵਾਏ । ਸ਼ਬਦ ਰੂਪ ਵਜਾਏ ਸਾਚਾ ਡੰਕ, ਚਾਰ ਕੁੰਟ ਪ੍ਰਭ ਦੇ ਸੁਣਾਏ । ਸ਼ਬਦ ਰੂਪ ਪ੍ਰਭ ਲਿਖਾਏ ਏਕਾ ਅੰਕ, ਦੂਸਰ ਕੋਈ ਰਹਿਣ ਨਾ ਪਾਏ । ਸ਼ਬਦ ਰੂਪ ਪ੍ਰਭ ਇਕ ਕਰਾਏ ਰਾਓ ਰੰਕ, ਊਚ ਨੀਚ ਦਾ ਭੇਵ ਚੁਕਾਏ । ਸ਼ਬਦ ਰੂਪ ਪ੍ਰਭ ਹੋਏ ਵਾਸੀ ਪੁਰੀ ਘਨਕ, ਪ੍ਰਭ ਆਪਣਾ ਆਪ ਛੁਪਾਏ । ਸ਼ਬਦ ਰੂਪ ਪ੍ਰਭ ਸੁਹਾਏ ਥਾਨ ਬੰਕ, ਸਾਚੀ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਦਰਸ ਦਿਖਾਏ । ਸਾਚਾ ਦਰਸ ਪ੍ਰਭ ਸਚ ਦਿਖਾਉਣਾ । ਗੁਰਸਿਖ ਤੇਰਾ ਤੀਜਾ ਨੈਣ ਖੁਲ੍ਹਾਉਣਾ । ਜੋਤ ਸਰੂਪੀ ਸਾਚਾ ਦੀਪਕ ਵਿਚ ਤੇਰੀ ਦੇਹ ਜਗਾਉਣਾ । ਸੋਹੰ ਸਾਚਾ ਜਾਪ ਤੇਰੀ ਰਸਨ ਪਵਨ ਚਲਾਉਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚਾ ਭੇਦ ਪਹਿਲੀ ਮਾਘ ਖੁਲ੍ਹਾਉਣਾ । ਸੋਹੰ ਚਲੇ ਸਵਾਸਨ ਸਵਾਸ । ਜਾਣੇ ਵਿਰਲਾ ਜਾਪ ਵਿਚ ਵਾਸ । ਸਾਚਾ ਪ੍ਰਭ ਸਚ ਥਾਏਂ ਰੱਖੇ ਵਾਸ । ਸਾਚੀ ਜੋਤ ਸਚ ਧਾਮ ਕਰੇ ਪਰਕਾਸ਼ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪ ਸਦਾ ਅਬਿਨਾਸ਼ । ਜੋਤ ਸਰੂਪ ਪ੍ਰਭ ਜਗਤ ਉਧਾਰੇ । ਅੰਤਕਾਲ ਕਲ ਪ੍ਰਭ ਧਰੇ ਜੋਤ ਨਿਰੰਕਾਰੇ । ਸਾਧ ਸੰਗਤ ਰੱਖੇ ਲਾਜ ਆਪ ਮੁਰਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖਾਂ ਭਰੇ ਭੰਡਾਰੇ । ਸਚ ਭੰਡਾਰ ਪ੍ਰਭ ਵਰਤਾ । ਆਤਮ ਭੁਖ ਗੁਰਸਿਖ ਗਵਾ । ਸੋਹੰ ਸ਼ਬਦ ਗੁਰਸਿਖ ਆਤਮ ਵਸਾ । ਗੁਰਚਰਨ ਪ੍ਰੀਤੀ ਸਾਚਾ ਥਾਂ । ਬੇਮੁਖ ਜੀਵ ਜਾਣ, ਜਿਉਂ ਸੁੰਞੇ ਘਰ ਕਾਂ । ਪ੍ਰਭ ਸਾਚਾ ਸਾਧ ਸੰਗਤ ਤੇਰੀ ਪਕੜੇ ਬਾਂਹ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਹੋਏ ਸਹਾਈ ਸਭਨੀ ਥਾਂ । ਸੋਹੰ ਸ਼ਬਦ ਸਚ ਵਰਤਾਰ । ਹਉਮੈ ਰੋਗ ਵਿਚੋਂ ਜਾਏ ਮਾਰ । ਨਿਹਕਲੰਕ ਅਵਤਾਰ ਨਰ ਨਾ ਕਦੇ ਵਸਾਰ । ਮਹਾਰਾਜ ਸ਼ੇਰ ਸਿੰਘ ਕਰ ਜਾਏ ਬੇੜਾ ਪਾਰ । ਪਾਰ ਉਤਾਰਨਹਾਰ ਪ੍ਰਭ ਪਾਰ ਉਤਾਰਿਆ । ਅਨਹਦ ਸ਼ਬਦ ਦੇਵੇ ਗਿਆਨ ਪ੍ਰਭ ਸਾਚਾ ਭਰੇ ਭੰਡਾਰਿਆ । ਪਹਿਲੀ ਮਾਘ ਪ੍ਰਭ ਸੁਖ ਉਪਜਾਵੇ ਵਿਚ ਝੂਠੇ ਦੇਹ ਮੁਨਾਰਿਆ । ਸਾਧ ਸੰਗਤ ਪ੍ਰਭ ਸਾਚਾ ਸਚ ਵਰਤਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਲੰਘਾ ਰਿਹਾ । ਗੁਰਸਿਖਾਂ ਦੇਵੇ ਪ੍ਰਭ ਮੋਖ ਦਵਾਰਾ । ਕਲਜੁਗ ਧਰਿਆ ਪ੍ਰਭ ਸਚ ਅਵਤਾਰਾ । ਸੋਹੰ ਸ਼ਬਦ ਚਲਾਇਆ ਅਪਰ ਅਪਾਰਾ । ਕਲਜੁਗ ਝੂਠਾ ਮਿਟਾਇਆ ਸਰਬ ਪਸਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖਾਂ ਦਿਖਾਵੇ ਸਚ ਦਵਾਰਾ । ਸਚ ਦਵਾਰ ਦਵਾਰਕਾ ਨਾਥ । ਜਗੇ ਜੋਤ ਪ੍ਰਭ ਰਘੁਨਾਥ । ਗੁਰਸਿਖਾਂ ਪ੍ਰਭ ਰੱਖੇ ਦੇ ਕਰ ਹਾਥ । ਸਾਚੇ ਲੇਖ ਲਿਖਾਏ ਵਿਚ ਮਾਥ । ਸੋਹੰ ਸ਼ਬਦ ਸਤਿ ਚਲਾਏ ਸਾਚੀ ਗਾਥ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਪਰਗਟੇ ਤ੍ਰੈਲੋਕੀ ਨਾਥ । ਸਤਿਜੁਗ ਤੇਰਾ ਸਾਚਾ ਕਰਮਾ । ਸਾਚਾ ਪ੍ਰਭ ਸਚ ਰਾਖੇ ਧਰਮਾ । ਗੁਰਸਿਖ ਦਵਾਏ ਮਾਣ, ਮਾਣ ਗਵਾਏ ਬ੍ਰਹਮਾ । ਅੰਤਕਾਲ ਵਿਚ ਜੋਤ ਮਿਲਾਏ ਵੇਲੇ ਅੰਤ ਨਾ ਹੋਏ ਮਰਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਦਰਸ ਸਾਧ ਸੰਗਤ ਕਲ ਤਰਨਾ ।

ਤਾਰਨਹਾਰ ਆਪ ਪ੍ਰਭ ਤਾਰੇ । ਗੁਰਸਿਖਾਂ ਪ੍ਰਭ ਕਾਜ ਸਵਾਰੇ । ਧੰਨ ਧੰਨ ਧੰਨ ਗੁਰਸਿਖ, ਪਹਿਲੀ ਮਾਘ ਚਲ ਆਇਣ ਗੁਰਚਰਨ ਦਵਾਰੇ । ਸਾਚਾ ਪ੍ਰਭ ਪਾਵੇ ਭਿਖ, ਜਗੇ ਜੋਤ ਵਿਚ ਝੂਠੇ ਦੇਹ ਮੁਨਾਰੇ । ਸਾਚੇ ਲੇਖ ਜਾਏ ਪ੍ਰਭ ਲਿਖ, ਗੁਰਸਿਖ ਪਰਗਟੇ ਵਿਚ ਸੰਸਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਕਿਰਪਾ ਪਾਰ ਉਤਾਰੇ । ਪਾਰ ਉਤਾਰਨਹਾਰ ਪ੍ਰਭ ਪੂਰਨ ਆਸਾ । ਸਾਧ ਸੰਗਤ ਪਹਿਲੀ ਮਾਘ, ਸਚ ਦੇਵੇ ਭਰਵਾਸਾ । ਗੁਰਮੁਖ ਸਾਚੇ ਜਾਗ, ਪ੍ਰਭ ਸਾਚੇ ਕੀਆ ਵਾਸਾ । ਪ੍ਰਭ ਚਰਨ ਗਏ ਲਾਗ, ਵੇਲੇ ਅੰਤ ਕਰੇ ਬੰਦ ਖੁਲਾਸਾ । ਬੰਦ ਖੁਲਾਸਾ ਪ੍ਰਭ ਬੰਦੀ ਤੋੜ । ਗੁਰਮੁਖ ਸਾਚੇ ਪ੍ਰਭ ਚਰਨ ਪ੍ਰੀਤੀ ਲੋੜ । ਜਾਮਾ ਧਾਰ ਨਿਹਕਲੰਕ, ਵੇਲੇ ਅੰਤ ਚਰਨ ਲਏ ਜੋੜ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪ੍ਰਭ ਸਾਚੇ ਦੀ ਸਾਚੀ ਲੋੜ । ਸਾਚਾ ਪ੍ਰਭ ਸਚ ਘਰ ਵਸਿਆ । ਪਹਿਲੀ ਮਾਘ ਪਰਗਟ ਜੋਤ ਸਚ ਘਰ ਦੱਸਿਆ । ਗੁਰਮੁਖ ਜੋਤ ਆਤਮ ਕੋਟ ਰਵ ਸਸਿਆ । ਬੇਮੁਖ ਆਤਮ ਅੰਧ ਅੰਧਿਆਰ, ਜਿਉਂ ਚੰਦ ਮੱਸਿਆ । ਸੋਹੰ ਸ਼ਬਦ ਅਪਾਰ, ਪਹਿਲੀ ਮਾਘ ਭੇਵ ਪ੍ਰਭ ਸਾਚੇ ਦੱਸਿਆ । ਸਾਚਾ ਪ੍ਰਭ ਸਦਾ ਅਭੇਦ । ਗੁਣ ਨਾ ਜਾਣੇ ਨਾ ਵਖਾਣੇ ਚਾਰੇ ਵੇਦ । ਪ੍ਰਭ ਅਬਿਨਾਸ਼ੀ ਸਦਾ ਅਛੇਦ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਹਿਲੀ ਮਾਘ ਖੁਲ੍ਹਾਏ ਭੇਦ । ਨਿਹਕਲੰਕ ਕਲਜੁਗ ਆਏ । ਆਪਣਾ ਭੇਵ ਸਰਬ ਖੁਲ੍ਹਾਏ । ਭੁੱਲਿਆਂ ਪ੍ਰਭ ਮਾਰਗ ਪਾਏ । ਸਾਚਾ ਸ਼ਬਦ ਪ੍ਰਭ ਗਿਆਨ ਦਵਾਏ । ਸਚ ਸੁੱਚ ਵਿਚ ਸੰਸਾਰ ਵਰਤਾਏ । ਏਕਾ ਪ੍ਰਭ ਮਾਣ ਦਵਾਏ । ਰਾਣਿਆਂ ਪ੍ਰਭ ਭਿਖ ਮੰਗਾਏ । ਜਾਮਾ ਧਾਰ ਘਨਕਪੁਰ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾਏ । ਰਾਣੇ ਹੋਣ ਦਰ ਭਿਖਾਰੀ । ਰੰਕ ਸੋਹਣ ਪ੍ਰਭ ਚਰਨ ਦਵਾਰੀ । ਸਾਚਾ ਪ੍ਰਭ ਭਰੇ ਭੰਡਾਰ, ਸੋਹੰ ਦੇਵੇ ਸ਼ਬਦ ਭੰਡਾਰੀ । ਮਾਨਸ ਜਨਮ ਨਾ ਆਵੇ ਹਾਰ, ਪਹਿਲੀ ਮਾਘ ਜੋ ਜਨ ਆਏ ਪ੍ਰਭ ਚਰਨ ਦਵਾਰੀ । ਸਾਧ ਸੰਗਤ ਤਾਰਨਹਾਰ, ਨਿਹਕਲੰਕ ਜੋਤ ਨਿਰੰਕਾਰੀ । ਵੇਲੇ ਅੰਤ ਸਤਿਗੁਰ ਸਾਚਾ, ਸਾਧ ਸੰਗਤ ਜਾਏ ਪੈਜ ਸਵਾਰੀ । ਗੁਰਸਿਖ ਦੇਵੇ ਪ੍ਰਭ ਪੂਰਬ ਲਹਿਣਾ । ਪ੍ਰਭ ਅਬਿਨਾਸ਼ੀ ਸੋਹੰ ਦੇਵੇ ਆਤਮ ਗਹਿਣਾ । ਜੋਤ ਸਰੂਪੀ ਪਰਗਟ ਜੋਤ, ਦਰਸ ਦਿਖਾਵੇ ਤੀਜੇ ਨੈਣਾਂ । ਬੇਮੁਖ ਕਲਜੁਗ ਜੀਵ ਵਹਿਣ ਝੂਠੇ ਵਹਿਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਦੇਵੇ ਸਾਚਾ ਲਹਿਣਾ । ਗੁਰਸਿਖ ਗੁਰ ਦਰ ਆ । ਵਡ ਵਡਿਆਈ ਗੁਰ ਦਰ ਪਾ । ਜੋਤ ਸਰੂਪੀ ਨਿਹਕਲੰਕ ਆਤਮ ਜੋਤ ਜਗਾ । ਆਤਮ ਮਿਟੇ ਸ਼ੰਕ ਪ੍ਰਭ ਦਰਸ਼ਨ ਪਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਲਿਆ ਧਿਆ । ਸਤਿ ਪੁਰਖਾ ਆਤਮ ਧਿਆਨ ਧਰ । ਸਾਚਾ ਬੂਝਿਆ ਤੇਰਾ ਦਰ । ਸੋਹੰ ਸਾਚਾ ਸ਼ਬਦ ਦੇਵੇ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਿਸਾਵੇ ਸਾਚਾ ਘਰ । ਸਾਚਾ ਵਰ ਸਾਚਾ ਘਰ, ਗੁਰਸਿਖ ਮੰਗਿਆ । ਅਵਤਾਰ ਧਰ ਪ੍ਰਭ ਗੁਰਸਿਖ ਆਤਮ ਰੰਗਿਆ । ਨਿਹਕਲੰਕ ਵਰ ਸਾਚਾ ਪਾਇਆ ਗੁਰਸਿਖ ਮੂੰਹੋਂ ਮੰਗਿਆ । ਪਹਿਲੀ ਮਾਘ ਤੇਰਾ ਦਰਸ ਕਰ, ਗੁਰਸਿਖ ਕਲਜੁਗ ਪਾਰ ਲੰਘਿਆ । ਪਹਿਲੀ ਮਾਘ ਤੇਰਾ ਸਾਚਾ ਰੂਪ । ਦਰਸ ਦਿਖਾਵੇ ਪ੍ਰਭ ਅਨੂਪ । ਸ਼ਬਦ ਲਿਖਾਏ ਪ੍ਰਭ ਸਤਿ ਸਰੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਸਾਚਾ ਭੂਪ । ਕਲਜੁਗ ਆਇਆ ਪ੍ਰਭ ਭੇਖ ਧਰ । ਜੋਤ ਸਰੂਪੀ ਵੇਸ ਕਰ । ਨਿਹਕਲੰਕ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਦਿਸਾਵੇ ਸਾਚਾ ਘਰ । ਸਾਚੀ ਜੋਤ ਮਾਤ ਆਕਾਰ । ਹੋਏ ਪਰਕਾਸ਼ ਵਿਚ ਸੰਸਾਰ । ਬੇਮੁਖਾਂ ਹੋਏ ਅੰਧ ਅੰਧਿਆਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪ ਜਗਤ ਵਰਤਾਰ ।

ਸ੍ਰਿਸ਼ਟ ਸਬਾਈ ਹੋਈ ਦੁਖਦਾਈ । ਨਿਰਧਨਾਂ ਹੋਏ ਨਾ ਕੋਏ ਸਹਾਈ । ਪ੍ਰਭ ਸਾਚੇ ਮਾਤ ਦਇਆ ਕਮਾਈ । ਸਾਚੀ ਜੋਤ ਕਲ ਪਰਗਟਾਈ । ਨਿਮਾਣਿਆਂ ਸਿਰ ਛਤਰ ਝੁਲਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਕਰੇ ਰੁਸ਼ਨਾਈ । ਸਾਚਾ ਪ੍ਰਭ ਸੱਚਾ ਦਰਬਾਰੇ । ਜੋਤ ਸਰੂਪ ਸਦਾ ਨਿਰਹਾਰੇ । ਨਿਰਧਨਾਂ ਪ੍ਰਭ ਆਸ ਪੁਜਾਰੇ । ਬੇਮੁਖ ਕਲਜੁਗ ਜੀਵ ਅੰਤਕਾਲ ਕਲ ਕਰੇ ਖੁਆਰੇ । ਸਾਧ ਸੰਗਤ ਪ੍ਰਭ ਪੈਜ ਸੁਆਰੇ । ਪਰਗਟ ਜੋਤ ਦੁਤਰ ਤਾਰੇ । ਸਾਚਾ ਬਖ਼ਸ਼ੇ ਚਰਨ ਪਿਆਰੇ । ਮਹਾਰਾਜ ਸ਼ੇਰ ਸਿੰਘ ਕਲਜੁਗ ਆਇਆ ਜਾਮਾ ਧਾਰੇ । ਬੇਮੁਖਾਂ ਆਤਮ ਕਾਮ ਕਰੋਧ ਹੰਕਾਰ ਰਖਾਇਆ । ਗੁਰਮੁਖ ਸਾਚੇ ਪਰਗਟ ਜੋਤ ਪ੍ਰਭ ਦਰਸ ਦਿਖਾਇਆ । ਸਾਚੇ ਪ੍ਰਭ ਪਹਿਲੀ ਮਾਘ ਸਾਚਾ ਮਾਰਗ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਭੰਡਾਰ ਵਰਤਾਇਆ । ਵਡ ਦਾਤਾ ਪ੍ਰਭ ਵਡ ਭੰਡਾਰੀ । ਵਡ ਦਾਤਾ ਪ੍ਰਭ ਵਡ ਸੰਸਾਰੀ । ਵਡ ਦਾਤਾ ਪ੍ਰਭ ਜੋਤ ਨਿਰੰਕਾਰੀ । ਵਡ ਦਾਤਾ ਪ੍ਰਭ ਸਦਾ ਨਿਰਹਾਰੀ । ਵਡ ਦਾਤਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਵਡ ਦਾਤਾ ਗੁਣ ਭਰਪੂਰ । ਵਡ ਦਾਤਾ ਸਰਬ ਬਖ਼ਸ਼ੇ ਚਰਨ ਧੂੜ । ਵਡ ਦਾਤਾ ਆਤਮ ਦੇਵੇ ਸੋਹੰ ਸਤਿ ਸਰੂਰ । ਵਡ ਦਾਤਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਸਰਬ ਕਲਾ ਭਰਪੂਰ । ਵਡ ਦਾਤਾ ਪ੍ਰਭ ਗੁਣੀ ਨਿਧਾਨਾ । ਵਡ ਦਾਤਾ ਪ੍ਰਭ ਚਤੁਰ ਸੁਜਾਨਾ । ਵਡ ਦਾਤਾ ਪ੍ਰਭ ਪੂਰਨ ਭਗਵਾਨਾ । ਵਡ ਦਾਤਾ ਪ੍ਰਭ ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਬਖ਼ਸ਼ੇ ਆਤਮ ਬ੍ਰਹਮ ਗਿਆਨਾ । ਵਡ ਦਾਤਾ ਪ੍ਰਭ ਬਲਵੰਤ । ਵਡ ਦਾਤਾ ਪ੍ਰਭ ਸਾਚਾ ਭਗਵੰਤ । ਵਡ ਦਾਤਾ ਪ੍ਰਭ ਦਰਸ ਦਿਖਾਏ, ਗੁਰਮੁਖ ਵਿਰਲੇ ਸੰਤ । ਵਡ ਦਾਤਾ ਪ੍ਰਭ ਜੋਤ ਜਗਾਏ, ਲੱਖ ਚੁਰਾਸੀ ਵਿਚ ਜੀਵ ਜੰਤ । ਵਡ ਦਾਤਾ ਪ੍ਰਭ ਬੇਮੁਖਾਂ ਦਿਸ ਨਾ ਆਏ, ਜਿਸ ਬਣਾਈ ਬਣਤ । ਵਡ ਦਾਤਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਮਿਲਿਆ ਸਾਚਾ ਕੰਤ । ਸਾਚਾ ਪ੍ਰਭ ਪੂਰਨ ਭਰਵਾਸਾ । ਸਾਚਾ ਪ੍ਰਭ ਸਰਬ ਘਟ ਵਾਸਾ । ਸਾਚਾ ਪ੍ਰਭ ਚਰਨ ਪ੍ਰੀਤੀ ਸਾਧ ਸੰਗਤ ਤੇਰੀ ਰਹਿਰਾਸਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਾਸਨ ਦਾਸਾ । ਵਡ ਦਾਤਾ ਬਲੀ ਬਲਵਾਨ । ਵਡ ਦਾਤਾ ਚਤੁਰ ਸੁਜਾਨ । ਵਡ ਦਾਤਾ ਬ੍ਰਹਮ ਗਿਆਨੀਆਂ ਦੇਵੇ ਬ੍ਰਹਮ ਗਿਆਨ । ਵਡ ਦਾਤਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਦਾਨ । ਵਡ ਦਾਤਾ ਪ੍ਰਭ ਗਹਿਰ ਗੰਭੀਰ । ਵਡ ਦਾਤਾ ਦੇ ਦਰਸ ਸ਼ਾਂਤ ਕਰੇ ਸਰੀਰ । ਵਡ ਦਾਤਾ ਨਿਹਕਲੰਕ ਜੋਤ ਸਰੂਪ ਝਿਰਨਾ ਝਿਰਾਏ ਅੰਮ੍ਰਿਤ ਆਤਮ ਨੀਰ । ਵਡ ਦਾਤਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦੇਵੇ ਸਾਚੀ ਧੀਰ । ਵਡ ਦਾਤਾ ਪ੍ਰਭ ਧੀਰ ਧਰਾਏ । ਵਡ ਦਾਤਾ ਸੋਹੰ ਸਾਚਾ ਸ਼ਬਦ ਚਲਾਏ । ਵਡ ਦਾਤਾ ਪ੍ਰਭ ਏਕਾ ਨਾਮ ਚਾਰ ਵਰਨ ਰਖਾਏ । ਵਡ ਦਾਤਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਜੈ ਜੈ ਜੈਕਾਰ ਕਰਾਏ । ਵਡ ਦਾਤਾ ਪ੍ਰਭ ਗੁਰ ਗੋਬਿੰਦ । ਚਰਨ ਲਿਆਵੇ ਪ੍ਰਭ ਸੁਰਪਤ ਰਾਜਾ ਇੰਦ । ਵਡ ਦਾਤਾ ਪ੍ਰਭ ਪਰਗਟ ਜੋਤ ਦਰਸ ਦਿਖਾਵੇ ਵਾਲੀ ਹਿੰਦ । ਵਡ ਦਾਤਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਦਰ ਆਇਣ ਕਰ ਜਾਇਣ ਨਿੰਦ । ਵਡ ਦਾਤਾ ਪ੍ਰਭ ਵਡ ਭੂਪਾ । ਵਡ ਦਾਤਾ ਪ੍ਰਭ ਜੋਤ ਸਰੂਪਾ । ਵਡ ਦਾਤਾ ਪ੍ਰਭ ਪਰਗਟੇ ਜੋਤ ਨਿਹਕਲੰਕ ਦਿਸ ਨਾ ਆਏ ਰੰਗ ਰੂਪਾ । ਵਡ ਦਾਤਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਤਿ ਸਰੂਪਾ । ਵਡ ਦਾਤਾ ਵੱਡੀ ਵਡਿਆਈ । ਵਡ ਦਾਤਾ ਸਾਚੀ ਜੋਤ ਵਿਚ ਮਾਤ ਪਤਾਲ ਅਕਾਸ਼

ਟਿਕਾਈ । ਵਡ ਦਾਤਾ ਪ੍ਰਭ ਆਪ, ਆਪ ਆਪਣਾ ਨਾਉਂ ਰਖਾਈ । ਵਡ ਦਾਤਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਜੈ ਜੈ ਜੈਕਾਰ ਕਰਾਈ । ਵਡ ਦਾਤਾ ਪ੍ਰਭ ਜਗਤ ਪਿਤ ਜਗਦੀਸ । ਵਡ ਦਾਤਾ ਪ੍ਰਭ ਭੇਤ ਚੁਕਾਏ ਬੀਸ ਇਕੀਸ । ਵਡ ਦਾਤਾ ਪ੍ਰਭ ਬੇਮੁਖਾਂ ਕਲ ਜਾਏ ਪੀਸ । ਵਡ ਦਾਤਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਨਾ ਦੀਸ । ਏਕਾ ਜੋਤ ਪ੍ਰਭ ਨਿਰੰਕਾਰਿਆ । ਸਚ ਘਰ ਵਸੇ ਪ੍ਰਭ ਗਿਰਧਾਰਿਆ । ਜਗੇ ਜੋਤ ਪ੍ਰਭ ਅਗੰਮ ਅਪਾਰਿਆ । ਮਾਤ ਪਾਤਾਲ ਆਕਾਸ਼ ਤੀਨ ਲੋਕ ਹੋਏ ਆਕਾਰਿਆ । ਅਚਰਜ ਖੇਲ ਜੋਤ ਸਰੂਪ, ਮਾਇਆ ਰੂਪੀ ਜਗਤ ਪਸਾਰਿਆ । ਜੋਤ ਸਰੂਪ ਪਾਰਬ੍ਰਹਮ, ਜੀਵ ਜੰਤ ਵਿਚ ਸਮਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਵਟਾ ਰਿਹਾ । ਜੋਤ ਸਰੂਪੀ ਪ੍ਰਭ ਕਾ ਭੇਖ । ਜੁਗੋ ਜੁਗ ਗੁਰਮੁਖ ਵਿਰਲੇ ਲੈਂਦੇ ਦੇਖ । ਧੰਨ ਧੰਨ ਧੰਨ ਗੁਰਸਿਖ ਸਾਚਾ, ਪ੍ਰਭ ਨੇਤਰ ਤੀਜੇ ਲਿਆ ਦੇਖ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਲਿਖਾਵੇ ਸਾਚੇ ਲੇਖ । ਭਗਤ ਜਨਾਂ ਪ੍ਰਭ ਲੇਖ ਲਿਖਾਏ ਅਪਾਰੇ । ਬਾਵਨ ਰੂਪ ਧਾਰ ਜਾਏ ਬਲ ਦਵਾਰੇ । ਜੋਤ ਨਿਰੰਜਣ ਜੋਤ ਸਰੂਪ ਸਦਾ ਸਦਾ ਭੇਖ ਧਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਦਿ ਜੁਗਾਦਿ ਜਗਤ ਅਵਤਾਰੇ । ਬਾਵਨ ਭੇਖ ਧਰ ਪ੍ਰਭ ਰਾਜਾ ਬਲ ਤਾਰਿਆ । ਜੋਤ ਸਰੂਪ ਭੇਖ ਧਰ, ਚਾਰ ਵੇਦ ਰਸਨ ਉਚਾਰਿਆ । ਬੋਧ ਅਗਾਧ ਅਗਾਧ ਬੋਧ, ਪ੍ਰਭ ਸਾਚਾ ਸ਼ਬਦ ਲਿਖਾ ਰਿਹਾ । ਭਗਤ ਜਨਾਂ ਪ੍ਰਭ ਆਤਮ ਸੋਧ, ਆਤਮ ਧੁਨ ਉਪਜਾ ਰਿਹਾ । ਅੰਤਕਾਲ ਰਾਖੇ ਵਿਚ ਗੋਦ, ਸਚਖੰਡ ਨਿਵਾਸ ਦਵਾ ਰਿਹਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਭੇਦ ਜਗਤ ਖੁਲ੍ਹਾ ਰਿਹਾ । ਸਾਚਾ ਪ੍ਰਭ ਭੇਖ ਧਰ । ਪ੍ਰਹਿਲਾਦ ਉਧਾਰਾ ਨਰਾਇਣ ਨਰ । ਦੁਸ਼ਟ ਸੰਘਾਰ ਨਾ ਲਾਏ ਪਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਪਰਗਟਾਏ ਕਲ । ਜੋਤ ਸਰੂਪ ਜਗਤ ਉਧਾਰਿਆ । ਜੋਤ ਸਰੂਪੀ ਜੋਤ ਧਰ, ਧ੍ਰੂ ਬਾਲਕ ਪਾਰ ਉਤਾਰਿਆ । ਭਗਤ ਜਨ ਪ੍ਰਭ ਸਦਾ ਸਮਾਏ, ਰੱਖੇ ਲਾਜ ਆਪ ਮੁਰਾਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਾਮਾ ਘਨਕਪੁਰੀ ਵਿਚ ਧਾਰਿਆ । ਸਾਚਾ ਪ੍ਰਭ ਜੋਤ ਜਗਾਏ । ਮਾਤਲੋਕ ਸਦ ਆਵਣ ਜਾਏ । ਜੁਗਾ ਜੁਗੰਤਰ ਪ੍ਰਭ ਸਾਚੀ ਖੇਲ ਰਚਾਏ । ਅੰਤਕਾਲ ਕਲ ਭਸਮੰਤ, ਪ੍ਰਭ ਸਾਚੀ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਭੇਦ ਖੁਲ੍ਹਾਏ । ਸਾਚਾ ਪ੍ਰਭ ਰਘੁਪਤ ਰਘੁਨਾਥ । ਸਾਚਾ ਪ੍ਰਭ ਸਰਬ ਕੇ ਸਾਥ । ਸਾਚਾ ਪ੍ਰਭ ਜੁਗੋ ਜੁਗ ਪਰਗਟ ਚਲਾਵੇ ਸਾਚੀ ਗਾਥ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅਨਾਥਾਂ ਸਿਰ ਰੱਖੇ ਹਾਥ । ਸਾਚਾ ਪ੍ਰਭ ਜੋਤ ਆਕਾਰੀ । ਤ੍ਰੇਤੇ ਭਇਓ ਰਾਮ ਅਵਤਾਰੀ । ਦੁਸ਼ਟਾਂ ਕਰੇ ਪ੍ਰਭ ਖੁਆਰੀ । ਅੰਤ ਖਪਾਏ ਦੁਸ਼ਟ ਦੁਰਾਚਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਦਿ ਜੁਗਾਦਿ ਏਕਾ ਜੋਤ ਨਿਰੰਕਾਰੀ । ਮਾਤਲੋਕ ਪ੍ਰਭ ਰਾਮ ਅਖਵਈਆ । ਹੰਕਾਰੀ ਰਾਵਣ ਪ੍ਰਭ ਡੋਬੀ ਨਈਆ । ਨਿਰਧਨ ਭੀਲਣੀ ਪ੍ਰਭ ਸਾਚੀ ਜੋਤ ਜਗਈਆ । ਸਤੀ ਅਹਲਿਆ ਚਰਨ ਛੁਹਾਏ ਪ੍ਰਭ ਜੋਤੀ ਜੋਤ ਮਿਲਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਦ ਪਹਿਲੀ ਮਾਘ ਕਲ ਖੁਲ੍ਹਈਆ । ਰਾਮ ਰੂਪ ਰੂਪ ਰਾਮ ਰਾਮ ਪ੍ਰਭ ਧਾਰਿਆ । ਰਿਗ ਵੇਦ ਪ੍ਰਭ ਪਾਰ ਉਤਾਰਿਆ । ਵਡ ਦੇਵੀ ਦੇਵ ਤੋੜੇ ਵਡ ਹੰਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਭੇਦ ਖੁਲ੍ਹਾ ਰਿਹਾ । ਰਾਮ ਰੂਪ ਪ੍ਰਭ ਰੰਗ ਰਾਤਾ । ਜੁਗੋ ਜੁਗ ਪ੍ਰਭ ਭਗਤਾਂ ਨਾਮ ਦੇਵੇ ਸਾਚੀ ਦਾਤਾ । ਜੋਤ ਸਰੂਪੀ ਭੇਖ ਧਰ ਆਪ ਬਣੇ ਪਿਤ ਮਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ

੫੮੧
੦੧

ਜੁਗ ਚਰਨ ਪ੍ਰੀਤੀ ਬਖ਼ਸ਼ੇ ਸਾਚਾ ਨਾਤਾ । ਸਾਚਾ ਪ੍ਰਭ ਰਮੱਈਆ ਰਾਮ । ਪ੍ਰਭ ਸਾਚੇ ਕਾ ਸਾਚਾ ਕਾਮ । ਭਗਤ ਉਧਾਰੇ ਦੇਵੇ ਸਾਚਾ ਨਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਆਪਰ ਪਰਗਟਿਓ ਘਨੱਈਆ ਸ਼ਾਮ । ਦੁਆਪਰ ਪਰਗਟੇ ਪ੍ਰਭ ਕਵਲ ਨੈਣਾਂ । ਸੁੰਦਰ ਕੁੰਡਲ ਮੁਕਟ ਬੈਣਾਂ । ਜਨ ਭਗਤਾਂ ਦੇਵੇ ਦਰਸ ਦਿਵਸ ਰੈਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦੇਵੇ ਸਾਚਾ ਲਹਿਣਾ । ਦੁਆਪਰ ਭਏ ਪ੍ਰਭ ਕ੍ਰਿਸ਼ਨ ਮੁਰਾਰੀ । ਰਿਖੀ ਕੇਸ਼ ਗਵਰਧਨ ਧਾਰੀ । ਬੇਮੁਖਾਂ ਆਤਮ ਕਰੇ ਹੰਕਾਰੀ । ਜਨ ਭਗਤਾਂ ਆਤਮ ਕਰੇ ਉਜਿਆਰੀ । ਦੇਵੇ ਦਰਸ ਜੋਤ ਸਰੂਪ ਪ੍ਰਭ ਕ੍ਰਿਸ਼ਨ ਮੁਰਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਮਾਤਲੋਕ ਸਦਾ ਭੇਖ ਧਾਰੀ । ਸ਼ਾਮ ਰੂਪ ਮਾਤ ਪ੍ਰਭ ਆਇਆ । ਅੰਤਮ ਜੁਗ ਆਣ ਕਰਾਇਆ । ਮਹਾਸਾਰਥੀ ਜਗਤ ਪਿਤ ਅਖਵਾਇਆ । ਜਨ ਭਗਤਾਂ ਆਤਮ ਬ੍ਰਹਮ ਗਿਆਨ ਦੇ, ਗੀਤਾ ਗਿਆਨ ਪ੍ਰਭ ਸ਼ਬਦ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਵਲ ਸੁੰਦਰ ਰੂਪ ਵਟਾਇਆ । ਏਕਾ ਸ਼ਬਦ ਉਪਜਾਏ ਧੁਨ । ਖੋਲ੍ਹ ਵਖਾਏ ਪ੍ਰਭ ਆਤਮ ਸੁੰਨ । ਸਾਚੇ ਪ੍ਰਭ ਜਾਣੇ ਤੇਰੇ ਗੁਣ ਕਵਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪ ਵਿਚ ਸਮੀਪਤ ਸਰਬ ਪਵਣ । ਯਜੁਰ ਵੇਦ ਪ੍ਰਭ ਪਾਰ ਉਤਾਰੇ । ਸ੍ਰਿਸ਼ਟ ਸਬਾਈ ਕਰੇ ਖੁਆਰੇ । ਸਰਬ ਕਲਾ ਸਮਰਥ ਸਵਾਮੀ ਆਪਣੀ ਕਲ ਵਰਤਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੁਗੋ ਜੁਗ ਸ਼ਬਦ ਲਿਖਾਰੇ । ਨਿਮਾਣਿਆਂ ਪ੍ਰਭ ਮਾਣ ਦੁਆ । ਹੰਕਾਰੀਆਂ ਜਾਏ ਹੰਕਾਰ ਗਵਾ । ਦੁਰਯੋਧਨ ਮਹਿਲ ਪ੍ਰਭ ਜਾਏ ਤਜਾ । ਘਰ ਬਿਦਰ ਜਾਏ ਭੋਗ ਲਵਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਪਕੜੇ ਬਾਂਹ । ਮਿਟਿਆ ਦੁਆਪਰ ਭਇਆ ਅੰਧੇਰਾ । ਮਾਤਲੋਕ ਕਲ ਪਾਇਆ ਫੇਰਾ । ਐਂਡਾ ਅਥਰਬਣ ਵੇਦ ਰੈਣ ਵਸੇਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵੇਲੇ ਅੰਤ ਕਰੇ ਨਿਬੇੜਾ । ਵੇਦ ਅਥਰਬਣ ਐਂਡਾ ਆਇਆ । ਅੱਲ੍ਹਾ ਅਲਾਹੂ ਨੂਰ ਉਪਜਾਇਆ । ਈਸਾ ਮੂਸਾ ਮੁਹੰਮਦੀ ਪ੍ਰਭ ਸਾਚੇ ਮਾਤ ਉਪਜਾਇਆ । ਪੀਰ ਪੈਗ਼ੰਬਰ ਔਲੀਏ ਪ੍ਰਭ ਝੂਠੀ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਭਰਮ ਭੁਲੇਖਾ ਪਾਇਆ । ਅੱਲਾ ਅੱਲਾ ਨੂਰ ਉਪਾ ਕੇ । ਕਲਜੁਗ ਪਾਪੀ ਜੀਵ ਉਪਾ ਕੇ । ਮਦਿਰਾ ਮਾਸ ਰਸਨਾ ਆਹਾਰ ਕਰਾ ਕੇ । ਦੁਸ਼ਟ ਦੁਰਾਚਾਰ ਪ੍ਰਭ ਜਾਏ ਲੇਖ ਲਿਖਾ ਕੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਭੇਖ ਜਾਏ ਮਿਟਾ ਕੇ । ਏਕਾ ਨੂਰ ਅੱਲਾ ਉਪਾਇਆ । ਪਤਿਪਰਮੇਸ਼ਵਰ ਸਰਬ ਭੁਲਾਇਆ । ਆਤਮ ਪਰਦਾ ਪ੍ਰਭ ਸਾਚੇ ਪਾਇਆ । ਵੱਡੇ ਵਡ ਮਲੇਸ਼ ਪ੍ਰਭ ਨਾਉਂ ਰਖਾਇਆ । ਅੰਤਕਾਲ ਕਲ ਪਰਗਟ ਜੋਤ, ਪ੍ਰਭ ਸਚ ਕਰੇ ਸਫ਼ਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਇਆ । ਸਾਚਾ ਪ੍ਰਭ ਸਚ ਸ਼ਬਦ ਲਿਖਾਏ । ਈਸਾ ਮੂਸਾ ਮੁਹੰਮਦੀ ਕੋਈ ਰਹਿਣ ਨਾ ਪਾਏ । ਕੁਰਾਨ ਅੰਜੀਲ ਅੰਜੀਲ ਕੁਰਾਨ, ਪ੍ਰਭ ਸਾਰੀ ਖੇਲ ਮਿਟਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸ਼ਬਦ ਲਿਖਾਏ । ਝੂਠਾ ਖੇਲ ਪ੍ਰਭ ਮਿਟਾਏ । ਦੀਨ ਮੁਹੰਮਦੀ ਰਹਿਣ ਨਾ ਪਾਏ । ਚਾਰ ਯਾਰਾਂ ਪ੍ਰਭ ਖੇਲ ਮਿਟਾਏ । ਪੰਚਮ ਵਿਚ ਪ੍ਰਭ ਰਿਹਾ ਸਮਾਏ । ਅਥਰਬਣ ਵੇਦ ਪ੍ਰਭ ਦਏ ਖਪਾਏ । ਸੋਹੰ ਸਾਚਾ ਸ਼ਬਦ ਪ੍ਰਭ ਜਗਤ ਚਲਾਏ । ਪਰਗਟ ਜੋਤ ਨਿਹਕਲੰਕ, ਸਤਿਜੁਗ ਤੇਰੀ ਨੀਂਹ ਰਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸ਼ਬਦ ਸਰੂਪੀ ਭੇਦ ਖੁਲ੍ਹਾਏ । ਐਂਡਾ ਅਥਰਬਣ ਵੇਦ ਕਲ ਗਿਆ । ਜੋਤ ਸਰੂਪੀ ਜਗਤ ਪ੍ਰਭ ਭਇਆ । ਨਿਹਕਲੰਕ ਅਵਤਾਰ ਲੋਕਮਾਤ ਕੀਨੀ ਦਇਆ ।

੫੮੨
੦੧

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭਾਣਾ ਸਭ ਨੇ ਸਹਿਆ । ਅੰਤਕਾਲ ਪ੍ਰਭ ਕਲ ਕਰਾਵਣਾ । ਦੁੱਖ ਭੁੱਖ ਪ੍ਰਭ ਰੋਗ ਮਿਟਾਵਣਾ । ਜਗਤ ਭੇਖ ਪ੍ਰਭ ਨਸ਼ਟ ਕਰਾਵਣਾ । ਸੋਹੰ ਸਾਚਾ ਸ਼ਬਦ ਪ੍ਰਭ ਚਾਰ ਵਰਨ ਚਲਾਵਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪ ਸ਼ਬਦ ਸਰੂਪੀ ਭੇਦ ਖੁਲ੍ਹਾਵਣਾ । ਸਾਚਾ ਪ੍ਰਭ ਕਲ ਜੋਤ ਪਰਗਟਾਏ । ਚਾਰ ਕੁੰਟ ਪੈ ਜਾਏ ਦੁਹਾਏ । ਤੀਨ ਲੋਕ ਹੋਏ ਰੁਸ਼ਨਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਤੀਨ ਲੋਕ ਰਿਹਾ ਵਰਤਾਏ । ਗੁਰਮੁਖਾਂ ਪ੍ਰਭ ਭਰੇ ਭੰਡਾਰਾ । ਬੇਮੁਖਾਂ ਪ੍ਰਭ ਕਰੇ ਖ਼ੁਆਰਾ । ਗੁਰਮੁਖਾਂ ਪ੍ਰਭ ਤਾਰਨਹਾਰਾ । ਬੇਮੁਖਾਂ ਪ੍ਰਭ ਦੇਵੇ ਨਰਕ ਮਝਾਰਾ । ਗੁਰਮੁਖਾਂ ਪ੍ਰਭ ਬਖ਼ਸ਼ੇ ਚਰਨ ਦਵਾਰਾ । ਬੇਮੁਖਾਂ ਹਉਮੈ ਰੋਗ ਲਗਾਏ ਭਾਰਾ । ਗੁਰਮੁਖਾਂ ਆਤਮ ਜੋਤ ਕਰੇ ਉਜਿਆਰਾ । ਬੇਮੁਖਾਂ ਆਤਮ ਹੋਏ ਅੰਧ ਅੰਧਿਆਰਾ । ਗੁਰਮੁਖਾਂ ਸੂਝੇ ਨਿਹਕਲੰਕ ਤੇਰਾ ਸਚ ਦਰਬਾਰਾ । ਬੇਮੁਖਾਂ ਸੋਹੰ ਸ਼ਬਦ ਬਾਣ ਪ੍ਰਭ ਮਾਰਾ । ਗੁਰਮੁਖਾਂ ਦੇਵੇ ਦਰਸ ਕਰ ਨਿਗਮ ਵਿਚਾਰਾ । ਬੇਮੁਖਾਂ ਨਾਉਂ ਲਿਖਾਏ ਵਿਚ ਦੁਸ਼ਟ ਦੁਰਾਚਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਰਾਇਣ ਨਰ ਜਗਤ ਅਵਤਾਰਿਆ । ਪਾਰਬ੍ਰਹਮ ਜਗਤ ਆਕਾਰਿਆ । ਜੋਤ ਸਰੂਪੀ ਭੇਖ ਘਨਕਪੁਰੀ ਵਿਚ ਧਾਰਿਆ । ਆਪ ਅਪਰੰਪਰ ਪ੍ਰਭ ਸ੍ਰਿਸ਼ਟ ਸਬਾਈ ਵਿਚ ਸਮਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਦ ਖੁਲ੍ਹਾ ਰਿਹਾ । ਸਾਚੇ ਪ੍ਰਭ ਕਲ ਜਾਮਾ ਧਾਰ । ਘਨਕਪੁਰੀ ਲਿਆ ਅਵਤਾਰ । ਜੋਤ ਜਗਾਈ ਅਪਰ ਅਪਾਰ । ਹੋਏ ਸੁੰਞ ਮਸਾਣ ਵਿਚ ਸੰਸਾਰ । ਵਿਰਲਾ ਗੁਰਮੁਖ ਪਾਏ ਪ੍ਰਭ ਸਾਚੇ ਕੀ ਸਾਰ । ਏਕਾ ਜੋਤ ਹੋਏ ਪਰਕਾਸ਼, ਸੰਤ ਮਨੀ ਸਿੰਘ ਪਾਏ ਸਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਾਰਬ੍ਰਹਮ ਪੂਰਨ ਅਵਤਾਰ । ਘਨਕਪੁਰੀ ਪ੍ਰਭ ਜਾਮਾ ਧਰਿਆ । ਕਰ ਦਰਸ ਸੰਤ ਮਨੀ ਸਿੰਘ ਤਰਿਆ । ਸਾਚਾ ਪ੍ਰਭ ਸੰਤ ਸਾਚੇ ਵਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਧਰਿਆ । ਸਾਚਾ ਪ੍ਰਭ ਜਾਮਾ ਧਾਰੇ । ਕਲੰਕਨਿਹ ਨਰਾਇਣ ਨਰ ਅਵਤਾਰੇ । ਸੁਰਤ ਸ਼ਬਦ ਪ੍ਰਭ ਸਾਚਾ ਮੇਲ ਮਿਲਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੰਤ ਮਨੀ ਸਿੰਘ ਪਾਰ ਉਤਾਰੇ । ਸੰਤ ਮਨੀ ਸਿੰਘ ਪ੍ਰਭ ਦਇਆ ਕਮਾਏ । ਸੁਰਤ ਸ਼ਬਦ ਪ੍ਰਭ ਮੇਲ ਮਿਲਾਏ । ਆਤਮ ਸੁੰਨ ਪ੍ਰਭ ਖੋਲ੍ਹ ਵਖਾਏ । ਸਾਚੀ ਧੁਨ ਪ੍ਰਭ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਵਾਰ ਦਸਮ ਖੋਲ੍ਹ ਵਖਾਏ । ਦਵਾਰ ਦਸਮ ਪ੍ਰਭ ਖੁਲ੍ਹਾਇਆ । ਪਰਗਟ ਜੋਤ ਨਿਹਕਲੰਕ ਵਿਚ ਮਾਤ ਦਰਸ ਦਿਖਾਇਆ । ਦਿਵਸ ਰੈਣ ਰੈਣ ਦਿਵਸ ਪ੍ਰਭ ਏਕਾ ਰਾਗ ਉਪਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਜੋਤ ਸਰੂਪੀ ਭੇਦ ਖੁਲ੍ਹਾਇਆ । ਸੰਤ ਮਨੀ ਸਿੰਘ ਪ੍ਰਭ ਦਇਆ ਕਮਾਈ । ਸਾਚੀ ਦਾਤ ਪ੍ਰਭ ਝੋਲੀ ਪਾਈ । ਵਡ ਕਰਾਮਾਤ ਪ੍ਰਭ ਕਲਮ ਫੜਾਈ । ਸ੍ਰਿਸ਼ਟ ਸਬਾਈ ਲੇਖ ਲਿਖਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਆਪਣਾ ਭੇਦ ਖੁਲ੍ਹਾਈ । ਸਾਚਾ ਸ਼ਬਦ ਪ੍ਰਭ ਉਪਜਾਇਆ । ਸਾਚਾ ਰਾਗ ਸੰਤ ਸੁਣਾਇਆ । ਅਨਹਦ ਸਾਚੀ ਧੁਨ ਉਪਜਾਇਆ । ਦਿਵਸ ਰੈਣ ਪ੍ਰਭ ਸ਼ਬਦ ਲਿਖਾਇਆ । ਕਲਜੁਗ ਜੀਵਾਂ ਭਰਮ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਦ ਖੁਲ੍ਹਾਇਆ । ਸੰਤ ਮਨੀ ਸਿੰਘ ਕਲਮ ਚਲਾਏ । ਸਾਚਾ ਪ੍ਰਭ ਸ਼ਬਦ ਉਪਜਾਏ । ਸ੍ਰਿਸ਼ਟ ਸਬਾਈ ਲੇਖ ਲਿਖਾਏ । ਕਲਜੁਗ ਤੇਰਾ ਅੰਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਸਿਰ ਹੱਥ ਟਿਕਾਏ । ਸਾਚਾ ਪ੍ਰਭ ਸ਼ਬਦ ਚਲੰਤ । ਲਿਖਾਏ ਲੇਖ ਭਗਤ ਭਗਵੰਤ । ਪ੍ਰਭ ਕੀ ਮਹਿੰਮਾ ਬੜੀ

ਬੇਅੰਤ । ਕਲਜੁਗ ਭੁਲਾਏ ਸਰਬ ਜੀਵ ਜੰਤ । ਭੇਦ ਖੁਲ੍ਹਾਏ ਕਿਸੇ ਵਿਰਲੇ ਸਾਧ ਸੰਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਮਾਇਆ ਪਾਈ ਬੇਅੰਤ । ਸਾਚਾ ਪ੍ਰਭ ਸ਼ਬਦ ਲਿਖਾਏ । ਰਾਣਿਆਂ ਮਹਾਰਾਣਿਆਂ ਹੁਕਮ ਸੁਣਾਏ । ਧਾਰ ਖੇਲ ਚਤੁਰਭੁਜ ਵਿਚ ਮਾਤ ਦੇ ਆਏ । ਨਿਹਕਲੰਕ ਅਵਤਾਰ ਨਰ, ਕ੍ਰਿਸ਼ਨ ਸਾਵਲਾ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਆਪਣਾ ਭੇਦ ਖੁਲ੍ਹਾਏ । ਸਾਚਾ ਸ਼ਬਦ ਪ੍ਰਭ ਸਤਿ ਲਿਖਾਇਆ । ਸਤਿ ਸਤਿ ਸਤਿ ਵਿਚ ਮਾਤ ਕਲਮ ਚਲਾਇਆ । ਸੰਤ ਮਨੀ ਸਿੰਘ, ਪ੍ਰਭ ਸਾਚਾ ਮਾਣ ਦੁਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਦ ਖੁਲ੍ਹਾਇਆ । ਮਨੀ ਸਿੰਘ ਪ੍ਰਭ ਸ਼ਬਦ ਜਣਾਏ । ਸਾਚਾ ਭਾਣਾ ਕਲ ਵਰਤਾਏ । ਕਲਜੁਗ ਜੀਵਾਂ ਪ੍ਰਭ ਦਏ ਭੁਲਾਏ । ਉਨੀਂ ਸੌ ਬਵੰਜਾ ਬਿਕ੍ਰਮੀ ਪ੍ਰਭ ਕਰਮ ਕਰਾਏ । ਸ਼ਬਦ ਸਰੂਪੀ ਖੇਲ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰ ਅੰਮ੍ਰਿਤ ਚਰਨ ਟਿਕਾਏ । ਸਾਚੇ ਪ੍ਰਭ ਸ਼ਬਦ ਉਪਜਾਇਆ । ਸੰਤ ਮਨੀ ਸਿੰਘ ਹੁਕਮ ਸੁਣਾਇਆ । ਸਾਚਾ ਸ਼ਬਦ ਅੰਤਕਾਲ ਪ੍ਰਭ ਸਤਿ ਵਰਤਾਇਆ । ਸਾਚੇ ਘਰ ਚਲ ਪ੍ਰਭ ਸਾਚਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਜੀ ਸਾਹਿਬ ਚਰਨ ਟਿਕਾਇਆ । ਸਾਚਾ ਪ੍ਰਭ ਸਚ ਘਰ ਆ ਕੇ । ਸਾਚੇ ਧਾਮ ਚਰਨ ਟਿਕਾ ਕੇ । ਸਾਚਾ ਬਚਨ ਗੁਰ ਅਰਜਨ ਸਤਿ ਕਰਾ ਕੇ । ਦੁਸ਼ਟ ਦੁਰਾਚਾਰ ਪ੍ਰਭ ਗਿਆ ਮਾਇਆ ਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖੇ ਜਗਤ ਭੁਲਾ ਕੇ । ਸਰ ਅੰਮ੍ਰਿਤ ਦੇ ਉਠੇ ਪੁਜਾਰੀ । ਬੇਮੁਖ ਕਲਜੁਗ ਜੀਵ ਦੁਸ਼ਟ ਦੁਰਾਚਾਰੀ । ਕਲਜੁਗ ਜੀਵ ਆਤਮ ਹੋਈ ਹੰਕਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਭਨਾ ਕਰੇ ਖੁਆਰੀ । ਉਠੇ ਪੁਜਾਰੀ ਦੁਸ਼ਟ ਦੁਰਾਚਾਰ । ਸੰਤ ਮਨੀ ਸਿੰਘ ਮਾਰੀ ਮਾਰ । ਸ਼ਬਦ ਲਿਖਾਇਆ ਪ੍ਰਭ ਅਪਾਰ । ਅੰਤਕਾਲ ਕਲਜੁਗ ਮੇਟ ਦਏ ਦਰ ਦਰਬਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਕਲ ਵਰਤਾਰ । ਸਾਚੇ ਪ੍ਰਭ ਸਚ ਸ਼ਬਦ ਲਿਖਾਇਆ । ਸਰ ਅੰਮ੍ਰਿਤ ਪ੍ਰਭ ਥੇਹ ਕਰਾਇਆ । ਲਿਖਿਆ ਲੇਖ ਨਾ ਕਿਸੇ ਮਿਟਾਇਆ । ਵੇਲੇ ਅੰਤਕਾਲ ਕਲਜੁਗ ਪ੍ਰਭ ਸਾਚੇ ਪੂਰ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਧਾਰ ਆਪਣਾ ਭੇਦ ਖੁਲ੍ਹਾਇਆ । ਸਾਚੇ ਪ੍ਰਭ ਸਚ ਕਰਮ ਕਮਾ । ਪੁਰੀ ਅਨੰਦ ਲਿਆ ਚਰਨ ਟਿਕਾ । ਸਾਚੇ ਸੰਤ ਪੱਲਾ ਦੀਆ ਫਿਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਬੇਮੁਖਾਂ ਜਾਏ ਭੇਦ ਖੁਲ੍ਹਾ । ਅਨੰਦਪੁਰ ਪ੍ਰਭ ਚਰਨ ਟਿਕਾਇਆ । ਸਾਚਾ ਪ੍ਰਭ ਸਾਚੇ ਧਾਮ ਭਾਗ ਲਗਾਇਆ । ਬੇਮੁਖ ਜੀਵਾਂ ਸਾਚਾ ਪ੍ਰਭ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣਾ ਭੇਦ ਖੁਲ੍ਹਾਇਆ । ਸੰਤ ਮਨੀ ਸਿੰਘ ਸ਼ਬਦ ਸੁਣਾਏ । ਪ੍ਰਭ ਅਬਿਨਾਸ਼ੀ ਵਿਚ ਮਾਤ ਦੇ ਆਏ । ਸਾਧ ਸੰਗਤ ਪ੍ਰਭ ਆ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਫਿਰ ਦਿਸ ਨਾ ਆਏ । ਸਾਚੇ ਸੰਤ ਪੱਲਾ ਫਿਰਾਇਆ । ਨਿਹਕਲੰਕ ਕਲ ਵਿਚ ਆਇਆ । ਘਨਕਪੁਰੀ ਵਿਚ ਜਾਮਾ ਪਾਇਆ । ਮਹਾਰਾਜ ਸ਼ੇਰ ਸਿੰਘ ਨਾਉਂ ਧਰਾਇਆ । ਆਪਣਾ ਆਪ ਪ੍ਰਭ ਛੁਪਾਇਆ । ਕਲਜੁਗ ਜੀਵਾਂ ਭਰਮ ਭੁਲਾਇਆ । ਬੇਮੁਖ ਜੀਵਾਂ ਮਦਿਰਾ ਮਾਸ ਆਹਾਰ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਛੁਪਾਇਆ । ਸਾਚੇ ਸੰਤ ਕਰੀ ਪੁਕਾਰ । ਕਲਜੁਗ ਪਰਗਟੇ ਨਿਹਕਲੰਕ ਅਵਤਾਰ । ਜੋਤ ਸਰੂਪ ਪ੍ਰਭ ਕਰੇ ਆਕਾਰ । ਕਲਜੁਗ ਜੀਵਾਂ ਅੰਤਕਾਲ ਕਲ ਆਏ ਹਾਰ । ਸੋਹੰ ਸ਼ਬਦ ਪ੍ਰਭ ਮਾਰੇ ਸਾਚੀ ਮਾਰ । ਮਹਾਰਾਜ ਸ਼ੇਰ ਸਿੰਘ

ਸਤਿਗੁਰ ਸਾਚਾ, ਗੁਰਸਿਖ ਸਾਚੇ ਜਾਏ ਤਾਰ । ਸੰਤ ਮਨੀ ਸਿੰਘ ਸ਼ਬਦ ਅਲਾਇਆ । ਰਾਓ ਰੰਕਾਂ ਸਰਬ ਸੁਣਾਇਆ । ਨਾਥ ਤ੍ਰੈਲੋਕੀ ਵਿਚ ਮਾਤ ਦੇ ਆਇਆ । ਜਾਮਾ ਧਾਰ ਨਿਹਕਲੰਕ, ਪ੍ਰਭ ਆਪਣਾ ਭੇਦ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਭਰਮ ਭੁਲਾਇਆ । ਸੰਤ ਮਨੀ ਸਿੰਘ ਕਰਮ ਕਮਾਇਆ । ਸਾਚਾ ਸ਼ਬਦ ਪ੍ਰਭ ਸਾਚੇ ਉਪਜਾਇਆ । ਨੀਲ ਬਸਤਰ ਪ੍ਰਭ ਚੋਗਾ ਪਾਇਆ । ਅਮਾਮ ਮਹਿੰਦੀ ਜਗ ਨਾਉਂ ਧਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲ ਅਵਸਥਾ ਖੇਲ ਰਚਾਇਆ । ਬਾਲ ਅਵਸਥਾ ਪ੍ਰਭ ਖੇਲ ਖਿਲਾਏ । ਸਾਚੀ ਸ਼ਬਦ ਧੁਨ ਸੰਤ ਉਪਜਾਏ । ਸਾਚਾ ਰਾਗ ਪ੍ਰਭ ਦੇ ਸੁਣਾਏ । ਸਾਚੀ ਕਲਮ ਪ੍ਰਭ ਹੱਥ ਫੜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਦ ਰਿਹਾ ਛੁਪਾਏ । ਆਪਣਾ ਆਪ ਪ੍ਰਭ ਜਗਤ ਛੁਪਾਇਆ । ਕਲਜੁਗ ਜੀਵਾਂ ਪ੍ਰਭ ਭਰਮ ਭੁਲਾਇਆ । ਗੁਰਮੁਖ ਵਿਰਲੇ ਪਰਗਟ ਜੋਤ ਪ੍ਰਭ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਆਪ ਜਣਾਇਆ । ਰਾਣਿਆਂ ਮਹਾਰਾਣਿਆਂ ਪ੍ਰਭ ਹੁਕਮ ਲਿਖਾਇਆ । ਸਾਚੇ ਪ੍ਰਭ ਸਚ ਸ਼ਬਦ ਉਪਜਾਇਆ । ਸੰਤ ਮਨੀ ਸਿੰਘ ਹੁਕਮ ਕਮਾਇਆ । ਲਿਖ ਲਿਖ ਵਿਚ ਦਰਬਾਰ ਪੁਚਾਇਆ । ਪਰਗਟ ਜੋਤ ਨਿਹਕਲੰਕ ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖ ਲਿਖ ਲੇਖ ਦਰ ਖੁਲ੍ਹਾਇਆ । ਸਾਚੇ ਪ੍ਰਭ ਜੋਤ ਪਰਗਟਾਈ । ਸੰਤ ਮਨੀ ਸਿੰਘ ਲਿਖਤ ਲਿਖਾਈ । ਰਾਣੇ ਮਹਾਰਾਣੇ ਚਲ ਆਓ ਸਰਨਾਈ । ਬੇਮੁਖ ਹੋਏ ਨਾ ਜਾਓ ਪਤਿ ਗੁਆਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਪ੍ਰਭ ਸਰਨਾਈ । ਸਾਚਾ ਪ੍ਰਭ ਇਹ ਸ਼ਬਦ ਲਿਖਾਏ । ਤਿੰਨ ਤਿੰਨ ਲੇਖ ਵਿਚ ਦਰਬਾਰ ਪੁਚਾਏ । ਕਲਜੁਗ ਜੀਵ ਝੂਠੇ ਭਰਮ ਭੁਲਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਝੂਠੇ ਠੂਠੇ ਭੰਨ ਵਖਾਏ । ਸਾਚੇ ਪ੍ਰਭ ਸਚ ਸ਼ਬਦ ਲਿਖਾਏ । ਵੇਲੇ ਅੰਤਕਾਲ ਪ੍ਰਭ ਕਲਜੁਗ ਦੇ ਸਜਾਏ । ਰਾਣੇ ਮਹਾਰਾਣੇ ਪ੍ਰਭ ਸਾਚੇ ਤਖ਼ਤੋਂ ਲਾਹੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੱਚ ਸ਼ਬਦ ਵਰਤਾਏ । ਸੰਤ ਮਨੀ ਸਿੰਘ ਲਿਖਿਆ ਫ਼ਰਮਾਣ । ਬੇਮੁਖਾਂ ਆਤਮ ਲਾਇਆ ਬਾਣ । ਰਾਣਿਆਂ ਮਹਾਰਾਣਿਆਂ ਪ੍ਰਭ ਅਬਿਨਾਸ਼ੀ ਨਾ ਕਿਸੇ ਕਰੀ ਪਛਾਣ । ਜੋਤ ਸਰੂਪ ਨਿਹਕਲੰਕ ਸਰਬ ਘਟ ਜਾਣੀ ਜਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵੇਲੇ ਅੰਤ ਗਵਾਏ ਮਾਣ । ਸਾਚੇ ਪ੍ਰਭ ਸਤਿ ਸ਼ਬਦ ਲਿਖਾਇਆ । ਰਾਉ ਰੰਕਾਂ ਇਕ ਕਰਾਇਆ । ਊਚ ਨੀਚ ਪ੍ਰਭ ਭੇਖ ਮਿਟਾਇਆ । ਚਾਰ ਵਰਨ ਪ੍ਰਭ ਇਕ ਥਾਂ ਬਹਾਇਆ । ਸੋਹੰ ਸਾਚਾ ਨਾਉਂ ਪ੍ਰਭ ਜਗਤ ਧਰਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਕਲਜੁਗ ਭੇਖ ਵਟਾਇਆ । ਕਲਜੁਗ ਪ੍ਰਭ ਖੇਲ ਮਿਟਾਏ । ਰਾਣੇ ਬਾਣੇ ਕੋਈ ਰਹਿਣ ਨਾ ਪਾਏ । ਵੇਦ ਚਾਰ ਪ੍ਰਭ ਮਾਣ ਗਵਾਏ । ਐਡਾ ਅਥਰਬਣ ਅੰਤਕਾਲ ਪ੍ਰਭ ਦੇ ਖਪਾਏ । ਅਠਸਠ ਤੀਰਥ ਕੋਈ ਰਹਿਣ ਨਾ ਪਾਏ । ਨਿਹਕਲੰਕ ਪਰਗਟ ਜੋਤ, ਸਰਬ ਮਾਣ ਗਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਾਮਾ ਮਾਤਲੋਕ ਵਿਚ ਪਾਏ । ਗੰਗਾ ਤੇਰਾ ਗਿਆ ਨੀਰ । ਵੇਲੇ ਅੰਤਕਾਲ ਕਲਜੁਗ ਤੇਰੀ ਹੋਈ ਅਖ਼ੀਰ । ਖਿੱਚੇ ਜੋਤ ਪ੍ਰਭ ਸਾਚਾ, ਜਿਹੜੀ ਕੱਟੇ ਜ਼ੰਜੀਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਖਿੱਚੇ ਸੀਰ । ਗੋਦਆਵਰੀ ਪ੍ਰਭ ਗੋਦ ਸੁਲਾਏ । ਸਾਚੀ ਜੋਤ ਪ੍ਰਭ ਵਿਚ ਜੋਤ ਮਿਲਾਏ । ਵੇਲੇ ਅੰਤਕਾਲ ਕਲ, ਪ੍ਰਭ ਅਖ਼ੀਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲਿਖਾਏ । ਵੇਦ ਪੁਰਾਨਾਂ ਪ੍ਰਭ ਵਕਤ ਚੁਕਾਇਆ । ਕਲਜੁਗ ਵੇਲਾ ਅੰਤ ਕਰਾਇਆ । ਕਲਜੁਗ ਜਾਮਾ ਧਾਰ ਨਿਹਕਲੰਕ, ਪ੍ਰਭ

ਸਾਚਾ ਸ਼ਬਦ ਚਲਾਇਆ । ਇਕ ਕਰਾਇਆ ਰਾਓ ਰੰਕ, ਸੋਹੰ ਡੰਕ ਵਜਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਥਾਈਂ ਰਿਹਾ ਸਮਾਇਆ । ਸਾਚੇ ਪ੍ਰਭ ਸਤਿ ਵਰਤਾਵਣਾ । ਕੂਟ ਚਾਰ ਸੋਹੰ ਸਾਚਾ ਨਾਉਂ ਧਰਾਵਣਾ । ਜੋਤ ਸਰੂਪੀ ਸਾਚਾ ਸ਼ਬਦ ਵਿਚ ਚਲਾਏ ਪਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਜਾਣੇ ਤੇਰੇ ਕਵਣਾ । ਸਚ ਸ਼ਬਦ ਪ੍ਰਭ ਜਗਤ ਚਲਾਏ । ਕਲਜੁਗ ਝੂਠੀ ਖੇਲ ਮਿਟਾਏ । ਸਾਚਾ ਧਾਮ ਪ੍ਰਭ ਉਪਜਾਏ । ਪਰਗਟ ਜੋਤ ਨਿਹਕਲੰਕ ਦਰਸ ਦਿਖਾਏ । ਜੋਤ ਸਰੂਪ ਪ੍ਰਭ ਮਾਤ ਵਿਚ ਆਇਆ । ਮਾਤ ਪਤਾਲ ਆਕਾਸ਼ ਹੋਏ ਰੁਸ਼ਨਾਇਆ । ਨੈਣ ਮੁੰਧਾਰੀ ਸਾਚਾ ਪ੍ਰਭ, ਬਾਸ਼ਕ ਸੇਜ ਤਜਾਇਆ । ਜੋਤ ਆਕਾਰੀ ਸਾਚਾ ਪ੍ਰਭ, ਵਿਚ ਅਕਾਸ਼ ਸਮਾਇਆ । ਨਿਹਕਲੰਕ ਅਵਤਾਰੀ ਪ੍ਰਭ, ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਸ਼ਬਦ ਲਿਖਾਇਆ । ਸਾਚੀ ਜੋਤ ਪ੍ਰਭ ਨਿਰੰਕਾਰੇ । ਮਾਤਲੋਕ ਕਰੇ ਉਜਿਆਰੇ । ਬ੍ਰਹਮਾ ਵਿਸ਼ਨ ਮਹੇਸ਼ ਪ੍ਰਭ ਖੜ੍ਹੇ ਦਵਾਰੇ । ਸੁਰਪਤ ਰਾਜਾ ਇੰਦ ਪ੍ਰਭ ਚਰਨ ਨਿਮਸਕਾਰੇ । ਸਾਚਾ ਪ੍ਰਭ ਸਾਚਾ ਦਰ ਦਰਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕੰਕਾਰੇ । ਏਕਾ ਪ੍ਰਭ ਏਕੰਕਾਰਾ । ਸੋਹੰ ਸ਼ਬਦ ਦੇਵੇ ਸਚ ਭੰਡਾਰਾ । ਪ੍ਰਭ ਸਾਚੇ ਕਾ ਸਚ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕੀਆ ਆਕਾਰਾ । ਜੋਤ ਸਰੂਪ ਪ੍ਰਭ ਆਕਾਰਿਆ । ਕਲਜੁਗ ਦੁਸ਼ਟ ਪ੍ਰਭ ਪਾਰ ਉਤਾਰਿਆ । ਮਾਣ ਗਵਾਏ ਪ੍ਰਭ ਵਡ ਹੰਕਾਰਿਆ । ਸੋਹੰ ਸਾਚਾ ਬਾਣ, ਪ੍ਰਭ ਸਾਚੇ ਮਾਰਿਆ । ਕੁੰਟ ਚਾਰ ਹੋ ਜਾਏ ਹਾਹਾਕਾਰਿਆ । ਦੁਸ਼ਟ ਦੁਰਾਚਾਰ ਪ੍ਰਭ ਸਾਚੇ ਦਰ ਦੁਰਕਾਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਾਮਾ ਮਾਤਲੋਕ ਵਿਚ ਧਾਰਿਆ । ਮਾਤਲੋਕ ਪ੍ਰਭ ਜਾਮਾ ਧਾਰੇ । ਗਣ ਗੰਧਰਬ ਪ੍ਰਭ ਚਰਨ ਦਵਾਰੇ । ਪ੍ਰਭ ਅਬਿਨਾਸ਼ੀ ਚਰਨ ਬਲਿਹਾਰੇ । ਸਾਧ ਸੰਗਤ ਸੋਹੇ ਚਰਨ ਦਵਾਰੇ । ਧਰੇ ਜੋਤ ਵਿਚ ਆਪ ਨਿਰੰਕਾਰੇ । ਸਾਚਾ ਪ੍ਰਭ ਭਰੇ ਭੰਡਾਰੇ । ਸੋਹੰ ਸ਼ਬਦ ਗਿਆਨ ਦੇ, ਪ੍ਰਭ ਆਤਮ ਕਰੇ ਉਜਿਆਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਕਿਰਪਾ ਪਾਰ ਉਤਾਰੇ । ਦੇ ਦਰਸ ਪ੍ਰਭ ਪਾਰ ਉਤਾਰਿਆ । ਨਿਹਕਲੰਕ ਕਲ ਜਾਮਾ ਧਾਰਿਆ । ਵਡ ਵਡ ਪ੍ਰਭ ਆਪ ਵਿਚ ਸੰਸਾਰਿਆ । ਕਲਜੁਗ ਬੇਮੁਖ ਜੀਵਾਂ ਮਾਨਸ ਜਨਮ ਕਲ ਹਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਤੇਰਾ ਸਚ ਦੁਆਰਿਆ । ਸਚਖੰਡ ਪ੍ਰਭ ਮਾਤ ਬਣਾਇਆ । ਪਰਗਟ ਜੋਤ ਪ੍ਰਭ ਸਿੰਘ ਆਸਣ ਡੇਰਾ ਲਾਇਆ । ਮੁਕੰਦ ਮਨੋਹਰ ਪ੍ਰਭ ਸਾਚਾ ਨਜ਼ਰੀ ਆਇਆ । ਬੇਮੁਖਾਂ ਪ੍ਰਭ ਵਿਚ ਸੰਸਾਰ, ਆਤਮ ਅੰਧ ਅੰਧੇਰ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਚ ਦਰਬਾਰ ਲਗਾਇਆ । ਸਚ ਪ੍ਰਭ ਸਚ ਦਰਬਾਰਾ । ਨਿਹਕਲੰਕ ਕਲ ਭਏ ਅਵਤਾਰਾ । ਦੁਸ਼ਟਾਂ ਪ੍ਰਭ ਸਦਾ ਸੰਘਾਰਾ । ਗੁਰਮੁਖਾਂ ਪ੍ਰਭ ਸਦਾ ਪਾਰ ਉਤਾਰਾ । ਜੋਤ ਸਰੂਪ ਸਦਾ ਨਿਰਾਹਾਰਾ । ਆਦਿ ਜੁਗਾਦਿ ਪ੍ਰਭ ਸਦਾ ਏਕੰਕਾਰਾ । ਮਹਾਰਾਜ ਸ਼ੇਰ ਸਿੰਘ ਕਲਜੁਗ ਜੀਵ ਨਾ ਜਾਣੇ ਤੇਰਾ ਜੋਤ ਪਸਾਰਾ । ਜੋਤ ਪਸਾਰ ਜੀਵ ਨਾ ਜਾਣੇ । ਬੇਮੁਖ ਜੀਵ ਹੋਏ ਅੰਞਾਣੇ । ਅੰਤਕਾਲ ਕਲ ਭੁੱਜਣ ਜਿਉਂ ਭਠਿਆਲੇ ਦਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਮਾਰੇ ਬਾਣੇ । ਸੋਹੰ ਸ਼ਬਦ ਪ੍ਰਭ ਬਾਣ ਲਗਾਇਆ । ਚਾਰ ਕੁੰਟ ਹਾਹਾਕਾਰ ਮਚਾਇਆ । ਆਪ ਅਡੋਲ ਸਭ ਜਗਤ ਡੁਲਾਇਆ । ਆਪ ਅਤੁੱਲ ਸਭ ਜਗਤ ਤੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਦ ਨਾ ਕਿਸੇ ਜਣਾਇਆ । ਬੈਠ ਅਡੋਲ ਜਗਤ ਡੁਲਾਏ । ਸ੍ਰਿਸ਼ਟ ਸਬਾਈ ਪ੍ਰਭ ਦਏ ਹਲਾਏ । ਖੰਡ ਬ੍ਰਹਿਮੰਡ ਪ੍ਰਭ ਦੇ ਉਲਟਾਏ । ਨਾਥ

ਤ੍ਰੈਲੋਕੀ ਆਪਣੀ ਕਲ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਥਾਏਂ ਰਿਹਾ ਸਮਾਏ । ਮਾਤ ਪਤਾਲ ਆਕਾਸ਼ ਪ੍ਰਭ ਅਬਿਨਾਸ਼ਿਆ । ਜੋਤ ਸਰੂਪ ਸਰਬ ਪਰਕਾਸ਼ਿਆ । ਸਾਧ ਸੰਗਤ ਸਦ ਰੱਖੇ ਵਾਸਿਆ । ਬੇਮੁਖ ਦਰ ਤੋਂ ਜਾਏ ਨਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਰਸਨ ਸਵਾਸ ਸਵਾਸਿਆ । ਸੋਹੰ ਸ਼ਬਦ ਪ੍ਰਭ ਚਲਾਵਣਾ । ਮਾਤਲੋਕ ਵਿਚ ਨਾਉਂ ਰਖਾਵਣਾ । ਚਾਰ ਵਰਨ ਸਦ ਰਸਨਾ ਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਵਰਤਾਵਣਾ । ਸਤਿ ਸਤਿ ਪ੍ਰਭ ਵਰਤਾਏ । ਸਤਿ ਪੁਰਖਾਂ ਪ੍ਰਭ ਦਰਸ ਦਿਖਾਏ । ਆਤਮ ਬੁਝੀ ਦੀਵ ਪ੍ਰਭ ਦੇ ਜਗਾਏ । ਸੋਹੰ ਸਾਚੀ ਬੱਤੀ ਪ੍ਰਭ ਦੇ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਿਆਨ ਅੰਧੇਰ ਸਰਬ ਮਿਟਾਏ । ਪਹਿਲੀ ਮਾਘ ਪ੍ਰਭ ਵਕ਼ਤ ਸੁਹਾਇਆ । ਵੀਹ ਸੌ ਅੱਠ ਬਿਕ੍ਰਮੀ ਭਾਗ ਲਗਾਇਆ । ਸਾਚੇ ਪ੍ਰਭ ਸਾਚਾ ਕਰਮ ਕਮਾਇਆ । ਸਾਧ ਸੰਗਤ ਦਰ ਪਰਵਾਨ, ਜਿਸ ਆਏ ਦਰਸ਼ਨ ਪਾਇਆ । ਸਤਿਜੁਗ ਸੱਚੀ ਸੰਤਾਨ, ਨਿਹਕਲੰਕ ਪਿਤ ਅਖਵਾਇਆ । ਵੇਲੇ ਅੰਤ ਬਿਠਾਏ ਵਿਚ ਬਬਾਣ, ਸਚਖੰਡ ਨਿਵਾਸ ਦਵਾਇਆ । ਪ੍ਰਭ ਚੁਕਾਏ ਆਵਣ ਜਾਣ, ਵਿਚ ਜੋਤੀ ਮੇਲ ਮਿਲਾਇਆ । ਹੋਇਆ ਮੇਲ ਭਗਤ ਭਗਵਾਨ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਪਹਿਲੀ ਮਾਘ ਵਡ ਵਡ ਭਾਗਾ । ਗੁਰਮੁਖ ਸੋਇਆ ਕਲਜੁਗ ਜਾਗਾ । ਪ੍ਰਭ ਸਾਚੇ ਦੀ ਸ਼ਰਨੀ ਲਾਗਾ । ਆਤਮ ਉਤਰੇ ਮੈਲ, ਨਾ ਲਾਗੇ ਦਾਗ਼ਾ । ਸੋਹੰ ਸਾਚਾ ਸ਼ਬਦ ਉਪਜਾਵੇ ਸਾਚਾ ਰਾਗਾ । ਏਕਾ ਸ਼ਬਦ ਧੁਨ ਵਜਾਏ ਵਾਜਾ । ਆਤਮ ਖੋਲ੍ਹੇ ਪ੍ਰਭ ਸਾਚਾ ਸੁਨ, ਜਿਸ ਜੀਵ ਤੇਰਾ ਸਾਜਨ ਸਾਜਾ । ਉਤਮ ਕੀਏ ਵਿਚ ਰਿਖ ਮੁਨ ਗੁਰ ਗ਼ਰੀਬ ਨਿਵਾਜਾ । ਕਲਜੁਗ ਵਿਰਲੇ ਪ੍ਰਭ ਲਏ ਚੁਣ, ਦੇਵੇ ਦਾਤ ਵਡ ਰਾਜਨ ਰਾਜਾ । ਬੇਮੁਖ ਜੀਵਾਂ ਅੰਤਕਾਲ ਪ੍ਰਭ ਸਾਚਾ ਖੋਲ੍ਹੇ ਪਾਜਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਰਖਾਏ ਲਾਜਾ । ਪਹਿਲੀ ਮਾਘ ਪ੍ਰਭ ਭਗਵੰਤ । ਮੇਲ ਮਿਲਾਇਆ ਸਾਚੇ ਸੱਜਣ ਸੰਤ । ਦਰਸ ਦਿਖਾਇਆ ਪਰਗਟ ਜੋਤ ਪ੍ਰਭ ਅਬਿਨਾਸ਼ੀ ਕੰਤ । ਗੁਰਮੁਖ ਕਲ ਵਡਿਆਏ, ਵਿਚ ਸਰਬ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਬੇਮੁਖ ਨਾ ਪਾਏ ਅੰਤ । ਪਹਿਲੀ ਮਾਘ ਵਕਤ ਸੁਹਾਵਣਾ । ਬੈਕੁੰਠ ਨਿਵਾਸੀ ਸਰਬ ਘਟ ਵਾਸੀ ਵਿਚ ਮਾਤ ਦੇ ਆਵਣਾ । ਪਰਗਟ ਜੋਤ ਨਿਹਕਲੰਕ ਗੁਰਸਿਖ ਜਗਾਵਣਾ । ਪਾਰਬ੍ਰਹਮ ਪਰਮੇਸ਼ਵਰ ਪਰਗਟ, ਸਾਧ ਸੰਗਤ ਦਰਸ ਦਿਖਾਵਣਾ । ਸਚ ਦਰ ਆਏ ਗੁਰ ਦਰਬਾਰ, ਪ੍ਰਭ ਪੂਰੀ ਕਰੇ ਭਾਵਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਦਰਸ ਗੁਰਸਿਖ ਤੇਰਾ ਬਜਰ ਕਪਾਟ ਖੁਲ੍ਹਾਵਣਾ । ਪਹਿਲੀ ਮਾਘ ਪ੍ਰਭ ਜੋਤ ਪਰਗਟਾਏ । ਗੁਰਮੁਖ ਤੇਰੀ ਆਤਮ ਜੋਤ ਜਗਾਏ । ਸੋਹੰ ਸਾਚਾ ਨਾਮ ਦਾਨ, ਪ੍ਰਭ ਸਾਚਾ ਝੋਲੀ ਪਾਏ । ਪ੍ਰਭ ਸਾਚਾ ਬਖ਼ਸ਼ੇ ਚਰਨ ਧੂੜ, ਗੁਰਸਿਖ ਲੈ ਮਸਤਕ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਭੇਵ ਖੁਲ੍ਹਾਏ । ਪਹਿਲੀ ਮਾਘ ਸਾਚਾ ਵਕ਼ਤ ਸੁਹਾਇਆ । ਗਣ ਗੰਧਰਬ ਪ੍ਰਭ ਚਰਨ ਬਹਾਇਆ । ਸਾਧ ਸੰਗਤ ਸਿਰ ਹੱਥ ਟਿਕਾਇਆ । ਦੇਵੇ ਵਰ ਦਰ ਘਰ ਸਾਚਾ, ਜੋ ਦਰ ਸਾਚੇ ਮੰਗਣ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਤ ਰਘੁਰਾਇਆ । ਸਾਚਾ ਪ੍ਰਭ ਜਗਤ ਰਘੁਰਾਈ । ਪਹਿਲੀ ਮਾਘ ਸਾਧ ਸੰਗਤ ਤੇਰੀ ਬਣਤ ਬਣਾਈ । ਸਚ ਸੁੱਚ ਪ੍ਰਭ ਦੇ ਵਰਤਾਈ । ਸਾਚੀ ਨਾਮ ਰੰਗਣ ਪ੍ਰਭ ਦੇ ਚੜ੍ਹਾਈ । ਤੇਰੇ ਦਾਗ਼ ਨਾ ਲਾਗੇ ਅੰਗਣ, ਪ੍ਰਭ ਅਬਿਨਾਸ਼ੀ ਹੋਏ ਸਹਾਈ । ਸਾਚਾ ਨਾਮ ਪ੍ਰਭ ਦਰ ਮੰਗਣ, ਪ੍ਰਭ ਦੇਵੇ ਦਾਤ ਦੂਣ ਸਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਕਲਜੁਗ ਜਾਮਾ ਧਾਰ ਸਾਧ ਸੰਗਤ ਦੇਵੇ ਵਡਿਆਈ । ਪਹਿਲੀ ਮਾਘ ਪ੍ਰਭ ਭਾਗ ਲਗਾਇਆ । ਪੂਰਬ ਜਨਮ ਦਾ ਲਹਿਣਾ ਝੋਲੀ ਪਾਇਆ । ਵਿਛੜਿਆਂ ਕਲ ਮੇਲ ਮਿਲਾਇਆ । ਪ੍ਰਭ ਅਬਿਨਾਸ਼ੀ ਅਚਰਜ ਖੇਲ ਕਰ, ਧਾਰ ਖੇਲ ਚਤੁਰਭੁਜ ਕਹਾਇਆ । ਬੇਮੁਖਾਂ ਬੇੜਾ ਠੇਲ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਇਆ । ਸਾਚਾ ਪ੍ਰਭ ਸਰਬ ਰਖਵਾਲਾ । ਭਗਤ ਵਛਲ ਗੁਰ ਗੋਪਾਲਾ । ਗੁਰਸਿਖ ਤੇਰਾ ਸਦ ਰਖਵਾਲਾ । ਆਤਮ ਜੋਤ ਸਚ ਦੀਪਕ ਬਾਲਾ । ਸੋਹੰ ਸਾਚਾ ਨਾਮ ਦੇਵੇ ਸੁਖਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੰਗ ਤੇਰੇ ਨਾਲਾ । ਪਹਿਲੀ ਮਾਘ ਭਾਗ ਭਰਿਆ । ਧਰੇ ਜੋਤ ਪ੍ਰਭ ਆਸਾ ਵਰਿਆ । ਚਰਨ ਲਾਗ ਗੁਰਮੁਖ ਸਾਚਾ ਤਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਭਵਜਲ ਪਾਰ ਕਰਿਆ । ਪਹਿਲੀ ਮਾਘ ਤੇਰੀ ਰੁੱਤ ਸੁਹਾਈ । ਪ੍ਰਭ ਅਬਿਨਾਸ਼ੀ ਤੇਰੀ ਬਣਤ ਬਣਾਈ । ਮਾਤਲੋਕ ਪ੍ਰਭ ਦਿਤੀ ਵਡਿਆਈ । ਜੋਤ ਸਰੂਪ ਪਰਗਟ ਜੋਤ, ਸ਼ਬਦ ਸਰੂਪ ਪ੍ਰਭ ਸ਼ਬਦ ਲਿਖਾਈ । ਵਡ ਦਾਤਾ ਗਿਆਨ ਬੋਧ, ਸੋਹੰ ਸ਼ਬਦ ਦੇ ਚਲਾਈ । ਬੇਮੁਖ ਜੀਵ ਲਏ ਸੋਧ, ਮਦਿਰਾ ਮਾਸ ਆਹਾਰ ਬਣਾਈ । ਮਹਾਰਾਜ ਸ਼ੇਰ ਸਿੰਘ ਵਡ ਜੋਧਨ ਜੋਧ, ਜੋਤ ਸਰੂਪੀ ਅਗਨ ਜੋਤ ਲਗਾਈ । ਜੋਤ ਸਰੂਪੀ ਅਗਨ ਲਗਾਇਆ । ਬੇਮੁਖ ਜੀਵਾਂ ਮਦਿਰਾ ਮਾਸ ਆਹਾਰ ਬਣਾਇਆ । ਗੁਰਸਿਖਾਂ ਜੋਤ ਆਕਾਰ ਕਰ, ਪ੍ਰਭ ਸਾਚੇ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਪਹਿਲੀ ਮਾਘ ਜਗਤ ਬੇਤਾਲਾ । ਸ੍ਰਿਸ਼ਟ ਸਬਾਈ ਹੋਏ ਬੇਹਾਲਾ । ਕਲਜੁਗ ਜੀਵ ਪੀਸਣ ਜਿਉਂ ਪੀਸੇ ਦਾਲਾ । ਭੈਣਾਂ ਛੱਡਣ ਭਾਈ, ਮਾਤ ਛੱਡ ਜਾਏ ਬਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਸਤਿ ਰਖਵਾਲਾ । ਪਹਿਲੀ ਮਾਘ ਪ੍ਰਭ ਬਾਣ ਚਲਾਇਆ । ਸ਼ਬਦ ਬਾਣ ਪ੍ਰਭ ਜਗਤ ਲਗਾਇਆ । ਵਡ ਵਡ ਜੋਧ ਸਭ ਟੁੰਬ ਉਠਾਇਆ । ਜੋਤ ਸਰੂਪੀ ਜੋਤ ਧਰ, ਪ੍ਰਭ ਉਲਟੀ ਸ੍ਰਿਸ਼ਟ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਹਾਹਾਕਾਰ ਮਚਾਇਆ । ਹਾਹਾਕਾਰ ਪ੍ਰਭ ਜਗਤ ਕਰਾਏ । ਦੁਖੀ ਜੀਵ ਸਰਬ ਬਿਲਲਾਏ । ਕਲਜੁਗ ਅੰਤਮ ਆਪਣਾ ਭੇਖ ਵਟਾਏ । ਕੂੜ ਕੁੜਿਆਰ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਮਾਰ ਸ੍ਰਿਸ਼ਟ ਸਬਾਈ ਕਰਾਏ । ਪਹਿਲੀ ਮਾਘ ਪ੍ਰਭ ਸ਼ਬਦ ਲਿਖਾਵਣਾ । ਥਲ ਜਲ ਜਲ ਥਲ ਇਕ ਕਰਾਵਣਾ । ਝੂਠਾ ਭੇਖ ਪ੍ਰਭ ਮਿਟਾਵਣਾ । ਸਚ ਸੁੱਚ ਵਿਚ ਲੋਕਮਾਤ ਵਰਤਾਵਣਾ । ਸੋਹੰ ਸ਼ਬਦ ਚਾਰ ਵਰਨ ਧਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲਾਵਣਾ । ਸਤਿਜੁਗ ਤੇਰੀ ਲਿਖਤ ਅਪਾਰ । ਏਕਾ ਜੋਤ ਧਰੇ ਪ੍ਰਭ ਨਿਰੰਕਾਰ । ਏਕਾ ਸ਼ਬਦ ਦੇਵੇ ਅਧਾਰ । ਏਕਾ ਏਕ ਵਰਤੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਕਰੇ ਆਕਾਰ । ਸਤਿਜੁਗ ਪ੍ਰਭ ਮਾਣ ਦੁਆਏ । ਸਤਿ ਪੁਰਖਾਂ ਪ੍ਰਭ ਜਨਮ ਦੁਆਏ । ਸਚ ਸੁੱਚ ਪ੍ਰਭ ਦੇ ਪਰਗਟਾਏ । ਸੋਹੰ ਸਾਚਾ ਸ਼ਬਦ ਪ੍ਰਭ ਵਿਚ ਸਵਾਸ ਚਲਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਸਤਿ ਸਤਿ ਵਰਤਾਏ । ਸਤਿਜੁਗ ਤੇਰਾ ਸਾਚਾ ਬੰਸ । ਗੁਰਮੁਖ ਸਾਚੇ ਸਾਚੀ ਤੇਰੀ ਅੰਸ । ਮਾਤੋਲਕ ਪ੍ਰਭ ਉਪਜਾਏ ਵਡ ਵਡ ਹੰਸ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਗੁਰਮੁਖਾਂ ਵਿਚ ਸਹੰਸ । ਸਤਿਜੁਗ ਤੇਰਾ ਸਾਂਤਕ ਰੂਪ । ਸਤਿ ਸਤਿ ਸਤਿ ਵਰਤਾਏ ਪ੍ਰਭ ਸਾਚਾ ਭੂਪ । ਗੁਰਸਿਖਾਂ ਉਪਜਾਏ ਪ੍ਰਭ ਜੋਤ ਸਰੂਪ । ਪ੍ਰਭ ਸਾਚੀ ਜੋਤ ਟਿਕਾਏ, ਵਿਚ ਦੇਹ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਿਸੇ ਸਤਿ ਸਰੂਪ ।

ਸਰਬ ਜੀਆਂ ਪ੍ਰਭ ਏਕ ਰਖਾਏ ਮਤਿ । ਪ੍ਰਭ ਅਬਿਨਾਸ਼ੀ ਜਾਣੇ ਮਿਤ ਗਤ । ਸੋਹੰ ਸਾਚੇ ਸ਼ਬਦ ਗੁਰ ਸਿਖਾਈ ਮਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਵਰਤਾਏ ਸਤਿ ਸਤਿ । ਸਾਚਾ ਪ੍ਰਭ ਮਿਟਾਏ ਭਰਮਾ । ਦੇਵੇ ਵਡਿਆਈ ਜਿਸ ਵੱਡੇ ਵਡ ਕਰਮਾ । ਪਹਿਲੀ ਮਾਘ ਸਤਿਜੁਗ ਸਾਚਾ ਜਰਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਲਾਵੇ ਧਰਮਾ । ਪਹਿਲੀ ਮਾਘ ਪ੍ਰਭ ਜਨਮ ਦੁਆਇਆ । ਪੂਰਨ ਬ੍ਰਹਮ ਗਿਆਨ ਦੇ, ਸੁਰਤ ਸ਼ਬਦ ਦਾ ਮੇਲ ਮਿਲਾਇਆ । ਏਕਾ ਚਰਨ ਧਿਆਨ ਦੇ, ਪ੍ਰਭ ਭੁਲੇਖਾ ਸਾਰਾ ਲਾਹਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਸਾਚਾ ਮਾਰਗ ਲਾਇਆ । ਸਤਿਜੁਗ ਸਾਚਾ ਮਾਰਗ ਲਾ । ਰਾਓ ਰੰਕ ਇਕ ਕਰਾ । ਊਚ ਨੀਚ ਦਾ ਭੇਤ ਮਿਟਾ । ਸਾਚਾ ਪ੍ਰਭ ਸੱਚ ਦਿਸਾਵੇ ਰਾਹ । ਵੇਲੇ ਅੰਤ ਹੋਏ ਸਹਾਈ, ਸਾਧ ਸੰਗਤ ਪ੍ਰਭ ਪਕੜੇ ਬਾਂਹ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੂਸਰ ਕੋਈ ਨਾਂਹ । ਸਾਚੇ ਪ੍ਰਭ ਸਤਿ ਵਰਤਾਇਆ । ਸਤਿ ਸਰੂਪ ਸਤਿ ਪੁਰਖਾਂ ਵਿਚ ਸਮਾਇਆ । ਬੇਮੁਖਾਂ ਪ੍ਰਭ ਗੂੜ੍ਹੀ ਨੀਂਦ ਸਵਾਇਆ । ਗੁਰਮੁਖ ਸਾਚੇ ਪ੍ਰਭ ਪਰਗਟ ਜੋਤ, ਵਿਚ ਮਾਤ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਤੇਰੀ ਸਰਨਾਇਆ । ਚਰਨ ਆਏ ਜੋ ਜਨ ਸਰਨਾਏ । ਪ੍ਰਭ ਅਬਿਨਾਸ਼ੀ ਹੋਏ ਸਹਾਏ । ਭੈ ਭਿਆਨਕ ਪ੍ਰਭ ਪਤ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਚਲਾਏ ਸਾਚੀ ਨਾਏ । ਸੋਹੰ ਚਲਾਏ ਪ੍ਰਭ ਸਾਚੀ ਨੱਈਆ । ਸੋਹੰ ਸਾਚਾ ਨਾਮ ਦਵਈਆ । ਚਾਰ ਵਰਨ ਕਰਾਏ ਪ੍ਰਭ ਏਕਾ ਭੈਣਾਂ ਭੱਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਦ ਮਾਣ ਦਵਈਆ । ਸਚਖੰਡ ਪ੍ਰਭ ਕਾ ਵਾਸਾ । ਜੋਤ ਸਰੂਪ ਸਰਬ ਵਿਨਾਸਾ । ਗੁਰਸਿਖ ਤੇਰੀ ਸਦ ਪੂਰਨ ਆਸਾ । ਝੂਠੀ ਖੇਲ ਜਗਤ ਤਮਾਸ਼ਾ । ਝੂਠੀ ਮਾਇਆ ਅੰਤ ਹੋਏ ਨਾਸਾ । ਏਕਾ ਜੋਤ ਵਿਚ ਪ੍ਰਭ ਅਬਿਨਾਸ਼ਾ । ਸਾਚਾ ਸ਼ਬਦ ਸੋਹੰ ਜਪਾਵੇ ਸਵਾਸ ਸਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਦਾਸਨ ਦਾਸਾ । ਸੋਹੰ ਸ਼ਬਦ ਭਗਤ ਭੰਡਾਰਾ । ਸਤਿਜੁਗ ਵਰਤਾਏ ਪ੍ਰਭ ਵਰਤਾਰਾ । ਮੁਖ ਰਖਾਏ ਚਾਰ ਵਰਨ ਪ੍ਰਭ ਗਿਰਧਾਰਾ । ਏਕ ਕਰਾਏ ਸਾਚਾ ਬਰਨ ਨਿਹਕਲੰਕ ਅਵਤਾਰਾ । ਚਾਰ ਕੁੰਟ ਲਗਾਏ ਸਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਦਿਸਾਏ ਸਚਖੰਡ ਦਵਾਰਾ । ਸਚਖੰਡ ਸਚ ਦਵਾਰ । ਜੋਤ ਧਰੇ ਨਿਹਕਲੰਕ ਅਵਤਾਰ । ਸਾਚਾ ਪ੍ਰਭ ਸਚ ਦਰਬਾਰ । ਪਤਤ ਪਾਪੀ ਪ੍ਰਭ ਜਾਏ ਤਾਰ । ਦੁੱਖੀਆਂ ਦੁੱਖ ਪ੍ਰਭ ਜਾਏ ਨਿਵਾਰ । ਸਾਧ ਸੰਗਤ ਪ੍ਰਭ ਪਾਏ ਸਾਰ । ਮਾਨਸ ਜਨਮ ਨਾ ਆਏ ਹਾਰ । ਪਹਿਲੀ ਮਾਘ ਨਿਹਕਲੰਕ ਜੋ ਆਏ ਚਲ ਦਰਬਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦ ਸਦ ਤਾਰਨਹਾਰ । ਤਾਰਨਹਾਰ ਆਪ ਪ੍ਰਭ ਤਾਰਿਆ । ਕਰ ਕਿਰਪਾ ਗੁਰਸਿਖ ਪ੍ਰਭ ਦੁੱਖ ਨਿਵਾਰਿਆ । ਲੱਖ ਚੁਰਾਸੀ ਪ੍ਰਭ ਗੇੜ ਮੁਕਾ ਰਿਹਾ । ਸਾਚੀ ਜੋਤ ਪ੍ਰਭ ਸਚ ਮਿਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਧਾਰ ਸਾਚਾ ਕਰਮ ਕਮਾ ਰਿਹਾ । ਘਨਕਪੁਰ ਪ੍ਰਭ ਜਾਮਾ ਧਾਰ । ਪੂਰਨ ਲਿਆ ਨਰ ਅਵਤਾਰ । ਗੁਰਮੁਖਾਂ ਦੇਵੇ ਦਰਸ ਅਪਾਰ । ਸੋਹੰ ਸ਼ਬਦ ਧੁੰਨ ਉਪਜਾਵੇ ਧੁਨਕਾਰ । ਕਲਜੁਗ ਜੀਵਾਂ ਪ੍ਰਭ ਕਰੇ ਖੁਆਰ । ਸ਼ਬਦ ਮਾਰ ਪ੍ਰਭ ਮਾਰੇ ਮਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਜਗਤ ਭਤਾਰ । ਜਗਤ ਪਿਤ ਮਾਤ ਪ੍ਰਭ ਆਇਆ । ਰੰਕਾਂ ਤਾਈਂ ਗਲੇ ਲਗਾਇਆ । ਰਾਣਿਆਂ ਮਹਾਰਾਣਿਆਂ ਪ੍ਰਭ ਤਖ਼ਤੋਂ ਲਾਹਿਆ । ਕਲਜੁਗ ਤੇਰਾ ਅੰਤਮ ਅੰਤ ਕਰਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਾਹ ਵਾਹ

ਸਾਚਾ ਸਤਿਜੁਗ ਲਾਇਆ । ਪਹਿਲੀ ਮਾਘ ਪ੍ਰਭ ਕਲ ਵਰਤਾਏ । ਸਾਚੀ ਜੋਤ ਜਗਤ ਪਰਗਟਾਏ । ਜੋਤ ਸਰੂਪੀ ਪਰਗਟ ਜੋਤ, ਹੰਕਾਰੀਆਂ ਪ੍ਰਭ ਹੰਕਾਰ ਗੁਆਏ । ਚਾਰ ਵਰਨ ਕਰਾਏ ਏਕ ਗੋਤ, ਸੋਹੰ ਸਾਚਾ ਸ਼ਬਦ ਸੁਣਾਏ । ਬੇਮੁਖ ਕਲਜੁਗ ਜੀਵ ਰਹੇ ਸੋਤ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਏ । ਅੰਤਕਾਲ ਕਲ ਗਏ ਖਾਲੀ ਹੱਥ ਧੋਤ, ਪ੍ਰਭ ਨਰਕ ਨਿਵਾਸ ਰਖਾਏ । ਗੁਰਮੁਖ ਸਾਚੇ ਵਿਚ ਮਿਲਾਏ ਜੋਤ, ਪਹਿਲੀ ਮਾਘ ਮਹਾਰਾਜ ਸ਼ੇਰ ਸਿੰਘ ਜੋ ਜਨ ਆਏ ਸ਼ਰਨਾਏ । ਜੋਤੀ ਜੋਤ ਪ੍ਰਭ ਮਿਲਾਇਆ । ਪ੍ਰਭ ਅਬਿਨਾਸ਼ੀ ਕਰਮ ਕਮਾਇਆ । ਗੁਰਮੁਖ ਸਾਚਾ ਸਚ ਧਾਮ ਪੁਚਾਇਆ । ਸਚਖੰਡ ਨਿਵਾਸੀ ਸਚਖੰਡ ਨਿਵਾਸ ਰਖਾਇਆ । ਬੈਕੁੰਠ ਨਿਵਾਸੀ ਆਪਣਾ ਕਰਮ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਤੇਰੇ ਛਤਰ ਸੀਸ ਝੁਲਾਇਆ । ਪਹਿਲੀ ਮਾਘ ਪ੍ਰਭ ਸ਼ਬਦ ਲਿਖਾਏ । ਸ਼ਬਦ ਰੂਪ ਪ੍ਰਭ ਖੇਲ ਵਰਤਾਏ । ਰਾਣਾ ਸੰਗਰੂਰ ਪ੍ਰਭ ਪਕੜ ਉਠਾਏ । ਭੈ ਭਿਆਨਕ ਪ੍ਰਭ ਭੈ ਰਖਾਏ । ਉਠ ਉਠ ਵੇਖੇ ਪ੍ਰਭ ਦਿਸ ਨਾ ਆਏ । ਦਿਵਸ ਰੈਣ ਸਵਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਜੋਤ ਜਗਾਏ । ਸ਼ਬਦ ਸ਼ਬਦ ਸ਼ਬਦ ਬਾਣ ਪ੍ਰਭ ਮਾਰਿਆ । ਸ਼ਬਦ ਸ਼ਬਦ ਸ਼ਬਦ, ਪ੍ਰਭ ਜਗਤ ਵਰਤਾ ਰਿਹਾ । ਸ਼ਬਦ ਸ਼ਬਦ ਸ਼ਬਦ, ਤੋੜੇ ਵਡ ਹੰਕਾਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਸ਼ਬਦ ਵਰਭੰਡ ਵਰਤਾ ਰਿਹਾ । ਸ਼ਬਦ ਰੂਪ ਪ੍ਰਭ ਦਰਸ ਦਿਖਾਏ । ਰਾਣਾ ਸੰਗਰੂਰ ਪ੍ਰਭ ਚਰਨੀ ਆਏ । ਚਰਨ ਧੂੜ ਲੈ ਮਸਤਕ ਲਾ, ਆਪਣੀ ਭੁੱਲ ਬਖ਼ਸ਼ਾਏ । ਆਤਮ ਸਰਬ ਹੰਕਾਰ ਗਵਾ, ਚਰਨੀ ਸੀਸ ਝੁਕਾਏ । ਏਕਾ ਦੀਸੇ ਸਾਚਾ ਰਾਹ, ਪ੍ਰਭ ਅਬਿਨਾਸ਼ੀ ਦਰਸ਼ਨ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਤ ਪਰਗਟਾਏ । ਸਾਚੇ ਪ੍ਰਭ ਸਚ ਕਰਮ ਕਮਾਵਣਾ । ਸਾਚਾ ਚਰਨ ਵਿਚ ਮਸਤੂਆਣੇ ਪਾਵਣਾ । ਭਰਮ ਨਿਵਾਰ ਜਗਤ ਸੁਧਾਰ, ਪ੍ਰਭ ਸਾਚੇ ਸ਼ਬਦ ਸੁਣਾਵਣਾ । ਹੰਕਾਰ ਨਿਵਾਰ ਕਰ ਖ਼ੁਆਰ, ਪ੍ਰਭ ਸਰਬ ਚਰਨ ਲਗਾਵਣਾ । ਦੁਸ਼ਟ ਦੁਰਾਚਾਰ ਵਿਚ ਸੰਸਾਰ, ਪ੍ਰਭ ਸਰਬ ਭੇਵ ਮਿਟਾਵਣਾ । ਸੋਹੰ ਸਾਚਾ ਸ਼ਬਦ, ਪ੍ਰਭ ਸਾਚੇ ਸਚ ਵਰਤਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਚਾਲੀ ਜਗਤ ਲੇਖ ਲਿਖਾਵਣਾ । ਦਿਵਸ ਰੈਣ ਪ੍ਰਭ ਸ਼ਬਦ ਲਿਖਾਏ । ਸਾਚਾ ਧਾਮ ਸਤਿਜੁਗ ਬਣਾਏ । ਚਾਰ ਵਰਨ ਸ਼ਰਨ ਲਗਾਏ । ਜਨਮ ਜਨਮ ਦੀ ਮੈਲ ਗਵਾਏ । ਨਿਹਕਲੰਕ ਹੋਏ ਸਹਾਏ । ਦੇਵੇ ਦਰਸ ਆਪ ਰਘੁਰਾਏ । ਆਤਮ ਸਾਚੀ ਜੋਤ ਜਗਾਏ । ਅਗਿਆਨ ਅੰਧੇਰ ਦੇ ਮਿਟਾਏ । ਤੀਜਾ ਨੈਣ ਪ੍ਰਭ ਦੇ ਖੁਲ੍ਹਾਏ । ਦਵਾਰ ਦਸਮ ਪ੍ਰਭ ਪੜਦਾ ਲਾਹੇ । ਸੁੰਨ ਸਮਾਧ ਗੁਰਸਿਖ ਤੇਰੀ ਪ੍ਰਭ ਖੋਲ੍ਹ ਵਖਾਏ । ਮਹਾਰਾਜ ਸ਼ੇਰ ਸਿੰਘ ਵਿਚ ਤੇਰੇ ਰਹੇ ਸਮਾਏ । ਸਾਚਾ ਪ੍ਰਭ ਸਦਾ ਵਿਸਮਾਦ । ਗੁਰਸਿਖ ਤੇਰੇ ਸੰਗ ਆਦਿ ਜੁਗਾਦਿ । ਸੋਹੰ ਸ਼ਬਦ ਉਪਜਾਵੇ ਧੁੰਨ ਨਾਦ । ਸਾਧ ਸੰਗਤ ਪ੍ਰਭ ਸਾਚਾ, ਤੇਰੀ ਆਤਮ ਜਾਏ ਸਾਧ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖਾਂ ਸਾਚੇ ਵੇਲੇ ਅੰਤ ਲਿਆ ਲਾਭ । ਮਸਤੂਆਣੇ ਪ੍ਰਭ ਮਾਣ ਦਵਾਇਆ । ਸੰਤ ਮਨੀ ਸਿੰਘ ਕਰਮ ਲਿਖਾਇਆ । ਸਾਚੀ ਮੇਖ ਸਤਿਜੁਗ ਲੇਖ, ਪ੍ਰਭ ਲਿਖਾਇਆ । ਕਲ ਜੀਵ ਰਹੇ ਵੇਖਾ ਵੇਖ, ਨਿਹਕਲੰਕ ਨਜ਼ਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਤੇਰਾ ਜੋਤ ਸਰੂਪੀ ਭੇਦ, ਕਿਸੇ ਵਿਰਲੇ ਗੁਰਮੁਖ ਪਾਇਆ । ਬੇਮੁਖ ਜੀਵ ਮਾਇਆ ਭਰਮ ਭੁਲਾ । ਕਲਜੁਗ ਦਿਤੇ ਖ਼ਾਕ ਰੁਲਾ । ਗੁਰਮੁਖ ਸਾਚੇ ਬਾਹੋਂ ਪਕੜ ਪ੍ਰਭ ਚਰਨੀ ਲਏ ਲਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਦੇਵੇ ਝੋਲੀ ਪਾ । ਸ਼ਬਦ ਗਿਆਨ ਪ੍ਰਭ ਦੇਵੇ ਗਿਆਤਾ । ਮੇਲ ਮਿਲਾਏ ਕਰ ਬਿਧ ਨਾਤਾ ।

ਗੁਰਮੁਖ ਚਾਰ ਜੁਗ ਤੇਰੀ ਉਤਮ ਜ਼ਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਪਛਾਤਾ । ਮਸਤੂਆਣੇ ਸਾਚਾ ਮਾਣ । ਸਾਚਾ ਤਾਣ ਸਤਿਗੁਰ ਜਾਣ । ਧਰੇ ਚਰਨ ਵਿਸ਼ਨੂੰ ਭਗਵਾਨ । ਬਖ਼ਸ਼ੇ ਦਾਤ ਪ੍ਰਭ ਗੁਣੀ ਨਿਧਾਨ । ਧਰੇ ਜੋਤ ਪ੍ਰਭ ਮਹਾਨ । ਕਰ ਦਰਸ ਨਿਹਕਲੰਕ, ਪਤਤ ਪਾਪੀ ਤਰ ਜਾਣ । ਪਰਗਟੇ ਜੋਤ ਮਹਾਰਾਜ ਸ਼ੇਰ ਸਿੰਘ, ਵਡ ਬਲੀ ਬਲਵਾਨ । ਮਸਤੂਆਣੇ ਪ੍ਰਭ ਭਏ ਅਨੰਦਾ । ਕਰ ਦਰਸ ਜੀਵ ਆਤਮ ਉਪਜੇ ਪਰਮਾਨੰਦਾ । ਸਾਚਾ ਪ੍ਰਭ ਹੋਏ ਸਹਾਈ, ਸਦਾ ਸਦਾ ਬਖ਼ਸ਼ਿੰਦਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਗੁਣੀ ਗਹਿੰਦਾ । ਗੁਣਵੰਤ ਪ੍ਰਭ ਗੁਣੀ ਨਿਧਾਨ । ਚਰਨ ਲਾਗ ਗੁਰਸਿਖ ਹੋਏ ਚਤੁਰ ਸੁਜਾਨ । ਸਾਚਾ ਪ੍ਰਭ ਜੋਤ ਜਗਾਏ ਕੋਟ ਮਹਾਨ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਤੇਰਾ ਰੰਗ ਮਹਾਨ । ਮਸਤੂਆਣੇ ਪ੍ਰਭ ਮਾਣ ਦਵਾਇਆ । ਅੰਮ੍ਰਿਤ ਮੇਘ ਪ੍ਰਭ ਬਰਸਾਇਆ । ਸਾਚਾ ਸਰ ਚਾਰ ਵਰਨ ਕਰਾਇਆ । ਰਾਓ ਰੰਕ ਇਕ ਥਾਂ ਬਹਾਇਆ । ਊਚ ਨੀਚ ਪ੍ਰਭ ਭੇਵ ਚੁਕਾਇਆ । ਸਾਚਾ ਮਾਰਗ ਸੋਹੰ ਸ਼ਬਦ ਸੁਣਾਇਆ । ਏਕਾ ਰਾਗ ਪ੍ਰਭ ਅਬਿਨਾਸ਼ੀ ਵਰਨ ਚਾਰ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਹ ਵਾਹ ਸਾਚਾ ਸਤਿਜੁਗ ਲਾਇਆ । ਰਾਗਨ ਰਾਗ ਪ੍ਰਭ ਵਡ ਰਾਗੇ । ਭਾਗ ਲਗਾਇਆ ਪ੍ਰਭ ਪਹਿਲੀ ਮਾਘੇ । ਸਾਧ ਸੰਗਤ ਪ੍ਰਭ ਚਰਨੀ ਲਾਗੇ । ਕਲਜੁਗ ਵਿਰਲੇ ਗੁਰਮੁਖ ਜਾਗੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਜੋਤ ਜਗਾਈ ਪਹਿਲੀ ਮਾਘੇ । ਪਹਿਲੀ ਮਾਘ ਭਏ ਪਰਕਾਸ਼ । ਕਲਜੁਗ ਅੰਧੇਰ ਹੋਏ ਵਿਨਾਸ । ਨਿਹਕਲੰਕ ਜਗੇ ਜੋਤ ਅਬਿਨਾਸ਼ । ਚਾਰ ਵਰਨ ਪ੍ਰਭ ਕਰਾਏ ਏਕਾ ਵਾਸ । ਰਾਓ ਰੰਕ ਹੋਏ ਚਰਨ ਦਾਸ । ਸੋਹੰ ਸ਼ਬਦ ਪ੍ਰਭ ਚਲਾਏ ਸਵਾਸ । ਦੁਸ਼ਟ ਦੁਰਾਚਾਰਾਂ ਪ੍ਰਭ ਕਰਾਏ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਪਰਕਾਸ਼ । ਸਾਚੀ ਜੋਤ ਪਰਕਾਸ਼ ਕਰ, ਪ੍ਰਭ ਭਗਤ ਉਧਾਰੇ । ਸਾਚੀ ਜੋਤ ਪਰਕਾਸ਼ ਕਰ, ਪ੍ਰਭ ਦੁਸ਼ਟ ਸੰਘਾਰੇ । ਸਾਚੀ ਜੋਤ ਪਰਕਾਸ਼ ਕਰ, ਪ੍ਰਭ ਸਚ ਵਰਤਾਏ ਵਿਚ ਸੰਸਾਰੇ । ਸਾਚੀ ਜੋਤ ਪਰਕਾਸ਼ ਕਰ, ਪ੍ਰਭ ਨਿਵਾਰੇ ਸਰਬ ਹੰਕਾਰੇ । ਸਾਚੀ ਜੋਤ ਪਰਕਾਸ਼ ਕਰ, ਸੋਹੰ ਸ਼ਬਦ ਭਰੇ ਭੰਡਾਰੇ । ਪ੍ਰਭ ਸਾਚੀ ਜੋਤ ਪਰਕਾਸ਼ ਕਰ, ਮਲੇਛਾਂ ਕਰੇ ਖ਼ੁਆਰੇ । ਸਾਚੀ ਜੋਤ ਪਰਕਾਸ਼ ਕਰ, ਜਗਾਵੇ ਜੋਤ ਨਰ ਅਵਤਾਰੇ । ਸਾਚੀ ਜੋਤ ਪਰਕਾਸ਼ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਚਲਾਏ ਵਿਚ ਸੰਸਾਰੇ । ਸਾਚਾ ਸ਼ਬਦ ਪ੍ਰਭ ਜਗਤ ਚਲਾਵਣਾ । ਏਕਾ ਨਾਮ ਚਾਰ ਵਰਨ ਰਖਾਵਣਾ । ਸੋਹੰ ਸਾਚਾ ਸ਼ਬਦ ਸਤਿਜੁਗ ਜੀਵਾਂ ਗਾਵਣਾ । ਏਕਾ ਅੰਕ ਰਾਓ ਰੰਕ ਇਕ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਵਣਾ । ਜੋਤ ਸਰੂਪ ਪ੍ਰਭ ਜਾਮਾ ਧਾਰਿਆ । ਕਲਜੁਗ ਅੰਤਮ ਅੰਤ ਨਿਵਾਰਿਆ । ਬੇਮੁਖਾਂ ਮਾਤ ਕਰੇ ਖ਼ੁਆਰਿਆ । ਮਦਿ ਮਾਸੀ ਸਾਚੇ ਦਰ ਦੁਰਕਾਰਿਆ । ਘਨਕਪੁਰ ਵਾਸੀ ਗੁਰਸਿਖ ਸਾਚੇ ਤੇਰਾ ਕਰਮ ਵਿਚਾਰਿਆ । ਵੇਲੇ ਅੰਤ ਕਰੇ ਬੰਦ ਖ਼ੁਲਾਸੀ, ਦਰ ਆਏ ਜੋ ਜਨ ਨਿਮਸਕਾਰਿਆ । ਹਉਮੇ ਮਮਤਾ ਵਿਚੋਂ ਨਾਸੀ, ਸੋਹੰ ਸ਼ਬਦ ਦੇਵੇ ਅਧਾਰਿਆ । ਰਿਧ ਸਿਧ ਹੋਏ ਤੇਰੀ ਦਾਸੀ, ਸਾਚਾ ਪ੍ਰਭ ਰਿਦੇ ਚਿਤਾਰਿਆ । ਕੋਈ ਨਾ ਦੀਸੇ ਮਦਿਰਾ ਮਾਸੀ, ਸਤਿਜੁਗ ਸਾਚੇ ਸਚ ਵਰਤਾ ਰਿਹਾ । ਝੂਠੀ ਸ੍ਰਿਸ਼ਟ ਅੰਤ ਹੋਏ ਨਾਸੀ, ਪ੍ਰਭ ਸ਼ਬਦੀ ਸ਼ਬਦ ਲਿਖਾ ਰਿਹਾ । ਪ੍ਰਭ ਚਰਨ ਪ੍ਰੀਤੀ ਸਾਚੀ ਰਹਿਰਾਸੀ, ਪ੍ਰਭ ਸਾਚੀ ਬਣਤ ਬਣਾ ਰਿਹਾ । ਮਹਾਰਾਜ ਸ਼ੇਰ ਸਿੰਘ ਘਨਕਪੁਰ ਵਾਸੀ, ਸਾਚੇ ਲੇਖ ਲਿਖਾ ਰਿਹਾ । ਗੁਰਸਿਖ ਸਾਚੇ ਤੇਰਾ ਲੇਖਾ । ਪ੍ਰਭ ਮਿਟਾਏ ਝੂਠੀ ਰੇਖਾ । ਆਤਮ ਕੱਢੇ ਭਰਮ ਭੁਲੇਖਾ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਸਾਚਾ ਦਰ ਵਿਰਲੇ ਗੁਰਮੁਖ ਦੇਖਾ । ਨਾਮ ਨਿਧਾਨ ਗੁਰ ਦਰ ਪਾਈਏ । ਆਤਮ ਤ੍ਰਿਖਾ ਸਰਬ ਮਿਟਾਈਏ । ਆਤਮ ਸਾਚੀ ਜੋਤ ਜਗਾਈਏ । ਸਾਚਾ ਪ੍ਰਭ ਰਿਦੇ ਵਸਾਈਏ । ਸਾਚਾ ਸ਼ਬਦ ਧੁਨ ਦੇਹ ਉਪਜਾਈਏ । ਸਾਚਾ ਰਾਗ ਕੰਨ ਸੁਣਾਈਏ । ਹਉਮੇ ਮਮਤਾ ਰੋਗ ਮਿਟਾਈਏ । ਸਾਚੀ ਜੋਤ ਅੰਤਕਾਲ ਵਿਚ ਜੋਤ ਮਿਲ ਜਾਈਏ । ਆਵਣ ਜਾਵਣ ਵਿਚ ਜਹਾਨ ਗੇੜ ਮਿਟਾਈਏ । ਪੂਰਨ ਭਗਵਾਨ ਗੁਣੀ ਨਿਧਾਨ, ਘਰ ਆਏ ਦਰਸ਼ਨ ਪਾਈਏ । ਚਤੁਰ ਸੁਜਾਨ ਪ੍ਰਭ ਦਰ ਬਣ ਜਾਈਏ । ਪਹਿਲੀ ਮਾਘ ਸਾਧ ਸੰਗਤ ਮਿਲ, ਹਰਿ ਜਸ ਗਾਈਏ । ਸੋਹੰ ਸਾਚਾ ਜਾਪ ਜਪ ਜੀਵ, ਆਤਮ ਰਸ ਪਾਈਏ । ਸਰਬ ਸ੍ਰਿਸ਼ਟ ਮਾਈ ਬਾਪ, ਨਿਹਕਲੰਕ ਚਰਨ ਓਟ ਰਖਾਈਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜ ਸਦ ਨਹਾਈਏ । ਚਰਨ ਧੂੜ ਸਾਚਾ ਨਹਾਵਣਾ । ਹਉਮੇ ਵਿਚੋਂ ਰੋਗ ਮਿਟਾਵਣਾ । ਪ੍ਰਭ ਅਬਿਨਾਸ਼ੀ ਘਰ ਮੇਂ ਪਾਵਣਾ । ਸਰਬ ਘਟ ਵਾਸੀ ਰਸਨਾ ਸਦ ਧਿਆਵਣਾ । ਲੱਖ ਚੁਰਾਸੀ ਵਿਚ ਮਾਤ ਗੇੜ ਕਟਾਵਣਾ । ਗਰਭ ਵਾਸ ਫੇਰ ਨਾ ਆਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਜਿਸ ਦਰਸ਼ਨ ਪਾਵਣਾ । ਗਰਭ ਵਾਸ ਪ੍ਰਭ ਚੁਕਾਇਆ । ਪੂਰਬ ਲਹਿਣਾ ਪ੍ਰਭ ਝੋਲੀ ਪਾਇਆ । ਗੁਰਮੁਖ ਸਾਚੇ ਜੋਤੀ ਮੇਲ ਮਿਲਾਇਆ । ਕਲਜੁਗ ਝੂਠੀ ਪੋਹ ਨਾ ਸਕੀ ਮਾਇਆ । ਨਿਹਕਲੰਕ ਸਤਿਗੁਰ ਸਾਚੇ ਸਿਰ ਉਪਰ ਹੱਥ ਟਿਕਾਇਆ । ਕਲਜੁਗ ਜੀਵ ਭਾਂਡੇ ਕਾਚੇ, ਵਿਚ ਵਿਕਾਰ ਰਖਾਇਆ । ਬੇਮੁਖ ਦਰ ਆਏ ਨਾਚੇ, ਜਿਉਂ ਸੁੰਞੇ ਘਰ ਕਾਇਆ । ਅਗਨ ਜੋਤ ਪ੍ਰਭ ਲਾਏ ਤਮਾਚੇ, ਆਤਮ ਅਗਨ ਜਲਾਇਆ । ਗੁਰਮੁਖ ਢਾਲੇ ਸਾਚੇ ਢਾਂਚੇ, ਸੋਹੰ ਗਿਆਨ ਦੁਆਇਆ । ਸਾਚਾ ਸ਼ਬਦ ਜੋ ਜਨ ਵਾਚੇ, ਪਰਗਟ ਜੋਤ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਛਲ ਛਲ ਕਰ ਜਗਤ ਭੁਲਾਇਆ । ਅਛਲ ਛਲ ਪ੍ਰਭ ਆਪ ਕਰਾਏ । ਕਲਜੁਗ ਜੀਵ ਸਰਬ ਭੁਲਾਏ । ਮਾਇਆ ਰੂਪੀ ਪ੍ਰਭ ਪਰਦਾ ਪਾਏ । ਝੂਠੀ ਕਾਇਆ ਵਿਚ ਵਿਕਾਰ ਚਲਾਏ । ਆਤਮ ਸਾਚੀ ਜੋਤ ਪ੍ਰਭ ਲਏ ਛੁਪਾਏ । ਅਗਿਆਨ ਅੰਧੇਰ ਵਿਚ ਦੇਹ ਸਮਾਏ । ਰਸਨਾ ਮਦਿਰਾ ਮਾਸ ਆਹਾਰ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਰਕ ਨਿਵਾਸ ਕਰਾਏ । ਬੇਮੁਖ ਪ੍ਰਭ ਨਰਕ ਨਿਵਾਰੇ । ਮਦਿਰਾ ਮਾਸ ਕਰਨ ਆਹਾਰੇ । ਕਲਜੁਗ ਜੀਵ ਦੁਸ਼ਟ ਦੁਰਾਚਾਰੇ । ਮਾਨਸ ਜਨਮ ਕਲ ਗਏ ਹਾਰੇ । ਲੱਖ ਚੁਰਾਸੀ ਆਵਣ ਵਾਰੇ ਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਸ਼ਟਾਂ ਸਦਾ ਸੰਘਾਰੇ । ਕਲਜੁਗ ਜੀਵ ਦੁਸ਼ਟ ਦੁਰਾਚਾਰੇ । ਈਸਾ ਮੂਸਾ ਮੁਹੰਮਦੀ ਸਰਬ ਹੋਏ ਹੰਕਾਰੇ । ਕਲਜੁਗ ਮਾਇਆ ਪਾਈ ਮਤਿ ਗਈ ਮਾਰੇ । ਸਾਚਾ ਪ੍ਰਭ ਵੇਲੇ ਅੰਤ ਕਰੇ ਖ਼ੁਆਰੇ । ਪ੍ਰਭ ਦਰ ਆਏ ਧਰਤ ਮਾਤ ਸੰਗ ਗਊ ਪੁਕਾਰੇ । ਰੱਖੀ ਲਾਜ ਮੇਰੀ ਰਘੁਪਤ ਗਿਰਧਾਰੇ । ਦੁਆਪਰ ਜਾਮਾ ਧਾਰ ਬਣਿਓ ਗਵਾਲਾ ਆਪ ਮੁਰਾਰੇ । ਕਲਜੁਗ ਕਰਮ ਕਮਾ ਲਿਆ, ਝੱਲੀ ਜਾਏ ਨਾ ਸੀਸ ਕਟਾਰੇ । ਤੇਰੇ ਦਰ ਸੀਸ ਝੁਕਾ ਲਿਆ, ਰੱਖੀ ਲਾਜ ਆਪ ਬਨਵਾਰੇ । ਬੇਮੁਖਾਂ ਪਾਪ ਕਮਾ ਲਿਆ, ਮੇਰੀ ਕੀਤੀ ਪਤਿ ਖੁਆਰੇ । ਤੇਰੀ ਚਰਨੀ ਸੀਸ ਨਿਵਾ ਲਿਆ, ਨਰਾਇਣ ਨਰ ਨਿਹਕਲੰਕ ਅਵਤਾਰੇ । ਜਾਮਾ ਘਨਕਪੁਰੀ ਵਿਚ ਪਾ ਲਿਆ, ਸਦੀ ਚੌਧਵੀਂ ਕਰੇ ਖੁਆਰੇ । ਮਹਾਰਾਜ ਸ਼ੇਰ ਸਿੰਘ ਨਾਉਂ ਰਖਾ ਲਿਆ, ਧਰੇ ਜੋਤ ਆਪ ਨਿਰੰਕਾਰੇ । ਸਾਚੇ ਪ੍ਰਭ ਸੁਣੀ ਪੁਕਾਰਾ । ਮਾਤਲੋਕ ਲਿਆ ਅਵਤਾਰਾ । ਝੂਠੀ ਦੇਹ ਛੱਡਿਆ ਮਹੱਲ ਮੁਨਾਰਾ । ਜੋਤ ਸਰੂਪੀ ਪ੍ਰਗਟ ਜੋਤ ਮਾਤਲੋਕ ਲਿਆ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਧਾਰੇ ਸੁਣ ਪੁਕਾਰਾ । ਦੁਖੀਏ

ਜੀਵ ਜਗਤ ਬਿਲਲਾਏ । ਦੁੱਖ ਭੁੱਖ ਸਰਬ ਸਤਾਏ । ਰਾਓ ਰੰਕਾਂ ਦੇਣ ਸਜ਼ਾਏ । ਸੰਤ ਭਗਤ ਕੋਈ ਰਹਿਣ ਨਾ ਪਾਏ । ਦੁਸ਼ਟ ਦੁਰਾਚਾਰ ਰਹੇ ਡੌਰੂ ਵਾਏ । ਧੀਆਂ ਭੈਣਾਂ ਗਏ ਪਤ ਗੁਆਏ । ਕਲੂ ਕਾਲ ਕਲ ਕਾਤੀ ਗਏ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਏ । ਕਲਜੁਗ ਜੀਵ ਹੋਏ ਬੇਹਾਲਾ । ਕਰਨ ਪੁਕਾਰ ਸੁਣ ਦੀਨ ਦਿਆਲਾ । ਵੇਲੇ ਅੰਤਕਾਲ ਕਲ ਰੱਖੀ ਲਾਜ ਗੁਰ ਗੋਪਾਲਾ । ਪਰਗਟ ਜੋਤ ਵਿਚ ਸੰਸਾਰ, ਪ੍ਰਭ ਅਨਾਥਾਂ ਹੋਏ ਰਖਵਾਲਾ । ਮਾਇਆਧਾਰੀ ਪ੍ਰਭ ਮਾਰੇ ਮਾਰ, ਅੰਤ ਕੱਢੇ ਦਵਾਲਾ । ਨਿਰਧਨਾ ਪ੍ਰਭ ਪਾਵੇ ਸਾਰ, ਸਰਧਨਾ ਪ੍ਰਭ ਸਦਾ ਪ੍ਰਿਤਪਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਹੋਏ ਰਖਵਾਲਾ । ਰਾਓ ਉਮਰਾਓ ਪ੍ਰਭ ਮਾਣ ਗੁਆਏ । ਮਾਇਆਧਾਰੀ ਪ੍ਰਭ ਨਸ਼ਟ ਕਰਾਏ । ਜੀਵ ਸੰਸਾਰੀ ਪ੍ਰਭ ਇਕ ਕਰਾਏ । ਸਚ ਸੁੱਚ ਵਿਚ ਦੇਹ ਵਰਤਾਏ । ਸੋਹੰ ਸਾਚਾ ਸ਼ਬਦ ਪ੍ਰਭ ਚਲਾਏ ਸਾਚੀ ਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਲਏ ਤਰਾਏ । ਸਾਧ ਸੰਗਤ ਪ੍ਰਭ ਬੇੜਾ ਬੰਨ੍ਹਿਆ । ਸਾਚਾ ਪ੍ਰਭ ਸਤਿ ਕਰ ਮੰਨਿਆ । ਸੋਹੰ ਦੇਵੇ ਸਾਚੀ ਦਾਤ ਨਾ ਲਾਗੇ ਸੰਨ੍ਹਿਆ । ਬੇਮੁਖ ਜੀਵਾਂ ਪੀੜੇ ਜਿਉਂ ਪੀੜੇ ਗੰਨਿਆਂ । ਰਾਜਾ ਰਾਣਾ ਅੰਤਕਾਲ ਪ੍ਰਭ ਸਾਚੇ ਡੰਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਬੇੜਾ ਬੰਨ੍ਹਿਆ । ਬੇੜਾ ਬੰਨ੍ਹ ਪ੍ਰਭ ਪਾਰ ਲੰਘਾਏ । ਸੋਹੰ ਸਾਚੀ ਨਾਓ ਚੜ੍ਹਾਏ । ਸਾਚਾ ਚੱਪੂ ਪ੍ਰਭ ਦੇ ਲਗਾਏ । ਇੰਦਲੋਕ ਸ਼ਿਵਲੋਕ ਗੁਰਸਿਖ ਤਜਾਏ । ਗੁਰਮੁਖ ਸਾਚਾ ਛੱਡ ਬ੍ਰਹਮਲੋਕ, ਵਿਚ ਸਚਖੰਡ ਨਿਵਾਸ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਜੋਤੀ ਮੇਲ ਮਿਲਾਏ । ਸਾਚੇ ਪ੍ਰਭ ਮੇਲ ਮਿਲਾਇਆ । ਜੋਤ ਸਰੂਪੀ ਵਿਚ ਸਮਾਇਆ । ਬੇਮੁਖ ਜੀਵਾਂ ਭੇਦ ਨਾ ਪਾਇਆ । ਸੋਹੰ ਸਾਚਾ ਸ਼ਬਦ ਨਾ ਰਸਨਾ ਗਾਇਆ । ਕਲਜੁਗ ਪਾਪੀ ਪਾਈ ਮਾਇਆ । ਭਰਮ ਭੁਲੇਖੇ ਆਪਣਾ ਆਪ ਗੁਆਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ, ਨਾ ਚਲ ਆਏ ਸ਼ਰਨਾਇਆ । ਪ੍ਰਭ ਸ਼ਰਨ ਜੋ ਜਨ ਆਏ । ਮਾਨਸ ਜਨਮ ਸੁਫਲ ਕਰਾਏ । ਵੇਲੇ ਅੰਤ ਜਮ ਨੇੜ ਨਾ ਆਏ । ਸਾਚਾ ਪ੍ਰਭ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਮੇਲ ਮਿਲਾਏ । ਗੁਰਮੁਖ ਸਾਚੇ ਪ੍ਰਭ ਮਾਣ ਦਵਾਇਆ । ਖੰਡ ਬ੍ਰਹਿਮੰਡ ਵਡਿਆਇਆ । ਵਿਚ ਵਰਭੰਡ ਪ੍ਰਭ ਜੋਤ ਪਰਗਟਾਇਆ । ਬੇਮੁਖ ਜੀਵਾਂ ਨਜ਼ਰ ਨਾ ਆਇਆ । ਗੁਰਮੁਖ ਸਾਚੇ ਪਰਗਟ ਜੋਤ ਨਿਹਕਲੰਕ ਕਲ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਮਾਤਲੋਕ ਪ੍ਰਭ ਜਾਮਾ ਧਾਰ । ਕਲਜੁਗ ਪਰਗਟੇ ਨਿਹਕਲੰਕ ਅਵਤਾਰ । ਸ੍ਰਿਸ਼ਟ ਸਬਾਈ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਖਪਾਏ ਦੁਸ਼ਟ ਦੁਰਾਚਾਰ । ਦੁਸ਼ਟ ਦੁਰਾਚਾਰ ਪ੍ਰਭ ਮਿਟਾਏ । ਏਕਾ ਵਰਨ ਜਗਤ ਰਖਾਏ । ਏਕਾ ਸ਼ਬਦ ਜਗਤ ਵਰਤਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਨਾਮ ਲਿਖਾਏ । ਸਾਚਾ ਨਾਮ ਸਾਗਰ ਸਿੰਧਾ । ਸਾਚਾ ਨਾਉਂ ਵਡ ਵਡ ਇੰਦਾ । ਸਾਚਾ ਨਾਉਂ ਜਨ ਭਿਖਿਆ ਲੈਂਦਾ । ਸਾਚਾ ਨਾਉਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਖੰਦਾ । ਸਾਚਾ ਨਾਉਂ ਸਚ ਵਪਾਰਾ । ਸਾਚਾ ਨਾਮ ਜਗਤ ਆਹਾਰਾ । ਸਾਚਾ ਨਾਮ ਜੀਵ ਅਧਾਰਾ । ਸਾਚਾ ਨਾਮ ਆਤਮ ਖ਼ੁਮਾਰਾ । ਸਾਚਾ ਨਾਮ ਕਰੇ ਜੋਤ ਉਜਿਆਰਾ । ਸਾਚਾ ਨਾਮ ਖੁਲ੍ਹਾਵੇ ਜੀਵ ਦਸਮ ਦਵਾਰਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਨਿਰੰਕਾਰਾ । ਸਾਚਾ ਨਾਮ ਪ੍ਰਭ ਵਰਤਾਇਆ । ਸਾਚਾ ਨਾਮ ਗੁਣ ਨਿਧਾਨ, ਪ੍ਰਭ ਝੋਲੀ ਪਾਇਆ ।

ਸਾਚਾ ਨਾਮ ਆਤਮ ਬਾਣ, ਪ੍ਰਭ ਗੁਰਸਿਖ ਲਗਾਇਆ । ਮਹਾਰਾਜ ਸ਼ੇਰ ਸਿੰਘ ਸਚ ਸਚ ਸਚ ਵਿਚ ਦੇਹ ਵਸਾਇਆ । ਸਾਚਾ ਨਾਮ ਪ੍ਰਭ ਕੀ ਦਾਤ । ਸਾਚਾ ਨਾਮ ਵਡ ਕਰਾਮਾਤ । ਸਾਚਾ ਨਾਮ ਕਟਾਵੇ ਗਰਭਵਾਸ । ਸਾਚਾ ਨਾਮ ਉਤਮ ਕਰਾਏ ਜ਼ਾਤ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ, ਦੇਵੇ ਸਾਚੀ ਦਾਤ । ਸਾਚਾ ਪ੍ਰਭ ਸਚ ਘਰ ਪਾਓ । ਸਾਚਾ ਪ੍ਰਭ ਰਿਦੇ ਵਸਾਓ । ਸਾਚਾ ਪ੍ਰਭ ਸੋਹੰ ਸਾਚਾ ਜੋਗ ਕਮਾਓ । ਸਾਚਾ ਪ੍ਰਭ ਅਬਿਨਾਸ਼ੀ ਸਦ ਰਸਨਾ ਗਾਓ । ਸਾਚਾ ਨਾਮ ਸਾਚਾ ਜਾਮ, ਪੀ ਆਤਮ ਤ੍ਰਿਪਤਾਓ । ਸਾਚਾ ਨਾਮ ਸਾਚਾ ਕਾਮ, ਰਸਨਾ ਹਰਿ ਗੁਣ ਗਾਓ । ਸਾਚਾ ਨਾਮ ਸਾਚਾ ਸ਼ਾਮ, ਪ੍ਰਭ ਅਬਿਨਾਸ਼ੀ ਘਰ ਮੇਂ ਪਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਭੁੱਲ ਨਾ ਜਾਓ । ਸਾਚਾ ਨਾਮ ਸਚ ਵਪਾਰਾ । ਸਾਚਾ ਨਾਮ ਪ੍ਰਭ ਭਰੇ ਭੰਡਾਰਾ । ਸਾਚਾ ਨਾਮ ਭਗਤ ਅਧਾਰਾ । ਸਾਚਾ ਨਾਮ ਜਗਤ ਵਰਤਾਰਾ । ਸਾਚਾ ਨਾਮ ਵਰਤੇ ਵਿਚ ਸੰਸਾਰਾ । ਸਾਚਾ ਨਾਮ ਦਿਖਾਵੇ ਹਰਿ ਕਾ ਦਵਾਰਾ । ਸਾਚਾ ਨਾਮ ਦਵਾਵੇ ਮੋਖ ਦਵਾਰਾ । ਸਾਚਾ ਨਾਮ ਮਿਲਾਵੇ ਪ੍ਰਭ ਅਪਾਰਾ । ਸਾਚਾ ਨਾਮ ਮਹਾਰਾਜ ਸ਼ੇਰ ਸਿੰਘ ਦੇਵੇ ਜੀਵ ਅਧਾਰਾ । ਸਾਚਾ ਨਾਮ ਗੁਣ ਨਿਧਾਨ । ਸਾਚਾ ਨਾਮ ਬਲੀ ਬਲਵਾਨ । ਸਾਚਾ ਨਾਮ ਮਿਲਾਵੇ ਭਗਤ ਭਗਵਾਨ । ਸਾਚਾ ਨਾਮ ਰਸਨਾ ਜਪ ਜੀਵ ਹੋਏ ਚਤੁਰ ਸੁਜਾਨ । ਸਾਚਾ ਨਾਮ ਦਰਗਾਹ ਦੇਵੇ ਮਾਣ । ਸਾਚਾ ਨਾਮ ਜਪ ਪਤਤ ਪਾਪੀ ਤਰ ਜਾਣ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਨਾਮ ਸਰਬ ਸੁਖ । ਸਾਚਾ ਨਾਮ ਜਪ ਉਜਲ ਮੁਖ । ਸਾਚਾ ਨਾਮ ਜਪ ਵਾਸ ਨਾ ਹੋਏ ਮਾਤ ਕੁੱਖ । ਸਾਚਾ ਨਾਮ ਉਤਾਰੇ ਜੀਵ ਆਤਮ ਭੁੱਖ । ਸਾਚਾ ਨਾਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸਾਚਾ ਸੁਖ । ਸਾਚਾ ਨਾਮ ਆਤਮ ਅਧਾਰਾ । ਸਾਚਾ ਨਾਮ ਕਰੇ ਜੋਤ ਆਕਾਰਾ । ਸਾਚਾ ਨਾਮ ਮਿਟਾਏ ਦੇਹ ਅੰਧਿਆਰਾ । ਸਾਚਾ ਨਾਮ ਝਿਰਾਏ ਝਿਰਨਾ ਅਪਰ ਅਪਾਰਾ । ਸਾਚਾ ਨਾਮ ਵਰਸਾਏ ਮੇਘ ਅੰਮ੍ਰਿਤ ਧਾਰਾ । ਸਾਚਾ ਨਾਮ ਖੋਲ੍ਹ ਦੇਵੇ ਦਸਮ ਦਵਾਰਾ । ਸਾਚਾ ਨਾਮ ਉਪਜਾਵੇ ਸਾਚੀ ਧੁਨਕਾਰਾ । ਸਾਚਾ ਨਾਮ ਰਸਨਾ ਜਪ ਜੀਵ, ਸਾਚਾ ਮਿਲੇ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਨਾਮ ਕਰੇ ਵਰਤਾਰਾ । ਸਾਚਾ ਨਾਮ ਪ੍ਰਭ ਜਾਏ ਵੰਡ । ਸਾਚਾ ਨਾਮ ਧਰੇ ਵਰਭੰਡ । ਸਾਚਾ ਨਾਮ ਚਲਾਏ ਪ੍ਰਭ ਵਿਚ ਨਵ ਖੰਡ । ਸਾਚਾ ਨਾਮ ਵਰਤੇ ਵਿਚ ਬ੍ਰਹਿਮੰਡ । ਸਾਚਾ ਨਾਮ ਪੂਜ ਹਟਾਏ ਸਰਬ ਪਖੰਡ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਲਾਏ ਡੰਡ । ਸਾਚਾ ਨਾਮ ਜਗਤ ਪ੍ਰਭ ਧਰਿਆ । ਸਾਚਾ ਨਾਮ ਗੁਰਮੁਖ ਵਿਰਲੇ ਵਰਿਆ । ਸਾਚਾ ਨਾਮ ਰਸਨਾ ਜਪ ਜੀਵ ਕਲਜੁਗ ਤਰਿਆ । ਸਾਚਾ ਨਾਮ ਗੁਰਮੁਖ ਵਿਰਲਾ ਪਾਵੇ ਪ੍ਰਭ ਦਰ ਖੜਿਆ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਸ਼ਰਨੀ ਪੜਿਆ । ਸਾਚਾ ਨਾਮ ਪ੍ਰਭ ਵਰਤਾਇਆ । ਸਾਚਾ ਨਾਮ ਸਰਬ ਸੁਖਦਾਇਆ । ਸਾਚਾ ਨਾਮ ਦੇਵੇ ਦੁੱਖ ਰੋਗ ਮਿਟਾਇਆ । ਸਾਚਾ ਨਾਮ ਦੇ ਪ੍ਰਭ ਸਾਚੇ ਭਉ ਚੁਕਾਇਆ । ਸਾਚਾ ਨਾਮ ਸਾਧ ਸੰਗਤ ਪ੍ਰਭ ਸਾਚੇ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਹਿਲੀ ਮਾਘ ਸਚ ਭੰਡਾਰ ਚਲਾਇਆ । ਸਾਚਾ ਨਾਮ ਸਚ ਵਰਤਾ ਕੇ । ਗੁਰਸਿਖਾਂ ਪ੍ਰਭ ਆਤਮ ਜੋਤ ਜਗਾ ਕੇ । ਅਗਿਆਨ ਅੰਧੇਰ ਸਰਬ ਮਿਟਾ ਕੇ । ਹੰਕਾਰ ਨਿਵਾਰੇ ਭਰਮ ਭੁਲੇਖਾ ਸਾਰਾ ਲਾਹ ਕੇ । ਜੋਤ ਆਕਾਰ ਵਿਚ ਜਾਏ ਦੀਪਕ ਦੇਹ ਜਗਾ ਕੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਹਿਲੀ ਮਾਘ ਜਾਏ ਵਕ਼ਤ ਸੁਹਾ ਕੇ ।

ਸਾਚਾ ਨਾਮ ਸਰਬ ਗੁਣਤਾਸਾ । ਸਾਚਾ ਨਾਮ ਗੁਰਸਿਖ ਹਿਰਦੇ ਵਾਸਾ । ਸਾਚਾ ਨਾਮ ਰਸਨਾ ਜਪ ਜੀਵ ਦੇਹੀ ਦੁੱਖ ਨਾਸਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਰੇ ਬੰਦ ਖੁਲਾਸਾ । ਸਾਚਾ ਨਾਮ ਸਤਿ ਸਰੂਰ । ਸਾਚਾ ਨਾਮ ਗੁਣ ਭਰਪੂਰ । ਸਾਚਾ ਨਾਮ ਉਪਜਾਵੇ ਅਨਹਦ ਤੂਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਨ ਸੂਰ । ਸਾਚਾ ਨਾਮ ਜਿਸ ਜਨ ਪਾਇਆ । ਸੁੰਨ ਸਮਾਧ ਪ੍ਰਭ ਖੋਲ੍ਹ ਵਖਾਇਆ । ਸਾਚਾ ਨਾਮ ਜਿਸ ਰਿਦੇ ਵਸਾਇਆ । ਸਾਚਾ ਪ੍ਰਭ ਪਰਗਟ ਜੋਤ ਦਰਸ ਦਿਖਾਇਆ । ਸਾਚਾ ਨਾਮ ਨਾ ਲਾਗੇ ਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਦਾਨ ਜੋ ਜਨ ਸਰਨਾਈ ਆਇਆ । ਸਾਚਾ ਨਾਮ ਭਗਤ ਭੰਡਾਰੀ । ਦੇਵੇ ਦਾਤ ਪ੍ਰਭ ਗਿਰਧਾਰੀ । ਆਤਮ ਜੋਤ ਕਰੇ ਉਜਿਆਰੀ । ਦੇਵੇ ਮਾਣ ਵਡ ਸੰਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਦੇਵੇ ਸਿਕਦਾਰੀ । ਸਾਚਾ ਨਾਮ ਪ੍ਰਭ ਦਰ ਪਾਇਆ । ਆਤਮ ਦੁੱਖ ਸਰਬ ਮਿਟਾਇਆ । ਸਾਚਾ ਅਨੰਦ ਨਿਜ ਮਾਹਿ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਝਿਰਨਾ ਦੇ ਝਿਰਾਇਆ । ਸਾਚਾ ਨਾਮ ਜੋ ਜਨ ਜਾਣੇ । ਆਤਮ ਰਸ ਵਿਰਲਾ ਗੁਰਮੁਖ ਮਾਣੇ । ਜੋ ਜਨ ਚਲੇ ਪ੍ਰਭ ਕੇ ਭਾਣੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਕਲ ਵਰਤਾਣੇ । ਸਾਚਾ ਨਾਮ ਸਰਬ ਕੇ ਸੰਗ । ਸਾਚਾ ਨਾਮ ਆਤਮ ਚਾੜ੍ਹੇ ਰੰਗ । ਸਾਚਾ ਨਾਮ ਅੰਮ੍ਰਿਤ ਝਿਰਨਾ ਝਿਰਾਏ ਗੰਗ । ਸਾਚਾ ਨਾਮ ਰਸਨਾ ਜਪ ਜੀਵ ਪਾਰ ਜਾਏ ਲੰਘ । ਸਾਚਾ ਨਾਮ ਜਪ ਜੀਵ ਪ੍ਰਭ ਲਾਏ ਅੰਗ । ਸਾਚਾ ਨਾਮ ਸਾਚਾ ਦਾਨ ਗੁਰਸਿਖ ਪ੍ਰਭ ਦਰ ਮੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਏ ਮੂਲ ਨਾ ਸੰਗ । ਸਾਚਾ ਪ੍ਰਭ ਦੇਵਣਹਾਰਾ । ਸਾਚਾ ਨਾਮ ਭਰੇ ਭੰਡਾਰਾ । ਸਾਚਾ ਨਾਮ ਗੁਰਸਿਖ ਸਾਚੇ ਵਣਜ ਵਪਾਰਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਰ ਅਵਤਾਰਾ । ਸਾਚਾ ਨਾਮ ਸਚ ਘਰ ਦੱਸੇ । ਸਾਚਾ ਨਾਮ ਜੋਤ ਜਗਾਏ ਜਿਉਂ ਰਵ ਸੱਸੇ । ਸਾਚਾ ਨਾਮ ਜਪ ਜੀਵ ਪ੍ਰਭ ਸਾਚਾ ਹਿਰਦੇ ਵਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਗਿਆਨ ਜਗ ਦੱਸੇ । ਸੋਹੰ ਸਾਚਾ ਸ਼ਬਦ ਗਿਆਨਾ । ਦੇਵੇ ਦਾਨ ਵਡ ਦਾਨੀ ਦਾਨਾ । ਰਸਨਾ ਜਪ ਜੀਵ ਆਤਮ ਉਪਜੇ ਸੁੱਖ ਮਹਾਨਾ । ਦੇਵੇ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਦੇ ਦਰਸ ਪ੍ਰਭ ਦੁੱਖ ਮਿਟਾਏ । ਸਾਚਾ ਸ਼ਬਦ ਪ੍ਰਭ ਰਾਗ ਉਪਜਾਏ । ਗੁਰਸਿਖ ਆਤਮ ਗਈ ਜਾਗ, ਪ੍ਰਭ ਪਹਿਲੀ ਮਾਘ ਦਇਆ ਕਮਾਏ । ਪੂਰਨ ਹੋਏ ਭਾਗ, ਜੋ ਚਲ ਆਏ ਸਰਨਾਏ । ਪ੍ਰਭ ਸਾਚਾ ਪਕੜੇ ਵਾਗ, ਵੇਲੇ ਅੰਤ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਵਕ਼ਤ ਸੁਹਾਏ । ਸਾਚਾ ਪ੍ਰਭ ਵਕ਼ਤ ਸੁਹਾਏ । ਆਇਆ ਵਕ਼ਤ ਜੋਤ ਪਰਗਟਾਏ । ਭਰਮ ਭੁਲੇਖਾ ਸਰਬ ਗਵਾਏ । ਜੋਤ ਨਿਰੰਜਣ ਵਿਚ ਮਾਤ ਜਗਾਏ । ਤੀਨ ਲੋਕ ਪ੍ਰਭ ਸੋਹੰ ਜੈ ਜੈ ਜੈਕਾਰ ਕਰਾਏ । ਕਲਜੁਗ ਝੂਠਾ ਭੇਖ ਪ੍ਰਭ ਸਰਬ ਮਿਟਾਏ । ਲਿਖਿਆ ਲੇਖ ਪ੍ਰਭ ਸਤਿ ਸਤਿ ਸਤਿ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤਾਏ । ਆਪਣਾ ਖੇਲ ਪ੍ਰਭ ਆਪ ਵਰਤਾਇਆ । ਰਮਈਆ ਰਾਮ ਘਨਈਆ ਸ਼ਾਮ, ਨਿਹਕਲੰਕ ਪ੍ਰਭ ਨਾਉਂ ਧਰਾਇਆ । ਸੋਹੰ ਸਾਚਾ ਨਾਮ, ਪ੍ਰਭ ਸਾਚਾ ਸ਼ਬਦ ਲਿਖਾਇਆ । ਸਾਧ ਸੰਗਤ ਪਿਲਾਏ ਸਾਚਾ ਜਾਮ, ਪਹਿਲੀ ਮਾਘ ਪ੍ਰਭ ਅੰਮ੍ਰਿਤ ਮੇਘ ਬਰਸਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਿੰਚ ਗੁਰਸਿਖ ਆਤਮ ਰੋਗ ਮਿਟਾਇਆ । ਪਹਿਲੀ

ਪ੬੫
੦੧

ਮਾਘ ਪੁਰਬ ਮਨਾਇਆ । ਸਾਧ ਸੰਗਤ ਪ੍ਰਭ ਅਬਿਨਾਸ਼ੀ ਰਸਨਾ ਗਾਇਆ । ਕਲਜੁਗ ਜੀਵਾਂ ਪ੍ਰਭ ਪੈਰ ਪਸਾਰ ਸਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਰਕ ਨਿਵਾਸ ਰਖਾਇਆ । ਸਾਚਾ ਪ੍ਰਭ ਸਚ ਵਰਤਾਏ । ਵੇਲਾ ਅੰਤ ਕਲਜੁਗ ਅੰਤ ਕਰਾਏ । ਜੀਵ ਜੰਤ ਹੋਣ ਭਸਮੰਤ, ਪ੍ਰਭ ਅਗਨ ਜੋਤ ਲਗਾਏ । ਗੁਰਸਿਖ ਪ੍ਰਭ ਬਣਾਏ ਤੇਰੀ ਬਣਤ, ਜੋ ਚਲ ਆਏ ਸਰਨਾਏ । ਧੰਨ ਧੰਨ ਧੰਨ ਸਿੱਖ ਸਾਚੇ ਸੰਤ, ਪਹਿਲੀ ਮਾਘ ਪ੍ਰਭ ਦਰਸ਼ਨ ਪਾਏ । ਨਿਹਕਲੰਕ ਪ੍ਰਭ ਦਰਸ ਦਿਖਾਇਆ । ਨਿਹਕਲੰਕ ਸਾਚਾ ਡੰਕ ਵਜਾਇਆ । ਨਿਹਕਲੰਕ ਰਾਓ ਰੰਕ ਇਕ ਕਰਾਇਆ । ਨਿਹਕਲੰਕ ਊਚ ਨੀਚ ਦਾ ਭੇਵ ਚੁਕਾਇਆ । ਨਿਹਕਲੰਕ ਰਾਜਾ ਰਾਣਾ ਤਖ਼ਤੋਂ ਲਾਹਿਆ । ਨਿਹਕਲੰਕ ਆਪਣਾ ਭਾਣਾ ਕਲ ਵਰਤਾਇਆ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਮਾਣਿਆਂ ਸਿਰ ਛਤਰ ਝੁਲਾਇਆ । ਨਿਹਕਲੰਕ ਸਿਰ ਛਤਰ ਝੁਲਾਏ । ਜਮਨ ਕਿਨਾਰੇ ਪ੍ਰਭ ਚਰਨ ਰਖਾਏ । ਸਿੰਘ ਰੂਪ ਹੋਏ ਪ੍ਰਭ ਵਾਲੀ ਹਿੰਦ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਏ । ਜਮਨ ਕਿਨਾਰੇ ਪ੍ਰਭ ਚਰਨ ਟਿਕਾਵਣਾ । ਵਾਲੀ ਹਿੰਦ ਪਕੜ ਉਠਾਵਣਾ । ਸਾਚਾ ਸ਼ਬਦ ਗਿਆਨ ਦੇ, ਪ੍ਰਭ ਸਾਚੇ ਚਰਨ ਲਗਾਵਣਾ । ਸਾਚਾ ਹੁਕਮ ਫ਼ਰਮਾਣ ਦੇ, ਸਾਧ ਸੰਗਤ ਪ੍ਰਭ ਮਾਣ ਦਵਾਵਣਾ । ਸੋਹੰ ਸਾਚਾ ਸ਼ਬਦ ਨਿਸ਼ਾਨ ਦੇ, ਪ੍ਰਭ ਸਾਚੇ ਤਿਲਕ ਲਗਾਵਣਾ । ਏਕਾ ਸ਼ਬਦ ਗੁਣੀ ਨਿਧਾਨ ਦੇ, ਸਾਚੇ ਮਾਰਗ ਲਾਵਣਾ । ਏਕਾ ਚਰਨ ਧਿਆਨ ਦੇ, ਪ੍ਰਭ ਸਰਬ ਹੰਕਾਰ ਮਿਟਾਵਣਾ । ਆਤਮ ਜੋਤ ਮਹਾਨ ਦੇ, ਪ੍ਰਭ ਦੀਪਕ ਜੋਤ ਜਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਚਰਨ ਲਗਾਵਣਾ । ਵਾਲੀ ਹਿੰਦ ਪ੍ਰਭ ਦਰਸ ਦਿਖਾਏ । ਜੋਤ ਸਰੂਪੀ ਨਜ਼ਰੀ ਆਏ । ਦਿਵਸ ਰੈਣ ਕਰੇ ਬੇਨੰਤੀ, ਆਪਣੀ ਭੁਲ ਬਖ਼ਸ਼ਾਏ । ਕਲਜੁਗ ਜਾਮਾ ਧਾਰ ਪ੍ਰਭ ਅਬਿਨਾਸ਼ੀ ਆਪ ਆਪਣਾ ਰਿਹਾ ਛੁਪਾਏ । ਪਰਗਟੇ ਜੋਤ ਤ੍ਰੇਤਾ ਰਾਮ, ਰਿਗ ਵੇਦ ਅਲਾਏ । ਸਾਚਾ ਨਾਮ ਪਿਲਾਏ ਜਾਮ, ਸਤੀ ਅਹਲਿਆ ਭੀਲਣੀ ਜਾਏ ਤਰਾਏ । ਮਹਾਰਾਜ ਸ਼ੇਰ ਸਿੰਘ ਪੂਰ ਕਰਾਏ ਕਾਮ, ਜੋਤ ਸਰੂਪੀ ਦਰਸ ਦਿਖਾਏ । ਸਾਚਾ ਕਰਮ ਪ੍ਰਭ ਕਮਾਵਣਾ । ਵਾਲੀ ਹਿੰਦ ਚਰਨ ਲਗਾਵਣਾ । ਦਿਲੀ ਸ਼ਹਿਰ ਪ੍ਰਭ ਆਪਣਾ ਭੇਤ ਖੁਲ੍ਹਾਵਣਾ । ਸਾਚਾ ਛਤਰ ਸੀਸ ਝੁਲਾਵਣਾ । ਵਾਲੀ ਦੋ ਜਹਾਨ, ਸਿਰ ਹੱਥ ਟਿਕਾਵਣਾ । ਸਾਚਾ ਭਗਤ ਭਗਵਾਨ, ਮਹਾਰਾਜ ਸ਼ੇਰ ਸਿੰਘ ਇਹ ਭੀ ਵਕਤ ਸੁਹਾਵਣਾ । ਸਾਚਾ ਵਕਤ ਪ੍ਰਭ ਸੁਹਾਏ । ਵਾਲੀ ਹਿੰਦ ਪ੍ਰਭ ਸਰਨਾਏ । ਚਰਨ ਧੂੜ ਮਸਤਕ ਲਾਏ । ਪਿਛਲੀ ਭੁੱਲ ਲਏ ਬਖ਼ਸ਼ਾਏ । ਪ੍ਰਭ ਅਬਿਨਾਸ਼ੀ ਸਾਰ ਨਾ ਪਾਏ । ਜਾਗੇ ਭਾਗ ਭਾਰਤ ਮਾਤ ਨਿਹਕਲੰਕ ਚਰਨ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਵਿਚ ਭਾਰਤ ਦੇ ਪਾਏ । ਭਾਰਤ ਤੇਰਾ ਭਾਗ ਅਨੋਖਾ । ਪਰਗਟ ਪ੍ਰਭ ਦੇਵੇ ਮੋਖਾ । ਸ੍ਰਿਸ਼ਟ ਸਬਾਈ ਵਿਚ ਰਹੀ ਧੋਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਪ੍ਰਭ ਵਿਚ ਜਗਤ ਅਨੋਖਾ । ਭਾਰਤ ਵਾਸੀ ਕਢ ਸਿਕਦਾਰੇ । ਦੇਵੇ ਮਾਣ ਪ੍ਰਭ ਵਿਚ ਸੰਸਾਰੇ । ਮਤ ਮੁਹੰਮਦੀ ਕਰੇ ਖ਼ੁਆਰੇ । ਉਠੇ ਰੂਸਾ ਲਸ਼ਕਰ ਭਾਰੇ । ਈਸਾ ਮੂਸਾ ਮੁਹੰਮਦੀ ਕਲ ਪਾਰ ਉਤਾਰੇ । ਸਾਚਾ ਪ੍ਰਭ ਜੋਤ ਸਰੂਪ ਦੇਵੇ ਜੋਤ ਅਧਾਰੇ । ਵਾਲੀ ਹਿੰਦ ਸਾਚਾ ਪ੍ਰਭ ਦੇਵੇ ਮਾਣ ਅਪਾਰੇ । ਸਚ ਸੁੱਚ ਸਰਬ ਕਰੇ ਵਰਤਾਰੇ । ਏਕਾ ਨਾਉਂ ਸੋਹੰ ਸਰਬ ਵਰਤਾਰੇ । ਰਾਓ ਰੰਕ ਵਰਨ ਬਰਨ ਇਕ ਮਾਣ ਦਰਬਾਰੇ । ਊਚ ਨੀਚ ਵਾਲੀ ਹਿੰਦ ਨਾ ਵਿਚਾਰੇ । ਸਾਚਾ ਪ੍ਰਭ ਸਾਚੀ ਜੋਤ ਆਤਮ ਕਰੇ ਉਜਿਆਰੇ । ਏਕਾ ਸ਼ਬਦ ਏਕਾ ਰਾਗ, ਇਕ

ਉਪਜਾਏ ਧੁਨਕਾਰੇ । ਸੋਏ ਭਾਗ ਜਾਇਣ ਜਾਗ, ਪਰਗਟੇ ਜੋਤ ਨਿਹਕਲੰਕ ਅਵਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਵਿਚ ਸਿੱਖ ਪਸਾਰੇ । ਵਾਲੀ ਹਿੰਦ ਤੇਰੀ ਵਡਿਆਈ । ਸਾਚੇ ਪ੍ਰਭ ਆਪ ਕਰਾਈ । ਸਾਚੀ ਲਿਖਤ ਲੇਖ ਵਿਚ ਸ੍ਰਿਸ਼ਟ ਰਖਾਈ । ਚਾਰ ਕੁੰਟ ਤੇਰੇ ਨਾਉਂ ਦੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੋਏ ਸਹਾਈ । ਦੇਵੇ ਮਾਣ ਪ੍ਰਭ ਵਿਚ ਰੂਸਿਆ । ਖੇਲ ਮਿਟਾਵੇ ਪ੍ਰਭ ਸਾਰੀ ਈਸਾ ਮੂਸਿਆ । ਅਗਨ ਜੋਤ ਜਲਾਏ ਜਿਉਂ ਜਲਾਏ ਭੂਸਿਆ । ਮਹਾਰਾਜ ਸ਼ੇਰ ਸਿੰਘ ਸਚ ਸ਼ਬਦ ਲਿਖਾਵੇ, ਮਿਟਾਵੇ ਖੇਲ ਪ੍ਰਭ ਅਬਨੂਸਿਆ । ਸਾਚਾ ਪ੍ਰਭ ਸਚ ਕਲ ਵਾਹੇ । ਉਮਤ ਨਬੀ ਰਸੂਲ ਦੀ ਅੰਤ ਦਏ ਖਪਾਏ । ਚਾਰ ਯਾਰਾਂ ਸੰਗ ਮੁਹੰਮਦ ਪ੍ਰਭ ਦਏ ਮਾਣ ਗਵਾਏ । ਬੇਮੁਖ ਹੋਏ ਜੀਵ ਪ੍ਰਭ ਸਾਚਾ ਗਏ ਭੁਲਾਏ । ਵੇਲੇ ਅੰਤ ਅੰਤਕਾਲ ਕਲ ਆਪਣੀ ਪਤ ਆਪ ਗਏ ਗਵਾਏ । ਸਾਚਾ ਪ੍ਰਭ ਪਰਗਟ ਜੋਤ ਵੇਲੇ ਅੰਤ ਦਏ ਸਜ਼ਾਏ । ਪੀਰ ਦਸਤਗੀਰ ਨਾ ਹੋਏ ਕੋਏ ਸਹਾਏ । ਪੀਰ ਪੈਗ਼ੰਬਰ ਔਲੀਆ ਕੋਈ ਰਹਿਣ ਨਾ ਪਾਏ । ਏਕਾ ਦਿਸੇ ਏਕ ਆਕਾਰ, ਚਾਰ ਵਰਨ ਇਕ ਹੋ ਜਾਏ । ਸਚ ਸਚ ਸਚ ਵਰਤੇ ਵਿਚ ਸੰਸਾਰ, ਪ੍ਰਭ ਸੋਹੰ ਸ਼ਬਦ ਚਲਾਏ । ਬੇਮੁਖਾਂ ਚਾਰ ਕੁੰਟ ਪ੍ਰਭ ਵਹੀਰ ਦੇ ਕਰਾਏ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਅੱਲਾ ਅਲਾਹੂ ਨੂਰ ਮਿਟਾਏ । ਅੱਲਾ ਆਪਣਾ ਨਾਮ ਰਖਾਇਆ । ਕਲਜੁਗ ਜੀਵਾਂ ਭੇਵ ਨਾ ਪਾਇਆ । ਝੂਠਾ ਮਾਰਗ ਜਗਤ ਚਲਾਇਆ । ਆਪਣਾ ਆਪਣਾ ਰਾਹ ਬਣਾਇਆ । ਸਾਚਾ ਪ੍ਰਭ ਦਿਲੋਂ ਭੁਲਾਇਆ । ਦਿਵਸ ਰੈਣ ਕੁਕਰਮ ਕਮਾਇਆ । ਏਕਾ ਆਣ ਮਾਤ ਰਖਾਇਆ । ਜੀਵ ਜੰਤ ਸਰਬ ਦੁਖਾਇਆ । ਕਰੋਧ ਵਿਰੋਧ ਬਹੁਤ ਵਧਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਲ ਪਰਗਟ ਜੋਤ ਸਭ ਦਾ ਮਾਣ ਗਵਾਇਆ । ਸਾਚੇ ਪ੍ਰਭ ਸਰਬ ਭੇਖ ਮਿਟਾਵਣਾ । ਇਕ ਮਾਰਗ ਵਿਚ ਸੰਸਾਰ ਚਲਾਵਣਾ । ਬੇਮੁਖਾਂ ਪ੍ਰਭ ਨਸ਼ਟ ਕਰਾਵਣਾ । ਸਾਧ ਸੰਗਤ ਪ੍ਰਭ ਚਰਨ ਲਗਾਵਣਾ । ਸੋਹੰ ਸਾਚਾ ਸ਼ਬਦ ਚਾਰ ਵਰਨ ਚਾਰ ਕੁੰਟ ਵਰਤਾਵਣਾ । ਏਕਾ ਚਰਨ ਧਿਆਨ ਵਾਲੀ ਹਿੰਦ ਦਵਾਵਣਾ । ਪਰਗਟ ਜੋਤ ਘਨਈਏ ਸ਼ਾਮ, ਜੋਤ ਸਰੂਪੀ ਦਰਸ ਦਿਖਾਵਣਾ । ਪੂਰਨ ਜੋਤ ਪੂਰਨ ਪਰਮੇਸ਼ਵਰ ਪ੍ਰਭ ਸਰਬ ਵਿਚ ਸਮਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਵਣਾ । ਸਾਚੇ ਪ੍ਰਭ ਤੇਰੀ ਸਾਚੀ ਗਾਥ । ਸੋਹੰ ਸ਼ਬਦ ਚਲਾਇਆ, ਸਤਿਜੁਗ ਸਾਚਾ ਰਾਥ । ਹੋਏ ਸਹਾਈ ਸਾਚਾ ਪ੍ਰਭ ਤ੍ਰੈਲੋਕੀ ਨਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਿਰ ਰੱਖੇ ਹਾਥ । ਸਾਧ ਸੰਗਤ ਤੇਰੀ ਵਡਿਆਈ । ਸਾਚੀ ਦਾਤ ਪ੍ਰਭ ਦਰ ਪਾਈ । ਆਤਮ ਇਛਿਆ ਪ੍ਰਭ ਪੂਰ ਕਰਾਈ । ਗੁਣ ਨਿਧਾਨ ਪ੍ਰਭ ਸਾਚੀ ਵਸਤ ਝੋਲੀ ਪਾਈ । ਆਤਮ ਦੇਵੇ ਬ੍ਰਹਮ ਗਿਆਨ, ਪ੍ਰਭ ਸਰਬ ਸੁਖਦਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਈ । ਸਾਚਾ ਕਰਮ ਪ੍ਰਭ ਕਮਾਇਆ । ਜਾਮਾ ਮਾਤਲੋਕ ਵਿਚ ਪਾਇਆ । ਨਿਹਕਲੰਕ ਪ੍ਰਭ ਨਾਂ ਰਖਾਇਆ । ਤ੍ਰੈਲੋਕੀ ਨਾਥ ਜਗਤ ਪਿਤ ਰਘੁਰਾਇਆ । ਖੰਡ ਬ੍ਰਹਿਮੰਡ ਪ੍ਰਭ ਦੇ ਉਲਟਾਇਆ । ਚੌਥੇ ਜੁਗ ਅੰਤਕਾਲ ਪ੍ਰਭ ਅੰਤ ਦੇ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮਾ ਮਾਣ ਗਵਾਇਆ । ਬ੍ਰਹਮਾ ਬ੍ਰਹਮਲੋਕ ਤਜਾਏ । ਸਾਚਾ ਪ੍ਰਭ ਅੰਤ ਕਰਾਏ । ਬੀਤੀ ਅਵਧ ਜੋ ਪ੍ਰਭ ਲਿਖਾਏ । ਪ੍ਰਭ ਸਾਚੇ ਕੀ ਕਾਰ, ਪ੍ਰਭ ਸਾਚਾ ਰਿਹਾ ਕਮਾਏ । ਅੰਤਕਾਲ ਚੌਥੇ ਜੁਗ ਪ੍ਰਭ ਸਾਰੀ ਖੇਲ ਮਿਟਾਏ । ਬ੍ਰਹਮਾ ਬ੍ਰਹਮ ਸਰੂਪ ਵਿਚ ਜੋਤੀ ਮੇਲ ਮਿਲਾਏ । ਸਾਚਾ ਗੁਰਸਿਖ ਪਾਲ ਵਿਚ ਬ੍ਰਹਮਲੋਕ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ । ਬ੍ਰਹਮਲੋਕ ਗੁਰਸਿਖ ਬਹਾਏ । ਸ੍ਰਿਸ਼ਟ ਸਬਾਈ ਹੱਥ ਫੜਾਏ । ਪ੍ਰਭ ਅਬਿਨਾਸ਼ੀ ਸਿਰ ਹੱਥ ਟਿਕਾਏ । ਸਾਚਾ ਸ਼ਬਦ ਪ੍ਰਭ ਧਰਵਾਸ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਆਪ ਲਿਖਾਏ । ਸਾਚਾ ਗੁਰਸਿਖ ਸਚ ਧਾਮ ਬਹਾਏ । ਬ੍ਰਹਮਾ ਵੇਲਾ ਅੰਤ ਕਰਾਏ । ਅੰਤ ਜੋਤੀ ਮੇਲ ਮਿਲਾਏ । ਜੁਗ ਚੌਥੇ ਵੇਲਾ ਅੰਤ ਕਰਾਏ । ਸਤਿਜੁਗ ਸਾਚਾ ਮਾਰਗ ਲਗਾਏ । ਆਪ ਆਪਣਾ ਨਾਉਂ ਧਰਾਏ । ਸੋਹੰ ਸ਼ਬਦ ਜੈ ਜੈ ਜੈਕਾਰ ਕਰਾਏ । ਚਾਰ ਵਰਨ ਸ਼ਰਨ ਲਗਾਏ । ਏਕਾ ਦਰ ਦਰਬਾਰ ਸਰਬ ਦਿਖਾਏ । ਸਾਚੀ ਜੋਤ ਆਪ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾਏ । ਲੋਕ ਪਰਲੋਕ ਜੀਵ ਨਾ ਜਾਣੇ । ਜੈਸਾ ਸੁਣੇ ਤੈਸਾ ਵਖਾਣੇ । ਪ੍ਰਭ ਅਬਿਨਾਸ਼ੀ ਸਦ ਅਭੇਦ, ਆਪਣਾ ਭੇਦ ਨਾ ਕਿਸੇ ਵਖਾਣੇ । ਵਡੇ ਵਡੇ ਦੇਵੀ ਦੇਵ, ਦਰ ਪ੍ਰਭ ਸਾਚਾ ਦਿਸ ਨਾ ਆਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸਰਬ ਵਿਚ ਸਮਾਣੇ । ਕਲਜੁਗ ਜੀਵ ਨਾ ਪਾਏ ਭੇਦਾ । ਭੇਦ ਨਾ ਜਾਣੇ ਚਾਰੇ ਵੇਦਾ । ਪ੍ਰਭ ਅਬਿਨਾਸ਼ੀ ਸਦਾ ਅਭੇਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਗਿਆਨ ਦੇਵੇ ਚਾਰੇ ਵੇਦਾ । ਪ੍ਰਭ ਕਾ ਭੇਦ ਕਿਸੇ ਨਾ ਜਾਣਿਆ । ਜੈਸਾ ਜਣਾਏ ਪ੍ਰਭ ਤੈਸਾ ਸਰਬ ਵਖਾਣਿਆ । ਗੁਰਮੁਖ ਵਿਰਲੇ ਰੰਗ ਪ੍ਰਭ ਸਾਚੇ ਮਾਣਿਆ । ਕਲਜੁਗ ਜੀਵ ਭੁੱਲੇ ਅੰਞਾਣਿਆ । ਕਲਜੁਗ ਮਾਇਆ ਪਾਈ ਰਾਜੇ ਰਾਣਿਆ । ਜੋਤ ਸਰੂਪੀ ਪ੍ਰਭ ਦਿਸ ਨਾ ਆਏ, ਚਤੁਰ ਸੁਘੜ ਸਿਆਣਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦ ਵਰਤੇ ਆਪਣੇ ਭਾਣਿਆ । ਸਾਚਾ ਭਾਣਾ ਪ੍ਰਭ ਵਰਤਾਇਆ । ਆਪਣਾ ਭੇਖ ਜਗਤ ਵਟਾਇਆ । ਸਾਚਾ ਲੇਖ ਜੋਤ ਸਰੂਪ ਲਿਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਜੀਵਾਂ ਦਿਸ ਨਾ ਆਇਆ । ਸਾਚਾ ਪ੍ਰਭ ਗੁਰਸਿਖ ਸਮਾਏ । ਸਾਚੀ ਜੋਤ ਵਿਚ ਦੇਹ ਟਿਕਾਏ । ਨਾੜੀ ਬਹੱਤਰ ਬੰਦ ਕਰਾਏ । ਸਿੰਘ ਆਸਣ ਬੈਠ ਚਤੁਰਭੁਜ ਕਹਾਏ । ਬੈਕੁੰਠ ਨਿਵਾਸੀ ਵਿਚ ਮਾਤ ਦੇ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਏ । ਨਿਹਕਲੰਕ ਕਲ ਨਾਉਂ ਰਖਾਇਆ । ਜੋਤ ਸਰੂਪੀ ਪ੍ਰਭ ਭੇਖ ਵਟਾਇਆ । ਦਰ ਦਰਬਾਰ ਕਿਸੇ ਵਿਰਲੇ ਗੁਰਮੁਖ ਪਾਇਆ । ਦੁਸ਼ਟ ਦੁਰਾਚਾਰ ਬੇਮੁਖਾਂ ਪ੍ਰਭ ਲਿਖਾਇਆ । ਆਤਮ ਅਧਾਰ ਪ੍ਰਭ ਸੋਹੰ ਸ਼ਬਦ ਚਲਾਇਆ । ਵਿਚ ਸੰਸਾਰ ਸਾਧ ਸੰਗਤ ਪ੍ਰਭ ਵਡਿਆਇਆ । ਬੇਮੁਖ ਜੀਵਾਂ ਬੇੜਾ ਵਿਚ ਮੰਝਧਾਰ ਰੁੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਲਿਖਾਇਆ । ਕਲਜੁਗ ਲੇਖ ਪ੍ਰਭ ਚੁਕਾਇਆ । ਕਲਜੁਗ ਕਾਇਆ ਦੇ ਖਪਾਇਆ । ਜੂਠ ਝੂਠ ਪ੍ਰਭ ਨਸ਼ਟ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਖੇਲ ਮਿਟਾਇਆ । ਝੂਠੇ ਜੀਵ ਝੂਠਾ ਪਸਾਰਾ । ਝੂਠਾ ਵੇਸ ਕਲ ਝੂਠਾ ਵਰਤਾਰਾ । ਝੂਠੇ ਧੰਦੇ ਭੁੱਲਾ ਸਰਬ ਸੰਸਾਰਾ । ਮਦਿਰਾ ਮਾਸ ਕਰਨ ਆਹਾਰਾ । ਪ੍ਰਭ ਅਬਿਨਾਸ਼ੀ ਪਰਗਟਿਆ ਮੂਰਖ ਜੀਵ ਨਾ ਕਰਨ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਿਹਕਲੰਕ ਨਰਾਇਣ ਨਰ । ਸਾਚੀ ਜੋਤ ਮਾਤ ਜਾਏ ਧਰ । ਚਾਰ ਵਰਨ ਦੇਵੇ ਪ੍ਰਭ ਏਕਾ ਵਰ । ਪ੍ਰਭ ਚਰਨ ਲਾਗ ਊਚ ਨੀਚ ਸਭ ਜਾਇਣ ਤਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਮਸਤੂਆਣਾ ਬਣਾਵੇ ਸਾਚਾ ਸਰ । ਸਾਚਾ ਸਰ ਸਾਚਾ ਧਾਮ । ਸਾਚਾ ਪ੍ਰਭ ਪੂਰ ਕਰਾਏ ਕਾਮ । ਸਾਚਾ ਪ੍ਰਭ ਸਾਚਾ ਰਖਾਵੇ ਨਾਮ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਮਾਣ ਦੇਵੇ ਵਿਚ ਜਹਾਨ । ਮਾਤਲੋਕ ਪ੍ਰਭ ਜੋਤ ਆਕਾਰਾ । ਵਿਚ ਪਾਤਾਲ ਪ੍ਰਭ ਨੈਣ

ਮੁਧਾਰਾ । ਵਿਚ ਅਕਾਸ਼ ਜਗਾਏ ਜੋਤ ਅਗੰਮ ਅਪਾਰਾ । ਪਾਰਬ੍ਰਹਮ ਤੇਰਾ ਰੂਪ ਨਿਆਰਾ । ਦਿਸ ਨਾ ਆਏ ਜੋਤ ਸਰੂਪ, ਅੰਤ ਨਾ ਪਾਰਾਵਾਰਾ । ਕਲਜੁਗ ਪਰਗਟਿਆ ਪ੍ਰਭ ਸਾਚਾ ਭੂਪ, ਰਾਣਿਆਂ ਕਰੇ ਖ਼ੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਸਾਚਾ ਦਰਬਾਰਾ । ਸਾਚਾ ਪ੍ਰਭ ਸਚ ਦਰਬਾਰੇ । ਸਾਚਾ ਪ੍ਰਭ ਸਦਾ ਨਿਰਾਹਾਰੇ । ਸਾਚਾ ਪ੍ਰਭ ਜੋਤ ਅਧਾਰੇ । ਸਾਚਾ ਪ੍ਰਭ ਵਡ ਸੰਸਾਰੇ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਕਾਰੇ । ਸਾਚੇ ਪ੍ਰਭ ਦਇਆ ਕਮਾਇਆ । ਅੰਮ੍ਰਿਤ ਮੇਘ ਪ੍ਰਭ ਵਰਸਾਇਆ । ਵੇਲੇ ਅੰਮ੍ਰਿਤ ਗੁਰ ਸੰਗਤ ਮੁਖ ਚੁਆਇਆ । ਵਡ ਵਡ ਭਾਗ ਹੋਏ ਵਿਚ ਮਾਤ, ਪ੍ਰਭ ਅਬਿਨਾਸ਼ੀ ਤੇਰੀ ਸੇਵ ਕਮਾਇਆ । ਸੋਹੰ ਸਾਚਾ ਸ਼ਬਦ ਉਪਜਾਵੇ ਰਾਗ, ਅਨਹਦ ਧੁਨ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਸਾਧ ਸੰਗਤ ਸਾਚਾ ਨਾਮ ਦਵਾਇਆ । ਅੰਮ੍ਰਿਤ ਸਾਚਾ ਪ੍ਰਭ ਦਰ ਪਾਈਏ । ਆਤਮ ਤ੍ਰਿਖਾ ਸਰਬ ਮਿਟਾਈਏ । ਆਤਮ ਬੁਝੀ ਦੀਵ ਫਿਰ ਜਗਾਈਏ । ਸਤਿ ਸਤਿ ਸਤਿ ਸਰੂਪ ਪ੍ਰਭ ਸਤਿ ਹੋ ਜਾਈਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਕਰ ਦਰਸ ਨਿਜਾਨੰਦ ਉਪਜਾਈਏ । ਨਿਜਾਨੰਦ ਪ੍ਰਭ ਉਪਜਾਏ । ਆਤਮ ਝਿਰਨਾ ਪ੍ਰਭ ਦੇ ਝਿਰਾਏ । ਅੰਮ੍ਰਿਤ ਆਤਮ ਪ੍ਰਭ ਦੇ ਵਰਸਾਏ । ਅੰਮ੍ਰਿਤ ਬੂੰਦ ਵਿਚ ਕਵਲ ਦੇ ਚੁਆਏ । ਖੁੱਲ੍ਹੇ ਕਵਲ ਗੁਰਸਿਖ ਤੇਰਾ, ਦਸਮ ਦਵਾਰ ਦੀ ਬੂਝ ਬੁਝਾਏ । ਆਤਮ ਹੋਏ ਉਜਿਆਰ, ਪ੍ਰਭ ਅਗਿਆਨ ਅੰਧੇਰ ਦੇ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ । ਦਵਾਰ ਦਸਮ ਪ੍ਰਭ ਖੁਲ੍ਹਾਇਆ । ਸਵੱਛ ਸਰੂਪ ਪ੍ਰਭ ਦਰਸ ਦਿਖਾਇਆ । ਗੁਰਮੁਖ ਸਾਚੇ ਪ੍ਰਭ ਸਾਚਾ ਭੇਦ ਖੁਲ੍ਹਾਇਆ । ਸੁਰਤ ਸ਼ਬਦ ਦਾ ਮੇਲ ਕਰ, ਪ੍ਰਭ ਸ਼ਬਦੀ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਬਾਤੀ ਬਿਨ ਤੇਲ ਆਤਮ ਦੀਪ ਜਗਾਇਆ । ਆਤਮ ਦੀਪਕ ਪ੍ਰਭ ਜਗਾਏ । ਅਗਿਆਨ ਅੰਧੇਰ ਸਰਬ ਮਿਟਾਏ । ਸਾਚੀ ਜੋਤ ਵਿਚ ਲਲਾਟ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਪਹਿਲੀ ਮਾਘ ਤੇਰੇ ਉਪਰ ਦਇਆ ਕਮਾਏ । ਅੰਮ੍ਰਿਤ ਮਿਲਿਆ ਆਤਮ ਰਸ । ਪ੍ਰਭ ਅਬਿਨਾਸ਼ੀ ਹੋਇਆ ਵਸ । ਸਤਿਜੁਗ ਸਾਚਾ ਰਾਹ ਪ੍ਰਭ ਜਾਏ ਦਸ । ਕਲਜੁਗ ਮਾਇਆ ਪ੍ਰਭ ਦਰ ਤੋਂ ਜਾਏ ਨੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਾਏ ਜੋਤ ਜਿਉਂ ਰਵ ਸਸ । ਸਾਚਾ ਅੰਮ੍ਰਿਤ ਪ੍ਰਭ ਪਿਆਇਆ । ਸਾਂਤਕ ਸਤਿ ਸਤਿ ਸਤਿ ਵਰਤਾਇਆ । ਰਾਜਸ ਤਾਮਸ ਵਿਚੋਂ ਗਵਾਇਆ । ਕਾਮ ਕਰੋਧ ਹੰਕਾਰ ਚਲਾਇਆ । ਸਾਧ ਸੰਗਤ ਸਾਚਾ ਸ਼ਬਦ ਸੁਣਾਇਆ । ਸਾਚਾ ਫ਼ਰਮਾਣ ਧੁਰਦਰਗਾਹੋਂ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਸਾਚਾ ਸ਼ਬਦ ਪ੍ਰਭ ਸੁਣਾਏ । ਸਾਧ ਸੰਗਤ ਪ੍ਰਭ ਦੇ ਵਰਤਾਏ । ਗੁਰਮੁਖ ਸਾਚੇ ਸਾਧ ਸੰਗਤ ਮਿਲ ਜਾਏ । ਸਾਚਾ ਮਾਰਗ ਸਤਿਗੁਰ ਸਾਚਾ, ਪਰਗਟ ਜੋਤ ਆਪ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰਾਹ ਚਲਾਏ । ਸਾਚਾ ਰਾਹ ਪ੍ਰਭ ਚਲਾਇਆ । ਸਾਚਾ ਸ਼ਬਦ ਪ੍ਰਭ ਉਪਜਾਇਆ । ਪ੍ਰਭ ਅਬਿਨਾਸ਼ੀ ਰਸਨ ਅਲਾਇਆ । ਰਸਨਾ ਜਪ ਜੀਵ ਆਤਮ ਰਸ ਪਾਇਆ । ਸਾਚਾ ਅੰਮ੍ਰਿਤ ਪ੍ਰਭ ਦਰ ਪੀਵ, ਹਉਮੈ ਰੋਗ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੇਘ ਆਪ ਵਰਸਾਇਆ । ਅੰਮ੍ਰਿਤ ਵਰਤਾਏ ਪ੍ਰਭ ਗਿਰਧਾਰਾ । ਆਤਮ ਦੁਖ ਸਰਬ ਨਿਵਾਰਾ । ਮਿਟੇ ਅੰਧੇਰ ਕੀਆ ਉਜਿਆਰਾ । ਸਾਚਾ ਪ੍ਰਭ ਵਿਚ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਅਵਤਾਰਾ । ਨਿਹਕਲੰਕ ਤੇਰੀ ਮਾਇਆ । ਆਪਣਾ

ਆਪ ਜਗਤ ਭੁਲਾਇਆ । ਬੇਮੁਖ ਜੀਵਾਂ ਭੇਦ ਨਾ ਪਾਇਆ । ਗੁਰਸਿਖ ਸਾਚੇ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਇਆ । ਭਰਮ ਨਿਵਾਰਿਆ ਪ੍ਰਭ, ਸਾਚੀ ਜੋਤ ਪਰਗਟਾ । ਭਰਮ ਨਿਵਾਰਿਆ ਪ੍ਰਭ, ਸੰਤ ਜਨਾਂ ਨੂੰ ਸੋਝੀ ਪਾ । ਭਰਮ ਨਿਵਾਰਿਆ ਪ੍ਰਭ, ਮੰਜ਼ਲ ਮੰਜ਼ਲ ਦਏ ਪੁਚਾ । ਭਰਮ ਨਿਵਾਰਿਆ ਪ੍ਰਭ, ਚੌਥੇ ਪਦ ਦਾ ਭੇਦ ਖੁਲ੍ਹਾ । ਭਰਮ ਨਿਵਾਰਿਆ ਪ੍ਰਭ, ਆਤਮ ਤ੍ਰੈਕੁਟੀ ਖੁਲ੍ਹਾ । ਭਰਮ ਨਿਵਾਰਿਆ ਪ੍ਰਭ, ਆਤਮ ਜਿੰਦਾ ਦੇਵੇ ਲਾਹ । ਭਰਮ ਨਿਵਾਰਿਆ ਪ੍ਰਭ, ਵਿਚ ਸਾਚੀ ਜੋਤ ਜਗਾ । ਭਰਮ ਨਿਵਾਰਿਆ ਪ੍ਰਭ, ਅਗਿਆਨ ਅੰਧੇਰ ਦਏ ਮਿਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਏ ਨਾ । ਪ੍ਰਭ ਸਾਚੇ ਕੀ ਸਾਚੀ ਸੋਏ । ਏਕਾ ਏਕੰਕਾਰ ਜੋਤ ਬਿਲੋਏ । ਕਰੇ ਪਰਕਾਸ਼ ਵਿਚ ਤਿੰਨ ਲੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਗੁਣ ਜਾਣੇ ਕੋਏ । ਸਾਚਾ ਦਰ ਸਚ ਘਰ ਤੇ ਪਾਇਆ । ਨਾਨਕ ਨਿਰੰਕਾਰੀ ਦਰ ਮੰਗਣ ਆਇਆ । ਇਕ ਓਅੰਕਾਰ ਸਤਿਨਾਮ ਸਾਚਾ ਦਾਨ ਪ੍ਰਭ ਝੋਲੀ ਪਾਇਆ । ਵਿਚ ਮਾਤ ਆਣ, ਕਲਜੁਗ ਜੀਵਾਂ ਕੰਨ ਸੁਣਾਇਆ । ਜਾਮੇ ਦਸ ਭੇਸ ਵਟਾ, ਸਾਚਾ ਮਗ ਚਲਾਇਆ । ਪ੍ਰਭ ਅਬਿਨਾਸ਼ੀ ਸਾਚਾ ਹੁਕਮ ਦਏ ਸੁਣਾ, ਸਾਚਾ ਸ਼ਬਦ ਜਗਤ ਕਮਾਇਆ । ਅੰਤ ਕਰ ਕੇ ਵਾਹ ਵਾਹ, ਪ੍ਰਭ ਸਾਚੇ ਦਰ ਰਸਨਾ ਗੁਣ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਦ ਖੁਲ੍ਹਾਇਆ । ਗੁਰ ਨਾਨਕ ਇਹ ਸ਼ਬਦ ਲਿਖਾਏ, ਨਿਹਕਲੰਕ ਤੇਰੀ ਓਟ ਰਖਾਏ । ਗੁਰ ਗੋਬਿੰਦ ਇਹ ਸ਼ਬਦ ਲਿਖਾਇਆ, ਨਿਹਕਲੰਕ ਤੇਰੀ ਸ਼ਰਨਾਏ । ਨਿਹਕਲੰਕ ਪਾਏ ਸਾਰ, ਵੇਲੇ ਅੰਤਕਾਲ ਕਲ ਕਰੇ ਖ਼ੁਆਰੇ । ਵਡ ਜਾਮਾ ਜੋਤ ਸਰੂਪ ਕਲ ਪ੍ਰਭ ਧਾਰੇ । ਜੋਤ ਸਰੂਪ ਸ੍ਰਿਸ਼ਟ ਸਬਾਈ ਪ੍ਰਭ ਮਾਰ ਮਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਤਾਈਂ ਕਰੇ ਖੁਆਰੇ । ਜੋਤ ਸਰੂਪ ਪ੍ਰਭ ਜਗਤ ਜਲਾਇਆ । ਸੋਹੰ ਸਾਚਾ ਬਾਣ ਲਗਾਇਆ । ਦੁਖ ਰੋਗ ਵਿਚ ਸੰਸਾਰ ਵਧਾਇਆ । ਮਦਿਰਾ ਮਾਸ ਰਸਨਾ ਵਿਕਾਰ ਚਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਲਜੁਗ ਜੀਵ ਖਪਾਇਆ । ਜੋਤ ਸਰੂਪ ਪ੍ਰਭ ਮਾਰੇ ਮਾਰ । ਦੁਸ਼ਟਾਂ ਪ੍ਰਭ ਕਰੇ ਖ਼ੁਆਰ । ਬੇੜਾ ਡੋਬੇ ਅਧ ਵਿਚਕਾਰ । ਗੁਰਮੁਖ ਸਾਚੇ ਪ੍ਰਭ ਜਾਏ ਤਾਰ । ਦੇਵੇ ਦਰਸ ਪ੍ਰਭ ਮੁਰਾਰ । ਏਕਾ ਰਾਮ ਏਕਾ ਸ਼ਾਮ ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਕਰੇ ਵਰਤਾਰ । ਸਚ ਸਚ ਪ੍ਰਭ ਵਰਤਾਏ । ਕਲਜੁਗ ਭੇਖ ਸਰਬ ਮਿਟਾਏ । ਸਤਿਜੁਗ ਸਾਚਾ ਮਾਰਗ ਲਾਏ । ਸੋਹੰ ਸਾਚਾ ਸ਼ਬਦ ਰਸਨ ਜਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਸਰਨ ਲਗਾਏ । ਚਾਰ ਵਰਨ ਪ੍ਰਭ ਸ਼ਰਨ ਲਗਾਵਣਾ । ਬਾਕੀ ਭੇਖ ਸਰਬ ਮਿਟਾਵਣਾ । ਏਕਾ ਦਰ ਦਰਬਾਰ, ਪ੍ਰਭ ਸਾਚੇ ਜਗਤ ਰਖਾਵਣਾ । ਨਿਹਕਲੰਕ ਅਵਤਾਰ ਨਰ, ਸਾਚਾ ਭਾਣਾ ਕਲ ਵਰਤਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਰਸਨਾ ਗਾਵਣਾ । ਚਾਰ ਕੁੰਟ ਪ੍ਰਭ ਰਸਨਾ ਗਾਇਆ । ਦੇਵੀ ਦੇਵ ਨਾ ਕਿਸੇ ਮਨਾਇਆ । ਏਕਾ ਚਰਨ ਧੂੜ ਪ੍ਰਭ ਸਾਚੇ ਸ਼ਰਨਾਇਆ । ਕਲ ਕਲੇਸ਼ ਪ੍ਰਭ ਮਗਰੋਂ ਲਾਹਿਆ । ਸਦ ਸਦ ਸਦ ਅਦੇਸ ਜਿਸ ਰਸਨਾ ਗਾਇਆ । ਪ੍ਰਭ ਸਾਚਾ ਆਤਮ ਸਦ ਪਰਵੇਸ਼, ਸਾਚਾ ਸ਼ਬਦ ਰਿਦੇ ਵਸਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਹੋਏ ਸਹਾਇਆ । ਗੁਰਸਿਖ ਕਲਜੁਗ ਮਾਣਕ ਮੋਤੀ । ਪ੍ਰਭ ਸਾਚੇ ਕੀ ਸਾਚੀ ਜੋਤੀ । ਸਾਧ ਸੰਗਤ ਹੋਏ ਏਕਾ ਗੋਤੀ । ਰਸਨਾ ਜਪ ਆਤਮ ਮੈਲ ਦੁਰਮਤ ਧੋਤੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸ੍ਰਿਸ਼ਟ ਸਬਾਈ ਰਹੀ ਸੋਤੀ ।

ਸ੍ਰਿਸ਼ਟ ਸਬਾਈ ਪ੍ਰਭ ਭੁਲਾਇਆ । ਆਲਸ ਨਿੰਦਰਾ ਰਿਦੇ ਵਸਾਇਆ । ਸਾਚਾ ਦਰ ਦਰਬਾਰ ਦਿਸ ਨਾ ਆਇਆ । ਆਤਮ ਅੰਧ ਅੰਧਿਆਰ, ਭਰਮ ਭੁਲੇਖਾ ਲਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਣਾ ਕਲ ਵਰਤਾਇਆ । ਸਾਚੇ ਪ੍ਰਭ ਸਚ ਕਰਮ ਕਮਾਇਆ । ਗੁਰਮੁਖ ਸਾਚੇ ਮਾਣ ਦੁਆਇਆ । ਸਾਚਾ ਦਰ ਦਰਬਾਨ ਧ੍ਰੂ ਹਟਾਇਆ । ਪ੍ਰਭ ਸਾਚੇ ਮਿਹਰਵਾਨ, ਸਾਚੇ ਦਰ ਸਵਰਨ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਸਾਚੇ ਦਰ ਗੁਰਸਿਖ ਟਿਕਾ ਕੇ । ਪ੍ਰਭ ਅਬਿਨਾਸ਼ੀ ਦਰ ਦਰਬਾਨ ਰਖਾ ਕੇ । ਸਰਬ ਘਟ ਵਾਸੀ ਏਕਾ ਚਰਨ ਧਿਆਨ ਦੁਆ ਕੇ । ਘਨਕਪੁਰ ਵਾਸੀ ਬੈਠਾਏ ਸਾਚੀ ਜੋਤ ਜਗਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜਾਏ ਮਾਣ ਦੁਆ ਕੇ । ਗੁਰਸਿਖ ਸਾਚੇ ਪ੍ਰਭ ਮਾਣ ਰਖਾਇਆ । ਸਚਖੰਡ ਨਿਵਾਸੀ ਸਚਖੰਡ ਨਿਵਾਸ ਦੁਆਇਆ । ਕਲਜੁਗ ਝੂਠਾ ਮੋਹ ਜੰਜਾਲ ਚੁਕਾਇਆ । ਸਾਚਾ ਦਰ ਸਾਚਾ ਘਰ ਪ੍ਰਭ ਸੁਹਾਇਆ । ਮਹਾਰਾਜ ਸ਼ੇਰ ਸਿੰਘ ਗੁਰਸਿਖ ਸਾਚਾ, ਸਾਚੇ ਧਾਮ ਪੁਚਾਇਆ । ਗੁਰਸਿਖ ਸਾਚਾ ਪ੍ਰਭ ਰੰਗ ਰਾਤਾ । ਝੂਠੇ ਛੱਡੇ ਭੈਣ ਭਰਾਤਾ । ਏਕਾ ਸਾਚਾ ਪ੍ਰਭ ਚਰਨੀ ਨਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਤੇਰਾ ਸਾਚਾ ਜਾਤਾ । ਸਾਚੀ ਜੋਤ ਸਦਾ ਨਿਰੰਕਾਰਾ । ਜਗੇ ਜੋਤ ਅਗੰਮ ਅਪਾਰਾ । ਧੰਨ ਧੰਨ ਧੰਨ ਗੁਰਸਿਖ ਮਿਲੇ ਪ੍ਰਭ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਤਿ ਪਸਾਰਾ । ਸਾਚਾ ਧਾਮ ਗੁਰ ਦਰਬਾਰ । ਧਰੇ ਜੋਤ ਪ੍ਰਭ ਅਪਾਰ । ਭਗਤ ਜਨਾਂ ਪ੍ਰਭ ਜਾਏ ਤਾਰ । ਰੱਖੇ ਲਾਜ ਵਿਚ ਸੰਸਾਰ । ਮਾਤ ਗਰਭ ਨਾ ਆਵੇ ਦੂਜੀ ਵਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਸਾਚੇ ਵਿਚ ਬਿਠਾਏ ਸਚ ਦਰਬਾਰ । ਸਾਚਾ ਪ੍ਰਭ ਸਚ ਦਰਬਾਰੇ । ਸਾਚਾ ਪ੍ਰਭ ਸਰਬ ਪਸਾਰੇ । ਸਾਚਾ ਪ੍ਰਭ ਸਦਾ ਨਿਰਾਹਾਰੇ । ਸਾਚਾ ਪ੍ਰਭ ਗੁਰਸਿਖ ਸਾਚੇ, ਸਾਚੀ ਬਖ਼ਸ਼ੇ ਸਿਕਦਾਰੇ । ਸਾਚਾ ਪ੍ਰਭ ਚਾਰ ਵਰਨ ਕਰਾਏ ਪਨਿਹਾਰੇ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਜੋਤ ਕਰੇ ਉਜਿਆਰੇ । ਸਾਚਾ ਪ੍ਰਭ ਸਰਬ ਦੁਖ ਭੰਜਨ । ਸਾਚਾ ਪ੍ਰਭ ਜੋਤ ਨਿਰੰਜਣ । ਸਾਚਾ ਪ੍ਰਭ ਸਾਧ ਸੰਗਤ ਚਰਨ ਧੂੜ ਦੇਵੇ ਸਾਚਾ ਅੰਜਨ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਦਵਾਰ ਸਤਿਜੁਗ ਸਾਚਾ ਮਜਨ । ਸਤਿਜੁਗ ਸਾਚਾ ਸਾਚਾ ਧਾਮਾ । ਧਰੇ ਚਰਨ ਸਾਚਾ ਰਾਮਾ । ਘਨਕਪੁਰੀ ਪ੍ਰਭ ਪਹਰਿਆ ਜਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਉਂ ਦੁਆਪਰ ਸ਼ਾਮਾ । ਸਾਚਾ ਪ੍ਰਭ ਸਰਬ ਕਾ ਦਾਤਾ । ਸਾਚਾ ਪ੍ਰਭ ਸਰਬ ਕਾ ਗਿਆਤਾ । ਸਾਚਾ ਪ੍ਰਭ ਸਰਬ ਪਿਤ ਮਾਤਾ । ਸਾਚਾ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨੀਂ ਨਾਤਾ । ਗੁਰਸਿਖ ਸਾਚੇ ਗੁਰ ਦਰ ਆਓ । ਜਨਮ ਜਨਮ ਦੀ ਮੈਲ ਗਵਾਓ । ਆਵਣ ਜਾਵਣ ਗੇੜ ਚੁਕਾਓ । ਸਚਖੰਡ ਨਿਵਾਸ ਰਖਾਓ । ਪ੍ਰਭ ਅਬਿਨਾਸ਼ੀ ਦਰਸ ਸਦ ਪਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਮਾਨਸ ਜਨਮ ਸੁਫਲ ਕਰਾਓ । ਮਾਨਸ ਜਨਮ ਜਿਸ ਜਨ ਜਾਣਿਆ । ਲੱਖ ਚੁਰਾਸੀ ਵਿਚ ਪਛਾਣਿਆ । ਚਰਨੀ ਡਿੱਗੇ ਹੋਏ ਨਿਮਾਣਿਆ । ਦੇਵੇ ਦਾਨ ਪ੍ਰਭ ਭਗਵਾਨਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਸਿਰ ਹੱਥ ਟਿਕਾਣਿਆ । ਸਾਧ ਸੰਗਤ ਤੇਰੀ ਵਡਿਆਈ । ਪ੍ਰਭ ਅਬਿਨਾਸ਼ੀ ਸੇਵ ਕਮਾਈ । ਪ੍ਰਭ ਸਾਚੇ ਸਿਰ ਛਤਰ ਝੁਲਾਈ । ਰੰਗ ਰੰਗੀਲਾ ਮਾਧਵ, ਵੇਲੇ ਅੰਤ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਜੋਤ ਪਰਗਟਾਈ । ਪਹਿਲੀ ਮਾਘ ਜੋਤ ਪਰਗਟਾ । ਸਾਚਾ ਸ਼ਬਦ

ਜਾਏ ਸੁਣਾ । ਕਲਜੁਗ ਵੇਲਾ ਅੰਤ ਪ੍ਰਭ ਜਾਏ ਜਣਾ । ਵਿਰਲਾ ਗੁਰਮੁਖ ਸੰਤ, ਚਰਨੀ ਡਿੱਗੇ ਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਜੀਵ, ਲੱਗੇ ਨਾ ਤੱਤੀ ਵਾ । ਚਰਨ ਲਾਗ ਸਰਬ ਸੁਖ ਪਾਓ । ਸਾਚਾ ਪ੍ਰਭ ਰਿਦੇ ਵਸਾਓ । ਆਤਮ ਦੁਖ ਭੁਖ ਸਰਬ ਗਵਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਰਖ ਮਿਲਣ ਦਾ ਚਾਓ । ਆਇਆ ਵਕਤ ਵਕ਼ਤ ਅਖ਼ੀਰ । ਜਨ ਭਗਤਾਂ ਪ੍ਰਭ ਕੱਟੇ ਭੀੜ । ਕਲਜੁਗ ਤੋੜੇ ਪ੍ਰਭ ਹੱਡੀ ਰੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਜਾਏ ਪੀੜ । ਬੇਮੁਖਾਂ ਪ੍ਰਭ ਪੀੜ ਪਿੜਾਇਆ । ਕਲਜੁਗ ਉਲਟੀ ਲੱਠ ਗਿੜਾਇਆ । ਮਦਿ ਮਾਸੀ ਪ੍ਰਭ ਨਰਕ ਨਿਵਾਸ ਦੁਆਇਆ । ਗੁਰਮੁਖਾਂ ਪ੍ਰਭ ਜਾਏ ਤਾਰ, ਸੋਹੰ ਸ਼ਬਦ ਜਿਸ ਰਸਨਾ ਗਾਇਆ । ਵੇਲੇ ਅੰਤ ਪ੍ਰਭ ਸਾਚੇ ਬੈਕੁੰਠ ਨਿਵਾਸ ਦੁਆਇਆ । ਮਹਾਰਾਜ ਸ਼ੇਰ ਸਿੰਘ ਤੇਰਾ ਸਚ ਦਰਬਾਰ, ਪਹਿਲੀ ਮਾਘ ਵਿਚ ਮਾਤ ਦੇ ਲਾਇਆ । ਪਹਿਲੀ ਮਾਘ ਪ੍ਰਭ ਪੂਰਨ ਆਸਾ । ਸਾਧ ਸੰਗਤ ਪ੍ਰਭ ਦੇਵੇ ਪੂਰਨ ਭਰਵਾਸਾ । ਸਾਚਾ ਪ੍ਰਭ ਸਾਧ ਸੰਗਤ ਸਦ ਰੱਖੇ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜਪਾਏ ਸਵਾਸ ਸਵਾਸਾ । ਸੋਹੰ ਸ਼ਬਦ ਦੇਵੇ ਅਧਾਰ । ਪਤਤ ਪਾਪੀਆਂ ਜਾਏ ਤਾਰ । ਅੰਮ੍ਰਿਤ ਝਿਰਨਾ ਝਿਰਾਏ ਅਪਾਰ । ਆਤਮ ਤ੍ਰਿਖਾ ਮਿਟਾਏ, ਪ੍ਰਭ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਾਧ ਸੰਗਤ ਜਾਏ ਦੁਖ ਨਿਵਾਰ । ਦੁਖ ਰੋਗ ਪ੍ਰਭ ਮਿਟਾਏ । ਕਾਇਆ ਰੋਗ ਕੋਈ ਰਹਿਣ ਨਾ ਪਾਏ । ਸਾਚਾ ਜੋਗ ਕੋਈ ਗੁਰਸਿਖ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪ ਜੀਵ ਬੇੜਾ ਪਾਰ ਕਰਾਏ । ਰਸਨਾ ਜਪ ਜੀਵ ਆਤਮ ਰਸ ਪਾਇਆ । ਸਾਚਾ ਮਾਰਗ ਦੱਸ, ਪ੍ਰਭ ਸਾਚੇ ਰਾਹ ਚਲਾਇਆ । ਗੁਰਮੁਖ ਸਾਚੇ ਦਰ ਆਏ ਨੱਸ, ਪਹਿਲੀ ਮਾਘ ਦਰਸ ਦਿਖਾਇਆ । ਜਨ ਹਿਰਦੇ ਗਿਆ ਵਸ, ਪ੍ਰਭ ਸਾਚੇ ਕਰਮ ਕਮਾਇਆ । ਬੇਮੁਖਾਂ ਅੰਧੇਰ ਜਿਉਂ ਚੰਦ ਮਸ, ਪ੍ਰਭ ਸਾਚਾ ਨਜ਼ਰ ਨਾ ਆਇਆ । ਕਲਜੁਗ ਜੀਵ ਦਰ ਜਾਇਣ ਨੱਸ, ਸੋਹੰ ਸ਼ਬਦ ਪ੍ਰਭ ਬਾਣ ਚਲਾਇਆ । ਗੁਰਮੁਖ ਆਤਮ ਮਿਲਿਆ ਸਾਚਾ ਰਸ, ਸੋਹੰ ਰਸਨਾ ਗਾਇਆ । ਪਹਿਲੀ ਮਾਘ ਸਾਧ ਸੰਗਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰਾ ਹੋਏ ਸਹਾਇਆ । ਸਾਧ ਸੰਗਤ ਗੁਰ ਦਰ ਆਏ । ਸਾਚਾ ਵਰ ਗੁਰ ਦਰ ਪਾਏ । ਅਵਤਾਰ ਨਰ ਹਰਸ ਮਿਟਾਏ । ਜੀਵ ਚਰਨੀਂ ਪੜ ਪ੍ਰਭ ਰੋਗ ਗਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸ਼ਰਨ ਪੜੇ ਦੀ ਲਾਜ ਰਖਾਏ । ਸਾਚੇ ਪ੍ਰਭ ਦੀ ਸਾਚੀ ਮਾਇਆ । ਸ੍ਰਿਸ਼ਟ ਸਬਾਈ ਕਲ ਭੁਲਾਇਆ । ਵੇਲਾ ਅੰਤ ਨਾ ਕਿਸੇ ਜਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਦ ਆਪ ਛੁਪਾਇਆ । ਆਪਣਾ ਭੇਦ ਪ੍ਰਭ ਆਪ ਛੁਪਾਇਆ । ਪਰਗਟ ਜੋਤ ਨਿਹਕਲੰਕ ਗੁਰਸਿਖਾਂ ਦਰਸ ਦਿਖਾਇਆ । ਬੇਮੁਖਾਂ ਕਲਜੁਗ ਪ੍ਰਭ ਕਾ ਭੇਵ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਗੁਰਮੁਖਾਂ ਸਦ ਹੋਏ ਸਹਾਇਆ । ਲੇਖ ਮਿਟਾਇਆ ਆਪ ਪ੍ਰਭ ਵਡ ਬਣ ਲਿਖਾਰੀ । ਲੇਖ ਮਿਟਾਇਆ ਆਪ ਪ੍ਰਭ, ਵਡ ਸੰਸਾਰੀ । ਲੇਖ ਲਿਖਾਇਆ ਆਪ ਪ੍ਰਭ, ਜੀਵ ਜੰਤ ਅਧਾਰੀ । ਲੇਖ ਲਿਖਾਇਆ ਆਪ ਪ੍ਰਭ, ਕਲਜੁਗ ਭੁੱਲੇ ਮਾਇਆਧਾਰੀ । ਲੇਖ ਮਿਟਾਇਆ ਆਪ ਪ੍ਰਭ, ਕਲਜੁਗ ਜੀਵਾਂ ਕਰੇ ਖ਼ੁਆਰੀ । ਲੇਖ ਲਿਖਾਇਆ ਆਪ ਪ੍ਰਭ, ਨਿਹਕਲੰਕ ਨਰਾਇਣ ਨਰ ਅਵਤਾਰੀ । ਲੇਖ ਲਿਖਾਇਆ ਆਪ ਪ੍ਰਭ, ਸਚ ਜੋਤ ਪਰਗਟਾ ਕੇ । ਲੇਖ ਲਿਖਾਇਆ ਆਪ ਪ੍ਰਭ, ਕਲਜੁਗ ਭੇਖ ਜਾਏ ਮਿਟਾ ਕੇ । ਲੇਖ ਲਿਖਾਇਆ ਆਪ ਪ੍ਰਭ, ਸਤਿਜੁਗ ਸਾਚਾ ਜਾਏ ਲਾ ਕੇ । ਲੇਖ ਲਿਖਾਇਆ ਆਪ ਪ੍ਰਭ, ਪਹਿਲੀ ਮਾਘ ਸਤਿਜੁਗ

ਉਤਮ ਦਿਵਸ ਲਿਖਾ ਕੇ । ਲੇਖ ਲਿਖਾਇਆ ਆਪ ਪ੍ਰਭ, ਕਰੋੜ ਤੇਤੀਸ ਚਰਨ ਬਹਾ ਕੇ । ਲੇਖ ਲਿਖਾਇਆ ਆਪ ਪ੍ਰਭ, ਜਨ ਭਗਤਾਂ ਜਾਏ ਮਾਣ ਦਵਾ ਕੇ । ਲੇਖ ਲਿਖਾਇਆ ਆਪ ਪ੍ਰਭ, ਕਲ ਸਾਚੀ ਜੋਤ ਪਰਗਟਾ ਕੇ । ਲੇਖ ਲਿਖਾਇਆ ਆਪ ਪ੍ਰਭ, ਰਾਓ ਰੰਕ ਇਕ ਕਰਾ ਕੇ । ਲੇਖ ਲਿਖਾਇਆ ਆਪ ਪ੍ਰਭ, ਰਾਓ ਜਾਏ ਭਿਖ ਮੰਗਾ ਕੇ । ਲੇਖ ਲਿਖਾਇਆ ਆਪ ਪ੍ਰਭ, ਸਿੰਘਾਸਣ ਬੈਠੇ ਜੋਤ ਜਗਾ ਕੇ । ਲੇਖ ਲਿਖਾਇਆ ਆਪ ਪ੍ਰਭ, ਘਨਕਪੁਰ ਵਾਸੀ ਕਲੰਕਨਿਹ ਨਾਉਂ ਰਖਾ ਕੇ । ਲੇਖ ਲਿਖਾਇਆ ਆਪ ਪ੍ਰਭ, ਕਲਜੁਗ ਮਿਟਾਏ ਸਤਿਜੁਗ ਸਾਚਾ ਜਾਏ ਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾ ਕੇ । ਲੇਖ ਲਿਖਾਇਆ ਆਪ ਪ੍ਰਭ, ਗੁਰਸਿਖਾਂ ਮਾਣ ਦਵਾਏ । ਲੇਖ ਲਿਖਾਏ ਆਪ ਪ੍ਰਭ, ਬ੍ਰਹਮ ਗਿਆਨ ਦਵਾਏ । ਲੇਖ ਲਿਖਾਇਆ ਆਪ ਪ੍ਰਭ, ਗੁਰਮੁਖ ਜੋਤ ਜਗਾਏ । ਲੇਖ ਲਿਖਾਇਆ ਆਪ ਪ੍ਰਭ, ਸੰਤ ਜਨਾਂ ਦੇ ਵਡਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਪਰਗਟਾਏ । ਸਾਚੇ ਪ੍ਰਭ ਲੇਖ ਲਿਖਾਇਆ । ਗੁਰਮੁਖ ਸਾਚੇ ਪ੍ਰਭ ਸਾਚੇ ਮਾਰਗ ਲਾਇਆ । ਏਕਾ ਸ਼ਬਦ ਰਾਗ ਧੁਨ ਨਾਦ, ਪ੍ਰਭ ਆਤਮ ਵਿਚ ਵਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈ ਜੈਕਾਰ ਕਰਾਇਆ । ਪਹਿਲੀ ਮਾਘ ਸਤਿ ਵਰਤਾਰ । ਪਹਿਲੀ ਮਾਘ ਸਾਧ ਸੰਗਤ ਤੇਰੇ ਭਰੇ ਭੰਡਾਰ । ਪਹਿਲੀ ਮਾਘ ਦਰ ਦਸਾਵੇ ਹਰਿ ਕਾ ਦਵਾਰ । ਪਹਿਲੀ ਮਾਘ ਪ੍ਰਭ ਸਾਚਾ ਅੰਮ੍ਰਿਤ ਬਰਖੇ ਕਿਰਪਾ ਧਾਰ । ਪਹਿਲੀ ਮਾਘ ਚਾਰ ਵਰਨ ਦਸਾਵੇ ਏਕਾ ਦਰਬਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਸਤਿ ਸਤਿ ਕਰਾਏ ਪ੍ਰਭ ਵਰਤਾਰ । ਸਾਚੇ ਪ੍ਰਭ ਨਾਦ ਵਜਾਇਆ । ਸੋਹੰ ਸਾਚਾ ਸ਼ਬਦ ਉਪਜਾਇਆ । ਬਾਵਨ ਰੂਪ ਜੋਤ ਸਰੂਪ ਚਾਰ ਵੇਦ ਸੁਣਾਇਆ । ਤੀਨ ਲੋਕ ਪ੍ਰਭ ਅਬਿਨਾਸ਼ੀ ਜੈ ਜੈਕਾਰ ਕਰਾਇਆ । ਗਣ ਗੰਧਰਬ ਸਿਰ ਫੂਲਨ ਬਰਖਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਧਾਰ ਸਾਧ ਸੰਗਤ ਸਿਰ ਹੱਥ ਟਿਕਾਇਆ । ਸਾਚਾ ਪ੍ਰਭ ਸਦਾ ਬ੍ਰਹਿਮਾਦੀ । ਪਰਗਟੇ ਜੋਤ ਆਦਿ ਜੁਗਾਦੀ । ਏਕਾ ਧੁੰਨ ਉਪਜਾਵੇ ਅਨਾਦੀ । ਸਾਧ ਸੰਗਤ ਰਸਨਾ ਸਦਾ ਅਰਾਧੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸਦਾ ਵਿਸਮਾਦੀ । ਗੁਰਮੁਖ ਸਾਚੇ ਪ੍ਰਭ ਸਦਾ ਸਮਾਏ । ਸਾਚਾ ਪ੍ਰਭ ਪਰਗਟ ਜੋਤ ਦਰਸ ਦਿਖਾਏ । ਸਾਚਾ ਭੇਦ ਸਰਬ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਥਾਈਂ ਰਿਹਾ ਸਮਾਏ । ਸਾਚਾ ਪ੍ਰਭ ਦੇਵੇ ਬ੍ਰਹਮ ਗਿਆਨਾ । ਸਾਚਾ ਪ੍ਰਭ ਦੇਵੇ ਚਰਨ ਧਿਆਨਾ । ਸਾਚਾ ਪ੍ਰਭ ਬਖ਼ਸ਼ੇ ਚਰਨ ਧੂੜ ਇਸ਼ਨਾਨਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸਾਚਾ ਸਤਿਗੁਰ ਸਤਿਜੁਗ ਆਏ । ਨਿਹਕਲੰਕ ਮਾਣ ਦਵਾਏ । ਪਹਿਲੀ ਮਾਘ ਤਿਲਕ ਲਗਾਏ । ਵਿਚ ਲਲਾਟ ਜੋਤ ਜਗਾਏ । ਸਾਚੇ ਸੰਤ ਪ੍ਰਭ ਮਾਣ ਦਵਾਏ । ਚਾਰ ਵਰਨ ਲਾਏ ਸ਼ਰਨਾਏ । ਹੰਕਾਰ ਨਿਵਾਰ ਪ੍ਰਭ ਪਕੜ ਲਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸਤਿ ਕਰਾਏ । ਸਤਿਗੁਰ ਸਾਚਾ ਸਤਿਜੁਗ ਲਾਏ । ਸੰਤ ਮਨੀ ਸਿੰਘ ਸਾਚੀ ਜੋਤ ਪਰਗਟਾਏ । ਸਾਚਾ ਛਤਰ ਉਪਰ ਸੀਸ ਝੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਸਾਚਾ ਮਾਣ ਦਵਾਏ । ਸਾਚੇ ਪ੍ਰਭ ਸਚ ਮਾਣ ਦੁਆਵਣਾ । ਰਾਓ ਰੰਕ ਸਭ ਚਰਨ ਲਗਾਵਣਾ । ਸਾਚਾ ਸ਼ਬਦ ਸਤਿ ਵਰਤਾਵਣਾ । ਨਿਹਕਲੰਕ ਅਵਤਾਰ ਨਰ, ਮਹਾਰਾਜ ਸ਼ੇਰ ਸਿੰਘ ਨਾਉਂ ਧਰਾਵਣਾ । ਸਾਚਾ ਪ੍ਰਭ ਸਚ ਦੇ ਵਡਿਆਈ । ਸਾਚੀ ਵਸਤ ਸਚ ਦਰ ਤੇ ਪਾਈ । ਪ੍ਰਭ ਅਬਿਨਾਸ਼ੀ ਕਲ ਸੇਵ ਕਮਾਈ । ਦਿਵਸ ਰੈਣ ਕਲਮ ਚਲਾਈ । ਲਿਖਤ

ਲੇਖ ਅਪਾਰ ਕਰ, ਪੂਰਨ ਘਾਲ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਮਾਣ ਦਵਾਈ । ਪੂਰਨ ਘਾਲ ਸੰਤ ਜਨ ਘਾਲੀ । ਦੇਵੇ ਜੋਤ ਪ੍ਰਭ ਬਨਵਾਲੀ । ਪਰਗਟੇ ਜੋਤ ਹਿੰਦ ਬਾਗ਼ ਦਾ ਮਾਲੀ । ਰੱਖੇ ਲਾਜ ਆਪ ਪਤਿ ਰਖਵਾਲੀ । ਸਾਚਾ ਦਰ ਦਰਬਾਰ ਸਾਧ ਸੰਗਤ ਦਰ ਖੜ੍ਹੀ ਸਵਾਲੀ । ਪੂਰਨ ਭਰੇ ਭੰਡਾਰ ਪ੍ਰਭ ਕੋਏ ਨਾ ਜਾਏ ਦਰ ਤੋਂ ਖਾਲੀ । ਪਹਿਲੀ ਮਾਘ ਪ੍ਰਭ ਜਾਏ ਤਾਰ, ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਰਖਵਾਲੀ । ਪੂਰਨ ਸੰਤ ਪ੍ਰਭ ਸੇਵ ਕਰ । ਲਿਖਤ ਲੇਖ ਲੇਖ ਲਿਖਤ ਜਗਤ ਧਰ । ਦੁਖ ਭੁਖ ਦੇਹ ਉਤੇ ਜਰ । ਪ੍ਰਭ ਅਬਿਨਾਸ਼ੀ ਸੇਵ ਗਿਆ ਕਰ । ਰਾਜੇ ਰਾਣਿਆਂ ਕੋਲੋਂ ਨਾ ਗਿਆ ਡਰ । ਏਕਾ ਓਟ ਨਿਹਕਲੰਕ ਅਵਤਾਰ ਨਰ । ਸੰਤ ਮਨੀ ਸਿੰਘ ਗਿਆ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੂਝਿਆ ਸਾਚਾ ਦਰ । ਸੇਵਾ ਸਾਚੀ ਪੂਰਨ ਘਾਲਾ । ਪ੍ਰਭ ਸਾਚਾ ਕਰੇ ਆਪ ਪ੍ਰਿਤਪਾਲਾ । ਸਤਿਜੁਗ ਸਾਚੇ ਪ੍ਰਭ ਸਾਚਾ ਹੋਏ ਰਖਵਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਮਾਲਾ । ਸਾਚਾ ਨਾਮ ਪ੍ਰਭ ਦੇਵੇ ਦਾਨਾ । ਜਗਾਏ ਜੋਤ ਵਿਸ਼ਨੂੰ ਭਗਵਾਨਾ । ਸਾਧ ਸੰਗਤ ਸਦ ਬਲ ਬਲ ਜਾਣਾ । ਵਡ ਦਾਤਾ ਵਡ ਬਖ਼ਸ਼ੇ ਗੁਣ ਗੁਣੀ ਨਿਧਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖਾਂ ਸਦਾ ਸਮਾਨਾ । ਸਾਚੇ ਪ੍ਰਭ ਦਾਨ ਦਰ ਦੀਆ । ਮਿਲਿਆ ਫਲ ਜੋ ਕਲ ਕੀਆ । ਸਾਚਾ ਨਾਮ ਪ੍ਰਭ ਦਰ ਪੀਆ । ਨਿਰਮਲ ਹੋਇਆ ਕਲਜੁਗ ਜੀਆ । ਆਤਮ ਜੋਤ ਜਗਾਏ ਪ੍ਰਭ ਸਾਚਾ ਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਕਿਛ ਵਰਤੇ ਆਪਣਾ ਕੀਆ । ਕਰੇ ਕਰਾਏ ਆਪ ਪ੍ਰਭ, ਸਰਬ ਕਲਾ ਸਮਰਥ । ਖੇਲ ਕਰਾਏ ਆਪ ਪ੍ਰਭ, ਸਭ ਕਿਛ ਰੱਖੇ ਹੱਥ । ਵੇਖ ਵਖਾਏ ਆਪ ਪ੍ਰਭ, ਸ਼ਬਦ ਸਰੂਪੀ ਪਾਏ ਨੱਥ । ਭਰਮ ਚੁਕਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਮਹਿੰਮਾ ਸਦਾ ਅਕਥ । ਭਰਮ ਨਿਵਾਰ ਪ੍ਰਭ ਭਉ ਚੁਕਾਏ । ਹਰਿ ਕਾ ਦਵਾਰ ਪ੍ਰਭ ਦੇ ਵਖਾਏ । ਕਿਰਪਾ ਧਾਰ ਜਨ ਦਇਆ ਕਮਾਏ । ਵਿਚ ਸੰਸਾਰ ਸਾਚਾ ਮਾਣ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਸੋ ਜਨ ਪਾਏ । ਦੇਵਨ ਕੋ ਪ੍ਰਭ ਏਕ ਦਾਤਾਰਾ । ਮੰਗਣ ਖੜ੍ਹੇ ਕੋਟ ਦਵਾਰਾ । ਸਾਚਾ ਪ੍ਰਭ ਵਡ ਭਤਾਰਾ । ਕੋਟ ਰੂਪ ਪਸਰਿਆ ਵਿਚ ਸੰਸਾਰਾ । ਗੁਣ ਨਿਧਾਨ ਸਰਬ ਸੁਖ ਦਾਤਾ, ਗੁਰਮੁਖ ਵਿਰਲਾ ਜਾਣੇ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਦਸਾਵੇ ਹਰਿ ਕਾ ਦਵਾਰਾ । ਸਾਚਾ ਪ੍ਰਭ ਸਚ ਥਾਨ ਸੁਹਾਏ । ਸਾਚੀ ਜੋਤ ਵਿਚ ਟਿਕਾਏ । ਆਪਣਾ ਭੇਵ ਵਡ ਦੇਵੀ ਦੇਵ ਸਰਬ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਸਚ ਚਲਾਏ । ਉਠ ਜੀਵ ਜਾਗ, ਪ੍ਰਭ ਕਲ ਵਿਚ ਆਇਆ । ਉਠ ਜੀਵ ਜਾਗ, ਵੇਲਾ ਅੰਤ ਪ੍ਰਭ ਅੰਤ ਕਰਾਇਆ । ਉਠ ਜੀਵ ਜਾਗ, ਕਿਉਂ ਮਾਇਆ ਭਰਮ ਭੁਲਾਇਆ । ਉਠ ਜੀਵ ਜਾਗ, ਕਿਉਂ ਆਪਣਾ ਮੂਲ ਗਵਾਇਆ । ਉਠ ਜੀਵ ਜਾਗ, ਕਰ ਦਰਸ ਪ੍ਰਭ ਰਘੁਰਾਇਆ । ਉਠ ਜੀਵ ਜਾਗ, ਆਤਮ ਤਿਆਗ ਮਦਿਰਾ ਮਾਸ ਜੋ ਆਹਾਰ ਬਣਾਇਆ । ਉਠ ਜੀਵ ਜਾਗ, ਪ੍ਰਭ ਚਰਨੀ ਲਾਗ ਕਰ ਦਰਸ ਆਤਮ ਸੁਖ ਪਾਇਆ । ਰਾਗਨ ਰਾਗ, ਪ੍ਰਭ ਸੋਹੰ ਸਾਚਾ ਰਾਗ ਉਪਜਾਇਆ । ਉਠ ਜੀਵ ਜਾਗ, ਪਹਿਲੀ ਮਾਘ ਪ੍ਰਭ ਸਾਚਾ ਸ਼ਬਦ ਸੁਣਾਇਆ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜਗਤ ਪਿਤ ਆਇਆ । ਉਠ ਜੀਵ ਜਾਗ, ਪ੍ਰਭ ਭਏ ਕਿਰਪਾਲਾ । ਉਠ ਜੀਵ ਜਾਗ, ਕਰ ਦਰਸ ਪ੍ਰਭ ਦੀਨ ਦਿਆਲਾ । ਉਠ ਜੀਵ ਜਾਗ, ਜਗਤ ਪਿਤ ਆਪ ਰਖਵਾਲਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਕਰ ਦਰਸ, ਆਤਮ ਜੋਤ ਜਗਾਏ

ਜਿਉਂ ਜਵਾਲਾ । ਪੰਚਮ ਪੰਚਮ ਪੰਚਮ, ਪ੍ਰਭ ਪੰਚਮ ਆਇਆ । ਪੰਚਮ ਪੰਚਮ ਪੰਚਮ, ਪ੍ਰਭ ਪੰਚਮ ਰਾਗ ਅਲਾਇਆ । ਪੰਚਮ ਪੰਚਮ ਪੰਚਮ, ਪ੍ਰਭ ਪੰਚਮ ਜੋਤ ਜਗਾਇਆ । ਪੰਚਮ ਪੰਚਮ ਪੰਚਮ, ਪ੍ਰਭ ਪੰਚਮ ਸ਼ਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਪੰਚਮ ਹੱਥ ਫੜਾਇਆ । ਪੰਚਮ ਦੇਵੇ ਪ੍ਰਭ ਸਿਕਦਾਰੀ । ਪੰਚਮ ਦੇਵੇ ਵਡ ਵਡ ਸਰਦਾਰੀ । ਪੰਚਮ ਕਰਾਏ ਜਗਤ ਵਿਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਕਾਰੀ । ਸਤਿਜੁਗ ਤੇਰੀ ਵਡ ਵਡਿਆਇਆ । ਪੰਚਮ ਪ੍ਰਭ ਮੁਖ ਰਖਾਇਆ । ਰੰਗ ਰੰਗ ਰੰਗ ਪ੍ਰਭ ਸਾਚੇ ਲਾਇਆ । ਮੰਗ ਮੰਗ ਮੰਗ, ਦਾਨ ਪ੍ਰਭ ਸਾਚੇ ਝੋਲੀ ਪਾਇਆ । ਅੰਗ ਅੰਗ ਅੰਗ, ਗੁਰਮੁਖ ਸਾਚਾ ਅੰਗ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਬਿਰਦ ਰਖਾਇਆ । ਆਪਣਾ ਬਿਰਦ ਪ੍ਰਭ ਸੰਭਾਰਿਆ । ਜੋਤ ਸਰੂਪੀ ਜਾਮਾ ਧਾਰਿਆ । ਏਕਾ ਅੰਕ ਨਰਾਇਣ ਨਰ ਅਵਤਾਰਿਆ । ਸੋਹੰ ਸਾਚਾ ਡੰਕ, ਚਾਰ ਕੁੰਟ ਧੁਨਕਾਰਿਆ । ਪ੍ਰਭ ਸੁਣਾਏ ਰਾਓ ਰੰਕ, ਇਕ ਦਰ ਦਿਸੇ ਦਰਬਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਸਤਿਜੁਗ ਭੰਡਾਰਿਆ । ਏਕਾ ਦਰ ਏਕਾ ਦਰਬਾਰਾ । ਏਕਾ ਨਾਮ ਏਕਾ ਅਧਾਰਾ । ਏਕਾ ਜੋਤ ਨਿਹਕਲੰਕ, ਨਰਾਇਣ ਨਰ ਅਵਤਾਰਾ । ਏਕਾ ਸ਼ਬਦ ਏਕਾ ਧੁਨਕਾਰਾ । ਪਹਿਲੀ ਮਾਘ ਸਾਧ ਸੰਗਤ ਪ੍ਰਭ ਭਰਮ ਨਿਵਾਰਨਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਵਰਤਾਵੇ ਚਲਾਵੇ ਸਚ ਭੰਡਾਰਾ । ਏਕਾ ਸ਼ਬਦ ਪ੍ਰਭ ਚਲਾਏ । ਚਾਰ ਵਰਨ ਪ੍ਰਭ ਸੁਣਾਏ । ਸਾਚਾ ਬ੍ਰਹਮ ਗਿਆਨ ਦੁਆਏ । ਗੁਰਮੁਖ ਸਾਚੇ ਪ੍ਰਭ ਆਤਮ ਦਰਸ ਦਿਖਾਏ । ਜੋ ਜਨ ਰਸਨਾ ਸੋਹੰ ਵਾਚੇ, ਪ੍ਰਭ ਆਤਮ ਸਾਚੀ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਤੇਰਾ ਲਹਿਣਾ ਜਗਤ ਮੁਕਾਏ । ਰਸਨਾ ਜਪ ਰਸਨ ਰਸਈਆ । ਸੋਹੰ ਚਲਾਈ ਪ੍ਰਭ ਸਾਚੀ ਨੱਈਆ । ਸੋਹੰ ਸਾਚਾ ਸ਼ਬਦ ਜਪਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਪਾਰਾ ਵਈਆ । ਅੰਤ ਨਾ ਜਾਣੇ ਪ੍ਰਭ ਕਾ ਕੋਏ । ਪ੍ਰਭ ਅਬਿਨਾਸ਼ੀ ਜੁਗੋ ਜੁਗ ਹੋਏ । ਸਾਚੀ ਜੋਤ ਜਗਤ ਬਿਲੋਏ । ਜੋਤ ਪਰਕਾਸ਼ ਕਰੇ ਤ੍ਰੈਲੋਏ । ਏਕਾ ਆਕਾਰ ਜੁਗੋ ਜੁਗ ਹੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਜਾਣੇ ਕੋਏ । ਜੋਤ ਜਗਾਏ ਜਗਤ ਪ੍ਰਭ, ਭਰਮ ਭੁਲੇਖਾ ਲਾਹ । ਜੋਤ ਜਗਾਏ ਜਗਤ ਪ੍ਰਭ, ਕਲਜੁਗ ਜੀਵ ਲਏ ਭੁਲਾ । ਜੋਤ ਜਗਾਏ ਜਗਤ ਪ੍ਰਭ, ਆਪਣਾ ਆਪ ਰਿਹਾ ਛੁਪਾ । ਜੋਤ ਜਗਾਏ ਪਰਗਟਾਏ ਆਪ ਪ੍ਰਭ, ਝੂਠੀ ਦੇਹ ਤਜਾ । ਜੋਤ ਜਗਾਏ ਆਪ ਪ੍ਰਭ, ਵਿਚ ਸਾਚੇ ਸਿੱਖ ਰਿਹਾ ਸਮਾ । ਜੋਤ ਜਗਾਏ ਆਪ ਪ੍ਰਭ, ਨਾੜੀ ਬਹੱਤਰ ਬੰਦ ਦਏ ਕਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਸਾਚੇ ਵਿਚ ਡੇਰਾ ਲਾ । ਨਿਹਕਲੰਕ ਕਲ ਖੇਲ ਨਿਆਰਾ । ਜੋਤ ਸਰੂਪ ਕੀਆ ਪਸਾਰਾ । ਭੇਖ ਧਾਰ ਭੁਲਾਇਆ ਸਰਬ ਸੰਸਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਤੇਰਾ ਅੰਤ ਨਾ ਪਾਰਾਵਾਰਾ । ਕਲਜੁਗ ਭੇਖ ਪ੍ਰਭ ਸਾਚੇ ਧਾਰਿਆ । ਜੋਤ ਸਰੂਪੀ ਖੇਲ ਰਚਾ ਲਿਆ । ਗੁਰਸਿਖ ਸਾਚੇ ਵਿਚ ਜੋਤ ਸਰੂਪੀ ਸਮਾ ਰਿਹਾ । ਕਲਜੁਗ ਝੂਠਾ ਅੰਧ ਅੰਧਿਆਰ, ਪ੍ਰਭ ਸਾਚਾ ਦਿਸ ਨਾ ਆ ਰਿਹਾ । ਗੁਰਮੁਖ ਸਾਚੇ ਆਤਮ ਜੋਤ ਉਜਿਆਰ, ਪ੍ਰਭ ਸੋਹੰ ਨਾਮ ਜਪਾ ਰਿਹਾ । ਮਹਾਰਾਜ ਸ਼ੇਰ ਸਿੰਘ ਭਰੇ ਭੰਡਾਰ, ਪਹਿਲੀ ਮਾਘ ਵਕ਼ਤ ਸੁਹਾ ਲਿਆ । ਪਹਿਲੀ ਮਾਘ ਪ੍ਰਭ ਭਰੇ ਭੰਡਾਰ । ਦੇਵਨ ਕੋ ਪ੍ਰਭ ਏਕ ਦਾਤਾਰ । ਸ੍ਰਿਸ਼ਟ ਸਬਾਈ ਖੜ੍ਹੀ ਪ੍ਰਭ ਦਰਬਾਰ । ਦੇਵੇ ਦਰਸ ਦਾਨ ਸੋਹੰ ਸ਼ਬਦ ਕਰੇ ਵਰਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,

ਸਾਧ ਸੰਗਤ ਜਾਏ ਤਾਰ । ਸਚ ਦਰਬਾਰ ਪ੍ਰਭ ਦਰਬਾਰੀ । ਸੱਚਾ ਪ੍ਰਭ ਸ਼ਬਦ ਪਸਾਰੀ । ਜੋਤ ਨਿਰੰਜਣ ਨਿਹਕਲੰਕ ਵਿਚ ਮਾਤ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਕੀਤੀ ਖੇਲ ਨਿਆਰੀ । ਅਚਰਜ ਖੇਲ ਕਲਜੁਗ ਪ੍ਰਭ ਕੀਆ । ਜੋਤ ਸਰੂਪੀ ਜਗਾਇਆ ਦੀਆ । ਪਰਗਟ ਜੋਤ ਨਿਹਕਲੰਕ ਸਤਿਜੁਗ ਰਖਾਈ ਸਾਚੀ ਨੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਿਰਮਲ ਕੀਆ ਜੀਆ । ਸਾਚਾ ਪ੍ਰਭ ਨੈਣ ਮੁਧਾਰੀ । ਸਾਚਾ ਪ੍ਰਭ ਭਗਤ ਉਧਾਰੀ । ਸਾਚਾ ਪ੍ਰਭ ਕ੍ਰਿਸ਼ਨ ਮੁਰਾਰੀ । ਸਾਚਾ ਪ੍ਰਭ ਰਾਮ ਅਵਤਾਰੀ । ਸਾਚਾ ਪ੍ਰਭ ਬਾਵਨ ਭੇਖ ਧਾਰੀ । ਸਾਚਾ ਪ੍ਰਭ ਕਲਜੁਗ ਜਾਮਾ ਧਾਰੇ ਨਿਹਕਲੰਕ ਅਵਤਾਰੀ । ਸਾਚਾ ਪ੍ਰਭ ਬੇਮੁਖਾਂ ਕਰੇ ਖੁਆਰੀ । ਸਾਚਾ ਪ੍ਰਭ ਚਾਰ ਵਰਨ ਏਕਾ ਜੋਤ ਕਰੇ ਉਜਿਆਰੀ । ਸਾਚਾ ਪ੍ਰਭ ਸੋਹੰ ਦੇਵੇ ਸ਼ਬਦ ਅਧਾਰੀ । ਸਾਚਾ ਪ੍ਰਭ ਗੁਣ ਨਿਧਾਨ ਨਰ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸੋਹਣ ਚਰਨ ਦਵਾਰੀ । ਸਾਚਾ ਪ੍ਰਭ ਸਚ ਘਰ ਆਇਆ । ਸਾਚਾ ਪ੍ਰਭ ਪਰਗਟ ਜੋਤ ਸਚ ਥਾਨ ਸੁਹਾਇਆ । ਸਾਚਾ ਪ੍ਰਭ ਨਿਹਕਲੰਕ ਜੋਤ ਸਰੂਪੀ ਭੇਖ ਵਟਾਇਆ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਹੋਏ ਸਹਾਇਆ । ਸਤਿਗੁਰ ਸਾਚਾ ਸਚ ਦਰਬਾਰ । ਸਤਿਗੁਰ ਸਾਚਾ ਸਚ ਵਰਤੇ ਵਰਤਾਰ । ਸਤਿਗੁਰ ਸਾਚਾ ਸਾਧ ਸੰਗਤ ਜਾਏ ਤਾਰ । ਸਤਿਗੁਰ ਸਾਚਾ ਸ਼ਬਦ ਚਲਾਏ ਅਪਰ ਅਪਾਰ । ਸਤਿਗੁਰ ਸਾਚਾ ਗੁਰਸਿਖ ਤਾਰੇ ਕਰ ਨਿਗਮ ਵਿਚਾਰ । ਸਤਿਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ । ਸਾਚਾ ਪ੍ਰਭ ਸਰਬ ਕਾ ਗਿਆਤਾ । ਸਾਚਾ ਪ੍ਰਭ ਵਡ ਦਾਨੀ ਦਾਤਾ । ਸਾਚਾ ਪ੍ਰਭ ਭਗਤ ਜਨਾਂ ਪਿਤ ਮਾਤਾ । ਸਾਚਾ ਪ੍ਰਭ ਆਪਣੇ ਰੰਗ ਰਾਤਾ । ਸਾਚਾ ਪ੍ਰਭ ਕਲਜੁਗ ਪਰਗਟਿਆ ਪੁਰਖ ਬਿਧਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਸਾਚਾ ਨਾਤਾ । ਚਰਨ ਪੜੇ ਜੋ ਜਨ ਆਏ । ਸ਼ਰਨ ਪੜੇ ਦੀ ਲਾਜ ਰਖਾਏ । ਚਰਨ ਧੂੜ ਜਨ ਮਸਤਕ ਲਾਏ । ਲਿਖਿਆ ਲੇਖ ਪ੍ਰਭ ਦਏ ਮਿਟਾਏ । ਸਾਚਾ ਪ੍ਰਭ ਦੇ ਲੇਖ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਧਾਰ ਨਿਹਕਲੰਕ ਬਹੱਤਰ ਜਾਮੇ ਲਿਖਤ ਕਰਾਏ । ਸਾਚੇ ਪ੍ਰਭ ਵਡ ਕਰਮ ਕਮਾਵਣਾ । ਭਗਤ ਜਨਾਂ ਲੇਖ ਲਿਖਾਵਣਾ । ਚਾਰ ਵਰਨ ਚਾਰ ਜੁਗ ਮਾਣ ਦੁਆਵਣਾ । ਨਿਹਕਲੰਕ ਅਵਤਾਰ ਨਰ, ਪ੍ਰਭ ਅਬਿਨਾਸ਼ੀ ਆਪ ਅਖਵਾਵਣਾ । ਝੂਠੀ ਸ੍ਰਿਸ਼ਟ ਸਰਬ ਭੁਲਾਵਣਾ । ਮਹਾਰਾਜ ਸ਼ੇਰ ਸਿੰਘ ਕਲਜੁਗ ਵਿਰਲੇ ਗੁਰਮੁਖ ਗਾਵਣਾ । ਬੇਮੁਖਾਂ ਪ੍ਰਭ ਦਿਸ ਨਾ ਆਏ । ਗੁਰਮੁਖਾਂ ਪ੍ਰਭ ਰਿਹਾ ਸਮਾਏ । ਦਿਵਸ ਰੈਣ ਰੈਣ ਦਿਵਸ, ਗੁਰਸਿਖ ਸਾਚੇ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਇਆ ਕਮਾਏ । ਗੁਰਸਿਖ ਸੋਏ ਗੁਰ ਸਾਚਾ ਜਾਗਾ । ਆਲਸ ਨਿੰਦਰਾ ਪ੍ਰਭ ਦਰ ਤੋਂ ਭਾਗਾ । ਸਾਚਾ ਸ਼ਬਦ ਪ੍ਰਭ ਉਪਜਾਵੇ ਅਨਰਾਗਾ । ਅਨਹਦ ਧੁਨ ਪ੍ਰਭ ਵਜਾਏ ਵਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤਰਾਏ ਪਹਿਲੀ ਮਾਘਾ । ਪਹਿਲੀ ਮਾਘ ਤੇਰੀ ਸਤਿ ਕਮਾਈ । ਸਤਿ ਪੁਰਖ ਨਿਰੰਜਣ ਤੇਰੀ ਜੋਤ ਜਗਾਈ । ਸਤਿਜੁਗ ਸਾਚੇ ਪ੍ਰਭ ਸਾਚਾ ਜਾਏ ਮਾਣ ਦੁਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੇਵੇ ਵਡਿਆਈ । ਸਾਚਾ ਪ੍ਰਭ ਦੇ ਵਡਿਆਇਆ । ਸਤਿਜੁਗ ਸਾਚੇ ਮਾਣ ਦੁਆਇਆ । ਪਹਿਲੀ ਮਾਘ ਜਨਮ ਦੁਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਿਆ ਆਪ ਦਾਈ ਦਾਇਆ । ਗੁਰਮੁਖਾਂ ਜੋਤ ਜਗਾਏ, ਪ੍ਰਭ ਸਾਚਾ ਭੂਪ । ਗੁਰਮੁਖ ਸਾਚੇ ਪ੍ਰਭ ਰਿਹਾ ਸਮਾਏ, ਨਾ ਦੀਸੇ ਰੰਗ ਰੂਪ । ਗੁਰਮੁਖ ਸਾਚੇ

ਦਰਸ ਦਿਖਾਏ, ਪ੍ਰਭ ਪਰਗਟ ਜੋਤ ਜੋਤ ਸਰੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਉਜਿਆਰ ਵਿਚ ਦੇਹ ਅੰਧ ਕੂਪ । ਜੋਤ ਸਰੂਪ ਪ੍ਰਭ ਪਰਕਾਸ਼ਿਆ । ਅਗਿਆਨ ਅੰਧੇਰ ਗੁਰਸਿਖ ਨਾਸਿਆ । ਸਾਚਾ ਸ਼ਬਦ ਹਿਰਦੇ ਵਾਸਿਆ । ਸੋਹੰ ਜਪ ਸਵਾਸ ਸਵਾਸਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਦੇਵੇ ਨਾਮ ਭਰਵਾਸਿਆ । ਸਾਚੀ ਧੁੰਨ ਸਚੀ ਧੁਨਕਾਰ । ਸੋਹੰ ਸ਼ਬਦ ਪ੍ਰਭ ਕਰਾਏ ਜੈ ਜੈ ਜੈਕਾਰ । ਬੇਮੁਖਾਂ ਪ੍ਰਭ ਮਾਰੇ ਕਰ ਖੁਆਰ । ਗੁਰਮੁਖਾਂ ਦੇਵੇ ਦਰਸ ਅਗੰਮ ਅਪਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਤੇਰਾ ਸਹਾਰ । ਕਲਜੁਗ ਆਇਆ ਕ੍ਰਿਸ਼ਨ ਮੁਰਾਰਾ । ਛੱਡਿਆ ਝੂਠਾ ਦੇਹ ਮੁਨਾਰਾ । ਜੋਤ ਸਰੂਪੀ ਪਸਰ ਪਸਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਕਰੇ ਵਰਤਾਰਾ । ਸਾਚੇ ਪ੍ਰਭ ਤੇਰੀ ਸਾਚੀ ਕਲ । ਵੇਲਾ ਅੰਤ ਨਾ ਜਾਏ ਟਲ । ਆਵੇ ਵਕਤ ਨਾ ਲਾਵੇ ਘੜੀ ਪਲ । ਸ੍ਰਿਸ਼ਟ ਸਬਾਈ ਜਾਏ ਹਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਅਚਲ । ਪ੍ਰਭ ਸਾਚੇ ਕਾ ਸਾਚਾ ਖੇਲ । ਗੁਰਸਿਖ ਤੇਰਾ ਸਾਚਾ ਮੇਲ । ਜੋਤ ਜਗੇ ਬਿਨ ਬਾਤੀ ਤੇਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸੱਜਣ ਸੁਹੇਲ । ਸਾਚੇ ਧਾਮ ਪ੍ਰਭ ਸੁਹਾਇਆ । ਪਰਗਟ ਜੋਤ ਜੋਤ ਜਗਾਇਆ । ਜੋਤ ਸਰੂਪੀ ਪ੍ਰਭ ਸਾਚੇ ਮੇਲ ਮਿਲਾਇਆ । ਧੰਨ ਧੰਨ ਧੰਨ ਸਿੰਘ ਪਾਲ ਚਲ ਪ੍ਰਭ ਸ਼ਰਨੀ ਆਇਆ । ਪ੍ਰਭ ਅਬਿਨਾਸ਼ੀ ਕਿਰਪਾ ਨਿਧ, ਤੇਰੇ ਸੀਸ ਛਤਰ ਝੁਲਾਇਆ । ਤੇਰੇ ਕਾਰਜ ਕੀਨੇ ਸਿਧ, ਸਿਰ ਤੇਰੇ ਹੱਥ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਾਣ ਸਵਾਇਆ । ਆਵਣ ਜਾਣ ਪ੍ਰਭ ਭੇਦ ਚੁਕਾਈ । ਏਕਾ ਜੋਤ ਚਾਰ ਜੁਗ ਵਿਚ ਬ੍ਰਹਿਮੰਡ ਜਗਾਈ । ਸਾਚੇ ਪ੍ਰਭ ਸਾਚੀ ਦਾਤ ਤੇਰੀ ਝੋਲੀ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਹੱਥ ਫੜਾਈ । ਗੁਰਸਿਖ ਪ੍ਰਭ ਚਰਨ ਹਜ਼ੂਰ । ਸਾਧ ਸੰਗਤ ਨਾ ਦਿਸੇ ਦੂਰ । ਮਸਤਕ ਲਾਏ ਚਰਨ ਧੂੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਰੰਗ ਚੜ੍ਹਾਏ ਗੂੜ੍ਹ । ਸਾਚਾ ਦਰਬਾਰ ਵਿਚ ਮਾਤ ਲਗਾਇਆ । ਸਰਬ ਘਟ ਵਾਸੀ ਖਿਚ ਚਰਨ ਬਹਾਇਆ । ਸੁਰ ਨਰ ਮੁਨ ਜਨ ਪ੍ਰਭ ਸੇਵ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਤੇਰੇ ਛਤਰ ਝੁਲਾਇਆ । ਸਾਚਾ ਪ੍ਰਭ ਸਾਚਾ ਨੂਰੇ । ਦੇ ਦਰਸ ਆਤਮ ਕਰੇ ਭਰਪੂਰੇ । ਗੁਰਸਿਖ ਸਾਚਾ ਪ੍ਰਭ ਸਾਚਾ ਸਰਧਾ ਪੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਨਹਦ ਸ਼ਬਦ ਵਜਾਵੇ ਤੂਰੇ । ਅਨਹਦ ਸ਼ਬਦ ਤੇਰੀ ਧੁਨਕਾਰ । ਮਾਤਲੋਕ ਹੋਏ ਉਜਿਆਰ । ਬੈਕੁੰਠ ਨਿਵਾਸੀ ਆਏ ਵਿਚ ਦਰਬਾਰ । ਚਰਨ ਧੂੜ ਗੁਰਸੰਗਤ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਮਾਤਲੋਕ ਆਇਆ ਜਾਮਾ ਧਾਰ । ਸਾਚਾ ਪ੍ਰਭ ਸਚ ਦਰਬਾਰਾ । ਸਾਚਾ ਪ੍ਰਭ ਪਹਿਲੀ ਮਾਘ ਗੁਰਸਿਖਾਂ ਦੇਵੇ ਮੋਖ ਦਵਾਰਾ । ਸਾਚਾ ਪ੍ਰਭ ਦੇਵੇ ਦਰਸ ਅਗੰਮ ਅਪਾਰਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਮੁਕਤ ਦਵਾਰਾ । ਸਾਚਾ ਪ੍ਰਭ ਮੁਕਤ ਦਵਾਰੀ । ਸਾਚਾ ਪ੍ਰਭ ਦੁਤਰ ਤਾਰੀ । ਸਾਚਾ ਪ੍ਰਭ ਕਲ ਪਾਰ ਉਤਾਰੀ । ਸਾਚਾ ਪ੍ਰਭ ਗੁਰਸਿਖ ਤੇਰੀ ਜਾਏ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਜੋਤ ਉਜਿਆਰੀ । ਪਰਗਟੇ ਜੋਤ ਪ੍ਰਭ ਅਬਿਨਾਸ਼ਾ । ਮਾਤਲੋਕ ਕੀਆ ਪਰਕਾਸ਼ਾ । ਸਾਧ ਸੰਗਤ ਪ੍ਰਭ ਕੀਆ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਦਾਸਨ ਦਾਸਾ । ਗੁਰਸਿਖ ਤੇਰੀ ਉਤਮ ਜਾਤੀ । ਜੋਤ ਜਗਾਈ ਲਾ ਆਤਮ ਬਾਤੀ । ਦੇਵੇ ਦਰਸ ਪ੍ਰਭ ਸੁੱਤਿਆਂ ਰਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਸੁਖ ਦਾਤੀ । ਗੁਰਮੁਖ ਸਾਚੇ ਪ੍ਰਭ

੬੦੭
੦੧

ਦਰਸ ਦਿਖਾਏ । ਜੋਤ ਸਰੂਪ ਪ੍ਰਭ ਨਜ਼ਰੀ ਆਏ । ਚਰਨ ਧੂੜ ਪ੍ਰਭ ਦੇਵੇ ਮਸਤਕ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਦਇਆ ਕਮਾਏ । ਪ੍ਰਭ ਸਾਚਾ ਅਗੰਮ ਅਥਾਹ । ਜੋਤ ਜਗਾਏ ਨਿਹਕਲੰਕ ਪ੍ਰਭ ਸਾਚਾ ਬੇਪਰਵਾਹ । ਸੋਹੰ ਵਜਾਏ ਸਾਚਾ ਡੰਕ, ਸਾਚਾ ਸ਼ਬਦ ਧਰਾਏ ਨਾਂ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਥਾਏਂ ਗੁਰਸਿਖਾਂ ਹੋਏ ਸਹਾ । ਸਾਚੇ ਪ੍ਰਭ ਸਚ ਘਰ ਆ । ਸਾਚਾ ਸ਼ਬਦ ਪ੍ਰਭ ਜਾਏ ਵਰਤਾ । ਭਗਤ ਵਛਲ ਪ੍ਰਭ ਗਿਰਧਾਰ ਸਾਚਾ ਸਮਾਂ ਜਾਏ ਸੁਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਜਾਏ ਦਰਸ ਦਿਖਾ । ਵਰਤਾਵਣਹਾਰ ਪ੍ਰਭ ਅਕੇਲਾ । ਗੁਣ ਨਿਧਾਨ ਗੁਣੀ ਗਹੇਲਾ । ਵਿਛੜਿਆਂ ਪ੍ਰਭ ਅੰਤ ਕਰਾਇਆ ਮੇਲਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅਚਰਜ ਖੇਲ ਜਗਤ ਵਿਚ ਖੇਲਾ । ਸਾਚੇ ਪ੍ਰਭ ਮੇਲ ਮਿਲਾਇਆ । ਸਾਧ ਸੰਗਤ ਭਰਮ ਚੁਕਾਇਆ । ਸਚ ਘਰ ਵਾਸੀ ਆਪਣਾ ਭੇਦ ਖੁਲ੍ਹਾਇਆ । ਘਨਕਪੁਰ ਵਾਸੀ, ਆਤਮ ਰੰਗ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਅਲਾਇਆ । ਸਾਚਾ ਸ਼ਬਦ ਸਤਿ ਵਰਤਾਵਣਾ । ਸਤਿ ਪੁਰਖਾਂ ਪ੍ਰਭ ਮਾਣ ਦੁਆਵਣਾ । ਸਾਚੇ ਮਾਰਗ ਪ੍ਰਭ ਸਾਚੇ ਲਾਵਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦਿਵਸ ਰਾਤ ਨਾ ਦੇਵੇ ਸਵਣਾ । ਸਾਚੇ ਪ੍ਰਭ ਤੇਰੀ ਸਾਚੀ ਸਾਰ । ਕਰ ਕਿਰਪਾ ਸਾਚਾ ਬਖ਼ਸ਼ੇ ਨਾਮ ਅਧਾਰ । ਜੋ ਜਨ ਆਏ ਚਲ ਪ੍ਰਭ ਪਗ, ਪ੍ਰਭ ਦੇਵੇ ਮੋਖ ਦਵਾਰ । ਆਤਮ ਮਿਟਾਏ ਸਾਰੀ ਹਰਸ, ਜਾਏ ਭਰਮ ਨਿਵਾਰ । ਅੰਮ੍ਰਿਤ ਮੇਘ ਪ੍ਰਭ ਸਾਚਾ ਬਰਸ, ਆਤਮ ਭਰੇ ਭੰਡਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਸੁੱਚ ਕਰੇ ਵਰਤਾਰ । ਗੁਰਮੁਖ ਸਾਚੇ ਤੇਰਾ ਮਾਣ । ਪਾਰਬ੍ਰਹਮ ਸੋਹੰ ਸ਼ਬਦ ਚਾਰ ਵਰਨ ਪਾਏ ਆਣ । ਨਿਹਕਲੰਕ ਵਕਤ ਸੁਹਾਏ ਇਕ ਕਰਾਏ ਰੰਕ ਰਾਜਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਕਰੇ ਧਿਆਨ । ਥਾਨ ਸੁਹਾਏ ਆਣ ਪ੍ਰਭ, ਸਾਚੀ ਜੋਤ ਪ੍ਰਗਟਾ । ਥਾਨ ਸੁਹਾਏ ਆਣ ਪ੍ਰਭ, ਸਾਚੀ ਕਾਰ ਵਰਤਾ । ਥਾਨ ਸੁਹਾਏ ਆਣ ਪ੍ਰਭ, ਸੁਖ ਆਸਣ ਚਰਨ ਲਗਾ । ਥਾਨ ਸੁਹਾਏ ਆਣ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਾਏ ਦਰਸ ਦਿਖਾ । ਸਾਚੇ ਪ੍ਰਭ ਥਾਨ ਸੁਹਾਇਆ । ਜੋਤ ਸਰੂਪੀ ਭੇਖ ਧਰ, ਚਰਨ ਮਾਤ ਵਿਚ ਪਾਇਆ । ਸਾਚਾ ਥਾਨ ਅੰਤ ਕਲ ਪ੍ਰਭ ਸਾਚੇ ਆਣ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਇਆ । ਥਾਨ ਸੁਹਾਏ ਆਣ ਪ੍ਰਭ, ਦਇਆ ਨੰਦ । ਥਾਨ ਸੁਹਾਏ ਆਣ ਪ੍ਰਭ, ਸਾਧ ਸੰਗਤ ਉਪਜਾਏ ਪਰਮਾਨੰਦ । ਥਾਨ ਸੁਹਾਏ ਆਣ ਪ੍ਰਭ, ਗੁਰਸਿਖ ਰੋਗ ਮਿਟਾਏ ਬੰਦ ਬੰਦ । ਥਾਨ ਸੁਹਾਏ ਆਣ ਪ੍ਰਭ, ਸਤਿਜੁਗ ਸਾਚਾ ਚਾੜ੍ਹੇ ਚੰਦ । ਥਾਨ ਸੁਹਾਏ ਆਣ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਆਤਮ ਕਰੇ ਅਨੰਦ । ਥਾਨ ਸੁਹਾਏ ਆਣ ਪ੍ਰਭ, ਜੋਤ ਸਰੂਪ ਜਗਤ ਪਰਕਾਸ਼ਿਆ । ਸਾਧ ਸੰਗਤ ਜਾਏ ਤਾਰ, ਜੋਤ ਸਰੂਪ ਪ੍ਰਭ ਅਬਿਨਾਸ਼ਿਆ । ਥਾਨ ਸੁਹਾਏ ਆਣ ਪ੍ਰਭ, ਸਾਧ ਸੰਗਤ ਹੋਏ ਦਾਸਨ ਦਾਸਿਆ । ਥਾਨ ਸੁਹਾਏ ਆਣ ਪ੍ਰਭ, ਬੈਕੁੰਠ ਨਿਵਾਸੀ ਵਿਚ ਮਾਤ ਨਿਵਾਸਿਆ । ਥਾਨ ਸੁਹਾਏ ਆਣ ਪ੍ਰਭ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਰਬ ਘਟ ਵਾਸਿਆ । ਥਾਨ ਸੁਹਾਏ ਆਪ ਪ੍ਰਭ, ਚਰਨ ਲਏ ਟਿਕਾ । ਥਾਨ ਸੁਹਾਏ ਆਪ ਪ੍ਰਭ, ਹੰਕਾਰੀਆਂ ਹੰਕਾਰ ਜਾਏ ਗਵਾ । ਥਾਨ ਸੁਹਾਏ ਆਪ ਪ੍ਰਭ, ਗੁਰਸਿਖਾਂ ਜਾਏ ਦਰਸ ਦਿਖਾ । ਥਾਨ ਸੁਹਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਸਾਚੀ ਸ਼ਰਨਾ । ਸਾਚੇ ਪ੍ਰਭ ਤੇਰੀ ਸਾਚੀ ਕਾਰਾ । ਸਾਚੇ ਪ੍ਰਭ ਸਚ ਵਿਹਾਰਾ । ਸਾਚੇ ਪ੍ਰਭ ਤੇਰੀ ਜੋਤ ਆਕਾਰਾ । ਸਾਚੇ ਪ੍ਰਭ ਤੇਰਾ ਸਚ ਵਰਤਾਰਾ । ਸਾਚਾ

ਪ੍ਰਭ ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰਾ । ਸਾਚਾ ਪ੍ਰਭ ਸਾਰੰਗ ਧਰ । ਸਾਚਾ ਪ੍ਰਭ ਅਵਤਾਰ ਨਰ । ਸਾਚਾ ਪ੍ਰਭ ਇਕ ਜੋਤ ਹਰਿ । ਸਾਚਾ ਪ੍ਰਭ ਗੁਰਸਿਖ ਚਰਨ ਲਾਗ ਜਾਏ ਤਰ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ, ਸ਼ਬਦ ਭੰਡਾਰੇ ਜਾਏ ਭਰ । ਸਾਚਾ ਪ੍ਰਭ ਆਸ ਪੁਜਾਰੀ । ਸਾਚਾ ਪ੍ਰਭ ਸਦਾ ਬਨਵਾਰੀ । ਸਾਚਾ ਪ੍ਰਭ ਦਰਦ ਨਿਵਾਰੀ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ, ਭਗਤ ਵਛਲ ਗਿਰਧਾਰੀ । ਸਾਚੇ ਪ੍ਰਭ ਸ਼ਬਦ ਲਿਖਾਇਆ । ਸੋਹੰ ਸ਼ਬਦ ਜਗ ਬਾਣ ਲਗਾਇਆ । ਕਲਜੁਗ ਖੇਲ ਪ੍ਰਭ ਦੇ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਮਾਣ ਗਵਾਇਆ । ਕਲਜੁਗ ਤੇਰਾ ਭੇਖ ਮਿਟਾਵਣਾ । ਝੂਠੀ ਕਾਇਆ ਸਚ ਵਰਤਾਵਣਾ । ਸਾਚਾ ਸ਼ਬਦ ਪ੍ਰਭ ਨਾਮ ਜਪਾਵਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਕਰਮ ਕਮਾਵਣਾ । ਸਾਚਾ ਪ੍ਰਭ ਲਿਖਾਏ ਲੇਖਾ । ਸ਼ਬਦ ਚਲਾਏ ਗੁਆਏ ਭਰਮ ਭਲੇਖਾ । ਕਲਜੁਗ ਮਿਟਾਏ ਪ੍ਰਭ ਝੂਠੀ ਰੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਚਲਾਏ ਏਕਾ । ਸਾਚਾ ਸ਼ਬਦ ਪ੍ਰਭ ਜਗਤ ਚਲਾਏ । ਕਲਜੁਗ ਵੇਲਾ ਅੰਤ ਕਰਾਏ । ਆਪਣਾ ਭਾਣਾ ਜਗ ਵਰਤਾਏ । ਗੁਰਮੁਖ ਵੇਲਾ ਅੰਤ ਸਾਚਾ ਪ੍ਰਭ ਦਿਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਖੇਲ ਰਚਾਏ । ਸਾਚਾ ਖੇਲ ਪ੍ਰਭ ਆਪ ਰਚਾਵਣਾ । ਜੀਵ ਜੰਤ ਸਰਬ ਬਿਲਲਾਵਣਾ । ਹਾਹਾਕਾਰ ਵਿਚ ਜਗਤ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਣਾ ਕਲ ਵਰਤਾਵਣਾ । ਸਾਚਾ ਪ੍ਰਭ ਸਚ ਮਿਹਰਵਾਨਾ । ਸਾਚਾ ਪ੍ਰਭ ਭਗਤ ਭਗਵਾਨਾ । ਸਾਚਾ ਪ੍ਰਭ ਸੋਹੰ ਦੇਵੇ ਸਾਚਾ ਦਾਨਾ । ਸਾਚਾ ਪ੍ਰਭ ਆਤਮ ਉਪਜਾਵੇ ਜੋਤ ਮਹਾਨਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸਾਚੇ ਪ੍ਰਭ ਸਚ ਵਕ਼ਤ ਸੁਹਾਵਣਾ । ਆਇਆ ਵਕ਼ਤ ਪ੍ਰਭ ਭੇਦ ਖੁਲ੍ਹਾਵਣਾ । ਜੋਤ ਸਰੂਪੀ ਪਰਗਟ ਜੋਤ ਪ੍ਰਭ ਸਾਚਾ ਡੰਕ ਵਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜਾ ਰਾਣਾ ਸਰਬ ਚਰਨ ਲਗਾਵਣਾ । ਰਾਜਾ ਰਾਣਾ ਪ੍ਰਭ ਚਰਨ ਲਗਾਏ । ਸ਼ਬਦ ਮਾਰ ਪ੍ਰਭ ਆਪ ਕਰਾਏ । ਦਿਵਸ ਰੈਣ ਸੌਣ ਨਾ ਪਾਏ । ਸਿੰਘ ਸਿੰਘਾਸਣ ਉਪਰ ਕੋਈ ਰਹਿਣ ਨਾ ਪਾਏ । ਦਰ ਦਰ ਮੰਗਣ, ਕੋਈ ਭਿਖ ਨਾ ਪਾਏ । ਸਾਚਾ ਪ੍ਰਭ ਆਤਮ ਲਾਏ ਨਾਮ ਰੰਗਣ, ਜੋ ਚਲ ਆਏ ਸਰਨਾਏ । ਕੋਈ ਜੀਵ ਨਾ ਦੀਸੇ ਨਗਨ, ਪ੍ਰਭ ਸਾਚਾ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਮਾਂ ਸੁਹਾਏ । ਸਾਚੇ ਪ੍ਰਭ ਸਾਚੀ ਜੋਤ ਜਗਾ । ਰਾਜੇ ਰਾਣੇ ਲੈਣੇ ਪਕੜ ਉਠਾ । ਏਕਾ ਦਿਖਾਵੇ ਸਾਚਾ ਦਰ, ਭੱਜੇ ਆਵਣ ਵਾਹੋ ਦਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਲਿਖਤ ਰਿਹਾ ਲਿਖਾ । ਸਾਚੀ ਲਿਖਤ ਪ੍ਰਭ ਰਿਹਾ ਕਰਾਏ । ਸੁਰ ਨਰ ਮੁਨ ਜਨ, ਕੋਏ ਸਾਰ ਨਾ ਪਾਏ । ਸਾਚੀ ਸ਼ਬਦ ਧੁਨ, ਪ੍ਰਭ ਗੁਰਸਿਖ ਉਪਜਾਏ । ਕਰ ਕਿਰਪਾ ਆਪਣੀ ਬੂਝ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ । ਸਤਿਗੁਰ ਸਾਚੇ ਸਚ ਕਰਮ ਕਮਾਵਣਾ । ਪਾਰ ਬਿਆਸੋਂ ਚਰਨ ਟਿਕਾਵਣਾ । ਉਲਟੇ ਵਹਿਣ ਜਗਤ ਵਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਵਣਾ । ਬਿਆਸੋਂ ਪਾਰ ਪ੍ਰਭ ਚਰਨ ਟਿਕਾਏ । ਸ੍ਰਿਸ਼ਟ ਸਬਾਈ ਪ੍ਰਭ ਹਿਲਾਏ । ਵਡ ਜੋਧੇ ਸੂਰਬੀਰ ਪ੍ਰਭ ਟੁੰਬ ਉਠਾਏ । ਕਲਜੁਗ ਵਰਤੇ ਸਾਚੀ ਕਲ, ਪ੍ਰਭ ਵਿਚ ਬਬਾਣ ਬਿਠਾਏ । ਨਾ ਲੱਗੇ ਘੜੀ ਪਲ, ਪ੍ਰਭ ਅਗਨ ਮੇਘ ਵਰਸਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਤੇਰੀ ਅੰਤਮ ਬਿਧ ਬਣਾਏ । ਸਾਚਾ ਪ੍ਰਭ ਸਚ ਬਣਤ ਬਣਾਏ । ਸ੍ਰਿਸ਼ਟ ਸਬਾਈ ਏਕਾ ਅਗਨ ਲਗਾਏ । ਦਰ ਦਰ ਘਰ ਘਰ ਪ੍ਰਭ ਸਾਚੀ ਜੋਤ

ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਬੇਮੁਖ ਨਾ ਕੋਈ ਪਾਏ । ਸਾਚੇ ਪ੍ਰਭ ਐਸਾ ਖੇਲ ਰਚਾਵਣਾ । ਸ੍ਰਿਸ਼ਟ ਸਬਾਈ ਦੋ ਧੜ ਕਰਾਵਣਾ । ਬੇਮੁਖ ਜੀਵਾਂ ਅੰਤ ਕਾਲ ਕਲ ਕਾਤੀ ਸੀਸ ਕਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਐਸਾ ਯੁੱਧ ਕਰਾਵਣਾ । ਉਠਣ ਜੋਧੇ ਵਡ ਸੂਰਬੀਰ । ਕਲਜੁਗ ਤੇਰੀ ਕਰਨ ਅਖ਼ੀਰ । ਬੇਮੁਖ ਜੀਵਾਂ ਕੋਇ ਨਾ ਬੰਨ੍ਹੇ ਧੀਰ । ਦੁਖੀ ਜੀਵ ਸਰਬ ਬਿਲਲਾਇਨ, ਪੈ ਜਾਏ ਸਰਬ ਵਹੀਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਐਸੀ ਪਾਏ ਭੀੜ । ਜੋਤ ਸਰੂਪ ਸ੍ਰਿਸ਼ਟ ਸਮਾਈ । ਸ੍ਰਿਸ਼ਟ ਸਬਾਈ ਪ੍ਰਭ ਟੁੰਬ ਉਠਾਈ । ਸਰਬ ਜੀਵ ਪ੍ਰਭ ਬਿਰਦ ਰਖਾਈ । ਬੇਮੁਖ ਭੁੱਲੇ ਪ੍ਰਭ ਦਿਸ ਨਾ ਆਈ । ਏਕਾ ਦੂਆ ਕੋਇ ਰਹਿਣ ਨਾ ਪਾਈ । ਅੰਤਕਾਲ ਕਲਜੁਗ ਆਪਣਾ ਆਪ ਗਏ ਗੁਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠ ਅਡੋਲ ਦੇਵੇ ਸਜ਼ਾਈ । ਕਲਜੁਗ ਜੀਵਾਂ ਪ੍ਰਭ ਉਲਟੀ ਮਤਿ ਕਰਾਏ । ਹੰਕਾਰੀਆ ਵਿਚ ਹੰਕਾਰ ਵਸਾਏ । ਸ੍ਰਿਸ਼ਟ ਸਬਾਈ ਰਣ ਭੂਮ ਬਣਾਏ । ਕਲਜੁਗ ਜੀਵ ਦਏ ਖਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਬਿਧ ਆਪ ਬਣਾਏ । ਸਾਚੇ ਪ੍ਰਭ ਇਹ ਰਚਨ ਰਚਾਇਆ । ਵੈਰ ਵਿਰੋਧ ਵਿਚ ਸੰਸਾਰ ਵਧਾਇਆ । ਘਰ ਘਰ ਸਭ ਜੋਧਨ ਜੋਧ, ਪ੍ਰਭ ਟੁੰਬ ਉਠਾਏ । ਸ਼ਬਦ ਲਿਖਾਏ ਪ੍ਰਭ ਅਗਾਧ ਬੋਧ, ਮਹਾਰਾਜ ਸ਼ੇਰ ਸਿੰਘ ਬੇਮੁਖ ਜੀਵਾਂ ਅੰਤ ਕਰਾਏ । ਬੇਮੁਖ ਜੀਵ ਹੋਏ ਬੇਤਾਲੇ । ਆਪਣਾ ਆਪ ਨਾ ਕੋਈ ਸੰਭਾਲੇ । ਚਾਰ ਕੁੰਟ ਵਜ ਗਏ ਦਮਾਮੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਆਂ ਕਰੇ ਖ਼ਾਮੇ । ਸਤਿਗੁਰ ਸਾਚੇ ਇਹ ਰੰਗ ਰਚਾਇਆ । ਸ੍ਰਿਸ਼ਟ ਸਬਾਈ ਵਿਚ ਸਮਾਇਆ । ਰਾਓ ਰੰਕ ਇਕ ਭੇਖ ਧਰਾਇਆ । ਸ੍ਰਿਸ਼ਟ ਖਪਾਣ ਦਾ ਰਚਨ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਬਣਤ ਬਣਾਇਆ । ਸਾਚਾ ਪ੍ਰਭ ਬਣਤ ਬਣਾਏ ਬਿਧਨਾਨਾ । ਕਲਜੁਗ ਜੀਵ ਹੋਏ ਨਿਧਾਨਾ । ਸਾਚਾ ਸ਼ਬਦ ਨਾ ਸੁਣਿਆ ਕਾਨਾ । ਕਲਜੁਗ ਭੁੱਲਿਆ ਪ੍ਰਭ ਭਗਵਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਦੇਵੇ ਦੁਖ ਮਹਾਨਾ । ਸਾਚੇ ਪ੍ਰਭ ਸਚ ਕਾਰਜ ਕਰਨਾ । ਬੇਮੁਖ ਜੀਵਾਂ ਦੁੱਖ ਡਾਹਢਾ ਭਰਨਾ । ਅੰਤਕਾਲ ਕਲ ਦੁਖ ਭੁਖ ਵਿਚ ਮਰਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਏਕਾ ਤੇਰੀ ਸਾਚੀ ਸਰਨਾ । ਸਾਚਾ ਪ੍ਰਭ ਸਚ ਸ਼ਬਦ ਲਿਖਾਏ । ਝੂਠੀ ਦੁਨੀਆ ਵਿਚ ਅਗਨ ਲਗਾਏ । ਵੇਲੇ ਅੰਤ ਨਾ ਹੋਏ ਕੋਏ ਸਹਾਏ । ਕਲਜੁਗ ਜੀਵ ਸਰਬ ਬਿਲਲਾਏ । ਕੋਈ ਦੁਖਿਆਰ ਪ੍ਰਭ ਦਰ ਨਾ ਪਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅਗਨ ਜੋਤ ਦੇ ਲਗਾਏ । ਸਾਚੀ ਜੋਤ ਪ੍ਰਭ ਅਗਨ ਲਗਾਏ । ਬੇਮੁਖ ਜੀਵ ਭਸਮ ਕਰਾਏ । ਜੋ ਦਿਸੇ ਪ੍ਰਭ ਨਸ਼ਟ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਦਿਸੇ ਸੋ ਦਏ ਮਿਟਾਏ । ਕਲਜੁਗ ਜੀਵ ਜੀਵ ਹਤਿਆਰਾ । ਬੇਮੁਖ ਹੋਏ ਦੁਸ਼ਟ ਦੁਰਾਚਾਰਾ । ਕਾਮ ਕਰੋਧ ਆਤਮ ਚਲਿਆ ਵਿਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਮਨੋਂ ਵਿਸਾਰਾ । ਬੇਮੁਖਾਂ ਪ੍ਰਭ ਨਜ਼ਰ ਨਾ ਆਏ । ਮਦਿਰਾ ਮਾਸ ਰਹੇ ਰਸਨ ਲਪਟਾਏ । ਵੇਲੇ ਅੰਤਕਾਲ ਪ੍ਰਭ ਸਾਚਾ ਸਾਚੀ ਦੇ ਸਜ਼ਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਭੁਖ ਸਰਬ ਵਰਤਾਏ । ਭੁਖ ਰੋਗ ਪ੍ਰਭ ਜਗਤ ਲਗਾਇਆ । ਦਰ ਦਰ ਭਿੱਖ ਮੰਗਾਇਆ । ਰੰਕਾਂ ਤਾਈਂ ਪ੍ਰਭ ਜਗਾਇਆ । ਰਾਣਿਆਂ ਤਾਈਂ ਤਖ਼ਤੋਂ ਲਾਹਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਕਰਮ ਕਮਾਇਆ । ਸਾਚਾ ਪ੍ਰਭ ਸਤਿ ਸਰੀਰ । ਨਿਹਕਲੰਕ ਵਡ ਪੀਰਨ ਪੀਰ । ਜਾਮਾ ਘਨਕਪੁਰ ਵਿਚ ਧਾਰਿਆ, ਸੋਹੰ ਸ਼ਬਦ ਚਲਾਇਆ

ਤੀਰ । ਕਲਜੁਗ ਪਾਰ ਉਤਾਰਿਆ, ਚਾਰ ਕੁੰਟ ਪੈ ਜਾਏ ਵਹੀਰ । ਮਹਾਰਾਜ ਸ਼ੇਰ ਸਿੰਘ ਸਾਚਾ ਦਰ ਦਰਬਾਰ, ਗੁਰਮੁਖ ਆਤਮ ਹੋਏ ਸ਼ਾਂਤ ਸਰੀਰ । ਗੁਰਸਿਖ ਤੇਰਾ ਮਾਣ ਰਖਾਇਆ । ਪ੍ਰਭ ਅਬਿਨਾਸ਼ੀ ਦਰ ਦਰਵੇਸ਼ਾਂ ਇਕ ਕਰਾਇਆ । ਵਡ ਵਡ ਭੂਪ ਪ੍ਰਭ ਸਰਬ ਜਗਾਇਆ । ਸਤਿਜੁਗ ਸਾਚੀ ਏਕਾ ਆਦੇਸਾ ਸੋਹੰ ਇਕ ਸ਼ਬਦ ਲਿਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਨਿਹਕਲੰਕ ਨਾਉਂ ਧਰਾਇਆ । ਨਿਹਕਲੰਕ ਸਦ ਨਿਰਵੈਰ । ਸ੍ਰਿਸ਼ਟ ਸਬਾਈ ਵਰਤੇ ਕਹਿਰ । ਵਰਤੇ ਕਹਿਰ ਸਵਾ ਪਹਿਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵੇਲਾ ਅੰਤ ਲਿਆਏ ਨਾ ਲਾਏ ਦੇਰ । ਸਾਚਾ ਪ੍ਰਭ ਕਰਮ ਕਮਾਏ । ਆਪਣਾ ਭਾਣਾ ਸਤਿ ਵਰਤਾਏ । ਜੂਠੇ ਝੂਠੇ ਪ੍ਰਭ ਨਸ਼ਟ ਕਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਲਿਖਤ ਭਵਿਖਤ ਸਤਿ ਕਰਾਏ । ਝੂਠੀ ਦੇਹ ਪ੍ਰਭ ਦੇ ਤਜਾਇਆ । ਜੋਤ ਸਰੂਪੀ ਆਪਣਾ ਭੇਖ ਵਟਾਇਆ । ਬੇਮੁਖ ਜੀਵਾਂ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਰਚਾਇਆ । ਸਾਚਾ ਜਗਤ ਪ੍ਰਭ ਵਰਿਆ । ਪ੍ਰਭ ਅਬਿਨਾਸ਼ੀ ਕਦੇ ਨਾ ਮਰਿਆ । ਪ੍ਰਭ ਸਰਬ ਗੁਣਤਾਸ ਕਦੇ ਨਾ ਡਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਤੇਰੀ ਸ਼ਰਨ ਲਾਗ ਕਲ ਤਰਿਆ । ਗੁਰਸਿਖ ਸਾਚੇ ਗੁਰਚਰਨ ਪਿਆਰ । ਭਵ ਸਾਗਰ ਤੋਂ ਹੋਇਆ ਪਾਰ । ਜਨਮ ਨਾ ਪਾਵੇ ਦੂਜੀ ਵਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਦਰਸ ਸਤਿ ਕਰਤਾਰ । ਸਾਚੇ ਪ੍ਰਭ ਤੇਰੀ ਓਟ । ਸੋਹੰ ਸਾਚੀ ਸ਼ਬਦ ਲਗਾਵੇ ਚੋਟ । ਕਲਜੁਗ ਜੀਵ ਹੋਏ ਬੇਮੁਖ ਪ੍ਰਭ ਸਾਚਾ ਕੱਢੇ ਖੋਟ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਤੇਰੇ ਦਰ ਕਦੇ ਨਾ ਆਵੇ ਤੋਟ । ਤੇਰਾ ਦਰ ਵਡ ਭੰਡਾਰਾ । ਸ੍ਰਿਸ਼ਟ ਸਬਾਈ ਦੇਵੇ ਆਹਾਰਾ । ਰਾਓ ਰੰਕ ਤੇਰੇ ਚਰਨ ਦਵਾਰਾ । ਸਾਚਾ ਨਾਮ ਪ੍ਰਭ ਦੀਆ ਆਧਾਰਾ । ਏਕਾ ਬਖ਼ਸ਼ੇ ਪ੍ਰਭ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਦਿਸੇ ਦਰਬਾਰਾ । ਸਰਬ ਕਲ ਪ੍ਰਭ ਵਰਤਾਏ । ਸਾਚਾ ਭੇਦ ਪ੍ਰਭ ਰਿਹਾ ਖੁਲ੍ਹਾਏ । ਵੀਹ ਸੌ ਅੱਠ ਬਿਕ੍ਰਮੀ ਪ੍ਰਭ ਸਾਚੀ ਲਿਖਤ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਦੇ ਵਡਿਆਏ । ਪਹਿਲੀ ਮਾਘ ਪ੍ਰਭ ਲਾਏ ਰੰਗ । ਸਾਚਾ ਦਾਨ ਗੁਰਸਿਖ ਸਾਚੇ ਪ੍ਰਭ ਦਰ ਆਏ ਮੰਗ । ਪ੍ਰਭ ਆਤਮ ਚਾੜ੍ਹੇ ਸਾਚਾ ਰੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਚੜ੍ਹਾਏ ਮਜੀਠੀ ਰੰਗ । ਆਤਮ ਰੰਗ ਗੁਰਸਿਖ ਚੜ੍ਹਾਇਆ । ਪ੍ਰਭ ਅਬਿਨਾਸ਼ੀ ਦਰਸ ਦਿਖਾਇਆ । ਸਾਚਾ ਬੰਧਨ ਪ੍ਰਭ ਕਟਾਇਆ । ਤ੍ਰੈਲੋਕੀ ਨੰਦਨ ਸਿਰ ਹੱਥ ਟਿਕਾਇਆ । ਗੁਰਸਿਖ ਦੀਪ ਆਤਮ ਜਗਣ, ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ । ਸੰਤ ਮਨੀ ਸਿੰਘ ਤੇਰੀ ਵਡਿਆਈ । ਧੰਨ ਧੰਨ ਧੰਨ, ਜਿਨ੍ਹਾਂ ਤੇਰੀ ਸੇਵ ਕਮਾਈ । ਸਾਚੀ ਸੇਵ ਕੀਆ ਮੇਲ ਸਾਚੀ ਧੁਨ ਉਪਜਾਈ । ਗੁਰਮੁਖ ਸਾਚੇ ਸਚ ਕੀਨੀ ਸੇਵ, ਆਤਮ ਹੋਏ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਤੇਰੀ ਟੁੱਟੀ ਗੰਢ ਵਖਾਈ । ਮਨੀ ਸਿੰਘ ਮਨ ਸਾਚਾ ਮਾਨਿਆ । ਪ੍ਰਭ ਅਬਿਨਾਸ਼ੀ ਸਾਚਾ ਜਾਨਿਆ । ਏਕਾ ਓਟ ਰਖਾਏ ਪ੍ਰਭ ਚਰਨ ਧਿਆਨਿਆ । ਸਾਧ ਸੰਗਤ ਵਰਤਾਏ ਉਪਜਾਏ ਬ੍ਰਹਮ ਗਿਆਨਿਆ । ਧੰਨ ਧੰਨ ਧੰਨ ਮਨੀ ਸਿੰਘ ਜਿਸ ਤੇਰੀ ਸੇਵ ਕਮਾਈ, ਪ੍ਰਭ ਦੇਵੇ ਜੋਤ ਮਹਾਨਿਆ । ਮਨੀ ਸਿੰਘ ਇਹ ਪਾਈ ਵਥ । ਬਖ਼ਸ਼ੇ ਸਰਬ ਕਲਾ ਸਮਰਥ । ਸਾਚਾ ਨਾਮ ਪ੍ਰਭ ਸਾਚੇ ਦੀਆ ਰਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਚਲਾਏ ਤੇਰੀ ਸਾਚੀ ਗਥ । ਸਾਚੇ ਸੰਤ ਤੇਰੀ ਸਾਚੀ ਸੇਵ । ਪ੍ਰਭ ਅਬਿਨਾਸ਼ੀ ਦੇਵੇ ਸਾਚਾ ਮੇਵ । ਪਰਗਟੇ ਜੋਤ ਵਡ ਦੇਵੀ ਦੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਤੇਰਾ ਕੋਈ ਨਾ ਜਾਣੇ ਭੇਵ । ਮਨੀ ਸਿੰਘ ਤੇਰਾ ਪ੍ਰਭ ਰਖਵਾਲਾ । ਗੁਰਸਿਖ ਤੇਰਾ ਆਤਮ ਲਾਲ ਗੁਲਾਲਾ । ਪ੍ਰਭ ਅਬਿਨਾਸ਼ੀ ਸਚ ਦੀਪਕ ਵਿਚ ਗੁਰਸਿਖ ਆਤਮ ਬਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਲਾਜ ਰਖਾਵਣ ਵਾਲਾ । ਗੁਰਸਿਖ ਤੇਰੀ ਸੇਵ ਕਮਾਈ । ਦਿਵਸ ਰੈਣ ਰੈਣ ਦਿਵਸ ਏਕਾ ਧਿਆਨ ਰਖਾਈ । ਵੇਲੇ ਅੰਤ ਅੰਤਕਾਲ ਪ੍ਰਭ ਸਾਚਾ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਅੰਤ ਦੇ ਮੁਕਾਈ । ਪ੍ਰਭ ਅਬਿਨਾਸ਼ੀ ਸਾਚਾ ਕਹਿਣਾ । ਵੇਲੇ ਅੰਤ ਅੰਤਕਾਲ ਵਿਰਲੇ ਗੁਰਮੁਖ ਰਹਿਣਾ । ਸਾਧ ਸੰਗਤ ਜਾਮਾ ਧਾਰ ਸੋਹੰ ਦੇਵੇ ਪ੍ਰਭ ਆਤਮ ਗਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਲਏ ਸਾਚਾ ਲਹਿਣਾ । ਸਾਚਾ ਲੈਣਾ ਨਾਮ ਦਾਨ । ਕਲਜੁਗ ਜਾਮਾ ਧਾਰਿਆ, ਵਡ ਗੁਣੀ ਨਿਧਾਨ । ਏਕਾ ਜੋਤ ਨਿਰੰਕਾਰਿਆ, ਜੋਤ ਜਗੇ ਮਹਾਨ । ਭੁੱਲਾ ਸਰਬ ਸੰਸਾਰਿਆ, ਭੁਲਾਇਆ ਨਿਹਕਲੰਕ ਬਲੀ ਬਲਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਕੜ ਲਿਆਵੇ ਸਰਬ ਰਾਜਾਨ । ਸਾਚਾ ਪ੍ਰਭ ਸਚ ਧਾਮ ਸੁਹਾਏ । ਚਾਰ ਕੁੰਟ ਜੈ ਜੈ ਜੈਕਾਰ ਕਰਾਏ । ਜੋ ਕਲ ਵਰਤੇ ਸੋ ਪ੍ਰਭ ਵਰਤਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖਾਂ ਬ੍ਰਹਮ ਗਿਆਨ ਦਵਾਏ । ਆਇਆ ਵਕ਼ਤ ਭਗਤ ਭਗਵਾਨਾ । ਪ੍ਰਭ ਆਤਮ ਦੇਵੇ ਬ੍ਰਹਮ ਗਿਆਨਾ । ਬੇਮੁਖਾਂ ਅੰਧ ਅੰਧਿਆਰ ਰਖਾਣਾ । ਮਹਾਰਾਜ ਸ਼ੇਰ ਸਿੰਘ ਕਿਰਪਾ ਕਰ, ਆਤਮ ਸਾਚੀ ਜੋਤ ਜਗਾਨਾ । ਜੋਤ ਸਰੂਪ ਜੋਤ ਜਗਾਏ । ਗੁਰਸਿਖ ਸਾਚੇ ਸਦ ਰਿਹਾ ਸਮਾਏ । ਗੁਰਸਿਖ ਤੇਰਾ ਨਿਹਕਲੰਕ, ਵਿਚ ਮਾਤ ਹਾਰ ਨਾ ਖਾਏ । ਏਕਾ ਸ਼ਬਦ ਰਖਾਇਆ ਅੰਕ, ਪ੍ਰਭ ਆਤਮ ਵਿਚ ਲਿਖਾਏ । ਸੁਹਾਏ ਦਵਾਰ ਬੰਕ, ਪ੍ਰਭ ਅਬਿਨਾਸ਼ੀ ਪਰਗਟ ਜੋਤ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੀ ਸਰਨਾਏ । ਸਾਚੇ ਪ੍ਰਭ ਸਚ ਡੰਕ ਵਜਾਇਆ । ਚਾਰ ਕੁੰਟ ਪੱਲਾ ਫਿਰਾਇਆ । ਨਿਹਕਲੰਕ ਪਰਗਟ ਜੋਤ ਵਿਚ ਮਾਤ ਦਰਸ ਦਿਖਾਇਆ । ਜਾਮਾ ਧਾਰ ਆਪ ਕਰਤਾਰ, ਜੋਤ ਸਰੂਪੀ ਭੇਖ ਵਟਾਇਆ । ਬੇਮੁਖ ਜੀਵਾਂ ਪ੍ਰਭ ਗਿਰਧਾਰ, ਕਲਜੁਗ ਨਜ਼ਰ ਨਾ ਆਇਆ । ਗੁਰਸਿਖਾਂ ਪ੍ਰਭ ਪਾਈ ਸਾਰ, ਪ੍ਰਭ ਅਬਿਨਾਸ਼ੀ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਆਤਮ ਰੰਗ ਚੜ੍ਹਾਇਆ । ਗੁਰਸਿਖ ਤੇਰੇ ਸਾਚੇ ਗੁਣ, ਪ੍ਰਭ ਅਬਿਨਾਸ਼ੀ ਆਤਮ ਉਪਜਾਵੇ ਸਾਚੀ ਧੁਨ । ਸਾਚਾ ਰਾਗ ਸਾਚਾ ਨਾਦ ਲਿਆ ਕੰਨ ਸੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਗੁਰਮੁਖ ਕਲਜੁਗ ਚੁਣ । ਪ੍ਰਭ ਅਬਿਨਾਸ਼ੀ ਭੋਗ ਲਗਾਇਆ । ਸਾਧ ਸੰਗਤ ਗੁਰਪਰਸਾਦ ਵਰਤਾਇਆ । ਦੁਖ ਦਲਿਦਰ ਪ੍ਰਭ ਸਰਬ ਗੁਆਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਤੇਰੇ ਆਤਮ ਦੁਖੜੇ ਜਾਏ ਗੁਆਇਆ । ਭੋਗ ਲਗਾਏ ਆਪ ਗਿਰਧਾਰ । ਗੁਰਸੰਗਤ ਗੁਰ ਜਾਏ ਤਾਰ । ਪਾਰਬ੍ਰਹਮ ਪੂਰਨ ਅਵਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਅਵਤਾਰ । ਗੁਰਪਰਸਾਦ ਗੁਰ ਦਰ ਪਾਇਆ । ਪ੍ਰਭ ਅਬਿਨਾਸ਼ੀ ਆਪਣਾ ਭੋਗ ਲਗਾਇਆ । ਦੁਖ ਦਰਦ ਨਿਵਾਰੀ ਸਾਚਾ ਕਰਮ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਪੰਚਮ ਨਾਮ ਪੰਚਮ ਸ਼ਾਮ, ਪੰਚਮ ਪ੍ਰਭ ਮੁਖ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਵਿਚ ਸਦ ਸਮਾਏ । ਪੰਚਮ ਦੇਵੇ ਪ੍ਰਭ ਵਡਿਆਈ । ਪੰਚਮ ਦਰ ਦਰਬਾਰ ਮੁਖ ਰਖਾਈ । ਪੰਚਮ ਪਤ ਪ੍ਰਭ ਆਪ ਰਖਾਈ । ਵੇਲੇ ਅੰਤ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਤ ਆਪ ਬਣਾਈ । ਪੰਚਮ ਨਾਮ ਪੰਚਮ ਹੋਏ ਜਗਤ ਪਰਧਾਨ । ਪੰਚਮ ਵਿਚ ਮਾਤ

ਰਾਜਾਨ । ਪੰਚਮ ਹੋਵੇ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪੰਚਮ ਦੇਵੇ ਸਾਚਾ ਮਾਣ । ਪੰਚਮ ਪ੍ਰਭ ਪਤ ਰਖਾਏ । ਪੰਚਮ ਪ੍ਰਭ ਹੋਏ ਸਹਾਏ । ਪੰਚਮ ਪ੍ਰਭ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪੰਚਮ ਵਿਚ ਰਿਹਾ ਸਮਾਏ । ਪੰਚਮ ਪ੍ਰਭ ਆਪ ਵਡਿਆਇਆ । ਪੰਚਮ ਪ੍ਰਭ ਸਤਿਜੁਗ ਸਿਰਤਾਜ ਬਹਾਇਆ । ਪੰਚਮ ਪ੍ਰਭ ਵਡ ਸਿਕਦਾਰ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਤੇਰਾ ਮਾਣ ਰਖਾਇਆ । ਪੰਚਮ ਹੋਏ ਵਿਚ ਸੰਸਾਰੀ । ਪੰਚਮ ਪ੍ਰਭ ਜੋਤ ਆਕਾਰੀ । ਪੰਚਮ ਪ੍ਰਭ ਸਦਾ ਅਧਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪੰਚਮ ਜਾਏ ਪੈਜ ਸਵਾਰੀ । ਪੰਚਮ ਪ੍ਰਭ ਬਣਤ ਬਣਾਈ । ਪੰਚਮ ਪ੍ਰਭ ਪੰਚਾਇਤ ਕਰਾਈ । ਪੰਚਮ ਪ੍ਰਭ ਸਾਚੇ ਮਾਰਗ ਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਆਤਮ ਕਰੇ ਰੁਸ਼ਨਾਈ । ਪੰਚਮ ਇਹ ਪ੍ਰਭ ਮਾਣ ਦੁਆਇਆ । ਸਰਬ ਜੀਆਂ ਸਿਰਤਾਜ ਬਣਾਇਆ । ਸਾਚਾ ਮਾਰਗ ਜਗਤ ਚਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਯਾਰਾਂ ਵਕ਼ਤ ਚੁਕਾਇਆ । ਏਕਾ ਦਰ ਪ੍ਰਭ ਰਖਾਏ । ਚਾਰ ਵਰਨ ਪ੍ਰਭ ਹੋਏ ਸਹਾਏ । ਕਲਜੁਗ ਭੇਖ ਰਹਿਣ ਨਾ ਪਾਏ । ਮੜ੍ਹੀ ਮਸਾਣ ਕੋਏ ਪੂਜ ਨਾ ਜਾਏ । ਏਕਾ ਸ਼ਬਦ ਪ੍ਰਭ ਮੁਖ ਰਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਪਰਗਟਾਏ । ਸਰਬ ਹਿੰਦ ਪ੍ਰਭ ਮਾਰਗ ਲਾਏ । ਗੁਣੀ ਗਹਿੰਦ ਸਾਚਾ ਰਾਹ ਚਲਾਏ । ਵਡੇ ਵਡ ਰਾਜ ਪ੍ਰਭ ਆਪਣੀ ਸ਼ਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੋਤ ਪਰਗਟਾਏ । ਰਾਣਿਆਂ ਪ੍ਰਭ ਸ਼ਰਨ ਲਗਾ । ਸਾਚਾ ਸ਼ਬਦ ਕੰਨ ਸੁਣਾ । ਆਤਮ ਧੁੰਨ ਸ਼ਬਦ ਉਪਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾ । ਗੁਰਮੁਖ ਸਾਚੇ ਤੇਰਾ ਸਾਚਾ ਰਾਹ । ਰਸਨਾ ਜਪ ਪ੍ਰਭ ਅਬਿਨਾਸ਼ੀ, ਆਤਮ ਦੁਖ ਸਰਬ ਗਵਾ । ਬੇਮੁਖ ਜੀਵਾਂ ਕਲ ਅੰਤ ਨਾ ਮਿਲੇ ਕੋਈ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਏ ਚਰਨ ਲਗਾ । ਸਾਚੇ ਪ੍ਰਭ ਸਚ ਦਇਆ ਕਮਾਇਆ । ਕਰ ਕਿਰਪਾ ਆਪਣੀ ਸ਼ਰਨ ਲਗਾਇਆ । ਚਰਨ ਧੂੜ ਲੈ ਗੁਰਸਿਖ ਸਾਚੇ ਮਸਤਕ ਤਿਲਕ ਲਗਾਇਆ । ਅੰਮ੍ਰਿਤ ਮੇਘ ਪ੍ਰਭ ਆਤਮ ਬਰਸ, ਤਨ ਮਨ ਹਰਾ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਸਾਚੇ ਪ੍ਰਭ ਸਤਿ ਵਰਤਾਣਾ । ਲਿਖਿਆ ਸ਼ਬਦ ਸਤਿ ਵਰਤਾਣਾ । ਸੰਤ ਮਨੀ ਸਿੰਘ ਸਤਿਜੁਗ ਸਾਚੇ, ਸਾਚਾ ਗੁਰ ਉਪਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਤਿਲਕ ਲਗਾਣਾ । ਜੋਤ ਸਰੂਪ ਪ੍ਰਭ ਜਾਮਾ ਧਾਰ । ਸੰਤ ਮਨੀ ਸਿੰਘ ਪ੍ਰਭ ਜਾਏ ਤਾਰ । ਸਾਚਾ ਸ਼ਬਦ ਉਪਜੇ ਆਤਮ ਛਡ ਝੂਠੀ ਦੇਹ ਡੰਕ ਡਫਾਰ । ਸਾਚਾ ਪ੍ਰਭ ਏਕਾ ਜੋਤ ਜਗਾਵੇ, ਸਚ ਕਰੇ ਆਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਕਰੇ ਵਰਤਾਰ । ਸੰਤ ਮਨੀ ਸਿੰਘ ਸਾਚੀ ਸੇਵ ਕਮਾਈ । ਦਿਵਸ ਰੈਣ ਕਲਮ ਚਲਾਈ । ਸਾਚੀ ਲਿਖਤ ਪ੍ਰਭ ਆਪ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਦਏ ਲਿਖਾਈ । ਸੰਤ ਮਨੀ ਸਿੰਘ ਸਤਿ ਸ਼ਬਦ ਲਿਖਾਏ । ਦੁਸ਼ਟ ਦੁਰਾਚਾਰ ਕੋਈ ਰਹਿਣ ਨਾ ਪਾਏ । ਬੇਮੁਖ ਕਲਜੁਗ ਜੀਵ ਅੰਤ ਲਏ ਖਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਦਏ ਸਜ਼ਾਏ । ਸੰਤ ਮਨੀ ਸਿੰਘ ਕਰਮ ਕਮਾਇਆ । ਧੁਰੋਂ ਲਿਖਿਆ ਲੇਖ ਸੰਤ ਮਨੀ ਸਿੰਘ ਪ੍ਰਭ ਦਰ ਪਾਇਆ । ਸਾਚਾ ਪ੍ਰਭ ਲਿਆ ਵੇਖ, ਨੇਤਰ ਪੇਖ ਆਤਮ ਤ੍ਰਿਪਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਮੇਲ ਮਿਲਾਇਆ । ਸੰਤ ਮਨੀ ਸਿੰਘ ਘਾਲ ਬਹੁ ਘਾਲੀ । ਦੁਖੀਆ ਜੀਵ ਹੋਏ ਬੇਹਾਲੀ । ਸਾਚੇ ਪ੍ਰਭ

੬੧੩
੦੧

ਸਾਚੇ ਸੰਤ ਆਤਮ ਚਾੜ੍ਹੀ ਲਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤ ਬਣਿਆ ਆਪ ਰਖਵਾਲੀ । ਭੈ ਭਿਆਨਕ ਪ੍ਰਭ ਸਹਾਏ । ਪਰਗਟ ਜੋਤ ਦਰਸ ਦਿਖਾਏ । ਦੁਖ ਭੁਖ ਸਭ ਰੋਗ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤ ਹੋਏ ਸਹਾਏ । ਦਰਸ ਦੇਖ ਭਏ ਅਨੰਦ । ਸਾਚੇ ਸੰਤ ਆਤਮ ਰਹੇ ਪਰਮਾਨੰਦ । ਸੁਖ ਸਮਾਏ ਦੁਖ ਗਵਾਏ ਬੰਦ ਬੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਚਾੜ੍ਹੇ ਸਾਚਾ ਚੰਦ । ਭਗਤ ਜਨਾਂ ਪ੍ਰਭ ਸਗਲਾ ਸਾਥ । ਦੇਵੇ ਦਰਸ ਰਘੁਪਤ ਰਘੁਨਾਥ । ਜੁਗੋ ਜੁਗ ਰੱਖੇ ਦੇ ਕਰ ਹਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਲਿਖਾਏ ਵਿਚ ਮਾਥ । ਕਲਜੁਗ ਪ੍ਰਭ ਭਗਤ ਤਰਾਏ । ਭਗਤ ਜਨਾਂ ਪ੍ਰਭ ਹੋਏ ਸਹਾਏ । ਦੇ ਦਰਸ ਪ੍ਰਭ ਚਿੰਤ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਮ ਧਰਮ ਦੋਏ ਸਤਿ ਕਰਾਏ । ਕਰਮ ਧਰਮ ਗੁਰਸਿਖ ਦਵਾਏ । ਸਾਚੇ ਮਾਰਗ ਪ੍ਰਭ ਸਾਚਾ ਲਾਏ । ਸਾਚੀ ਮਤਿ ਪ੍ਰਭ ਦੇ ਰਖਾਏ । ਕਲਜੁਗ ਪਤਿ ਪ੍ਰਭ ਆਪ ਰਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਹੋਏ ਸਹਾਏ । ਭਗਤ ਜਨਾਂ ਤੇਰਾ ਧਰਵਾਸ । ਭਗਤ ਜਨਾਂ ਪ੍ਰਭ ਸਦ ਰੱਖੇ ਵਾਸ । ਕਲਜੁਗ ਦੁੱਖੜੇ ਕਰ ਜਾਏ ਨਾਸ । ਵੇਲੇ ਅੰਤ ਕਰੇ ਬੰਦ ਖ਼ੁਲਾਸ । ਚਰਨ ਪ੍ਰੀਤੀ ਜਨ ਮਾਂਗੇ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਵੇ ਰਾਸ । ਭਗਤ ਜਨਾਂ ਪ੍ਰਭ ਭਏ ਅਨੰਦਾ । ਸਦਾ ਸਦਾ ਪ੍ਰਭ ਸਦ ਬਖ਼ਸ਼ਿੰਦਾ । ਦੇਵੇ ਮਾਣ ਪ੍ਰਭ ਵਿਚ ਹਿੰਦਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਰਬ ਤਾਈਂ ਬਖ਼ਸ਼ਿੰਦਾ । ਭਗਤ ਜਨਾਂ ਪ੍ਰਭ ਪਾਰ ਉਤਾਰਾ । ਭਗਤ ਜਨਾਂ ਸੋਹੰ ਸ਼ਬਦ ਮਿਲੇ ਭੰਡਾਰਾ । ਭਗਤ ਜਨਾਂ ਪ੍ਰਭ ਦੇਵੇ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਾਰ ਉਤਾਰਾ । ਭਗਤ ਜਨਾਂ ਪ੍ਰਭ ਪਾਰ ਉਤਾਰੇ । ਦੇਵੇ ਦਰਸ ਅਗੰਮ ਅਪਾਰੇ । ਬੈਠੇ ਅਡੋਲ ਆਪ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਹੋਏ ਸਹਾਰੇ । ਭਗਤ ਜਨਾਂ ਪ੍ਰਭ ਸਹਾਰਾ । ਭਗਤ ਜਨਾਂ ਪ੍ਰਭ ਸਚ ਦਵਾਰਾ । ਭਗਤ ਜਨਾਂ ਕਲ ਮਿਲਿਆ ਨਿਹਕਲੰਕ ਅਵਤਾਰਾ । ਭਗਤ ਜਨਾਂ ਪ੍ਰਭ ਦੇਵੇ ਦਰਸ ਨਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਾਏ ਜੋਤ ਜਗਤ ਆਕਾਰਾ । ਸਾਚੇ ਪ੍ਰਭ ਜੋਤ ਜਗਾਈ । ਮਾਤਲੋਕ ਹੋਏ ਰੁਸ਼ਨਾਈ । ਪਹਿਲੀ ਮਾਘ ਰੁੱਤ ਸੁਹਾਈ । ਪ੍ਰਭ ਅਬਿਨਾਸ਼ੀ ਪਰਗਟ ਜੋਤ, ਸਤਿਜੁਗ ਸਾਚੀ ਲਿਖਤ ਲਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਘੁਪਤ ਆਪ ਰਘੁਰਾਈ । ਸਾਚਾ ਪ੍ਰਭ ਸਦਾ ਰਖਵਾਲਾ । ਭਗਤ ਰੱਛਕ ਸਦਾ ਪ੍ਰਿਤਪਾਲਾ । ਸੋਹੰ ਸ਼ਬਦ ਸਚ ਦੀਪਕ ਬਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਆਤਮ ਦੇਵੇ ਨਾਮ ਸਾਚੀ ਮਾਲਾ । ਗੁਰਸਿਖ ਆਤਮ ਜੋਤ ਕਰੇ ਉਜਿਆਰੇ । ਪ੍ਰਭ ਅਬਿਨਾਸ਼ੀ ਭਰਮ ਨਿਵਾਰ ਦੁਸ਼ਟ ਦੁਰਾਚਾਰ ਦਰ ਦੁਰਕਾਰੇ । ਕਰ ਖੁਆਰ ਵਿਚ ਸੰਸਾਰ ਹੰਕਾਰ ਨਿਵਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਅਵਤਾਰੇ । ਨਿਹਕਲੰਕ ਪ੍ਰਭ ਸਾਚਾ ਆਇਆ । ਰਾਗਨ ਰਾਗ ਪ੍ਰਭ ਸ਼ਬਦ ਸੋਹੰ ਅਲਾਇਆ । ਪਹਿਲੀ ਮਾਘ ਸਾਚਾ ਸ਼ਬਦ ਸਿਰਤਾਜ ਬਣਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚਾ ਕਰਮ ਕਮਾਇਆ । ਸਾਚਾ ਪ੍ਰਭ ਸਤਿ ਕਰਮ ਕਮਾਏ । ਆਪ ਅਪਰੰਪਰ ਰਿਹਾ ਸਮਾਏ । ਕਲਜੁਗ ਝੂਠਾ ਅਡੰਬਰ ਪ੍ਰਭ ਦੇ ਮਿਟਾਏ । ਪੀਰ ਪੈਗ਼ੰਬਰ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਜਗਾਏ । ਸਾਚਾ ਪ੍ਰਭ ਗੁਰਸਿਖ ਤੇਰਾ ਵਡ ਮੀਤਲਾ । ਗੁਰਚਰਨ ਪ੍ਰੀਤੀ ਮਾਨਸ ਜਨਮ ਜਗ ਜੀਤਲਾ ।

ਸੋਹੰ ਨਾਮ ਰਸਨਾ ਜਪ ਸਦ ਰਹੇ ਅਤੀਤਲਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪ੍ਰਭ ਸਾਚੇ ਕੀ ਸਾਚੀ ਰੀਤਲਾ । ਆਪਣੇ ਰੰਗ ਆਪ ਪ੍ਰਭ ਭੀਨਾ । ਚਾਰ ਵਰਨ ਇਕ ਪ੍ਰਭ ਕੀਨਾ । ਸਾਚਾ ਦਾਨ ਸੋਹੰ ਪ੍ਰਭ ਸਾਚੇ ਦੀਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦ ਜੀਵ ਰਸਨਾ ਚੀਨਾ । ਚਾਰ ਵਰਨ ਪ੍ਰਭ ਇਕ ਕਰਾਏ । ਸਾਚਾ ਨਾਮ ਸੋਹੰ ਪ੍ਰਭ ਸ਼ਬਦ ਚਲਾਏ । ਆਤਮ ਸਾਚਾ ਰੰਗ ਮਜੀਠ ਚੜ੍ਹਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਸਾਚਾ ਰਾਹ ਦਿਖਾਏ । ਸਤਿਗੁਰ ਤੇਰਾ ਸਾਚਾ ਸੰਗ । ਗੁਰਮੁਖ ਵਿਰਲੇ ਲਿਆ ਮੰਗ । ਕਰ ਦਰਸ ਪਾਰ ਜਾਏ ਲੰਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਚਾੜ੍ਹੇ ਸਾਚਾ ਰੰਗ । ਕਰ ਦਰਸ ਆਤਮ ਤ੍ਰਿਪਤਾ । ਜਗਤ ਮਾਣ ਸਰਬ ਤਜਾ । ਬੈਕੁੰਠ ਨਿਵਾਸ ਸਰਬ ਰਖਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਦਵਾਏ ਥਾਂ । ਸਾਚਾ ਪ੍ਰਭ ਸਚ ਧਾਮ ਪੁਚਾਏ । ਜੋਤ ਸਰੂਪ ਸਰਬ ਰਿਹਾ ਸਮਾਏ । ਸਾਚੀ ਜੋਤ ਡਗਮਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਇਆ ਕਮਾਏ । ਦਇਆ ਕਰੇ ਦੀਨ ਦਿਆਲਾ । ਸਾਚਾ ਸ਼ਬਦ ਕਰੇ ਰਖਵਾਲਾ । ਸਾਚਾ ਪ੍ਰਭ ਗੁਰ ਗੋਪਾਲਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਸਦਾ ਪ੍ਰਿਤਪਾਲਾ । ਸਾਚਾ ਪ੍ਰਭ ਸਦਾ ਸੰਗ ਸਾਥ । ਵਡ ਵਡ ਆਪ ਵੱਡਾ ਰਘੁਨਾਥ । ਸਾਚੇ ਲੇਖ ਲਿਖਾਵੇ ਮਾਥ । ਸੋਹੰ ਚਲਾਵੇ ਸਾਚੀ ਗਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤ੍ਰੈਲੋਕੀ ਨਾਥ । ਤੀਨ ਲੋਕ ਪ੍ਰਭ ਜੋਤ ਆਕਾਰ । ਸਰਬ ਕਲ ਵਰਤੇ ਵਿਚ ਸੰਸਾਰ । ਮਾਤ ਪਤਾਲ ਅਕਾਸ਼ ਰੱਖੇ ਸਰਬ ਆਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਕਰੇ ਵਰਤਾਰ । ਸਿੰਘ ਆਸਣ ਪ੍ਰਭ ਤਜਾਏ । ਰੰਕਾਂ ਵਿਚ ਰੰਕ ਹੋ ਜਾਏ । ਸਦ ਅਭੇਦ ਪ੍ਰਭ ਵਿਚ ਸਮਾਏ । ਨਿਮਾਣਿਆਂ ਪ੍ਰਭ ਸਦਾ ਮਾਣ ਰਖਾਏ । ਕਲਜੁਗ ਅੰਤਮ ਖੇਲ, ਜਾਮਾ ਧਾਰ ਨਿਹਕਲੰਕ ਪਹਿਲੀ ਮਾਘ ਕਰਾਏ । ਪਹਿਲੀ ਮਾਘ ਸਚ ਤਖ਼ਤ ਸੁਹਾਇਆ । ਕਲਜੁਗ ਬੇੜਾ ਅੰਤ ਕਰਾਇਆ । ਤ੍ਰੈਲੋਕੀ ਨਾਥ ਤੀਨ ਲੋਕ ਭੁਲਾਇਆ । ਸਾਚਾ ਸਾਹਿਬ ਸਗਲਾ ਸਾਥ, ਨਿਮਾਣਿਆਂ ਸਦ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਇਆ । ਕਲਜੁਗ ਜਾਮਾ ਧਾਰੇ ਵਿਚ ਪੁਰੀ ਘਨਕ । ਚੰਦ ਸੂਰਜ ਕਰਨ ਨਿਮਸਕਾਰੇ ਬਾਰ ਬਾਰ ਬਾਰ ਅਨਕ । ਸਾਚੀ ਜੋਤ ਹੋਏ ਆਕਾਰੇ, ਜਨ ਭਗਤਾਂ ਲਾਏ ਆਤਮ ਤਨਕ । ਸੋਹੰ ਸ਼ਬਦ ਦੇਵੇ ਜੋਤ ਜਗਾਏ, ਲਿਖਾਏ ਲੇਖ ਪ੍ਰਭ ਅਗਣਤ । ਪਵਨ ਉਨੰਜਾ ਸਿਰ ਛਤਰ ਝੁਲਾਏ, ਗੁਰਮੁਖ ਸਾਚੇ ਪ੍ਰਭ ਕੀਨੇ ਸੰਤ । ਪਕੜ ਲਿਆਏ ਪ੍ਰਭ ਚਰਨ ਦਵਾਰੇ, ਵਡ ਜੋਧੇ ਵਡ ਦੰਤ । ਦੁਸ਼ਟਾਂ ਪ੍ਰਭ ਹੰਕਾਰ ਨਿਵਾਰੇ, ਪੂਰਨ ਧਰੇ ਜੋਤ ਭਗਵੰਤ । ਸੋਹੰ ਸਾਚਾ ਸ਼ਬਦ ਉਚਾਰੇ, ਰਸਨਾ ਗਾਇਨ ਸਰਬ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਚਾਰ ਕੁੰਟ ਜੈ ਜੈ ਜੈਕਾਰ ਕਰਾਏ, ਸਤਿਜੁਗ ਸਾਚੀ ਬਣਤ ਬਣਾਏ । ਜੈ ਜੈ ਜੈਕਾਰ ਪ੍ਰਭ ਕਰਾਇਆ । ਸਾਚਾ ਸ਼ਬਦ ਪ੍ਰਭ ਉਪਜਾਇਆ । ਸਾਚੀ ਧੁਨ ਉਪਜਾ, ਪ੍ਰਭ ਸੁਨ ਖੁਲ੍ਹਾਇਆ । ਰੁਣ ਝੁਣ ਗੁਰਮੁਖ ਜਾਣੇ, ਸਾਚਾ ਰਾਗ ਸੁਣਾਇਆ । ਪ੍ਰਭ ਸਾਚੇ ਆਪਣਾ ਭੇਦ ਖੁਲ੍ਹਾਇਆ । ਗੁਰਮੁਖ ਸਾਚਾ ਜਾਏ ਮੰਨ, ਜੋਤ ਸਰੂਪੀ ਪ੍ਰਭ ਦਰਸ ਦਿਖਾਇਆ । ਹਉਮੇ ਰੋਗ ਲਾਥੇ ਤਨ, ਸਾਚੀ ਜੋਤ ਕਰੇ ਰੁਸ਼ਨਾਇਆ । ਜੁਗੋ ਜੁਗ ਤਾਰੇ ਭਗਤ ਜਨ, ਕਲਜੁਗ ਜਾਮਾ ਘਨਕਪੁਰੀ ਵਿਚ ਪਾਇਆ । ਘਨਕਪੁਰੀ ਪ੍ਰਭ ਜਾਮਾ ਪਾਏ । ਉਨੀ ਸੌ ਪੰਜਾਹ ਬਿਕ੍ਰਮੀ ਲਿਖਤ ਲਿਖਾਏ । ਸਾਲ ਅਠਵੰਜਵੇਂ ਪ੍ਰਭ ਉਲਟੀ ਗੰਗ ਵਹਾਏ । ਕਲਜੁਗ ਅੰਤਮ ਅੰਤਕਾਲ ਪ੍ਰਭ ਜੋਤ ਸਰੂਪੀ ਭੇਖ ਵਟਾਏ । ਛੱਬੀ ਪੋਹ ਵੀਹ ਸੌ ਬਿਕ੍ਰਮੀ ਪ੍ਰਭ ਝੂਠੀ ਦੇਹ ਤਜਾਏ । ਸਾਚਾ ਜਗਤ

ਵੇਸ ਕਰ, ਪ੍ਰਭ ਆਪਣੀ ਕਲ ਵਰਤਾਏ । ਗੁਰਸਿਖਾਂ ਦੁਖ ਦੂਰ ਕਰ, ਪ੍ਰਭ ਆਤਮ ਸਾਚਾ ਸੁਖ ਉਪਜਾਏ । ਗੁਰਸਿਖ ਆਤਮ ਨੂਰੋ ਨੂਰ ਕਰ, ਪ੍ਰਭ ਸਾਚੀ ਜੋਤ ਜਗਾਏ । ਸੋਹੰ ਸ਼ਬਦ ਸਤਿ ਸਰੂਰ ਕਰ, ਨਾਮ ਖ਼ੁਮਾਰੀ ਪ੍ਰਭ ਚੜ੍ਹਾਏ । ਗੁਰਸਿਖ ਪੂਰਨ ਆਤਮ ਭਰਪੂਰ ਕਰ, ਪ੍ਰਭ ਸਾਚੀ ਜੋਤ ਵਿਚ ਟਿਕਾਏ । ਬੇਮੁਖ ਕਲਜੁਗ ਜੀਵ ਚੂਰੋ ਚੂਰ ਕਰ, ਸਤਿਜੁਗ ਸਾਚਾ ਰਾਹ ਚਲਾਏ । ਜੋਤ ਸਰੂਪੀ ਖੇਲ ਕਰ, ਜੋਤ ਸਰੂਪ ਸਿੰਘ ਪੂਰਨ ਵਿਚ ਰਿਹਾ ਸਮਾਏ । ਸਾਚੀ ਜੋਤ ਮਾਤ ਧਰ, ਨਿਹਕਲੰਕ ਪ੍ਰਭ ਨਾਉਂ ਧਰਾਏ । ਕਲਜੁਗ ਜੀਵ ਗ਼ਰੂਰ ਕਰ, ਆਪਣਾ ਆਪ ਗਏ ਗਵਾਏ । ਭਰਮ ਭੁਲੇਖੇ ਦੂਰ ਕਰ, ਪ੍ਰਭ ਆਪਣਾ ਭੇਦ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਆਪਣਾ ਮੇਲ ਮਿਲਾਏ । ਦਰ ਆਏ ਜੀਵ ਜੋ ਹੰਕਾਰੀ । ਪ੍ਰਭ ਆਤਮ ਤੋੜੇ ਖ਼ੁਮਾਰੀ । ਏਕਾ ਸ਼ਬਦ ਪ੍ਰਭ ਲਾਏ ਬਾਣ ਕਟਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਤੇਰੀ ਵਰਤੇ ਸਚ ਸਿਕਦਾਰੀ । ਗੁਰਸਿਖਾਂ ਪ੍ਰਭ ਹੁਕਮ ਸੁਣਾਏ । ਚਾਰ ਕੁੰਟ ਪੱਲਾ ਫਿਰਾਏ । ਵਾਲੀ ਦੋ ਜਹਾਨ ਵਿਚ ਮਾਤ ਦੇ ਆਏ । ਅਭਿਮਾਨੀਆਂ ਪ੍ਰਭ ਜਾਏ ਮਾਣ ਗਵਾਏ । ਗਿਆਨੀਆਂ ਜਾਏ ਪ੍ਰਭ ਬ੍ਰਹਮ ਗਿਆਨ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ । ਸਤਿਜੁਗ ਸਾਚਾ ਮਾਰਗ ਲਾਇਆ । ਸਚ ਸਚ ਸਚ ਵਿਚ ਜਗਤ ਵਰਤਾਇਆ । ਬੇਮੁਖਾਂ ਹੱਥ ਠੂਠਾ ਫੜਾਇਆ । ਪ੍ਰਭ ਅਬਿਨਾਸ਼ੀ ਜਿਨ੍ਹਾਂ ਭੁਲਾਇਆ । ਦਰ ਦਰ ਮੰਗਣ ਭਿੱਖ ਨਾ ਪਾਇਆ । ਚਾਰ ਕੁੰਟ ਪ੍ਰਭ ਸਾਚੇ ਆਪਣਾ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾਇਆ । ਚਾਰ ਵਰਨ ਪ੍ਰਭ ਜੋਤ ਜਗਾਏ । ਜੋਤੀ ਜੋਤ ਪ੍ਰਭ ਮੇਲ ਮਿਲਾਏ । ਜੁਗਤ ਮੁਕਤ ਦਾ ਭੇਦ ਖੁਲ੍ਹਾਏ । ਵਡ ਦਾਤਾ ਗੁਣ ਨਿਧਾਨ ਆਪਣਾ ਜਾਏ ਨਾਮ ਜਪਾਏ । ਭਿਬੂਖਨ ਕਵਲ ਨੈਣ, ਆਪਣਾ ਜਾਏ ਭੇਦ ਖੁਲ੍ਹਾਏ । ਖੋਲ੍ਹ ਦੇਵੇ ਪ੍ਰਭ ਤੀਜਾ ਨੈਣ, ਜੋ ਚਲ ਆਇਨ ਸਰਨਾਏ । ਸਾਧ ਸੰਗਤ ਪ੍ਰਭ ਦੇਵੇ ਸਾਚਾ ਲਹਿਣ, ਪਹਿਲੀ ਮਾਘ ਜੋ ਦਰਸ਼ਨ ਪਾਏ । ਆਓ ਆਓ ਕਲਜੁਗ ਜੀਵ ਪ੍ਰਭ ਦਰ ਆਓ । ਸਾਚੀ ਜੋਤ ਕਲ ਪਰਕਾਸ਼, ਭਰਮ ਭੁਲੇਖੇ ਸਾਰੇ ਲਾਹੋ । ਹੰਗਤਾ ਰੋਗ ਕਰਾਓ ਨਾਸ, ਭਾਂਡਾ ਭਰਮ ਭੰਨਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵੱਛ ਸਰੂਪ ਦਰਸ਼ਨ ਪਾਓ । ਸਾਧ ਸੰਗਤ ਪ੍ਰਭ ਬਲਿਹਾਰ । ਦਿਵਸ ਰੈਣ ਕਰੇ ਮੰਗਲਾਚਾਰ । ਆਤਮ ਦੇਵੇ ਪ੍ਰਭ ਸੋਹੰ ਸਾਚਾ ਵਿਵਹਾਰ । ਏਕਾ ਜੋਤ ਧਰੇ ਵਿਚ ਮੁਰਾਰ । ਝਿਰਨਾ ਝਿਰਾਏ ਪ੍ਰਭ ਅੰਮ੍ਰਿਤ ਮੇਘ ਵਿਚ ਆਤਮ ਧਾਰ । ਸਾਚਾ ਸ਼ਬਦ ਸਾਚੀ ਧੁਨ, ਪ੍ਰਭ ਉਪਜਾਏ ਧੁਨਕਾਰ । ਸਾਚਾ ਪ੍ਰਭ ਵਡ ਗੁਣ ਦਾਤਾ, ਸਾਧ ਸੰਗਤ ਕਲ ਜਾਏ ਤਾਰ । ਗੁਰ ਸੰਗਤ ਬਣਾਏ ਭੈਣ ਭਰਾਤਾ, ਸਾਚਾ ਸ਼ਬਦ ਦੇਵੇ ਭੰਡਾਰ । ਸਤਿਜੁਗ ਕਰਾਏ ਸਰਬ ਏਕਾ ਜ਼ਾਤਾ, ਦੂਸਰ ਕਰੇ ਪ੍ਰਭ ਖੁਆਰ । ਏਕਾ ਬਖ਼ਸ਼ੇ ਪ੍ਰਭ ਚਰਨੀਂ ਨਾਤਾ, ਏਕਾ ਕਰੇ ਜੋਤ ਆਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਧਰੇ ਵਿਚ ਸੰਸਾਰ । ਸਾਧ ਸੰਗਤ ਮਨ ਵੱਜੇ ਵਧਾਈ । ਪ੍ਰਭ ਅਬਿਨਾਸ਼ੀ ਜੋਤ ਪਰਗਟਾਈ । ਨੇਤਰ ਪੇਖ ਗੁਰਸਿਖ ਸਾਚੇ ਆਤਮ ਤ੍ਰਿਪਤਾਈ । ਜੋ ਕਲ ਵਰਤੇ ਲੈਣਾ ਵੇਖ, ਸਾਚਾ ਪ੍ਰਭ ਰਿਹਾ ਸੁਣਾਈ । ਝੂਠਾ ਮਿਟਾਏ ਅਡੰਬਰ ਭੇਖ, ਸੋਹੰ ਸਾਚੀ ਨਈਆ ਚਲਾਈ । ਭਗਤ ਜਨਾਂ ਪ੍ਰਭ ਲਿਖਾਏ ਸਾਚੇ ਲੇਖ, ਸੋਹੰ ਸਾਚਾ ਸ਼ਬਦ ਜੋ ਰਸਨਾ ਗਾਈ । ਸਾਚੇ ਸੰਤ ਲਗਾਈ ਸਾਚੀ ਮੇਖ, ਮਸਤੂਆਣਾ ਸਚ ਧਾਮ ਉਪਜਾਈ । ਕਲਜੁਗ ਜੀਵ ਰਹੇ ਵੇਖਾ ਵੇਖ, ਨਜ਼ਰ ਨਾ ਆਵੇ ਪ੍ਰਭ ਰਘੁਰਾਈ । ਨਾ ਕੋਈ ਰਹੇ ਮੁਸਾਇਕ ਸ਼ੇਖ਼, ਸਾਚੀ ਜੋਤ ਪ੍ਰਭ ਪਰਗਟਾਈ । ਮਿਟਾਏ ਵੇਦ

ਪੁਰਾਣ ਬਣੇ ਅਨੇਕ, ਏਕਾ ਸਾਚਾ ਸ਼ਬਦ ਚਲਾਈ । ਚਾਰ ਵਰਨ ਪ੍ਰਭ ਬਖ਼ਸ਼ੇ ਏਕਾ ਟੇਕ, ਸਾਚੀ ਮਤਿ ਜਗਤ ਵਸਾਈ । ਸੋਹੰ ਸ਼ਬਦ ਚਲਾਏ ਸਾਚੀ ਦੇਗ, ਚਾਰ ਵਰਨ ਆਤਮ ਤ੍ਰਿਪਤਾਈ । ਅੰਮ੍ਰਿਤ ਬਖ਼ਸ਼ੇ ਪ੍ਰਭ ਸਾਚਾ ਮੇਘ, ਗੁਰਸਿਖਾਂ ਆਤਮ ਸ਼ਾਂਤ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਲਿਖਤ ਲਿਖਾਈ । ਸਾਧ ਸੰਗਤ ਪ੍ਰਭ ਦਰ ਮਾਣ । ਪਤਤ ਪਾਪੀ ਚਰਨ ਲਾਗ ਸਰਬ ਤਰ ਜਾਣ । ਸੋਹੰ ਸਾਚਾ ਸ਼ਬਦ ਪ੍ਰਭ ਆਤਮ ਮਾਰੇ ਬਾਣ । ਮੂਰਖ ਮੁਗਧ ਅੰਞਾਣ ਦਰ ਆਏ ਹੋਇਣ ਚਤੁਰ ਸੁਘੜ ਸੁਜਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਦੇਵੇ ਨਾਮ ਗੁਣੀ ਨਿਧਾਨ । ਸਾਚੇ ਪ੍ਰਭ ਸਚ ਨਾਮ ਦਵਾਇਆ । ਹਉਮੇ ਮਮਤਾ ਰੋਗ ਗਵਾਇਆ । ਏਕਾ ਸ਼ਬਦ ਆਤਮ ਉਪਜਾਇਆ । ਆਤਮ ਸੁਖ ਪ੍ਰਭ ਵਿਚ ਦੇਹ ਵਸਾਇਆ । ਉਤਰੇ ਭੁੱਖ ਸਾਧ ਸੰਗਤ ਪਹਿਲੀ ਮਾਘ ਪ੍ਰਭ ਦਰਸ਼ਨ ਪਾਇਆ । ਬੇਮੁਖ ਹੋਏ ਕਲਜੁਗ ਜੀਵ ਪ੍ਰਭ ਅਬਿਨਾਸ਼ੀ ਦਿਸ ਨਾ ਆਇਆ । ਏਕਾ ਜੋਤ ਪ੍ਰਭ ਅਲਖ, ਅਲਖ ਅਲਖ ਲਿਖਾਇਆ । ਮਦਿਰਾ ਮਾਸੀ ਪ੍ਰਭ ਕੀਨੇ ਵਖ, ਨਰਕ ਨਿਵਾਸ ਰਖਾਇਆ । ਬੇਮੁਖ ਜੀਵ ਅਗਨ ਜੋਤ ਜਲਾਏ ਜਿਉਂ ਕਖ, ਵੇਲੇ ਅੰਤ ਭਸਮ ਕਰਾਇਆ । ਸ੍ਰਿਸ਼ਟ ਸਬਾਈ ਹੋਈ ਸਥ, ਸੋਹੰ ਸ਼ਬਦ ਨਾ ਰਸਨਾ ਗਾਇਆ । ਵੇਲਾ ਗਿਆ ਨਾ ਆਵੇ ਹੱਥ, ਬੇਮੁਖਾਂ ਵਕ਼ਤ ਗਵਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਰਗਟ ਜੋਤ ਕਲਜੁਗ, ਪਹਿਲੀ ਮਾਘ ਸਾਧ ਸੰਗਤ ਮਾਣ ਦਵਾਇਆ । ਸਾਧ ਸੰਗਤ ਤੇਰਾ ਸਚ ਦਰਬਾਰ । ਧਰੀ ਜੋਤ ਨਿਹਕਲੰਕ ਅਵਤਾਰ । ਧੰਨ ਧੰਨ ਧੰਨ ਗੁਰਸਿਖ ਜੋ ਆਏ ਚਰਨ ਦਵਾਰ । ਸੁਫਲ ਕਰਾਈ ਮਾਤ ਕੁਖ, ਆਤਮ ਗਿਆ ਹੰਕਾਰ । ਆਤਮ ਉਤਰੇ ਸਾਰੀ ਭੁਖ, ਪਰਗਟ ਆਇਆ ਨੈਣ ਮੁੰਧਾਰ । ਸਾਧ ਸੰਗਤ ਸਦ ਸੁਖਣਾ ਸੁੱਖ, ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਜੋਤ ਸਰੂਪ ਏਕੰਕਾਰ । ਜਾਮਾ ਧਾਰ ਨਿਹਕਲੰਕ ਵਿਚ ਮਾਤ ਦੇ ਆਇਆ । ਇੰਦਲੋਕ ਬ੍ਰਹਮਲੋਕ ਸ਼ਿਵਲੋਕ ਬੈਕੁੰਠ ਨਿਵਾਸ ਤਜਾਇਆ । ਸਾਚੀ ਕਰ ਜੋਤ ਪਰਕਾਸ਼, ਮਾਤਲੋਕ ਪ੍ਰਭ ਜਾਮਾ ਪਾਇਆ । ਸਾਧ ਸੰਗਤ ਪ੍ਰਭ ਹਿਰਦੇ ਵਾਸ, ਸਾਚਾ ਪ੍ਰਭ ਜਿਸ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਜੋਤ ਪਰਕਾਸ਼, ਆਪਣਾ ਭੇਵ ਖੁਲ੍ਹਾਇਆ । ਸਾਧ ਸੰਗਤ ਪ੍ਰਭ ਸਦ ਵਸੇਰਾ । ਅੰਤਕਾਲ ਕਲਜੁਗ ਕਰੇ ਨਬੇਰਾ । ਕਰਮ ਮਾਰ ਕਰ ਖ਼ੁਆਰ, ਚਾਰ ਲੱਖ ਬੱਤੀ ਹਜ਼ਾਰ ਪ੍ਰਭ ਅਬਿਨਾਸ਼ੀ ਚੁਕਾਇਆ ਡੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਸਾਧ ਸੰਗਤ ਤੇਰਾ ਜਾਏ ਬੰਨ੍ਹ ਬੇੜਾ । ਪਹਿਲੀ ਮਾਘ ਦਿਵਸ ਵਡਭਾਗਾ । ਬੇਮੁਖ ਸੋਇਆ ਗੁਰਮੁਖ ਜਾਗਾ । ਪ੍ਰਭ ਸਾਚੇ ਦੀ ਚਰਨੀ ਲਾਗਾ । ਝੂਠੀ ਕਾਇਆ ਨਾ ਲਾਗੇ ਦਾਗ਼ਾ । ਸਾਚਾ ਸ਼ਬਦ ਪ੍ਰਭ ਉਪਜਾਵੇ ਸਾਚਾ ਰਾਗਾ । ਅਨਹਦ ਧੁਨ ਉਪਜਾਏ ਵਜਾਏ ਸਾਚਾ ਵਾਜਾ । ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਤੇਰੀ ਰੱਖੇ ਲਾਜਾ । ਸਾਧ ਸੰਗਤ ਪ੍ਰਭ ਭਏ ਬਨਵਾਲੀ । ਵੇਲੇ ਅੰਤ ਹੋਏ ਰਖਵਾਲੀ । ਗੁਰਮੁਖ ਸਾਚੇ ਪ੍ਰਭ ਬਣਿਆ ਸਾਚਾ ਪਾਲੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੋ ਜਹਾਨਾਂ ਵਾਲੀ । ਜਾਮਾ ਧਾਰ ਪ੍ਰਭ ਗਿਰਧਾਰ, ਦੁਸ਼ਟ ਦੂਤ ਪ੍ਰਭ ਸਰਬ ਸੰਘਾਰੇ । ਏਕਾ ਦੂਆ ਪ੍ਰਭ ਭਉ ਨਿਵਾਰ, ਸਾਚੀ ਜੋਤ ਕਰੇ ਮਾਤ ਅਕਾਰੇ । ਆਤਮ ਦੇਵੇ ਚਰਨ ਪਿਆਰ, ਦਿਸੇ ਪ੍ਰਭ ਨੈਣ ਮੁੰਧਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਸਦਾ ਬਲਿਹਾਰੇ । ਸਾਧ ਸੰਗਤ ਪ੍ਰਭ ਸੁਰਤ ਦਵਾਏ । ਸਾਧ ਸੰਗਤ ਪ੍ਰਭ ਆਤਮ ਮੈਲ ਗਵਾਏ । ਸਾਧ ਸੰਗਤ ਪ੍ਰਭ ਸਚ ਸੁੱਚ ਵਰਤਾਏ । ਸਾਧ ਸੰਗਤ ਪ੍ਰਭ ਸਾਚਾ, ਹਉਮੇ ਮਮਤਾ ਨਾਸ ਕਰਾਏ । ਸਾਧ ਸੰਗਤ ਪਹਿਲੀ ਮਾਘ ਮਹਾਰਾਜ ਸ਼ੇਰ ਸਿੰਘ ਹੁਕਮ ਸੁਣਾਏ । ਪਹਿਲੀ

ਮਾਘ ਪ੍ਰਭ ਹੁਕਮ ਸੁਣਾਇਆ । ਸਤਿਜੁਗ ਸਾਚੇ ਮੁਖ ਰਖਾਇਆ । ਸਤਿਜੁਗ ਵਰਤੇ ਜੋ ਪ੍ਰਭ ਵਰਤਾਇਆ । ਗੁਰਮੁਖ ਸਾਚੇ ਇਕ ਨਾ ਦਿਸਣ ਦੋ, ਪ੍ਰਭ ਅਬਿਨਾਸ਼ੀ ਭੇਦ ਖੁਲ੍ਹਾਇਆ । ਸਾਧ ਸੰਗਤ ਨਾ ਬੇਮੁਖ ਹੋ, ਵੇਲਾ ਅੰਤਕਾਲ ਕਲ ਆਇਆ । ਪ੍ਰਭ ਸੋਹੰ ਧਾਗੇ ਲਏ ਪਰੋ, ਗੁਰਮੁਖ ਸਾਚੇ ਮਾਲਾ ਕੰਠ ਬਣਾਇਆ । ਆਤਮ ਛੱਡ ਝੂਠਾ ਧਰੋ, ਵੈਰ ਵਿਰੋਧ ਵਧਾਇਆ । ਗੁਰਮੁਖ ਸਾਚਾ ਜਗਤ ਨਿਰਮੋਹ, ਪ੍ਰਭ ਸਾਚੇ ਚਰਨ ਪਿਆਰ ਰਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਸਾਚਾ ਰਾਗ ਸੁਣਾਇਆ । ਸਾਧ ਸੰਗਤ ਪ੍ਰਭ ਦਰ ਪਰਵਾਨ । ਸੱਚਾ ਸ਼ਬਦ ਸੱਚਾ ਫ਼ਰਮਾਨ । ਨਿੰਦਕ ਦੁਸ਼ਟ ਨਾ ਪ੍ਰਭ ਦਰ ਪਾਣ । ਗੁਰਮੁਖ ਸਾਚੇ ਗੁਰਸੰਗਤ ਅਖਵਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਦੇਵੇ ਸ਼ਬਦ ਨਿਸ਼ਾਨ । ਸਾਧ ਸੰਗਤ ਤੇਰਾ ਸਾਚਾ ਰੂਪ । ਮਹਿੰਮਾ ਤੇਰੀ ਜਗਤ ਅਨੂਪ । ਲਿਖਤ ਲਿਖਾਏ ਪ੍ਰਭ ਵਡ ਭੂਪ । ਸਾਚੀ ਜੋਤ ਟਿਕਾਏ ਵਿਚ ਸਤਿ ਸਰੂਪ । ਮਹਾਰਾਜ ਸ਼ੇਰ ਸਿੰਘ ਕਰੇ ਪਰਕਾਸ਼ ਵਿਚ ਆਤਮ ਦੇਹ ਅੰਧ ਕੂਪ । ਅਗਿਆਨ ਅੰਧੇਰ ਪ੍ਰਭ ਚੁਕਾਇਆ । ਸਾਚਾ ਦੀਪਕ ਦੇਹ ਜਗਾਇਆ । ਸੋਹੰ ਸਾਚਾ ਸ਼ਬਦ ਵਿਚ ਵਸਾਇਆ । ਪਵਣ ਸਰੂਪੀ ਸਵਾਸ ਚਲਾਇਆ । ਸਵਾਸ ਸਵਾਸ ਸਵਾਸ ਪ੍ਰਭ ਸੋਹੰ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਾਚਾ ਹੁਕਮ ਸੁਣਾਇਆ । ਸਾਧ ਸੰਗਤ ਤੇਰੀ ਸਾਚੀ ਰੀਤੀ । ਏਕਾ ਬਖ਼ਸ਼ੇ ਪ੍ਰਭ ਚਰਨ ਪ੍ਰੀਤੀ । ਝੂਠੀ ਸ੍ਰਿਸ਼ਟ ਹੋਈ ਕੁਰੀਤੀ । ਗੁਰਮੁਖ ਸਾਚੇ ਪਰਗਟ ਜੋਤ ਪ੍ਰਭ ਪਰਖੀ ਨੀਤੀ । ਬਿਰਧ ਬਾਲ ਜੁਆਨ ਉਧਾਰੇ ਪ੍ਰਭ ਆਤਮ ਸੀਤਲ ਕੀਤੀ । ਜੋਤ ਜਗਾਏ ਅਗੰਮ ਅਪਾਰੇ ਗੁਰਸਿਖ ਆਤਮ ਰਹੇ ਅਤੀਤੀ । ਵਿਚ ਝੂਠੇ ਮਹੱਲ ਮੁਨਾਰੇ ਮਹਾਰਾਜ ਸ਼ੇਰ ਸਿੰਘ ਸਚ ਚਲਾਈ ਰੀਤੀ । ਸਾਚਾ ਪ੍ਰਭ ਸ਼ਬਦ ਲਿਖੰਦਾ । ਸਾਚਾ ਪ੍ਰਭ ਸਦਾ ਬਖ਼ਸ਼ਿੰਦਾ । ਸਾਚਾ ਪ੍ਰਭ ਤੇਰਾ ਆਤਮ ਤੋੜੇ ਜਿੰਦਾ । ਸਾਚਾ ਪ੍ਰਭ ਸਾਧ ਸੰਗਤ ਉਪਜਾਵੇ ਪਰਮਾਨੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਿਟਾਏ ਝੂਠਾ ਧੰਦਾ । ਸਾਧ ਸੰਗਤ ਸਿਰ ਤੇਰੇ ਤਾਜਾ । ਦੇਵੇ ਦਾਤ ਵਡ ਰਾਜਨ ਰਾਜਾ । ਪਰਗਟਾਏ ਜੋਤ ਨਿਹਕਲੰਕ ਵਿਚ ਮਾਝਾ । ਜੋਤ ਸਰੂਪੀ ਭੇਖ ਪ੍ਰਭ ਅਬਿਨਾਸ਼ੀ ਸਾਜਾ । ਸ਼ਬਦ ਲਿਖਾਏ ਵਰਤਾਏ ਪਕੜ ਲਿਆਏ ਪ੍ਰਭ ਰਾਣਾ ਰਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੀ ਰੱਖੇ ਲਾਜਾ । ਸਾਧ ਸੰਗਤ ਪ੍ਰਭ ਦੁਖ ਮਿਟਾਏ । ਸਾਧ ਸੰਗਤ ਪ੍ਰਭ ਭੁਖ ਗਵਾਏ । ਸਾਧ ਸੰਗਤ ਪ੍ਰਭ ਸੁਖ ਦਵਾਏ । ਸਾਧ ਸੰਗਤ ਪ੍ਰਭ ਨਿਜਾਨੰਦ ਉਪਜਾਏ । ਸਾਧ ਸੰਗਤ ਪ੍ਰਭ ਚਰਨ ਸੇਵ ਲਗਾਏ । ਸਾਧ ਸੰਗਤ ਪ੍ਰਭ ਆਪਣਾ ਭੇਦ ਖੁਲ੍ਹਾਏ । ਸਾਧ ਸੰਗਤ ਪ੍ਰਭ ਵਿਚ ਦੇਵੀ ਦੇਵ ਮਾਣ ਦਵਾਏ । ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਅੰਤ ਦਏ ਦਿਖਾਏ । ਸਾਧ ਸੰਗਤ ਪ੍ਰਭ ਤੇਰਾ ਰੋਗ ਮਿਟਾ । ਸੰਤ ਮਨੀ ਸਿੰਘ ਸ਼ਬਦ ਸਤਿ ਕਰਾ । ਦੁਖ ਭੁਖ ਪ੍ਰਭ ਸਰਬ ਦਏ ਗੁਆ । ਗੁਰਮੁਖਾਂ ਲੇਖ ਸਾਚਾ ਸੰਤ ਸਤਿਜੁਗ ਗਿਆ ਲਿਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਕਾਲ ਦਏ ਕਲ ਭੁਗਤਾ । ਸੰਤ ਸਾਚੇ ਕਲਮ ਚਲਾਈ । ਗੁਰਸਿਖਾਂ ਦੀ ਬਣਤ ਬਣਾਈ । ਮਾਤਲੋਕ ਦੇਵੇ ਵਡਿਆਈ । ਸਹੰਸਰ ਵਿਚ ਨਾਮ ਲਿਖਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਾਕ ਭਵਿਖਤ ਸਚ ਕਰਾਈ । ਭਵਿਖਤ ਵਾਕ ਪ੍ਰਭ ਉਪਜਾਇਆ । ਸਾਚੇ ਸੰਤ ਸ਼ਬਦ ਸੁਣਾਇਆ । ਹੋਏ ਅਟੰਕ ਪ੍ਰਭ ਲਿਖਵਾਇਆ । ਏਕਾ ਨਾਮ ਪ੍ਰਭ ਆਤਮ ਰੰਗ ਚੜ੍ਹਾਇਆ । ਸਾਚਾ ਦਾਨ ਪ੍ਰਭ ਦਰ ਮੰਗ, ਸੰਤ ਆਤਮ ਸੁੰਨ ਖੁਲ੍ਹਾਇਆ । ਅੰਮ੍ਰਿਤ ਆਤਮ ਵਰਸੇ ਗੰਗ, ਪ੍ਰਭ ਅੰਮ੍ਰਿਤ ਮੇਘ ਵਰਸਾਇਆ । ਕਲਜੁਗ ਬੇੜਾ

ਗਿਆ ਲੰਘ, ਵਿਚ ਭੰਡਾਲ ਦੇਹ ਤਜਾਇਆ । ਪ੍ਰਭ ਸਾਚੇ ਲਾਇਆ ਸਾਚੇ ਅੰਗ, ਵਿਚ ਮਾਤ ਜਨਮ ਦਵਾਇਆ । ਹੋਏ ਸਹਾਈ ਸਦਾ ਅੰਗ ਸੰਗ, ਸਾਚੀ ਜੋਤ ਪ੍ਰਭ ਦੇ ਪਰਗਟਾਇਆ । ਪ੍ਰਭ ਸਾਚੇ ਦਾ ਸਾਚਾ ਡੰਕ, ਜੁਗੋ ਜੁਗ ਜਗਤ ਵਜਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਮੇਲ ਮਿਲਾਇਆ । ਸਾਚੇ ਸੰਤ ਪ੍ਰਭ ਜਨਮ ਦੁਆ । ਸਾਚਾ ਜਨਮ ਸਤਿ ਕਰਾ । ਸਾਚਾ ਬੰਸ ਜਗਤ ਉਪਜਾ । ਵਿਸ਼ਨੂੰ ਬੰਸੀ ਪ੍ਰਭ ਅਖਵਾ । ਸਾਚੀ ਜੋਤ ਪ੍ਰਭ ਦੇ ਜਗਾ । ਨਿਹਕਲੰਕ ਸਿਰ ਹੱਥ ਟਿਕਾ । ਸਾਚਾ ਤਿਲਕ ਪ੍ਰਭ ਦੇ ਲਗਾ । ਸਤਿਗੁਰ ਸਾਚਾ ਸਤਿਜੁਗ ਜਾਏ ਬਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਜਾਏ ਕਰਾ । ਸਾਚੇ ਸੰਤ ਪ੍ਰਭ ਜੋਤ ਟਿਕਾਏ । ਸਾਚੇ ਲੇਖ ਵਿਚ ਲਲਾਟ ਲਿਖਾਏ । ਜੋਤ ਸਰੂਪੀ ਭੇਖ ਧਾਰ ਪ੍ਰਭ ਵਿਚ ਮਾਤ ਦੇ ਆਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਹਿਲੀ ਮਾਘ ਸਤਿਜੁਗ ਸਾਚਾ ਲਾਏ । ਸਤਿਜੁਗ ਸਾਚੇ ਤਖ਼ਤ ਬਹਾਇਆ । ਪ੍ਰਭ ਅਬਿਨਾਸ਼ੀ ਸਿਰ ਹੱਥ ਟਿਕਾਇਆ । ਕਰੋੜ ਤੇਤੀਸ ਚਰਨ ਲਗਾਇਆ । ਸ਼ਿਵ ਸ਼ੰਕਰ ਭਗਤੀ ਲਾਇਆ । ਜਟਾ ਜੂਟ ਧਾਰ ਕੋਈ ਰਹਿਣ ਨਾ ਪਾਇਆ । ਏਕਾ ਬਾਣ ਸੋਹੰ ਪ੍ਰਭ ਸ਼ਬਦ ਲਗਾਇਆ । ਸਾਚਾ ਮੂਲ ਸ਼ਿਵ ਤ੍ਰਿਸੂਲ ਪ੍ਰਭ ਵੇਲੇ ਅੰਤਕਾਲ ਕਲਜੁਗ ਲਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਨਾਮ ਜਗਤ ਤਰਾਇਆ । ਸ਼ਿਵ ਸ਼ੰਕਰ ਪ੍ਰਭ ਉਪਾਏ । ਸਾਚੀ ਜੋਤ ਵਿਚ ਟਿਕਾਏ । ਸਾਚਾ ਸ਼ਬਦ ਦੇਹ ਵਸਾਏ । ਸੁਰਤ ਸ਼ਬਦ ਮੇਲ ਕਰ, ਵਿਚ ਮਾਤ ਮਾਣ ਦਵਾਏ । ਅਚਰਜ ਪ੍ਰਭ ਖੇਲ ਕਰ, ਏਕਾ ਧੁਨ ਉਪਜਾਏ । ਕਲਜੁਗ ਜਾਮਾ ਧਾਰ ਨਿਹਕਲੰਕ, ਚਾਰ ਜੁਗ ਦਾ ਭੇਤ ਖੁਲ੍ਹਾਏ । ਚਾਰ ਜੁਗ ਗਏ ਬੀਤ । ਸ੍ਰਿਸ਼ਟ ਸਬਾਈ ਹੋਈ ਭੈ ਭੀਤ । ਗੁਰਮੁਖ ਸਾਚੇ ਮਾਨਸ ਜਨਮ ਲਿਆ ਜਗ ਜੀਤ । ਕਰ ਦਰਸ ਨਿਹਕਲੰਕ, ਕਾਇਆ ਹੋਈ ਸੀਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਬਖ਼ਸ਼ੇ ਚਰਨ ਪ੍ਰੀਤ । ਸਾਚੀ ਪ੍ਰੀਤ ਪ੍ਰਭ ਚਰਨ ਲਗਾਓ । ਮਦਿਰਾ ਮਾਸ ਮਨੋਂ ਤਜਾਓ । ਸੋਹੰ ਸਾਚਾ ਸ਼ਬਦ ਰਸਨਾ ਗਾਓ । ਆਤਮ ਭੁੱਖ ਸਰਬ ਮਿਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜ ਘਰ ਵਾਸੀ ਨਿਜ ਆਤਮ ਪਾਓ । ਮਦਿਰਾ ਮਾਸ ਜਿਸ ਜਨ ਤਜਾਇਆ । ਮਿਲ ਸਾਧ ਸੰਗਤ ਮੰਗਲ ਗਾਇਆ । ਮਾਤਲੋਕ ਪ੍ਰਭ ਮਾਣ ਦਵਾਇਆ । ਊਚੋ ਊਚ ਪ੍ਰਭ ਸਾਚਾ ਊਚੇ ਦਰ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਮਦਿਰਾ ਮਾਸ ਜੋ ਜਨ ਆਹਾਰੀ । ਪ੍ਰਭ ਅਬਿਨਾਸ਼ੀ ਕਰੇ ਖੁਆਰੀ । ਬੇਮੁਖ ਜੀਵ ਹੋਏ ਨਰ ਨਾਰੀ । ਮਾਨਸ ਜਨਮ ਗਏ ਕਲ ਹਾਰੀ । ਕਲਜੁਗ ਲਿਖੇ ਲੇਖ ਦੁਸ਼ਟ ਦੁਰਾਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਰੇ ਖ਼ੁਆਰੀ । ਵੇਲੇ ਅੰਤ ਪ੍ਰਭ ਖ਼ੁਆਰ ਕਰਾਏ । ਚਾਰ ਕੁੰਟ ਹਾਹਾਕਾਰ ਮਚਾਏ । ਸ਼ਬਦ ਮਾਰ ਕਰ ਖ਼ੁਆਰ, ਚਾਰ ਕੁੰਟ ਵਹੀਰ ਕਰਾਏ । ਸੋਹੰ ਸ਼ਬਦ ਮਾਰ ਕਰ, ਕਲਜੁਗ ਜੀਵਾਂ ਦਏ ਰੁਲਾਏ । ਦਰ ਦਰ ਪ੍ਰਭ ਖੁਆਰ ਕਰ, ਨਰ ਨਾਰੀ ਸਰਬ ਭੁਲਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਸਿਰ ਹੱਥ ਟਿਕਾਏ । ਕਲਜੁਗ ਅੰਤਮ ਕਰੇ ਖ਼ੁਆਰੀ । ਪਤੀਆਂ ਤਾਈਂ ਛੱਡ ਜਾਇਣ ਨਾਰੀ । ਕਲਜੁਗ ਜੀਵਾਂ ਮਤਿ ਗਈ ਮਾਰੀ । ਵਿਭਚਾਰੀ ਹੋਇਣ ਖ਼ੁਆਰ ਕੁਆਰ ਕੰਨਿਆਂ ਪਤਿ ਉਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਮਾਰ ਸ੍ਰਿਸ਼ਟ ਪ੍ਰਭ ਮਾਰੀ । ਸ਼ਬਦ ਮਾਰ ਪ੍ਰਭ ਜਗਤ ਕਰਾਏ । ਘਰ ਘਰ ਅਗਨ ਜੋਤ ਲਗਾਏ । ਦਰ ਘਰ ਪ੍ਰਭ ਸਰਬ ਤਜਾਏ । ਗੁਰਮੁਖ ਸਾਚਾ ਸਚ ਘਰ ਬੈਠ, ਪ੍ਰਭ ਅਬਿਨਾਸ਼ੀ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਭਾਣਾ

ਸਤਿ ਵਰਤਾਏ । ਕਲਜੁਗ ਜੀਵਾਂ ਅੰਤ ਵਿਲਲਾਵਣਾ । ਦਿਵਸ ਰੈਣ ਨਾ ਮਿਲੇ ਸਵਣਾ । ਮਾਇਆਧਾਰੀ ਦਰ ਦਰ ਭਵਣਾ । ਕਰੇ ਖ਼ੁਆਰੀ ਨਿਹਕਲੰਕ ਪ੍ਰਭ ਅਖਵਾਵਣਾ । ਸਾਧ ਸੰਗਤ ਪ੍ਰਭ ਸਦ ਬਲਿਹਾਰੀ, ਪਰਗਟ ਜੋਤ ਦਰਸ ਦਿਖਾਵਣਾ । ਖ਼ੁਆਰ ਖ਼ੁਆਰ ਕਰੇ ਪ੍ਰਭ ਖ਼ੁਆਰਾ । ਮਾਰ ਮਾਰ ਪ੍ਰਭ ਸ਼ਬਦ ਮਾਰ ਜਗ ਮਾਰਾ । ਹਾਹਾਕਾਰ ਕਰਾਈ ਦੁਸ਼ਟ ਦੁਰਾਚਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਸ਼ਬਦ ਵਰਤਾਰਾ । ਸਚ ਸ਼ਬਦ ਪ੍ਰਭ ਵਰਤਾਏ । ਸਾਧ ਸੰਗਤ ਪ੍ਰਭ ਰਿਦੇ ਸਮਾਏ । ਬੇਮੁਖ ਜੀਵਾਂ ਅੰਤਕਾਲ ਮਤਿ ਅਪੁੱਠੀ ਪਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅਚਰਜ ਖੇਲ ਰਚਾਏ । ਕਲਜੁਗ ਕੀਆ ਪ੍ਰਭ ਅਚਰਜ ਖੇਲਾ । ਗੁਰਮੁਖਾਂ ਪ੍ਰਭ ਕੀਆ ਮੇਲਾ । ਸਾਚਾ ਬਣਿਆ ਸਾਧ ਸੰਗਤ ਸੱਜਣ ਸੁਹੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਕਰਾਏ ਸਾਚਾ ਮੇਲਾ । ਕਲਜੁਗ ਤੇਰਾ ਲੱਥੇ ਚੀਰ । ਚਾਰ ਕੁੰਟ ਪੈ ਜਾਏ ਵਹੀਰ । ਕੋਈ ਨਾ ਦਿਸੇ ਔਲੀਆ ਪੈਗ਼ੰਬਰ ਪੀਰ । ਅਠਸਠ ਤੀਰਥ ਪ੍ਰਭ ਖਿੱਚ ਵਖਾਏ ਨੀਰ । ਸੋਹੰ ਸਾਚਾ ਬਾਣ, ਚਾਰ ਕੁੰਟ ਪ੍ਰਭ ਲਗਾਏ ਤੀਰ । ਸਾਧ ਸੰਗਤ ਵੇਲੇ ਅੰਤ, ਪ੍ਰਭ ਸਾਚਾ ਕੱਟੇ ਤੇਰੀ ਭੀੜ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸ੍ਰਿਸ਼ਟ ਸਬਾਈ ਜਾਏ ਪੀੜ । ਸ੍ਰਿਸ਼ਟ ਸਬਾਈ ਪ੍ਰਭ ਪਿੜਾਏ । ਕਲਜੁਗ ਉਲਟੀ ਲੱਠ ਗਿੜਾਏ । ਭਠ ਭਠ ਭਠ, ਬੇਮੁਖ ਜੀਵ ਭਠ ਕਰਾਏ । ਹਠ ਹਠ ਹਠ, ਸਾਧ ਸੰਗਤ ਪ੍ਰਭ ਹਠ ਰਖਾਏ । ਵੇਲੇ ਅੰਤ ਅਖ਼ੀਰ, ਪ੍ਰਭ ਸਾਚਾ ਬੁੱਘੀਂ ਇਕੱਠ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤਾਏ । ਸਾਚੇ ਪ੍ਰਭ ਕਰਮ ਕਮਾਵਣਾ । ਆਪਣਾ ਖੇਲ ਆਪ ਕਰਾਵਣਾ । ਕਲਸੀਂ ਜਾਏ ਚਰਨ ਟਿਕਾਵਣਾ । ਸਾਚਾ ਪਲੰਘ ਸੀਸ ਉਠਾਵਣਾ । ਚਾਰ ਕੁੰਟ ਵਹੀਰ ਪਾਵਣਾ । ਸਾਧ ਸੰਗਤ ਜੈ ਜੈ ਜੈਕਾਰ ਕਰਾਵਣਾ । ਗੁਰਸਿਖਾਂ ਪੂਰਨ ਘਾਲ, ਆਪਣਾ ਤੇਜ਼ ਵਖਾਵਣਾ । ਸਿੰਘਾਸਣ ਬੈਠ ਕਰ ਪ੍ਰਭ ਛਤਰ ਸੀਸ ਝੁਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਵਕ਼ਤ ਸੁਹਾਵਣਾ । ਸਾਚਾ ਪ੍ਰਭ ਕਲ ਵਰਤਾਏ । ਸਾਧ ਸੰਗਤ ਪ੍ਰਭ ਦੇ ਸੁਣਾਏ । ਸਾਚਾ ਪ੍ਰਭ ਜਨ ਭਗਤਾਂ ਭੇਦ ਖੁਲ੍ਹਾਏ । ਪ੍ਰਭ ਸਾਚਾ ਬਿਰਧਾਂ ਬਾਲਾਂ ਪੂਰਨ ਆਸ ਪੁਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਕ਼ਤ ਸੁਹਾਏ । ਸਾਚੇ ਵਕ਼ਤ ਸਚ ਪ੍ਰਭ ਆਇਆ । ਕਲਜੁਗ ਆਪਣਾ ਕਾਜ ਰਚਾਇਆ । ਸਾਚੀ ਜੋਤ ਮਾਝ ਪਰਗਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖੇ ਜਗਤ ਭੁਲਾਇਆ । ਭਰਮ ਭੁਲੇਖੇ ਜਗਤ ਭੁਲਾ । ਆਪਣਾ ਭੇਤ ਪ੍ਰਭ ਲਏ ਖੁਲ੍ਹਾ । ਆਪਣਾ ਵੇਲਾ ਪ੍ਰਭ ਲਏ ਸੁਹਾ । ਕਲਸੀਂ ਲਏ ਚਰਨ ਟਿਕਾ । ਗੁਰਮੁਖ ਸਾਚਾ ਗੁਰਸਿਖ ਸਾਚਾ ਚੇਤ ਸਿੰਘ ਦਰ ਸਾਚਾ ਧਾਮ ਦਏ ਉਪਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਬਣਤ ਜਾਏ ਬਣਾ । ਸਾਚੀ ਰਚਨਾ ਜਗਤ ਰਚਾਏ । ਘਨਕਪੁਰੀ ਪ੍ਰਭ ਮਾਣ ਦੁਆਏ । ਅੰਤਕਾਲ ਕਲਜੁਗ ਸਰਬ ਮਲੇਸ਼ ਨਸ਼ਟ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਜਾੜ ਮਾਝਾ ਫੇਰ ਵਸਾਏ । ਸਾਚਾ ਹੁਕਮ ਸਚ ਲਿਖਾਵਣਾ । ਜੋਤ ਸਰੂਪੀ ਪਰਗਟ ਜੋਤ, ਨਿਹਕਲੰਕ ਚਰਨ ਘਨਕਪੁਰੀ ਵਿਚ ਪਾਵਣਾ । ਸਾਚਾ ਧਾਮ ਸਾਚੇ ਰਾਮ ਘਨਈਆ ਸ਼ਾਮ ਸਤਿਜੁਗ ਫੇਰ ਪਰਗਟਾਵਣਾ । ਨਿਹਕਲੰਕ ਇਹ ਸਾਚਾ ਕਾਮ, ਜੋਤ ਸਰੂਪੀ ਵਿਚ ਮਾਤ ਕਮਾਵਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਘਰ ਫੇਰ ਵਸਾਵਣਾ । ਸਾਚਾ ਬਚਨ ਸਾਚਾ ਗੁਣ । ਮਲੇਛਾਂ ਮਾਰੇ ਪ੍ਰਭ ਚੁਣ ਚੁਣ । ਜੋਧੇ ਉਭਾਰੇ ਪ੍ਰਭ ਆਤਮ ਉਪਜਾਵੇ ਧੁੰਨ । ਦੁਸ਼ਟ ਸੰਘਾਰੇ ਵਡ ਦਾਤਾ ਕਰੇ ਵਡ ਗੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਗੁਰਸਿਖ ਚਰਨ ਲਗਾਏ ਚੁਣ । ਰੰਗ ਰੰਗ ਪ੍ਰਭ ਰੰਗ ਚੜ੍ਹਾਏ । ਰੰਗ ਰੰਗੀਲਾ ਮਾਧਵ ਕਲ ਜੋਤ ਪਰਗਟਾਏ । ਗੁਰਸਿਖ ਮਾਂਗੇ ਸਾਚੀ ਮੰਗ, ਸਾਚਾ ਪ੍ਰਭ ਦਰ ਭਿਛਿਆ ਪਾਏ । ਮਾਤਲੋਕ ਨਾ ਹੋਏ ਨੰਗ, ਸ਼ਬਦ ਚੋਲੀ ਪ੍ਰਭ ਤਨ ਪਹਿਨਾਏ । ਸਾਚਾ ਪ੍ਰਭ ਲਗਾਏ ਅੰਗ, ਆਤਮ ਜੋਤ ਡਗਮਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸ ਪੁਜਾਏ । ਸਰਬ ਜਨਾਂ ਪ੍ਰਭ ਆਸਾ ਪੂਰਿਆ । ਸਾਧ ਸੰਗਤ ਪ੍ਰਭ ਲਾਹੇ ਦੁੱਖ ਵਸੂਰਿਆ । ਸਾਚੀ ਧੁਨ ਉਪਜਾਵੇ ਪ੍ਰਭ ਅਨਹਦ ਤੂਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਕਲਾ ਭਰਪੂਰਿਆ । ਸਰਬ ਕਲਾ ਪ੍ਰਭ ਭਰਪੂਰਾ । ਪ੍ਰਭ ਅਬਿਨਾਸ਼ੀ ਸਤਿਗੁਰ ਸੂਰਾ । ਕਲਜੁਗ ਜਾਮਾ ਧਾਰੇ, ਵਡ ਦਾਤਾ ਵਡ ਸੂਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਤੇਰੇ ਸਦਾ ਹਜ਼ੂਰਾ । ਸਾਧ ਸੰਗਤ ਪ੍ਰਭ ਸਦਾ ਹਜ਼ੂਰ । ਪਰਗਟ ਜੋਤ ਨਿਹਕਲੰਕ, ਸਾਚੀ ਬਖ਼ਸ਼ੇ ਚਰਨ ਧੂੜ । ਮਾਣ ਦਵਾਏ ਮਾਤਲੋਕ, ਆਤਮ ਰੰਗ ਚੜ੍ਹਾਏ ਗੂੜ੍ਹ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਰਾਜੇ ਰਾਣਿਆਂ ਪਾਏ ਜੂੜ । ਸ਼ਬਦ ਮਾਰ ਪ੍ਰਭ ਜਗਤ ਬੰਧਾਇਆ । ਰਾਣਿਆਂ ਮਹਾਰਾਣਿਆਂ ਪ੍ਰਭ ਪਕੜ ਉਠਾਇਆ । ਵਾਸੀ ਪੁਰੀ ਘਨਕ, ਸਾਚਾ ਧਾਮ ਪੁਰ ਘਨਕ ਵਸਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਇਆ । ਰਾਓ ਰਾਓ ਪ੍ਰਭ ਰਾਓ ਜਗਾਏ । ਮਾਇਆਧਾਰੀ ਸਰਬ ਪਲਟਾਏ । ਸਾਚਾ ਪ੍ਰਭ ਰੰਕਾਂ ਲਏ ਗਲੇ ਲਗਾਏ । ਮਹਾਰਾਜ ਸ਼ੇਰ ਸਿੰਘ ਬੰਕ ਦਵਾਰ ਸੁਹਾਏ । ਰੰਕਾਂ ਵਿਚ ਪ੍ਰਭ ਸਦਾ ਸਮਾਏ । ਨੀਚੋ ਨੀਚ ਪ੍ਰਭ ਅਖਵਾਏ । ਊਚੋ ਊਚ ਪ੍ਰਭ ਗੁਰਮੁਖ ਬਣਾਏ । ਸੂਚੋ ਸੂਚ ਸੂਚ, ਪ੍ਰਭ ਆਤਮ ਸੂਚ ਰਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੀਵ ਜੰਤ ਸਰਬ ਵਿਚ ਸਮਾਏ । ਏਕਾ ਜੋਤ ਸਰਬ ਜੀਵ ਜੰਤ । ਜੋਤ ਸਰੂਪ ਸਮਾਏ ਪ੍ਰਭ ਭਗਵੰਤ । ਜਾਣੇ ਭੇਦ ਗੁਰਮੁਖ ਵਿਰਲਾ ਸੰਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਬਣਾਏ ਬਣਤ । ਜੀਵ ਜੰਤ ਪ੍ਰਭ ਬਣਤ ਬਣਾਏ । ਮਾਤ ਗਰਭ ਪ੍ਰਭ ਹੋਏ ਸਹਾਏ । ਪਵਣ ਸਰੂਪੀ ਸਵਾਸ ਚਲਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਥਾਂਏ ਹੋਏ ਸਹਾਏ । ਮਾਤ ਗਰਭ ਜੀਵ ਤਜਾਇਆ । ਕਲਜੁਗ ਮਾਇਆ ਭਰਮ ਭੁਲਾਇਆ । ਮਦਿਰਾ ਮਾਸ ਰਸਨ ਆਹਾਰ ਬਣਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਬੇਮੁਖਾਂ ਮਨੋਂ ਭੁਲਾਇਆ । ਬੇਮੁਖਾਂ ਪ੍ਰਭ ਮਨ ਡੁਲਾਏ । ਗੁਰਸਿਖਾਂ ਪ੍ਰਭ ਧੀਰ ਧਰਾਏ । ਬੇਮੁਖਾਂ ਪ੍ਰਭ ਜਗਤ ਭੁਲਾਏ । ਗੁਰਸਿਖਾਂ ਪ੍ਰਭ ਸਾਚੇ ਮਾਰਗ ਲਾਏ । ਬੇਮੁਖਾਂ ਪ੍ਰਭ ਦਿਸ ਨਾ ਆਏ । ਗੁਰਸਿਖਾਂ ਪ੍ਰਭ ਪਰਗਟ ਜੋਤ ਦਰਸ ਦਿਖਾਏ । ਬੇਮੁਖਾਂ ਮੁਖ ਨਿਕਲੇ ਹਾਏ ਹਾਏ । ਗੁਰਮੁਖ ਸਾਚੇ ਰਸਨਾ ਜੈ ਜੈ ਜੈਕਾਰ ਕਰਾਏ । ਬੇਮੁਖ ਜੀਵ ਪ੍ਰਭ ਵਹਿੰਦੇ ਵਹਿਣ ਵਹਾਏ । ਗੁਰਮੁਖ ਸਾਚੇ ਬਾਂਹੋਂ ਪਕੜ ਤਰਾਏ । ਬੇਮੁਖਾਂ ਮਿਲੇ ਨਾ ਦਰਗਹਿ ਥਾਏਂ । ਗੁਰਮੁਖਾਂ ਪ੍ਰਭ ਬੈਕੁੰਠ ਨਿਵਾਸ ਰਖਾਏ । ਬੇਮੁਖਾਂ ਧਰਮ ਰਾਜ ਦੇ ਸਜ਼ਾਏ । ਗੁਰਮੁਖਾਂ ਪ੍ਰਭ ਵਿਚ ਬਬਾਣ ਬਿਠਾਏ । ਬੇਮੁਖਾਂ ਪ੍ਰਭ ਲੱਖ ਚੁਰਾਸੀ ਜੂਨ ਭੁਗਤਾਏ । ਗੁਰਸਿਖਾਂ ਪ੍ਰਭ ਜੋਤ ਮੇਲ ਮਿਲਾਏ । ਬੇਮੁਖ ਜੀਵ ਜਗ ਸਦ ਆਵੇ ਜਾਏ । ਗੁਰਮੁਖ ਸਾਚਾ ਜੋਤ ਸਰੂਪ, ਵਿਚ ਜੋਤ ਵਿਸਮਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਿਰਪਾ ਕਰੇ ਗੁਰਸਿਖ ਸਾਚੇ ਮਾਨਸ ਜਨਮ ਦਵਾਏ । ਗੁਰਸਿਖਾਂ ਪ੍ਰਭ ਜੋਤ ਮਿਲਾ । ਆਪਣੇ ਵਿਚ ਪ੍ਰਭ ਲਏ ਸਮਾ । ਜੋਤ ਸਰੂਪੀ ਜਾਮਾ ਵਿਚ ਮਾਤ ਪ੍ਰਭ ਲਏ ਪਾ । ਗੁਰਸਿਖ ਸਾਚੇ ਭਗਤ ਜਨ, ਪ੍ਰਭ ਫੇਰ ਲਏ ਪਰਗਟਾ । ਮਾਨਸ ਜਨਮ ਪ੍ਰਭ ਮਾਤ ਦੇ, ਪ੍ਰਭ ਚਰਨੀ ਲਏ ਲਗਾ । ਜੁਗਾਂ ਜੁਗਾਂ ਦੇ ਵਿਛੜੇ, ਪ੍ਰਭ ਸਾਚਾ ਪਕੜੇ ਬਾਂਹ । ਮਹਾਰਾਜ ਸ਼ੇਰ

ਸਿੰਘ ਸਤਿਗੁਰ ਸਾਚਾ, ਸਭ ਥਾਏਂ ਹੋਏ ਸਹਾ । ਸਾਚੇ ਪ੍ਰਭ ਜਾਮਾ ਧਾਰਿਆ । ਪਾਰਬ੍ਰਹਮ ਆਪਣਾ ਰੂਪ ਆਕਾਰਿਆ । ਨਿਰਹਾਰੀ ਨਿਰਵੈਰ ਜੋਤ ਸਰੂਪ ਪ੍ਰਭ ਨਿਰਹਾਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਭੇਖ ਆਕਾਰਿਆ । ਗੁਰ ਨਾਨਕ ਇਹ ਓਟ ਰਖਾਈ । ਵੇਲੇ ਅੰਤ ਕਲ ਕਲੰਕਨਿਹ ਹੋਏ ਸਹਾਈ । ਗੁਰ ਗੋਬਿੰਦ ਇਹ ਬਚਨ ਲਿਖਾਈ । ਨਿਹਕਲੰਕ ਤੇਰੀ ਸਰਨਾਈ । ਨਿਹਕਲੰਕ ਜਗਤ ਪ੍ਰਭ ਆਏ । ਲਿਖਤ ਲੇਖ ਸਚ ਵਰਤਾਏ । ਮਾਣ ਤਾਣ ਗੁਰ ਗੋਬਿੰਦ ਰਖਾਏ । ਜਾਮਾ ਧਾਰ ਘਨਕਪੁਰ ਗੁਰ ਅਰਜਨ ਸ਼ਬਦ ਸਤਿ ਕਰਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜੁਗ ਜੁਗ ਮਾਤ ਵਿਚ ਆਏ । ਸਾਚੀ ਜੋਤ ਕਲ ਅਵਤਾਰਿਆ । ਜਾਮੇ ਦਸ ਦਸ ਗੁਰ, ਨਿਹਕਲੰਕ ਤੇਰਾ ਨਾਮ ਚਿਤਾਰਿਆ । ਲਿਖਿਆ ਲੇਖ ਪ੍ਰਭ ਸਾਚੇ ਧੁਰ, ਸ਼ਬਦ ਰੂਪ ਪ੍ਰਭ ਮੇਲ ਮਿਲਾ ਰਿਹਾ । ਭੇਦ ਨਾ ਜਾਣੇ ਕੋਈ ਸੁਰ, ਕਰੋੜ ਤੇਤੀਸ ਸਦ ਰਸਨਾ ਗਾ ਲਿਆ । ਸਾਧ ਸੰਗਤ ਪ੍ਰਭ ਬੈਠੇ ਚਰਨ ਜੁੜ, ਪ੍ਰਭ ਅਬਿਨਾਸ਼ੀ ਦਰਸ ਦਿਖਾ ਲਿਆ । ਕਲਜੁਗ ਪਰਗਟੇ ਗੋਬਿੰਦ ਗੁਰ, ਸਾਧ ਸੰਗਤ ਤੇਰੇ ਸਿਰ ਫੂਲਨ ਵਰਖਾ ਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਪਤਾਲ ਅਕਾਸ਼ ਤੀਨ ਲੋਕ ਸਾਧ ਸੰਗਤ ਪ੍ਰਭ ਮਾਣ ਦੁਆ ਰਿਹਾ । ਸਾਧ ਸੰਗਤ ਪ੍ਰਭ ਮਾਣ ਦਵਾਇਆ । ਸਾਚਾ ਦਰ ਦਰਬਾਰ ਗਣ ਗੰਧਰਬ ਪ੍ਰਭ ਚਰਨ ਬਹਾਇਆ । ਸਾਚਾ ਸ਼ਬਦ ਗੁਣ ਨਿਧਾਨ ਰਸਨਾ ਗਾਇਆ । ਸਾਧ ਸੰਗਤ ਕਲ ਬੈਠੀ ਚਰਨ ਧਿਆਨ, ਪ੍ਰਭ ਅਬਿਨਾਸ਼ੀ ਸੇਵ ਕਮਾਇਆ । ਮਾਤਲੋਕ ਹੋਇਆ ਮੇਲ ਭਗਤ ਭਗਵਾਨ, ਪ੍ਰਭ ਅਬਿਨਾਸ਼ੀ ਸਿਰ ਸਾਚੇ ਛਤਰ ਝੁਲਾਇਆ । ਗੁਰਸਿਖ ਹੋਏ ਚਤੁਰ ਸੁਜਾਨ, ਮਹਾਰਾਜ ਸ਼ੇਰ ਸਿੰਘ ਸਿਰ ਹੱਥ ਟਿਕਾਇਆ । ਗੁਰਸਿਖ ਹੋਏ ਚਤੁਰ ਸੁਜਾਨਾ । ਸਾਚਾ ਪ੍ਰਭ ਆਤਮ ਦੇਵੇ ਬ੍ਰਹਮ ਗਿਆਨਾ । ਪਹਿਲੀ ਮਾਘ ਦਰ ਆਏ ਕਰਨ ਚਰਨ ਧੂੜ ਇਸ਼ਨਾਨਾ । ਜੋਤ ਸਰੂਪੀ ਨਿਹਕਲੰਕ ਕਲਜੁਗ ਪਹਰਿਆ ਜਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਰਮਈਆ ਰਾਮਾ । ਰਾਮ ਰਾਮ ਰਾਮ ਪ੍ਰਭ ਅਵਤਾਰੇ । ਦੁਆਪਰ ਜਾਮਾ ਧਾਰ ਬਣਿਆ ਕ੍ਰਿਸ਼ਨ ਮੁਰਾਰੇ । ਕਲਜੁਗ ਪਰਗਟੇ ਜੋਤ ਪ੍ਰਭ ਨੈਣ ਮੁਧਾਰੇ । ਜਾਮਾ ਧਾਰ ਵਿਚ ਪੁਰੀ ਘਨਕ, ਸਾਧ ਸੰਗਤ ਤੇਰੀ ਪੈਜ ਸਵਾਰੇ । ਜੋਤ ਸਰੂਪੀ ਲਾਏ ਤਨਕ, ਸਾਧ ਸੰਗਤ ਸੋਹੇ ਪ੍ਰਭ ਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਬੇਮੁਖਾਂ ਮਾਰੇ ਸੋਹੰ ਸ਼ਬਦ ਖੰਡਾ ਦੋ ਧਾਰੇ । ਸੋਹੰ ਖੰਡਾ ਦੋ ਧਾਰ । ਸ੍ਰਿਸ਼ਟ ਸਬਾਈ ਕਰ ਜਾਏ ਪਾਰ । ਚਾਰ ਕੁੰਟ ਪੈ ਜਾਏ ਹਾਹਾਕਾਰ । ਸਾਧ ਸੰਗਤ ਪ੍ਰਭ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ ਤੇਰੇ ਭਰ ਜਾਏ ਭੰਡਾਰ । ਸਤਿਗੁਰ ਸਾਚਾ ਨਿਹਕਲੰਕ ਪੂਰਨ ਨਰ ਅਵਤਾਰ । ਨਰਾਇਣ ਨਰ ਨਰ ਅਵਤਾਰਾ । ਨਿਰੰਜਣ ਜੋਤ ਜੋਤ ਨਿਰੰਕਾਰਾ । ਪਾਰਬ੍ਰਹਮ ਪ੍ਰਭ ਅਪਰ ਅਪਾਰਾ । ਕਰੇ ਭੇਖ ਅਗੰਮ ਅਪਾਰਾ । ਭਰਮ ਭੁਲੇਖੇ ਭੁਲਾਇਆ ਸਰਬ ਸੰਸਾਰਾ । ਸਾਧ ਸੰਗਤ ਪ੍ਰਭ ਲਾਏ ਲੇਖੇ, ਚਲ ਆਏ ਚਰਨ ਦਵਾਰਾ । ਹੰਕਾਰੀਆਂ ਪ੍ਰਭ ਕੱਢੇ ਭੁਲੇਖੇ, ਦਰ ਆਇਨ ਕਰਨ ਨਿਮਸਕਾਰਾ । ਸਾਚੀ ਜੋਤ ਪ੍ਰਭ ਅਬਿਨਾਸ਼ ਵੇਖੇ, ਮਾਤਲੋਕ ਹੋਏ ਉਜਿਆਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਭਰੇ ਭੰਡਾਰਾ । ਸੋਹੰ ਸ਼ਬਦ ਤੇਰੀ ਜੈਕਾਰ । ਦੁਖ ਭੁਖ ਗੁਰ ਸੰਗਤ ਜਾਏ ਮਾਰ । ਆਤਮ ਸਾਚਾ ਸੁਖ ਭਰ ਜਾਏ ਸਰਬ ਭੰਡਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਚਰਨ ਪਿਆਰ । ਸਾਚਾ ਪ੍ਰਭ ਜੋਤ ਨਿਰੰਜਣ । ਪਤਤ ਪਾਵਨ ਦੁਖ ਭੈ ਭੰਜਨ । ਚਰਨ ਧੂੜ ਸਾਚਾ ਮਜਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਤ੍ਰੈਲੋਕੀ ਨੰਦਨ । ਜੋਤ ਜਗਾਏ ਪ੍ਰਭ ਅਪਾਰੇ ।

੬੨੨
੦੧

ਸਾਚਾ ਲਿਖਤ ਲਿਖਾਏ ਪ੍ਰਭ ਲਿਖਾਰੇ । ਰਿਖੀ ਕੇਸ਼ ਗਵਰਧਨ ਧਾਰੇ । ਸਾਵਲ ਸੁੰਦਰ ਕ੍ਰਿਸ਼ਨ ਮੁਰਾਰੇ । ਬਣਤ ਬਣਾਈ ਸ੍ਰਿਸ਼ਟ ਸਾਰੇ । ਜੋਤ ਸਰੂਪ ਪ੍ਰਭ ਸਰਬ ਸਮਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਲਿਖਾਰੇ । ਸਾਚਾ ਪ੍ਰਭ ਲਿਖਤ ਲਿਖਾ । ਸਾਚਾ ਪ੍ਰਭ ਸਰ ਅੰਮ੍ਰਿਤ ਬੇਹ ਜਾਏ ਕਰਾ । ਸਿੰਘਾਸਣ ਕਲਸੀਆਂ ਲਏ ਉਠਾ । ਨਿਹਕਲੰਕ ਪਾਰ ਬਿਆਸੋਂ ਚਰਨ ਲਏ ਟਿਕਾ । ਹੁਕਮ ਵਰਤਾਵੇ ਸ਼ਬਦ ਚਲਾਵੇ, ਲੱਖ ਸੱਤਰ ਲਏ ਚੜ੍ਹਾ । ਸ਼ਬਦ ਜਣਾਵੇ ਭਾਣਾ ਵਰਤਾਵੇ, ਮਾਝਾ ਮਲੀਆ ਮੇਟ ਕਰਾ । ਝੂਠੇ ਜੀਵ ਝੂਠੇ ਦਾਅਵੇ, ਕਲਜੁਗ ਰਹੇ ਬਣਾ । ਭਾਣਾ ਵਰਤੇ ਪ੍ਰਭ ਵਰਤਾਵੇ, ਕਲਜੁਗ ਜੀਵ ਕੋਈ ਜਾਣੇ ਨਾ । ਬੀਰ ਬੇਤਾਲੇ ਹੋਏ ਬੇਹਾਲੇ, ਕਲਜੁਗ ਜੀਵਾਂ ਖੂਨ ਪਿਆਸੀ ਧਰਤੀ ਮਾਂ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਜਾਮ ਬੇਮੁਖਾਂ ਮੌਤ ਦਏ ਪਿਲਾ । ਬੇਮੁਖਾਂ ਪ੍ਰਭ ਜਾਮ ਪਿਲਾਇਆ । ਗੋਦੀ ਮੌਤ ਪ੍ਰਭ ਸੁਆਇਆ । ਮਦਿ ਮਾਸੀ ਕੋਈ ਰਹਿਣ ਨਾ ਪਾਇਆ । ਜਗਤ ਉਦਾਸੀ ਪ੍ਰਭ ਲਾਹੀ ਮਾਇਆ । ਥਿਰ ਘਰ ਵਾਸੀ ਭਾਣਾ ਕਲ ਵਰਤਾਇਆ । ਘਨਕਪੁਰ ਵਾਸੀ ਮਹਾਰਾਜ ਸ਼ੇਰ ਸਿੰਘ ਵਰਤਾਏ ਸੋ ਜੋ ਕੋਈ ਲਏ ਸ਼ਬਦ ਲਿਖਾਇਆ । ਸ਼ਬਦ ਲਿਖਾਏ ਜਗਤ ਜਣਾਏ । ਬੇਮੁਖਾਂ ਪ੍ਰਭ ਪਰਦਾ ਪਾਏ । ਦਰ ਆਇਣ ਜਾਇਣ ਪਤਿ ਗੁਆਏ । ਪ੍ਰਭ ਅਬਿਨਾਸ਼ੀ ਦੁਖ ਦਰਦ ਵਿਨਾਸੀ, ਆਪਣਾ ਭੇਦ ਛੁਪਾਏ । ਮਹਾਰਾਜ ਸ਼ੇਰ ਸਿੰਘ ਘਨਕਪੁਰ ਵਾਸੀ, ਵੇਲੇ ਅੰਤ ਕਲਜੁਗ ਜੀਵ ਸਰਬ ਬਿਲਲਾਏ । ਸਾਚੇ ਪ੍ਰਭ ਸਤਿ ਕਰਮ ਕਮਾਵਣਾ । ਲਿਖਿਆ ਲੇਖ ਸੰਤ ਮਨੀ ਸਿੰਘ ਸਤਿ ਕਰਾਵਣਾ । ਪ੍ਰਭ ਅਬਿਨਾਸ਼ੀ ਕੀਆ ਭੇਸ, ਮਾਝਾ ਦੇਸ ਵਿਚ ਖ਼ਾਕ ਮਿਲਾਵਣਾ । ਵੱਡੇ ਵੱਡੇ ਜੋ ਨਰੇਸ਼, ਸਭ ਤਖ਼ਤੋਂ ਲਾਹ ਬਹਾਵਣਾ । ਜੋਤ ਸਰੂਪ ਗੁਰਸਿਖ ਸਾਚੇ ਸਦਾ ਪਰਵੇਸ਼, ਸਾਢੇ ਸੈਂਤੀ ਸਾਲ ਵਿਚ ਸਮਾਵਣਾ । ਮਹਾਰਾਜ ਸ਼ੇਰ ਸਿੰਘ ਸਦਾ ਅਦੇਸ, ਸਾਧ ਸੰਗਤ ਤੇਰਾ ਵਕਤ ਕਰੇ ਸੁਹਾਵਣਾ । ਬੇਮੁਖ ਜੀਵਾਂ ਕਰਮ ਹੋਏ ਮਾੜੇ । ਸ੍ਰਿਸ਼ਟ ਸਬਾਈ ਪ੍ਰਭ ਚਬਾਈ ਦਾੜ੍ਹੇ । ਜੋਤ ਸਰੂਪ ਪਰਗਟ ਜੋਤ ਝੂਠੇ ਜੀਵ ਅਗਨ ਜੋਤ ਵਿਚ ਸਾੜੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਤੇਰੇ ਸਤਿਜੁਗ ਉਪਜਾਏ ਸਾਚੇ ਲਾੜੇ । ਗੁਰਸਿਖ ਸਾਚਾ ਸਤਿਜੁਗ ਉਪਜਾਣਾ । ਸਾਚਾ ਬ੍ਰਹਮ ਗਿਆਨ ਪ੍ਰਭ ਰਿਦੇ ਉਪਜਾਣਾ । ਗੁਣਵੰਤ ਗੁਣੀ ਨਿਧਾਨ ਪਰਗਟ ਦਰਸ ਦਿਖਾਣਾ । ਜੋਤ ਜਗਾਈ ਵਿਚ ਦੇਹ ਮਹਾਨ, ਅਗਿਆਨ ਅੰਧੇਰ ਮਿਟਾਣਾ । ਸਾਚਾ ਸ਼ਬਦ ਸੁਣਾਇਆ ਕਾਨ, ਰਾਗ ਧੁਨ ਉਪਜਾਇਆ । ਗੁਰਮੁਖ ਸਾਚੇ ਮਨ ਜਾਏ ਮਾਨ, ਪ੍ਰਭ ਅਬਿਨਾਸ਼ੀ ਦਰਸ ਦਿਖਾਇਆ । ਕਲਜੁਗ ਜੀਵ ਭੁੱਲੇ ਅੰਞਾਣ, ਵੇਲਾ ਅੰਤ ਹੱਥੋਂ ਗਵਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭਰਮ ਭੁਲੇਖਾ ਡਾਹਢਾ ਪਾਇਆ । ਭਰਮ ਭੁਲੇਖੇ ਪ੍ਰਭ ਸਰਬ ਭੁਲਾਏ । ਗਿਆਨੀਆਂ ਧਿਆਨੀਆਂ ਪ੍ਰਭ ਦਿਸ ਨਾ ਆਏ । ਤੀਰਥ ਇਸ਼ਨਾਨੀਆਂ ਪ੍ਰਭ ਆਤਮ ਵਿਕਾਰ ਚਲਾਏ । ਨਿਤ ਨਿਤ ਉਠ ਪੜ੍ਹਨ ਜੋ ਬਾਣੀਆਂ, ਪ੍ਰਭ ਉਲਟੀ ਮਤ ਕਰਾਏ । ਕਲਜੁਗ ਦੇਵੇ ਪ੍ਰਭ ਸਚ ਨਿਸ਼ਾਨੀਆਂ, ਕੂਕਰ ਸੂਕਰ ਜੂਨ ਪਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਜੀਵਾਂ ਰਿਹਾ ਭੁਲਾਏ । ਕਲਜੁਗ ਜੀਵ ਵਡ ਗਿਆਨੀ । ਆਤਮ ਹੋਏ ਜੀਵ ਨਾਦਾਨੀ । ਦਿਸ ਨਾ ਆਏ ਪ੍ਰਭ ਕਿਸੇ ਗੁਣੀ ਨਿਧਾਨੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਖਿੱਚੇ ਜੋਤ ਗਗਨ ਪਤਾਲੀ ਖਾਣੀ ਬਾਣੀ । ਸਾਚਾ ਪ੍ਰਭ ਜੋਤ ਖਿਚਾਏ । ਸ਼ਕਤ ਕਿਸੇ ਦੀ ਰਹਿਣ ਨਾ ਪਾਏ । ਗੀਤਾ ਗਿਆਨ ਸਾਚਾ ਧਿਆਨ ਮੁਖ ਰਖਾਏ । ਜਾਮਾ ਧਾਰ ਨਿਹਕਲੰਕ ਕਲਜੁਗ ਅੰਤਮ ਦੇ ਮਿਟਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਏਕਾ ਰਾਹ ਚਲਾਏ । ਕਲਜੁਗ

ਪੂਜਾ ਪ੍ਰਭ ਮਿਟਾਏ । ਏਕਾ ਦੂਜਾ ਭਉ ਚੁਕਾਏ । ਤੀਜਾ ਚੌਥਾ ਕੋਈ ਰਹਿਣ ਨਾ ਪਾਏ । ਪੰਚਮ ਵਿਚ ਪ੍ਰਭ ਆਪ ਸਮਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਸਾਚਾ ਮਾਰਗ ਲਾਏ । ਦੁਖੀਆਂ ਦੁਖ ਨਿਵਾਰ ਪ੍ਰਭ, ਦਰ ਰਹੇ ਬਿਲਲਾਏ । ਦੁਖੀਆਂ ਦੁੱਖ ਨਿਵਾਰ ਪ੍ਰਭ, ਆਤਮ ਸੁਖ ਦਵਾਏ । ਦੁਖੀਆਂ ਦੁੱਖ ਨਿਵਾਰ ਪ੍ਰਭ, ਦੁੱਖ ਦਲਿਦਰ ਨੇੜ ਨਾ ਆਏ । ਦੁਖੀਆਂ ਦੁੱਖ ਨਿਵਾਰ ਪ੍ਰਭ, ਸਾਚੀ ਜੋਤ ਫੇਰ ਜਗਾਏ । ਦੁਖੀਆਂ ਦੁਖ ਨਿਵਾਰ ਪ੍ਰਭ, ਚਰਨ ਆਏ ਜੋ ਸੀਸ ਨਿਵਾਏ । ਦੁਖੀਆਂ ਦੁਖ ਨਿਵਾਰ ਪ੍ਰਭ, ਗੁਰਸਿਖ ਦੁਖੀਆ ਕੋਈ ਰਹਿਣ ਨਾ ਪਾਏ । ਦੁਖੀਆਂ ਦੁਖ ਨਿਵਾਰ ਪ੍ਰਭ, ਸੋਹੰ ਅੰਮ੍ਰਿਤ ਮੁਖ ਚੁਆਏ । ਦੁਖੀਆਂ ਦੁਖ ਨਿਵਾਰ ਪ੍ਰਭ, ਅੰਮ੍ਰਿਤ ਰਸ ਦੇਹ ਚੁਆਏ । ਦੁਖੀਆਂ ਦੁਖ ਨਿਵਾਰ ਪ੍ਰਭ, ਚਰਨ ਪ੍ਰੀਤੀ ਸਾਚਾ ਰਾਹ ਦਿਖਾਏ । ਦੁਖੀਆਂ ਦੁਖ ਨਿਵਾਰ ਪ੍ਰਭ, ਲਿਖਿਆ ਕਰਮ ਦੇ ਮਿਟਾਏ । ਦੁਖੀਆਂ ਦੁਖ ਨਿਵਾਰ ਪ੍ਰਭ, ਭੁਲਿਆਂ ਲਏ ਬਖ਼ਸ਼ਾਏ । ਦੁਖੀਆਂ ਦੁਖ ਨਿਵਾਰ ਪ੍ਰਭ, ਸਾਚਾ ਨੂਰ ਫੇਰ ਦਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦੀ ਆਸ ਪੁਜਾਏ । ਦੁਖੀਆਂ ਪ੍ਰਭ ਦੁਖ ਨਿਵਾਰੇ । ਸੋਹੰ ਸ਼ਬਦ ਰੱਖੇ ਆਧਾਰੇ । ਅਮਕਾ ਜੀਆ ਪ੍ਰਭ ਦਰ ਦੁਰਕਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਕਿਰਪਾ ਪਾਰ ਉਤਾਰੇ । ਦੁਖ ਦਰਦ ਦੇਹ ਨਿਵਾਰਿਆ । ਕਰ ਕਿਰਪਾ ਪ੍ਰਭ ਪਾਰ ਉਤਾਰਿਆ । ਸਾਚਾ ਨਾਮ ਪ੍ਰਭ ਦੇ ਭੰਡਾਰਿਆ । ਸਾਚਾ ਕਾਮ ਕਰੇ ਪ੍ਰਭ ਕਰਤਾਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖਾਂ ਦੁਖ ਨਿਵਾਰਿਆ । ਦੂਖਨ ਦੂਖ ਨਿਵਾਰ ਪ੍ਰਭ, ਦਰ ਜੋ ਜਨ ਆਏ । ਭੂਖਨ ਭੂਖ ਨਿਵਾਰ ਪ੍ਰਭ, ਜੋ ਦਰ ਮੰਗਣ ਆਏ । ਸੂਖਨ ਸੂਖ ਅਧਾਰ ਪ੍ਰਭ, ਆਤਮ ਸੁਖ ਉਪਜਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਤੇਰੀ ਆਸ ਪੁਜਾਏ । ਆਤਮ ਦੁਖ ਪ੍ਰਭ ਨਿਵਾਰਿਆ । ਪੂਰਬ ਕਰਮ ਪ੍ਰਭ ਵਿਚਾਰਿਆ । ਮਾਨਸ ਜਨਮ ਵਿਚ ਕਾਜ ਸੁਆਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋ ਜਨ ਆਏ ਚਰਨ ਨਿਮਸਕਾਰਿਆ । ਸਾਧ ਸੰਗਤ ਤੇਰਾ ਮਿਟੇ ਰੋਗ । ਆਤਮ ਜਾਏ ਝੂਠਾ ਰੋਗ । ਪ੍ਰਭ ਅਬਿਨਾਸ਼ੀ ਦੇਵੇ ਦਰਸ ਅਮੋਘ । ਸੋਹੰ ਸਾਚਾ ਸ਼ਬਦ ਪ੍ਰਭ ਦੇਵੇ ਜੋਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਦੇਹੀ ਕੱਟੇ ਰੋਗ । ਸਾਚਾ ਪ੍ਰਭ ਦਇਆ ਕਮਾਏ । ਦੁਖੀ ਜੀਵਾਂ ਹੋਏ ਸਹਾਏ । ਸਾਚਾ ਨੂਰ ਪ੍ਰਭ ਸ਼ਰਧਾ ਪੂਰ ਝੋਲੀ ਪਾਏ । ਪ੍ਰਭ ਗੁਣ ਭਰਪੂਰ, ਦੁਖ ਰੋਗ ਸਰਬ ਮਿਟਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣੀ ਦਇਆ ਕਮਾਏ । ਦੁਖ ਰੋਗ ਪ੍ਰਭ ਨਿਵਾਰਿਆ । ਏਕਾ ਜਾਪ ਤੀਨ ਤਾਪ ਕਰੇ ਖੁਆਰਿਆ । ਪਰਗਟੇ ਆਪ ਪ੍ਰਭ ਜੋਤ ਸਰੂਪ ਕਰ ਆਕਾਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪ ਅਗੰਮ ਅਪਾਰਿਆ । ਸਾਚਾ ਪ੍ਰਭ ਸੱਚਾ ਸਿਕਦਾਰ । ਵਰਤੇ ਵਰਤਾਵੇ ਵਿਚ ਸੰਸਾਰ । ਆਵੇ ਜਾਵੇ ਵਾਰੋ ਵਾਰ । ਕਲਜੁਗ ਜਾਮਾ ਨਿਹਕਲੰਕ ਲਿਆ ਧਾਰ । ਵੇਲੇ ਅੰਤ ਕਲਜੁਗ ਆਈ ਹਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸ਼ਬਦ ਮਾਰੇ ਮਾਰ । ਅੰਤਕਾਲ ਪ੍ਰਭ ਕਲ ਕਰਾਏ । ਬੇਮੁਖ ਜੀਵ ਵਾਂਗ ਦਾਲ ਦੋਫਾੜ ਕਰਾਏ । ਗੁਰਮੁਖ ਸਾਚੇ ਨਾਮ ਪ੍ਰਭ ਰਸਨਾ ਦਏ ਸੁਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਧੀਰ ਧਰਾਏ । ਧੀਰ ਧਰਾਏ ਵਡ ਧੀਰਨ ਧੀਰਾ । ਪ੍ਰਭ ਅਬਿਨਾਸ਼ੀ ਵਡ ਪੀਰਨ ਪੀਰਾ । ਗੁਰਮੁਖਾਂ ਅੰਮ੍ਰਿਤ ਮੁਖ ਚੁਆਏ । ਜਿਉਂ ਬਾਲਕ ਮਾਤਾ ਸੀਰਾ । ਆਤਮ ਦੁਖ ਗਵਾਏ ਸ਼ਾਂਤ ਕਰਾਏ ਸਰੀਰਾ । ਮਿਟੇ ਰੋਗ ਦੁਖ ਪਰਕਾਸ਼ਿਆ । ਦੇਵੇ ਦਰਸ ਪ੍ਰਭ ਅਬਿਨਾਸ਼ਿਆ । ਸਾਚਾ ਸੁਖ ਪ੍ਰਭ ਦਰ ਭੋਗ, ਸਾਧ ਸੰਗਤ ਪ੍ਰਭ ਸਦ ਰੱਖੇ ਵਾਸਿਆ । ਪ੍ਰਭ

ਅਬਿਨਾਸ਼ੀ ਕੱਟੇ ਰੋਗ, ਜੋ ਜਨ ਹੋਏ ਦਾਸਨ ਦਾਸਿਆ । ਦਾਸਨ ਦਾਸ ਜੋ ਜਨ ਆਏ । ਪ੍ਰਭ ਅਬਿਨਾਸ਼ੀ ਸਾਚੀ ਜੋਤ ਮਿਲਾਏ । ਸਾਚੀ ਜੋਤ ਹੋਏ ਪਰਕਾਸ਼, ਆਤਮ ਅੰਧੇਰ ਰਹੇ ਨਾ ਕੋਏ । ਦੇਹੀ ਦੁਖੜੇ ਹੋਏ ਨਾਸ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਦਇਆ ਕਮਾਏ । ਕਰੇ ਬੇਨੰਤੀ ਪਹਿਲੀ ਮਾਘ । ਸੋਇਆ ਹਿਰਦਾ ਜਾਏ ਜਾਗ । ਸਾਚਾ ਪ੍ਰਭ ਉਪਜਾਵੇ ਸਾਚਾ ਰਾਗ । ਗੁਰਮੁਖ ਸਾਚੇ ਆਤਮ ਭਏ ਵੈਰਾਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਸ਼ਬਦ ਲਗਾਵੇ ਜਾਗ । ਸਾਚਾ ਸ਼ਬਦ ਪ੍ਰਭ ਚਲਾਏ । ਆਤਮ ਵਿਚ ਨਿਵਾਸ ਰਖਾਏ । ਜੋਤ ਸਰੂਪੀ ਸਾਚਾ ਦੀਪ ਵਿਚ ਦੇਹ ਜਗਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੁਰਤ ਸ਼ਬਦ ਦਾ ਮੇਲ ਮਿਲਾਏ । ਗੁਰਸਿਖ ਤੇਰਾ ਸ਼ਬਦ ਮੇਲ । ਨਿਜਾਨੰਦ ਵੇਖ ਪ੍ਰਭ ਕਾ ਖੇਲ । ਪ੍ਰਭ ਸਾਚੀ ਜੋਤ ਕਰੇ ਪਰਕਾਸ਼, ਸੋਹੰ ਪਾਏ ਸਾਚਾ ਤੇਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਰੰਗ ਨਵੇਲ । ਰੰਗ ਨਵੇਲ ਆਪ ਪ੍ਰਭ, ਵਿਚ ਹਿਰਦੇ ਵਸੇ । ਜੋਤ ਸਰੂਪੀ ਪਰਗਟ ਜੋਤ, ਸਾਚਾ ਭੇਦ ਦੱਸੇ । ਪ੍ਰਭ ਖੋਲ੍ਹ ਵਖਾਏ ਤੇਰੀ ਸੁਰਤ, ਕਰੇ ਪਰਕਾਸ਼ ਜਿਉਂ ਰਵ ਸਸੇ । ਦੁਰਮਤ ਮੈਲ ਜਾਏ ਧੋਤ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਹਿਰਦੇ ਵਸੇ । ਸਾਚਾ ਪ੍ਰਭ ਜੋਤ ਜਗਾਏ । ਗੁਰਸਿਖ ਤੇਰਾ ਤੀਜਾ ਨੈਣ ਖੁਲ੍ਹਾਏ । ਭੁਲ ਭੁਲ ਭੁਲ ਮਦਿਰਾ ਮਾਸ ਹੱਥ ਨਾ ਲਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਕਰਮ ਕਮਾਏ । ਝੂਠੀ ਕਾਇਆ ਪ੍ਰਭ ਜੋਤ ਜਗਾਈ । ਸਾਚਾ ਦੀਪਕ ਵਿਚ ਦੇਹ ਟਿਕਾਈ । ਸੋਹੰ ਨਾਮ ਵਿਚ ਬੱਤੀ ਪਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਵਣ ਸਰੂਪੀ ਸ਼ਬਦ ਚਲਾਈ । ਸ਼ਬਦ ਸਰੂਪੀ ਪਵਣ ਹੁਲਾਰਾ । ਗੁਰਸਿਖ ਦੇਵੇ ਮੋਖ ਦਵਾਰਾ । ਸਦਾ ਸਮੀਪਤ ਪ੍ਰਭ ਭਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਕਰੇ ਆਕਾਰਾ । ਆਤਮ ਹੋਏ ਜੋਤ ਆਕਾਰ । ਹਉਮੇ ਜਾਏ ਵਿਚੋਂ ਹੰਕਾਰ । ਪ੍ਰਭ ਸਾਚੇ ਦੀ ਪਾਏ ਸਾਚੀ ਸਾਰ । ਖੋਲ੍ਹ ਦੇਵੇ ਪ੍ਰਭ ਦਸਮ ਦਵਾਰ । ਅਨਹਦ ਸ਼ਬਦ ਉਪਜੇ ਧੁਨਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਭਰੇ ਭੰਡਾਰ । ਸਾਚਾ ਸ਼ਬਦ ਸਚ ਗਿਆਨਾ । ਸਾਚਾ ਪ੍ਰਭ ਭਗਤ ਭਗਵਾਨਾ । ਸਾਚਾ ਪ੍ਰਭ ਸੋਹੰ ਦੇਵੇ ਵਡ ਦਾਨੀ ਦਾਨਾ । ਆਤਮ ਹੋਏ ਜੋਤ ਪਰਕਾਸ਼, ਜੋਤ ਜਗੇ ਮਹਾਨਾ । ਅਗਿਆਨ ਅੰਧੇਰ ਜਾਏ ਵਿਨਾਸ, ਜਨ ਹੋਵੇ ਸੁਘੜ ਸੁਜਾਨਾ । ਗੁਰਚਰਨ ਪ੍ਰੀਤੀ ਸੱਚੀ ਰਹਿਰਾਸ, ਦੇਵੇ ਦਰਸ ਵਿਸ਼ਨੂੰ ਭਗਵਾਨਾ । ਸਾਚਾ ਪ੍ਰਭ ਦਰਸ ਦਿਖਾਏ । ਗੁਰਸਿਖ ਸੋਇਆ ਪ੍ਰਭ ਬਾਹੋਂ ਪਕੜ ਉਠਾਏ । ਪ੍ਰਭ ਅਬਿਨਾਸ਼ੀ ਪਰਗਟ ਹੋਇਆ, ਸਾਚਾ ਨਾਮ ਭਿਛਿਆ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਇਆ ਕਮਾਏ । ਸਾਚੇ ਨਾਮ ਸਤਿ ਵਡਿਆਈ । ਸਾਚੇ ਨਾਮ ਰਸਨਾ ਜਪ ਕਲਜੁਗ ਜੀਵ ਪਰਮਗਤ ਪਾਈ । ਸਾਚਾ ਨਾਮ ਪੂਰਨ ਕਰਾਏ ਕਾਮ ਕਲਜੁਗ ਜੀਵ ਭੁਲ ਨਾ ਜਾਈ । ਸਾਚਾ ਨਾਮ ਘਨਈਆ ਸ਼ਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਕੰਨ ਸੁਣਾਈ । ਰਾਗਨ ਰਾਗ ਪ੍ਰਭ ਰਾਗ ਉਪਜਾਏ । ਸਵਾਂਗੀ ਸਵਾਂਗ ਪ੍ਰਭ ਸਾਚਾ ਸਵਾਂਗ ਰਚਾਏ । ਗੁਰਮੁਖ ਸਾਚੀ ਰੱਖੀ ਤਾਂਘ, ਪਰਗਟ ਜੋਤ ਪ੍ਰਭ ਦਰਸ ਦਿਖਾਏ । ਪ੍ਰਭ ਦਰ ਮੰਗੇ ਸਾਚੀ ਮਾਂਗ, ਸਚ ਵਸਤ ਪ੍ਰਭ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਕੋਈ ਭੁਲ ਨਾ ਜਾਏ । ਸਾਚਾ ਨਾਮ ਪ੍ਰਭ ਦਰ ਪਾ । ਪ੍ਰਭ ਅਬਿਨਾਸ਼ੀ ਨਾ ਦੇਣਾ ਭੁਲਾ । ਆਤਮ ਬੁਝੀ ਦੀਪ ਪ੍ਰਭ ਸਾਚਾ ਦਏ ਜਗਾ । ਅੰਮ੍ਰਿਤ ਆਤਮ ਸਾਚਾ ਰਸ, ਪ੍ਰਭ ਮੁਖ ਦਏ ਚੁਆ । ਪ੍ਰਭ ਅਬਿਨਾਸ਼ੀ ਹੋਏ ਵਸ, ਪਰਗਟ ਜੋਤ ਦੇਵੇ ਦਰਸ ਦਿਖਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਰਸਨਾ

ਸਦ ਜੀਵ ਗਾ । ਸਾਚਾ ਸ਼ਬਦ ਸਾਚਾ ਗੁਰ ਮੰਤਰ । ਦੇਵੇ ਪ੍ਰਭ ਸਾਚਾ ਨਿਰੰਤਰ । ਆਦਿ ਜੁਗਾਦਿ ਜੁਗਾਦਿ ਆਦਿ ਸਦਾ ਰਹੰਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਤੇਰੀ ਬਣਤਰ । ਗੁਰਸਿਖ ਚਲੇ ਪ੍ਰਭ ਕੇ ਭਾਓ । ਸਾਚਾ ਪ੍ਰਭ ਸਦ ਲਾਗੇ ਪਾਉ । ਸੋਹੰ ਸਾਚਾ ਸ਼ਬਦ ਰਸਨਾ ਸਦ ਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਅਬਿਨਾਸ਼ੀ ਘਰ ਮੇਂ ਪਾਓ । ਨਾਮ ਦਾਨ ਜਿਸ ਜਨ ਜਾਣਿਆ । ਪੂਰਨ ਬ੍ਰਹਮ ਬ੍ਰਹਮ ਸਰੂਪ ਪਛਾਣਿਆ । ਪ੍ਰਭ ਅਬਿਨਾਸ਼ੀ ਜੋਤ ਸਰੂਪ ਸੁਖ ਸਾਚਾ ਮਾਣਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖਾਂ ਚਲਾਏ ਆਪਣੇ ਭਾਣਿਆ । ਗੁਰ ਸਾਚਾ ਸਦ ਰਸਨਾ ਗਾ । ਪ੍ਰਭ ਅਬਿਨਾਸ਼ੀ ਸੱਚਾ ਪਾ । ਆਤਮ ਪਰਦਾ ਲਏ ਹਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵੱਛ ਸਰੂਪ ਦੇਵੇ ਦਰਸ ਦਿਖਾ । ਸਵੱਛ ਸਰੂਪ ਗੁਰਮੁਖ ਵਿਰਲਾ ਜਾਣੇ ਪ੍ਰਭ ਰੰਗ ਅਨੂਪ । ਜੋਤ ਨਿਰੰਜਣ ਨਿਹਕਲੰਕ ਸਤਿ ਸਰੂਪ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸ਼ਬਦ ਤੇਰਾ ਸਾਚਾ ਦੂਤ । ਸੋਹੰ ਸ਼ਬਦ ਗੁਰ ਦੂਤ ਬਣਾਇਆ । ਸਾਧ ਸੰਗਤ ਦੇ ਵਿਚ ਸਮਾਇਆ । ਸਾਚਾ ਫ਼ਰਮਾਣ ਧੁਰਦਰਗਾਹੋਂ ਲੈ ਕੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਕਾਲ ਮਾਣ ਦਵਾਇਆ । ਸਾਚਾ ਸ਼ਬਦ ਚਲੇ ਸਵਾਸਾ । ਸੋਹੰ ਜਪ ਜੀਵ ਵਿਚ ਨਾਸਾ । ਆਵਣ ਜਾਵਣ ਪ੍ਰਭ ਕਾ ਵਾਸਾ । ਸ੍ਰਿਸ਼ਟ ਸਬਾਈ ਝੂਠਾ ਖੇਲ ਤਮਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਦਾਸਨ ਦਾਸਾ । ਰਸਨਾ ਜਪ ਰਮਈਆ ਰਾਮ । ਦੇਵੇ ਦਰਸ ਘਨਈਆ ਸ਼ਾਮ । ਸੋਹੰ ਸਾਚਾ ਪ੍ਰਭ ਦਵਈਆ ਨਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਪੂਰ ਕਰਾਏ ਕਾਮ । ਆਤਮ ਮਨਸਾ ਹੋਏ ਪੂਰੀ । ਗੁਰਸਿਖ ਸੁਰਤੀ ਨਾ ਰਹੇ ਅਧੂਰੀ । ਉਪਜੇ ਜੋਤ ਰੱਖੇ ਸਤਿ ਸਰੂਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਨੂਰੋ ਨੂਰੀ । ਸਾਂਤਕ ਤੇਰਾ ਰੂਪ ਸਤਿ । ਪ੍ਰਭ ਅਬਿਨਾਸ਼ੀ ਪਾਵੇ ਸਾਚੀ ਮਤਿ । ਸ਼ਬਦ ਅਧਾਰ ਰਖਾਵੇ ਯਤ । ਏਕ ਸ਼ਬਦ ਚਾਰ ਵਰਨ ਰਖਾਵੇ ਤਤ । ਚਰਨ ਪ੍ਰੀਤੀ ਦੇਵੇ ਸਾਚੇ ਸੁਤ । ਪਾਰਬ੍ਰਹਮ ਪਰਮੇਸ਼ਵਰ ਅਚੁਤ । ਬਸੰਤ ਰੂਪ ਰਹੇ ਤੇਰੀ ਰੁਤ । ਸਤਿਜੁਗ ਜੀਵ ਉਪਾਏ ਪ੍ਰਭ ਸਾਚੇ ਸੁਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਸੁਹਾਏ ਰੁਤ । ਸਾਂਤਕ ਸਤਿ ਸਤਿ ਵਰਤਾਰ । ਸਾਂਤਕ ਤੇਰਾ ਸਤਿ ਦਰਬਾਰ । ਸਾਂਤਕ ਤੇਰਾ ਰੂਪ ਅਪਾਰ । ਸਾਂਤਕ ਸੁਰਤੀ ਸ਼ਬਦ ਅਧਾਰ । ਸਾਂਤਕ ਰੂਪ ਧਰੇ ਕਰਤਾਰ । ਸਾਂਤਕ ਸਤਿਜੁਗ ਤੇਰਾ ਅਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਸਚ ਵਰਤਾਵੇ ਵਿਚ ਸੰਸਾਰ । ਸਾਂਤਕ ਸਾਚਾ ਸਤਿਜੁਗ ਸਾਲਸ । ਗੁਰਮੁਖ ਉਪਜਾਵੇ ਖਾਲਸ । ਗੁਰ ਸਾਚੇ ਜੀਵ ਪਰਗਟਾਵੇ ਲਾਲਸ । ਲਾਲਚ ਕੋਏ ਨਾ ਕਰੇ ਮਾਨਸ । ਭੁੱਖਾ ਜੀਵ ਨਾ ਕੋਏ ਬਿਲਲਾਏ ਪ੍ਰਭ ਸਾਚਾ ਸਾਲਸ । ਮਦਿਰਾ ਮਾਸ ਨਾ ਕੋਏ ਰਸਨਾ ਲਾਏ, ਪ੍ਰਭ ਸਦਾ ਰਹੇ ਨਾਲਿਸ । ਪ੍ਰਭ ਏਕਾ ਰੁਤ ਬਣਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਥਾਏਂ ਸਮਾਲਸ । ਸਾਂਤਕ ਦੇਵੇ ਸਤਿ ਵਡਿਆਈ । ਗੁਰਮੁਖ ਆਤਮ ਪ੍ਰਭ ਸਾਂਤ ਕਰਾਈ । ਸੋਹੰ ਸਾਚੀ ਦਾਤ ਪ੍ਰਭ ਝੋਲੀ ਪਾਈ । ਸਰਬ ਮਿਟਾਏ ਜ਼ਾਤ ਪਾਤ, ਚਾਰ ਵਰਨ ਬਣਾਏ ਭੈਣ ਭਾਈ । ਸਤਿਜੁਗ ਬਖ਼ਸ਼ੇ ਸਾਚੀ ਕਰਾਮਾਤ, ਆਤਮ ਸਚ ਸਚ ਵਰਤਾਈ । ਸੋਹੰ ਸ਼ਬਦ ਚਲਾਵੇ ਸਾਚੀ ਗਾਥ, ਕੁੰਟ ਚਾਰ ਜੈ ਜੈ ਜੈਕਾਰ ਕਰਾਈ । ਜਾਮਾ ਧਾਰੇ ਪ੍ਰਭ ਵਿਚ ਮਾਤ, ਨਿਹਕਲੰਕ ਨਾਉਂ ਧਰਾਈ । ਗੁਰ ਦਰ ਸੁਹਾਈ ਸਾਚੀ ਰਾਤ, ਸਾਧ ਸੰਗਤ ਰਸਨਾ ਹਰਿ ਗੁਣ ਗਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਵਿਰਲੇ ਮਿਤ ਗਤ ਪਾਈ । ਸਾਂਤਕ ਤੇਰਾ ਸਾਚਾ ਨੂਰ ।

ਗੁਰਸਿਖ ਤਨ ਕਰ ਭਰਪੂਰ । ਸਾਚੀ ਜੋਤ ਉਪਜਾਵੇ ਨੂਰ । ਪ੍ਰਭ ਅਬਿਨਾਸ਼ੀ ਏਕਾ ਬਖ਼ਸ਼ੇ ਸਾਚਾ ਸਤਿ ਸਰੂਰ । ਨਿਹਕਲੰਕ ਗੁਰਮੁਖ ਹਿਰਦੇ ਵਸੇ ਨਾ ਜਾਣੋ ਦੂਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਕਲਾ ਭਰਪੂਰ । ਸਾਂਤਕ ਵਰਤਾਏ ਸਾਰੰਗ ਧਰ । ਕਲਜੁਗ ਧਰੀ ਜੋਤ ਅਵਤਾਰ ਨਰ । ਸਤਿਜੁਗ ਸਾਚਾ ਮਾਤਲੋਕ ਜਾਏ ਕਰ । ਏਕਾ ਸ਼ਬਦ ਉਪਾਏ ਪ੍ਰਭ ਅਪਰ । ਗੁਰਮੁਖ ਮੰਗ ਸਾਚਾ ਵਰ । ਪ੍ਰਭ ਸਾਚੇ ਦੀ ਸ਼ਰਨੀ ਪਰ । ਚਰਨ ਲਾਗ ਗੁਰਮੁਖ ਭਵਜਲ ਤਰ । ਵੇਲੇ ਅੰਤ ਜਮ ਨਾ ਆਇਣ ਤੇਰੇ ਦਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕ ਦਿਸਾਏ ਸਾਚਾ ਦਰ । ਸਾਂਤਕ ਤੇਰਾ ਨਾਮ ਰਖਾਇਆ । ਜੀਵ ਜੰਤ ਪ੍ਰਭ ਸਤਿ ਵਰਤਾਇਆ । ਰਾਜਸ ਤਾਮਸ ਮਗਰੋਂ ਲਾਹਿਆ । ਆਲਸ ਨਿੰਦਰਾ ਪ੍ਰਭ ਗਵਾਇਆ । ਜੋਤ ਸਰੂਪੀ ਸਾਚਾ ਦੀਪਕ, ਗੁਰਸਿਖਾਂ ਆਤਮ ਵਿਚ ਜਗਾਇਆ । ਸਾਚਾ ਪ੍ਰਭ ਸਦਾ ਸਮੀਪਤ, ਝੂਠੀ ਕਾਇਆ ਵਿਚ ਸਦਾ ਸਮਾਇਆ । ਸਾਚਾ ਨਾਮ ਮਹਾਰਸ ਪੀਵਤ, ਪ੍ਰਭ ਸਾਚੇ ਸਿਰ ਹੱਥ ਟਿਕਾਇਆ । ਆਦਿ ਜੁਗਾਦਿ ਵਿਚ ਬ੍ਰਹਿਮਾਦਿ ਗੁਰਮੁਖ ਸਾਚਾ ਸਦਾ ਜਗ ਜੀਵਤ, ਪ੍ਰਭ ਸਾਚੇ ਲੇਖ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਤਿ ਮਾਣ ਦਵਾਇਆ । ਸਾਂਤਕ ਸਾਚਾ ਸੰਤ ਜਨ ਪਾਏ । ਸਾਚੇ ਸੰਤ ਪ੍ਰਭ ਰਿਹਾ ਸਮਾਏ । ਵਿਸਮਾਦੀ ਵਿਸਮਾਦ ਹੋ ਜਾਏ । ਆਦਿ ਜੁਗਾਦੀ ਸ਼ਬਦ ਨਾਦ ਧੁਨ ਉਪਜਾਏ । ਰਾਗ ਉਪਜਾਏ ਮਾਧਵ ਮਾਧੀ, ਪ੍ਰਭ ਬਜਰ ਕਪਾਟ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਂਤਕ ਤੇਰਾ ਨਾਮ ਰਖਾਏ । ਸਾਂਤਕ ਤੇਰਾ ਰੰਗ ਰੰਗਾਇਆ । ਮਾਤਲੋਕ ਵਿਚ ਜਨਮ ਦਵਾਇਆ । ਮਦਿਰਾ ਮਾਸ ਮਗਰੋਂ ਲਾਹਿਆ । ਸਤਿ ਗੁਣ ਪ੍ਰਭ ਸਤਿ ਸੁਣਾਇਆ । ਰਾਗਨ ਰਾਗ ਤਿਆਗ, ਪ੍ਰਭ ਸੋਹੰ ਸਾਚਾ ਰਾਗ ਜਣਾਇਆ । ਭਗਤ ਜਨ ਕਲ ਗਏ ਜਾਗ, ਪ੍ਰਭ ਸਾਚੇ ਜਦ ਦਰਸ ਦਿਖਾਇਆ । ਮਾਤਲੋਕ ਵਿਚ ਪੂਰਨ ਭਾਗ, ਪ੍ਰਭ ਸਾਚੇ ਦਾ ਦਰਸ਼ਨ ਪਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਂਤਕ ਸਤਿ ਵਰਤਾਇਆ । ਸਾਂਤਕ ਵਰਤੇ ਹੋਏ ਨਿਮਾਣਾ । ਸਤਿਜੁਗ ਉਪਜਾਏ ਪ੍ਰਭ ਗਿਆਨਾ । ਏਕਾ ਬੁਧਿ ਰਖਾਏ ਪ੍ਰਭ ਬਿਰਧ ਬਾਲ ਜਵਾਨਾ । ਪ੍ਰਭ ਆਤਮ ਸ਼ੁਧ ਕਰਾਏ, ਬਖ਼ਸ਼ੇ ਏਕ ਆਤਮ ਧਿਆਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਕਰਾਏ ਰਾਜਾ ਰਾਣਾ । ਸਾਂਤਕ ਤੇਰੀ ਸਰਧਾ ਪੂਰ । ਪ੍ਰਭ ਅਬਿਨਾਸ਼ੀ ਦੇਵੇ ਚਰਨ ਧੂੜ । ਸੋਹੰ ਸਾਚਾ ਦਾਨ ਦੇ, ਪ੍ਰਭ ਭੰਡਾਰੇ ਕਰੇ ਭਰਪੂਰ । ਮੁਕਤ ਜੁਗਤ ਵਾਲੀ ਦੋ ਜਹਾਨ ਦੇ, ਕਰ ਜਾਏ ਦੁਖੜੇ ਦੂਰ । ਨਿਮਾਣਿਆਂ ਪ੍ਰਭ ਮਾਣ ਦੇ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਬਖ਼ਸ਼ੇ ਨੂਰ । ਨਿਮਾਣਿਆਂ ਪ੍ਰਭ ਮਾਣ ਦਵਾਇਆ । ਕਲਜੁਗ ਰਾਓ ਸਰਬ ਮਿਟਾਇਆ । ਸਤਿਜੁਗ ਤੇਰੀ ਨੀਂਹ ਰਖਾਇਆ । ਰਾਉ ਰੰਕ ਇਕ ਥਾਏਂ ਸਮਾਇਆ । ਊਚ ਨੀਚ ਕੋਈ ਰਹਿਣ ਨਾ ਪਾਇਆ । ਸਾਚੇ ਭੂਪ ਸਤਿਜੁਗ ਸਾਚਾ ਮਾਰਗ ਲਾਇਆ । ਏਕਾ ਸ਼ਬਦ ਚਾਰ ਵਰਨ ਪ੍ਰਭ ਕਰਾਇਆ । ਵਰਨ ਬਰਨ ਪ੍ਰਭ ਮੇਟ ਵਖਾਇਆ । ਏਕਾ ਬਖ਼ਸ਼ੇ ਨਿਹਕਲੰਕ ਚਰਨ ਸਰਨਾਇਆ । ਕਲਜੁਗ ਜਾਮਾ ਧਾਰ ਨਿਹਕਲੰਕ ਜਗਤ ਪਿਤ ਆਇਆ । ਸਾਚਾ ਵਜਾਏ ਸ਼ਬਦ ਡੰਕ, ਬੇਮੁਖਾਂ ਕੰਨ ਸੁਣਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਖੇਲ ਰਚਾਇਆ । ਜੋਤ ਸਰੂਪੀ ਰਚਨਾ ਰਚ । ਕਲਜੁਗ ਤੋੜੇ ਜਿਉਂ ਵੰਗ ਕਚ । ਅਗਨ ਜੋਤ ਜੀਵ ਜਾਇਣ ਮਚ । ਗੁਰਸਿਖ ਆਤਮ ਪ੍ਰਭ ਜਾਏ ਰਚ । ਗੁਰਸਿਖ ਸੋ ਜਿਸ ਹਿਰਦੇ ਹੋਵੇ ਸਚ । ਬੇਮੁਖ ਬੇਤਾਲੇ ਦਰ ਆਇਣ ਜਾਇਣ ਨਚ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਲਿਖਤ ਕਰਾਏ ਆਪਣੀ ਸਚ ।

ਸਚ ਸਚ ਜਗਤ ਵਰਤਾਰਾ । ਸਚ ਸਚ ਪ੍ਰਭ ਭਰੇ ਭੰਡਾਰਾ । ਸਚ ਸਚ ਹੋਵੇ ਵਿਚ ਦਰਬਾਰਾ । ਸਾਚੀ ਜੋਤ ਧਰੇ ਨਿਰੰਕਾਰਾ । ਸਤਿਜੁਗ ਸਾਚਾ ਤੇਰਾ ਸਤਿ ਵਰਤਾਰਾ । ਜੋਤ ਸਰੂਪ ਨਿਹਕਲੰਕ ਕਲ ਲਏ ਅਵਤਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਕਰੇ ਵਰਤਾਰਾ । ਸਚ ਸਚ ਪ੍ਰਭ ਜਗਤ ਵਰਤਾਏ । ਗੁਰਮੁਖ ਹਿਰਦੇ ਸ਼ੁਧ ਕਰਾਏ । ਆਤਮ ਬੁਧਿ ਪ੍ਰਭ ਸਾਚੀ ਪਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਧਰਮ ਚਲਾਏ । ਸਤਿਜੁਗ ਤੇਰਾ ਸਾਚਾ ਧਰਮਾ । ਚਾਰ ਵਰਨ ਹੋਏ ਏਕਾ ਕਰਮਾ । ਕਿਸੇ ਨਾ ਹੋਵੇ ਕੋਏ ਭਰਮਾ । ਕੋਏ ਨਾ ਦਿਸੇ ਜੀਵ ਅਧਰਮਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਦੇਵੇ ਸਾਚੀ ਸਰਨਾ । ਏਕਾ ਸ਼ਰਨ ਪ੍ਰਭ ਰਖਾਓ । ਗੁਰਸਿਖ ਸਾਚੇ ਸਚ ਮਤਿ ਪਾਓ । ਦੁਬਧਾ ਮੈਲ ਮਨੋਂ ਤਜਾਓ । ਆਤਮ ਹੰਕਾਰ ਸਰਬ ਗਵਾਓ । ਨਿਰਵੈਰ ਪ੍ਰਭ ਨਿਰਵੈਰ ਸਿੱਖ ਹੋ ਜਾਓ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਬਖ਼ਸ਼ੇ ਨਾਉਂ । ਸਾਚਾ ਪ੍ਰਭ ਨਿਰਵੈਰ ਸਮਾਏ । ਨਿਰਾਹਾਰੀ ਨਿਰਾਧਾਰੀ ਪ੍ਰਭ ਆਪ ਅਖਵਾਏ । ਵਡ ਸੰਸਾਰੀ ਜੋਤ ਸਰੂਪ ਸਰਬ ਰਿਹਾ ਸਮਾਏ । ਭਗਤ ਉਧਾਰੇ ਜੁਗੋ ਜੁਗ ਪ੍ਰਭ ਜਾਮਾ ਪਾਏ । ਸ਼ਾਮ ਮੁਰਾਰੀ ਸਾਵਲ ਸੁੰਦਰ ਰੂਪ ਵਟਾਏ । ਪ੍ਰਭ ਗਿਰਧਾਰੀ ਪਰਗਟ ਜੋਤ ਨਿਹਕਲੰਕ ਨਾਉਂ ਧਰਾਏ । ਗੁਰਸਿਖ ਤੇਰੀ ਹਉਮੇ ਕੱਟੇ ਬੀਮਾਰੀ, ਆਤਮ ਸਾਚਾ ਗਿਆਨ ਦਵਾਏ । ਦਿਵਸ ਰੈਣ ਚੜ੍ਹੀ ਰਹੇ ਖੁਮਾਰੀ, ਸੋਹੰ ਸਾਚਾ ਪ੍ਰਭ ਜਾਮ ਪਿਲਾਏ । ਏਕਾ ਮਾਣ ਰਖਾਏ ਪ੍ਰਭ ਨਰ ਨਾਰੀ, ਜੋ ਜਨ ਆਏ ਸਰਨਾਏ । ਵੇਲੇ ਅੰਤ ਨਾ ਹੋਏ ਖੁਆਰੀ, ਪਰਗਟ ਜੋਤ ਪ੍ਰਭ ਸਾਚਾ ਦਰਸ ਦਿਖਾਏ । ਜੋਤ ਸਰੂਪ ਦੇਵੇ ਜੋਤ ਅਧਾਰੀ, ਗੁਰਸਿਖ ਤੇਰੀ ਤ੍ਰਿਖਾ ਮਿਟਾਏ । ਗੁਰਸਿਖ ਵਿਰਲਾ ਪ੍ਰਭ ਨਾਉਂ ਵਪਾਰੀ, ਵਰ ਦਰ ਮੰਗ ਨਾਮ ਘਰ ਲੈ ਜਾਏ । ਬੇਮੁਖ ਕਲਜੁਗ ਜੀਵ ਮਾਨਸ ਜਨਮ ਗਏ ਕਲ ਹਾਰੀ । ਸਾਧ ਸੰਗਤ ਪ੍ਰਭ ਸਾਚੇ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅੰਤਕਾਲ ਭਗਤ ਅਧਾਰੀ । ਸਾਚੇ ਪ੍ਰਭ ਸਾਚੀ ਸਰਨਾ । ਚਰਨ ਲਾਗ ਗੁਰਸੰਗਤ ਤਰਨਾ । ਅੰਤਕਾਲ ਜਮ ਡੰਡ ਨਾ ਭਰਨਾ । ਜੋਤ ਸਰੂਪ ਪ੍ਰਭ ਜੋਤ ਮਿਲਾਏ ਧਰਨੀ ਧਰਨਾ । ਮਦਿਰਾ ਮਾਸ ਜੋ ਰਸਨੀ ਲਾਏ, ਵੇਲੇ ਅੰਤ ਆਪਣਾ ਕੀਆ ਭਰਨਾ । ਸੋਹੰ ਸ਼ਬਦ ਜਨ ਰਸਨਾ ਗਾਏ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣੀ ਲਾਏ ਸ਼ਰਨਾ । ਜੁਗੋ ਜੁਗ ਪ੍ਰਭ ਅਵਤਾਰ । ਮਾਤਲੋਕ ਆਏ ਜਾਮਾ ਧਾਰ । ਜੋਤ ਸਰੂਪ ਵਿਚ ਸੰਸਾਰ । ਪ੍ਰਭ ਸਾਚੇ ਕੀ ਸਾਚੀ ਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪੂਰਨ ਨਰ ਅਵਤਾਰ । ਸਤਿਜੁਗ ਪ੍ਰਭ ਭਏ ਮਿਹਰਵਾਨਾ । ਤ੍ਰੇਤਾ ਭਏ ਰਾਮਾ । ਕਲਜੁਗ ਧਰੇ ਜੋਤ ਪ੍ਰਭ ਭਗਵਾਨਾ । ਦੁਆਪਰ ਆਏ ਘਨਈਆ ਸ਼ਾਮਾ । ਮਹਾਰਾਜ ਸ਼ੇਰ ਸਿੰਘ ਕਲ ਪਹਰਿਆ ਜਾਮਾ । ਜੁਗੋ ਜੁਗ ਪ੍ਰਭ ਜਾਮਾ ਧਾਰੇ । ਭਗਤ ਜਨਾਂ ਪ੍ਰਭ ਪਾਰ ਉਤਾਰੇ । ਲੇਖ ਲਿਖਾਏ ਅਪਰ ਅਪਾਰੇ । ਪ੍ਰਭ ਸਾਚੇ ਦੀ ਸਾਚੀ ਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੇ ਜੁਗ ਲਏ ਅਵਤਾਰੇ । ਭਗਤ ਜਨਾਂ ਪ੍ਰਭ ਪਾਰ ਉਤਾਰਿਆ । ਕਿਰਪਾ ਕਰੇ ਆਪ ਗਿਰਧਾਰਿਆ । ਜੋਤ ਸਰੂਪੀ ਪਰਗਟ ਜੋਤ ਪਾਰ ਉਤਾਰਿਆ । ਨਰ ਸਿੰਘ ਨਰਾਇਣ ਦੁਸ਼ਟ ਹਰਨਾਕਸ਼ ਆਣ ਸੰਘਾਰਿਆ । ਬਾਵਨ ਰੂਪ ਧਾਰ, ਪ੍ਰਭ ਮੰਗਣ ਜਾਏ ਬਲ ਦਵਾਰਿਆ । ਜੋਤ ਸਰੂਪੀ ਭੇਖ ਕਰ, ਚਾਰ ਵੇਦ ਰਸਨ ਉਚਾਰਿਆ । ਜੋਤ ਸਰੂਪ ਜੁਗੋ ਜੁਗ ਲੈ ਅਵਤਾਰਿਆ । ਜਨ ਭਗਤਾਂ ਪ੍ਰਭ ਹੋਏ ਸਹਾਈ । ਜਿਉਂ ਅੰਬਰੀਕ ਲਾਜ ਰਖਾਈ । ਚਕਰ ਸੁਦਰਸ਼ਨ ਪ੍ਰਭ ਲਗਾਈ । ਦੇਵੀ ਦੇਵ ਨਾ ਹੋਏ ਸਹਾਈ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤਜਾਈ । ਨਿਹਕਲੰਕ ਅਵਤਾਰ ਨਰ ਜੁਗੋ

ਜੁਗ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਮਾਤ ਜੋਤ ਪਰਗਟਾਈ । ਸਾਚਾ ਪ੍ਰਭ ਜੁਗੋ ਜੁਗ ਜੋਤ ਜਗਾਏ ਏਕ । ਜਨ ਭਗਤਾਂ ਰਖਾਏ ਏਕਾ ਚਰਨ ਟੇਕ । ਜਨਕ ਪ੍ਰਭ ਤਾਰਿਆ ਕੀਨੀ ਬੁਧ ਬਿਬੇਕ । ਨਿਹਕਲੰਕ ਅਵਤਾਰ ਨਰ ਜਨ ਭਗਤਾਂ ਲਿਖਾਏ ਸਾਚੇ ਲੇਖ । ਰਾਣੀ ਤਾਰਾ ਪ੍ਰਭ ਮਾਣ ਦਵਾਏ । ਸਾਧ ਸੰਗਤ ਵਿਚ ਮੰਗਲ ਗਾਏ । ਹਰੀ ਚੰਦ ਦਾ ਮਾਣ ਗਵਾਏ । ਸਾਧ ਸੰਗਤ ਪ੍ਰਭ ਲਾਜ ਰਖਾਏ । ਜੋੜੀ ਜੋੜ ਖੜਾਂਉ ਵਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੁਗੋ ਜੁਗ ਜਗਤ ਵਿਚ ਆਏ । ਜੁਗੋ ਜੁਗ ਪ੍ਰਭ ਕੀ ਕਾਰ । ਨਿਮਾਣਿਆਂ ਪ੍ਰਭ ਜਾਏ ਤਾਰ । ਬਿਪ ਸੁਦਾਮਾ ਆਏ ਪ੍ਰਭ ਦਰਬਾਰ । ਸਿੰਘਾਸਣ ਛੋਡ ਆਏ ਮੁਰਾਰ । ਚਰਨ ਧੂੜ ਕਰਨ ਨਿਮਸਕਾਰ । ਦਲਿਦਰੀ ਨਾਲ ਕਰੇ ਪਿਆਰ । ਜੋਤ ਸਰੂਪ ਨਿਹਕਲੰਕ ਜੁਗੋ ਜੁਗ ਲਏ ਅਵਤਾਰ । ਭਗਤ ਜਨਾਂ ਦੇ ਵਡਿਆਈ ਆਪਣਾ ਬਿਰਦ ਰੱਖੇ ਕਰਤਾਰ । ਨਿਮਾਣਿਆਂ ਪ੍ਰਭ ਮਾਣ ਦਵਾਏ । ਰਾਜੇ ਰਾਣਿਆਂ ਦਰ ਦੁਰਕਾਏ । ਦਰਯੋਧਨ ਪ੍ਰਭ ਮਹਲ ਮੁਨਾਰ ਤਜਾਏ । ਘਰ ਬਿਦਰ ਅਲੂਣੇ ਸਾਗ ਭੋਗ ਲਗਾਏ । ਨਿਹਕਲੰਕ ਅਵਤਾਰ ਨਰ, ਗੁਰਮੁਖ ਝੁੱਗੀ ਭਾਗ ਲਗਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੁਗੋ ਜੁਗ ਜਨ ਭਗਤਾਂ ਪੈਜ ਰਖਾਏ । ਭਗਤ ਜਨਾਂ ਪ੍ਰਭ ਦੇਵੇ ਧੀਰ । ਰੱਖੇ ਲਾਜ ਪ੍ਰਭ ਵਡ ਪੀਰਨ ਪੀਰ । ਵਿਚ ਸਭਾ ਮਾਣ ਰਖਾਏ, ਦਰੋਪਦੀ ਲੱਥੇ ਨਾਹੀ ਚੀਰ । ਨਿਹਕਲੰਕ ਅਵਤਾਰ ਨਰ, ਜਨ ਭਗਤਾਂ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਤੇਰੀ ਕੱਟੇ ਭੀੜ । ਨਾਮਦੇਵ ਪ੍ਰਭ ਆਣ ਤਰਾਇਆ । ਪਰਗਟ ਜੋਤ ਪ੍ਰਭ ਭੋਗ ਲਗਾਇਆ । ਗਾਏ ਮੋਈ ਜਿਵਾਏ, ਨਾਮ ਦੇਵ ਦਾ ਛੱਪਰ ਛਾਇਆ । ਪ੍ਰਭ ਅਬਿਨਾਸ਼ੀ ਪਰਗਟ ਜੋਤ, ਭਗਤ ਜਨਾਂ ਸਿਰ ਹੱਥ ਟਿਕਾਇਆ । ਜੈਦਿਉ ਪ੍ਰਭ ਲੇਖ ਲਿਖਾਰੀ । ਮਸਤਕ ਰੇਖ ਲਿਖੀ ਅਪਾਰੀ । ਅੱਖਰ ਪੜ੍ਹ ਹੋਈ ਪਰਤੀਤ, ਮਿਲਿਆ ਪ੍ਰਭ ਗਿਰਧਾਰੀ । ਪਾਰਬ੍ਰਹਮ ਪਰਮੇਸ਼ਵਰ ਆਤਮ ਕਰੀ ਜੋਤ ਆਕਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਦਿ ਜੁਗਾਦਿ ਤੇਰੀ ਸਿਕਦਾਰੀ । ਭਗਤ ਜਨਾਂ ਪ੍ਰਭ ਆਸ ਪੁਜਾਏ । ਆਸਾ ਮਨਸਾ ਪ੍ਰਭ ਪੂਰ ਕਰਾਏ । ਦਰ ਆਇਆਂ ਪ੍ਰਭ ਮਾਣ ਦਵਾਏ । ਗੁਰ ਸੇਵਾ ਪ੍ਰਭ ਲੇਖੇ ਲਾਏ । ਜਿਉਂ ਰਵਿਦਾਸ ਕਸੀਰਾ ਭੇਟ ਚੜ੍ਹਾਏ । ਪਰਗਟ ਜੋਤ ਪ੍ਰਭ ਵਿਚੋਂ ਨੀਰ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਹੋਏ ਸਹਾਏ । ਭਗਤਨ ਕਾ ਪ੍ਰਭ ਸਦਾ ਸਹਾਇਕ । ਭਗਤ ਵਛਲ ਪ੍ਰਭ ਵਡ ਨਾਇਕ । ਆਤਮ ਉਪਜਾਵੇ ਸਰਬ ਸੁਖਦਾਇਕ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਸਹਾਇਕ । ਭਗਤ ਜਨਾਂ ਪ੍ਰਭ ਤਾਰਨਹਾਰਾ । ਸਦਨਾ ਸੈਣ ਪਾਰ ਉਤਾਰਾ । ਕਬੀਰ ਜੁਲਾਹਾ ਨਾ ਜਾਤ ਵਿਚਾਰਾ । ਸਾਚਾ ਪ੍ਰਭ ਭਰੇ ਭੰਡਾਰਾ । ਆਦਿ ਜੁਗਾਦਿ ਪ੍ਰਭ ਸਾਚੇ ਕੀ ਸਾਚੀ ਕਾਰਾ । ਸਾਚਾ ਪ੍ਰਭ ਸਦਾ ਸਹਾਏ । ਪਤਤ ਪਾਪੀਆਂ ਜਾਏ ਤਰਾਏ । ਗਨਕਾ ਸਾਚਾ ਨਾਮ ਦਵਾਏ । ਦੁਰਮਤ ਮੈਲ ਸਰਬ ਗਵਾਏ । ਏਕਾ ਰਾਹ ਸਚ ਦਿਸਾਏ । ਵੇਲੇ ਅੰਤ ਵਿਚ ਬਬਾਣ ਬਿਠਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੁਗੋ ਜੁਗ ਮਾਣ ਦਵਾਏ । ਸਾਚਾ ਪ੍ਰਭ ਜਿਸ ਚਿਤਾਰਿਆ । ਪਤਤ ਪਾਪੀ ਪ੍ਰਭ ਪਾਰ ਉਤਾਰਿਆ । ਨਰਾਇਣ ਨਰ ਅਜਾਮਲ ਉਧਾਰਿਆ । ਪ੍ਰਭ ਸਾਚੇ ਤੇਰੀ ਸਾਚੀ ਕਾਰਿਆ । ਵੇਲੇ ਅੰਤ ਤੇਰਾ ਹੋਏ ਸਹਾਰਿਆ । ਪਾਪਣ ਪੂਤਨਾ ਮਾਣ ਦਵਾਏ । ਭਗਤ ਜਨਾਂ ਵਿਚ ਨਾਉਂ ਰਖਾਏ । ਮੋਹਣ ਮੁੰਮੇ ਮਾਧਵ ਪਾਏ । ਪਾਪਣ ਹੋਏ ਵਿਸ ਮੁਖ ਲਾਏ । ਜੋਤ ਸਰੂਪ ਜੋਤ ਨਿਰੰਜਣ, ਨਾ ਇਹ ਮਰੇ ਨਾ ਜਾਏ । ਜੀਵਾਂ ਕਾਰਨ ਜੋਤ ਸਰੂਪ ਵਿਚ ਝੂਠੀ ਦੇਹ ਸਮਾਏ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਦਿ ਆਦਿ ਏਕਾ ਰੰਗ ਸਮਾਏ । ਸਾਚਾ ਪ੍ਰਭ ਸਤਿ ਦਾਤਾਰਾ । ਅਵਗੁਣ ਪ੍ਰਭ ਨਾ ਕਦੇ ਵਿਚਾਰਾ । ਜੋ ਜਨ ਡਿੱਗੇ ਆਏ ਦਵਾਰਾ । ਉਜਲ ਮੁਖ ਕਰਾਏ ਵਿਚ ਸੰਸਾਰਾ । ਪ੍ਰਭ ਸਾਚਾ ਦੇਵੇ ਮੋਖ ਦਵਾਰਾ । ਨਿਹਕਲੰਕ ਨਰਾਇਣ ਨਰ ਅਵਤਾਰਾ । ਨਰਾਇਣ ਨਰ ਨਿਹਕਲੰਕ । ਸੋਹੰ ਸ਼ਬਦ ਵਜਾਇਆ ਡੰਕ । ਜੋਤ ਅਧਾਰੇ ਜਾਮਾ ਧਾਰੇ ਸੁਹਾਏ ਥਾਨ ਬੰਕ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਚਰਨ ਆਏ ਤਾਰੇ ਰੰਕ । ਪ੍ਰਭ ਸਾਚੇ ਸਹਿੰਸਾ ਉਤਾਰਨਾ । ਸਾਚਾ ਸ਼ਬਦ ਰਸਨ ਉਚਾਰਨਾ । ਹੰਕਾਰ ਨਿਵਾਰ ਪ੍ਰਭ ਦੁਸ਼ਟ ਸੰਘਾਰਨਾ । ਜਾਮਾ ਧਾਰ ਘਨਕਪੁਰ, ਕਲਜੁਗ ਜੀਵਾਂ ਅੰਤ ਕਰਾਵਣਾ । ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਦਵਾਵਣਾ । ਕਲਜੁਗ ਝੂਠੀ ਖੇਲ ਰਚਾਈ । ਅਥਰਬਣ ਵੇਦ ਪ੍ਰਭ ਮਾਣ ਰਖਾਈ । ਚਾਰ ਲੱਖ ਬੱਤੀ ਹਜ਼ਾਰ ਪ੍ਰਭ ਔਧ ਲਿਖਾਈ । ਕਰਮਾਂ ਕਾਰਨ ਪ੍ਰਭ ਅੰਤ ਕਰਾਈ । ਕੁਕਰਮੀ ਜੀਵ ਹੋਏ ਦੁਖਦਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤਾਈ । ਵੇਦ ਅਥਰਬਣ ਮਾਤ ਟਿਕਾ । ਕਲਜੁਗ ਰਚਨਾ ਲਈ ਰਚਾ । ਜੂਠ ਝੂਠ ਪ੍ਰਭ ਝੋਲੀ ਦੇਵੇ ਪਾ । ਈਸਾ ਮੂਸਾ ਮੁਹੰਮਦੀ ਪ੍ਰਭ ਮਾਤ ਦਏ ਪਰਗਟਾ । ਝੂਠਾ ਮਾਰਗ ਮਾਤਲੋਕ ਪ੍ਰਭ ਖੇਲ ਦੇਵੇ ਰਚਾ । ਦੁਸ਼ਟ ਦੁਰਾਚਾਰ ਪ੍ਰਭ ਮਤਿ ਉਪਠੀ ਦੇਵੇ ਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਨਾਉਂ ਦਏ ਭੁਲਾ । ਸਾਚੇ ਪ੍ਰਭ ਇਹ ਬਣਤ ਬਣਾਈ । ਉਲਟੀ ਮਤਿ ਸਗਲ ਵਿਚ ਪਾਈ । ਗਊ ਗ਼ਰੀਬ ਹੋਏ ਦੁਖਦਾਈ । ਸੁਣੇ ਪੁਕਾਰ ਆਪ ਰਘੁਰਾਈ । ਮਹਾਰਾਜ ਸ਼ੇਰ ਸਿੰਘ ਕਲਜੁਗ ਸਾਚੇ, ਪ੍ਰਭ ਜੋਤ ਪਰਗਟਾਈ । ਅੱਲਾ ਨੂਰ ਜਗਤ ਉਪਾਇਆ । ਕਲਜੁਗ ਉਮਤ ਨਬੀ ਬਣਾਇਆ । ਵਿਚ ਹੰਕਾਰ ਵਸਾਇਆ । ਝੂਠੇ ਰਸਤੇ ਪ੍ਰਭ ਸਾਚੇ ਪਾਇਆ । ਜੀਵਾਂ ਜੰਤਾਂ ਦੇ ਸਜ਼ਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਰਚਾਇਆ । ਸਾਚੀ ਜੋਤ ਪ੍ਰਭ ਜੋਤ ਪਰਗਟਾਈ । ਗੁਰ ਨਾਨਕ ਦੀ ਜੋਤ ਜਗਾਈ । ਪੰਦਰਾਂ ਸੌ ਛੱਬੀ ਬਿਕ੍ਰਮੀ ਲੈ ਲਿਖਾਈ । ਮਾਤ ਮਾਇਆ ਸਰਬ ਤਿਆਗੀ ਪ੍ਰਭ ਦਰ ਮੰਗਣ ਜਾਈ । ਸਾਚੇ ਦਰ ਘਰ ਗੁਰ ਗਿਆ, ਸਾਚੀ ਵਸਤ ਪ੍ਰਭ ਝੋਲੀ ਪਾਈ । ਸਾਚਾ ਵੇਖ ਪ੍ਰਭ ਆਕਾਰ । ਜੋਤ ਸਰੂਪੀ ਬੈਠਾ ਨਿਰਾਧਾਰ । ਚਾਰ ਕੁੰਟ ਜੋਤ ਆਕਾਰ । ਨਾਨਕ ਗਏ ਪ੍ਰਭ ਦਰ ਦਰਬਾਰ । ਸੋਦਰੁ ਰਾਗ ਲਿਆ ਉਚਾਰ । ਪ੍ਰਭ ਸਾਚੇ ਦਾ ਦਰਸ ਅਪਾਰ । ਵਾਹ ਵਾਹ ਸਾਚੀ ਸੇਵ ਕਮਾਈ, ਜੋਤ ਸਰੂਪ ਹੋਏ ਦਿਆਲ । ਏਕਾ ਨਾਮ ਦੀਆ ਸਤਿ ਕਰਤਾਰ । ਚਾਰ ਕੁੰਟ ਗੁਰ ਸੁਣਾਇਆ, ਕਲਜੁਗ ਜੀਵ ਨਾ ਪਾਇਣ ਸਾਰ । ਏਕਾ ਜੋਤ ਪ੍ਰਭ ਜਗਾਈ । ਸਾਚਾ ਸ਼ਬਦ ਗਿਆਨ ਦਵਾਈ । ਏਕਾ ਧੁਨ ਪ੍ਰਭ ਜੋਤ ਪਰਗਟਾਈ । ਏਕਾ ਧੁਨ ਅਨਹਦ ਪ੍ਰਭ ਦੇ ਸੁਣਾਈ । ਜੋਤ ਨਿਰੰਜਣ ਵਿਚ ਮਾਤ ਦੇ ਆਈ । ਸਤਿਨਾਮ ਮੰਤਰ ਦ੍ਰਿੜਾਈ । ਚਾਰ ਵਰਨ ਸਮਾਣੇ ਏਕਾ ਜ਼ਾਤ, ਚਾਰ ਕੁੰਟ ਫਿਰੇ ਦੁਹਾਈ । ਕਲਜੁਗ ਜੀਵ ਨਾ ਪੁੱਛਣ ਵਾਤ, ਊਚਾ ਕੂਕ ਰਿਹਾ ਸੁਣਾਈ । ਕਲਜੁਗ ਅੰਤ ਅੰਧੇਰੀ ਰਾਤ, ਵੇਲੇ ਅੰਤ ਨਾ ਕੋਈ ਸਹਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਨਾਮ ਮੰਤਰ ਦ੍ਰਿੜਾਈ । ਸਤਿਨਾਮ ਮੰਤਰ ਦ੍ਰਿੜਾ ਕੇ । ਭੁਲਿਆਂ ਜੀਵਾਂ ਮਾਰਗ ਪਾ ਕੇ । ਵੇਲੇ ਅੰਤ ਝੂਠੀ ਕਾਇਆ ਜਗਤ ਤਜਾ ਕੇ । ਸਾਚੀ ਜੋਤ ਨਾਨਕ ਜਾਏ ਅੰਗਦ ਵਿਚ ਜਗਾ ਕੇ । ਸਾਚਾ ਧਾਮ ਪਿੰਡ ਖੰਡੂਰ ਜਾਏ ਵਸਾ ਕੇ । ਸਾਚੀ ਜੋਤ ਨਿਹਕਲੰਕ, ਸਦ ਰੱਖੇ ਜੋਤੀ ਜੋਤ ਮਿਲਾ ਕੇ । ਅੰਗਦ ਗੁਰ ਇਹ ਕਰਮ ਕਮਾਇਆ । ਮੋਖ ਗੁਰ ਗੁਰਮੁਖੀ ਅੱਖਰ ਬਣਤ ਬਣਾਇਆ । ਸਾਚਾ ਰਾਹ ਫੇਰ ਚਲਾਇਆ ।

ਕਲਜੁਗ ਜੀਵਾਂ ਬਹਿ ਸਮਝਾਇਆ । ਬੇਮੁਖਾਂ ਦਰ ਫੇਰ ਨਾ ਪਾਇਆ । ਵੇਲੇ ਅੰਤ ਅੰਤਕਾਲ, ਵਿਚ ਜੋਤੀ ਮੇਲ ਮਿਲਾਇਆ । ਸਾਚੀ ਜੋਤ ਪ੍ਰਭ ਅਮਰਦਾਸ ਧਰਾਇਆ । ਸਾਚੀ ਜੋਤ ਅਮਰ ਜਗਾਈ । ਥਿਰਧ ਅਵਸਥਾ ਪੂਰਨ ਮਤਿ ਪਾਈ । ਸਾਚੀ ਸੇਵ ਗੁਰ ਕਮਾਈ । ਸਾਚਾ ਧਾਮ ਜਗਤ ਉਪਜਾਈ । ਚੁਰਾਸੀ ਦੇਵੇ ਗੇੜ ਕਟਾਈ । ਸਾਚੇ ਧਾਮ ਰਚਨਾ ਬਣਾਈ । ਵੇਦੀ ਕੁਲ ਅੰਤਮ ਜੋਤ ਪਰਗਟਾਈ । ਸਾਚਾ ਬੰਸ ਰਾਮ ਚੰਦ ਰਘੁਰਾਈ । ਸੋਢੀ ਬੰਸ ਮਿਲੀ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਏਕਾ ਜੋਤ ਪਰਗਟਾਈ । ਅਮਰਦਾਸ ਇਹ ਕਰਮ ਕਮਾਇਆ । ਚੁਰਾਸੀ ਕਟ ਤੀਰਥ ਬਣਾਇਆ । ਬੇਮੁਖ ਜੀਵਾਂ ਸਾਰ ਨਾ ਪਾਇਆ । ਦਰ ਜਾਇਣ ਧਰੋ ਕਮਾਇਆ । ਧੀਆਂ ਭੈਣਾਂ ਪਤ ਗਵਾਇਆ । ਪ੍ਰਭ ਅਬਿਨਾਸ਼ੀ ਮਨੋ ਭੁਲਾਇਆ । ਗੁਰ ਦਰ ਗੁਰ ਘਰ ਵੇਸਵਾ ਘਰ ਬਣਾਇਆ । ਬੇਮੁਖ ਜੀਵਾਂ ਅੰਤਕਾਲ ਸਭ ਧਾਮਾਂ ਨਸ਼ਟ ਕਰਾਇਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਸਭ ਮਲੀਆ ਮੇਟ ਕਰਾਇਆ । ਅਮਰਦਾਸ ਇਹ ਦਇਆ ਕਮਾਈ । ਸੋਢੀ ਬੰਸ ਦੇਵੇ ਵਡਿਆਈ । ਰਾਮਦਾਸ ਵਿਚ ਜੋਤ ਜਗਾਈ । ਸਾਚਾ ਗੁਰ ਦੇ ਸੁਣਾਈ । ਸਰ ਅੰਮ੍ਰਿਤ ਦੀ ਨੀਂਹ ਰਖਾਈ । ਚਾਰ ਵਰਨ ਆਏ ਦਰ ਬਣ ਭੈਣਾਂ ਭਾਈ । ਕਲਜੁਗ ਬੇਮੁਖ ਜੀਵਾਂ ਸਾਰ ਨਾ ਪਾਈ । ਸਾਚੀ ਕਾਰ ਸੱਚੀ ਸਰਕਾਰ ਦਿਵਸ ਰੈਣ ਕਮਾਈ । ਝੂਠੀ ਦੇਹ ਅੰਤ ਛਡ, ਆਕਾਰ ਜੋਤ ਜੋਤ ਮਿਲ ਜਾਈ । ਗੁਰ ਅਰਜਨ ਗੁਰ ਦਰਬਾਰ ਪੂਰਨ ਦੇ ਕਰਾਈ । ਜੋਤ ਸਰੂਪ ਪ੍ਰਭ ਲਏ ਅਵਤਾਰ, ਆਪਣੇ ਹੱਥ ਕਾਰ ਕਮਾਈ । ਨਜ਼ਰੀ ਆਏ ਪ੍ਰਭ ਕਰਤਾਰ, ਗੁਰ ਅਰਜਨ ਬਲ ਬਲ ਜਾਈ । ਕਿਰਪਾ ਕਰੇ ਪ੍ਰਭ ਗਿਰਧਾਰ, ਅਗਾਧ ਬੋਧ ਦਾ ਭੇਵ ਖੁਲ੍ਹਾਈ । ਜੋਤ ਸਰੂਪ ਸਦਾ ਨਿਰਾਧਾਰ, ਸਾਚੀ ਜੋਤ ਦੇ ਜਗਾਈ । ਅੰਮ੍ਰਿਤਸਰ ਬਣਾਇਆ ਸਚ ਦਰਬਾਰ, ਮਾਤਲੋਕ ਮਿਲੇ ਵਡਿਆਈ । ਪਾਪੀ ਜੀਵ ਹੋਏ ਦੁਸ਼ਟ ਦੁਰਾਚਾਰ, ਗੁਰ ਕਾ ਬਚਨ ਗਏ ਭੁਲਾਈ । ਵੇਲੇ ਅੰਤ ਆਈ ਹਾਰ, ਕਲੰਕਨਿਹ ਦੇ ਸਜ਼ਾਈ । ਪੰਚਮ ਗੁਰ ਇਹ ਕਰਮ ਕਮਾਇਆ । ਭਗਤ ਜਨਾਂ ਵਿਚ ਬਹਾਇਆ । ਗਿਆਨ ਬੋਧ ਗੁਰ ਦਰ ਬਣਾਇਆ । ਸ਼ਬਦ ਸੋਧ ਜਗਤ ਰਾਹ ਚਲਾਇਆ । ਬੇਮੁਖ ਜੀਵਾਂ ਅੰਤਕਾਲ ਕਲ ਭੁਲਾਇਆ । ਮਹਾਰਾਜ ਸ਼ੇਰ ਸਿੰਘ ਜਾਮਾ ਧਾਰ, ਵੇਲੇ ਅੰਤ ਦਏ ਖਪਾਇਆ । ਹਰਿਗੋਬਿੰਦ ਗੁਰ ਦਇਆ ਕਮਾ ਲੀ । ਦੋ ਜਹਾਨਾਂ ਬਣਿਆ ਵਾਲੀ । ਕਲਜੁਗ ਜੀਵਾਂ ਹੋਇਆ ਰਖਵਾਲੀ । ਦੇਗ ਤੇਗ਼ ਪ੍ਰਭ ਹੱਥ ਉਠਾ ਲੀ । ਕਲਜੁਗ ਜੀਅ ਅੰਤਮ ਰਹਿ ਗਏ ਖਾਲੀ । ਪ੍ਰਭ ਸਾਚਾ ਬਣਿਆ ਸਚ ਬਨਵਾਲੀ । ਆਏ ਰਾਏ ਹਰਿ ਰਾਇਆ । ਸਾਚਾ ਰਾਮ ਨਾਮ ਵਸਾਇਆ । ਏਕਾ ਜੋਤ ਪ੍ਰਭ ਜਗਾਇਆ । ਜਗਤ ਪਿਤ ਗੁਰ ਉਪਜਾਇਆ । ਕਲਜੁਗ ਜੀਵਾਂ ਡੌਰੂ ਵਾਹਿਆ । ਕਾਮ ਕਰੋਧ ਵਿਚ ਮਨ ਵਸਾਇਆ । ਆਇਨ ਦਰ ਸੀਸ ਝੁਕਾਇਆ । ਵੇਲੇ ਅੰਤ ਪ੍ਰਭ ਦੇ ਸਜ਼ਾਇਆ । ਆਪਣੀ ਬਣਤ ਰਿਹਾ ਆਪ ਬਣਾ । ਹਰਿਕ੍ਰਿਸ਼ਨ ਵਿਚ ਜੋਤ ਟਿਕਾ । ਸਾਚੀ ਜੋਤ ਪ੍ਰਭ ਜਾਏ ਜਗਾ । ਅਠਵਾਂ ਗੁਰ ਜਾਏ ਬਣਾ । ਬਾਲ ਅਵਸਥਾ ਜਾਏ ਸਮਾ । ਸਾਚਾ ਧਾਮ ਦਿੱਲੀ ਜਾਏ ਬਣਾ । ਪਰਗਟ ਜੋਤ ਨਿਹਕਲੰਕ ਫੇਰ ਜਾਏ ਵਸਾ । ਅੱਠਵਾਂ ਜਾਮਾ ਗੁਰ ਤਜਾਇਆ । ਭਰਮ ਭੁਲੇਖੇ ਜਗਤ ਭੁਲਾਇਆ । ਸਾਚਾ ਪ੍ਰਭ ਨਜ਼ਰ ਨਾ ਆਇਆ । ਜਗਤ ਭੇਖ ਬਹੁਤ ਵਧਾਇਆ । ਤੇਗਬਹਾਦਰ ਗੁਰ ਛੁਪਾਇਆ । ਬੇਮੁਖ ਜੀਵਾਂ ਦਿਸ ਨਾ ਆਇਆ । ਸਾਚੇ ਪ੍ਰਭ ਇਹ ਕਰਮ ਕਮਾਇਆ । ਡੁਬਦਾ ਬੇੜਾ ਮੱਖਣ ਤਰਾਇਆ । ਆਪ ਆਪਣਾ ਆਪ ਪਰਗਟਾਇਆ । ਕਲਜੁਗ ਜੀਵਾਂ ਭਾਗ ਗਏ ਜਾਗ, ਵਿਚ ਬਕਾਲੇ

੬੩੧
੦੧

ਪ੍ਰਭ ਜੋਤ ਜਗਾਇਆ । ਭੇਖ ਪਖੰਡੀ ਸਭ ਗਏ ਭਾਗ, ਸਾਚੀ ਜੋਤ ਹੋਈ ਰੁਸ਼ਨਾਇਆ । ਗੁਰਮੁਖ ਵਿਰਲੇ ਗਏ ਚਰਨ ਲਾਗ, ਨਾਮ ਦਾਨ ਗੁਰ ਦਰ ਤੇ ਪਾਇਆ । ਜੋਤ ਸਰੂਪੀ ਜੋਤ ਪ੍ਰਭ, ਜੁਗੋ ਜੁਗ ਵਿਚ ਮਾਤ ਦੇ ਆਇਆ । ਤੇਗ਼ ਬਹਾਦਰ ਦਇਆ ਕਮਾਈ । ਸਾਧ ਸੰਗਤ ਇਹ ਹੁਕਮ ਸੁਣਾਈ । ਸਰ ਅੰਮ੍ਰਿਤ ਦਾ ਦਰਸ਼ਨ ਪਾਈ । ਸਾਚੇ ਘਰ ਆ ਚਰਨ ਟਿਕਾਈ । ਬੇਮੁਖਾਂ ਇਹ ਸਾਰ ਨਾ ਪਾਈ । ਸਾਚਾ ਪ੍ਰਭ ਸਚ ਦਰ ਆਈ । ਕੁਫ਼ਲ ਲਗਾਏ ਸਰਬ ਨਠ ਜਾਈ । ਸਤਿਗੁਰ ਨੌਵੇਂ ਪਾਤਸ਼ਾਹ ਸਾਚਾ ਸ਼ਬਦ ਸੁਣਾਈ । ਸਰ ਅੰਮ੍ਰਿਤ ਨੂੰ ਸਰਾਪ ਦੇ, ਪਿੰਡ ਵੱਲੇ ਭਾਗ ਲਗਾਈ । ਏਕਾ ਓਟ ਨਿਹਕਲੰਕ ਤੇਰੀ ਰਖਵਾਈ । ਜਾਮਾ ਧਾਰ ਪੁਰੀ ਘਨਕ, ਪੂਰੀ ਦੇ ਕਰਾਈ । ਸਰ ਅੰਮ੍ਰਿਤ ਜੋ ਪੁਜਾਰੀ । ਹੋਏ ਕਲ ਦੁਸ਼ਟ ਦੁਰਾਚਾਰੀ । ਆਤਮ ਭਰੇ ਹੰਕਾਰੀ । ਗੁਰ ਸਾਚੇ ਦੀ ਸਾਰ ਨਾ ਜਾਣੀ । ਸਾਚੀ ਮਾਰ ਸ਼ਬਦ ਗੁਰ ਮਾਰੀ । ਵੇਲੇ ਅੰਤਕਾਲ ਕਲ ਹੋਏ ਖੁਆਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਕਰੇ ਵਰਤਾਰੀ । ਗੁਰ ਗੋਬਿੰਦ ਪ੍ਰਭ ਉਪਜਾਇਆ । ਸਾਚੀ ਜੋਤ ਪ੍ਰਭ ਜਗਾਇਆ । ਪਟਨੇ ਵਿਚ ਭਾਗ ਲਗਾਇਆ । ਅਨੰਦਪੁਰ ਫੇਰ ਵਸਾਇਆ । ਦੁਸ਼ਟ ਦਮਨ ਦਾ ਜਾਮਾ ਪਾਇਆ । ਕਠਿਨ ਤਪਸਿਆ ਘਾਲ ਪ੍ਰਭ ਸਾਚੇ ਦੀ ਸੇਵ ਕਮਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਥਾਏਂ ਹੋਏ ਸਹਾਇਆ । ਕਲਜੁਗ ਵਰਤਾਏ ਪ੍ਰਭ ਐਸੀ ਮਾਇਆ । ਸਾਚੀ ਖੇਲ ਕਰੇ ਕਰਾਇਆ । ਏਕਾ ਦਾਲ ਦੋਫਾੜ ਕਰਾਇਆ । ਏਕਾ ਮਾਤ ਦੋ ਪੂਤ ਉਪਜਾਇਆ । ਏਕਾ ਨਾਥ ਜ਼ਾਤ ਅਲੱਗ ਰਖਾਇਆ । ਪ੍ਰਭ ਅਬਿਨਾਸ਼ੀ ਨਿਹਕਲੰਕ ਅਚਰਜ ਖੇਲ ਰਚਾਇਆ । ਐਸਾ ਵਕਤ ਜਗਤ ਵਿਚ ਆਇਆ । ਮਲੇਛਾਂ ਤਾਈਂ ਪ੍ਰਭ ਮਾਣ ਦਵਾਇਆ । ਹਿੰਦੂ ਧਰਮ ਦਾ ਨਸ਼ਟ ਕਰਾਇਆ । ਗਊ ਗ਼ਰੀਬ ਜ਼ਬਹ ਕਰਾਇਆ । ਦੇਵੀ ਕੰਨਿਆ ਪਤ ਗੁਆਇਆ । ਦੁਖੀਆ ਜੀਵ ਸਰਬ ਬਿਲਲਾਇਆ । ਗੁਰ ਤੇਗ਼ਬਹਾਦਰ ਦੀ ਸ਼ਰਨੀ ਆਇਆ । ਸਾਚਾ ਗੁਰ ਹੋਏ ਸਹਾਇਆ । ਪ੍ਰਭ ਅਬਿਨਾਸ਼ੀ ਜੋਤ ਸਰੂਪ ਭਾਣਾ ਕਲ ਵਰਤਾਇਆ । ਸਾਚੇ ਗੁਰ ਦਇਆ ਕਮਾਈ । ਹਿੰਦ ਧਰਮ ਦੀ ਲਾਜ ਰਖਾਈ । ਦਿੱਲੀ ਜਾਏ ਬਹੁ ਦੁੱਖ ਪਾਈ । ਸ਼ਾਹ ਔਰੰਗਾ ਦੇ ਸਜ਼ਾਈ । ਵੇਲੇ ਅੰਤ ਸਰਬ ਨੱਠ ਜਾਈ । ਵਿਰਲੇ ਗੁਰਮੁਖ ਸਾਚੇ ਸੰਤ, ਗੁਰਸਿਖ ਗਏ ਮਨ ਡੁਲਾਈ । ਮਾਇਆ ਤੇਰੀ ਬੜੀ ਬੇਅੰਤ, ਤੇਰਾ ਭੇਦ ਨਾ ਲਖਿਆ ਜਾਈ । ਜੋਤ ਸਰੂਪ ਜੋਤ ਪ੍ਰਭ, ਆਪਣੇ ਭਾਣੇ ਵਿਚ ਸਮਾਈ । ਸ਼ਾਹ ਔਰੰਗੇ ਕਰਮ ਕਮਾਇਆ । ਡਾਹਢਾ ਦੁਖ ਗੁਰ ਤੇਗ਼ ਬਹਾਦਰ ਪਾਇਆ । ਆਪ ਅਡੋਲ ਜੋਤ ਸਰੂਪ ਡਗਮਗਾਇਆ । ਗੁਰਸਿਖਾਂ ਆ ਚਿਤ ਡੁਲਾਇਆ । ਉਠ ਭੱਜ ਪੱਲਾ ਛੁਡਾਇਆ । ਸਾਚੇ ਪ੍ਰਭ ਕਰਮ ਵਿਚਾਰ, ਏਕਾ ਸ਼ਬਦ ਅਲਾਇਆ । ਸੰਗ ਸਖਾ ਸਭ ਤਜ ਗਏ, ਵਿਚ ਗੁਰ ਗ੍ਰੰਥ ਲਿਖਾਇਆ । ਸੁਣਾ ਸ਼ਬਦ ਟੁੱਟਾ ਹੰਕਾਰ, ਚਰਨੀ ਆਏ ਸੀਸ ਨਿਵਾਇਆ । ਮਤੀ ਸਿੰਘ ਬੈਠ ਅਡੋਲ, ਆਰਾ ਸੀਸ ਧਰਾਇਆ । ਧੰਨ ਗੁਰਸਿਖ ਜਿਸ ਪਾਈ ਸਾਰ, ਦਿਆਲਾ ਦੇਗ਼ ਵਿਚ ਉਬਲਾਇਆ । ਗੁਰ ਤੇਗ਼ ਬਹਾਦਰ ਸੀਸ ਦਿਤਾ ਉਤਾਰ, ਔਰੰਗੇ ਕਹਿਰ ਕਮਾਇਆ । ਆਪ ਅਡੋਲ ਬੈਠ ਰਿਹਾ ਨਿਰਾਧਾਰ, ਵਿਚ ਜੋਤ ਮੇਲ ਮਿਲਾਇਆ । ਪ੍ਰਭ ਸਾਚੇ ਦੀ ਸਾਚੀ ਕਾਰ, ਜੁਗੋ ਜੁਗ ਵਿਚ ਮਾਤ ਕਰਦਾ ਆਇਆ । ਸਤਿਜੁਗ ਉਪਜਾਵੇ ਸਤਿ ਦਰਬਾਰ, ਸਾਚਾ ਕਰਮ ਕਮਾਇਆ । ਨਿਮਾਣਿਆਂ ਨਿਤਾਣਿਆਂ ਹੇਤ ਗੁਰ ਸਾਚੇ ਸੀਸ ਲਗਾਇਆ । ਬੇਮੁਖ ਜੀਵਾਂ ਕਲ ਸਾਚਾ ਪ੍ਰਭ ਭੁਲਾਇਆ । ਜਾਇਣ ਗੁਰ ਦਰਬਾਰ, ਕਾਮ ਕਰੋਧ ਵਧਾਇਆ । ਨਿਹਕਲੰਕ ਲੈ ਅਵਤਾਰ, ਸਾਰਿਆਂ

੬੩੨
੦੧

ਨਸ਼ਟ ਕਰਾਇਆ । ਏਕਾ ਜੋਤ ਆਕਾਰ, ਸਾਚੇ ਧਾਮ ਦੇ ਜਗਾਇਆ । ਸਾਚਾ ਉਪਜੇ ਦਰ ਦਰਬਾਰ, ਨਿਹਕਲੰਕ ਚਰਨ ਜਾ ਦਿੱਲੀ ਪਾਇਆ । ਜਿਸ ਜਨ ਪ੍ਰਭ ਸੇਵ ਕਮਾਈ । ਸਾਚੇ ਪ੍ਰਭ ਸੁਣ ਪੁਕਾਰ, ਮਾਤਲੋਕ ਦੇਵੇ ਵਡਿਆਈ । ਸਾਚੀ ਜੋਤ ਕਰੇ ਆਕਾਰ, ਅਨਾਥਾਂ ਹੇਤ ਜਨਮ ਦਵਾਈ । ਵਾਹ ਵਾਹ ਦੇਵੇ ਰੰਗ ਕਰਤਾਰ, ਆਪਣੀ ਬਣਤ ਆਪ ਬਣਾਈ । ਹੁਕਮ ਪਾਏ ਗੋਬਿੰਦ ਗੁਰ ਪਾਇਆ । ਸਾਚਾ ਭੇਦ ਪ੍ਰਭ ਖੁਲ੍ਹਾਇਆ । ਏਕ ਸ਼ਬਦ ਧਿਆਨ ਰਖਾਇਆ । ਸਾਚੀ ਧੁਨ ਪ੍ਰਭ ਉਪਜਾਇਆ । ਜੋਤ ਸਰੂਪ ਜੋਤ ਪ੍ਰਭ ਸਿਰ ਉਪਰ ਹੱਥ ਟਿਕਾਇਆ । ਮਾਤਲੋਕ ਸਾਚੇ ਗੁਰ ਸਾਚਾ ਮਗ ਚਲਾਇਆ । ਜੋਤ ਸਰੂਪੀ ਜੋਤ ਧਰ, ਦਸਵਾਂ ਜਾਮਾ ਵਿਚ ਮਾਤ ਦੇ ਪਾਇਆ । ਗੁਰ ਨਾਨਕ ਇਹ ਦਇਆ ਕਮਾਈ । ਬਾਬਰ ਦਿਤੀ ਇਹ ਵਡਿਆਈ । ਸੱਤ ਕੁਲ ਸਿਰ ਤਾਜ ਰਖਾਈ । ਵੇਲੇ ਅੰਤ ਪ੍ਰਭ ਦਏ ਖਪਾਈ । ਆਪਣੀ ਬਣਤ ਪ੍ਰਭ ਬਣਾਈ । ਗੁਰ ਗੋਬਿੰਦ ਪ੍ਰਭ ਦੇ ਉਪਜਾਈ । ਮਲੇਛਾਂ ਬੁਧਿ ਹੰਕਾਰ ਕਰਾਈ । ਕਰਮ ਧਰਮ ਸਰਬ ਮਿਟ ਜਾਈ । ਸਾਚੇ ਪ੍ਰਭ ਸਾਚੀ ਜੋਤ ਕਰੇ ਰੁਸ਼ਨਾਈ । ਅਨਾਥਾਂ ਹੇਤ ਪ੍ਰਭ ਚੰਡੀ ਚਮਕਾਈ । ਚੰਡ ਪਰਚੰਡ ਬ੍ਰਹਿਮੰਡ ਵਿਚ ਨਵ ਖੰਡ ਵਰਭੰਡ ਬੇਮੁਖਾਂ ਪ੍ਰਭ ਦੇਵੇ ਦੰਡ । ਜੋਤ ਸਰੂਪ ਜੋਤ ਧਰ, ਸਾਚੀ ਦਾਤ ਜਾਏ ਜਗ ਵੰਡ । ਗੁਰ ਗੋਬਿੰਦ ਇਹ ਕਰਮ ਵਿਚਾਰਾ । ਦੁਖੀਆ ਹੋਇਆ ਸਰਬ ਸੰਸਾਰਾ । ਸ਼ੱਤਰੀ ਬ੍ਰਾਹਮਣ ਵੈਸ਼ ਸ਼ੂਦਰ ਕਰਨ ਖੁਆਰਾ । ਸਾਚੇ ਪ੍ਰਭ ਸਾਚੀ ਬਿਧ ਆਪ ਰਚੀ ਕਰਤਾਰ । ਜੋਤ ਸਰੂਪ ਧਾਰ ਖੇਲ ਕਰਾਈ ਅਪਰ ਅਪਾਰ । ਗੁਰ ਗੋਬਿੰਦ ਇਹ ਕਰਮ ਕਮਾਇਆ । ਚਾਰ ਵਰਨ ਮਾਣ ਦਵਾਇਆ । ਊਚ ਨੀਚ ਦਾ ਭੇਵ ਚੁਕਾਇਆ । ਏਕਾ ਨਾਮ ਲੇਖ ਲਿਖਾਇਆ । ਹੰਕਾਰ ਵਿਕਾਰ ਸਰਬ ਗਵਾਇਆ । ਜੀਵ ਦੁਖਿਆਰ ਪ੍ਰਭ ਗਲੇ ਲਗਾਇਆ । ਹੰਕਾਰੀਆਂ ਤਾਈਂ ਪ੍ਰਭ ਦੇ ਸਜ਼ਾਇਆ । ਪ੍ਰਭ ਸਾਚੇ ਦਰ ਸਾਚਾ ਸ਼ਬਦ ਮਾਤਲੋਕ ਉਪਜਾਇਆ । ਜੋਤ ਸਰੂਪੀ ਜੋਤ ਪ੍ਰਭ ਜੁਗੋ ਜੁਗ ਆਪਣਾ ਖੇਲ ਰਚਾਇਆ । ਦਸਮ ਜੋਤ ਇਹ ਕਰਮ ਕਮਾ । ਚਾਰ ਵਰਨ ਸਭ ਚਰਨ ਲਗਾ । ਊਚ ਨੀਚ ਦਾ ਭੇਵ ਮਿਟਾ । ਸਿੱਖੀ ਪਰਖੇ ਵੇਲੇ ਅੰਤ ਆ । ਗੁਰਸਿਖ ਪੂਰੇ ਉਤਰੇ ਸੋ ਜਨ ਪੰਜ ਪਿਆਰੇ ਲਏ ਬਣਾ । ਸਤਾਰਾਂ ਸੌ ਛਪੰਜਾ ਬਿਕ੍ਰਮੀ ਪਹਿਲੀ ਵਿਸਾਖ ਦਿਨ ਮਨਾ । ਪਹਿਲੀ ਵਿਸਾਖ ਇਹ ਕਰਮ ਕਮਾਇਆ । ਪੰਥ ਖਾਲਸੇ ਜਨਮ ਦਵਾਇਆ । ਸਾਚਾ ਅੰਮ੍ਰਿਤ ਗੁਰ ਬਣਾਇਆ । ਅੰਮ੍ਰਿਤ ਰੂਪ ਹੋਏ ਵਿਚ ਸਮਾਇਆ । ਸਾਚੀ ਜੋਤ ਵਿਚ ਮਿਲਾਇਆ । ਆਪਣਾ ਕਰਮ ਆਪ ਕਰਾਇਆ । ਕਲਜੁਗ ਜੀਵਾਂ ਭਰਮ ਭੁਲਾਇਆ । ਝੂਠੇ ਧੰਦੇ ਵਿਚ ਭੁਲਾਇਆ । ਗੁਰਮੁਖ ਵਿਰਲੇ ਵਿਚ ਸੰਗਤ ਮੇਲ ਮਿਲਾਇਆ । ਸਾਚਾ ਅੰਮ੍ਰਿਤ ਪ੍ਰਭ ਸਾਚੇ ਉਪਜਾਇਆ । ਗੁਰ ਗੋਬਿੰਦ ਮਿਹਰ ਕਰ, ਵਿਚ ਸਾਂਤਕ ਸਤਿ ਸਮਾਇਆ । ਝੀਰਾਂ ਛੀਂਬਿਆਂ ਨਾਈਆਂ ਪ੍ਰਭ ਕੇਹਰ ਕਰ, ਪ੍ਰਭ ਜਾਮਾ ਸ਼ੇਰ ਬਣਾਇਆ । ਮਾਤਲੋਕ ਗੁਰ ਮਿਹਰ ਕਰ, ਅੰਮ੍ਰਿਤ ਮੁਖ ਚੁਆਇਆ । ਪੰਚਮ ਪਿਆਰੇ ਗੁਰ ਬਣਾ । ਅੰਮ੍ਰਿਤ ਦੇਵੇ ਮੁਖ ਚੁਆ । ਸਾਚੀ ਦਾਤ ਪ੍ਰਭ ਝੋਲੀ ਦੇਵੇ ਪਾ । ਪੰਜਾਂ ਵਿਚ ਪ੍ਰਭ ਰਿਹਾ ਸਮਾ । ਪੰਜਾਂ ਦੇਵੇ ਪ੍ਰਭ ਵਡਿਆਈ, ਸੱਚਾ ਹੁਕਮ ਦੇਵੇ ਸੁਣਾ । ਗੁਰ ਗੋਬਿੰਦ ਸਾਚਾ ਤਿਲਕ ਦੇਵੇ ਲਗਾ । ਗੁਰਮੁਖ ਸਾਚੇ ਗੁਰ ਪੂਰੇ ਦਾ ਸ਼ਬਦ ਕਮਾ । ਕਲਜੁਗ ਮਾਇਆ ਦਏ ਤਜਾ । ਗੁਰ ਧਰਮ ਦੀ ਸਾਚੀ ਰੀਤੀ ਸਾਚਾ ਦੇਵੇ ਮਗ ਚਲਾ । ਕਲਜੁਗ ਜੀਵ ਭੁੱਲ ਛੱਡ ਗਏ ਸਾਚਾ ਰਾਹ । ਨਿਹਕਲੰਕ ਵੇਲੇ ਅੰਤ ਪਰਗਟ ਜੋਤ ਦੇਵੇ ਸਜ਼ਾ । ਗੁਰ ਗੋਬਿੰਦ ਤੇਰੀ ਵਡਿਆਈ । ਆਪੇ ਗੁਰ ਆਪੇ ਚੇਲਾ ਅਖਵਾਈ ।

ਸਾਚਾ ਮਾਰਗ ਜਗਤ ਚਲਾਈ । ਅੰਮ੍ਰਿਤ ਆਤਮ ਸਿੰਚ ਪ੍ਰਭ ਦੁਖੀਆਂ ਦੁੱਖ ਮਿਟਾਈ । ਜੋਤ ਸਰੂਪੀ ਜੋਤ ਪ੍ਰਭ ਸਰਬ ਵਿਚ ਰਿਹਾ ਸਮਾਈ । ਸਾਚਾ ਮਾਰਗ ਮਾਤ ਲਗਾਇਆ । ਸਾਰਾ ਬੰਸ ਵਾਰ ਰਖਾਇਆ । ਧਰਮ ਦੀ ਬਾਣ ਗੁਰ ਲਗਾਇਆ । ਅਨਾਥਾਂ ਹੇਤ ਸਭ ਕਰਮ ਕਮਾਇਆ । ਦਰ ਘਰ ਸਰਬ ਲੁਟਾਇਆ । ਏਕਾ ਆਨ ਏਕਾ ਸ਼ਾਨ ਮੁਖ ਰਖਾਇਆ । ਕਲਜੁਗ ਜੀਵਾਂ ਭੇਦ ਨਾ ਪਾਇਆ । ਗੁਰਮੁਖ ਵਿਰਲੇ ਪ੍ਰਭ ਸ਼ਰਨੀ ਸੇਵ ਕਮਾਇਆ । ਜੋਤ ਸਰੂਪੀ ਜੋਤ ਪ੍ਰਭ, ਜੋਤ ਸਰੂਪ ਸਦ ਸਮਾਇਆ । ਵਾਰ ਵਾਰ, ਬੰਸ ਸਭ ਵਾਰਿਆ । ਤਾਰ ਤਾਰ ਤਾਰ, ਨਿਰਧਨਾਂ ਪ੍ਰਭ ਤਾਰਿਆ । ਹਾਰ ਹਾਰ ਹਾਰ, ਕਲਜੁਗ ਜੀਵ ਬਚਨ ਅੰਤ ਹਾਰਿਆ । ਸਾਰ ਸਾਰ ਸਾਰ, ਪਾਏ ਗੁਰਸਿਖ ਜਿਸ ਦੇਵੇ ਦਰਸ ਅਪਾਰਿਆ । ਤਾਰ ਤਾਰ ਤਾਰ ਪ੍ਰਭ ਜਾਏ ਤਾਰ, ਜੋ ਜਨ ਆਏ ਚਰਨ ਦਵਾਰਿਆ । ਜੋਤ ਸਰੂਪੀ ਜੋਤ ਪ੍ਰਭ ਧਰੇ ਜੋਤ ਨਿਰੰਕਾਰਿਆ । ਪ੍ਰਭ ਬਣਾਈ ਬਣਤ ਅਪਾਰ । ਦੁਖ ਭੁਖ ਕਰੇ ਖ਼ੁਆਰ । ਝੂਠਾ ਦੇਸ ਛੱਡ ਗਿਆ ਗੁਰ ਅਵਤਾਰ । ਗੋਦਾਵਰੀ ਚਰਨ ਟਿਕਾਏ ਅਪਾਰ । ਬੈਰਾਗੀਆਂ ਤੋੜੇ ਹੰਕਾਰ । ਬਣਾਏ ਬੰਦਾ ਦੇਵੇ ਤਾਰ । ਹੁਕਮ ਸੁਣਾਏ ਆਪ ਕਰਤਾਰ । ਦੁਸ਼ਟਾਂ ਤਾਈਂ ਜਾਏ ਸੰਘਾਰ । ਭਾਣਾ ਮੰਨੀਂ ਨਾ ਆਵੇ ਹਾਰ । ਵਰ ਦਿਤਾ ਸਾਚੇ ਗੁਰ ਅਵਤਾਰ । ਗੁਰ ਗੋਬਿੰਦ ਦੱਖਣ ਜਾਏ । ਜਾਏ ਨੰਦੇੜ ਡੇਰੇ ਲਾਏ । ਸਾਚਾ ਧਾਮ ਪਰਗਟ ਕਰਾਏ । ਮੁਖੀ ਤੀਰ ਜਾ ਲਗਾਏ । ਸਚ ਨਿਸ਼ਾਨ ਪੁਟ ਵਖਾਏ । ਸਰਬ ਜੀਆਂ ਦਾ ਮਾਣ ਗਵਾਏ । ਉਪਜੇ ਸੋ ਥਾਏਂ ਗੁਰ ਸਾਚਾ ਲਿਖਤ ਕਰਾਏ । ਪੂਰਨ ਕੀਆ ਅੰਤ ਇਹ ਕਾਮ, ਅੰਤਮ ਖੇਲ ਰਚਾਏ । ਅੰਤਮ ਵੇਲਾ ਅੰਤ ਗੁਰ ਕਰਿਆ । ਅੰਗੀਠਾ ਸਾਹਿਬ ਨਿਸ਼ਾਨ ਸੀ ਧਰਿਆ । ਚੰਦਨ ਚਿਖਾ ਵਿਚ ਪ੍ਰਭ ਵੜਿਆ । ਸਾਧ ਸੰਗਤ ਇਹ ਬਚਨ ਕਰਿਆ । ਸਾਚਾ ਗੁਰ ਦਰ ਦਰਬਾਰ ਧਰਿਆ । ਅੰਤਕਾਲ ਕਲਜੁਗ ਨਿਹਕਲੰਕ ਅਵਤਾਰ ਹੋਏ ਨਰਿਆ । ਨਿਹਕਲੰਕ ਦੀ ਓਟ ਰਖਾ । ਜੋਤੀ ਜੋਤ ਗੁਰ ਗਏ ਸਮਾ । ਸਾਚਾ ਬਚਨ ਗਏ ਲਿਖਾ । ਪ੍ਰਭ ਜਾਮਾ ਘਨਕਪੁਰੀ ਵਿਚ ਲੈ ਪਾ । ਵੇਲਾ ਅੰਤਮ ਆ ਗਿਆ, ਸਾਚਾ ਕਰਮ ਪ੍ਰਭ ਲਏ ਕਮਾ । ਪਰਗਟ ਜੋਤ ਮਹਾਰਾਜ ਸ਼ੇਰ ਸਿੰਘ, ਬੇਮੁਖਾਂ ਗਿਆ ਭੁਲਾ । ਗੁਰ ਆਏ ਜਗਤ ਉਪਦੇਸੇ । ਪ੍ਰਭ ਆਏ ਉਲਟਾਏ ਜਗਤ ਭੇਸੇ । ਜੋਤ ਸਰੂਪੀ ਸਦਾ ਅਦੇਸੇ । ਸਾਰ ਨਾ ਪਾਇਣ ਬ੍ਰਹਮਾ ਵਿਸ਼ਨ ਮਹੇਸ਼ੇ । ਏਕਾ ਜੋਤ ਪ੍ਰਭ ਨਿਰੰਕਾਰ ਜੋਤ ਸਰੂਪੀ ਸਾਚੇ ਭੇਸੇ । ਮਹਾਰਾਜ ਸ਼ੇਰ ਸਿੰਘ ਨਰ ਅਵਤਾਰ, ਚਾਰ ਵਰਨ ਕਰੇ ਅਦੇਸੇ । ਸਾਚੀ ਜੋਤ ਪ੍ਰਭ ਜਗਤ ਟਿਕਾਏ । ਆਪ ਆਪਣਾ ਭੇਦ ਰਿਹਾ ਛੁਪਾਏ । ਕਲਜੁਗ ਮਾਇਆ ਬਹੁਤ ਵਧਾਏ । ਗੁਰਮੁਖ ਸਾਚੇ ਪ੍ਰਭ ਲਏ ਜਗਾਏ । ਸ਼ਾਮ ਰੂਪ ਪ੍ਰਭ ਦਰਸ ਦਿਖਾਏ । ਕਾਹਨ ਘਨਈਆ ਨਜ਼ਰੀ ਆਏ । ਸਾਵਲ ਸੁੰਦਰ ਭੇਖ ਵਟਾਏ । ਜਾਮਾ ਧਾਰ ਘਨਕਪੁਰ, ਭਾਗ ਘਨਕਪੁਰੀ ਲਗਾਏ । ਘਨਕਪੁਰ ਅਵਤਾਰ ਪ੍ਰਭ ਧਰਿਆ । ਸੰਤ ਮਨੀ ਸਿੰਘ ਸਰਨੀ ਪਰਿਆ । ਚਰਨ ਲਾਗ ਕਲਜੁਗ ਤਰਿਆ । ਤਨ ਮਨ ਸੀਤਲ ਆਤਮ ਠਰਿਆ । ਸੋਹੰ ਸਾਚਾ ਸ਼ਬਦ ਰਸਨ ਆਹਾਰ ਕਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ ਜਾਮਾ ਘਨਕਪੁਰੀ ਵਿਚ ਧਰਿਆ । ਪ੍ਰਭ ਸਾਚੇ ਲਿਆ ਜਗਤ ਅਵਤਾਰ । ਤੀਨ ਲੋਕ ਹੋਈ ਜੈ ਜੈ ਜੈਕਾਰ । ਕਲਜੁਗ ਜੀਵ ਸੁੱਤੇ ਪੈਰ ਪਸਾਰ । ਗੁਰਮੁਖਾਂ ਹੋਈ ਆਤਮ ਉਜਿਆਰ । ਸੁਰ ਨਰ ਆਏ ਪ੍ਰਭ ਦਰਬਾਰ । ਫੁਲ ਬਰਸਾਵਣ ਬਰਖਾ ਧਾਰ । ਏਕਾ ਜੋਤ ਜਗੀ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਘਨਕਪੁਰੀ ਲੈ ਅਵਤਾਰ । ਜਗੀ ਜੋਤ ਜਗਤ ਨਿਰਾਲਮ । ਪ੍ਰਭ ਭੁਲਾਈ ਸਾਰੀ

ਆਲਮ । ਸੰਤ ਮਨੀ ਸਿੰਘ ਹੱਥ ਫੜਾਈ ਕਾਲਮ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਡ ਦਾਤਾ ਵਡ ਸਾਲਮ । ਸਾਚੀ ਜੋਤ ਕਰੇ ਆਕਾਰੇ । ਦੇਵ ਦੇਵੀਆਂ ਖੜ੍ਹੇ ਪ੍ਰਭ ਚਰਨ ਦਵਾਰੇ । ਦਰ ਦਰ ਫਿਰਨ ਹੋਏ ਖੁਆਰੇ । ਸੰਤ ਮਨੀ ਸਿੰਘ ਕਲਮ ਲੇਖ ਲਿਖਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਘਨਕਪੁਰੀ ਲੈ ਅਵਤਾਰੇ । ਘਨਕਪੁਰ ਪ੍ਰਭ ਜਾਮਾ ਧਾਰੇ । ਦੇਵ ਦੇਵੀਆਂ ਫਿਰਨ ਦਵਾਰੇ । ਸਾਚਾ ਸੰਤ ਸਾਚੀ ਮਾਰੇ ਲਕਾਰੇ । ਨਾ ਦਿਸੇ ਦਰ ਨਾ ਦਰਬਾਰੇ । ਦੁਖੀ ਹੋਏ ਫਿਰਨ ਦੁਖਿਆਰੇ । ਅਰਚਾ ਪੂਜਾ ਪ੍ਰਭ ਪਾਰ ਉਤਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਾਮਾ ਘਨਕਪੁਰੀ ਵਿਚ ਧਾਰੇ । ਦੇਵੀਆਂ ਆਣ ਪਾਈ ਦੁਹਾਈ । ਸੰਤ ਮਨੀ ਸਿੰਘ ਦਰ ਦੁਰਕਾਈ । ਵਿਸ਼ਨੂੰ ਭਗਵਾਨ ਤੁਹਾਡੀ ਸੇਵ ਸਰਬ ਚੁਕਾਈ । ਅੰਤਕਾਲ ਕਲਜੁਗ ਜਾਮਾ ਧਾਰ, ਘਨਕਪੁਰ ਪ੍ਰਭ ਸਾਰੀ ਜੋਤ ਖਿਚਾਈ । ਖਿੱਚੇ ਜੋਤ ਪ੍ਰਭ ਜਵਾਲਾ । ਕਲਜੁਗ ਜੀਵਾਂ ਅੰਤਮ ਹੋਏ ਮੂੰਹ ਕਾਲਾ । ਸਾਚਾ ਬਾਣ ਪ੍ਰਭ ਚਲਾਏ ਸੋਹੰ ਬਾਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਘਨਕਪੁਰੀ ਵਿਚ ਪਹਰਿਆ ਜਾਮਾ । ਦੇਵੀ ਦੇਵ ਪ੍ਰਭ ਪੂਜ ਹਟਾਏ । ਸਾਚਾ ਸ਼ਬਦ ਆਪ ਲਿਖਾਏ । ਗੰਗਾ ਗੋਦਾਵਰੀ ਪ੍ਰਭ ਨੀਰ ਖਿਚਾਏ । ਜੋਤ ਸਰੂਪ ਪ੍ਰਭ ਜੋਤ ਮੇਲ ਮਿਲਾਏ । ਕਲਜੁਗ ਧਾਮ ਨਿਹਕਲੰਕ ਵੇਲੇ ਅੰਤ ਸਰਬ ਮਿਟਾਏ । ਸਤਿਜੁਗ ਸਾਚਾ ਸ਼ਬਦ ਪ੍ਰਭ ਉਪਜਾਏ । ਜਾਮਾ ਧਾਰ ਨਿਹਕਲੰਕ ਸਾਚਾ ਡੰਕ ਵਜਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰਮ ਧਰਮ ਜਗਤ ਚਲਾਏ । ਮਨੀ ਸਿੰਘ ਪ੍ਰਭ ਰਸਨਾ ਗਾਏ । ਹਰਿ ਹਰਿ ਹਰਿ, ਸਾਚਾ ਰਿਦੇ ਸਮਾਏ । ਨਰ ਨਰ ਨਰ ਅਵਤਾਰ ਨਰ ਪ੍ਰਭ ਦਰਸ ਦਿਖਾਏ । ਧਰ ਧਰ ਧਰ, ਏਕਾ ਜੋਤ ਪ੍ਰਭ ਧਰ ਵਖਾਏ । ਵਰ ਵਰ ਵਰ, ਪ੍ਰਭ ਦਰ ਵਰ ਸਾਚਾ ਪਾਏ । ਤਰ ਤਰ ਤਰ, ਮਾਤਲੋਕ ਤਰ ਜਾਏ । ਡਰ ਡਰ ਡਰ, ਰਾਜੇ ਰਾਣਿਆਂ ਪ੍ਰਭ ਡਰ ਚੁਕਾਏ । ਕਰ ਕਰ ਕਰ ਪ੍ਰਭ ਕਿਰਪਾ ਕਰ, ਸਾਚੀ ਲਿਖਤ ਆਪ ਲਿਖਾਏ । ਭਰ ਭਰ ਭਰ ਭੰਡਾਰ ਪ੍ਰਭ ਸਾਚੇ ਨਿਹਕਲੰਕ ਭਰ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾਏ । ਸਾਚੇ ਸੰਤ ਸਚ ਸੇਵ ਕਮਾਈ । ਉਚ ਪਦਵੀ ਪ੍ਰਭ ਦਰ ਤੇ ਪਾਈ । ਸਾਚਾ ਸਾਹਿਬ ਦੇਵੇ ਵਡਿਆਈ । ਲਿਖਿਆ ਲੇਖ ਜਗਤ ਵਰਤਾਈ । ਸਾਧ ਸੰਗਤ ਪ੍ਰਭ ਦੇ ਸੁਣਾਈ । ਭੁਲ ਨਾ ਜਾਣਾ ਨਿਹਕਲੰਕ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵੇਲੇ ਅੰਤ ਸੁੱਤਿਆਂ ਲੈ ਜਗਾਈ । ਸੰਤ ਮਨੀ ਸਿੰਘ ਸ਼ਬਦ ਲਿਖਾਰੀ । ਸਾਚਾ ਭਇਓ ਜੋਤ ਅਧਾਰੀ । ਦੇਵੇ ਦਾਤ ਨੈਣ ਮੁੰਧਾਰੀ । ਕਲਜੁਗ ਜੀਵਾਂ ਲਿਖਤ ਲਿਖਾਰੀ । ਜਨ ਭਗਤਾਂ ਪ੍ਰਭ ਪਾਰ ਉਤਾਰੀ । ਪਾਰਬ੍ਰਹਮ ਪ੍ਰਭ ਪਰਮੇਸ਼ਵਰ ਨਿਹਕਲੰਕ ਅਵਤਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਘਨਕਪੁਰ ਕਰੇ ਜੋਤ ਅਕਾਰੀ । ਸਾਚੇ ਪ੍ਰਭ ਤੇਰੀ ਸਾਚੀ ਕਾਰ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ । ਸਾਚਾ ਸ਼ਬਦ ਸੱਚੀ ਧੁਨਕਾਰ । ਸਾਚੇ ਸੰਤ ਪ੍ਰਭ ਭਰੇ ਭੰਡਾਰ । ਏਕਾ ਦਿਸੇ ਓਅੰਕਾਰ । ਛਤਰ ਝੁਲਾਏ ਪ੍ਰਭ ਦੇ ਸੀਸੇ, ਦਿਸੇ ਜੋਤ ਨਿਰੰਜਣ ਨਰ ਅਵਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਧਰੇ ਅਪਾਰ । ਜਗਨ ਨਾਥ ਗੋਪਾਲ ਮੁਖ ਭਨੀ । ਪ੍ਰਭ ਅਬਿਨਾਸ਼ੀ ਵਡ ਧਨ ਧਨੀ । ਜੋਤ ਜਗਾਵੇ ਸੰਤ ਸਿੰਘ ਮਨੀ । ਸਾਚੀ ਪ੍ਰੀਤ ਪ੍ਰਭ ਚਰਨ ਸੰਗ ਬਣੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਦਾਤ ਵਡ ਦਾਤਾ ਵਡ ਧਨੀ । ਵੱਡੀ ਦਾਤ ਪ੍ਰਭ ਵਡ ਦੇਵੇ । ਜੋਤ ਸਰੂਪ ਅਲਖ ਅਭੇਵੇ । ਸਾਚਾ ਸੰਤ ਸਦ ਰਸਨਾ ਸੇਵੇ । ਮਾਣ ਦਵਾਏ ਪ੍ਰਭ ਵਿਚ ਦੇਵੀ ਦੇਵੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਮਿਟਾਵੇ

ਭਰਮ ਭੁਲੇਵੇ । ਸੰਤ ਮਨੀ ਸਿੰਘ ਜੋਤ ਜਗਾਈ । ਸੁਧਿ ਬੁਧਿ ਪ੍ਰਭ ਸਾਚੀ ਪਾਈ । ਝੂਠਾ ਆਕਾਰ ਪ੍ਰਭ ਦੇ ਮਿਟਾਈ । ਸਾਚਾ ਕੀਆ ਆਕਾਰ ਪ੍ਰਭ ਸਾਚੀ ਜੋਤ ਪਰਗਟਾਈ । ਲਿਖਾਏ ਲੇਖ ਪ੍ਰਭ ਵਿਚ ਸੰਸਾਰ, ਪ੍ਰਭ ਸਾਚੀ ਕਲਮ ਫੜਾਈ । ਰਾਜੇ ਰਾਣੇ ਦਿਤੇ ਤਖ਼ਤੋਂ ਉਤਾਰ, ਸ਼ਬਦ ਮਾਰ ਪ੍ਰਭ ਕਰਾਈ । ਲਿਖਿਆ ਸ਼ਬਦ ਸੰਤ ਅਪਾਰ, ਨਿਰਭੈ ਹੋਏ ਕਲਮ ਉਠਾਈ । ਰੱਖੇ ਲਾਜ ਆਪ ਮੁਰਾਰ, ਸੰਤ ਸਾਚੇ ਸਿਰ ਹੱਥ ਟਿਕਾਈ । ਆਇਆ ਅੰਤ ਲੈਣਾ ਵਿਚਾਰ, ਲਿਖਤ ਲਿਖੀ ਪ੍ਰਭ ਸਤਿ ਕਰਾਈ । ਮਹਾਰਾਜ ਸ਼ੇਰ ਸਿੰਘ ਕਰ ਜੋਤ ਆਕਾਰ, ਆਪਣਾ ਭੇਤ ਦਏ ਖੁਲ੍ਹਾਈ । ਸਾਚਾ ਭੇਦ ਪ੍ਰਭ ਖੁਲ੍ਹਾਏ । ਲਿਖੀ ਲਿਖਤ ਪ੍ਰਭ ਬੰਦ ਕਰਾਏ । ਵਾਕ ਭਵਿਖਤ ਪ੍ਰਭ ਸਚ ਕਰਾਏ । ਰਾਣਿਆਂ ਮਹਾਰਾਣਿਆਂ ਪ੍ਰਭ ਜਾਏ ਮਾਣ ਗਵਾਏ । ਗੁਰਸਿਖ ਜੀਵਾਂ ਬਾਲ ਅੰਞਾਣਿਆਂ, ਪ੍ਰਭ ਜਾਏ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਰਗਟ ਸਾਚੀ ਜੋਤ ਸਾਚਾ ਧਰਮ ਕਮਾਏ । ਰਾਜਿਆਂ ਪ੍ਰਭ ਮਾਣ ਗਵਾਇਆ । ਗ਼ਰੀਬ ਨਿਵਾਜ਼ ਇਹ ਕਰਮ ਕਮਾਇਆ । ਏਕਾ ਏਕ ਅੰਕ ਏਕਾ ਰੰਗ ਕਰਾਇਆ । ਏਕ ਸੋਹੰ ਡੰਕ ਪ੍ਰਭ ਕੁੰਟ ਚਾਰ ਵਜਾਇਆ । ਏਕਾ ਜੋਤ ਤਨਕ ਵਿਚ ਸਰਬ ਸਮਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਖੇਲ ਰਚਾਇਆ । ਸਾਚੇ ਪ੍ਰਭ ਸਚ ਧਿਆਨਾ । ਅੰਤ ਨਾ ਪਾਇਆ ਵੇਦ ਪੁਰਾਨਾ । ਬੇਅੰਤ ਬੇਅੰਤ ਬੇਅੰਤ, ਸਰਬ ਲਿਖਾਨਾ । ਏਕਾ ਜੋਤ ਇਕੰਤ ਪ੍ਰਭ ਭਗਵਾਨਾ । ਜੋਤ ਸਰੂਪ ਸਰਬ ਵਿਸਮੰਤ, ਰੂਪ ਰੰਗ ਨਾ ਕਿਸੇ ਪਛਾਨਾ । ਭੇਵ ਨਾ ਪਾਏ ਜੀਵ ਜੰਤ, ਪ੍ਰਭ ਸਾਚੇ ਵਿਚ ਕੀਆ ਟਿਕਾਨਾ । ਸ਼ਬਦ ਲਿਖਾਏ ਪ੍ਰਭ ਅਗਣਤ, ਜੋਤ ਸਰੂਪੀ ਪ੍ਰਭ ਪਹਰਿਆ ਬਾਨਾ । ਕਲਜੁਗ ਵੇਲਾ ਆਏ ਅੰਤ, ਪ੍ਰਭ ਸਾਚੇ ਸਾਚਾ ਖੇਲ ਰਚਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਮਾਣ ਗਵਾਨਾ । ਮਾਣ ਸਰਬ ਦਾ ਪ੍ਰਭ ਗਵਾਏ । ਏਕਾ ਨਾਮ ਜਗਤ ਧਰਾਏ । ਰਾਜਿਆਂ ਰਾਣਿਆਂ ਡੰਨ ਲਗਾਏ । ਹੁਕਮਨਾਮੇ ਜੋ ਸੰਤ ਲਿਖਾਏ । ਪ੍ਰਭ ਅਬਿਨਾਸ਼ੀ ਕੱਢ ਵਖਾਏ । ਜੂਠੇ ਠੂਠੇ ਪ੍ਰਭ ਭੰਨ ਵਖਾਏ । ਬੇਮੁਖ ਮੂਠੇ ਰਹੇ ਮੁਖ ਛੁਪਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਖੇਲ ਰਚਾਏ । ਪਹਿਲੇ ਸ਼ਬਦ ਪ੍ਰਭ ਲਿਖਾਇਆ । ਰਾਜੇ ਰਾਣਿਆਂ ਪ੍ਰਭ ਹੁਕਮ ਸੁਣਾਇਆ । ਵਾਲੀ ਦੋ ਜਹਾਨ ਵਿਚ ਘਨਕਪੁਰੀ ਦੇ ਆਇਆ । ਅੰਤ ਤੋੜੇ ਪ੍ਰਭ ਅਭਿਮਾਨ, ਜੋ ਆਤਮ ਵਿਚ ਰਖਾਇਆ । ਜੋ ਜਨ ਚਰਨੀ ਡਿੱਗੇ ਆਣ, ਪ੍ਰਭ ਦੇਵੇ ਮਾਣ ਸਵਾਇਆ । ਸੋਹੰ ਸ਼ਬਦ ਪ੍ਰਭ ਦੇਵੇ ਦਾਨ, ਚਾਰ ਵਰਨ ਦੇਹ ਵਿਚ ਉਪਜਾਇਆ । ਸੋ ਜਨ ਹੋਏ ਚਤੁਰ ਸੁਜਾਨ, ਪ੍ਰਭ ਅਬਿਨਾਸ਼ੀ ਜਿਸ ਦਰਸ ਦਿਖਾਇਆ । ਕਲਜੁਗ ਜੀਵਾਂ ਮਿਲੇ ਮਾਣ, ਪ੍ਰਭ ਅਬਿਨਾਸ਼ੀ ਸਰਨੀ ਆਇਆ । ਦੇਵੇ ਦਰਸ ਵਿਸ਼ਨੂੰ ਭਗਵਾਨ, ਜੋਤ ਸਰੂਪ ਪਰਗਟ ਨਿਹਕਲੰਕ ਨਾਉਂ ਰਖਾਇਆ । ਕਲਜੁਗ ਜਾਮਾ ਧਾਰ, ਘਨਕਪੁਰੀ ਪ੍ਰਭ ਭਾਗ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਇਆ । ਜੋਤ ਸਰੂਪੀ ਪ੍ਰਭ ਖੇਲ ਰਚਾ । ਬਣਤ ਬਣਾਏ ਆਪ ਪ੍ਰਭ, ਝੂਠੀ ਸ੍ਰਿਸ਼ਟੀ ਉਪਾ । ਜੋਤ ਸਰੂਪੀ ਆਕਾਰ ਕਰ, ਮਾਇਆ ਰੂਪੀ ਦੇ ਸਜ਼ਾ । ਸਾਚਾ ਜਗਤ ਵਿਹਾਰ ਕਰ, ਕਲਜੁਗ ਅੰਤ ਦਏ ਖਪਾ । ਏਕਾ ਜੋਤ ਅਧਾਰ ਧਰ, ਸੋਹੰ ਸਾਚਾ ਸ਼ਬਦ ਦਏ ਚਲਾ । ਚਾਰ ਵਰਨ ਪ੍ਰਭ ਏਕਾ ਦਰਬਾਰ ਕਰ, ਊਚ ਨੀਚ ਦਾ ਜਾਏ ਭੇਖ ਮਿਟਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਭੇਖ ਜਾਏ ਵਰਤਾ । ਜੋ ਵਰਤੇ ਸੋ ਪ੍ਰਭ ਲਿਖਾਵੇ । ਕਲਜੁਗ ਵੇਲਾ ਅੰਤਮ ਆਵੇ । ਪ੍ਰਭ ਅਬਿਨਾਸ਼ੀ ਜੋਤ ਪਰਗਟਾਵੇ । ਜੋਤ ਸਰੂਪ ਵਿਚ ਸਿੱਖ ਸਮਾਵੇ । ਆਪਣੇ ਭੇਵ ਵਿਰਲੇ ਗੁਰਮੁਖ ਜਣਾਵੇ । ਰਾਣਾ ਸੰਗਰੂਰ

ਪ੍ਰਭ ਸ਼ਰਨੀ ਲਾਵੇ । ਵਾਲੀ ਹਿੰਦ ਪ੍ਰਭ ਦਰਸ ਦਿਖਾਵੇ । ਚਾਰ ਵਰਨ ਪ੍ਰਭ ਮਾਣ ਦਵਾਵੇ । ਏਕਾ ਊਚ ਦਰਬਾਰ ਨਿਹਕਲੰਕ ਦਿਸ ਆਵੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣੀ ਕਲ ਵਰਤਾਵੇ । ਮਸਤੂਆਣੇ ਚਰਨ ਟਿਕਾ । ਆਪਣੇ ਚਰਨ ਪ੍ਰਭ ਲਏ ਉਠਾ । ਸਾਚਾ ਜਾਏ ਕਰਮ ਕਮਾ । ਲਿਖਤ ਲਿਖਾਏ ਅਗੰਮ ਅਥਾਹ । ਪਰਗਟੇ ਜੋਤ ਨਿਹਕਲੰਕ ਪ੍ਰਭ ਸਾਚਾ ਬੇਪਰਵਾਹ । ਚਾਰ ਵਰਨ ਦਿਖਾਏ ਚਲਾਏ ਏਕਾ ਰਾਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੋਤ ਲਏ ਪਰਗਟਾ । ਮਸਤੂਆਣੇ ਜੋਤ ਪਰਗਟਾ । ਸ੍ਰਿਸ਼ਟ ਸਬਾਈ ਪ੍ਰਭ ਲੇਖ ਦਏ ਲਿਖਾ । ਭਰਮ ਭੁਲੇਖੇ ਸਰਬ ਦੇ, ਪ੍ਰਭ ਸਾਚਾ ਦਏ ਖੁਲ੍ਹਾ । ਵਾਲੀ ਹਿੰਦ ਚਰਨ ਲਾਗ ਭੁਲ ਲਏ ਬਖ਼ਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਰਿਹਾ ਲਿਖਾ । ਭਾਣਾ ਵਰਤੇ ਪ੍ਰਭ ਸਾਚੇ । ਜੋਤ ਸਰੂਪੀ ਜਾਏ ਰਾਚੇ । ਗੁਰਮੁਖ ਵਿਰਲਾ ਹਿਰਦੇ ਵਾਚੇ । ਬੇਮੁਖਾਂ ਲੱਗਣ ਜੋਤ ਅਗਨ ਤਮਾਚੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸ਼ਬਦ ਲਿਖਾਏ ਸਚੋ ਸਾਚੇ । ਮਸਤੂਆਣੇ ਸ਼ਬਦ ਲਿਖਾ ਕੇ । ਸ੍ਰਿਸ਼ਟ ਸਬਾਈ ਭੇਦ ਖੁਲ੍ਹਾ ਕੇ । ਕਲਜੁਗ ਅੰਤ ਅਖ਼ੀਰ ਪ੍ਰਭ ਜਾਏ ਕਰਾ ਕੇ । ਸਤਿਜੁਗ ਸਾਚੀ ਧੀਰ ਪ੍ਰਭ ਜਾਏ ਧਰਾ ਕੇ । ਵਾਲੀ ਹਿੰਦ ਪ੍ਰਭ ਸਰਨੀ ਲੱਗੇ ਆ ਕੇ । ਪਿਛਲੀ ਜਾਏ ਭੁੱਲ ਬਖ਼ਸ਼ਾ ਕੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਿਰ ਰੱਖੇ ਹੱਥ ਟਿਕਾ ਕੇ । ਵਾਲੀ ਹਿੰਦ ਅਰਜ਼ ਗੁਜ਼ਾਰੇ । ਪ੍ਰਭ ਜਾਏ ਜਮਨ ਕਿਨਾਰੇ । ਸੰਤ ਮਨੀ ਸਿੰਘ ਤੇਰੇ ਨਿਸ਼ਾਨ ਅਪਾਰੇ । ਧਰੇ ਚਰਨ ਨਰਾਇਣ ਨਰ ਅਵਤਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਕਲ ਵਰਤਾਰੇ । ਵਾਲੀ ਦੋ ਜਹਾਨ । ਜਮਨ ਕਿਨਾਰੇ ਉਤਰੇ ਆਣ । ਸਾਧ ਸੰਗਤ ਪ੍ਰਭ ਦਵਾਏ ਸਾਚਾ ਮਾਣ । ਸਾਚਾ ਸ਼ਬਦ ਸਤਿ ਵਰਤਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਨਿਹਕਲੰਕ ਵਿਸ਼ਨੂੰ ਭਗਵਾਨ । ਸਾਚੀ ਲਿਖਤ ਪ੍ਰਭ ਲੇਖ ਲਿਖਈਆ । ਆਪਣਾ ਭੇਤ ਆਪ ਖੁਲ੍ਹਈਆ । ਵਰਨ ਚਾਰ ਇਕ ਕਰਈਆ । ਸ੍ਰਿਸ਼ਟ ਸਬਾਈ ਚੜ੍ਹਾਏ ਏਕਾ ਨਈਆ । ਚਾਰ ਕੁੰਟ ਪ੍ਰਭ ਏਕਾ ਸ਼ਬਦ ਚਲਈਆ । ਏਕਾ ਰਾਜ ਏਕਾ ਤਾਜ ਏਕਾ ਕਾਜ ਸਰਬ ਸ੍ਰਿਸ਼ਟ ਕਰਈਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੇ ਲੇਖ ਲਿਖਈਆ । ਕਿਨਾਰੇ ਜਮਨ ਡੇਰਾ ਲਾਵਨਾ । ਸਾਚਾ ਧਾਮ ਪ੍ਰਭ ਬਨਾਵਣਾ । ਸਾਚਾ ਕਾਮ ਆਪ ਕਰਾਵਣਾ । ਲਿਖਿਆ ਸ਼ਬਦ ਸਤਿ ਵਰਤਾਵਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਭ ਦਾ ਮਾਣ ਗਵਾਵਣਾ । ਵਾਲੀ ਹਿੰਦ ਪ੍ਰਭ ਸ਼ਰਨੀ ਆਏ । ਵਡ ਵਡ ਸੇਵ ਪ੍ਰਭ ਚਰਨ ਕਮਾਏ । ਸਾਧ ਸੰਗਤ ਮਾਣ ਰਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਦੇ ਲਿਖਾਏ । ਜਾਏ ਆਪ ਪ੍ਰਭ ਗਿਰਧਾਰ । ਸਾਚਾ ਲਾਏ ਇਕ ਦਰਬਾਰ । ਰਸਨਾ ਦੇਵੇ ਸ਼ਬਦ ਉਚਾਰ । ਏਕਾ ਜੋਤ ਦਿਸਾਏ ਕ੍ਰਿਸ਼ਨ ਮੁਰਾਰ । ਅਠਾਰਾਂ ਧਿਆਏ ਪ੍ਰਭ ਰਸਨਾ ਲਏ ਉਚਾਰ । ਚਾਰ ਵੇਦ ਛੇ ਸ਼ਾਸਤਰ ਪ੍ਰਭ ਸਰਬ ਦੇ ਮਨਾਰ । ਵੇਦ ਪੁਰਾਨਾ ਬਾਹਰਾ ਪ੍ਰਭ ਆਪ ਦਿਸਾਵੇ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਖੇਲ ਕਰੇ ਅਪਾਰ । ਸਚ ਦਰਬਾਰ ਪ੍ਰਭ ਲਗਾਏ । ਸਾਚਾ ਸ਼ਬਦ ਆਪ ਉਪਜਾਏ । ਧੁਰ ਦੀ ਬਾਣ ਜਗਤ ਚਲਾਏ । ਰੰਕ ਰਾਜਾਨ ਇਕ ਕਰਾਏ । ਵਾਲੀ ਹਿੰਦ ਆਏ ਸੀਸ ਨਿਵਾਏ । ਸਾਚਾ ਕਰਮ ਸਾਚਾ ਧਰਮ ਪ੍ਰਭ ਜਾਏ ਚਲਾਏ । ਦੁਖੀਆਂ ਭੁਖੀਆਂ ਪ੍ਰਭ ਜਾਏ ਮਾਣ ਦਵਾਏ । ਆਤਮ ਸੁਖੀਆਂ ਪ੍ਰਭ ਜਾਏ ਸੁਖ ਵਸਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਕਰਮ ਜਾਏ ਕਮਾਏ । ਭਾਰਤ ਵਰਸ਼ ਪ੍ਰਭ ਚਰਨੀ ਲਾ । ਏਕਾ ਵਰਨ ਪ੍ਰਭ ਦਏ ਕਰਾ । ਤੀਰਥ

ਤਟ ਸਰਬ ਮਿਟਾ । ਸਾਚਾ ਮਾਰਗ ਦੇਵੇ ਜਗਤ ਚਲਾ । ਸੋਹੰ ਸਾਚਾ ਸ਼ਬਦ ਪ੍ਰਭ ਦੇਵੇ ਝੋਲੀ ਪਾ । ਵੱਡੇ ਵੱਡੇ ਗਿਆਨੀਆਂ ਪ੍ਰਭ ਦੇਵੇ ਹੁਕਮ ਸੁਣਾ । ਤੋੜੇ ਮਾਣ ਅਭਿਮਾਨੀਆਂ, ਪ੍ਰਭ ਦੁਸ਼ਟ ਲਏ ਨਿਵਾ । ਬਖ਼ਸ਼ੇ ਚਰਨ ਧੂੜ ਇਸ਼ਨਾਨੀਆਂ, ਚਾਰ ਕੁੰਟ ਦੂਤ ਦਏ ਭਜਾ । ਉਤਰ ਪੂਰਬ ਪੱਛਮ ਦੱਖਣ ਚਾਰ ਕੁੰਟ ਪ੍ਰਭ ਡੰਕ ਦਏ ਵਜਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਖੇਲ ਦਏ ਰਚਾ । ਚਾਰ ਕੁੰਟ ਪ੍ਰਭ ਦੂਤ ਪਠਾਏ । ਵਾਲੀ ਹਿੰਦ ਸਿਰ ਹੱਥ ਟਿਕਾਏ । ਸਰਬ ਖੰਡ ਵਿਚ ਹੁਕਮ ਸੁਣਾਏ । ਨਵ ਖੰਡ ਪ੍ਰਿਥਮੀ ਪ੍ਰਭ ਏਕ ਕਰਾਏ । ਸਾਚਾ ਮਾਣ ਸਾਚਾ ਤਾਣ, ਪ੍ਰਭ ਆਪਣੇ ਹੱਥ ਰਖਾਏ । ਸੋਹੰ ਸ਼ਬਦ ਪ੍ਰਭ ਮਾਰੇ ਬਾਣ, ਆਕੀ ਕੋਈ ਰਹਿਣ ਨਾ ਪਾਏ । ਚਾਰ ਕੁੰਟ ਕਰੇ ਪਰਵਾਨ । ਏਕਾ ਹੋਵੇ ਰੰਕ ਰਾਜਾਨ । ਜ਼ਾਤ ਪਾਤ ਸਰਬ ਮਿਟ ਜਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਧਰੇ ਭਗਵਾਨ । ਸਾਚੀ ਧੁਨ ਕਦੇ ਟੁਟ ਨਾ ਜਾਏ । ਸੋਇਆ ਜੀਵ ਪ੍ਰਭ ਸਰਬ ਜਗਾਏ । ਨਿਹਕਲੰਕ ਵਿਚ ਮਾਤ ਦੇ ਆਏ । ਸਾਚਾ ਕਰਮ ਸਾਚਾ ਧਰਮ ਵਿਚ ਜਗਤ ਚਲਾਏ । ਕਲਜੁਗ ਝੂਠੇ ਭਰਮ ਪ੍ਰਭ ਨਸ਼ਟ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਰਾਹ ਬਤਾਏ । ਭਾਰਤ ਵਰਸ਼ ਪ੍ਰਭ ਮਾਣ ਦਵਾਣਾ ਅਚਰਜ ਖੇਲ ਪ੍ਰਭ ਫੇਰ ਕਰਾਵਣਾ । ਜੋਤ ਸਰੂਪ ਪਰਗਟ ਜੋਤ ਵਿਚ ਰੂਸ ਦੇ ਜਾਵਣਾ । ਸਾਚਾ ਡੰਕ ਚਾਰ ਕੁੰਟ ਪ੍ਰਭ ਆਪ ਜਾਏ ਵਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਖ ਸਰਬ ਮਿਟਾਵਣਾ । ਦੇਵਣ ਕੋ ਪ੍ਰਭ ਏਕ ਦਾਤਾਰ । ਮੰਗਣ ਖੜ੍ਹੇ ਕੋਟ ਦਵਾਰ । ਮਾਤਲੋਕ ਕਰੇ ਸਚ ਦਰਬਾਰ । ਭਗਤ ਵਛਲ ਭਗਤ ਉਧਾਰ । ਜੋਤ ਸਰੂਪ ਨਿਹਕਲੰਕ ਨਰਾਇਣ ਨਰ ਅਵਤਾਰ । ਸਾਚਾ ਪ੍ਰਭ ਖਾਲੀ ਭਰੇ ਭੰਡਾਰ । ਸਾਚੀ ਦਾਤ ਆਪ ਦੇਵੇ ਕਰਤਾਰ । ਸਾਧ ਸੰਗਤ ਸਾਚਾ ਪ੍ਰਭ ਜਾਏ ਤਾਰ । ਦੁਖ ਭੁਖ ਪ੍ਰਭ ਜਾਏ ਮਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦੀ ਪਾਏ ਸਾਰ । ਦੁਖ ਦੁਖ ਪ੍ਰਭ ਦੁਖ ਕਟਾਏ । ਸੁਖ ਸੁਖ ਸੁਖ ਆਤਮ ਸੁਖ ਉਪਜਾਏ । ਮੁਖ ਮੁਖ ਮੁਖ ਪ੍ਰਭ ਉਜਲ ਮੁਖ ਕਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਥਾਏਂ ਹੋਏ ਸਹਾਏ । ਗੁਰਸਿਖ ਤੇਰੀ ਤ੍ਰਿਖਾ ਮਿਟਾਏ । ਗੁਰ ਸਾਚਾ ਪੂਰਨ ਆਸ ਕਰਾਏ । ਦੇਵੇ ਦਾਤ ਦਾਨ ਪ੍ਰਭ ਰਘੁਰਾਏ । ਪੁਰਖ ਨਿਰੰਜਣ ਦੇਵੇ ਵਡ ਵਡਿਆਏ । ਸਾਚਾ ਨਾਮ ਅੰਜਨ, ਪ੍ਰਭ ਦੇਵੇ ਨੇਤਰ ਪਾਏ । ਸਾਚਾ ਚਰਨ ਧੂੜ ਮਜਨ, ਇਸ਼ਨਾਨ ਦੇ ਪ੍ਰਭ ਕਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦਾ ਹੋਏ ਸਹਾਏ । ਜਨ ਜਨ ਜਨ ਪ੍ਰਭ ਤਾਰੇ । ਧੰਨ ਧੰਨ ਧੰਨ ਸੋ ਜਨ, ਜੋ ਚਰਨ ਪ੍ਰਭ ਨਿਮਸਕਾਰੇ । ਮਨ ਮਨ ਮਨ, ਪ੍ਰਭ ਤੋੜੇ ਮਨ ਹੰਕਾਰੇ । ਕੰਨ ਕੰਨ ਕੰਨ, ਪ੍ਰਭ ਸੋਹੰ ਸ਼ਬਦ ਉਪਜਾਵੇ ਧੁਨਕਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਖਾਲੀ ਭਰੇ ਭੰਡਾਰੇ । ਸਾਚਾ ਪ੍ਰਭ ਵਡ ਭੰਡਾਰੇ । ਦੇਵੇ ਦਾਤ ਪ੍ਰਭ ਗਿਰਧਾਰੇ । ਜੋ ਜਨ ਆਏ ਚਰਨ ਦਵਾਰੇ । ਚਰਨ ਪ੍ਰੀਤੀ ਰੰਗ ਅਪਾਰੇ । ਪੂਰਨ ਆਸ ਕਰੇ ਮੁਰਾਰੇ । ਦੇਵੇ ਦਾਤ ਵਡ ਸੰਸਾਰੇ । ਦੁਖ ਭੁਖ ਦੀ ਕੱਟੇ ਬੀਮਾਰੇ । ਆਤਮ ਦੇਵੇ ਨਾਮ ਖ਼ੁਮਾਰੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰੇ । ਸਾਚਾ ਪ੍ਰਭ ਦਇਆ ਕਮਾਏ । ਕਿਸ਼ਨਾ ਪਖ ਅੰਧੇਰ ਮਿਟਾਏ । ਸਾਚੀ ਜੋਤ ਵਿਚ ਦੀਪ ਜਗਾਏ । ਆਤਮ ਭਉ ਸਰਬ ਚੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸ ਪੁਜਾਏ । ਪੂਰਨ ਆਸ ਪ੍ਰਭ ਕਰਾਏ । ਸਾਚੀ ਦਾਤ ਝੋਲੀ ਪਾਏ । ਕਲਜੁਗ ਮਾਇਆ ਨੇੜ ਨਾ ਆਏ । ਸੋਹੰ ਸ਼ਬਦ ਸਦ ਉਪਜਾਏ । ਗੁਰਮੁਖ ਸਾਚਾ ਰਸਨੀ ਗਾਏ । ਨਿਹਕਲੰਕ ਅਵਤਾਰ

ਪਰਗਟ ਜੋਤ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਵਿਚ ਸਮਾਏ । ਸਾਚਾ ਪ੍ਰਭ ਸੱਜਣ ਸੁਹੇਲਾ । ਸਾਧ ਸੰਗਤ ਕਰਾਏ ਸਾਚਾ ਮੇਲਾ । ਅਚਰਜ ਖੇਲ ਪਾਰਬ੍ਰਹਮ ਵਿਚ ਮਾਤ ਦੇ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਵੇ ਜੋਤ ਪਰਗਟਾਵੇ ਬੇਮੁਖਾਂ ਹੱਥ ਨਾ ਆਏ ਵੇਲਾ । ਬੇਮੁਖਾਂ ਪ੍ਰਭ ਲੇਖ ਲਿਖਾਇਆ । ਮਦਿਰਾ ਮਾਸ ਰਸਨ ਲਗਾਇਆ । ਸਾਚੇ ਪ੍ਰਭ ਵੇਲੇ ਅੰਤ ਦੁਸ਼ਟ ਮਲੇਛਾਂ ਖਪਾਇਆ । ਗੁਰਸਿਖ ਸਾਚੇ ਕਿਰਪਾ ਕਰੀ ਬੇਅੰਤ, ਪ੍ਰਭ ਅੰਮ੍ਰਿਤ ਮੁਖ ਚੁਆਇਆ । ਦੇਵੇ ਮਾਣ ਵਿਚ ਸਾਧਨ ਸੰਤ, ਨਿਹਕਲੰਕ ਜਿਸ ਜਨ ਤੇਰੀ ਸਰਨਾਇਆ । ਮਿਲੇ ਵਡਿਆਈ ਵਿਚ ਜੀਵ ਜੰਤ, ਮਾਤਲੋਕ ਵਿਚ ਨਾਮ ਰਖਾਇਆ । ਅੰਤ ਜੋਤ ਮਿਲਾਏ ਜਿਸ ਬਣਾਈ ਬਣਤ, ਪ੍ਰਭ ਸਾਚੇ ਆਵਣ ਜਾਣ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਇਆ । ਜੋ ਜਨ ਚਲੇ ਪ੍ਰਭ ਕੇ ਭਾਣੇ । ਆਤਮ ਰੰਗ ਸਦਾ ਜਨ ਮਾਣੇ । ਸਾਚੀ ਦਾਤ ਦੇਵੇ ਭਗਵਾਨ, ਸੋਹੰ ਸ਼ਬਦ ਮਹਾਨੇ । ਆਤਮ ਉਪਜੇ ਬ੍ਰਹਮ ਗਿਆਨੇ । ਪਰਗਟ ਹੋਵੇ ਵਾਲੀ ਦੋ ਜਹਾਨੇ । ਆਤਮ ਜੋਤ ਜਗਾਏ ਪ੍ਰਭ ਮਹਾਨੇ । ਆਵਣ ਜਾਣ ਚੁਕਾਏ, ਜੋਤ ਸਰੂਪ ਵਿਚ ਜੋਤ ਮਿਲਾਣੇ । ਬੈਕੁੰਠ ਨਿਵਾਸੀ ਵਿਚ ਬੈਕੁੰਠ ਨਿਵਾਸ ਰਖਾਣੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਦਰ ਦਰਬਾਨ ਬਹਾਣੇ । ਏਕਾ ਧਾਮ ਬੈਕੁੰਠ ਬਣਾਇਆ । ਸਾਧ ਸੰਗਤ ਦਾ ਡੇਰਾ ਲਾਇਆ । ਏਕਾ ਜੋਤ ਜਗੇ ਰਘੁਰਾਇਆ । ਜੋਤ ਸਰੂਪੀ ਜੋਤ ਪਰਕਾਸ਼ ਪ੍ਰਭ, ਤੀਨ ਭਵਨ ਕਰਾਇਆ । ਅੰਮ੍ਰਿਤ ਵਰਖੇ ਜਿਉਂ ਮੇਘ ਸਵਣ ਸਾਧ ਸੰਗਤ ਪ੍ਰਭ ਆਤਮ ਸ਼ਾਂਤ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਪਹਿਲੀ ਮਾਘ ਸਾਧ ਸੰਗਤ ਦਰਸ ਦਿਖਾਇਆ । ਬੈਕੁੰਠ ਧਾਮ ਧਾਮ ਨਿਆਰਾ । ਪਾਰਬ੍ਰਹਮ ਸਦ ਰੱਖੇ ਅਵਤਾਰਾ । ਜੋਤ ਸਰੂਪੀ ਜੋਤ ਆਕਾਰਾ । ਬੈਠੇ ਅਡੋਲ ਆਪ ਨਿਰਾਧਾਰਾ । ਜਗੇ ਜੋਤ ਅਗੰਮ ਅਪਾਰਾ । ਕਲਜੁਗ ਜੀਵ ਨਾ ਜਾਣੇ ਪ੍ਰਭ ਕਾ ਰੰਗ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਕਾਰਾ । ਜੋਤ ਨਿਰੰਕਾਰ ਜਗਤ ਬਿਲੋਏ । ਤੀਨ ਲੋਕ ਪਰਕਾਸ਼ ਹੋਏ । ਮਾਤ ਪਤਾਲ ਅਕਾਸ਼ ਪ੍ਰਭ ਸਾਚੇ ਦੀ ਸਾਚੀ ਸੋਏ । ਰਘੁਪਤ ਰਘੁਨਾਥ ਜੁਗੋ ਜੁਗ ਆਪਣਾ ਭੇਤ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਰਗਟ ਬੇਮੁਖਾਂ ਰਿਹਾ ਸਵਾਏ । ਸਾਚੇ ਪ੍ਰਭ ਇਹ ਕਰਮ ਕਮਾਇਆ । ਆਪ ਆਪਣਾ ਆਪ ਉਪਾਇਆ । ਜੋਤ ਸਰੂਪੀ ਇਕ ਪਰਕਾਸ਼, ਤੀਨ ਲੋਕ ਰਖਾਇਆ । ਏਕਾ ਜੋਤ ਪ੍ਰਭ ਅਬਿਨਾਸ਼, ਨਾ ਕਦੇ ਮਰੇ ਨਾ ਜਾਇਆ । ਸਰਬ ਸ੍ਰਿਸ਼ਟ ਸਦ ਰਖੇ ਵਾਸ, ਮਾਤਲੋਕ ਪ੍ਰਭ ਸਦਾ ਸਮਾਇਆ । ਜੀਵ ਜੰਤ ਪ੍ਰਭ ਜੋਤ ਨਿਵਾਸ, ਵਿਚ ਵਸੇ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਸਰਬ ਗੁਣਤਾਸ, ਸਾਧ ਸੰਗਤ ਸਭ ਭੇਦ ਖੁਲ੍ਹਾਇਆ । ਸਾਧ ਸੰਗਤ ਪ੍ਰਭ ਭੇਦ ਖੁਲ੍ਹਾਏ । ਜੋਤ ਸਰੂਪੀ ਦਰਸ ਦਿਖਾਏ । ਦਸਮ ਦਵਾਰ ਪ੍ਰਭ ਖੁਲ੍ਹਾਏ । ਗੁਰਮੁਖਾਂ ਪ੍ਰਭ ਸਾਚਾ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖਾਂ ਦਇਆ ਕਮਾਏ । ਨਿਹਕਲੰਕ ਵੱਡੀ ਵਡਿਆਈ । ਵੱਡੀ ਦਾਤ ਗੁਰਮੁਖਾਂ ਦਵਾਈ । ਸਾਧ ਸੰਗਤ ਪ੍ਰਭ ਭੇਦ ਖੁਲ੍ਹਾਈ । ਆਪਣੀ ਜੋਤ ਕਲ ਪਰਗਟਾਈ । ਦੇਵੇ ਦਰਸ ਪ੍ਰਭ ਰਘੁਰਾਈ । ਗੁਰਮੁਖ ਸੋਇਆ ਪ੍ਰਭ ਲਏ ਜਗਾਈ । ਸੁਰਤ ਸ਼ਬਦ ਦਾ ਮੇਲ ਕਰ, ਪ੍ਰਭ ਦੇਵੇ ਦਰਸ ਰਘੁਰਾਈ । ਕਲਜੁਗ ਅਚਰਜ ਖੇਲ ਕਰ, ਸਾਚੀ ਨਿਮਸਕਾਰ ਚਰਨ ਕਰਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚੀ ਦਿਤੀ ਭਗਤ ਵਡਿਆਈ । ਸਾਚਾ ਕਰਮ ਪ੍ਰਭ ਕਰਾਇਆ । ਭਗਤ ਜਨਾਂ

ਪ੍ਰਭ ਦਰਸ ਦਿਖਾਇਆ । ਤੀਜਾ ਨੈਣ ਪ੍ਰਭ ਖੋਲ੍ਹ ਵਖਾਇਆ । ਜੋਤ ਸਰੂਪੀ ਸਾਚਾ ਰੂਪ ਪ੍ਰਭ ਦਿਖਾਇਆ । ਮਹਾਰਾਜ ਸ਼ੇਰ ਸਿੰਘ ਕਲਜੁਗ ਵਡ ਭੂਪ, ਆਪਣੇ ਰੰਗ ਸਮਾਇਆ । ਗੁਰਸਿਖਾਂ ਪ੍ਰਭ ਦਰਸ ਦਿਖਾਏ । ਆਤਮ ਸਾਚੀ ਜੋਤ ਜਗਾਏ । ਬੇਮੁਖ ਕੋਈ ਦਰ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਕਮਾਏ । ਸਾਚਾ ਪ੍ਰਭ ਦਇਆ ਕਮਾਏ । ਸਾਧ ਸੰਗਤ ਮੇਲ ਮਿਲਾਏ । ਸਾਚੀ ਮਤਿ ਪ੍ਰਭ ਵਿਚ ਪਾਏ । ਏਕਾ ਸ਼ਬਦ ਰਸਨਾ ਅਲਾਏ । ਰੈਣ ਦਿਵਸ ਦਿਵਸ ਰੈਣ, ਪ੍ਰਭ ਮੰਗਲਾਚਾਰ ਕਰਾਏ । ਧੰਨ ਧੰਨ ਧੰਨ ਗੁਰ ਸੰਗਤ, ਹਰਿ ਹਰਿ ਹਰਿ ਜਸ ਰਸਨਾ ਗਾਏ । ਆਤਮ ਚਾੜ੍ਹੇ ਪ੍ਰਭ ਸਾਚੀ ਰੰਗਤ, ਨਾਮ ਖ਼ੁਮਾਰੀ ਸਾਧ ਚੜ੍ਹਾਏ । ਗੁਰਮੁਖ ਸਾਚੇ ਪ੍ਰਭ ਗਲੇ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਇਆ ਕਮਾਏ । ਸਾਧ ਸੰਗਤ ਪ੍ਰਭ ਦਇਆ ਕਮਾਇਆ । ਪੂਰਬ ਲਹਿਣਾ ਝੋਲੀ ਪਾਇਆ । ਏਕਾ ਬਖ਼ਸ਼ੇ ਚਰਨ ਧਿਆਨ, ਅੰਮ੍ਰਿਤ ਆਤਮ ਮੁਖ ਚੁਆਇਆ । ਸਾਚਾ ਮਾਣ ਸਾਚਾ ਤਾਣ ਨਿਹਕਲੰਕ ਰਖਾਇਆ । ਤੋੜੇ ਮਾਣ ਗੁਣੀ ਨਿਧਾਨ, ਆਤਮ ਸੁਧ ਕਰਾਇਆ । ਪ੍ਰਭ ਅਬਿਨਾਸ਼ੀ ਜਾਣੀ ਜਾਣ, ਵਿਛੜਿਆਂ ਪ੍ਰਭ ਮੇਲ ਮਿਲਾਇਆ । ਦੇਵੇ ਦਾਨ ਪ੍ਰਭ ਪੁਰਖ ਸੁਜਾਨ, ਸਾਚਾ ਨਾਮ ਦਾਨ ਪ੍ਰਭ ਝੋਲੀ ਪਾਇਆ । ਏਕਾ ਬਖ਼ਸ਼ੇ ਚਰਨ ਧਿਆਨ, ਅੰਮ੍ਰਿਤ ਆਤਮ ਮੁਖ ਚੁਆਇਆ । ਸਾਚਾ ਉਪਜੇ ਬ੍ਰਹਮ ਗਿਆਨ, ਅਗਿਆਨ ਅੰਧੇਰ ਸਰਬ ਮਿਟਾਇਆ । ਨਿਹਕਲੰਕ ਪਤਤ ਪਾਵਨ, ਖੇਲ ਅਵੱਲੜਾ ਜਗਤ ਚਲਾਇਆ । ਅਛਲ ਅਛਲ ਅਛਲ ਪ੍ਰਭ ਅਡੋਲ, ਸ੍ਰਿਸ਼ਟ ਸਬਾਈ ਵਿਚ ਮਵਲਾਇਆ । ਸੋਹੰ ਸਾਚਾ ਧਰ ਤਰਾਜੂ, ਸਾਰਾ ਜਗਤ ਤੁਲਾਇਆ । ਪ੍ਰਭ ਅਬਿਨਾਸ਼ੀ ਪਰਗਟ ਜੋਤ, ਆਪਣਾ ਭੇਦ ਜਗਤ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੰਕਾਰ ਨਿਵਾਰੇ ਜੋ ਦਰ ਆਏ ਬਿਲਲਾਇਆ । ਜੋ ਜਨ ਆਏ ਦਰ ਹੰਕਾਰੀ । ਆਤਮ ਹੋਈ ਜਗਤ ਵਿਕਾਰੀ । ਮਦਿਰਾ ਮਾਸ ਰਸਨ ਆਹਾਰੀ । ਸ਼ਬਦ ਮਾਰ ਪ੍ਰਭ ਸਾਚੇ ਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਲਾਹੇ ਸਰਬ ਖ਼ੁਮਾਰੀ । ਜੋ ਜਨ ਆਏ ਹੋਏ ਨਿਮਾਣਾ । ਏਕਾ ਰੱਖੇ ਚਰਨ ਧਿਆਨਾ । ਪ੍ਰਭ ਅਬਿਨਾਸ਼ੀ ਪੂਰਨ ਗਿਆਨਾ । ਦੇਵੇ ਦਾਤ ਪ੍ਰਭ ਮਹਾਨਾ । ਸਾਚਾ ਨਾਮ ਭਗਤ ਭਗਵਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਪਹਰਿਆ ਬਾਣਾ । ਜੋਤ ਸਰੂਪੀ ਜਾਮਾ ਧਾਰ । ਜੋਤ ਨਿਰੰਜਣ ਵਿਚ ਸੰਸਾਰ । ਗੁਰਮੁਖਾਂ ਲਏ ਕਰਮ ਵਿਚਾਰ । ਖਿਚ ਲਿਆਏ ਪ੍ਰਭ ਵਿਚ ਦਰਬਾਰ । ਬਾਹੋਂ ਪਕੜ ਪ੍ਰਭ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪ੍ਰਭ ਸਾਚੇ ਦੀ ਸਾਚੀ ਕਾਰ । ਟੁੱਟੀ ਗੰਢਣਹਾਰ ਦਿਆਲਾ । ਅੰਮ੍ਰਿਤ ਬਖ਼ਸ਼ੇ ਸਰਬ ਪ੍ਰਿਤਪਾਲਾ । ਹੋਏ ਸਹਾਈ ਆਪ ਰਖਵਾਲਾ । ਆਪਣੇ ਰੰਗ ਰਵੇ ਆਪ ਗੁਰ ਗੋਪਾਲਾ । ਜਗਤ ਦੁਖ ਕੋਈ ਪੋਹ ਨਾ ਸਕੇ, ਵਲੀਆ ਛਲੀਆ ਟੁਣਾ ਜਾਦੂ ਹੋਏ ਆਪ ਰਖਵਾਲਾ । ਮਹਾਰਾਜ ਸ਼ੇਰ ਸਿੰਘ ਸਾਚਾ ਪ੍ਰਭ, ਸਰਬ ਜਨਾਂ ਰਖਵਾਲਾ । ਸਾਚਾ ਪ੍ਰਭ ਅੰਮ੍ਰਿਤ ਮੁਖ ਚੁਆਏ । ਇਕ ਲੱਖ ਅੱਸੀ ਹਜ਼ਾਰ ਭੂਤ ਪਰੇਤ ਕੋਈ ਨੇੜ ਨਾ ਆਏ । ਸਰਬ ਦਾ ਪ੍ਰਭ ਮਾਣ ਗਵਾਏ । ਮਾਈ ਗੌਰਜਾ ਮਰਦੰਗ ਵਜਾਏ । ਅੰਤਕਾਲ ਪ੍ਰਭ ਨਸ਼ਟ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਏ । ਗੁਰਮੁਖ ਰੱਖੇ ਆਪਣੀ ਆਣ । ਸਿਧ ਸਾਧਕਾ ਲਾਵੇ ਬਾਣ । ਸਭਨਾ ਤੋੜੇ ਪ੍ਰਭ ਅਭਿਮਾਨ । ਕਲਜੁਗ ਜਾਮਾ ਧਾਰੇ ਮਹਾਰਾਜ ਸ਼ੇਰ ਸਿੰਘ ਬਲੀ ਬਲਵਾਨ । ਸਾਚਾ ਪ੍ਰਭ ਸਚਾ ਸਾਹਿਬ । ਸਾਚਾ ਗੁਰ ਗੰਭੀਰ ਗਹਿਰ । ਸਾਚਾ ਪ੍ਰਭ ਸਚ ਨਿਰਵੈਰ । ਸਚਾ ਪ੍ਰਭ ਅੰਮ੍ਰਿਤ ਬਖ਼ਸ਼ੇ ਕਰ ਜਾਏ ਮਿਹਰ । ਅੰਮ੍ਰਿਤ ਰਸ ਮੁਖ ਚੁਆਏ । ਸਾਚਾ ਅੰਮ੍ਰਿਤ

ਸੁਫਲ ਕੁਖ ਕਰਾਏ । ਦੀਨਾ ਨਾਥ ਦਰਦ ਦੁਖ ਭੰਜਨ, ਆਪਣੀ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਹੀ ਦੁਖ ਮਿਟਾਏ । ਦੁਖ ਦਰਦ ਪ੍ਰਭ ਨਿਵਾਰੇ । ਦਰ ਘਰ ਆਏ ਕਾਜ ਸਵਾਰੇ । ਭੁੱਲੇ ਡੁੱਲੇ ਪ੍ਰਭ ਪਾਰ ਉਤਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਖ਼ਾਲੀ ਭਰੇ ਭੰਡਾਰੇ । ਸਾਚਾ ਪ੍ਰਭ ਦਇਆ ਕਮਾ । ਦੁਖ ਰੋਗ ਪ੍ਰਭ ਜਾਏ ਗਵਾ । ਸੁਫਲ ਕੁਖ ਜਾਏ ਕਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਹੋਏ ਸਹਾ । ਦਇਆ ਧਾਰ ਪ੍ਰਭ ਬਖ਼ਸ਼ਣਹਾਰਾ । ਗੁਣ ਅਵਗੁਣ ਪ੍ਰਭ ਨਾ ਵਿਚਾਰਾ । ਸਾਚਾ ਦੇਵੇ ਅੰਮ੍ਰਿਤ ਅਧਾਰਾ । ਪੀ ਅੰਮ੍ਰਿਤ ਹੋਏ ਉਜਿਆਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਖ਼ਾਲੀ ਭਰੇ ਭੰਡਾਰਾ । ਊਚਾ ਸੂਚਾ ਪ੍ਰਭ ਕਾ ਧਾਮ । ਸਤਿਗੁਰ ਮਹਿੰਮਾ ਲਿਖੀ ਮਹਾਨ । ਆਤਮ ਆਇਆ ਸਾਚਾ ਧਿਆਨ । ਪ੍ਰਭ ਸਾਚਾ ਬਖ਼ਸ਼ੇ ਸੋਹੰ ਦਾਨ । ਆਤਮ ਹੋਏ ਗੁਣੀ ਨਿਧਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਗੁਰਸਿਖ ਸਾਚੇ ਦੀਆ ਮਾਣ । ਸਾਚੇ ਘਰ ਸਾਚੇ ਦਰ ਮਿਲੀ ਵਡਿਆਈ । ਪ੍ਰਭ ਸਾਚੇ ਦੀ ਮਹਿੰਮਾ ਗਾਈ । ਆਤਮ ਦੇਵੇ ਸੁਖ ਸਰਬ ਸੁਖਦਾਈ । ਕਾਇਆ ਕਟਾਕਸ਼ ਪ੍ਰਭ ਸਾਚੇ ਚੋਟ ਲਗਾਈ । ਉਪਜੇ ਧੁਨ ਖੁਲ੍ਹੇ ਸੁੰਨ, ਗੁਰ ਸਾਚੇ ਦੀ ਮਹਿੰਮਾ ਗਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਤੇਰੀ ਕਲਮ ਦੇਵੇ ਵਡਿਆਈ । ਸਾਚਾ ਉਪਜਿਆ ਸਚ ਗਿਆਨ । ਏਕਾ ਉਪਜਿਆ ਚਰਨ ਧਿਆਨ । ਸਾਚੀ ਦਾਤ ਮੰਗੀ ਬ੍ਰਹਮ ਗਿਆਨ । ਸੋਹੰ ਸਾਚਾ ਦਾਨ ਪ੍ਰਭ ਦੇਵੇ ਗੁਣੀ ਨਿਧਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਤਮ ਕਰੇ ਚਤੁਰ ਸੁਜਾਨ । ਅੰਮ੍ਰਿਤ ਰਸ ਚਾਤਰਕ ਪੀਵ । ਗੁਰਸਿਖ ਤੇਰੀ ਆਤਮ ਜਗਾਏ ਦੀਵ । ਪ੍ਰਭ ਸਾਚੇ ਕੇ ਗੁਣ ਗਾਏ ਪ੍ਰਭ ਰਖਾਈ ਨੀਂਵ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਜੋ ਰਸਨਾ ਗਾਵੇ ਜੀਵ । ਰਸਨਾ ਕੀਆ ਸ਼ਬਦ ਆਹਾਰ । ਏਕਾ ਉਪਜੀ ਸੱਚੀ ਧੁਨਕਾਰ । ਲਿਖੀ ਵਡਿਆਈ ਨਿਹਕਲੰਕ ਅਪਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭਰ ਦਏ ਤੇਰੇ ਭੰਡਾਰ । ਆਤਮ ਭਰੇ ਪ੍ਰਭ ਭੰਡਾਰਾ । ਲਿਖਤ ਲਿਖਾਏ ਅਪਰ ਅਪਾਰਾ । ਦਿਵਸ ਰੈਣ ਪ੍ਰਭ ਜੋਤ ਸਰੂਪੀ ਦੇਵੇ ਚਮਤਕਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭਰ ਦਏ ਤੇਰਾ ਭੰਡਾਰਾ । ਪ੍ਰਭ ਕੀ ਮਹਿੰਮਾ ਜਿਸ ਜਨ ਗਾਈ । ਮਾਤਲੋਕ ਵਿਚ ਮਿਲੀ ਵਡਿਆਈ । ਸਾਚਾ ਪ੍ਰਭ ਹੋਏ ਸਹਾਈ । ਗੁਰਮੁਖ ਸਾਚੇ ਭੁੱਲ ਨਾ ਜਾਈ । ਮਦਿਰਾ ਮਾਸ ਨਾ ਰਸਨਾ ਲਾਈ । ਆਪਣੀ ਕੀਤੀ ਨਾ ਆਪ ਗੁਆਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਭ ਥਾਈਂ ਹੋਏ ਸਹਾਈ । ਮਦਿਰਾ ਮਾਸ ਨਾ ਰਸਨ ਲਗਾਉਣਾ । ਪ੍ਰਭ ਅਬਿਨਾਸ਼ੀ ਘਰ ਮੇਂ ਪਾਉਣਾ । ਆਤਮ ਸਾਚਾ ਦੀਪ ਜਗਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵਾਸ ਸਰੂਪੀ ਵਸੇ ਪਵਣਾ । ਆਤਮ ਰਸ ਰਸ ਮਾਣ । ਆਤਮ ਹੋਏ ਗੁਣੀ ਨਿਧਾਨ । ਲਿਖਿਆ ਪ੍ਰਭ ਸਾਚੇ ਵਡਿਆਈ ਸ਼ਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋ ਚਰਨੀ ਡਿੱਗੇ ਆਣ । ਪ੍ਰਭ ਸਾਚਾ ਦੇਵੇ ਭੇਦ ਖੁਲ੍ਹਾਈ । ਨਿਜਾਨੰਦ ਨਿਜ ਮਾਹਿ ਚਲਾਈ । ਅੰਮ੍ਰਿਤ ਆਤਮ ਮੇਘ ਬਰਸਾਈ । ਨਾਭ ਕਵਲ ਦੇ ਵਿਚ ਚੁਆਈ । ਖੁਲ੍ਹੇ ਕਵਲ ਹੋਏ ਉਜਿਆਰ, ਸੁਰਤ ਸ਼ਬਦ ਪ੍ਰਭ ਮੇਲ ਮਿਲਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚੀ ਸੋਝੀ ਪਾਈ । ਸਾਚਾ ਦਰ ਵਿਰਲੇ ਬੂਝਿਆ । ਪ੍ਰਭ ਅਬਿਨਾਸ਼ੀ ਸਾਚਾ ਸੂਝਿਆ । ਜੋਤ ਸਰੂਪੀ ਪ੍ਰਭ ਭੇਵ ਖੁਲ੍ਹਾਵੇ ਗੂੜ੍ਹਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਤਮ ਭੇਦ ਮਿਟਾਵੇ ਦੂਜਿਆ । ਏਕਾ ਜੋਤ ਕਰੇ ਆਕਾਰ । ਜੋਤ ਸਰੂਪ ਪ੍ਰਭ ਗਿਰਧਾਰ । ਪਵਣ ਉਨੰਜਾ ਸਿਰ ਛਤਰ ਝੁਲਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ

ਜਨਾਂ ਦੀ ਜਾਣੇ ਸਾਰ । ਸਰਬ ਜਨਾਂ ਪ੍ਰਭ ਜਾਨਣਹਾਰਾ । ਸਰਬ ਜਨਾਂ ਪ੍ਰਭ ਦੇਵੇ ਨਾਮ ਅਧਾਰਾ । ਆਪੇ ਰਾਵੇ ਆਪੇ ਗਾਵੇ, ਸੋਹੰ ਨਾਦ ਵਜਾਵਣਹਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਪਸਰ ਪਸਾਰਾ । ਜੋਤੀ ਜੋਤ ਪ੍ਰਭ ਸਰੂਪਿਆ । ਸਦਾ ਅਨੰਦ ਸਦਾ ਅਨੂਪਿਆ । ਗੁਰਮੁਖ ਮੰਗੇ ਮੰਗ ਵੇਖ ਦਰ ਵਡ ਭੂਪਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਦਾਨ ਸਤਿ ਸਰੂਪਿਆ । ਪ੍ਰਭ ਸਾਚੇ ਦੀ ਸਾਚੀ ਦਾਤ । ਸੋਹੰ ਸ਼ਬਦ ਸਚੀ ਕਰਾਮਾਤ । ਗੁਰਮੁਖ ਕਰਾਏ ਏਕਾ ਜ਼ਾਤ । ਦਿਵਸ ਰੈਣ ਜੋਤ ਜਗਾਵੇ ਆਤਮ ਖੋਲ੍ਹੇ ਤਾਕ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਤੇਰਾ ਸਾਚਾ ਨਾਤ । ਪ੍ਰਭ ਸੰਗ ਜੀਵ ਸਾਚਾ ਨਾਤਾ । ਸਭ ਝੂਠੇ ਭੈਣ ਭਰਾਤਾ । ਅੰਤਕਾਲ ਨਾ ਕੋਈ ਸੰਗੀ, ਛਡ ਗਏ ਝੂਠੇ ਸਰਬ ਪਿਤ ਮਾਤਾ । ਜੋਤ ਸਰੂਪ ਪਰਗਟ ਜੋਤ ਪ੍ਰਭ ਦੇਵੇ ਦਰਸ ਬਿਧਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸਦਾ ਰੰਗ ਰਾਤਾ । ਜੋਤ ਸਰੂਪ ਪ੍ਰਭ ਰੰਗ ਰੰਗਾਏ । ਆਤਮ ਰੰਗ ਮਜੀਠ ਚੜ੍ਹਾਏ । ਸਾਚੇ ਦਰ ਜੋ ਮੰਗਣ ਆਏ । ਸਾਚਾ ਨਾਮ ਪ੍ਰਭ ਭਿਛਿਆ ਪਾਏ । ਭਰੇ ਭੰਡਾਰ ਤੋਟ ਨਾ ਆਏ । ਜੋ ਜਨ ਏਕਾ ਓਟ ਰਖਾਏ । ਨਿਜਾਨੰਦ ਨਿਜ ਮਾਹਿ ਉਪਜਾਏ । ਅੰਮ੍ਰਿਤ ਝਿਰਨਾ ਪ੍ਰਭ ਨਿਝਰੋਂ ਦੇ ਝਿਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪੂਰਨ ਆਸ ਕਰਾਏ । ਸਾਚਾ ਵਰ ਦਰ ਪ੍ਰਭ ਮੰਗਿਆ । ਪ੍ਰਭ ਸਾਚੇ ਨਾਮ ਆਤਮ ਰੰਗਿਆ । ਰਸਨਾ ਜਪ ਜਪ ਜੀਵ ਭਵਜਲ ਪਾਰ ਲੰਘਿਆ । ਗੁਰਮੁਖ ਆਏ ਸਾਚੇ ਘਰ ਮੂਲ ਨਾ ਸੰਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਾਨ ਜੋ ਮੂੰਹੋਂ ਮੰਗਿਆ । ਦੇਵਣਹਾਰ ਏਕ ਦਾਤਾਰਾ । ਭਗਤ ਜਨਾਂ ਪ੍ਰਭ ਭਰੇ ਭੰਡਾਰਾ । ਦੋਏ ਜੋੜ ਖੜ੍ਹੇ ਚਰਨ ਦਵਾਰਾ । ਹਉਮੈ ਮਮਤਾ ਛੋਡ ਕਰਨ ਨਿਮਸਕਾਰਾ । ਪ੍ਰਭ ਸਾਚੀ ਜੋਤ ਜਗਾਏ ਸਰਬ ਸੰਸਾਰਾ । ਸੋਹੰ ਸ਼ਬਦ ਪ੍ਰਭ ਰਸਨ ਉਚਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਜੋਤ ਨਿਰੰਕਾਰਾ । ਨਿਰੰਕਾਰ ਨਰਾਇਣ ਨਰ । ਸਾਚੀ ਜੋਤ ਜਗਤ ਜਾਏ ਧਰ । ਜੋ ਜਨ ਗਏ ਚਰਨ ਪੜ । ਗੁਰਮੁਖਾਂ ਦੇਵੇ ਸਾਚਾ ਵਰ । ਨਾਮ ਭੰਡਾਰੇ ਪ੍ਰਭ ਜਾਏ ਭਰ । ਅੰਮ੍ਰਿਤ ਆਤਮ ਵਿਚ ਬਣਾਏ ਸਰ । ਪੀ ਅੰਮ੍ਰਿਤ ਸਦਾ ਜਗ ਜੀਵ, ਗੁਰਮੁਖ ਨਾ ਜਾਏ ਮਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸ ਕਰਾਏ ਸਾਚੇ ਘਰ । ਸਾਚੇ ਘਰ ਪ੍ਰਭ ਸਿੱਖ ਟਿਕਾਇਆ । ਜੋਤ ਸਰੂਪੀ ਪਰਗਟ ਜੋਤ ਵਿਚ ਜੋਤ ਮੇਲ ਮਿਲਾਇਆ । ਸਿੱਖ ਗੁਰ ਗੁਰ ਸਿੱਖ ਏਕਾ ਜੋਤ ਏਕਾ ਗੋਤ, ਏਕਾ ਦੂਜਾ ਪ੍ਰਭ ਭਉ ਚੁਕਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਕਲਜੁਗ ਖੇਲ ਰਚਾਇਆ । ਸਾਚਾ ਪ੍ਰਭ ਦਇਆ ਕਮਾਏ । ਪਰਗਟ ਜੋਤ ਭੋਗ ਲਗਾਏ । ਪ੍ਰਭ ਸਾਚੇ ਦੀ ਸਚ ਵਡਿਆਏ । ਜੂਠੇ ਬੇਰ ਭੀਲਣੀ ਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੇ ਖੇਲ ਆਪ ਕਰਾਏ । ਸਾਚੇ ਪ੍ਰਭ ਇਹ ਕਰਮ ਕਮਾਇਆ । ਰਿਖੀਆਂ ਮੁਨੀਆਂ ਮਾਣ ਗਵਾਇਆ । ਘਰ ਭੀਲਣੀ ਭੋਗ ਲਗਾਇਆ । ਭੱਖ ਤਾਈਂ ਭੋਜ ਬਣਾਇਆ । ਵਿਚ ਸਰੋਵਰ ਪ੍ਰਭ ਸਾਚੇ ਭੀਲਣੀ ਚਰਨ ਛੁਹਾਇਆ । ਸਾਚਾ ਨੀਰ ਸਾਚਾ ਸਰ ਰਘੁਪਤ ਉਪਜਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੁਗੋ ਜੁਗ ਤੇਰੀ ਅਚਰਜ ਵਰਤੇ ਮਾਇਆ । ਸਾਚਾ ਪ੍ਰਭ ਕਰਮ ਕਮਾਏ । ਭਗਤ ਜਨਾਂ ਘਰ ਭੋਗ ਲਗਾਏ । ਜਿਉਂ ਧੰਨੇ ਦੀ ਛਾਛ ਮੁਕਾਏ । ਨਾਮ ਦੇਵ ਪ੍ਰਭ ਆਣ ਤਰਾਏ । ਪਕੜ ਕਟੋਰਾ ਮੁਖ ਲਗਾਏ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਪਰਗਟ ਜੋਤ ਭੋਗ ਲਗਾਏ । ਭੋਗ ਲਗਾਏ ਪ੍ਰਭ ਭੰਡਾਰੇ । ਸਾਧ ਸੰਗਤ ਸਰਬ ਵਰਤਾਰੇ । ਆਤਮ ਦੁੱਖ ਪ੍ਰਭ ਨਿਵਾਰੇ ।

ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਨਿਰੰਕਾਰੇ । ਪ੍ਰਭ ਸਾਚੇ ਘਰ ਭੋਗ ਲਗਾਇਆ । ਸਾਧ ਸੰਗਤ ਦੇ ਰਖਾਇਆ । ਹਉਮੇ ਰੋਗ ਵਿਚੋਂ ਕੱਢ, ਆਤਮ ਸੰਸਾ ਸਾਰਾ ਲਾਹਿਆ । ਸਾਚਾ ਸੁਖ ਆਤਮ ਉਪਜਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਵਿਚ ਸਿੱਖ ਸਮਾਇਆ । ਭੋਗ ਲਗਾਏ ਭਗਤ ਭੰਡਾਰੇ । ਦਰ ਘਰ ਆਏ ਪੈਜ ਸਵਾਰੇ । ਜੋਤ ਨਿਰੰਜਣ ਵਿਚ ਮਾਤ ਆਕਾਰੇ । ਸਾਚਾ ਪ੍ਰਭ ਸਰਬ ਭਰੇ ਭੰਡਾਰੇ । ਦਰ ਘਰ ਆਏ ਪੈਜ ਸਵਾਰੇ । ਛਿੰਨ ਭੰਗਰ ਜੋਤ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਕਰੇ ਆਕਾਰੇ । ਭੋਗ ਲਗਾਏ ਪ੍ਰਭ ਪਕਵਾਨ । ਪ੍ਰਭ ਸਾਚੇ ਰਸਨਾ ਕੀਆ ਪਾਨ । ਸਾਧ ਸੰਗਤ ਪ੍ਰਭ ਦਿਤਾ ਦਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਕਰਮ ਕਮਾਇਆ ਆਣ । ਭੋਗ ਲਗਾਏ ਪ੍ਰਭ ਵਡ ਭੋਗੀਆ । ਆਤਮ ਸ਼ਾਂਤ ਕਰਾਏ ਪ੍ਰਭ ਵਡ ਜੋਗੀਆ । ਦੇਹੀ ਰੋਗ ਮਿਟਾਏ ਪ੍ਰਭ ਵਡ ਰੋਗੀਆ । ਮਹਾਰਾਜ ਸ਼ੇਰ ਸਿੰਘ ਸਚ ਭੰਡਾਰਾ, ਰਸਨਾ ਭੋਗ ਲਗਾਵੇ ਭੋਗੀਆ । ਸਾਚਾ ਪ੍ਰਭ ਦਇਆ ਕਮਾਏ । ਹਰਨ ਫਰਨ ਗੁਰਸਿਖ ਖੁਲ੍ਹਾਏ । ਆਪ ਆਪਣਾ ਭੇਦ ਖੁਲ੍ਹਾਏ । ਜੋਤ ਸਰੂਪੀ ਦਰਸ ਦਿਖਾਏ । ਅਗਿਆਨ ਅੰਧੇਰ ਸਰਬ ਮਿਟਾਏ । ਨਿਜਾਨੰਦ ਪ੍ਰਭ ਸੁੱਖ ਉਪਜਾਏ । ਪਰਮਾਨੰਦ ਵਿਚ ਸਿੱਖ ਸਮਾਏ । ਬ੍ਰਹਮ ਸਰੂਪੀ ਬ੍ਰਹਮ ਹੋ ਜਾਏ । ਪ੍ਰਭ ਸਾਚਾ ਸਿਰ ਹੱਥ ਟਿਕਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਸਾਚੇ ਦਇਆ ਕਮਾਏ । ਗੁਰਸਿਖ ਸਿਰ ਪ੍ਰਭ ਹੱਥ ਰਖਾਇਆ । ਆਪ ਆਪਣਾ ਭੇਦ ਖੁਲ੍ਹਾਇਆ । ਪਰਗਟ ਹੋਏ ਤੀਜੇ ਨੈਣ, ਪ੍ਰਭ ਸਾਚੇ ਦਰਸ ਦਿਖਾਇਆ । ਸਾਚਾ ਦੇ ਆਤਮ ਗਿਆਨ, ਸੋਹੰ ਸਾਚਾ ਸਵਾਸ ਚਲਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਮੇਲ ਮਿਲਾਇਆ । ਜੋਤ ਸਰੂਪੀ ਮੇਲ ਕਰ, ਪ੍ਰਭ ਭਗਤ ਉਧਾਰੇ । ਪਾਰਬ੍ਰਹਮ ਅਚਰਜ ਖੇਲ ਕਰ, ਸਾਚੀ ਜੋਤ ਕਰੇ ਆਕਾਰੇ । ਜੋਤ ਪਰਕਾਸ਼ ਬਿਨ ਬਾਤੀ ਬਿਨ ਤੇਲ ਕਰ, ਕਰੇ ਪਰਕਾਸ਼ ਵਿਚ ਦੇਹ ਝੂਠੇ ਮਹਿਲ ਮੁਨਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਸਾਚੇ ਪਾਰ ਉਤਾਰੇ । ਗੁਰਸਿਖ ਸਾਚਾ ਪਾਰ ਉਤਾਰਿਆ । ਪਰਗਟ ਜੋਤ ਆਪਣਾ ਬਿਰਦ ਸੰਭਾਰਿਆ । ਅਛਲ ਛਲ ਪ੍ਰਭ ਕਲਜੁਗ ਕਰੇ ਅਪਾਰਿਆ । ਜੋਤ ਸਰੂਪੀ ਧਰ ਭੇਖ, ਭੁਲਾਏ ਸਰਬ ਸੰਸਾਰਿਆ । ਗੁਰਮੁਖ ਸਾਚੇ ਜੋਤ ਏਕ ਕਰ ਪ੍ਰਭ ਜਨਮ ਮਰਨ ਸਵਾਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚਾ ਕਰਮ ਕਮਾ ਲਿਆ । ਗੁਰਮੁਖਾਂ ਪ੍ਰਭ ਰੰਗ ਚੜ੍ਹਾਏ, ਚਾੜ੍ਹੇ ਰੰਗ ਜੋ ਉਤਰ ਨਾ ਜਾਏ । ਗੁਰਮੁਖਾਂ ਪ੍ਰਭ ਜੋਤ ਜਗਾਏ, ਜਗਾਏ ਜੋਤ ਜੋ ਬੁਝ ਨਾ ਜਾਏ । ਗੁਰਮੁਖਾਂ ਪ੍ਰਭ ਸੋਗ ਮਿਟਾਏ, ਮਿਟਾਏ ਸੋਗ ਜੋ ਫਿਰ ਨਾ ਆਏ । ਗੁਰਮੁਖਾਂ ਪ੍ਰਭ ਦਿਬ ਦ੍ਰਿਸ਼ਟ ਖੁਲ੍ਹਾਏ, ਖੁਲ੍ਹਾਏ ਪ੍ਰਭ ਫਿਰ ਨਾ ਬੰਦ ਕਰਾਏ । ਗੁਰਮੁਖਾਂ ਪ੍ਰਭ ਸੁੰਨ ਸਮਾਧ ਖੁਲ੍ਹਾਏ, ਖੁਲ੍ਹੇ ਸੁੰਨ ਪ੍ਰਭ ਸਾਚੀ ਸੋਝੀ ਪਾਏ । ਗੁਰਮੁਖਾਂ ਪ੍ਰਭ ਆਤਮ ਜਿੰਦਾ ਦਏ ਖੁਲ੍ਹਾਏ, ਸੋਹੰ ਸਾਚੀ ਚਾਬੀ ਲਾਏ । ਗੁਰਮੁਖਾਂ ਪ੍ਰਭ ਦਇਆ ਕਮਾਏ, ਆਤਮ ਵਿਚ ਸਦ ਸਮਾਏ । ਗੁਰਮੁਖਾਂ ਪ੍ਰਭ ਅੰਧੇਰ ਮਿਟਾਏ, ਮਿਟੇ ਅੰਧੇਰ ਜੋਤ ਪਰਗਟਾਏ । ਗੁਰਮੁਖਾਂ ਪ੍ਰਭ ਦੀਦ ਵਖਾਏ, ਜੋਤ ਸਰੂਪੀ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਦਇਆ ਕਮਾਏ । ਗੁਰਮੁਖਾਂ ਪ੍ਰਭ ਧੀਰ ਧਰਾਏ, ਆਤਮ ਸੋਹੰ ਸਾਚਾ ਤੀਰ ਲਗਾਏ । ਗੁਰਮੁਖਾਂ ਪ੍ਰਭ ਪੀੜ ਚੁਕਾਏ, ਹਉਮੇ ਕੰਡਾ ਕੱਢ ਵਖਾਏ । ਗੁਰਮੁਖਾਂ ਆਤਮ ਨੀਰ ਵਹਾਏ, ਅੰਮ੍ਰਿਤ ਝਿਰਨਾ ਦੇ ਝਿਰਾਏ । ਗੁਰਮੁਖਾਂ ਪ੍ਰਭ ਦਇਆ ਕਮਾਏ, ਖੋਲ੍ਹ ਤ੍ਰੈਕੁਟੀ ਦਰਸ ਦਿਖਾਏ । ਗੁਰਮੁਖਾਂ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਆਪਣਾ ਭੇਦ ਖੁਲ੍ਹਾਏ । ਗੁਰਮੁਖਾਂ

੬੪੩
੦੧

ਪ੍ਰਭ ਭੇਦ ਚੁਕਾਇਆ । ਆਪ ਆਪਣਾ ਜੋਤ ਸਰੂਪੀ ਦੀਪਕ ਵਿਚ ਦੇਹ ਜਗਾਇਆ । ਸਾਚੀ ਜੋਤ ਕਰੇ ਪਰਕਾਸ਼, ਅਗਿਆਨ ਅੰਧੇਰ ਮਿਟਾਇਆ । ਹਉਮੇ ਕੀਆ ਨਾਸ, ਸਚ ਸੁੱਚ ਵਰਤਾਇਆ । ਹੋਇਆ ਆਪ ਪ੍ਰਭ ਦਾਸ, ਦਾਸਾਂ ਦੇ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਆਪਣੇ ਰੰਗ ਰੰਗਾਇਆ । ਗੁਰਮੁਖ ਸਾਚਾ ਰੰਗ ਰੰਗੀਲਾ । ਗੁਰਮੁਖ ਮਿਲਿਆ ਪ੍ਰਭ ਸਾਚਾ ਬੀਠਲਾ । ਆਤਮ ਚੜ੍ਹਾਏ ਰੰਗ ਮਜੀਠਲਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਰੰਗ ਸਾਚਾ ਡੀਠਲਾ । ਗੁਰਮੁਖ ਤੇਰੀ ਸੁਰਤ ਅਨਾਦ । ਗੁਰਮੁਖ ਸਚ ਸਦਾ ਬ੍ਰਹਿਮਾਦ । ਗੁਰਮੁਖ ਤੇਰਾ ਹੋਏ ਸਹਾਈ ਪ੍ਰਭ ਆਦਿ ਜੁਗਾਦਿ । ਗੁਰਮੁਖ ਸਾਚੇ ਸਾਚੀ ਧੁਨ ਉਪਜਾਈ ਪ੍ਰਭ ਨਾਦ । ਗੁਰਮੁਖ ਸਾਚੇ ਤੇਰੀ ਲਿਖਤ ਲਿਖਾਈ, ਸ਼ਬਦ ਲਿਖਾਏ ਪ੍ਰਭ ਬੋਧ ਅਗਾਧ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ, ਵਿਚ ਸਾਧਨ ਸਾਧ । ਸਾਧ ਸੰਤ ਪ੍ਰਭ ਵਡਿਆਇਆ । ਗੁਰਮੁਖ ਸਾਚੇ ਲੇਖ ਲਿਖਾਇਆ । ਉਤਰੇ ਭੁੱਖ ਦਰਸ ਦਿਖਾਇਆ । ਉਪਜਾਵੇ ਸੁਖ ਕਪਾਟ ਬਜਰ ਖੁਲ੍ਹਾਇਆ । ਵਾਸ ਨਾ ਪਾਏ ਮਾਤ ਕੁੱਖ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਗੁਰਸਿਖ ਤੇਰੀ ਪੂਰਨ ਘਾਲ । ਗੁਰਚਰਨ ਪ੍ਰੀਤੀ ਲਈ ਪਾਲ । ਗੁਰਮੁਖ ਤੇਰੀ ਨਿਭੇ ਨਾਲ । ਆਤਮ ਦੀਪਕ ਪ੍ਰਭ ਦੇਵੇ ਬਾਲ । ਗੁਰਮੁਖ ਤੋੜੇ ਆਪ ਜੰਜ਼ਾਲ । ਗੁਰਮੁਖ ਲੱਭ ਲਿਆ ਪਾਲ । ਲੱਖ ਚੁਰਾਸੀ ਵਿਚੋਂ ਲਾਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਤੇਰਾ ਰਖਵਾਲ । ਗੁਰਮੁਖ ਸਾਚੇ ਮਨ ਵਧਾਈ । ਪਾਰਬ੍ਰਹਮ ਤੇਰੀ ਪਤ ਰਖਾਈ । ਗੁਰਮੁਖ ਸਾਚੇ ਹਰਿ ਗੁਣ ਗਾਈ । ਪ੍ਰਭ ਸਾਚਾ ਸਦ ਵਿਚ ਸਮਾਈ । ਗੁਰਮੁਖ ਸਾਚੇ ਪ੍ਰਭ ਬੂਝ ਬੁਝਾਈ । ਪ੍ਰਭ ਅਭੇਦ ਅਭੇਦ ਹੋ ਜਾਈ । ਗੁਰਮੁਖ ਸਾਚੇ ਅੰਧੇਰ ਮਿਟਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਕਲ ਤੇਰੀ ਵਡਿਆਈ । ਗੁਰਮੁਖ ਤੇਰੀ ਪੂਰਨ ਆਸਾ । ਪ੍ਰਭ ਪੂਰਨ ਦੇਵੇ ਜਗਤ ਭਰਵਾਸਾ । ਗੁਰਸਿਖ ਤੇਰੀ ਆਤਮ ਰਹਿਰਾਸਾ । ਸੋਹੰ ਸ਼ਬਦ ਜਪ ਸਵਾਸ ਸਵਾਸਾ । ਗੁਰਮੁਖ ਮਿਲੇ ਪ੍ਰਭ ਅਬਿਨਾਸ਼ਾ । ਜੋਤ ਸਰੂਪੀ ਕੀਆ ਵਾਸਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭਗਤ ਜਨਾਂ ਦਾ ਹੋਏ ਦਾਸਾ । ਭਗਤ ਜਨਾਂ ਪ੍ਰਭ ਦਾਸ ਬਣਾਇਆ । ਜੁਗੋ ਜੁਗ ਪ੍ਰਭ ਜਗਤ ਪਠਾਇਆ । ਸਾਚਾ ਕਾਮ ਪ੍ਰਭ ਜਾਮਾ ਪਾਇਆ । ਬਹੱਤਰ ਜਾਮੇ ਪ੍ਰਭ ਲੇਖ ਲਿਖਾਇਆ । ਮਾਤਲੋਕ ਵਿਚ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਗੁਰਮੁਖ ਤੇਰੀ ਪਤ ਰਖਾਈ । ਦੂਈ ਦਵੈਤ ਪ੍ਰਭ ਚੁਕਾਈ । ਗੁਰਮੁਖ ਆਤਮ ਹੋਏ ਰੁਸ਼ਨਾਈ । ਪ੍ਰਭ ਸਾਚੇ ਨੇ ਜੋਤ ਟਿਕਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅਦਿ ਜੁਗਾਦਿ ਤੇਰਾ ਸਹਾਈ । ਗੁਰਮੁਖ ਤੇਰਾ ਮਾਣ ਰਖਾਇਆ । ਪ੍ਰਭ ਸਾਚੇ ਸਿਰ ਹੱਥ ਟਿਕਾਇਆ । ਗੁਰਮੁਖ ਤੇਰਾ ਆਵਣ ਜਾਣ ਚੁਕਾਇਆ । ਜੋਤ ਸਰੂਪੀ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਖੇਲ ਖਿਲਾਇਆ । ਪ੍ਰਭ ਅਬਿਨਾਸ਼ੀ ਲੇਖ ਲਿਖਾਏ । ਗੁਰਮੁਖ ਸਾਚੇ ਵਿਚ ਸਮਾਏ । ਗੁਰਮੁਖ ਸਾਚੇ ਪ੍ਰਭ ਹੋਏ ਸਹਾਏ । ਅੰਤ ਕਾਲ ਪ੍ਰਭ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਦਰਸ ਜੋਤੀ ਜੋਤ ਮਿਲਾਏ । ਅੰਤਕਾਲ ਪ੍ਰਭ ਭਏ ਸਹਾਏ । ਦੇ ਦਰਸ ਪ੍ਰਭ ਦੇਹ ਛੁਡਾਏ । ਵਿਚ ਬਿਬਾਣ ਪ੍ਰਭ ਲਏ ਬਿਠਾਏ । ਬੈਕੁੰਠ ਨਿਵਾਸੀ ਵਿਚ ਬੈਕੁੰਠ ਲੈ ਜਾਏ । ਗੁਰਮੁਖ ਤੇਰੀ ਬਣਤ ਬਣਾਏ । ਥਿਰ ਘਰ ਵਾਸੀ ਥਿਰ ਘਰ ਪੁਚਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਮਿਲਾਏ । ਗੁਰਮੁਖ ਸਾਚਾ ਜੋਤ ਮਿਲਾਇਆ । ਲੱਖ ਚੁਰਾਸੀ ਗੇੜ ਚੁਕਾਇਆ । ਪ੍ਰਭ ਅਭੇਦ ਗੁਰਮੁਖ ਸਾਚੇ ਵਿਚ ਸਮਾਇਆ ।

੬੪੪
੦੧

ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਤੇਰਾ ਸਾਚਾ ਲੇਖ ਲਿਖਾਇਆ । ਗੁਰਸਿਖਾਂ ਪ੍ਰਭ ਲੇਖ ਲਿਖਾਏ । ਸਾਚੀ ਦਰਗਹਿ ਮਾਣ ਦਵਾਏ । ਏਕਾ ਆਪਣੀ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਬਣਤ ਬਣਾਏ । ਗੁਰਸਿਖ ਤੇਰਾ ਧਾਮ ਨਿਆਰਾ । ਜਗੇ ਜੋਤ ਅਗੰਮ ਅਪਾਰਾ । ਪ੍ਰਭ ਅਬਿਨਾਸ਼ੀ ਵਸੇ ਨਿਰੰਕਾਰਾ । ਜੋਤ ਸਰੂਪ ਸਦਾ ਨਿਰਾਧਾਰਾ । ਆਪ ਅਡੋਲ ਪ੍ਰਭ ਗਿਰਧਾਰਾ । ਰੰਗ ਰੂਪ ਨਾ ਕਿਸੇ ਵਿਚਾਰਾ । ਏਕਾ ਜੋਤ ਸਰਬ ਆਕਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਜੋਤ ਅਧਾਰਾ । ਗੁਰਮੁਖ ਸਾਚੇ ਤੇਰਾ ਸਾਚਾ ਘਰ । ਪ੍ਰਭ ਅਬਿਨਾਸ਼ੀ ਏਕਾ ਦਰ । ਏਕਾ ਜੋਤ ਮਿਲਾਵੇ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਚਰਨ ਲਾਗ ਜਗ ਗਿਆ ਤਰ । ਸਾਚੀ ਪੁਰੀ ਪ੍ਰਭ ਬਣਾਈ । ਏਕਾ ਆਪਣੀ ਜੋਤ ਜਗਾਈ । ਗੁਰਮੁਖ ਸਾਚੇ ਵਿਚ ਸਮਾਈ । ਜਿਸ ਉਪਜਾਇਆ ਤਿਸ ਲਏ ਮਿਲਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਬੁਝ ਨਾ ਜਾਈ । ਸਾਚਾ ਪ੍ਰਭ ਅਗੰਮ ਅਪਾਰ । ਜੋਤ ਜਗਾਏ ਪ੍ਰਭ ਨਿਰੰਕਾਰ । ਗੁਰਮੁਖ ਬਹਾਏ ਵਿਚ ਦਰਬਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਬਣਿਆ ਆਪ ਕਰਤਾਰ । ਭਗਤ ਜਨਾਂ ਪ੍ਰਭ ਦਾਸਨ ਦਾਸਾ । ਵਿਚ ਬੈਕੁੰਠ ਕਰਾਏ ਵਾਸਾ । ਏਕਾ ਜੋਤ ਏਕਾ ਪਰਕਾਸ਼ਾ । ਮਹਾਰਾਜ ਸ਼ੇਰ ਸਿੰਘ ਆਦਿ ਜੁਗਾਦਿ ਸਦਾ ਅਬਿਨਾਸ਼ਾ । ਸਾਚਾ ਪ੍ਰਭ ਸਦਾ ਅਬਿਨਾਸ਼ । ਸ੍ਰਿਸ਼ਟ ਸਬਾਈ ਜਾਏ ਵਿਨਾਸ । ਗੁਰਮੁਖ ਜਨਮ ਹੋਏ ਰਾਸ । ਪ੍ਰਭ ਸਾਚਾ ਜਪਿਆ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅੰਗ ਸੰਗ ਪ੍ਰਭ ਸਦ ਰਹੇ ਪਾਸ । ਜੋਤ ਜੋਤ ਜੋਤ ਨਿਰੰਕਾਰ । ਜੋਤ ਜੋਤ ਜੋਤ ਸਰਬ ਆਕਾਰ । ਜੋਤ ਜੋਤ ਜੋਤ ਸਰੂਪ ਪ੍ਰਭ ਗਿਰਧਾਰ । ਜੋਤ ਜੋਤ ਜੋਤ ਪ੍ਰਭ, ਵਸੇ ਵਿਚ ਸੰਸਾਰ । ਜੋਤ ਜੋਤ ਜੋਤ ਪ੍ਰਭ, ਸਰਬ ਜੀਆਂ ਦੇ ਅਧਾਰ । ਜੋਤ ਜੋਤ ਜੋਤ ਪ੍ਰਭ, ਜੋਤ ਸਰੂਪ ਲਏ ਅਵਤਾਰ । ਜੋਤ ਜੋਤ ਜੋਤ ਪ੍ਰਭ, ਜੁਗੋ ਜੁਗ ਆਵੇ ਵਾਰੋ ਵਾਰ । ਜੋਤ ਜੋਤ ਜੋਤ ਪ੍ਰਭ, ਅਨਾਥਾਂ ਨਾਥ ਸੁਣੇ ਸਰਬ ਪੁਕਾਰ । ਜੋਤ ਜੋਤ ਜੋਤ ਪ੍ਰਭ, ਸਾਚੀ ਜੋਤ ਧਰੇ ਵਿਚ ਸੰਸਾਰ । ਜੋਤ ਜੋਤ ਜੋਤ ਪ੍ਰਭ, ਨਾਥ ਤ੍ਰੈਲੋਕੀ ਕ੍ਰਿਸ਼ਨ ਮੁਰਾਰ । ਜੋਤ ਜੋਤ ਜੋਤ ਪ੍ਰਭ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਅਵਤਾਰ । ਜੋਤ ਜੋਤ ਜੋਤ ਪ੍ਰਭ, ਨਿਹਕਲੰਕ ਅਵਤਾਰਾ । ਜੋਤ ਜੋਤ ਜੋਤ ਪ੍ਰਭ, ਕਲਜੁਗ ਕੀਆ ਖੇਲ ਅਪਾਰਾ । ਜੋਤ ਜੋਤ ਜੋਤ ਪ੍ਰਭ, ਕਲਜੁਗ ਮਾਇਆ ਕੀਆ ਪਸਾਰਾ । ਜੋਤ ਜੋਤ ਜੋਤ ਪ੍ਰਭ, ਕਲਜੁਗ ਜੀਆਂ ਆਤਮ ਕਰੇ ਅੰਧਿਆਰਾ । ਜੋਤ ਜੋਤ ਜੋਤ ਪ੍ਰਭ, ਬੇਮੁਖਾਂ ਕਰੇ ਖੁਆਰਾ । ਜੋਤ ਜੋਤ ਜੋਤ ਪ੍ਰਭ, ਅੰਤ ਪੂਰ ਖਪਾਏ ਮੂਰਖ ਮੁਗਧ ਗਵਾਰਾ । ਜੋਤ ਜੋਤ ਜੋਤ ਪ੍ਰਭ, ਬੇਮੁਖ ਰਸਨ ਲਗਾਏ ਮਦਿਰਾ ਮਾਸ ਆਹਾਰਾ । ਜੋਤ ਜੋਤ ਜੋਤ ਪ੍ਰਭ, ਸੋਹੰ ਸ਼ਬਦ ਬਾਣ ਬੇਮੁਖਾਂ ਮਾਰਾ । ਜੋਤ ਜੋਤ ਜੋਤ ਪ੍ਰਭ, ਅੰਤਕਾਲ ਕਲਜੁਗ ਸੋਹੰ ਸ਼ਬਦ ਚਲਾਇਆ ਖੰਡਾ ਦੇ ਧਾਰਾ । ਜੋਤ ਜੋਤ ਜੋਤ ਪ੍ਰਭ, ਪਰਗਟ ਜੋਤ ਨਿਹਕਲੰਕ ਗੁਰਮੁਖਾਂ ਦੇਵੇ ਨਾਮ ਅਧਾਰਾ । ਜੋਤ ਜੋਤ ਜੋਤ ਪ੍ਰਭ, ਗੁਰਮੁਖਾਂ ਆਤਮ ਕਰੇ ਉਜਿਆਰਾ । ਜੋਤ ਜੋਤ ਜੋਤ ਪ੍ਰਭ, ਜੋਤ ਨਿਰੰਕਾਰਾ । ਜੋਤ ਜੋਤ ਜੋਤ ਪ੍ਰਭ, ਸੋਹੰ ਸਾਚਾ ਦੇਵੇ ਦੇਹ ਹੁਲਾਰਾ । ਜੋਤ ਜੋਤ ਜੋਤ ਪ੍ਰਭ, ਜੋਤ ਸਰੂਪ ਸਮਾਏ ਚਲਾਏ ਪਵਣ ਦਵਾਰਾ । ਜੋਤ ਜੋਤ ਜੋਤ ਪ੍ਰਭ, ਜਨ ਭਗਤਾਂ ਦੇਵੇ ਨਾਮ ਅਧਾਰਾ । ਜੋਤ ਜੋਤ ਜੋਤ ਪ੍ਰਭ, ਕਲ ਧਰੇ ਜੋਤ ਨਿਹਕਲੰਕ ਅਵਤਾਰਾ । ਜੋਤ ਜੋਤ ਜੋਤ ਪ੍ਰਭ, ਕਰ ਦਰਸ ਗੁਰਸਿਖ ਉਤਰੇ ਪਾਰਾ । ਜੋਤ ਜੋਤ ਜੋਤ ਪ੍ਰਭ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਘਟ ਵਰਤਾਰਾ । ਜੋਤ ਜੋਤ ਜੋਤ ਪ੍ਰਭ ਜੋਤ ਜਗਾਏ । ਜੋਤ ਜੋਤ

੬੪੫
੦੧

ਜੋਤ ਪ੍ਰਭ, ਸਾਚਾ ਨਾਦ ਵਜਾਏ । ਜੋਤ ਜੋਤ ਜੋਤ ਪ੍ਰਭ, ਸਾਚੀ ਗਾਥ ਸੁਣਾਏ । ਜੋਤ ਜੋਤ ਜੋਤ ਪ੍ਰਭ, ਸਤਿਜੁਗ ਸਾਚੀ ਨੀਂਹ ਰਖਾਏ । ਜੋਤ ਜੋਤ ਜੋਤ ਪ੍ਰਭ, ਪਹਿਲੀ ਮਾਘ ਦੋ ਹਜ਼ਾਰ ਅੱਠ ਬਿਕ੍ਰਮੀ ਭਾਗ ਲਗਾਏ । ਜੋਤ ਜੋਤ ਜੋਤ ਪ੍ਰਭ, ਦਰ ਆਈ ਸਾਧ ਸੰਗਤ ਮਾਣ ਦਵਾਏ । ਜੋਤ ਜੋਤ ਜੋਤ ਪ੍ਰਭ, ਦਰ ਘਰ ਸਾਚੇ ਭਿਛਿਆ ਪਾਏ । ਜੋਤ ਜੋਤ ਜੋਤ ਪ੍ਰਭ, ਆਤਮ ਰੰਗਣ ਨਾਮ ਚੜ੍ਹਾਏ । ਜੋਤ ਜੋਤ ਜੋਤ ਪ੍ਰਭ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵੇਲੇ ਅੰਤ ਹੋਏ ਸਹਾਏ । ਜੋਤ ਜੋਤ ਜੋਤ ਪ੍ਰਭ, ਜੋਤ ਸਰੂਪੀ ਦਰਸ ਦਿਖਾਇਆ । ਜੋਤ ਜੋਤ ਜੋਤ ਪ੍ਰਭ, ਪ੍ਰਭ ਸਾਚੇ ਮਾਰਗ ਲਾਇਆ । ਜੋਤ ਜੋਤ ਜੋਤ ਪ੍ਰਭ, ਸੋਹੰ ਸਾਚਾ ਸ਼ਬਦ ਚਲਾਇਆ । ਜੋਤ ਜੋਤ ਜੋਤ ਪ੍ਰਭ, ਨਿਮਾਣਿਆਂ ਸਿਰ ਹੱਥ ਟਿਕਾਇਆ । ਜੋਤ ਜੋਤ ਜੋਤ ਪ੍ਰਭ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਕਰਾਇਆ । ਜੋਤ ਜੋਤ ਜੋਤ ਪ੍ਰਭ, ਚਾਰ ਵਰਨ ਇਕ ਜੋਤ ਜਗਾਇਆ । ਜੋਤ ਜੋਤ ਜੋਤ ਪ੍ਰਭ, ਊਚ ਨੀਚ ਦਾ ਭੇਵ ਚੁਕਾਇਆ । ਜੋਤ ਜੋਤ ਜੋਤ ਪ੍ਰਭ, ਸਤਿਜੁਗ ਸਾਚਾ ਰਾਹ ਚਲਾਇਆ । ਜੋਤ ਜੋਤ ਜੋਤ ਪ੍ਰਭ, ਰਾਓ ਰੰਕ ਇਕ ਕਰਾਇਆ । ਜੋਤ ਜੋਤ ਜੋਤ ਪ੍ਰਭ, ਏਕਾ ਬੰਕ ਦਵਾਰ ਸੁਹਾਇਆ । ਜੋਤ ਜੋਤ ਜੋਤ ਪ੍ਰਭ, ਕਲਜੁਗ ਝੂਠਾ ਖੇਲ ਮਿਟਾਇਆ । ਜੋਤ ਜੋਤ ਜੋਤ ਪ੍ਰਭ, ਵਾਹਵਾ ਸਤਿਜੁਗ ਸਾਚਾ ਲਾਇਆ । ਜੋਤ ਜੋਤ ਜੋਤ ਪ੍ਰਭ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਇਆ । ਜੋਤ ਜੋਤ ਜੋਤ ਪ੍ਰਭ, ਕਲ ਜੋਤ ਜਗਾਈ । ਜੋਤ ਜੋਤ ਜੋਤ ਪ੍ਰਭ, ਸ੍ਰਿਸ਼ਟ ਸਬਾਈ ਖ਼ਾਕ ਰੁਲਾਈ । ਜੋਤ ਜੋਤ ਜੋਤ ਪ੍ਰਭ, ਚਾਰ ਕੁੰਟ ਪਏ ਦੁਹਾਈ । ਜੋਤ ਜੋਤ ਜੋਤ ਪ੍ਰਭ, ਰਾਜੇ ਰਾਣਿਆਂ ਜਾਏ ਪਤ ਗਵਾਈ । ਜੋਤ ਜੋਤ ਜੋਤ ਪ੍ਰਭ, ਬੇਮੁਖਾਂ ਨੱਕ ਨੱਥ ਪਵਾਈ । ਜੋਤ ਜੋਤ ਜੋਤ ਪ੍ਰਭ, ਕਲਜੁਗ ਸਾਚੀ ਕਾਰ ਕਰਾਈ । ਜੋਤ ਜੋਤ ਜੋਤ ਪ੍ਰਭ, ਬੇਮੁਖਾਂ ਦੇਵੇ ਪ੍ਰਭ ਸਜ਼ਾਈ । ਜੋਤ ਜੋਤ ਜੋਤ ਪ੍ਰਭ, ਦਰ ਦਰ ਮੰਗਣ ਭਿਖ ਨਾ ਪਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਲਿਖਤ ਲਿਖਾਈ । ਜੋਤ ਜੋਤ ਜੋਤ ਪ੍ਰਭ, ਸਾਚਾ ਲੇਖ ਲਿਖਾਰੀ । ਜੋਤ ਜੋਤ ਜੋਤ ਪ੍ਰਭ, ਜਨ ਭਗਤਾਂ ਦੇਵੇ ਨਾਮ ਅਧਾਰੀ । ਜੋਤ ਜੋਤ ਜੋਤ ਪ੍ਰਭ, ਸੋਹੰ ਸਾਚਾ ਸ਼ਬਦ ਦੇਵੇ ਭੰਡਾਰੀ । ਜੋਤ ਜੋਤ ਜੋਤ ਪ੍ਰਭ, ਸਾਧ ਸੰਗਤ ਜਾਏ ਪੈਜ ਸਵਾਰੀ । ਜੋਤ ਜੋਤ ਜੋਤ ਪ੍ਰਭ, ਦੂਤਾਂ ਦੁਸ਼ਟਾਂ ਜਾਏ ਸੰਘਾਰੀ । ਜੋਤ ਜੋਤ ਜੋਤ ਪ੍ਰਭ, ਕਲਜੁਗ ਪਰਗਟੇ ਨਿਹਕਲੰਕ ਅਵਤਾਰੀ । ਜੋਤ ਜੋਤ ਜੋਤ ਪ੍ਰਭ, ਰੰਕਾਂ ਦੇਵੇ ਸਚੀ ਸਿਕਦਾਰੀ । ਜੋਤ ਜੋਤ ਜੋਤ ਪ੍ਰਭ, ਰਾਓ ਕਰੇ ਖੁਆਰੀ । ਜੋਤ ਜੋਤ ਜੋਤ ਪ੍ਰਭ, ਏਕਾ ਦਰ ਉਪਜਾਵੇ ਸੱਚਾ ਦਰਬਾਰੀ । ਜੋਤ ਜੋਤ ਜੋਤ ਪ੍ਰਭ, ਚਾਰ ਵਰਨ ਕਰਾਏ ਦਰ ਭਿਖਾਰੀ । ਜੋਤ ਜੋਤ ਜੋਤ ਪ੍ਰਭ, ਮਾਤਲੋਕ ਵਿਚ ਛਤਰ ਝੁਲਾਰੀ । ਜੋਤ ਜੋਤ ਜੋਤ ਪ੍ਰਭ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਇਕ ਜੋਤ ਨਿਰੰਕਾਰੀ । ਸਾਚੀ ਜੋਤ ਪ੍ਰਭ ਨਿਰੰਕਾਰਾ । ਜੋਤ ਜੋਤ ਜੋਤ ਪ੍ਰਭ ਗਿਰਧਾਰਾ । ਜੋਤ ਜੋਤ ਜੋਤ ਪ੍ਰਭ, ਜੋਤ ਸਰੂਪ ਵਰਤੇ ਵਿਚ ਸੰਸਾਰਾ । ਜੋਤ ਜੋਤ ਜੋਤ ਪ੍ਰਭ, ਗੁਰਮੁਖਾਂ ਦੇਵੇ ਦਰਸ ਅਪਾਰਾ । ਜੋਤ ਜੋਤ ਜੋਤ ਪ੍ਰਭ, ਗੁਰਮੁਖ ਸਾਚੇ ਖੋਲ੍ਹ ਦੇਵੇ ਦਸਮ ਦਵਾਰਾ । ਜੋਤ ਜੋਤ ਜੋਤ ਪ੍ਰਭ, ਆਤਮ ਦੀਪ ਕਰੇ ਉਜਿਆਰਾ । ਜੋਤ ਜੋਤ ਜੋਤ ਪ੍ਰਭ, ਰੁਣ ਝੁਣ ਉਪਜਾਏ ਸਚੀ ਧੁਨਕਾਰਾ । ਜੋਤ ਜੋਤ ਜੋਤ ਪ੍ਰਭ, ਅਨਹਦ ਰਾਗ ਉਪਜਾਏ ਅਪਾਰਾ । ਜੋਤ ਜੋਤ ਜੋਤ ਪ੍ਰਭ, ਗੁਰਸਿਖ ਤੇਰਾ ਜਨਮ ਮਰਨ ਸਵਾਰਾ । ਜੋਤ ਜੋਤ ਜੋਤ ਪ੍ਰਭ, ਕਰ ਦਰਸ ਕਰੇ ਆਤਮ ਉਜਿਆਰਾ । ਜੋਤ ਜੋਤ ਜੋਤ ਪ੍ਰਭ, ਸਿੰਘਾਸਣ ਬੈਠੇ ਗਿਰਧਾਰਾ । ਜੋਤ ਜੋਤ ਜੋਤ ਪ੍ਰਭ, ਆਤਮ ਸਹਿੰਸਾ ਲਾਹੇ ਸਾਰਾ । ਜੋਤ ਜੋਤ ਜੋਤ ਪ੍ਰਭ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,

ਜੋਤ ਸਰੂਪ ਜੋਤ ਆਕਾਰਾ । ਜੋਤ ਸਰੂਪ ਸਦਾ ਨਿਰਾਹਾਰੀ । ਜੋਤ ਸਰੂਪ ਜਗਤ ਅਧਾਰੀ । ਜੋਤ ਜੋਤ ਜੋਤ ਪ੍ਰਭ, ਸਾਚੀ ਜੋਤ ਮਾਤ ਅਵਤਾਰੀ । ਜੋਤ ਜੋਤ ਜੋਤ ਪ੍ਰਭ, ਨਾਮ ਧਰਾਇਆ ਨਿਹਕਲੰਕ ਨਰਾਇਣ ਨਰ ਅਵਤਾਰੀ । ਜੋਤ ਜੋਤ ਜੋਤ ਪ੍ਰਭ, ਖਾਣੀ ਬਾਣੀ ਪਾਰ ਉਤਾਰੀ । ਜੋਤ ਜੋਤ ਜੋਤ ਪ੍ਰਭ, ਸਾਚਾ ਸ਼ਬਦ ਰਸਨ ਆਹਾਰੀ । ਜੋਤ ਜੋਤ ਜੋਤ ਪ੍ਰਭ, ਚਾਰ ਵੇਦਾਂ ਕਰੇ ਖੁਆਰੀ । ਜੋਤ ਜੋਤ ਜੋਤ ਪ੍ਰਭ, ਸਾਚੀ ਮਾਤ ਕਰੇ ਸਿਕਦਾਰੀ । ਜੋਤ ਜੋਤ ਜੋਤ ਪ੍ਰਭ, ਮਹਾਰਾਜ ਸ਼ੇਰ ਸਿੰਘ ਸਾਚੀ ਜੋਤ ਧਰੇ ਮੁਰਾਰੀ । ਜੋਤ ਜੋਤ ਜੋਤ ਪ੍ਰਭ, ਜੋਤ ਜਗਾਣਾ । ਜੋਤ ਜੋਤ ਜੋਤ ਪ੍ਰਭ, ਅੰਤਕਾਲ ਕਲ ਮਿਟਾਏ ਅੰਜੀਲ ਕੁਰਾਨਾ । ਜੋਤ ਜੋਤ ਜੋਤ ਪ੍ਰਭ, ਸੋਹੰ ਸ਼ਬਦ ਚਲਾਣਾ । ਜੋਤ ਜੋਤ ਜੋਤ ਪ੍ਰਭ, ਏਕਾ ਜੋਤ ਜਗੇ ਮਹਾਨਾ । ਜੋਤ ਜੋਤ ਜੋਤ ਪ੍ਰਭ, ਕਲਜੁਗ ਭੇਖ ਸਰਬ ਮਿਟਾਣਾ । ਜੋਤ ਜੋਤ ਜੋਤ ਪ੍ਰਭ, ਦੂਸਰ ਕੋਈ ਰਹਿਣ ਨਾ ਪਾਣਾ । ਜੋਤ ਜੋਤ ਜੋਤ ਪ੍ਰਭ, ਗੁਰਸਿਖਾਂ ਦੇਵੇ ਦਰਸ ਮਹਾਨਾ । ਜੋਤ ਜੋਤ ਜੋਤ ਪ੍ਰਭ, ਗੁਰਸਿਖਾਂ ਬਖ਼ਸ਼ੇ ਚਰਨ ਧੂੜ ਇਸ਼ਨਾਨਾ । ਜੋਤ ਜੋਤ ਜੋਤ ਪ੍ਰਭ, ਨਿਹਕਲੰਕ ਆਪ ਭਗਵਾਨਾ । ਜੋਤ ਜੋਤ ਜੋਤ ਪ੍ਰਭ, ਜੋਤ ਸਰੂਪੀ ਪਹਰਿਆ ਬਾਣਾ । ਜੋਤ ਜੋਤ ਜੋਤ ਪ੍ਰਭ, ਮਾਤਲੋਕ ਧਰੇ ਬਿਧ ਨਾਨਾ । ਜੋਤ ਜੋਤ ਜੋਤ ਪ੍ਰਭ, ਕਲ ਵਿਰਲੇ ਗੁਰਮੁਖ ਜਾਣਾ । ਜੋਤ ਜੋਤ ਜੋਤ ਪ੍ਰਭ, ਜਨ ਭਗਤਾਂ ਹੋਏ ਮਿਹਰਵਾਨਾ । ਜੋਤ ਜੋਤ ਜੋਤ ਪ੍ਰਭ, ਏਕਾ ਰਾਗ ਉਪਜਾਨਾ । ਜੋਤ ਜੋਤ ਜੋਤ ਪ੍ਰਭ, ਸਤਿਜੁਗ ਸਾਚਾ ਮਾਰਗ ਲਾਣਾ । ਜੋਤ ਜੋਤ ਜੋਤ ਪ੍ਰਭ, ਪਹਿਲੀ ਮਾਘ ਵਕਤ ਸੁਹਾਣਾ । ਜੋਤ ਜੋਤ ਜੋਤ ਪ੍ਰਭ, ਚਾਰ ਵਰਨ ਇਕ ਕਰਾਨਾ । ਜੋਤ ਜੋਤ ਜੋਤ ਪ੍ਰਭ, ਸਤਿਜੁਗ ਸਾਚਾ ਰਾਹ ਚਲਾਣਾ । ਜੋਤ ਸਰੂਪੀ ਜੋਤ ਪ੍ਰਭ, ਮਹਾਰਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਮਾਣਿਆਂ ਸਿਰ ਹੱਥ ਟਿਕਾਣਾ । ਜੋਤ ਜੋਤ ਜੋਤ ਪ੍ਰਭ, ਸਤਿ ਜੋਤ ਅਧਾਰੀ । ਜੋਤ ਜੋਤ ਜੋਤ ਪ੍ਰਭ, ਏਕਾ ਏਕੰਕਾਰੀ । ਜੋਤ ਜੋਤ ਜੋਤ ਪ੍ਰਭ, ਸ੍ਰਿਸ਼ਟ ਸਬਾਈ ਕਰੇ ਪਨਿਹਾਰੀ । ਜੋਤ ਜੋਤ ਜੋਤ ਪ੍ਰਭ, ਸਾਧ ਸੰਗਤ ਤੇਰੀ ਜਾਏ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਾਓ ਚਰਨ ਬਲਿਹਾਰੀ । ਪ੍ਰਭ ਚਰਨ ਜਾਓ ਬਲਿਹਾਰ । ਪ੍ਰਭ ਕੇ ਚਰਨ ਹਰਿ ਕਾ ਦਵਾਰ । ਪ੍ਰਭ ਕੇ ਚਰਨ ਜਾਇਣ ਤਾਰ । ਪ੍ਰਭ ਕੇ ਚਰਨ ਜੀਵ ਉਤਰਨ ਪਾਰ । ਪ੍ਰਭ ਕੇ ਚਰਨ ਮੋਖ ਦਵਾਰ । ਪ੍ਰਭ ਕੇ ਚਰਨ ਵਿਰਲਾ ਪਾਵੇ ਸਾਰ । ਪ੍ਰਭ ਕੇ ਚਰਨ ਜੀਵ ਜੰਤ ਅਧਾਰ । ਪ੍ਰਭ ਚਰਨ ਸਾਧ ਸੰਗਤ ਬੇੜਾ ਕਰ ਜਾਏ ਪਾਰ । ਪ੍ਰਭ ਚਰਨ ਜਿਸ ਜਨ ਜਾਣਿਆ । ਪ੍ਰਭ ਚਰਨ ਜਿਸ ਰੰਗ ਮਾਣਿਆ । ਪ੍ਰਭ ਚਰਨ ਲਾਗ ਹੋਏ ਸੁਘੜ ਸਿਆਣਿਆ । ਪ੍ਰਭ ਚਰਨ ਬੁਧਿ ਬਿਬੇਕ ਕਰੇ ਅੰਞਾਣਿਆ । ਪ੍ਰਭ ਚਰਨ ਗੁਰਸਿਖ ਤਰਾਨਿਆ । ਪ੍ਰਭ ਚਰਨ ਗੁਰਮੁਖ ਵਿਰਲਾ ਕਰੇ ਧਿਆਨਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਿਰਪਾ ਕਰੇ ਜਿਸ ਭਗਵਾਨਿਆ । ਪ੍ਰਭ ਚਰਨ ਜੋ ਜਨ ਆਇਆ, ਚਰਨ ਧੂੜ ਲੈ ਮਸਤਕ ਲਾਇਆ । ਪ੍ਰਭ ਚਰਨ ਜੋ ਜਨ ਆਇਆ, ਆਸਾ ਮਨਸਾ ਪ੍ਰਭ ਪੂਰ ਕਰਾਇਆ । ਪ੍ਰਭ ਚਰਨ ਜੋ ਜਨ ਆਇਆ, ਆਤਮ ਰਸ ਪ੍ਰਭ ਦੇ ਚੁਆਇਆ । ਪ੍ਰਭ ਚਰਨ ਜੋ ਜਨ ਆਇਆ, ਸਾਚਾ ਵਰ ਪ੍ਰਭ ਦਰ ਤੇ ਪਾਇਆ । ਪ੍ਰਭ ਚਰਨ ਜੋ ਜਨ ਆਇਆ, ਹੰਕਾਰ ਨਿਵਾਰ ਪ੍ਰਭ ਮਾਰਗ ਲਾਇਆ । ਪ੍ਰਭ ਚਰਨ ਜੋ ਜਨ ਆਇਆ, ਲੱਖ ਚੁਰਾਸੀ ਪ੍ਰਭ ਜੂਨ ਕਟਾਇਆ । ਪ੍ਰਭ ਚਰਨ ਜੋ ਜਨ ਆਇਆ, ਖੰਡ ਬ੍ਰਹਿਮੰਡ ਪ੍ਰਭ ਮਾਣ ਦਵਾਇਆ । ਪ੍ਰਭ ਚਰਨ ਜੋ ਜਨ ਆਇਆ, ਵਿਚ ਵਰਭੰਡ ਪ੍ਰਭ ਵਡਿਆਇਆ । ਪ੍ਰਭ ਚਰਨ ਜੋ ਜਨ ਆਇਆ, ਜੋਤ ਸਰੂਪ ਸਿਰ ਹੱਥ ਟਿਕਾਇਆ । ਪ੍ਰਭ ਚਰਨ ਜੋ ਜਨ ਆਇਆ, ਪ੍ਰਭ ਸਾਚੇ ਨੇ ਚਰਨੀ ਲਾਇਆ । ਪ੍ਰਭ ਚਰਨ ਜੋ ਜਨ

ਆਇਆ, ਅਗਿਆਨ ਅੰਧੇਰ ਪ੍ਰਭ ਦੇ ਮਿਟਾਇਆ । ਪ੍ਰਭ ਚਰਨ ਜੋ ਜਨ ਆਇਆ, ਭਰਮ ਨਿਵਾਰ ਮਾਣ ਗਵਾਇਆ । ਪ੍ਰਭ ਚਰਨ ਜੋ ਜਨ ਆਇਆ, ਜੋਤ ਸਰੂਪ ਪਰਗਟ ਜੋਤ ਦਰਸ ਦਿਖਾਇਆ । ਪ੍ਰਭ ਚਰਨ ਜੋ ਜਨ ਆਇਆ, ਅੰਮ੍ਰਿਤ ਆਤਮ ਸਤਿ ਸਤਿ ਵਰਤਾਇਆ । ਪ੍ਰਭ ਚਰਨ ਜੋ ਜਨ ਆਇਆ, ਮਾਇਆ ਅਗਨ ਦੇ ਜਲਾਇਆ । ਪ੍ਰਭ ਚਰਨ ਜੋ ਜਨ ਆਇਆ, ਦੁਖ ਭੁਖ ਦਾ ਰੋਗ ਮਿਟਾਇਆ । ਪ੍ਰਭ ਚਰਨ ਜੋ ਜਨ ਆਇਆ, ਚਰਨ ਸੇਵ ਪ੍ਰਭ ਸਾਚੇ ਲਾਇਆ । ਪ੍ਰਭ ਚਰਨ ਜੋ ਜਨ ਆਇਆ, ਆਤਮ ਭਉ ਸਰਬ ਚੁਕਾਇਆ । ਪ੍ਰਭ ਚਰਨ ਜੋ ਜਨ ਆਇਆ, ਸੋਹੰ ਸਾਚੀ ਨਾਓ ਚੜ੍ਹਾਇਆ । ਪ੍ਰਭ ਚਰਨ ਜੋ ਜਨ ਆਇਆ, ਪ੍ਰਭ ਸਾਚੇ ਸਚ ਮੇਲ ਮਿਲਾਇਆ । ਪ੍ਰਭ ਚਰਨ ਜੋ ਜਨ ਆਇਆ, ਭਰਮ ਭੁਲੇਖਾ ਪ੍ਰਭ ਸਾਰਾ ਲਾਹਿਆ । ਪ੍ਰਭ ਚਰਨ ਜੋ ਜਨ ਆਇਆ, ਏਕਾ ਰੂਪ ਅਗੰਮ ਦਰਸਾਇਆ । ਪ੍ਰਭ ਚਰਨ ਜੋ ਜਨ ਆਇਆ, ਸੁਰਤ ਸ਼ਬਦ ਪ੍ਰਭ ਗਿਆਨ ਦਵਾਇਆ । ਪ੍ਰਭ ਚਰਨ ਜੋ ਜਨ ਆਇਆ, ਸਾਚਾ ਧਿਆਨ ਰਿਦੇ ਵਸਾਇਆ । ਪ੍ਰਭ ਚਰਨ ਜੋ ਜਨ ਆਇਆ, ਗੋਝ ਗਿਆਨ ਦਾ ਭੇਦ ਚੁਕਾਇਆ । ਪ੍ਰਭ ਚਰਨ ਜੋ ਜਨ ਆਇਆ, ਨਾਨਾ ਰੂਪ ਪ੍ਰਭ ਦਰਸ ਦਿਖਾਇਆ । ਪ੍ਰਭ ਚਰਨ ਜੋ ਜਨ ਆਇਆ, ਮਾਣ ਅਭਿਮਾਨ ਸਰਬ ਤੁੜਾਇਆ । ਪ੍ਰਭ ਚਰਨ ਜੋ ਜਨ ਆਇਆ, ਗਿਆਨ ਰੂਪ ਪ੍ਰਭ ਸ਼ਬਦ ਚਲਾਇਆ । ਪ੍ਰਭ ਚਰਨ ਜੋ ਜਨ ਆਇਆ, ਸਾਰੰਗ ਧਰ ਭਗਵਾਨ ਬੀਠਲਾ ਆਪਣੇ ਰੰਗ ਰੰਗਾਇਆ । ਪ੍ਰਭ ਚਰਨ ਜੋ ਜਨ ਆਇਆ, ਪ੍ਰਭ ਅਬਿਨਾਸ਼ੀ ਸਾਚਾ ਬੀਠਲਾ ਸਰਬ ਸੁਖਦਾਇਆ । ਪ੍ਰਭ ਚਰਨ ਜੋ ਜਨ ਆਇਆ, ਪ੍ਰਭ ਕੌੜਾ ਕਰੇ ਮੀਠਲਾ ਜਿਸ ਚਰਨੀ ਸੀਸ ਨਿਵਾਇਆ । ਪ੍ਰਭ ਚਰਨ ਜੋ ਜਨ ਆਇਆ, ਇਕ ਰੰਗ ਚੜ੍ਹਾਏ ਮਜੀਠਲਾ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਾਚੀ ਦਇਆ ਕਮਾਇਆ । ਪ੍ਰਭ ਚਰਨ ਜੋ ਕਰੇ ਧਿਆਨਾ । ਪ੍ਰਭ ਸਾਚਾ ਦੇਵੇ ਦਰਸ ਮਹਾਨਾ । ਅਗਿਆਨ ਅੰਧੇਰ ਸਰਬ ਮਿਟਾਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਾਲੀ ਦੋ ਜਹਾਨਾਂ । ਪ੍ਰਭ ਚਰਨ ਜੋ ਜਨ ਆਏ, ਪ੍ਰਭ ਸਾਚਾ ਭਏ ਦਿਆਲਾ । ਪ੍ਰਭ ਚਰਨ ਜੋ ਜਨ ਆਏ, ਆਦਿ ਅੰਤ ਹੋਏ ਰਖਵਾਲਾ । ਪ੍ਰਭ ਚਰਨ ਜੋ ਜਨ ਆਏ, ਆਤਮ ਦੀਪਕ ਪ੍ਰਭ ਸਾਚੇ ਬਾਲਾ । ਪ੍ਰਭ ਚਰਨ ਜੋ ਜਨ ਆਏ, ਸੋਹੰ ਸ਼ਬਦ ਪ੍ਰਭ ਆਤਮ ਦੇਵੇ ਸਾਚੀ ਮਾਲਾ । ਪ੍ਰਭ ਚਰਨ ਜੋ ਜਨ ਆਏ, ਮਹਾਰਾਜ ਸ਼ੇਰ ਸਿੰਘ ਵੇਲੇ ਅੰਤ ਹੋਏ ਰਖਵਾਲਾ । ਪ੍ਰਭ ਚਰਨ ਜੋ ਜਨ ਆਏ, ਪ੍ਰਭ ਸਾਚਾ ਪੈਜ ਸਵਾਰੇ । ਪ੍ਰਭ ਚਰਨ ਜੋ ਜਨ ਆਏ, ਆਤਮ ਜੋਤ ਹੋਏ ਉਜਿਆਰੇ । ਪ੍ਰਭ ਚਰਨ ਜੋ ਜਨ ਆਏ, ਸਾਚੀ ਧੁਨ ਉਪਜੇ ਧੁਨਕਾਰੇ । ਪ੍ਰਭ ਚਰਨ ਜੋ ਜਨ ਆਏ, ਏਕਾ ਜੋਤ ਜਗੇ ਨਿਰੰਕਾਰੇ । ਪ੍ਰਭ ਚਰਨ ਜੋ ਜਨ ਆਏ, ਮਾਨਸ ਜਨਮ ਕਲਜੁਗ ਉਜਿਆਰੇ । ਪ੍ਰਭ ਚਰਨ ਜੋ ਜਨ ਆਏ, ਦੇ ਦਰਸ ਗੁਰ ਪਾਰ ਉਤਾਰੇ । ਪ੍ਰਭ ਚਰਨ ਜੋ ਜਨ ਆਏ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਖੋਲ੍ਹ ਦੇਵੇ ਦਸਮ ਦਵਾਰੇ । ਪ੍ਰਭ ਚਰਨ ਜੋ ਜਨ ਆਇਆ, ਕਰ ਕਿਰਪਾ ਪ੍ਰਭ ਪਾਰ ਲੰਘਾਇਆ । ਪ੍ਰਭ ਚਰਨ ਜੋ ਜਨ ਆਇਆ, ਨਾਮ ਨਿਧਾਨ ਪ੍ਰਭ ਝੋਲੀ ਪਾਇਆ । ਪ੍ਰਭ ਚਰਨ ਜੋ ਜਨ ਆਇਆ, ਪਹਿਲੀ ਮਾਘ ਪ੍ਰਭ ਲਾਜ ਰਖਾਇਆ । ਪ੍ਰਭ ਚਰਨ ਜੋ ਜਨ ਆਇਆ, ਸੋਹੰ ਸਾਚੀ ਆਤਮ ਜਾਗ ਲਗਾਇਆ । ਪ੍ਰਭ ਚਰਨ ਜੋ ਜਨ ਆਇਆ, ਪਰਗਟ ਜੋਤ ਨਿਹਕਲੰਕ ਅਨਹਦ ਸਾਚਾ ਰਾਗ ਉਪਜਾਇਆ । ਪ੍ਰਭ ਚਰਨ ਜੋ ਜਨ ਆਇਆ, ਨਿਮਾਣਿਆਂ ਸਿਰ ਹੱਥ ਟਿਕਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਲੇਖ ਲਿਖਾਇਆ । ਪ੍ਰਭ ਦਰਸ ਜਨ ਵਿਰਲਾ ਪੇਖੇ । ਕਲਜੁਗ ਜੀਵ ਰਹੇ ਭਰਮ

ਭੁਲੇਖੇ । ਗੁਰਮੁਖ ਵਿਰਲਾ ਜੋਤ ਸਰੂਪੀ ਰੰਗ ਪ੍ਰਭ ਸਾਚੇ ਦਾ ਵੇਖੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਦਰ ਆਏ ਲਾਏ ਲੇਖੇ । ਸਾਧ ਸੰਗਤ ਪ੍ਰਭ ਦਰ ਪਰਵਾਨ । ਪ੍ਰਭ ਸਾਚੇ ਦੇ ਸਾਚੇ ਗੁਣ ਗਾਣ । ਆਲਸ ਨਿੰਦਰਾ ਮਨੋਂ ਤਜਾਣ । ਪ੍ਰਭ ਸਾਚੇ ਦਾ ਚਰਨ ਧਿਆਨ । ਆਤਮ ਉਪਜੇ ਬ੍ਰਹਮ ਗਿਆਨ । ਪ੍ਰਭ ਸਾਚੇ ਦਾ ਦਰਸ਼ਨ ਪਾਣ । ਪਰਗਟੀ ਜੋਤ ਨਿਹਕਲੰਕ ਬਲੀ ਬਲਵਾਨ । ਦੇਵੇ ਦਰਸ ਪ੍ਰਭ ਸਿੰਘ ਆਸਣ ਆਣ । ਗੁਰਮੁਖ ਸਾਚੇ ਸਾਚਾ ਪ੍ਰਭ ਨੇਤਰ ਪੇਖ ਵਿਸ਼ਨੂੰ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਵਾਲੀ ਦੋ ਜਹਾਨ । ਸਿੰਘ ਆਸਣ ਪ੍ਰਭ ਡੇਰਾ ਲਾਇਆ । ਮਾਤਲੋਕ ਪ੍ਰਭ ਭਾਗ ਲਗਾਇਆ । ਵਰਭੰਡੀ ਵਰਭੰਡ ਸਮਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਨਿਹਕਲੰਕ ਨਾਉਂ ਰਖਾਇਆ । ਨਿਹਕਲੰਕ ਕਲ ਨਾਉਂ ਰਖਾ ਕੇ । ਜੋਤ ਸਰੂਪੀ ਭੇਸ ਵਟਾ ਕੇ । ਭਰਮ ਭੁਲੇਖੇ ਸ੍ਰਿਸ਼ਟ ਭੁਲਾ ਕੇ । ਗੁਰਮੁਖ ਸੋਏ ਪ੍ਰਭ ਜਗਾ ਕੇ । ਦੇਵੇ ਦਰਸ ਦਰ ਘਰ ਪ੍ਰਭ ਆ ਕੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਆਏ ਜੋਤ ਪਰਗਟਾ ਕੇ । ਸਾਚਾ ਪ੍ਰਭ ਸਚ ਘਰ ਆਏ । ਜੋਤ ਸਰੂਪੀ ਡੇਰੇ ਲਾਏ । ਬੇਮੁਖਾਂ ਪ੍ਰਭ ਦਿਸ ਨਾ ਆਏ । ਗੁਰਸਿਖ ਪ੍ਰਭ ਚਰਨ ਬਹਾਏ । ਚਰਨ ਧੂੜ ਪ੍ਰਭ ਮਸਤਕ ਲਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਦਇਆ ਕਮਾਏ । ਦਇਆ ਕਰੇ ਪ੍ਰਭ ਦੀਨ ਦਿਆਲਾ । ਸਾਧ ਸੰਗਤ ਬਣੇ ਰਖਵਾਲਾ । ਸੋਹੰ ਦੇਵੇ ਨਾਮ ਸੁਖਾਲਾ । ਗੁਰਮੁਖ ਸਾਚਾ ਸਚ ਕੁਠਾਲੀ ਗਾਲਾ । ਮਗਰੋਂ ਲਾਹੇ ਜਗਤ ਜੰਜਾਲਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਥਾਈਂ ਹੋਏ ਰਖਵਾਲਾ । ਸਰਬ ਥਾਏਂ ਪ੍ਰਭ ਹੋਏ ਸਹਾਈ । ਭਗਤ ਜਨਾਂ ਦੀ ਪੈਜ ਰਖਾਈ । ਪਤਿਪਰਮੇਸ਼ਵਰ ਜਗਤ ਪਿਤ ਆਪ ਰਘੁਰਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸੰਗਤ ਮਾਣ ਰਖਾਈ । ਸਾਧ ਸੰਗਤ ਤੇਰਾ ਮਾਣ ਰਖਾਇਆ । ਸਚ ਦਰ ਆਏ ਦਰਸ਼ਨ ਪਾਇਆ । ਏਕਾ ਦਿਸੇ ਨਿਹਕਲੰਕ ਸਰਨਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦੇ ਵਿਚ ਸਮਾਇਆ । ਸਰਬ ਜਨਾਂ ਪ੍ਰਭ ਵਿਚ ਸਮਾਏ । ਗੁਰਮੁਖ ਸਾਚਾ ਕੋਈ ਵਿਚੋਂ ਪਾਏ । ਬੇਮੁਖਾਂ ਕੋਈ ਦਿਸ ਨਾ ਆਏ । ਗੁਰਮੁਖ ਪ੍ਰਭ ਪਰਦਾ ਲਾਹੇ । ਆਤਮ ਸਾਚੀ ਜੋਤ ਜਗਾਏ । ਬੇਮੁਖਾਂ ਅੰਧੇਰ ਕਰਾਏ । ਪ੍ਰਭ ਅਬਿਨਾਸ਼ੀ ਨਜ਼ਰ ਨਾ ਆਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਦਇਆ ਕਮਾਏ । ਤਾਰਨਹਾਰ ਆਪ ਪ੍ਰਭ ਤਾਰੇ । ਰੱਖੇ ਲਾਜ ਆਪ ਮੁਰਾਰੇ । ਸਚਾ ਦੇਵੇ ਨਾਮ ਅਧਾਰੇ । ਪਾਰਬ੍ਰਹਮ ਪ੍ਰਭ ਗਿਰਧਾਰੇ । ਜਨ ਭਗਤਾਂ ਆਪ ਲਿਖਾਰੇ । ਪਰਗਟ ਜੋਤ ਨਿਹਕਲੰਕ ਨਰਾਇਣ ਨਰ ਅਵਤਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਤੇਰੀ ਪੈਜ ਸਵਾਰੇ । ਭਗਤ ਜਨਾਂ ਪ੍ਰਭ ਲੇਖ ਲਿਖਾਇਆ । ਨਿਮਾਣਿਆਂ ਪ੍ਰਭ ਮਾਣ ਦਵਾਇਆ । ਮਾਤਲੋਕ ਵਿਚ ਪ੍ਰਭ ਵਡਿਆਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚਾ ਸ਼ਬਦ ਸੁਣਾਇਆ । ਸੱਚਾ ਸ਼ਬਦ ਸੁਣੇ ਜੋ ਕਾਨਾ । ਬੇਮੁਖ ਆਤਮ ਜਾਏ ਮਾਨਾ । ਸੋਹੰ ਸਾਚਾ ਮਿਲੇ ਮਾਲ ਧਨ ਮਾਲਾ । ਦਿਵਸ ਰੈਣ ਨਾ ਲਾਗੇ ਸਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰਾਗ ਸੁਣਾਵੇ ਕਾਨਾ । ਏਕਾ ਰਾਗ ਪ੍ਰਭ ਸੁਣਾਇਆ । ਦੂਈ ਦਵੈਤ ਪੜਦਾ ਲਾਹਿਆ । ਆਤਮ ਸਰਬ ਅੰਧੇਰ ਮਿਟਾਇਆ । ਗੁਰਮੁਖ ਸਾਚੇ ਮਾਣ ਦਵਾਇਆ । ਪ੍ਰਭ ਸਾਚੇ ਸਾਚੀ ਦਇਆ ਕਰ, ਕਾਗੋਂ ਹੰਸ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਇਆ ਕਮਾਇਆ । ਗੁਰਮੁਖ ਵਡ ਹੰਸ ਪ੍ਰਭ ਕੀ ਜੋਤੀ । ਸੋਹੰ ਚੋਗ ਚੁਗਾਵੇ ਪ੍ਰਭ ਮਾਣਕ ਮੋਤੀ । ਸ੍ਰਿਸ਼ਟ ਸਬਾਈ ਰਹੀ ਸੋਤੀ । ਮਹਾਰਾਜ

ਸ਼ੇਰ ਸਿੰਘ ਸਤਿਗੁਰ ਸਾਚੇ, ਗੁਰਮੁਖ ਤੇਰੀ ਆਤਮ ਧੋਤੀ । ਗੁਰਸਿਖ ਤੇਰੀ ਮੈਲ ਗਵਾਈ । ਸਾਚੀ ਜਾਗ ਪ੍ਰਭ ਸਾਚੇ ਲਾਈ । ਨਾਮ ਦਾਨ ਦੀ ਭੱਠੀ ਪਾਈ । ਆਤਮ ਤੇਰੀ ਵਿਚ ਰੰਗਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਗੁਰਸਿਖ ਸਾਚੇ ਦਇਆ ਕਮਾਈ । ਗੁਰਸਿਖ ਸਾਚਾ ਪ੍ਰਭ ਰੰਗ ਮਾਣੇ । ਪ੍ਰਭ ਚਲਾਏ ਆਪਣੇ ਭਾਣੇ । ਬੇਮੁਖਾਂ ਭੁੰਨੇ ਜਿਉਂ ਭਠਿਆਲੇ ਦਾਣੇ । ਗੁਰਮੁਖ ਹੋਏ ਸੁਘੜ ਸਿਆਣੇ । ਕਲਜੁਗ ਭੁੱਲੇ ਜੀਵ ਬੇਮੁਖ ਹੋਏ ਅੰਞਾਣੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਕਲਾ ਵਰਤਾਣੇ । ਸਰਬ ਕਲਾ ਪ੍ਰਭ ਵਰਤਣਹਾਰਾ । ਆਪ ਅਪਰੰਪਰ ਭੇਦ ਨਿਆਰਾ । ਜੁਗਾ ਜੁਗੰਤਰ ਜੋਤ ਆਕਾਰਾ । ਗੁਰਮੁਖ ਸਾਚੇ ਦੇਵੇ ਜੋਤ ਅਧਾਰਾ । ਸੋਹੰ ਸਾਚਾ ਮੰਤਰ ਕਰੇ ਜਗਤ ਵਰਤਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਧਰੇ ਸੰਸਾਰਾ । ਸਾਚੀ ਜੋਤ ਜਗਤ ਧਰਾਏ । ਆਪਣਾ ਭਾਣਾ ਪ੍ਰਭ ਵਰਤਾਏ । ਚਾਰ ਕੁੰਟ ਹਾਹਾਕਾਰ ਕਰਾਏ । ਗੁਰਮੁਖਾਂ ਜੈ ਜੈ ਜੈਕਾਰ ਕਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣੀ ਕਲ ਵਰਤਾਏ । ਕਲਜੁਗ ਵਰਤੇ ਆਪਣੀ ਕਲ । ਭਾਣਾ ਅੰਤ ਨਾ ਜਾਏ ਟਲ । ਸ੍ਰਿਸ਼ਟ ਸਬਾਈ ਜਾਏ ਹਲ । ਪ੍ਰਭ ਅਬਿਨਾਸ਼ੀ ਕਰੇ ਥਲ ਜਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਵਰਤਾਏ ਆਪਣੀ ਕਲ । ਸਾਚੀ ਕਲ ਪ੍ਰਭ ਵਰਤਾਰ । ਜੀਵ ਜੰਤ ਸਭ ਹੋਇਣ ਖੁਆਰ । ਮਦਿਰਾ ਮਾਸ ਜੋ ਕਰਨ ਆਹਾਰ । ਪ੍ਰਭ ਸਾਚਾ ਮਾਰੇ ਸਾਚੀ ਮਾਰ । ਆਪ ਅਡੋਲ ਜੋਤ ਸਰੂਪ ਨਿਰਾਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸ਼ਬਦ ਮਾਰ ਕਰਾਏ ਸੰਸਾਰ । ਸ਼ਬਦ ਮਾਰ ਪ੍ਰਭ ਕਰਾਏ । ਸ੍ਰਿਸ਼ਟ ਸਬਾਈ ਸੁੰਞ ਮਸਾਣ ਵਖਾਏ । ਜੋ ਜਨ ਆਏ ਪ੍ਰਭ ਦਰਬਾਰ, ਪ੍ਰਭ ਸਾਚਾ ਦਇਆ ਕਮਾਏ । ਬੇਮੁਖ ਪੀਸੇ ਪ੍ਰਭ ਪੀਸ ਪੀਸਾਏ । ਏਕ ਛਤਰ ਝੁੱਲੇ ਨਿਹਕਲੰਕ ਤੇਰੇ ਸੀਸੇ, ਪ੍ਰਭ ਸਭ ਦਾ ਮਾਣ ਗਵਾਏ । ਗੁਰਮੁਖ ਵਿਰਲਾ ਸਤਿਜੁਗ ਦੀਸੇ, ਸੋਹੰ ਸ਼ਬਦ ਜੋ ਰਸਨਾ ਗਾਏ । ਭੇਦ ਮੁਕਾਏ ਪ੍ਰਭ ਬੀਸ ਇਕੀਸੇ, ਆਪ ਅਭੇਦ ਹੋ ਜਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣੀ ਕਲ ਰਿਹਾ ਵਰਤਾਏ । ਪ੍ਰਭ ਸਾਚੇ ਦਾ ਸਾਚਾ ਭਾਣਾ । ਪ੍ਰਭ ਸਾਚੇ ਸਚ ਕਮਾਣਾ । ਊਚ ਨੀਚ ਦਾ ਭੇਦ ਮਿਟਾਣਾ । ਤਖ਼ਤੋਂ ਲਾਹੇ ਰਾਜਾ ਰਾਣਾ । ਏਕਾ ਤਾਜ ਆਪ ਰਖਾਣਾ । ਬਾਕੀ ਸਰਬ ਨਸ਼ਟ ਕਰਾਣਾ । ਸੋਹੰ ਸਾਚਾ ਸ਼ਬਦ ਉਪਜਾਣਾ । ਕਰਮ ਧਰਮ ਜਗਤ ਚਲਾਣਾ । ਬੇਮੁਖ ਪ੍ਰਭ ਨਸ਼ਟ ਕਰਾਣਾ । ਗੁਰਮੁਖਾਂ ਪ੍ਰਭ ਮਾਣ ਦਵਾਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਵਰਤੇ ਆਪਣਾ ਭਾਣਾ । ਆਪਣਾ ਭਾਣਾ ਸਦ ਵਰਤਾਵੇ । ਆਪ ਅਡੋਲ ਜਗਤ ਡੁਲਾਵੇ । ਆਪ ਅਤੋਲ ਜਗਤ ਤੁਲਾਵੇ । ਆਪ ਅਭੁਲ ਜਗਤ ਭੁਲਾਵੇ । ਬੇਮੁਖ ਪ੍ਰਭ ਦਿਸ ਨਾ ਆਵੇ । ਮਾਤਲੋਕ ਵਿਚ ਜੋਤ ਪਰਗਟਾਵੇ । ਨਿਹਕਲੰਕ ਪ੍ਰਭ ਨਾਉਂ ਰਖਾਵੇ । ਮਾਇਆ ਪੜਦਾ ਸਾਰਾ ਲਾਹਵੇ । ਗੁਰਸਿਖਾਂ ਪ੍ਰਭ ਜਗਾਵੇ । ਬਾਹੋਂ ਪਕੜ ਚਰਨ ਲਗਾਵੇ । ਆਪਣਾ ਭਾਣਾ ਕਲ ਵਰਤਾਵੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣੇ ਰੰਗ ਸਮਾਵੇ । ਆਪਣਾ ਭਾਣਾ ਕਲ ਵਰਤਾਇਆ । ਨਿਹਕਲੰਕ ਡੰਕ ਵਜਾਇਆ । ਸੋਹੰ ਸਾਚਾ ਸ਼ਬਦ ਚਲਾਇਆ । ਬੇਮੁਖਾਂ ਇਹ ਖੰਡਾ ਲਾਇਆ । ਅੰਤਕਾਲ ਵਿਚ ਨਰਕ ਨਿਵਾਸ ਰਖਾਇਆ । ਮਦਿਰਾ ਮਾਸ ਜਿਸ ਰਸਨਾ ਲਾਇਆ । ਗੁਰਮੁਖ ਸਾਚੇ ਮਾਣ ਦਵਾਇਆ । ਅੰਮ੍ਰਿਤ ਮੇਘ ਮੁਖ ਚੁਆਇਆ । ਆਤਮ ਸ਼ਾਂਤ ਤ੍ਰਿਖਾ ਮਿਟਾਇਆ । ਬੇਮੁਖ ਜੀਵਾਂ ਅਗਨ ਜਲਾਇਆ । ਜੋਤ ਸਰੂਪੀ ਜੋਤ ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਤੇਰਾ ਹੋਏ ਸਹਾਇਆ । ਗੁਰਸਿਖਾਂ

ਪ੍ਰਭ ਹੋਏ ਸਹਾਈ । ਜਿਸ ਸਾਚੀ ਇਹ ਬਣਤ ਬਣਾਈ । ਨਿਹਕਲੰਕ ਕਲ ਜੋਤ ਪਰਗਟਾਈ । ਭਰਮ ਭੁਲੇਖੇ ਸ੍ਰਿਸ਼ਟ ਭੁਲਾਈ । ਬੈਠ ਅਡੋਲ ਵੇਖੇ ਰਘੁਰਾਈ । ਸਾਧ ਸੰਗਤ ਦੇਵੇ ਵਡਿਆਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਆਪਣੀ ਕਲ ਵਰਤਾਈ । ਕਲਜੁਗ ਝੂਠੀ ਖੇਲ ਮਿਟਾ । ਸਭ ਦਾ ਜਾਏ ਮਾਣ ਗਵਾ । ਏਕ ਸ਼ਬਦ ਡੰਕ ਵਜਾ । ਸੋਹੰ ਸਾਚਾ ਖੰਡਾ ਉਠਾ । ਚਾਰ ਵਰਨ ਪ੍ਰਭ ਚਰਨੀ ਲਏ ਲਗਾ । ਕੋਈ ਨਾ ਲਏ ਉਭਾ ਸਾਹ । ਪ੍ਰਭ ਅਬਿਨਾਸ਼ੀ ਊਚ ਨੀਚ ਦਾ ਜਾਏ ਭੇਖ ਮਿਟਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸ਼ਬਦ ਲਏ ਲਿਖਾ । ਸਾਚਾ ਸ਼ਬਦ ਪ੍ਰਭ ਲਿਖਾਏ । ਜੋ ਵਰਤੇ ਸੋ ਦਏ ਲਿਖਾਏ । ਭਰਮ ਭੁਲੇਖੇ ਸਾਰੇ ਲਾਹੇ । ਆਪਣਾ ਭੇਦ ਆਪ ਖੁਲ੍ਹਾਏ । ਸਿੱਖ ਗੁਰ ਗੁਰ ਸਿੱਖ ਇਕ ਹੋ ਜਾਏ । ਆਪਣੀ ਜੋਤ ਵਿਚ ਟਿਕਾਏ । ਸਾਚਾ ਸ਼ਬਦ ਵਿਚ ਕੰਨ ਸੁਣਾਏ । ਪ੍ਰਭ ਅਬਿਨਾਸ਼ੀ ਭਉ ਚੁਕਾਏ । ਜੋਤ ਸਰੂਪ ਨਿਹਕਲੰਕ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਦਇਆ ਕਮਾਏ । ਸਾਧ ਸੰਗਤ ਪ੍ਰਭ ਰਖਵਾਲਾ । ਝੂਠਾ ਤੋੜੇ ਜਗਤ ਜੰਜਾਲਾ । ਸਾਚਾ ਪ੍ਰਭ ਸਦਾ ਪ੍ਰਿਤਪਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਤਮ ਕਰੇ ਲਾਲ ਗੁਲਾਲਾ । ਆਤਮ ਰੰਗ ਪ੍ਰਭ ਚੜ੍ਹਾਇਆ । ਰੋਗ ਸੋਗ ਪ੍ਰਭ ਮਿਟਾਇਆ । ਏਕਾ ਜੋਗ ਸੋਹੰ ਕਮਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਮਾਣ ਦਵਾਇਆ । ਮਾਣ ਦਵਾਏ ਆਪ ਪ੍ਰਭ ਜੋਤ ਪਰਗਟਾ । ਮਾਣ ਦਵਾਏ ਆਪ ਪ੍ਰਭ, ਆਪਣੀ ਕਲ ਵਰਤਾ । ਮਾਣ ਦਵਾਏ ਆਪ ਪ੍ਰਭ, ਭਗਤ ਜਨਾਂ ਦਰਸ ਦਿਖਾ । ਮਾਣ ਦਵਾਏ ਆਪ ਪ੍ਰਭ, ਆਤਮ ਪਰਦੇ ਦੇਵੇ ਲਾਹ । ਮਾਣ ਦਵਾਏ ਆਪ ਪ੍ਰਭ, ਅੰਮ੍ਰਿਤ ਝਿਰਨਾ ਦਏ ਝਿਰਾ । ਮਾਣ ਦਵਾਏ ਆਪ ਪ੍ਰਭ, ਹਰਨ ਫਰਨ ਦਏ ਖੁਲ੍ਹਾ । ਮਾਣ ਦਵਾਏ ਆਪ ਪ੍ਰਭ, ਜੋਤ ਸਰੂਪੀ ਦਰਸ ਦਿਖਾ । ਮਾਣ ਦਵਾਏ ਆਪ ਪ੍ਰਭ, ਜੋ ਜਨ ਚਰਨੀ ਡਿੱਗੇ ਆ । ਮਾਣ ਦਵਾਏ ਆਪ ਪ੍ਰਭ, ਸੱਚੋ ਸਚ ਦਿਸਾਵੇ ਰਾਹ । ਮਾਣ ਦਵਾਏ ਆਪ ਪ੍ਰਭ, ਗੁਰਸਿਖ ਸਾਚੇ ਭੁਲ ਨਾ ਜਾਹ । ਮਾਣ ਦਵਾਏ ਆਪ ਪ੍ਰਭ, ਵੇਲੇ ਅੰਤ ਪਕੜੇ ਬਾਂਹ । ਮਾਣ ਦਵਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਸਭ ਥਾਏਂ ਹੋਏ ਸਹਾ । ਮਾਣ ਦਵਾਏ ਆਪ ਪ੍ਰਭ, ਸਿਰ ਹੱਥ ਟਿਕਾਏ । ਮਾਣ ਦਵਾਏ ਆਪ ਪ੍ਰਭ, ਜਗਤ ਪਿਤ ਅਖਵਾਏ । ਮਾਣ ਦਵਾਏ ਆਪ ਪ੍ਰਭ, ਆਪਣੀ ਮਿਤ ਗਤ ਜਣਾਏ । ਮਾਣ ਦਵਾਏ ਆਪ ਪ੍ਰਭ, ਜੋ ਜਨ ਸ਼ਰਨੀ ਆਏ । ਮਾਣ ਦਵਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਹੋਏ ਸਹਾਏ । ਮਾਣ ਦਵਾਏ ਆਪ ਪ੍ਰਭ ਅਬਿਨਾਸ਼ਾ । ਮਾਣ ਦਵਾਏ ਆਪ ਪ੍ਰਭ, ਸਾਚੀ ਜੋਤ ਕਰੇ ਪਰਕਾਸ਼ਾ । ਮਾਣ ਦਵਾਏ ਆਪ ਪ੍ਰਭ, ਏਕਾ ਸ਼ਬਦ ਚਲਾਏ ਸਵਾਸਾ । ਮਾਣ ਦਵਾਏ ਆਪ ਪ੍ਰਭ, ਏਕਾ ਬਖ਼ਸ਼ੇ ਚਰਨ ਭਰਵਾਸਾ । ਮਾਣ ਦਵਾਏ ਆਪ ਪ੍ਰਭ, ਜੋਤ ਸਰੂਪੀ ਰੱਖੇ ਵਿਚ ਵਾਸਾ । ਮਾਣ ਦਵਾਏ ਆਪ ਪ੍ਰਭ, ਭਗਤ ਜਨਾਂ ਹੋਏ ਦਾਸਨ ਦਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪ ਜੀਵ ਤੇਰੀ ਰਹਿਰਾਸਾ । ਮਾਣ ਦਵਾਏ ਆਪ ਪ੍ਰਭ, ਗੁਰਸਿਖ ਬਲਿਹਾਰੀ । ਮਾਣ ਦਵਾਏ ਆਪ ਪ੍ਰਭ, ਜਾਏ ਪੈਜ ਸਵਾਰੀ । ਮਾਣ ਦਵਾਏ ਆਪ ਪ੍ਰਭ, ਆਤਮ ਜੋਤ ਕਰੇ ਉਜਿਆਰੀ । ਮਾਣ ਦਵਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਚਰਨ ਜਾਉ ਬਲਿਹਾਰੀ । ਸਾਚੇ ਪ੍ਰਭ ਚਰਨ ਬਲਿਹਾਰ । ਨਿਰਧਨ ਪਾਏ ਸਾਰ । ਪ੍ਰਭ ਸਾਚੇ ਦੀ ਸਾਚੀ ਕਾਰ । ਗੁਰਮੁਖ ਸਾਚੇ ਲਾਏ ਪਾਰ । ਅੰਤ ਨਾ ਖਾਇਣ ਜਮ ਕੀ ਮਾਰ । ਪ੍ਰਭ ਸਾਚਾ ਦੇਵੇ ਜੋਤ ਸਰੂਪ ਦਰਸ ਅਪਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖਾਂ ਦੇਵੇ ਤਾਰ ।

ਤਾਰਨਹਾਰ ਆਪ ਸਮਰਥ । ਪ੍ਰਭ ਸਾਚਾ ਸਿਰ ਰੱਖੇ ਹੱਥ । ਸੋਹੰ ਸ਼ਬਦ ਚਲਾਏ ਸਾਚਾ ਰਥ । ਪ੍ਰਭ ਕੀ ਮਹਿੰਮਾ ਬੜੀ ਅਕਥ । ਗੁਰਮੁਖ ਵਿਰਲਾ ਪਾਏ ਸਾਚੀ ਵੱਥ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭਗਤ ਜਨਾਂ ਸਿਰ ਰੱਖੇ ਹੱਥ । ਭਗਤ ਜਨਾਂ ਸਿਰ ਹੱਥ ਟਿਕਾਇਆ । ਨਿਹਕਲੰਕ ਕਲ ਦਇਆ ਕਮਾਇਆ । ਆਪਣਾ ਆਪ ਪ੍ਰਭ ਆਪ ਉਪਜਾਇਆ । ਮਾਤ ਪਾਤਾਲ ਆਕਾਸ਼, ਪ੍ਰਭ ਸਰਬ ਤਜਾਇਆ । ਜੋਤ ਸਰੂਪ ਇਕ ਪਰਕਾਸ਼ ਵਿਚ ਵਰਭੰਡ ਕਰਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਥਾਨ ਸੁਹਾਇਆ । ਥਾਨ ਸੁਹਾਏ ਆਪ ਪ੍ਰਭ, ਕਲ ਜੋਤ ਆਕਾਰਾ । ਥਾਨ ਸੁਹਾਏ ਆਣ ਪ੍ਰਭ, ਸਾਧ ਸੰਗਤ ਦੇਵੇ ਦਰਸ ਅਪਾਰਾ । ਥਾਨ ਸੁਹਾਏ ਆਪ ਪ੍ਰਭ, ਜੋਤ ਪਰਗਟਾਏ ਅਗੰਮ ਅਪਾਰਾ । ਥਾਨ ਸੁਹਾਏ ਆਣ ਪ੍ਰਭ, ਹੰਕਾਰੀਆਂ ਪ੍ਰਭ ਭਰਮ ਨਿਵਾਰਾ । ਥਾਨ ਸੁਹਾਏ ਆਣ ਪ੍ਰਭ, ਗੁਰਚਰਨ ਬਣਾਏ ਸਾਚਾ ਗੁਰ ਦਵਾਰਾ । ਥਾਨ ਸੁਹਾਏ ਆਣ ਪ੍ਰਭ, ਸਾਧ ਸੰਗਤ ਕਰੇ ਨਿਮਸਕਾਰਾ । ਥਾਨ ਸੁਹਾਏ ਆਣ ਪ੍ਰਭ, ਬੇਮੁਖ ਆਏ ਜਾਏ ਝਖ ਮਾਰਾ । ਥਾਨ ਸੁਹਾਏ ਆਣ ਪ੍ਰਭ, ਪਾਰਬ੍ਰਹਮ ਅਵਤਾਰਾ । ਥਾਨ ਸੁਹਾਏ ਆਣ ਪ੍ਰਭ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰੇ ਪਾਰ ਉਤਾਰਾ । ਥਾਨ ਸੁਹਾਏ ਆਣ ਪ੍ਰਭ, ਵਕ਼ਤ ਜਗਤ ਜਾਂ ਆਏ । ਥਾਨ ਸੁਹਾਏ ਆਣ ਪ੍ਰਭ, ਅੰਤ ਜੋਤ ਜਗਤ ਪ੍ਰਭ ਪਰਗਟਾਏ । ਥਾਨ ਸੁਹਾਏ ਆਣ ਪ੍ਰਭ, ਜੋਤ ਸਰੂਪ ਕਰੇ ਰੁਸ਼ਨਾਏ । ਥਾਨ ਸੁਹਾਏ ਆਣ ਪ੍ਰਭ, ਨਿਹਕਲੰਕ ਨਾਉਂ ਰਖਾਏ । ਥਾਨ ਸੁਹਾਏ ਆਣ ਪ੍ਰਭ, ਸਾਚਾ ਸ਼ਬਦ ਸੁਣਾਏ । ਥਾਨ ਸੁਹਾਏ ਆਣ ਪ੍ਰਭ, ਗੁਰਸਿਖ ਸਾਚੇ ਚਰਨ ਲਗਾਏ । ਥਾਨ ਸੁਹਾਏ ਆਣ ਪ੍ਰਭ, ਜੋਤ ਸਰੂਪੀ ਸ਼ਬਦ ਲਿਖਾਏ । ਥਾਨ ਸੁਹਾਏ ਆਣ ਪ੍ਰਭ, ਬੋਧ ਅਗਾਧ ਅਗਾਧ ਬੋਧ ਆਪ ਪ੍ਰਭ ਅਖਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦੀ ਆਸ ਪੁਜਾਏ । ਗੁਰ ਦਰ ਆਏ ਮੰਗਲ ਗਾਇਆ । ਰਸਨਾ ਜਪ ਜਪ ਆਤਮ ਤ੍ਰਿਪਤਾਇਆ । ਭਰਮ ਭੁਲੇਖਾ ਸਾਰਾ ਲਾਹਿਆ । ਗੁਣ ਨਿਧਾਨ ਵਡ ਦਾਨ ਦਵਾਇਆ । ਗੁਰਮੁਖ ਸਾਚੇ ਪ੍ਰਭ ਬ੍ਰਹਮ ਗਿਆਨ ਦਵਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣਾ ਭੇਦ ਚੁਕਾਇਆ । ਜੁਗੋ ਜੁਗ ਪ੍ਰਭ ਆਵਣ ਜਾਣਾ । ਜੋਤ ਸਰੂਪੀ ਪਹਰਿਆ ਬਾਣਾ । ਸਾਧ ਸੰਗਤ ਦਰਸ ਕਰੇ ਭਗਵਾਨਾ । ਗੁਰਮੁਖ ਸਾਚੇ ਚਤੁਰ ਸੁਜਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਵਡਿਆਈ ਵਿਸ਼ਨੂੰ ਭਗਵਾਨਾ । ਭਗਤ ਹਿਤ ਜਗਤ ਪਠਾਏ । ਵੇਲੇ ਅੰਤ ਲਾਜ ਰਖਾਏ । ਹੰਕਾਰੀਆਂ ਪ੍ਰਭ ਹੰਕਾਰ ਗਵਾਏ । ਭਗਤ ਜਨਾਂ ਜੈ ਜੈ ਜੈਕਾਰ ਕਰਾਏ । ਨਿਹਕਲੰਕ ਅਵਤਾਰ ਨਰ, ਜੋਤ ਸਰੂਪ ਰਿਹਾ ਸਮਾਏ । ਜੋਤ ਸਰੂਪੀ ਜੋਤ ਧਰ, ਵਿਚ ਮਾਤ ਦੇ ਆਏ । ਪਾਰਬ੍ਰਹਮ ਅਚਰਜ ਖੇਲ ਕਰ, ਆਪਣਾ ਭੇਵ ਚੁਕਾਏ । ਗੁਰਮੁਖਾਂ ਦਰ ਮੇਲ ਕਰ, ਪ੍ਰਭ ਸਾਧ ਸੰਗਤ ਰਲਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਹੋਏ ਸਹਾਏ । ਜੋਤ ਸਰੂਪ ਪ੍ਰਭ ਜਾਮਾ ਧਾਰੇ । ਪਾਰਬ੍ਰਹਮ ਨਰ ਅਵਤਾਰੇ । ਰੰਗ ਰੂਪ ਨਾ ਕਿਸੇ ਚਿਤਾਰੇ । ਗੁਰਮੁਖ ਵਿਰਲਾ ਪੇਖੇ ਕਰ ਵਿਚਾਰੇ । ਜਿਸ ਰੱਖੇ ਹੱਥ ਪ੍ਰਭ ਮੁਰਾਰੇ । ਜੋ ਜਨ ਆਏ ਪ੍ਰਭ ਕੀ ਸਰਨਾਰੇ । ਕਲਜੁਗ ਜੀਵ ਦੁਖੀ ਹੋਏ ਅੰਧਿਆਰੇ । ਮਦਿਰਾ ਮਾਸ ਕਰਨ ਆਹਾਰੇ । ਸਾਚਾ ਨਾਮ ਮਨੋਂ ਵਿਸਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਕਲ ਜਾਮਾ ਧਾਰੇ । ਨਿਹਕਲੰਕ ਕਲ ਜਾਮਾ ਧਾਰ । ਸਾਚੀ ਜੋਤ ਧਰੇ ਸੰਸਾਰ । ਸ਼ਬਦ ਰੂਪ ਪ੍ਰਭ ਮਾਰੇ ਮਾਰ । ਕਲਜੁਗ ਜੀਵਾਂ ਕਰੇ ਖੁਆਰ । ਚਾਰ ਕੁੰਟ ਕਰਾਏ ਹਾਹਾਕਾਰ । ਸਾਧ ਸੰਗਤ ਰਸਨਾ ਕਰਾਏ ਜੈ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪ ਪਰਗਟੇ

ਨਿਹਕਲੰਕ ਅਵਤਾਰ । ਨਿਹਕਲੰਕ ਮਾਤ ਵਿਚ ਆਇਆ । ਸਾਚਾ ਡੰਕ ਜਗਤ ਵਜਾਇਆ । ਏਕਾ ਅੰਕ ਆਪ ਅਖਵਾਇਆ । ਰਾਓ ਰੰਕ ਇਕ ਕਰਾਇਆ । ਪੁਰੀ ਘਨਕ ਪ੍ਰਭ ਭਾਗ ਲਗਾਇਆ । ਬੇਮੁਖਾਂ ਪ੍ਰਭ ਪਰਦਾ ਪਾਇਆ । ਗੁਰਮੁਖਾਂ ਪ੍ਰਭ ਦਰਸ ਦਿਖਾਇਆ । ਸਾਧ ਸੰਗਤ ਪ੍ਰਭ ਦੇ ਵਡਿਆਇਆ । ਗੁਣਵੰਤ ਗੁਣ ਨਿਧਾਨ, ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਸੁਰਤੀ ਦੇਵੇ ਚਰਨ ਧਿਆਨ, ਸੁਰਤ ਸ਼ਬਦ ਦਾ ਮੇਲ ਮਿਲਾਇਆ । ਗੁਰਮੁਖ ਕੀਏ ਚਤੁਰ ਸੁਜਾਨ, ਪ੍ਰਭ ਆਤਮ ਬ੍ਰਹਮ ਗਿਆਨ ਦਵਾਇਆ । ਆਤਮ ਉਪਜੇ ਸਾਚੀ ਧੁਨ, ਸੋਹੰ ਸਾਚਾ ਸ਼ਬਦ ਸੁਣਾਇਆ । ਨਿਹਕਲੰਕ ਬਲੀ ਬਲਵਾਨ, ਜੋਤ ਸਰੂਪੀ ਜਾਮਾ ਘਨਕਪੁਰੀ ਵਿਚ ਪਾਇਆ । ਘਨਕਪੁਰੀ ਪ੍ਰਭ ਜਾਮਾ ਧਾਰਿਆ । ਨਿਹਕਲੰਕ ਨਰ ਅਵਤਾਰਿਆ । ਪਾਰਬ੍ਰਹਮ ਅਚੁਤ ਪੂਰਨ ਪਰਮੇਸ਼ਵਰ ਅਵਤਾਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਵਿਰਲੇ ਕਿਸੇ ਚਿਤਾਰਿਆ । ਸੋ ਵੇਖੇ ਜਿਸ ਆਪ ਵਖਾਏ । ਸੋ ਪੇਖੇ ਜਿਸ ਤੀਜਾ ਨੈਣ ਖੁਲ੍ਹਾਏ । ਸੋ ਵੇਖੇ ਜਿਸ ਪ੍ਰਭ ਭਾਂਡਾ ਭਉ ਚੁਕਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭਰਮ ਭੁਲੇਖੇ ਜਗਤ ਭੁਲਾਏ । ਕਲਜੁਗ ਜੀਵਾਂ ਮਾਇਆ ਪਾ । ਅਛਲ ਛਲ ਪ੍ਰਭ ਆਪ ਕਰਾ । ਸ੍ਰਿਸ਼ਟ ਸਬਾਈ ਲਈ ਭੁਲਾ । ਅੰਤਕਾਲ ਕਲਜੁਗ ਨਿਹਕਲੰਕ ਸਾਚੀ ਜੋਤ ਲਈ ਪਰਗਟਾ । ਗੁਰਮੁਖ ਸਾਚੇ ਸਾਚੇ ਪ੍ਰਭ ਚਰਨ ਲਏ ਲਗਾ । ਰਾਜਿਆਂ ਰਾਣਿਆਂ ਪਕੜ ਪ੍ਰਭ ਤਖ਼ਤੋਂ ਦੇਵੇ ਲਾਹ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਸਾਚੀ ਨੀਂਹ ਜਾਏ ਰਖਾ । ਸਤਿਜੁਗ ਸਾਚਾ ਪ੍ਰਭ ਲਾਏ । ਸਾਂਤਕ ਰੂਪ ਹੋਏ ਵਿਚ ਸਮਾਏ । ਸਾਚੀ ਸਿਖਿਆ ਸਾਚੀ ਭਿਖਿਆ ਕੋਏ ਜਨ ਵਿਰਲਾ ਪਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਜੋਤ ਪਰਗਟਾਏ । ਸਾਚਾ ਪ੍ਰਭ ਲੇਖ ਲਿਖਾਏ । ਵਾਕ ਭਵਿਖਤ ਸਤਿ ਕਰਾਏ । ਜੀਵ ਜੰਤ ਕੋਈ ਭੇਦ ਨਾ ਪਾਏ । ਵਿਰਲੇ ਸੰਤ ਪ੍ਰਭ ਆਪਣੀ ਬੂਝ ਬੁਝਾਏ । ਵਿਚ ਬੈਠ ਇਕੰਤ ਬੇਮੁਖਾਂ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਤਮ ਮਾਇਆ ਪਰਦਾ ਪਾਏ । ਕਲਜੁਗ ਮਾਇਆ ਭਰਮ ਭੁਲਾਇਆ । ਆਪਣਾ ਆਪ ਜੀਵ ਨਾ ਪਾਇਆ । ਆਤਮ ਰਸ ਸਰਬ ਗਵਾਇਆ । ਰਸਨਾ ਰਸ ਜੀਵ ਹਲਕਾਇਆ । ਜਾਮਾ ਧਾਰ ਨਿਹਕਲੰਕ ਆਪਣਾ ਭੇਦ ਖੁਲ੍ਹਾਇਆ । ਸਾਚਾ ਪ੍ਰਭ ਜੋਤ ਸਰੂਪ, ਬੇਮੁਖ ਨਾ ਜਾਣੇ ਪ੍ਰਭ ਰੰਗ ਰੂਪ । ਗੁਰਮੁਖ ਦਿਖਾਏ ਪ੍ਰਭ ਸਤਿ ਸਰੂਪ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਜਗਾਏ ਵਿਚ ਦੇਹ ਅੰਧ ਕੂਪ । ਕਲਜੁਗ ਜੀਵਾਂ ਅੰਧ ਅੰਧਿਆਰਾ । ਝੂਠਾ ਠੂਠਾ ਦੇਹ ਮੁਨਾਰਾ । ਬੈਠਾ ਵਿਚ ਨਾ ਦਿਸੇ ਗਿਰਧਾਰਾ । ਜੋਤ ਜਗਾਏ ਵਿਚ ਦੇਹ ਅਪਾਰਾ । ਦੁਸ਼ਟ ਦੁਰਾਚਾਰ ਨਾ ਪਾਇਣ ਸਾਰਾ । ਗੁਰਮੁਖ ਸਾਚੇ ਨਿਹਕਲੰਕ ਕੀਆ ਚਰਨ ਪਿਆਰਾ । ਖੋਲ੍ਹ ਦੇਵੇ ਪ੍ਰਭ ਸਾਚਾ ਦਸਮ ਦਵਾਰਾ । ਸਾਚਾ ਪ੍ਰਭ ਅੰਮ੍ਰਿਤ ਬਰਸੇ ਕਿਰਪਾ ਧਾਰਾ । ਬੇਮੁਖ ਦਰ ਆਏ ਨਾਚਾ, ਸਾਰ ਨਾ ਪਾਏ ਨੈਣ ਮੁੰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਜਾਣੇ ਸਾਰਾ । ਸਰਬ ਜਨਾਂ ਪ੍ਰਭ ਆਪ ਸਮਾਲੇ । ਪ੍ਰਭ ਅਬਿਨਾਸ਼ੀ ਦੀਨ ਦਿਆਲੇ । ਕੋਈ ਨਾ ਜਾਣੇ ਪ੍ਰਭ ਭੇਦ ਨਿਰਾਲੇ । ਗੁਰਮੁਖਾਂ ਵਖਾਏ, ਅੰਮ੍ਰਿਤ ਦੇਵੇ ਭਰ ਪਿਆਲੇ । ਕਰ ਸੁਘੜ ਸਿਆਣੇ ਸੋਹੰ ਸ਼ਬਦ ਪ੍ਰਭ ਦੇਵੇ ਦਾਨੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਰਾਓ ਰੰਕਾਂ ਇਕ ਸਮਾਣੇ । ਰਾਓ ਰੰਕ ਪ੍ਰਭ ਇਕ ਕਰਾਣੇ । ਏਕਾ ਦੂਆ ਦੂਆ ਏਕਾ ਭਉ ਚੁਕਾਣੇ । ਕਲਜੁਗ ਜੋਤ ਜਗੀ ਮਹਾਨੇ । ਭਗਤ ਜਨਾਂ ਪ੍ਰਭ ਦਰਸ ਦਿਖਾਣੇ । ਰਾਤੀਂ ਸੁਤਿਆਂ ਖੜ੍ਹਾ ਰਹੇ ਸਿਰਹਾਣੇ । ਜੋਤ ਸਰੂਪੀ ਜੋਤ ਧਰ, ਗੁਰਮੁਖ ਸਾਚੇ ਪਕੜ ਉਠਾਣੇ । ਨਿਹਕਲੰਕ

ਅਵਤਾਰ ਨਰ, ਅਨਹਦ ਸ਼ਬਦ ਉਪਜਾਣੇ । ਸਾਚੀ ਜੋਤ ਵਿਚ ਜਾਏ ਧਰ, ਸੋਹੰ ਸ਼ਬਦ ਜੋ ਰਸਨਾ ਗਾਣੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦੀ ਆਪੇ ਜਾਣੇ । ਸਰਬ ਜਨਾਂ ਪ੍ਰਭ ਆਪ ਗਿਆਤਾ । ਭਗਤ ਜਨਾਂ ਦੇਵੇ ਪ੍ਰਭ ਸਾਚੀ ਦਾਤਾ । ਆਦਿ ਜੁਗਾਦਿ ਸਦਾ ਪਿਤ ਮਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਕਰਾਏ ਏਕਾ ਭਰਾਤਾ । ਕਲਜੁਗ ਅਵਤਾਰ ਧਾਰ, ਪ੍ਰਭ ਅਬਿਨਾਸ਼ੀ ਖੇਲ ਕਰੇ ਅਪਾਰ । ਸ੍ਰਿਸ਼ਟ ਸਬਾਈ ਪ੍ਰਭ ਮਾਰੇ ਮਾਰ । ਸ਼ਬਦ ਸੋਹੰ ਪ੍ਰਭ ਲਾਏ ਕਟਾਰ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਸਦਾ ਨਿਰਾਹਾਰ । ਜੋਤ ਸਰੂਪੀ ਪ੍ਰਭ ਜੋਤ ਪਰਗਟਾਏ । ਜੋਤ ਸਰੂਪ ਪ੍ਰਭ ਜਾਮਾ ਮਾਤ ਵਿਚ ਪਾਏ । ਜੋਤ ਸਰੂਪ ਜੁਗ ਚੌਥੇ ਆਪਣਾ ਭੇਖ ਵਟਾਏ । ਜੋਤ ਸਰੂਪ ਅਗਾਧ ਬੋਧ ਬੋਧ ਅਗਾਧ ਸ਼ਬਦ ਲਿਖਾਏ । ਜੋਤ ਸਰੂਪ ਸਾਚਾ ਨਾਉਂ ਸੋਹੰ ਜਗਤ ਰਖਾਏ । ਗੁਰਮੁਖਾਂ ਜੋਤ ਸਰੂਪ ਪਵਨ ਸਵਾਸ ਚਲਾਏ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਥਾਏਂ ਹੋਏ ਸਹਾਏ । ਸਾਚਾ ਪ੍ਰਭ ਸਦਾ ਸਹਾਈ । ਜਿਸ ਜਨ ਓਟ ਪ੍ਰਭ ਰਖਾਈ । ਭਗਤਾਂ ਹਿਤ ਪ੍ਰਭ ਮਾਤ ਵਿਚ ਆਈ । ਪ੍ਰਭ ਸਾਚੇ ਦੀ ਸਾਚੀ ਨਾਈ । ਗੁਰਮੁਖ ਸਾਚੇ ਪ੍ਰਭ ਲਏ ਚੜ੍ਹਾਈ । ਸਾਚੀ ਦਰਗਾਹ ਦੇਵੇ ਵਡਿਆਈ । ਅੰਤਕਾਲ ਵਿਚ ਜੋਤ ਮਿਲਾਈ । ਜੋਤ ਸਰੂਪੀ ਵਿਚ ਜੋਤ ਸਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਦੀ ਪੈਜ ਰਖਾਈ । ਆਦਿ ਅੰਤ ਪ੍ਰਭ ਜੋਤ ਆਕਾਰ । ਜੁਗੋ ਜੁਗ ਆਏ ਜਾਮਾ ਧਾਰ । ਅੰਤਮ ਜੁਗ ਕਰੇ ਕਰਤਾਰ । ਪ੍ਰਭ ਸਾਚੇ ਦੀ ਸਾਚੀ ਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਕਿਰਪਾ ਜਾਏ ਤਾਰ । ਅੰਤਮ ਜੁਗ ਪ੍ਰਭ ਆਪ ਕਰਾਏ । ਸਰਬ ਸ਼ਕਤੀ ਪ੍ਰਭ ਖਿਚ ਵਖਾਏ । ਏਕਾ ਆਪਣਾ ਨਾਮ ਧਰਾਏ । ਆਗੇ ਮਾਰਗ ਪ੍ਰਭ ਫੇਰ ਚਲਾਏ । ਸਾਚਾ ਗਿਆਨ ਪ੍ਰਭ ਦਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਕਲ ਨਾਉਂ ਧਰਾਏ । ਨਰਾਇਣ ਨਰ ਜਗਤ ਪ੍ਰਭ ਆਇਆ । ਕਲਜੁਗ ਅੰਤਮ ਭੇਖ ਵਟਾਇਆ । ਸਤਿਜੁਗ ਸਾਚਾ ਮਾਰਗ ਲਾਇਆ । ਏਕਾ ਨਾਮ ਜਗਤ ਚਲਾਇਆ । ਚਾਰ ਵਰਨ ਪ੍ਰਭ ਇਕ ਕਰਾਇਆ । ਰਾਓ ਰੰਕ ਕੋਏ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਕਲ ਨਾਉਂ ਧਰਾਇਆ । ਏਕਾ ਰੰਗ ਸਰਬ ਸਮਾਏ । ਊਚ ਨੀਚ ਕੋਈ ਰਹਿਣ ਨਾ ਪਾਏ । ਏਕਾ ਸ਼ਬਦ ਚਾਰ ਕੁੰਟ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਸਾਚੀ ਨੀਂਹ ਧਰਾਏ । ਸੋਹੰ ਸਾਚਾ ਸ਼ਬਦ ਚਲਾਇਆ । ਸਾਚੇ ਪ੍ਰਭ ਰਸਨ ਅਲਾਇਆ । ਸਤਿਜੁਗ ਤੇਰੀ ਝੋਲੀ ਪਾਇਆ । ਜਗਤ ਭੰਡਾਰੀ ਸਰਬ ਵਰਤਾਇਆ । ਸਤਿਜੁਗ ਜੀਵਾਂ ਵਿਚ ਵਸਾਇਆ । ਆਤਮ ਵਿਕਾਰ ਨਸ਼ਟ ਕਰਾਇਆ । ਹੰਕਾਰ ਨਿਵਾਰੀ ਪ੍ਰਭ ਅਖਵਾਇਆ । ਸਾਂਤਕ ਰੂਪ ਹੋਏ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਸਾਚਾ ਸ਼ਬਦ ਜਗਤ ਧਰਾਏ । ਚਾਰ ਵਰਨ ਰਸਨਾ ਗਾਏ । ਬਾਕੀ ਪੂਜਾ ਸਰਬ ਹਟਾਏ । ਏਕਾ ਹੋਏ ਨਿਹਕਲੰਕ ਸਰਨਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਕਲ ਜਾਮਾ ਪਾਏ । ਏਕਾ ਸ਼ਬਦ ਜਗਤ ਵਰਤੰਤ । ਸ਼ਬਦ ਚਲਾਏ ਪ੍ਰਭ ਭਗਵੰਤ । ਰਸਨਾ ਗਾਏ ਕੋਈ ਵਿਰਲਾ ਸੰਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਜੀਆਂ ਮਾਇਆ ਪਾਏ ਬੇਅੰਤ । ਸਾਚਾ ਪ੍ਰਭ ਸ਼ਬਦ ਭੰਡਾਰੀ । ਸਤਿਜੁਗ ਜੀਵਾਂ ਦੇਵੇ ਨਾਮ ਅਧਾਰੀ । ਦਿਵਸ ਰੈਣ ਰੈਣ ਦਿਵਸ ਪ੍ਰਭ ਆਤਮ ਦੇਵੇ ਖੁਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਾਣ ਸਰਬ ਨਰ ਨਾਰੀ । ਸਤਿਜੁਗ ਸਾਚਾ ਮਾਰਗ

ਲਾਇਆ । ਨਿਹਕਲੰਕ ਕਲ ਜਾਮਾ ਪਾਇਆ । ਸੋਹੰ ਸਾਚਾ ਸ਼ਬਦ ਲੇਖ ਲਿਖਾਇਆ । ਚਾਰ ਵਰਨ ਪ੍ਰਭ ਏਕਾ ਓਟ ਧਰਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਜਾਮਾ ਪਾਇਆ । ਸਾਚਾ ਸ਼ਬਦ ਸਾਚੀ ਨਈਆ । ਚਾਰ ਵਰਨ ਕਰਾਏ ਏਕਾ ਭਈਆ । ਸਾਚਾ ਸ਼ਬਦ ਗਿਆਨ ਪ੍ਰਭ ਦਵਈਆ । ਦੇਵੇ ਦਾਨ ਭਗਤ ਭਗਵਾਨ, ਪ੍ਰਭ ਸਭ ਦਾ ਮਾਣ ਰਖਈਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਕਲ ਵਰਤਈਆ । ਸੋਹੰ ਸਾਚਾ ਸ਼ਬਦ ਗਿਆਨਾ । ਆਤਮ ਜੋਤ ਜਗਾਏ ਮਹਾਨਾ । ਪਰਗਟ ਜੋਤ ਦੇਵੇ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਜੋਤ ਸਰੂਪ ਜਗਤ ਪਿਤ ਆਇਆ । ਸਾਚਾ ਨਾਮ ਜਗਤ ਧਰਾਇਆ । ਗੁਰਮੁਖਾਂ ਪ੍ਰਭ ਗਲੇ ਲਗਾਇਆ । ਦੁਖੀਆਂ ਭੁਖੀਆਂ ਪ੍ਰਭ ਭੁਖ ਗਵਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਤਮ ਸਾਚਾ ਸੁਖ ਦਵਾਇਆ । ਆਤਮ ਸੁਖ ਆਤਮ ਰਸ । ਸਾਚਾ ਰਾਹ ਪ੍ਰਭ ਜਾਏ ਦੱਸ । ਗੁਰਮੁਖ ਆਏ ਪ੍ਰਭ ਚਰਨ ਨੱਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖਾਂ ਹੋਏ ਵਸ । ਬਲ ਬਲ ਬਲ ਬਲਿਹਾਰ । ਜੋ ਜਨ ਚਲ ਆਇਣ ਪ੍ਰਭ ਦਰਬਾਰ । ਅੰਤਮ ਦੇਵੇ ਮੋਖ ਦਵਾਰ । ਸਾਚਾ ਬਖ਼ਸ਼ੇ ਨਾਮ ਅਧਾਰ । ਦੇਵਣਹਾਰ ਆਪ ਦਾਤਾਰ । ਕਰਮ ਧਰਮ ਪ੍ਰਭ ਲਏ ਵਿਚਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਤੇਰੀ ਪਾਏ ਸਾਰ । ਸਾਧ ਸੰਗਤ ਪ੍ਰਭ ਸਾਰ ਸਮਾਲੇ । ਆਪਣਾ ਬਿਰਦ ਆਪ ਰਖਾਲੇ । ਗੁਰਮੁਖਾਂ ਕਰੇ ਸਦਾ ਪ੍ਰਿਤਪਾਲੇ । ਚਰਨ ਧੂੜ ਜਨ ਮਸਤਕ ਲਾ ਲੇ । ਪ੍ਰਭ ਅਬਿਨਾਸ਼ੀ ਘਰ ਮੇਂ ਪਾ ਲੇ । ਸਤਿਗੁਰ ਸਾਚਾ ਸੰਗ ਰਹੇ ਸਦ ਨਾਲੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਦੇਵੇ ਸਾਚੀ ਮਾਲੇ । ਕਰ ਦਰਸ ਆਤਮ ਤ੍ਰਿਪਤਾਸਿਆ । ਸੋਹੰ ਜਪੇ ਸਵਾਸ ਸਵਾਸਿਆ । ਅਗਿਆਨ ਅੰਧੇਰ ਸਰਬ ਵਿਨਾਸਿਆ । ਸਾਚਾ ਪ੍ਰਭ ਜੋਤ ਪਰਕਾਸ਼ਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਦੇਵੇ ਧਰਵਾਸਿਆ । ਪ੍ਰਭ ਅਬਿਨਾਸ਼ੀ ਅਲਖ ਅਭੇਵੇ । ਚਰਨ ਆਏ ਸਭ ਦੇਵੀ ਦੇਵੇ । ਗੁਰਮੁਖ ਵਿਰਲਾ ਪ੍ਰਭ ਰਸਨਾ ਸੇਵੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਪੂਜ ਰਖੇਵੇ । ਪ੍ਰਭ ਚਰਨ ਸਚ ਦਵਾਰ । ਜਨ ਭਗਤਾਂ ਦੇਵੇ ਮੋਖ ਦਵਾਰ । ਗੁਰਮੁਖ ਰੱਖੇ ਜੋ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦੀ ਪਾਵੇ ਸਾਰ । ਭਗਤ ਉਧਾਰੀ ਆਪ ਪ੍ਰਭ । ਗੁਰਮੁਖ ਕਲਜੁਗ ਲਏ ਲੱਭ । ਅੰਮ੍ਰਿਤ ਝਿਰਨਾ ਝਿਰਾਏ ਨਭ । ਆਪਣਾ ਭੇਵ ਖੁਲ੍ਹਾਏ ਝਬ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਅਗਨ ਜਲਾਏ ਸਭ । ਆਪ ਆਪਣਾ ਭੇਵ ਚੁਕਾਇਆ । ਦਰ ਆਈ ਸਾਧ ਸੰਗਤ ਮਾਣ ਦਵਾਇਆ । ਜੋਤ ਸਰੂਪ ਪਰਗਟ ਜੋਤ ਦਰਸ ਦਿਖਾਇਆ । ਜਗਤ ਚੁਕਾਇਆ ਆਵਣ ਜਾਣ, ਵਿਚ ਜੋਤੀ ਮੇਲ ਮਿਲਾਇਆ । ਗੁਰਮੁਖ ਸਾਚੇ ਵਿਚ ਬਿਬਾਣ, ਅੰਤ ਸਾਚੇ ਧਾਮ ਪੁਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦਇਆ ਕਮਾਇਆ । ਗੁਰਮੁਖਾਂ ਪ੍ਰਭ ਮਾਣ ਦਵਾਏ । ਆਤਮ ਸੁਖ ਸਦ ਉਪਜਾਏ । ਜਗਤ ਤ੍ਰਿਸਨਾ ਸਰਬ ਜਲਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਕਰਮ ਕਮਾਏ । ਗੁਰਮੁਖ ਸਾਚੇ ਪ੍ਰਭ ਸਾਚੀ ਦੇਵੇ ਮਤਿ । ਸੋਹੰ ਦੇਵੇ ਸਾਚੀ ਵਥ । ਅੰਤਕਾਲ ਪ੍ਰਭ ਸਾਚਾ ਰੱਖੇ ਪਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ । ਸਰਬ ਜਨਾਂ ਪ੍ਰਭ ਆਸਾ ਪੂਰ । ਜੋ ਜਨ ਆਏ ਚਰਨ ਹਜ਼ੂਰ । ਜੋਤ ਸਰੂਪੀ ਪ੍ਰਭ ਸਾਚਾ ਦੇਵੇ ਨੂਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਡ ਦਾਤਾ ਵਡ ਸੂਰ । ਸਾਧ ਸੰਗਤ ਦਰ ਪਰਵਾਨ । ਦੇਵੇ ਵਡਿਆਈ ਵਿਸ਼ਨੂੰ

ਭਗਵਾਨ । ਸਤਿਜੁਗ ਸਾਚਾ ਰਿਹਾ ਨਿਸ਼ਾਨ । ਸ੍ਰਿਸ਼ਟ ਸਬਾਈ ਚਰਨੀ ਲੱਗੇ ਆਣ । ਰਾਓ ਰੰਕ ਇਕ ਸਮਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦਾ ਜਾਣੀ ਜਾਣ । ਸਰਬ ਜਨਾਂ ਦੀ ਆਪੇ ਜਾਣੇ । ਸਰਬ ਚਲਾਏ ਆਪਣੇ ਭਾਣੇ । ਮਾਇਆਧਾਰੀ ਨਸ਼ਟ ਕਰਾਣੇ । ਰਾਓ ਰੰਕ ਇਕ ਸਮਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਦੇ ਦਰਸ਼ਨ ਗੁਰ ਰੋਗ ਮਿਟਾਇਆ । ਸਚ ਘਰ ਆ ਭਰਮ ਚੁਕਾਇਆ । ਸੋਹੰ ਦਿਤਾ ਸਾਚਾ ਨਾਉਂ, ਮੁਕਤ ਜੁਗਤ ਦਾ ਰਾਹ ਚਲਾਇਆ । ਦਰਗਹਿ ਸਾਚੀ ਮਿਲੇ ਥਾਉਂ, ਮਹਾਰਾਜ ਸ਼ੇਰ ਸਿੰਘ ਮਾਣ ਦਵਾਇਆ । ਸਰਬ ਘਟਾ ਪ੍ਰਭ ਵਾਸ ਰਖਾਏ । ਆਪ ਆਪਣੇ ਵਿਚ ਸਮਾਏ । ਜੋ ਜਨ ਹੋਏ ਮਦਿਰਾ ਮਾਸੀ, ਅੰਤਕਾਲ ਪ੍ਰਭ ਦੇ ਸਜ਼ਾਏ । ਅੰਤਕਾਲ ਹੋਏ ਨਰਕ ਨਿਵਾਸੀ, ਕੋਈ ਨਾ ਪਾਰ ਲੰਘਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣੀ ਕਲ ਸਰਬ ਵਰਤਾਏ । ਆਪਣਾ ਭਾਣਾ ਸਤਿ ਵਰਤਾਏ । ਸਤਿ ਪੁਰਖਾਂ ਜੀਵਾਂ ਜਨਮ ਦਵਾਏ । ਸੰਤ ਜਨਾਂ ਪ੍ਰਭ ਵਿਚ ਸਮਾਏ । ਸੰਗਤ ਸਾਧ ਸਾਧ ਸੰਗਤ ਪ੍ਰਭ ਅਬਿਨਾਸ਼ੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਪੂਰ ਕਰਾਏ । ਆਸਾ ਮਨਸਾ ਪੂਰ ਕਰਾਏ । ਵਿਸਮਾਦੀ ਵਿਸਮਾਦ ਸਮਾਏ । ਭਰਮ ਭੁਲੇਖੇ ਜਗਤ ਭੁਲਾਏ । ਗੁਰਮੁਖਾਂ ਪ੍ਰਭ ਲੇਖੇ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਾਹ ਸਾਚੀ ਲੇਖ ਲਿਖਾਏ । ਲੇਖ ਲਿਖਾਇਆ ਆਪ ਕਰਤਾਰ । ਸਾਚਾ ਸ਼ਬਦ ਲਿਖਾਏ ਅਪਰ ਅਪਾਰ । ਭਗਤ ਜਨਾਂ ਪ੍ਰਭ ਭਰੇ ਭੰਡਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦੀ ਜਾਣੇ ਸਾਰ । ਵਡ ਦਾਤਾ ਵਡ ਦਇਆ ਦਾਨ । ਕਿਰਪਾ ਕਰੇ ਆਪ ਭਗਵਾਨ । ਸੋਹੰ ਸਾਚਾ ਦੇਵੇ ਮਾਣ । ਰਸਨਾ ਜੀਵ ਆਤਮ ਤ੍ਰਿਪਤਾਣ । ਜੋਤ ਸਰੂਪ ਦੇਵੇ ਦਰਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਰਸਨਾ ਜਪ ਆਤਮ ਤ੍ਰਿਪਤਾਏ । ਜੋਤ ਸਰੂਪ ਪ੍ਰਭ ਦਰਸ ਦਿਖਾਏ । ਨਿਜਾਨੰਦ ਪ੍ਰਭ ਦੇ ਉਪਜਾਏ । ਆਤਮ ਬੁਝੀ ਦੀਪ ਜਗਾਏ । ਅਗਿਆਨ ਅੰਧੇਰ ਪ੍ਰਭ ਦੇ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਰਾਏ । ਅਗਿਆਨ ਅੰਧੇਰ ਪ੍ਰਭ ਮਿਟਾਇਆ । ਪਤਿਪਰਮੇਸ਼ਵਰ ਵਿਚੋਂ ਰਘੁਪਤ ਰਘੁਨਾਥ ਸਗਲਾ ਸਾਥ ਨਜ਼ਰੀ ਆਇਆ । ਸਾਚਾ ਪ੍ਰਭ ਸਗਲਾ ਸਾਥ, ਭਗਤ ਜਨਾਂ ਦੇ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਗਤ ਰਹਾਇਆ । ਸਰਬ ਜਨਾਂ ਦੀ ਆਸ ਪੁਜਾਏ । ਅੰਧ ਅਗਿਆਨ ਦੇ ਮਿਟਾਏ । ਸਰਬ ਜੀਆਂ ਦੀ ਆਸ ਪੁਜਾਏ । ਜੀਵ ਜੰਤ ਪ੍ਰਭ ਧਰਵਾਸ ਜੋਤ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣਾ ਆਪ ਚੁਕਾਏ । ਸਾਚਾ ਪ੍ਰਭ ਸਰਬ ਧਰਵਾਸ । ਜੀਵ ਜੰਤ ਸਰਬ ਰਖੇ ਵਾਸ । ਰਸਨਾ ਜਪ ਜੀਵ, ਮਾਨਸ ਜਨਮ ਹੋਏ ਰਾਸ । ਆਤਮ ਜਗੇ ਸਾਚੀ ਦੀਵ, ਦੁਖ ਦਰਦ ਹੋ ਜਾਇਣ ਵਿਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਪ੍ਰਭ ਅਬਿਨਾਸ਼ । ਸਾਚਾ ਪ੍ਰਭ ਦਇਆ ਕਮਾਏ । ਸਾਧ ਸੰਗਤ ਦਰ ਮਾਣ ਦਵਾਏ । ਦੁੱਧ ਪੁੱਤ ਪ੍ਰਭ ਝੋਲੀ ਪਾਏ । ਜੋ ਦਰ ਮੰਗਣ ਸੀਸ ਝੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭੁੱਖਿਆਂ ਸਰਬ ਭੁੱਖ ਗਵਾਏ । ਗੁਰਸੰਗਤ ਗੁਰ ਪਾਰ ਉਤਾਰਿਆ । ਸਾਚਾ ਦਾਨ ਦੇਵੇ ਦਰ ਦਰਬਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰਿਆ । ਸਾਧ ਸੰਗਤ ਗੁਰ ਪੇਖੇ ਨੈਣ । ਕਰ ਦਰਸ ਗੁਰਚਰਨੀ ਬੈਹਣ । ਪ੍ਰਭ ਕਾ ਭਾਣਾ ਸਿਰ ਉਤੇ ਸਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣਾ ਲੈਣ । ਸਾਚੀ ਪ੍ਰੀਤੀ ਚਰਨ ਧਿਆਨ । ਕਿਰਪਾ ਕਰੇ ਆਪ ਭਗਵਾਨ । ਜੀਵ ਜੰਤ ਪ੍ਰਭ ਸਾਚੇ ਦੀ

ਸੋਝੀ ਪਾਣ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਦਰਸ ਦੇਵੇ ਆਣ । ਸਾਚੀ ਪ੍ਰੀਤ ਜਿਸ ਜਨ ਕਮਾਈ । ਸਾਚੇ ਦਰ ਮਿਲੇ ਵਡਿਆਈ । ਉਚ ਪਦਵੀ ਪ੍ਰਭ ਦਰ ਤੇ ਪਾਈ । ਚੁਰਾਸੀ ਗੇੜ ਪ੍ਰਭ ਕਟਾਈ । ਪ੍ਰਭ ਸਾਚੇ ਦੀ ਸਾਚੀ ਵਡਿਆਈ । ਗੁਰਮੁਖ ਸਾਚੇ ਜੋਤ ਸਰੂਪ ਦਰਸ ਦਿਖਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਭ ਥਾਏਂ ਹੋਏ ਸਹਾਈ । ਚਰਨ ਪ੍ਰੀਤੀ ਪੂਰਨ ਘਾਲ । ਗੁਰਸਿਖ ਤੇਰੀ ਨਿਭੇ ਨਾਲ । ਸਾਚਾ ਨਾਮ ਸੋਹੰ ਦੇਵੇ ਧਨ ਮਾਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦ ਤੇਰਾ ਰਖਵਾਲ । ਸਾਚੀ ਪ੍ਰੀਤ ਚਰਨ ਕਮਾ । ਮਾਨਸ ਜਨਮ ਸੁਫਲ ਕਰਾ । ਆਵਣ ਜਾਵਣ ਦੁਖ ਮਿਟਾ । ਜੋਤ ਸਰੂਪੀ ਵਿਚ ਜੋਤ ਰਿਹਾ ਸਮਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਭ ਥਾਈਂ ਹੋਏ ਸਹਾ । ਚਰਨ ਪ੍ਰੀਤੀ ਸਾਚੀ ਰੀਤੀ । ਪ੍ਰਭ ਅਬਿਨਾਸ਼ੀ ਪਰਖੇ ਨੀਤੀ । ਸਾਚੀ ਦਾਤ ਪ੍ਰਭ ਸਾਚੇ ਦੀਤੀ । ਭੁਲ ਕਰੇ ਨਾ ਸਿੱਖ ਕੁਰੀਤੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਤੇਰੀ ਕਾਇਆ ਸੀਤਲ ਕੀਤੀ । ਸਾਚੀ ਪ੍ਰੀਤੀ ਚਰਨ ਪਿਆਰ । ਦੇਵੇ ਦਰਸ ਪ੍ਰਭ ਅਗੰਮ ਅਪਾਰ । ਕਲਜੁਗ ਰੱਖੇ ਪਤ ਆਪ ਕਰਤਾਰ । ਜਨ ਹੋਏ ਨਿਮਾਣਾ ਪ੍ਰਭ ਦਰਬਾਰ । ਸੋਹੰ ਸਾਚਾ ਨਾਮ ਪ੍ਰਭ ਦੇਵੇ ਆਤਮ ਅਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਭਰ ਭੰਡਾਰ । ਚਰਨ ਪ੍ਰੀਤੀ ਸਾਚਾ ਥਾਂ । ਪ੍ਰਭ ਮਿਲਣ ਦਾ ਸਾਚਾ ਰਾਹ । ਭਰਮ ਭੁਲੇਖੇ ਪ੍ਰਭ ਸਾਰੇ ਦਏ ਗਵਾ । ਜੋਤ ਸਰੂਪ ਨਿਹਕਲੰਕ ਰਖਾਏ ਨਾਂ । ਕਲਜੁਗ ਜਾਮਾ ਧਾਰਿਆ ਬੇਮੁਖਾਂ ਦੀਸੇ ਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਵਿਚ ਰਿਹਾ ਸਮਾ । ਗੁਰਚਰਨ ਪ੍ਰੀਤੀ ਸਾਚਾ ਰੰਗ । ਸਾਚਾ ਦਾਨ ਪ੍ਰਭ ਦਰ ਲਿਆ ਮੰਗ । ਸਾਚਾ ਪ੍ਰਭ ਵਡ ਸੂਰਾ ਸਰਬੰਗ । ਚਰਨ ਧੂੜ ਜਨ ਲਾਏ ਅੰਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਸਹਾਈ ਅੰਗ ਸੰਗ । ਅੰਗ ਸੰਗ ਪ੍ਰਭ ਸਦਾ ਸਹਾਈ । ਚਰਨ ਸੇਵ ਜਿਸ ਜਨ ਕਮਾਈ । ਸਾਚੀ ਮਤਿ ਪ੍ਰਭ ਸਾਚੇ ਪਾਈ । ਸਾਚਾ ਸ਼ਬਦ ਪ੍ਰਭ ਦੇ ਜਣਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਕਾਰ ਕਮਾਈ । ਚਰਨ ਪ੍ਰੀਤੀ ਦੇਵੇ ਸਾਚਾ ਗੁਰ । ਪ੍ਰਭ ਅਬਿਨਾਸ਼ੀ ਲੇਖ ਲਿਖਾਇਆ ਧੁਰ । ਗੁਰਮੁਖ ਵਿਰਲੇ ਕਲ ਜਾਏ ਚਰਨ ਜੁੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਿਲਿਆ ਸਾਚਾ ਗੁਰ । ਸਾਚਾ ਗੁਰ ਸਦਾ ਉਪਦੇਸੇ । ਜੋਤ ਸਰੂਪੀ ਪਹਰਿਆ ਵੇਸੇ । ਸ਼ਰਨ ਪਰਨ ਬ੍ਰਹਮਾ ਵਿਸ਼ਨ ਮਹੇਸ਼ੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸਰਬ ਪਰਵੇਸ਼ੇ । ਪ੍ਰਭ ਚਰਨ ਪ੍ਰੀਤੀ ਸਦਾ ਕਮਾਓ । ਅਮਰਾ ਪਦ ਪ੍ਰਭ ਦਰ ਸਦ ਪਾਓ । ਵਡ ਹੰਸ ਗੁਰਸਿਖ ਬਣ ਜਾਓ । ਕਾਗਾਂ ਵਿਚੋਂ ਨਾਂ ਕਢਾਓ । ਨਿਹਕਲੰਕ ਦੀ ਸੇਵ ਕਮਾਓ । ਆਤਮ ਅਮੋੜ ਨਾ ਪਤ ਗਵਾਓ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਤਮ ਰੰਗ ਗੂੜ੍ਹ ਚੜ੍ਹਾਓ । ਚਰਨ ਸੇਵ ਜਿਸ ਜਨ ਕਰਾਏ । ਕਰ ਕਿਰਪਾ ਪ੍ਰਭ ਪਾਰ ਕਰਾਏ । ਸਾਚੀ ਬਖ਼ਸ਼ੇ ਪ੍ਰਭ ਸਰਨਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਸੇਵਾ ਸੁਫਲ ਕਰਾਏ । ਚਰਨ ਪ੍ਰੀਤੀ ਗੁਰਚਰਨ ਕਰ । ਆਤਮ ਸਾਚਾ ਧਿਆਨ ਧਰ । ਪ੍ਰਭ ਅਬਿਨਾਸ਼ੀ ਸਾਚਾ ਦੇਵੇ ਵਰ । ਗੁਰਮੁਖ ਸਾਚੇ ਮੂਲ ਨਾ ਡਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਹੋਏ ਸਹਾਈ ਅਵਤਾਰ ਨਰ । ਗੁਰ ਚਰਨ ਪ੍ਰੀਤੀ ਸਾਚੀ ਮੰਗ । ਗੁਰਮੁਖ ਸਾਚਾ ਪਾਰ ਜਾਏ ਲੰਘ । ਮਾਨਸ ਜਨਮ ਨਾ ਹੋਵੇ ਭੰਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਤਮ ਚਾੜ੍ਹੇ ਸਾਚਾ ਰੰਗ । ਗੁਰਚਰਨ ਸੇਵ ਗੁਰ ਦਰਬਾਰ । ਗੁਰਸਿਖ ਸਾਚਾ ਜਾਏ ਨਾ ਹਾਰ । ਅੰਤ ਨਾ ਖਾਏ ਜਮ ਕੀ ਮਾਰ । ਪ੍ਰਭ ਅਬਿਨਾਸ਼ੀ ਜਾਏ ਤਾਰ । ਜੋਤ ਸਰੂਪੀ ਦੇਵੇ ਦਰਸ

੬੫੭
੦੧

ਅਪਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਚਰਨ ਸੇਵਕ ਨੂੰ ਜਾਏ ਤਾਰ । ਚਰਨ ਸੇਵ ਸਾਚਾ ਸਤਿ । ਪ੍ਰਭ ਅਬਿਨਾਸ਼ੀ ਦੇਵੇ ਸਾਚੀ ਮਤਿ । ਸੋਹੰ ਸ਼ਬਦ ਏਕਾ ਰੱਖੇ ਤਤ । ਸਤਿ ਸੰਤੋਖ ਧੀਰ ਧਰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੀ ਰੱਖੇ ਪਤ । ਬੇਮੁਖਾਂ ਪ੍ਰਭ ਪੜਦਾ ਪਾਇਆ । ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਜੋਤ ਸਰੂਪੀ ਜੋਤ ਜਗਾ, ਪਰਗਟ ਹੋਏ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਏ ਮਾਣ ਦਵਾਇਆ । ਧੰਨ ਧੰਨ ਧੰਨ ਕਮਾਈ ਗੁਰਸੰਗਤ । ਧੰਨ ਧੰਨ ਧੰਨ ਵਡਿਆਈ ਪਾਈ ਪ੍ਰਭ ਸੰਗਤ । ਧੰਨ ਧੰਨ ਧੰਨ ਨਾਮ ਦਾਨ ਭਿਛਿਆ ਪਾਈ ਗੁਰ ਸੰਗਤ । ਧੰਨ ਧੰਨ ਧੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਤਰਾਈ ਗੁਰ ਸੰਗਤ । ਰੰਗ ਰੰਗ ਰੰਗ ਗੁਰਚਰਨ ਚੜ੍ਹਾਏ । ਅੰਗ ਅੰਗ ਅੰਗ, ਪ੍ਰਭ ਅੰਗੀਕਾਰ ਕਰਾਏ । ਮੰਗ ਮੰਗ ਮੰਗ ਦਾਨ ਗੁਰਮੁਖ ਸਾਚਾ ਬੇੜਾ ਪਾਰ ਕਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਸਿਰ ਹੱਥ ਟਿਕਾਏ । ਸਾਧ ਸੰਗਤ ਤੇਰੇ ਮਨ ਵਡਿਆਈ । ਲਜ ਪਤ ਪ੍ਰਭ ਆਪ ਰਖਾਈ । ਵਿਚ ਮਾਤ ਦੇਵੇ ਵਡਿਆਈ । ਪਹਿਲੀ ਮਾਘ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤਰਾਈ । ਸਾਧ ਸੰਗਤ ਪ੍ਰਭ ਦਰਸ ਦਿਖਾਇਆ । ਆਸਾ ਮਨਸਾ ਪੂਰ ਕਰ, ਆਤਮ ਸਰਬ ਤ੍ਰਿਪਤਾਇਆ । ਹਉਮੇ ਦੁਖੜੇ ਦੂਰ ਕਰ, ਪ੍ਰਭ ਆਤਮ ਸੁੱਖ ਵਸਾਇਆ । ਗੁਰਸਿਖਾਂ ਆਤਮ ਨੂਰ ਕਰ, ਪ੍ਰਭ ਜੋਤੀ ਜੋਤ ਮਿਲਾਇਆ । ਖ਼ਾਲੀ ਭਰੇ ਭੰਡਾਰ ਸਰਬ ਭਰਪੂਰ ਕਰ, ਪ੍ਰਭ ਦਰ ਤੋਂ ਵਿਦਾ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਪਰਗਟ ਸਾਧ ਸੰਗਤ ਦਰਸ ਦਿਖਾਇਆ । ਗੁਰਸੰਗਤ ਆਈ ਗੁਰ ਦਰਬਾਰ । ਪ੍ਰਭ ਅਬਿਨਾਸ਼ੀ ਦੇਵੇ ਤਾਰ । ਦੁਖੀਆਂ ਦੁਖ ਲਏ ਨਿਵਾਰ । ਦੁੱਧ ਪੁੱਤ ਬਖ਼ਸ਼ੇ ਦਾਤਾ ਦਾਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਖ਼ਾਲੀ ਭਰੇ ਭੰਡਾਰ । ਸਾਧ ਸੰਗਤ ਤੇਰੀ ਪਤ ਰਖਾਈ । ਰਿਧ ਸਿਧ ਸਭ ਵਸ ਕਰਾਈ । ਚਰਨ ਆਏ ਪ੍ਰਭ ਦਏ ਵਡਿਆਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਦੇਵੇ ਵਧਾਈ । ਗੁਰ ਸੰਗਤ ਸੰਗਤ ਗੁਰ ਗੁਰ ਗੋਬਿੰਦਾ । ਸਦਾ ਸਦਾ ਸਦਾ ਪ੍ਰਭ ਬਖ਼ਸ਼ਿੰਦਾ । ਗੁਰਮੁਖਾਂ ਦੇਵੇ ਮਾਣ, ਊਚ ਕਰੇ ਵਿਚ ਸੁਰਪਤ ਰਾਜੇ ਇੰਦਾ । ਸਿਰ ਹੱਥ ਧਰੇ ਭਗਵਾਨ, ਵਡ ਦਾਤਾ ਗੁਣੀ ਗਹਿੰਦਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦੀ ਆਸ ਪੂਰ ਕਰੰਦਾ । ਗੁਣਵੰਤ ਪ੍ਰਭ ਗੁਣ ਭਰਪੂਰ । ਸਾਧ ਸੰਗਤ ਤੇਰੀ ਆਸਾ ਪੂਰ । ਚਰਨ ਲਗਾਏ ਜੋ ਜਨ ਮਸਤਕ ਧੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦੇਵੇ ਦਰਸ ਨਾ ਜਾਣੋ ਦੂਰ । ਗੁਰ ਪੂਰੇ ਸਚ ਧਾਮ ਸੁਹਾਇਆ । ਸਾਧ ਸੰਗਤ ਮਿਲ ਮੰਗਲ ਗਾਇਆ । ਪ੍ਰਭ ਅਬਿਨਾਸ਼ੀ ਰਸਨਾ ਅਲਾਇਆ । ਮਾਤਲੋਕ ਬੈਕੁੰਠ ਬਣਾਇਆ । ਨਿਹਕਲੰਕ ਅਵਤਾਰ ਨਰ ਸਾਧ ਸੰਗਤ ਵਿਚ ਬਹਾਇਆ । ਸਾਧ ਸੰਗਤ ਪ੍ਰਭ ਜਾਏ ਤਾਰ, ਜੋਤ ਸਰੂਪੀ ਜਾਮਾ ਪਾਇਆ । ਬੇਮੁਖ ਸੁੱਤੇ ਪੈਰ ਪਸਾਰ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਕਲਜੁਗ ਜੀਵ ਹੋਏ ਵਿਭਚਾਰ, ਮਾਇਆ ਮਮਤਾ ਲੋਭ ਵਧਾਇਆ । ਗੁਰ ਸੰਗਤ ਬੇੜਾ ਪਾਰ ਕਰ, ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ । ਗੁਰਸੰਗਤ ਬੰਨ੍ਹਾਏ ਪ੍ਰਭ ਸਾਚਾ ਧੀਰ । ਅੰਮ੍ਰਿਤ ਮੁਖ ਚੁਆਏ ਜਿਉਂ ਬਾਲਕ ਮਾਤਾ ਸੀਰ । ਪ੍ਰਭ ਆਤਮ ਸੁਖ ਦਵਾਏ ਹਉਮੇ ਕੱਟੇ ਪੀਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸ਼ਾਂਤ ਕਰੇ ਸਰੀਰ । ਸ਼ਾਂਤ ਸ਼ਾਂਤ ਪ੍ਰਭ ਸ਼ਾਂਤ ਕਰਾਏ । ਅੰਮ੍ਰਿਤ ਮੇਘ ਬੂੰਦ ਸਵਾਂਤੀ ਪ੍ਰਭ ਮੁਖ ਚੁਆਏ । ਪ੍ਰਭ ਅਕਾਸ਼ੀ ਦਿਵਸ ਰਾਤੀ, ਏਕਾ ਜੋਤ ਵਿਚ ਜਗਾਏ । ਗੁਰਮੁਖ ਸਾਚੇ ਮਾਰੀ ਝਾਤੀ, ਜੋਤ

ਸਰੂਪ ਵਿਚ ਰਿਹਾ ਸਮਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਤੇਰੀ ਪਤ ਰਖਾਏ । ਸਾਧ ਸੰਗਤ ਤੇਰਾ ਸਾਚਾ ਦਰ । ਸਾਧ ਸੰਗਤ ਤੇਰਾ ਸਾਚਾ ਘਰ । ਸਾਧ ਸੰਗਤ ਤੇਰਾ ਸਾਚਾ ਵਰ । ਸਾਧ ਸੰਗਤ ਤੇਰਾ ਹੋਏ ਸਹਾਈ ਅਵਤਾਰ ਨਰ । ਸਾਧ ਸੰਗਤ ਮਾਤਲੋਕ ਵਿਚ ਮੂਲ ਨਾ ਡਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵੇਲੇ ਅੰਤ ਬਚਾਏ ਸਿਰ ਹਥ ਧਰ । ਪ੍ਰਭ ਸਾਚੇ ਘਰ ਸਾਚਾ ਨਾਉਂ । ਪ੍ਰਭ ਅਬਿਨਾਸ਼ੀ ਸਦ ਰਸਨਾ ਗਾਓ । ਕੋਟ ਜਨਮ ਦੇ ਪਾਪ ਗਵਾਓ । ਦਰਗਾਹ ਸਾਚੀ ਮਾਣ ਰਖਾਓ । ਆਵਣ ਜਾਣ ਦਾ ਗੇੜ ਕਟਾਓ । ਜੋਤ ਸਰੂਪੀ ਜੋਤ ਪ੍ਰਭ, ਅੰਤ ਜੋਤ ਮਿਲ ਜਾਓ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਦਰਸ ਤਰ ਜਾਓ । ਗੁਣ ਗਾਓ ਗਹਿਰ ਗੰਭੀਰ । ਸੋਹੰ ਦੇਵੇ ਆਤਮ ਧੀਰ । ਹਉਮੇ ਕੱਢੇ ਵਿਚੋਂ ਪੀਰ । ਅੰਮ੍ਰਿਤ ਝਿਰੇ ਜਿਉਂ ਬਾਲਕ ਮਾਤਾ ਸੀਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸ਼ਾਂਤ ਕਰੇ ਸਰੀਰ । ਆਤਮ ਸ਼ਾਂਤ ਪ੍ਰਭ ਕਰਾਏ । ਏਕਾ ਦੂਜਾ ਭਉ ਚੁਕਾਏ । ਪ੍ਰਭ ਅਬਿਨਾਸ਼ੀ ਏਕਾ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਦਰਸ ਦਿਖਾਏ । ਕਰ ਦਰਸ ਗੁਰਸਿਖ ਤ੍ਰਿਪਤਾਸਿਆ । ਗੁਰਮੁਖ ਸਾਚਾ ਸਚਖੰਡ ਨਿਵਾਸਿਆ । ਪੂਰਨ ਗੁਰ ਦੀਆ ਪੂਰਨ ਭਰਵਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਬੰਦ ਖੁਲਾਸਿਆ । ਬੰਦੀ ਤੋੜ ਪ੍ਰਭ ਅਖਵਾਏ । ਚਰਨ ਜੋੜ ਗੁਰਸਿਖ ਤਰਾਏ । ਬੇਮੁਖ ਰੋੜ੍ਹ ਕਲਜੁਗ ਅੰਤ ਕਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪ ਜਗਤ ਵਿਚ ਆਏ । ਜੋਤ ਸਰੂਪ ਜਗਤ ਪ੍ਰਭ ਆ ਕੇ । ਵਿਛੜਿਆਂ ਪ੍ਰਭ ਚਰਨੀ ਮੇਲ ਮਿਲਾ ਕੇ । ਗੁਰਮੁਖਾਂ ਆਤਮ ਦੁਖੜੇ ਜਾਏ ਮਿਟਾ ਕੇ । ਸੁੱਕੇ ਹੋਏ ਰੁਖੜੇ ਪ੍ਰਭ ਜਾਏ ਹਰੇ ਕਰਾ ਕੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸ਼ਬਦ ਜੀਵ ਉਪਾ ਕੇ । ਸੋਹੰ ਸ਼ਬਦ ਮੁਖ ਚੁਆਇਆ । ਰਸਨਾ ਜਪ ਜੀਵ ਆਤਮ ਰਸ ਪਾਇਆ । ਅੰਮ੍ਰਿਤ ਨਾਮ ਸਾਚਾ ਰਸ ਪੀਵ, ਪ੍ਰਭ ਆਤਮ ਸਾਚੀ ਨਈਆ ਚਲਾਇਆ । ਤੇਰੀ ਆਤਮ ਗੁਰਸਿਖ ਜੋਤ ਜਗਾਏ ਦੀਵ, ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ । ਗੁਰਮੁਖ ਸਾਚੇ ਸਾਚਾ ਰੰਗ ਮਾਣ । ਪ੍ਰਭ ਅਬਿਨਾਸ਼ੀ ਸਾਚਾ ਜਾਣ । ਚਰਨ ਕਵਲ ਕਵਲ ਚਰਨ ਜਨ ਪ੍ਰਭ ਡਿੱਗੇ ਆਣ । ਨਿਹਕਲੰਕ ਅਵਤਾਰ ਨਰ ਏਕਾ ਬਖ਼ਸ਼ੇ ਚਰਨ ਧਿਆਨ । ਗੁਰਮੁਖ ਸਾਚੇ ਜਗ ਉਧਰੇ, ਪ੍ਰਭ ਆਤਮ ਜੋਤ ਧਰੇ ਮਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸਾਚਾ ਦੇਵੇ ਦਾਨ । ਸੋਹੰ ਦਾਨ ਭਗਤ ਪ੍ਰਭ ਦੀਆ । ਆਪ ਆਪਣੇ ਜੈਸਾ ਕੀਆ । ਪਿਤਾ ਪੂਤ ਬਣਾਏ ਪੁੱਤਰ ਧੀਆ । ਨਿਹਕਲੰਕ ਪਰਗਟ ਜੋਤ, ਸਾਧ ਸੰਗਤ ਵਰ ਵੱਡਾ ਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਫਲ ਪੂਰਬ ਜਨਮ ਜੋ ਬੀਆ । ਆਦਿ ਅੰਤ ਪ੍ਰਭ ਵਰਤਾਰ । ਆਪੇ ਕਰਨ ਕਰਾਵਣਹਾਰ । ਗੁਰਮੁਖਾਂ ਜੋਤ ਕਰੇ ਆਕਾਰ । ਏਕਾ ਨਾਮ ਦੇਵੇ ਦਾਤਾਰ । ਸੋਹੰ ਸ਼ਬਦ ਕਰੇ ਵਡਿਆਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਭਰੇ ਭੰਡਾਰ । ਏਕਾ ਜੋਤ ਆਕਾਰ ਕਰ, ਗੁਰਸਿਖ ਜਗਾਏ । ਏਕਾ ਸ਼ਬਦ ਅਧਾਰ ਕਰ, ਵਿਚ ਜਗਤ ਚਲਾਏ । ਬੇਮੁਖਾਂ ਸ਼ਬਦ ਮਾਰ ਕਰ, ਕਲ ਨਸ਼ਟ ਕਰਾਏ । ਸਾਧ ਸੰਗਤ ਸਾਚਾ ਪਰਿਵਾਰ ਕਰ, ਭਗਤ ਪਿਤ ਆਪ ਅਖਵਾਏ । ਕਿਰਪਾ ਨੈਣ ਮੁੰਧਾਰ ਕਰ, ਕਲਜੁਗ ਆਏ ਗੁਰਸਿਖ ਤਰਾਏ । ਵਡ ਵਡਿਆਈ ਵਿਚ ਸੰਸਾਰ ਕਰ, ਸ਼ਬਦ ਰੂਪ ਪ੍ਰਭ ਭੇਖ ਵਟਾਏ । ਗੁਰਮੁਖਾਂ ਪ੍ਰਭ ਗੁਣ ਵਿਚਾਰ ਕਰ ਚਰਨ ਲਗਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖਾਂ ਉਜਲ ਮੁਖ ਕਰਾਏ । ਗੁਰਮੁਖ ਆਤਮ ਸਦਾ ਉਜਿਆਰੀ । ਕਰੇ ਆਪ

ਪ੍ਰਭ ਨਿਰੰਕਾਰੀ । ਨਿਹਕਲੰਕ ਸਚ ਬਨਵਾਰੀ । ਸਰਬ ਸ੍ਰਿਸ਼ਟ ਕਰਾਏ ਪਨਿਹਾਰੀ । ਵਡ ਰਾਜਾ ਆਪ ਸਿਕਦਾਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਰਾਇਣ ਨਰ ਅਵਤਾਰੀ । ਨਰਾਇਣ ਨਰ ਕਲ ਅਵਤਾਰਿਆ । ਭਗਤ ਜਨਾਂ ਹਰਿ ਪਾਰ ਉਤਾਰਿਆ । ਸਾਚਾ ਨਾਮ ਪ੍ਰਭ ਰਸਨ ਉਚਾਰਿਆ । ਸੋਹੰ ਨਾਮ ਧਰੇ ਵਿਚ ਸੰਸਾਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਰਾਇਣ ਨਰ ਅਵਤਾਰਿਆ । ਸਾਚਾ ਸ਼ਬਦ ਜਗਤ ਧਰਾਏ । ਸਤਿਗੁਰ ਸਾਚਾ ਮਾਰਗ ਲਾਏ । ਸਤਿਜੁਗ ਜੀਵ ਸਭ ਰਸਨਾ ਗਾਏ । ਦੂਸਰ ਥਾਏਂ ਨਾ ਕੋਈ ਸੀਸ ਨਿਵਾਏ । ਏਕਾ ਦਰ ਨਿਹਕਲੰਕ ਚਾਰ ਵਰਨ ਚਲ ਆਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਮਾਰਗ ਲਾਏ । ਸਤਿਜੁਗ ਸਾਚਾ ਮਾਰਗ ਲਾਇਆ । ਸੋਹੰ ਸ਼ਬਦ ਮੁਖ ਰਖਾਇਆ । ਬਾਲਕ ਕੁੱਖ ਪ੍ਰਭ ਸਾਚੇ ਗਿਆਨ ਦਵਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਤਿਜੁਗ ਸਾਚਾ ਲਾਇਆ । ਮਾਤ ਗਰਭ ਪ੍ਰਭ ਗਿਆਨ ਦਵਾਏ । ਸੋਹੰ ਸ਼ਬਦ ਵਿਚ ਸਵਾਸ ਚਲਾਏ । ਕਿਰਪਾ ਕਰ ਅਵਤਾਰ ਨਰ, ਵਿਚ ਮਾਤ ਜਨਮ ਦਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੰਸਾਰੀ ਮਾਇਆ ਨਸ਼ਟ ਕਰਾਏ । ਬਾਲਾਂ ਦੇਵੇ ਸ਼ਬਦ ਗਿਆਨ । ਸਾਚਾ ਬਖ਼ਸ਼ੇ ਚਰਨ ਧਿਆਨ । ਸੁਰਤੀ ਸੁਰਤ ਸ਼ਬਦ ਕਰੇ ਮਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਦੇਵੇ ਦਾਨ । ਸਾਚਾ ਦਾਨ ਜਗਤ ਪ੍ਰਭ ਦੀਆ । ਸਤਿਜੁਗ ਰਖਾਈ ਸਾਚੀ ਨੀਂਹਾ । ਰਾਓ ਰੰਕ ਪ੍ਰਭ ਏਕਾ ਕੀਆ । ਸਰਬ ਜੀਆਂ ਕਾ ਪ੍ਰਭ ਸਾਚਾ ਦੀਆ । ਸੋਹੰ ਸਾਚਾ ਨਾਮ ਸਤਿਜੁਗ ਸਾਚੇ ਅੰਮ੍ਰਿਤ ਪੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਜਨਮ ਪ੍ਰਭ ਵਿਚ ਜਗਤ ਦੇ ਦੀਆ । ਪਹਿਲੀ ਮਾਘ ਪ੍ਰਭ ਵਿਚ ਜਗਤ ਜਨਮ ਦਵਾਇਆ । ਸਤਿਜੁਗ ਤੇਰਾ ਵਾਸ ਵਿਚ ਮਾਤ ਰਖਾਇਆ । ਏਕਾ ਸ਼ਬਦ ਪ੍ਰਭ ਸਾਚੇ ਤੇਰੀ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਤੇਰੇ ਹੱਥ ਟਿਕਾਇਆ । ਸਤਿਜੁਗ ਜਨਮ ਜਗਤ ਦਵਾਏ । ਸਤਿਗੁਰ ਸਾਚਾ ਪ੍ਰਭ ਅਬਿਨਾਸ਼ੀ ਸਿਰ ਹੱਥ ਟਿਕਾਏ । ਸੋਹੰ ਸਾਚਾ ਦਾਨ ਪ੍ਰਭ ਝੋਲੀ ਪਾਏ । ਸਚ ਸੁੱਚ ਪ੍ਰਭ ਦੇ ਵਰਤਾਏ । ਵਡ ਵਡਿਆਈ ਪ੍ਰਭ ਆਪ ਦਵਾਏ । ਏਕਾ ਮਾਤਾ ਧਰਤ ਬਣਾਏ । ਏਕਾ ਪਿਤ ਆਪ ਅਖਵਾਏ । ਦੂਸਰ ਕੋਈ ਰਹਿਣ ਨਾ ਪਾਏ । ਸਤਿਜੁਗ ਸਾਚੇ ਤੇਰੇ ਹਿਤ ਨਿਹਕਲੰਕ ਕਲ ਜਾਮਾ ਪਾਏ । ਪ੍ਰਭ ਅਬਿਨਾਸ਼ੀ ਸਦਾ ਅਚੁਤ, ਪਹਿਲੀ ਮਾਘ ਤੇਰਾ ਜਨਮ ਦਵਾਏ । ਸਾਚਾ ਪਿਤ ਆਪ ਅਖਵਾਇਆ । ਧਰਤ ਮਾਤ ਤੇਰੀ ਮਾਤ ਬਣਾਇਆ । ਸਾਚਾ ਪੂਤ ਸਤਿਜੁਗ ਰਚਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਤੇਰਾ ਨਾਉਂ ਰਖਾਇਆ । ਸਤਿਜੁਗ ਤੇਰਾ ਨਾਮ ਧਰਾਇਆ । ਪ੍ਰਭ ਅਬਿਨਾਸ਼ੀ ਜੋਤ ਪਰਗਟਾਇਆ । ਵਰ ਘਰ ਸਾਚਾ ਨਾਮ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਚਲਾਇਆ । ਸੋਹੰ ਸ਼ਬਦ ਜਗਤ ਚਲਾ । ਚਾਰ ਵਰਨ ਇਕ ਕਰਾ । ਊਚ ਨੀਚ ਦਾ ਭੇਵ ਮਿਟਾ । ਰਾਓ ਰੰਕ ਇਕ ਕਰਾ । ਗੁਰਮੁਖ ਸਾਚੇ ਚਰਨ ਲਗਾ । ਸਾਚੀ ਵਸਤ ਪ੍ਰਭ ਜਾਏ ਝੋਲੀ ਪਾ । ਚਾਰ ਕੁੰਟ ਪ੍ਰਭ ਚਰਨੀ ਲਏ ਲਗਾ । ਗੁਰਮੁਖ ਸਾਚੇ ਭਗਤ ਜਨ ਪ੍ਰਭ ਲੇਖ ਜਾਏ ਲਿਖਾ । ਜਨਮ ਜਨਮ ਦੇ ਵਿਛੜੇ ਪ੍ਰਭ ਮੇਲ ਲਏ ਕਰਾ । ਧੰਨ ਜਣੇਂਦੀ ਮਾਂ ਜਿਸ ਰੱਖੇ ਕੁੱਖ ਉਠਾ । ਨਿਹਕਲੰਕ ਸਾਚੀ ਦਰਗਹਿ ਦੇਵੇ ਥਾਂ । ਪ੍ਰਭ ਸਾਚਾ ਵੇਲੇ ਅੰਤਕਾਲ ਪਕੜੇ ਗੁਰਮੁਖ ਬਾਂਹ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਭ ਥਾਈਂ ਹੋਏ ਸਹਾ । ਸਦਾ ਸਹਾਈ ਆਪ ਪ੍ਰਭ ਗੁਰਸਿਖ ਤੇਰਾ । ਸਦਾ ਸਹਾਈ ਆਪ ਪ੍ਰਭ, ਗੁਰਸਿਖ ਪ੍ਰਭ ਕਾ ਚੇਰਾ । ਸਦਾ ਸਹਾਈ ਆਪ ਪ੍ਰਭ, ਗੁਰਮੁਖਾਂ

ਪ੍ਰਭ ਰੱਖੇ ਧੀਰਾ । ਸਦਾ ਸਹਾਈ ਆਪ ਪ੍ਰਭ, ਗੁਰਸਿਖਾਂ ਸਦ ਵਸੇ ਨੇਰਾ । ਸਦਾ ਸਹਾਈ ਆਪ ਪ੍ਰਭ, ਗੁਰਸਿਖ ਜੋਤ ਸਰੂਪੀ ਸਦਾ ਵਸੇਰਾ । ਸਦਾ ਸਹਾਈ ਆਪ ਪ੍ਰਭ, ਪਰਗਟੇ ਜੋਤ ਨਾ ਲਾਏ ਦੇਰਾ । ਸਦਾ ਸਹਾਈ ਆਪ ਪ੍ਰਭ, ਬੇਮੁਖ ਭੁਲਾਏ ਕਰ ਹੇਰਾ ਫੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਗੁਰਸਿਖ ਨਾ ਲਾਵੇ ਦੇਰਾ । ਬੇਮੁਖਾਂ ਪ੍ਰਭ ਪਰਦਾ ਪਾਇਆ । ਮਾਇਆ ਪਾਏ ਜਗਤ ਭੁਲਾਇਆ । ਆਤਮ ਅੰਧ ਅੰਧੇਰ ਰਖਾਇਆ । ਜੋਤ ਸਰੂਪੀ ਨਾ ਦਰਸ ਦਿਖਾਇਆ । ਵਡ ਵਡ ਭੂਪ ਨਾ ਚਰਨ ਲਗਾਇਆ । ਬਿਨ ਰੰਗ ਰੂਪ ਪ੍ਰਭ ਨਜ਼ਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭਰਮ ਭੁਲੇਖੇ ਜਗਤ ਭੁਲਾਇਆ । ਭਰਮ ਭੁਲੇਖੇ ਭੁੱਲਾ ਸੰਸਾਰ । ਪ੍ਰਭ ਅਬਿਨਾਸ਼ੀ ਨਾ ਪਾਈ ਸਾਰ । ਸਾਚਾ ਪ੍ਰਭ ਦਿਸ ਨਾ ਆਏ ਕਿਸੇ ਦਰਬਾਰ । ਮਦਿਰਾ ਮਾਸੀ ਪ੍ਰਭ ਦਰ ਆਇਣ ਹੋਇਣ ਖੁਆਰ । ਅੰਤਕਾਲ ਕਲ ਗਲ ਜਮ ਫਾਸੀ, ਧਰਮ ਰਾਏ ਮਾਰੇ ਮਾਰ । ਮੁਕਤੀ ਜੁਗਤੀ ਦਰ ਤੋਂ ਨਾਸੀ, ਏਕਾ ਮਿਲਿਆ ਨਰਕ ਦਵਾਰ । ਜੋ ਜਨ ਹੋਏ ਮਦਿਰਾ ਮਾਸੀ, ਨਿਹਕਲੰਕ ਮਾਰੇ ਕਰ ਖੁਆਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਅਵਤਾਰ । ਮਦਿਰਾ ਮਾਸੀ ਹੋਣ ਖੁਆਰਾ । ਪ੍ਰਭ ਅਬਿਨਾਸ਼ੀ ਦਰ ਦੁਰਕਾਰਾ । ਮਾਨਸ ਜਨਮ ਅੰਤ ਜਗ ਹਾਰਾ । ਰਸਨਾ ਚਲਾਇਆ ਇਕ ਵਿਕਾਰਾ । ਸਾਚਾ ਪ੍ਰਭ ਮਨੋਂ ਵਿਸਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਵਾਸ ਦਵਾਏ ਨਰਕ ਦਵਾਰਾ । ਸਾਚਾ ਪ੍ਰਭ ਲੇਖ ਚੁਕਾਏ । ਜੈਸਾ ਕਰੇ ਤੈਸਾ ਭੁਗਤਾਏ । ਸਾਚਾ ਲਹਿਣਾ ਦਰ ਦਵਾਏ । ਬੇਮੁਖ ਜੀਵ ਝੂਠੇ ਠੂਠੇ ਪ੍ਰਭ ਅਬਿਨਾਸ਼ੀ ਗਏ ਭੁਲਾਏ । ਗੁਰਮੁਖ ਚਲੇ ਪ੍ਰਭ ਕੇ ਭਾਣੇ, ਪ੍ਰਭ ਅਬਿਨਾਸ਼ੀ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਹੋਏ ਆਪ ਸਹਾਏ । ਸਾਚਾ ਕਰਮ ਜਗਤ ਕਮਾਓ । ਪ੍ਰਭ ਅਬਿਨਾਸ਼ੀ ਰਸਨਾ ਗਾਓ । ਦਿਵਸ ਰੈਣ ਨਾ ਮਨੋਂ ਭੁਲਾਓ । ਰਸਨ ਵਿਕਾਰ ਸਰਬ ਤਜਾਓ । ਮਦਿਰਾ ਮਾਸ ਰਸਨ ਨਾ ਲਾਓ । ਸੋਹੰ ਸਵਾਸ ਸਵਾਸ ਜੀਵ ਸਦ ਗਾਓ । ਪ੍ਰਭ ਅਬਿਨਾਸ਼ੀ ਨਿਜ ਘਰ ਮੇਂ ਪਾਓ । ਆਤਮ ਦੁਖੜੇ ਨਾਸ ਕਰਾਓ । ਸਾਚੀ ਸੁਰਤੀ ਸਚ ਦਰ ਤੇ ਪਾਓ । ਆਤਮ ਆਪਣੀ ਗੰਢ ਖੁਲ੍ਹਾਓ । ਪ੍ਰਭ ਸਾਚੇ ਕਾ ਦੀਪ ਜਗਾਓ । ਸੋਹੰ ਸਾਚਾ ਤੇਲ ਵਿਚ ਪਾਓ । ਸਾਚੇ ਨਾਮ ਦੀ ਬੱਤੀ ਲਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਗੁਣ ਰਸਨ ਸਦ ਗਾਓ । ਸਾਚਾ ਪ੍ਰਭ ਰਸਨ ਜਿਸ ਗਾਇਆ । ਚਰਨ ਧਿਆਨ ਜਿਸ ਜਨ ਰਖਾਇਆ । ਚਤੁਰ ਸੁਜਾਨ ਗੁਰਮੁਖ ਬਣਾਇਆ । ਪ੍ਰਭ ਸਾਚੇ ਪਰਗਟ ਜੋਤ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਖੇਲ ਰਚਾਇਆ । ਸਾਚਾ ਖੇਲ ਜਗਤ ਰਚਾਇਆ । ਵੇਖੇ ਵਖਾਏ ਗੁਰਮੁਖਾਂ ਦਇਆ ਕਮਾਇਆ । ਭਰਮ ਭੁਲੇਖੇ ਪ੍ਰਭ ਸਾਰਾ ਜਗਤ ਭੁਲਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਗੁਰਮੁਖ ਦਰਸ ਦਿਖਾਇਆ । ਸਾਚੇ ਪ੍ਰਭ ਦਰਸ ਦਿਖਾਇਆ । ਦੇ ਦਰਸ ਸਭ ਦੁਖ ਮਿਟਾਇਆ । ਉਤਰੀ ਭੁਖ ਸਾਧ ਸੰਗਤ ਪ੍ਰਭ ਦਰਸ਼ਨ ਪਾਇਆ । ਸੁਫਲ ਹੋਈ ਮਾਤ ਕੁੱਖ, ਨਿਹਕਲੰਕ ਚਰਨ ਸੀਸ ਨਿਵਾਇਆ । ਨਿਜਾਨੰਦ ਉਪਜਾਵੇ ਆਤਮ ਰੰਗ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਉਪਰ ਦਇਆ ਕਮਾਇਆ । ਗੁਰਸਿਖ ਸਾਚੇ ਪ੍ਰਭ ਦਰਸ਼ਨ ਪਾ । ਜਨਮ ਜਨਮ ਦੀ ਮੈਲ ਲਈ ਗਵਾ । ਪਤਤ ਪਾਪੀਆਂ ਕਰ ਦਰਸ ਮੈਲ ਲਈ ਧੁਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਾਏ ਦਇਆ ਕਮਾ । ਪਤਤ ਪਾਪੀ ਜੋ ਪ੍ਰਭ ਦਰ ਆਏ । ਹੋਏ ਨਿਮਾਣਾ ਦਰ ਸੀਸ ਝੁਕਾਏ । ਪ੍ਰਭ ਭਗਵਾਨਾ ਦੇਵੇ ਦਇਆ ਕਮਾਏ ।

ਸੋਹੰ ਸਾਚਾ ਦਾਨਾ, ਪ੍ਰਭ ਦੇਵੇ ਝੋਲੀ ਪਾਏ । ਗੁਣ ਅਵਗੁਣ ਪ੍ਰਭ ਨਾ ਪਛਾਣਾ, ਸਾਚੇ ਦਰ ਆਏ ਜੋ ਭੁਲ ਬਖ਼ਸ਼ਾਏ । ਭੁੱਲਿਆਂ ਭੁਲਿਆਂ ਪ੍ਰਭ ਮਾਰਗ ਪਾਇਆ । ਸਾਚਾ ਪ੍ਰਭ ਸਦ ਦਇਆ ਕਮਾਇਆ । ਸੋਹੰ ਸ਼ਬਦ ਪ੍ਰਭ ਸਾਚਾ ਦੇਵੇ ਨਾਮ, ਸਾਚੇ ਮਾਰਗ ਲਾਇਆ । ਸਰਬ ਜੀਆਂ ਕਾ ਏਕਾ ਥਾਂ, ਸਰਬ ਜੀਆਂ ਪ੍ਰਭ ਉਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਸਮਾਇਆ । ਸਰਬ ਜੀਆਂ ਪ੍ਰਭ ਵਿਚ ਸਮਾਏ । ਜੀਵ ਕੁਕਰਮੀ ਕੁਕਰਮ ਕਮਾਏ । ਪ੍ਰਭ ਅਬਿਨਾਸ਼ੀ ਭਉ ਚੁਕਾਏ । ਸਰਬ ਘਟ ਵਾਸੀ ਭਰਮ ਸ਼ਰਮ ਚੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਰਚਾਏ । ਏਕਾ ਮਾਇਆ ਸ੍ਰਿਸ਼ਟ ਪ੍ਰਭ ਪਾਈ । ਮਾਇਆ ਰੂਪੀ ਸਭ ਖੇਲ ਰਚਾਈ । ਸ੍ਰਿਸ਼ਟ ਸਬਾਈ ਪ੍ਰਭ ਮਾਇਆ ਰੂਪ ਉਪਾਈ । ਜੀਵ ਜੰਤ ਪ੍ਰਭ ਫੁਲਵਾੜੀ ਵਿਚ ਲਗਾਈ । ਜੁਗੋ ਜੁਗ ਉਪਜਾਵੇ ਮਿਟਾਵੇ, ਅਚਰਜ ਰਚਨਾ ਪ੍ਰਭ ਰਚਾਈ । ਮਾਇਆ ਰੂਪੀ ਸ੍ਰਿਸ਼ਟ ਉਪਾ ਕੇ । ਜੀਵ ਜੰਤਾਂ ਜਨਮ ਦੁਆ ਕੇ । ਜੋਤ ਸਰੂਪੀ ਵਿਚ ਆਪ ਸਮਾ ਕੇ । ਬੈਠਾ ਅਡੋਲ ਵਿਚ ਆਸਣ ਲਾ ਕੇ । ਝੂਠੀ ਮਾਇਆ ਜਗਤ ਵਰਤਾ ਕੇ । ਆਪ ਆਪਣਾ ਰੱਖੇ ਛੁਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਰੂਪੀ ਰਚਨ ਰਚਾ ਕੇ । ਮਾਇਆ ਰੂਪੀ ਰਚਨ ਰਚਾਇਆ । ਝੂਠਾ ਜਾਲ ਜਗਤ ਵਿਚ ਪਾਇਆ । ਆਪ ਆਪਣਾ ਖੇਲ ਰਚਾਇਆ । ਭਗਤ ਜਨਾਂ ਪ੍ਰਭ ਦਇਆ ਕਮਾਇਆ । ਪੂਰਬ ਜਨਮ ਦਾ ਲਹਿਣਾ ਦਵਾਇਆ । ਮਾਤਲੋਕ ਵਿਚ ਜਨਮ ਦਵਾਇਆ । ਜਾਮਾ ਧਾਰ ਜੋਤ ਸਰੂਪ, ਪ੍ਰਭ ਸਾਚੇ ਚਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਝੂਠੀ ਮਾਇਆ ਵਿਚੋਂ ਕਢਾਇਆ । ਗੁਰਸਿਖਾਂ ਪ੍ਰਭ ਦਇਆ ਕਮਾਈ । ਝੂਠੀ ਮਾਇਆ ਸਰਬ ਚੁਕਾਈ । ਏਕਾ ਲਿਵ ਪ੍ਰਭ ਚਰਨ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਦ ਦਇਆ ਕਮਾਈ । ਦੀਨ ਦਿਆਲ ਤੇਰੀ ਵਡਿਆਈ ਵਾਹ । ਗੁਰ ਗੋਪਾਲ ਚਰਨ ਲਗਾ । ਸਰਬ ਪ੍ਰਿਤਪਾਲ ਗੁਰਸਿਖਾਂ ਪਕੜੇ ਬਾਂਹ । ਭਗਤ ਵਛਲ ਰਛਕ ਮਹਾਰਾਜ ਸ਼ੇਰ ਸਿੰਘ ਤੁਧ ਬਿਨ ਦੂਸਰ ਕੋਈ ਨਾ । ਸਾਚੇ ਪ੍ਰਭ ਸਾਚਾ ਰੂਪ । ਧਰੇ ਜੋਤ ਜੋਤ ਸਰੂਪ । ਸਾਚੇ ਪ੍ਰਭ ਏਕਾ ਜੋਤ ਰੰਗ ਅਨੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਪਰਕਾਸ਼ ਜੋਤ ਸਰੂਪੀ ਵਿਚ ਅੰਧ ਕੂਪ । ਆਏ ਜਗਤ ਪ੍ਰਭ ਨਿਰੰਕਾਰ । ਭਗਤਾਂ ਹੇਤ ਪ੍ਰਭ ਲਏ ਅਵਤਾਰ । ਦੁਸ਼ਟਾਂ ਖੇਤ ਕਰੇ ਕਰਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਆਏ ਜਾਮਾ ਧਾਰ । ਸਾਚੇ ਪ੍ਰਭ ਕਲ ਜਾਮਾ ਧਾਰਿਆ । ਜੀਵ ਜੰਤ ਜਾਂ ਹੋਏ ਦੁਖਿਆਰਿਆ । ਦੁਖ ਭੁਖ ਮਰੇ ਸੰਸਾਰਿਆ । ਏਕਾ ਸੁਖ ਦੇਵੇ ਸ਼ਾਹੂਕਾਰਿਆ । ਜੀਵ ਜੰਤ ਪ੍ਰਭ ਦਰ ਪੁਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਨਾਥਾਂ ਹੇਤ ਜਾਮਾ ਘਨਕਪੁਰੀ ਵਿਚ ਧਾਰਿਆ । ਸਾਚੇ ਪ੍ਰਭ ਸੁਣੀ ਪੁਕਾਰ । ਮਾਤਲੋਕ ਆਏ ਜਾਮਾ ਧਾਰ । ਨਿਹਕਲੰਕ ਨਰਾਇਣ ਨਰ ਅਵਤਾਰ । ਦੁਖੀਆਂ ਭੁਖੀਆਂ ਦੀ ਪ੍ਰਭ ਪਾਈ ਸਾਰ । ਰਾਓ ਕਰੇ ਪ੍ਰਭ ਖੁਆਰ । ਸਾਚਾ ਕਰੇ ਜਗਤ ਵਰਤਾਰ । ਮੰਗਣ ਨਾ ਜਾਏ ਕੋਈ ਦਵਾਰ । ਸਤਿਜੁਗ ਲਾਵੇ ਵਰਤਾਵੇ ਵਿਚ ਸੰਸਾਰ । ਦੁਖ ਭੁਖ ਪ੍ਰਭ ਜਾਏ ਨਿਵਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਦੇਵੇ ਸਰਬ ਅਧਾਰ । ਏਕ ਅਧਾਰ ਪ੍ਰਭ ਆਪ ਦੇਵੇ । ਸੋਹੰ ਸ਼ਬਦ ਜਨ ਰਸਨਾ ਸੇਵੇ । ਅੰਮ੍ਰਿਤ ਫਲ ਵੱਡੇ ਵਡ ਮੇਵੇ । ਗੁਰਮੁਖ ਸਾਚਾ ਸਾਚਾ ਲਹਿਣਾ ਪ੍ਰਭ ਦਰ ਲੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਸੇਵੇ । ਰਸਨਾ ਜਪ ਜੀਵ ਆਤਮ ਰਸਾਇਣ । ਕਰ ਵਸ ਨਿਹਕਲੰਕ ਨਰਾਇਣ । ਜੋਤ ਜਗਾਵੇ

ਜਿਉਂ ਰਵ ਸਸ, ਸਾਚਾ ਪ੍ਰਭ ਦੇਵੇ ਤੀਜਾ ਨੈਣ । ਆਤਮ ਉਪਜੇ ਸਾਚਾ ਰਸ, ਸਾਚੇ ਦਰ ਵਹਿੰਦੇ ਵਹਿਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਸਾਚੇ ਸਾਚਾ ਲਹਿਣਾ ਲੈਣ । ਜੀਵ ਜੰਤ ਪ੍ਰਭ ਬਣਤ ਬਣਾਏ । ਕਰ ਕਿਰਪਾ ਪ੍ਰਭ ਜਨਮ ਦਵਾਏ । ਪਵਣ ਸਰੂਪੀ ਸਵਾਸ ਚਲਾਏ । ਕਾਇਆ ਰੰਗਣ ਨਾਮ ਚੜ੍ਹਾਏ । ਜੋਤ ਸਰੂਪੀ ਦੀਪ ਜਗਾਏ । ਕਲਜੁਗ ਜੀਆਂ ਮਾਇਆ ਪਰਦਾ ਪਾਏ । ਆਪ ਆਪਣਾ ਭੇਵ ਛੁਪਾਏ । ਬੇਮੁਖਾਂ ਪ੍ਰਭ ਨਜ਼ਰ ਨਾ ਆਏ । ਗੁਰਸਿਖ ਸਾਚੇ ਪ੍ਰਭ ਸਾਚਾ ਦਇਆ ਕਮਾਏ । ਸਾਚਾ ਪ੍ਰਭ ਸਾਚੀ ਸੇਵ ਆਪਣੇ ਚਰਨ ਲਗਾਏ । ਪ੍ਰਭ ਅਬਿਨਾਸ਼ੀ ਮਿਲਾਏ ਮੇਲ, ਸਾਚੀ ਜੋਤ ਜਗਾਏ । ਵੱਡੇ ਵਡ ਗੁਰਸਿਖ ਦੇਵੀ ਦੇਵ, ਪ੍ਰਭ ਸਾਚਾ ਆਪ ਬਣਾਏ । ਨਿਹਕਲੰਕ ਅਵਤਾਰ ਨਰ, ਆਦਿ ਜੁਗਾਦਿ ਜਗਤ ਵਿਚ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ । ਏਕਾ ਜੋਤ ਜਗੇ ਅਪਾਰਾ । ਤੀਨ ਲੋਕ ਕਰੇ ਉਜਿਆਰਾ । ਪ੍ਰਭ ਕੀ ਜੋਤ ਸਦਾ ਨਿਰਾਧਾਰਾ । ਅੰਤਕਾਲ ਪ੍ਰਭ ਅਬਿਨਾਸ਼ੀ ਲਏ ਅਵਤਾਰਾ । ਮਾਤ ਪਾਤਾਲ ਆਕਾਸ਼ ਮਹਾਰਾਜ ਸ਼ੇਰ ਸਿੰਘ ਸਾਚੀ ਜੋਤ ਕਰੇ ਆਕਾਰਾ । ਮਾਤ ਆਇਆ ਨੈਣ ਮੁਧਾਰੀ । ਵਡ ਵਡ ਦਾਤਾ ਵਡ ਸੰਸਾਰੀ । ਜੋਤ ਸਰੂਪ ਜੋਤ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਕਲੰਕਨਿਹ, ਜਾਏ ਪੈਜ ਸਵਾਰੀ । ਗੁਰਮੁਖਾਂ ਪ੍ਰਭ ਦਇਆ ਕਮਾਏ । ਵਿਚ ਮਾਤ ਦੇ ਜਨਮ ਦਵਾਏ । ਸੋਹੰ ਸਾਚਾ ਗਿਆਨ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸੁਧ ਕਰਾਏ । ਮਾਤਲੋਕ ਵਿਚ ਜਨਮ ਦਵਾਇਆ । ਸੋਹੰ ਸ਼ਬਦ ਡੰਕ ਵਜਾਇਆ । ਰਾਓ ਰੰਕ ਇਕ ਕਰਾਇਆ । ਪ੍ਰਭ ਕਲਜੁਗ ਝੂਠਾ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾਇਆ । ਜੋਤ ਸਰੂਪ ਪ੍ਰਭ ਜਾਮਾ ਧਾਰਿਆ । ਕਲਜੁਗ ਜੀਵ ਭੁੱਲੇ ਸੰਸਾਰਿਆ । ਕਲੰਕਨਿਹ ਗੁਣ ਅਵਗੁਣ ਵਿਚਾਰਿਆ । ਪਾਰਬ੍ਰਹਮ ਪਰਮੇਸ਼ਵਰ ਇਕ ਰੰਗ ਕਰਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਧਾਰਿਆ । ਜੁਗੋ ਜੁਗ ਪ੍ਰਭ ਜੋਤ ਪਰਗਟਾਏ । ਭਗਤ ਜਨਾਂ ਪ੍ਰਭ ਆਣ ਤਰਾਏ । ਸਾਚਾ ਪ੍ਰਭ ਦਇਆ ਕਮਾਏ । ਸਾਚੀ ਜੋਤ ਵਿਚ ਦੇਹ ਜਗਾਏ । ਅਗਿਆਨ ਅੰਧੇਰ ਸਰਬ ਮਿਟਾਏ । ਕਪਾਟ ਬਜਰ ਖੋਲ੍ਹ ਵਖਾਏ । ਅੰਮ੍ਰਿਤ ਝਿਰਨਾ ਵਿਚ ਦੇਹ ਝਿਰਾਏ । ਖੁੱਲ੍ਹੇ ਕਪਾਟ ਪ੍ਰਭ ਨਜ਼ਰੀ ਆਏ । ਗੁਰਮੁਖ ਸਾਚੇ ਪ੍ਰਭ ਦਿਸੇ ਪਾਸ, ਬੇਮੁਖਾਂ ਨਜ਼ਰ ਨਾ ਆਏ । ਭਗਤ ਜਨਾਂ ਪ੍ਰਭ ਦਇਆ ਕਮਾਏ । ਵਿਛੜਿਆਂ ਪ੍ਰਭ ਮੇਲ ਮਿਲਾਏ । ਸਾਚਾ ਪ੍ਰਭ ਸਰਬ ਘਟ ਵਾਸੀ, ਸਚ ਘਰ ਦੀ ਸੋਝੀ ਪਾਵੇ । ਅਵਤਾਰ ਨਰ ਕਲਜੁਗ ਜਾਮਾ ਧਾਰ, ਜੋਤ ਸਰੂਪੀ ਦੀਪ ਜਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਵੇ । ਦੇਵੇ ਦਰਸ ਅਗੰਮ ਅਪਾਰੇ । ਭਗਤ ਵਛਲ ਆਪ ਕਰਤਾਰੇ । ਜਨ ਭਗਤਾਂ ਪੈਜ ਸਵਾਰੇ । ਲੱਖ ਚੁਰਾਸੀ ਪ੍ਰਭ ਦੇ ਨਿਵਾਰੇ । ਵੇਲੇ ਅੰਤ ਭਗਤ ਜਨਾਂ ਪ੍ਰਭ ਖੜ੍ਹਾ ਦਵਾਰੇ । ਸਾਚਾ ਸ਼ਬਦ ਮੇਲ ਭਗਵੰਤ, ਸਾਚਾ ਦੇਵੇ ਦਰ ਦਰਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਕਾਰੇ । ਭਗਤ ਜਨਾਂ ਹੋਏ ਸਹਾਇਆ । ਆਪਣਾ ਭੇਦ ਪ੍ਰਭ ਰਖਾਇਆ । ਅਨਾਥਾਂ ਹੇਤ ਪ੍ਰਭ ਆਪ ਆਪਣਾ ਜਾਮਾ ਪਾਇਆ । ਜੋਤ ਸਰੂਪੀ ਜੋਤ ਧਰ, ਜੋਤ ਸਰੂਪੀ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਇਆ । ਗੁਰਮੁਖਾਂ ਕਰੇ ਬੰਦ ਖੁਲਾਸੀ । ਦੇਵੇ ਦਰਸ ਘਨਕਪੁਰ ਵਾਸੀ । ਗਲੋਂ ਕਟਾਏ ਜਮ ਕੀ ਫਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਤੇਰੇ ਸਾਚੀ ਰਹਿਰਾਸੀ । ਚਰਨ ਪ੍ਰੀਤ ਜਿਸ ਜਨ ਕਮਾਈ । ਧੰਨ ਧੰਨ

੬੬੩
੦੧

ਗੁਰਸਿਖ ਸੇਵ ਕਮਾਈ । ਉਜਲ ਕਰੇ ਪ੍ਰਭ ਸਾਚਾ ਮੁਖ, ਧੰਨ ਜਣੇਦੀ ਮਾਈ । ਸੁਫਲ ਕਰਾਏ ਮਾਤ ਕੁੱਖ, ਨਿਹਕਲੰਕ ਤੇਰੀ ਵਡਿਆਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਥਾਈਂ ਹੋਏ ਸਹਾਈ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਰਸਨਾ ਗਾਇਆ । ਛੁੱਟੀ ਜਗਤ ਉਦਾਸੀ, ਪ੍ਰਭ ਚਰਨੀ ਸੀਸ ਝੁਕਾਇਆ । ਏਕਾ ਸ਼ਬਦ ਜਪੇ ਸਵਾਸੀ, ਜਮ ਨੇੜ ਨਾ ਆਇਆ । ਕਿਰਪਾ ਕਰੇ ਪ੍ਰਭ ਅਬਿਨਾਸ਼ੀ, ਭਗਤ ਜਨਾਂ ਪ੍ਰਭ ਮੇਲ ਮਿਲਾਇਆ । ਕਰੇ ਕਰਾਏ ਜੋ ਮਨ ਭਾਸੀ, ਆਦਿ ਅੰਤ ਨਾ ਕਿਸੇ ਜਣਾਇਆ । ਸਰਬਜੀਤ ਹੋਈ ਚਰਨ ਦਾਸੀ, ਪ੍ਰਭ ਸਾਚਾ ਰਿਦੇ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਹੋਏ ਸਹਾਇਆ । ਜੋਤ ਸਰੂਪ ਵਿਚ ਜੋਤ ਮਿਲਾ ਕੇ । ਦਰਗਹਿ ਸਾਚੀ ਵਿਚ ਮਾਣ ਦੁਆ ਕੇ । ਸਾਚਾ ਨਾਮ ਜਗਤ ਲਿਖਾ ਕੇ । ਪੰਚਮ ਜੇਠ ਪ੍ਰਭ ਹੁਕਮ ਸੁਣਾ ਕੇ । ਪ੍ਰਭ ਅਬਿਨਾਸ਼ੀ ਦਇਆ ਕਮਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਗੁਰਸਿਖ ਰੱਖੇ ਜੋਤ ਮਿਲਾ ਕੇ । ਸਰਬਜੀਤ ਸਰਬ ਸੁਖ ਪਾਇਆ । ਪ੍ਰਭ ਅਬਿਨਾਸ਼ੀ ਰਸਨਾ ਗਾਇਆ । ਦਰ ਘਰ ਪ੍ਰਭ ਸਾਚਾ ਪਾਇਆ । ਸਾਚੇ ਪ੍ਰਭ ਸਿਰ ਹੱਥ ਟਿਕਾਇਆ । ਤੀਨ ਲੋਕ ਪ੍ਰਭ ਮਾਣ ਦਵਾਇਆ ਜੈ ਜੈ ਜੈਕਾਰ ਖੰਡ ਬ੍ਰਹਿਮੰਡ ਕਰਾਇਆ । ਵਿਚ ਵਰਭੰਡ ਸਾਚਾ ਨਾਮ ਧਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਵਿਚ ਸਮਾਇਆ । ਸਰਬਜੀਤ ਸਦਾ ਸੁਖਦਾਈ । ਸਾਚਾ ਪ੍ਰਭ ਹੋਏ ਸਹਾਈ । ਸਾਚਾ ਵਰ ਪ੍ਰਭ ਦਰ ਤੇ ਪਾਈ । ਅਵਤਾਰ ਨਰ ਪੂਰਨ ਆਸ ਕਰਾਈ । ਏਕਾ ਸੁਖ ਪ੍ਰਭ ਸਰਨਾਈ । ਜਗਤ ਪ੍ਰੀਤ ਸਰਬ ਤਜਾਈ । ਸਾਚੀ ਪ੍ਰੀਤ ਪ੍ਰਭ ਚਰਨ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਵਿਚ ਲਾਜ ਰਖਾਈ । ਮਾਤਲੋਕ ਪ੍ਰਭ ਲਾਜ ਰਖਾਈ । ਵੇਲੇ ਅੰਤ ਹੋਏ ਸਹਾਈ । ਸਾਚੇ ਘਰ ਵਜੀ ਵਧਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਮੇਲ ਮਿਲਾਈ । ਲਾਜ ਰਖਾਵੇ ਲਾਜਾਵੰਤ । ਭਗਤ ਜਨਾਂ ਪ੍ਰਭ ਆਪ ਭਗਵੰਤ । ਗੁਰਮੁਖ ਵਿਰਲੇ ਉਤਾਰੇ ਉਧਾਰੇ ਸੰਤ । ਪ੍ਰਭ ਸਾਚੇ ਬਣਾਈ ਸਾਚੀ ਬਣਤ । ਪ੍ਰਭ ਅਬਿਨਾਸ਼ੀ ਮਹਿੰਮਾ ਬੜੀ ਬੇਅੰਤ । ਕਲਜੁਗ ਮਾਇਆ ਭਰਮ ਭੁਲਾਇਆ, ਸਾਰ ਨਾ ਪਾਇਣ ਜੀਵ ਜੰਤ । ਗੁਰਮੁਖ ਵਿਰਲੇ ਪ੍ਰਭ ਦਰਸ ਦਿਖਾਇਆ, ਜੋਤ ਸਰੂਪ ਵਿਚ ਬੈਠ ਇਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਜਪਾਇਆ ਸਾਚੇ ਸੰਤ । ਸਾਚੇ ਰੰਗ ਗੁਰਸਿਖ ਰੰਗਾਇਆ । ਸੋਹੰ ਦਾਨ ਪ੍ਰਭ ਝੋਲੀ ਪਾਇਆ । ਨਿਜਾਨੰਦ ਨਿਜ ਮਾਹਿ ਉਪਜਾਇਆ । ਖੋਲ੍ਹ ਤ੍ਰੈਕੁਟੀ ਆਪਣਾ ਭੇਵ ਚੁਕਾਇਆ । ਜੋਤ ਸਰੂਪੀ ਸਾਚਾ ਦੀਪਕ ਵਿਚ ਦੇਹ ਜਗਾਇਆ । ਪ੍ਰਭ ਅਬਿਨਾਸ਼ੀ ਵਿਚ ਸਮੀਪਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਲ ਮਿਲਾਇਆ । ਮੇਲ ਮਿਲਾਇਆ ਆਪ ਪ੍ਰਭ, ਜਾਮਾ ਮਾਤਲੋਕ ਵਿਚ ਧਾਰ । ਮੇਲ ਮਿਲਾਇਆ ਆਪ ਪ੍ਰਭ, ਜੁਗ ਚੌਥੇ ਲੈ ਅਵਤਾਰ । ਮੇਲ ਮਿਲਾਇਆ ਆਪ ਪ੍ਰਭ, ਵਰਤੇ ਵਰਤਾਵੇ ਵਿਚ ਸੰਸਾਰ । ਮੇਲ ਮਿਲਾਏ ਆਪ ਪ੍ਰਭ, ਜਨ ਭਗਤਾਂ ਕਿਰਪਾ ਕਰ ਅਪਾਰ । ਮੇਲ ਮਿਲਾਏ ਆਪ ਪ੍ਰਭ, ਏਕਾ ਜੋਤ ਦੇਵੇ ਅਧਾਰ । ਮੇਲ ਮਿਲਾਏ ਆਪ ਪ੍ਰਭ, ਗੁਰਮੁਖਾਂ ਅਗਿਆਨ ਅੰਧੇਰ ਜਾਏ ਨਿਵਾਰ । ਮੇਲ ਮਿਲਾਏ ਆਪ ਪ੍ਰਭ, ਰੱਖੇ ਲਾਜ ਆਪ ਮੁਰਾਰ । ਮੇਲ ਮਿਲਾਏ ਆਪ ਪ੍ਰਭ, ਸਾਚਾ ਦਰ ਦੱਸੇ ਦਰਬਾਰ । ਮੇਲ ਮਿਲਾਏ ਆਪ ਪ੍ਰਭ, ਜੋਤ ਪਰਗਟਾਵੇ ਮਾਤ ਨਿਰੰਕਾਰ । ਮੇਲ ਮਿਲਾਏ ਆਪ ਪ੍ਰਭ, ਪ੍ਰਭ ਸਾਚੇ ਦੀ ਸਾਚੀ ਕਾਰ । ਮੇਲ ਮਿਲਾਏ ਆਪ ਪ੍ਰਭ, ਗੁਰਸਿਖਾਂ ਦੁਰਮਤ ਮੈਲ ਜਾਏ ਉਤਾਰ । ਮੇਲ ਮਿਲਾਏ ਆਪ ਪ੍ਰਭ, ਸਾਚਾ ਸ਼ਬਦ ਕਰੇ ਵਰਤਾਰ । ਮੇਲ ਮਿਲਾਏ ਆਪ ਪ੍ਰਭ, ਏਕਾ ਬਖ਼ਸ਼ੇ ਚਰਨ ਪਿਆਰ ।

ਮੇਲ ਮਿਲਾਏ ਆਪ ਪ੍ਰਭ, ਹਉਮੇ ਮਮਤਾ ਜਾਏ ਮਾਰ । ਮੇਲ ਮਿਲਾਏ ਆਪ ਪ੍ਰਭ, ਗੁਰਸਿਖ ਦੁਖੜੇ ਜਾਏ ਨਿਵਾਰ । ਮੇਲ ਮਿਲਾਏ ਆਪ ਪ੍ਰਭ, ਆਤਮ ਤੋੜੇ ਸਰਬ ਹੰਕਾਰ । ਮੇਲ ਮਿਲਾਏ ਆਪ ਪ੍ਰਭ, ਸਾਚੀ ਜੋਤ ਕਰੇ ਆਕਾਰ । ਮੇਲ ਮਿਲਾਏ ਆਪ ਪ੍ਰਭ, ਝੂਠੀ ਕਾਇਆ ਹੋਏ ਉਜਿਆਰ । ਮੇਲ ਮਿਲਾਏ ਆਪ ਪ੍ਰਭ, ਜੋਤ ਸਰੂਪ ਦੇਵੇ ਦਰਸ ਅਪਾਰ । ਮੇਲ ਮਿਲਾਏ ਆਪ ਪ੍ਰਭ, ਗੁਰਮੁਖ ਸਾਚੇ ਖੋਲ੍ਹ ਦੇਵੇ ਦਸਮ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਪਾਵੇ ਸਾਰ । ਗੁਰਸਿਖ ਸਾਚੇ ਮੇਲ ਮਿਲਾਇਆ । ਦੂਈ ਦਵੈਤ ਪ੍ਰਭ ਪਰਦਾ ਲਾਹਿਆ । ਏਕਾ ਨਾਮ ਪ੍ਰਭ ਦਾਨ ਦਵਾਇਆ । ਪੂਰਨ ਹੋਏ ਕਾਮ, ਜਿਸ ਰਸਨਾ ਗਾਇਆ । ਘਨਈਆ ਸ਼ਾਮ, ਜਾਮਾ ਧਾਰ ਨਿਹਕਲੰਕ ਨਾਮ ਰਖਾਇਆ । ਰਮਈਆ ਰਾਮ ਪਰਗਟ ਜੋਤ ਮਹਾਰਾਜ ਸ਼ੇਰ ਸਿੰਘ ਕਲ ਨਾਮ ਧਰਾਇਆ । ਜੋਤ ਸਰੂਪੀ ਪ੍ਰਭ ਭੇਸ ਵਟਾਏ । ਅਛਲ ਛਲ ਪ੍ਰਭ ਆਪ ਕਰਾਏ । ਜੁਗੋ ਜੁਗ ਪ੍ਰਭ ਆਪਣਾ ਆਪ ਉਪਾਏ । ਪ੍ਰਭ ਸਾਚਾ ਸਰਬ ਗੁਣ ਵਰਤੇ, ਬਾਵਨ ਰੂਪ ਧਾਰ ਬਲ ਦਰ ਪ੍ਰਭ ਮੰਗਣ ਜਾਏ । ਜੀਵ ਜੰਤ ਪ੍ਰਭ ਸਰਬ ਭੁਲਾਏ ਮਾਇਆ ਪਰਦੇ ਪਾਏ । ਜੋਤ ਸਰੂਪੀ ਜੋਤ ਪ੍ਰਭ, ਆਵਣ ਜਾਣ ਇਕ ਖੇਲ ਰਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਕਲ ਜਾਮਾ ਪਾਏ । ਪ੍ਰਭ ਸਾਚੇ ਕਾ ਖੇਲ ਨਿਆਰਾ । ਆਵੇ ਜਾਵੇ ਸਦ ਰਹਾਵੇ, ਜਗਤ ਲਏ ਅਵਤਾਰਾ । ਗੁਰਮੁਖ ਵਿਰਲੇ ਦਰਸ ਦਿਖਾਵੇ ਪਕੜ ਲੈ ਆਵੇ ਚਰਨ ਦਵਾਰਾ । ਏਕਾ ਸਾਚਾ ਨਾਮ ਜਪਾਏ, ਝੂਠਾ ਮੇਟ ਦੇਵੇ ਪਸਰ ਪਸਾਰਾ । ਆਪ ਆਪਣਾ ਪ੍ਰਭ ਮੁਖ ਰਖਾਵੇ, ਤੋੜ ਦੇਵੇ ਸਰਬ ਹੰਕਾਰਾ । ਆਤਮ ਸਾਚਾ ਸੁੱਖ ਦਵਾਵੇ, ਸਾਚਾ ਦੇਵੇ ਨਾਮ ਅਧਾਰਾ । ਆਤਮ ਤ੍ਰਿਸਨਾ ਭੁੱਖ ਮਿਟਾਏ, ਸੋਹੰ ਸ਼ਬਦ ਭਰੇ ਭੰਡਾਰਾ । ਦਰਗਹਿ ਸਾਚੀ ਮਾਣ ਦਵਾਏ, ਜੋਤ ਸਰੂਪ ਜੋਤ ਨਿਰਾਧਾਰਾ । ਅੰਤਕਾਲ ਵਿਚ ਜੋਤੀ ਮੇਲ ਮਿਲਾਏ, ਗੁਰਮੁਖ ਸਾਚਾ ਪ੍ਰਭ ਸਾਚੇ ਪਾਰ ਉਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮੋਖ ਦਵਾਰਾ । ਗੁਰਮੁਖ ਸਾਚਾ ਸਚ ਜੋਤ ਮਿਲਾਵੇ । ਗੁਰਮੁਖ ਸਾਚਾ ਸਚ ਜੋਤ ਸਮਾਵੇ । ਏਕਾ ਜੋਤ ਗੁਰ ਗੋਬਿੰਦ ਹੋ ਜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਧਾਰ ਭਗਤ ਜਨਾਂ ਦੀ ਲਾਜ ਰਖਾਵੇ । ਜਨਮ ਮਰਨ ਗੁਰਸਿਖ ਸਵਾਰਿਆ । ਕਰ ਕਿਰਪਾ ਪ੍ਰਭ ਪਾਰ ਉਤਾਰਿਆ । ਲੱਖ ਚੁਰਾਸੀ ਗੇੜ ਨਿਵਾਰਿਆ । ਜੋ ਜਨ ਆਏ ਨਿਹਕਲੰਕ ਚਰਨ ਨਿਮਸਕਾਰਿਆ । ਆਤਮ ਉਤਾਰੇ ਸਾਰਾ ਸ਼ੰਕ, ਸੋਹੰ ਬਾਣ ਪ੍ਰਭ ਮਾਰਿਆ । ਏਕਾ ਦਸਾਵੇ ਏਕਾ ਅੰਕ, ਜੋਤ ਸਰੂਪ ਪ੍ਰਭ ਲਾਵੇ ਡੰਕ, ਗੁਰਮੁਖ ਸਾਚੇ ਖਿਚ ਲਿਆਏ ਚਰਨ ਦਵਾਰਿਆ । ਸਾਚਾ ਪ੍ਰਭ ਬਣਾਏ ਬਣਤ, ਪ੍ਰਭ ਕੀ ਮਹਿੰਮਾ ਬੜੀ ਅਗਣਤ, ਗੁਣ ਅਵਗੁਣ ਨਾ ਕਿਸੇ ਵਿਚਾਰਿਆ । ਪਾਰ ਉਤਾਰੇ ਸਰਬ ਜੀਵ ਜੰਤ, ਪ੍ਰਭ ਅਬਿਨਾਸ਼ੀ ਏਕਾ ਕੰਤ, ਏਕਾ ਦਰ ਇਕ ਦਰਬਾਰਿਆ । ਗੁਰਮੁਖ ਵਿਰਲਾ ਸੰਤ, ਜਿਸ ਦੇਵੇ ਦਰਸ ਨਿਹਕਲੰਕ ਨਰ ਨਰਾਇਣ ਅਵਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਜਨਮ ਮਰਨ ਸਵਾਰਿਆ । ਸਾਚੇ ਪ੍ਰਭ ਸਚ ਰਾਹ ਚਲਾਇਆ । ਸੋਹੰ ਸਾਚਾ ਨਾਮ ਜਪਾਇਆ । ਚਾਰ ਵਰਨ ਚਾਰ ਕੁੰਟ ਜੈ ਜੈ ਜੈਕਾਰ ਕਰਾਇਆ । ਰਾਓ ਰੰਕ ਪ੍ਰਭ ਇਕ ਕਰਾਇਆ । ਨਿਹਕਲੰਕ ਸਾਚਾ ਡੰਕ ਵਿਚ ਮਾਤ ਵਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ । ਨਿਹਕਲੰਕ ਨਰ ਅਵਤਾਰਿਆ । ਨਿਰੰਜਣ ਜੋਤ ਇਕ ਨਿਰੰਕਾਰਿਆ । ਏਕਾ ਸ਼ਬਦ ਚਲਾਵੇ ਵਿਚ ਸੰਸਾਰਿਆ । ਊਚ ਨੀਚ ਪ੍ਰਭ ਭੇਖ ਨਿਵਾਰਿਆ । ਚਾਰ ਵਰਨ ਦਿਸਾਏ ਏਕਾ ਦਰ ਦਰਬਾਰਿਆ । ਸਤਿਗੁਰ ਸਾਚੇ ਸਤਿਜੁਗ ਵਿਚਾਰਿਆ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰਿਆ । ਸਚ ਸੁਚ ਕਰੇ ਕਰਤਾਰਾ । ਏਕਾ ਸ਼ਬਦ ਦੇਵੇ ਅਧਾਰਾ । ਨਿਹਕਲੰਕ ਨਰਾਇਣ ਨਰ ਅਵਤਾਰਾ । ਭਗਤ ਜਨਾਂ ਪ੍ਰਭ ਭਰੇ ਭੰਡਾਰਾ । ਸੋਹੰ ਸ਼ਬਦ ਜਨ ਅੰਤ ਦੇਵੇ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਵਾਸ ਰਖਾਏ ਸਚਖੰਡ ਦਵਾਰਾ । ਗੁਰਸਿਖ ਸਾਚਾ ਸਚਖੰਡ ਨਿਵਾਸਿਆ । ਸਾਚਾ ਵਰ ਸਾਚਾ ਘਰ ਜੋਤ ਸਰੂਪ ਸਦ ਪਰਕਾਸਿਆ । ਗੁਰਸਿਖ ਤੇਰੀ ਧੰਨ ਕਮਾਈ, ਦੇਵੇ ਮਾਣ ਸਰਬ ਘਟ ਵਾਸਿਆ । ਸਾਚੀ ਸੇਵ ਪ੍ਰਭ ਚਰਨ ਕਮਾਈ, ਸਰਬਜੀਤ ਰੱਖੇ ਪ੍ਰਭ ਚਰਨ ਨਿਵਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰੇ ਰਹਿਰਾਸਿਆ । ਚਰਨ ਨਿਵਾਸ ਪ੍ਰਭ ਰਖਾਇਆ । ਦਰਗਾਹ ਸਾਚੀ ਮਾਣ ਦਵਾਇਆ । ਥਿਰ ਘਰ ਵਾਸੀ ਥਿਰ ਘਰ ਨਿਵਾਸ ਰਖਾਇਆ । ਅਚੁਤ ਅਬਿਨਾਸ਼ੀ ਸਾਚਾ ਪਿਤ ਕਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਜੋਤੀ ਮੇਲ ਮਿਲਾਇਆ । ਮਿਲੀ ਜੋਤ ਹੋਈ ਅਤੀਤ । ਪ੍ਰਭ ਸਾਚੇ ਪਰਖੀ ਸਾਚੀ ਨੀਤ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਰੀਤ । ਏਕਾ ਬਖ਼ਸ਼ੇ ਚਰਨ ਪ੍ਰੀਤ । ਚਰਨ ਲਾਗ ਗੁਰਸਿਖ ਮਾਨਸ ਜਨਮ ਲਿਆ ਜਗ ਜੀਤ । ਦੇਵੇ ਵਡਿਆਈ ਆਪ ਰਘੁਰਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਸਰਬਜੀਤ ਲਿਆ ਜਗ ਜੀਤ । ਸਰਬਜੀਤ ਸਰਬ ਜਗ ਜਿੱਤਿਆ । ਪ੍ਰਭ ਸਾਚੇ ਸੰਗ ਕੀਆ ਸਾਚਾ ਹਿੱਤਿਆ । ਪ੍ਰਭ ਅਬਿਨਾਸ਼ੀ ਜਨ ਭਗਤਾਂ ਸਾਚਾ ਮਿਤਿਆ । ਜਨ ਭਗਤਾਂ ਆਦਿ ਜੁਗਾਦਿ ਸਦਾ ਭੈ ਭਿਤਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਘਰ ਦਰ ਸਰਬਜੀਤ ਨੂੰ ਦਿਤਿਆ । ਦੇਵਣਹਾਰ ਆਪ ਦਾਤਾਰ । ਕਰ ਕਿਰਪਾ ਕਰ ਜਾਵੇ ਪਾਰ । ਦੇਵੇ ਵਡਿਆਈ ਵਿਚ ਸੰਸਾਰ । ਏਕਾ ਨਾਮ ਦੀਆ ਅਧਾਰ । ਆਵਣ ਜਾਵਣ ਦੀਆ ਗੇੜ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬਜੀਤ ਮਾਨਸ ਜਨਮ ਦੀਆ ਸੁਧਾਰ । ਮਾਨਸ ਜਨਮ ਲੱਖ ਚੁਰਾਸੀ ਵਿਚੋਂ ਪਾਇਆ । ਸਾਚਾ ਪ੍ਰਭ ਰਸਨਾ ਗਾਇਆ । ਰਸਨਾ ਜਪ ਜਪ ਜੀਵ ਆਤਮ ਰਸ ਪਾਇਆ । ਸਾਚਾ ਨਾਮ ਆਤਮ ਰਸ ਪੀਵ, ਸੋਹੰ ਅੰਮ੍ਰਿਤ ਮੁਖ ਚੁਆਇਆ । ਆਤਮ ਦੀਵ ਪ੍ਰਭ ਜਗਾਇਆ । ਆਤਮ ਜੋਤ ਸਦਾ ਉਜਿਆਰ, ਗੁਰਮੁਖ ਸਾਚੇ ਬੁਝ ਨਾ ਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਸਿਰ ਹੱਥ ਟਿਕਾਇਆ । ਭਗਤ ਜਨਾਂ ਸਿਰ ਹੱਥ ਟਿਕਾਏ । ਆਪਣਾ ਭੇਵ ਪ੍ਰਭ ਆਪ ਖੁਲ੍ਹਾਏ । ਏਕਾ ਲਿਵ ਚਰਨ ਲਵਾਏ । ਜਗਤ ਮਾਇਆ ਪ੍ਰਭ ਜਲਾਏ । ਜੋਤ ਸਰੂਪੀ ਅਗਨ ਲਗਾਏ । ਸਰਬ ਵਿਕਾਰ ਸੋਹੰ ਖੰਡਾ ਪ੍ਰਭ ਸਿਰ ਲਗਾਏ । ਏਕਾ ਅਧਾਰ ਗੁਰਮੁਖ ਸਾਚੇ ਸੋਹੰ ਨਾਉਂ ਤੇਰੇ ਵਿਚ ਰਖਾਏ । ਨਿਹਕਲੰਕ ਅਵਤਾਰ ਨਰ, ਗੁਰਸਿਖ ਸਾਚੇ ਸਿਰ ਤੇਰੇ ਹੱਥ ਟਿਕਾਏ । ਗੁਰਸਿਖ ਤੇਰੀ ਪਤ ਰਖਾਏ । ਵੇਲੇ ਅੰਤ ਹੋਏ ਸਹਾਏ । ਪਰਗਟ ਜੋਤ ਦਰਸ ਦਿਖਾਏ । ਜਮ ਜੰਧਾਰ ਕੋਈ ਨੇੜ ਨਾ ਆਏ । ਨਰਕ ਨਿਵਾਸ ਗੁਰਸਿਖ ਨਾ ਪਾਏ । ਸੋਹੰ ਸਾਚਾ ਜੋ ਜਨ ਰਸਨਾ ਗਾਏ । ਸਾਚੀ ਗਾਥ ਵਿਚ ਮਾਤ ਰਸਨਾ ਜਪ ਜੀਵ ਅਮਰਾ ਪਦ ਪਾਏ । ਪਰਗਟ ਜੋਤ ਨਿਹਕਲੰਕ, ਅੰਤ ਤੇਰੀ ਦੇਹ ਛੁਡਾਏ । ਅੰਤ ਅੰਤਕਾਲ ਪ੍ਰਭ ਸਾਚਾ ਆਪ ਸੁਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਹੋਏ ਸਹਾਏ । ਵੇਲੇ ਅੰਤ ਹੋਏ ਸਹਾਏ । ਵਿਚ ਬਬਾਣ ਪ੍ਰਭ ਲਏ ਬਿਠਾਏ । ਗੁਣ ਨਿਧਾਨ ਇਹ ਦਇਆ ਕਮਾਏ । ਸਚ ਧਾਮ ਪ੍ਰਭ ਦਏ ਪੁਚਾਏ । ਜੋਤ ਸਰੂਪੀ ਜੋਤ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਿਰ ਹੱਥ ਟਿਕਾਏ । ਗੁਰਸਿਖ ਮੰਗੇ ਪ੍ਰਭ ਦਰ ਸਾਚੀ ਮੰਗ । ਆਤਮ ਚਾੜ੍ਹੇ ਪ੍ਰਭ ਸਾਚਾ ਰੰਗ । ਭਵਜਲ

ਪਾਰ ਗੁਰਮੁਖ ਸਾਚਾ ਜਾਏ ਲੰਘ । ਮਾਨਸ ਜਨਮ ਨਾ ਹੋਵੇ ਭੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੀ ਦਾਤ ਸੋਹੰ ਪ੍ਰਭ ਦਰ ਮੰਗ । ਸਾਚੀ ਦਾਤ ਸਚ ਘਰ ਪਾਓ । ਪ੍ਰਭ ਅਬਿਨਾਸ਼ੀ ਸਦਾ ਧਿਆਓ । ਦੂਖ ਨਿਵਾਰਨ ਰਸਨਾ ਗਾਓ । ਸਰਬ ਘਟ ਵਾਸੀ ਰਿਦੇ ਵਸਾਓ । ਪ੍ਰਭ ਅਬਿਨਾਸ਼ੀ ਮਾਣ ਰਖਾਓ । ਜਗਤ ਉਦਾਸੀ ਮਨੋਂ ਤਜਾਓ । ਸਚ ਧਰਵਾਸ ਪ੍ਰਭ ਚਰਨ ਰਖਾਓ । ਗਰਭਵਾਸ ਫੰਦ ਕਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਜਨਮ ਮਰਨ ਦਾ ਗੇੜ ਚੁਕਾਓ । ਸਾਚਾ ਪ੍ਰਭ ਸਾਚਾ ਧਿਆਨ । ਸਾਚਾ ਦੇਵੇ ਆਤਮ ਬ੍ਰਹਮ ਗਿਆਨ । ਗੁਰਮੁਖ ਬਖ਼ਸ਼ੇ ਪ੍ਰਭ ਸਾਚਾ ਚਰਨ ਧੂੜ ਇਸ਼ਨਾਨ । ਕਲਜੁਗ ਜੀਵ ਦਿਸ ਨਾ ਆਵੇ ਵਿਸ਼ਨੂੰ ਭਗਵਾਨ । ਗੁਰਮੁਖ ਸਾਚੇ ਚਤੁਰ ਸੁਜਾਨ, ਸਾਚਾ ਦੇਵੇ ਦਰ ਪ੍ਰਭ ਮਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦਾ ਜਾਣੀ ਜਾਣ । ਜਾਨਣਹਾਰ ਆਪ ਜਣਾਵੇ । ਜੀਵ ਜੰਤ ਦੀ ਬਣਤ ਬਣਾਵੇ । ਆਪ ਆਪਣਾ ਵਿਚ ਰਖਾਵੇ । ਨਿਜ ਘਰ ਵਾਸੀ ਨਿਜ ਮਾਹਿ ਸਮਾਵੇ । ਮਾਇਆ ਰੂਪੀ ਪਰਦਾ ਪਾਵੇ । ਬੇਮੁਖਾਂ ਪ੍ਰਭ ਦਿਸ ਨਾ ਆਵੇ । ਗੁਰਮੁਖਾਂ ਪ੍ਰਭ ਦਇਆ ਕਮਾਵੇ । ਜੋਤ ਸਰੂਪੀ ਦਰਸ ਦਿਖਾਵੇ । ਸਤਿ ਸਰੂਪੀ ਨਜ਼ਰੀ ਆਵੇ । ਅਗਿਆਨ ਅੰਧੇਰ ਸਰਬ ਮਿਟਾਵੇ । ਏਕਾ ਨਾਮ ਮੁਖ ਰਖਾਵੇ । ਸੋਹੰ ਨਾਮ ਰਸਨ ਜਪਾਵੇ । ਆਪ ਆਪਣਾ ਦਰਸ ਦਿਖਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਿਰ ਹੱਥ ਟਿਕਾਵੇ । ਗੁਰਸਿਖਾਂ ਪ੍ਰਭ ਦਇਆ ਕਮਾਏ । ਸਾਚਾ ਕਰਮ ਆਪ ਕਰਾਏ । ਭਰਮ ਭੁਲੇਖੇ ਜਗਤ ਭੁਲਾਏ । ਅਲਖ ਅਲੇਖੇ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰਸ ਦਿਖਾਏ । ਦਰਸ ਦਿਖਾਏ ਪ੍ਰਭ ਮੁਕੰਦਾ । ਭਗਤ ਜਨਾਂ ਪ੍ਰਭ ਸਦ ਬਖ਼ਸ਼ਿੰਦਾ । ਬੇਮੁਖਾਂ ਮੁਖ ਰਖਾਏ ਮਦਿਰਾ ਮਾਸ ਗੰਦਾ । ਧੰਨ ਧੰਨ ਧੰਨ ਗੁਰਸਿਖ ਦਿਵਸ ਰੈਣ ਸੋਹੰ ਨਾਉਂ ਰਸਨ ਜਪੰਦਾ । ਉਜਲ ਹੋਏ ਮੁਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਅੰਗ ਸੰਗਾ । ਗੁਰਸਿਖ ਸੰਗ ਸਾਚਾ ਤੇਰਾ । ਜੋਤ ਸਰੂਪ ਵਿਚ ਰੱਖੇ ਵਸੇਰਾ । ਪਰਗਟ ਜੋਤ ਦੇਵੇ ਦਰਸ ਨਾ ਲਾਵੇ ਦੇਰਾ । ਚਰਨ ਲਾਗ ਨਿਹਕਲੰਕ ਆਤਮ ਮਿਟੇ ਸਰਬ ਅੰਧੇਰਾ । ਗੁਰਮੁਖ ਸਾਚਾ ਪ੍ਰਭ ਕਾ ਰੂਪ, ਗੁਰਸਿਖ ਨਾ ਜਾਣੇ ਸੰਞ ਸਵੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਪਾਰ ਕਰਾਇਆ ਬੇੜਾ । ਪ੍ਰਭ ਅਬਿਨਾਸ਼ੀ ਬੇੜਾ ਬੰਨ੍ਹ । ਏਕਾ ਸ਼ਬਦ ਸੁਣਾਇਆ ਕੰਨ । ਆਤਮ ਸੁੰਨ ਖੁਲ੍ਹਾਈ ਸਾਚੇ ਜਨ । ਜੋਤ ਜਗਾਈ ਸਾਚੇ ਤਨ । ਗੁਰਮੁਖ ਗੁਰਸਿਖ ਤੇਰੀ ਕਮਾਈ ਧੰਨ । ਸੋਹੰ ਸ਼ਬਦ ਦੇਵੇ ਦਾਨ ਨਾ ਲਾਗੇ ਸੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਵੇ ਝੂਠੇ ਤਨ । ਸਾਚੀ ਜੋਤ ਪ੍ਰਭ ਜਗਾਏ । ਪੰਚਮ ਪ੍ਰਭ ਨਸ਼ਟ ਕਰਾਏ । ਏਕਾ ਨਾਮ ਵਿਚ ਸਮਾਏ । ਏਕੰਕਾਰ ਪ੍ਰਭ ਸਾਚੀ ਦਇਆ ਕਮਾਏ । ਸਾਚੀ ਦਾਤ ਵਡ ਕਰਾਮਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਝੋਲੀ ਪਾਏ । ਭੈ ਭੰਜਨ ਪ੍ਰਭ ਨੈਣ ਮੁੰਧਾਰਾ । ਪ੍ਰਭ ਸਾਚੇ ਕੇ ਸਾਚੇ ਗੁਣ, ਸਗਲ ਕਰੇ ਜੋਤ ਵਰਤਾਰਾ । ਗੁਰਮੁਖ ਵਿਰਲੇ ਵਿਚ ਮਾਤ ਚੁਣ, ਸ਼ਬਦ ਰੂਪ ਪ੍ਰਭ ਭਰੇ ਭੰਡਾਰਾ । ਏਕ ਟੇਕ ਅਵਤਾਰ ਨਰ, ਜੋਤ ਜਗਾਏ ਪ੍ਰਭ ਅਗੰਮ ਅਪਾਰਾ । ਚਰਨ ਲਾਗ ਜਨ ਜਾਇਣ ਤਰ, ਏਕਾ ਬਖ਼ਸ਼ੇ ਚਰਨ ਪਿਆਰਾ । ਭਗਤ ਜਨਾਂ ਮਨ ਜਾਏ ਮੰਨ, ਏਕਾ ਦੀਸੇ ਜੋਤ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਲਏ ਅਵਤਾਰਾ । ਮਾਤਲੋਕ ਪ੍ਰਭ ਜਾਮਾ ਧਾਰੇ । ਸੰਤ ਜਨਾਂ ਦੀ ਸੁਣੀ ਪੁਕਾਰੇ । ਏਕਾ ਜੋਤ ਏਕਾ ਆਕਾਰੇ । ਪ੍ਰਭ ਅਪਰੰਪਰ ਪ੍ਰਭ ਸਾਚੇ ਦੀ ਸਾਚੀ ਕਾਰੇ । ਮਹਾਰਾਜ ਸ਼ੇਰ

ਸਿੰਘ ਸਤਿਗੁਰ ਸਾਚਾ, ਭਗਤ ਜਨਾਂ ਦੇ ਕਾਜ ਸਵਾਰੇ । ਜੋਤ ਸਰੂਪੀ ਖੇਲ ਪ੍ਰਭ ਖੇਲਾ । ਸੰਤ ਜਨਾਂ ਪ੍ਰਭ ਸੰਗ ਸੁਹੇਲਾ । ਸਾਚਾ ਮੇਲ ਮਿਲਾਇਆ ਮੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਜਗਤ ਵਿਚ ਖੇਲਾ । ਸਾਚਾ ਪ੍ਰਭ ਸਚ ਘਰ ਪਾਓ । ਨਿਜਾਨੰਦ ਨਿਜ ਮਾਹਿ ਉਪਜਾਓ । ਦੀਪਕ ਸਾਚੀ ਜੋਤ ਜਗਾਓ । ਅਗਿਆਨ ਅੰਧੇਰ ਸਰਬ ਮਿਟਾਓ । ਪ੍ਰਭ ਅਬਿਨਾਸ਼ੀ ਰਸਨਾ ਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਘਟ ਵਾਸੀ ਦਰਸ਼ਨ ਪਾਓ । ਸਾਚਾ ਸ਼ਬਦ ਸਾਚਾ ਗਿਆਨ । ਸਾਚਾ ਸ਼ਬਦ ਗੁਰ ਕਾ ਧਿਆਨ । ਸਾਚਾ ਸ਼ਬਦ ਮੇਲ ਮਿਲਾਏ ਭਗਤ ਭਗਵਾਨ । ਸਾਚਾ ਸ਼ਬਦ ਸਾਧ ਸੰਗਤ ਪ੍ਰਭ ਦੇਵੇ ਮਾਣ । ਸਾਚਾ ਸ਼ਬਦ ਵਡ ਗੁਣੀ ਨਿਧਾਨ । ਸਾਚਾ ਸ਼ਬਦ ਸੰਤ ਜਨ ਵਿਰਲੇ ਪਾਣ । ਮਹਾਰਾਜ ਸ਼ੇਰ ਸਿੰਘ ਸੋਹੰ ਬਖ਼ਸ਼ੇ ਸਾਚਾ ਗਿਆਨ । ਸਾਚਾ ਸ਼ਬਦ ਦਰ ਸਾਚੇ ਸੁਣ । ਮਿਲੇ ਵਡਿਆਈ ਵਿਚ ਰਿਖ ਮੁਨ । ਜਨ ਸੰਤ ਸੁਣਾਵੇ ਪ੍ਰਭ ਸਾਚੀ ਧੁੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੋਲ੍ਹ ਦਿਖਾਵੇ ਆਤਮ ਸੁੰਨ । ਆਤਮ ਸੁੰਨ ਪ੍ਰਭ ਖੁਲ੍ਹਾਏ । ਥਿਰ ਘਰ ਵਾਸੀ ਥਿਰ ਘਰ ਦੀ ਸੋਝੀ ਪਾਏ । ਜੋਤ ਸਰੂਪੀ ਪ੍ਰਭ ਦੀਪਕ ਜਗਾਏ । ਘਨਕਪੁਰ ਵਾਸੀ ਗੁਰਮੁਖ ਸਾਚੇ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸ਼ਬਦ ਦੀ ਸੋਝੀ ਪਾਏ । ਸਾਚਾ ਸ਼ਬਦ ਪ੍ਰਭ ਸਚ ਚਲਾਵੇ । ਸੰਤ ਜਨਾਂ ਸਚ ਮਾਰਗ ਪਾਵੇ । ਰਸਨਾ ਰਸ ਅੰਮ੍ਰਿਤ ਰਸ ਮੁਖ ਚੁਆਵੇ । ਰਸਨਾ ਜਪ ਜਪ ਜਪ ਜੀਵ ਸਰਬ ਸੁਖ ਪਾਵੇ । ਤਪ ਤਪ ਤਪ ਕਲ ਵੱਡਾ ਤਪ, ਪ੍ਰਭ ਸਾਚਾ ਰਸਨਾ ਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਵੇ । ਪ੍ਰਭ ਸਾਚੇ ਸਚ ਦਇਆ ਕਮਾਈ । ਸਚ ਦਰ ਸਚ ਘਰ ਪ੍ਰਭ ਜੋਤ ਪਰਗਟਾਈ । ਸਾਧ ਸੰਗਤ ਮਿਲ ਰਸਨਾ ਹਰਿ ਹਰਿ ਹਰਿ ਜਸ ਗਾਈ । ਸੰਤ ਜਨਾਂ ਪ੍ਰਭ ਬਲ ਬਲ ਜਾਈ । ਦਿਵਸ ਰੈਣ ਰੈਣ ਦਿਵਸ ਏਕਾ ਲਿਵ ਪ੍ਰਭ ਚਰਨ ਲਗਾਈ । ਪ੍ਰਭ ਅਬਿਨਾਸ਼ੀ ਪੇਖੇ ਨੈਣ ਸਾਚੀ ਸੁਰਤ ਪ੍ਰਭ ਆਪ ਦਵਾਈ । ਦਰ ਘਰ ਸਾਚੇ ਸੰਤ ਜਨ ਬਹਿਣ, ਸਾਚੀ ਮਤਿ ਸੰਤ ਪ੍ਰਭ ਪਾਈ । ਪੂਰਬ ਜਨਮ ਦਾ ਲਹਿਣਾ ਲੈਣ, ਪਰਗਟ ਦੇਵੇ ਆਪ ਰਘੁਰਾਈ । ਬੇਮੁਖ ਜੀਵ ਦੁਖ ਦਰਦ ਸਹਿਣ, ਪ੍ਰਭ ਅਬਿਨਾਸ਼ੀ ਲਿਆ ਭੁਲਾਈ । ਅੰਤਕਾਲ ਝੂਠੇ ਵਹਿਣ ਵਹਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਕਰਾਈ । ਸੰਤ ਜਨਾਂ ਦਰ ਮੰਗਲ ਗਾਇਆ । ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਬਜਰ ਕਪਾਟ ਪ੍ਰਭ ਖੋਲ੍ਹ ਵਖਾਇਆ । ਸੁਨ ਸੁਨ ਸੁਨ ਜਨ ਸੰਤ ਬਿਗਸਾਇਆ । ਪਰਮਾਨੰਦ ਦੇ ਵਿਚ ਸਮਾਇਆ । ਜੋਤ ਸਰੂਪੀ ਜੋਤ ਪ੍ਰਭ, ਜੋਤ ਸਰੂਪੀ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਚੁਕਾਇਆ । ਆਪ ਆਪਣਾ ਭੇਵ ਚੁਕਾਏ । ਸੰਤ ਜਨਾਂ ਨੂੰ ਸੋਝੀ ਪਾਏ । ਸਚ ਘਰ ਵਿਚ ਸਦ ਸਮਾਏ । ਸਾਚਾ ਨਾਮ ਰਸਨ ਜਪਾਏ । ਏਕਾ ਧਿਆਨ ਚਰਨ ਲਗਾਏ । ਗੁਣ ਨਿਧਾਨ ਪਰਗਟ ਜੋਤ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਏ । ਸਾਚਾ ਪ੍ਰਭ ਭੇਖ ਭਿਖਾਰੀ । ਕਲਜੁਗ ਜੀਵ ਭੁੱਲੇ ਸੰਸਾਰੀ । ਨਜ਼ਰ ਨਾ ਆਵੇ ਪ੍ਰਭ ਗਿਰਧਾਰੀ । ਸੰਤ ਜਨਾਂ ਸਦ ਬਲਿਹਾਰੀ । ਰਸਨਾ ਜਪ ਜਪ ਜਪ ਪ੍ਰਭ ਆਤਮ ਤ੍ਰਿਖਾ ਉਤਾਰੀ । ਜੋਤ ਸਰੂਪੀ ਜੋਤ ਪ੍ਰਭ, ਸਾਚੀ ਜੋਤ ਦੇਵੇ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਦੇਵੇ ਨਾਮ ਅਧਾਰੀ । ਸਾਚੀ ਜੋਤ ਕਰੇ ਆਕਾਰ । ਸਾਚਾ ਸ਼ਬਦ ਦੇਵੇ ਅਧਾਰ । ਸਾਚੇ ਸੰਤ ਪ੍ਰਭ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਨੂੰ ਜਾਵੇ ਤਾਰ । ਸਾਚੀ ਜੋਤ ਪ੍ਰਭ ਜਗਾਏ । ਭਗਤ ਜਨਾਂ ਪ੍ਰਭ ਮਾਣ ਦੁਆਵੇ ।

੬੬੮
੦੧

ਸਾਚੀ ਬਣਤ ਆਪ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਸਮਾਏ । ਸੰਤ ਜਨਾਂ ਪ੍ਰਭ ਜੋਤ ਜਗਾਏ । ਸੰਤ ਜਨਾਂ ਪ੍ਰਭ ਵਿਚ ਸਮਾਏ । ਸੰਤ ਜਨਾਂ ਪ੍ਰਭ ਅੰਮ੍ਰਿਤ ਝਿਰਨਾ ਦੇ ਝਿਰਾਏ । ਸੰਤ ਜਨਾਂ ਪ੍ਰਭ ਅੰਮ੍ਰਿਤ ਰਸ ਰਸ ਚੁਆਵੇ । ਸੰਤ ਜਨਾਂ ਪ੍ਰਭ ਅੰਮ੍ਰਿਤ ਝਿਰਨਾ ਨਭ ਕਵਲ ਕਵਲ ਨਭ ਮੁਖ ਚੁਆਵੇ । ਸੰਤ ਜਨਾਂ ਪ੍ਰਭ ਜੋਤ ਸਰੂਪੀ ਮੇਲ ਮਿਲਾਏ । ਸੰਤ ਜਨਾਂ ਪ੍ਰਭ ਸਾਚਾ ਸਤਿ ਗਿਆਨ ਦੁਆਵੇ । ਸੰਤ ਜਨਾਂ ਪ੍ਰਭ ਏਕਾ ਦੂਜਾ ਭਉ ਚੁਕਾਏ । ਸੰਤ ਜਨਾਂ ਪ੍ਰਭ ਸਚ ਘਰ ਦੀ ਬੂਝ ਬੁਝਾਏ । ਸੰਤ ਜਨਾਂ ਪ੍ਰਭ ਆਪਣਾ ਭੇਵ ਆਪ ਖੁਲ੍ਹਾਏ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ । ਸੰਤ ਜਨਾਂ ਪ੍ਰਭ ਧੀਰ ਧਰਾਏ । ਸੰਤ ਜਨਾਂ ਪ੍ਰਭ ਸਾਚਾ ਆਤਮ ਸੀਰ ਪਿਲਾਏ । ਸੰਤ ਜਨਾਂ ਹਉਮੈ ਵਿਚੋਂ ਪੀਰ ਗੁਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਧੀਰ ਧਰਾਏ । ਸੰਤ ਜਨਾਂ ਪ੍ਰਭ ਸਰਧਾ ਪੂਰ । ਸੰਤ ਜਨਾਂ ਪ੍ਰਭ ਆਤਮ ਦੇਵੇ ਸਤਿ ਸਰੂਰ । ਸੰਤ ਜਨਾਂ ਪ੍ਰਭ ਆਤਮ ਜੋਤ ਕਰੇ ਨੂਰੋ ਨੂਰ । ਸੰਤ ਜਨਾਂ ਪ੍ਰਭ ਭੰਡਾਰ ਕਰੇ ਭਰਪੂਰ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਪੂਰ । ਸੰਤ ਜਨਾਂ ਪ੍ਰਭ ਲਾਜ ਰਖਾਏ । ਸੰਤ ਜਨਾਂ ਪ੍ਰਭ ਮਾਣ ਦੁਆਏ । ਸੰਤ ਜਨਾਂ ਪ੍ਰਭ ਸਾਚਾ ਨਾਮ ਝੋਲੀ ਪਾਏ । ਸੰਤ ਜਨਾਂ ਪ੍ਰਭ ਏਕਾ ਧਿਆਨ ਸੁਰਤ ਦੁਆਏ । ਸੰਤ ਜਨਾਂ ਪ੍ਰਭ ਪਰਗਟ ਜੋਤ ਜੋਤ ਸਰੂਪ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਸੰਤ ਜਨਾਂ ਪ੍ਰਭ ਦੇ ਵਡਿਆਈ । ਸੰਤ ਜਨਾਂ ਪ੍ਰਭ ਸਾਚੀ ਦਾਤ ਭਿਛਿਆ ਪਾਈ । ਸੰਤ ਜਨਾਂ ਚਰਨ ਧੂੜ ਮਸਤਕ ਲਾਈ । ਸੰਤ ਜਨਾਂ ਸਾਚੀ ਜੋਤ ਵਿਚ ਲਲਾਟ ਜਗਾਈ । ਸੰਤ ਜਨਾਂ ਉਚ ਪਦਵੀ ਪ੍ਰਭ ਦਰ ਤੇ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਸਦ ਦਇਆ ਕਮਾਈ । ਸੰਤ ਜਨਾਂ ਪ੍ਰਭ ਚਰਨ ਭਰਵਾਸਾ । ਸੰਤ ਜਨਾਂ ਪ੍ਰਭ ਚਰਨ ਰਹਿਰਾਸਾ । ਸੰਤ ਜਨਾਂ ਪ੍ਰਭ ਕਰੇ ਬੰਦ ਖੁਲਾਸਾ । ਸੰਤ ਜਨਾਂ ਪ੍ਰਭ ਕਰੇ ਜੋਤ ਪਰਕਾਸ਼ਾ । ਸੰਤ ਜਨਾਂ ਪ੍ਰਭ ਪੂਰ ਕਰਾਏ ਆਸਾ । ਸੰਤ ਜਨਾਂ ਪ੍ਰਭ ਸਾਚਾ ਸਦ ਰੱਖੇ ਵਿਚ ਵਾਸਾ । ਝੂਠੀ ਸ੍ਰਿਸ਼ਟ ਦੇਖੇ ਤਮਾਸ਼ਾ । ਸੰਤ ਜਨਾਂ ਪ੍ਰਭ ਹੋਏ ਦਾਸਨ ਦਾਸਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਦੇਵੇ ਚਰਨ ਭਰਵਾਸਾ । ਸੰਤ ਜਨਾਂ ਪ੍ਰਭ ਸਦਾ ਸੰਗ । ਏਕਾ ਨਾਮ ਚੜ੍ਹਾਏ ਰੰਗ । ਅੰਮ੍ਰਿਤ ਝਿਰਨਾ ਝਿਰਾਏ ਵਿਚ ਦੇਹ ਗੰਗ । ਸਾਚਾ ਪ੍ਰਭ ਸਾਚਾ ਵਰ ਸਾਚਾ ਦਰ ਜਨ ਸੰਤ ਲਿਆ ਮੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਦਾ ਅੰਗ ਸੰਗ । ਸੰਤ ਜਨਾਂ ਸਰਬ ਗਿਆਤਾ । ਸੰਤ ਜਨਾਂ ਏਕਾ ਮਿਲਿਆ ਭਗਵੰਤ ਭਰਾਤਾ । ਸੰਤ ਜਨਾਂ ਪ੍ਰਭ ਸਦਾ ਰੰਗ ਰਾਤਾ । ਸੰਤ ਜਨਾਂ ਅੰਮ੍ਰਿਤ ਬੂੰਦ ਪੀਏ ਸਵਾਂਤ ਸਵਾਂਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਮਿਲਾਤਾ । ਸਚ ਘਰ ਪ੍ਰਭ ਰੱਖੇ ਵਾਸਿਆ । ਸਾਚੀ ਜੋਤ ਜਗਤ ਪਰਕਾਸ਼ਿਆ । ਤੀਨ ਲੋਕ ਜੋਤ ਸਰੂਪ ਨਿਵਾਸਿਆ । ਖੰਡ ਬ੍ਰਹਿਮੰਡ ਪ੍ਰਭ ਦਾਸਨ ਦਾਸਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਸਦ ਰੱਖੇ ਵਾਸਿਆ । ਸਾਚਾ ਪ੍ਰਭ ਸਦਾ ਅਬਿਨਾਸ਼ੀ । ਜੀਵ ਜੰਤ ਵਿਚ ਸਦ ਨਿਵਾਸੀ । ਸਾਚੀ ਜੋਤ ਪ੍ਰਭ ਪਰਕਾਸ਼ੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦੇ ਕਰ ਜਾਏ ਬੰਦ ਖੁਲਾਸੀ । ਸਾਚੀ ਜੋਤ ਪ੍ਰਭ ਪਰਕਾਸ਼ ਕਰ । ਏਕਾ ਜੋਤ ਜਗਾਏ ਅਗਿਆਨ ਵਿਨਾਸ ਕਰ । ਸੋਹੰ ਸ਼ਬਦ ਰਸਨ ਸਵਾਸ ਕਰ । ਏਕਾ ਜੋਤ ਸਰੂਪੀ ਵਿਚ ਵਾਸ ਕਰ । ਸਾਚੀ ਜੋਤ ਪਰਕਾਸ਼ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਆਪਣੇ ਦਾਸ ਕਰ । ਜੀਵ ਜੰਤ

ਪ੍ਰਭ ਵਿਚ ਸਮਾਇਆ । ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਗੁਰਮੁਖ ਸਾਚੇ ਸਚ ਸ਼ਬਦ ਸੁਣਾਇਆ । ਏਕਾ ਧੁਨ ਦੇ ਉਪਜਾਇਆ । ਅਨਹਦ ਰਾਗ ਪ੍ਰਭ ਸੁਣਾਇਆ । ਜੋਤ ਸਰੂਪੀ ਪਰਗਟ ਜੋਤ ਦਰਸ ਦਿਖਾਇਆ । ਹੋਏ ਪਰਕਾਸ਼ ਵਿਚ ਅੰਧ ਕੂਪ, ਪ੍ਰਭ ਸਾਚਾ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਸਾਚੇ ਭੂਪ, ਜੋਤ ਸਰੂਪੀ ਦਰਸ ਦਿਖਾਇਆ । ਉਪਜੇ ਧੁਨ ਸਚੀ ਧੁਨਕਾਰ । ਆਤਮ ਜੋਤ ਹੋਏ ਉਜਿਆਰ । ਏਕਾ ਸ਼ਬਦ ਵੱਜੀ ਧੁਨਕਾਰ । ਸਾਚੀ ਰੁਣ ਝੁਣ ਆਤਮ ਮਿਲੇ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਨਾਮ ਅਧਾਰ । ਸਾਚੀ ਧੁੰਨ ਦੇਹ ਵਜਾਈ । ਆਤਮ ਸੁੰਨ ਪ੍ਰਭ ਖੋਲ੍ਹ ਵਖਾਈ । ਗੁਰਮੁਖ ਸਾਚੇ ਪ੍ਰਭ ਬੂਝ ਬੁਝਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੂਜ ਮਿਟਾਈ । ਸਾਚਾ ਦਰ ਘਰ ਪ੍ਰਭ ਸੂਝਿਆ । ਸਾਚਾ ਪ੍ਰਭ ਭੇਵ ਖੁਲ੍ਹਾਵੇ ਗੂਝਿਆ । ਭਉ ਚੁਕਾਵੇ ਏਕਾ ਦੂਜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਤੇਰੇ ਚਰਨ ਲੂਝਿਆ । ਗੁਰਮੁਖ ਸਾਚੇ ਮਨ ਵੱਜੀ ਵਧਾਈ । ਪ੍ਰਭ ਸਾਚੇ ਸਚ ਜੋਤ ਜਗਾਈ । ਅਗਿਆਨ ਅੰਧੇਰ ਸਰਬ ਮਿਟਾਈ । ਸਾਚੀ ਜੋਤ ਦੀਪਕ ਦੇ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ । ਸਾਚਾ ਨਾਮ ਪ੍ਰਭ ਦਰ ਪਾਇਆ । ਏਕ ਧਿਆਨ ਗੁਰਚਰਨ ਲਗਾਇਆ । ਸਾਚਾ ਗਿਆਨ ਗੁਰ ਨਾਮ ਧਿਆਇਆ । ਸਾਚਾ ਧਿਆਨ ਚਰਨ ਧੂੜ ਪ੍ਰਭ ਮਸਤਕ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਇਆ । ਭਗਤ ਜਨਾਂ ਸਦਾ ਰਖਵਾਲਾ । ਰੱਖੇ ਲਾਜ ਗੁਰ ਗੋਪਾਲਾ । ਦੀਨਾਂ ਨਾਥ ਦੀਨ ਦਿਆਲਾ । ਸੰਤ ਜਨਾਂ ਦੀ ਸਾਰ ਸਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦਾ ਰਖਵਾਲਾ । ਸਾਚਾ ਪ੍ਰਭ ਜੋਤ ਆਕਾਰੀ । ਜੋਤ ਸਰੂਪ ਸਦਾ ਨਿਰਾਧਾਰੀ । ਜੋਤ ਨਿਰੰਜਣ ਏਕਾ ਆਕਾਰੀ । ਮਾਤਲੋਕ ਆਏ ਵਾਰੋ ਵਾਰੀ । ਜੁਗੋ ਜੁਗ ਭਗਤਾਂ ਜਾਏ ਪੈਜ ਸਵਾਰੀ । ਪ੍ਰਭ ਸਾਚੇ ਦੀ ਖੇਲ ਨਿਆਰੀ । ਭਗਤ ਜਨਾਂ ਰਸਨਾ ਜਪ ਜਪ ਆਤਮ ਤ੍ਰਿਪਤਾਈ । ਭਗਤ ਜਨਾਂ ਆਤਮ ਦੀਪ ਜੋਤ ਜਗਾਈ । ਭਗਤ ਜਨਾਂ ਸਾਚਾ ਰੰਗ ਚੜ੍ਹਾਈ । ਭਗਤ ਜਨਾਂ ਮਨ ਵੱਜੀ ਵਧਾਈ । ਭਗਤ ਜਨਾਂ ਪ੍ਰਭ ਦਰਸ ਦਿਖਾਈ । ਭਗਤ ਜਨਾਂ ਪ੍ਰਭ ਭਰਮ ਗੁਆਈ । ਭਗਤ ਜਨਾਂ ਏਕਾ ਰਾਗ ਉਪਜਾਈ । ਭਗਤ ਜਨਾਂ ਜੋਤ ਸਰੂਪ ਦਰਸ ਦਿਖਾਈ । ਪ੍ਰਭ ਸਾਚੇ ਜਨ ਆਸ ਰਖਾਈ । ਪ੍ਰਭ ਸਾਚਾ ਆਪ ਹੋਏ ਸਹਾਈ । ਵੇਲੇ ਅੰਤ ਪ੍ਰਭ ਦਰਸ ਦਿਖਾਈ । ਭਗਤ ਜਨਾਂ ਪ੍ਰਭ ਆਣ ਤਰਾਈ । ਹੰਕਾਰੀਆਂ ਜਾਏ ਪ੍ਰਭ ਹੰਕਾਰ ਗੁਆਈ । ਗੁਰਮੁਖ ਸਾਚੇ ਸਚ ਦਇਆ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਬੂਝ ਬੁਝਾਈ । ਮਾਤਲੋਕ ਪ੍ਰਭ ਦਇਆ ਕਮਾਏ, ਸਾਚੀ ਜੋਤ ਵਿਚ ਦੇਹ ਟਿਕਾਏ । ਮਾਤਲੋਕ ਪ੍ਰਭ ਦਇਆ ਕਮਾਏ, ਜੁਗੋ ਜੁਗ ਪ੍ਰਭ ਜਾਮਾ ਪਾਏ । ਮਾਤਲੋਕ ਪ੍ਰਭ ਜਾਮਾ ਪਾਏ, ਜੋਤ ਸਰੂਪੀ ਜੋਤ ਜਗਾਏ । ਮਾਤਲੋਕ ਪ੍ਰਭ ਜੋਤ ਜਗਾਏ, ਕ੍ਰਿਸ਼ਨਾ ਸਾਵਲਾ ਘਨਕਪੁਰੀ ਵਿਚ ਜਾਮਾ ਪਾਏ । ਮਾਤਲੋਕ ਪ੍ਰਭ ਜਾਮਾ ਪਾਏ, ਰਮਈਆ ਰਾਮ ਆਪਣੀ ਜੋਤ ਕਲ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਆਪ ਧਰਾਏ । ਸਾਚਾ ਪ੍ਰਭ ਜੋਤ ਪਰਗਟਾਏ । ਭਗਤ ਜਨਾਂ ਦਇਆ ਕਮਾਏ । ਭਗਤ ਜਨਾਂ ਪ੍ਰਭ ਸਰਨੀ ਲਾਏ । ਸਾਚਾ ਨਾਮ ਰਸਨਾ ਜਪੇ, ਦਿਵਸ ਰੈਣ ਏਕਾ ਲਿਵ ਲਾਏ । ਗੁਰਮੁਖ ਪੇਖੇ ਤੀਜੇ ਨੈਣ, ਆਪਣਾ ਆਪ ਭੇਵ ਖੁਲ੍ਹਾਏ । ਸਾਚਾ ਲਹਿਣਾ ਪ੍ਰਭ ਦਰ ਲੈਣ, ਮਹਾਰਾਜ ਸ਼ੇਰ ਸਿੰਘ ਸਦ ਰਸਨਾ ਗਾਏ । ਰਸਨਾ ਜਪ ਆਤਮ ਰਸ ਮਾਣਿਆ । ਪ੍ਰਭ ਅਬਿਨਾਸ਼ੀ ਸਦ ਚਲਾਏ ਆਪਣਾ ਭਾਣਿਆ । ਪ੍ਰਭ ਅਬਿਨਾਸ਼ੀ ਗੁਰਮੁਖ

ਸਤਿ ਕਰ ਜਾਣਿਆ । ਸੋ ਜਨ ਹੋਏ ਸੁਘੜ ਸਿਆਣਿਆ । ਦੇਵੇ ਦਰਸ ਵਿਸ਼ਨੂੰ ਭਗਵਾਨਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪ ਵਿਚ ਸਮਾਣਿਆ । ਜੋਤ ਸਰੂਪ ਵਿਚ ਸਮਾਣ । ਬੇਮੁਖਾਂ ਪ੍ਰਭ ਤੋੜੇ ਮਾਣ । ਗੁਰਮੁਖਾਂ ਦੇਵੇ ਦਰਸ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਪ੍ਰਭ ਆਤਮ ਜੋਤ ਜਗਾਏ । ਜਗਤ ਪਿਤ ਆਪ ਅਖਵਾਏ । ਜੀਵ ਜੰਤ ਵਿਚ ਪ੍ਰਭ ਆਪ ਸਮਾਏ । ਸਰਬ ਜੀਆਂ ਦੀ ਆਪ ਬਣਤ ਬਣਾਏ । ਮਹਿੰਮਾ ਅਗਣਤ ਗਣੀ ਨਾ ਜਾਏ । ਵੇਦ ਪੁਰਾਨ ਪ੍ਰਭ ਭੇਵ ਨਾ ਪਾਏ । ਖਾਣੀ ਬਾਣੀ ਪ੍ਰਭ ਵਿਚ ਸਮਾਏ । ਜੋਤ ਸਰੂਪੀ ਦਿਸ ਨਾ ਆਏ । ਜੋਤ ਸਰੂਪੀ ਪ੍ਰਭ ਜੋਤ ਸਰੂਪਾ । ਪ੍ਰਭ ਸਾਚੇ ਘਰ ਸਦਾ ਅਨੂਪਾ । ਵਡ ਦਾਤਾ ਪ੍ਰਭ ਵਡ ਭੂਪਾ । ਜੋਤ ਪਰਕਾਸ਼ ਕਰੇ ਵਿਚ ਦੇਹ ਅੰਧ ਕੂਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸਤਿ ਸਰੂਪਾ । ਜੋਤ ਸਰੂਪ ਜੋਤ ਜਗਾਏ । ਸੋਹੰ ਸਾਚਾ ਨਾਮ ਜਪਾਏ । ਊਚ ਨੀਚ ਪ੍ਰਭ ਭੇਦ ਚੁਕਾਏ । ਏਕਾ ਆਪ ਏਕਾ ਜਾਪ ਵਿਚ ਮਾਤ ਰਖਾਏ । ਸਰਬ ਭੇਵ ਆਪ ਖੁਲ੍ਹਾਏ । ਪਾਰਬ੍ਰਹਮ ਸਚ ਸ਼ਬਦ ਲਿਖਾਏ । ਗਿਆ ਵੇਲਾ ਹੱਥ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਆਣ ਤਰਾਏ । ਊਚ ਨੀਚ ਭੇਦ ਚੁਕਾਏ । ਦੂਸਰ ਕੋਈ ਰਹਿਣ ਨਾ ਪਾਏ । ਸਤਿਗੁਰ ਸਾਚਾ ਸਤਿਜੁਗ ਮਾਰਗ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਕਲ ਜਾਮਾ ਪਾਏ । ਆਪ ਆਪਣਾ ਭੇਦ ਖੁਲ੍ਹਾਵਣਾ । ਵੇਦ ਚਾਰ ਵਕ਼ਤ ਚੁਕਾਵਣਾ । ਸੋਹੰ ਸ਼ਬਦ ਜਗਤ ਚਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਕਲ ਜਾਮਾ ਪਾਵਣਾ । ਮਾਤਲੋਕ ਪ੍ਰਭ ਜਾਮਾ ਪਾਏ । ਰਾਜੇ ਰਾਣੇ ਚਰਨੀ ਲਾਏ । ਆਪਣੀ ਕਲ ਆਪ ਵਰਤਾਏ । ਮਸਤੂਆਣੇ ਮਾਣ ਦਵਾਏ । ਸੰਤ ਜਨਾਂ ਪ੍ਰਭ ਜੋਤ ਸਰੂਪੀ ਸ਼ਬਦ ਜਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਧਾਮ ਸੁਹਾਏ । ਮਸਤੂਆਣੇ ਦੇ ਵਡਿਆਈ । ਜਮਨ ਕਿਨਾਰੇ ਪ੍ਰਭ ਜੋਤ ਜਗਾਈ । ਵਾਲੀ ਹਿੰਦ ਲੈ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਰਤ ਸ਼ਬਦ ਮੇਲ ਮਿਲਾਈ । ਵਾਲੀ ਹਿੰਦ ਸਰਨੀ ਆਏ । ਆਪ ਆਪਣੀ ਬੂਝ ਬੁਝਾਏ । ਏਕਾ ਰੂਪ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ । ਸਚਾ ਪ੍ਰਭ ਸਚਾ ਦਰਬਾਰਾ । ਨਿਰਮਲ ਜੋਤ ਜਗੇ ਅਪਾਰਾ । ਏਕਾ ਏਕ ਦਿਸੇ ਨਿਰੰਕਾਰਾ । ਸਾਚਾ ਵੇਸ ਪ੍ਰਭ ਕਰਤਾਰਾ । ਵਡ ਨਰੇਸ਼ ਵਿਚ ਸੰਸਾਰਾ । ਬ੍ਰਹਮਾ ਵਿਸ਼ਨ ਮਹੇਸ਼ ਖੜ੍ਹੇ ਦਵਾਰਾ । ਵਾਲੀ ਹਿੰਦ ਪ੍ਰਭ ਦੇ ਉਪਦੇਸ਼, ਆਤਮ ਕਰੇ ਜੋਤ ਆਕਾਰਾ । ਸੋਹੰ ਸ਼ਬਦ ਹਿਰਦੇ ਪਰਵੇਸ਼, ਦੇਵੇ ਦਰਸ ਅਗੰਮ ਅਪਾਰਾ । ਏਕਾ ਛਤਰ ਝੁਲੇ ਪ੍ਰਭ ਸੀਸ, ਸੋਹੰ ਖੰਡਾ ਹੱਥ ਦੋ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਕੀਆ ਪਸਾਰਾ । ਏਕਾ ਆਪ ਏਕ ਦਿਸਾਵੇ । ਏਕਾ ਜਾਪ ਮੁਖ ਰਖਾਵੇ । ਏਕਾ ਬਾਪ ਆਪ ਬਣ ਜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਵੇ । ਆਪ ਆਪਣਾ ਭੇਦ ਖੁਲ੍ਹਾ ਕੇ । ਵਾਲੀ ਹਿੰਦ ਸਰਨ ਲਗਾ ਕੇ । ਸਾਚਾ ਮਾਣ ਮਾਤ ਦੁਆ ਕੇ । ਆਪ ਆਪਣਾ ਸਿਰ ਹੱਥ ਟਿਕਾ ਕੇ । ਚਾਰ ਵਰਨ ਸਿਰ ਤਾਜ ਪਹਿਨਾ ਕੇ । ਰਾਓ ਰੰਕ ਇਕ ਥਾਂ ਬਹਾ ਕੇ । ਏਕਾ ਆਪਣਾ ਨਾਮ ਜਪਾ ਕੇ । ਦੂਈ ਦਵੈਤੀ ਪੜਦੇ ਲਾਹ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਪਰਗਟਾ ਕੇ । ਆਪਣੀ ਜੋਤ ਆਪ ਪਰਗਟਾਏ । ਸਾਚਾ ਮਾਰਗ ਵਿਚ ਸ੍ਰਿਸ਼ਟ ਲਗਾਏ । ਸੰਤ ਜਨਾਂ ਪ੍ਰਭ ਵਡਿਆਏ । ਨਿਮਾਣਿਆਂ ਸਿਰ ਹੱਥ ਟਿਕਾਏ । ਰਾਜੇ ਰਾਣਿਆਂ ਪ੍ਰਭ ਨਸ਼ਟ ਕਰਾਏ । ਜੋ ਜਨ ਚਲੇ ਭਾਣਿਆ,

੬੭੧
੦੧

ਪ੍ਰਭ ਦਇਆ ਕਮਾਏ । ਗੁਰਮੁਖ ਚਤੁਰ ਸੁਘੜ ਸਿਆਣਿਆਂ ਪ੍ਰਭ ਵਿਚ ਸਮਾਏ । ਕਲਜੁਗ ਜੀਵ ਅੰਞਾਣਿਆਂ, ਪ੍ਰਭ ਦਿਸ ਨਾ ਆਏ । ਭੁੰਨੇ ਜਿਉਂ ਭਠਿਆਲੇ ਦਾਣਿਆਂ, ਨਾ ਕੋਏ ਛੁਡਾਏ । ਗੁਰਸਿਖ ਸਾਚੇ ਰੰਗ ਸਾਚਾ ਮਾਣਿਆ, ਸੋਹੰ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾਏ । ਆਪ ਲਗਾਏ ਆਪਣੀ ਸਰਨਾ । ਗੁਰਮੁਖ ਸਾਚੇ ਕਰ ਦਰਸ ਭਵਜਲ ਤਰਨਾ । ਬੇਮੁਖ ਮਾਨਸ ਜਨਮ ਕਲ ਹਰਨਾ । ਗੁਰਮੁਖ ਸਾਚੇ ਪ੍ਰਭ ਸਾਚਾ ਵਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚੀ ਸਰਨਾ । ਆਪਣੀ ਸਰਨ ਆਪ ਲਗਾਏ । ਜਨਮ ਮਰਨ ਗੇੜ ਕਟਾਏ । ਤਾਰਨ ਤਰਨ ਆਪ ਬਣ ਜਾਏ । ਵਰਨ ਬਰਨ ਪ੍ਰਭ ਦੇ ਮਿਟਾਏ । ਕਾਰਨ ਕਰਨ ਇਹ ਦਇਆ ਕਮਾਏ । ਹਰਨ ਫਰਨ ਗੁਰਮੁਖ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਇਆ ਕਮਾਏ । ਭਗਤ ਜਨਾਂ ਪ੍ਰਭ ਦਇਆ ਕਮਾਏ । ਸੰਤ ਜਨਾਂ ਪ੍ਰਭ ਹੋਏ ਸਹਾਏ । ਕਲਜੁਗ ਨਾ ਲਾਗੇ ਤੱਤੀ ਵਾਏ । ਪੂਰਨ ਭਾਗੇ ਪ੍ਰਭ ਦਰਸ ਦਿਖਾਏ । ਕਲ ਸੋਏ ਜਾਗੇ, ਜਿਨ ਦਰਸ ਦਿਖਾਏ । ਸ਼ਬਦ ਲਿਖਾਇਆ ਪਹਿਲੀ ਮਾਘੇ, ਸਤਿਜੁਗ ਸਾਚਾ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਨਾਉਂ ਧਰਾਏ ।

❊ ੨੧ ਮਾਘ ੨੦੦੮ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹ ਦਿੱਲੀ ਸ਼ਹਿਰ ❊

ਪਾਰਬ੍ਰਹਮ ਤੇਰੀ ਅਚਰਜ ਮਾਇਆ । ਜੋਤ ਸਰੂਪੀ ਖੇਲ ਰਚਾਇਆ । ਆਪ ਅਭੁੱਲ ਸਭ ਜਗਤ ਭੁਲਾਇਆ । ਨਿਹਕਲੰਕ ਕਲ ਜਾਮਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵਾਂ ਸਰਬ ਭੁਲਾਇਆ । ਨਿਹਕਲੰਕ ਕਲ ਜਾਮਾ ਧਾਰੇ । ਜੋਤ ਸਰੂਪ ਪ੍ਰਭ ਗਿਰਧਾਰੇ । ਸਾਚੀ ਜੋਤ ਕਰੇ ਮਾਤ ਆਕਾਰੇ । ਸਰਬ ਗੁਣਵੰਤ ਵਿਚ ਸੰਸਾਰੇ । ਬੇਮੁਖ ਪ੍ਰਭ ਅਬਿਨਾਸ਼ੀ ਦਰ ਦੁਰਕਾਰੇ । ਗੁਰਮੁਖ ਸਾਚੇ ਸੋਹਣ ਗੁਰਚਰਨ ਦਵਾਰੇ । ਦੇਵੇ ਦਰਸ ਪ੍ਰਭ ਅਬਿਨਾਸ਼ੀ ਸਦਾ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਧਾਰੇ । ਘਨਕਪੁਰੀ ਪ੍ਰਭ ਜਾਮਾ ਪਾਇਆ । ਆਪਣਾ ਭੇਦ ਪ੍ਰਭ ਆਪ ਛੁਪਾਇਆ । ਕਲਜੁਗ ਜੀਵਾਂ ਪ੍ਰਭ ਆਪ ਭੁਲਾਇਆ । ਗੁਰਮੁਖ ਸਾਚੇ ਪ੍ਰਭ ਪਰਗਟ ਜੋਤ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਇਆ । ਨਿਹਕਲੰਕ ਕਲ ਜਾਮਾ ਧਾਰੇ । ਮਾਤਲੋਕ ਲਏ ਅਵਤਾਰੇ । ਸਾਚੀ ਜੋਤ ਕਰੇ ਆਕਾਰੇ । ਗੁਰਮੁਖਾਂ ਦੇਵੇ ਆਤਮ ਜੋਤ ਅਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਕਰੇ ਵਰਤਾਰੇ । ਸਚ ਸਚ ਪ੍ਰਭ ਭਰੇ ਭੰਡਾਰ । ਸਚ ਸਚ ਪ੍ਰਭ ਦੇਵਣਹਾਰ । ਸਚ ਸਚ ਪ੍ਰਭ ਜੋਤ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਨਰ ਨਰਾਇਣ ਜਗਤ ਪ੍ਰਭ ਆਇਆ । ਬਾਸ਼ਕ ਸੇਜ ਪ੍ਰਭ ਤਜਾਇਆ । ਮਾਤਲੋਕ ਜੋਤ ਸਰੂਪ ਸਿੰਘਆਸਣ ਡੇਰਾ ਲਾਇਆ । ਬੇਮੁਖ ਜੀਵ ਪ੍ਰਭ ਸਾਚਾ ਭੇਵ ਨਾ ਪਾਇਆ । ਧੰਨ ਧੰਨ ਧੰਨ ਗੁਰਸਿਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਤੇਰੀ ਸਰਨਾਇਆ । ਗੁਰਸਿਖ ਆਏ ਪ੍ਰਭ ਸਰਨਾਇਆ । ਪ੍ਰਭ ਅਬਿਨਾਸ਼ੀ ਸਰਨ ਲਗਾਇਆ । ਸਾਚਾ ਦੇਵੇ ਜਗਤ ਮਾਣ, ਪ੍ਰਭ ਆਪਣੀ ਸੇਵਾ ਲਾਇਆ । ਸਾਚੀ ਦਰਗਾਹ ਦੇਵੇ ਮਾਣ, ਆਤਮ ਸਾਚੀ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਮਾਤਲੋਕ ਵਡਿਆਇਆ । ਗੁਰਸਿਖਾਂ ਪ੍ਰਭ ਦਇਆ

ਕਮਾਏ । ਜੁਗੋ ਜੁਗ ਪਰਗਟ ਜੋਤ, ਪ੍ਰਭ ਅਬਿਨਾਸ਼ੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਤੀਨ ਲੋਕ ਕਰੇ ਰੁਸ਼ਨਾਏ । ਜੋਤ ਨਿਰਜੰਣ ਜਗਤ ਆਕਾਰਾ । ਕਲਜੁਗ ਮਿਟਾਏ ਧੁੰਧੂਕਾਰਾ । ਸਾਚਾ ਸ਼ਬਦ ਸੋਹੰ ਉਪਜਾਏ, ਉਪਜੇ ਧੁਨ ਸਚੀ ਧੁਨਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਲਏ ਅਵਤਾਰਾ । ਸਾਚਾ ਸ਼ਬਦ ਪ੍ਰਭ ਉਪਾਇਆ । ਸੋਹੰ ਸਾਚਾ ਨਾਮ ਲਿਖਾਇਆ । ਸਤਿਜੁਗ ਸਾਚੇ ਮਾਣ ਦਵਾਇਆ । ਜਗਤ ਭੇਖ ਕਲ ਮਿਟਾਇਆ । ਏਕਾ ਲੇਖ ਨਿਹਕਲੰਕ ਸਰਨਾਇਆ । ਕਲਜੁਗ ਜੀਵ ਭੁੱਲੇ ਵੇਖਾ ਵੇਖ, ਪ੍ਰਭ ਸਾਚਾ ਨਜ਼ਰ ਨਾ ਆਇਆ । ਜੋਤ ਸਰੂਪੀ ਪ੍ਰਭ ਕੀਆ ਭੇਖ, ਜਾਮਾ ਘਨਕਪੁਰੀ ਵਿਚ ਪਾਇਆ । ਮਹਾਰਾਜ ਸ਼ੇਰ ਸਿੰਘ ਗੁਰਮੁਖ ਵੇਖ, ਕਲ ਆਪਣੀ ਸਰਨ ਲਗਾਇਆ । ਜੋਤ ਸਰੂਪ ਭੇਖ ਧਾਰੀ । ਸਾਚੀ ਜੋਤ ਕ੍ਰਿਸ਼ਨ ਮੁਰਾਰੀ । ਕਲਜੁਗ ਜੀਵ ਭੁੱਲੇ ਪ੍ਰਭ ਗਿਰਧਾਰੀ । ਮਦਿਰਾ ਮਾਸ ਕਰਨ ਰਸਨ ਆਹਾਰੀ । ਗੁਰਮੁਖ ਸਾਚੇ ਸੋਹਣ ਨਿਹਕਲੰਕ ਚਰਨ ਦਵਾਰੀ । ਕਲਜੁਗ ਜੀਵ ਭਾਂਡੇ ਕਾਚੇ, ਅੰਤਕਾਲ ਕਲ ਭੰਨੇ ਮਹਾਰਾਜ ਸ਼ੇਰ ਸਿੰਘ ਭੰਡ ਭੰਡਾਰੀ । ਝੂਠੇ ਜੀਵ ਸਰਬ ਵਰਭੰਡੀ । ਕਲਜੁਗ ਜੀਵ ਹੋਏ ਪਖੰਡੀ । ਆਤਮ ਹੋਈ ਸਰਬ ਦੀ ਰੰਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੋੜੇ ਅਭਿਮਾਨ ਸਰਬ ਫ਼ਰੰਗੀ । ਸਰਬ ਜੀਵ ਮਾਤ ਹੰਕਾਰੇ । ਰਸਨ ਚਲੇ ਸਰਬ ਵਿਕਾਰੇ । ਸਾਚਾ ਨਾਮ ਮਨੋਂ ਵਿਸਾਰੇ । ਨਿਹਕਲੰਕ ਅਵਤਾਰ ਨਰ, ਜਾਮਾ ਘਨਕਪੁਰੀ ਵਿਚ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਜਗਤ ਕਰੇ ਵਰਤਾਰੇ । ਮਾਤਲੋਕ ਪ੍ਰਭ ਜਾਮਾ ਪਾਇਆ । ਜੋਤ ਸਰੂਪੀ ਪ੍ਰਗਟ ਜੋਤ, ਗੁਰਮੁਖ ਸਾਚੇ ਮੇਲ ਮਿਲਾਇਆ । ਦੁਰਮਤ ਮੈਲ ਜਾਏ ਧੋਤ, ਰੰਗਣ ਰੰਗ ਨਾਮ ਚੜ੍ਹਾਇਆ । ਆਤਮ ਜਗਾਏ ਨਿਰੰਜਣ ਜੋਤ, ਆਤਮ ਅੰਧੇਰ ਸਰਬ ਮਿਟਾਇਆ । ਗੁਰਮੁਖ ਪ੍ਰਭ ਸਾਚੇ ਕੀਨੇ ਏਕਾ ਗੋਤ, ਗੁਰਮੁਖਾਂ ਵਿਚ ਸਦ ਸਮਾਇਆ । ਬੇਮੁਖ ਦਰ ਜਾਇਣ ਰੋਤ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਇਆ । ਗੁਰਮੁਖਾਂ ਪ੍ਰਭ ਪੈਜ ਸਵਾਰੇ । ਚਲ ਘਰ ਆਏ ਪ੍ਰਭ ਗਿਰਧਾਰੇ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰੇ । ਆਦਿ ਜੁਗਾਦੀ ਮਾਤਲੋਕ ਲਏ ਅਵਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਧਾਰੇ । ਮਾਤਲੋਕ ਪ੍ਰਭ ਜੋਤ ਜਗਾਏ । ਗੁਰਮੁਖ ਸਾਚੇ ਪ੍ਰਭ ਸੋਏ ਜਗਾਏ । ਬੇਮੁਖ ਜੀਵ ਚਾਰ ਕੁੰਟ ਰਹੇ ਬਿਲਲਾਏ । ਪ੍ਰਭ ਅਬਿਨਾਸ਼ੀ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਮਾਇਆ ਰੂਪੀ ਪਰਦਾ ਪਾਏ । ਪ੍ਰਭ ਸਾਚੇ ਦੀ ਸਾਚੀ ਮਾਇਆ । ਕਲਜੁਗ ਜੀਵ ਸਰਬ ਭੁਲਾਇਆ । ਜੂਠ ਝੂਠ ਪ੍ਰਭ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾਇਆ । ਕਲਜੁਗ ਅੰਤਮ ਅੰਤ ਕਰਾ ਕੇ । ਸਾਚੀ ਜੋਤ ਸਚ ਪਰਗਟਾ ਕੇ । ਸਤਿਜੁਗ ਸਾਚਾ ਸਤਿ ਸਤਿ ਸਤਿ ਜਾਏ ਵਰਤਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾ ਕੇ । ਸੋਹੰ ਸ਼ਬਦ ਪ੍ਰਭ ਭਰੇ ਭੰਡਾਰ । ਗੁਰਮੁਖਾਂ ਆਤਮ ਜੋਤ ਕਰੇ ਉਜਿਆਰ । ਏਕਾ ਜੋਤ ਜਗੇ ਸਾਚੀ ਨਿਰੰਕਾਰ । ਉਪਜੇ ਧੁਨ ਖੁਲ੍ਹੇ ਸੁੰਨ, ਦੇਵੇ ਦਰਸ ਪ੍ਰਭ ਅਗੰਮ ਅਪਾਰ । ਗੁਰਮੁਖ ਸਾਚੇ ਉਤਮ ਵਿਚ ਮੁਨ, ਸਾਚੀ ਦੇਵੇ ਪ੍ਰਭ ਸਿਕਦਾਰ । ਸਾਚਾ ਰਾਗ ਲਿਆ ਕੰਨ ਸੁਣ, ਹਉਮੈ ਵਿਚੋਂ ਦੇਵੇ ਮਾਰ । ਏਕਾ ਉਪਜੇ ਸਾਚੀ ਰੁਣ ਝੁਣ, ਮਹਾਰਾਜ ਸ਼ੇਰ ਸਿੰਘ ਸਾਚਾ ਸ਼ਬਦ ਭਰੇ ਭੰਡਾਰ । ਸਾਚਾ ਸ਼ਬਦ ਪ੍ਰਭ ਉਪਜਾਵੇ । ਸਾਧ ਸੰਗਤ ਮਾਣ ਦਵਾਵੇ । ਏਕਾ ਅੰਕ ਰਾਓ ਰੰਕ, ਚਾਰ ਵਰਨ ਪ੍ਰਭ ਕੰਨ ਸੁਣਾਵੇ । ਸੋਹੰ ਸਾਚਾ ਡੰਕ ਨਿਹਕਲੰਕ

ਦਵਾਰ ਬੰਕ, ਪ੍ਰਭ ਸਾਚੀ ਧੁਨ ਆਪ ਉਪਜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਵਿਚ ਜੋਤ ਜਗਾਵੇ । ਸਾਚਾ ਸ਼ਬਦ ਸਾਚੀ ਧੁਨਕਾਰਾ । ਗੁਰਮੁਖ ਸਾਚੇ ਪ੍ਰਭ ਖੋਲ੍ਹੇ ਦਸਮ ਦਵਾਰਾ । ਆਤਮ ਮਿਟਾਏ ਸਰਬ ਅੰਧ ਅੰਧਿਆਰਾ । ਜੋਤ ਸਰੂਪੀ ਪਰਗਟ ਜੋਤ, ਸਾਚੀ ਜੋਤ ਕਰੇ ਆਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਵਰਸਾਏ ਵਿਚ ਦੇਹ ਸੀਤਲ ਧਾਰਾ । ਅੰਮ੍ਰਿਤ ਮੇਘ ਪ੍ਰਭ ਵਰਸਾਏ । ਅੰਮ੍ਰਿਤ ਬੂੰਦ ਕਵਲ ਮੁਖ ਪਾਏ । ਗੁਰਮੁਖ ਸਾਚੇ ਪ੍ਰਭ ਬਜਰ ਕਪਾਟ ਖੋਲ੍ਹ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਸਵੱਛ ਸਰੂਪ ਦਰਸ ਦਿਖਾਏ । ਪ੍ਰਭ ਸਾਚੇ ਸਚ ਦਰਸ ਦਿਖਾਇਆ । ਪ੍ਰਭ ਸਾਚੇ ਆਪਣਾ ਭੇਦ ਆਪ ਖੁਲ੍ਹਾਇਆ । ਪ੍ਰਭ ਸਾਚੇ ਆਤਮ ਜੋਤੀ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਰਖਾਇਆ । ਜੋਤ ਸਰੂਪੀ ਪ੍ਰਭ ਮੇਲ ਮਿਲਾਏ । ਪ੍ਰਭ ਸਾਚੇ ਦੀ ਸਾਚੀ ਨਾਏ । ਗੁਰਮੁਖ ਸਾਚੇ ਅੰਤਕਾਲ ਪ੍ਰਭ ਸਾਚੇ ਚਰਨ ਲਗਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵੇਲੇ ਅੰਤ ਹੋਏ ਸਹਾਏ । ਅੰਤਕਾਲ ਪ੍ਰਭ ਰਖਵਾਲਾ । ਸਰਬ ਜੀਆਂ ਪ੍ਰਭ ਪ੍ਰਿਤਪਾਲਾ । ਧਰੇ ਜੋਤ ਨਿਹਕਲੰਕ ਸਤਿਗੁਰ ਸਾਚਾ ਦੀਨ ਦਿਆਲਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਤੇਰਾ ਸਦ ਰਖਵਾਲਾ । ਗੁਰਮੁਖ ਤੇਰੀ ਸਾਚੀ ਮਤਿ । ਪ੍ਰਭ ਅਬਿਨਾਸ਼ੀ ਰਖਾਵੇ ਤੇਰੀ ਪਤ । ਸਰਬ ਘਟ ਵਾਸੀ ਤੇਰੀ ਜਾਣੇ ਮਿਤ ਗਤ । ਘਨਕਪੁਰ ਵਾਸੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਨਾਮ ਸਤਿ । ਸਾਚਾ ਪ੍ਰਭ ਸਚ ਘਰ ਆਏ । ਆਪ ਆਪਣੀ ਜੋਤ ਜਗਾਏ । ਗੁਰਮੁਖਾਂ ਪ੍ਰਭ ਰਿਹਾ ਸਮਾਏ । ਬੇਮੁਖਾਂ ਪ੍ਰਭ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਦੇ ਵਡਿਆਏ । ਗੁਰਮੁਖ ਸਾਚੇ ਪ੍ਰਭ ਮਾਣ ਦਵਾਇਆ । ਨਿਹਕਲੰਕ ਸਿਰ ਹੱਥ ਟਿਕਾਇਆ । ਸੋਹੰ ਸਾਚਾ ਨਾਮ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਇਆ । ਗੁਰਮੁਖ ਤੇਰਾ ਸਾਚਾ ਰੂਪ । ਹੋਏ ਪਰਕਾਸ਼ ਵਿਚ ਦੇਹ ਅੰਧ ਕੂਪ । ਦਰਸ ਦਿਖਾਵੇ ਜੋਤ ਸਰੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਵਡ ਵਡ ਵਡ ਭੂਪ । ਜੋਤ ਸਰੂਪ ਭਏ ਅਨੰਦਾ । ਗੁਰਮੁਖ ਆਤਮ ਉਪਜਾਵੇ ਪ੍ਰਭ ਪਰਮਾਨੰਦਾ । ਗੁਰਮੁਖ ਸਾਚੇ ਪ੍ਰਭ ਖੋਲ੍ਹ ਵਖਾਵੇ ਤੇਰਾ ਆਤਮ ਜਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਭਗਤ ਜਨਾਂ ਸਦ ਬਖ਼ਸ਼ਿੰਦਾ । ਭਗਤ ਜਨਾਂ ਪ੍ਰਭ ਰੱਖਣਹਾਰਾ । ਦੇਵੇ ਦਰਸ ਪਰਗਟ ਜੋਤ ਜੋਤ ਸਰੂਪ ਨਿਰਾਹਾਰਾ । ਰੂਪ ਅਗੰਮ ਨਾ ਪਾਏ ਕੋਈ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਸਤਿ ਸਤਿ ਤੇਰਾ ਵਰਤਾਰਾ । ਜੁਗੋ ਜੁਗ ਪ੍ਰਭ ਭਏ ਸਹਾਈ । ਭਗਤ ਜਨਾਂ ਪ੍ਰਭ ਪੈਜ ਰਖਾਈ । ਨਿਰਮਲ ਜੋਤ ਪ੍ਰਭ ਵਿਚ ਮਾਤ ਟਿਕਾਈ । ਹੰਕਾਰੀਆਂ ਪ੍ਰਭ ਹੰਕਾਰ ਗਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਰਘੁਰਾਈ । ਏਕਾ ਜੋਤ ਏਕਾ ਆਕਾਰੇ । ਜੋਤ ਸਰੂਪ ਪ੍ਰਭ ਵਿਚ ਸੰਸਾਰੇ । ਜੀਵ ਜੰਤ ਭੁੱਲੇ ਕਲਜੁਗ ਪ੍ਰਭ ਗਿਰਧਾਰੇ । ਵੇਲੇ ਅੰਤ ਪ੍ਰਭ ਅਬਿਨਾਸ਼ੀ ਕਰੇ ਖੁਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਧਾਰੇ । ਕਲਜੁਗ ਜੀਵ ਹੋਏ ਅੰਞਾਣੇ । ਪ੍ਰਭ ਭੁੰਨੇ ਜਿਉਂ ਭਠਿਆਲੇ ਦਾਣੇ । ਤਖ਼ਤੋਂ ਲਾਹੇ ਪ੍ਰਭ ਰਾਜੇ ਰਾਣੇ । ਗੁਰਮੁਖ ਸਾਚੇ ਪ੍ਰਭ ਸਾਚੇ ਚਰਨ ਲਗਾਣੇ । ਚਰਨ ਲਾਗ ਜਨ ਹੋਏ ਸੁਘੜ ਸਿਆਣੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦੀ ਆਪੇ ਜਾਣੇ । ਸਰਬ ਜਨਾਂ ਦੀ ਆਪੇ ਜਾਣ । ਪੂਰਨ ਬ੍ਰਹਮ ਰਿਹਾ ਪਛਾਣ । ਏਕਾ ਸ਼ਬਦ ਚਾਰ ਵਰਨ ਰਖਾਏ ਸਾਚੀ ਆਣ । ਮਹਾਰਾਜ ਸ਼ੇਰ

ਸਿੰਘ ਸਤਿਗੁਰ ਸਾਚਾ, ਸਰਬ ਘਟਾਂ ਦਾ ਜਾਣੀ ਜਾਣ । ਸਰਬ ਘਟਾਂ ਪ੍ਰਭ ਆਪੇ ਵਸੇ । ਜੋਤ ਸਰੂਪੀ ਭੇਸ ਗੁਰਮੁਖ ਸਾਚੇ ਦੱਸੇ । ਸਾਚੀ ਜੋਤ ਕਰੇ ਆਕਾਰ, ਹੋਏ ਪਰਕਾਸ਼ ਕੋਟ ਰਵ ਸਸੇ । ਬੇਮੁਖਾਂ ਪ੍ਰਭ ਕਰੇ ਨਾਸ, ਦਰ ਆਇਣ ਜਾਇਣ ਨੱਸੇ । ਜੋਤ ਸਰੂਪ ਸਦਾ ਅਬਿਨਾਸ਼, ਬੇਮੁਖਾਂ ਨਾ ਦੀਸੇ ਜਿਉਂ ਚੰਦ ਮੱਸੇ । ਵਰਤ ਰਿਹਾ ਸਰਬ ਗੁਣਤਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਹਿਰਦੇ ਵਸੇ । ਗੁਰਮੁਖ ਸਾਚੇ ਰੰਗ ਨਿਆਰਾ । ਦੇਵੇ ਦਰਸ ਅਗੰਮ ਅਪਾਰਾ । ਸਾਚੇ ਨਾਮ ਪ੍ਰਭ ਦੇਵੇ ਭਰ ਭੰਡਾਰਾ । ਸਾਚੀ ਜੋਤ ਪ੍ਰਭ ਆਤਮ ਦੇਵੇ ਇਕ ਆਧਾਰਾ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਲਏ ਅਵਤਾਰਾ । ਸੰਤ ਜਨਾਂ ਪ੍ਰਭ ਸਾਚਾ ਪਾਇਆ । ਸੰਤ ਜਨਾਂ ਪ੍ਰਭ ਮੇਲ ਮਿਲਾਇਆ । ਸੰਤ ਜਨਾਂ ਪ੍ਰਭ ਭਉ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਇਆ । ਸੰਤ ਜਨਾਂ ਪ੍ਰਭ ਆਸ ਪੁਜਾਏ । ਸੰਤ ਜਨਾਂ ਪ੍ਰਭ ਹੋਏ ਸਹਾਏ । ਸੰਤ ਜਨਾਂ ਪ੍ਰਭ ਸਾਚਾ ਰਾਹ ਦਿਖਾਏ । ਸੰਤ ਜਨਾਂ ਪ੍ਰਭ ਆਤਮ ਸਾਚੀ ਜੋਤ ਜਗਾਏ । ਸੰਤ ਜਨਾਂ ਅਗਿਆਨ ਅੰਧੇਰ ਸਰਬ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਪਰਗਟ ਜੋਤ ਦਰਸ ਦਿਖਾਏ । ਸੰਤ ਜਨਾਂ ਪ੍ਰਭ ਭਏ ਸਹਾਇਆ । ਸੰਤ ਜਨਾਂ ਪ੍ਰਭ ਆਪ ਪਿਤ ਮਾਇਆ । ਸੰਤ ਜਨਾਂ ਪ੍ਰਭ ਸਾਚੇ ਮਾਰਗ ਲਾਇਆ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ । ਸੰਤ ਜਨਾਂ ਪ੍ਰਭ ਸਦ ਰਖਵਾਲਾ । ਸੰਤ ਜਨਾਂ ਸਦਾ ਪ੍ਰਿਤਪਾਲਾ । ਸੰਤ ਜਨਾਂ ਆਤਮ ਜੋਤ ਕਰੇ ਉਜਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚਾ ਦੀਪਕ ਬਾਲਾ । ਸੰਤ ਜਨਾਂ ਪ੍ਰਭ ਸਾਚੀ ਓਟ । ਆਤਮ ਸ਼ਬਦ ਜਗਾਵੇ ਸਾਚੀ ਜੋਤ । ਸੰਤ ਜਨਾਂ ਪ੍ਰਭ ਆਤਮ ਕਢੇ ਹਉਮੇ ਖੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਦੀ ਸਾਚੀ ਓਟ । ਸੰਤ ਜਨਾਂ ਸਿਰ ਪ੍ਰਭ ਹੱਥ ਟਿਕਾਏ । ਸੰਤ ਜਨਾਂ ਪ੍ਰਭ ਮਾਣ ਦਵਾਏ । ਸੰਤ ਜਨਾਂ ਸਾਚੀ ਦਰਗਾਹ ਮਾਣ ਦਵਾਏ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਨ ਲਗਾਏ । ਸੰਤ ਜਨਾਂ ਪ੍ਰਭ ਨਾਮ ਜਪਾਇਆ । ਸੰਤ ਜਨਾਂ ਪ੍ਰਭ ਸੋਹੰ ਦਾਤ ਝੋਲੀ ਪਾਇਆ । ਸੰਤ ਜਨਾਂ ਪ੍ਰਭ ਸਾਚੇ ਸਚ ਮਾਰਗ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਸਾਚਾ ਮੰਗ ਵਰ ਘਰ ਸਾਚਾ ਪਾਇਆ । ਸੰਤ ਜਨਾਂ ਜਾਓ ਬਲਿਹਾਰ । ਪ੍ਰਭ ਸਾਚਾ ਸੋਹਣ ਚਰਨ ਦਵਾਰ । ਸੰਤ ਜਨਾਂ ਮਿਲੇ ਵਡਿਆਈ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਨਿਹਕਲੰਕ ਨਰ ਅਵਤਾਰ । ਸੰਤ ਜਨਾਂ ਸਰਬ ਸੁਖ ਮਾਣਿਆ । ਸੰਤ ਜਨਾਂ ਪੂਰਨ ਬ੍ਰਹਮ ਗਿਆਨਿਆ । ਸੰਤ ਜਨਾਂ ਨਿਹਕਲੰਕ ਤੇਰਾ ਜਾਮਾ ਸਤਿ ਕਰ ਮਾਨਿਆ । ਸੰਤ ਜਨਾਂ ਹੋਏ ਵਿਸਮਾਦ, ਪ੍ਰਭ ਵਿਸ਼ਨੂੰ ਭਗਵਾਨਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਮਾਣ ਜੋ ਜਨ ਆਏ ਚਰਨ ਨਿਮਾਣਿਆਂ । ਸੰਤ ਜਨਾਂ ਆਤਮ ਭਰਪੂਰਾ । ਸੰਤ ਜਨਾਂ ਪ੍ਰਭ ਆਤਮ ਉਪਜਾਵੇ ਸਾਚੀ ਤੂਰਾ । ਸੰਤ ਜਨਾਂ ਪ੍ਰਭ ਏਕਾ ਦੇਵੇ ਸ਼ਬਦ ਸਰੂਰਾ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਦੇਵੇ ਨੂਰਾ । ਸੰਤ ਜਨਾਂ ਪ੍ਰਭ ਉਪਜਾਵੇ ਸਾਚੀ ਧੁਨ । ਸੰਤ ਜਨਾਂ ਪ੍ਰਭ ਖੋਲ੍ਹ ਵਖਾਵੇ ਆਤਮ ਸੁੰਨ । ਸੰਤ ਜਨਾਂ ਪ੍ਰਭ ਚਰਨ ਲਗਾਵੇ ਵਿਚ ਮਾਤਲੋਕ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਨਾ ਜਾਣੇ ਤੇਰੇ ਗੁਣ । ਸੰਤ ਜਨਾਂ ਸਿਰ ਹੱਥ ਟਿਕਾਇਆ । ਸੰਤ ਜਨਾਂ ਪ੍ਰਭ ਹੋਏ ਸਹਾਇਆ । ਸੰਤ ਜਨਾਂ ਪ੍ਰਭ ਸਾਚਾ ਦੀਪਕ ਦੇ ਜਗਾਇਆ । ਸੰਤ ਜਨਾਂ ਸਾਚੀ ਜੋਤ ਕਰੇ ਰੁਸ਼ਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਇਆ । ਸੰਤ ਜਨਾਂ ਸਦਾ ਬਲਿਹਾਰ । ਸੰਤ

੬੭੫
੦੧

ਜਨਾਂ ਪ੍ਰਭ ਸਾਚਾ ਜਾਏ ਤਾਰ । ਸੰਤ ਜਨਾਂ ਦੇਵੇ ਵਡਿਆਈ ਨਿਹਕਲੰਕ ਵਿਚ ਸੰਸਾਰ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸ਼ਬਦ ਭਰੇ ਭੰਡਾਰ । ਸੰਤ ਜਨਾਂ ਪ੍ਰਭ ਧੀਰ ਧਰਾਇਆ । ਸੰਤ ਜਨਾਂ ਪ੍ਰਭ ਆਤਮ ਸਾਚਾ ਦੀਪ ਜਗਾਇਆ । ਸੰਤ ਜਨਾਂ ਪ੍ਰਭ ਸਾਚੇ ਸਾਚੀ ਦਰਗਾਹ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਤੇਰਾ ਭੇਦ ਨਾ ਪਾਇਆ । ਸੰਤ ਜਨਾਂ ਮਿਲੇ ਪ੍ਰਭ ਸਾਰੰਗ ਧਰ । ਸੰਤ ਜਨ ਪ੍ਰਭ ਸਰਨੀ ਗਏ ਪਰ । ਸੰਤ ਜਨ ਗੁਰਚਰਨ ਲਾਗ ਗਏ ਤਰ । ਸੰਤ ਜਨ ਅੰਤਕਾਲ ਨਾ ਜਾਇਣ ਮਰ । ਸੰਤ ਜਨਾਂ ਪ੍ਰਭ ਅੰਮ੍ਰਿਤ ਝਿਰਨਾ ਝਿਰਾਏ ਸਾਚਾ ਸਰ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਿਸਾਵੇ ਸਾਚਾ ਦਰ । ਸੰਤ ਜਨਾਂ ਪ੍ਰਭ ਦਰ ਸਚਾ ਦਰਬਾਰਾ । ਸੰਤ ਜਨਾਂ ਪ੍ਰਭ ਦੇਵੇ ਦਰਸ ਅਗੰਮ ਅਪਾਰਾ । ਸੰਤ ਜਨਾਂ ਦਿਸਾਵੇ ਨਿਹਕਲੰਕ ਨਰਾਇਣ ਨਰ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਗਤ ਪਸਾਰਾ । ਸੰਤ ਜਨਾਂ ਉਪਜਾਵੇ ਧੁੰਨ ਅਨਾਦ ਅਨਾਦੀ । ਸੰਤ ਜਨਾਂ ਪ੍ਰਭ ਮਿਲੇ ਆਦਿ ਜੁਗਾਦੀ । ਸੰਤ ਜਨਾਂ ਪ੍ਰਭ ਚਰਨ ਲਾਗ ਆਤਮ ਸਾਧੀ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸਦਾ ਵਿਸਮਾਦੀ । ਸੰਤ ਜਨਾਂ ਪ੍ਰਭ ਸਦ ਵਿਸਮਾਦੇ । ਸੰਤ ਜਨਾਂ ਏਕਾ ਧੁਨ ਉਪਜਾਵੇ ਸਾਚੀ ਨਾਦੇ । ਸੰਤ ਜਨਾਂ ਸ਼ਬਦ ਚਲਾਵੇ ਬੋਧ ਅਗਾਧੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਵਿਚ ਸਦ ਵਿਸਮਾਦੇ । ਸੰਤ ਜਨਾਂ ਸਦਾ ਪ੍ਰਭ ਵਸੇ । ਸੰਤ ਜਨਾਂ ਆਪਣਾ ਭੇਵ ਆਪ ਪ੍ਰਭ ਦੱਸੇ । ਸੰਤ ਜਨਾਂ ਪ੍ਰਭ ਕਰੇ ਪਰਕਾਸ਼ ਜਿਉਂ ਰਵ ਸੱਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਹਿਰਦੇ ਵਸੇ । ਸੰਤ ਜਨਾਂ ਪ੍ਰਭ ਭੇਦ ਖੁਲ੍ਹਾਇਆ । ਸੰਤ ਜਨਾਂ ਪ੍ਰਭ ਰਾਗ ਸੁਣਾਇਆ । ਸੰਤ ਜਨਾਂ ਪ੍ਰਭ ਅਨਹਦ ਸਾਚੀ ਧੁਨ ਉਪਜਾਇਆ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁੰਨ ਸਮਾਧ ਖੁਲ੍ਹਾਇਆ । ਸੰਤ ਜਨਾਂ ਪ੍ਰਭ ਸੰਗ ਸੁਹੇਲਾ । ਸੰਤ ਜਨਾਂ ਪ੍ਰਭ ਜੋਤ ਸਰੂਪੀ ਕਰਾਏ ਮੇਲਾ । ਸੰਤ ਜਨਾਂ ਸੰਗ ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਸਾਚਾ ਸੱਜਣ ਸੁਹੇਲਾ । ਸੰਤ ਜਨਾਂ ਪ੍ਰਭ ਦਇਆ ਧਾਰੀ । ਸੰਤ ਜਨਾਂ ਪ੍ਰਭ ਆਤਮ ਕਰੇ ਉਜਿਆਰੀ । ਸੰਤ ਜਨਾਂ ਦੇਵੇ ਦਰਸ ਆਪ ਗਿਰਧਾਰੀ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਸਾਚੀ ਦਰਗਾਹ ਦੇਵੇ ਸਿਕਦਾਰੀ । ਸੰਤ ਜਨਾਂ ਸਚ ਧਾਮ ਨਿਆਰਾ । ਜਨ ਸੰਤਾਂ ਪ੍ਰਭ ਸਾਚਾ ਦੇਵੇ ਮੋਖ ਦਵਾਰਾ । ਸੰਤ ਜਨ ਸਾਚੀ ਜੋਤ ਪ੍ਰਭ ਮਿਲੇ ਵਿਚ ਸੰਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਪਾਰ ਉਤਾਰਾ । ਸੰਤ ਜਨਾਂ ਪ੍ਰਭ ਪਾਰ ਉਤਾਰੇ । ਕਿਰਪਾ ਕਰੇ ਆਪ ਬਨਵਾਰੇ । ਸੋਹੰ ਉਪਾਏ ਗਿਰਧਾਰੇ । ਜਾਮਾ ਮਾਤਲੋਕ ਵਿਚ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੇ । ਸੰਤ ਜਨਾਂ ਪ੍ਰਭ ਸੁਣੀ ਪੁਕਾਰਾ । ਪ੍ਰਭ ਅਬਿਨਾਸ਼ੀ ਲਏ ਅਵਤਾਰਾ । ਜੋਤ ਸਰੂਪੀ ਕੀਆ ਆਕਾਰਾ । ਕਲਜੁਗ ਮਿਟਾਏ ਅੰਧ ਅੰਧਿਆਰਾ । ਸਤਿਜੁਗ ਵਰਤਾਏ ਸਤਿ ਕਰੇ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸਤਿਜੁਗ ਸਾਚਾ ਮਾਰਗ ਲਾ । ਕਲਜੁਗ ਝੂਠਾ ਖੇਲ ਮਿਟਾ । ਸੋਹੰ ਸਾਚਾ ਸ਼ਬਦ ਪ੍ਰਭ ਅਬਿਨਾਸ਼ੀ ਜਾਏ ਚਲਾ । ਊਚ ਨੀਚ ਰਾਓ ਰੰਕ ਇਕ ਧਾਮ ਜਾਏ ਬਹਾ । ਸਤਿਜੁਗ ਸਾਚਾ ਡੰਕ, ਚਾਰ ਵਰਨ ਚਾਰ ਕੁੰਟ ਪ੍ਰਭ ਸਾਚਾ ਜਾਏ ਵਜਾ । ਮਾਤਲੋਕ ਏਕਾ ਅੰਕ, ਨਿਹਕਲੰਕ ਤੇਰਾ ਨਾਂ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੂਸਰ ਕੋਈ ਨਾ । ਸਤਿਜੁਗ ਪ੍ਰਭ ਜਨਮ ਦਵਾਇਆ । ਮਾਤਲੋਕ ਵਿਚ ਟਿਕਾਇਆ ।

ਸਾਚਾ ਮਾਣ ਵਿਚ ਜਗਤ ਦਵਾਇਆ । ਧਰਤ ਮਾਤ ਦੀ ਗੋਦ ਸਵਾਇਆ । ਨਿਹਕਲੰਕ ਅਵਤਾਰ ਨਰ, ਸਾਚਾ ਪਿਤ ਆਪ ਅਖਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਇਆ । ਸਤਿਜੁਗ ਸਾਚੇ ਜਨਮ ਦਵਾ । ਸਤਿਜੁਗ ਸਾਚਾ ਮਾਰਗ ਲਾ । ਸੋਹੰ ਸਾਚਾ ਸ਼ਬਦ ਚਲਾ । ਊਚ ਨੀਚ ਦਾ ਭੇਦ ਮਿਟਾ । ਰਾਜਾ ਰਾਣਾ ਤਖ਼ਤੋਂ ਲਾਹ । ਰਾਓ ਰੰਕ ਇਕ ਕਰਾ । ਸੋਹੰ ਸ਼ਬਦ ਸਰਬ ਵਰਤਾ । ਬਾਕੀ ਸਰਬ ਨਸ਼ਟ ਕਰਾ । ਸਾਚਾ ਦਰ ਇਕ ਵਖਾ । ਜੋਤ ਸਰੂਪੀ ਸਾਚਾ ਦੀਪ ਪ੍ਰਭ ਆਤਮ ਜਾਏ ਜਗਾ । ਸਤਿਜੁਗ ਜੀਆਂ ਪ੍ਰਭ ਸੋਹੰ ਨਾਮ ਜਾਏ ਜਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਧੇਰ ਜਾਏ ਮਿਟਾ । ਸਤਿਜੁਗ ਸਾਚਾ ਮਾਤ ਉਪਜਾਇਆ । ਪ੍ਰਭ ਅਬਿਨਾਸ਼ੀ ਸਿਰ ਹੱਥ ਟਿਕਾਇਆ । ਸੋਹੰ ਸਾਚਾ ਦਾਨ ਪ੍ਰਭ ਸਾਚੇ ਝੋਲੀ ਪਾਇਆ । ਵਡ ਬਲੀ ਬਲਵਾਨ ਨਿਹਕਲੰਕ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਮਾਣ ਦਵਾਇਆ । ਸਤਿਜੁਗ ਸਾਚਾ ਮਾਤ ਧਰ । ਪ੍ਰਭ ਅਬਿਨਾਸ਼ੀ ਦੇਵੇ ਸਾਚਾ ਵਰ । ਚਾਰ ਵਰਨ ਪ੍ਰਭ ਜਾਏ ਇਕ ਕਰ । ਏਕਾ ਸਰਨ ਦਿਸਾਏ ਨਿਹਕਲੰਕ ਅਵਤਾਰ ਨਰ । ਦੂਸਰ ਕੋਈ ਰਹਿਣ ਨਾ ਪਾਏ, ਪ੍ਰਭ ਸਾਚਾ ਅੰਤ ਜਾਏ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਦਿਸਾਏ ਏਕਾ ਦਰ । ਸਾਚਾ ਪ੍ਰਭ ਸਚ ਦਰਬਾਰ । ਚਾਰ ਵਰਨ ਆਏ ਪ੍ਰਭ ਚਰਨ ਦਵਾਰ । ਰਾਓ ਉਮਰਾਓ ਪ੍ਰਭ ਕਰੇ ਖ਼ੁਆਰ । ਅੰਤਕਾਲ ਕਲ ਪ੍ਰਭ ਪਾਏ ਸਾਰ । ਏਕਾ ਜੋਤ ਜਗਾਏ ਨਿਹਕਲੰਕ ਨਰਾਇਣ ਨਰ ਅਵਤਾਰ । ਚਾਰ ਵਰਨ ਦਿਸਾਏ ਪ੍ਰਭ ਸਾਚਾ ਨਿਹਕਲੰਕ ਦਰ ਹਰਿ ਕਾ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਇਆ ਜਾਮਾ ਧਾਰ । ਸਾਚਾ ਪ੍ਰਭ ਸਚ ਦਰਬਾਰੀ । ਰਾਣਿਆਂ ਮਹਾਰਾਣਿਆਂ ਪ੍ਰਭ ਸਾਚਾ ਕਰੇ ਖ਼ੁਆਰੀ । ਨਿਮਾਣਿਆਂ ਨਿਤਾਣਿਆਂ ਪ੍ਰਭ ਦੇਵੇ ਜੋਤ ਅਧਾਰੀ । ਸਤਿਜੁਗ ਸਾਚੇ ਪ੍ਰਭ ਅਨਾਥਾਂ ਦੇਵੇ ਸਚੀ ਸਿਕਦਾਰੀ । ਸੋਹੰ ਸ਼ਬਦ ਜੋ ਜਨ ਹਿਰਦੇ ਵਾਚੇ, ਪ੍ਰਭ ਆਤਮ ਜੋਤ ਕਰੇ ਉਜਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਸਤਿਜੁਗ ਸਾਚੇ ਜਨਮ ਦਵਾਇਆ । ਵਿਚ ਮਾਤ ਪ੍ਰਭ ਵਡਿਆਇਆ । ਸਚ ਸਚ ਸਚ ਪ੍ਰਭ ਸਾਚੇ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਦਵਾਇਆ । ਸੋਹੰ ਸ਼ਬਦ ਪ੍ਰਭ ਭਰੇ ਭੰਡਾਰਾ । ਸੋਹੰ ਵਰਤੇ ਵਿਚ ਸੰਸਾਰਾ । ਸੋਹੰ ਦਿਸਾਵੇ ਹਰਿ ਕਾ ਦਵਾਰਾ । ਸੋਹੰ ਗਾਵੇ ਜੀਵ ਅੰਤ ਪਾਵੇ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦੀ ਪਾਵੇ ਸਾਰਾ । ਸੋਹੰ ਸਾਚਾ ਸ਼ਬਦ ਚਲਾਇਆ । ਸੋਹੰ ਸਾਚੀ ਧੁਨ ਉਪਜਾਇਆ । ਸੋਹੰ ਆਤਮ ਸੁੰਨ ਖੁਲ੍ਹਾਇਆ । ਰਸਨਾ ਸੋਹੰ ਜਪ ਜਪ ਜੀਵ, ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ । ਸੋਹੰ ਸ਼ਬਦ ਪ੍ਰਭ ਦੇਵੇ ਦਾਤ । ਸੋਹੰ ਦੇਵੇ ਪ੍ਰਭ ਸਾਚੀ ਕਰਾਮਾਤ । ਸੋਹੰ ਸ਼ਬਦ ਕਰੇ ਪਰਕਾਸ਼, ਜਿਉਂ ਦੀਪਕ ਅੰਧੇਰੀ ਰਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸਾਚੀ ਦਾਤ । ਸੋਹੰ ਸ਼ਬਦ ਸਰਬ ਗੁਣ । ਸੋਹੰ ਸ਼ਬਦ ਉਪਜਾਵੇ ਸਾਚੀ ਧੁਨ । ਸੋਹੰ ਸ਼ਬਦ ਗੁਰਮੁਖ ਸਾਚੇ ਸਚ ਕੰਨ ਸੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸੁਣਾਏ ਉਪਜਾਏ ਜਣਾਏ ਚੁਣ ਚੁਣ । ਸੋਹੰ ਸ਼ਬਦ ਪ੍ਰਭ ਜਿਸ ਜਨ ਜਣਾਇਆ । ਪ੍ਰਭ ਅਬਿਨਾਸ਼ੀ ਆਪਣਾ ਭੇਦ ਮਿਟਾਇਆ । ਗੁਰਮੁਖ ਸਾਚੇ ਸੁਰਤ ਸ਼ਬਦ ਦਾ ਮੇਲ ਮਿਲਾਇਆ । ਘਨਕਪੁਰ ਵਾਸੀ ਪਰਗਟ ਜੋਤ, ਜੋਤ ਸਰੂਪੀ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖੇ ਸਰਬ ਮਿਟਾਇਆ । ਜੋਤ ਸਰੂਪੀ ਦਰਸ ਦਿਖਾ । ਭਰਮ ਭੁਲੇਖਾ ਸਾਰਾ ਲਾਹ ।

ਗੁਰਮੁਖ ਸਾਚੇ ਸਾਚੀ ਜੋਤ ਪਰਗਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਚਰਨ ਲਏ ਲਗਾ । ਗੁਰਮੁਖਾਂ ਪ੍ਰਭ ਚਰਨ ਲਗਾਏ । ਜਨਮ ਜਨਮ ਦੇ ਵਿਛੜੇ ਨਿਹਕਲੰਕ ਮੇਲ ਮਿਲਾਏ । ਸਾਚਾ ਪ੍ਰਭ ਸਾਚੀ ਦਰਗਹਿ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਸਦ ਹੋਏ ਸਹਾਏ । ਭਗਤ ਜਨਾਂ ਪ੍ਰਭ ਸਦਾ ਸਹਾਇਆ । ਵੇਲੇ ਅੰਤ ਦਰਗਾਹ ਸਾਚੀ ਮਾਣ ਦਵਾਇਆ । ਗੁਰਮੁਖ ਸਾਚੇ ਪਰਗਟ ਜੋਤ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਗੁਰਸਿਖ ਬਹਾਇਆ । ਗੁਰਮੁਖ ਸਾਚੇ ਧਾਮ ਨਿਆਰਾ । ਪਾਰਬ੍ਰਹਮ ਖੇਲ ਅਪਾਰਾ । ਏਕਾ ਜੋਤ ਜਗੇ ਗਿਰਧਾਰਾ । ਗੁਰਮੁਖ ਵਿਰਲਾ ਦੇਖੇ ਕਰ ਵਿਚਾਰਾ । ਜੋਤ ਸਰੂਪ ਜੋਤ ਨਿਰੰਜਣ, ਨਿਹਕਲੰਕ ਨਰ ਨਰਾਇਣ ਅਵਤਾਰਾ । ਸਾਚੀ ਜੋਤ ਸਦ ਆਕਾਰੇ । ਸਚਖੰਡ ਸਚਾ ਦਰਬਾਰੇ । ਧਰੇ ਜੋਤ ਨਿਹਕਲੰਕ ਅਵਤਾਰੇ । ਗੁਰਮੁਖ ਸਾਚੇ ਸੋਹਣ ਗੁਰਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੰਡ ਬ੍ਰਹਿਮੰਡ ਤੇਰੇ ਪਨਿਹਾਰੇ । ਸਚਖੰਡ ਧਾਮ ਨਿਆਰਾ । ਪਾਰਬ੍ਰਹਮ ਜੋਤ ਜਗੇ ਅਪਾਰਾ । ਜੋਤ ਸਰੂਪੀ ਪਸਰ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਤੇਰਾ ਸਚ ਦਵਾਰਾ । ਸਚਖੰਡ ਪ੍ਰਭ ਸਚ ਦਵਾਰ । ਏਕਾ ਜੋਤ ਜਗੇ ਅਪਾਰ । ਏਕਾ ਉਪਜੇ ਸਾਚੀ ਧੁਨਕਾਰ । ਗੁਰਮੁਖ ਸਾਚੇ ਪ੍ਰਭ ਜਾਏ ਤਾਰ । ਸਾਚਾ ਧਾਮ ਪ੍ਰਭ ਉਪਜਾਇਆ । ਭਗਤ ਜਨਾਂ ਪ੍ਰਭ ਦੇ ਵਸਾਇਆ । ਪ੍ਰਭ ਆਪਣਾ ਭੇਦ ਆਪ ਚੁਕਾਇਆ । ਜੋਤ ਸਰੂਪੀ ਪਰਗਟ ਜੋਤ, ਮਹਾਰਾਜ ਸ਼ੇਰ ਸਿੰਘ ਗੁਰਮੁਖ ਸਾਚੇ ਭੇਵ ਖੁਲ੍ਹਾਇਆ । ਗੁਰਮੁਖ ਸਾਚੇ ਭੇਦ ਖੁਲ੍ਹਾ । ਜੋਤ ਸਰੂਪੀ ਮੇਲ ਮਿਲਾ । ਵੇਲੇ ਅੰਤਕਾਲ ਕਲ ਪ੍ਰਭ ਸਾਚਾ ਹੋਏ ਸਹਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸਾਚਾ ਨਾਮ ਜਾਮ ਜਾਏ ਪਿਲਾ । ਸੋਹੰ ਨਾਮ ਸਦਾ ਖੁਮਾਰੀ । ਗੁਰਮੁਖ ਆਤਮ ਹੋਏ ਉਜਿਆਰੀ । ਅੰਮ੍ਰਿਤ ਵਰਖੇ ਪ੍ਰਭ ਸਾਚਾ ਕਿਰਪਾ ਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਸਚਖੰਡ ਦਵਾਰੀ । ਦੇਵੇ ਦਰਸ ਪ੍ਰਭ ਅਬਿਨਾਸ਼ਾ । ਗੁਰਮੁਖ ਸਾਚੇ ਕੀਆ ਵਾਸਾ । ਸੋਹੰ ਸ਼ਬਦ ਚਲਾਵੇ ਜਪਾਵੇ ਸਵਾਸ ਸਵਾਸਾ । ਮਹਾਰਾਜ ਸ਼ੇਰ ਸਿੰਘ ਚਰਨ ਪ੍ਰੀਤ ਸਾਚੀ ਰਹਿਰਾਸਾ । ਚਰਨ ਪ੍ਰੀਤ ਜੋ ਜਨ ਕਮਾਏ । ਮਾਤ ਗਰਭ ਵਿਚ ਫੇਰ ਨਾ ਆਏ । ਲੱਖ ਚੁਰਾਸੀ ਗੇੜ ਚੁਕਾਏ । ਜੋਤ ਸਰੂਪੀ ਪਰਗਟ ਜੋਤ, ਵੇਲੇ ਅੰਤ ਲਏ ਛੁਡਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਗੁਰਮੁਖ ਸਾਚੇ ਜੋਤ ਜਗਾਏ । ਗੁਰਸਿਖ ਸਾਚਾ ਜੋਤ ਮਿਲਾਇਆ । ਪ੍ਰਭ ਅਬਿਨਾਸ਼ੀ ਕਰਮ ਕਮਾਇਆ । ਜਨਮ ਮਰਨ ਦਾ ਗੇੜ ਚੁਕਾਇਆ । ਆਪ ਆਪਣੇ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚੇ ਧਾਮ ਬਹਾਇਆ । ਗੁਰਮੁਖ ਸਾਚੇ ਸਚ ਧਾਮ ਬਹਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਆਪ ਆਪਣੇ ਵਿਚ ਸਮਾਏ । ਗੁਰਮੁਖ ਸਾਚਾ ਨਾ ਮਰੇ ਨਾ ਆਏ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਿਰ ਘਰ ਨਿਵਾਸ ਰਖਾਏ । ਗੁਰਮੁਖਾਂ ਥਿਰ ਘਰ ਬਹਾਇਆ । ਪ੍ਰਭ ਸਾਚੇ ਸਿਰ ਹੱਥ ਟਿਕਾਇਆ । ਬੈਕੁੰਠ ਨਿਵਾਸੀ ਵਿਚ ਬੈਕੁੰਠ ਨਿਵਾਸ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚੇ ਧਾਮ ਬਹਾਇਆ । ਗੁਰਮੁਖਾਂ ਹਰਿ ਦਰ ਧਾਮ ਨਿਆਰਾ । ਜੋਤ ਸਰੂਪ ਦੀਪਕ ਉਜਿਆਰਾ । ਪ੍ਰਭ ਸਾਚੇ ਸਚ ਚਰਨ ਬਲਿਹਾਰਾ । ਆਦਿ ਅੰਤ ਪ੍ਰਭ ਏਕੰਕਾਰਾ । ਮਾਤਲੋਕ ਜੁਗੋ ਜੁਗ ਪ੍ਰਭ ਸਾਚਾ ਲਏ ਅਵਤਾਰਾ । ਜੋਤ ਸਰੂਪ ਪ੍ਰਭ ਅਬਿਨਾਸ਼ੀ, ਆਪਣਾ ਆਪ ਪਸਰ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਨਾ ਕਰਨ ਵਿਚਾਰਾ । ਕਲਜੁਗ ਜੀਵ ਨਾ ਕਰੇ ਵਿਚਾਰ ।

ਅੰਤਕਾਲ ਕਲ ਹੋਇਣ ਖੁਆਰ । ਸੋਹੰ ਸ਼ਬਦ ਪ੍ਰਭ ਸਾਚੀ ਮਾਰੀ ਮਾਰ । ਮਦਿਰਾ ਮਾਸ ਰਸਨਾ ਕੀਆ ਆਹਾਰ । ਵੇਲੇ ਅੰਤ ਮਾਨਸ ਜਨਮ ਗਏ ਕਲ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਲਿਖਾਏ ਦੁਸ਼ਟ ਦੁਰਾਚਾਰ । ਕਲਜੁਗ ਜੀਵ ਆਤਮ ਅੰਧ । ਬੇਮੁਖ ਜੀਵਾਂ ਭਾਗ ਹੋਏ ਮੰਦ । ਮਦਿਰਾ ਮਾਸ ਰਸਨਾ ਲਾਇਆ ਗੰਦ । ਆਤਮ ਗਵਾਇਆ ਪ੍ਰਭ ਸਾਚੇ ਕਾ ਸਾਚਾ ਅਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਏ ਜੀਵ ਉਪਜੇ ਪਰਮਾਨੰਦ । ਰਸਨਾ ਜਪ ਆਤਮ ਰਸ ਪਾਓ । ਆਤਮ ਸਾਚੀ ਜੋਤ ਜਗਾਓ । ਭਰਮ ਭੁਲੇਖਾ ਸਾਰਾ ਲਾਹੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਸਚ ਸਰਨ ਰਖਾਓ । ਪ੍ਰਭ ਸਰਨ ਜੋ ਜਨ ਆਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਪਤਤ ਪਾਪੀ ਪ੍ਰਭ ਲਏ ਤਰਾਏ । ਜੋ ਜਨ ਆਏ ਚਰਨੀ ਸੀਸ ਝੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੜਿਆਂ ਕਲ ਮੇਲ ਮੇਲ ਮਿਲਾਏ । ਵਿਛੜਿਆਂ ਪ੍ਰਭ ਮੇਲ ਮਿਲਾਇਆ । ਆਤਮ ਸਾਚਾ ਦੀਪ ਜਗਾਇਆ । ਅਗਿਆਨ ਅੰਧੇਰ ਸਰਬ ਮਿਟਾਇਆ । ਏਕਾ ਚਰਨ ਧਿਆਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਇਆ । ਜੋ ਜਨ ਆਏ ਪ੍ਰਭ ਸਰਨਾਏ । ਪ੍ਰਭ ਅਬਿਨਾਸ਼ੀ ਹੋਏ ਸਹਾਏ । ਆਤਮ ਸਾਚੀ ਜੋਤ ਜਗਾਏ । ਜੋਤ ਸਰੂਪੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਏ । ਜਿਸ ਜਨ ਪ੍ਰਭ ਭੇਦ ਖੁਲ੍ਹਾਇਆ । ਅਗਿਆਨ ਅੰਧੇਰ ਸਰਬ ਮਿਟਾਇਆ । ਆਤਮ ਸਾਚਾ ਦੀਪ ਜਗਾਇਆ । ਸੋਹੰ ਸ਼ਬਦ ਧੁਨ ਉਪਜਾਇਆ । ਸਾਚਾ ਰਾਗ ਪ੍ਰਭ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਦ ਆਪ ਵਜਾਇਆ । ਸਾਚਾ ਨਾਦ ਪ੍ਰਭ ਵਜਾਏ । ਆਤਮ ਸੁੰਨ ਖੋਲ੍ਹ ਵਖਾਏ । ਏਕਾ ਧੁਨ ਆਪ ਉਪਜਾਏ । ਗੁਰਮੁਖਾਂ ਪ੍ਰਭ ਚਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਗੁਰਮੁਖ ਆਇਣ ਪ੍ਰਭ ਚਰਨ ਦਵਾਰ । ਸੋਹੰ ਸਾਚਾ ਸ਼ਬਦ ਪ੍ਰਭ ਦੇਵੇ ਨਾਮ ਅਧਾਰ । ਸਾਚਾ ਪ੍ਰਭ ਸਚ ਭਰੇ ਭੰਡਾਰ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰ । ਆਤਮ ਦੇਵੇ ਜੋਤ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸਦਾ ਨਿਰਾਧਾਰ । ਜੋਤ ਸਰੂਪ ਜਗਤ ਪਿਤ ਆਏ । ਆਪ ਆਪਣਾ ਭੇਦ ਛੁਪਾਏ । ਕਲਜੁਗ ਜੀਵ ਪ੍ਰਭ ਲਏ ਭੁਲਾਏ । ਗੁਰਮੁਖ ਸਾਚੇ ਪ੍ਰਭ ਬਾਹੋਂ ਪਕੜ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ । ਜੋਤ ਸਰੂਪ ਪ੍ਰਭ ਦਰਸ ਦਿਖਾਇਆ । ਗੁਰਮੁਖ ਸਾਚਾ ਸਚ ਮਾਰਗ ਲਾਇਆ । ਏਕਾ ਧੁਨ ਸੋਹੰ ਸਾਚਾ ਰਾਗ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਇਆ । ਜੋਤ ਜੋਤ ਜੋਤ ਪ੍ਰਭ ਜੋਤ ਧਾਰੇ । ਜੋਤ ਜੋਤ ਜੋਤ ਪ੍ਰਭ ਜੋਤ ਪਸਾਰੇ । ਜੋਤ ਜੋਤ ਜੋਤ ਪ੍ਰਭ ਜੋਤ ਨਿਰੰਕਾਰੇ । ਜੋਤ ਜੋਤ ਜੋਤ ਪ੍ਰਭ ਮਾਤਲੋਕ ਜੋਤ ਆਕਾਰੇ । ਜੋਤ ਜੋਤ ਜੋਤ ਪ੍ਰਭ ਜੋਤ ਸਰੂਪ ਵਰਤੇ ਵਿਚ ਸੰਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰੇ । ਜੋਤ ਜੋਤ ਜੋਤ ਪ੍ਰਭ ਜੋਤ ਜਗਾਈ । ਮਾਤਲੋਕ ਵਿਚ ਖੇਲ ਰਚਾਈ । ਰਮਈਆ ਰਾਮ ਘਨਈਏ ਸ਼ਾਮ ਆਪਣੀ ਕਲ ਪਰਗਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਈ । ਏਕਾ ਜੋਤ ਰਾਮ ਅਵਤਾਰਾ । ਏਕਾ ਜੋਤ ਕ੍ਰਿਸ਼ਨ ਮੁਰਾਰਾ । ਏਕਾ ਜੋਤ ਜਗਤ ਵਰਤਾਰਾ । ਏਕਾ ਜੋਤ ਜਗਤ ਆਕਾਰਾ । ਏਕਾ ਜੋਤ ਏਕਾ ਰੰਗ ਰਵੇ ਕਰਤਾਰਾ । ਜੋਤ ਸਰੂਪੀ ਪਰਗਟ ਜੋਤ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਿਹਕਲੰਕ ਕਲ ਜਾਮਾ ਧਾਰ । ਸ੍ਰਿਸ਼ਟ ਸਬਾਈ ਕਰੇ ਖੁਆਰ । ਚਾਰ ਕੁੰਟ

ਕਰਾਏ ਹਾਹਾਕਾਰ । ਜਨ ਭਗਤਾਂ ਦੇਵੇ ਸੋਹੰ ਸ਼ਬਦ ਅਧਾਰ । ਰਸਨ ਜਪਾਏ ਕਰਾਏ ਜੈ ਜੈ ਜੈਕਾਰ ਗੁਰਮੁਖ ਸਾਚੇ ਸੋਹਣ ਤੇਰੇ ਚਰਨ ਦਵਾਰ । ਭਗਤ ਵਛਲ ਆਪ ਗਿਰਧਾਰ । ਜਨ ਭਗਤਾਂ ਪ੍ਰਭ ਜਾਏ ਤਾਰ । ਸਦਾ ਸਦਾ ਪ੍ਰਭ ਸਾਚਾ ਜਾਏ ਪੈਜ ਸਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਇਆ ਜਾਮਾ ਧਾਰ । ਕਲਜੁਗ ਪ੍ਰਭ ਜਾਮਾ ਧਾਰ । ਅਚਰਜ ਖੇਲ ਕਰੇ ਕਰਤਾਰ । ਜੋਤ ਸਰੂਪ ਰਹੇ ਨਿਰਾਧਾਰ । ਸੋਹੰ ਸ਼ਬਦ ਚਲਾਵੇ ਖੰਡਾ ਦੋ ਧਾਰ । ਸ੍ਰਿਸ਼ਟ ਸਬਾਈ ਕਰੇ ਖੁਆਰ । ਸਚ ਘਰ ਵਸੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਅਵਤਾਰ । ਮਾਤਲੋਕ ਪ੍ਰਭ ਜਾਮਾ ਧਾਰੇ । ਦੁਸ਼ਟ ਦੁਰਾਚਾਰ ਪ੍ਰਭ ਆਪ ਸੰਘਾਰੇ । ਭਗਤ ਜਨਾਂ ਪ੍ਰਭ ਪਾਰ ਉਤਾਰੇ । ਸਾਚੀ ਜੋਤ ਕਰੇ ਆਤਮ ਉਜਿਆਰੇ । ਜੋਤ ਸਰੂਪੀ ਵਿਚ ਪਸਾਰੇ । ਨਜ਼ਰੀ ਆਵੇ ਨੈਣ ਮੁੰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰੇ । ਨਰਾਇਣ ਨਰ ਕਲ ਜਾਮਾ ਧਾਰ । ਕਲਜੁਗ ਜੀਵਾਂ ਕਰੇ ਖ਼ੁਆਰ । ਦੁਸ਼ਟ ਦੁਰਾਚਾਰਾਂ ਸੋਹੰ ਮਾਰੇ ਸਾਚੀ ਮਾਰ । ਆਪ ਬੈਠ ਅਡੋਲ ਰਹੇ ਗਿਰਧਾਰ । ਅਗਨ ਜੋਤ ਜਗਤ ਜਲਾਏ, ਮਹਾਰਾਜ ਸ਼ੇਰ ਸਿੰਘ ਨਰਾਇਣ ਨਰ ਅਵਤਾਰ । ਅਗਨ ਜੋਤ ਜਗਤ ਜਲਾਇਆ । ਚਾਰ ਕੁੰਟ ਪ੍ਰਭ ਸਾਚੇ ਹਾਹਾਕਾਰ ਮਚਾਇਆ । ਆਪ ਬੈਠ ਅਡੋਲ ਪ੍ਰਭ ਸਾਰਾ ਜਗਤ ਡੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾਇਆ । ਘਨਕਪੁਰੀ ਪ੍ਰਭ ਜਾਮਾ ਧਾਰ । ਕਿਰਪਾ ਕਰੇ ਭਗਤ ਗਿਰਧਾਰ । ਗੁਰਮੁਖ ਚਲ ਆਇਣ ਨਿਹਕਲੰਕ ਤੇਰੇ ਦਰਬਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਤਮ ਜੋਤ ਕਰੇ ਆਕਾਰ । ਗੁਰਮੁਖ ਆਤਮ ਜੋਤ ਆਕਾਰੀ । ਦੇਵੇ ਦਰਸ ਪ੍ਰਭ ਨੈਣ ਮੁੰਧਾਰੀ । ਸਾਚੀ ਜੋਤ ਪ੍ਰਭ ਪਸਰ ਪਸਾਰੀ । ਬੇਮੁਖ ਜੀਵਾਂ ਕਲਜੁਗ ਆਤਮ ਹੋਈ ਅੰਧ ਅੰਧਿਆਰੀ । ਦਿਸ ਨਾ ਆਵੇ ਜੋਤ ਸਰੂਪ ਪ੍ਰਭ ਕ੍ਰਿਸ਼ਨ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਜਾਏ ਪੈਜ ਸਵਾਰੀ । ਭਗਤ ਜਨਾਂ ਪ੍ਰਭ ਤਾਰਨਹਾਰਾ । ਆਪ ਆਪਣਾ ਬਿਰਦ ਸੰਭਾਰਾ । ਪਾਰਬ੍ਰਹਮ ਪ੍ਰਭ ਖੇਲ ਨਿਆਰਾ । ਵਰਤੇ ਵਰਤਾਏ ਕਰੇ ਕਰਾਏ ਵਿਚ ਸੰਸਾਰਾ । ਜਗਤ ਭੁਲਾਵੇ ਰੁਲਾਵੇ ਕਰੇ ਖੁਆਰਾ । ਗੁਰਮੁਖ ਤਰਾਵੇ ਚਰਨ ਲਗਾਵੇ, ਦੇਵੇ ਨਾਮ ਅਧਾਰਾ । ਸਾਚੇ ਮਾਰਗ ਪਾਵੇ, ਸੋਹੰ ਸਾਚਾ ਨਾਮ ਜਪਾਵੇ, ਅੰਤਕਾਲ ਪ੍ਰਭ ਸਾਚਾ ਦੇਵੇ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਿਹਕਲੰਕ ਕਲ ਬਣਤ ਬਣਾਏ । ਕਲਜੁਗ ਜੀਵਾਂ ਮਾਇਆ ਪਾਏ । ਝੂਠੇ ਧੰਦੇ ਸ੍ਰਿਸ਼ਟ ਭੁਲਾਏ । ਗੁਰਮੁਖ ਸਾਚੇ ਪ੍ਰਭ ਬੂਝ ਬੁਝਾਏ । ਆਪ ਆਪਣਾ ਭੇਦ ਜਣਾਏ । ਜੋਤ ਨਿਰੰਜਣ ਵਿਚ ਮਾਤ ਦੇ ਆਏ । ਅਨਾਥਾਂ ਹੇਤ ਪ੍ਰਭ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਬਣਤ ਬਣਾਏ । ਏਕਾ ਜੋਤ ਰਮਈਆ ਰਾਮਾ । ਸਾਵਲ ਕਾਹਨ ਘਨਈਆ ਸ਼ਾਮਾ । ਨਿਹਕਲੰਕ ਜੋਤ ਸਰੂਪੀ ਪਹਰਿਆ ਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਦੇਵੇ ਵਡ ਦਾਨੀ ਦਾਨਾ । ਸੋਹੰ ਸ਼ਬਦ ਪ੍ਰਭ ਵਰਤਾਏ । ਜੋ ਜਨ ਆਏ ਸੇਵ ਕਮਾਏ । ਆਤਮ ਤ੍ਰਿਖਾ ਸਰਬ ਮਿਟਾਏ । ਬੂੰਦ ਸਵਾਂਤੀ ਮੁਖ ਚੁਆਏ । ਆਤਮ ਅੰਮ੍ਰਿਤ ਮੇਘ ਵਰਸਾਏ । ਆਤਮ ਸਾਂਤਕ ਸਤਿ ਸਤਿ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਦਰਸ਼ਨ ਪਾਏ । ਕਰ ਦਰਸ ਆਤਮ ਤ੍ਰਿਪਤਾਸਿਆ । ਅਗਿਆਨ ਅੰਧੇਰ ਸਰਬ ਵਿਨਾਸਿਆ । ਗੁਰਮੁਖ ਸਾਚੇ ਆਤਮ ਸਾਚਾ ਦੀਪ ਪਰਕਾਸਿਆ । ਗੁਰਚਰਨ ਪ੍ਰੀਤੀ ਕਲਜੁਗ ਸਾਚੀ ਰਹਿਰਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਦਾਸਨ ਦਾਸਿਆ ।

ਭਗਤ ਜਨਾਂ ਪ੍ਰਭ ਦਾਸਨ ਦਾਸਾ । ਸਾਚਾ ਪ੍ਰਭ ਸਦ ਰੱਖੇ ਵਿਚ ਵਾਸਾ । ਸਾਚੀ ਜੋਤ ਧਰੇ ਅਬਿਨਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਪੂਰਨ ਆਸਾ । ਸਰਬ ਜਨਾਂ ਪ੍ਰਭ ਆਸਾ ਪੂਰ । ਜੋ ਜਨ ਆਏ ਚਰਨ ਹਜ਼ੂਰ । ਸੋਹੰ ਸਾਚਾ ਦੇਵੇ ਨਾਮ ਸਰੂਰ । ਪ੍ਰਭ ਅਬਿਨਾਸ਼ੀ ਆਤਮ ਕਰੇ ਭਰਪੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਹਿਰਦੇ ਵਸੇ ਨਾ ਜਾਣੋ ਦੂਰ । ਗੁਰਮੁਖ ਸਾਚੇ ਸਚ ਰੰਗ ਮਾਣਿਆ । ਪ੍ਰਭ ਅਬਿਨਾਸ਼ੀ ਸਾਚਾ ਜਾਣਿਆ । ਕਲਜੁਗ ਹੋਏ ਸੁਘੜ ਸਿਆਣਿਆ । ਜੋ ਜਨ ਚਲੇ ਪ੍ਰਭ ਕੇ ਭਾਣਿਆ । ਬੇਮੁਖ ਜੀਵਾਂ ਪ੍ਰਭ ਭੁੰਨੇ ਜਿਉਂ ਭਠਿਆਲੇ ਦਾਣਿਆ । ਤਖ਼ਤੋਂ ਲਾਹੇ ਪ੍ਰਭ ਰਾਜੇ ਰਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਰਲੇ ਗੁਰਮੁਖ ਪਛਾਣਿਆ । ਗੁਰਮੁਖ ਜਾਣੇ ਜਿਸ ਪ੍ਰਭ ਜਣਾਏ । ਪ੍ਰਭ ਅਬਿਨਾਸ਼ੀ ਸਿਰ ਹੱਥ ਟਿਕਾਏ । ਦੇ ਦਰਸ ਪਰਗਟ ਜੋਤ ਪ੍ਰਭ ਆਤਮ ਚਿੰਤ ਮਿਟਾਏ । ਵਿਚੋਂ ਜਾਏ ਹਉਮੈ ਸੋਗ, ਪ੍ਰਭ ਆਤਮ ਸਾਚੀ ਜੋਤ ਜਗਾਏ । ਦੇਵੇ ਦਰਸ ਪ੍ਰਭ ਅਮੋਘ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਜਨ ਦਇਆ ਕਮਾਏ । ਪ੍ਰਭ ਸਾਚੇ ਕੀ ਸਾਚੀ ਸਰਨਾ । ਪ੍ਰਭ ਅਬਿਨਾਸ਼ੀ ਕਲ ਵਿਰਲੇ ਗੁਰਮੁਖ ਵਰਨਾ । ਚਰਨ ਲਾਗ ਪ੍ਰਭ ਸਾਚੇ ਸਾਧ ਸੰਗਤ ਕਲ ਤਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਧਰਨੀ ਧਰਨਾ । ਦੇਵੇ ਦਰਸ ਗੁਰ ਗੋਪਾਲਾ । ਭਗਤ ਜਨਾਂ ਪ੍ਰਭ ਸਦਾ ਰਖਵਾਲਾ । ਆਦਿ ਜੁਗਾਦਿ ਸਦਾ ਪ੍ਰਿਤਪਾਲਾ । ਸੋਹੰ ਨਾਮ ਆਤਮ ਦੇਵੇ ਸਾਚੀ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਆਪ ਰਖਵਾਲਾ । ਸੋਹੰ ਨਾਮ ਪ੍ਰਭ ਦਵਾਏ । ਸਚ ਵਸਤ ਪ੍ਰਭ ਝੋਲੀ ਪਾਏ । ਰਸਨਾ ਜਪ ਜਪ ਜਪ ਜੀਵ ਆਤਮ ਰਸ ਉਪਜਾਏ । ਸਾਚਾ ਨਾਮ ਆਤਮ ਰਸ ਪੀਵ, ਆਤਮ ਤ੍ਰਿਖਾ ਮਿਟਾਏ । ਆਤਮ ਬੁਝੀ ਜਗਾਏ ਦੀਵ, ਅਗਿਆਨ ਅੰਧੇਰ ਸਰਬ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ । ਜੋਤ ਸਰੂਪੀ ਦਰਸ ਦਿਖਾ ਕੇ । ਗੁਰਮੁਖ ਸਾਚੇ ਮੇਲ ਮਿਲਾ ਕੇ । ਕਲ ਮਾਰਗ ਪ੍ਰਭ ਸਾਚੇ ਜਾਏ ਲਾ ਕੇ । ਸੋਹੰ ਸਾਚਾ ਨਾਮ ਨਿਧਾਨ, ਪ੍ਰਭ ਰਸਨਾ ਜਾਏ ਜਪਾ ਕੇ । ਸਾਚਾ ਮੇਲ ਭਗਤ ਭਗਵਾਨ, ਜੋਤ ਸਰੂਪੀ ਜਾਏ ਕਰਾ ਕੇ । ਏਕਾ ਬਖ਼ਸ਼ੇ ਚਰਨ ਧੂੜ, ਗੁਰ ਜਾਏ ਚਰਨ ਲਗਾ ਕੇ । ਸੋਹੰ ਦੇਵੇ ਵਡ ਦਾਨੀ ਦਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਭੇਖ ਦਿਖਾ ਕੇ । ਜੋਤ ਸਰੂਪੀ ਧਰਿਆ ਭੇਖ । ਕਲਜੁਗ ਜੀਵ ਰਹੇ ਵੇਖਾ ਵੇਖ । ਅੰਤ ਮਿਟਾਏ ਪ੍ਰਭ ਕਾਇਆ ਝੂਠੀ ਰੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਸਾਚੇ ਲੇਖ । ਸਾਚਾ ਪ੍ਰਭ ਲੇਖ ਲਿਖਾ ਕੇ । ਜੋਤ ਸਰੂਪੀ ਭੇਖ ਵਟਾ ਕੇ । ਥਿਰ ਘਰ ਵਾਸੀ ਵਿਚ ਮਾਤ ਦੇ ਆ ਕੇ । ਆਕਾਸ਼ ਪਾਤਾਲ ਤਜਾਏ ਵਿਚ ਵਰਭੰਡ ਆਪ ਸਮਾ ਕੇ । ਸਰਬ ਖੰਡ ਪ੍ਰਭ ਜੋਤ ਜਗਾ ਕੇ । ਬੇਮੁਖ ਜੀਵਾਂ ਅੰਧ ਕਰਾ ਕੇ । ਸੋਹੰ ਸ਼ਬਦ ਪ੍ਰਭ ਡੰਨ ਲਗਾ ਕੇ । ਗੁਰਮੁਖ ਸਾਚੇ ਪਰਗਟ ਜੋਤ ਪ੍ਰਭ ਟੁੱਟੀ ਗੰਢੇ ਆ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੜਿਆਂ ਕਲ ਮੇਲ ਮਿਲਾ ਕੇ । ਵਿਛੜਿਆਂ ਕਲ ਮੇਲ ਮਿਲਾਇਆ । ਸਾਚੇ ਮਾਰਗ ਗੁਰਸਿਖ ਲਾਇਆ । ਸੋਹੰ ਸਾਚਾ ਨਾਮ ਜਪਾਇਆ । ਆਤਮ ਸਾਚੀ ਜੋਤ ਜਗਾਇਆ । ਅਗਿਆਨ ਅੰਧੇਰ ਸਰਬ ਮਿਟਾਇਆ । ਏਕਾ ਦੀਪਕ ਦੇਹ ਧਰਾਇਆ । ਅਨਹਦ ਸਾਚਾ ਰਾਗ ਉਪਜਾਇਆ । ਸ਼ਬਦ ਧੁਨ ਪ੍ਰਭ ਵਜਾਇਆ । ਆਤਮ ਸੁੰਨ ਖੋਲ੍ਹ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਜੋਤ ਸਰੂਪੀ ਦਰਸ ਦਿਖਾਇਆ । ਦਰਸ ਦਿਖਾਏ ਪ੍ਰਭ ਗੁਰਸਿਖ ਪੂਰੇ । ਆਤਮ ਉਤਾਰੇ ਸਗਲ ਵਸੂਰੇ । ਏਕਾ ਸ਼ਬਦ ਅਨਹਦ ਤੂਰੇ । ਸਾਚਾ

ਨਾਮ ਸਦਾ ਸਰੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸਾ ਪੂਰੇ । ਪੂਰਨ ਆਸ ਪ੍ਰਭ ਕਰਾਈ । ਜੋ ਜਨ ਚਲ ਆਏ ਸਰਨਾਈ । ਆਤਮ ਚਿੰਤ ਪ੍ਰਭ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਦਏ ਲਿਖਾਈ । ਲਿਖਿਆ ਲੇਖ ਨਾ ਮੇਟੇ ਕੋਏ । ਪ੍ਰਭ ਸਾਚੇ ਦੀ ਸਾਚੀ ਸੋਏ । ਵੇਖ ਵਖਾਣੇ ਕਰੇ ਸੋ ਹੋਏ । ਕਲਜੁਗ ਜੀਵ ਨਾ ਜਾਣੇ ਕੋਏ । ਜੋਤ ਸਰੂਪ ਪਸਰ ਪਸਾਰ ਪ੍ਰਭ ਤੀਨ ਲੋਏ । ਪਾਤਾਲ ਮਾਤ ਅਕਾਸ਼ ਪ੍ਰਭ ਸਾਚੇ ਦੀ ਸਾਚੀ ਸੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਰਗਟ ਹੋਏ । ਜੋਤ ਸਰੂਪੀ ਪ੍ਰਭ ਪਰਕਾਸ਼ੇ । ਜਗਤ ਅੰਧੇਰ ਸਰਬ ਵਿਨਾਸੇ । ਏਕਾ ਜੋਤ ਜਗੇ ਅਬਿਨਾਸੇ । ਚਾਰ ਵਰਨ ਹੋਇਣ ਪ੍ਰਭ ਚਰਨ ਦਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਚਰਨ ਭਰਵਾਸੇ । ਸਾਚਾ ਪ੍ਰਭ ਧੀਰ ਧਰਾਏ । ਚਾਰ ਵਰਨ ਆਏ ਪ੍ਰਭ ਸਰਨਾਏ । ਏਕਾ ਨਾਮ ਰਸਨ ਜਪਾਏ । ਸੋਹੰ ਜੈ ਜੈ ਜੈਕਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਮੁੱਖ ਰਖਾਏ । ਏਕਾ ਸ਼ਬਦ ਜਗਤ ਚਲਾਵਣਾ । ਸੋਹੰ ਸਤਿ ਸਤਿ ਸਤਿ ਵਰਤਾਵਣਾ । ਸਤਿਜੁਗ ਸਾਚਾ ਪ੍ਰਭ ਵਸਾਵਣਾ । ਕਲਜੁਗ ਅੰਧ ਅੰਧੇਰ ਸਰਬ ਮਿਟਾਵਣਾ । ਬੇਮੁਖ ਜੀਵਾਂ ਪ੍ਰਭ ਖਪਾਵਣਾ । ਗੁਰਮੁਖ ਸਾਚੇ ਪ੍ਰਭ ਸਚ ਉਪਜਾਵਣਾ । ਪਹਿਲੀ ਮਾਘ ਲਿਖਿਅ ਲੇਖ, ਪ੍ਰਭ ਸਾਚੇ ਸਤਿ ਵਰਤਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਦ ਸਰਬ ਖੁਲ੍ਹਾਵਣਾ । ਆਪਣਾ ਭੇਦ ਆਪ ਖੁਲ੍ਹਾਏ । ਮਸਤੂਆਣੇ ਪ੍ਰਭ ਚਰਨ ਟਿਕਾਏ । ਸਾਚਾ ਪ੍ਰਭ ਸ਼ਬਦ ਲਿਖਾਏ । ਸੁਰਤ ਸ਼ਬਦ ਦਾ ਮੇਲ ਕਰਾਏ । ਹੰਕਾਰੀਆਂ ਪ੍ਰਭ ਹੰਕਾਰ ਗਵਾਏ । ਆਤਮ ਸਾਚੀ ਜੋਤ ਜਗਾਏ । ਰਾਣਾ ਸੰਗਰੂਰ ਪ੍ਰਭ ਪਕੜ ਉਠਾਏ । ਆਪ ਆਪਣੀ ਸ਼ਰਨੀ ਲਾਏ । ਪਿਛਲੀ ਭੁਲ ਲਏ ਬਖ਼ਸ਼ਾਏ । ਪ੍ਰਭ ਸਾਚਾ ਸਚ ਮਾਰਗ ਲਾਏ । ਸੋਹੰ ਸਾਚਾ ਨਾਮ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਏ । ਰਾਣਾ ਸੰਗਰੂਰ ਪ੍ਰਭ ਚਰਨ ਲਗਾ । ਆਪਣਾ ਭੇਦ ਦਏ ਖੁਲ੍ਹਾ । ਸੋਹੰ ਸ਼ਬਦ ਡੰਕ ਵਜਾ । ਰਾਓ ਰੰਕ ਦਏ ਉਠਾ । ਚਾਰ ਵਰਨ ਪ੍ਰਭ ਦਏ ਸੁਣਾ । ਭੁੱਲੇ ਡੁੱਲੇ ਪ੍ਰਭ ਚਰਨੀ ਡਿੱਗਣ ਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਪਕੜੇ ਬਾਂਹ । ਰਾਣਾ ਸੰਗਰੂਰ ਪ੍ਰਭ ਸਰਨ ਲਗਾਏ । ਮਸਤੂਆਣੇ ਮਾਣ ਦਵਾਏ । ਸਤਿਜੁਗ ਸਾਚਾ ਧਾਮ ਉਪਜਾਏ । ਸੋਹੰ ਸਾਚਾ ਨਾਮ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਏ । ਸਾਚਾ ਪ੍ਰਭ ਭਰਮ ਚੁਕਾਏ । ਜੋਤ ਸਰੂਪੀ ਭੇਦ ਖੁਲ੍ਹਾਏ । ਰਾਣਾ ਸੰਗਰੂਰ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਰਾਣਾ ਸੰਗਰੂਰ ਪ੍ਰਭ ਚਰਨੀ ਆਇਆ । ਚਰਨ ਧੂੜ ਲੈ ਮਸਤਕ ਲਾਇਆ । ਪ੍ਰਭ ਅਬਿਨਾਸ਼ੀ ਨਜ਼ਰੀ ਆਇਆ । ਰੰਕਾਂ ਵਿਚ ਪ੍ਰਭ ਰੰਕ ਸਮਾਇਆ । ਏਕਾ ਅੰਕ ਏਕਾ ਡੰਕ ਪ੍ਰਭ ਦੇ ਵਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਇਆ । ਰਾਣਾ ਸੰਗਰੂਰ ਪ੍ਰਭ ਸੇਵ ਕਮਾਏ । ਸਾਚਾ ਦਰ ਸਾਚਾ ਘਰ ਪ੍ਰਭ ਅਬਿਨਾਸ਼ੀ ਪਾਏ । ਸਾਚਾ ਪ੍ਰਭ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸੇਵਾ ਲਾਏ । ਸਾਚਾ ਪ੍ਰਭ ਕਰਮ ਕਮਾਵਣਾ । ਰਾਣਾ ਸੰਗਰੂਰ ਅੱਗੇ ਲਾਵਣਾ । ਜਮਨ ਕਿਨਾਰੇ ਪ੍ਰਭ ਚਰਨ ਟਿਕਾਵਣਾ । ਵਾਲੀ ਦੋ ਜਹਾਨ ਸਾਚਾ ਧਾਮ ਉਪਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਸਰਨ ਲਗਾਵਣਾ । ਜਮਨ ਕਿਨਾਰੇ ਪ੍ਰਭ ਚਰਨ ਟਿਕਾਏ । ਸੋਹੰ ਸਾਚੀ ਧੁਨ ਉਪਜਾਏ । ਸੰਤ ਜਨਾਂ ਪ੍ਰਭ ਹੋਏ ਸਹਾਏ । ਸੁੰਨ ਸਮਾਧੀਆਂ ਦੇ ਖੁਲ੍ਹਾਏ । ਏਕਾ ਜੋਤ ਕਰੇ ਰੁਸ਼ਨਾਏ । ਜਗਨ

ਨਾਥ ਗੋਪਾਲ ਏਕਾ ਧੁਨ ਉਪਜਾਏ । ਭਗਤ ਜਨਾਂ ਪ੍ਰਭ ਸਗਲਾ ਸਾਥੀ, ਆਪ ਆਪਣਾ ਦੇ ਬੁਝਾਏ । ਸੋਹੰ ਸ਼ਬਦ ਦਿਸਾਵੇ ਪ੍ਰਭ ਸਾਚਾ ਰਾਹ, ਭਗਤ ਜਨਾਂ ਪ੍ਰਭ ਲਏ ਚਲਾਏ । ਪਰਗਟ ਹੋਏ ਤ੍ਰੈਲੋਕੀ ਨਾਥ, ਵਾਲੀ ਹਿੰਦ ਪ੍ਰਭ ਸਰਨੀ ਆਏ । ਪ੍ਰਭ ਸਾਚੇ ਦੀ ਸਾਚੀ ਗਾਥ, ਜੀਵ ਜੰਤ ਕੋਈ ਭੇਦ ਨਾ ਪਾਏ । ਸਾਚਾ ਤਿਲਕ ਲਗਾਏ ਮਾਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਏ । ਸਚ ਧਾਮ ਪ੍ਰਭ ਚਰਨ ਟਿਕਾ ਕੇ । ਭਾਰਤ ਮਾਤ ਭਾਗ ਜਗਾ ਕੇ । ਵਾਲੀ ਹਿੰਦ ਸਰਨ ਲਗਾ ਕੇ । ਸਾਚਾ ਦਰ ਸਾਚਾ ਦਰਬਾਰ ਪ੍ਰਭ ਏਕਾ ਏਕ ਦਿਸਾ ਕੇ । ਏਕਾ ਜੋਤ ਏਕੰਕਾਰ ਏਕਾ ਸ਼ਬਦ ਏਕਾ ਅਧਾਰ ਚਾਰ ਵਰਨ ਪ੍ਰਭ ਰਖਾ ਕੇ । ਸਾਚਾ ਪ੍ਰਭ ਸਚ ਵਰਤਾਰ, ਪ੍ਰਭ ਸਾਚਾ ਹੁਕਮ ਜਾਏ ਲਿਖਾ ਕੇ । ਵਰਤੇ ਵਰਤਾਵੇ ਵਿਚ ਸੰਸਾਰ, ਨਿਹਕਲੰਕ ਇਹ ਕਰਮ ਕਮਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਆਪ ਬਣਾ ਕੇ । ਸਾਚਾ ਵਕਤ ਪ੍ਰਭ ਸੁਹਾਵਣਾ । ਸਚ ਦਰਬਾਰ ਨਿਹਕਲੰਕ ਲਗਾਵਣਾ । ਸਾਚਾ ਮਾਰਗ ਵਿਚ ਸੰਸਾਰ ਪ੍ਰਭ ਸਾਚੇ ਸਚ ਚਲਾਵਣਾ । ਏਕਾ ਸ਼ਬਦ ਅਧਾਰ ਪ੍ਰਭ ਚਾਰ ਵਰਨ ਰਖਾਵਣਾ । ਏਕਾ ਸ਼ਬਦ ਧੁਨ ਧੁਨਕਾਰ, ਪ੍ਰਭ ਏਕਾ ਧੁਨ ਉਪਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਵਣਾ । ਸਾਚਾ ਪ੍ਰਭ ਸਚਾ ਦਰਬਾਰਾ । ਸਾਚਾ ਪ੍ਰਭ ਸਚਾ ਪਸਾਰਾ । ਸਾਚਾ ਪ੍ਰਭ ਸਦਾ ਨਿਰਾਹਾਰਾ । ਸਚਾ ਪ੍ਰਭ ਜੋਤ ਸਰੂਪ ਗਿਰਧਾਰਾ । ਸਚਾ ਪ੍ਰਭ ਸਚ ਸਚ ਵਰਤੇ ਵਰਤਾਵੇ ਵਿਚ ਸੰਸਾਰਾ । ਸਚਾ ਪ੍ਰਭ ਸਤਿਜੁਗ ਸਾਚੇ ਸੋਹੰ ਦੇਵੇ ਨਾਮ ਅਧਾਰਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਖੋਲ੍ਹੇ ਦਸਮ ਦਵਾਰਾ । ਦਵਾਰ ਦਸਮ ਪ੍ਰਭ ਖੁਲ੍ਹਾਏ । ਆਤਮ ਸਾਚੀ ਜੋਤ ਜਗਾਏ । ਗੁਰਮੁਖ ਸਾਚੇ ਮੇਲ ਮਿਲਾਏ । ਬੇਮੁਖਾਂ ਪ੍ਰਭ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਦ ਸਮਾਏ । ਸਾਧ ਸੰਗਤ ਪ੍ਰਭ ਸਦਾ ਸਮਾਇਆ । ਸਾਚੇ ਪ੍ਰਭ ਥਾਨ ਸੁਹਾਇਆ । ਪਰਗਟ ਜੋਤ ਦਰਸ ਦਖਾਇਆ । ਗੁਰਮੁਖ ਸਾਚੇ ਮਾਣ ਦਵਾਇਆ । ਰਸਨਾ ਸਾਚਾ ਨਾਮ ਜਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦਇਆ ਕਮਾਇਆ । ਸਾਧ ਸੰਗਤ ਤੇਰੀ ਵਡਿਆਈ । ਪ੍ਰਭ ਅਬਿਨਾਸ਼ੀ ਸੇਵ ਕਮਾਈ । ਹਰਿ ਹਰਿ ਹਰਿ ਜਪ ਦਰਗਾਹ ਸਾਚੀ ਮਿਲੇ ਵਡਿਆਈ । ਪ੍ਰਭ ਸਾਚਾ ਤੇਰਾ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਿਰ ਹੱਥ ਟਿਕਾਈ । ਸਾਧ ਸੰਗਤ ਪ੍ਰਭ ਮਾਣ ਦਵਾਏ । ਵੇਲੇ ਅੰਤ ਹੋਏ ਸਹਾਏ । ਕਲਜੁਗ ਨਾ ਲੱਗੇ ਤੱਤੀ ਵਾਏ । ਸੋਹੰ ਸ਼ਬਦ ਜਨ ਰਸਨਾ ਗਾਏ । ਓਅੰਕਾਰ ਪਰਗਟ ਜੋਤ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਿਰ ਹੱਥ ਟਿਕਾਏ । ਸਾਧ ਸੰਗਤ ਪ੍ਰਭ ਦੇਵੇ ਧੀਰ । ਵਿਚੋਂ ਕੱਢੇ ਹਉਮੇ ਪੀਰ । ਸੋਹੰ ਸ਼ਬਦ ਆਤਮ ਸ਼ਾਂਤ ਕਰੇ ਸਰੀਰ । ਅੰਮ੍ਰਿਤ ਆਤਮ ਚਲੇ ਵਿਚ ਭਿੰਨਾ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਦੇਵੇ ਜਿਉਂ ਬਾਲਕ ਮਾਤਾ ਸੀਰ । ਪ੍ਰਭ ਸਾਚੇ ਸਚ ਅੰਮ੍ਰਿਤ ਦੀਆ । ਗੁਰਮੁਖ ਸਾਚੇ ਪ੍ਰਭ ਦਰ ਪੀਆ । ਨਿਰਮਲ ਕੀਆ ਕਲਜੁਗ ਜੀਆ । ਪ੍ਰਭ ਮਿਲਣ ਕਾ ਸਾਚਾ ਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚਰਨ ਲਾਗ ਜੀਵ, ਪ੍ਰਭ ਅਬਿਨਾਸ਼ੀ ਤੇਰਾ ਆਤਮ ਜੋਤ ਜਗਾਏ ਦੀਆ । ਆਤਮ ਜੋਤ ਪ੍ਰਭ ਜਗਾਏ । ਸੋਹੰ ਸਾਚੀ ਬੱਤੀ ਲਾਏ । ਸਚ ਸਚ ਸਚ ਵਿਚ ਦੇਹ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦੀ ਪੈਜ ਰਖਾਏ । ਸਾਧ ਸੰਗਤ ਤੇਰਾ ਸਾਚਾ ਮਾਣ । ਪ੍ਰਭ ਅਬਿਨਾਸ਼ੀ ਸਾਚਾ ਜਾਣ । ਵੇਲੇ ਅੰਤ ਪ੍ਰਭ

ਬਿਠਾਏ ਵਿਚ ਬਬਾਣ । ਗੁਰਮੁਖ ਸਾਚੇ ਅੰਤਕਾਲ ਵਿਚ ਸਾਚੀ ਜੋਤ ਮਿਲ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤ ਗੁਣੀ ਨਿਧਾਨ । ਗੁਣਵੰਤ ਪ੍ਰਭ ਗੁਣ ਨਿਧਾਨਾ । ਪੂਰਨ ਦੇਵੇ ਬ੍ਰਹਮ ਗਿਆਨਾ । ਜੋ ਜਨ ਕਰੇ ਚਰਨ ਧਿਆਨਾ । ਪ੍ਰਭ ਅਬਿਨਾਸ਼ੀ ਸਾਚਾ ਮਾਨਾ । ਰਸਨਾ ਜਪ ਜਪ ਜਪ ਜੀਵ ਆਤਮ ਉਪਜੇ ਸੁਖ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਪਹਰਿਆ ਜੋਤ ਸਰੂਪੀ ਬਾਣਾ । ਜੋਤ ਸਰੂਪੀ ਪ੍ਰਭ ਬਾਣਾ ਧਾਰਿਆ । ਪ੍ਰਭ ਸਾਚੇ ਕਾ ਭੇਦ ਨਿਆਰਿਆ । ਸ੍ਰਿਸ਼ਟ ਸਬਾਈ ਪ੍ਰਭ ਭੁਲਾ ਰਿਹਾ । ਗੁਰ ਸਾਚੇ ਪ੍ਰਭ ਬਾਹੋਂ ਪਕੜ ਚਰਨ ਲਗਾ ਲਿਆ । ਪਰਗਟ ਜੋਤ ਵਿਚ ਮਾਤ, ਸਾਚਾ ਦਰਸ ਦਿਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਆਸ ਕਰਾ ਰਿਹਾ । ਸਾਚਾ ਪ੍ਰਭ ਦਰਸ ਦਿਖਾਏ । ਸਰਬ ਜਨਾਂ ਦੀ ਆਸ ਪੁਜਾਏ । ਜੋ ਜਨ ਆਏ ਪ੍ਰਭ ਸਰਨਾਏ । ਨਿਜ ਘਰ ਵਾਸੀ ਪਰਗਟ ਜੋਤ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੀ ਪੈਜ ਰਖਾਏ । ਸਾਧ ਸੰਗਤ ਤੇਰੀ ਪੂਰਨ ਆਸਾ । ਪ੍ਰਭ ਪੂਰਨ ਪੂਰਨ ਕੀਆ ਭਰਵਾਸਾ । ਹਉਮੇ ਦੁਖੜਾ ਸਾਰਾ ਨਾਸਾ । ਗੁਰਚਰਨ ਪ੍ਰੀਤੀ ਕਲਜੁਗ ਤੇਰੀ ਸਾਚੀ ਰਹਿਰਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਦਾਸਨ ਦਾਸਾ । ਸਾਧ ਸੰਗਤ ਪ੍ਰਭ ਰਸਨਾ ਗਾਇਆ । ਪਰਗਟ ਜੋਤ ਨਿਹਕਲੰਕ ਕਲ ਦਰਸ ਦਿਖਾਇਆ । ਭਗਤ ਉਧਾਰੇ ਜਿਉਂ ਰਾਜਾ ਜਨਕ, ਪ੍ਰਭ ਸਾਚਾ ਸਾਚਾ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਿਰ ਹੱਥ ਟਿਕਾਇਆ । ਸਾਧ ਸੰਗਤ ਕਲ ਸਾਚੀ ਸੀਖਿਆ । ਪ੍ਰਭ ਅਬਿਨਾਸ਼ੀ ਪਾਵੇ ਸਾਚੀ ਭੀਖਿਆ । ਮਿਟ ਨਾ ਜਾਏ ਲਿਖਿਆ ਲੇਖ ਗੁਰਮੁਖ ਸਾਚੇ ਪ੍ਰਭ ਲੀਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਕਲਜੁਗ ਦੀਖਿਆ । ਗੁਰਮੁਖ ਵੇਖੇ ਪ੍ਰਭ ਵਖਾਏ । ਤੀਜਾ ਨੈਣ ਪ੍ਰਭ ਆਪ ਖੁਲ੍ਹਾਏ । ਆਪ ਆਪਣੀ ਜੋਤ ਪਰਗਟਾਏ । ਸਵੱਛ ਸਰੂਪ ਪ੍ਰਭ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੇ ਵਿਚ ਸਮਾਏ । ਜੀਵ ਜੰਤ ਪ੍ਰਭ ਵਿਚ ਸਮਾਇਆ । ਬੇਮੁਖ ਜੀਵਾਂ ਦਿਸ ਨਾ ਆਇਆ । ਸਾਚਾ ਪ੍ਰਭ ਨਾ ਰਸਨਾ ਗਾਇਆ । ਰਸਨਾ ਵਿਕਾਰ ਮਦਿਰਾ ਮਾਸ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਝੂਠੇ ਧੰਦੇ ਲਾਇਆ । ਕਲਜੁਗ ਜੀਵ ਹੋਏ ਕੁੜਿਆਰ । ਸਾਚਾ ਪ੍ਰਭ ਨਾ ਪਾਇਨ ਸਾਰ । ਅੰਤਕਾਲ ਕਲ ਡੁੱਬੇ ਵਿਚ ਮੰਝਧਾਰ । ਮਾਨਸ ਜਨਮ ਕਲਜੁਗ ਗਏ ਹਾਰ । ਧਰਮ ਰਾਏ ਅੰਤ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਮਾਰੇ ਮਾਰ । ਭਗਤ ਜਨਾਂ ਪ੍ਰਭ ਮਾਣ ਦਵਾਏ । ਆਪ ਆਪਣਾ ਨਾਮ ਜਪਾਏ । ਸਚ ਸੁਚ ਵਿਚ ਦੇਹ ਵਰਤਾਏ । ਆਤਮ ਵਿਕਾਰ ਸਰਬ ਮਿਟਾਏ । ਏਕਾ ਆਕਾਰ ਜੋਤ ਕਰਾਏ । ਸ਼ਬਦ ਅਧਾਰ ਗੁਰਸਿਖ ਰਖਾਏ । ਵਿਚ ਸੰਸਾਰ ਭੁਲ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਦੀ ਲਾਜ ਰਖਾਏ । ਭਗਤ ਜਨਾਂ ਪ੍ਰਭ ਹੋਏ ਸਹਾਇਆ । ਰੱਖੇ ਲਾਜ ਆਪ ਰਘੁਰਾਇਆ । ਸਾਚੇ ਮਾਰਗ ਗੁਰਸਿਖ ਸਾਚਾ ਪ੍ਰਭ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਗੁਰਮੁਖ ਸਾਚਾ ਆਣ ਤਰਾਇਆ । ਚਰਨ ਲਾਗ ਗੁਰਸਿਖ ਤਰਿਆ । ਸੋਏ ਭਾਗ ਗਏ ਜਾਗ, ਪ੍ਰਭ ਦਰਸ਼ਨ ਕਰਿਆ । ਆਤਮ ਉਪਜੇ ਸਾਚਾ ਰਾਗ, ਅਨਹਦ ਸ਼ਬਦ ਸਾਚਾ ਵਰਿਆ । ਸਾਚਾ ਸ਼ਬਦ ਲਿਖਾਇਆ ਪਹਿਲੀ ਮਾਘ, ਮਹਾਰਾਜ ਸ਼ੇਰ ਸਿੰਘ ਗੁਰਮੁਖ ਹੱਥ ਤੇਰੇ ਸਿਰ ਧਰਿਆ । ਗੁਰਸਿਖ ਤੇਰਾ ਭਉ ਚੁਕਾਇਆ । ਸਾਚਾ ਸ਼ਬਦ ਪ੍ਰਭ ਸੁਣਾਇਆ । ਏਕਾ ਓਟ ਨਿਹਕਲੰਕ ਸਰਨਾਇਆ ।

ਉਤਰੇ ਪਾਪ ਕੋਟਨ ਕੋਟ, ਪ੍ਰਭ ਸਾਚੇ ਤੇਰਾ ਦਰਸ਼ਨ ਪਾਇਆ । ਆਤਮ ਲਗਾਈ ਸੋਹੰ ਚੋਟ, ਬਜਰ ਕਪਾਟ ਖੋਲ੍ਹ ਵਖਾਇਆ । ਪ੍ਰਭ ਅਬਿਨਾਸ਼ੀ ਭਰੇ ਭੰਡਾਰ ਨਾ ਆਵੇ ਤੋਟ, ਸਾਧ ਸੰਗਤ ਸੋਹੰ ਦਾਨ ਪ੍ਰਭ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਇਆ । ਸਾਚਾ ਪ੍ਰਭ ਭਰੇ ਭੰਡਾਰੇ । ਸੋਹੰ ਸ਼ਬਦ ਪ੍ਰਭ ਵਰਤਾਰੇ । ਚਾਰ ਵਰਨ ਦੇਵੇ ਏਕਾ ਨਾਮ ਅਧਾਰੇ । ਸਤਿ ਸਤਿ ਸਤਿ ਕਰ ਵਰਤੇ ਵਿਚ ਸੰਸਾਰੇ । ਸੋ ਜਨ ਉਧਰੇ ਪਾਰ, ਸੋਹੰ ਸ਼ਬਦ ਰਸਨ ਉਚਾਰੇ । ਪ੍ਰਭ ਦੁਤਰ ਜਾਏ ਤਾਰ, ਜੋ ਜਨ ਆਏ ਚਰਨ ਦਵਾਰੇ । ਮਾਨਸ ਜਨਮ ਗਏ ਸਵਾਰ, ਨਿਹਕਲੰਕ ਚਰਨ ਨਿਮਸਕਾਰੇ । ਅੰਤਕਾਲ ਕਲਜੁਗ ਨਾ ਆਏ ਹਾਰ, ਰੱਖੇ ਲਾਜ ਆਪ ਮੁਰਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੇ । ਜੋ ਜਨ ਆਏ ਪ੍ਰਭ ਚਰਨ ਦਵਾਰਿਆ । ਮਾਨਸ ਜਨਮ ਕਲ ਸਵਾਰਿਆ । ਆਤਮ ਦੁਖ ਪ੍ਰਭ ਨਿਵਾਰਿਆ । ਸਾਂਤਕ ਸੁਖ ਪ੍ਰਭ ਵਰਤਾ ਰਿਹਾ । ਰੋਗ ਭੁੱਖ ਪ੍ਰਭ ਗਵਾ ਰਿਹਾ । ਮਾਤ ਕੁੱਖ ਪ੍ਰਭ ਸੁਫਲ ਕਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਆਏ ਜਿਸ ਸੀਸ ਨਿਵਾ ਲਿਆ । ਜਨ ਆਏ ਚਰਨ ਨਿਮਸਕਾਰੇ । ਕਰ ਕਿਰਪਾ ਪ੍ਰਭ ਪਾਰ ਉਤਾਰੇ । ਭਗਤ ਵਛਲ ਆਪ ਗਿਰਧਾਰੇ । ਰੱਖੇ ਪਤ ਆਪ ਮੁਰਾਰੇ । ਦੇਵੇ ਵਡਿਆਈ ਵਿਚ ਸੰਸਾਰੇ । ਜੋਤ ਸਰੂਪੀ ਜੋਤ ਪ੍ਰਭ ਨਿਰਾਹਾਰੇ । ਅਗਾਧ ਬੋਧ ਬੋਧ ਅਗਾਧ ਪ੍ਰਭ ਸ਼ਬਦ ਲਿਖਾਰੇ । ਵਡ ਸੂਰਨ ਵਡ ਜੋਧਨ ਜੋਧ ਨਿਹਕਲੰਕ ਨਰਾਇਣ ਨਰ ਅਵਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਕਰੇ ਸਿਕਦਾਰੇ । ਚਾਰ ਵਰਨ ਪ੍ਰਭ ਸਿਕਦਾਰੇ । ਸ੍ਰਿਸ਼ਟ ਸਬਾਈ ਪ੍ਰਭ ਚਰਨ ਪਨਿਹਾਰੇ । ਸਾਚਾ ਪ੍ਰਭ ਸਾਚਾ ਦਰ ਨਿਹਕਲੰਕ ਅਵਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਚ ਕਰੇ ਵਰਤਾਰੇ । ਨਰਾਇਣ ਨਰ ਨਰ ਨਰਾਇਣ । ਗੁਰਮੁਖ ਸਾਚੇ ਸਾਚਾ ਨਾਮ ਰਸਨਾ ਗਾਇਣ । ਪ੍ਰਭ ਅਬਿਨਾਸ਼ੀ ਦੇਵੇ ਦਰਸ ਦਿਵਸ ਰੈਣ । ਧੰਨ ਧੰਨ ਧੰਨ ਗੁਰਸਿਖ ਪ੍ਰਭ ਦਰਸ਼ਨ ਪੇਖੇ ਨੈਣ । ਉਜਲ ਹੋਏ ਮੁਖ ਸੋਹੰ ਸ਼ਬਦ ਜੋ ਰਸਨਾ ਲੈਣ । ਸੁਫਲ ਕਰਾਈ ਮਾਤ ਕੁੱਖ, ਜੋ ਪ੍ਰਭ ਚਰਨੀ ਬਹਿਣ । ਆਤਮ ਉਤਰੇ ਸਾਰੀ ਭੁਖ, ਜਨਮ ਜਨਮ ਦਾ ਲਹਿਣਾ ਲੈਣ । ਉਲਟਾ ਮਾਤ ਕੁੱਖ ਵਿਚ ਰੁੱਖ, ਜਗਤ ਜੀਵ ਵਹੇ ਝੂਠੇ ਵਹਿਣ । ਉਜਲ ਕੀਨੇ ਕਲਜੁਗ ਮੁਖ, ਪ੍ਰਭ ਸਰਨੀ ਜੋ ਜਨ ਪੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਵੇ ਤੀਜੇ ਨੈਣ । ਬੇਮੁਖਾਂ ਪ੍ਰਭ ਦਰ ਨਾ ਸੂਝੇ । ਕਲਜੁਗ ਜੀਵ ਦਰ ਦਰ ਲੂਝੇ । ਗੁਰਮੁਖ ਸਾਚਾ ਪ੍ਰਭ ਅਬਿਨਾਸ਼ੀ ਬੂਝੇ । ਦੇਵੇ ਦਰਸ ਪ੍ਰਭ ਆਤਮ ਭੇਵ ਖੁਲ੍ਹਾਏ ਗੂਝੇ । ਮਿਟਾਏ ਹਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਉ ਚੁਕਾਵੇ ਏਕਾ ਦੂਜੇ । ਦੇ ਦਰਸ ਪ੍ਰਭ ਭਉ ਚੁਕਾਇਆ । ਸਾਚੇ ਮਾਰਗ ਗੁਰਸਿਖ ਲਾਇਆ । ਸੋਹੰ ਨਾਮ ਰਿਦੇ ਵਸਾਇਆ । ਆਪ ਆਪਣੇ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਇਆ । ਪ੍ਰਭ ਅਬਿਨਾਸ਼ੀ ਮੇਲ ਮਿਲਾ । ਗੁਰਮੁਖ ਸਾਚੇ ਸਾਧ ਸੰਗਤ ਲਏ ਰਲਾ । ਅੰਮ੍ਰਿਤ ਆਤਮ ਬਾਣ ਪ੍ਰਭ ਸੋਹੰ ਦਏ ਚਲਾ । ਸੋਹੰ ਸਾਚਾ ਨਾਮ, ਗੁਰਮੁਖ ਹਿਰਦੇ ਪ੍ਰਭ ਸਾਚਾ ਦਏ ਵਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਥਾਈਂ ਹੋਏ ਸਹਾ । ਸਾਚਾ ਪ੍ਰਭ ਵਡ ਧੀਰਨ ਧੀਰਾ । ਸਾਚਾ ਪ੍ਰਭ ਵਡ ਪੀਰਨ ਪੀਰਾ । ਸਾਚਾ ਪ੍ਰਭ ਗੁਰਮੁਖ ਸਾਚੇ ਤੇਰੀ ਅੰਤਕਾਲ ਕੱਟੇ ਭੀੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸ਼ਾਂਤ ਕਰੇ ਸਰੀਰਾ । ਗੁਰਮੁਖ ਸਾਚਾ ਕਰੇ ਅਰਦਾਸ । ਪ੍ਰਭ ਅਬਿਨਾਸ਼ੀ ਬਖ਼ਸ਼ੇ ਚਰਨ ਨਿਵਾਸ । ਪ੍ਰਭ ਸਾਚਾ ਸਦ ਰੱਖੇ ਵਾਸ ।

ਰਸਨਾ ਜਪ ਜੀਵ ਸਵਾਸ ਸਵਾਸ । ਸੋਹੰ ਸਾਚੀ ਜੀਵ ਤੇਰੀ ਰਹਿਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਤੇਰੀ ਕਰੇ ਬੰਦ ਖਲਾਸ । ਸਾਚਾ ਪ੍ਰਭ ਸੁਣ ਪੁਕਾਰੇ । ਗੁਰਮੁਖ ਸਾਚੇ ਪ੍ਰਭ ਖੜ੍ਹਾ ਦਵਾਰੇ । ਦੋਏ ਜੋੜ ਗੁਰਸਿਖ ਕਰੇ ਨਿਮਸਕਾਰੇ । ਪ੍ਰਭ ਅਬਿਨਾਸ਼ੀ ਸਦ ਤਾਰਨਹਾਰੇ । ਨਿਹਕਲੰਕ ਨਰਾਇਣ ਨਰ ਅਵਤਾਰੇ । ਚਰਨ ਆਏ ਪ੍ਰਭ ਪਾਰ ਉਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਤਤ ਪਾਪੀ ਸਰਬ ਉਧਾਰੇ । ਪ੍ਰਭ ਸਾਚਾ ਸਦ ਸਚ ਸਮਾਵੇ । ਭੁੱਲਿਆਂ ਜੀਵਾਂ ਮਾਰਗ ਪਾਵੇ । ਸਾਰੰਗ ਧਰ ਭਗਵਾਨ ਬੀਠਲਾ, ਆਪ ਆਪਣੀ ਬਣਤ ਬਣਾਵੇ । ਗੁਰਮੁਖ ਆਤਮ ਰੰਗ ਚੜ੍ਹਾਵੇ ਮਜੀਠਲਾ, ਚਰਨ ਧੂੜ ਜੋ ਜਨ ਨਹਾਵੇ । ਨਿਹਕਲੰਕ ਅਵਤਾਰ ਨਰ ਜਗ ਬੀਠਲਾ, ਬੇਮੁਖ ਜੀਵਾਂ ਭਰਮ ਭੁਲਾਵੇ । ਕਲਜੁਗ ਜੀਵ ਹੋਏ ਜਿਉਂ ਕੌੜਾ ਰੀਠਲਾ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਇਆ ਕਮਾਵੇ । ਗੁਰਮੁਖ ਆਏ ਪ੍ਰਭ ਹਜ਼ੂਰ । ਪ੍ਰਭ ਅਬਿਨਾਸ਼ੀ ਸਰਧਾ ਪੂਰ । ਸੋਹੰ ਸ਼ਬਦ ਉਪਜਾਵੇ ਸਾਚੀ ਤੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੇਵੇ ਨੂਰ । ਪੂਰਨ ਆਸ ਪ੍ਰਭ ਕਰਾਏ । ਜੋ ਜਨ ਚਲ ਆਏ ਸਰਨਾਏ । ਚਰਨ ਧੂੜ ਮਸਤਕ ਲਾਏ । ਸਾਚੀ ਜੋਤ ਪ੍ਰਭ ਵਿਚ ਲਲਾਟ ਜਗਾਏ । ਘਨਕਪੁਰ ਵਾਸੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਸਰਨ ਆਏ ਜਨ ਹੋਏ ਨਿਮਾਣਾ । ਸਾਚੀ ਦਰਗਾਹ ਮਿਲੇ ਟਿਕਾਣਾ । ਮਿਲੇ ਪ੍ਰਭ ਅਬਿਨਾਸ਼ੀ ਗੁਣ ਨਿਧਾਨਾ । ਗੁਰ ਗੁਰ ਗੁਰਸਿਖ ਅੰਤ ਏਕਾ ਜੋਤ ਸਮਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜੋਤ ਮੇਲ ਮਿਲਾਣਾ । ਗੁਰਸਿਖ ਤੇਰਾ ਆਤਮ ਧਿਆਨ । ਪ੍ਰਭ ਅਬਿਨਾਸ਼ੀ ਜਾਣੀ ਜਾਣ । ਸਰਬ ਗੁਣ ਦੇਵੇ ਨਾਮ ਗੁਣੀ ਨਿਧਾਨ । ਆਤਮ ਉਪਜੇ ਬ੍ਰਹਮ ਗਿਆਨ । ਨਿਜਾਨੰਦ ਸੁਖ ਮਿਲੇ ਮਹਾਨ । ਕਿਰਪਾ ਕਰੇ ਆਪ ਭਗਵਾਨ । ਆਤਮ ਜੋਤੀ ਜੋਤ ਜਗਾਣ । ਮਿਟਾਏ ਅੰਧੇਰ ਮਿਟੇ ਅਗਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਦੇਵੇ ਦਾਨੀ ਦਾਨ । ਪ੍ਰਭ ਸਾਚਾ ਸਿੱਖ ਧੀਰ ਧਰਾਏ । ਆਤਮ ਸਾਚਾ ਬ੍ਰਹਮ ਗਿਆਨ ਦਵਾਏ । ਭੁਲ ਭੁਲ ਜੀਵ ਭੁਲ ਨਾ ਜਾਏ । ਰੁਲ ਰੁਲ ਜੀਵ ਕਲਜੁਗ ਰੁਲ ਨਾ ਜਾਏ । ਡੁਲ ਡੁਲ ਜੀਵ ਡੁਲ ਨਾ ਜਾਏ । ਵੇਲਾ ਅੰਤ ਕਲ ਨਾ ਬੇਮੁਖ ਹੋਏ । ਗੁਰਮੁਖ ਤੁਲ ਅਵਰ ਨਾ ਕੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ ਵਾਲੀ ਜਹਾਨਾਂ ਦੋਏ । ਸੋਹੰ ਸ਼ਬਦ ਗੁਰਸਿਖ ਕਮਾਵਣਾ । ਰਸਨਾ ਜਪ ਜਪ ਨਿਜਾਨੰਦ ਉਪਜਾਵਣਾ । ਪ੍ਰਭ ਅਬਿਨਾਸ਼ੀ ਸਦ ਰਿਦੇ ਵਸਾਵਣਾ । ਆਤਮ ਸਾਚਾ ਦੀਪ ਵਿਚ ਝੂਠੀ ਦੇਹ ਜਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਵਣਾ । ਸੋਹੰ ਸ਼ਬਦ ਸਾਚਾ ਗਿਆਨਾ । ਓਅੰਕਾਰ ਦੇਵੇ ਵਿਸ਼ਨੂੰ ਭਗਵਾਨਾ । ਆਤਮ ਜੋਤ ਜਗੇ ਮਹਾਨਾ । ਮਿਲਾਏ ਮੇਲ ਪ੍ਰਭ ਬਿਧਨਾਨਾ । ਗੁਰਮੁਖ ਸਾਚਾ ਸਦ ਰਸਨਾ ਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਗੁਰਮੁਖ ਤੇਰੀ ਸਾਚੀ ਮਤ । ਪ੍ਰਭ ਅਬਿਨਾਸ਼ੀ ਰੱਖੇ ਪਤ । ਆਤਮ ਦੇਵੇ ਸੋਹੰ ਯਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੇਵੇ ਸਾਚਾ ਸਤਿ । ਸਤਿ ਸਤਿ ਸਤਿ ਪੁਰਖ ਮਾਣ । ਗੁਰਮੁਖ ਸਾਚੇ ਚਤੁਰ ਸੁਜਾਨ । ਪ੍ਰਭ ਅਬਿਨਾਸ਼ੀ ਰਸਨਾ ਗਾਣ । ਰਸਨਾ ਜਪ ਜਪ ਆਤਮ ਰਸ ਪਾਣ । ਆਤਮ ਰਸ ਰਸ ਨਿਜ ਮਾਹਿ ਉਪਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਾਣ । ਸਾਚਾ ਪ੍ਰਭ ਜੋਤ ਜਗਾਈਆ । ਸਾਚਾ ਪ੍ਰਭ ਭੇਖ ਵਟਈਆ । ਸਾਚਾ ਪ੍ਰਭ ਸੋਹੰ ਚਲਾਏ ਸਾਚੀ ਨਈਆ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸ਼ਬਦ ਸੁਣਈਆ । ਗੁਰਮੁਖ ਮੰਗੇ ਸਾਚੀ ਮੰਗ । ਪ੍ਰਭ ਆਤਮ ਚਾੜ੍ਹੇ ਸਾਚਾ ਰੰਗ । ਮਾਨਸ ਜਨਮ ਨਾ ਹੋਏ ਭੰਗ । ਭਵਜਲ ਪਾਰ ਜਾਏ ਲੰਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਅੰਗ ਸੰਗ । ਸਾਚਾ ਪ੍ਰਭ ਸਦਾ ਸੰਗ ਸਾਥ । ਜੋਤ ਸਰੂਪ ਤ੍ਰੈਲੋਕੀ ਨਾਥ । ਪ੍ਰਭ ਸਾਚੇ ਦੀ ਸਾਚੀ ਗਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਰੱਖੇ ਸਿਰ ਦੇ ਕਰ ਹਾਥ । ਸਾਚਾ ਰੰਗ ਪ੍ਰਭ ਚੜ੍ਹਾਏ । ਗੁਰਸਿਖ ਸਾਚਾ ਦਰ ਮੰਗਣ ਆਏ । ਨਾਮ ਭਿੱਖ ਪ੍ਰਭ ਸਾਚਾ ਪਾਏ । ਸਾਚੇ ਲੇਖ ਲਿਖ, ਦਰਗਹਿ ਸਾਚੀ ਮਾਣ ਦਵਾਏ । ਸਾਚੀ ਸਿਖਿਆ ਗੁਰਮੁਖ ਗੁਰਸਿਖ, ਮਦਿਰਾ ਮਾਸ ਨਾ ਰਸਨ ਲਗਾਏ । ਉਤਮ ਹੋਏ ਵਿਚ ਮੁਨ ਰਿਖ, ਪ੍ਰਭ ਸਾਚਾ ਮਾਣ ਦਵਾਏ । ਆਤਮ ਉਤਰੇ ਸਾਰੀ ਭੁਖ, ਸੋਹੰ ਸ਼ਬਦ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਸਿਰ ਹੱਥ ਟਿਕਾਏ । ਸਾਚਾ ਪ੍ਰਭ ਲਾਜਾਵੰਤ । ਰੱਖੇ ਲਾਜ ਪ੍ਰਭ ਆਪ ਭਗਵੰਤ । ਗੁਰਮੁਖ ਸਾਚੇ ਪ੍ਰਭ ਸਾਚਾ ਤੇਰਾ ਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਬਣਾਈ ਤੇਰੀ ਬਣਤ । ਜੀਵ ਜੰਤ ਪ੍ਰਭ ਬਣਾਏ । ਆਪ ਆਪਣੀ ਜੋਤ ਟਿਕਾਏ । ਜੋਤ ਸਰੂਪ ਪ੍ਰਭ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦਿਸ ਨਾ ਆਏ । ਜੋਤ ਸਰੂਪ ਪ੍ਰਭ ਹਿਰਦੇ ਵਸਿਆ । ਗੁਰਮੁਖ ਸਾਚੇ ਪ੍ਰਭ ਆਪਣਾ ਭੇਦ ਸਚ ਦੱਸਿਆ । ਰਸਨਾ ਜਪ ਜੀਵ ਹਰਿ ਹਰਿ ਹਰਿ ਹਿਰਦੇ ਵਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਜੋਤ ਪਰਕਾਸ਼ ਜਿਉਂ ਰਵ ਸਸਿਆ । ਆਤਮ ਜੋਤ ਹੋਏ ਪਰਕਾਸ਼ । ਗੁਰਮੁਖ ਅੰਧੇਰ ਜਾਏ ਵਿਨਾਸ । ਧਰੇ ਜੋਤ ਪ੍ਰਭ ਅਬਿਨਾਸ਼ । ਸੋਹੰ ਸ਼ਬਦ ਜਪ ਜੀਵ ਰਸਨ ਸਵਾਸ ਸਵਾਸ । ਸਾਚਾ ਪ੍ਰਭ ਤੇਰੇ ਹਿਰਦੇ ਰੱਖੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਰੇ ਬੰਦ ਖਲਾਸ । ਸਾਚਾ ਪ੍ਰਭ ਬੰਦੀ ਤੋੜ । ਗੁਰਸਿਖ ਸਾਚੇ ਗੁਰਚਰਨ ਪ੍ਰੀਤੀ ਜੋੜ । ਵੇਲਾ ਅੰਤ ਅੰਤਕਾਲ ਕਲਜੁਗ ਮੁਖ ਨਾ ਜਾਇਣ ਮੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਸਾਚੇ ਦੀ ਸਾਚੀ ਲੋੜ । ਸਾਚਾ ਪ੍ਰਭ ਆਦਿਨ ਅੰਤਾ । ਸਾਚਾ ਪ੍ਰਭ ਪੂਰਨ ਭਗਵੰਤਾ । ਸਾਚਾ ਪ੍ਰਭ ਮਾਣ ਦਵਾਏ ਵਿਚ ਸਾਧਨ ਸੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਰਖਾਏ ਵਿਚ ਸਰਬ ਜੀਵ ਜੰਤਾ । ਗੁਰਮੁਖ ਮੰਗੇ ਪ੍ਰਭ ਚਰਨ ਦਵਾਰ । ਪ੍ਰਭ ਸਾਚਾ ਆਤਮ ਭਰੇ ਭੰਡਾਰ । ਸਾਚਾ ਸ਼ਬਦ ਜੁਗੋ ਜੁਗ ਪ੍ਰਭ ਜਗਤ ਵਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਾਏ ਤਾਰ । ਤਾਰਨਹਾਰ ਸਦਾ ਸਮਰਥ । ਪ੍ਰਭ ਕੀ ਮਹਿੰਮਾ ਬੜੀ ਅਕਥ । ਗੁਰਮੁਖ ਚੜ੍ਹਾਏ ਪ੍ਰਭ ਸੋਹੰ ਸਾਚੇ ਰਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੋਲੀ ਪਾਈ ਸਾਚੀ ਵਥ । ਸਾਚੀ ਦਾਤ ਪ੍ਰਭ ਦਰ ਪਾਓ । ਆਪ ਆਪਣਾ ਮਾਣ ਗਵਾਓ । ਸਾਚਾ ਪ੍ਰਭ ਸਦ ਰਸਨਾ ਗਾਓ । ਕੋਟ ਅਪਰਾਧ ਸਰਬ ਮਿਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰ ਘਰ ਦਰ ਸਾਚਾ ਪਾਓ । ਸਾਚਾ ਪ੍ਰਭ ਸਚ ਘਰ ਪਾਓ । ਆਤਮ ਸਹਿੰਸਾ ਸਰਬ ਗਵਾਓ । ਏਕਾ ਓਟ ਨਿਹਕਲੰਕ ਚਰਨ ਰਖਾਓ । ਮਦਿਰਾ ਮਾਸ ਰਸਨ ਤਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰਿਦੇ ਵਸਾਓ । ਪ੍ਰਭ ਸਾਚੇ ਕਾ ਸਾਚਾ ਵੇਸ । ਪ੍ਰਭ ਸਾਚੇ ਕੋ ਸਦਾ ਆਦੇਸ । ਸਾਚੇ ਦਰ ਖੜ੍ਹੇ ਬ੍ਰਹਮਾ ਵਿਸ਼ਨ ਮਹੇਸ਼ । ਸੁਰਪਤ ਰਾਜਾ ਇੰਦ ਵਡ ਦੇਵੀ ਮਰਗੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕੀਆ ਵੇਸ । ਸਾਚਾ ਪ੍ਰਭ ਮਾਤ ਵਿਚ ਆਏ । ਤੀਨ ਲੋਕ ਜੈ ਜੈ ਜੈਕਾਰ ਕਰਾਏ । ਕਰੋੜ ਤੇਤੀਸ ਪ੍ਰਭ ਚਰਨ ਬਹਾਏ । ਗਣ ਗੰਧਰਬ ਫੂਲਨ ਬਰਖਾ ਲਾਏ । ਖੰਡ

ब्रहिमंड वरभंड जै जै जैकार कराए । मात पाताल आकाश साची जोत होऐ रुशनाऐ । महाराज शेर सिंघ विशनूं भगवान, गुरमुख साची जोत जगाऐ । गुरमुख साचे प्रभ बणत बणा । साचा नाम प्रभ रिदे दऐ वसा । साचे धाम परगट जोत प्रभ दरस देवे दिखा । साचा राम निहकलंक कल आइआ नाम रखा । महाराज शेर सिंघ विशनूं भगवान, सभ थाईं होऐ सहा । आतम बख़शे प्रभ चरन प्रीती । आतम तेरी सदा अतीती । जीवन जुगती साची मुकती, प्रभ साचे दी साची रीती । महाराज शेर सिंघ विशनूं भगवान, गुरमुख तेरी काइआ सीतल कीती । साचा प्रभ सांतक रूप । प्रभ अबिनाशी साचा भूप । दिस ना आऐ जोत सरुप । ना दिसे रंग रूप । महाराज शेर सिंघ विशनूं भगवान, जोत जगाऐ विच देह अंध कूप । गुरमुख तेरा अंधेर मिटाइआ । जोत सरूपी साचा दीपक प्रभ साची जोत जगाइआ । सदा सदा सदा गुरमुख समीपत, प्रभ अबिनाशी विच समाइआ । महाराज शेर सिंघ विशनूं भगवान, गुरमुख तेरा होऐ सहाइआ । गुरमुख तेरी पूरन घाल । गुरमुख देवे सोहं शबद सचा धन माल । आतम तोड़े जगत जंजाल । रसन जप जप जीव आतम होऐ लाल गुलाल । महाराज शेर सिंघ विशनूं भगवान, जोत सरूपी दीपक देवे बाल । साचा दीपक दे परकाशे । अगिआन अंधेर सरब विनासे । साचा नाम चले सवासे । महाराज शेर सिंघ विशनूं भगवान, तेरी करे बंद खलासे । गुरमुख अंमृत प्रभ चुआऐ मुख । प्रभ अबिनाशी आतम त्रिसना मिटाऐ भुख । प्रभ आतम अंमृत सिंचाऐ सुक्का हरा कराऐ देही रुख । महाराज शेर सिंघ विशनूं भगवान, सुफल कराऐ मात कुख । साचा प्रभ अंमृत बरखाऐ । गुरमुख साचे प्रभ मुख चुआऐ । सच सुच दी जोत जगाऐ । आप आपणा बिरद रखाऐ । महाराज शेर सिंघ विशनूं भगवान, बाहों पकड़ गुरसिख तराऐ । गुरमुख साचा चरन लगाइआ । प्रभ साचे दी सच सरनाइआ । साचा प्रभ सरब सुखदाइआ । सोहं चलाऐ साची नाइआ । महाराज शेर सिंघ विशनूं भगवान, वेले अंत होऐ सहाइआ । वेले अंत होऐ सहाई । भगत वछल आप रघुराई । देवे दरस जोत सरुप जोत परगटाई । गुरमुख साचा जम डंड ना खाई । विच बबाण प्रभ धाम बैकुंठ पुजाई । महाराज शेर सिंघ विशनूं भगवान, गुरमुख साचे विच साची जोत मिलाई । मिले जोत जोत मिल जाऐ । गुरमुख साचा घर साचा पाऐ । बैकुंठ निवास प्रभ आप रखाऐ । दर दरबान प्रभ चरन बहाऐ । महाराज शेर सिंघ विशनूं भगवान, गुरमुख साचे सचखंड निवास रखाऐ ।

६८८
०१

❊ २२ माघ २००८ बिक्रमी गिआनी बिशन सिंघ दे ग्रिह गुड़गाउं ❊

साचा प्रभ तारनहार । जुगो जुग मातलोक लऐ अवतार । कलंकनिह नराइण नर अवतार । महाराज शेर सिंघ विशनूं भगवान, सरब जनां दी जाणे सार । सरब जनां प्रभ जानणहार । जोत सरूप वसे विच निराहार । गुरमुख साचे प्रभ साची जोत

ਕਰੇ ਆਕਾਰ । ਕਲਜੁਗ ਪਰਗਟਾਏ ਜੋਤ ਸੁਹਾਏ ਥਾਨ ਬੰਕ ਨਿਹਕਲੰਕ ਨਰ ਅਵਤਾਰ । ਨਿਹਕਲੰਕ ਅਵਤਾਰ ਨਰ । ਚਰਨ ਲਾਗ ਗੁਰਸਿਖ ਜਾਏ ਤਰ । ਏਕਾ ਦਿਸਾਏ ਪ੍ਰਭ ਊਚਾ ਸਾਚਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਵਤਾਰ ਨਰ । ਸਾਚਾ ਪ੍ਰਭ ਜੋਤ ਅਧਾਰੇ । ਸਾਚਾ ਪ੍ਰਭ ਏਕਾ ਏਕੋ ਜੋਤ ਆਕਾਰੇ । ਸਾਚਾ ਪ੍ਰਭ ਜੁਗੋ ਜੁਗ ਮਾਤਲੋਕ ਲਏ ਅਵਤਾਰੇ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਸ਼ਟਾਂ ਆਣ ਸੰਘਾਰੇ । ਸਾਚਾ ਪ੍ਰਭ ਸਰਬ ਕਾ ਗਿਆਤਾ । ਸਾਚਾ ਪ੍ਰਭ ਗੁਰਮੁਖ ਵਿਰਲੇ ਕਲ ਪਛਾਤਾ । ਸਾਚਾ ਪ੍ਰਭ ਆਪ ਦਿਸਾਵੇ ਸਾਚਾ ਨਾਤਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਦੇਵੇ ਸਾਚੀ ਦਾਤਾ । ਸਾਚਾ ਪ੍ਰਭ ਆਪ ਕਰਤਾਰ । ਸਾਚਾ ਪ੍ਰਭ ਵਡ ਦਾਤਾਰ । ਸਾਚਾ ਪ੍ਰਭ ਸਦ ਨਿਰਾਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਤਾਰਨਹਾਰ । ਸਾਚਾ ਪ੍ਰਭ ਆਪਣਾ ਭੇਦ ਗੁਰਸਿਖ ਸਾਚੇ ਦੱਸੇ । ਸਾਚਾ ਪ੍ਰਭ ਕਰੇ ਜੋਤ ਪ੍ਰਕਾਸ਼ ਗੁਰਸਿਖ ਕੋਟ ਰਵ ਸੱਸੇ । ਸਾਚਾ ਪ੍ਰਭ ਜੋਤ ਸਰੂਪ ਵਿਚ ਲੋਕਮਾਤ ਵਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਖੰਡਾ ਦੋ ਧਾਰ ਬੇਮੁਖ ਜਾਇਣ ਦਰ ਤੋਂ ਨੱਸੇ । ਮਾਤਲੋਕ ਪ੍ਰਭ ਜੋਤ ਆਕਾਰੇ । ਸੋਹੰ ਸ਼ਬਦ ਚਲੇ ਖੰਡਾ ਦੋ ਧਾਰੇ । ਨਿਹਕਲੰਕ ਨਰਾਇਣ ਨਰ ਸਾਚੀ ਜੋਤ ਆਕਾਰੇ । ਆਪ ਅਡੋਲ ਬੈਠਾ ਪ੍ਰਭ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਜਾਣੇ ਸਾਰੇ । ਆਪ ਅਡੋਲ ਪ੍ਰਭ ਅਡੋਲਾ । ਪ੍ਰਭ ਅਬਿਨਾਸ਼ੀ ਨਾ ਕਿਸੇ ਨੇ ਤੋਲਾ । ਆਪਣਾ ਭੇਤ ਜੋਤ ਸਰੂਪੀ ਪਰਗਟ ਜੋਤ ਕਲ ਖੋਲ੍ਹਾ । ਗੁਰਸਿਖ ਆਤਮ ਪ੍ਰਭ ਸਦਾ ਧਰਵਾਸ, ਬੇਮੁਖਾਂ ਪ੍ਰਭ ਸਦ ਰੱਖੇ ਰੌਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਤ ਆਪ ਪ੍ਰਭ ਖੋਲ੍ਹਾ । ਸੋਹੰ ਸ਼ਬਦ ਜਗਤ ਵਰਤੰਤ । ਦੇਵੇ ਦਾਤ ਪ੍ਰਭ ਭਗਵੰਤ । ਸਰਬ ਜਨਾਂ ਦਾ ਸਾਚਾ ਕੰਤ । ਬੇਮੁਖ ਜੀਵਾਂ ਪ੍ਰਭ ਪਾਈ ਮਾਇਆ ਬੇਅੰਤ । ਗੁਰਮੁਖ ਸਾਚੇ ਪ੍ਰਭ ਉਪਜਾਏ ਵਿਚ ਸਾਧਨ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਵਿਚ ਸਰਬ ਜੀਵ ਜੰਤ । ਗੁਰਮੁਖ ਤੇਰਾ ਮਾਣ ਰਖਾਇਆ । ਜੋਤ ਸਰੂਪੀ ਮੇਲ ਮਿਲਾਇਆ । ਆਤਮ ਸਾਚੀ ਧੁਨ ਉਪਜਾਇਆ । ਸੁੰਨ ਸਮਾਧ ਪ੍ਰਭ ਖੋਲ੍ਹ ਵਖਾਇਆ । ਮਾਨਸ ਜਨਮ ਪ੍ਰਭ ਲੇਖੇ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰ ਘਰ ਆਏ ਲੇਖੇ ਲਾਇਆ । ਮਾਨਸ ਜਨਮ ਲਿਆ ਕਲ ਸੁਧਾਰ । ਪਾਰਬ੍ਰਹਮ ਮਿਲਿਆ ਜੋਤ ਸਰੂਪ ਨੈਣ ਮੁੰਧਾਰ । ਦੇ ਦਰਸ ਖੋਲ੍ਹ ਦੇਵੇ ਪ੍ਰਭ ਦਸਮ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਕਰੇ ਵਿਚਾਰ । ਸੋ ਬੂਝੇ ਜਿਸ ਆਪ ਬੁਝਾਏ । ਬੇਮੁਖ ਜੀਵ ਸਾਰ ਨਾ ਪਾਏ । ਆਵੇ ਜਾਵੇ ਜੀਵ ਜਗ ਜਿਉਂ ਸੁੰਞੇ ਘਰ ਕਾਏ । ਗੁਰਮੁਖ ਸਾਚਾ ਮਹਾਰਾਜ ਸ਼ੇਰ ਸਿੰਘ ਚਰਨ ਲਾਗ ਜਨਮ ਜਨਮ ਦੀ ਮੈਲ ਗਵਾਏ । ਮਾਨਸ ਜਨਮ ਸੁਫਲ ਕਰਾਇਆ । ਪ੍ਰਭ ਅਬਿਨਾਸ਼ੀ ਘਰ ਮੇਂ ਆਇਆ । ਆਤਮ ਸੰਸਾ ਸਾਰਾ ਲਾਹਿਆ । ਆਤਮ ਸਾਚੀ ਪ੍ਰਭ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਦਰਸ ਦਿਖਾਇਆ । ਦਰ ਘਰ ਘਰ ਦਰ । ਪ੍ਰਭ ਸਾਚਾ ਦੇਵੇ ਸਾਚਾ ਵਰ । ਗੁਰਮੁਖ ਚਰਨ ਲਾਗ ਕਲ ਜਾਏ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਝਿਰਨਾ ਝਿਰਾਏ ਸਾਚਾ ਸਰ । ਗੁਰਮੁਖ ਕਲਜੁਗ ਵਡਭਾਗਾ । ਬੇਮੁਖ ਸੋਇਆ ਗੁਰਮੁਖ ਜਾਗਾ । ਪ੍ਰਭ ਚਰਨ ਜਨ ਆਏ ਲਾਗਾ । ਆਤਮ ਧੋਏ ਮਿਟਾਏ ਦਾਗ਼ । ਉਪਜਾਏ ਸੋਹੰ ਸਾਚਾ ਰਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਸਰਨੀ ਲਾਗਾ । ਅਗਿਆਨ ਅੰਧੇਰ ਸਰਬ ਮਿਟਾਏ ।

ਸੋਹੰ ਜਪ ਜੀਵ ਪ੍ਰਭ ਸਾਚੀ ਜੋਤ ਪਰਗਟਾਏ । ਬਜਰ ਕਪਾਟ ਪ੍ਰਭ ਖੋਲ੍ਹ ਵਖਾਏ । ਆਪ ਆਪਣਾ ਭੇਦ ਖੁਲ੍ਹਾਏ । ਨਿਜ ਘਰ ਵਾਸੀ ਪਰਗਟ ਜੋਤ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਹੋਏ ਸਹਾਏ । ਭਗਤ ਜਨਾਂ ਪ੍ਰਭ ਸਰਧਾ ਪੂਰ । ਸੋਹੰ ਦੇਵੇ ਨਾਮ ਸਰੂਰ । ਸਾਚਾ ਪ੍ਰਭ ਸਰਬ ਗੁਣ ਗੁਣ ਗੁਣਾ ਭਰਪੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸਾ ਪੂਰ । ਸਰਬ ਜਨਾਂ ਦਾ ਆਪੇ ਦਾਤਾ । ਭਗਤ ਜਨਾਂ ਕਾ ਆਪੇ ਗਿਆਤਾ । ਚਰਨ ਪ੍ਰੀਤੀ ਦੇਵੇ ਸਾਚਾ ਨਾਤਾ । ਗੁਰਮੁਖ ਕਰਾਏ ਉਤਮ ਜ਼ਾਤੀ, ਬਣੇ ਆਪ ਪਿਤ ਮਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚੀ ਦਾਤਾ । ਆਤਮ ਜੋਤ ਪ੍ਰਭ ਜਗਾਈ । ਸੋਹੰ ਮਿਲੇ ਸਚੀ ਵਡਿਆਈ । ਸਾਚ ਵਸਤ ਪ੍ਰਭ ਦਰ ਤੇ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਸਹਾਈ । ਆਤਮ ਉਤਰੇ ਸਗਲ ਵਸੂਰਾ । ਸਾਚਾ ਸ਼ਬਦ ਉਪਜਾਏ ਸਾਚੀ ਤੂਰਾ । ਕਲਜੁਗ ਪਰਗਟਾਏ ਜੋਤ ਸਾਚਾ ਨੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿਗੁਰ ਪੂਰਾ । ਗੁਰਸਿਖ ਬੇੜਾ ਪਾਰ ਕਰਾਇਆ । ਜਨਮ ਮਰਨ ਦਾ ਗੇੜ ਚੁਕਾਇਆ । ਵਿਚ ਚੁਰਾਸੀ ਫੇਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਸਾਚਾ ਕਰਮ ਕਮਾਇਆ । ਗੁਰਮੁਖ ਤੇਰਾ ਬੇੜਾ ਬੰਨ੍ਹ । ਸਾਚਾ ਸ਼ਬਦ ਪ੍ਰਭ ਸੁਣਾਇਆ ਕੰਨ । ਸੋਹੰ ਸਾਚਾ ਦੇਵੇ ਦਾਨ, ਆਦਿ ਜੁਗਾਦਿ ਨਾ ਲੱਗੇ ਸੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਤਮ ਨਿਕਾਲੇ ਝੂਠਾ ਜਨ । ਜਨ ਭਗਤਾਂ ਸਾਚੀ ਜੋਤ ਕਰੇ ਆਕਾਰੇ । ਏਕਾ ਬਖ਼ਸ਼ੇ ਮਾਤਲੋਕ ਵੱਡੀ ਸਿਕਦਾਰੇ । ਜਨ ਭਗਤਾਂ ਪ੍ਰਭ ਜਾਏ ਪੈਜ ਸਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਏਕਾ ਏਕੰਕਾਰੇ । ਏਕਾ ਆਪ ਏਕੰਕਾਰਾ । ਸੋਹੰ ਸਾਚਾ ਨਾਮ ਪ੍ਰਭ ਸਾਚਾ ਦੇਵੇ ਅਧਾਰਾ । ਥਿਰ ਘਰ ਵਾਸੀ ਦਰ ਘਰ ਆਏ, ਜਨ ਭਗਤਾਂ ਪ੍ਰਭ ਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਕਾਰਾ । ਗੁਰਮੁਖ ਸਾਚੇ ਪ੍ਰਭ ਸਾਚਾ ਸੱਜਣ । ਪ੍ਰਭ ਦਰਸ ਜਗ ਸਾਚਾ ਮੰਜਨ । ਚਰਨ ਧੂੜ ਪ੍ਰਭ ਦੇਵੇ ਸਾਚਾ ਅੰਜਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਪਰਗਟਾਏ ਜਿਉਂ ਪਰਭਾਸ ਚੰਦਨ । ਦਰਗਹਿ ਸਾਚੀ ਦਰ ਮਾਣ ਦਵਾਇਆ । ਜੋਤ ਸਰੂਪੀ ਮੇਲ ਮਿਲਾਇਆ । ਆਤਮ ਸਾਚਾ ਦੀਪ ਜਗਾਇਆ । ਪਰਗਟ ਜੋਤ ਨਿਹਕਲੰਕ ਗੁਰਸਿਖ ਸਿਰ ਤੇਰੇ ਹੱਥ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਇਆ । ਏਕਾ ਜੋਤ ਪ੍ਰਭ ਮਾਤ ਕਰੇ ਵਰਤਾਰੇ । ਚਰਨ ਕਵਲ ਚਲ ਆਇਣ ਪ੍ਰਭ ਚਰਨ ਦਵਾਰੇ । ਸੋਹੰ ਸ਼ਬਦ ਚਾਰ ਕੁੰਟ ਨਿਹਕਲੰਕ ਕਰਾਏ ਜੈ ਜੈ ਜੈਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜਾਮਾ ਮਾਤਲੋਕ ਵਿਚ ਧਾਰੇ । ਜੋਤ ਸਰੂਪ ਪ੍ਰਭ ਜਾਮਾ ਪਾਇਆ । ਆਪ ਆਪਣਾ ਭੇਦ ਛੁਪਾਇਆ । ਬੇਮੁਖ ਜੀਵਾਂ ਪ੍ਰਭ ਝੂਠੇ ਧੰਦੇ ਲਾਇਆ । ਪ੍ਰਭ ਅੰਮ੍ਰਿਤ ਆਤਮ ਸਿੰਚ ਸੋਹੰ ਸਾਚਾ ਜਾਮ ਪਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸਾਚੇ ਮਾਰਗ ਲਾਇਆ । ਗੁਰਮੁਖ ਸਾਚੇ ਮਾਰਗ ਲਾਏ । ਆਪ ਆਪਣਾ ਭੇਦ ਖੁਲ੍ਹਾਏ । ਏਕਾ ਦਾਤ ਸੋਹੰ ਪ੍ਰਭ ਝੋਲੀ ਪਾਏ । ਰਸਨਾ ਜਪ ਜਪ ਜੀਵ ਆਤਮ ਰਸ ਪਾਏ । ਆਤਮ ਪ੍ਰਭ ਜਗਾਏ ਸਾਚੀ ਦੀਵ, ਮਾਤਲੋਕ ਬੁਝ ਨਾ ਜਾਏ । ਸਤਿਜੁਗ ਰਖਾਏ ਸਾਚੀ ਨੀਵ, ਮਾਤਲੋਕ ਪ੍ਰਭ ਜਾਮਾ ਪਾਏ । ਮਹਾਰਾਜ ਸ਼ੇਰ ਸਿੰਘ ਨਾਉਂ ਧਰਾਏ । ਸਤਿਜੁਗ ਤੇਰਾ ਜਨਮ ਦਵਾਇਆ । ਸਾਚਾ ਪਿਤ ਆਪ ਅਖਵਾਇਆ । ਧਰਤ ਮਾਤਾ ਦੀ ਗੋਦ ਸਵਾਇਆ । ਨਿਹਕਲੰਕ ਨਰਾਇਣ ਨਰ, ਉਪਰ ਸੀਸ ਹੱਥ

ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰਾ ਜਨਮ ਦਵਾਇਆ । ਸਤਿਜੁਗ ਪ੍ਰਭ ਜਨਮ ਦਵਾ । ਮਾਤਲੋਕ ਜਾਏ ਟਿਕਾ । ਚਾਰ ਵਰਨ ਇਕ ਕਰਾ । ਰਾਜਾ ਰਾਣਾ ਤਖ਼ਤੋਂ ਲਾਹ । ਸ੍ਰਿਸ਼ਟ ਸਬਾਈ ਚਰਨ ਲਗਾ । ਏਕਾ ਦਿਸਾਏ ਸਾਚਾ ਰਾਹ । ਸਚ ਸੁਚ ਜਾਏ ਵਰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਆਏ ਜਾਮਾ ਪਾ । ਸਤਿਜੁਗ ਤੇਰਾ ਮਾਣ ਰਖਾਇਆ । ਨਿਹਕਲੰਕ ਸਿਰ ਹੱਥ ਟਿਕਾਇਆ । ਸੋਹੰ ਸਾਚਾ ਜਾਪ ਵਿਚ ਜਗਤ ਚਲਾਇਆ । ਖਾਣੀ ਬਾਣੀ ਗਗਨ ਪਾਤਾਲੀ, ਏਕਾ ਜੋਤ ਪ੍ਰਭ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਝੂਠਾ ਭੇਖ ਮਿਟਾਇਆ । ਸਤਿਜੁਗ ਤੇਰਾ ਸਾਂਤਕ ਰੂਪ । ਦੇਵੇ ਦਾਤ ਪ੍ਰਭ ਅਬਿਨਾਸ਼ੀ ਸਾਚਾ ਭੂਪ । ਹੋਏ ਪਰਕਾਸ਼ ਜੋਤ ਸਰੂਪ ਵਿਚ ਮਾਤ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਰਚਾਈ ਜੋਤ ਸਰੂਪ । ਭਗਤ ਜਨਾਂ ਪ੍ਰਭ ਕਰਮ ਵਿਚਾਰੇ । ਆਤਮ ਸਾਚੀ ਜੋਤ ਕਰੇ ਆਕਾਰੇ । ਆਤਮ ਤੋੜੇ ਸਰਬ ਹੰਕਾਰੇ । ਸੋਹੰ ਸਾਚਾ ਬਾਣ ਪ੍ਰਭ ਮਾਰੇ । ਗੁਰਮੁਖ ਵਿਰਲੇ ਚਲ ਆਇਣ ਪ੍ਰਭ ਚਰਨ ਦਵਾਰੇ । ਰਸਨਾ ਜਪ ਜਪ ਜੀਵ, ਆਤਮ ਹੋਏ ਨਾਮ ਅਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਕਰੇ ਆਕਾਰੇ । ਰਸਨਾ ਜਪ ਆਤਮ ਰਸ ਪਾਓ । ਆਤਮ ਤ੍ਰਿਖਾ ਸਰਬ ਮਿਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪ ਜਪ ਮਾਨਸ ਜਨਮ ਸੁਫਲ ਕਰਾਓ । ਰਸਨਾ ਜਪ ਆਤਮ ਰਸ ਮਾਣ । ਪ੍ਰਭ ਅਬਿਨਾਸ਼ੀ ਗੁਣੀ ਨਿਧਾਨ । ਗੁਰਮੁਖ ਸਾਚੇ ਪ੍ਰਭ ਸਚ ਪਛਾਣ । ਕਲਜੁਗ ਜੀਵ ਭੁੱਲੇ ਅੰਞਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਬਲੀ ਬਲਵਾਨ । ਜੋਤ ਸਰੂਪ ਜੋਤ ਅਧਾਰਾ । ਜੋਤ ਸਰੂਪ ਪਸਰੇ ਜਗਤ ਪਸਾਰਾ । ਜੋਤ ਸਰੂਪ ਬੈਠਾ ਅਡੋਲ ਆਪ ਨਿਰਾਹਾਰਾ । ਜੋਤ ਸਰੂਪ ਸਰਬ ਜੀਆਂ ਦੀ ਪਾਵੇ ਸਾਰਾ । ਜੋਤ ਸਰੂਪ ਗੁਰਮੁਖਾਂ ਦਿਖਾਏ ਸਾਚਾ ਸਚਖੰਡ ਦਵਾਰਾ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰਾ । ਜੋਤ ਸਰੂਪ ਸਰਬ ਦੀ ਜਾਣੇ । ਜੋਤ ਸਰੂਪ ਗੁਰਮੁਖ ਪਛਾਣੇ । ਜੋਤ ਸਰੂਪ ਗੁਰਮੁਖ ਚਲਾਏ ਆਪਣੇ ਭਾਣੇ । ਜੋਤ ਸਰੂਪ ਮਾਣ ਗਵਾਏ, ਤਖ਼ਤੋਂ ਲਾਹੇ ਰਾਜੇ ਰਾਣੇ । ਜੋਤ ਸਰੂਪ ਪਰਗਟ ਜੋਤ, ਗੁਰਮੁਖਾਂ ਦਰਸ ਦਿਖਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਭੁੰਨੇ ਜਿਉਂ ਭਠਿਆਲੇ ਦਾਣੇ । ਜੋਤ ਸਰੂਪ ਭਗਤ ਭੰਡਾਰੇ । ਜੋਤ ਸਰੂਪ ਸੋਹੰ ਦੇਵੇ ਸਾਚਾ ਨਾਮ ਅਧਾਰੇ । ਜੋਤ ਸਰੂਪ ਜੋਤ ਨਿਰੰਜਣ, ਨਿਹਕਲੰਕ ਨਰਾਇਣ ਨਰ ਅਵਤਾਰੇ । ਜੋਤ ਸਰੂਪ ਆਤਮ ਸਾਚੀ ਜੋਤ ਕਰੇ ਆਕਾਰੇ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰੇ ਖ਼ੁਆਰੇ । ਜੋਤ ਸਰੂਪ ਭਗਤ ਦਿਆਲਾ । ਜੋਤ ਸਰੂਪ ਗੁਰਸਿਖ ਰਖਵਾਲਾ । ਜੋਤ ਸਰੂਪ ਪ੍ਰਭ ਦੀਨ ਦਿਆਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਸਾਚਾ ਦੀਪਕ ਬਾਲਾ । ਜੋਤ ਸਰੂਪ ਆਤਮ ਅਧਾਰੇ । ਜੋਤ ਸਰੂਪ ਸਦਾ ਨਿਰਾਹਾਰੇ । ਜੋਤ ਸਰੂਪ ਗੁਰਮੁਖ ਤੇਰੀ ਆਤਮ ਜੋਤ ਕਰੇ ਆਕਾਰੇ । ਜੋਤ ਸਰੂਪ ਪ੍ਰਭ ਸਮਰਥ ਪੁਰਖ ਅਗੰਮ ਅਪਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭਗਤ ਜਨਾਂ ਦੀ ਪੈਜ ਸਵਾਰੇ । ਭਗਤ ਜਨਾਂ ਪ੍ਰਭ ਆਪੇ ਜਾਣੇ । ਆਪ ਆਪਣਾ ਬਿਰਦ ਪਛਾਣੇ । ਗੁਰਮੁਖ ਸਾਚੇ ਪ੍ਰਭ ਸਾਚੇ ਕਲ ਸਾਚੇ ਮਾਣੇ । ਦੇਵੇ ਵਡਿਆਈ ਪ੍ਰਭ ਅਬਿਨਾਸ਼ੀ ਗੁਣੀ ਨਿਧਾਨੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦੀ ਆਪੇ ਜਾਣੇ । ਪ੍ਰਭ ਕਾ ਕੀਆ ਜੀਵ ਕਿਆ ਜਾਣੇ । ਆਪ ਆਪਣਾ ਨਾਮ ਪਛਾਣੇ । ਰੂਪ ਰੰਗ ਨਾ ਕੋਈ ਜਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਸਰਬ ਭੁਲਾਣੇ । ਕਲਜੁਗ

੬੯੧
੦੧

ਜੀਵ ਸਰਬ ਭੁਲਾਏ । ਝੂਠੇ ਮਾਰਗ ਸਰਬ ਲਗਾਏ । ਗੁਰਮੁਖ ਸਾਚੇ ਪ੍ਰਭ ਸਾਚਾ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ । ਜੋਤ ਸਰੂਪੀ ਦਰਸ ਦਿਖਾ । ਆਤਮ ਤ੍ਰਿਖਾ ਪ੍ਰਭ ਦਏ ਮਿਟਾ । ਅਗਿਆਨ ਅੰਧੇਰ ਦਏ ਗਵਾ । ਆਤਮ ਸਾਚੀ ਜੋਤ ਪ੍ਰਭ ਜਾਏ ਜਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਸਾਚੀ ਦਾਤ ਪ੍ਰਭ ਦੇਵੇ ਝੋਲੀ ਪਾ । ਸੋਹੰ ਦਾਨ ਗੁਰ ਦਰ ਪਾਇਆ । ਰਸਨਾ ਜਪ ਜਪ ਆਤਮ ਤ੍ਰਿਖਾ ਮਿਟਾਇਆ । ਸੁਰਤ ਸ਼ਬਦ ਪ੍ਰਭ ਮੇਲ ਮਿਲਾਇਆ । ਆਵਣ ਜਾਵਣ ਗੇੜ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁੰਨ ਸਮਾਧ ਖੋਲ੍ਹ ਵਖਾਇਆ । ਗੁਰਮੁਖ ਤੇਰੀ ਖੁਲ੍ਹੇ ਸੁੰਨ । ਆਤਮ ਰਹੇ ਸਦਾ ਰੁਣ ਝੁਣ । ਸਾਚਾ ਸ਼ਬਦ ਸਦਾ ਕੰਨ ਸੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਜਾਣੇ ਕਵਣ ਗੁਣ । ਕਲਜੁਗ ਜੀਵ ਗੁਣ ਕਿਆ ਜਾਣੇ । ਸੋ ਜਾਣੇ ਜਿਸ ਪ੍ਰਭ ਆਪ ਵਖਾਣੇ । ਕਲਜੁਗ ਜੀਵ ਭੁੱਲੇ ਅੰਞਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਰਗ ਲਾਣੇ । ਸਾਚਾ ਮਾਰਗ ਪ੍ਰਭ ਲਗਾਇਆ । ਚਾਰ ਵਰਨ ਪ੍ਰਭ ਸਰਨ ਰਖਾਇਆ । ਰਾਉ ਰੰਕ ਇਕ ਕਰਾਇਆ । ਊਚ ਨੀਚ ਦਾ ਭੇਤ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਚਲਾਇਆ । ਰਾਓ ਰੰਕ ਇਕ ਕਰਾ ਕੇ । ਸੋਹੰ ਸਾਚਾ ਨਾਮ ਜਪਾ ਕੇ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਨਾਉਂ ਧਰਾ ਕੇ । ਕੁੰਟ ਚਾਰ ਜੈ ਜੈ ਜੈਕਾਰ ਕਰਾ ਕੇ । ਚਾਰ ਕੁੰਟ ਹੋਏ ਜੈ ਜੈ ਜੈਕਾਰ । ਸਾਚੀ ਜੋਤ ਪ੍ਰਭ ਕਰੇ ਆਕਾਰ । ਗੁਰਮੁਖ ਸਾਚੇ ਪ੍ਰਭ ਆਤਮ ਜਗਾਏ ਦੇਵੇ ਚਮਤਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਏਕਾ ਨਾਮ ਅਧਾਰ । ਚਾਰ ਵਰਨ ਏਕਾ ਅਧਾਰ । ਏਕਾ ਦਿਸੇ ਦਰ ਦਰਬਾਰ । ਨਿਹਕਲੰਕ ਨਰਾਇਣ ਨਰ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਏਕਾ ਏਕੰਕਾਰ । ਚਾਰ ਵਰਨ ਏਕਾ ਦਰਬਾਰਾ । ਝੂਠਾ ਸਰਬ ਪਸਰ ਪਸਾਰਾ । ਏਕਾ ਵਰਨ ਪ੍ਰਭ ਚਲਾਏ ਸਰਬ ਸੰਸਾਰਾ । ਏਕਾ ਸਰਨ ਨਿਹਕਲੰਕ ਤੇਰੇ ਚਰਨ ਦਵਾਰਾ । ਤਾਰਨ ਤਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਜਾਣੇ ਸਾਰਾ । ਚਾਰ ਵਰਨ ਇਕ ਕਰਾ । ਊਚ ਨੀਚ ਦਾ ਭੇਖ ਮਿਟਾ । ਰਾਓ ਰੰਕ ਇਕ ਕਰਾ । ਰਾਜਾ ਰਾਣਾ ਤਖ਼ਤੋਂ ਲਾਹ । ਸੋਹੰ ਸਾਚਾ ਸ਼ਬਦ ਚਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਨਾਦ ਧੁੰਨ ਦਏ ਉਪਜਾ । ਸੋਹੰ ਸਾਚਾ ਸ਼ਬਦ ਧੁਨ ਆਤਮ ਨਾਦ ਦਏ ਵਜਾ । ਸੋਹੰ ਸਾਚਾ ਸ਼ਬਦ ਪ੍ਰਭ ਗੁਰਸਿਖ ਸਾਚੇ ਕੰਨ ਦਏ ਸੁਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵੇਲਾ ਅੰਤ ਦਏ ਜਣਾ । ਸ਼ਬਦ ਰੂਪ ਪ੍ਰਭ ਸ਼ਬਦ ਜਣਾਏ । ਸ਼ਬਦ ਸੁਰਤ ਦਾ ਮੇਲ ਮਿਲਾਏ । ਗੁਰਮੁਖ ਸਾਚੇ ਟੁੰਬ ਉਠਾਏ । ਆਤਮ ਜਗਾਏ ਜੋਤ ਮਾਤ ਬੁਝ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਏ । ਗੁਰਮੁਖ ਸਾਚੇ ਮੇਲ ਮਿਲਾਇਆ । ਆਪ ਆਪਣਾ ਭੇਦ ਚੁਕਾਇਆ । ਵੇਲਾ ਅੰਤ ਨਾ ਕਿਸੇ ਜਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਭੇਦ ਖੁਲ੍ਹਾਇਆ । ਗੁਰਮੁਖਾਂ ਪ੍ਰਭ ਭੇਦ ਖੁਲ੍ਹਾਵਣਾ । ਅਗਿਆਨ ਅੰਧੇਰ ਸਰਬ ਮਿਟਾਵਣਾ । ਆਤਮ ਸਾਚਾ ਦੀਪ ਜਗਾਵਣਾ । ਸੋਹੰ ਸਾਚਾ ਜਾਮ ਪ੍ਰਭ ਰਸਨ ਪਿਆਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸਾਚੇ ਮਾਰਗ ਲਾਵਣਾ । ਭਗਤ ਜਨਾਂ ਪ੍ਰਭ ਸੁਣੇ ਪੁਕਾਰ । ਮਾਤਲੋਕ ਆਏ ਜਾਮਾ ਧਾਰ । ਏਕਾ ਆਤਮ ਦੇਵੇ ਸ਼ਬਦ ਅਧਾਰ । ਸੋਹੰ ਸ਼ਬਦ ਸਚੀ ਗੁੰਜਾਰ । ਆਤਮ ਅੰਮ੍ਰਿਤ ਬਰਖ਼ੇ ਪ੍ਰਭ ਸਾਚਾ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਸਰਬ ਜਨਾਂ ਦੀ ਜਾਣੇ ਸਾਰ । ਜਾਮਾ ਧਾਰੇ ਪ੍ਰਭ ਉਪਰ ਧਵਲ । ਸ੍ਰਿਸ਼ਟ ਸਬਾਈ ਰਿਹਾ ਮਵਲ । ਝਿਰਨਾ ਝਿਰਾਏ ਖੁਲ੍ਹਾਏ ਮੁਖ ਕਵਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਵਟਾਏ ਕ੍ਰਿਸ਼ਨਾ ਸਵਲ । ਜੋਤ ਸਰੂਪੀ ਭੇਖ ਵਟਈਆ । ਕਲਜੁਗ ਡੁਬਾਏ ਝੂਠੀ ਨਈਆ । ਜੂਠ ਝੂਠ ਪ੍ਰਭ ਭੇਖ ਮਿਟਈਆ । ਸਤਿਜੁਗ ਸਾਚਾ ਸਚ ਵਰਤਈਆ । ਏਕਾ ਨਾਮ ਚਾਰ ਵਰਨ ਦਵਈਆ । ਰਾਓ ਰੰਕ ਪ੍ਰਭ ਇਕ ਕਰਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਦ ਆਪ ਖੁਲ੍ਹਈਆ । ਆਪਣਾ ਭੇਦ ਆਪ ਖੁਲ੍ਹਾਏ । ਭੁੱਲੇ ਰੁੱਲੇ ਪ੍ਰਭ ਸਰਨ ਲਗਾਏ । ਜੋਤ ਸਰੂਪ ਪਰਗਟ ਜੋਤ, ਪ੍ਰਭ ਸਾਚਾ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ , ਆਪਣਾ ਭਾਣਾ ਕਲ ਵਰਤਾਏ । ਜੋਤ ਸਰੂਪੀ ਸਾਚਾ ਭੇਖਾ । ਪ੍ਰਭ ਅਬਿਨਾਸ਼ੀ ਸਦਾ ਅਲੇਖਾ । ਕਲਜੁਗ ਮਿਟਾਏ ਝੂਠੀ ਰੇਖਾ । ਕਲਜੁਗ ਜੀਵ ਰਹੇ ਦੇਖੀ ਦੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਨੇਤਰ ਪੇਖਾ । ਨੇਤਰ ਪੇਖ ਗੁਰਸਿਖ ਤਰਿਆ । ਪ੍ਰਭ ਸਾਚਾ ਵੇਖ ਤਨ ਮਨ ਹਰਿਆ । ਲਿਖਿਆ ਲੇਖ ਪ੍ਰਭ ਸਾਚੇ ਜੋ ਜਨ ਸਰਨ ਪਰਿਆ । ਜੋਤ ਸਰੂਪੀ ਕੀਆ ਭੇਖ, ਗੁਰਮੁਖ ਵਿਰਲੇ ਕਲਜੁਗ ਵਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਗੁਰਸਿਖ ਸਾਚਾ ਤਰਿਆ । ਚਰਨ ਲਾਗ ਮਿਲੀ ਵਡਿਆਈ । ਪ੍ਰਭ ਸਾਚੇ ਸਚ ਪੈਜ ਰਖਾਈ । ਵੇਲੇ ਅੰਤ ਹੋਏ ਸਹਾਈ । ਦੇਵੇ ਸੁਖ ਸਰਬ ਸੁਖਦਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੀ ਬਣਤ ਬਣਾਈ । ਗੁਰਮੁਖ ਸਾਚਾ ਪਾਰ ਉਤਾਰ । ਸਾਚਾ ਸ਼ਬਦ ਪ੍ਰਭ ਦਏ ਅਧਾਰ । ਆਤਮ ਜੋਤ ਕਰੇ ਉਜਿਆਰ । ਨਿਜ ਘਰ ਵਸੇ ਪ੍ਰਭ ਕਰਤਾਰ । ਆਤਮ ਉਪਜਾਏ ਸਾਚੀ ਧੁੰਨਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਬਖ਼ਸ਼ੇ ਚਰਨ ਪਿਆਰ । ਗੁਰਚਰਨ ਪ੍ਰੀਤੀ ਦਰਸ ਅਮੋਘ । ਗੁਰਮੁਖ ਸਾਚੇ ਰਸ ਸਾਚਾ ਭੋਗ । ਪ੍ਰਭ ਗਵਾਏ ਆਤਮ ਸੰਸਾ ਰੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਸਾਚਾ ਜੋਗ । ਸਾਚਾ ਜੋਗ ਚਰਨ ਧਿਆਨ । ਆਤਮ ਜੋਤ ਜਗੇ ਮਹਾਨ । ਕਿਰਪਾ ਕਰੇ ਆਪ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਦੇਵੇ ਦਾਨ । ਸਾਚਾ ਜੋਗ ਜਨ ਕਮਾਏ । ਸੋਹੰ ਨਾਮ ਰਸਨਾ ਗਾਏ । ਆਤਮ ਤ੍ਰਿਖਾ ਸਰਬ ਮਿਟਾਏ । ਪ੍ਰਭ ਅਬਿਨਾਸ਼ੀ ਕਲ ਮੇਂ ਪਾਏ । ਨਿਜ ਘਰ ਵਾਸੀ ਪ੍ਰਭ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ । ਸਾਚਾ ਜੋਗ ਜਗਤ ਕਮਾਇਆ । ਪ੍ਰਭ ਅਬਿਨਾਸ਼ੀ ਰਸਨਾ ਗਾਇਆ । ਮਾਨਸ ਜਨਮ ਜੀਵ ਸੁਫਲ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮਾਰਗ ਲਾਇਆ । ਸਾਚਾ ਜੋਗ ਗੁਰ ਕੀ ਸੇਵ । ਸੋਹੰ ਦੇਵੇ ਪ੍ਰਭ ਸਾਚਾ ਮੇਵ । ਮਿਲੇ ਵਡਿਆਈ ਵਿਚ ਦੇਵੀ ਦੇਵ । ਪ੍ਰਭ ਅਬਿਨਾਸ਼ੀ ਅਲਖ ਅਭੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਰਥਾ ਨਾ ਜਾਏ ਕਲਜੁਗ ਤੇਰੀ ਸੇਵ । ਸਾਚਾ ਜੋਗ ਪ੍ਰਭ ਰਸਨਾ ਗਾਇਆ । ਸਾਚਾ ਭੋਗ ਪ੍ਰਭ ਨਾਮ ਧਿਆਇਆ । ਮਿਟਿਆ ਰੋਗ ਪ੍ਰਭ ਦਰਸ਼ਨ ਪਾਇਆ । ਚੁਕਾਇਆ ਸੋਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਿਰ ਤੇਰੇ ਹੱਥ ਟਿਕਾਇਆ । ਗੁਰਸੰਗਤ ਗੁਰ ਦਰ ਪਾਇਆ । ਗੁਰਸੰਗਤ ਪ੍ਰਭ ਦਰ ਸਾਚੇ ਮਾਣ ਰਖਾਇਆ । ਗੁਰਸੰਗਤ ਦਰ ਦਰਬਾਰ, ਪ੍ਰਭ ਸਾਚੇ ਨਿਵਾਸ ਰਖਾਇਆ । ਗੁਰਸੰਗਤ ਸਤਿ ਤੇਰਾ ਨਾਮ, ਕਰੋੜ ਤੇਤੀਸ ਰਸਨਾ ਗਾਇਆ । ਗੁਰਸੰਗਤ ਕਲ ਤੇਰਾ ਮਾਣ, ਖੰਡ ਬ੍ਰਹਿਮੰਡ ਵਿਚ ਵਰਭੰਡ ਪ੍ਰਭ ਵਡਿਆਇਆ । ਗੁਰਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸ ਰਖਾਇਆ । ਗੁਰਸੰਗਤ ਮਿਲੇ ਵਡਿਆਈ ।

੬੯੩
੦੧

ਗੁਰਸੰਗਤ ਪ੍ਰਭ ਅਬਿਨਾਸ਼ੀ ਸੇਵ ਕਮਾਈ । ਗੁਰਸੰਗਤ ਰਸਨਾ ਜਪ ਜਪ ਜਪ ਆਤਮ ਤ੍ਰਿਖਾ ਮਿਟਾਈ । ਗੁਰਸੰਗਤ ਮਿਲ ਗੁਰਮੁਖ ਮਿਲ ਪ੍ਰਭ ਅਬਿਨਾਸ਼ੀ ਸੇਵ ਕਮਾਈ । ਗੁਰਸੰਗਤ ਪ੍ਰਭ ਆਤਮ ਚਾੜ੍ਹੇ ਸਾਚਾ ਰੰਗ, ਸੋਹੰ ਦਾਤ ਪ੍ਰਭ ਝੋਲੀ ਪਾਈ । ਗੁਰਸੰਗਤ ਗੁਰ ਦਰ ਮੰਗ, ਸਾਚੀ ਭਿਛਿਆ ਪ੍ਰਭ ਨਾਮ ਪਾਈ । ਗੁਰਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਤੇਰਾ ਹੋਏ ਸਹਾਈ । ਗੁਰਸੰਗਤ ਤੇਰੀ ਸਾਚੀ ਸਾਰ । ਗੁਰਸੰਗਤ ਪ੍ਰਭ ਜਾਏ ਤਾਰ । ਗੁਰਸੰਗਤ ਪ੍ਰਭ ਏਕਾ ਬਖ਼ਸ਼ੇ ਚਰਨ ਪਿਆਰ । ਗੁਰਸੰਗਤ ਦਿਸਾਵੇ ਪ੍ਰਭ ਹਰਿ ਕਾ ਦਵਾਰ । ਗੁਰਸੰਗਤ ਨਿਹਕਲੰਕ ਬੇੜਾ ਕਰ ਜਾਏ ਪਾਰ । ਗੁਰਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਅਧਾਰ । ਗੁਰਸੰਗਤ ਗੁਰਸਿਖ ਪਛਾਣੇ । ਗੁਰਸੰਗਤ ਪ੍ਰਭ ਅਬਿਨਾਸ਼ੀ ਜਾਣੇ । ਗੁਰਸੰਗਤ ਹਰ ਰੰਗ ਹਰਿ ਪ੍ਰਭ ਕਾ ਮਾਣੇ । ਗੁਰਮੁਖ ਹੋਏ ਚਤੁਰ ਸੁਘੜ ਸਿਆਣੇ । ਗੁਰਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਰਗਾਹ ਦੇਵੇ ਮਾਣੇ । ਗੁਰ ਸੰਗਤ ਸੰਗਤ ਗੁਰ ਬਣ । ਏਕਾ ਉਪਜਾਵੇ ਸ਼ਬਦ ਧੁਨ । ਗੁਰਮੁਖ ਸਾਚੇ ਆਤਮ ਜਾਏ ਮੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਮਿਟਾਏ ਸਾਰਾ ਜਨ । ਗੁਰਸੰਗਤ ਤੇਰੀ ਸਾਚੀ ਗਾਥਾ । ਗੁਰਸੰਗਤ ਰੱਖੇ ਲਾਜ ਤ੍ਰੈਲੋਕੀ ਨਾਥਾ । ਗੁਰਸੰਗਤ ਪ੍ਰਭ ਲੇਖ ਲਿਖਾਏ ਤੇਰੇ ਮਾਥਾ । ਗੁਰਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਚੜ੍ਹਾਏ ਸਾਚੇ ਰਾਥਾ । ਗੁਰਸੰਗਤ ਗੁਰ ਮਿਲੇ ਗੁਣ ਨਿਧਾਨੀ । ਗੁਰਸੰਗਤ ਪ੍ਰਭ ਵਡ ਵਡ ਦਾਨੀ । ਗੁਰਸੰਗਤ ਦੇਵੇ ਨਾਮ ਦਾਤ ਸਰਬ ਘਟ ਜਾਣੀ । ਗੁਰਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਮਹਾਨੀ । ਗੁਰਸੰਗਤ ਗੁਰ ਦਰ ਵਿਚਾਰ । ਪ੍ਰਭ ਸਾਚਾ ਜਾਏ ਪੈਜ ਸਵਾਰ । ਭਗਤ ਵਛਲ ਪ੍ਰਭ ਗਿਰਧਾਰ । ਮਾਤਲੋਕ ਆਏ ਜਾਮਾ ਧਾਰ । ਜੋਤ ਸਰੂਪ ਕੀਆ ਆਕਾਰ । ਕਲਜੁਗ ਜੀਆਂ ਕਰੇ ਖੁਆਰ । ਮਦਿਰਾ ਮਾਸ ਕਰਾਏ ਆਹਾਰ । ਗੁਰਮੁਖ ਸਾਚੇ ਪ੍ਰਭ ਜਾਏ ਤਾਰ । ਏਕਾ ਬਖ਼ਸ਼ੇ ਨਾਮ ਅਧਾਰ । ਸੋਹੰ ਕਰਾਏ ਜੈ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣੀ ਕਲ ਕਲ ਕਰੇ ਵਰਤਾਰ । ਆਪਣੀ ਕਲ ਕਲ ਵਰਤਾਏ । ਆਪ ਆਪਣਾ ਭੇਦ ਛੁਪਾਏ । ਜੋਤ ਸਰੂਪੀ ਜੋਤ ਪਰਗਟਾਏ । ਗੁਰਮੁਖ ਸਾਚੇ ਵਿਚ ਸਮਾਏ । ਬੋਧ ਅਗਾਧ ਅਗਾਧ ਬੋਧ ਪ੍ਰਭ ਸ਼ਬਦ ਲਿਖਾਏ । ਬੇਮੁਖ ਜੀਵ ਕਾਲ ਅੰਤ ਪ੍ਰਭ ਦਏ ਖਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਏ । ਕਲਜੁਗ ਜੀਵ ਜਗਤ ਭੁਲਾਏ । ਪ੍ਰਭ ਅਬਿਨਾਸ਼ੀ ਦੇ ਸਜ਼ਾਏ । ਵੇਲੇ ਅੰਤਕਾਲ ਅੰਤ ਪ੍ਰਭ ਨਰਕ ਨਿਵਾਸ ਰਖਾਏ । ਗੁਰਮੁਖ ਸਾਚੇ ਸਾਚੇ ਸੰਤ ਪ੍ਰਭ ਜੋਤ ਸਰੂਪੀ ਮੇਲ ਮਿਲਾਏ । ਮਿਲਿਆ ਮੇਲ ਪ੍ਰਭ ਭਗਵੰਤ, ਉਜਲ ਮੁਖ ਜਗਤ ਕਰਾਏ । ਉਜਲ ਹੋਏ ਵਿਚ ਜੀਵ ਜੰਤ, ਸਾਚਾ ਕੰਤ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਮਾਤਲੋਕ ਵਿਚ ਪਾਏ । ਬੇਮੁਖ ਜੀਵਾਂ ਕਰੇ ਖ਼ੁਆਰੀ । ਆਤਮ ਤੋੜੇ ਸਰਬ ਹੰਕਾਰੀ । ਚਾਰ ਕੁੰਟ ਕਰਾਏ ਹਾਹਾਕਾਰੀ । ਈਸਾ ਮੂਸਾ ਮੁਹੰਮਦੀ ਸਭ ਹੋਇਣ ਖੁਆਰੀ । ਪਰਗਟੇ ਜੋਤ ਮਾਤ ਨਿਹਕਲੰਕ ਨਰਾਇਣ ਨਰ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੱਖੇ ਜਗਤ ਸਿਕਦਾਰੀ । ਸਾਚੇ ਪ੍ਰਭ ਕਲ ਖੇਲ ਮਿਟਾਵਣਾ । ਜੁਗ ਚੌਥਾ ਅੰਤ ਕਰਾਵਣਾ । ਵੇਦ ਅਥਰਬਣ ਮਾਣ ਗਵਾਵਣਾ । ਬੇਮੁਖ ਜੀਵਾਂ ਕਲ ਪਾਪ ਕਮਾਵਣਾ । ਗੁਰਮੁਖ ਸਾਚੇ ਪ੍ਰਭ ਬਾਹੋਂ ਪਕੜ ਤਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਸਾਚਾ ਕਰਮ ਕਮਾਵਣਾ । ਕਲਜੁਗ ਜੀਵ ਸਰਬ ਮਿਟਾਏ । ਬੇਮੁਖ ਕੋਈ ਰਹਿਣ ਨਾ ਪਾਏ ।

੬੯੪
੦੧

ਸੋਹੰ ਬਾਣ ਪ੍ਰਭ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਆਪ ਕਰਾਏ । ਕਲਜੁਗ ਤੇਰਾ ਅੰਤ ਅਖ਼ੀਰ । ਮਾਤਲੋਕ ਤੇਰੇ ਲੱਥੇ ਚੀਰ । ਅਠਸਠ ਤੀਰਥਾਂ ਪ੍ਰਭ ਖਿੱਚੇ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਮਿਟਾਏ ਔਲੀਏ ਪੀਰ । ਸਰਬ ਧਾਮ ਪ੍ਰਭ ਜੋਤ ਖਿਚਾਈ । ਏਕਾ ਜੋਤ ਜਗਤ ਪਰਗਟਾਈ । ਗੰਗਾ ਗੋਦਾਵਰੀ ਪ੍ਰਭ ਗੋਦ ਸਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਤ ਪਰਗਟਾਈ । ਕਲਜੁਗ ਤੇਰਾ ਮਾਣ ਚੁਕਾਇਆ । ਵੇਦ ਅਥਰਬਣ ਅੰਤ ਕਰਾਇਆ । ਅਲ੍ਹਾ ਅਲਾਹੂ ਨੂਰ ਮਿਟਾਇਆ । ਦੀਨ ਮੁਹੰਮਦੀ ਅੰਤ ਕਰਾਇਆ । ਚਾਰ ਯਾਰਾਂ ਵਕਤ ਚੁਕਾਇਆ । ਪੰਚਮ ਵਿਚ ਪ੍ਰਭ ਆਪ ਸਮਾਇਆ । ਪਤਿਪਰਮੇਸ਼ਵਰ ਆਪ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਮਾਰਗ ਲਾਇਆ । ਚਾਰ ਯਾਰਾਂ ਪ੍ਰਭ ਵਕਤ ਚੁਕਾਏ । ਸੰਗ ਮੁਹੰਮਦੀ ਦੇ ਖਪਾਏ । ਦੀਨ ਮੁਹੰਮਦੀ ਰਹਿਣ ਨਾ ਪਾਏ । ਜੋਤ ਸਰੂਪੀ ਪਰਗਟ ਜੋਤ ਕਲ ਕਰਮ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭਾਣਾ ਆਪ ਵਰਤਾਏ । ਸਭ ਕਿਛ ਵਰਤੇ ਆਪੇ ਆਪ । ਏਕਾ ਸ਼ਬਦ ਚਲਾਏ ਸਾਚਾ ਜਾਪ । ਗੁਰਮੁਖਾਂ ਮਾਰੇ ਪ੍ਰਭ ਆਤਮ ਤੀਨੋ ਤਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਜਾਪ । ਸੋਹੰ ਤੇਰੀ ਸਾਚੀ ਧੁਨਕਾਰ । ਪ੍ਰਭ ਉਪਜਾਏ ਵਿਚ ਸੰਸਾਰ । ਕੀਆ ਪਰਵੇਸ਼ ਪਵਨ ਮਝਾਰ । ਚਾਰ ਕੁੰਟ ਹੋਏ ਤੇਰਾ ਪਸਾਰ । ਜੀਵ ਜੰਤ ਰਸਨ ਕਰਾਏ ਜੈ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਕਰੇ ਵਰਤਾਰ । ਸਤਿ ਸਤਿ ਸਤਿ ਵਰਤਾ । ਸਤਿਜੁਗ ਸਾਚਾ ਮਾਰਗ ਲਾ । ਸਾਚੀ ਜੋਤ ਪ੍ਰਭ ਅਬਿਨਾਸ਼ੀ ਲਏ ਪਰਗਟਾ । ਰਾਓ ਉਮਰਾਓ ਕੋਈ ਰਹਿਣ ਨਾ ਪਾ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਤੇਰੀ ਪਕੜੇ ਬਾਂਹ । ਬਾਂਹ ਪਕੜ ਪ੍ਰਭ ਪਾਰ ਕਰਾਏ । ਗੁਰਮੁਖ ਸਾਚੇ ਮੇਲ ਮਿਲਾਏ । ਦੇ ਦਰਸ ਪ੍ਰਭ ਦੇਹ ਛੁਡਾਏ । ਵੇਲੇ ਅੰਤ ਹੋਏ ਸਹਾਏ । ਵਿਚ ਬਬਾਣ ਲਏ ਬਿਠਾਏ । ਸਾਚਾ ਪ੍ਰਭ ਘਰ ਸਚ ਰਖਾਏ । ਗੁਰਮੁਖ ਸਾਚੇ ਵਿਚ ਜੋਤ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਮਾਤਲੋਕ ਵਿਚ ਪਾਏ । ਪ੍ਰਭ ਜੋਤ ਜਗਤ ਆਕਾਰਾ । ਹੋਏ ਪਰਕਾਸ਼ ਜੀਵ ਜੰਤ ਅਧਾਰਾ । ਜੀਵ ਜੰਤ ਹੋਏ ਸਹਾਰਾ । ਬੈਠੇ ਅਡੋਲ ਵਿਚ ਨਿਰਾਧਾਰਾ । ਗੁਰਮੁਖ ਸਾਚੇ ਪ੍ਰਭ ਦੇਵੇ ਦਰਸ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੋਲ੍ਹ ਦੇਵੇ ਦਸਮ ਦਵਾਰਾ । ਦਸਮ ਦਵਾਰ ਪ੍ਰਭ ਖੁਲ੍ਹਾਏ । ਆਪ ਆਪਣਾ ਭੇਦ ਚੁਕਾਏ । ਜੋਤ ਸਰੂਪੀ ਦਰਸ ਦਿਖਾਏ । ਆਤਮ ਸਾਚੀ ਜੋਤ ਜਗਾਏ । ਅਗਿਆਨ ਅੰਧੇਰ ਸਰਬ ਮਿਟਾਏ । ਸਾਚੀ ਧੁਨ ਦੇ ਉਪਜਾਏ । ਆਤਮ ਸੁੰਨ ਖੋਲ੍ਹ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਏ । ਮਾਤਲੋਕ ਪ੍ਰਭ ਭਾਗ ਲਗਾਇਆ । ਘਨਕਪੁਰੀ ਵਿਚ ਜਾਮਾ ਪਾਇਆ । ਤੀਨ ਲੋਕ ਹੋਏ ਰੁਸ਼ਨਾਇਆ । ਮਾਤ ਪਾਤਾਲ ਆਕਾਸ਼ ਪ੍ਰਭ ਸਾਚੇ ਜੈ ਜੈ ਜੈਕਾਰ ਕਰਾਇਆ । ਗਣ ਗੰਧਰਬ ਪ੍ਰਭ ਦਰ ਫੂਲਨ ਬਰਖ਼ਾ ਲਾਇਆ । ਕਰੋੜ ਤੇਤੀਸ ਪ੍ਰਭ ਚਰਨ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਇਆ । ਮਾਤਲੋਕ ਪ੍ਰਭ ਜਾਮਾ ਧਾਰੇ । ਸੰਤ ਜਨਾਂ ਨੂੰ ਪਾਰ ਉਤਾਰੇ । ਏਕਾ ਦੇਵੇ ਸੋਹੰ ਨਾਮ ਅਧਾਰੇ । ਗੁਰਮੁਖ ਸੋਹਣ ਪ੍ਰਭ ਚਰਨ ਦਵਾਰੇ । ਊਚ ਨੀਚ ਪ੍ਰਭ ਨਾ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਧਾਰੇ । ਮਾਤਲੋਕ ਪ੍ਰਭ ਜੋਤ ਜਗਾਈ । ਗੁਰਸਿਖ ਪ੍ਰਭ ਲਏ ਉਠਾਈ । ਸੰਤ ਮਨੀ ਸਿੰਘ ਪ੍ਰਭ

੬੯੫
੦੧

ਦੇਵੇ ਸਚ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਈ । ਸਾਚੇ ਸੰਤ ਪ੍ਰਭ ਮਾਣ ਦਵਾਇਆ । ਸਾਚਾ ਸ਼ਬਦ ਸਾਚੀ ਧੁਨ ਉਪਜਾਇਆ । ਆਪ ਆਪਣਾ ਭੇਵ ਚੁਕਾਇਆ । ਅਨਹਦ ਸਾਚਾ ਰਾਗ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਦੇ ਵਡਿਆਇਆ । ਸੰਤ ਜਨਾਂ ਦੇਵੇ ਵਡਿਆਈ । ਸੰਤ ਜਨਾਂ ਪ੍ਰਭ ਪੈਜ ਰਖਾਈ । ਸੰਤ ਜਨਾਂ ਪ੍ਰਭ ਅਬਿਨਾਸ਼ੀ ਸੇਵ ਕਮਾਈ । ਸੰਤ ਜਨਾਂ ਪ੍ਰਭ ਸਾਚੇ ਪੂਰਨ ਆਸ ਕਰਾਈ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਈ । ਸੰਤ ਜਨਾਂ ਪ੍ਰਭ ਤਾਰਨਹਾਰਾ । ਸੰਤ ਜਨਾਂ ਪ੍ਰਭ ਦੇਵੇ ਸ਼ਬਦ ਅਧਾਰਾ । ਸੰਤ ਜਨਾਂ ਪ੍ਰਭ ਸਾਚੇ ਆਤਮ ਗੁਣ ਵਿਚਾਰਾ । ਸੰਤ ਜਨਾਂ ਦੇਵੇ ਸਾਚੀ ਧੁਨ ਸ਼ਬਦ ਧੁਨਕਾਰਾ । ਸੰਤ ਜਨਾਂ ਖੋਲ੍ਹ ਦੇਵੇ ਪ੍ਰਭ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਸਦਾ ਕਾਜ ਸਵਾਰਾ । ਸੰਤ ਜਨਾਂ ਪ੍ਰਭ ਦਰਸ ਦਿਖਾਏ । ਸੰਤ ਜਨਾਂ ਪ੍ਰਭ ਬੂਝ ਬੁਝਾਏ । ਸੰਤ ਜਨਾਂ ਪ੍ਰਭ ਆਤਮ ਭੇਵ ਗੂਝ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਸੰਤਾਂ ਦੇ ਵਿਚ ਸਮਾਏ । ਸੰਤ ਜਨਾਂ ਪ੍ਰਭ ਸਦਾ ਸਮਾਵੇ । ਸੰਤ ਜਨਾਂ ਪ੍ਰਭ ਏਕਾ ਧੁਨ ਉਪਜਾਵੇ । ਸੰਤ ਜਨਾਂ ਪ੍ਰਭ ਅਗਾਧ ਬੋਧ ਬੋਧ ਅਗਾਧ ਸ਼ਬਦ ਜਣਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਵੇ । ਗੁਰਮੁਖ ਸਾਚੇ ਭਉ ਚੁਕਾਇਆ । ਸੰਤ ਜਨਾਂ ਪ੍ਰਭ ਲੇਖ ਲਿਖਾਇਆ । ਸੰਤ ਜਨਾਂ ਪ੍ਰਭ ਵੇਖ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਦੇ ਵਿਚ ਸਮਾਇਆ । ਸੰਤ ਜਨਾਂ ਪ੍ਰਭ ਸਦਾ ਸਮੀਪ । ਸੰਤ ਜਨਾਂ ਪ੍ਰਭ ਜੋਤ ਜਗਾਏ ਆਤਮ ਦੀਪ । ਸੰਤ ਜਨਾਂ ਪ੍ਰਭ ਸਾਚਾ ਮੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਸਦ ਰਸਨਾ ਚੀਤ । ਸੰਤ ਜਨਾਂ ਪ੍ਰਭ ਆਤਮ ਵਸੇ । ਸੰਤ ਜਨਾਂ ਪ੍ਰਭ ਸਾਚਾ ਘਰ ਦੱਸੇ । ਸੰਤ ਜਨਾਂ ਪ੍ਰਭ ਸਾਚਾ ਰਸਨਾ ਰਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਸਦ ਹਿਰਦੇ ਵਸੇ । ਸੰਤ ਜਨਾਂ ਪ੍ਰਭ ਹੋਏ ਸਹਾਇਆ । ਪ੍ਰਭ ਅਬਿਨਾਸ਼ੀ ਰਸਨਾ ਗਾਇਆ । ਰੰਗ ਰੰਗ ਰੰਗ ਪ੍ਰਭ ਆਤਮ ਸਾਚਾ ਰੰਗ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਸਿਰ ਹੱਥ ਟਿਕਾਇਆ । ਸੰਤ ਜਨਾਂ ਪ੍ਰਭ ਦੇਵੇ ਮਾਣ । ਸੰਤ ਮਨੀ ਸਿੰਘ ਚਤੁਰ ਸੁਜਾਨ । ਕਲਜੁਗ ਪਰਗਟੇ ਬਲੀ ਬਲਵਾਨ । ਦੇਵੇ ਵਡਿਆਈ ਨਿਹਕਲੰਕ ਵਾਲੀ ਦੋ ਜਹਾਨ । ਸਾਚੇ ਸੰਤ ਸਚ ਘਰ ਸੂਝਿਆ । ਪ੍ਰਭ ਅਬਿਨਾਸ਼ੀ ਸਾਚਾ ਬੂਝਿਆ । ਪ੍ਰਭ ਭੇਦ ਚੁਕਾਵੇ ਏਕਾ ਦੂਜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੰਤ ਦਰ ਤੇਰੇ ਝੂਜਿਆ । ਸੰਤ ਮਨੀ ਸਿੰਘ ਪ੍ਰਭ ਵਡਿਆਇਆ । ਜੋਤ ਸਰੂਪੀ ਮੇਲ ਮਿਲਾਇਆ । ਅਨਹਦ ਸਾਚਾ ਰਾਗ ਉਪਜਾਇਆ । ਏਕਾ ਧੁਨ ਆਤਮ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਸੰਤ ਹੱਥ ਟਿਕਾਇਆ । ਸੰਤ ਮਨੀ ਸਿੰਘ ਮਾਣ ਦਵਾ ਕੇ । ਸੋਹੰ ਸਾਚੀ ਧੁਨ ਉਪਜਾ ਕੇ । ਦਿਵਸ ਰੈਣ ਰੈਣ ਦਿਵਸ ਪ੍ਰਭ ਸਾਚਾ ਸ਼ਬਦ ਜਣਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਲੇਖ ਲਿਖਾ ਕੇ । ਸੰਤ ਮਨੀ ਸਿੰਘ ਜੋਤ ਜਗਾ । ਸਾਚੇ ਮਾਰਗ ਪ੍ਰਭ ਲਏ ਪਾ । ਕਰਮ ਕਮਾਏ ਸਾਚੀ ਧੁਨ ਉਪਜਾ । ਸਰਬ ਘਟ ਵਾਸੀ ਸਾਚਾ ਸ਼ਬਦ ਦਿਵਸ ਰੈਣ ਰਿਹਾ ਸੁਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਬਣਤ ਲਏ ਬਣਾ । ਆਪ ਆਪਣੀ ਬਣਤ ਬਣਾਏ । ਸੰਤ ਮਨੀ ਸਿੰਘ ਸ਼ਬਦ ਜਣਾਏ । ਏਕਾ ਜੋਤ ਏਕਾ ਰੰਗ ਆਪ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਘਰ ਦੀ ਬੂਝ ਬੁਝਾਏ । ਸਚਖੰਡ ਸਚ ਦਵਾਰ । ਜੋਤ ਜਗੇ ਅਗੰਮ

ਅਪਾਰ । ਜੋਤ ਸਰੂਪ ਪ੍ਰਭ ਨਿਰਾਹਾਰ । ਏਕਾ ਏਕ ਏਕਾ ਕਰੇ ਆਕਾਰ । ਸਾਚਾ ਦਰ ਸਾਚਾ ਦਰਬਾਰ । ਸਚਖੰਡ ਵਸੇ ਆਪ ਨਿਰੰਕਾਰ । ਸਾਚੇ ਦਰ ਆਈ ਸਾਚੀ ਸਰਕਾਰ । ਗੁਰੂ ਨਾਨਕ ਜਾਏ ਪ੍ਰਭ ਚਰਨ ਦਵਾਰ । ਪ੍ਰਭ ਸਾਚਾ ਦੇਵੇ ਨਾਮ ਜਗਤ ਅਧਾਰ । ਇਕ ਓਅੰਕਾਰ ਸਤਿਨਾਮ ਜਗਤ ਕਰ ਵਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਇਕ ਕਰਤਾਰ । ਪ੍ਰਭ ਦਰ ਮਾਂਗੀ ਸਾਚੀ ਮੰਗ । ਸਚ ਘਰ ਗੁਰੂ ਨਾਨਕ ਲੰਘ । ਪ੍ਰਭ ਅਬਿਨਾਸ਼ੀ ਲਾਇਆ ਅੰਗ । ਜੋਤ ਸਰੂਪ ਜੋਤ ਪ੍ਰਭ ਸਦਾ ਸਹਾਈ ਰਹੇ ਅੰਗ ਸੰਗ । ਸਾਚੀ ਜੋਤ ਸਚ ਨਿਰੰਕਾਰ । ਏਕਾ ਜਗੇ ਜੋਤ ਪ੍ਰਭ ਗਿਰਧਾਰ । ਸਾਚਾ ਵਰ ਸਾਚਾ ਘਰ ਪ੍ਰਭ ਦੇਵੇ ਵਡ ਨਾਮ ਸਿਕਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਅਧਾਰ । ਸਾਚਾ ਦਰ ਨਾਨਕ ਪ੍ਰਭ ਮੰਗਿਆ । ਵਰ ਪਾਇਆ ਸਾਚਾ ਨਾਮ, ਰਸਨਾ ਜਪ ਜੀਵ ਚਾਰ ਵਰਨ ਪਾਰ ਲੰਘਿਆ । ਏਕਾ ਰੰਗ ਪ੍ਰਭ ਕਰਤਾਰ ਰਸਨ ਉਚਾਰ, ਕਲਜੁਗ ਜੀਵਾਂ ਆਤਮ ਰੰਗਿਆ । ਵੇਲੇ ਅੰਤ ਹੋਇਣ ਖੁਆਰ, ਪ੍ਰਭ ਸਾਚਾ ਜਾਇਣ ਜੀਵ ਵਿਸਾਰ, ਪਰ ਧਨ ਤਨ ਲਾਇਣ ਅੰਗਿਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ, ਸਾਚਾ ਜਾਮਾ ਗੁਰੂ ਨਾਨਕ ਕਲ ਮੰਗਿਆ । ਜਾਮੇ ਦਸ ਜੋਤ ਪਰਗਟਾ । ਸਾਚੇ ਮਾਰਗ ਜਗਤ ਲਗਾ । ਗੁਰ ਗੁਰ ਮੰਤਰ ਜਗਤ ਦ੍ਰਿੜਾ । ਏਕਾ ਅੰਤਰ ਸਰਬ ਨਿਰੰਤਰ ਸਰਬ ਰਿਹਾ ਜਗਾ । ਸਾਚਾ ਮੰਤਰ ਅਬਿਨਾਸ਼ੀ ਜਗਤ ਦਏ ਵਰਤਾ । ਬੇਮੁਖ ਕਲਜੁਗ ਜੀਵ ਸਾਚਾ ਨਾਮ ਗਏ ਭੁਲਾ । ਜੋਤ ਸਰੂਪ ਪਰਗਟ ਜੋਤ, ਵੇਲੇ ਅੰਤ ਦਏ ਸਜ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾ । ਦਸਮਾਂ ਜਾਮਾ ਗੋਬਿੰਦ ਗੁਰ ਪਾਇਆ । ਸਾਚਾ ਬੰਸ ਆਪ ਉਪਜਾਇਆ । ਏਕਾ ਅੰਸ ਪੁਰਖ ਅਕਾਲ ਅਖਵਾਇਆ । ਵਿਚ ਸਹੰਸ ਗੁਰਸਿਖ ਉਪਜਾਇਆ । ਅੰਮ੍ਰਿਤ ਆਤਮ ਸਿੰਚ ਆਤਮ ਤ੍ਰਿਖਾ ਬੁਝਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜੋਤ ਸਰੂਪੀ ਖੇਲ ਰਚਾਇਆ । ਗੁਰ ਗੋਬਿੰਦ ਗੋਬਿੰਦ ਗੁਰ ਇਹ ਕਰਮ ਕਮਾਇਆ । ਅੰਮ੍ਰਿਤ ਸਾਚਾ ਜਾਮ ਪਿਲਾਇਆ । ਕਲਜੁਗ ਜੀਵਾਂ ਵੇਲੇ ਅੰਤ ਕਲ ਗੁਰ ਕਰਮ ਭੁਲਾਇਆ । ਸਾਚਾ ਧਰਮ ਹੋਇਆ ਭਸਮੰਤ, ਮਦਿਰਾ ਮਾਸ ਰਸਨ ਆਹਾਰ ਬਣਾਇਆ । ਕਲਜੁਗ ਮਾਇਆ ਪਾਈ ਬੇਅੰਤ, ਆਪਣਾ ਮੂਲ ਕਲਜੁਗ ਜੀਵ ਗਵਾਇਆ । ਜੋਤ ਸਰੂਪੀ ਪ੍ਰਭ ਭਗਵੰਤ, ਪਰਗਟ ਜੋਤ ਜੋਤ ਸਰੂਪੀ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨ ਲਗਾਇਆ । ਗੁਰ ਗੋਬਿੰਦ ਇਹ ਗਏ ਜਣਾ । ਸਾਚੀ ਬਣਤ ਕਲ ਗਏ ਬਣਾ । ਵੇਲਾ ਅੰਤ ਪ੍ਰਭ ਗਏ ਸੁਣਾ । ਸਰਬ ਜੀਵ ਜੰਤ ਅੰਤ ਨਿਹਕਲੰਕ ਪਕੜੇ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਇਆ ਭੇਖ ਵਟਾ । ਗੁਰ ਗੋਬਿੰਦ ਇਹ ਓਟ ਰਖਾ ਕੇ । ਨਿਹਕਲੰਕ ਸਾਚਾ ਮਾਣ ਜਗਤ ਜੀਵ ਦਵਾ ਕੇ । ਆਪ ਆਪਣਾ ਜੋਤ ਸਰੂਪੀ ਖੇਲ ਵਰਤਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਆਏ ਜਾਮਾ ਜੋਤ ਸਰੂਪੀ ਪਾ ਕੇ । ਗੁਰ ਗੋਬਿੰਦ ਇਹ ਆਸ ਰਖਾਈ । ਨਿਹਕਲੰਕ ਵੇਲੇ ਅੰਤ ਹੋਏ ਸਹਾਈ । ਚਾਰ ਵਰਨ ਏਕਾ ਸਰਨ ਲਾਏ ਪ੍ਰਭ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਆਸ ਕਰਾਈ । ਪੂਰਨ ਪ੍ਰਭ ਪੂਰਨ ਆਸਾ । ਪੂਰਨ ਦੇਵੇ ਪ੍ਰਭ ਭਰਵਾਸਾ । ਗੁਰਮੁਖ ਸਾਚੇ ਪ੍ਰਭ ਚਰਨ ਪ੍ਰੀਤ ਸਾਚੀ ਰਹਿਰਾਸਾ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਰੱਖੇ ਵਾਸਾ । ਗੁਰਮੁਖ ਸਾਚੇ ਪ੍ਰਭ ਦਰਸ ਦਿਖਾਇਆ । ਗੁਰਮੁਖ ਸਾਚੇ ਪ੍ਰਭ ਵਿਚ ਸਮਾਇਆ । ਨਿਜ ਘਰ ਵਾਸੀ ਨਿਜ ਘਰ ਵਾਸ ਰਖਾਇਆ ।

ਪ੍ਰਭ ਅਬਿਨਾਸ਼ੀ ਆਪਣਾ ਭੇਦ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਮੇਲ ਮਿਲਾਇਆ । ਪ੍ਰਭ ਅਬਿਨਾਸ਼ੀ ਮੇਲ ਮਿਲਾ ਕੇ । ਸਾਚਾ ਸ਼ਬਦ ਜਾਏ ਉਪਜਾ ਕੇ । ਏਕਾ ਧੁਨ ਸੋਹੰ ਜਗਤ ਸੁਣਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਜਾਏ ਤੇਰਾ ਬਜਰ ਕਪਾਟ ਖੁਲ੍ਹਾ ਕੇ । ਸਾਚੀ ਧੁਨ ਪ੍ਰਭ ਉਪਜਾਏ । ਸਾਚੇ ਮਾਰਗ ਪ੍ਰਭ ਆਪ ਲਗਾਏ । ਗੁਰਮੁਖ ਸਾਚਾ ਗੁਰ ਦਰ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਸਾਚਾ ਪ੍ਰਭ ਪੂਰਨ ਆਸ । ਸਰਬ ਘਟਾਂ ਘਟ ਰੱਖੇ ਵਾਸ । ਸਾਚਾ ਪ੍ਰਭ ਸਰਬ ਗੁਣਤਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਦੁਖੜੇ ਕੀਨੇ ਨਾਸ । ਗੁਰਮੁਖ ਤੇਰਾ ਰੋਗ ਮਿਟਾਇਆ । ਆਤਮ ਸੁਖ ਪ੍ਰਭ ਨਾਮ ਵਸਾਇਆ । ਅੰਮ੍ਰਿਤ ਆਤਮ ਸਿੰਚ ਤਨ ਮਨ ਹਰਾ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਸਾਚਾ ਕਰਮ ਕਮਾਇਆ । ਮਿਟੇ ਦੁਖ ਉਪਜੇ ਸੁਖ । ਗੁਰਮੁਖ ਤੇਰੀ ਉਤਰੇ ਭੁੱਖ । ਪ੍ਰਭ ਅਬਿਨਾਸ਼ੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਵਾਸ ਕਟਾਵੇ ਮਾਤ ਕੁੱਖ । ਕਰ ਕਿਰਪਾ ਪ੍ਰਭ ਪਾਰ ਉਤਾਰਿਆ । ਲੱਖ ਚੁਰਾਸੀ ਗੇੜ ਨਿਵਾਰਿਆ । ਜਨਮ ਮਰਨ ਪ੍ਰਭ ਅੰਤ ਸਵਾਰਿਆ । ਸਾਚਾ ਸ਼ਬਦ ਪ੍ਰਭ ਆਪ ਲਿਖਾ ਰਿਹਾ । ਵੇਲਾ ਅੰਤ ਪ੍ਰਭ ਜੋਤੀ ਜੋਤ ਮਿਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸ ਰਖਾ ਲਿਆ । ਸਾਚਾ ਅੰਮ੍ਰਿਤ ਗੁਰ ਦਰ ਪਾਏ । ਪੀ ਅੰਮ੍ਰਿਤ ਆਤਮ ਤ੍ਰਿਖਾ ਸਰਬ ਮਿਟਾਏ । ਆਤਮ ਸਾਚੀ ਜੋਤ ਜਗਾਏ । ਹਉਮੇ ਵਿਚੋਂ ਰੋਗ ਗਵਾਏ । ਅਗਿਆਨ ਅੰਧੇਰ ਸਰਬ ਮਿਟਾਏ । ਅੰਮ੍ਰਿਤ ਆਤਮ ਸਿੰਚ ਆਤਮ ਹਰਾ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਅੰਮ੍ਰਿਤ ਮੁਖ ਚੁਆਏ । ਸਾਚਾ ਪ੍ਰਭ ਭਗਤ ਭੰਡਾਰੀ । ਜਨ ਭਗਤਾਂ ਦੇਵੇ ਨਾਮ ਅਧਾਰੀ । ਅੰਮ੍ਰਿਤ ਆਤਮ ਸਿੰਚ ਪ੍ਰਭ ਆਤਮ ਕਰੇ ਉਜਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੱਖੇ ਲਾਜ ਆਪ ਮੁਰਾਰੀ । ਅੰਮ੍ਰਿਤ ਦੇਵੇ ਪ੍ਰਭ ਸਾਚਾ ਰਸ । ਰਸਨਾ ਜਪ ਜਪ ਜਪ ਜੀਵ ਪ੍ਰਭ ਅਬਿਨਾਸ਼ੀ ਹੋਏ ਵਸ । ਨਿਹਕਲੰਕ ਅਵਤਾਰ ਨਰ ਗੁਰਮੁਖ ਆਏ ਚਰਨ ਨੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੀਤ ਮਾਤ ਜਾਏ ਦੱਸ । ਮਾਤਲੋਕ ਵਰਤੇ ਵਰਤਾਰ । ਸੰਤ ਮਨੀ ਸਿੰਘ ਲਿਖੇ ਲਿਖਾਰ । ਏਕਾ ਸ਼ਬਦ ਉਪਜਾਵੇ ਧੁਨਕਾਰ । ਪ੍ਰਭ ਅਬਿਨਾਸ਼ੀ ਸ਼ਬਦ ਗੁਣ ਭਰੇ ਭੰਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰਤਾਵੇ ਕਲ ਵਿਚ ਸੰਸਾਰ । ਸਾਚੇ ਸੰਤ ਸ਼ਬਦ ਜਣਾਇਆ । ਆਪ ਆਪਣਾ ਭੇਵ ਖੁਲ੍ਹਾਇਆ । ਏਕਾ ਨਾਮ ਅਧਾਰ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਛੁਪਾਇਆ । ਸੰਤ ਮਨੀ ਸਿੰਘ ਪ੍ਰਭ ਦਇਆ ਕਮਾਈ । ਏਕਾ ਕਲਮ ਹੱਥ ਫੜਾਈ । ਕਿਰਪਾ ਕਰੇ ਆਪ ਰਘੁਰਾਈ । ਦਿਭ ਦ੍ਰਿਸ਼ਟ ਪ੍ਰਭ ਆਪ ਖੁਲ੍ਹਾਈ । ਸ਼ਬਦ ਧੁਨ ਆਪ ਉਪਜਾਈ । ਏਕ ਸੁੰਨ ਪ੍ਰਭ ਚਰਨ ਖੁਲ੍ਹਾਈ । ਸੰਤ ਸਾਚਾ ਚੁਣ ਪ੍ਰਭ ਸੇਵ ਲਗਾਈ । ਬੈਠ ਅਡੋਲ ਰਿਹਾ ਸ੍ਰਿਸ਼ਟ ਲੇਖ ਲਿਖਾਈ । ਆਪ ਆਪਣਾ ਰਿਹਾ ਛੁਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਕਲ ਕਲ ਵਰਤਾਈ । ਸੰਤ ਮਨੀ ਸਿੰਘ ਸ਼ਬਦ ਜਣਾਏ । ਦਿਵਸ ਰੈਣ ਰੈਣ ਦਿਵਸ ਏਕਾ ਨਾਦ ਵਜਾਏ । ਮਿਟਾਏ ਵਿਵਾਦ ਆਤਮ ਸਾਧ ਪ੍ਰਭ ਏਕਾ ਰੰਗ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਛੁਪਾਏ । ਸਾਚਾ ਸ਼ਬਦ ਸੰਤ ਚਲੰਤ । ਬੈਠਾ ਆਪ ਇਕੰਤ ਭਗਵੰਤ । ਸਾਚੀ ਸੇਵਾ ਪ੍ਰਭ ਸਾਚਾ ਲਾਇਆ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਲਿਖਾਏ ਸਰਬ ਜੀਵ ਜੰਤ ।

ਕਲਜੁਗ ਜੀਵਾਂ ਪ੍ਰਭ ਲੇਖ ਲਿਖਾ । ਸਾਚਾ ਹੁਕਮ ਦੀਆ ਸੁਣਾ । ਸਾਚੇ ਸੰਤ ਸਾਚਾ ਡੰਕ ਦੀਆ ਵਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਰਿਹਾ ਛੁਪਾ । ਸਾਚੇ ਸੰਤ ਸਚ ਜਣਾਇਆ । ਸਾਚਾ ਹੁਕਮ ਪ੍ਰਭ ਇਕ ਲਿਖਾਇਆ । ਰਾਣਿਆਂ ਮਹਾਰਾਣਿਆਂ ਪ੍ਰਭ ਦਿਖ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਛੁਪਾਇਆ । ਸੰਤ ਮਨੀ ਸਿੰਘ ਲੇਖ ਲਿਖਾਰੇ । ਪ੍ਰਭ ਅਬਿਨਾਸ਼ੀ ਸ਼ਬਦ ਅਧਾਰੇ । ਸਾਚਾ ਨਾਮ ਜੋਤ ਆਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਰੇ ਖੇਲ ਨਿਆਰੇ । ਸਾਚੇ ਸ਼ਬਦ ਪ੍ਰਭ ਸਚ ਲਿਖਾਏ । ਸਾਚੇ ਹੁਕਮ ਪ੍ਰਭ ਆਪ ਲਿਖਾਏ । ਤਿੰਨ ਤਿੰਨ ਲੇਖ ਪ੍ਰਭ ਲਿਖਤ ਲਿਖਾਏ । ਰਾਜੇ ਰਾਣੇ ਪ੍ਰਭ ਝੂਠੇ ਕਰ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਾਚਾ ਮਾਣ ਦਵਾਏ । ਸੰਤ ਮਨੀ ਸਿੰਘ ਪ੍ਰਭ ਹੁਕਮ ਸੁਣਾਇਆ । ਸਾਚਾ ਲੇਖ ਪ੍ਰਭ ਲਿਖਾਇਆ । ਰਾਉ ਰੰਕਾਂ ਸਰਬ ਸੁਣਾਇਆ । ਨਿਹਕਲੰਕ ਕਲ ਜਾਮਾ ਪਾਇਆ । ਅਮਾਮ ਮਹਿੰਦੀ ਪ੍ਰਭ ਨਾਉਂ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਛੁਪਾਇਆ । ਸੰਤ ਮਨੀ ਸਿੰਘ ਕਰੇ ਪੁਕਾਰ । ਕਲਜੁਗ ਪਰਗਟੇ ਨਿਹਕਲੰਕ ਨਰਾਇਣ ਨਰ ਅਵਤਾਰ । ਮਾਤਲੋਕ ਪ੍ਰਭ ਜਾਮਾ ਆਏ ਧਾਰ । ਏਕਾ ਜੋਤ ਜਗੇ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਜਾਏ ਤਾਰ । ਸੰਤ ਮਨੀ ਸਿੰਘ ਰੰਗ ਰੰਗਾਇਆ । ਪ੍ਰਭ ਅਬਿਨਾਸ਼ੀ ਦਰਸ ਦਿਖਾਇਆ । ਸਾਚਾ ਧਨ ਮਾਲ ਗੁਰ ਸ਼ਬਦ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਛੁਪਾਇਆ । ਸਾਚਾ ਹੁਕਮ ਸੰਤ ਸੁਣਾ ਕੇ । ਸਾਚੀ ਕਲਮ ਆਪ ਚਲਾ ਕੇ । ਰਾਜੇ ਰਾਣੇ ਤਖ਼ਤੋਂ ਲਾਹ ਕੇ । ਵੇਲੇ ਅੰਤ ਕਲਜੁਗ ਪ੍ਰਭ ਸਰਨੀ ਡਿੱਗਣ ਆ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਬੈਠਾ ਭੇਦ ਛੁਪਾ ਕੇ । ਲੇਖ ਤੀਨ ਸੰਤ ਲਿਖਾਏ । ਰਾਜੇ ਰਾਣੇ ਸਰਬ ਭੁਲਾਏ । ਚਲ ਨਾ ਆਏ ਪ੍ਰਭ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਵਰਤਾਏ । ਸੰਤ ਮਨੀ ਸਿੰਘ ਕਰਮ ਲਿਖਾਏ । ਨਿਹਕਲੰਕ ਦੇ ਸਜ਼ਾਏ । ਤਖ਼ਤ ਨਿਵਾਸੀ ਰੰਕ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਨਿਮਾਣਿਆਂ ਹੱਥ ਟਿਕਾਏ । ਰਾਜਿਆਂ ਰਾਣਿਆਂ ਪ੍ਰਭ ਕਰੇ ਖੁਆਰੀ । ਨਿਹਕਲੰਕ ਨਰ ਅਵਤਾਰੀ । ਭਗਤ ਜਨਾਂ ਪ੍ਰਭ ਪੈਜ ਸਵਾਰੀ । ਸਾਧ ਸੰਗਤ ਗੁਰਚਰਨ ਬਲਿਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸੋਹਣ ਧੁਰ ਦਰਬਾਰੀ । ਸੰਤ ਮਨੀ ਸਿੰਘ ਕਲਮ ਚਲਾਈ । ਪ੍ਰਭ ਅਬਿਨਾਸ਼ੀ ਪੈਜ ਰਖਾਈ । ਮਸਤੂਆਣੇ ਮਾਣ ਦਵਾਈ । ਵੇਲੇ ਅੰਤ ਅੰਤ ਕਲ, ਸਰ ਅੰਮ੍ਰਿਤ ਥੇਹ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਆਪ ਕਰਾਈ । ਵੇਲਾ ਅੰਤ ਆਏ ਅਖ਼ੀਰ । ਗੁਰਮੁਖਾਂ ਪ੍ਰਭ ਕੱਟੇ ਭੀੜ । ਬੇਮੁਖਾਂ ਪ੍ਰਭ ਜਾਏ ਪੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੋੜੇ ਹੱਡੀ ਰੀੜ । ਵੇਲਾ ਅੰਤ ਅੰਤ ਕਲ ਆਇਆ । ਗੁਰਮੁਖਾਂ ਪ੍ਰਭ ਹੋਏ ਸਹਾਇਆ । ਪਰਗਟ ਜੋਤ ਜੋਤ ਸਰੂਪ ਪ੍ਰਭ ਸਾਚੇ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੜਿਆਂ ਕਲ ਮੇਲ ਮਿਲਾਇਆ । ਸਾਚਾ ਪ੍ਰਭ ਦਇਆ ਕਮਾਏ । ਸਾਚਾ ਧਾਮ ਆਪ ਸੁਹਾਏ । ਵਕ਼ਤ ਸੁਹੰਜਣਾ ਆਪ ਕਰਾਏ । ਸਾਚਾ ਚਰਨ ਪ੍ਰਭ ਮਸਤੂਆਣੇ ਪਾਏ । ਦਿਵਸ ਰੈਣ ਰੈਣ ਦਿਵਸ ਪ੍ਰਭ ਸਾਚਾ ਸ਼ਬਦ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜੇ ਰਾਣੇ ਸਰਨ ਲਗਾਏ । ਦਿਵਸ ਚਾਲੀ ਪ੍ਰਭ ਸ਼ਬਦ ਲਿਖਾਵਣਾ । ਸਾਚੀ ਜੋਤ ਪ੍ਰਭ ਜਗਤ ਜਗਾਵਣਾ । ਮਸਤੂਆਣਾ ਸਾਚਾ ਧਾਮ ਪ੍ਰਭ ਉਪਜਾਵਣਾ ।

ਸੰਤ ਮਨੀ ਸਿੰਘ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਮਾਣ ਦਵਾਵਣਾ । ਮਸਤੂਆਣਾ ਧਾਮ ਉਪਾ । ਰਾਣੇ ਮਹਾਰਾਣੇ ਚਰਨ ਲਗਾ । ਸੰਤ ਮਨੀ ਸਿੰਘ ਮਾਣ ਦਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤ ਹੋਏ ਆਪ ਸਹਾ । ਸਾਚੀ ਜੋਤ ਪ੍ਰਭ ਆਪ ਜਗਾਏ । ਸੰਤ ਮਨੀ ਸਿੰਘ ਮਾਣ ਦਵਾਏ । ਸਤਿਜੁਗ ਸਾਚਾ ਸਤਿਗੁਰ ਬਣ ਆਏ । ਚਾਰ ਵਰਨ ਪ੍ਰਭ ਟੇਕ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਆਪ ਤਰਾਏ । ਸੰਤ ਮਨੀ ਸਿੰਘ ਆਪ ਤਰਾਇਆ । ਸਤਿਜੁਗ ਸਾਚੇ ਮਾਣ ਦਵਾਇਆ । ਸਾਚਾ ਸੁਖ ਆਪ ਉਪਾਇਆ । ਸਤਿ ਪੁਰਖਾਂ ਪ੍ਰਭ ਮਾਣ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਖ ਵਟਾਇਆ । ਸਾਚਾ ਪ੍ਰਭ ਬਣਤ ਬਣਾਏ । ਏਕਾ ਦਰ ਦਰਬਾਰ ਚਾਰ ਵਰਨ ਚਲ ਆਏ ਸਰਨਾਏ । ਰਾਓ ਰੰਕ ਕੋਈ ਰਹਿਣ ਨਾ ਪਾਏ । ਊਚ ਨੀਚ ਪ੍ਰਭ ਇਕ ਕਰਾਏ । ਸੰਤ ਮਨੀ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦੀ ਆਸ ਪੁਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਰਿਹਾ ਛੁਪਾਏ । ਗੁਰ ਦਰਸ ਅੰਧੇਰ ਵਿਨਾਸੇ । ਗੁਰ ਦਰਸ ਜੋਤ ਪਰਕਾਸ਼ੇ । ਗੁਰ ਦਰਸ ਸਰਬ ਦੁਖ ਨਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਹੋਏ ਰਾਸੇ । ਗੁਰ ਦਰਸ ਗੁਰਸਿਖ ਕਰਿਆ । ਕਰ ਦਰਸ ਭਵਜਲ ਤਰਿਆ । ਪ੍ਰਭ ਅਬਿਨਾਸ਼ੀ ਵਿਰਲੇ ਗੁਰਮੁਖ ਵਰਿਆ । ਗੁਰਸਿਖ ਪੂਰਾ ਵਿਚ ਕਲ ਮੂਲ ਨਾ ਡਰਿਆ । ਗਰਭਵਾਸ ਫੇਰ ਨਾ ਪਰਿਆ । ਜੋ ਜਨ ਆਏ ਪ੍ਰਭ ਸਰਨੀ ਪਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਰਿਆ । ਸਾਚਾ ਪ੍ਰਭ ਅੰਤ ਨਾ ਪਾਰਾਵਾਰ । ਆਦਿ ਜੁਗਾਦਿ ਗੁਰ ਪਾਰ ਉਤਾਰਨਹਾਰ । ਪਾਰਬ੍ਰਹਮ ਪਰਮੇਸ਼ਵਰ ਪੂਰਨ ਨਰ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਪਾਏ ਸਾਰ । ਗੁਰ ਦਰਸ ਜਿਸ ਜਨ ਪਾਇਆ । ਹਉਮੈ ਸਾਰਾ ਰੋਗ ਮਿਟਾਇਆ । ਮਾਨਸ ਜਨਮ ਕਲ ਸੁਫਲ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਦਰਸ ਆਤਮ ਦੁਖ ਮਿਟਾਇਆ । ਗੁਰ ਦਰਸ ਗੁਰਮੁਖ ਜਾਣੇ । ਗੁਰਮੁਖ ਸਾਚਾ ਸਾਚਾ ਰੰਗ ਮਾਣੇ । ਪ੍ਰਭ ਅਬਿਨਾਸ਼ੀ ਸਾਚਾ ਜਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚੀ ਦਰਗਹਿ ਮਾਣ ਦਵਾਣੇ । ਸਾਚਾ ਮਾਣ ਜਗਤ ਦਵਾਏ । ਪ੍ਰਭ ਅਬਿਨਾਸ਼ੀ ਹੋਏ ਸਹਾਏ । ਗੁਰਮੁਖ ਸਾਚੇ ਗੁਰ ਸਾਚੇ ਧਾਮ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਬਹਾਏ । ਜੋਤ ਸਰੂਪੀ ਜੋਤ ਮਿਲਾ । ਸਾਚੇ ਧਾਮ ਜਾਏ ਬਹਾ । ਆਪ ਆਪਣੇ ਰੰਗ ਰੰਗਾ । ਸਚਖੰਡ ਪ੍ਰਭ ਰਿਹਾ ਸਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਲਏ ਤਰਾ । ਗੁਰਮੁਖ ਸਾਚੇ ਮਾਣ ਦਵਾਇਆ । ਨਿਹਕਲੰਕ ਕਲ ਕਰਮ ਕਮਾਇਆ । ਖੰਡ ਬ੍ਰਹਿਮੰਡ ਵਰਭੰਡ ਪ੍ਰਭ ਉਲਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪ ਰਚਾਇਆ । ਸਾਚਾ ਪ੍ਰਭ ਸਚ ਕਰਮ ਕਮਾਏ । ਬ੍ਰਹਮਲੋਕ ਪ੍ਰਭ ਦੇ ਉਲਟਾਏ । ਗੁਰਮੁਖ ਸਾਚੇ ਸਚ ਥਾਨ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹੋਏ ਸਹਾਏ । ਬ੍ਰਹਮਾ ਤੇਰਾ ਗਿਆ ਮਾਣ । ਵੇਲੇ ਅੰਤਕਾਲ ਕਲ ਪ੍ਰਭ ਚੁਕਾਈ ਕਾਣ । ਪ੍ਰਭ ਅਬਿਨਾਸ਼ੀ ਜੋਤੀ ਜੋਤ ਮਿਲਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਵਣ ਜਾਣ । ਬ੍ਰਹਮਾ ਬ੍ਰਹਮਲੋਕ ਤਜਾਏ । ਪ੍ਰਭ ਅਬਿਨਾਸ਼ੀ ਵਿਚ ਜੋਤੀ ਜੋਤ ਮਿਲਾਏ । ਗੁਰਮੁਖ ਸਾਚਾ ਗੁਰ ਧਾਮ ਬਹਾਏ । ਤੀਨ ਲੋਕ ਪ੍ਰਭ ਦੇ ਉਲਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਥ ਤ੍ਰੈਲੋਕੀ ਆਪਣੀ ਬਣਤ ਆਪ ਬਣਾਏ । ਬ੍ਰਹਮਾ ਬ੍ਰਹਮ ਰੂਪ ਸਮਾਇਆ ।

੭੦੦
੦੧

ਪ੍ਰਭ ਅਬਿਨਾਸ਼ੀ ਮੇਲ ਮਿਲਾਇਆ । ਆਦਿ ਜੁਗਦਿ ਪ੍ਰਭ ਏਕਾ ਆਪ ਰਘੁਰਾਇਆ । ਦੂਸਰ ਕੋਈ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਨਾ ਕਿਸੇ ਜਣਾਇਆ । ਬ੍ਰਹਮਲੋਕ ਗੁਰਸਿਖ ਬਹਾਏ । ਸਾਚੀ ਸੇਵਾ ਪ੍ਰਭ ਅਬਿਨਾਸ਼ੀ ਲਾਏ । ਆਪ ਆਪਣਾ ਹੱਥ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਨ ਲੋਕ ਜਾਏ ਉਲਟਾਏ । ਗੁਰਮੁਖ ਸਾਚਾ ਸਚ ਘਰ ਜਾਏ । ਦਰਗਹਿ ਸਾਚੀ ਮਾਣ ਦਵਾਏ । ਦਰ ਦਰਬਾਨ ਹੋਏ ਮਾਣ ਸਿੱਖ ਪਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੀ ਦਇਆ ਕਮਾਏ । ਸਾਚਾ ਸਿੱਖ ਗੁਰ ਦਰ ਬਹਾਇਆ । ਪ੍ਰਭ ਅਬਿਨਾਸ਼ੀ ਮਾਣ ਰਖਾਇਆ । ਕਲਜੁਗ ਅੰਤਮ ਅੰਤ ਕਰਾਇਆ । ਧ੍ਰੂ ਦਰਬਾਨ ਪ੍ਰਭ ਪਰੇ ਹਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਥੇ ਜੋਤੀ ਮੇਲ ਮਿਲਾਇਆ । ਸਾਚੀ ਜੋਤ ਪ੍ਰਭ ਮਿਲਾ ਕੇ । ਧ੍ਰੂ ਦਰਬਾਨ ਪਰੇ ਹਟਾ ਕੇ । ਗੁਰਮੁਖ ਸਾਚਾ ਦਰ ਬਹਾ ਕੇ । ਸਿੰਘ ਸਵਰਨ ਮਾਣ ਦਵਾ ਕੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਮਾਰਗ ਜਾਏ ਲਾ ਕੇ । ਪ੍ਰਭ ਅਬਿਨਾਸ਼ੀ ਸਚ ਕਰਮ ਕਮਾਵਣਾ । ਸਾਚਾ ਮਾਰਗ ਮਾਤ ਲਗਾਵਣਾ । ਤੀਨ ਲੋਕ ਧਾਮ ਉਪਜਾਵਣਾ । ਸ਼ਿਵਲੋਕ ਇੰਦਲੋਕ ਬ੍ਰਹਮਲੋਕ ਪ੍ਰਭ ਮਾਣ ਦਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਜਗਤ ਕਮਾਵਣਾ । ਅਛਲ ਛਲ ਪ੍ਰਭ ਆਪ ਕਰਾਏ । ਆਪਣਾ ਭੇਦ ਪ੍ਰਭ ਆਪ ਛੁਪਾਏ । ਜੁਗੋ ਜੁਗ ਪ੍ਰਭ ਵਿਚ ਮਾਤ ਦੇ ਆਏ । ਬਾਵਨ ਭੇਖ ਧਰ ਬਲ ਦਰ ਮੰਗਣ ਜਾਏ । ਜੋਤ ਸਰੂਪੀ ਜੋਤ ਪ੍ਰਭ ਆਪਣਾ ਭੇਖ ਵਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੋਧ ਅਗਾਧ ਅਗਾਧ ਬੋਧ ਪ੍ਰਭ ਸਾਚਾ ਸ਼ਬਦ ਲਿਖਾਏ । ਜੋਤ ਸਰੂਪ ਪ੍ਰਭ ਅਨਿਤ । ਭਗਤਨ ਹਿਤ ਜਾਮੇ ਧਾਰੇ ਨਵਿਤ । ਭਗਤ ਜਨਾਂ ਪ੍ਰਭ ਸਾਚਾ ਪਿਤ । ਮਾਨਸ ਜਨਮ ਗਏ ਜਗ ਜਿੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨ ਸਾਚਾ ਮਾਤ ਪਿਤ । ਭਗਤ ਜਨਾਂ ਪ੍ਰਭ ਪਾਰ ਉਤਾਰੇ । ਜੁਗੋ ਜੁਗ ਮਾਤਲੋਕ ਲਏ ਅਵਤਾਰੇ । ਨਿਹਕਲੰਕ ਕਲਜੁਗ ਜਾਮਾ ਧਾਰੇ । ਅਚਰਜ ਖੇਲ ਕਰੇ ਅਪਾਰੇ । ਬਹੱਤਰ ਜਾਮੇ ਭਗਤ ਜਨ ਪ੍ਰਭ ਆਪਣੇ ਆਪ ਲਿਖਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤਾਵੇ ਵਿਚ ਸੰਸਾਰੇ । ਭਗਤ ਜਨਾਂ ਪ੍ਰਭ ਲੇਖ ਲਿਖਾਏ । ਬਹੱਤਰ ਜਾਮੇ ਭਗਤ ਕਰਾਏ । ਸਰਬ ਜਨਾਂ ਸਿਰ ਹੱਥ ਟਿਕਾਏ । ਏਕਾ ਆਪਣੀ ਓਟ ਰਖਾਏ । ਦੂਸਰ ਕੋਈ ਰਹਿਣ ਨਾ ਪਾਏ । ਸੋਹੰ ਸਾਚਾ ਡੰਕ ਵਜਾਏ । ਚਾਰ ਵਰਨ ਚਾਰ ਕੁੰਟ ਏਕਾ ਅੰਕ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਕਲ ਵਰਤਾਏ । ਆਪ ਆਪਣੇ ਚਲੇ ਭਾਣੇ । ਜੋਤ ਸਰੂਪੀ ਚੋਜ ਵਡਾਣੇ । ਗੁਰਮੁਖ ਸਾਚਾ ਪ੍ਰਭ ਸਾਚੇ ਕਾ ਰੰਗ ਸਾਚਾ ਮਾਣੇ । ਜੋਤ ਸਰੂਪੀ ਗੁਰਮੁਖ ਵਿਰਲਾ ਜਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਾਣ ਜੋ ਜਨ ਚਲੇ ਪ੍ਰਭ ਕੇ ਭਾਣੇ । ਸਾਚਾ ਭਾਣਾ ਪ੍ਰਭ ਕਾ ਭਾਉ । ਗੁਰ ਚਰਨ ਧੂੜ ਸਦ ਸਦ ਨਹਾਓ । ਸਾਚਾ ਨਾਮ ਸੋਹੰ ਸਦ ਰਸਨਾ ਗਾਓ । ਰਸਨਾ ਜਪ ਜਪ ਜੀਵ ਆਤਮ ਰਸ ਪਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜ ਘਰ ਵਾਸੀ ਨਿਜ ਘਰ ਵਾਸ ਰਖਾਓ । ਨਿਜ ਘਰ ਵਸੇ ਪ੍ਰਭ ਵਸਣੇਹਾਰਾ । ਜੋ ਜਨ ਕਰੇ ਚਰਨ ਪਿਆਰਾ । ਖੋਲ੍ਹ ਦੇਵੇ ਪ੍ਰਭ ਦਸਮ ਦਵਾਰਾ । ਏਕਾ ਜਗੇ ਜੋਤ ਮਿਟੇ ਸਰਬ ਅੰਧਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਰੇ ਆਕਾਰਾ । ਜੋਤ ਸਰੂਪੀ ਪਸਰ ਪਸਾਰ । ਸਾਚਾ ਦੇਵੇ ਜੋਤ ਅਧਾਰ । ਗੁਰਮੁਖ ਸਾਚਾ ਪ੍ਰਭ ਸਾਚਾ ਜਾਏ ਤਾਰ । ਸਚਖੰਡ ਵਸਾਏ ਦਿਸਾਏ ਆਣ ਤਰਾਏ ਪ੍ਰਭ ਦੁਤਰ ਤਾਰ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਜਾਣੇ ਸਾਰ । ਗੁਰਮੁਖ ਸਾਚਾ ਰੰਗ ਰੰਗਾਇਆ । ਪ੍ਰਭ ਅਬਿਨਾਸ਼ੀ ਰਸਨਾ ਗਾਇਆ । ਸਾਚਾ ਪ੍ਰਭ ਰਿਦੇ ਵਸਾਇਆ । ਘਨਕਪੁਰ ਵਾਸੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਸਹਾਇਆ । ਸਾਚਾ ਨਾਮ ਪ੍ਰਭ ਦਵਾਏ । ਸਾਚਾ ਧਾਮ ਆਪ ਉਪਜਾਏ । ਆਪ ਆਪਣੇ ਚਰਨ ਟਿਕਾਏ । ਸਤਿਜੁਗ ਸਾਚਾ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਥਾਨ ਆਣ ਸੁਹਾਏ । ਸੋ ਸੁਹਾਏ ਥਾਨ, ਜਿਥੇ ਪ੍ਰਭ ਚਰਨ ਟਿਕਾਇਆ । ਸੋ ਸੁਹਾਏ ਥਾਨ, ਪਰਗਟ ਜੋਤ ਪ੍ਰਭ ਅਬਿਨਾਸ਼ੀ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਆਣ ਤਰਾਇਆ । ਸੁਹਾਏ ਥਾਨ ਪ੍ਰਭ ਭਏ ਦਿਆਲਾ । ਸਰਬ ਜੀਆਂ ਕਰੇ ਪ੍ਰਿਤਪਾਲਾ । ਗੁਰਮੁਖ ਸਾਚੇ ਪ੍ਰਭ ਹੋਏ ਆਪ ਰਖਵਾਲਾ । ਸੁਹਾਇਆ ਥਾਨ ਗੁਰਮੁਖ ਸਾਚੇ ਪ੍ਰਭ ਆਤਮ ਦੀਪਕ ਬਾਲਾ । ਸੋਹੰ ਸ਼ਬਦ ਗੁਰਸਿਖ ਸਾਚੇ ਪ੍ਰਭ ਸੋਹੰ ਦੇਵੇ ਆਤਮ ਸਾਚੀ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨ ਪ੍ਰੀਤੀ ਤੇਰੀ ਨਿਭੇ ਨਾਲਾ । ਪ੍ਰਭ ਸਾਚਾ ਸਚ ਥਾਨ ਸੁਹਾਇਆ । ਜੁਗੋ ਜੁਗ ਪ੍ਰਭ ਮਾਣ ਦਵਾਇਆ । ਵਿਚ ਦੁਆਪਰ ਮੁਕੰਦ ਮਨੋਹਰ ਲੱਖਮੀ ਨਰਾਇਣ ਚਰਨ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਲੇ ਅੰਤਮ ਸੱਚੇ ਸਚ ਲਿਖਾਇਆ । ਦੁਆਪਰ ਭਏ ਕ੍ਰਿਸ਼ਨ ਮੁਰਾਰ । ਜਾਦਵ ਕੁਲ ਉਤਰੀ ਪਾਰ । ਭਗਤਨ ਹੇਤ ਲਏ ਅਵਤਾਰ । ਬਿਦਰ ਸੁਦਾਮਾ ਉਤਰੇ ਪਾਰ । ਦਰੋਪਦੀ ਰੱਖੀ ਲਾਜ ਮੁਰਾਰ । ਪ੍ਰਭ ਸਾਚੇ ਦੀ ਸਾਚੀ ਕਾਰ । ਵਿਚ ਪਰਭਾਸ ਪਾਂਡੇ ਭਏ ਖ਼ੁਆਰ । ਦੁਰਬਾਸਾ ਰਿਖ ਕਰੇ ਲਾਚਾਰ । ਚਲ ਆਏ ਘਨਈਆ ਸ਼ਾਮ ਭਗਤ ਦਵਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਨਰਾਇਣ ਨਰ ਅਵਤਾਰ । ਦੁਰਯੋਧਨ ਇਹ ਕਰਮ ਕਮਾਇਆ । ਦੁਰਬਾਸਾ ਰਿਖ ਸੰਗ ਰਲਾਇਆ । ਪਾਂਡੇ ਤਾਂਈਂ ਦੁਖ ਪੁਜਾਇਆ । ਵਿਚ ਪਰਭਾਸ ਪਾਂਡੇ ਦਰ ਰਿਖ ਦੁਰਬਾਸਾ ਮੰਗਣ ਆਇਆ । ਦੇਵੋ ਰਸੋਈ ਆਤਮ ਤ੍ਰਿਪਤਾਇਆ । ਪ੍ਰਭ ਅਬਿਨਾਸ਼ੀ ਪਰਗਟ ਜੋਤ ਜੁਗੋ ਜੁਗ ਜਨ ਭਗਤਾਂ ਹੋਏ ਸਹਾਇਆ । ਦੁਰਬਾਸ਼ਾ ਇਹ ਹੁਕਮ ਸੁਣਾਏ । ਧਰਮ ਰਾਜ ਨੂੰ ਦੇ ਜਣਾਏ । ਸੁਣ ਯੁਧਿਸ਼ਟਰ ਰਿਹਾ ਸ਼ਰਮਾਏ । ਸਰਬ ਤਾਈਂ ਰਿਹਾ ਸਮਝਾਏ । ਏਕ ਓਟ ਪ੍ਰਭ ਰਖਾਏ । ਪ੍ਰਭ ਅਬਿਨਾਸ਼ੀ ਜੁਗੋ ਜੁਗ ਜਨ ਭਗਤਾਂ ਹੋਏ ਸਹਾਏ । ਦੁਰਬਾਸ਼ਾ ਇਹ ਹੁਕਮ ਸੁਣਾਇਆ । ਪੰਜ ਸੌ ਸਾਧੂ ਸੰਗ ਹੈ ਆਇਆ । ਦੁਖ ਭੁਖ ਬਹੁਤ ਸਤਾਇਆ । ਧਰਮਰਾਜ ਤੇਰੇ ਦਰਬਾਰ ਰਿਖ ਦੁਰਬਾਸ਼ਾ ਮੰਗਣ ਆਇਆ । ਦੁਖ ਭੁਖ ਵਿਚ ਪਰਭਾਸ ਪਾਂਡੇ ਬਹੁਤ ਸਤਾਇਆ । ਭਗਤਨ ਹੇਤ ਜੁਗੋ ਜੁਗ ਪ੍ਰਭ ਅਬਿਨਾਸ਼ੀ ਹੋਏ ਸਹਾਇਆ । ਪੰਜੇ ਪਾਂਡੇ ਕਰਨ ਪੁਕਾਰ । ਸੁਣੀ ਪੁਕਾਰ ਆਪ ਦਾਤਾਰ । ਰੱਖੇ ਲਾਜ ਕ੍ਰਿਸ਼ਨ ਮੁਰਾਰ । ਭਗਤ ਜਨਾਂ ਪ੍ਰਭ ਸਾਚੀ ਪਾਵੇ ਸਾਰ । ਜਨ ਭਗਤਾਂ ਪ੍ਰਭ ਸੁਣੀ ਪੁਕਾਰ । ਸਿੰਘਆਸਣ ਛੱਡੇ ਆਪ ਗਿਰਧਾਰ । ਊਧੋ ਹੁਕਮ ਸੁਣਾਇਆ ਅਪਾਰ । ਮੁਰਾਰੀ ਕ੍ਰਿਸ਼ਨ ਕਰੇ ਤਿਆਰ । ਸਾਚਾ ਰਥ ਪ੍ਰਭ ਹੋਏ ਸਵਾਰ । ਸਾਚਾ ਧਾਮ ਪ੍ਰਭ ਕੀਆ ਆਪ ਉਜਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕੀਆ ਆਕਾਰ । ਭਗਤਨ ਹੇਤ ਆਏ ਮੁਰਾਰੀ । ਉਧੋ ਸੰਗ ਰਥ ਸਵਾਰੀ । ਸੁਹਾਏ ਥਾਨ ਪ੍ਰਭ ਬੰਕ ਦਵਾਰੀ । ਸਤਿਜੁਗ ਸਾਚੇ ਗੁਰਸਿਖ ਤੇਰੀ ਹੋਏ ਜੈ ਜੈ ਜੈਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਪੈਜ ਸਵਾਰੀ । ਗੁਰ ਦਰ ਸਚ ਘਰ ਏਹ ਧਾਮ ਨਿਆਰਾ । ਦੁਆਪਰ ਲਿਆ ਕ੍ਰਿਸ਼ਨ ਅਵਤਾਰਾ । ਮਾਧੋ ਸੁੱਤੇ ਚਰਨ ਪਸਾਰਾ । ਕਲਜੁਗ ਜੀਵ ਭੁੱਲੇ ਸਰਬ ਗਵਾਰਾ । ਸਾਚਾ ਧਾਮ ਪ੍ਰਭ ਉਪਜਾਵੇ, ਸਤਿਜੁਗ ਵਿਚ

ਮਾਤ ਨਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜਾਣੇ ਸਾਰਾ । ਸਾਚਾ ਧਾਮ ਸਤਿਜੁਗ ਬਣਾਏ । ਪ੍ਰਭ ਅਬਿਨਾਸ਼ੀ ਮਾਣ ਦਵਾਏ । ਗੁਰਮੁਖ ਸਾਚੇ ਪ੍ਰਭ ਸਾਚਾ ਛਤਰ ਸੀਸ ਝੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਧਾਮ ਆਪ ਉਪਜਾਏ । ਸਾਚੇ ਪ੍ਰਭ ਚਰਨ ਟਿਕਾਵਣਾ । ਜੋਤ ਸਰੂਪੀ ਖੇਲ ਰਚਾਵਣਾ । ਵਾਲੀ ਹਿੰਦ ਸਰਨ ਲਗਾਵਣਾ । ਜਮਨ ਕਿਨਾਰਾ ਧਾਮ ਸੁਹਾਵਣਾ । ਵਾਲੀ ਦੋ ਜਹਾਨ ਵਿਚ ਮਾਤ ਦੇ ਆਵਣਾ । ਨਿਹਕਲੰਕ ਅਵਤਾਰ ਨਰ ਪ੍ਰਭ ਅਬਿਨਾਸ਼ੀ ਨਾਉਂ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਆਪ ਕਮਾਵਣਾ । ਦਿੱਲੀ ਵਿਚ ਪ੍ਰਭ ਚਰਨ ਟਿਕਾ । ਰਾਜ ਬਣਤਰ ਪ੍ਰਭ ਦਏ ਬਣਾ । ਸਤਿਗੁਰ ਸਾਚਾ ਲੇਖ ਲਿਖਾ । ਸਤਿਜੁਗ ਚਲਾਵੇ ਸਾਚਾ ਰਾਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਬਹਾਏ ਏਕਾ ਥਾਂ । ਸਾਚਾ ਪ੍ਰਭ ਲੇਖ ਲਿਖਾਰੇ । ਚਾਰ ਵਰਨ ਪ੍ਰਭ ਭਰੇ ਭੰਡਾਰ । ਆਇਣ ਚਰਨ ਸੋਹਣ ਦਰਬਾਰੇ । ਨਿਹਕਲੰਕ ਨਰਾਇਣ ਨਰ ਅਵਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਰੀ ਆਪ ਸਿਕਦਾਰੇ । ਸਤਿਜੁਗ ਤੇਰਾ ਪ੍ਰਭ ਸਿਕਦਾਰ । ਪਾਰਬ੍ਰਹਮ ਪੂਰਨ ਅਵਤਾਰ । ਜੋਤ ਸਰੂਪ ਜੋਤ ਨਿਰੰਕਾਰ । ਗੁਰਮੁਖ ਸਾਚਾ ਪਾਵੇ ਸਾਰ । ਬੇਮੁਖ ਜੀਵ ਕਲਜੁਗ ਹੋਇਣ ਖੁਆਰ । ਵੇਲੇ ਅੰਤ ਖਾਇਣ ਜਮ ਮਾਰ । ਗੁਰਮੁਖ ਸਾਚਾ ਕਰੇ ਪ੍ਰਭ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਦੇਵੇ ਤਾਰ । ਸਾਚੇ ਪ੍ਰਭ ਸਚ ਵਡਿਆਈ । ਸਾਚੀ ਬਣਤ ਪ੍ਰਭ ਆਪ ਬਣਾਈ । ਮਹਿੰਮਾ ਅਗਣਤ ਗਣੀ ਨਾ ਜਾਈ । ਜੀਵ ਜੰਤ ਪ੍ਰਭ ਰਿਹਾ ਜਣਾਈ । ਏਕਾ ਸਰਨ ਦੇਵੇ ਸਰਨਾਈ । ਮਾਤਲੋਕ ਮਿਲੇ ਵਡਿਆਈ । ਜੋ ਜਨ ਸੋਹੰ ਰਸਨਾ ਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲਿਖਾਈ । ਸਾਚਾ ਵਕਤ ਪ੍ਰਭ ਸੁਹਾਵਣਾ । ਸਾਚਾ ਚਰਨ ਸਚ ਘਰ ਪਾਵਣਾ । ਦਿਵਸ ਰੈਣ ਰੈਣ ਦਿਵਸ ਪ੍ਰਭ ਅਬਿਨਾਸ਼ੀ ਰਸਨਾ ਗਾਵਣਾ । ਗੁਰਮੁਖ ਸਾਚੇ ਨਾ ਮਿਲੇ ਸਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਸਵਾਸ ਪਵਣਾ । ਸੋਹੰ ਚਲੇ ਸਵਾਸ ਸਵਾਸਾ । ਗੁਰਮੁਖ ਸਾਚੇ ਪ੍ਰਭ ਆਤਮ ਤੇਰੀ ਰੱਖੇ ਵਾਸਾ । ਰਸਨਾ ਜਪ ਜਪ ਜੀਵ, ਸੋਹੰ ਤੇਰੀ ਸਚੀ ਰਹਿਰਾਸਾ । ਸਾਚਾ ਸ਼ਬਦ ਮਾਤਲੋਕ ਦੇਵੇ ਪ੍ਰਭ ਭਰਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਦਾਸਨ ਦਾਸਾ । ਦਾਸਨ ਦਾਸ ਪ੍ਰਭ ਸਦ ਦਾਸ । ਗੁਰਮੁਖ ਸਾਚੇ ਪ੍ਰਭ ਆਤਮ ਰੱਖੇ ਸਦ ਵਾਸ । ਰਸਨਾ ਲਗਾਏ ਜੋ ਜਨ ਮਦਿਰਾ ਮਾਸ । ਅੰਤਕਾਲ ਪਾਏ ਜਮ ਕੀ ਫਾਸ । ਸੋਹੰ ਸ਼ਬਦ ਜਨ ਰਸਨਾ ਗਾਏ ਸਵਾਸ ਸਵਾਸ । ਪ੍ਰਭ ਮਿਲਣ ਕੀ ਸਾਚੀ ਆਸ । ਦੇਵੇ ਦਰਸ ਪ੍ਰਭ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਹਿਰਦੇ ਰੱਖੇ ਵਾਸ । ਸਾਚਾ ਪ੍ਰਭ ਸਰਬ ਸੁਖਦੇਵਾ । ਸਾਚਾ ਪ੍ਰਭ ਸਾਚੀ ਪ੍ਰਭ ਸੇਵਾ । ਧਰੇ ਜੋਤ ਪ੍ਰਭ ਅਲਖ ਅਭੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਮੇਵਾ । ਜੀਵ ਜਾਗ ਜਾਗ, ਪ੍ਰਭ ਜਾਮਾ ਧਾਰੇ । ਜੀਵ ਜਾਗ ਜਾਗ, ਪ੍ਰਭ ਜੋਤ ਆਕਾਰੇ । ਜੀਵ ਜਾਗ ਜਾਗ, ਮਾਤਲੋਕ ਆਇਆ ਨੈਣ ਮੁੰਧਾਰੇ । ਜੀਵ ਜਾਗ ਜਾਗ, ਪ੍ਰਭ ਸਾਚਾ ਆਏ ਦਰ ਦਰਬਾਰੇ । ਜੀਵ ਜਾਗ ਜਾਗ, ਆਤਮ ਜੋਤ ਜਗਾਏ ਝੂਠੇ ਮਹਲ ਮੁਨਾਰੇ । ਜੀਵ ਜਾਗ ਜਾਗ, ਕਰ ਦਰਸ ਪ੍ਰਭ ਕ੍ਰਿਸ਼ਨ ਮੁਰਾਰੇ । ਉਠ ਜੀਵ ਜਾਗ, ਚਲ ਆ ਗੁਰ ਚਰਨ ਦਵਾਰੇ । ਉਠ ਜੀਵ ਜਾਗ, ਪ੍ਰਭ ਸਾਚਾ ਲਾਏ ਭਾਗ ਭਰ ਦਏ ਭੰਡਾਰੇ । ਉਠ ਜੀਵ ਜਾਗ, ਪ੍ਰਭ ਸਾਚਾ ਕਲ ਕਾਜ ਸਵਾਰੇ । ਉਠ ਜੀਵ ਜਾਗ, ਪ੍ਰਭ ਉਪਜਾਵੇ ਅਨਹਦ ਧੁਨ ਸਚੀ

ਸਰਕਾਰੇ । ਉਠ ਜੀਵ ਜਾਗ, ਆਤਮ ਬੁਝਾ ਤ੍ਰਿਸ਼ਨਾ ਆਗ, ਰਸਨਾ ਸੋਹੰ ਜੈ ਜੈ ਜੈਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਜੋਤ ਅਧਾਰੇ । ਉਠ ਜੀਵ ਜਾਗ, ਪ੍ਰਭ ਦਰਸ ਕਰ । ਉਠ ਜੀਵ ਜਾਗ, ਪ੍ਰਭ ਚਰਨ ਲਾਗ ਜਗਤ ਤਰ । ਉਠ ਜੀਵ ਜਾਗ, ਰਸਨਾ ਜਪ ਸਾਚਾ ਨਾਮ ਹਰਿ । ਜੋਤ ਸਰੂਪੀ ਜੋਤ ਪ੍ਰਭ, ਪ੍ਰਭ ਸਾਚੇ ਦੀ ਸਰਨੀ ਪਰ । ਉਠ ਜੀਵ ਜਾਗ, ਪ੍ਰਭ ਦਵਾਏ ਸਾਚਾ ਘਰ ਵਰ । ਉਠ ਜੀਵ ਜਾਗ, ਮਾਤਲੋਕ ਪਰਗਟੇ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੂਲ ਨਾ ਡਰ । ਉਠ ਜੀਵ ਜਾਗ, ਪ੍ਰਭ ਭਏ ਅਨੰਦਾ । ਉਠ ਜੀਵ ਜਾਗ, ਪ੍ਰਭ ਉਪਜਾਵੇ ਆਤਮ ਪਰਮਾਨੰਦਾ । ਉਠ ਜੀਵ ਜਾਗ, ਕਲਜੁਗ ਛੋੜ ਝੂਠਾ ਧੰਦਾ । ਉਠ ਜੀਵ ਜਾਗ, ਰਸਨਾ ਤਿਆਗ ਮਦਿਰਾ ਮਾਸ ਗੰਦਾ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਸਦ ਬਖ਼ਸ਼ਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਿਰ ਹੱਥ ਰਖੰਦਾ । ਉਠ ਜੀਵ ਜਾਗ, ਪ੍ਰਭ ਸ਼ਬਦ ਜਣਾਏ । ਉਠ ਜੀਵ ਜਾਗ, ਪ੍ਰਭ ਸਾਚਾ ਸਰਨ ਲਗਾਏ । ਉਠ ਜੀਵ ਜਾਗ, ਮਾਨਸ ਜਨਮ ਸੁਫਲ ਕਰਾਏ । ਉਠ ਜੀਵ ਜਾਗ, ਪ੍ਰਭ ਸਾਚੇ ਦੀ ਸਾਚੀ ਜੋਤ ਵਿਚ ਜੋਤ ਮਿਲਾਏ । ਉਠ ਜੀਵ ਜਾਗ, ਭਗਤ ਭਗਵਾਨ ਇਕ ਹੋ ਜਾਏ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਿਰ ਤੇਰੇ ਹੱਥ ਟਿਕਾਏ । ਉਠ ਜੀਵ ਜਾਗ, ਪ੍ਰਭ ਦਰ ਵੇਖ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਕੀਆ ਭੇਖ । ਉਠ ਜੀਵ ਜਾਗ, ਪ੍ਰਭ ਸਾਚਾ ਲਿਖ ਜਾਏ ਲੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤਾਂ ਰਿਹਾ ਵੇਖ । ਸੋ ਜਾਗੇ ਜਿਸ ਆਪ ਜਗਾਏ । ਕਲਜੁਗ ਜੀਵ ਸਾਰ ਨਾ ਪਾਏ । ਗੁਰਮੁਖ ਸਾਚੇ ਪ੍ਰਭ ਸਰਨ ਲਗਾਏ । ਬ੍ਰਹਮ ਗਿਆਨੀਆਂ ਪ੍ਰਭ ਬ੍ਰਹਮ ਗਿਆਨ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਏਕਾ ਚਰਨ ਧਿਆਨ ਰਖਾਏ । ਗੁਰਮੁਖ ਦੇਵੇ ਚਰਨ ਧਿਆਨਾ । ਚਰਨ ਧੂੜ ਬਖ਼ਸ਼ੇ ਸਾਚਾ ਇਸ਼ਨਾਨਾ । ਪ੍ਰਭ ਅਬਿਨਾਸ਼ੀ ਆਤਮ ਦੇਵੇ ਜੋਤ ਮਹਾਨਾ । ਹੋਏ ਸਹਾਈ ਵੇਲੇ ਅੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਗੁਰਮੁਖ ਸਾਚਾ ਸਚ ਰੰਗ ਰੰਗਾਇਆ । ਸਾਚਾ ਰੰਗ ਨਾਉਂ ਮਜੀਠ ਚੜ੍ਹਾਇਆ । ਬੇਮੁਖ ਜੀਵ ਕਲ ਕੁੜਿਆਰ ਪ੍ਰਭ ਸਰਬ ਖਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਬਾਂਹੋਂ ਪਕੜ ਤਰਾਇਆ । ਤਾਰਨਹਾਰ ਗੁਰਸਿਖ ਤਾਰਿਆ । ਕਰ ਕਿਰਪਾ ਪਾਰ ਉਤਾਰਿਆ । ਸਾਚਾ ਕਰਮ ਪ੍ਰਭ ਆਪ ਵਿਚਾਰਿਆ । ਥਿਰ ਘਰ ਵਾਸੀ ਗੁਰਮੁਖ ਸਾਚੇ ਬਣਤ ਬਣਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਕੁੰਠ ਨਿਵਾਸੀ ਬੈਕੁੰਠ ਨਿਵਾਸ ਦਵਾ ਰਿਹਾ । ਸਾਚਾ ਪ੍ਰਭ ਸਦਾ ਦਇਆਵਾਨ । ਪ੍ਰਭ ਅਬਿਨਾਸ਼ੀ ਪੂਰਨ ਭਗਵਾਨ । ਸੰਤ ਜਨਾਂ ਪ੍ਰਭ ਸਦ ਮਿਹਰਵਾਨ । ਪ੍ਰਭ ਸਾਚੇ ਦੀ ਸਾਚੀ ਆਣ । ਗੁਰਮੁਖ ਜੋਤ ਜਗਾਏ ਮਹਾਨ । ਬੇਮੁਖ ਆਤਮ ਸੁੰਞ ਮਸਾਣ । ਸੰਤ ਜਨ ਕਰ ਦਰਸ ਪ੍ਰਭ ਬਲ ਬਲ ਜਾਣ । ਦਰ ਦਰਬਾਰ ਆਏ ਸਾਚਾ ਮੰਗਣ ਨਾਮ ਦਾਨ । ਦੇਵੇ ਦਾਨ ਪ੍ਰਭ ਅਬਿਨਾਸ਼ੀ ਸੋਹੰ ਗੁਣੀ ਨਿਧਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਘਟਾਂ ਦਾ ਜਾਣੀ ਜਾਣ । ਸਾਚਾ ਨਾਮ ਜਿਸ ਜਨ ਮੰਗਿਆ । ਪ੍ਰਭ ਅਬਿਨਾਸ਼ੀ ਆਤਮ ਰੰਗਿਆ । ਅੰਮ੍ਰਿਤ ਝਿਰਨਾ ਝਿਰਾਏ ਆਤਮ ਗੰਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਗੁਰਮੁਖ ਸਾਚਾ ਪਾਰ ਲੰਘਿਆ । ਕਲਜੁਗ ਆਏ ਨੈਣ ਮੁੰਧਾਰ । ਬਾਸ਼ਕ ਸੇਜ ਤਜੇ ਗਿਰਧਾਰ । ਜੋਤ ਸਰੂਪੀ ਵਿਚ ਮਾਤ ਜੋਤ ਕੀਆ ਆਕਾਰ । ਗੁਰਮੁਖ ਸਾਚੇ ਜੋਤ ਸਰੂਪ ਵਿਚ ਬੈਠ ਰਿਹਾ ਗਿਰਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤ ਨਾ ਪਾਵੇ ਤੇਰੀ

ਸਾਰ । ਬਾਸ਼ਕ ਸੇਜ ਪ੍ਰਭ ਤਜਾਇਆ । ਸਹੰਸਰ ਮੁਖ ਜਿਸ ਰਸਨਾ ਗਾਇਆ । ਸਰਬ ਸੁਖ ਆਤਮ ਤ੍ਰਿਪਤਾਇਆ । ਵਿਚ ਮਾਤ ਜੋਤ ਸਰੂਪੀ ਖੇਲ ਰਚਾਇਆ । ਉਤਰੇ ਭੁੱਖ ਜੋ ਜਨ ਆਏ ਪ੍ਰਭ ਸਰਨਾਇਆ । ਹਉਮੇ ਵਿਚੋਂ ਜਾਏ ਦੁਖ, ਸੋਹੰ ਸਾਚਾ ਰਸਨਾ ਗਾਇਆ । ਸੁਫਲ ਕਰਾਏ ਮਾਤ ਕੁੱਖ, ਨਿਹਕਲੰਕ ਤੇਰੀ ਸਰਨਾਇਆ । ਕਲਜੁਗ ਜੀਵ ਹੋਏ ਬੇਮੁਖ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਵੇਲੇ ਅੰਤ ਪਾਇਣ ਦੁਖ, ਧਰਮ ਰਾਏ ਦੇ ਸਜ਼ਾਇਆ । ਵਾਸ ਕਟਾਏ ਮਾਤ ਕੁੱਖ, ਆਵਣ ਜਾਣ ਪ੍ਰਭ ਗੇੜ ਚੁਕਾਇਆ । ਗੁਰਮੁਖ ਸਾਚੇ ਮਿਲਿਆ ਸਾਚਾ ਸੁਖ, ਪ੍ਰਭ ਜੋਤੀ ਮੇਲ ਮਿਲਾਇਆ । ਕਰ ਦਰਸ ਉਤਰੇ ਭੁੱਖ, ਚਲ ਆਏ ਪ੍ਰਭ ਸਰਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸ ਪੁਜਾਇਆ । ਸਰਬ ਜਨਾਂ ਪ੍ਰਭ ਸਰਧਨ ਪੂਰ । ਪ੍ਰਭ ਅਬਿਨਾਸ਼ੀ ਸਦਾ ਹਜ਼ੂਰ । ਗੁਰਮੁਖ ਸਾਚੇ ਪ੍ਰਭ ਆਤਮ ਕਰੇ ਭਰਪੂਰ । ਆਤਮ ਜੋਤ ਜਗਾਏ ਕਰੇ ਰੁਸ਼ਨਾਏ ਜਿਉਂ ਕੋਹਤੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਸਤਿ ਸਰੂਰ । ਪ੍ਰਭ ਅਬਿਨਾਸ਼ੀ ਸਚਾ ਸਤਿਗੁਰ ਪੂਰਾ । ਸਾਚੀ ਧੁਨ ਉਪਜਾਵੇ ਅਨਹਦ ਤੂਰਾ । ਨਿਹਕਲੰਕ ਕਲ ਸਾਚਾ ਸੂਰਾ । ਪ੍ਰਭ ਕਾ ਬਚਨ ਨਾ ਹੋਏ ਅਧੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰਾ । ਸਰਬ ਘਟਾਂ ਪ੍ਰਭ ਆਪੇ ਜਾਣੇ । ਪ੍ਰਭ ਕੀ ਜੋਤ ਜਗਤ ਮਹਾਨੇ । ਕਿਆ ਕੋਈ ਜਾਣੇ ਕਿਆ ਵਖਾਣੇ । ਆਪਣੇ ਰੰਗ ਪ੍ਰਭ ਸਦ ਸਮਾਣੇ । ਜੀਵ ਜੰਤ ਕੋਈ ਭੇਦ ਨਾ ਜਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਚਲਾਏ ਭਾਣੇ । ਆਪ ਆਪਣੇ ਵਿਚ ਸਮਾਇਆ । ਏਕਾ ਅਧਾਰ ਜੋਤ ਰਖਾਇਆ । ਏਕਾ ਜੋਤ ਜਗਤ ਜਗਾਇਆ । ਤੀਨ ਲੋਕ ਆਕਾਰ ਕਰਾਇਆ । ਵਿਚ ਸੰਸਾਰ ਪ੍ਰਭ ਭੇਦ ਰਖਾਇਆ । ਜੋਤ ਸਰੂਪ ਵਿਚ ਜੀਵ ਜੰਤ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵਾਂ ਸਰਬ ਭੁਲਾਇਆ । ਭੁੱਲੇ ਜੀਵ ਸਰਬ ਸੰਸਾਰੀ । ਪ੍ਰਭ ਸਾਚੇ ਦੀ ਖੇਲ ਨਿਆਰੀ । ਮਾਇਆ ਪਾਈ ਕਲ ਅਪਰ ਅਪਾਰੀ । ਦਿਸ ਨਾ ਆਏ ਪ੍ਰਭ ਗਿਰਧਾਰੀ । ਭਗਤ ਜਨਾਂ ਪ੍ਰਭ ਪੈਜ ਸਵਾਰੀ । ਸਾਚੀ ਦੇਵੇ ਨਾਮ ਖੁਮਾਰੀ । ਦਰ ਘਰ ਆਏ ਦੇਵੇ ਦਰਸ ਆਪ ਗਿਰਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸ ਪੁਜਾਰੀ । ਸਾਚੇ ਮਾਰਗ ਗੁਰਮੁਖ ਲਾਇਆ । ਸਾਚਾ ਦਰ ਪ੍ਰਭ ਆਪ ਵਖਾਇਆ । ਏਕਾ ਘਰ ਪ੍ਰਭ ਆਪ ਵਸਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਡੇਰਾ ਲਾਇਆ । ਜੋਤ ਸਰੂਪ ਵਿਚ ਵਿਸਮਾਦ । ਜਗੇ ਜੋਤ ਆਦਿ ਜੁਗਾਦਿ । ਝੂਠੀ ਦੇਹ ਸੋਹੰ ਵਜਾਏ ਸਾਚਾ ਨਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਜਾਏ ਸਾਧ । ਗੁਰਮੁਖ ਸੋ ਜਿਸ ਪ੍ਰਭ ਪਛਾਣਿਆ । ਗੁਰਮੁਖ ਸੋ ਜੋ ਚਲੇ ਪ੍ਰਭ ਕੇ ਭਾਣਿਆ । ਗੁਰਮੁਖ ਸੋ ਜਿਸ ਹਰਿ ਰੰਗ ਮਾਣਿਆ । ਗੁਰਮੁਖ ਸੋ ਜਿਸ ਦੇਵੇ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਸਾਚਾ ਰੰਗ ਸੋ ਜਨ ਜਾਣੇ । ਜੋ ਜਨ ਰਸਨਾ ਪ੍ਰਭ ਵਖਾਣੇ । ਪ੍ਰਭ ਅਬਿਨਾਸ਼ੀ ਦੇਵੇ ਮਾਣੇ । ਜੋ ਜਨ ਚਲੇ ਪ੍ਰਭ ਕੇ ਭਾਣੇ । ਸਾਧ ਸੰਗਤ ਪ੍ਰਭ ਸਦ ਕੁਰਬਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਦੀ ਆਪੇ ਜਾਣੇ । ਭਗਤ ਜਨ ਸਾਚੇ ਸੰਤ । ਪ੍ਰਭ ਅਬਿਨਾਸ਼ੀ ਬਣਾਈ ਸਾਚੀ ਬਣਤ । ਦੇਵੇ ਵਡਿਆਈ ਵਿਚ ਸਰਬ ਜੀਵ ਜੰਤ । ਏਕਾ ਜੋਤ ਜਗਾਏ ਪ੍ਰਭ ਸਾਚਾ ਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਦਵਾਏ ਸਾਚੇ ਸੰਤ । ਸਾਚੇ ਸੰਤ ਸੇਵਾ ਕਰ । ਪ੍ਰਭ ਅਬਿਨਾਸ਼ੀ ਲਿਆ ਵਰ । ਅੰਤਕਾਲ ਪ੍ਰਭ ਸਾਚਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਧਰਨੀ ਧਰ ।

੭੦੫
੦੧

ਸੰਤ ਮਨੀ ਸਿੰਘ ਤੇਰਾ ਮਾਣ । ਪ੍ਰਭ ਅਬਿਨਾਸ਼ੀ ਲਿਆ ਜਾਣ । ਸਾਚਾ ਸ਼ਬਦ ਰਸਨ ਵਖਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਪਾਏ ਏਕਾ ਆਣ । ਸਾਚੇ ਸੰਤ ਸਤਿ ਮਾਰਗ ਲਾਇਆ । ਧੰਨ ਧੰਨ ਧੰਨ ਗੁਰਸਿਖ ਜਿਸ ਸੰਤ ਮਨੀ ਸਿੰਘ ਸੰਗ ਰਲਾਇਆ । ਉਜਲ ਹੋਏ ਮੁਖ, ਪ੍ਰਭ ਅਬਿਨਾਸ਼ੀ ਹੋਏ ਸਹਾਇਆ । ਵੇਲੇ ਅੰਤ ਸਰਬ ਦਵਾਏ ਸੁਖ, ਪ੍ਰਭ ਸਾਚੀ ਜੋਤ ਲਏ ਮਿਲਾਇਆ । ਕਰ ਦਰਸ ਉਤਰੇ ਭੁੱਖ, ਪ੍ਰਭ ਅਬਿਨਾਸ਼ੀ ਘਰ ਮੇਂ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਇਆ । ਸੰਤ ਜਨਾਂ ਕਾ ਕੀਆ ਸੰਗ । ਆਤਮ ਚਾੜ੍ਹਿਆ ਪ੍ਰਭ ਸਾਚਾ ਰੰਗ । ਪ੍ਰਭ ਦਰ ਮੰਗੀ ਸਾਚੀ ਮੰਗ । ਮਾਨਸ ਜਨਮ ਨਾ ਹੋਇਆ ਭੰਗ । ਕਰ ਦਰਸ ਭਵਜਲ ਪਾਰ ਜਾਏ ਲੰਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਸੰਗ ਅੰਗ । ਸੰਤ ਮਨੀ ਸਿੰਘ ਰਾਹ ਚਲਾਇਆ । ਨਿਹਕਲੰਕ ਪ੍ਰਭ ਸਰਨ ਲਗਾਇਆ । ਸਾਚਾ ਸ਼ਬਦ ਸਾਚਾ ਹੁਕਮ ਸਰਬ ਸੁਣਾਇਆ । ਕਲਜੁਗ ਜੀਵ ਭੁੱਲ ਭੁੱਲ ਵਕ਼ਤ ਗਵਾਇਆ । ਵੇਲੇ ਅੰਤ ਰੁਲ ਰੁਲ ਰੁਲ ਆਪਣਾ ਮੂਲ ਗਵਾਇਆ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਆਪਣਾ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣਾ ਝੋਲੀ ਪਾਇਆ । ਪ੍ਰਭ ਅਬਿਨਾਸ਼ੀ ਸਤਿ ਸਰਨਾਏ । ਜੁਗੋ ਜੁਗ ਵਿਛੜੇ ਪ੍ਰਭ ਸਾਚਾ ਮੇਲ ਮਿਲਾਏ । ਜੁਗ ਚੌਥੇ ਪ੍ਰਭ ਸਾਚਾ ਸਾਚੀ ਬਣਤ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਗੁਰਸਿਖ ਤੇਰੇ ਆਣ ਤਰਾਏ । ਸੰਤ ਮਨੀ ਸਿੰਘ ਮਾਣ ਦਵਾਇਆ । ਪਿਤਾ ਪੂਤ ਹੋਏ ਸੇਵ ਕਮਾਇਆ । ਸਾਚੀ ਦਰਗਹਿ ਪ੍ਰਭ ਵਡਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬੇੜਾ ਪਾਰ ਕਰਾਇਆ । ਗੁਰਮੁਖ ਤੇਰਾ ਬੇੜਾ ਬੰਨ੍ਹ । ਸਾਚਾ ਪ੍ਰਭ ਆਤਮ ਕਢਾਏ ਸਾਰਾ ਜੰਨ । ਸੋਹੰ ਸ਼ਬਦ ਸੁਣਾਵੇ ਕੰਨ । ਸਾਚਾ ਦੇਵੇ ਨਾਮ ਨਾ ਲੱਗੇ ਸੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਤੇਰਾ ਬੇੜਾ ਜਾਏ ਬੰਨ੍ਹ । ਆਇਆ ਵਕ਼ਤ ਵਕ਼ਤ ਸੁਹਾਏ । ਪ੍ਰਭ ਅਬਿਨਾਸ਼ੀ ਲਾਜ ਰਖਾਏ । ਸੀਸ ਜਗਦੀਸ ਆਪਣੀ ਬਣਤ ਬਣਾਏ । ਬੀਸ ਇਕੀਸ ਪ੍ਰਭ ਆਪਣਾ ਭੇਦ ਚੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਵਿਚ ਮਾਤ ਬਣਾਏ । ਸਾਚਾ ਪ੍ਰਭ ਵਕ਼ਤ ਵਿਚਾਰ । ਜੋਤ ਸਰੂਪ ਲਏ ਅਵਤਾਰ । ਭਗਤ ਜਨਾਂ ਪ੍ਰਭ ਪਾਵੇ ਸਾਰ । ਹੰਕਾਰੀਆਂ ਜਾਏ ਹੰਕਾਰ ਨਿਵਾਰ । ਸਾਧ ਸੰਗਤ ਪ੍ਰਭ ਜਾਏ ਪੈਜ ਸਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਧਾਰੇ ਜੋ ਚਲ ਆਇਣ ਦਰਬਾਰ । ਸਾਚਾ ਵਕ਼ਤ ਪ੍ਰਭ ਸੁਹਾਵਣਾ । ਸਾਚਾ ਮਾਣ ਗੁਰਸਿਖ ਦਵਾਵਣਾ । ਸਾਚਾ ਨਾਮ ਆਤਮ ਉਪਜਾਵਣਾ । ਸਾਚਾ ਰਾਮ ਘਨਈਆ ਸ਼ਾਮ ਪਰਗਟ ਹੋਏ ਦਰਸਨ ਦਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਧੁਨ ਉਪਜਾਏ ਵਿਚ ਆਤਮ ਸਵਾਸ ਪਵਣਾ । ਪਵਣ ਸਰੂਪੀ ਜੀਵ ਸਵਾਸਾ । ਸਾਚਾ ਪ੍ਰਭ ਵਿਚ ਰੱਖੇ ਵਾਸਾ । ਸੋਹੰ ਸ਼ਬਦ ਜਣਾਏ ਤੇਰੀ ਰਹਿਰਾਸਾ । ਪ੍ਰਭ ਸਾਚਾ ਸਦ ਬਲ ਬਲ ਜਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਕਰੇ ਬੰਦ ਖੁਲਾਸਾ । ਪ੍ਰਭ ਸਾਚੇ ਦੀ ਸਾਚੀ ਜੁਗਤੀ । ਗੁਰਮੁਖ ਦੇਵੇ ਸਾਚੀ ਮੁਕਤੀ । ਦੇਵੇ ਦਰਸ ਜੋਤ ਸਰੂਪ ਅਕਾਲ ਮੂਰਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰੀ ਜੋਤ ਜਗਾਏ ਵਿਚ ਸਤਿ ਸੁਰਤੀ । ਸੰਤ ਮਨੀ ਸਿੰਘ ਪ੍ਰਭ ਤੇਰੀ ਜੋਤ ਜਗਾ । ਸਤਿਜੁਗ ਸਾਚਾ ਸਤਿਗੁਰੂ ਜਾਏ ਬਣਾ । ਨਿਹਕਲੰਕ ਪਰਗਟ ਜੋਤ ਤਿਲਕ ਜਾਏ ਲਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਤੇਰੀ ਸਰਨ ਜਾਏ ਲਗਾ । ਸਾਚੀ ਜੋਤ ਪ੍ਰਭ ਉਪਜਾਏ ।

ਸੰਤ ਮਨੀ ਸਿੰਘ ਮਾਣ ਦਵਾਏ । ਸਤਿਗੁਰ ਸਾਚਾ ਵਿਚ ਮਾਤ ਬਣਾਏ । ਸਤਿਜੁਗ ਸਾਚਾ ਤਾਜ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਪਰ ਸੀਸ ਛਤਰ ਝੁਲਾਏ । ਸੀਸ ਛਤਰ ਪ੍ਰਭ ਝੁਲਾਵਣਾ । ਸਤਿਗੁਰ ਸਾਚੇ ਪ੍ਰਭ ਸਾਚੇ ਮਾਣ ਦਵਾਵਣਾ । ਗੋਬਿੰਦ ਗੁਰ ਗੁਰ ਗੋਬਿੰਦ ਪ੍ਰਭ ਆਪੇ ਆਪ ਅਖਵਾਵਣਾ । ਜੋਤ ਸਰੂਪ ਪ੍ਰਭ ਪਰਗਟ ਜੋਤ, ਹੰਕਾਰ ਨਿਵਾਰ ਸਰਬ ਚਰਨ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਣਾ । ਪ੍ਰਭ ਸਾਚਾ ਸਾਚੀ ਕਾਰ । ਜੁਗੋ ਜੁਗ ਪ੍ਰਭ ਲਏ ਅਵਤਾਰ । ਮਾਤਲੋਕ ਆਏ ਵਾਰੋ ਵਾਰ । ਰਮਈਆ ਰਾਮ ਰਘੁਪਤ ਗਿਰਧਾਰ । ਘਨਈਆ ਸ਼ਾਮ ਕ੍ਰਿਸ਼ਨ ਮੁਰਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਥੇ ਨਾਮ ਉਚਾਰ । ਗੁਰਮੁਖ ਆਤਮ ਕਰ ਵਿਚਾਰ । ਸਾਚਾ ਪ੍ਰਭ ਰਸਨ ਉਚਾਰ । ਆਤਮ ਜੋਤ ਕਰੇ ਉਜਿਆਰ । ਖੋਲ੍ਹ ਆਪਣਾ ਦਸਮ ਦਵਾਰ । ਕਰ ਦਰਸ ਜੋਤ ਸਰੂਪ ਪ੍ਰਭ ਵਸੇ ਆਪ ਨਿਰਾਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਖ਼ਸ਼ੇ ਚਰਨ ਪਿਆਰ । ਗੁਰਮੁਖ ਸਾਚੇ ਪ੍ਰਭ ਚਰਨ ਪ੍ਰੀਤ । ਪ੍ਰਭ ਸਾਚੇ ਕੀ ਸਾਚੀ ਰੀਤ । ਸੋਹੰ ਦੇਵੇ ਸਾਚਾ ਨਾਮ ਤੇਰੀ ਆਤਮ ਕਰੇ ਅਤੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਜਗ ਜੀਤ । ਗੁਰਮੁਖ ਰਸਨਾ ਹਰਿ ਗੁਣ ਗਾ । ਆਤਮ ਬੁਝੀ ਦੀਪ ਜਗਾ । ਪ੍ਰਭ ਅਬਿਨਾਸ਼ੀ ਜੋਤ ਸਰੂਪ ਵਿਚ ਆਪਣੇ ਦਰਸ਼ਨ ਪਾ । ਹੋਏ ਪਰਕਾਸ਼ ਵਿਚ ਦੇਹ ਅੰਧ ਕੂਪ, ਸਾਚੀ ਜੋਤ ਕਰੇ ਰੁਸ਼ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਬਣਤ ਜਾਏ ਬਣਾ । ਸਾਚਾ ਨਾਮ ਰਸਨ ਆਹਾਰ । ਰਸਨਾ ਜਪ ਜਪ ਜੀਵ ਉਤਰੇ ਪਾਰ । ਸਾਚਾ ਪ੍ਰਭ ਜੋਤ ਸਰੂਪ ਦੇਵੇ ਦਰਸ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਭਰਮ ਨਿਵਾਰ । ਸਾਚਾ ਪ੍ਰਭ ਗੁਰਸਿਖ ਸੁਹੇਲਾ । ਜੋਤ ਸਰੂਪੀ ਮੇਲ ਮਿਲਾਇਆ ਮੇਲਾ । ਪਾਰਬ੍ਰਹਮ ਅਚਰਜ ਖੇਲ ਵਿਚ ਮਾਤ ਦੇ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਸਦ ਸੰਗ ਸੁਹੇਲਾ । ਭਗਤ ਜਨਾਂ ਪ੍ਰਭ ਸਦਾ ਸਹਾਈ । ਜੁਗੋ ਜੁਗ ਪ੍ਰਭ ਪੈਜ ਰਖਾਈ । ਬਾਲਕ ਧ੍ਰੂ ਦਰਸ ਦਿਖਾਈ । ਨਰ ਸਿੰਘ ਨਰਾਇਣ ਪ੍ਰਹਿਲਾਦ ਲਾਜ ਰਖਾਈ । ਬਾਵਨ ਰੂਪ ਧਾਰ ਚਾਰ ਵੇਦ ਮੁਖ ਪਾਠ ਅਲਾਈ । ਭਗਤ ਉਧਾਰੇ, ਦੁਰਬਾਸਾ ਮਾਣ ਗਵਾਈ । ਅੰਬਰੀਕ ਗਿਆ ਦਰ, ਮਾਰ ਚੱਕਰ ਸੁਦਰਸ਼ਨ ਬਾਣ ਪ੍ਰਭ ਅਬਿਨਾਸ਼ੀ ਹੋਏ ਸਹਾਈ । ਜੁਗੋ ਜੁਗ ਪਰਗਟ ਜੋਤ, ਪ੍ਰਭ ਸਾਚਾ ਜਨ ਭਗਤਾਂ ਹੋਏ ਸਹਾਈ । ਜਨ ਭਗਤ ਜਨਕ ਪ੍ਰਭ ਤਾਰੇ । ਸਾਚਾ ਨਾਮ ਦੇਵੇ ਅਧਾਰੇ । ਪ੍ਰਭ ਸਾਚੇ ਦੀ ਸਾਚੀ ਕਾਰੇ । ਰਾਣੀ ਤਾਰਾ ਪ੍ਰਭ ਪਾਰ ਉਤਾਰੇ । ਸਾਧ ਸੰਗਤ ਪ੍ਰਭ ਸਦ ਬਲਿਹਾਰੇ । ਪ੍ਰਭ ਸਾਚੇ ਕਾ ਸਾਚਾ ਨਾਉਂ ਮਿਲ ਸੰਗਤ ਰਸਨ ਉਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਮਾਤਲੋਕ ਵਿਚ ਧਾਰੇ । ਭਗਤ ਬਿਦਰ ਪ੍ਰਭ ਸਾਚੇ ਤਾਰਿਆ । ਦੁਰਯੋਧਨ ਛੱਡੇ ਮਹਲ ਮੁਨਾਰਿਆ । ਨਾਥ ਤ੍ਰੈਲੋਕੀ ਚਲ ਆਏ ਗੁਰਮੁਖ ਦਵਾਰਿਆ । ਪ੍ਰਭ ਸਾਚੇ ਕੀ ਸਾਚੀ ਕਾਰਿਆ । ਭਗਤਨ ਹਿਤ ਜੁਗੋ ਜੁਗ ਲਏ ਅਵਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਧਾਰਿਆ । ਪ੍ਰਭ ਅਬਿਨਾਸ਼ੀ ਜਾਓ ਬਲਿਹਾਰ । ਨਿਮਾਣਿਆਂ ਪ੍ਰਭ ਜਾਏ ਤਾਰ । ਦਲਿਦਰੀ ਆਏ ਹਰਿ ਕੇ ਦਵਾਰ । ਛੱਡੇ ਸਿੰਘਾਸਣ ਕ੍ਰਿਸ਼ਨ ਮੁਰਾਰ । ਸੁਦਾਮੇ ਕਰੇ ਪ੍ਰਭ ਨਿਮਸਕਾਰ । ਭਗਤ ਜਨਾਂ ਪ੍ਰਭ ਜਾਏ ਤਾਰ । ਭਗਤ ਵਛਲ ਆਪ ਕਰਤਾਰ । ਪ੍ਰਭ ਅਬਿਨਾਸ਼ੀ ਜੁਗੋ ਜੁਗ ਮਾਤ ਲਏ ਅਵਤਾਰ । ਦਰੋਪਤ ਸੁਤ ਪ੍ਰਭ ਉਧਾਰੇ । ਵਿਚ ਸਭਾ ਦੇ ਪੈਜ ਸਵਾਰੇ । ਹੰਕਾਰੀਆਂ ਪ੍ਰਭ ਹੰਕਾਰ ਨਿਵਾਰੇ । ਪ੍ਰਭ ਸਾਚੇ

ਦੀ ਸਾਚੀ ਕਾਰੇ । ਪ੍ਰਭ ਸਾਚੇ ਸਚ ਕਰਮ ਕਮਾਇਆ । ਜੈਦਿਉ ਦਾ ਲੇਖ ਲਿਖਾਇਆ । ਆਤਮ ਸਾਚਾ ਗਿਆਨ ਦਵਾਇਆ । ਜੋਤ ਸਰੂਪ ਪ੍ਰਭ ਅਬਿਨਾਸ਼ੀ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਨ ਭਗਤਾਂ ਹੋਏ ਸਹਾਇਆ । ਨਾਮ ਦੇਵ ਪ੍ਰਭ ਆਪ ਤਾਰੇ । ਭੋਗ ਲਗਾਏ ਚਲ ਦਵਾਰੇ । ਬਾਡੀ ਬਣੇ ਸਚੀ ਸਰਕਾਰੇ । ਸਾਚੇ ਪ੍ਰਭ ਤੇਰੇ ਰੰਗ ਅਪਾਰੇ । ਭਗਤਨ ਹਿਤ ਵਿਚ ਮਾਤ ਲਏ ਅਵਤਾਰੇ । ਭਗਤ ਜਨਾਂ ਪ੍ਰਭ ਪਾਰ ਉਤਾਰੇ । ਪਾਰ ਉਤਾਰੇ ਰਵਿਦਾਸ ਚੁਮਾਰੇ । ਕਬੀਰ ਤਰਲੋਚਨ ਪ੍ਰਭ ਦੇਵੇ ਦਰਸ ਅਪਾਰੇ । ਵੇਲੇ ਅੰਤ ਜਨ ਭਗਤਾਂ ਹੋਏ ਸਹਾਰੇ । ਸਦਨੇ ਪ੍ਰਭ ਲਾਜ ਰਖਾਈ । ਵੇਲੇ ਅੰਤ ਹੋਏ ਸਹਾਈ । ਸੈਣ ਰੂਪ ਪ੍ਰਭ ਲਏ ਬਣਾਈ । ਦਰ ਰਾਣੇ ਦੇ ਸੇਵ ਕਮਾਈ । ਭਗਤਨ ਹਿਤ ਜੁਗੋ ਜੁਗ ਪ੍ਰਭ ਅਬਿਨਾਸ਼ੀ ਜੋਤ ਵਿਚ ਮਾਤ ਪਰਗਟਾਈ । ਗਨਕਾ ਪੂਤਨਾ ਪਾਪਣ ਤਾਰੇ । ਮੋਹਣ ਮੁੰਮੇ ਪਾਏ ਕ੍ਰਿਸ਼ਨ ਮੁਰਾਰੇ । ਗੁਣ ਅਵਗੁਣ ਪ੍ਰਭ ਨਾ ਵਿਚਾਰੇ । ਪਤਤ ਪਾਪੀ ਪ੍ਰਭ ਪਾਰ ਉਤਾਰੇ । ਚਲ ਆਇਣ ਜੋ ਜਨ ਦਵਾਰੇ । ਅਜਾਮਲ ਉਧਰੇ ਹਰਿ ਰਸਨ ਉਚਾਰੇ । ਪ੍ਰਭ ਅਬਿਨਾਸ਼ੀ ਸਦਾ ਸਦਾ ਬਲਿਹਾਰੇ । ਭਗਤ ਜਨਾਂ ਹਰਿ ਕਾਜ ਸਵਾਰੇ । ਸਾਚੇ ਪ੍ਰਭ ਬੱਧਕ ਤਾਰਿਆ । ਚਰਨ ਕਵਲ ਵਿਚ ਬਾਣ ਜਿਸ ਮਾਰਿਆ । ਆਏ ਡਿੱਗਾ ਚਰਨ ਦਵਾਰਿਆ । ਬਾਹੋਂ ਪਕੜ ਪ੍ਰਭ ਪਾਰ ਉਤਾਰਿਅ । ਜਨਮ ਮਰਨ ਦਾ ਗੇੜ ਨਿਵਾਰਿਆ । ਪ੍ਰਭ ਸਾਚੇ ਦੀ ਸਾਚੀ ਕਾਰਿਆ । ਵੇਲੇ ਅੰਤ ਜੁਗੋ ਜੁਗ ਜਾਮਾ ਮਾਤਲੋਕ ਵਿਚ ਧਾਰਿਆ । ਮਾਤਲੋਕ ਪ੍ਰਭ ਜਾਮਾ ਧਾਰ । ਭਗਤ ਜਨਾਂ ਪ੍ਰਭ ਜਾਏ ਤਾਰ । ਲਿਖਾਏ ਲੇਖ ਅਪਰ ਅਪਾਰ । ਸਤਿਜੁਗ ਦੇਵੇ ਸਾਚੀ ਸਿਕਦਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਬਣੇ ਆਪ ਲਿਖਾਰ । ਭਗਤ ਜਨਾਂ ਪ੍ਰਭ ਲੇਖ ਲਿਖਾਏ । ਦਰ ਘਰ ਸਾਚੇ ਮਾਣ ਦਵਾਏ । ਥਿਰ ਘਰ ਵਾਸੀ ਘਰ ਸਚ ਬਹਾਏ । ਗੁਰਸਿਖ ਸਾਚੇ ਅੰਤ ਕਲ ਸਚ ਧਾਮ ਸਚਖੰਡ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਜੋਤੀ ਮੇਲ ਮਿਲਾਏ । ਪ੍ਰਭ ਸਾਚਾ ਮਹਿੰਮਾ ਅਕਥ । ਪੂਰਨ ਜੋਤ ਪ੍ਰਭ ਸਮਰਥ । ਸ੍ਰਿਸ਼ਟ ਸਬਾਈ ਜਾਏ ਮਥ । ਸੋਹੰ ਚਲਾਏ ਸਾਚਾ ਰਥ । ਚਾਰ ਵਰਨ ਚਲਾਏ ਸਾਚੀ ਗਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ । ਗੁਰਮੁਖ ਸਾਚੇ ਪ੍ਰਭ ਵਡਿਆਏ । ਕਲਜੁਗ ਪਰਗਟ ਜੋਤ ਪ੍ਰਭ ਸਾਚੇ ਲੇਖ ਲਿਖਾਏ । ਚਾਰ ਵਰਨ ਕਰਾਏ ਏਕਾ ਗੋਤ, ਉਚ ਨੀਚ ਕੋਈ ਰਹਿਣ ਨਾ ਪਾਏ । ਦੁਰਮਤ ਮੈਲ ਪ੍ਰਭ ਜਾਏ ਧੋਤ, ਸੋਹੰ ਭੱਠੀ ਪ੍ਰਭ ਦੇ ਚੜ੍ਹਾਏ । ਬੇਮੁਖ ਦਰ ਜਾਇਣ ਰੋਤ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਬੂਝ ਬੁਝਾਏ । ਪ੍ਰਭ ਅਬਿਨਾਸ਼ੀ ਸਦਾ ਅਭੇਦਾ । ਭੇਦ ਨਾ ਪਾਇਣ ਚਾਰੇ ਵੇਦਾ । ਸਾਚਾ ਪ੍ਰਭ ਅਛਲ ਅਛੱਲ, ਛਲ ਕਰਾਏ ਅਛਲ ਅਛੇਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਨਾ ਜਾਣੇ ਤੇਰਾ ਭੇਦਾ । ਨਿਹਕਲੰਕ ਜੀਵ ਨਾ ਜਾਣੇ । ਸਾਚਾ ਪ੍ਰਭ ਆਪਣਾ ਰੰਗ ਵਖਾਣੇ । ਗੁਰਮੁਖ ਸਾਚੇ ਪ੍ਰਭ ਕਵਲ ਨਾਭ ਖੋਲ੍ਹ ਵਖਾਣੇ । ਪਰਗਟ ਜੋਤ ਤਰਾਏ ਝੱਬ, ਜਿਸ ਬਖ਼ਸ਼ੇ ਚਰਨ ਧਿਆਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੇ ਵਿਚ ਸਮਾਣੇ । ਕਵਲ ਨਾਭ ਪ੍ਰਭ ਖੁਲ੍ਹਾਏ । ਅੰਮ੍ਰਿਤ ਬੂੰਦ ਮੁਖ ਚੁਆਏ । ਪ੍ਰਭ ਅਬਿਨਾਸ਼ੀ ਆਤਮ ਸਾਚੀ ਜੋਤ ਜਗਾਏ । ਆਤਮ ਮਿਟੇ ਅੰਧ ਅੰਧਿਆਰ, ਸਾਚਾ ਪ੍ਰਭ ਦਇਆ ਕਮਾਏ । ਖੁਲ੍ਹ ਜਾਏ ਦਸਮ ਦਵਾਰ, ਅਨਹਦ ਧੁਨ ਪ੍ਰਭ ਉਪਜਾਏ । ਦੇਵੇ ਦਰਸ ਪ੍ਰਭ ਅਪਾਰ, ਜੋਤ ਸਰੂਪੀ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਏ । ਨਿਹਕਲੰਕ

ਸਾਚਾ ਡੰਕ । ਇਕ ਕਰਾਏ ਰਾਓ ਰੰਕ । ਜੋਤ ਸਰੂਪੀ ਲਾਏ ਤਨਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬਣਾਏ ਸਾਚੀ ਬਣਤ । ਸਾਚੀ ਬਣਤ ਪ੍ਰਭ ਬਣਾਏ । ਸੰਤ ਮਨੀ ਸਿੰਘ ਤੇਰੀ ਲਾਜ ਰਖਾਏ । ਗੁਰਮੁਖ ਤੇਰੇ ਸਾਚੇ ਸਿੱਖ ਪ੍ਰਭ ਆਪਣੀ ਸਰਨ ਲਗਾਏ । ਦੇਵੇ ਵਡਿਆਈ ਪ੍ਰਭ ਸਾਚਾ ਕੰਤ, ਸਾਚੇ ਲੇਖ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਏ ਦਇਆ ਕਮਾਏ । ਵਿਛੜਿਆਂ ਪ੍ਰਭ ਮੇਲ ਮਿਲਾਇਆ । ਪੂਰਬ ਲਹਿਣਾ ਝੋਲੀ ਪਾਇਆ । ਆਪ ਅਲੇਖ ਕੀਆ ਭੇਖ, ਪ੍ਰਭ ਅਬਿਨਾਸ਼ੀ ਆਪਣਾ ਭੇਦ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵੇਖ ਆਪਣੀ ਸਰਨ ਲਗਾਇਆ । ਸਾਚਾ ਪ੍ਰਭ ਸਰਨ ਲਗਾਏ । ਸਾਚਾ ਮਾਣ ਮਾਤ ਦਵਾਏ । ਲਜਪਤ ਰੱਖੇ ਆਪ ਰਘੁਰਾਏ । ਆਤਮ ਸਾਚਾ ਸ਼ਬਦ ਪ੍ਰਭ ਦੇਵੇ ਦੂਣ ਸਵਾਏ । ਹੋਏ ਅਤੀਤ ਗੁਰਸਿਖ ਸਾਚਾ, ਮਹਾਰਾਜ ਸ਼ੇਰ ਸਿੰਘ ਸਿਰ ਹੱਥ ਟਿਕਾਏ । ਸਾਚਾ ਪ੍ਰਭ ਦੂਖ ਨਿਵਾਰੇ । ਕਰ ਕਿਰਪਾ ਪ੍ਰਭ ਪਾਰ ਉਤਾਰੇ । ਨੇਤਰ ਪੇਖ ਦੁਖ ਲੱਥੇ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਗੁਰਸਿਖ ਤੇਰੇ ਕਾਜ ਸਵਾਰੇ । ਪ੍ਰਭ ਸਾਚੇ ਕਾਜ ਸਵਾਰਿਆ । ਪਰਗਟ ਜੋਤ, ਪ੍ਰਭ ਦਰ ਘਰ ਬਣਾਏ ਵਡ ਦਰਬਾਰਿਆ । ਖੋਲ੍ਹ ਦੇਵੇ ਪ੍ਰਭ ਸਾਚਾ ਸੋਤ, ਏਕਾ ਜੋਤ ਕਰੇ ਅਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਮਲ ਜੋਤ ਕਰੇ ਉਜਿਆਰਿਆ । ਸਾਚੀ ਜੋਤ ਪ੍ਰਭ ਅਧਾਰੇ । ਦੇਵੇ ਦਾਤ ਪ੍ਰਭ ਸਚ ਦਰਬਾਰੇ । ਪ੍ਰਭ ਸਾਚੇ ਦੇ ਭਰੇ ਭੰਡਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਸਦਾ ਵਰਤਾਰੇ । ਪ੍ਰਭ ਸਾਚਾ ਇਹ ਬਣਤ ਬਣਾਏ । ਜੀਵ ਆਕਾਰ ਜੋਤ ਕਰਾਏ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਰਚਾਏ । ਮਤ ਮਨ ਬੁਧਿ ਵਿਚ ਟਿਕਾਏ । ਪ੍ਰਭ ਸਾਚਾ ਸਚ ਦਇਆ ਕਮਾਏ । ਉਲਟਾ ਬਿਰਖ ਜੀਵ ਮਾਤ ਕੁੱਖ ਰਹਾਏ । ਜੋਤ ਸਰੂਪੀ ਜੋਤ ਪ੍ਰਭ, ਜੋਤ ਅਧਾਰ ਰਖਾਏ । ਕਿਰਪਾ ਕਰੇ ਆਪ ਗੁਣਤਾਸ, ਮਾਤਲੋਕ ਵਿਚ ਜਨਮ ਦਵਾਏ । ਮਾਤਲੋਕ ਪ੍ਰਭ ਜਨਮ ਦਵਾਇਆ । ਪੰਜ ਤੱਤ ਦਾ ਖੇਲ ਰਚਾਇਆ । ਵਿਚ ਆਪਣਾ ਆਪ ਸਮਾਇਆ । ਬੈਠਾ ਅਡੋਲ ਆਪ ਰਘੁਰਾਇਆ । ਜੋਤ ਸਰੂਪੀ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਰਬ ਸਮਾਇਆ । ਪ੍ਰਭ ਸਾਚੇ ਸਚ ਬਣਤ ਬਣਾਈ । ਕਲਜੁਗ ਮਾਇਆ ਤਨੋਂ ਜਲਾਈ । ਸਾਚੀ ਜੋਤ ਵਿਚ ਦੇਹ ਜਗਾਈ । ਬਾਲ ਅਵਸਥਾ ਪ੍ਰਭ ਸੁੰਨ ਖੁਲ੍ਹਾਈ । ਦੀਪਕ ਸੰਗ ਦੀਪਕ ਪ੍ਰਭ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਸਹਾਈ । ਸਾਚੇ ਪ੍ਰਭ ਜਨਮ ਦਵਾਇਆ । ਆਪ ਆਪਣੀ ਸਰਨ ਲਗਾਇਆ । ਸਾਚਾ ਨਾਮ ਜਗਤ ਰਖਾਇਆ । ਗੁਰਚਰਨ ਸਿੰਘ ਪ੍ਰਭ ਲੇਖ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਹੋਏ ਸਹਾਇਆ । ਆਦਿ ਅੰਤ ਪ੍ਰਭ ਹੋਏ ਸਹਾਈ । ਗੁਰਮੁਖ ਸਾਚੇ ਸਾਚੀ ਦਾਤ ਪ੍ਰਭ ਝੋਲੀ ਪਾਈ । ਕੁੱਖ ਮਾਤ ਸੁਫਲ ਕਰਾਈ । ਬਾਲ ਅਵਸਥਾ ਪ੍ਰਭ ਸਾਚੇ ਆਤਮ ਸਾਚੀ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਰਧ ਬਾਲ ਜਵਾਨਾਂ ਸਦ ਰਿਹਾ ਸਮਾਈ । ਪ੍ਰਭ ਸਾਚੇ ਕਾ ਰਾਹ ਨਿਆਰਾ । ਜੋਤ ਸਰੂਪ ਕੀਆ ਪਸਾਰਾ । ਸੋਹੰ ਦੇਵੇ ਨਾਮ ਅਧਾਰਾ । ਜੋ ਜਨ ਕਰੇ ਚਰਨ ਪਿਆਰਾ । ਮਦਿਰਾ ਮਾਸ ਤਜੇ ਵਿਕਾਰਾ । ਉਜਲ ਮੁਖ ਵਿਚ ਸੰਸਾਰਾ । ਸਾਚਾ ਪ੍ਰਭ ਆਤਮ ਦੇਵੇ ਜੋਤ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਕਰੇ ਆਕਾਰਾ । ਸਾਚਾ ਪ੍ਰਭ ਲੇਖ ਲਿਖਾਏ । ਲਿਖਿਆ ਲੇਖ ਮਿਟ ਨਾ ਜਾਏ । ਗੁਰਮੁਖ ਸਾਚਾ ਰਹੇ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ

੭੦੬
੦੧

ਜਨਾਂ ਦੀ ਆਸ ਪੁਜਾਏ । ਗੁਰਮੁਖ ਸਾਚਾ ਸ਼ਬਦ ਕਮਾਵਣਾ । ਮਦਿਰਾ ਮਾਸ ਰਸਨਾ ਮੂਲ ਨਾ ਲਾਵਣਾ । ਰਸਨਾ ਰਸ ਰਸ ਜੀਵ ਆਤਮ ਰਸ ਉਪਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜ ਘਰ ਵਾਸੀ ਨਿਜ ਘਰ ਮੇਂ ਪਾਵਣਾ । ਨਿਜ ਘਰ ਵਾਸੀ ਦਰਸ ਦਿਖਾਇਆ । ਦੇ ਦਰਸ ਪ੍ਰਭ ਆਤਮ ਭੁਖ ਮਿਟਾਇਆ । ਹਉਮੇ ਮਮਤਾ ਨਾਸ ਕਰ, ਸਚ ਸੁਚ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਮੇਲ ਮਿਲਾਇਆ । ਸੁਰਤ ਸ਼ਬਦ ਪ੍ਰਭ ਮੇਲ ਮਿਲਾਏ । ਸੁਰਤ ਸ਼ਬਦ ਗੁਰਸਿਖ ਲਏ ਜਗਾਏ । ਸੁਰਤ ਸ਼ਬਦ ਪ੍ਰਭ ਆਤਮ ਧੁੰਨ ਦਏ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਰਾਗ ਦਏ ਸੁਣਾਏ । ਸੁਰਤੀ ਸ਼ਬਦ ਸੁਰਤ ਧਿਆਨ । ਸੁਰਤ ਸ਼ਬਦ ਪ੍ਰਭ ਦੇਵੇ ਬ੍ਰਹਮ ਗਿਆਨ । ਸੁਰਤ ਸ਼ਬਦ ਪ੍ਰਭ ਸਾਚੇ ਕੀ ਗੁਰਸਿਖ ਕਰੇ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦਾ ਜਾਣੀ ਜਾਣ । ਸਾਚਾ ਸ਼ਬਦ ਜਨ ਕਮਾਓ । ਰਸਨਾ ਜਪ ਜਪ ਆਤਮ ਰਸ ਪਾਓ । ਪ੍ਰਭ ਸਾਚਾ ਹੋ ਜਾਏ ਵਸ, ਨਿਜਾਨੰਦ ਨਿਜ ਮਾਹਿ ਉਪਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਹੋਏ ਭੁੱਲ ਨਾ ਜਾਓ । ਬੇਮੁਖਾਂ ਪ੍ਰਭ ਦਰ ਦੁਰਕਾਰੇ । ਸੋਹੰ ਬਾਣ ਪ੍ਰਭ ਸਾਚਾ ਮਾਰੇ । ਆਤਮ ਹੋਏ ਅੰਧ ਅੰਧਿਆਰੇ । ਦਿਸ ਨਾ ਆਏ ਪ੍ਰਭ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕਰੇ ਖ਼ੁਆਰੇ । ਸਾਚਾ ਪ੍ਰਭ ਸ਼ਬਦ ਭੰਡਾਰੇ । ਸਾਚਾ ਦੇਵੇ ਨਾਮ ਅਧਾਰੇ । ਨਿਰਮਲ ਜੋਤ ਆਤਮ ਕਰੇ ਉਜਿਆਰੇ । ਗੁਰਸਿਖ ਮੰਗਣ ਪ੍ਰਭ ਦਰ ਖੜ੍ਹੇ ਵਡ ਦਰਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭਰੇ ਸ਼ਬਦ ਭੰਡਾਰੇ । ਆਤਮ ਭਰੇ ਸ਼ਬਦ ਭੰਡਾਰਾ । ਪ੍ਰਭ ਸਾਚੇ ਕਾ ਸਚ ਵਰਤਾਰਾ । ਰਸਨਾ ਜਪ ਜੀਵ ਪ੍ਰਭ ਦੇਵੇ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਨਾਮ ਸਹਾਰਾ । ਸਾਚਾ ਪ੍ਰਭ ਸਦਾ ਸਹਾਇਕ । ਦੇਵੇ ਦਰਸ ਪ੍ਰਭ ਸੁਖਦਾਇਕ । ਸਰਬ ਜਨਾਂ ਦਾ ਸਾਚਾ ਨਾਇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਸਦਾ ਸਹਾਇਕ । ਗੁਰਪਰਸਾਦ ਗੁਰ ਦਇਆ ਕਮਾਏ । ਦਰ ਘਰ ਆਏ ਪ੍ਰਭ ਭੋਗ ਲਗਾਏ । ਸਾਧ ਸੰਗਤ ਸਤਿ ਪਰਸਾਦ ਪ੍ਰਭ ਦਏ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਦੀ ਪੈਜ ਰਖਾਏ । ਭਗਤ ਲਗਾਏ ਸਾਚੀ ਕਾਰ । ਪ੍ਰਭ ਸਾਚਾ ਸਦ ਜਾਏ ਬਲਿਹਾਰ । ਤਰਨ ਤਾਰਨਹਾਰ ਦਾਤਾਰ । ਦਰ ਘਰ ਆਏ ਕਾਰਜ ਜਾਏ ਸਵਾਰ । ਪਰਗਟ ਜੋਤ ਨਿਹਕਲੰਕ ਨਰਾਇਣ ਨਰ ਅਵਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭੋਗ ਲਗਾਏ ਸਚ ਸਚ ਦਰਬਾਰ । ਸਾਚੇ ਪ੍ਰਭ ਭੋਗ ਲਗਾਇਆ । ਗੁਰਮੁਖ ਸਾਚੇ ਲੇਖ ਲਿਖਾਇਆ । ਤੀਨ ਲੋਕ ਪ੍ਰਭ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਦਰ ਘਰ ਸੁਹਾਇਆ । ਗੁਰ ਆਏ ਕਾਜ ਸਵਾਰਿਆ । ਪ੍ਰਭ ਪੂਰਨ ਭਰੇ ਭੰਡਾਰਿਆ । ਵਰ ਘਰ ਦੇਵੇ ਆਪ ਨਿਰੰਕਾਰਿਆ । ਜੋਤ ਸਰੂਪ ਪ੍ਰਭ ਸਾਚਾ ਭੂਪ, ਸਾਚਾ ਦੇਵੇ ਨਾਮ ਅਧਾਰਿਆ । ਗੁਰਮੁਖ ਤੇਰਾ ਕਾਜ ਸਵਾਰਿਆ । ਸਤਿਜੁਗ ਬਣਾਏ ਸਾਚਾ ਦਰ, ਉਪਜਾਏ ਵਿਚ ਮਾਤ ਆਪ ਗਿਰਧਾਰਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਰੱਖੇ ਲਾਜ ਆਪ ਮੁਰਾਰਿਆ । ਸਾਚਾ ਧਾਮ ਪ੍ਰਭ ਸਾਚੇ ਉਪਜਾਵਣਾ । ਆਪਣਾ ਚਰਨ ਨਿਹਕਲੰਕ ਟਿਕਾਵਣਾ । ਗੁਰਮੁਖ ਸਾਚੇ ਸਾਚਾ ਮਾਣ ਵਿਚ ਮਾਤ ਦਵਾਵਣਾ । ਸਾਚਾ ਤਾਜ ਨਿਹਕਲੰਕ ਤੇਰੇ ਸਿਰ ਟਿਕਾਵਣਾ । ਸਾਚਾ ਡੰਕ ਤੇਰੇ ਨਾਉਂ ਵਜਾਵਣਾ । ਚਾਰ ਜੁਗ ਸਤਿ ਸਤਿ ਸਤਿ ਤੇਰਾ ਨਾਉਂ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੈਣ ਦਿਵਸ ਦਿਵਸ ਰੈਣ ਸਦ ਸਦ ਰਸਨਾ ਗਾਵਣਾ ।

ਰਸਨ ਰਸਨ ਰਸਨ ਗੁਣ ਗਾ । ਆਪ ਆਪਣਾ ਲਏ ਬਣਾ । ਪ੍ਰਭ ਅਬਿਨਾਸ਼ੀ ਘਰ ਮੇਂ ਪਾ । ਦੁਖ ਭੁਖ ਪ੍ਰਭ ਸਾਚਾ ਦਏ ਗਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਨਾ । ਜੋਤ ਸਰੂਪ ਕਿਰਪਾ ਧਾਰੇ । ਏਕਾ ਜੋਤ ਕਰੇ ਚਮਤਕਾਰੇ । ਚਾਰ ਕੁੰਟ ਕਰਾਏ ਸੋਹੰ ਜੈ ਜੈ ਜੈਕਾਰੇ । ਗੁਰਸਿਖ ਤੇਰੇ ਸੋਹਣ ਬੰਕ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਦੇਵੇ ਵਡ ਸਿਕਦਾਰੇ । ਸਤਿਜੁਗ ਤੇਰੀ ਸਿਕਦਾਰੀ । ਚਾਰ ਵਰਨ ਹੋਏ ਪਨਿਹਾਰੀ । ਰੱਖੇ ਲਾਜ ਆਪ ਗਿਰਧਾਰੀ । ਕੋਏ ਨਾ ਜਾਣੇ ਕਲਜੁਗ ਜੀਵ, ਪ੍ਰਭ ਕੀ ਖੇਲ ਕਲ ਨਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਜਾਏ ਪੈਜ ਸਵਾਰੀ । ਗੁਰਮੁਖ ਪ੍ਰਭ ਚਰਨ ਜੋੜ । ਮਾਣ ਦਵਾਏ ਵਿਚ ਤੇਤੀਸ ਕਰੋੜ । ਆਤਮ ਕੱਢੇ ਹਉਮੇ ਕੋਹੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨੀ ਲਏ ਜੋੜ । ਚਰਨ ਕਵਲ ਗੁਰਸਿਖ ਪਿਆਸਾ । ਪ੍ਰਭ ਅਬਿਨਾਸ਼ੀ ਆਤਮ ਕਰੇ ਸਾਚਾ ਵਾਸਾ । ਸਾਚੀ ਜੋਤ ਪ੍ਰਭ ਕਰੇ ਪਰਕਾਸ਼ਾ । ਅਗਿਆਨ ਅੰਧੇਰ ਸਰਬ ਵਿਨਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜਪਾਏ ਸਵਾਸ ਸਵਾਸਾ । ਬਣਤ ਬਣਾਏ ਆਪ ਪ੍ਰਭ, ਭਏ ਦਿਆਲਾ । ਬਣਤ ਬਣਾਏ ਆਪ ਪ੍ਰਭ, ਦੀਨ ਦਿਆਲਾ । ਬਣਤ ਬਣਾਏ ਆਪ ਪ੍ਰਭ, ਸਰਬ ਰਖਵਾਲਾ । ਬਣਤ ਬਣਾਏ ਆਪ ਪ੍ਰਭ, ਸਰਬ ਪ੍ਰਿਤਪਾਲਾ । ਬਣਤ ਬਣਾਏ ਆਪ ਪ੍ਰਭ, ਸੋਹੰ ਦੇਵੇ ਸਾਚੀ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਨਾਮ ਦੇਵੇ ਜਗਤ ਸੁਖਾਲਾ । ਬਣਤ ਬਣਾਏ ਆਪ ਪ੍ਰਭ, ਗੁਰਸਿਖ ਪੈਜ ਸਵਾਰੇ । ਦਰ ਘਰ ਜਾਏ ਪ੍ਰਭ ਸਾਚਾ ਤਾਰੇ । ਬਣਤ ਬਣਾਏ ਆਪ ਪ੍ਰਭ, ਦੇਵੇ ਮਾਣ ਵਿਚ ਸੰਸਾਰੇ । ਬਣਤ ਬਣਾਏ ਆਪ ਪ੍ਰਭ, ਦੁਤਰ ਤਾਰੇ । ਬਣਤ ਬਣਾਏ ਆਪ ਪ੍ਰਭ, ਸਾਚਾ ਲੇਖ ਲਿਖੇ ਕਰਤਾਰੇ । ਬਣਤ ਬਣਾਏ ਆਪ ਪ੍ਰਭ, ਸੁਰਤ ਸ਼ਬਦ ਭਰੇ ਭੰਡਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਧਾਰੇ । ਗੁਰਸਿਖ ਸਾਚੀ ਬਣਤ ਬਣਾਏ । ਆਪ ਆਪਣੀ ਚਰਨੀ ਲਾਏ । ਰਿਧ ਸਿਧ ਸਭ ਵਸ ਕਰਾਏ । ਨਵ ਨਿਧ ਪ੍ਰਭ ਘਰ ਉਪਜਾਏ । ਆਪ ਆਪਣਾ ਹੱਥ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਸਹਾਏ । ਗੁਰਸਿਖ ਪ੍ਰਭ ਰੱਖਣੇਹਾਰਾ । ਸਾਚਾ ਗੁਰ ਦੇਵੇ ਮੁਕਤ ਦਵਾਰਾ । ਭਗਤ ਵਛਲ ਆਪ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਵਡਿਆਈ ਵਿਚ ਸੰਸਾਰਾ । ਆਪ ਆਪਣਾ ਭੇਦ ਜਣਾਇਆ । ਜੋਤ ਸਰੂਪੀ ਖੇਲ ਰਚਾਇਆ । ਪਰਗਟ ਹੋਏ ਜੋਤ ਸਰੂਪ ਪ੍ਰਭ ਆਪ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਤੇਰਾ ਹੋਏ ਸਹਾਇਆ । ਗੁਰਸਿਖ ਤੇਰਾ ਪ੍ਰਭ ਰਖਵਾਲਾ । ਆਤਮ ਸਾਚਾ ਦੀਪਕ ਬਾਲਾ । ਜਗਤ ਗਵਾਏ ਮਿਟਾਏ ਸਰਬ ਜੰਜਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਸੁਖਾਲਾ । ਸੋਹੰ ਨਾਮ ਜਗਤ ਵਡ ਸੂਰਾ । ਪ੍ਰਭ ਅਬਿਨਾਸ਼ੀ ਦੇਵੇ ਸਤਿਗੁਰ ਪੂਰਾ । ਅਨਹਦ ਧੁਨ ਉਪਜਾਵੇ ਤੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰਾ । ਸਰਬ ਕਲਾ ਪ੍ਰਭ ਸਮਰਥ । ਗੁਰਸਿਖ ਰੱਖੇ ਦੇ ਕਰ ਹੱਥ । ਸੋਹੰ ਦੇਵੇ ਸਾਚੀ ਵੱਥ । ਕਰ ਦਰਸ ਗੁਰਮੁਖ ਸਾਚੇ ਮਾਨਸ ਜਨਮ ਨਾ ਆਵੇ ਹੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਲਿਖਾਏ ਮੱਥ । ਆਪੇ ਆਪ ਲੇਖ ਲਿਖਾਵਣਹਾਰਾ । ਸੋਹੰ ਸਾਚਾ ਵਣਜ ਗੁਰਸਿਖ ਕਰੇ ਵਪਾਰਾ । ਸਾਚੇ ਨਾਮ ਪ੍ਰਭ ਸਾਚੇ ਦੀਆ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਰੂਪ ਸਰਬ ਪਸਾਰਾ । ਪਸਰ ਪਸਾਰ ਆਪ ਪ੍ਰਭ ਕਰਿਆ । ਪ੍ਰਭ ਅਬਿਨਾਸ਼ੀ ਗੁਰਮੁਖ ਸਾਚੇ ਵਰਿਆ । ਚਰਨ ਲਾਗ

੭੧੧
੦੧

ਵਿਚ ਮਾਤ ਦੇ ਤਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸ ਕਰਿਆ । ਵਾਹ ਵਾਹ ਗੁਰਸਿਖ ਮਿਲੇ ਵਡਿਆਈ । ਵਾਹ ਵਾਹ ਗੁਰ ਪੂਰੇ ਪੂਰਨ ਆਸ ਕਰਾਈ । ਵਾਹ ਵਾਹ ਵਡ ਸੂਰੇ ਸਾਚੀ ਦਾਤ ਝੋਲੀ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੜਿਆਂ ਕਲ ਮੇਲ ਮਿਲਾਈ । ਮੇਲ ਮਿਲਾਏ ਆਪ ਪ੍ਰਭ, ਇਕ ਰੰਗ ਰਾਏ । ਮੇਲ ਮਿਲਾਏ ਆਪ ਪ੍ਰਭ, ਸਰਬ ਸੁਖਦਾਏ । ਮੇਲ ਮਿਲਾਏ ਆਪ ਪ੍ਰਭ, ਜੋਤ ਸਰੂਪ ਬਿਧ ਨਾਏ । ਮੇਲ ਮਿਲਾਏ ਆਪ ਪ੍ਰਭ, ਆਪਣੀ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਪਰਗਟਾਏ । ਮਿਲਿਆ ਮੇਲ ਗੁਰਸਿਖ ਤ੍ਰਿਪਤਾਸਿਆ । ਮਿਲਿਆ ਪ੍ਰਭ ਵਿਚ ਆਤਮ ਕੀਆ ਵਾਸਿਆ । ਆਤਮ ਸਹਿੰਸਾ ਹਉਮੇ ਰੋਗ ਵਿਚੋਂ ਨਾਸਿਆ । ਦੇਵੇ ਦਰਸ ਪ੍ਰਭ ਅਬਿਨਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਰੱਖੇ ਵਾਸਿਆ । ਗੁਰਮੁਖ ਸਾਚਾ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਕਰੇ ਜੋਤ ਆਕਾਰ । ਜੋਤ ਸਰੂਪ ਪਰਗਟ ਜੋਤ ਦੇਵੇ ਦਰਸ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਜਾਏ ਤਾਰ । ਆਪ ਤਾਰੇ ਦੁਖ ਦਰਦ ਨਿਵਾਰੇ । ਹਉਮੇ ਰੋਗ ਪ੍ਰਭ ਵਿਚੋਂ ਮਾਰੇ । ਆਤਮ ਸੋਗ ਪ੍ਰਭ ਨਿਵਾਰੇ । ਦਰਸ ਅਮੋਘ ਜੋਤ ਚਮਤਕਾਰੇ । ਕਰ ਦਰਸ ਗੁਰਮੁਖ ਸਾਚੇ ਜਾਓ ਚਰਨ ਬਲਿਹਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਨਾਮ ਅਧਾਰੇ । ਸਾਚਾ ਨਾਮ ਜਿਸ ਜਨ ਕਮਾਇਆ । ਆਪ ਆਪਣੇ ਸੰਗ ਰਲਾਇਆ । ਸਾਚਾ ਸੰਗ ਗੁਰਸਿਖ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੜਿਆਂ ਕਲ ਮੇਲ ਮਿਲਾਇਆ । ਸਾਚੇ ਸੰਤ ਸਚ ਦੱਸਿਆ ਰਾਹ । ਨਿਹਕਲੰਕ ਕਲ ਪਕੜੀ ਬਾਂਹ । ਪਰਗਟੇ ਜੋਤ ਸਾਚਾ ਪ੍ਰਭ ਦੂਸਰ ਕੋਈ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰਾ ਹੋਏ ਸਹਾਈ ਸਭਨੀ ਥਾਂ । ਥਾਨ ਸੁਹੰਤਰ ਪ੍ਰਭ ਰਹੰਤਰ ਵਿਚ ਗਗੰਤਰ ਜੋਤ ਜਗੰਤਰ ਜੋਤ ਸਰੂਪੀ ਤੀਨ ਲੋਕ ਭਗਵੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਵਡਿਆਏ ਵਿਚ ਸਾਧ ਸੰਤ । ਤੀਨ ਲੋਕ ਪ੍ਰਭ ਚਰਨ ਦਵਾਰੇ । ਬੈਠੇ ਅਡੋਲ ਆਪ ਗਿਰਧਾਰੇ । ਖੰਡ ਬ੍ਰਹਿਮੰਡ ਵਰਭੰਡ ਪ੍ਰਭ ਚਰਨ ਪਨਿਹਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਆਪ ਹੋਏ ਸਿਕਦਾਰੇ । ਸਾਚਾ ਪ੍ਰਭ ਸਾਚੀ ਜੋਤੀ । ਗੁਰਮੁਖ ਮਿਲਾਏ ਚਰਨ ਲਗਾਏ ਪ੍ਰਭ ਆਪ ਬਣਾਏ ਏਕਾ ਗੋਤੀ । ਕਲਜੁਗ ਜਣਾਏ ਹਾਰ ਬਣਾਏ ਮਾਣਕ ਮੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਮੈਲ ਗੁਰਮੁਖ ਧੋਤੀ । ਪ੍ਰਭ ਆਵੇ ਆਵੇ ਜਾਵੇ । ਆਪਣਾ ਆਪ ਨਾ ਕਿਸੇ ਜਣਾਵੇ । ਭਗਤ ਜਨਾਂ ਪ੍ਰਭ ਆਪ ਤਰਾਵੇ । ਏਕਾ ਧੁਨ ਨਾਦ ਉਪਜਾਵੇ । ਆਤਮ ਸੁੰਨ ਖੋਲ੍ਹ ਵਖਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਉਪਰ ਦਇਆ ਕਮਾਵੇ । ਪ੍ਰਭ ਕੀ ਜੋਤ ਜੋਤ ਚਮਤਕਾਰ । ਪ੍ਰਭ ਕੀ ਜੋਤ ਸਦਾ ਨਿਰਾਹਾਰ । ਪ੍ਰਭ ਕੀ ਜੋਤ ਗੁਰਮੁਖ ਸਾਚੇ ਪਾਵੇ ਸਾਰ । ਪ੍ਰਭ ਕੀ ਜੋਤ ਜਗੇ ਅਗੰਮ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਕਰੇ ਆਕਾਰ । ਗੁਰਮੁਖ ਹੋਏ ਜੋਤ ਪਰਕਾਸ਼ । ਅਗਿਆਨ ਅੰਧੇਰ ਜਾਏ ਵਿਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸਦਾ ਤੇਰੇ ਸੰਗ ਸਾਥ । ਧੰਨ ਧੰਨ ਗੁਰਸਿਖ । ਪ੍ਰਭ ਦਰ ਮੰਗੀ ਸਾਚੀ ਭਿਖ । ਸਾਚਾ ਪ੍ਰਭ ਪਰਗਟ ਜੋਤ ਸਾਚੇ ਲੇਖ ਜਾਏ ਕਲ ਲਿਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸ਼ਬਦ ਲਿਖਾਏ ਭਵਿਖ । ਗੁਰ ਪੂਰਾ ਦਰ ਭੋਗ ਲਗਾਏ । ਸਾਧ ਸੰਗਤ ਪ੍ਰਭ ਦੇ ਵਰਤਾਏ । ਆਪ ਆਪਣੀ ਬੂਝ ਬੁਝਾਏ । ਸਾਚੀ ਜੋਤ ਵਿਚ ਦੇਹ ਜਗਾਏ ।

ਸਾਚਾ ਧਿਆਨ ਸਾਚਾ ਗਿਆਨ ਪ੍ਰਭ ਆਪ ਉਪਜਾਏ । ਭਗਤ ਭਗਵਾਨ ਪ੍ਰਭ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰ ਤੇਰੇ ਭੋਗ ਲਗਾਏ । ਗੁਰਸਿਖਾਂ ਦੇਵੇ ਪ੍ਰਭ ਸਾਚਾ ਦਾਨ । ਪ੍ਰਭ ਦੀ ਜੋਤ ਜਗੇ ਮਹਾਨ । ਜੁਗੋ ਜੁਗ ਪ੍ਰਭ ਸਾਚਾ ਗੁਰਮੁਖ ਸਾਚੇ, ਪ੍ਰਭ ਸਾਚੇ ਕੀ ਸਾਚੀ ਆਣ । ਦੇਵੇ ਦਰਸ ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਰਸਨਾ ਜਪ ਸਾਚਾ ਨਾਉਂ । ਦਰਗਹਿ ਸਾਚੀ ਪਾਏ ਥਾਉਂ । ਗੁਰਮੁਖ ਸਾਚੇ ਵਿਚ ਮਾਤ ਰੱਖੇ ਪ੍ਰਭ ਸਾਚਾ ਨਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਨ ਹਿਤ ਤਾਰੇ ਸਭ ਗੁਝਗਾਉਂ । ਗੁਰਸਿਖ ਸਿੱਖ ਤੇਰੀ ਵਡਿਆਈ । ਨਾਮ ਭਿਖ ਭਿਖ ਭਿਖ ਪ੍ਰਭ ਤੇਰੀ ਝੋਲੀ ਪਾਈ । ਲਿਖ ਲਿਖ ਲਿਖ ਲੇਖ ਪ੍ਰਭ ਸਾਚਾ ਲੇਖ ਲਿਖਾਈ । ਵੇਖ ਵੇਖ ਵੇਖ ਪ੍ਰਭ ਤੇਰੀ ਬਣਤ ਬਣਾਈ । ਸਤਿਜੁਗ ਸਾਚੇ ਮਹਾਰਾਜ ਸ਼ੇਰ ਸਿੰਘ ਦਿਤੀ ਆਪ ਵਡਿਆਈ । ਸਾਚਾ ਧਾਮ ਊਚਾ ਦਰ । ਸਤਿਜੁਗ ਬਣੇ ਸਾਚਾ ਸਰ । ਚਾਰ ਵਰਨ ਦਿਸੇ ਏਕਾ ਘਰ । ਰਸਨਾ ਜਪ ਜਪ ਜੀਵ ਸਭ ਜਾਇਣ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਦੇਵੇ ਵਰ । ਵਰ ਘਰ ਪ੍ਰਭ ਦਰ ਪਾਇਆ । ਹਰਿ ਹਰਿ ਮੰਗਲ ਰਸਨਾ ਗਾਇਆ । ਹਉਮੈ ਵਿਚੋਂ ਹੰਕਾਰ ਤਜਾਇਆ । ਏਕਾ ਓਟ ਨਿਹਕਲੰਕ ਤੇਰੀ ਸਰਨਾਇਆ । ਪਰਗਟ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਸ਼ਨ ਸਿੰਘ ਆਣ ਤਰਾਇਆ ।

ਮਾਤਲੋਕ ਪ੍ਰਭ ਤਾਰਨ ਆਇਆ । ਧਰੇ ਜੋਤ ਆਪ ਰਘੁਰਾਇਆ । ਸਾਚਾ ਬਾਪ ਕਿਸੇ ਅੰਤ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਨਿਹਕਲੰਕ ਅਵਤਾਰ ਧਰ । ਕਲਜੁਗ ਅੰਤ ਪ੍ਰਭ ਜਾਏ ਕਰ । ਸਤਿਜੁਗ ਸਾਚਾ ਪ੍ਰਭ ਦੇਵੇ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਅਪਰ । ਸੋਹੰ ਸ਼ਬਦ ਪ੍ਰਭ ਜਗਤ ਚਲਾਇਆ । ਸਤਿਜੁਗ ਸਾਚਾ ਮਾਰਗ ਲਾਇਆ । ਚਾਰ ਵਰਨ ਪ੍ਰਭ ਇਕ ਕਰਾਇਆ । ਊਚ ਨੀਚ ਪ੍ਰਭ ਭੇਵ ਮਿਟਾਇਆ । ਆਪ ਆਪਣਾ ਰੰਗ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਸਤਿਜੁਗ ਸਾਚੇ ਜਨਮ ਦਵਾਇਆ । ਸਤਿਜੁਗ ਲੈ ਆਏ ਸਾਚਾ ਰੂਪ । ਧਰੇ ਜੋਤ ਪ੍ਰਭ ਵਡ ਸਾਚਾ ਭੂਪ । ਜੋਤ ਪਰਕਾਸ਼ ਕਰੇ ਵਿਚ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਸਰੂਪ । ਜੋਤ ਸਰੂਪ ਪ੍ਰਭ ਜਾਮਾ ਧਾਰਿਆ । ਕਲਜੁਗ ਖੇਲ ਕਰੇ ਅਪਾਰਿਆ । ਬੇਮੁਖਾਂ ਪ੍ਰਭ ਗੂੜ੍ਹੀ ਨੀਂਦ ਸਵਾਇਆ । ਗੁਰਮੁਖਾਂ ਪ੍ਰਭ ਬਾਹੋਂ ਪਕੜ ਆਪਣੇ ਚਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾਇਆ । ਘਨਕਪੁਰੀ ਪ੍ਰਭ ਜਾਮਾ ਧਾਰੇ । ਏਕਾ ਜੋਤ ਕਰੇ ਆਕਾਰੇ । ਸੋਹੰ ਸਾਚਾ ਸ਼ਬਦ ਧਰੇ ਵਿਚ ਸੰਸਾਰੇ । ਚਾਰ ਵਰਨ ਜਪਾਏ ਕਰਾਏ ਜੈ ਜੈ ਜੈਕਾਰੇ । ਸਾਚੀ ਦਾਤ ਮਹਾਰਾਜ ਸ਼ੇਰ ਸਿੰਘ ਵਿਚ ਮਾਤ ਵਰਤਾਰੇ । ਜੋਤ ਸਰੂਪ ਪ੍ਰਭ ਭੇਖ ਵਟਾਇਆ । ਆਪ ਆਪਣਾ ਆਪ ਛੁਪਾਇਆ । ਗੁਰਮੁਖ ਸਾਚੇ ਪ੍ਰਭ ਬੂਝ ਬੁਝਾਇਆ । ਪਰਗਟ ਜੋਤ ਜੋਤ ਸਰੂਪ ਸਵੱਛ ਸਰੂਪ ਪ੍ਰਭ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾਇਆ । ਘਨਕਪੁਰੀ ਪ੍ਰਭ ਜਾਮਾ ਪਾਏ । ਤੀਨ ਲੋਕ ਕਰੇ ਰੁਸ਼ਨਾਏ । ਆਪ ਅਤੁਲ ਸਭ ਜਗਤ ਤੁਲਾਏ । ਸੋਹੰ ਸਾਚਾ ਬਾਣ ਪ੍ਰਭ ਸ਼ਬਦ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਜਾਮਾ

ਘਨਕਪੁਰੀ ਵਿਚ ਪਾਏ । ਘਨਕਪੁਰੀ ਹੋਏ ਧਾਮ ਨਿਆਰਾ । ਸਾਚੀ ਜੋਤ ਧਰੇ ਨਿਹਕਲੰਕ ਨਰਾਇਣ ਨਰ ਅਵਤਾਰਾ । ਪਾਰਬ੍ਰਹਮ ਤੇਰੇ ਅਚਰਜ ਖੇਲ, ਕਲਜੁਗ ਜੀਵ ਨਾ ਪਾਇਣ ਸਾਰਾ । ਗੁਰਮੁਖ ਸਾਚੇ ਪ੍ਰਭ ਦਰ ਆਇਣ, ਸੋਹੰ ਸ਼ਬਦ ਪ੍ਰਭ ਆਤਮ ਭਰੇ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਬਣਾਏ ਸਚਖੰਡ ਦਵਾਰਾ । ਸਚਖੰਡ ਗੁਰਚਰਨ ਦਵਾਰਾ । ਸਾਚੀ ਜੋਤ ਧਰੇ ਨਿਹਕਲੰਕ ਨਰ ਅਵਤਾਰਾ । ਗੁਰਮੁਖ ਸਾਚੇ ਪ੍ਰਭ ਪਾਏ ਸਾਰਾ । ਬੇਮੁਖਾਂ ਕਲ ਆਈ ਹਾਰਾ । ਮਦਿਰਾ ਮਾਸ ਕਰਨ ਰਸਨ ਆਹਾਰਾ । ਗੁਰਮੁਖ ਸਾਚੇ ਪ੍ਰਭ ਅੰਮ੍ਰਿਤ ਝਿਰਨਾ ਝਿਰਾਏ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਕਰੇ ਆਕਾਰਾ । ਸਾਚੀ ਜੋਤ ਜਗਤ ਪਰਕਾਸ਼ੇ । ਅਗਿਆਨ ਅੰਧੇਰ ਸਰਬ ਵਿਨਾਸੇ । ਦੇਵੇ ਦਰਸ ਪ੍ਰਭ ਅਬਿਨਾਸ਼ੇ । ਗੁਰਸਿਖ ਜਨਮ ਹੋਇਆ ਰਹਿਰਾਸੇ । ਸਾਚਾ ਪ੍ਰਭ ਤੇਰੇ ਹਿਰਦੇ ਵਾਸੇ । ਜੋਤ ਸਰੂਪੀ ਜੋਤ ਪ੍ਰਭ ਭਗਤ ਜਨਾਂ ਦਾਸਨ ਦਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਰੇ ਬੰਦ ਖ਼ੁਲਾਸੇ । ਦਾਸਨ ਦਾਸ ਆਪ ਪ੍ਰਭ ਹੋਇਆ । ਭਗਤ ਜਨਾਂ ਪ੍ਰਭ ਦਰ ਖਲੋਇਆ । ਸੋਹੰ ਸਾਚਾ ਦੇਵੇ ਢੋਇਆ । ਪੂਰਬ ਜਨਮ ਬੀਜ ਜੋ ਬੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਜਹਾਨ ਦੋਇਆ । ਦੋ ਜਹਾਨ ਆਪ ਪ੍ਰਭ ਵਾਲੀ । ਸਰਬ ਜੀਆਂ ਹਰਿ ਪ੍ਰਭ ਪਾਲੀ । ਗੁਰਮੁਖ ਸਾਚੇ ਸਾਚੀ ਜੋਤ ਤੇਰੇ ਆਤਮ ਦੀਪਕ ਬਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਖੜ੍ਹੇ ਦਰ ਸਵਾਲੀ । ਗੁਰਸਿਖਾਂ ਪ੍ਰਭ ਕਾਜ ਸਵਾਰੇ । ਕਰ ਕਿਰਪਾ ਪ੍ਰਭ ਪਾਰ ਉਤਾਰੇ । ਜੋ ਜਨ ਆਏ ਪ੍ਰਭ ਚਰਨ ਦਵਾਰੇ । ਭਗਤ ਵਛਲ ਆਪ ਗਿਰਧਾਰੇ । ਰੱਖੇ ਲਾਜ ਪ੍ਰਭ ਆਪ ਮੁਰਾਰੇ । ਦੇਵੇ ਦਰਸ ਦਿਵਸ ਰੈਣ ਅਗੰਮ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੇ ਕਾਜ ਸਵਾਰੇ । ਗੁਰਸਿਖ ਤੇਰਾ ਕਾਜ ਸਵਾਰਿਆ । ਕਰ ਕਿਰਪਾ ਪਾਰ ਉਤਾਰਿਆ । ਜੋ ਜਨ ਆਏ ਚਰਨ ਨਿਮਸਕਾਰਿਆ । ਗੁਣ ਅਵਗੁਣ ਨਾ ਪ੍ਰਭ ਵਿਚਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਆਤਮ ਭਰੇ ਭੰਡਾਰਿਆ । ਸਾਚਾ ਪ੍ਰਭ ਸ਼ਬਦ ਭੰਡਾਰੀ । ਦੇਵੇ ਸ਼ਬਦ ਜੋਤ ਅਧਾਰੀ । ਏਕਾ ਸ਼ਬਦ ਸਦ ਨਿਰੰਕਾਰੀ । ਜੁਗੋ ਜੁਗ ਮਾਤਲੋਕ ਲਏ ਅਵਤਾਰੀ । ਜੋਤ ਸਰੂਪ ਜੋਤ ਪ੍ਰਭ, ਜਨ ਭਗਤਾਂ ਜਾਏ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਭਰੇ ਭੰਡਾਰੀ । ਸਾਚਾ ਸ਼ਬਦ ਪ੍ਰਭ ਜਗਤ ਚਲਾਇਆ । ਸੋਹੰ ਸਾਚਾ ਮੁਖ ਰਖਾਇਆ । ਏਕਾ ਆਪ ਏਕਾ ਜਾਪ ਮਾਤ ਰਖਾਇਆ । ਚਾਰ ਵਰਨ ਪ੍ਰਭ ਇਕ ਕਰਾਇਆ । ਰਾਓ ਰੰਕ ਪ੍ਰਭ ਭੇਵ ਚੁਕਾਇਆ । ਏਕਾ ਅੰਕ ਸਾਚਾ ਡੰਕ ਪ੍ਰਭ ਆਪ ਵਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਇਆ । ਏਕਾ ਡੰਕ ਪ੍ਰਭ ਵਜਾਏ । ਸੋਹੰ ਸ਼ਬਦ ਜਗਤ ਚਲਾਏ । ਕਲਜੁਗ ਭੇਖ ਸਰਬ ਮਿਟਾਏ । ਅਲਖ ਅਲੇਖ ਪ੍ਰਭ ਲੇਖ ਲਿਖਾਏ । ਸਤਿਜੁਗ ਸਾਚੀ ਪ੍ਰਭ ਮੇਖ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਏ । ਕਲਜੁਗ ਝੂਠਾ ਭੇਖ ਮਿਟਾਵਣਾ । ਸੋਹੰ ਸਾਚਾ ਡੰਕ ਵਜਾਵਣਾ । ਸਤਿਜੁਗ ਸਾਚਾ ਪ੍ਰਭ ਸਾਚੇ ਲਾਵਣਾ । ਏਕਾ ਆਪਣਾ ਨਾਮ ਜਗਤ ਧਰਾਵਣਾ । ਚਾਰ ਵਰਨ ਪ੍ਰਭ ਚਰਨ ਲਗਾਵਣਾ । ਰਾਣਿਆਂ ਮਹਾਰਾਣਿਆਂ ਮਾਣ ਗਵਾਵਣਾ । ਏਕਾ ਛਤਰ ਨਿਹਕਲੰਕ ਸੀਸ ਝੁਲਾਵਣਾ । ਵਾਲੀ ਹਿੰਦ ਪਰਗਟ ਜੋਤ ਪ੍ਰਭ ਚਰਨ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਵਣਾ । ਆਪ ਆਪਣਾ ਭੇਦ ਖੁਲ੍ਹਾਏ । ਜੋਤ ਸਰੂਪੀ ਜਾਮਾ ਪਾਏ । ਜੋਤ ਸਰੂਪੀ ਜੋਤ ਪ੍ਰਭ ਆਪਣੀ ਜੋਤ ਆਪ ਪਰਗਟਾਏ ।

ਗੋਤੀ ਗੋਤ ਗੋਤ ਪ੍ਰਭ ਚਾਰ ਵਰਨ ਇਕ ਗੋਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਏ । ਆਪ ਆਪਣਾ ਪ੍ਰਭ ਭੇਦ ਖੁਲ੍ਹਾਵਣਾ । ਜੋਤ ਸਰੂਪੀ ਪਰਗਟ ਜੋਤ ਪ੍ਰਭ ਦਰਸ ਦਿਖਾਵਣਾ । ਰਾਣਾ ਸੰਗਰੂਰ ਪ੍ਰਭ ਸਾਚੇ ਆਪਣੀ ਸਰਨ ਲਗਾਵਣਾ । ਆਇਆ ਵਕ਼ਤ ਪ੍ਰਭ ਸਾਚੇ ਆਪਣਾ ਚਰਨ ਮਸਤੂਆਣੇ ਜਾਏ ਟਿਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਵਣਾ । ਮਸਤੂਆਣੇ ਪ੍ਰਭ ਚਰਨ ਟਿਕਾਏ । ਤੀਨ ਲੋਕ ਹੋਏ ਰੁਸ਼ਨਾਏ । ਰਾਓ ਰੰਕਾਂ ਪ੍ਰਭ ਸਾਚਾ ਦਇਆ ਕਮਾਏ । ਸਾਧ ਸੰਗਤ ਪਰਗਟ ਜੋਤ ਪ੍ਰਭ ਸਾਚਾ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਏ । ਮਸਤੂਆਣੇ ਪ੍ਰਭ ਚਰਨ ਟਿਕਾਣਾ । ਸਾਧ ਸੰਗਤ ਪ੍ਰਭ ਮਾਣ ਦਵਾਣਾ । ਦਿਵਸ ਚਾਲੀ ਪ੍ਰਭ ਸ਼ਬਦ ਲਿਖਾਣਾ । ਦਿਵਸ ਰੈਣ ਪ੍ਰਭ ਏਕਾ ਰੰਗ ਵਰਤਾਣਾ । ਗੁਰਮੁਖ ਸਾਚਾ ਪ੍ਰਭ ਪੇਖੇ ਨੈਣ, ਜੋਤ ਸਰੂਪ ਪ੍ਰਭ ਸਾਚੇ ਦਰਸ ਦਿਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਚਾਰ ਵਰਨ ਵਰਤਾਣਾ । ਮਸਤੂਆਣਾ ਪ੍ਰਭ ਧਾਮ ਉਪਜਾਏ । ਸਤਿਜੁਗ ਸਾਚੇ ਪ੍ਰਭ ਮਾਣ ਦਵਾਏ । ਆਪ ਆਪਣੀ ਜੋਤ ਪਰਗਾਏ । ਲਿਖਤ ਭਵਿਖਤ ਪ੍ਰਭ ਸਚ ਕਰਾਏ । ਅਗਾਧ ਬੋਧ ਬੋਧ ਅਗਾਧ ਪ੍ਰਭ ਸਾਚੀ ਲਿਖਤ ਲਿਖਾਏ । ਬੇਮੁਖਾਂ ਪ੍ਰਭ ਜਾਏ ਸੋਧ, ਸੋਹੰ ਸਾਚਾ ਬਾਣ ਲਗਾਏ । ਪਰਗਟ ਜੋਤ ਪ੍ਰਭ ਵਡ ਜੋਧਨ ਜੋਧ, ਕੋਇ ਠਹਿਰ ਨਾ ਪਾਏ । ਗੁਰਮੁਖ ਸਾਚੇ ਪ੍ਰਭ ਰਖਾਏ ਗੋਦ, ਸੋਹੰ ਸ਼ਬਦ ਨਾਮ ਜਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਏ । ਗੁਰਸਿਖਾਂ ਪ੍ਰਭ ਗੋਦ ਸੁਲਾਇਆ । ਆਤਮ ਸਾਚੀ ਜੋਤ ਜਗਾਇਆ । ਏਕਾ ਨਾਮ ਰਿਦੇ ਵਸਾਇਆ । ਜੋਤ ਸਰੂਪ ਪਰਗਟ ਜੋਤ ਪ੍ਰਭ ਸਾਚੇ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਇਆ । ਗੁਰਮੁਖਾਂ ਪ੍ਰਭ ਦਰਸ ਦਿਖਾਏ । ਆਤਮ ਸਾਚੀ ਜੋਤ ਜਗਾਏ । ਅਗਿਆਨ ਅੰਧੇਰ ਪ੍ਰਭ ਸਰਬ ਮਿਟਾਏ । ਸੋਹੰ ਸਾਚੀ ਬੱਤੀ ਲਾਏ । ਬਿਨ ਬਾਤੀ ਬਿਨ ਤੇਲ ਪ੍ਰਭ ਸਾਚੀ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਏ । ਗੁਰਮੁਖ ਆਤਮ ਸਦ ਉਜਿਆਰੀ । ਆਤਮ ਵਸੇ ਪ੍ਰਭ ਗਿਰਧਾਰੀ । ਸਾਚੀ ਜੋਤ ਪ੍ਰਭ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸਰਬ ਕਰੇ ਆਕਾਰੀ । ਜੋਤ ਸਰੂਪ ਪ੍ਰਭ ਸਰਬ ਆਕਾਰਿਆ । ਜੋਤ ਸਰੂਪ ਪ੍ਰਭ ਨੈਣ ਮੁੰਧਾਰਿਆ । ਜੋਤ ਸਰੂਪ ਪ੍ਰਭ ਧਰੇ ਜੋਤ ਵਿਚ ਸੰਸਾਰਿਆ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰਿਆ । ਜੋਤ ਸਰੂਪ ਪ੍ਰਭ ਖੇਲ ਰਚਾਇਆ । ਜੋਤ ਸਰੂਪ ਪ੍ਰਭ ਮੇਲ ਮਿਲਾਇਆ । ਜੋਤ ਸਰੂਪ ਗੁਰਮੁਖ ਸਾਚੇ ਪ੍ਰਭ ਆਪਣਾ ਭੇਵ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਇਆ । ਸੁਰਤੀ ਸ਼ਬਦ ਸ਼ਬਦ ਧਿਆਨ । ਦੇਵੇ ਸ਼ਬਦ ਸੁਰਤ ਭਗਵਾਨ । ਏਕਾ ਸ਼ਬਦ ਸੋਹੰ ਆਤਮ ਦੇਵੇ ਬ੍ਰਹਮ ਗਿਆਨ । ਦੇਵੇ ਦਰਸ ਪਰਗਟ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸੁਰਤ ਸ਼ਬਦ ਪ੍ਰਭ ਮੇਲ ਮਿਲਈਆ । ਸੁਰਤ ਸ਼ਬਦ ਪ੍ਰਭ ਦਰਸ ਦਖਈਆ । ਸੁਰਤ ਸ਼ਬਦ ਪ੍ਰਭ ਜਗਤ ਤਰਈਆ । ਸੁਰਤ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਇਕ ਕਰਈਆ । ਸਚਖੰਡ ਪ੍ਰਭ ਤੇਰਾ ਵਾਸ । ਸਾਚਾ ਪ੍ਰਭ ਸਦਾ ਅਬਿਨਾਸ਼ । ਜੋਤ ਸਰੂਪ ਸਰਬ ਗੁਣਤਾਸ । ਏਕਾ ਜੋਤ ਕਰੇ ਪਰਕਾਸ਼ । ਗੁਰਮੁਖ ਸਾਚੇ ਸਦ ਰੱਖੇ ਵਾਸ । ਭਗਤ ਜਨਾਂ ਪ੍ਰਭ ਹੋਏ ਦਾਸ । ਕਰ ਦਰਸ ਗੁਰਮੁਖ ਸਾਚੇ ਦੁਖ ਜਾਇਣ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ

ਰਾਸ । ਮਾਨਸ ਜਨਮ ਗੁਰ ਸਵਾਰਿਆ । ਜੋ ਜਨ ਆਏ ਚਰਨ ਨਿਮਸਕਾਰਿਆ । ਕਰ ਕਿਰਪਾ ਪ੍ਰਭ ਪਾਰ ਉਤਾਰਿਆ । ਵੇਲੇ ਅੰਤ ਪ੍ਰਭ ਜੋਤੀ ਜੋਤ ਮਿਲਾ ਰਿਹਾ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਬਹਾ ਰਿਹਾ । ਗੁਰਸਿਖਾਂ ਧਾਮ ਨਿਆਰਾ । ਜਗੇ ਜੋਤ ਅਗੰਮ ਅਪਾਰਾ । ਏਕਾ ਦੀਸੇ ਆਪ ਨਿਰੰਕਾਰਾ । ਜੋਤ ਸਰੂਪ ਸਦਾ ਨਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਤ ਆਕਾਰਾ । ਗੁਰਸਿਖ ਸਚ ਧਾਮ ਬਹਾਏ । ਆਪ ਆਪਣੀ ਜੋਤ ਜਗਾਏ । ਦੇਵੇ ਦਰਸ ਪ੍ਰਭ ਰਘੁਰਾਏ । ਆਤਮ ਸਾਚਾ ਦੀਪ ਜਗਾਏ । ਜਗੇ ਦੀਪ ਹੋਏ ਰੁਸ਼ਨਾਏ । ਅਗਿਆਨ ਅੰਧੇਰ ਸਰਬ ਮਿਟ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਏ । ਗੁਰਸਿਖਾਂ ਪ੍ਰਭ ਮੇਲ ਮਿਲਾਇਆ । ਪਰਗਟ ਜੋਤ ਵਿਚ ਮਾਤ ਪ੍ਰਭ ਦਰਸ ਦਿਖਾਇਆ । ਸੋਹੰ ਦੇਵੇ ਸਾਚੀ ਕਰਾਮਾਤ, ਰਸਨਾ ਜਪ ਜੀਵ ਆਤਮ ਰਸ ਪਾਇਆ । ਸਾਚੀ ਦੇਵੇ ਚਰਨ ਪ੍ਰੀਤ, ਕਰ ਦਰਸ ਗੁਰਸਿਖ ਮਾਨਸ ਜਨਮ ਸੁਫਲ ਕਰਾਇਆ । ਆਤਮ ਰਹੇ ਸਦਾ ਅਤੀਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸਦ ਹੋਏ ਸਹਾਇਆ । ਗੁਰਸਿਖ ਸਚ ਘਰ ਬਹਾਏ । ਸਾਚਾ ਪ੍ਰਭ ਸਿਰ ਹੱਥ ਟਿਕਾਏ । ਲੱਖ ਚੁਰਾਸੀ ਗੇੜ ਕਟਾਏ । ਮਾਤ ਗਰਭ ਵਿਚ ਫੇਰ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚੀ ਜੋਤ ਮਿਲਾਏ । ਗੁਰਸਿਖ ਸਾਚੇ ਪ੍ਰਭ ਦਇਆ ਕਮਾਏ । ਆਪ ਆਪਣਾ ਦਰਸ ਦਿਖਾਏ । ਹਉਮੇ ਮਮਤਾ ਰੋਗ ਮਿਟਾਏ । ਸੁੰਨ ਸਮਾਧ ਪ੍ਰਭ ਖੁਲ੍ਹਾਏ । ਆਤਮ ਝਿਰਨਾ ਪ੍ਰਭ ਦੇਹ ਝਿਰਾਏ । ਅੰਮ੍ਰਿਤ ਬੂੰਦ ਮੁਖ ਕਵਲ ਚੁਆਏ । ਖੁੱਲ੍ਹੇ ਕਵਲ ਹੋਏ ਉਜਿਆਰ, ਦਸਮ ਦਵਾਰ ਪ੍ਰਭ ਦੇ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ । ਦਸਮ ਦਵਾਰ ਪ੍ਰਭ ਖੁਲ੍ਹਾਇਆ । ਆਪ ਆਪਣਾ ਭੇਵ ਚੁਕਾਇਆ । ਸੁਰਤ ਸ਼ਬਦ ਪ੍ਰਭ ਮੇਲ ਮਿਲਾਇਆ । ਅਨਹਦ ਸਾਚੀ ਧੁਨ ਦਏ ਵਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਨਜ਼ਰੀ ਆਇਆ । ਗੁਰਮੁਖ ਸਾਚੇ ਪ੍ਰਭ ਦਰਸ ਕਰ । ਏਕਾ ਦੀਸੇ ਸਾਚਾ ਘਰ । ਕਲਜੁਗ ਪ੍ਰਭ ਚਰਨ ਲਾਗ ਮੂਲ ਨਾ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਭਵਜਲ ਤਰ । ਜੋਤ ਸਰੂਪ ਜਗਤ ਅਧਾਰਿਆ । ਕਰ ਕਿਰਪਾ ਗੁਰਸਿਖ ਸਾਚਾ ਪਾਰ ਉਤਾਰਿਆ । ਧਰੇ ਜੋਤ ਪ੍ਰਭ ਆਪ ਬਨਵਾਰਿਆ । ਜੋਤ ਸਰੂਪ ਪ੍ਰਭ ਨਿਰਾਹਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਨਿਰੰਕਾਰਿਆ । ਸਾਚੀ ਜੋਤ ਮਾਤ ਪਰਗਟਾਏ । ਬਾਸ਼ਕ ਸੇਜ ਪ੍ਰਭ ਤਜਾਏ । ਨੈਣ ਮੁੰਧਾਰੀ ਵਿਚ ਮਾਤ ਦੇ ਆਏ । ਆਪ ਆਪਣੀ ਕਲ ਵਰਤਾਏ । ਸ੍ਰਿਸ਼ਟ ਸਬਾਈ ਪ੍ਰਭ ਭੁਲਾਏ । ਗੁਰਮੁਖ ਸਾਚੇ ਪ੍ਰਭ ਸਾਚੀ ਬੂਝ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਆਪ ਰਘੁਰਾਏ । ਸਾਚੇ ਪ੍ਰਭ ਸਾਚੀ ਕਾਰਾ । ਸਾਚੀ ਜੋਤ ਕਰੇ ਆਕਾਰਾ । ਧਰੇ ਜੋਤ ਨਿਹਕਲੰਕ ਨਰਾਇਣ ਨਰ ਅਵਤਾਰਾ । ਪਾਰਬ੍ਰਹਮ ਤੇਰਾ ਅਚਰਜ ਖੇਲ, ਕੋਈ ਨਾ ਪਾਵੇ ਸਾਰਾ । ਬੇਮੁਖਾਂ ਪ੍ਰਭ ਜਾਏ ਬੇੜਾ ਠੇਲ੍ਹ, ਕਲਜੁਗ ਜੀਵ ਭੁੱਲੇ ਸੰਸਾਰਾ । ਗੁਰਮੁਖ ਸਾਚੇ ਪ੍ਰਭ ਚਰਨ ਮੇਲ, ਜੋਤ ਸਰੂਪੀ ਦੇ ਸਹਾਰਾ । ਜੁਗੋ ਜੁਗ ਪ੍ਰਭ ਮਾਤ ਵਿਚ ਆਏ । ਆਪ ਆਪਣੀ ਜੋਤ ਪਰਗਟਾਏ । ਬੇਮੁਖ ਕਲ ਬੂਝ ਨਾ ਪਾਏ । ਗੁਰਮੁਖ ਸਾਚੇ ਪ੍ਰਭ ਆਤਮ ਸਾਚੀ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਏ । ਦੁਖ ਦੁਖ ਪ੍ਰਭ ਦੁਖ ਗਵਾਇਆ । ਸੁਖ ਸੁਖ ਪ੍ਰਭ ਆਤਮ ਸੁਖ ਵਸਾਇਆ । ਭੁਖ ਭੁਖ ਪ੍ਰਭ ਆਤਮ ਭੁਖ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਅੰਮ੍ਰਿਤ ਆਤਮ ਸਿੰਚ ਹਉਮੇ ਰੋਗ ਗਵਾਇਆ । ਅੰਮ੍ਰਿਤ ਮੇਘ ਪ੍ਰਭ ਬਰਸਾਏ । ਸਾਧ ਸੰਗਤ ਪ੍ਰਭ ਦਇਆ ਕਮਾਏ । ਦੁਰਮਤ ਮੈਲ ਪ੍ਰਭ ਸਰਬ ਗਵਾਏ । ਸੋਹੰ ਸ਼ਬਦ ਪ੍ਰਭ ਨਾਮ ਦਵਾਏ । ਪਰਗਟ ਜੋਤ ਜੋਤ ਸਰੂਪ ਸਵੱਛ ਸਰੂਪ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਬਜਰ ਕਪਾਟ ਤੇਰਾ ਖੋਲ੍ਹ ਵਖਾਏ । ਸਾਚਾ ਪ੍ਰਭ ਸਾਚਾ ਦਰ । ਚਰਨ ਲਾਗ ਗੁਰਸਿਖ ਜਾਏ ਤਰ । ਸੋਹੰ ਸਾਚਾ ਸ਼ਬਦ ਪ੍ਰਭ ਆਤਮ ਦੇਵੇ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਭੰਡਾਰੀ ਜਾਏ ਭੰਡਾਰੇ ਭਰ । ਆਤਮ ਦੇਵੇ ਸ਼ਬਦ ਅਧਾਰ । ਏਕਾ ਜੋਤ ਕਰੇ ਆਕਾਰ । ਦਿਸੇ ਵਿਚ ਆਪ ਨਿਰਾਧਾਰ । ਦੇਵੇ ਦਰਸ ਗੁਰਮੁਖ ਸਾਚੇ ਪ੍ਰਭ ਸਾਚਾ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਚਿੱਟੇ ਅਸਵ ਅਸਵਾਰ । ਸਾਚਾ ਪ੍ਰਭ ਅਸਵ ਅਸਵਾਰਾ । ਗੁਰਮੁਖਾਂ ਦੇਵੇ ਦਰਸ ਅਪਾਰਾ । ਆਤਮ ਸਾਚੀ ਜੋਤ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਗਮ ਕਰੇ ਵਿਚਾਰਾ । ਜੋਤ ਜੋਤ ਜੋਤ ਪ੍ਰਭ ਕਲ ਜੋਤ ਆਕਾਰੇ । ਜੋਤ ਜੋਤ ਜੋਤ ਕਲ ਪਸਰ ਪਸਾਰੇ । ਜੋਤ ਜੋਤ ਜੋਤ ਏਕਾ ਜੋਤ ਜਗਤ ਵਰਤਾਰੇ । ਜੋਤ ਜੋਤ ਜੋਤ ਸਾਚੀ ਜੋਤ ਸਦਾ ਨਿਰਾਧਾਰੇ । ਜੋਤ ਸਰੂਪ ਨਿਹਕਲੰਕ ਨਰਾਇਣ ਨਰ ਅਵਤਾਰੇ । ਜੋਤ ਜੋਤ ਜੋਤ ਜਨ ਭਗਤਾਂ ਜਾਏ ਕਾਜ ਸਵਾਰੇ । ਜੋਤ ਜੋਤ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸਚੀ ਨਿਰੰਕਾਰੇ । ਜੋਤ ਜੋਤ ਜੋਤ ਪ੍ਰਭ ਭਗਤ ਉਧਾਰਾ । ਜੋਤ ਜੋਤ ਜੋਤ ਵਰਤੇ ਵਿਚ ਸੰਸਾਰਾ । ਜੋਤ ਜੋਤ ਜੋਤ ਸੋਹੰ ਸਾਚਾ ਦੇਵੇ ਨਾਮ ਅਧਾਰਾ । ਜੋਤ ਜੋਤ ਜੋਤ ਸਾਚੀ ਜੋਤ ਚਾਰ ਕੁੰਟ ਕਰੇ ਉਜਿਆਰਾ । ਜੋਤ ਜੋਤ ਜੋਤ ਚਾਰ ਵਰਨ ਸੋਹੰ ਸ਼ਬਦ ਕਰੇ ਵਰਤਾਰਾ । ਜੋਤ ਜੋਤ ਜੋਤ ਗੁਰਮੁਖਾਂ ਦੇਵੇ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਅਵਤਾਰਾ । ਜੋਤ ਜੋਤ ਜੋਤ ਜਗਤ ਕਾ ਦਾਤਾ । ਜੋਤ ਜੋਤ ਜੋਤ ਪ੍ਰਭ ਸਰਬ ਕਾ ਗਿਆਤਾ । ਜੋਤ ਜੋਤ ਜੋਤ ਪ੍ਰਭ ਸ੍ਰਿਸ਼ਟ ਸਬਾਈ ਪਿਤ ਮਾਤਾ । ਜੋਤ ਜੋਤ ਜੋਤ ਪ੍ਰਭ ਗੁਰਸਿਖ ਸਾਚੇ ਪ੍ਰਭ ਬਖ਼ਸ਼ੇ ਚਰਨੀ ਨਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚੀ ਦਾਤਾ । ਜੋਤ ਜੋਤ ਜੋਤ ਪ੍ਰਭ ਜੋਤ ਵਰਤੰਤ । ਜੋਤ ਜੋਤ ਜੋਤ ਪ੍ਰਭ ਸਾਚੀ ਜੋਤ ਜਗਾਵੇ ਵਿਰਲੇ ਸੰਤ । ਜੋਤ ਜੋਤ ਜੋਤ ਪ੍ਰਭ ਜੋਤ ਸਦਾ ਇਕੰਤ । ਜੋਤ ਜੋਤ ਜੋਤ ਪ੍ਰਭ ਏਕਾ ਜੋਤ ਭਗਤ ਭਗਵੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਧਰੇ ਸਰਬ ਜੀਵ ਜੰਤ । ਜੋਤ ਜੋਤ ਜੋਤ ਪ੍ਰਭ ਜੋਤ ਆਕਾਰੇ । ਜੋਤ ਜੋਤ ਜੋਤ ਪ੍ਰਭ ਜੋਤ ਨਿਰਾਹਾਰੇ । ਜੋਤ ਜੋਤ ਜੋਤ ਪ੍ਰਭ ਵਡ ਸੰਸਾਰੇ । ਜੋਤ ਜੋਤ ਜੋਤ ਪ੍ਰਭ ਪਰਗਟ ਜੋਤ ਨਿਹਕਲੰਕ ਸ੍ਰਿਸ਼ਟ ਸਬਾਈ ਕਰੇ ਖੁਆਰੇ । ਜੋਤ ਜੋਤ ਜੋਤ ਪ੍ਰਭ ਚਾਰ ਵਰਨ ਕਰੇ ਪਨਿਹਾਰੇ । ਜੋਤ ਜੋਤ ਜੋਤ ਪ੍ਰਭ ਸੋਹੰ ਦੇਵੇ ਸਤਿਜੁਗ ਸਚੀ ਸਿਕਦਾਰੇ । ਜੋਤ ਜੋਤ ਜੋਤ ਪ੍ਰਭ ਏਕਾ ਜੋਤ ਜਗਤ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਮਾਤ ਆਕਾਰੇ । ਜੋਤ ਜੋਤ ਜੋਤ ਪ੍ਰਭ ਜਗਤ ਜਗਾਵੇ । ਜੋਤ ਜੋਤ ਜੋਤ ਪ੍ਰਭ ਜਗਤ ਭੁਲਾਵੇ । ਜੋਤ ਜੋਤ ਜੋਤ ਪ੍ਰਭ ਗੁਰਸਿਖ ਤਰਾਵੇ । ਜੋਤ ਜੋਤ ਜੋਤ ਪ੍ਰਭ ਬੇਮੁਖ ਖਪਾਵੇ । ਜੋਤ ਜੋਤ ਜੋਤ ਪ੍ਰਭ ਆਪਣੀ ਜੋਤ ਜਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾਵੇ । ਜੋਤ ਜੋਤ ਜੋਤ ਪ੍ਰਭ ਕਲ ਸਾਚੀ ਜੋਤ ਜਗਾਇਕੇ । ਜੋਤ ਜੋਤ ਜੋਤ ਪ੍ਰਭ ਆਪਣਾ ਭੇਵ ਖੁਲ੍ਹਾਇਕੇ । ਜੋਤ ਜੋਤ ਜੋਤ ਪ੍ਰਭ ਜਾਏ ਕਲਜੁਗ ਭੇਖ ਮਿਟਾਇਕੇ । ਜੋਤ ਜੋਤ ਜੋਤ ਪ੍ਰਭ ਸੋਹੰ ਸ਼ਬਦ ਜਾਏ ਜਗਤ ਵਰਤਾਇਕੇ । ਜੋਤ ਜੋਤ ਜੋਤ ਪ੍ਰਭ ਏਕਾ ਅੰਕ ਸਾਚਾ ਡੰਕ ਜਾਏ ਵਜਾਇਕੇ ।

੭੧੭
੦੧

ਜੋਤ ਜੋਤ ਜੋਤ ਪ੍ਰਭ ਚਾਰ ਵਰਨ ਜਾਏ ਇਕ ਕਰਾਇਕੇ । ਜੋਤ ਜੋਤ ਜੋਤ ਪ੍ਰਭ ਊਚ ਨੀਚ ਜਾਏ ਭੇਵ ਮਿਟਾਇਕੇ । ਜੋਤ ਜੋਤ ਜੋਤ ਪ੍ਰਭ ਰਾਓ ਰੰਕ ਜਾਏ ਇਕ ਕਰਾਇਕੇ । ਜੋਤ ਜੋਤ ਜੋਤ ਪ੍ਰਭ ਸਾਚੀ ਜੋਤ ਮਾਤ ਪਰਗਟਾਇਕੇ । ਜੋਤ ਜੋਤ ਜੋਤ ਪ੍ਰਭ ਕਲਜੁਗ ਜਾਏ ਅੰਧੇਰ ਗਵਾਇਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਵਰਤਾਇਕੇ । ਜੋਤ ਜੋਤ ਜੋਤ ਪ੍ਰਭ ਵਿਚ ਮਾਤ ਦੇ ਆਇਆ । ਜੋਤ ਜੋਤ ਜੋਤ ਪ੍ਰਭ ਜੋਤ ਸਰੂਪੀ ਖੇਲ ਰਚਾਇਆ । ਜੋਤ ਜੋਤ ਜੋਤ ਪ੍ਰਭ ਜੋਤ ਸਰੂਪ ਵਿਚ ਸਿੱਖ ਸਮਾਇਆ । ਜੋਤ ਜੋਤ ਜੋਤ ਪ੍ਰਭ ਬੇਮੁਖਾਂ ਦਿਸ ਨਾ ਆਇਆ । ਜੋਤ ਜੋਤ ਜੋਤ ਪ੍ਰਭ ਗੁਰਮੁਖ ਸਾਚੇ ਬੂਝ ਬੁਝਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਇਆ । ਜੋਤ ਜੋਤ ਜੋਤ ਪ੍ਰਭ ਕਲ ਮਾਤ ਪਰਗਟਾਈ । ਜੋਤ ਜੋਤ ਜੋਤ ਪ੍ਰਭ ਏਕਾ ਜੋਤ ਦੇਵੇ ਵਡਿਆਈ । ਜੋਤ ਜੋਤ ਜੋਤ ਏਕਾ ਜੋਤ ਪ੍ਰਭ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਕਰੇ ਰੁਸ਼ਨਾਈ । ਜੋਤ ਜੋਤ ਜੋਤ ਪ੍ਰਭ ਮਾਤ ਪਰਗਟਾਏ । ਜੋਤ ਜੋਤ ਜੋਤ ਪ੍ਰਭ ਏਕਾ ਜੋਤ ਜਗਤ ਧਰਾਏ । ਜੋਤ ਜੋਤ ਜੋਤ ਪ੍ਰਭ ਕਲਜੁਗ ਧਾਮ ਸਭ ਮੇਟ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ । ਨਿਹਕਲੰਕ ਜਾਮਾ ਪਾਇਆ । ਨਿਹਕਲੰਕ ਸੋਹੰ ਸਾਚਾ ਡੰਕ ਵਜਾਇਆ । ਨਿਹਕਲੰਕ ਏਕਾ ਅੰਕ ਵਿਚ ਜਗਤ ਧਰਾਇਆ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਇਆ । ਨਿਹਕਲੰਕ ਜੋਤ ਪਰਗਟਾਏ । ਅਠਸਠ ਤੀਰਥ ਮਾਣ ਗਵਾਏ । ਤਟ ਤੀਰਥ ਕੋਈ ਰਹਿਣ ਨਾ ਪਾਏ । ਪਰਗਟ ਜੋਤ ਨਿਹਕਲੰਕ ਸਰਬ ਜੋਤ ਖਿਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾਏ । ਗੰਗਾ ਤੇਰਾ ਗਿਆ ਸੀਰ । ਖਿੱਚੇ ਜੋਤ ਜਿਹੜੀ ਕੱਟੇ ਜ਼ੰਜੀਰ । ਦਿਵਸ ਰੈਣ ਰੈਣ ਦਿਵਸ ਪਈ ਰਹੇ ਵਹੀਰ । ਬਿਨ ਪ੍ਰਭ ਸਾਚੇ ਕੋਇ ਨਾ ਦੇਵੇ ਧੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅੰਮ੍ਰਿਤ ਬਖ਼ਸ਼ੇ ਜਿਉਂ ਬਾਲਕ ਮਾਤਾ ਸੀਰ । ਗੋਦਾਵਰੀ ਪ੍ਰਭ ਗੋਦ ਸਵਾਈ । ਵੇਲੇ ਅੰਤਕਾਲ ਕਲ ਤੇਰੀ ਬਿਆਧ ਮਿਟਾਈ । ਸਾਚੀ ਜੋਤ ਪ੍ਰਭ ਸਾਚੇ ਖਿੱਚ ਵਖਾਈ । ਸੋਹੰ ਸਾਚੇ ਸ਼ਬਦ ਵਿਚ ਮਾਤ ਮਿਲੇ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤਮ ਅੰਤ ਕਰਾਈ । ਸਾਚੇ ਪ੍ਰਭ ਸ਼ਬਦ ਚਲਾਇਆ । ਚਾਰ ਕੁੰਟ ਹਾਹਾਕਾਰ ਕਰਾਇਆ । ਗੁਰਮੁਖ ਸਾਚੇ ਤੇਰੀ ਰਸਨਾ ਸੋਹੰ ਜੈ ਜੈ ਜੈਕਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਇਆ । ਸੋਹੰ ਸ਼ਬਦ ਮਿਲੇ ਵਡਿਆਈ । ਸਾਚਾ ਪ੍ਰਭ ਹੋਏ ਸਹਾਈ । ਕੁਰਾਨ ਅੰਜੀਲ ਕੋਈ ਰਹਿਣ ਨਾ ਪਾਈ । ਚਾਰ ਯਾਰਾਂ ਸੰਗ ਮੁਹੰਮਦ ਪ੍ਰਭ ਸਾਚੇ ਖੇਲ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਕਲਜੁਗ ਅੰਤਮ ਤੇਰਾ ਅੰਤ ਕਰਾਈ । ਪੰਚਮ ਦੇਵੇ ਪ੍ਰਭ ਵਡਿਆਈ । ਪੰਚਮ ਵਿਚ ਪ੍ਰਭ ਰਿਹਾ ਸਮਾਈ । ਪੰਚਮ ਪ੍ਰਭ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰਾ ਭੇਵ ਨਾ ਲਖਿਆ ਜਾਈ । ਪੰਚਮ ਪ੍ਰਭ ਪੰਚਮ ਮਾਰਿਆ । ਕਰ ਕਿਰਪਾ ਪਾਰ ਉਤਾਰਿਆ । ਸੋਹੰ ਸਾਚੀ ਧੁਨ ਪ੍ਰਭ ਆਤਮ ਉਪਜਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾ ਰਿਹਾ । ਪੰਚਮ ਪ੍ਰਭ ਸਦਾ ਆਦੇਸਾ । ਪੰਚਮ ਪ੍ਰਭ ਸਦਾ ਪਰਵੇਸਾ । ਪੰਚਮ ਪ੍ਰਭ ਪ੍ਰਭ ਸਾਚੇ ਕਾ ਸਾਚਾ ਵੇਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭੇਵ ਨਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ਾ । ਗੁਰਸਿਖ ਸਾਚੇ ਪ੍ਰਭ ਸਾਚਾ ਤਾਰੇ । ਗੁਰਮੁਖ ਸਾਚੇ ਪ੍ਰਭ ਪਾਰ ਉਤਾਰੇ । ਬੇਮੁਖਾਂ ਪ੍ਰਭ ਡੋਬੇ

ਵਿਚ ਮੰਵਧਾਰੇ । ਗੁਰਸਿਖਾਂ ਪ੍ਰਭ ਆਤਮ ਜੋਤ ਕਰੇ ਉਜਿਆਰੇ । ਬੇਮੁਖਾਂ ਆਤਮ ਹੋਏ ਅੰਧ ਅੰਧਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਕਾਰੇ । ਗੁਰਮੁਖ ਸਾਚਾ ਪ੍ਰਭ ਸਾਚੇ ਤਾਰਿਆ । ਗੁਰਮੁਖ ਸਾਚੇ ਪ੍ਰਭ ਭਰੇ ਭੰਡਾਰਿਆ । ਗੁਰਮੁਖ ਸਾਚੇ ਪ੍ਰਭ ਦੇਵੇ ਸ਼ਬਦ ਅਧਾਰਿਆ । ਗੁਰਮੁਖ ਸਾਚੇ ਰਸਨਾ ਸੋਹੰ ਹੋਏ ਜੈ ਜੈ ਜੈਕਾਰਿਆ । ਗੁਰਮੁਖ ਸਾਚੇ ਪ੍ਰਭ ਤੇਰੇ ਸੋਹਣ ਚਰਨ ਦਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਪਾਰਾ ਵਾਰਿਆ । ਗੁਰਮੁਖ ਸਾਚੇ ਸਚ ਘਰ ਪਾਇਆ । ਗੁਰਮੁਖ ਸਾਚੇ ਪ੍ਰਭ ਸਾਚਾ ਰਿਦੇ ਵਸਾਇਆ । ਗੁਰਮੁਖ ਸਾਚੇ ਪ੍ਰਭ ਆਪਣਾ ਭੇਵ ਚੁਕਾਇਆ । ਗੁਰਮੁਖ ਸਾਚੇ ਪ੍ਰਭ ਦਰ ਆਏ ਆਪਣਾ ਭਰਮ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਦ ਖੁਲ੍ਹਾਇਆ । ਗੁਰਮੁਖ ਸਾਚੇ ਪ੍ਰਭ ਦਰ ਸੂਝਿਆ । ਗੁਰਮੁਖ ਸਾਚੇ ਪ੍ਰਭ ਸਾਚਾ ਬੂਝਿਆ । ਗੁਰਮੁਖ ਸਾਚਾ ਪ੍ਰਭ ਚਰਨੀ ਝੂਜਿਆ । ਗੁਰਮੁਖ ਸਾਚੇ ਪ੍ਰਭ ਆਤਮ ਭੇਵ ਖੁਲ੍ਹਾਵੇ ਗੂਝਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਵੇ, ਅੰਧੇਰ ਗਵਾਏ ਦੂਜਿਆ । ਗੁਰਮੁਖ ਪ੍ਰਭ ਦਰਸ਼ਨ ਪਾਏ । ਗੁਰਮੁਖ ਆਤਮ ਸਾਚੀ ਜੋਤ ਜਗਾਏ । ਗੁਰਮੁਖ ਸਾਚਾ ਸੋਹੰ ਰਸਨਾ ਗਾਏ । ਗੁਰਮੁਖ ਸਾਚਾ ਪ੍ਰਭ ਸਾਚੇ ਸਦਾ ਸੰਗ ਸਮਾਏ । ਗੁਰਮੁਖ ਸਾਚਾ ਦਰ ਘਰ ਵਰ ਪ੍ਰਭ ਸਾਚਾ ਪਾਏ । ਗੁਰਮੁਖ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾਏ । ਗੁਰਮੁਖ ਸਾਚੇ ਤੇਰੀ ਪੂਰਨ ਘਾਲਾ । ਗੁਰਮੁਖ ਸਾਚੇ ਪ੍ਰਭ ਸੋਹੰ ਦੇਵੇ ਸਾਚੀ ਮਾਲਾ । ਗੁਰਮੁਖ ਸਾਚੇ ਪ੍ਰਭ ਆਤਮ ਤੋੜੇ ਤੇਰੇ ਸਰਬ ਜੰਜਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਤੇਰਾ ਸਦਾ ਰਖਵਾਲਾ । ਗੁਰਮੁਖ ਸਾਚੇ ਪ੍ਰਭ ਮਾਣ ਦਵਾਇਆ । ਵੇਲੇ ਅੰਤ ਪਰਗਟ ਜੋਤ ਪ੍ਰਭ ਸਾਚੇ ਦਰਸ ਦਿਖਾਇਆ । ਜੋਤ ਸਰੂਪੀ ਜੋਤ ਪ੍ਰਭ, ਵਿਚ ਜੋਤੀ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸਾਚੇ ਧਾਮ ਬਹਾਇਆ । ਗੁਰਮੁਖ ਸਾਚਾ ਸਚ ਧਾਮ ਬਹਾ ਕੇ । ਸਚਖੰਡ ਪ੍ਰਭ ਸਚ ਨਿਵਾਸ ਦਵਾ ਕੇ । ਆਪ ਆਪਣਾ ਸਿਰ ਹੱਥ ਟਿਕਾ ਕੇ । ਦਰ ਦਰਬਾਨ ਪ੍ਰਭ ਬਹਾ ਕੇ । ਦੇਵੇ ਵਡਿਆਈ ਵਿਚ ਮਾਤ ਦਇਆ ਕਮਾ ਕੇ । ਉਧਰੇ ਗੁਰਸਿਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰਾ ਨਾਮ ਰਸਨਾ ਗਾ ਕੇ । ਚੌਥੇ ਜੁਗ ਪ੍ਰਭ ਕਰਮ ਕਮਾਏ । ਤੀਨ ਲੋਕ ਪ੍ਰਭ ਦੇ ਉਲਟਾਏ । ਮਾਤ ਪਾਤਾਲ ਆਕਾਸ਼ ਪ੍ਰਭ ਏਕਾ ਜੋਤ ਸਮਾਏ । ਖੰਡ ਬ੍ਰਹਿਮੰਡ ਵਰਭੰਡ ਪ੍ਰਭ ਸਾਚਾ ਦੇ ਉਲਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰਗਹਿ ਸਾਚੀ ਮਾਣ ਦਵਾਏ । ਗੁਰਮੁਖ ਸਾਚੇ ਮਿਲੀ ਵਡਿਆਈ । ਉਚ ਪਦਵੀ ਪ੍ਰਭ ਦਰ ਤੇ ਪਾਈ । ਸਾਚੀ ਸੇਵ ਨਿਹਕਲੰਕ ਤੇਰੇ ਚਰਨ ਕਮਾਈ । ਵੇਲੇ ਅੰਤ ਮਿਲਿਆ ਸਾਚਾ ਮੇਲ ਪ੍ਰਭ ਵਿਚ ਬੈਕੁੰਠ ਨਿਵਾਸ ਰਖਾਈ । ਦੇਵੇ ਵਡਿਆਈ ਵਿਚ ਦੇਵੀ ਦੇਵ, ਕਰੋੜ ਤੇਤੀਸ ਵਿਚ ਚਰਨ ਬਹਾਈ । ਬਿਰਥਾ ਨਾ ਜਾਏ ਗੁਰਸਿਖ ਤੇਰੀ ਸੇਵ, ਪ੍ਰਭ ਦਰ ਆਏ ਜੋ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖ ਤੇਰਾ ਹੋਏ ਸਹਾਈ । ਚੌਥੇ ਜੁਗ ਪ੍ਰਭ ਅੰਤ ਕਰਾਇਆ । ਦਰ ਦਰਬਾਨ ਧ੍ਰੂ ਹਟਾਇਆ । ਜੋਤ ਸਰੂਪੀ ਜੋਤ ਪ੍ਰਭ ਜੋਤੀ ਜੋਤ ਮਿਲਾਇਆ । ਗੁਰਮੁਖ ਸਾਚੇ ਸਾਚੀ ਦਰਗਾਹ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਵਰਨ ਵਿਚ ਚਰਨ ਬਹਾਇਆ । ਸਤਿਜੁਗ ਚਲੇ ਸਾਚੀ ਗਾਥਾ । ਚਲਾਏ ਆਪ ਤ੍ਰੈਲੋਕੀ ਨਾਥਾ । ਗੁਰਮੁਖ ਸਾਚੇ ਪ੍ਰਭ ਸਦਾ ਸੰਗ ਸਾਥਾ । ਸੋਹੰ ਸ਼ਬਦ ਚਲਾਇਆ ਸਾਚਾ ਰਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਲੇਖ ਲਿਖਾਏ ਮਾਥਾ ।

੭੧੬
੦੧

ਗੁਰਸਿਖ ਸਚ ਧਾਮ ਬਹਾਇਆ । ਵਿਚ ਮਾਤ ਪ੍ਰਭ ਵਡਿਆਇਆ । ਗੁਰਮੁਖ ਸਾਚੇ ਪਰਗਟ ਜੋਤ ਨਿਹਕਲੰਕ ਸਾਚੇ ਲੇਖ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਵਰਨ ਦਰ ਦਰਬਾਨ ਬਹਾਇਆ । ਸਿੰਘ ਸਵਰਨ ਸਚ ਘਰ ਪਾਇਆ । ਪ੍ਰਭ ਅਬਿਨਾਸ਼ੀ ਸਦ ਸਰਨਾਇਆ । ਦਿਵਸ ਰੈਣ ਰੈਣ ਦਿਵਸ ਦਰ ਘਰ ਸਾਚਾ ਗੁਰਸਿਖ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਮਾਣ ਦਵਾਇਆ । ਸਾਚਾ ਪ੍ਰਭ ਭਰਮ ਚੁਕਾਏ । ਨਾਥ ਤ੍ਰੈਲੋਕੀ ਵਿਚ ਮਾਤ ਦੇ ਆਏ । ਤੀਨ ਲੋਕ ਪ੍ਰਭ ਲੇਖ ਲਿਖਾਏ । ਬ੍ਰਹਮਲੋਕ ਬ੍ਰਹਮਾ ਤਜਾਏ । ਕਲਜੁਗ ਅੰਤ ਪ੍ਰਭ ਸਾਚਾ ਮਾਣ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਪਰਗਟਾਏ । ਬ੍ਰਹਮੇ ਬ੍ਰਹਮਲੋਕ ਤਜਾਇਆ । ਪ੍ਰਭ ਅਬਿਨਾਸ਼ੀ ਵਿਚ ਸਮਾਇਆ । ਜੋਤ ਸਰੂਪੀ ਜੋਤ ਮਿਲ, ਆਵਣ ਜਾਵਣ ਗੇੜ ਕਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਧਾਰ ਤੀਨ ਲੋਕ ਦੇ ਉਲਟਾਇਆ । ਬ੍ਰਹਮਲੋਕ ਬ੍ਰਹਮਾ ਤਜਾਇਆ । ਆਪ ਆਪਣਾ ਮੁਖ ਛੁਪਾਇਆ । ਏਕਾ ਪ੍ਰਭ ਜੁਗੋ ਜੁਗ, ਦੂਸਰ ਕੋਇ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾਇਆ । ਬ੍ਰਹਮਾ ਬ੍ਰਹਮਲੋਕ ਤਜਾ ਕੇ । ਸਾਚੀ ਜੋਤ ਵਿਚ ਸਮਾ ਕੇ । ਸ੍ਰਿਸ਼ਟ ਸਬਾਈ ਗੁਰਸਿਖ ਸਾਚੇ ਹੱਥ ਫੜਾ ਕੇ । ਸਤਿਜੁਗ ਸਾਚੀ ਬਣਤ ਬਣਾ ਕੇ । ਨਿਹਕਲੰਕ ਓਟ ਰਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਾਏ ਮਾਣ ਦਵਾ ਕੇ । ਗੁਰਮੁਖ ਸਾਚਾ ਸਚ ਧਾਮ ਪੁਜਾਇਆ । ਸਾਚੇ ਪ੍ਰਭ ਸਚ ਕਰਮ ਕਮਾਇਆ । ਸ੍ਰਿਸ਼ਟ ਸਬਾਈ ਪ੍ਰਭ ਹੱਥ ਫੜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮਲੋਕ ਦੇ ਉਲਟਾਇਆ । ਮਾਤਲੋਕ ਪ੍ਰਭ ਕਰਮ ਕਮਾਏ । ਪੰਜ ਤਤ ਦੀ ਦੇਹ ਤਜਾਏ । ਆਪ ਆਪਣਾ ਭੇਵ ਛੁਪਾਏ । ਜੋਤ ਸਰੂਪੀ ਖੇਲ ਰਚਾਏ । ਅਗਨ ਜੋਤ ਜਗਤ ਲਗਾਏ । ਚਾਰ ਕੁੰਟ ਹਾਹਾਕਾਰ ਕਰਾਏ । ਆਪ ਅਡੋਲ ਸਭ ਸ੍ਰਿਸ਼ਟ ਡੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਭੁਲਾਏ । ਜੋਤ ਸਰੂਪੀ ਖੇਲ ਨਿਆਰਾ । ਜੋਤ ਸਰੂਪੀ ਵਰਤੇ ਵਿਚ ਸੰਸਾਰਾ । ਜੋਤ ਸਰੂਪੀ ਪ੍ਰਭ ਪਸਾਰਾ । ਜੋਤ ਸਰੂਪੀ ਪ੍ਰਭ ਨਰ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਨਾ ਪਾਇਣ ਸਾਰਾ । ਕਲਜੁਗ ਜੀਵ ਪ੍ਰਭ ਭੁਲਾਇਆ । ਪ੍ਰਭ ਸਾਚੇ ਦੀ ਸਾਚੀ ਮਾਇਆ । ਆਪ ਆਪਣਾ ਮੂਲ ਗਵਾਇਆ । ਮਦਿਰਾ ਮਾਸ ਰਸਨ ਵਿਕਾਰ ਚਲਾਇਆ । ਵੇਲੇ ਅੰਤ ਧਰਮ ਰਾਏ ਦਏ ਸਜ਼ਾਇਆ । ਬਿਨ ਪ੍ਰਭ ਸਾਚੇ ਕੋਇ ਨਾ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਕ ਨਿਵਾਸ ਰਖਾਇਆ । ਜੋ ਜਨ ਹੋਏ ਮਦਿਰਾ ਮਾਸੀ । ਵੇਲੇ ਅੰਤ ਨਰਕ ਨਿਵਾਸੀ । ਕੋਇ ਨਾ ਕਰੇ ਬੰਦ ਖ਼ੁਲਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਘਨਕਪੁਰ ਵਾਸੀ । ਸੋ ਸੁਹਾਏ ਥਾਨ ਜਿਥੇ ਪ੍ਰਭ ਚਰਨ ਟਿਕਾਇਆ । ਸੋ ਸੁਹਾਏ ਥਾਨ, ਜਿਥੇ ਪ੍ਰਭ ਰੋਗ ਮਿਟਾਇਆ । ਸੋ ਸੁਹਾਏ ਥਾਨ, ਸਾਧ ਸੰਗਤ ਪ੍ਰਭ ਅੰਮ੍ਰਿਤ ਮੇਘ ਵਰਸਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਇਆ । ਸੋ ਸੁਹਾਏ ਥਾਨ, ਜਿਥੇ ਪ੍ਰਭ ਆਸਾ ਪੂਰੀ । ਸੋ ਸੁਹਾਏ ਥਾਨ, ਜਿਥੇ ਪ੍ਰਭ ਸਦਾ ਹਜ਼ੂਰੀ । ਸੋ ਸੁਹਾਏ ਥਾਨ, ਜਿਥੇ ਸਾਧ ਸੰਗਤ ਦੇਵੇ ਆਤਮ ਨੂਰੀ । ਸੋ ਸੁਹਾਏ ਥਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਖ਼ਸ਼ੇ ਚਰਨ ਧੂੜੀ । ਸੋ ਸੁਹਾਏ ਥਾਨ, ਪ੍ਰਭ ਭਏ ਅਨੰਦਾ । ਸੋ ਸੁਹਾਏ ਥਾਨ ਪ੍ਰਭ ਸਾਚੀ ਦਾਤ ਦਰ ਘਰ ਆਏ ਦਿੰਦਾ । ਸੋ ਸੁਹਾਏ ਥਾਨ, ਪ੍ਰਭ ਸ਼ਬਦ ਸਰੂਪ ਖੋਲ੍ਹ ਵਖਾਏ ਆਤਮ ਜਿੰਦਾ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਜਿਸ ਧਾਮ ਚਰਨ ਰਖੰਦਾ । ਸੋ ਸੁਹਾਏ ਥਾਨ, ਪ੍ਰਭ ਜੋਤ ਜਗਾਈ । ਸੋ ਸੁਹਾਏ ਥਾਨ, ਪ੍ਰਭ ਸਾਧ ਸੰਗਤ ਤਰਾਈ । ਸੋ ਸੁਹਾਏ ਥਾਨ, ਪ੍ਰਭ ਗੁਰਸਿਖਾਂ ਦੇ ਵਡਿਆਈ । ਸੋ ਸੁਹਾਏ ਥਾਨ, ਪ੍ਰਭ ਆਏ ਪੂਰਨ ਆਸ ਕਰਾਈ । ਸੋ ਸੁਹਾਏ ਥਾਨ, ਪ੍ਰਭ ਦੁੱਖੀਆਂ ਦੁਖ ਮਿਟਾਈ । ਸੋ ਸੁਹਾਏ ਥਾਨ, ਪ੍ਰਭ ਜੋਤੀ ਜੋਤ ਜਗਾਈ । ਸੋ ਸੁਹਾਏ ਥਾਨ, ਚਰਨ ਲਾਗ ਜਨ ਜਾਇਣ ਭੁਲ ਬਖ਼ਸ਼ਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦਇਆ ਕਮਾਈ । ਸੋ ਸੁਹਾਏ ਥਾਨ, ਪ੍ਰਭ ਪੈਜ ਰਖਾਏ । ਸੋ ਸੁਹਾਏ ਥਾਨ, ਪ੍ਰਭ ਜੋਤ ਜਗਾਏ । ਸੋ ਸੁਹਾਏ ਥਾਨ, ਪ੍ਰਭ ਆਤਮ ਸੋਗ ਮਿਟਾਏ । ਸੋ ਸੁਹਾਏ ਥਾਨ, ਗੁਰਮੁਖ ਸਾਚੇ ਪ੍ਰਭ ਹਉਮੈ ਰੋਗ ਗਵਾਏ । ਸੋ ਸੁਹਾਏ ਥਾਨ, ਸੋਹੰ ਸਾਚਾ ਜੋਗ ਪ੍ਰਭ ਗੁਰਸਿਖ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਸਦਾ ਹੋਏ ਸਹਾਏ । ਸਾਚੇ ਧਾਮ ਪ੍ਰਭ ਚਰਨ ਟਿਕਾਇਆ । ਦਵਾਏ ਮਾਣ ਜੋ ਜਨ ਆਏ ਸਰਨਾਇਆ । ਸਾਚਾ ਨਾਮ ਸੋਹੰ ਦਾਨ, ਪ੍ਰਭ ਸਾਚੇ ਝੋਲੀ ਪਾਇਆ । ਚਰਨ ਭਗਵਾਨ ਸਾਚਾ ਇਸ਼ਨਾਨ, ਗੁਰਸਿਖ ਸਾਚਾ ਪ੍ਰਭ ਦਰ ਆਏ ਨਹਾਇਆ । ਦੇਵੇ ਦਰਸ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਸਦ ਸਮਾਇਆ । ਗੁਰਮੁਖ ਸਾਚੇ ਭੇਦ ਖੁਲ੍ਹਾਏ । ਕਰ ਕਿਰਪਾ ਤੀਜਾ ਨੈਣ ਖੁਲ੍ਹਾਏ । ਪਰਗਟ ਜੋਤ ਸਵੱਛ ਸਰੂਪ ਪ੍ਰਭ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਸਾਚੀ ਜੋਤ ਜਗਾਏ । ਗੁਰਸਿਖ ਆਤਮ ਤੇਰੀ ਉਜਿਆਰ । ਸਾਚਾ ਪ੍ਰਭ ਤੇਰੇ ਭਰੇ ਭੰਡਾਰ । ਸਾਂਤਕ ਸਾਚਾ ਸ਼ਬਦ ਪ੍ਰਭ ਆਤਮ ਦੇਵੇ ਅਧਾਰ । ਏਕਾ ਜੋਤ ਜਗੇ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਾਏ ਤਾਰ । ਗੁਰਮੁਖ ਸਾਚੇ ਪ੍ਰਭ ਬੂਝ ਬੁਝਾਈ । ਆਤਮ ਬੁਝੀ ਦੀਵ ਪ੍ਰਭ ਸਾਚੇ ਫੇਰ ਜਗਾਈ । ਝੂਠੀ ਦੇਹ ਵਿਚ ਅੰਧ ਕੂਪ, ਸਾਚੀ ਜੋਤ ਕਰੇ ਰੁਸ਼ਨਾਈ । ਸਾਚੀ ਜੋਤ ਪ੍ਰਭ ਅਨੂਪ, ਅਗਿਆਨ ਅੰਧੇਰ ਦੇ ਮਿਟਾਈ । ਦੀਸੇ ਪ੍ਰਭ ਸਤਿ ਸਰੂਪ, ਜੋਤ ਸਰੂਪ ਪ੍ਰਭ ਦਰਸ ਦਿਖਾਈ । ਪ੍ਰਭ ਕੀ ਮਹਿੰਮਾ ਬੜੀ ਅਨੂਪ, ਗੁਰਮੁਖ ਵਿਰਲੇ ਬੂਝ ਬੁਝਾਈ । ਨਾ ਦੀਸੇ ਰੰਗ ਰੂਪ, ਜੋਤ ਸਰੂਪ ਗੁਰਸਿਖ ਸਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਬਣਤ ਬਣਾਈ । ਗੁਰਸਿਖ ਗੁਰਚਰਨ ਦਵਾਰ । ਪ੍ਰਭ ਸਾਚਾ ਸਰਬ ਤਾਰਨਹਾਰ । ਦੇਵੇ ਦਰਸ ਜੋਤ ਆਕਾਰ । ਏਕਾ ਦਿਸਾਵੇ ਦਰ ਪ੍ਰਭ ਹਰਿ ਕਾ ਦਵਾਰ । ਅੰਮ੍ਰਿਤ ਦੇਵੇ ਆਤਮ ਸਾਚਾ ਸਰ ਬਰਖੇ ਕਿਰਪਾ ਧਾਰ । ਸੋਹੰ ਦੇਵੇ ਪ੍ਰਭ ਸਾਚਾ ਵਰ, ਗੁਰਮੁਖ ਸਾਚੇ ਰਸਨ ਉਚਾਰ । ਕਲਜੁਗ ਜੀਵ ਅੰਤ ਜਾਇਣ ਤਰ, ਕਰ ਦਰਸ ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਨ ਪੜ, ਅੰਤਕਾਲ ਨਾ ਆਵੇ ਹਾਰ । ਵੇਲੇ ਅੰਤ ਪ੍ਰਭ ਹੋਏ ਸਹਾਈ । ਧਰਮ ਰਾਏ ਨਾ ਦਏ ਸਜ਼ਾਈ । ਸਾਚਾ ਪ੍ਰਭ ਵਿਚ ਲਏ ਬਬਾਣ ਬਿਠਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰਾ ਹੋਏ ਸਹਾਈ । ਗੁਰਮੁਖ ਸਾਚਾ ਸਚ ਰੰਗ ਰੰਗਾਇਆ । ਸੋਹੰ ਸਾਚਾ ਨਾਮ ਪ੍ਰਭ ਰਿਦੇ ਵਸਾਇਆ । ਏਕਾ ਸਾਚਾ ਥਾਉਂ ਪ੍ਰਭ ਚਰਨ ਦਿਸਾਇਆ । ਪ੍ਰਭ ਪਾਰ ਉਤਾਰੇ ਪਕੜ ਬਾਹੋਂ ਮਹਾਰਾਜ ਸ਼ੇਰ ਸਿੰਘ ਸਾਚਾ ਕਰਮ ਕਮਾਇਆ । ਪ੍ਰਭ ਸਾਚਾ ਖੇਲ ਨਿਆਰੀ । ਕਲਜੁਗ ਜੀਵ ਭੁੱਲੇ ਸੰਸਾਰੀ । ਭੁਲਾਏ ਆਪ ਜੋਤ ਸਰੂਪ ਪ੍ਰਭ ਨਿਰਾਧਾਰੀ । ਵੇਲੇ ਅੰਤ ਅੰਤਕਾਲ ਕਲਜੁਗ ਜੀਵਾਂ ਹੋਏ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਵਰਤੇ ਵਿਚ ਸੰਸਾਰੀ । ਜੋਤ ਸਰੂਪ ਵਿਚ ਸੰਸਾਰਾ । ਪ੍ਰਭ ਸਾਚੇ ਕਾ ਭੇਵ ਨਿਆਰਾ । ਸਰਬ ਜੀਆਂ ਕਾ ਸਦ ਵਰਤਾਰਾ । ਆਪਣੇ ਰੰਗ ਰਵੇ ਕਰਤਾਰਾ । ਬੇਮੁਖ ਜੀਵਾਂ ਕਰੇ ਖੁਆਰਾ ।

ਗੁਰਮੁਖਾਂ ਸਦ ਪਾਰ ਉਤਾਰਾ । ਸੋਹੰ ਦੇਵੇ ਨਾਮ ਅਧਾਰਾ । ਗੁਰਮੁਖ ਵਿਰਲੇ ਪ੍ਰਭ ਸਾਚਾ ਦੇਵੇ ਮੋਖ ਦਵਾਰਾ । ਬੇਮੁਖ ਜੀਵਾਂ ਅੰਤਕਾਲ ਨਰਕ ਨਿਵਾਸ ਦੁਖ ਲੱਗੇ ਭਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤੇ ਵਿਚ ਸੰਸਾਰਾ । ਆਪਣੀ ਕਲ ਆਪ ਵਰਤਾਏ । ਕਲਜੁਗ ਝੂਠੀ ਮਾਇਆ ਪਾਏ । ਕਲਜੁਗ ਜੀਵਾਂ ਸਰਬ ਭੁਲਾਏ । ਆਪ ਆਪਣਾ ਲਏ ਛੁਪਾਏ । ਬੇਮੁਖ ਜੀਵਾਂ ਦਿਸ ਨਾ ਆਏ । ਗੁਰਮੁਖਾਂ ਪ੍ਰਭ ਜੋਤ ਜਗਾਏ । ਜੋਤ ਸਰੂਪੀ ਦਰਸ ਦਿਖਾਏ । ਆਪ ਆਪਣਾ ਭੇਦ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੜਿਆਂ ਕਲ ਮੇਲ ਮਿਲਾਏ । ਵਿਛੜਿਆਂ ਪ੍ਰਭ ਮੇਲ ਮਿਲਾਇਆ । ਪੂਰਬ ਲਹਿਣਾ ਲਹਿਣੇ ਪਾਇਆ । ਲਿਖਿਆ ਲੇਖ ਨਾ ਕਿਸੇ ਮਿਟਾਇਆ । ਸਾਚੇ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਇਆ । ਗੁਰਮੁਖ ਸਾਚੇ ਮੇਲ ਮਿਲਾਏ । ਆਪ ਆਪਣਾ ਦਰਸ ਦਿਖਾਏ । ਸੋਹੰ ਸਾਚਾ ਨਾਮ ਜਪਾਏ । ਆਤਮ ਸਾਚੀ ਜੋਤ ਜਗਾਏ । ਅਗਿਆਨ ਅੰਧੇਰ ਸਰਬ ਮਿਟਾਏ । ਸੁੰਨ ਸਮਾਧ ਪ੍ਰਭ ਖੁਲ੍ਹਾਏ । ਸਵੱਛ ਸਰੂਪ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸੰਸਾ ਜਾਏ ਲਾਹੇ । ਗੁਰਸਿਖ ਪ੍ਰਭ ਦਇਆ ਕਮਾਇਆ । ਅਨਹਦ ਸਾਚੀ ਧੁਨ ਉਪਜਾਇਆ । ਸੋਹੰ ਸਾਚਾ ਨਾਦ ਵਜਾਇਆ । ਸਾਚਾ ਰਾਗ ਪ੍ਰਭ ਸੁਣਾਇਆ । ਪਹਿਲੀ ਮਾਘ ਸ਼ਬਦ ਲਿਖਾਇਆ । ਸੁਣ ਸੁਣ ਸੁਣ ਗੁਰਸਿਖ ਆਤਮ ਰੋਗ ਮਿਟਾਇਆ । ਚੁਣ ਚੁਣ ਚੁਣ ਗੁਰਮੁਖ ਸਾਚੇ ਪ੍ਰਭ ਸਾਚੇ ਚਰਨ ਲਗਾਇਆ । ਰੁਣ ਰੁਣ ਰੁਣ ਝੁਣ ਪ੍ਰਭ ਆਤਮ ਰੁਣ ਝੁਣ ਉਪਜਾਇਆ । ਪੁਣ ਪੁਣ ਪੁਣ ਪ੍ਰਭ ਬੇਮੁਖ ਪੁਣ, ਅੰਤ ਕਲ ਆਪਣਾ ਆਪ ਛੁਪਾਇਆ । ਸੁਣ ਸੁਣ ਸੁਣ ਪ੍ਰਭ ਸਾਚਾ ਸੁਣ ਗੁਰਮੁਖਾਂ ਦਰਸ਼ਨ ਪਾਇਆ । ਗੁਣ ਗੁਣ ਗੁਣ ਸੋਹੰ ਸਾਚਾ ਗੁਣ ਪ੍ਰਭ ਸਾਚੇ ਝੋਲੀ ਪਾਇਆ । ਧੁਨ ਧੁਨ ਧੁਨ ਪ੍ਰਭ ਆਤਮ ਸਾਚੀ ਧੁਨ ਉਪਜਾਇਆ । ਸੋਹੰ ਸਾਚਾ ਸ਼ਬਦ ਸੁਣ, ਪ੍ਰਭ ਆਤਮ ਅੰਧੇਰ ਦੇ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਸਾਚਾ ਪ੍ਰਭ ਸਚ ਕਰਮ ਕਮਾਏ । ਜੁਗੋ ਜੁਗ ਜਨ ਭਗਤਾਂ ਪੈਜ ਰਖਾਏ । ਜੁਗੋ ਜੁਗ ਮਾਤਲੋਕ ਪ੍ਰਭ ਜੋਤ ਪਰਗਟਾਏ । ਅਛਲ ਅਛੱਲ ਛਲ ਆਪ ਕਰਾਏ । ਆਪ ਅਛੱਲ ਨਾ ਛਲਿਆ ਜਾਏ । ਬਾਵਨ ਰੂਪ ਧਾਰ ਬਲ ਦਰ ਪ੍ਰਭ ਮੰਗਣ ਜਾਏ । ਜੋਤ ਸਰੂਪੀ ਭੇਖ ਕਰ, ਚਾਰ ਵੇਦ ਪ੍ਰਭ ਪਾਠ ਸੁਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਮਾਤਲੋਕ ਵਿਚ ਪਾਏ । ਜੋਤ ਜਗਾਏ ਰਮਈਆ ਰਾਮ । ਜੋਤ ਪਰਗਟਾਏ ਘਨਈਆ ਸ਼ਾਮ । ਨਿਹਕਲੰਕ ਨਾਮ ਰਖਾਏ, ਸੋਹੰ ਜਪਾਏ ਸਾਚਾ ਨਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਪੂਰ ਕਰਾਏ ਕਾਮ । ਸਾਚੇ ਪ੍ਰਭ ਜਾਮਾ ਧਾਰਿਆ । ਆਪ ਆਪਣਾ ਬਿਰਦ ਸਵਾਰਿਆ । ਜੋਤ ਸਰੂਪ ਕੀਆ ਆਕਾਰਿਆ । ਸ੍ਰਿਸ਼ਟ ਸਬਾਈ ਪ੍ਰਭ ਭੁਲਾ ਰਿਹਾ । ਗੁਰਮੁਖ ਵਿਰਲੇ ਪ੍ਰਭ ਬਾਹੋਂ ਪਕੜ ਤਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਲ ਵਰਤਾ ਰਿਹਾ । ਅਚਰਜ ਖੇਲ ਪ੍ਰਭ ਕੀ ਵਰਤੇ । ਕੀਆ ਆਕਾਰ ਜੋਤ ਸਰੂਪੀ ਕਰਤੇ । ਹੋਇਆ ਪਸਾਰ ਉਪਰ ਧਰਤੇ । ਪ੍ਰਭ ਕਾ ਭਾਣਾ ਸਰਬ ਜਗ ਵਰਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਕਾਜ ਸਵਾਰ ਜੋ ਜਨ ਆਏ ਦਰ ਤੇ । ਜੋ ਜਨ ਆਏ ਦਰ ਭਿਖਾਰੀ । ਸਾਚਾ ਪ੍ਰਭ ਸੋਹੰ ਦੇਵੇ ਨਾਮ ਖ਼ੁਮਾਰੀ । ਗੁਰਮੁਖਾਂ ਪ੍ਰਭ ਸੋਹੰ ਸ਼ਬਦ ਭਰੇ ਭੰਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਸਚਾ ਦਰਬਾਰੀ । ਸਚਾ ਦਰ ਸਚਾ ਦਰਬਾਰਾ । ਨਿਹਕਲੰਕ ਜੋਤ ਆਕਾਰਾ । ਕਲਜੁਗ ਜੀਵ ਭੁੱਲੇ ਸੰਸਾਰਾ । ਗੁਰਮੁਖ ਬੂਝੇ ਕਰ ਵਿਚਾਰਾ ।

ਰੱਖੇ ਲਾਜ ਆਪ ਮੁਰਾਰਾ । ਦੇਵੇ ਦਰਸ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਪਾਵੇ ਸਾਰਾ । ਸਰਬ ਜਨਾਂ ਪ੍ਰਭ ਆਪੇ ਜਾਣੇ । ਆਪ ਆਪਣਾ ਭੇਖ ਦਿਖਾਣੇ । ਗੁਰਮੁਖ ਵਿਰਲਾ ਪ੍ਰਭ ਰੰਗ ਮਾਣੇ । ਜੋ ਜਨ ਚਲੇ ਪ੍ਰਭ ਕੇ ਭਾਣੇ । ਸੋ ਜਨ ਹੋਏ ਸੁਘੜ ਸਿਆਣੇ । ਸਾਚੀ ਦਰਗਾਹ ਮਾਣ ਦਵਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਣੇ । ਰਸਨਾ ਜਪ ਆਤਮ ਰਸ ਪਾਇਆ । ਪ੍ਰਭ ਅਬਿਨਾਸ਼ੀ ਰਿਦੇ ਵਸਾਇਆ । ਦਰ ਘਰ ਘਰ ਦਰ ਪ੍ਰਭ ਸਾਚਾ ਪਾਇਆ । ਆਤਮ ਭਉ ਸਰਬ ਗਵਾਇਆ । ਏਕਾ ਨਾਉਂ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸ ਪੁਜਾਇਆ । ਜੋ ਜਨ ਆਇਣ ਪ੍ਰਭ ਦਰਸ ਭਿਖਾਰੀ । ਸਾਚਾ ਪ੍ਰਭ ਆਤਮ ਜੋਤ ਕਰੇ ਉਜਿਆਰੀ । ਨਿਰਗੁਣ ਸਰਗੁਣ ਰੂਪ ਪ੍ਰਭ ਸਰਬ ਪਸਰ ਪਸਾਰੀ । ਵਿਚ ਅੰਧ ਕੂਪ ਪ੍ਰਭ ਸਾਚੀ ਜੋਤ ਕਰੇ ਉਜਿਆਰੀ । ਪਰਗਟ ਜੋਤ ਸਾਚਾ ਭੂਪ, ਪ੍ਰਭ ਗੁਰਸਿਖਾਂ ਜਾਏ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਆਪ ਲਿਖਾਰੀ । ਭਗਤ ਜਨਾਂ ਪ੍ਰਭ ਲੇਖ ਲਿਖਾਏ । ਬਹੱਤਰ ਜਾਮੇ ਪਰਗਟ ਕਰਾਏ । ਗੁਰ ਗੋਬਿੰਦ ਲਿਖਤ ਸਚ ਕਰਾਏ । ਵੇਲੇ ਅੰਤ ਨਿਹਕਲੰਕ ਗਿਆ ਓਟ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਆਪ ਆਪਣੇ ਵਿਚ ਸਮਾਏ । ਆਪ ਆਪਣੇ ਵਿਚ ਸਮਾਇਆ । ਆਪ ਆਪਣਾ ਖੇਲ ਰਚਾਇਆ । ਆਪ ਆਪਣਾ ਭੇਦ ਛੁਪਾਇਆ । ਆਪ ਆਪਣਾ ਕਰਮ ਕਮਾਇਆ । ਆਪ ਆਪਣਾ ਰਾਗ ਚਲਾਇਆ । ਆਪ ਆਪਣਾ ਨਾਮ ਧਰਾਇਆ । ਆਪ ਆਪਣਾ ਦਰਸ ਦਿਖਾਇਆ । ਆਪ ਆਪਣਾ ਗੁਰਮੁਖ ਸਾਚੇ ਪ੍ਰਭ ਭੇਵ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੂਜਾ ਭਉ ਮਿਟਾਇਆ । ਏਕਾ ਦੂਜਾ ਪ੍ਰਭ ਭਉ ਚੁਕਾਏ । ਏਕਾ ਓਅੰਕਾਰ ਜੋਤ ਕਰਾਏ । ਏਕਾ ਰੰਗ ਅਪਾਰ ਪ੍ਰਭ ਜਗਤ ਚੜ੍ਹਾਏ । ਏਕਾ ਸ਼ਬਦ ਅਧਾਰ ਚਾਰ ਵਰਨ ਰਖਾਏ । ਏਕਾ ਇਕ ਸੰਸਾਰ, ਪ੍ਰਭ ਸਾਚਾ ਮਾਰਗ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ । ਏਕਾ ਸ਼ਬਦ ਜਗਤ ਚਲਾਣਾ । ਏਕਾ ਮਾਰਗ ਪ੍ਰਭ ਸਾਚੇ ਪਾਣਾ । ਏਕਾ ਨਾਮ ਚਾਰ ਵਰਨ ਰਸਨਾ ਗਾਣਾ । ਏਕਾ ਦਰ ਏਕਾ ਦਰਬਾਰ ਪ੍ਰਭ ਸਾਚੇ ਦਿਸਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਭੇਖ ਵੇਲੇ ਅੰਤ ਸਰਬ ਮਿਟਾਣਾ । ਏਕਾ ਦੀਸੇ ਦਰ ਦਰਬਾਰ । ਏਕਾ ਦੀਸੇ ਹਰਿ ਕਾ ਦਵਾਰ । ਏਕਾ ਦੀਸੇ ਨੈਣ ਮੁੰਧਾਰ । ਏਕਾ ਦੀਸੇ ਵਡ ਸਿਕਦਾਰ । ਏਕਾ ਦੀਸੇ ਸੋਹੰ ਸ਼ਬਦ ਜਗਤ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਵਰਤਾਵੇ ਵਿਚ ਸੰਸਾਰ । ਏਕਾ ਆਪ ਏਕਾ ਸ੍ਰਿਸ਼ਟੀ । ਏਕਾ ਜਾਪ ਏਕਾ ਦ੍ਰਿਸ਼ਟੀ । ਏਕਾ ਬਾਪ ਏਕਾ ਇਸ਼ਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਨੌਂ ਖੰਡ ਸ੍ਰਿਸ਼ਟੀ । ਏਕਾ ਸ਼ਬਦ ਪ੍ਰਭ ਚਲਾਣਾ । ਸਤਿਜੁਗ ਸਾਚਾ ਮਾਣ ਦਵਾਣਾ । ਆਪ ਆਪਣਾ ਸਿਰ ਹੱਥ ਟਿਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸਾਚੀ ਟੇਕ ਨਿਹਕਲੰਕ ਰਖਾਣਾ । ਨਿਹਕਲੰਕ ਏਕਾ ਓਟ । ਸੋਹੰ ਸ਼ਬਦ ਆਤਮ ਲਗਾਵੇ ਪ੍ਰਭ ਸਾਚੀ ਚੋਟ । ਸਾਚਾ ਸ਼ਬਦ ਪ੍ਰਭ ਭੰਡਾਰੀ ਕਦੇ ਨਾ ਆਵੇ ਤੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੀ ਆਤਮ ਕੱਢੇ ਖੋਟ । ਗੁਰਸਿਖ ਸਾਚਾ ਪ੍ਰਭ ਰੰਗ ਰਾਤਾ । ਸਾਚਾ ਪ੍ਰਭ ਦੇਵੇ ਸਾਚੀ ਦਾਤਾ । ਏਕਾ ਬਖ਼ਸ਼ੇ ਪ੍ਰਭ ਚਰਨੀ ਨਾਤਾ । ਸੋਹੰ ਦੇਵੇ ਪ੍ਰਭ ਸਾਚੀ ਕਰਾਮਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਵਿਰਲੇ ਗੁਰਮੁਖ ਪਛਾਤਾ । ਜਾਣੇ ਸੋ ਜਿਸ ਆਪ ਜਣਾਏ । ਕਲਜੁਗ

ਜੀਵ ਭੇਵ ਨਾ ਪਾਏ । ਆਪ ਆਪਣਾ ਚਲੇ ਗਵਾਏ । ਪ੍ਰਭ ਅਬਿਨਾਸ਼ੀ ਨਜ਼ਰ ਨਾ ਆਏ । ਜੋਤ ਸਰੂਪ ਪ੍ਰਭ ਰਿਹਾ ਸਮਾਏ । ਝੂਠੀ ਮਾਇਆ ਪ੍ਰਭ ਸਾਚਾ ਪਾਏ । ਲਬ ਲੋਭ ਵਿਕਾਰ ਵਧਾਏ । ਕਾਮ ਕਰੋਧ ਸਰਬ ਸਤਾਏ । ਝੂਠੇ ਧੰਦੇ ਜਗਤ ਭੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਲ ਵਰਤਾਏ । ਝੂਠੇ ਧੰਦੇ ਜਗਤ ਭੁਲਾਇਆ । ਆਪਣਾ ਆਪ ਨਾ ਕਿਸੇ ਜਣਾਇਆ । ਗੁਰਮੁਖ ਸਾਚੇ ਪ੍ਰਭ ਸਾਚੀ ਬੂਝ ਬੁਝਾਇਆ । ਸੋਹੰ ਸ਼ਬਦ ਜਨ ਹਿਰਦੇ ਵਾਚੇ, ਦੇਵੇ ਦਰਸ ਆਪ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਪਾਰ ਕਰਾਇਆ । ਗੁਰਸਿਖਾਂ ਪ੍ਰਭ ਪਾਰ ਕਰਾਏ । ਆਪ ਆਪਣੀ ਦਇਆ ਕਮਾਏ । ਦਰਗਾਹ ਸਾਚੀ ਮਾਣ ਦਵਾਏ । ਸਚਖੰਡ ਨਿਵਾਸ ਰਖਾਏ । ਆਵਣ ਜਾਵਣ ਗੇੜ ਚੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਜੋਤੀ ਮੇਲ ਮਿਲਾਏ । ਮੇਲ ਮਿਲਾਏ ਆਪ ਪ੍ਰਭ, ਕਲ ਕਿਰਪਾ ਧਾਰ । ਮੇਲ ਮਿਲਾਏ ਆਪ ਪ੍ਰਭ, ਗੁਰਸਿਖਾਂ ਜਾਏ ਤਾਰ । ਮੇਲ ਮਿਲਾਏ ਆਪ ਪ੍ਰਭ, ਸੋਹੰ ਦੇਵੇ ਸ਼ਬਦ ਅਧਾਰ । ਮੇਲ ਮਿਲਾਏ ਆਪ ਪ੍ਰਭ, ਦੇਵੇ ਦਰਸ ਅਗੰਮ ਅਪਾਰ । ਮੇਲ ਮਿਲਾਏ ਆਪ ਪ੍ਰਭ, ਏਕਾ ਜੋਤ ਕਰੇ ਆਕਾਰ । ਮੇਲ ਮਿਲਾਏ ਆਪ ਪ੍ਰਭ, ਹਉਮੈ ਰੋਗ ਜਾਏ ਨਿਵਾਰ । ਮੇਲ ਮਿਲਾਏ ਆਪ ਪ੍ਰਭ, ਸਚ ਸੁਚ ਕਰੇ ਵਰਤਾਰ । ਮੇਲ ਮਿਲਾਏ ਆਪ ਪ੍ਰਭ, ਸੋਹੰ ਸ਼ਬਦ ਭਰੇ ਭੰਡਾਰ । ਮੇਲ ਮਿਲਾਏ ਆਪ ਪ੍ਰਭ, ਆਤਮ ਉਪਜਾਵੇ ਸਾਚੀ ਧੁਨਕਾਰ । ਮੇਲ ਮਿਲਾਏ ਆਪ ਪ੍ਰਭ, ਆਤਮ ਜੋਤ ਕਰੇ ਉਜਿਆਰ । ਮੇਲ ਮਿਲਾਏ ਆਪ ਪ੍ਰਭ, ਖੋਲ੍ਹ ਦੇਵੇ ਦਸਮ ਦਵਾਰ । ਮੇਲ ਮਿਲਾਏ ਆਪ ਪ੍ਰਭ, ਜੋਤ ਸਰੂਪ ਦਿਸੇ ਗਿਰਧਾਰ । ਮੇਲ ਮਿਲਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤਲੋਕ ਵਿਚ ਜਾਮਾ ਧਾਰ । ਮੇਲ ਮਿਲਾਏ ਆਪ ਪ੍ਰਭ, ਕਲ ਬਣਤ ਬਣਾਏ । ਮੇਲ ਮਿਲਾਏ ਆਪ ਪ੍ਰਭ, ਗੁਰਮੁਖ ਸਾਚੇ ਦਰਸ ਦਿਖਾਏ । ਮੇਲ ਮਿਲਾਏ ਆਪ ਪ੍ਰਭ, ਆਤਮ ਸਾਚੀ ਜੋਤ ਜਗਾਏ । ਮਾਣ ਗਵਾਏ ਆਪ ਪ੍ਰਭ, ਆਤਮ ਤ੍ਰਿਕੁਟੀ ਖੋਲ੍ਹ ਵਖਾਏ । ਮੇਲ ਮਿਲਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ । ਮਿਲਿਆ ਮੇਲ ਭਗਤ ਭਗਵਾਨ । ਸੁਰਤ ਸ਼ਬਦ ਸਚ ਧਿਆਨ । ਆਤਮ ਉਪਜੇ ਬ੍ਰਹਮ ਗਿਆਨ । ਦੇਵੇ ਦਰਸ ਵਿਸ਼ਨੂੰ ਭਗਵਾਨ । ਜੋਤ ਪਵਣ ਪਵਣ ਜੋਤ ਜਿਉਂ ਭਗਤ ਭਗਵਾਨ । ਏਕਾ ਜੋਤ ਗੋਤ ਪੂਰਨ ਸੰਤ ਸੋ ਜਨ ਹੋਤ । ਬੇਮੁਖ ਦਰ ਤੇ ਜਾਇਣ ਰੋਤ । ਬੇਮੁਖ ਸੋ ਜਿਸ ਪ੍ਰਭ ਭੁਲਾਇਆ । ਬੇਮੁਖ ਸੋ ਜਿਸ ਪ੍ਰਭ ਡੁਲਾਇਆ । ਬੇਮੁਖ ਸੋ ਜਿਸ ਸੋਹੰ ਨਾਉਂ ਨਾ ਰਸਨਾ ਗਾਇਆ । ਬੇਮੁਖ ਸੋ ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਦੇ ਸਜ਼ਾਇਆ । ਬੇਮੁਖ ਪ੍ਰਭ ਦਰ ਨਾ ਬੂਝਿਆ । ਰਸਨ ਵਿਕਾਰੀ ਰਸਨਾ ਲੂਝਿਆ । ਮਦਿਰਾ ਮਾਸ ਸਚ ਅੰਮ੍ਰਿਤ ਸੂਝਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਖੁਲ੍ਹਾਏ ਗੂਝਿਆ । ਸੰਤ ਜਨਾਂ ਪ੍ਰਭ ਹਿਰਦੇ ਵਸੇ । ਸਾਚਾ ਮਾਰਗ ਪ੍ਰਭ ਸਾਚਾ ਦੱਸੇ । ਆਤਮ ਕਰੇ ਜੋਤ ਪਰਕਾਸ਼ ਕੋਟ ਰਵ ਸਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਬੇਮੁਖ ਜਾਇਣ ਨੱਸੇ । ਸੰਤ ਜਨਾਂ ਪ੍ਰਭ ਭੇਵ ਖੁਲ੍ਹਾਏ । ਸੁਰਤ ਸ਼ਬਦ ਦਾ ਮੇਲ ਮਿਲਾਏ । ਅਗਾਧ ਬੋਧ ਬੋਧ ਅਗਾਧ ਪ੍ਰਭ ਸਾਚਾ ਸ਼ਬਦ ਲਿਖਾਏ । ਧੰਨ ਧੰਨ ਧੰਨ ਸੰਤ ਜਨ, ਪ੍ਰਭ ਸਾਚਾ ਬੂਝ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਮਾਣ ਦਵਾਏ । ਸੰਤ ਮਨੀ ਸਿੰਘ ਬੂਝ ਬੁਝਾਈ । ਆਤਮ ਸਾਚੀ ਜੋਤ ਜਗਾਈ । ਆਤਮ ਧੁਨ ਪ੍ਰਭ ਉਪਜਾਈ । ਸਾਚੀ ਕਲਮ ਹੱਥ ਫੜਾਈ । ਸ੍ਰਿਸ਼ਟ ਸਬਾਈ

੧੨੪
੦੧

ਲੇਖ ਲਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤ ਸਿਰ ਹੱਥ ਟਿਕਾਈ । ਸਾਚੇ ਸੰਤ ਸਿਰ ਹੱਥ ਟਿਕਾਇਆ । ਆਪ ਆਪਣਾ ਸ਼ਬਦ ਚਲਾਇਆ । ਸਾਚੀ ਧੁਨ ਪ੍ਰਭ ਉਪਜਾਇਆ । ਦਿਵਸ ਰੈਣ ਰੈਣ ਦਿਵਸ ਪ੍ਰਭ ਸਾਚੇ ਸਾਚੀ ਸੇਵਾ ਲਾਇਆ । ਬੇਮੁਖ ਡੋਬੇ ਪ੍ਰਭ ਵੈਹਦੇ ਵਹਿਣ ਸਾਚਾ ਲੇਖ ਲਿਖਾਇਆ । ਗੁਰਮੁਖ ਸਾਚੇ ਸਚ ਰਸ ਲੈਣ, ਪ੍ਰਭ ਅਬਿਨਾਸ਼ੀ ਦਰਸ ਦਿਖਾਇਆ । ਖੋਲ੍ਹ ਦੇਵੇ ਪ੍ਰਭ ਤੀਜਾ ਨੈਣ, ਜਿਸ ਜਨ ਸੋਹੰ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਹੋਏ ਸਹਾਇਆ । ਸਾਚੇ ਸੰਤ ਕਲਮ ਚਲਾਈ । ਸਰ ਅੰਮ੍ਰਿਤ ਗਿਆ ਲੇਖ ਲਿਖਾਈ । ਵੇਲੇ ਅੰਤ ਅੰਤਕਾਲ ਕਲ ਥੇਹ ਹੋ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਧਾਮ ਮਸਤੂਆਣਾ ਦੇ ਉਪਜਾਈ । ਬਾਲ ਅਵਸਥਾ ਪ੍ਰਭ ਕਰਮ ਕਮਾਇਆ । ਸਰ ਅੰਮ੍ਰਿਤ ਪ੍ਰਭ ਚਰਨ ਟਿਕਾਇਆ । ਅਰਜਨ ਲਿਖੇ ਲੇਖ, ਪ੍ਰਭ ਸਾਚੇ ਪੂਰ ਕਰਾਇਆ । ਕਲਜੁਗ ਜੀਵ ਨਾ ਜਾਣੇ ਭੇਵ, ਜੋਤ ਸਰੂਪ ਪ੍ਰਭ ਖੇਲ ਰਚਾਇਆ । ਝੂਠੇ ਜੀਵ ਰਹੇ ਵੇਖਾ ਵੇਖ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰ ਅੰਮ੍ਰਿਤ ਚਰਨ ਟਿਕਾਇਆ । ਸਾਚਾ ਪ੍ਰਭ ਸ਼ਬਦ ਉਪਜਾਏ । ਸੰਤ ਮਨੀ ਸਿੰਘ ਧੁਨ ਸੁਣਾਏ । ਪੂਰਨ ਕਰਮ ਸੰਤ ਕਮਾਏ । ਰੰਗ ਰੰਗੀਲਾ ਮਾਧਵ ਆਤਮ ਭੁਖ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ । ਸਾਚੇ ਪ੍ਰਭ ਹੁਕਮ ਸੁਣਾਇਆ । ਸ਼ਬਦ ਸਰੂਪੀ ਧੁਨ ਉਪਜਾਇਆ । ਸੰਤ ਮਨੀ ਸਿੰਘ ਪੂਰਨ ਕਰਮ ਕਮਾਇਆ । ਪ੍ਰਭ ਸਾਚਾ ਸਾਚੇ ਦਰ ਸਾਚੇ ਘਰ ਸਾਚਾ ਸੰਤ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਿਆ ਲੇਖ ਪੂਰ ਕਰਾਇਆ । ਹਰਿ ਮੰਦਰ ਹਰਿ ਕਾ ਧਾਮ । ਜੋਤ ਸਰੂਪ ਆਇਆ ਰਾਮ । ਬੇਮੁਖਾਂ ਨਾ ਦੀਸੇ ਘਨਈਆ ਸ਼ਾਮ । ਕਲਜੁਗ ਜੋਤ ਪਰਗਟਾਏ ਨਿਹਕਲੰਕ ਧਰਾਏ ਨਾਮ । ਕਲਜੁਗ ਜੀਵ ਭੁਲਾਏ, ਪੂਰ ਕਰਾਏ ਕਾਮ । ਆਪਣੀ ਕਲ ਵਰਤਾਏ, ਸਾਚ ਭੁਲਾਏ ਨਾਮ । ਗੁਰਮੁਖ ਵਿਰਲੇ ਪ੍ਰਭ ਸਾਚਾ ਪਕੜ ਉਠਾਏ, ਸੋਹੰ ਪਿਲਾਏ ਸਾਚਾ ਜਾਮ । ਸਵੱਛ ਸਰੂਪ ਪ੍ਰਭ ਦਰਸ ਦਿਖਾਏ, ਨਜ਼ਰੀ ਆਏ ਘਨਈਆ ਸ਼ਾਮ । ਪ੍ਰਭ ਅਬਿਨਾਸ਼ੀ ਗੁਰਸਿਖ ਸਾਚਾ ਪਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ । ਸਾਚਾ ਨਾਮ ਆਤਮ ਰਸ । ਪ੍ਰਭ ਅਬਿਨਾਸ਼ੀ ਹੋ ਜਾਏ ਵਸ । ਸਾਚਾ ਸ਼ਬਦ ਗਿਆਨ ਪ੍ਰਭ ਸਾਚਾ ਜਾਏ ਦੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹਿਰਦੇ ਰਿਹਾ ਵਸ । ਗੁਰਮੁਖ ਸਾਚੇ ਪ੍ਰਭ ਸਾਚੇ ਦੇਖ । ਜੋਤ ਸਰੂਪੀ ਕਲਜੁਗ ਕੀਆ ਭੇਖ । ਬੇਮੁਖ ਜੀਵਾਂ ਪ੍ਰਭ ਆਪ ਲਿਖਾਏ ਲੇਖ । ਗੁਰਮੁਖ ਸਾਚੇ ਪ੍ਰਭ ਮਿਟਾਈ ਝੂਠੀ ਰੇਖ । ਕਲਜੁਗ ਜੀਵ ਵੇਲੇ ਅੰਤ ਕਲ ਰਹੇ ਵੇਖਾ ਵੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਤੇਰਾ ਭੇਖ । ਜੋਤ ਸਰੂਪੀ ਭੇਖ ਪ੍ਰਭ ਕੀਆ । ਗੁਰਮੁਖ ਸਾਚੇ ਤੇਰੀ ਆਤਮ ਜੋਤ ਜਗਾਇਆ ਦੀਆ । ਸਤਿਜੁਗ ਸਾਚੇ ਪ੍ਰਭ ਸਾਚੇ ਤੇਰੀ ਰਖਾਈ ਨੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਗਿਆਨ ਸਤਿਜੁਗ ਸਾਚੇ ਦੀਆ । ਗੁਰ ਮਿਲ ਹਰਿ ਜਸ ਗਾਈਏ । ਪ੍ਰਭ ਅਬਿਨਾਸ਼ੀ ਘਰ ਮੇਂ ਪਾਈਏ । ਸਰਬ ਸੁਖ ਨਿਜ ਘਰ ਵਸਾਈਏ । ਦੁਖ ਭੁਖ ਸਭ ਜਗਤ ਤਜਾਈਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੈਣ ਦਿਵਸ ਦਿਵਸ ਰੈਣ ਤੇਰੇ ਗੁਣ ਗਾਈਏ । ਗੁਰ ਗੋਬਿੰਦ ਦੋਏ ਘਰ ਆਏ । ਦਰ ਘਰ ਸਾਚਾ ਜਾਏ ਸੁਹਾਏ । ਸਾਚਾ ਦਰਬਾਰ ਵਿਚ ਮਾਤ ਬਣ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਇਆ ਕਮਾਏ । ਗੁਰ ਗੋਬਿੰਦ ਗੋਬਿੰਦ ਗੁਰ । ਮਿਲਿਆ

ਮੇਲ ਲਿਖਿਆ ਧੁਰ । ਗੁਰਮੁਖ ਸਾਚੇ ਪ੍ਰਭ ਚਰਨ ਜੁੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰ ਖ਼ਾਲੀ ਨਾ ਹੋਏ, ਪ੍ਰਭ ਸਾਚੇ ਲਿਖਿਆ ਧੁਰ । ਬੇਮੁਖ ਦਰ ਆਏ ਨਾਚੇ, ਪ੍ਰਭ ਸਾਚਾ ਨਾ ਹਿਰਦੇ ਵਾਚੇ, ਆਤਮ ਝੂਠੀ ਗਈ ਖੁਰ । ਗੁਰਮੁਖ ਸਾਚੇ ਪ੍ਰਭ ਢਾਲੇ ਸਾਂਚੇ, ਮਿਲਿਆ ਮੇਲ ਸਾਚੇ ਗੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਵਿਚ ਸੁਰ । ਸੁਰਪਤ ਰਾਜਾ ਪ੍ਰਭ ਚਰਨ ਬਹਾਇਆ । ਕਰੋੜ ਤੇਤੀਸ ਖੜ੍ਹੇ ਦਰ ਸੀਸ ਝੁਕਾਇਆ । ਇਕੀਸ ਬੀਸ ਬੀਸ ਇਕੀਸ ਪ੍ਰਭ ਰਹੇ ਸਮਾਇਆ । ਗਣ ਗੰਧਰਬ ਗੁਰਸਿਖ ਸਾਚੇ ਸਿਰ ਫੂਲਨ ਬਰਖਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਾਚਾ ਲੇਖ ਲਿਖਾਇਆ । ਲਿਖਿਆ ਲੇਖ ਭਗਤ ਨਿਰਾਲਾ । ਸਾਚਾ ਪ੍ਰਭ ਹੋਏ ਰਖਵਾਲਾ । ਚਰਨ ਪ੍ਰੀਤੀ ਗੁਰਸਿਖ ਤੇਰੀ ਨਿਭੇ ਨਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਰੇ ਸਦਾ ਪ੍ਰਿਤਪਾਲਾ । ਗੁਰਸਿਖਾਂ ਪ੍ਰਭ ਸਦ ਪ੍ਰਿਤਪਾਲੇ । ਚਰਨ ਪ੍ਰੀਤੀ ਨਿਭੇ ਨਾਲੇ । ਗੁਰਮੁਖ ਸਾਚੇ ਪ੍ਰਭ ਚਰਨ ਆਸ ਰਖਾ ਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੰਗ ਤੇਰੇ ਨਾਲੇ । ਸਦਾ ਸੰਗ ਸੱਜਣ ਸੁਹੇਲਾ । ਗੁਰਮੁਖ ਸਾਚੇ ਪ੍ਰਭ ਸਾਚੇ ਕਾ ਸਾਚਾ ਮੇਲਾ । ਬੇਮੁਖ ਕਲਜੁਗ ਜੀਵ ਅੰਤ ਹੋਏ ਦੁਹੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਪ੍ਰਭ ਸਾਚਾ ਸੱਜਣ ਸੁਹੇਲਾ । ਸਾਚਾ ਪ੍ਰਭ ਸਾਚਾ ਮੀਤ । ਗੁਰਮੁਖ ਸਾਚੇ ਰਸਨਾ ਚੀਤ । ਪ੍ਰਭ ਸਾਚਾ ਸਾਚੀ ਪ੍ਰਭ ਕੀ ਰੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਪ੍ਰੀਤ । ਚਰਨ ਪ੍ਰੀਤ ਗੁਰਸਿਖ ਕਮਾਏ । ਸਾਚਾ ਵਰ ਪ੍ਰਭ ਦਰ ਤੇ ਪਾਏ । ਸਾਚਾ ਸਰ ਅੰਮ੍ਰਿਤ ਝਿਰਨਾ ਵਿਚ ਦੇਹ ਝਿਰਾਏ । ਅਵਤਾਰ ਨਰ ਪਰਗਟ ਜੋਤ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਮੇਲ ਮਿਲਾਏ । ਕਿਸ਼ਨਾ ਪਖ ਸਦਾ ਅੰਧੇਰਾ । ਜੀਵ ਨਾ ਜਾਣੇ ਸੰਞ ਸਵੇਰਾ । ਜੀਵ ਨਾ ਜਾਣੇ ਪ੍ਰਭ ਨੇਰਨ ਨੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਨਾ ਲਾਏ ਦੇਰਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ਾ । ਪਵਣ ਸਰੂਪ ਪ੍ਰਭ ਚਲਾਏ ਸਵਾਸਾ । ਬਣਤ ਬਣਾਏ ਆਪਣੀ ਰਹਿਰਾਸਾ । ਜੀਵ ਉਪਾਏ ਜੋਤ ਟਿਕਾਏ ਸਰਬ ਜੀਵ ਪ੍ਰਭ ਰੱਖੇ ਵਾਸਾ । ਆਪਣਾ ਆਪ ਛੁਪਾਏ ਦਿਸ ਨਾ ਆਏ ਬੈਠਾ ਵੇਖੇ ਜੀਵ ਤਮਾਸ਼ਾ । ਬਣਤ ਬਣਾਏ ਲਾਜ ਰਖਾਏ ਵਿਚ ਗਰਭਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰੱਖੇ ਵਾਸਾ । ਉਲਟਾ ਬਿਰਖ ਜੀਵ ਲਗਾਇਆ । ਪ੍ਰਭ ਸਾਚੇ ਦੀ ਸਾਚੀ ਮਾਇਆ । ਆਪ ਆਪਣਾ ਵਿਚ ਵਸਾਇਆ । ਜੀਵ ਦੇਖੇ ਪ੍ਰਭ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਬਣਤ ਬਣਾਇਆ । ਸਰਬ ਜੀਆਂ ਦੀ ਬਣਤ ਬਣਾਏ । ਕਾਇਆ ਆਕਾਰ ਆਪ ਕਰਾਏ । ਵਿਚ ਅੰਧ ਅੰਧੇਰ ਪ੍ਰਭ ਸਾਚਾ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਅਧਾਰ ਰਖਾਏ । ਏਕਾ ਜੋਤ ਜੀਵ ਅਧਾਰ । ਸਾਚੀ ਜੋਤ ਵਿਚ ਆਕਾਰ । ਬੈਠਾ ਪ੍ਰਭ ਵਿਚ ਨਿਰਾਧਾਰ । ਦਵਾਏ ਜਨਮ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਅਪਾਰ । ਸਾਚਾ ਪ੍ਰਭ ਪੂਰਨ ਭਗਵਾਨਾ । ਕਿਰਪਾ ਕਰੇ ਬਿਰਧਾਂ ਬਾਲ ਜਵਾਨਾਂ । ਸੋਹੰ ਦੇਵੇ ਆਤਮ ਸਾਚਾ ਨਾਮ ਗਿਆਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦਾ ਜਾਣੀ ਜਾਣਾ । ਸਾਚਾ ਪ੍ਰਭ ਸੁਣੇ ਪੁਕਾਰ । ਦੇਹੀ ਦੁਖ ਦਏ ਨਿਵਾਰ । ਵਲੀਆ ਛਲੀਆ ਇੰਦਰ ਜਾਲ ਦਏ ਨਿਵਾਰ । ਹਾਕਨ ਡਾਕਨ ਪ੍ਰਭ ਸਾਚਾ ਦੇਵੇ ਮਾਰ । ਛਦੌਣ ਪੌਣ ਅਵਾ ਗੌਣ ਦਰ ਸਾਚੇ ਹੋਏ ਖ਼ੁਆਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਖੰਡਾ ਚਲਾਵੇ ਦੋ ਧਾਰ । ਸਾਚਾ

੧੨੬
੦੧
ਨਿਹਕਲੰਕ ਹਰਿ ਸ਼ਬਦ

ਪ੍ਰਭ ਹੋਏ ਸਹਾਏ । ਅਮ ਕਾਜ਼ੀਆਂ ਦਿਖ ਨਾ ਪਾਏ । ਕੁੱਖ ਰੋਗ ਪ੍ਰਭ ਦਏ ਮਿਟਾਏ । ਆਤਮ ਸੁਖ ਸਦਾ ਵਸਾਏ । ਮਾਤ ਕੁੱਖ ਪ੍ਰਭ ਸੁਫਲ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਸਰਨ ਆਏ ਜੋ ਜੀਵ ਬਿਲਲਾਏ । ਦੁਖ ਰੋਗ ਨਾ ਕਲ ਸਤਾਏ । ਸਾਚਾ ਸੁੱਖ ਪ੍ਰਭ ਸਾਚਾ ਦੇਵੇ, ਜੋ ਜਨ ਰਸਨਾ ਸੋਹੰ ਗਾਏ । ਆਤਮ ਉਤਰੇ ਸਾਰੀ ਭੁਖ, ਨਿਹਕਲੰਕ ਜੋ ਦਰਸ਼ਨ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸ ਪੁਜਾਏ । ਉਤਰੇ ਦੁਖ ਸਗਲ ਵਸੂਰਾ । ਆਤਮ ਦੇਵੇ ਪ੍ਰਭ ਸਾਚਾ ਨੂਰਾ । ਹੋਏ ਸਹਾਈ ਪ੍ਰਭ ਵਡ ਸੂਰਨ ਸੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰਾ । ਸਰਬ ਕਲਾ ਪ੍ਰਭ ਭਰਪੂਰ । ਦੇਹੀ ਦੁਖੜੇ ਕੀਨੇ ਦੂਰ । ਆਤਮ ਸੁਖ ਉਤਰੇ ਭੁਖ ਪ੍ਰਭ ਸਾਚਾ ਦਿਸੇ ਹਜ਼ੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸਾ ਪੂਰ । ਸੁਰਤ ਸ਼ਬਦ ਪ੍ਰਭ ਦਵਾਏ । ਤੀਨ ਲੋਕ ਵਸ ਕਰਾਏ । ਨਾਮ ਨਿਰਬਾਣ ਪ੍ਰਭ ਲਗਾਏ । ਜੇਤੀਆਂ ਮੁਸ਼ਕਲਾਂ ਤੇਤੀਆਂ ਆਸਾਨ ਪ੍ਰਭ ਬਣਾਏ । ਸਾਚਾ ਨਾਮ ਜੋ ਜਨ ਰਸਨਾ ਗਾਏ । ਪਵਣ ਰੂਪ ਵਿਚ ਮਸਾਣ ਰਖਾਏ । ਜੀਵ ਵੇਖੇ ਦਿਸ ਨਾ ਆਏ । ਜਮ ਕਾ ਬੇਟਾ ਕਰਮ ਕਮਾਏ । ਆਪਣੀ ਕਲ ਕਲ ਵਰਤਾਏ । ਕਾਲ ਕਾਲ ਕਾਲ ਸਭ ਹੋਏ, ਆਤਮ ਚਿੰਤ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਨ ਲੋਕ ਆਣ ਰਖਾਏ । ਓਹਨੀ ਮਾਤਾ ਕੋਈ ਸਾਰ ਨਾ ਜਾਣੇ । ਸਾਚਾ ਪ੍ਰਭ ਆਪ ਪਛਾਣੇ । ਭੁੱਲੇ ਜੀਵ ਸਰਬ ਅੰਞਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਆਪੇ ਜਾਣੇ । ਝੂਠੇ ਬੀਰ ਸਰਬ ਬੇਤਾਲੇ । ਹਨਵੰਤ ਅਹਿਮਦ ਮੁਹੰਮਦ ਹੋਏ ਬੈਤਾਲੇ । ਖਿਲੰਤਾ ਸਲਾ ਸਲਸਲਾ ਪ੍ਰਭ ਅਗਨ ਜੋਤ ਵਿਚ ਗਾਲੇ । ਨਿਰੰਦੀ ਨੇਸਰੀ ਕੇਸਰੀ ਸ਼ਬਦ ਮਾਰ ਮਹਾਰਾਜ ਸ਼ੇਰ ਸਿੰਘ ਹੋਏ ਆਪ ਰਖਵਾਲੇ । ਸਗਤੀ ਭੁਗਤੀ ਕਰਮ ਕਮਾਇਆ । ਝੂਠੀ ਜੁਗਤੀ ਮਨ ਭੁਲਾਇਆ । ਰੋਗ ਦੁਖ ਦੁਖ ਰੋਗ ਪ੍ਰਭ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦਾ ਹੋਏ ਸਹਾਇਆ । ਸਾਚਾ ਪ੍ਰਭ ਕਰੇ ਆਕਾਰ । ਬੀਰ ਬੈਤਾਲੀ ਕਰੇ ਖ਼ੁਆਰ । ਇਕ ਲੱਖ ਅੱਸੀ ਹਜ਼ਾਰ, ਪ੍ਰਭ ਸਾਚਾ ਸੋਹੰ ਮਾਰੇ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵਾਂ ਜੰਤਾਂ ਦੇਵੇ ਜੋਤ ਅਧਾਰ । ਛਲ ਛਿਦਰ ਜਿਸ ਕਮਾਇਆ । ਉਲਟ ਵਾਹੂ ਪ੍ਰਭ ਲੇਖ ਲਿਖਾਇਆ । ਸ਼ਬਦ ਨਿਰੰਕਾਰ ਪ੍ਰਭ ਆਪ ਚਲਾਇਆ । ਵਿਚ ਸੰਸਾਰ ਸਰਬ ਮਾਣ ਗਵਾਇਆ । ਕਰ ਜੋਤ ਆਕਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖ ਰੋਗ ਸਰਬ ਮਿਟਾਇਆ । ਦੁਖੀਆ ਜੀਵ ਦਰ ਬਿਲਲਾਏ । ਕਾਲ ਬਾਲ ਤਨ ਰਿਹਾ ਜਲਾਏ । ਧਨ ਮਾਲ ਕਿਛ ਕੰਮ ਨਾ ਆਏ । ਗੋਦ ਬਾਲ ਜਿਸ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਆਸ ਪੁਜਾਏ । ਖਟ ਰੋਗ ਪ੍ਰਭ ਚੁਕਾਏ । ਜੀਵ ਜੰਤ ਕੋਈ ਭੇਦ ਨਾ ਪਾਏ । ਨਾੜੀ ਬਹੱਤਰ ਪ੍ਰਭ ਰਿਹਾ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਪ੍ਰਭ ਸਾਚੇ ਸਚ ਕਰਮ ਕਮਾਇਆ । ਕੁੱਖ ਰੋਗ ਸਰਬ ਮਿਟਾਇਆ । ਸੁੱਕਾ ਕਾਸ਼ਟ ਹਰਾ ਕਰਾਇਆ । ਅੰਮ੍ਰਿਤ ਆਤਮ ਸਿੰਚ ਪ੍ਰਭ ਦੇਹੀ ਰੋਗ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਇਆ । ਦੁਖ ਕਲੇਸ਼ ਪ੍ਰਭ ਕੀਆ ਨਬੇੜਾ । ਹਿਰਦੇ ਸੁਖ ਪ੍ਰਭ ਸਦਾ ਵਸੇਰਾ । ਆਤਮ ਦੁਖ ਮਿਟੇ ਅੰਧੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਨਾ ਲਾਏ ਦੇਰਾ । ਸਾਚਾ ਪ੍ਰਭ ਕਰਮ ਕਮਾਏ । ਦਰ ਘਰ ਸਭ ਬੰਨ੍ਹ ਵਖਾਏ । ਵਾਟ ਘਾਟ ਕੋਈ ਲੰਘ ਨਾ

ਜਾਏ । ਆਨ ਬਾਟ ਪ੍ਰਭ ਹੋਏ ਸਹਾਏ । ਵਿਚ ਲਲਾਟ ਸਾਚੇ ਲੇਖ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਗੁਰ ਸਾਇਰ ਗੁਰ ਸਰਮਪਤ ਗੁਰ ਲਖਮੀ ਗੁਰ ਦੀਨਾ । ਗੁਰ ਅੰਜਨ ਲਹਿਰਾਇਆ, ਗੁਰਮੁਖ ਸਾਚੇ ਆਤਮ ਭੀਨਾ । ਪ੍ਰਭ ਕੁੱਖ ਰੋਗ ਮਿਟਾਇਆ, ਸ਼ਾਂਤ ਕਰਾਇਆ ਸੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਾਨ ਦਰ ਆਏ ਸਚ ਦੀਨਾ । ਦਰੋਹੀ ਖੁਦਾਏ ਖੁਦਾਏ ਨਬੀ ਰਸੂਲ । ਦਰੋਹੀ ਚੌਹ ਯਾਰਾਂ ਦਰਗਾਹ ਨਾ ਹੋਏ ਕਬੂਲ । ਦਰੋਹੀ ਹਜ਼ਰਤ ਪੀਰ ਦਸਤਗੀਰ ਪ੍ਰਭ ਸ਼ਬਦ ਲਗਾਏ ਤਰਸੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਚਲਾਏ, ਬੇਮੁਖ ਗਏ ਭੂਲ । ਬੀ ਪਹਿਰਬਾਨ ਮਹਿਬਾਨ ਬੀਦੋ ਬੀ ਖੈਰ ਯਾਮੁਹਬੈਨ ਬੀ ਖੈਰ ਯਾ ਅਲਾਹ । ਅਜ਼ਮਤੋ ਕਸਮਤੋ ਅਜ਼ਿਬਵ ਅਤਿਲ ਹੇ ਯਾ ਐਲੀ ਸਰਬ ਈਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਜਾਏ ਪੀਸ । ਅੰਮ੍ਰਿਤ ਸਾਚਾ ਗੁਰ ਦਰ ਪਾਈਏ । ਪੀ ਅੰਮ੍ਰਿਤ ਆਤਮ ਤ੍ਰਿਖਾ ਮਿਟਾਈਏ । ਪ੍ਰਭ ਅਬਿਨਾਸ਼ੀ ਸਦ ਸਦ ਰਸਨਾ ਗਾਈਏ । ਕਲਜੁਗ ਜਾਮਾ ਭਰਮ ਭੁਲੇਖ, ਗੁਰਮੁਖ ਹੋਏ ਭੁੱਲ ਨਾ ਜਾਈਏ । ਪ੍ਰਭ ਚੁਕਾਏ ਸਾਚਾ ਲੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚੇ ਲੇਖ ਲਿਖਾਈਏ । ਲਿਖਿਆ ਲੇਖ ਸਦਾ ਅਟਲ । ਸ੍ਰਿਸ਼ਟ ਸਬਾਈ ਜਾਏ ਹੱਲ । ਪ੍ਰਭ ਅਬਿਨਾਸ਼ੀ ਕਰਾਏ ਜਲ ਥਲ । ਗੁਰਸਿਖ ਸਾਚਾ ਪ੍ਰਭ ਦਰ ਬੈਠੇ ਮੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਨਾ ਲਾਏ ਘੜੀ ਪਲ । ਜੋਤ ਸਰੂਪ ਪ੍ਰਭ ਦਰਸ ਦਿਖਾਏ । ਪਰਗਟ ਜੋਤ ਹੋਏ ਸਹਾਏ । ਸਤਿ ਸਤਿ ਸਤਿ ਪ੍ਰਭ ਰਿਹਾ ਸਮਾਏ । ਪਤਿ ਪਤਿ ਪਤਿ ਗੁਰਸਿਖ ਤੇਰੀ ਪ੍ਰਭ ਸਾਚਾ ਪਤਿ ਰਖਾਏ । ਮਤਿ ਮਤਿ ਮਤਿ ਪ੍ਰਭ ਸਾਚੀ ਮਤਿ ਵਿਚ ਤੇਰੀ ਦੇਹ ਟਿਕਾਏ । ਯਤ ਯਤ ਯਤ ਸੋਹੰ ਸਾਚਾ ਯਤ ਪ੍ਰਭ ਆਤਮ ਵਾਸ ਰਖਾਏ । ਗਤਿ ਗਤਿ ਮਿਤ ਗਤਿ ਪ੍ਰਭ ਤੇਰੀ ਆਪ ਜਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਅੰਮ੍ਰਿਤ ਮੇਘ ਵਰਸਾਏ । ਸਾਚਾ ਅੰਮ੍ਰਿਤ ਪ੍ਰਭ ਦਰ ਪਾਇਆ । ਪੀ ਅੰਮ੍ਰਿਤ ਆਤਮ ਰੋਗ ਮਿਟਾਇਆ । ਸੁਖ ਜੀਵ ਸਾਚਾ ਸੁਖ ਨਿਜ ਘਰ ਮੇਂ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਹਿਰਦੇ ਵਸਾਇਆ । ਹਿਰਦੇ ਵਸਿਆ ਪ੍ਰਭ ਅਬਿਨਾਸ਼ੀ । ਆਤਮ ਦੁਬਦਾ ਸਾਰੀ ਨਾਸੀ । ਦੇਵੇ ਦਰਸ ਘਨਕਪੁਰ ਵਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਬੰਦ ਖ਼ੁਲਾਸੀ । ਪਾਰਬ੍ਰਹਮ ਤੇਰਾ ਸਾਚਾ ਰੂਪ । ਪਾਰਬ੍ਰਹਮ ਤੇਰੀ ਮਹਿੰਮਾ ਅਨੂਪ । ਪਾਰਬ੍ਰਹਮ ਜੋਤ ਸਰੂਪੀ ਜੋਤ ਸਰੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਜ਼ਰ ਨਾ ਆਏ ਕੋਈ ਰੰਗ ਰੂਪ । ਪ੍ਰਭ ਸਾਚੇ ਸਦ ਅਦੇਸਿਆ । ਪ੍ਰਭ ਸਾਚਾ ਗੁਰਸਿਖ ਸਾਚੇ ਵਿਚ ਸਦ ਪਰਵੇਸ਼ਿਆ । ਸਾਚਾ ਪ੍ਰਭ ਸਾਚੇ ਦਰ ਖੜੇ ਬ੍ਰਹਮਾ ਵਿਸ਼ਨ ਮਹੇਸ਼ਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਲਜੁਗ ਕੀਆ ਭੇਸਿਆ । ਜੋਤ ਸਰੂਪੀ ਪਹਰਿਆ ਬਾਣਾ । ਤਖ਼ਤੋਂ ਲਾਹੇ ਰਾਜਾ ਰਾਣਾ । ਸਤਿਜੁਗ ਸਾਚਾ ਪ੍ਰਭ ਵਿਚ ਮਾਤ ਦੇ ਲਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਚਲਾਣਾ । ਭਾਰਤ ਮਾਤ ਪ੍ਰਭ ਦਰ ਪੁਕਾਰੀ । ਕਲਜੁਗ ਜੀਵ ਹੋਏ ਦੁਸ਼ਟ ਦੁਰਾਚਾਰੀ । ਦਿਵਸ ਰੈਣ ਕਰਨ ਵਿਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਗੁਰਪਰਸਾਦ ਗੁਰਦਰ ਪਾਇਆ । ਗੁਰਪਰਸਾਦ ਪ੍ਰਭ ਦਰਸ ਦਿਖਾਇਆ । ਗੁਰ ਪਰਸਾਦ ਪਰਗਟ ਜੋਤ ਪ੍ਰਭ ਭੋਗ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਧ ਸੰਗਤ ਤੇਰਾ ਸੋਗ ਮਿਟਾਇਆ । ਸਾਧ ਸੰਗਤ ਪ੍ਰਭ ਦੇ ਵਡਿਆਈ । ਸਾਧ ਸੰਗਤ

ਪ੍ਰਭ ਭਏ ਸਹਾਈ । ਸਾਧ ਸੰਗਤ ਸੁਰਤੀ ਸੁਰਤ ਧਿਆਨ ਗਿਆਨ ਪ੍ਰਭ ਦਵਾਈ । ਸਾਧ ਸੰਗਤ ਚਰਨ ਧੂੜ ਇਸ਼ਨਾਨ ਪ੍ਰਭ ਦਰ ਨਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਦਾ ਸਹਾਈ । ਸਾਧ ਸੰਗਤ ਪ੍ਰਭ ਪੂਰਨ ਆਸਾ । ਸਾਧ ਸੰਗਤ ਗੁਰਚਰਨ ਭਰਵਾਸਾ । ਸਾਧ ਸੰਗਤ ਹੋਏ ਆਤਮ ਰਹਿਰਾਸਾ । ਸਾਧ ਸੰਗਤ ਪ੍ਰਭ ਸਾਚਾ ਸਚ ਰੱਖੇ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਦਾਸਨ ਦਾਸਾ । ਸਾਧ ਸੰਗਤ ਕਲ ਪੂਰਨ ਭਾਗ । ਨਿਹਕਲੰਕ ਚਰਨ ਕਲ ਗਏ ਲਾਗ । ਬੇਮੁਖ ਸੋਏ ਗੁਰਮੁਖ ਸਾਚੇ ਗਏ ਜਾਗ । ਸੋਹੰ ਸਾਚਾ ਸ਼ਬਦ ਪ੍ਰਭ ਉਪਜਾਇਆ ਰਾਗ । ਹੋਏ ਸਹਾਈ ਵੇਲੇ ਅੰਤ, ਪ੍ਰਭ ਸਾਚਾ ਪਕੜੇ ਵਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਲੇਖ ਲਿਖਾਏ ਪਹਿਲੇ ਮਾਘ । ਸੋਹੰ ਦੇਵੇ ਸਾਚਾ ਜਾਪ । ਪ੍ਰਭ ਮਾਰੇ ਗੁਰਸਿਖ ਤੀਨੋ ਤਾਪ । ਜਨਮ ਜਨਮ ਪ੍ਰਭ ਉਤਾਰੇ ਪਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਆਪ । ਮਰੂ ਦੇਵਾ ਛੇਆ ਦੇਵੀ ਜਾ ਬਸੇ ਅਸਮਾਲ ਜੋਗੀ ਕੀ ਸੁਰਈ । ਗਊ ਚਰਦੀ ਚਰਦੀ ਬਨ ਮੇਂ ਰਹੀ । ਕ੍ਰਿਸ਼ਨ ਘਨਈਆ ਲਖਮੀ ਨਰਾਇਣ ਸਾਚੀ ਧੁਨ ਉਪਜਾਏ ਦਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਸਭ ਨਸ਼ਟ ਕਰਈ । ਪ੍ਰਭ ਸਾਚੇ ਤੇਰੇ ਸਾਚੇ ਭੇਦ । ਸੱਤ ਕਾਲੇ ਸੱਤ ਸਫੇਦ । ਉਤਰ ਪੱਛਮ ਡੰਕ ਸਮੇਤ । ਚੌਦਾਂ ਵਿਦਿਆ ਪ੍ਰਭ ਅਸਮੇਤ । ਸੋਲਾਂ ਕਲਾ ਸਮਰਥ ਪ੍ਰਭ ਸਦਾ ਅਭੇਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਕੋਏ ਨਾ ਪਾਵੇ ਭੇਤ । ਕਲਜੁਗ ਜੀਵ ਭੇਦ ਨਾ ਜਾਣੇ । ਜੋਤ ਸਰੂਪ ਪ੍ਰਭ ਪਛਾਣੇ । ਸਾਚਾ ਪ੍ਰਭ ਸਰਬ ਸਮਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸਾਧ ਸੰਗਤ ਪਰਵਾਨੇ । ਜਨ ਭਗਤਾਂ ਪ੍ਰਭ ਸਦਾ ਸਹਾਈ । ਨਿਤ ਨਵਿਤ ਪ੍ਰਭ ਆਵਣ ਜਾਵਣ ਖੇਲ ਰਚਾਈ । ਭਗਤ ਜਨਾਂ ਪ੍ਰਭ ਸਾਚਾ ਪਿਤ, ਪਿਤਾ ਪੂਤ ਪ੍ਰਭ ਮੇਲ ਮਿਲਾਈ । ਮਾਨਸ ਜਨਮ ਕਲ ਜਾਏ ਜਿੱਤ, ਜੋ ਜਨ ਆਏ ਨਿਹਕਲੰਕ ਤੇਰੀ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਤਮ ਬੂਝ ਬੁਝਾਈ । ਗੁਰਮੁਖ ਸਾਚੇ ਬੂਝ ਬੁਝਈਆ । ਪ੍ਰਭ ਆਤਮ ਸਾਚੀ ਜੋਤ ਜਗਈਆ । ਸਤਿਜੁਗ ਸਾਚੀ ਪ੍ਰਭ ਸੋਹੰ ਚਲਾਏ ਨਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਭਗਤ ਜਨਾਂ ਪੈਜ ਰਖਈਆ । ਭਗਤ ਜਨਾਂ ਪ੍ਰਭ ਤਾਰਨਹਾਰਾ । ਪ੍ਰਭ ਸਾਚੇ ਦੀ ਸਾਚੀ ਕਾਰਾ । ਜੁਗੋ ਜੁਗ ਵਿਚ ਮਾਤ ਲਏ ਅਵਤਾਰਾ । ਦੁਸ਼ਟ ਦੁਰਾਚਾਰ ਪ੍ਰਭ ਸਾਚਾ ਕਰੇ ਖੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਕਾਰਾ । ਜੁਗੋ ਜੁਗ ਪ੍ਰਭ ਮਾਤ ਵਿਚ ਆਏ । ਜੋਤ ਸਰੂਪੀ ਜਾਮਾ ਪਾਏ । ਭਗਤ ਜਨਾਂ ਦੀ ਬਣਤ ਬਣਾਏ । ਵੇਲੇ ਅੰਤ ਹੋਏ ਸਹਾਏ । ਵਿਚ ਮਾਤ ਪ੍ਰਭ ਵਡਿਆਏ । ਹੰਕਾਰੀਆਂ ਪ੍ਰਭ ਹੰਕਾਰ ਗਵਾਏ । ਨਿਮਾਣਿਆਂ ਸਿਰ ਹੱਥ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਸਾਚੀ ਜੋਤ ਮਾਤ ਪਰਗਟਾਏ । ਸਾਚਾ ਸ਼ਬਦ ਗੁਰਸਿਖ ਕਮਾਣਾ । ਮਦਿਰਾ ਮਾਸ ਮਨੋਂ ਤਜਾਣਾ । ਰਸਨਾ ਰਸ ਆਤਮ ਰਸ ਪਾਣਾ । ਅੰਮ੍ਰਿਤ ਸਾਚਾ ਮੁਖ ਚੁਆਣਾ । ਰਾਹ ਸਾਚਾ ਦੱਸ ਪ੍ਰਭ ਭੇਵ ਚੁਕਾਣਾ । ਦਰ ਆਏ ਨੱਸ, ਪ੍ਰਭ ਦੇਵੇ ਮਾਣਾ । ਹੋਏ ਜਾਏ ਵਸ, ਸੋਹੰ ਸ਼ਬਦ ਜਿਸ ਰਸਨਾ ਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਅਗਿਆਨ ਅੰਧੇਰ ਮਿਟਾਣਾ । ਗੁਰਚਰਨ ਪ੍ਰੀਤੀ ਸਾਚਾ ਜੋਗ । ਗੁਰਮੁਖ ਸਾਚੇ ਆਤਮ ਰਸ ਭੋਗ । ਦੇਵੇ ਦਰਸ ਪ੍ਰਭ ਅਮੋਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਕੱਟੇ ਹਉਮੈ ਰੋਗ । ਸਾਚਾ ਪ੍ਰਭ ਦਰਸ ਦਿਖਾਏ । ਭੈ ਭਿਆਨਕ ਹੋਏ ਸਹਾਏ । ਗੁਰਮੁਖ ਸਾਚੇ ਲੱਗੇ ਨਾ

੭੨੬
੦੧

ਤੱਤੀ ਵਾਏ । ਰਸਨਾ ਜਪ ਜਪ ਏਕਾ ਓਟ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਏ । ਗੁਰਮੁਖ ਸਾਚੇ ਪ੍ਰਭ ਜੋਤ ਜਗਾ । ਝੂਠੀ ਦੇਹੀ ਪ੍ਰਭ ਜਾਏ ਭਾਗ ਲਗਾ । ਹਉਮੇ ਮਮਤਾ ਰੋਗ ਪ੍ਰਭ ਜਾਏ ਦਾਗ਼ ਮਿਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਹਿਰਦੇ ਜਾਏ ਵਸਾ । ਸੋਹੰ ਸ਼ਬਦ ਜਿਸ ਜਨ ਜਾਣਿਆ । ਸਾਚਾ ਪ੍ਰਭ ਸਤਿ ਕਰ ਮਾਨਿਆ । ਗੁਰਸਿਖ ਸਾਚਾ ਚਲੇ ਪ੍ਰਭ ਕੇ ਭਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਬਿਰਧ ਬਾਲ ਅੰਞਾਣਿਆ । ਕਰ ਦਰਸ ਮਨ ਭਏ ਅਨੰਦਾ । ਆਤਮ ਉਪਜੇ ਪਰਮਾਨੰਦਾ । ਗੁਰਮੁਖ ਸਾਚੇ ਪ੍ਰਭ ਸਾਚਾ ਸ਼ਬਦ ਲਿਖੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਗੁਣੀ ਗਹਿੰਦਾ । ਗੁਣਵੰਤ ਗਹਿਰ ਗੰਭੀਰ । ਦੇ ਦਰਸ ਸਾਂਤ ਕਰੇ ਸਰੀਰ । ਗੁਰਸਿਖ ਤੇਰੀ ਪ੍ਰਭ ਸਾਚਾ ਕੱਟੇ ਭੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਬਖ਼ਸ਼ੇ ਜਿਉਂ ਬਾਲਕ ਮਾਤਾ ਸੀਰ । ਅੰਮ੍ਰਿਤ ਆਤਮ ਆਤਮ ਰਸ । ਸਾਚਾ ਪ੍ਰਭ ਹੋ ਜਾਏ ਵਸ । ਗੁਰਚਰਨ ਪ੍ਰੀਤੀ ਸਾਚੀ ਨੀਤੀ ਸਾਚਾ ਰਾਹ ਪ੍ਰਭ ਜਾਏ ਦੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਹਿਰਦੇ ਵਸ ।

❊ ੧੧ ਫੱਗਣ ੨੦੦੮ ਬਿਕ੍ਰਮੀ ਮੇਰਠ ਛਾਵਣੀ ਵਿਹਾਰ ਹੋਇਆ ❊

ਗੁਣਵੰਤ ਗੁਣ ਸਾਚਾ ਜਾਣਿਆ । ਭਗਤ ਜਨਾਂ ਪ੍ਰਭ ਆਪ ਪਛਾਣਿਆ । ਸਾਚਾ ਦੇਵੇ ਨਾਮ ਨਿਧਾਨਿਆ । ਆਤਮ ਤੋੜੇ ਸਰਬ ਅਭਿਮਾਨਿਆ । ਜਗਾਏ ਜੋਤ ਵਿਚ ਦੇਹ ਮਹਾਨਿਆ । ਦਿਖਾਏ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਮਿਲਿਆ ਪ੍ਰਭ ਆਤਮ ਸੁਖ ਪਾਇਆ । ਮਿਲਿਆ ਪ੍ਰਭ ਦੁਖ ਰੋਗ ਗਵਾਇਆ । ਮਿਲਿਆ ਪ੍ਰਭ ਆਤਮ ਸੋਗ ਚੁਕਾਇਆ । ਮਿਲਿਆ ਪ੍ਰਭ ਗੁਰਸਿਖ ਵਿਚ ਸੇਵ ਲਗਾਇਆ । ਮਿਲਿਆ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰੋਂ ਸੰਜੋਗ ਲਿਖਾਇਆ । ਮਿਲਿਆ ਪ੍ਰਭ ਸਾਚਾ ਗੁਰ । ਮਿਲਿਆ ਪ੍ਰਭ ਵਾਸੀ ਘਨਕਪੁਰ । ਮਿਲਿਆ ਪ੍ਰਭ ਗੁਰਸਿਖ ਦੇਵੇ ਵਡਿਆਈ ਵਿਚ ਦੇਵੀ ਦੇਵ ਸੁਰ । ਮਿਲਿਆ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਿਆ ਲੇਖ ਪ੍ਰਭ ਸਾਚੇ ਧੁਰ । ਮਿਲਿਆ ਪ੍ਰਭ ਸਰਬ ਦੁਖ ਭੰਜਨ । ਮਿਲਿਆ ਪ੍ਰਭ ਜੋਤ ਨਿਰੰਜਣ । ਮਿਲਿਆ ਪ੍ਰਭ ਗੁਰਸਿਖ ਸਾਚਾ ਸੱਜਣ । ਮਿਲਿਆ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਪ੍ਰੀਤੀ ਚਰਨ ਬਖ਼ਸ਼ੇ ਸਾਚਾ ਮਜਣ । ਮਿਲਿਆ ਪ੍ਰਭ ਦੁਖ ਰੋਗ ਮਿਟਾਏ । ਮਿਲਿਆ ਪ੍ਰਭ ਸਰਬ ਸੋਗ ਚੁਕਾਏ । ਮਿਲਿਆ ਪ੍ਰਭ ਦਰਸ ਅਮੋਘ ਦਿਖਾਏ । ਮਿਲਿਆ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਬਣਤ ਬਣਾਏ । ਮਿਲਿਆ ਪ੍ਰਭ ਸਰਬ ਕਲ ਧਾਰੀ । ਮਿਲਿਆ ਪ੍ਰਭ ਨਿਹਕਲੰਕ ਨਰਾਇਣ ਨਰ ਅਵਤਾਰੀ । ਮਿਲਿਆ ਪ੍ਰਭ ਜੋਤ ਨਿਰੰਜਣ ਜੋਤ ਨਿਰੰਕਾਰੀ । ਮਿਲਿਆ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਅਪਰ ਅਪਾਰੀ । ਮਿਲਿਆ ਪ੍ਰਭ ਸਰਬ ਕਾ ਦਾਤਾ । ਮਿਲਿਆ ਪ੍ਰਭ ਸਰਬ ਗਿਆਤਾ । ਮਿਲਿਆ ਪ੍ਰਭ ਵਡ ਦਾਨੀ ਦਾਤਾ । ਮਿਲਿਆ ਪ੍ਰਭ ਸਾਧ ਸੰਗਤ ਸਦਾ ਰੰਗ ਰਾਤਾ । ਮਿਲਿਆ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਚਰਨ ਲਗਾਤਾ । ਮਿਲਿਆ ਪ੍ਰਭ ਆਪ ਅਪਰੰਪਰ । ਮਿਲਿਆ ਪ੍ਰਭ ਸਰਬ ਵਰਤੰਤਰ । ਮਿਲਿਆ ਪ੍ਰਭ ਜਨ ਭਗਤਾਂ ਜੁਗਾਂ ਜੁਗੰਤਰ ।

੭੩੦
੦੧

ਮਿਲਿਆ ਪ੍ਰਭ ਗੁਰਮੁਖ ਤੇਰਾ ਭੇਦ ਜਾਣੇ ਅੰਤਰ । ਮਿਲਿਆ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਮੰਤਰ । ਮਿਲਿਆ ਪ੍ਰਭ ਅੰਤਰ ਧਿਆਨਾ । ਮਿਲਿਆ ਪ੍ਰਭ ਸੁਘੜ ਸਿਆਣਾ । ਮਿਲਿਆ ਪ੍ਰਭ ਗੁਰਸਿਖ ਦੇਵੇ ਬ੍ਰਹਮ ਗਿਆਨਾ । ਮਿਲਿਆ ਪ੍ਰਭ ਬਖ਼ਸ਼ੇ ਚਰਨ ਧੂੜ ਇਸ਼ਨਾਨਾ । ਮਿਲਿਆ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਮਿਲਿਆ ਪ੍ਰਭ ਸਚ ਭੰਡਾਰੀ । ਮਿਲਿਆ ਪ੍ਰਭ ਜੋਤ ਅਧਾਰੀ । ਮਿਲਿਆ ਪ੍ਰਭ ਆਪ ਨਿਰੰਕਾਰੀ । ਮਿਲਿਆ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜਾਏ ਪੈਜ ਸਵਾਰੀ । ਮਿਲਿਆ ਪ੍ਰਭ ਆਪ ਆਪਣਾ । ਮਿਲਿਆ ਮੇਲ ਗੁਰਸਿਖ ਸਾਚੇ ਰਸਨਾ ਜਪਣਾ । ਮਿਲਿਆ ਪ੍ਰਭ ਗੁਰਮੁਖ ਸਾਚੇ ਤੇਰੀ ਆਤਮ ਲਾਹੇ ਤਪਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਿਵਸ ਰੈਣ ਸਦ ਰਸਨਾ ਜਪਣਾ । ਰਸਨਾ ਜਪ ਆਤਮ ਰਸ ਮਾਣੇ । ਪ੍ਰਭ ਅਬਿਨਾਸ਼ੀ ਕਲ ਪਛਾਣੇ । ਗੁਰਚਰਨ ਸਦ ਸਦ ਸਦ ਕੁਰਬਾਨੇ । ਏਕਾ ਰੱਖ ਚਰਨ ਧਿਆਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸਦ ਵਿਚ ਸਮਾਣੇ । ਜੋਤ ਸਰੂਪ ਪ੍ਰਭ ਸਦ ਵਿਚ ਸਮਾਇਆ । ਬੇਮੁਖਾਂ ਪ੍ਰਭ ਦਿਸ ਨਾ ਆਇਆ । ਗੁਰਮੁਖ ਸਾਚੇ ਸਾਚੀ ਬੂਝ ਬੁਝਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਇਆ । ਦੇਵੇ ਦਰਸ ਆਪ ਰਘੁਰਾਈ । ਗੁਰਮੁਖ ਸਾਚੇ ਹੋਏ ਸਹਾਈ । ਮਾਤਲੋਕ ਦੇਵੇ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਬਣਤ ਬਣਾਈ । ਪ੍ਰਭ ਸਾਚਾ ਸਚ ਜੋਤ ਆਕਾਰਾ । ਪ੍ਰਭ ਸਾਚਾ ਸਚ ਸਚ ਦਰਬਾਰਾ । ਪ੍ਰਭ ਸਾਚਾ ਸਚ ਨਾਮ ਭੰਡਾਰਾ । ਪ੍ਰਭ ਸਾਚਾ ਸਚ ਜਗਤ ਵਰਤਾਰਾ । ਪ੍ਰਭ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਲਿਆ ਅਵਤਾਰਾ । ਸਾਚੇ ਪ੍ਰਭ ਸਾਚੀ ਤੇਰੀ ਕਾਰਾ । ਪ੍ਰਭ ਸਾਚਾ ਸੋਹੰ ਸ਼ਬਦ ਚਲਾਏ, ਜਗਤ ਕਰਾਏ ਇਕ ਉਜਿਆਰਾ । ਪ੍ਰਭ ਸਾਚਾ ਆਪਣਾ ਆਪ ਉਪਾਏ, ਜਗਤ ਮਿਟਾਏ ਸਰਬ ਧੁੰਧੂਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰੇ ਪਸਾਰਾ । ਪ੍ਰਭ ਸਾਚਾ ਸਚ ਕਰੇ ਪਸਾਰ । ਪ੍ਰਭ ਸਾਚਾ ਸਚ ਜੋਤ ਕਰੇ ਆਕਾਰ । ਪ੍ਰਭ ਸਾਚਾ ਸਚ ਸੁਚ ਕਰੇ ਵਰਤਾਰ । ਪ੍ਰਭ ਸਾਚਾ ਆਪ ਅਡੋਲ ਬੈਠ ਰਹੇ ਨਿਰਾਧਾਰ । ਪ੍ਰਭ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਨਿਰਾਹਾਰ । ਪ੍ਰਭ ਸਾਚਾ ਸਦ ਨਿਰਾਹਾਰੀ । ਪ੍ਰਭ ਸਾਚਾ ਜੋਤ ਨਿਰੰਕਾਰੀ । ਪ੍ਰਭ ਸਾਚਾ ਜਗਤ ਖੇਲ ਕਰੇ ਅਪਰ ਅਪਾਰੀ । ਪ੍ਰਭ ਸਾਚਾ ਕਲਜੁਗ ਜੀਵਾਂ ਕਰੇ ਖ਼ੁਆਰੀ । ਆਪ ਅਡੋਲ ਜੋਤ ਕ੍ਰਿਸ਼ਨ ਮੁਰਾਰੀ । ਪ੍ਰਭ ਸਾਚਾ ਹੰਕਾਰੀਆਂ ਉਤਾਰੇ ਆਤਮ ਸਰਬ ਖ਼ੁਮਾਰੀ । ਪ੍ਰਭ ਸਾਚਾ ਗੁਰਮੁਖ ਸਾਚੇ ਜਾਏ ਪੈਜ ਸਵਾਰੀ । ਪ੍ਰਭ ਸਾਚਾ ਨਿਹਕਲੰਕ ਅਵਤਾਰ ਨਰ ਕਲਜੁਗ ਆਇਆ ਜਾਮਾ ਧਾਰੀ । ਕਲਜੁਗ ਪ੍ਰਭ ਜਾਮਾ ਪਾਏ । ਆਪਣੀ ਕਲ ਆਪ ਵਰਤਾਏ । ਸੋਹੰ ਸਾਚਾ ਨਾਮ ਜਪਾਏ । ਏਕਾ ਨਾਮ ਪੂਰਨ ਆਪ ਆਪਣੀ ਜੋਤ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਚ ਰਖਾਏ । ਪ੍ਰਭ ਸਾਚਾ ਗੁਰਸਿਖ ਤਾਰੇ । ਪ੍ਰਭ ਸਾਚਾ ਸਦਾ ਬਲਿਹਾਰੇ । ਪ੍ਰਭ ਸਾਚਾ ਏਕਾ ਬਖ਼ਸ਼ੇ ਚਰਨ ਪਿਆਰੇ । ਪ੍ਰਭ ਸਾਚਾ ਜੁਗੋ ਜੁਗ ਵਿਚ ਮਾਤ ਲਏ ਅਵਤਾਰੇ । ਪ੍ਰਭ ਸਾਚਾ ਸਾਚੀ ਕਲ ਆਪ ਵਰਤਾਰੇ । ਪ੍ਰਭ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦ ਨਿਰਹਾਰੇ । ਪ੍ਰਭ ਸਾਚਾ ਨਿਰਹਾਰ ਸਮਾਇਆ । ਪ੍ਰਭ ਸਾਚਾ ਚਤੁਰਭੁਜ ਕਹਾਇਆ । ਪ੍ਰਭ ਸਾਚਾ ਆਪਣੇ ਰੰਗ ਸਦਾ ਰੰਗਾਇਆ । ਪ੍ਰਭ ਸਾਚਾ ਕਲਜੁਗ ਜੀਵਾਂ ਦਿਸ ਨਾ ਆਇਆ । ਪ੍ਰਭ ਸਾਚਾ ਗੁਰਮੁਖ ਸਾਚੇ ਬੂਝ ਬੁਝਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਰਿਹਾ

੧੩੧
੦੧

ਛੁਪਾਇਆ । ਕਲਜੁਗ ਜੀਵਾਂ ਆਪ ਭੁਲਾਏ । ਗੁਰਮੁਖ ਸਾਚੇ ਆਪਣੀ ਬੂਝ ਆਪ ਬੁਝਾਏ । ਜੋਤ ਸਰੂਪੀ ਪਰਗਟ ਜੋਤ ਅਗਨ ਜੋਤ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਮਾਰ ਸ੍ਰਿਸ਼ਟ ਕਰਾਏ । ਪ੍ਰਭ ਸਾਚਾ ਜਗ ਸ਼ਬਦ ਚਲਾਇਆ । ਸੋਹੰ ਸਾਚਾ ਬਾਣ ਲਗਾਇਆ । ਗੁਰਸਿਖਾਂ ਆਪਣੇ ਭਾਣੇ ਮੇਲ ਮਿਲਾਇਆ । ਬੇਮੁਖਾਂ ਅੰਤਮ ਕਲ ਆਪਣਾ ਮੂਲ ਗਵਾਇਆ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਇਆ । ਪ੍ਰਭ ਸਾਚਾ ਸਦਾ ਉਧਾਰੀ । ਪ੍ਰਭ ਸਾਚਾ ਵਡ ਸੰਸਾਰੀ । ਪ੍ਰਭ ਸਾਚਾ ਗੁਰਮੁਖ ਸਾਚੇ ਭਰ ਜਾਏ ਭੰਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਅਪਾਰੀ । ਸਾਚੇ ਪ੍ਰਭ ਅਚਰਜ ਖੇਲਾ । ਗੁਰਮੁਖ ਕਰਾਏ ਆਪਣਾ ਮੇਲਾ । ਸਾਧ ਸੰਗਤ ਚਰਨ ਲਾਗ ਕਲਜੁਗ ਸੁਹਾਇਆ ਵੇਲਾ । ਪ੍ਰਭ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੱਜਣ ਸੁਹੇਲਾ । ਪ੍ਰਭ ਸਾਚਾ ਸਚ ਕਰ ਜਾਣ । ਗੁਰਮੁਖ ਸਾਚੇ ਸਚ ਪਛਾਣ । ਮਿਲੇ ਵਡਿਆਈ ਵਿਚ ਦੋ ਜਹਾਨ । ਹੋਏ ਸਹਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਪ੍ਰਭ ਹੋਏ ਸਹਾਇਆ । ਏਕਾ ਦੇਵੇ ਸਰਬ ਸਰਨਾਇਆ । ਜੋਤ ਸਰੂਪੀ ਦਰਸ ਦਿਖਾਇਆ । ਆਪ ਆਪਣਾ ਭੇਦ ਚੁਕਾਇਆ । ਗੁਣਵੰਤ ਗੁਣ ਨਿਧਾਨ, ਆਪਣਾ ਭੇਤ ਚੁਕਾਇਆ । ਗੁਰਮੁਖ ਸਾਚੇ ਚਤੁਰ ਸੁਘੜ ਸੁਜਾਨ, ਆਪਣਾ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਦਇਆ ਕਮਾਇਆ । ਗੁਰਮੁਖ ਸਾਚੇ ਮਿਲੇ ਭਗਵਾਨਾ । ਗੁਰਮੁਖ ਸਾਚੇ ਪ੍ਰਭ ਆਤਮ ਜੋਤ ਜਗਾਏ ਮਹਾਨਾ । ਗੁਰਮੁਖ ਸਾਚੇ ਪ੍ਰਭ ਏਕਾ ਬਖ਼ਸ਼ੇ ਚਰਨ ਧਿਆਨਾ । ਗੁਰਮੁਖ ਸਾਚੇ ਸਾਚਾ ਪ੍ਰਭ ਕਲਜੁਗ ਪਛਾਣਾ । ਗੁਰਮੁਖ ਸਾਚੇ ਦੇਵੇ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਗੁਰਮੁਖ ਸਾਚੇ ਸਦ ਰੱਖੇ ਵਾਸਾ । ਗੁਰਮੁਖ ਸਾਚੇ ਦੇਵੇ ਦਰਸ ਪ੍ਰਭ ਅਬਿਨਾਸ਼ਾ । ਗੁਰਮੁਖ ਸਾਚੇ ਮਾਨਸ ਜਨਮ ਹੋਏ ਰਾਸਾ । ਗੁਰਮੁਖ ਸਾਚੇ ਸੋਹੰ ਜਪ ਸਵਾਸ ਸਵਾਸਾ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਤੇਰਾ ਦਾਸਨ ਦਾਸਾ । ਗੁਰਮੁਖ ਸਾਚੇ ਸਚ ਘਰ ਪਾਇਆ । ਗੁਰਮੁਖ ਸਾਚੇ ਪ੍ਰਭ ਮੇਲ ਮਿਲਾਇਆ । ਗੁਰਮੁਖ ਸਾਚੇ ਪ੍ਰਭ ਦਰਸ ਦਿਖਾਇਆ । ਗੁਰਮੁਖ ਸਾਚੇ ਪ੍ਰਭ ਆਪਣੀ ਸਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਇਆ । ਗੁਰਮੁਖ ਪ੍ਰਭ ਸਾਚੇ ਸਰਨ ਲਗਾਏ । ਗੁਰਮੁਖ ਪ੍ਰਭ ਸਾਚਾ ਆਣ ਤਰਾਏ । ਗੁਰਮੁਖ ਪ੍ਰਭ ਸਾਚਾ ਭੈ ਚੁਕਾਏ । ਗੁਰਮੁਖ ਪ੍ਰਭ ਸਦ ਰਿਹਾ ਸਮਾਏ । ਗੁਰਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾਏ । ਗੁਰਮੁਖਾਂ ਪ੍ਰਭ ਸਦਾ ਸਮਾਇਆ । ਗੁਰਮੁਖਾਂ ਪ੍ਰਭ ਸੋਹੰ ਸਾਚਾ ਰਾਗ ਉਪਜਾਇਆ । ਗੁਰਮੁਖਾਂ ਅਨਹਦ ਧੁਨ ਪ੍ਰਭ ਰਿਹਾ ਸੁਣਾਇਆ । ਗੁਰਮੁਖਾਂ ਪ੍ਰਭ ਆਤਮ ਸੁੰਨ ਖੋਲ੍ਹ ਵਖਾਇਆ । ਗੁਰਮੁਖਾਂ ਪ੍ਰਭ ਕਲ ਚਰਨ ਲਗਾਇਆ । ਗੁਰਮੁਖਾਂ ਪ੍ਰਭ ਆਤਮ ਹੰਕਾਰ ਵਿਕਾਰ ਗਵਾਇਆ । ਗੁਰਮੁਖਾਂ ਪ੍ਰਭ ਏਕਾ ਧੁਨ ਸ਼ਬਦ ਉਪਜਾਇਆ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ ਦਰਸ ਦਿਖਾਇਆ । ਗੁਰਮੁਖਾਂ ਪ੍ਰਭ ਦਰਸ ਦਿਖਾਏ । ਗੁਰਮੁਖਾਂ ਪ੍ਰਭ ਅਗਿਆਨ ਅੰਧੇਰ ਮਿਟਾਏ । ਗੁਰਮੁਖ ਸਾਚੇ ਪ੍ਰਭ ਆਤਮ ਸਾਚੀ ਜੋਤ ਜਗਾਏ । ਗੁਰਮੁਖਾਂ ਪ੍ਰਭ ਏਕਾ ਦੂਜਾ ਭਉ ਚੁਕਾਏ । ਗੁਰਮੁਖਾਂ ਪ੍ਰਭ ਤੀਜਾ ਨੈਣ ਖੋਲ੍ਹ ਵਖਾਏ । ਗੁਰਮੁਖਾਂ ਪ੍ਰਭ ਜੋਤ ਸਰੂਪ ਸਦਾ ਸਮਾਏ । ਗੁਰਮੁਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ । ਗੁਰਮੁਖਾਂ ਪ੍ਰਭ ਦੇਵੇ ਆਤਮ ਧੀਰਾ । ਗੁਰਮੁਖਾਂ ਪ੍ਰਭ ਕਰੇ ਸ਼ਾਂਤ ਸਰੀਰਾ । ਗੁਰਮੁਖਾਂ ਅੰਮ੍ਰਿਤ ਆਤਮ ਝਿਰਨਾ ਝਿਰੇ ਨੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੭੩੨
੦੧

ਆਤਮ ਰੋਗ ਮਿਟਾਏ ਪੀਰਾ । ਗੁਰਮੁਖ ਪ੍ਰਭ ਆਤਮ ਰੰਗ ਮਾਣ । ਗੁਰਮੁਖ ਪ੍ਰਭ ਅਬਿਨਾਸ਼ੀ ਸਾਚਾ ਜਾਣ । ਗੁਰਮੁਖ ਨਿਹਕਲੰਕ ਕਲ ਪਛਾਣ । ਗੁਰਮੁਖ ਪ੍ਰਭ ਜੋਤ ਸਰੂਪੀ ਵਿਸ਼ਨੂੰ ਭਗਵਾਨ । ਗੁਰਮੁਖ ਸੋਹੰ ਸ਼ਬਦ ਰਸਨਾ ਗਾਣ । ਗੁਰਮੁਖਾਂ ਕਲਜੁਗ ਮਿਲਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਗੁਰਮੁਖ ਸਾਚੇ ਗੁਰ ਸੇਵ ਕਮਾਈ । ਗੁਰਮੁਖ ਸਾਚੇ ਪ੍ਰਭ ਬਣਾਈ । ਗੁਰਮੁਖ ਸਾਚੇ ਪ੍ਰਭ ਬੂਝ ਬੁਝਾਈ । ਗੁਰਮੁਖ ਸਾਚੇ ਪ੍ਰਭ ਦੇਵੇ ਵਡਿਆਈ । ਗੁਰਮੁਖ ਸਾਚੇ ਪ੍ਰਭ ਆਤਮ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਸਰਨਾਈ । ਗੁਰਮੁਖ ਸਾਚੇ ਚਰਨ ਪ੍ਰਭ ਆਓ । ਗੁਰਮੁਖ ਸਾਚੇ ਆਪਣਾ ਭੇਵ ਚੁਕਾਓ । ਗੁਰਮੁਖ ਸਾਚੇ ਅਗਿਆਨ ਅੰਧੇਰ ਸਰਬ ਮਿਟਾਓ । ਗੁਰਮੁਖ ਸਾਚੇ ਸਾਧ ਸੰਗਤ ਮਿਲ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਸਦ ਰਸਨਾ ਗਾਓ । ਗੁਰਮੁਖ ਸਾਚੇ ਪ੍ਰਭ ਦਰਸ਼ਨ ਪਾਵਣਾ । ਆਪ ਆਪਣਾ ਭੇਵ ਚੁਕਾਵਣਾ । ਗੁਰਮੁਖ ਸਾਚੇ ਪ੍ਰਭ ਦਸਮ ਦਵਾਰ ਖੋਲ੍ਹ ਵਖਾਵਣਾ । ਗੁਰਮੁਖ ਸਾਚੇ ਪ੍ਰਭ ਜੋਤ ਸਰੂਪੀ ਦਰਸ ਦੇ ਆਤਮ ਜੋਤ ਜਗਾਵਣਾ । ਗੁਰਮੁਖ ਸਾਚੇ ਕਰ ਕਿਰਪਾ ਪ੍ਰਭ ਪਾਰ ਲੰਘਾਵਣਾ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਲੋਕਮਾਤ ਵਡਿਆਵਣਾ । ਗੁਰਮੁਖ ਸਾਚੇ ਵਿਚ ਮਾਤ ਵਡਿਆਈ । ਗੁਰਮੁਖ ਸਾਚੇ ਪ੍ਰਭ ਆਤਮ ਜੋਤ ਜਗਾਈ । ਗੁਰਮੁਖ ਸਾਚੇ ਏਕਾ ਦੀਸੇ ਨਿਹਕਲੰਕ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਸਹਾਈ । ਗੁਰਮੁਖ ਸਾਚੇ ਨਿਹਕਲੰਕ ਸਰਨਾਇਆ । ਗੁਰਮੁਖ ਸਾਚੇ ਪ੍ਰਭ ਸਾਚੇ ਸਿਰ ਹੱਥ ਟਿਕਾਇਆ । ਪ੍ਰਭ ਸਾਚੇ ਗੁਰਸਿਖ ਜੋਤੀ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਚੁਕਾਇਆ । ਗੁਰਮੁਖ ਸਾਚੇ ਮਨ ਸਦਾ ਅਨੰਦਾ । ਗੁਰਮੁਖ ਸਾਚੇ ਆਤਮ ਉਪਜੇ ਪਰਮਾਨੰਦਾ । ਗੁਰਮੁਖ ਸਾਚੇ ਦੇਵੇ ਦਰਸ ਮਨੋਹਰ ਮੁਕੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਬਖ਼ਸ਼ਿੰਦਾ । ਤੀਨ ਲੋਕ ਪ੍ਰਭ ਵਰਤਾਰਾ । ਤੀਨ ਲੋਕ ਜੋਤ ਆਕਾਰਾ । ਤੀਨ ਲੋਕ ਪ੍ਰਭ ਪਸਰ ਪਸਾਰਾ । ਤੀਨ ਲੋਕ ਪ੍ਰਭ ਸਰਬ ਵਰਤਾਰਾ । ਤੀਨ ਲੋਕ ਏਕ ਕਰਾਏ ਜੈ ਜੈਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਅਪਾਰਾ । ਤੀਨ ਲੋਕ ਪ੍ਰਭ ਉਪਾਏ । ਤੀਨ ਲੋਕ ਪ੍ਰਭ ਸਮਾਏ । ਤੀਨ ਲੋਕ ਪ੍ਰਭ ਜੋਤ ਜਗਾਏ । ਮਾਤਲੋਕ ਏਕਾ ਸੋਹੰ ਸ਼ਬਦ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਪਰਗਟਾਏ । ਮਾਤਲੋਕ ਪ੍ਰਭ ਕੀ ਜੋਤੀ । ਸ੍ਰਿਸ਼ਟ ਸਬਾਈ ਰਹੀ ਸੋਤੀ । ਗੁਰਮੁਖ ਸਾਚੇ ਪ੍ਰਭ ਸੋਹੰ ਲਾਏ ਆਤਮ ਬੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜੋਤ ਪ੍ਰਭ ਜੁਗੋ ਜੁਗ ਮਾਤ ਵਿਚ ਹੋਤੀ । ਸਚਖੰਡ ਪ੍ਰਭ ਵਸੇ ਆਪ । ਸੋਹੰ ਸਾਚਾ ਦੇਵੇ ਜਾਪ । ਸਰਬ ਸ੍ਰਿਸ਼ਟ ਮਾਈ ਬਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲ ਵਰਤੇ ਆਪ । ਸਚਖੰਡ ਪ੍ਰਭ ਕਾ ਦਵਾਰ । ਏਕਾ ਜੋਤ ਜਗੇ ਅਪਾਰ । ਜੋਤ ਸਰੂਪ ਪ੍ਰਭ ਨਿਰਾਹਾਰ । ਤੀਨ ਲੋਕ ਕਰੇ ਆਕਾਰ । ਸ੍ਰਿਸ਼ਟ ਸਬਾਈ ਸਦ ਰਿਹਾ ਸਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਏਕੰਕਾਰ । ਸਚਖੰਡ ਪ੍ਰਭ ਜੋਤ ਉਜਿਆਰੀ । ਸਚਖੰਡ ਏਕਾ ਜੋਤ ਜਗੇ ਅਪਾਰੀ । ਸਚਖੰਡ ਸਾਚਾ ਪ੍ਰਭ ਦਰਗਹਿ ਰਖਾਏ ਧਾਮ ਨਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਕਲੰਕਨਿਹ ਨਿਰੰਕਾਰੀ । ਏਕਾ ਜੋਤ ਜਗੇ ਅਡੁਲ । ਸਾਚਾ ਪ੍ਰਭ ਜੋਤ ਸਰੂਪੀ ਸਰਬ ਰਿਹਾ ਮਵਲ । ਗੁਰਮੁਖ ਸਾਚੇ ਪ੍ਰਭ ਖੋਲ੍ਹੇ ਤੇਰਾ ਨਾਭ ਕਵਲ । ਦੇਵੇ ਵਡਿਆਈ ਵਿਚ ਮਾਤ ਉਪਰ ਧਵਲ । ਜੋਤ ਪਰਗਟਾਏ ਨਿਹਕਲੰਕ ਕ੍ਰਿਸ਼ਨਾ ਸਵਲ ।

੧੩੩
੦੧

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰੇ ਬਵਲ । ਸਚਖੰਡ ਪ੍ਰਭ ਸਦਾ ਪਰਵੇਸ਼ਾ । ਸਚਖੰਡ ਪ੍ਰਭ ਦਰ ਖੜ੍ਹੇ ਬ੍ਰਹਮਾ ਵਿਸ਼ਨ ਮਹੇਸ਼ਾ । ਸਚਖੰਡ ਕਰੋੜ ਤੇਤੀਸ ਕਰੇ ਸਦ ਅਦੇਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜੁਗੋ ਜੁਗ ਕਰੇ ਮਾਤ ਪ੍ਰਭ ਵੇਸਾ । ਜੋਤ ਸਰੂਪ ਪ੍ਰਭ ਵਿਚ ਅਕਾਸ਼ਾ । ਜੋਤ ਸਰੂਪ ਸਰਬ ਵਿਚ ਵਾਸਾ । ਜੋਤ ਸਰੂਪ ਪ੍ਰਭ ਅਬਿਨਾਸ਼ਾ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਕਰੇ ਰਾਸਾ । ਜੋਤ ਸਰੂਪ ਜੋਤ ਪ੍ਰਭ ਧਾਰੇ । ਜੋਤ ਸਰੂਪ ਸ੍ਰਿਸ਼ਟ ਸਬਾਈ ਕਰੇ ਖ਼ੁਆਰੇ । ਜੋਤ ਸਰੂਪ ਏਕਾ ਜੋਤ ਕਰੇ ਆਕਾਰੇ । ਜੋਤ ਸਰੂਪ ਨਿਹਕਲੰਕ ਨਰਾਇਣ ਨਰ ਅਵਤਾਰੇ । ਜੋਤ ਸਰੂਪ ਕਲਜੁਗ ਅਚਰਜ ਖੇਲ ਕਰੇ ਅਪਾਰੇ । ਕਲਜੁਗ ਜੀਵ ਭੁੱਲੇ ਸਰਬ ਸੰਸਾਰੇ । ਮਦਿਰਾ ਮਾਸ ਰਸਨ ਕਰਨ ਆਹਾਰੇ । ਲਿਖਤ ਲਿਖਾਏ ਪਾਰਬ੍ਰਹਮ, ਨਾਮ ਧਰਾਏ ਦੁਸ਼ਟ ਦੁਰਾਚਾਰੇ । ਵੇਲੇ ਅੰਤ ਧਰਮ ਰਾਏ ਦੇਵੇ ਦੁਖ ਭਾਰੇ । ਗੁਰਮੁਖ ਸਾਚੇ ਤੇਰੀ ਰਸਨਾ ਸੋਹੰ ਜੈ ਜੈ ਜੈਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਮਾਨਸ ਜਨਮ ਸੁਧਾਰੇ । ਵਿਚ ਪਾਤਾਲ ਪ੍ਰਭ ਨੈਣ ਮੁੰਧਾਰੀ । ਬਾਸ਼ਕ ਸੇਜ ਬੈਠੇ ਆਪ ਗਿਰਧਾਰੀ । ਉਪਰ ਸੁੱਤੇ ਪੈਰ ਪਸਾਰੀ । ਲੱਛਮੀ ਝੱਸੇ ਚਰਨ ਆਤਮ ਹੋਈ ਹੰਕਾਰੀ । ਜੋਤ ਸਰੂਪ ਅਡੁਲ ਪ੍ਰਭ ਸਾਚਾ ਬਚਨ ਸ਼ਬਦ ਉਚਾਰੀ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਪਸਾਰੀ । ਲੱਛਮੀ ਪ੍ਰਭ ਚਰਨ ਸੇਵ ਕਮਾਏ । ਆਪ ਆਪਣਾ ਮਾਣ ਰਖਾਏ । ਆਤਮ ਵਿਚ ਹੰਕਾਰ ਵਸਾਏ । ਵਡ ਵਡ ਸੇਵ ਮੈਂ ਰਹੀ ਕਮਾਏ । ਪ੍ਰਭ ਅਬਿਨਾਸ਼ੀ ਸਾਚੀ ਨੀਂਦ ਲਿਆ ਸਵਾਏ । ਜੋਤ ਸਰੂਪੀ ਜੋਤ ਜੋਤੀ ਜੋਤ ਜੋਤ ਪ੍ਰਭ ਸ਼ਬਦ ਸੁਣਾਏ । ਏਕਾ ਬਚਨ ਪ੍ਰਭ ਸੁਣਾਇਆ । ਪ੍ਰਭ ਅਬਿਨਾਸ਼ੀ ਦਿਵਸ ਰੈਣ ਸਦ ਏਕਾ ਰੰਗ ਸਮਾਇਆ । ਨਿਹਕਲੰਕ ਸਦ ਖੁਲ੍ਹੇ ਨੈਣ, ਆਲਸ ਨਿੰਦਰਾ ਮਗਰੋਂ ਲਾਹਿਆ । ਗੁਰਮੁਖ ਸਾਚੇ ਸਾਚੇ ਸਾਕ ਸੱਜਣ ਸੈਣ, ਪ੍ਰਭ ਸਾਚੇ ਲੇਖ ਲਿਖਾਇਆ । ਸਾਧ ਸੰਗਤ ਮਿਲ ਬੈਠੇ ਭਾਈ ਭੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਹੋਏ ਸਹਾਇਆ । ਲੋਕ ਪਾਤਾਲ ਪ੍ਰਭ ਤਜਾਏ । ਅਚਰਜ ਖੇਲ ਕਲ ਵਰਤਾਏ । ਜਾਮਾ ਜੋਤ ਸਰੂਪ ਵਿਚ ਮਾਤ ਦੇ ਪਾਏ । ਕਲਜੁਗ ਜੀਵਾਂ ਭਰਮ ਭੁਲੇਖੇ ਰਿਹਾ ਭੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ । ਉਨੀਂ ਸੌ ਪੰਜਾਹ ਬਿਕ੍ਰਮੀ ਕਿਰਪਾ ਕਰ । ਮਾਤਲੋਕ ਨਿਹਕਲੰਕ ਅਵਤਾਰ ਲਿਆ ਧਰ । ਗੁਰਮੁਖ ਸਾਚੇ ਚਲ ਆਏ ਸਾਚੇ ਦਰ । ਆਤਮ ਝਿਰਨਾ ਝਿਰਾਏ ਪ੍ਰਭ ਅੰਮ੍ਰਿਤ ਸਾਚਾ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਲਿਆ ਸਾਚਾ ਵਰ । ਸੰਤ ਮਨੀ ਸਿੰਘ ਵਰ ਘਰ ਪਾਇਆ । ਸੁਰਤ ਸ਼ਬਦ ਪ੍ਰਭ ਦਰਸ ਦਿਖਾਇਆ । ਆਪ ਆਪਣਾ ਭੇਦ ਖੁਲ੍ਹਾਇਆ । ਏਕਾ ਰਾਗ ਏਕਾ ਧੁਨ ਪ੍ਰਭ ਦਏ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਸ਼ਕ ਸੇਜ ਤਜਾ, ਜਾਮਾ ਮਾਤਲੋਕ ਵਿਚ ਪਾਇਆ । ਆਇਆ ਮਾਤ ਨੈਣ ਮੁੰਧਾਰੀ । ਵੱਡਾ ਆਪ ਵਡ ਸੰਸਾਰੀ । ਕਲਜੁਗ ਮਾਇਆ ਪ੍ਰਭ ਪਸਾਰੀ । ਕਲਜੁਗ ਜੀਵ ਆਤਮ ਹੋਈ ਹੰਕਾਰੀ । ਗੁਰਮੁਖ ਸਾਚੇ ਪ੍ਰਭ ਆਤਮ ਕਰੇ ਉਜਿਆਰੀ । ਦੇਵੇ ਦਰਸ ਪਰਗਟ ਜੋਤ ਪ੍ਰਭ ਸਾਚਾ ਕ੍ਰਿਸ਼ਨ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਜਾਏ ਪੈਜ ਸਵਾਰੀ । ਬਾਸ਼ਕ ਤਸ਼ਕ ਪ੍ਰਭ ਆਸਣ ਲਾਏ । ਸਹੰਸਰ ਮੁਖ ਪ੍ਰਭ ਅਬਿਨਾਸ਼ੀ ਦਿਵਸ ਰੈਣ ਰਹੇ ਰਸਨਾ ਗਾਏ । ਬੈਠ ਅਡੋਲ ਰਿਹਾ ਜੋਤ ਸਰੂਪ ਪ੍ਰਭ ਰਘੁਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਪ੍ਰਭ ਜਾਮਾ ਪਾਏ । ਸਹੰਸਰ ਮੁਖ ਬਾਸ਼ਕ ਪੁਕਾਰ । ਸਾਚਾ ਸੁਖ ਪ੍ਰਭ

ਦਰਬਾਰ । ਉਤਰੇ ਭੁਖ ਮਿਲੇ ਪ੍ਰਭ ਗਿਰਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਾਵੇ ਸਾਰ । ਮਾਤਲੋਕ ਪ੍ਰਭ ਜਾਮਾ ਧਾਰਿਆ । ਸਾਚੀ ਜੋਤ ਕਰੇ ਆਕਾਰਿਆ । ਬੇਮੁਖਾਂ ਪ੍ਰਭ ਦਰ ਦੁਰਕਾਰਿਆ । ਗੁਰਸਿਖਾਂ ਪ੍ਰਭ ਦੇਵੇ ਦਰਸ ਅਪਾਰਿਆ । ਕਰ ਕਿਰਪਾ ਪ੍ਰਭ ਸਾਚੇ ਪਾਰ ਉਤਾਰਿਆ । ਵਡ ਵਡ ਦਰਬਾਰ ਨਿਹਕਲੰਕ ਅਵਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰਿਆ । ਪ੍ਰਭ ਕਾ ਅੰਤ ਨਾ ਕੋਏ ਜਨ ਜਾਣੇ । ਸਾਚਾ ਪ੍ਰਭ ਨਾ ਕੋਏ ਪਛਾਣੇ । ਗੁਰਮੁਖ ਸਾਚੇ ਤੇਰਾ ਮਨ ਮਾਨੇ । ਕਲਜੁਗ ਚਲੇ ਪ੍ਰਭ ਕੇ ਭਾਣੇ । ਸੋਹੰ ਸ਼ਬਦ ਸਦ ਰਸਨਾ ਗਾਣੇ । ਆਤਮ ਜਾਏ ਸਰਬ ਅਭਿਮਾਨੇ । ਏਕਾ ਜੋਤ ਜਗੇ ਮਹਾਨੇ । ਦਰ ਆਏ ਸਾਚੇ ਪ੍ਰਭ ਦਰਗਾਹ ਹੋਏ ਪਰਵਾਨੇ । ਦੇਈ ਵਡਿਆਈ ਨਿਹਕਲੰਕ ਜਨ ਹੋਏ ਸੁਘੜ ਸਿਆਣੇ । ਸੁਹਾਏ ਥਾਨ ਬੰਕ ਪ੍ਰਭ ਸਾਚੇ ਚਰਨ ਟਿਕਾਣੇ । ਏਕਾ ਦਿਸਾਏ ਪ੍ਰਭ ਏਕਾ ਅੰਕ, ਸਾਰੇ ਭੇਖ ਮਿਟਾਣੇ । ਸੋਹੰ ਵਜਾਏ ਪ੍ਰਭ ਸਾਚਾ ਡੰਕ, ਪ੍ਰਭ ਸਾਚਾ ਸ਼ਬਦ ਲਿਖਾਣੇ । ਇਕ ਕਰਾਏ ਰਾਓ ਰੰਕ, ਤਖ਼ਤੋਂ ਲਾਹੇ ਰਾਜੇ ਰਾਣੇ । ਗੁਰਸਿਖ ਵਡਿਆਏ ਜਿਉਂ ਭਗਤ ਜਨਕ, ਪ੍ਰਭ ਆਤਮ ਜੋਤ ਜਗਾਏ ਮਹਾਨੇ । ਸ਼ਬਦ ਸਰੂਪੀ ਪ੍ਰਭ ਸ਼ਬਦ ਲਗਾਏ ਤਨਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਜੋਤ ਸਰੂਪ ਪ੍ਰਭ ਮੇਲ ਮਿਲਾਏ । ਆਪ ਆਪਣਾ ਬਿਰਦ ਰਖਾਏ । ਗੁਣਵੰਤ ਗੁਣ ਨਿਧਾਨ ਸਰਬ ਥਾਏਂ ਪ੍ਰਭ ਹੋਏ ਸਹਾਏ । ਵਡ ਦਾਤਾ ਬਲੀ ਬਲਵਾਨ, ਆਪ ਆਪਣਾ ਤੇਜ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਲ ਵਰਤਾਏ । ਕਲਜੁਗ ਵੇਲਾ ਅੰਤਮ ਅੰਤ । ਜੋਤ ਪਰਗਟਾਈ ਪ੍ਰਭ ਭਗਵੰਤ । ਗੁਰਸਿਖ ਚਰਨ ਲਗਾਏ ਤਰਾਏ ਵਿਰਲੇ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਬਣਤ । ਵੇਲੇ ਅੰਤ ਪ੍ਰਭ ਬਣਤ ਬਣਾ । ਸੋਹੰ ਸ਼ਬਦ ਪ੍ਰਭ ਦਏ ਜਣਾ । ਭਗਤ ਭਗਵੰਤ ਕਲ ਮੇਲ ਮਿਲਾ । ਵਿਚ ਸਰਬ ਜੀਵ ਜੰਤ ਪ੍ਰਭ ਸਾਚਾ ਰਿਹਾ ਸਮਾ । ਕੋਇ ਨਾ ਪਾਏ ਪ੍ਰਭ ਕਾ ਅੰਤ, ਕੋਟਨ ਕੋਟ ਰਹੇ ਰਸਨਾ ਗਾ । ਪ੍ਰਭ ਕੀ ਮਾਇਆ ਬੜੀ ਬੇਅੰਤ, ਕਲਜੁਗ ਜੀਵ ਲਏ ਭੁਲਾ । ਕਲਜੁਗ ਵੇਲਾ ਅੰਤਮ ਅੰਤ, ਪ੍ਰਭ ਸਾਚਾ ਲੇਖ ਜਾਏ ਲਿਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਕੰਤ, ਗੁਰਮੁਖ ਸਾਚੇ ਚਰਨ ਲਏ ਲਗਾ । ਗੁਰਮੁਖ ਸਾਚੇ ਪ੍ਰਭ ਚਰਨ ਲਗਾਏ । ਸਾਚੇ ਮਾਰਗ ਪ੍ਰਭ ਸਾਚੇ ਲਾਏ । ਆਪ ਆਪਣਾ ਨਾਮ ਜਪਾਏ । ਜੋਤ ਸਰੂਪ ਵਿਚ ਰਿਹਾ ਸਮਾਏ । ਅਗਿਆਨ ਅੰਧੇਰ ਸਰਬ ਦਏ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਭੇਦ ਖੁਲ੍ਹਾਏ । ਸਾਚੇ ਪ੍ਰਭ ਸਚ ਭੇਦ ਖੁਲ੍ਹਾਵਣਾ । ਕਲਜੁਗ ਝੂਠਾ ਭੇਖ ਮਿਟਾਵਣਾ । ਆਪਣਾ ਭਾਣਾ ਆਪ ਵਰਤਾਵਣਾ । ਬੇਮੁਖਾਂ ਦਰ ਦਰ ਭਵਾਵਣਾ । ਗੁਰਸਿਖਾਂ ਪ੍ਰਭ ਚਰਨ ਲਗਾਵਣਾ । ਬੇਮੁਖਾਂ ਮਦਿਰਾ ਮਾਸ ਪ੍ਰਭ ਰਸਨ ਚਖਾਵਣਾ । ਗੁਰਮੁਖਾਂ ਅੰਮ੍ਰਿਤ ਸਾਚਾ ਜਾਮ ਪਿਆਵਣਾ । ਬੇਮੁਖਾਂ ਸਦ ਗਰਭਵਾਸ ਰਖਾਵਣਾ । ਗੁਰਸਿਖਾਂ ਪ੍ਰਭ ਜੋਤੀ ਮੇਲ ਮਿਲਾਵਣਾ । ਬੇਮੁਖਾਂ ਪ੍ਰਭ ਨਰਕ ਨਿਵਾਸ ਰਖਾਵਣਾ । ਗੁਰਮੁਖ ਸਾਚੇ ਪ੍ਰਭ ਸਚਖੰਡ ਬਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਵਕਤ ਸੁਹਾਵਣਾ । ਵਕਤ ਸੁਹਾਏ ਆਪ ਪ੍ਰਭ, ਕਲ ਜੋਤ ਪਰਗਟਾਏ । ਵਕਤ ਸੁਹਾਏ ਆਪ ਪ੍ਰਭ, ਗੁਰਮੁਖ ਸਾਚੇ ਲਏ ਜਗਾਏ । ਵਕਤ ਸੁਹਾਏ ਆਪ ਪ੍ਰਭ, ਆਪ ਆਪਣੀ ਬਣਤ ਬਣਾਏ । ਬਣਤ ਬਣਾਏ ਆਪ ਪ੍ਰਭ, ਕਲਜੁਗ ਜੀਵ ਲਏ ਖਪਾਏ । ਬਣਤ ਬਣਾਏ ਆਪ ਪ੍ਰਭ, ਸਤਿਜੁਗ ਸਾਚਾ ਜਾਏ ਲਾਏ । ਬਣਤ ਬਣਾਏ ਆਪ ਪ੍ਰਭ, ਸੋਹੰ ਸਾਚਾ ਸ਼ਬਦ ਚਲਾਏ । ਬਣਤ ਬਣਾਏ ਆਪ ਪ੍ਰਭ, ਚਾਰ ਵਰਨ

ਪ੍ਰਭ ਸਰਨ ਲਗਾਏ । ਬਣਤ ਬਣਾਏ ਆਪ ਪ੍ਰਭ, ਏਕਾ ਦਰ ਦਰਸਾਏ । ਬਣਤ ਬਣਾਏ ਆਪ ਪ੍ਰਭ, ਏਕਾ ਸਾਚਾ ਰਾਹ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨ ਲਗਾਏ । ਬਣਤ ਬਣਾਏ ਆਪ ਪ੍ਰਭ, ਕਲਜੁਗ ਮਿਟਾਏ । ਬਣਤ ਬਣਾਏ ਆਪ ਪ੍ਰਭ, ਕਲਜੁਗ ਝੂਠੇ ਜੀਵ ਖਪਾਏ । ਬਣਤ ਬਣਾਏ ਆਪ ਪ੍ਰਭ, ਚਾਰ ਕੁੰਟ ਹਾਹਾਕਾਰ ਕਰਾਏ । ਬਣਤ ਬਣਾਏ ਆਪ ਪ੍ਰਭ, ਆਪ ਆਪਣਾ ਭੇਵ ਖੁਲ੍ਹਾਏ । ਬਣਤ ਬਣਾਏ ਆਪ ਪ੍ਰਭ, ਦੁਖੀ ਜੀਵ ਸਰਬ ਬਿਲਲਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਕਲ ਰਿਹਾ ਵਰਤਾਏ । ਬਣਤ ਬਣਾਏ ਆਪ ਪ੍ਰਭ, ਸਾਚਾ ਲੇਖ ਰਿਹਾ ਲਿਖਾਏ । ਬਣਤ ਬਣਾਏ ਆਪ ਪ੍ਰਭ, ਸੰਤ ਮਨੀ ਸਿੰਘ ਸ਼ਬਦ ਸਤਿ ਵਰਤਾਏ । ਬਣਤ ਬਣਾਏ ਆਪ ਪ੍ਰਭ, ਸੱਤਰ ਲੱਖ ਪਠਾਣ ਚੜ੍ਹਾਏ । ਬਣਤ ਬਣਾਏ ਆਪ ਪ੍ਰਭ, ਕਲਜੁਗ ਜੀਵ ਭੇਵ ਨਾ ਪਾਏ । ਬਣਤ ਬਣਾਏ ਆਪ ਪ੍ਰਭ, ਸਿੰਘਆਸਣ ਲਏ ਉਠਾਏ । ਬਣਤ ਬਣਾਏ ਆਪ ਪ੍ਰਭ, ਸਾਧ ਸੰਗਤ ਸੰਗ ਲਏ ਰਲਾਏ । ਬਣਤ ਬਣਾਏ ਆਪ ਪ੍ਰਭ, ਮਾਝਾ ਦੇਸ ਛੱਡ ਜਾਏ । ਬਣਤ ਬਣਾਏ ਆਪ ਪ੍ਰਭ, ਬਿਆਸੋਂ ਪਾਰ ਚਰਨ ਟਿਕਾਏ । ਬਣਤ ਬਣਾਏ ਆਪ ਪ੍ਰਭ, ਸੰਤ ਮਨੀ ਸਿੰਘ ਮਾਣ ਦਵਾਏ । ਬਣਤ ਬਣਾਏ ਆਪ ਪ੍ਰਭ, ਸਾਚਾ ਧਾਮ ਆਪ ਉਪਜਾਏ । ਬਣਤ ਬਣਾਏ ਆਪ ਪ੍ਰਭ, ਲਿਖਤ ਭਵਿਖਤ ਆਪ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਬੂਝ ਬੁਝਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਕਲ ਵਰਤਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਜੋਤ ਪਰਗਟਾਏ । ਬਣਤ ਬਣਾਏ ਆਪ ਪ੍ਰਭ, ਸਾਚਾ ਧਾਮ ਸੁਹਾਏ । ਬਣਤ ਬਣਾਏ ਆਪ ਪ੍ਰਭ, ਸਾਧ ਸੰਗਤ ਦਰ ਮਾਣ ਦਵਾਏ । ਬਣਤ ਬਣਾਏ ਆਪ ਪ੍ਰਭ, ਏਕਾ ਜੋਤ ਕਰੇ ਰੁਸ਼ਨਾਏ । ਬਣਤ ਬਣਾਏ ਆਪ ਪ੍ਰਭ, ਰਾਓ ਰੰਕਾਂ ਬੂਝ ਬੁਝਾਏ । ਬਣਤ ਬਣਾਏ ਆਪ ਪ੍ਰਭ, ਸਾਚੀ ਜੋਤ ਕਰੇ ਰੁਸ਼ਨਾਏ । ਬੂਝ ਬੁਝਾਏ ਆਪ ਪ੍ਰਭ, ਪਰਗਟ ਜੋਤ ਦਰਸ ਦਿਖਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਕਲ ਆਪ ਵਰਤਾਏ । ਬਣਤ ਬਣਾਏ ਆਪ ਪ੍ਰਭ, ਕਲਜੁਗ ਜੀਵ ਸਰਬ ਭੁਲਾਏ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਆਪ ਪਰਗਟਾਏ । ਬਣਤ ਬਣਾਏ ਆਪ ਪ੍ਰਭ, ਆਪਣਾ ਭੇਵ ਖੁਲ੍ਹਾਵੇ । ਬਣਤ ਬਣਾਏ ਆਪ ਪ੍ਰਭ, ਜੋਤ ਸਰੂਪੀ ਜੋਤ ਪਰਗਟਾਵੇ । ਬਣਤ ਬਣਾਏ ਆਪ ਪ੍ਰਭ, ਬੇਮੁਖਾਂ ਦਿਸ ਨਾ ਆਵੇ । ਬਣਤ ਬਣਾਏ ਆਪ ਪ੍ਰਭ, ਗੁਰਸਿਖਾਂ ਪ੍ਰਭ ਸਦਾ ਸਮਾਵੇ । ਬਣਤ ਬਣਾਏ ਆਪ ਪ੍ਰਭ, ਏਕਾ ਸ਼ਬਦ ਰਾਣੇ ਸੰਗਰੂਰ ਜਣਾਵੇ । ਬਣਤ ਬਣਾਏ ਆਪ ਪ੍ਰਭ, ਸਾਚੀ ਧੁਨ ਆਤਮ ਉਪਜਾਵੇ । ਬਣਤ ਬਣਾਏ ਆਪ ਪ੍ਰਭ, ਸਿੰਘ ਰੂਪ ਹੋਏ ਦਰਸ ਦਿਖਾਵੇ । ਬਣਤ ਬਣਾਏ ਆਪ ਪ੍ਰਭ, ਰੈਣ ਸਬਾਈ ਸਵਣ ਨਾ ਪਾਵੇ । ਬਣਤ ਬਣਾਏ ਆਪ ਪ੍ਰਭ, ਦੇਵੇ ਦੁਹਾਈ ਪ੍ਰਭ ਅਬਿਨਾਸ਼ੀ ਨਜ਼ਰੀ ਆਵੇ । ਬਣਤ ਬਣਾਏ ਆਪ ਪ੍ਰਭ, ਆਤਮ ਦੁੱਖੀ ਹੋਈ ਵਿਰਲਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਬੂਝ ਬੁਝਾਵੇ । ਬਣਤ ਬਣਾਏ ਆਪ ਪ੍ਰਭ, ਹੋਏ ਰਖਵਾਲਾ । ਬਣਤ ਬਣਾਏ ਆਪ ਪ੍ਰਭ, ਦੀਨ ਦਿਆਲਾ । ਬਣਤ ਬਣਾਏ ਆਪ ਪ੍ਰਭ, ਗੁਰਮੁਖਾਂ ਦੇਵੇ ਨਾਮ ਸੁਖਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਸੁਖਾਲਾ । ਬਣਤ ਬਣਾਏ ਆਪ ਪ੍ਰਭ, ਹੰਕਾਰ ਨਿਵਾਰੇ । ਬਣਤ ਬਣਾਏ ਆਪ ਪ੍ਰਭ, ਜੋਤ ਚਮਤਕਾਰੇ । ਬਣਤ ਬਣਾਏ ਆਪ ਪ੍ਰਭ, ਦੁਸ਼ਟ ਸੰਘਾਰੇ । ਬਣਤ ਬਣਾਏ ਆਪ ਪ੍ਰਭ, ਸੋਹੰ ਖੰਡਾ ਲਾਏ ਦੋ ਧਾਰੇ । ਬਣਤ ਬਣਾਏ ਆਪ ਪ੍ਰਭ, ਸੋਹੰ ਸ਼ਬਦ ਕਰਾਏ ਜੈ ਜੈ ਜੈਕਾਰੇ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਿਚ ਸੰਸਾਰੇ । ਬਣਤ ਬਣਾਏ ਆਪ ਪ੍ਰਭ,

ਸਾਚੀ ਜੋਤ ਜਗਾਵੇ । ਬਣਤ ਬਣਾਏ ਆਪ ਪ੍ਰਭ, ਰਾਣਾ ਸੰਗਰੂਰ ਪ੍ਰਭ ਪਕੜ ਉਠਾਵੇ । ਬਣਤ ਬਣਾਏ ਆਪ ਪ੍ਰਭ, ਜੋਤ ਸਰੂਪੀ ਖਿਚ ਚਰਨ ਲਿਆਵੇ । ਬਣਤ ਬਣਾਏ ਆਪ ਪ੍ਰਭ, ਸਾਚਾ ਦਰ ਦਰਬਾਰ ਵਸਾਵੇ । ਬਣਤ ਬਣਾਏ ਆਪ ਪ੍ਰਭ, ਨਿਹਕਲੰਕ ਨਰਾਇਣ ਨਰ ਜੋਤ ਸਰੂਪੀ ਨਜ਼ਰੀ ਆਵੇ । ਬਣਤ ਬਣਾਏ ਆਪ ਪ੍ਰਭ, ਹੰਕਾਰ ਨਿਵਾਰ ਦਰਸ ਦਿਖਾਵੇ । ਬਣਤ ਬਣਾਏ ਆਪ ਪ੍ਰਭ, ਆਪ ਆਪਣੀ ਸਰਨ ਲਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਸਾਧ ਸੰਗਤ ਮਾਣ ਦਵਾਵੇ । ਬਣਤ ਬਣਾਏ ਆਪ ਪ੍ਰਭ, ਸਚ ਮੇਲ ਮਿਲਾਏ । ਬਣਤ ਬਣਾਏ ਆਪ ਪ੍ਰਭ, ਰਾਣਾ ਸੰਗਰੂਰ ਮਾਣ ਗਵਾਏ । ਬਣਤ ਬਣਾਏ ਆਪ ਪ੍ਰਭ, ਆਪ ਆਪਣੀ ਦਇਆ ਕਮਾਏ । ਬਣਤ ਬਣਾਏ ਆਪ ਪ੍ਰਭ, ਸਾਚਾ ਸ਼ਬਦ ਦੇ ਉਪਜਾਏ । ਬਣਤ ਬਣਾਏ ਆਪ ਪ੍ਰਭ, ਆਪ ਆਪਣਾ ਦਰਸ ਦਿਖਾਏ । ਬਣਤ ਬਣਾਏ ਆਪ ਪ੍ਰਭ, ਆਤਮ ਭਰਮ ਸਰਬ ਮਿਟਾਏ । ਬਣਤ ਬਣਾਏ ਆਪ ਪ੍ਰਭ, ਸਾਚਾ ਕਰਮ ਵਿਚ ਮਾਤ ਲਿਖਾਏ । ਬਣਤ ਬਣਾਏ ਆਪ ਪ੍ਰਭ, ਸਚ ਧਰਮ ਦੇ ਮਾਰਗ ਪਾਏ । ਬਣਤ ਬਣਾਏ ਆਪ ਪ੍ਰਭ, ਸੋਹੰ ਸਾਚਾ ਸ਼ਬਦ ਜਣਾਏ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਏ । ਬਣਤ ਬਣਾਏ ਆਪ ਪ੍ਰਭ, ਸਾਚਾ ਭੇਦ ਖੁਲ੍ਹਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਸੇਵਾ ਲਾਏ । ਬਣਤ ਬਣਾਏ ਆਪ ਪ੍ਰਭ, ਰਾਣਾ ਸੰਗਰੂਰ ਚਲ ਹਜ਼ੂਰ ਪ੍ਰਭ ਸਾਚੇ ਸੀਸ ਝੁਕਾਏ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਦਰਸ ਦਿਖਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਜੋਤ ਜਗਾ । ਬਣਤ ਬਣਾਏ ਆਪ ਪ੍ਰਭ, ਰਾਣਾ ਸੰਗਰੂਰ ਪ੍ਰਭ ਚਰਨੀ ਲਏ ਲਗਾ । ਬਣਤ ਬਣਾਏ ਆਪ ਪ੍ਰਭ, ਸੋਹੰ ਸ਼ਬਦ ਪ੍ਰਭ ਆਤਮ ਦਏ ਉਪਜਾ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਲਏ ਬਣਾ । ਬਣਤ ਬਣਾਏ ਆਪ ਪ੍ਰਭ, ਦੇਵੇ ਵਡਿਆਈ । ਬਣਤ ਬਣਾਏ ਆਪ ਪ੍ਰਭ, ਹੋਏ ਸਹਾਈ । ਬਣਤ ਬਣਾਏ ਆਪ ਪ੍ਰਭ, ਦਰਗਹਿ ਸਾਚੀ ਮਾਣ ਦਵਾਈ । ਬਣਤ ਬਣਾਏ ਆਪ ਪ੍ਰਭ, ਸਾਚੇ ਲੇਖ ਪ੍ਰਭ ਰਿਹਾ ਲਿਖਾਈ । ਭਗਤ ਉਪਾਏ ਆਪ ਪ੍ਰਭ, ਸੰਤ ਮਨੀ ਸਿੰਘ ਲਿਖਿਆ ਲੇਖ ਸਤਿ ਵਰਤਾਈ । ਬਣਤ ਬਣਾਏ ਆਪ ਪ੍ਰਭ, ਸਾਚੀ ਜੋਤ ਕਲ ਪਰਗਟਾਈ । ਬਣਤ ਬਣਾਏ ਆਪ ਪ੍ਰਭ, ਚਾਰ ਕੁੰਟ ਕਰੇ ਰੁਸ਼ਨਾਈ । ਬਣਤ ਬਣਾਏ ਆਪ ਪ੍ਰਭ, ਸੋਹੰ ਨਾਮ ਵੱਜੀ ਵਧਾਈ । ਬਣਤ ਬਣਾਏ ਆਪ ਪ੍ਰਭ, ਚਾਰ ਵਰਨ ਸਭ ਰਸਨਾ ਗਾਈ । ਬਣਤ ਬਣਾਏ ਆਪ ਪ੍ਰਭ, ਸ੍ਰਿਸ਼ਟ ਸਬਾਈ ਚਲ ਆਏ ਪ੍ਰਭ ਸਰਨਾਈ । ਬਣਤ ਬਣਾਏ ਆਪ ਪ੍ਰਭ, ਆਪ ਆਪਣਾ ਰਿਹਾ ਛੁਪਾਈ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਜੋਤ ਪਰਗਟਾਈ । ਬਣਤ ਬਣਾਏ ਆਪ ਪ੍ਰਭ, ਆਪਣਾ ਆਪ ਉਪਾਵਣਾ । ਬਣਤ ਬਣਾਏ ਆਪ ਪ੍ਰਭ, ਸਾਚਾ ਕਾਰਜ ਪ੍ਰਭ ਆਪ ਕਰਾਵਣਾ । ਬਣਤ ਬਣਾਏ ਆਪ ਪ੍ਰਭ, ਆਪਣਾ ਭਾਣਾ ਕਲ ਵਰਤਾਵਣਾ । ਬਣਤ ਬਣਾਏ ਆਪ ਪ੍ਰਭ, ਸੋਹੰ ਸਾਚਾ ਸ਼ਬਦ ਚਲਾਵਣਾ । ਬਣਤ ਬਣਾਏ ਆਪ ਪ੍ਰਭ, ਰਾਣਾ ਸੰਗਰੂਰ ਪ੍ਰਭ ਚਰਨ ਲਗਾਵਣਾ । ਬਣਤ ਬਣਾਏ ਆਪ ਪ੍ਰਭ, ਆਪਣਾ ਭੇਖ ਜਗਤ ਰਖਾਵਣਾ । ਬਣਤ ਬਣਾਏ ਆਪ ਪ੍ਰਭ, ਸੰਤ ਮਨੀ ਸਿੰਘ ਬਚਨ ਸਤਿ ਕਰਾਵਣਾ । ਬਣਤ ਬਣਾਏ ਆਪ ਪ੍ਰਭ, ਸ਼ਬਦ ਭਵਿਖਤ ਆਪ ਉਪਜਾਵਣਾ । ਬਣਤ ਬਣਾਏ ਆਪ ਪ੍ਰਭ, ਸਾਧ ਸੰਗਤ ਪ੍ਰਭ ਸੰਗ ਰਲਾਵਣਾ । ਬਣਤ ਬਣਾਏ ਆਪ ਪ੍ਰਭ, ਸੋਹੰ ਸ਼ਬਦ ਰਸਨਾ ਜੈ ਜੈ ਜੈਕਾਰ ਕਰਾਵਣਾ । ਬਣਤ ਬਣਾਏ ਆਪ ਪ੍ਰਭ, ਏਕਾ ਸਾਚੀ ਧੁਨ ਉਪਜਾਵਣਾ । ਬਣਤ ਬਣਾਏ ਆਪ ਪ੍ਰਭ, ਗੁਰਮੁਖਾਂ ਪ੍ਰਭ ਸੁੰਨ ਸਮਾਧ ਖੁਲ੍ਹਾਵਣਾ ।

ਬਣਤ ਬਣਾਏ ਆਪ ਪ੍ਰਭ, ਸਾਧ ਸੰਗਤ ਦਵਾਰ ਦਸਮ ਪ੍ਰਭ ਖੁਲ੍ਹਾਵਣਾ । ਬਣਤ ਬਣਾਏ ਆਪ ਪ੍ਰਭ, ਨਾਦ ਧੁਨ ਉਪਜਾਵਣਾ । ਬਣਤ ਬਣਾਏ ਆਪ ਪ੍ਰਭ, ਜੋਤ ਸਰੂਪੀ ਆਕਾਰ ਵਿਚ ਦੇਹ ਉਪਜਾਵਣਾ । ਬਣਤ ਬਣਾਏ ਆਪ ਪ੍ਰਭ, ਵਿਚ ਸੰਸਾਰ ਸਾਧ ਸੰਗਤ ਮਾਣ ਦਵਾਵਣਾ । ਬਣਤ ਬਣਾਏ ਆਪ ਪ੍ਰਭ, ਜੋਤ ਸਰੂਪੀ ਸਾਚਾ ਦੀਪਕ ਦੇਹ ਜਗਾਵਣਾ । ਬਣਤ ਬਣਾਏ ਆਪ ਪ੍ਰਭ, ਆਪਣਾ ਆਪ ਕਲ ਪਰਗਟਾਵਣਾ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨ ਲਗਾਵਣਾ । ਬਣਤ ਬਣਾਏ ਆਪ ਪ੍ਰਭ, ਸਾਚਾ ਵਕ਼ਤ ਸੁਹਾਏ । ਬਣਤ ਬਣਾਏ ਆਪ ਪ੍ਰਭ, ਸਾਧ ਸੰਗਤ ਪ੍ਰਭ ਅਬਿਨਾਸ਼ੀ ਰਸਨਾ ਗਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਕਲ ਆਪ ਵਰਤਾਏ । ਬਣਤ ਬਣਾਏ ਆਪ ਪ੍ਰਭ, ਗੁਰਸਿਖਾਂ ਜੋਤ ਜਗਾਏ । ਬਣਤ ਬਣਾਏ ਆਪ ਪ੍ਰਭ, ਸਾਧ ਸੰਗਤ ਸਦਾ ਸੰਗ ਰਹਾਏ । ਬਣਤ ਬਣਾਏ ਆਪ ਪ੍ਰਭ, ਸਾਚਾ ਛਤਰ ਸੀਸ ਝੁਲਾਏ । ਬਣਤ ਬਣਾਏ ਆਪ ਪ੍ਰਭ, ਪੰਚਮ ਹਾਰ ਗਲ ਪਹਿਨਾਏ । ਬਣਤ ਬਣਾਏ ਆਪ ਪ੍ਰਭ, ਪੰਚਮ ਪੰਚਮ ਪ੍ਰਭ ਸੰਗ ਰਲਾਏ । ਬਣਤ ਬਣਾਏ ਆਪ ਪ੍ਰਭ, ਚਾਰ ਕੁੰਟ ਦਰਬਾਨ ਬਣਾਏ । ਬਣਤ ਬਣਾਏ ਆਪ ਪ੍ਰਭ, ਪੰਜਵਾਂ ਸਿਰ ਚਵਰ ਝੁਲਾਏ । ਬਣਤ ਬਣਾਏ ਆਪ ਪ੍ਰਭ, ਅਚਰਜ ਖੇਲ ਕਲ ਵਰਤਾਏ । ਬਣਤ ਬਣਾਏ ਆਪ ਪ੍ਰਭ, ਜੋਤ ਸਰੂਪੀ ਜੋਤ ਪਰਗਟਾਏ । ਬਣਤ ਬਣਾਏ ਆਪ ਪ੍ਰਭ, ਹੰਕਾਰੀਆਂ ਪ੍ਰਭ ਹੰਕਾਰ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਦ ਮਾਣ ਦਵਾਏ । ਬਣਤ ਬਣਾਏ ਆਪ ਪ੍ਰਭ, ਵਕ਼ਤ ਸੁਹੇਲਾ । ਬਣਤ ਬਣਾਏ ਆਪ ਪ੍ਰਭ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਬਣਤ ਬਣਾਏ ਆਪ ਪ੍ਰਭ, ਸਾਧ ਸੰਗਤ ਪ੍ਰਭ ਮੇਲ ਮਿਲਾਇਆ ਮੇਲਾ । ਬਣਤ ਬਣਾਏ ਆਪ ਪ੍ਰਭ, ਸਾਧ ਸੰਗਤ ਜਣਾਏ ਦਸਾਏ ਅੰਤਮ ਵੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੱਜਣ ਸੁਹੇਲਾ । ਬਣਤ ਬਣਾਏ ਆਪ ਪ੍ਰਭ ਗੁਰ ਸੰਗਤ ਤਾਰੇ । ਬਣਤ ਬਣਾਏ ਆਪ ਪ੍ਰਭ, ਸਾਚੀ ਜੋਤ ਕਰੇ ਆਕਾਰੇ । ਬਣਤ ਬਣਾਏ ਆਪ ਪ੍ਰਭ, ਸਾਚਾ ਛਤਰ ਸੀਸ ਝੁਲਾਰੇ । ਬਣਤ ਬਣਾਏ ਆਪ ਪ੍ਰਭ, ਦਵਾਏ ਮਾਣ ਸੰਤ ਮਨੀ ਸਿੰਘ ਕਿਰਪਾ ਧਾਰੇ । ਬਣਤ ਬਣਾਏ ਆਪ ਪ੍ਰਭ, ਕਰੇ ਕਰਾਏ ਜੋ ਮਨ ਭਾਏ ਵਿਚ ਸਰਬ ਸੰਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਨਿਰੰਕਾਰੇ । ਬਣਤ ਬਣਾਏ ਆਪ ਪ੍ਰਭ, ਗੁਰ ਸੰਗਤ ਮੇਲ ਮਿਲਾਵਣਾ । ਬਣਤ ਬਣਾਏ ਆਪ ਪ੍ਰਭ, ਸਾਧ ਸੰਗਤ ਪ੍ਰਭ ਸਾਚੇ ਮਾਣ ਰਖਾਵਣਾ । ਬਣਤ ਬਣਾਏ ਆਪ ਪ੍ਰਭ, ਸਾਚਾ ਧਾਮ ਉਪਜਾਵਣਾ । ਬਣਤ ਬਣਾਏ ਆਪ ਪ੍ਰਭ, ਲਿਖਿਆ ਲੇਖ ਸੰਤ ਮਨੀ ਸਿੰਘ ਸਤਿ ਵੇਲੇ ਅੰਤ ਕਲ ਕਰਾਵਣਾ । ਬਣਤ ਬਣਾਏ ਆਪ ਪ੍ਰਭ, ਲਗਾਈ ਮੇਖ ਪ੍ਰਭ ਸਾਚਾ ਧਾਮ ਉਪਜਾਵਣਾ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਮਸਤੂਆਣੇ ਆਏ ਟਿਕਾਵਣਾ । ਬਣਤ ਬਣਾਏ ਆਪ ਪ੍ਰਭ, ਮਸਤੂਆਣੇ ਚਰਨ ਟਿਕਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਜੋਤ ਲਏ ਪਰਗਟਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਕਲ ਆਪ ਰਿਹਾ ਵਰਤਾਏ । ਬਣਤ ਬਣਾਏ ਆਪ ਪ੍ਰਭ, ਏਕਾ ਜੋਤ ਹੋਏ ਰੁਸ਼ਨਾਏ । ਬਣਤ ਬਣਾਏ ਆਪ ਪ੍ਰਭ, ਸਾਚਾ ਭੇਦ ਦਏ ਖੁਲ੍ਹਾਏ । ਬਣਤ ਬਣਾਏ ਆਪ ਪ੍ਰਭ, ਰਾਣਿਆਂ ਮਹਾਰਾਣਿਆਂ ਮਾਣ ਗਵਾਏ । ਬਣਤ ਬਣਾਏ ਆਪ ਪ੍ਰਭ, ਨਿਮਾਣਿਆਂ ਨਿਤਾਣਿਆਂ ਸਿਰ ਹੱਥ ਟਿਕਾਏ । ਬਣਤ ਬਣਾਏ ਆਪ ਪ੍ਰਭ, ਸਾਚਾ ਬਚਨ ਰਸਨ ਅਲਾਏ । ਬਣਤ ਬਣਾਏ ਆਪ ਪ੍ਰਭ, ਰਾਜਿਆਂ ਰਾਣਿਆਂ ਦਏ ਸੁਣਾਏ । ਬਣਤ ਬਣਾਏ ਆਪ ਪ੍ਰਭ, ਹੁਕਮਨਾਮੇ ਲਏ ਕਢਾਏ । ਬਣਤ ਬਣਾਏ ਆਪ ਪ੍ਰਭ, ਸੰਤ ਮਨੀ ਸਿੰਘ ਜੋ ਲੇਖ

ਲਿਖਾਏ । ਬਣਤ ਬਣਾਏ ਆਪ ਪ੍ਰਭ, ਝੂਠੇ ਠੂਠੇ ਭੰਨ ਵਖਾਏ । ਬਣਤ ਬਣਾਏ ਆਪ ਪ੍ਰਭ, ਆਪਣਾ ਭਾਣਾ ਲਏ ਵਰਤਾਏ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਜੋਤ ਪਰਗਟਾਏ । ਬਣਤ ਬਣਾਏ ਆਪ ਪ੍ਰਭ, ਸਾਚਾ ਸਮਾਂ ਸੁਹਾਵਣਾ । ਬਣਤ ਬਣਾਏ ਆਪ ਪ੍ਰਭ, ਸਾਚਾ ਹੁਕਮ ਸੁਣਾਵਣਾ । ਬਣਤ ਬਣਾਏ ਆਪ ਪ੍ਰਭ, ਸਭ ਦਾ ਮਾਣ ਗਵਾਵਣਾ । ਬਣਤ ਬਣਾਏ ਆਪ ਪ੍ਰਭ, ਸਾਚਾ ਸਚ ਦਰਬਾਰ ਲਗਾਵਣਾ । ਬਣਤ ਬਣਾਏ ਆਪ ਪ੍ਰਭ, ਸਾਚੀ ਜੋਤ ਆਕਾਰ ਕਰ ਏਕਾ ਸ਼ਬਦ ਉਪਜਾਵਣਾ । ਬਣਤ ਬਣਾਏ ਆਪ ਪ੍ਰਭ, ਆਪ ਆਪਣਾ ਭੇਦ ਖੁਲ੍ਹਾਵਣਾ । ਬਣਤ ਬਣਾਏ ਆਪ ਪ੍ਰਭ, ਪਰਗਟ ਜੋਤ ਨਿਹਕਲੰਕ ਵਿਚ ਸਿੱਖ ਸਮਾਵਣਾ । ਬਣਤ ਬਣਾਏ ਆਪ ਪ੍ਰਭ, ਕਲਜੁਗ ਜੀਵਾਂ ਭਰਮ ਚੁਕਾਵਣਾ । ਬਣਤ ਬਣਾਏ ਆਪ ਪ੍ਰਭ, ਭਰਮ ਭੁਲੇਖਾ ਸਰਬ ਗਵਾਵਣਾ । ਬਣਤ ਬਣਾਏ ਆਪ ਪ੍ਰਭ, ਏਕਾ ਡੰਕ ਸਚ ਵਜਾਵਣਾ । ਬਣਤ ਬਣਾਏ ਆਪ ਪ੍ਰਭ, ਆਪ ਆਪਣਾ ਨਾਮ ਉਪਜਾਵਣਾ । ਬਣਤ ਬਣਾਏ ਆਪ ਪ੍ਰਭ, ਸੋਹੰ ਸ਼ਬਦ ਚਾਰ ਵਰਨ ਸੁਨਾਵਣਾ । ਬਣਤ ਬਣਾਏ ਆਪ ਪ੍ਰਭ, ਰਾਓ ਰੰਕ ਸਭ ਚਰਨ ਨਿਵਾਵਣਾ । ਬਣਤ ਬਣਾਏ ਆਪ ਪ੍ਰਭ, ਏਕਾ ਅੰਕ ਆਪ ਲਿਖਾਵਣਾ । ਬਣਤ ਬਣਾਏ ਆਪ ਪ੍ਰਭ, ਭੁੱਲਿਆਂ ਸਚ ਮਾਰਗ ਲਾਵਣਾ । ਬਣਤ ਬਣਾਏ ਆਪ ਪ੍ਰਭ, ਸਾਚਾ ਧਾਮ ਵਿਚ ਮਾਤ ਸੁਹਾਵਣਾ । ਬਣਤ ਬਣਾਏ ਆਪ ਪ੍ਰਭ, ਮਸਤੂਆਣੇ ਭਾਗ ਲਗਾਵਣਾ । ਬਣਤ ਬਣਾਏ ਆਪ ਪ੍ਰਭ, ਸੰਤ ਮਨੀ ਸਿੰਘ ਤੇਰਾ ਬਚਨ ਸਤਿ ਸਤਿ ਸਤਿ ਵਰਤਾਵਣਾ । ਬਣਤ ਬਣਾਏ ਆਪ ਪ੍ਰਭ, ਰਾਓ ਰੰਕਾਂ ਪਕੜ ਚਰਨ ਲਗਾਵਣਾ । ਬਣਤ ਬਣਾਏ ਆਪ ਪ੍ਰਭ, ਸਿਰ ਆਪਣਾ ਹੱਥ ਟਿਕਾਵਣਾ । ਬਣਤ ਬਣਾਏ ਆਪ ਪ੍ਰਭ, ਏਕਾ ਛਤਰ ਨਿਹਕਲੰਕ ਸੀਸ ਝੁਲਾਵਣਾ । ਮਾਣ ਗਵਾਏ ਸਰਬ ਪ੍ਰਭ, ਸਾਚੀ ਜੋਤ ਕਲ ਪਰਗਟਾਵਣਾ । ਜੋਤ ਜਗਾਏ ਆਣ ਪ੍ਰਭ, ਆਪਣਾ ਭੇਦ ਖੁਲ੍ਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਮਾਂ ਸੁਹਾਵਣਾ । ਬਣਤ ਬਣਾਏ ਆਪ ਪ੍ਰਭ, ਸਚ ਧਾਮ ਉਪਜਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਜੋਤ ਵਿਚ ਮਾਤ ਪਰਗਟਾਏ । ਬਣਤ ਬਣਾਏ ਆਪ ਪ੍ਰਭ, ਸੰਤ ਮਨੀ ਸਿੰਘ ਸਾਚੇ ਲੇਖ ਵਿਚ ਲਲਾਟ ਲਿਖਾਏ । ਬਣਤ ਬਣਾਏ ਆਪ ਪ੍ਰਭ, ਕਲਜੁਗ ਝੂਠਾ ਭੇਖ ਸਰਬ ਮਿਟਾਏ । ਬਣਤ ਬਣਾਏ ਆਪ ਪ੍ਰਭ, ਗੁਰਮੁਖ ਸਾਚੇ ਚਰਨੀ ਲਏ ਲਗਾਏ । ਬਣਤ ਬਣਾਏ ਆਪ ਪ੍ਰਭ, ਅੰਤਮ ਮਿਟਾਏ ਮੁਸਾਇਕ ਸ਼ੇਖ਼ ਆਪਣੀ ਕਲ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਬਣਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਜੋਤ ਧਰ । ਬਣਤ ਬਣਾਏ ਆਪ ਪ੍ਰਭ, ਮਸਤੂਆਨਾ ਉਪਜਾਵੇ ਸਾਚਾ ਸਰ । ਬਣਤ ਬਣਾਏ ਆਪ ਪ੍ਰਭ, ਮਾਤਲੋਕ ਉਪਜਾਵੇ ਸਾਚਾ ਦਰ । ਬਣਤ ਬਣਾਏ ਆਪ ਪ੍ਰਭ, ਚਾਰ ਵਰਨ ਵਸਾਏ ਏਕਾ ਘਰ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਅਵਤਾਰ ਨਰ । ਬਣਤ ਬਣਾਏ ਆਪ ਪ੍ਰਭ, ਜਨ ਭਗਤ ਉਪਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਸਰਨ ਲਗਾਏ । ਬਣਤ ਬਣਾਏ ਆਪ ਪ੍ਰਭ, ਜੋਤ ਸਰੂਪੀ ਦਰਸ ਦਿਖਾਏ । ਬਣਤ ਬਣਾਏ ਆਪ ਪ੍ਰਭ, ਵਿਚ ਮਾਤ ਮਾਣ ਦਵਾਏ । ਬਣਤ ਬਣਾਏ ਆਪ ਪ੍ਰਭ, ਆਪ ਆਪਣਾ ਸਿਰ ਹੱਥ ਟਿਕਾਏ । ਬਣਤ ਬਣਾਏ ਆਪ ਪ੍ਰਭ, ਭਗਤ ਜਨਾਂ ਸਦ ਹੋਏ ਸਹਾਏ । ਬਣਤ ਬਣਾਏ ਆਪ ਪ੍ਰਭ, ਆਪ ਆਪਣੀ ਸੇਵ ਲਗਾਏ । ਬਣਤ ਬਣਾਏ ਆਪ ਪ੍ਰਭ, ਸਾਧ ਸੰਗਤ ਪ੍ਰਭ ਵਿਚ ਰਲਾਏ । ਬਣਤ ਬਣਾਏ ਆਪ ਪ੍ਰਭ, ਸਾਚਾ ਸ਼ਬਦ ਦਏ ਸੁਣਾਏ । ਬਣਤ ਬਣਾਏ ਆਪ ਪ੍ਰਭ, ਮਦਿਰਾ ਮਾਸ ਸਰਬ ਤਜਾਏ । ਬਣਤ ਬਣਾਏ ਆਪ ਪ੍ਰਭ, ਸੋਹੰ ਸਾਚਾ ਨਾਮ ਜਪਾਏ । ਬਣਤ

ਬਣਾਏ ਆਪ ਪ੍ਰਭ, ਵੇਲੇ ਅੰਤ ਹੋਏ ਸਹਾਏ । ਬਣਤ ਬਣਾਏ ਆਪ ਪ੍ਰਭ, ਬਾਹੋਂ ਪਕੜ ਗੁਰਸਿਖ ਤਰਾਏ । ਬਣਤ ਬਣਾਏ ਆਪ ਪ੍ਰਭ, ਦਰਗਹਿ ਸਾਚੀ ਮਾਣ ਦਵਾਏ । ਬਣਤ ਬਣਾਏ ਆਪ ਪ੍ਰਭ, ਜਨਮ ਮਰਨ ਪ੍ਰਭ ਗੇੜ ਕਟਾਏ । ਬਣਤ ਬਣਾਏ ਆਪ ਪ੍ਰਭ, ਆਪ ਆਪਣੀ ਜੋਤ ਮਿਲਾਏ । ਬਣਤ ਬਣਾਏ ਆਪ ਪ੍ਰਭ, ਗੁਰਮੁਖ ਸਾਚੇ ਸਾਚੇ ਧਾਮ ਬਹਾਏ । ਬਣਤ ਬਣਾਏ ਆਪ ਪ੍ਰਭ, ਆਪ ਆਪਣਾ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪਣਾ ਭੇਖ ਰਖਾਏ । ਬਣਤ ਬਣਾਏ ਆਪ ਪ੍ਰਭ, ਆਪਣਾ ਭੇਵ ਰਖਾਇਆ । ਬਣਤ ਬਣਾਏ ਆਪ ਪ੍ਰਭ, ਗੁਰਮੁਖ ਸੋਇਆ ਪ੍ਰਭ ਲਏ ਜਗਾਏ । ਬਣਤ ਬਣਾਏ ਆਪ ਪ੍ਰਭ, ਕਲ ਸਾਚਾ ਕਰਮ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਚਰਨ ਲਗਾਏ । ਬਣਤ ਬਣਾਏ ਆਪ ਪ੍ਰਭ, ਆਪਣੇ ਚਰਨ ਲਗਾਏ । ਬਣਤ ਬਣਾਏ ਆਪ ਪ੍ਰਭ, ਸਚ ਸੁਚ ਵਿਚ ਦੇਹ ਵਰਤਾਏ । ਬਣਤ ਬਣਾਏ ਆਪ ਪ੍ਰਭ, ਆਤਮ ਸਾਚਾ ਰੰਗ ਚੜ੍ਹਾਏ । ਬਣਤ ਬਣਾਏ ਆਪ ਪ੍ਰਭ, ਹਉਮੈ ਵਿਚੋਂ ਭੇਦ ਚੁਕਾਏ । ਬਣਤ ਬਣਾਏ ਆਪ ਪ੍ਰਭ, ਏਕਾ ਸ਼ਬਦ ਧੀਰ ਰਖਾਏ । ਬਣਤ ਬਣਾਏ ਆਪ ਪ੍ਰਭ, ਸੋਹੰ ਸ਼ਾਂਤ ਸਰੀਰ ਕਰਾਏ । ਬਣਤ ਬਣਾਏ ਆਪ ਪ੍ਰਭ, ਅੰਮ੍ਰਿਤ ਝਿਰਨਾ ਨੀਰ ਝਿਰਾਏ । ਬਣਤ ਬਣਾਏ ਆਪ ਪ੍ਰਭ, ਆਤਮ ਅੰਮ੍ਰਿਤ ਸਾਚਾ ਸੀਰ ਪਿਲਾਏ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਦਇਆ ਕਮਾਏ । ਬਣਤ ਬਣਾਏ ਆਪ ਪ੍ਰਭ, ਮਸਤੂਆਣੇ ਜਾਏ । ਬਣਤ ਬਣਾਏ ਆਪ ਪ੍ਰਭ, ਸਾਚੀ ਸੰਗਤ ਪ੍ਰਭ ਲਏ ਬਣਾਏ । ਬਣਤ ਬਣਾਏ ਆਪ ਪ੍ਰਭ, ਆਪ ਆਪਣੀ ਜੋਤ ਪਰਗਟਾਏ । ਬਣਤ ਬਣਾਏ ਆਪ ਪ੍ਰਭ, ਸਿੰਘਾਸਣ ਡੇਰਾ ਲਾਏ । ਬਣਤ ਬਣਾਏ ਆਪ ਪ੍ਰਭ, ਸਤਿਜੁਗ ਸਾਚਾ ਸ਼ਬਦ ਉਪਜਾਏ । ਬਣਤ ਬਣਾਏ ਆਪ ਪ੍ਰਭ, ਸਾਚੇ ਲੇਖ ਲਿਖਤ ਲਿਖਾਏ । ਬਣਤ ਬਣਾਏ ਆਪ ਪ੍ਰਭ, ਵਾਕ ਭਵਿਖਤ ਸਤਿ ਕਰਾਏ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੰਕਾਰੀਆਂ ਜਾਏ ਮਾਣ ਗਵਾਏ । ਬਣਤ ਬਣਾਏ ਆਪ ਪ੍ਰਭ, ਸਾਚੀ ਲਿਖਤ ਲਿਖਾਏ । ਬਣਤ ਬਣਾਏ ਆਪ ਪ੍ਰਭ, ਜੋਤ ਸਰੂਪੀ ਵਿਚ ਸਿੱਖ ਸਮਾਏ । ਬਣਤ ਬਣਾਏ ਆਪ ਪ੍ਰਭ, ਨਾੜੀ ਬਹੱਤਰ ਬੰਦ ਕਰਾਏ । ਬਣਤ ਬਣਾਏ ਆਪ ਪ੍ਰਭ, ਸਾਚੀ ਜੋਤ ਵਿਚ ਦੇਹ ਟਿਕਾਏ । ਬਣਤ ਬਣਾਏ ਆਪ ਪ੍ਰਭ, ਸਾਧ ਸੰਗਤ ਮਿਲ ਪ੍ਰਭ ਦਰ ਆਏ । ਬਣਤ ਬਣਾਏ ਆਪ ਪ੍ਰਭ, ਸਾਚਾ ਦਰਬਾਰ ਵਿਚ ਮਾਤ ਲਗਾਏ । ਬਣਤ ਬਣਾਏ ਆਪ ਪ੍ਰਭ, ਲਿਖਤ ਅਪਾਰ ਸ਼ਬਦ ਚਲਾਏ । ਬਣਤ ਬਣਾਏ ਆਪ ਪ੍ਰਭ, ਦਿਵਸ ਰੈਣ ਰੈਣ ਦਿਵਸ ਕਲਮ ਚਲਾਏ । ਬਣਤ ਬਣਾਏ ਆਪ ਪ੍ਰਭ, ਦਿਵਸ ਚਾਲੀ ਵਕ਼ਤ ਸੁਹਾਏ । ਬਣਤ ਬਣਾਏ ਆਪ ਪ੍ਰਭ, ਥਿਰ ਘਰ ਵਾਸੀ ਵਿਚ ਮਾਤ ਦੇ ਆਏ । ਬਣਤ ਬਣਾਏ ਆਪ ਪ੍ਰਭ, ਸਤਿਜੁਗ ਸਾਚੇ ਲੇਖ ਲਿਖਾਏ । ਬਣਤ ਬਣਾਏ ਆਪ ਪ੍ਰਭ, ਕਲਜੁਗ ਰੇਖ ਭੇਖ ਵੇਖਾ ਵੇਖ ਸਰਬ ਦਏ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਏ । ਦਿਵਸ ਚਾਲੀ ਪ੍ਰਭ ਲੇਖ ਲਿਖਾਵਣਾ । ਸ੍ਰਿਸ਼ਟ ਸਬਾਈ ਟੁੰਬ ਉਠਾਵਣਾ । ਹਾਹਾਕਾਰ ਵਿਚ ਮਾਤ ਕਰਾਵਣਾ । ਸਾਧ ਸੰਗਤ ਪ੍ਰਭ ਸਾਚੇ ਰਸਨਾ ਜੈ ਜੈ ਜੈਕਾਰ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਮਸਤੂਆਣਾ ਪਰਗਟਾਵਣਾ । ਸਾਚਾ ਧਾਮ ਪ੍ਰਭ ਪਰਗਟਾਏ । ਆਪ ਆਪਣੀ ਲਿਖਤ ਕਰਾਏ । ਸਤਿ ਸਤਿ ਸਤਿ ਸਤਿਜੁਗ ਵਰਤਾਏ । ਸਰਬ ਜਨਾਂ ਦੀ ਆਸ ਪੁਜਾਏ । ਦੁਖੀਆਂ ਦੁਖ ਭੁਖੀਆਂ ਭੁਖ ਪ੍ਰਭ ਦੇ ਗਵਾਏ । ਕਲਜੁਗ ਸੁੱਕੇ ਰੁੱਖ ਪ੍ਰਭ ਸਤਿਜੁਗ ਹਰੇ ਕਰਾਏ । ਭੁੱਲੇ ਜੀਵ ਕਲ ਮਨੁੱਖ, ਪ੍ਰਭ ਸਾਚਾ ਮਾਰਗ ਪਾਏ । ਦੇਵੇ ਗਿਆਨ ਬਾਲਕ ਵਿਚ ਮਾਤ ਕੁੱਖ,

ਅਗਿਆਨ ਅੰਧੇਰ ਪ੍ਰਭ ਦਏ ਮਿਟਾਏ । ਸਤਿਜੁਗ ਉਪਜਾਵੇ ਸਾਚਾ ਸੁਖ, ਸਚ ਸੁਚ ਦੇ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਚਾਲੀ ਮਸਤੂਆਣੇ ਲਿਖਤ ਲਿਖਾਏ । ਮਸਤੂਆਣਾ ਧਾਮ ਨਿਆਰਾ । ਸਾਚੇ ਪ੍ਰਭ ਕੀਆ ਉਜਿਆਰਾ । ਸੰਤ ਮਨੀ ਸਿੰਘ ਪਾਰ ਉਤਾਰਾ । ਕਰ ਕਿਰਪਾ ਭਰੇ ਭੰਡਾਰਾ । ਸਾਚਾ ਵਰ ਦਰ ਘਰ ਮੰਗਿਆ ਚਰਨ ਦਵਾਰਾ । ਸਾਚਾ ਮਿਲਿਆ ਆਤਮ ਸਰ ਅੰਮ੍ਰਿਤ ਝਿਰਨਾ ਝਿਰੇ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਦਵਾਏ ਮੋਖ ਦਵਾਰਾ । ਮਸਤੂਆਣਾ ਮੋਖ ਦਵਾਰ । ਚਰਨ ਟਿਕਾਏ ਪ੍ਰਭ ਗਿਰਧਾਰ । ਸੰਤ ਮਨੀ ਸਿੰਘ ਦੇਵੇ ਤਾਰ । ਵੇਲੇ ਅੰਤ ਉਪਜਾਵੇ ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਪਾਵੇ ਸਾਰ । ਸਾਚਾ ਧਾਮ ਪ੍ਰਭ ਉਪਜਾਵਣਾ । ਆਪ ਆਪਣਾ ਚਰਨ ਟਿਕਾਵਣਾ । ਸਾਧ ਸੰਗਤ ਪ੍ਰਭ ਅਬਿਨਾਸ਼ੀ ਸਦ ਰਸਨਾ ਗਾਵਣਾ । ਆਤਮ ਤ੍ਰਿਖ ਸਰਬ ਵਿਨਾਸੀ, ਪ੍ਰਭ ਸਾਚਾ ਗੁਰਸਿਖ ਸਾਚੇ ਦਰਸ਼ਨ ਪਾਵਣਾ । ਸੋਹੰ ਸ਼ਬਦ ਜਪ ਸਵਾਸ ਸਵਾਸੀ, ਸਾਧ ਸੰਗਤ ਪ੍ਰਭ ਚਰਨ ਦਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚਖੰਡ ਨਿਵਾਸ ਰਖਾਵਣਾ । ਮਸਤੂਆਣਾ ਸਾਚਾ ਧਾਮਾ । ਜੋਤ ਜਗਾਏ ਰਮਈਆ ਰਾਮਾ । ਪਰਗਟੇ ਜੋਤ ਘਨਈਆ ਸ਼ਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਪੂਰ ਕਰਾਏ ਕਾਮਾ । ਮਸਤੂਆਣਾ ਧਾਮ ਉਪਜਾਣਾ । ਆਪ ਆਪਣਾ ਚਰਨ ਟਿਕਾਣਾ । ਸਾਚਾ ਸਰ ਪ੍ਰਭ ਆਪ ਬਣਾਣਾ । ਚਾਰ ਵਰਨ ਪ੍ਰਭ ਇਕ ਕਰਾਣਾ । ਸਾਚੀ ਸਰਨ ਨਿਹਕਲੰਕ ਰਖਾਣਾ । ਊਚ ਨੀਚ ਪ੍ਰਭ ਭੇਦ ਮਿਟਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੋਵਰ ਆਪ ਉਪਾਣਾ । ਸਤਿਜੁਗ ਉਪਜੇ ਸਾਚਾ ਸਰ । ਜੋਤ ਜਗਾਏ ਏਕਾ ਹਰਿ । ਚਾਰ ਵਰਨ ਦਿਸੇ ਏਕਾ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਵਾਏ ਮਾਣ ਨਿਹਕਲੰਕ ਨਰਾਇਣ ਅਵਤਾਰ ਨਰ । ਚਾਰ ਵਰਨ ਏਕਾ ਦਰਬਾਰ । ਮਸਤੂਆਣਾ ਵਿਚ ਸੰਸਾਰ । ਅੰਮ੍ਰਿਤ ਸਾਚਾ ਪ੍ਰਭ ਭਰੇ ਭੰਡਾਰ । ਸਾਧ ਸੰਗਤ ਪ੍ਰਭ ਜਾਏ ਤਾਰ । ਜੋ ਜਨ ਆਇਣ ਪ੍ਰਭ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਊਚਾ ਦਿਸੇ ਸਤਿਜੁਗ ਤੇਰਾ ਸਤਿ ਵਰਤਾਰ । ਸਤਿਜੁਗ ਹੋਵੇ ਸਤਿ ਵਰਤਾਰਾ । ਧਰੇ ਜੋਤ ਨਿਹਕਲੰਕ ਨਰਾਇਣ ਨਰ ਅਵਤਾਰਾ । ਜੋਤ ਨਿਰੰਜਣ ਪ੍ਰਭ ਗਿਰਧਾਰਾ । ਸਚ ਘਰ ਦੱਸੇ ਮਸਤੂਆਣਾ, ਚਾਰ ਵਰਨ ਸਚਖੰਡ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਸਚ ਨਾਮ ਭੰਡਾਰਾ । ਸਚ ਮਾਣ ਜਗਤ ਦਵਾਏ । ਆਪ ਆਪਣੀ ਜੋਤ ਜਗਾਏ । ਅਠਸਠ ਤੀਰਥ ਪ੍ਰਭ ਜੋਤ ਖਿਚਾਏ । ਗੰਗਾ ਗੋਦਾਵਰੀ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਏ । ਸਾਚਾ ਪ੍ਰਭ ਵਡ ਪਰਬੀਨਾ । ਰਹਿਣ ਨਾ ਪਾਏ ਮੁਹੰਮਦੀ ਦੀਨਾ । ਚਾਰ ਵਰਨ ਪ੍ਰਭ ਸਾਚੇ ਇਕ ਕੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸਾਚਾ ਅੰਮ੍ਰਿਤ ਦਰ ਵਿਰਲੇ ਗੁਰਮੁਖ ਪੀਣਾ । ਦੀਨ ਮੁਹੰਮਦੀ ਸਰਬ ਮਿਟਾਏ । ਅੰਤਮ ਬੈਠੇ ਸਾਚਾ ਨੂਰ ਗਵਾਏ । ਵੇਦ ਅਥਰਬਣ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪਣੀ ਜੋਤ ਜਗਾਏ । ਵੇਲਾ ਗਿਆ ਵਕ਼ਤ ਚੁਕਾਇਆ ਚਾਰ ਯਾਰਾ । ਲੇਖਾ ਕੀਆ ਹਿਸਾਬ ਮੁਕਾਇਆ ਸਰਬ ਗਵਾਰਾ । ਲਹਿਣਾ ਦੀਆ ਆਪਣਾ ਆਪ ਗਵਾਇਆ ਕਲ ਹੋਏ ਖ਼ੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੰਚਮ ਕਰੇ ਜਗਤ ਵਰਤਾਰਾ । ਜਗਤ ਆਇਆ ਅਥਰਬਣ ਵੇਦ । ਕਲਜੁਗ ਜੀਵ ਨਾ ਪਾਇਣ ਭੇਦ । ਸ੍ਰਿਸ਼ਟ ਸਬਾਈ ਹੋਈ ਖੇਦ । ਜੋਤ ਸਰੂਪੀ ਜੋਤ ਪ੍ਰਭ ਵਿਚ ਸੰਸਾਰ ਸਦਾ ਅਭੇਦ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਥੇ ਮਾਣ ਗਵਾਇਆ ਅਥਰਬਣ ਵੇਦ । ਐੜਾ ਆਇਆ ਅਥਰਬਣ ਉਪਾਇਆ । ਅੱਲ੍ਹਾ ਅਲਾਹੂ ਨੂਰ ਧਰਾਇਆ । ਅੰਧ ਅੰਧੇਰ ਸਭ ਜਗਤ ਕਰਾਇਆ । ਅੰਤ ਅਖ਼ੀਰ ਪ੍ਰਭ ਕਲ ਦਏ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਥੇ ਅਥਰਬਣ ਮਾਣ ਗਵਾਇਆ । ਵੇਦ ਅਥਰਬਣ ਪ੍ਰਭ ਜਗਤ ਚਲਾਇਆ । ਈਸਾ ਮੂਸਾ ਪ੍ਰਭ ਮਾਤ ਉਪਾਇਆ । ਦੀਨ ਮੁਹੰਮਦੀ ਪ੍ਰਭ ਆਪ ਉਪਜਾਇਆ । ਕਲਜੁਗ ਅੰਤਮ ਅੰਤ ਕਰਨ ਦਾ ਪ੍ਰਭ ਸਾਚੇ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਥੇ ਐੜਾ ਅਥਰਬਣ ਵੇਦ ਚੁਕਾਇਆ । ਐੜਾ ਅਥਰਬਣ ਕਲਜੁਗ ਵਰਤੰਤ । ਭੁਲਾਏ ਪ੍ਰਭ ਭੁੱਲੇ ਸਰਬ ਜੀਵ ਜੰਤ । ਮਾਇਆ ਪਾਈ ਪ੍ਰਭ ਬੇਅੰਤ । ਪ੍ਰਭ ਕੀ ਮਹਿੰਮਾ ਬੜੀ ਅਗਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਕਾਲ ਕਲ ਝੂਠੀ ਸ੍ਰਿਸ਼ਟ ਕਰੇ ਭਸਮੰਤ । ਐੜਾ ਅਥਰਬਣ ਹੋਏ ਅਖ਼ੀਰ । ਮੇਟ ਮਿਟਾਏ ਪ੍ਰਭ ਪੈਗ਼ੰਬਰ ਔਲੀਏ ਪੀਰ । ਅੰਤਕਾਲ ਕਲ ਕੋਇ ਨਾ ਦੇਵੇ ਧੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਥੇ ਅੰਤ ਕਰਾਏ ਅਖ਼ੀਰ । ਪ੍ਰਭ ਸਾਚਾ ਸਚ ਕਰਮ ਕਰਾਏ । ਮਾਤਲੋਕ ਵਿਚ ਜੋਤ ਪਰਗਟਾਏ । ਜੁਗੋ ਜੁਗ ਅੰਤਮ ਜੁਗ ਆਪ ਕਰਾਏ । ਸਾਚਾ ਜੁਗ ਸਾਚਾ ਪ੍ਰਭ ਸਦਾ ਉਪਜਾਏ । ਵਿਚ ਮਾਤ ਪ੍ਰਭ ਸਾਚੀ ਦਾਤ ਆਪਣਾ ਨਾਉਂ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਦ ਰਿਹਾ ਸਮਾਏ । ਮਾਤਲੋਕ ਪ੍ਰਭ ਜਾਮਾ ਪਾਏ । ਕਲਜੁਗ ਅੰਤਮ ਅੰਤ ਕਰਾਏ । ਸਤਿਜੁਗ ਸਾਚੀ ਨੀਂਹ ਰਖਾਏ । ਸੋਹੰ ਸਾਚਾ ਨਾਮ ਪ੍ਰਭ ਸਾਚਾ ਝੋਲੀ ਪਾਏ । ਏਕਾ ਬਖ਼ਸ਼ੇ ਚਰਨ ਧਿਆਨ, ਜੋ ਜਨ ਰਸਨਾ ਗਾਏ । ਆਤਮ ਜੋਤ ਜਗੇ ਮਹਾਨ, ਅਗਿਆਨ ਅੰਧੇਰ ਪ੍ਰਭ ਦੇ ਮਿਟਾਏ । ਸੋਹੰ ਸ਼ਬਦ ਜੋ ਜਨ ਸੁਣੇ ਕਾਨ, ਸੁਰਤ ਸ਼ਬਦ ਪ੍ਰਭ ਮੇਲ ਮਿਲਾਏ । ਨਿਹਕਲੰਕ ਚਰਨ ਧੂੜ ਅਸ਼ਨਾਨ, ਗੁਰਸਿਖ ਸਾਚਾ ਨਹਾਏ । ਗੁਰਮੁਖ ਵਿਰਲੇ ਕਲਜੁਗ ਵਰ ਦਰ ਸਾਚਾ ਪਾਣ, ਬੇਮੁਖ ਭਰਮ ਭੁਲੇਖੇ ਪ੍ਰਭ ਸਰਬ ਭੁਲਾਏ । ਧੰਨ ਧੰਨ ਧੰਨ ਗੁਰਸਿਖ ਪ੍ਰਭ ਚਰਨੀ ਡਿੱਗਣ ਆਣ, ਸਾਚੀ ਦਰਗਾਹ ਪ੍ਰਭ ਲੇਖੇ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਦਰ ਪਛਾਣ ਬਾਂਹੋਂ ਪਕੜ ਪ੍ਰਭ ਲਏ ਉਠਾਏ । ਬਾਹੋਂ ਪਕੜ ਗੁਰਸਿਖ ਉਠਾਇਆ । ਆਪ ਆਪਣੀ ਸਰਨ ਲਗਾਇਆ । ਜੋਤ ਸਰੂਪੀ ਗੁਰਮੁਖ ਸਾਚੇ ਪ੍ਰਭ ਸਾਚਾ ਸਦਾ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਹੋਏ ਸਹਾਇਆ । ਆਦਿ ਅੰਤ ਪ੍ਰਭ ਸਦਾ ਸਹਾਈ । ਗੁਰਮੁਖ ਸਾਚੇ ਪ੍ਰਭ ਸਾਚੇ ਬਣਤ ਬਣਾਈ । ਕਲਜੁਗ ਜੀਵ ਭਾਂਡੇ ਕਾਚੇ, ਨਾ ਆਏ ਪ੍ਰਭ ਸਰਨਾਈ । ਬੇਮੁਖ ਦਰ ਆਏ ਨਾਚੇ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਈ । ਗੁਰਮੁਖ ਸਾਚਾ ਸੋਹੰ ਹਿਰਦੇ ਵਾਚੇ, ਆਤਮ ਜੋਤ ਪ੍ਰਭ ਕਰੇ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਹੋਏ ਸਹਾਈ । ਗੁਰਸਿਖ ਸੋ ਜਨ ਜਿਸ ਪ੍ਰਭ ਦਇਆ ਕਮਾਏ । ਗੁਰਮੁਖ ਸੋ ਜਨ ਜਿਸ ਪ੍ਰਭ ਦਰਸ ਦਿਖਾਏ । ਗੁਰਸਿਖ ਸੋ ਜਨ ਜਿਸ ਪ੍ਰਭ ਅਬਿਨਾਸ਼ੀ ਚਰਨ ਲਗਾਏ । ਗੁਰਸਿਖ ਸੋ ਜਨ ਸੋਹੰ ਸ਼ਬਦ ਰਸਨਾ ਗਾਏ । ਧੰਨ ਧੰਨ ਧੰਨ ਗੁਰਸਿਖ ਮਹਾਰਾਜ ਸ਼ੇਰ ਸਿੰਘ ਸਿਰ ਹੱਥ ਟਿਕਾਏ । ਗੁਰਸਿਖਾਂ ਪ੍ਰਭ ਤੇਰੀ ਓਟ । ਆਤਮ ਕੱਢੇ ਸਾਰੇ ਖੋਟ । ਏਕਾ ਸ਼ਬਦ ਆਤਮ ਧੁਨ ਸੋਹੰ ਲਗਾਵੇ ਚੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਉਪਜਾਏ ਵਡਿਆਏ ਤਰਾਏ ਵਿਚ ਕੋਟੀ ਕੋਟ । ਕੋਟਨ ਵਿਚ ਗੁਰਸਿਖ ਉਜਿਆਰਾ । ਲਿਖਾਏ ਲੇਖ ਨਿਹਕਲੰਕ ਅਵਤਾਰਾ । ਸਤਿਜੁਗ ਉਪਜਾਏ ਸਤਿ ਕਰੇ ਵਰਤਾਰਾ । ਭਗਤ ਵਡਿਆਏ ਪ੍ਰਭ ਲੇਖ ਲਿਖਾਏ ਅਪਾਰਾ । ਪ੍ਰਭ ਆਪਣੀ ਸਰਨ ਲਗਾਏ,

ਕਿਰਪਾ ਕਰੇ ਆਪ ਗਿਰਧਾਰਾ । ਵਿਚ ਮਾਤਲੋਕ ਤਰਾਏ, ਜਨਮ ਨਾ ਪਾਏ ਦੂਜੀ ਵਾਰਾ । ਵਿਚ ਜੋਤੀ ਮੇਲ ਮਿਲਾਏ, ਆਪ ਆਪਣਾ ਕਰੇ ਆਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਉਪਜਾਏ ਸਾਚਾ ਸਤਿ ਪਸਾਰਾ । ਸਤਿਜੁਗ ਸਾਚੇ ਸਤਿ ਵਰਤਾਰ । ਸਤਿ ਸਤਿ ਵਰਤਾਏ ਸਤਿ ਕਰਤਾਰ । ਯਤ ਯਤ ਯਤ ਏਕਾ ਸ਼ਬਦ ਰਖਾਏ ਅਧਾਰ । ਮਤਿ ਮਤਿ ਮਤਿ ਪ੍ਰਭ ਸਾਚੀ ਮਤਿ ਪਾਏ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੇਮੁਖਾਂ ਕਰੇ ਖੁਆਰ । ਸਚ ਸੁਚ ਪ੍ਰਭ ਸਤਿ ਵਰਤਾਵਣਾ । ਸਾਚਾ ਕਾਮ ਸਾਚੇ ਧਾਮ ਪ੍ਰਭ ਅਬਿਨਾਸ਼ੀ ਆਪ ਰਚਾਵਣਾ । ਸੋਹੰ ਨਾਮ ਅੰਮ੍ਰਿਤ ਜਾਮ ਪ੍ਰਭ ਸਾਧ ਸੰਗਤ ਪਿਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਕਰਮ ਮਸਤੂਆਣੇ ਆਪ ਕਰਾਵਣਾ । ਮਸਤੂਆਣਾ ਪ੍ਰਭ ਧਾਮ ਉਪਜਾਏ । ਰਾਜੇ ਰਾਣੇ ਸਰਨ ਲਗਾਏ । ਚਾਰ ਵਰਨ ਪ੍ਰਭ ਮਾਣ ਦਵਾਏ । ਏਕਾ ਆਣ ਨਿਹਕਲੰਕ ਰਖਾਏ । ਰਾਣਾ ਸੰਗਰੂਰ ਪ੍ਰਭ ਰੰਗ ਰੰਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਆਪ ਉਪਾਏ । ਸਾਚੇ ਧਾਮ ਪ੍ਰਭ ਮਾਣ ਦਵਾਏ । ਆਪ ਆਪਣੇ ਚਰਨ ਉਠਾਏ । ਸਾਧ ਸੰਗਤ ਪ੍ਰਭ ਸੰਗ ਰਲਾਏ । ਗੁਣਨਿਧਾਨ ਵਿਚ ਰਿਹਾ ਸਮਾਏ । ਨਾਮ ਦੀ ਬਾਣ ਪ੍ਰਭ ਜਗਤ ਲਗਾਏ । ਸਾਚੀ ਆਣ ਸੋਹੰ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਦ ਸੰਗ ਸਮਾਏ । ਸਾਚਾ ਪ੍ਰਭ ਸਚ ਕਰਮ ਕਮਾਏ । ਸਾਧ ਸੰਗਤ ਸਚ ਸ਼ਬਦ ਸੁਣਾਏ । ਆਪਣਾ ਚਰਨ ਪ੍ਰਭ ਲਏ ਉਠਾਏ । ਰਾਓ ਰੰਕਾਂ ਮਾਣ ਗਵਾਏ । ਸਾਚਾ ਧਾਮ ਆਪ ਸੁਹਾਏ । ਸੋਹੰ ਨਾਮ ਸਰਬ ਵਰਤਾਏ । ਜੈ ਜੈ ਜੈਕਾਰ ਸਰਬ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚਾ ਡੰਕ ਵਜਾਏ । ਕਲਜੁਗ ਅੰਤਮ ਹੋਏ ਅਖ਼ੀਰ । ਪ੍ਰਭ ਸਾਚਾ ਸੰਗ ਸਾਧ ਸੰਗਤ ਪਾਏ ਆਪ ਵਹੀਰ । ਮਸਤੂਆਣਾ ਸਾਚਾ ਧਾਮ, ਅੰਮ੍ਰਿਤ ਕਰੇ ਸਾਚਾ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਅੰਮ੍ਰਿਤ ਬਰਸੇ ਜਿਉਂ ਬਾਲਕ ਮਾਤਾ ਸੀਰ । ਸਾਚਾ ਪ੍ਰਭ ਸਚ ਫ਼ਰਮਾਵੇ । ਸਾਧ ਸੰਗਤ ਸਾਰੀ ਉਠ ਧਾਵੇ । ਵਡ ਵਡ ਜੋਧ ਆਪਣਾ ਕਰਮ ਆਪ ਕਰਾਵੇ । ਸ਼ਬਦ ਲਿਖਾਵੇ ਅਗਾਧ ਬੋਧ, ਜੀਵ ਕੋਇ ਭੇਵ ਨਾ ਪਾਵੇ । ਸ੍ਰਿਸ਼ਟ ਸਬਾਈ ਪ੍ਰਭ ਜਾਏ ਸੋਧ, ਸ਼ਬਦ ਸਰੂਪੀ ਖੇਲ ਰਚਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸੰਗ ਸਦ ਸਮਾਵੇ । ਸਾਧ ਸੰਗਤ ਸੰਗ ਸਦ ਸਮਾਇਆ । ਸਾਚਾ ਕਰਮ ਪ੍ਰਭ ਆਪ ਕਮਾਇਆ । ਸਾਚਾ ਚਰਨ ਜਮਨ ਕਿਨਾਰੇ ਪ੍ਰਭ ਸਾਚੇ ਜਾ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਵਾਲੀ ਹਿੰਦ ਉਠਾਇਆ । ਜਮਨ ਕਿਨਾਰੇ ਪ੍ਰਭ ਚਰਨ ਟਿਕਾਏ । ਰਾਜੇ ਰਾਣਿਆਂ ਮਾਣ ਗਵਾਏ । ਵਰਨ ਬਰਨ ਦਾ ਭੇਦ ਚੁਕਾਏ । ਏਕਾ ਸੇਵ ਨਿਹਕਲੰਕ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿੱਲੀ ਸ਼ਹਿਰ ਭਾਗ ਲਗਾਏ । ਸਾਚੇ ਪ੍ਰਭ ਕਰਮ ਕਮਾਇਆ । ਅੰਮ੍ਰਿਤ ਵਰਤੇ ਵਰਤਾਏ ਜੋ ਧੁਰੋਂ ਲਿਖਾਇਆ । ਜੁਗੋ ਜੁਗ ਪ੍ਰਭ ਆਪ ਆਪਣੀ ਬਣਤ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਪਣਾ ਭੇਦ ਚੁਕਾਇਆ । ਜਮਨ ਕਿਨਾਰਾ ਕਿਨਾਰਾ ਜਮਨ । ਜੋਤ ਜਗਾਏ ਪ੍ਰਭ ਤੀਨ ਭਵਨ । ਹਰਿ ਰਾਏ ਗੁਣ ਜੀਵ ਜਾਣੇ ਕਵਣ । ਬੇਮੁਖਾਂ ਮਾਨਸ ਜਨਮ ਗਵਾਇਆ ਅਵਣ ਗਵਣ । ਗੁਰਮੁਖਾਂ ਮਾਣ ਦਵਾਇਆ ਪ੍ਰਭ ਸੋਹੰ ਸ਼ਬਦ ਚਲਾਇਆ ਵਿਚ ਸਵਾਸ ਪਵਣ । ਪਰਗਟ ਜੋਤ ਦਰਸ ਦਿਖਾਇਆ, ਅੰਮ੍ਰਿਤ ਮੇਘ ਬਰਸਾਇਆ ਜਿਉਂ ਬਰਖ਼ੇ ਸਵਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਮਾਣ ਦਵਾਇਆ, ਚਰਨ ਧੂੜ ਦੇਵੇ ਸਚ ਨਵ੍ਹਣ । ਸਾਚਾ ਤਟ ਜਮਨ

ਕਿਨਾਰਾ । ਦੁਆਪਰ ਧਰੇ ਜੋਤ ਕ੍ਰਿਸ਼ਨ ਮੁਰਾਰਾ । ਵਾਸਦੇਵ ਜਾਨਕੀ ਨੰਦ ਜਸ਼ੋਦਾ ਆਰ ਪਾਰਾ । ਹੰਕਾਰੀਆਂ ਪ੍ਰਭ ਗਵਾਏ ਹੰਕਾਰ, ਜੁਗੋ ਜੁਗ ਲੋਕਮਾਤ ਲਏ ਅਵਤਾਰਾ । ਪ੍ਰਭ ਸਾਚੇ ਦੀ ਸਾਚੀ ਕਾਰ । ਪਰਗਟੇ ਜੋਤ ਖੋਲ੍ਹੇ ਕੋਟ ਦਰ ਕਿਵਾੜ । ਸਾਚਾ ਪ੍ਰਭ ਵਿਚ ਆਇਆ ਜਮਨਾ ਧਾਰ । ਉਠੀ ਸੁਰਸਤੀ ਚਰਨ ਚੁੰਮੇ ਕ੍ਰਿਸ਼ਨ ਮੁਰਾਰ । ਜੁਗੋ ਜੁਗ ਪ੍ਰਭ ਸਾਚਾ ਵਿਚ ਮਾਤ ਲਏ ਅਵਤਾਰ । ਜਮਨ ਕਿਨਾਰਾ ਪ੍ਰਭ ਵਖਾਣੇ । ਸਾਚਾ ਰੰਗ ਸਦਾ ਪ੍ਰਭ ਮਾਣੇ । ਆਪ ਆਪਣੇ ਵਰਤੇ ਭਾਣੇ । ਜੀਵ ਜੰਤ ਕੋਈ ਭੇਦ ਨਾ ਜਾਣੇ । ਵਿਚ ਦੁਆਪਰ ਪ੍ਰਭ ਕੀਨੇ ਖੇਲ ਮਹਾਣੇ । ਜੋਤ ਸਰੂਪੀ ਜੋਤ ਪ੍ਰਭ ਸਦ ਵਸੇ ਬਿਰਧਾਂ ਬਾਲ ਅੰਞਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਜਨ ਵਿਰਲਾ ਜਾਣੇ । ਵਿਚ ਦੁਆਪਰ ਪ੍ਰਭ ਜੋਤ ਪਰਗਟਾਈ । ਰਮਈਆ ਰਾਮ ਘਨਈਆ ਸ਼ਾਮ ਨਾਉਂ ਰਖਾਈ । ਸਾਚਾ ਪ੍ਰਭ ਅਵਸਥਾ ਬਾਲ ਕਰੇ ਖੇਲ ਰਘੁਰਾਈ । ਜੋਤ ਸਰੂਪੀ ਜੋਤ ਪ੍ਰਭ, ਕੋਇ ਜੀਵ ਭੇਵ ਨਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਧਾਰ ਜਮਨ ਕਿਨਾਰੇ ਸਾਚਾ ਧਾਮ ਦੇ ਉਪਜਾਈ । ਸਾਚਾ ਧਾਮ ਪ੍ਰਭ ਉਪਜਾਵਣਾ । ਆਪਣਾ ਚਰਨ ਆਪ ਟਿਕਾਵਣਾ । ਸਾਧ ਸੰਗਤ ਪ੍ਰਭ ਸੋਹੰ ਸਾਚਾ ਨਾਮ ਜਪਾਵਣਾ । ਪ੍ਰਭ ਸਾਚਾ ਦਰ ਦਰਬਾਰ ਬਣਾਵਣਾ । ਪ੍ਰਭ ਆਪਣਾ ਜੋਤ ਸਰੂਪੀ ਤੇਜ ਆਪ ਵਖਾਵਣਾ । ਏਕਾ ਦਰ ਘਰ ਬਾਰ, ਪ੍ਰਭ ਏਕਾ ਮਾਰਗ ਲਾਵਣਾ । ਸਾਚਾ ਨਾਮ ਸਤਿ ਸਤਿ ਸਤਿ ਵਰਤਾਰ, ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਜਪਾਵਣਾ । ਜਮਨ ਕਿਨਾਰੇ ਪ੍ਰਭ ਵਾਸਾ । ਜੋਤ ਜਗਾਏ ਪ੍ਰਭ ਅਬਿਨਾਸ਼ਾ । ਸਾਧ ਸੰਗਤ ਪ੍ਰਭ ਪੂਰਨ ਦੇਵੇ ਧਰਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਵੇਖੇ ਰੰਗ ਤਮਾਸ਼ਾ । ਸਾਧ ਸੰਗਤ ਗੁਰ ਚਰਨ ਸੁਹਾਏ । ਗੁਰਚਰਨ ਪ੍ਰੀਤੀ ਦਿਵਸ ਰੈਣ ਕਮਾਏ । ਸਾਚੀ ਨੀਤੀ ਆਤਮ ਪ੍ਰਭ ਸਦ ਰਖਾਏ । ਕਲਜੁਗ ਔਧ ਅੰਤਕਾਲ ਕਲ ਬੀਤੀ ਪ੍ਰਭ ਸਾਚਾ ਦਏ ਲਿਖਾਏ । ਸਾਧ ਸੰਗਤ ਸਦਾ ਜਗ ਜੀਤੀ, ਪ੍ਰਭ ਸਾਚਾ ਆਸ ਪੁਜਾਏ । ਮਿਲਿਆ ਫਲ ਸੇਵ ਜੋ ਕੀਤੀ, ਸਾਚਾ ਨਾਮ ਪ੍ਰਭ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਮਨ ਕਿਨਾਰੇ ਸ਼ਬਦ ਲਿਖਾਏ । ਸਾਚੇ ਪ੍ਰਭ ਸਚ ਸ਼ਬਦ ਲਿਖਾਵਣਾ । ਵਾਲੀ ਹਿੰਦ ਪਕੜ ਉਠਾਵਣਾ । ਵਡ ਵਡ ਪ੍ਰਭ ਮਰਗਿੰਦ ਆਪਣਾ ਤੇਜ ਆਪ ਵਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਵਣਾ । ਜਾਗੇ ਭਾਗ ਕਲਜੁਗ ਸੋਏ । ਸਾਚੀ ਜੋਤ ਪ੍ਰਭ ਜਗਤ ਬਿਲੋਏ । ਸਤਿਗੁਰ ਸਾਚਾ ਨਾ ਭੇਖੇ ਕੋਇ । ਅਗਿਆਨ ਅੰਧੇਰ ਰਹੇ ਨਾ ਕੋਇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਜੇਵਡ ਅਵਰ ਨਾ ਕੋਇ । ਸਾਚੀ ਜੋਤ ਕਰੇ ਪਰਕਾਸ਼ । ਅਗਿਆਨ ਅੰਧੇਰ ਜਾਏ ਵਿਨਾਸ । ਆਤਮ ਦੁਖ ਭੁਖ ਪ੍ਰਭ ਕੀਨੇ ਨਾਸ । ਸਾਚਾ ਪ੍ਰਭ ਸਦ ਰੱਖੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸ ।

੧੪੪
੦੧

❋ ੮ ਚੇਤ ੨੦੦੬ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❋

ਗੁਰਸਿਖ ਸਾਚੇ ਪ੍ਰਭ ਚਰਨ ਟੇਕ । ਪ੍ਰਭ ਸਾਚਾ ਕਰੇ ਬੁੱਧ ਬਿਬੇਕ । ਨਿਰਮਲ ਜੋਤ ਜਗਾਏ ਏਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰਖਾਵੇ ਚਰਨ ਟੇਕ । ਚਰਨ ਟੇਕ ਗੁਰਸਿਖ ਰਖਾਏ । ਪ੍ਰਭ ਅਬਿਨਾਸ਼ੀ ਬਣਤ ਬਣਾਏ । ਮਾਤਲੋਕ ਪ੍ਰਭ ਸਾਚਾ ਦੇਵੇ ਵਡਿਆਏ । ਜੀਵ

ਜੰਤ ਗੁਰਸਿਖ ਸਾਚੇ ਤੇਰਾ ਨਾਮ ਰਸਨਾ ਗਾਏ । ਸਾਚਾ ਪ੍ਰਭ ਅਬਿਨਾਸ਼ੀ ਬੈਠ ਇਕੰਤ ਤੇਰੇ ਲੇਖ ਲਿਖਾਏ । ਜੋਤ ਸਰੂਪੀ ਪ੍ਰਭ ਸਾਚਾ ਕੰਤ, ਗੁਰਸਿਖ ਭੁੱਲ ਨਾ ਜਾਏ । ਪ੍ਰਭ ਸਾਚਾ ਸਦਾ ਬੇਅੰਤ, ਸਦ ਆਪਣੇ ਰੰਗ ਸਮਾਏ । ਗੁਰਮੁਖ ਵਿਰਲੇ ਪ੍ਰਭ ਬਣਾਏ ਸੰਤ, ਸਾਚੀ ਧੁੰਨ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਸਰਨਾਏ । ਜਿਸ ਜਨ ਬਖ਼ਸ਼ੇ ਚਰਨ ਸਰਨਾ । ਗੁਰਮੁਖ ਸਾਚੇ ਪ੍ਰਭ ਚਰਨ ਤਰਨਾ । ਨਿਹਕਲੰਕ ਜੋਤ ਮੇਲ ਕਰ ਗੁਰਸਿਖ ਗੁਰ ਇਕ ਕਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਖੇਲ ਕਰ ਜੋਤ ਜਗਾਏ ਚਾਰ ਵਰਨਾਂ । ਵਰਨ ਚਾਰ ਪ੍ਰਭ ਮਾਣ ਦਵਈਆ । ਸੋਹੰ ਚੜ੍ਹਾਏ ਸਾਚੀ ਨਈਆ । ਜੈ ਜੈ ਜੈਕਾਰ ਬਣਾਏ ਸਾਚੀ ਮਈਆ । ਏਕਾ ਏਕੰਕਾਰ ਪਿਤ ਆਪ ਅਖਵਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਵ ਖੁਲ੍ਹਈਆ । ਭੇਤ ਖੁਲ੍ਹਾਏ ਆਪ ਪ੍ਰਭ, ਆਪਣੀ ਬਣਤ ਬਣਾ । ਭੇਤ ਖੁਲ੍ਹਾਏ ਆਪ ਪ੍ਰਭ, ਵਿਚ ਮਾਤ ਜੋਤ ਪਰਗਟਾ । ਭੇਤ ਖੁਲ੍ਹਾਏ ਆਪ ਪ੍ਰਭ, ਕਲਜੁਗ ਜੀਆਂ ਦੇਵੇ ਮਾਣ ਗਵਾ । ਬਣਤ ਬਣਾਏ ਆਪ ਪ੍ਰਭ, ਗੁਰਸਿਖ ਸੋਏ ਲਏ ਆਪ ਜਗਾ । ਭੇਤ ਖੁਲ੍ਹਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਡੰਕ ਵਜਾ । ਸੋਹੰ ਡੰਕ ਚਾਰ ਕੁੰਟ ਜਾਏ ਵੱਜ । ਸ਼ੇਰ ਸ਼ੇਰ ਸ਼ੇਰ ਸਿੰਘ ਜਾਏ ਗੱਜ । ਵੇਦ ਪੁਰਾਨ ਕੁਰਾਨ ਅੰਜੀਲ ਸ਼ਾਸਤਰ ਛੇ ਵਿਚੋਂ ਮਾਤ ਜਾਇਣ ਭੱਜ । ਸੋਹੰ ਸ਼ਬਦ ਪਾਏ ਆਣ ਸਾਧ ਸੰਗਤ ਰਖਾਏ ਲਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਆਏ ਜਨ ਸੀਸ ਝੁਕਾਏ ਪਰਦੇ ਲਏ ਕੱਜ । ਖਾਣੀ ਬਾਣੀ ਨਾ ਹੋਏ ਸਹਾਏ । ਨਿਹਕਲੰਕ ਕਲ ਜੋਤ ਪਰਗਟਾਏ । ਵਡ ਵਡ ਵਡ ਪ੍ਰਭ ਆਪਣੇ ਭਾਣੇ ਰਿਹਾ ਸਮਾਏ । ਤਟ ਤੀਰਥ ਕੋਈ ਸਾਰ ਨਾ ਪਾਏ । ਵੇਲੇ ਅੰਤ ਕਲ ਨਾ ਕੋਇ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਮਾਣ ਗਵਾਏ । ਮਾਣ ਗਵਾਏ ਸਰਬ ਆਣ । ਚਾਰ ਯਾਰਾਂ ਸੰਗ ਮੁਹੰਮਦ ਜੋ ਪ੍ਰਭ ਪਾਈ ਆਣ । ਏਕਾ ਸ਼ਬਦ ਨਿਹਕਲੰਕ ਸੋਹੰ ਲਾਇਆ ਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਗਵਾਏ ਮਾਣ । ਪ੍ਰਭ ਸਾਚਾ ਕਲ ਬਣਤ ਬਣਾਵੇ । ਬਿਨ ਪਿਤ ਪੂਤ ਉਪਜਾਵੇ । ਕੁਆਰੀ ਮਰੀਆ ਨਾਮ ਲਿਖਾਵੇ । ਯਸੂ ਕ੍ਰਿਸਤੀ ਜਗਤ ਉਪਾਵੇ । ਕਲਜੁਗ ਉਲਟੀ ਬਣਤ ਬਣਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਜੋਤ ਅੰਜੀਲ ਖਿੱਚ ਵਖਾਵੇ । ਸਾਚਾ ਨਾਮ ਧਰੇ ਗੁਰ ਮੰਤਰ । ਸੋਹੰ ਸ਼ਬਦ ਸਰਬ ਭਸਮੰਤਰ । ਰਸਨਾ ਸਵਾਸ ਚਲਾਏ ਪ੍ਰਭ ਏਕਾ ਸਤੰਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਸੋਹੰ ਦੇਵੇ ਸਾਚਾ ਗੁਰ ਮੰਤਰ । ਸਾਚਾ ਨਾਮ ਜੋ ਜਨ ਦ੍ਰਿੜਾਵੇ । ਪ੍ਰਭ ਅਬਿਨਾਸ਼ੀ ਰਸਨਾ ਗਾਵੇ । ਨਿਜ ਘਰ ਵਾਸੀ ਨਿਜ ਮਾਹਿ ਪਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਦ ਵਿਚ ਸਮਾਵੇ । ਆਪਣਾ ਆਪ ਪ੍ਰਭ ਰਿਹਾ ਛੁਪਾਏ । ਬੇਮੁਖਾਂ ਪ੍ਰਭ ਦਿਸ ਨਾ ਆਏ । ਗੁਰਮੁਖਾਂ ਪ੍ਰਭ ਬੂਝ ਬੁਝਾਏ । ਸੋਹੰ ਸ਼ਬਦ ਗਿਆਨ ਦੇ, ਪ੍ਰਭ ਸਾਚਾ ਸਰਨ ਲਗਾਏ । ਏਕਾ ਨਾਮ ਜਗਤ ਨਿਧਾਨ ਦੇ, ਪ੍ਰਭ ਭੁੱਲਿਆਂ ਮਾਰਗ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਨਾਮ ਧਰਾਏ । ਸਾਚਾ ਨਾਮ ਜਗਤ ਧਰਾਏ । ਹੰਸਾ ਅਵਤਾਰ ਜਗਤ ਪ੍ਰਭ ਅਖਵਾਏ । ਮੋਹਣੀ ਰੂਪ ਪ੍ਰਭ ਲਿਆ ਵਟਾਏ । ਸ਼ਿਵ ਸ਼ੰਭੂ ਪ੍ਰਭ ਦੇ ਭੁਲਾਏ । ਆਕਾਰ ਵਿਕਾਰ ਪ੍ਰਭ ਰਿਦੇ ਵਸਾਏ । ਗੁਣ ਨਿਧਾਨ ਚਤੁਰ ਸੁਜਾਨ ਸ਼ਿਵ ਜਾਏ ਮਾਣ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਏ । ਮੋਹਣੀ ਰੂਪ ਪ੍ਰਭ ਬਣਾਇਆ । ਵੇਖ ਸ਼ਿਵ ਆਤਮ ਡੁਲਾਇਆ । ਕਾਮ ਹੰਕਾਰ

ਸੁਧ ਭੁਲਾਇਆ । ਜੋਤ ਸਰੂਪੀ ਜੋਤ ਪ੍ਰਭ ਕਿਸੇ ਹੱਥ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੁਗੋ ਜੁਗ ਸਭ ਦਾ ਮਾਣ ਗਵਾਇਆ । ਸਚ ਪ੍ਰਭ ਸਚ ਦਰਬਾਰ । ਸਾਚੀ ਜੋਤ ਧਰੇ ਵਿਚ ਸੰਸਾਰ । ਦੇਵਣਹਾਰ ਇਕ ਦਾਤਾਰ । ਮੰਗਣ ਖੜ੍ਹੇ ਕੋਟ ਦਵਾਰ । ਏਕਾ ਸ਼ਬਦ ਪ੍ਰਭ ਰਖਾਵੇ ਅਧਾਰ । ਪਰਗਟ ਜੋਤ ਜੋਤ ਸਰੂਪ, ਸਾਚਾ ਜੋਤ ਕਰੇ ਆਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਅਵਤਾਰ । ਸਾਚਾ ਦਰ ਭਗਤ ਭੰਡਾਰ । ਦੇਵੇ ਪ੍ਰਭ ਅਗੰਮ ਅਪਾਰ । ਅਗੰਮ ਅਪਾਰ ਗੁਰਸਿਖ ਸਾਚਾ ਜਾਏ ਤਾਰ । ਹਿਰਦੇ ਵਸੇ ਕ੍ਰਿਸ਼ਨ ਮੁਰਾਰ । ਲੋਕਮਾਤ ਨਾ ਹੋਵੇ ਕਿਸੇ ਡਰ । ਰੱਖੇ ਹੱਥ ਸਿਰ ਆਪ ਗਿਰਧਾਰ । ਕਲ ਜੀਵ ਆਪਣਾ ਕੀਆ ਲੈਣ ਭਰ, ਮਦਿਰਾ ਮਾਸ ਕਰਨ ਆਹਾਰ । ਗੁਰਮੁਖ ਸਾਚਾ ਪ੍ਰਭ ਚਰਨ ਲਾਗ ਜਾਏ ਤਰ, ਸੋਹੰ ਸ਼ਬਦ ਗਾਏ ਰਸਨ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਰੇ ਪਸਾਰ । ਜੋਤ ਸਰੂਪ ਪ੍ਰਭ ਪਰਕਾਸ਼ੇ । ਆਤਮ ਅੰਧੇਰ ਸਰਬ ਵਿਨਾਸੇ । ਸਾਚਾ ਪ੍ਰਭ ਰੱਖੇ ਸਚ ਘਰ ਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਜਪਾਏ ਸਵਾਸ ਸਵਾਸੇ । ਸੋਹੰ ਸ਼ਬਦ ਬਲੀ ਬਲਵਾਨ । ਬਖ਼ਸ਼ੇ ਗੁਰਮੁਖ ਸਾਚਾ ਪ੍ਰਭ ਵਿਸ਼ਨੂੰ ਭਗਵਾਨ । ਜੋ ਜਨ ਰਸਨਾ ਜਪੇ ਆਤਮ ਜੋਤ ਜਗੇ ਮਹਾਨ । ਕਰ ਦਰਸ ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਗੁਣ ਨਿਧਾਨ । ਗੁਣਵੰਤ ਨਾ ਜੀਵ ਵਿਚਾਰੇ । ਜੋਤ ਸਰੂਪ ਵਿਚ ਸੰਸਾਰੇ । ਕਲਜੁਗ ਜੀਵ ਅੰਤਕਾਲ ਹੋਏ ਅੰਧ ਅੰਧਿਆਰੇ । ਬੇਮੁਖ ਸੋਏ ਲੰਬੇ ਪੈਰ ਪਸਾਰੇ । ਮਾਨਸ ਜਨਮ ਗਏ ਕਲ ਹਾਰੇ । ਦੋ ਜਹਾਨੀ ਹੋਏ ਖ਼ੁਆਰੇ । ਗੁਰਸਿਖ ਜਨ ਸਾਚਾ ਹੋਏ । ਬਿਨ ਪ੍ਰਭ ਅਵਰ ਨਾ ਦੀਸੇ ਕੋਇ । ਪ੍ਰਭ ਚਰਨ ਲਾਗ ਜਨਮ ਜਨਮ ਦੀ ਮੈਲ ਧੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਧਾਗੇ ਲਏ ਪਰੋਏ । ਸੋਹੰ ਸਾਚਾ ਨਾਮ ਉਪਜਾਇਆ । ਸਤਿਜੁਗ ਸਾਚਾ ਮਾਰਗ ਲਾਇਆ । ਕਲਜੁਗ ਝੂਠਾ ਭੇਖ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਰੰਕਾਂ ਇਕ ਕਰਾਇਆ । ਸਤਿਜੁਗ ਸਾਚਾ ਮਾਰਗ ਲਾਏ । ਜੋਤ ਸਰੂਪੀ ਸਾਚੀ ਜੋਤ ਵਿਚ ਮਾਤ ਜਗਾਏ । ਏਕਾ ਸ਼ਬਦ ਏਕਾ ਰਾਗ ਪ੍ਰਭ ਏਕਾ ਧੁਨ ਉਪਜਾਏ । ਸਾਚਾ ਨਾਮ ਚਾਰ ਕੁੰਟ ਪ੍ਰਭ ਸੋਹੰ ਡੰਕ ਵਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਰੰਕ ਇਕ ਕਰਾਏ । ਸਾਚਾ ਪ੍ਰਭ ਕਲ ਵਰਤਾਏ । ਸਾਚੀ ਜੋਤ ਵਿਚ ਮਾਤ ਪਰਗਟਾਏ । ਪਵਣ ਪੂਤ ਪ੍ਰਭ ਸ਼ਬਦ ਅਲਾਏ । ਗੁਰਮੁਖ ਸਾਚੇ ਪ੍ਰਭ ਰਿਦੇ ਵਸਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਹੋਏ ਸਹਾਏ । ਸੋਹੰ ਸਾਚਾ ਸਚ ਘਰ ਪਾਇਆ । ਸਾਚਾ ਪ੍ਰਭ ਰਸਨਾ ਅਲਾਇਆ । ਵਿਚ ਮਾਤ ਪਵਣ ਸਮਾਇਆ । ਚਾਰ ਕੁੰਟ ਪ੍ਰਭ ਸਾਚੇ ਏਕਾ ਡੰਕ ਵਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਮਾਣ ਦਵਾਇਆ । ਸੋਹੰ ਸ਼ਬਦ ਪ੍ਰਭ ਕੀ ਧੁਨ । ਜਨ ਵਿਰਲਾ ਜਾਣੇ ਮਾਣੇ ਰਿਖ ਮੁਨ । ਪੂਰਨ ਪ੍ਰਭ ਪਛਾਣੇ ਜੀਵ ਆਤਮ ਖੁਲ੍ਹੇ ਸੁੰਨ । ਕਲਜੁਗ ਜੀਵ ਹੋਏ ਅੰਞਾਣੇ, ਪ੍ਰਭ ਖਪਾਏ ਅੰਤਕਾਲ ਕਲ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਕਾਂ ਲਏ ਪੁਕਾਰ ਸੁਣ । ਸਾਚਾ ਪ੍ਰਭ ਸੁਣੇ ਪੁਕਾਰਾ । ਮਾਤਲੋਕ ਲਏ ਅਵਤਾਰਾ । ਏਕਾ ਜੋਤ ਜਗੇ ਨਿਹਕਲੰਕ ਅਵਤਾਰਾ । ਸ੍ਰਿਸ਼ਟ ਸਬਾਈ ਹੋਏ ਖ਼ੁਆਰਾ । ਬੇਮੁਖਾਂ ਆਤਮ ਪ੍ਰਭ ਲਾਏ ਖੰਡਾ ਦੋ ਧਾਰਾ । ਗੁਰਮੁਖ ਸਾਚੇ ਰੰਗ ਚੜ੍ਹਾਏ ਪ੍ਰਭ ਸੋਹੰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਅਗੰਮ ਅਪਾਰਾ । ਸਚ ਗੁਰ ਸਚ ਦਰਬਾਰ । ਭਗਤ ਜਨਾਂ ਪ੍ਰਭ ਤਾਰਨਹਾਰ । ਕਲਜੁਗ ਬੇੜਾ ਕਰਿਆ ਪਾਰ । ਜੋ ਜਨ ਆਏ ਪ੍ਰਭ ਚਰਨ ਦਵਾਰ । ਸੋਹੰ ਸ਼ਬਦ ਪ੍ਰਭ

ਦੇਵੇ ਨਾਮ ਅਧਾਰ । ਰਸਨਾ ਜਪ ਜਪ ਜੀਵ ਆਤਮ ਕਰੇ ਉਜਿਆਰ । ਸਾਚਾ ਨਾਮ ਅੰਮ੍ਰਿਤ ਰਸ ਪੀਵ, ਵੇਲੇ ਅੰਤ ਪਾਵੇ ਮੋਖ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣ ਰਖਾਏ ਵਿਚ ਸੰਸਾਰ । ਵਿਚ ਜਗਤ ਪ੍ਰਭ ਮਾਣ ਦਵਾਏ । ਪ੍ਰਭ ਸਾਚਾ ਮਿਤਗਤਿ ਜਿਸ ਜਨ ਜਣਾਏ । ਬੇਮੁਖ ਜੀਵ ਕੋਈ ਭੇਵ ਨਾ ਪਾਏ । ਗੁਰਮੁਖ ਸਾਚੇ ਸੁਫਲ ਹੋਏ ਦਰ ਸੇਵ, ਦਰ ਆਏ ਸੀਸ ਝੁਕਾਏ । ਦੇਵੇ ਦਰਸ ਪ੍ਰਭ ਅਲਖ ਅਭੇਵ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਪਰਗਟਾਏ । ਕਿਰਪਾ ਕਰੇ ਆਪ ਗਿਰਧਾਰਾ । ਸਾਚੀ ਜੋਤ ਕਰੇ ਆਕਾਰਾ । ਜੋਤ ਸਰੂਪ ਪ੍ਰਭ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਰਾਇਣ ਨਰ ਜਗਤ ਪਿਤ ਆਇਆ । ਜੋਤ ਸਰੂਪੀ ਖੇਲ ਰਚਾਇਆ । ਏਕਾ ਭੇਵ ਪ੍ਰਭ ਆਪ ਖੁਲ੍ਹਾਇਆ । ਗੁਰਮੁਖਾਂ ਪ੍ਰਭ ਮਾਣ ਦਵਾਇਆ । ਬੇਮੁਖਾਂ ਗੂੜ੍ਹੀ ਨੀਂਦ ਪ੍ਰਭ ਸਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾਇਆ । ਜੋਤ ਸਰੂਪੀ ਜਾਮਾ ਧਾਰ । ਅਚਰਜ ਖੇਲ ਕਰੇ ਕਰਤਾਰ । ਸਾਚਾ ਪ੍ਰਭ ਸੁਣੇ ਪੁਕਾਰ । ਏਕਾ ਸ਼ਬਦ ਦੇਵੇ ਅਧਾਰ । ਆਤਮ ਜੋਤ ਜਗੇ ਅਪਾਰ । ਅਨਹਦ ਸ਼ਬਦ ਉਪਜੇ ਧੁਨਕਾਰ । ਅੰਮ੍ਰਿਤ ਆਤਮ ਬਰਖੇ ਪ੍ਰਭ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਜਾਣੇ ਸਾਰ । ਸਰਬ ਜਨਾਂ ਪ੍ਰਭ ਆਪੇ ਜਾਣੇ । ਆਪਣਾ ਰੰਗ ਆਪ ਪ੍ਰਭ ਮਾਣੇ । ਕਲਜੁਗ ਜੀਵ ਹੋਏ ਅੰਞਾਣੇ । ਜੋਤ ਸਰੂਪ ਨਾ ਪ੍ਰਭ ਪਛਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਮੇਟ ਵਖਾਣੇ । ਕਲ ਕਲ ਕਲ ਹੋਏ ਅੰਤ । ਮਾਇਆ ਪ੍ਰਭ ਪਾਏ ਬੇਅੰਤ । ਸਰਬ ਭੇਖ ਮਿਟਾਏ ਸਰਬ ਜੀਵ ਜੰਤ । ਬੈਠਾ ਅਡੋਲ ਪ੍ਰਭ ਇਕੰਤ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਾਏ ਸਾਚੇ ਸੰਤ । ਆਤਮ ਸਾਚੀ ਜੋਤ ਜਗਾਈ । ਸੁਰਤ ਸ਼ਬਦ ਪ੍ਰਭ ਮੇਲ ਮਿਲਾਈ । ਸਾਚੇ ਪ੍ਰਭ ਦਇਆ ਕਮਾਈ । ਸੋਹੰ ਸਾਚਾ ਨਾਮ ਗੁਰਮੁਖਾਂ ਝੋਲੀ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਜੋਤ ਸਵਾਈ । ਆਤਮ ਜੋਤ ਕਰੇ ਉਜਿਆਰ । ਸੋਹੰ ਦੇਵੇ ਨਾਮ ਅਧਾਰ । ਏਕਾ ਰੰਗ ਵਸੇ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖਾਂ ਲਾਵੇ ਪਾਰ । ਸਤਿ ਪੁਰਖ ਸਤਿ ਕਰ ਜਾਣ । ਸਾਚਾ ਪ੍ਰਭ ਸਦ ਰੰਗ ਮਾਣ । ਦੇਵੇ ਦਰਸ ਪ੍ਰਭ ਬਿਧਨਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਸੋਹੰ ਸ਼ਬਦ ਮਾਰੇ ਬਾਣ । ਸੋਹੰ ਸ਼ਬਦ ਪ੍ਰਭ ਚਲਾਇਆ । ਕਲਜੁਗ ਝੂਠਾ ਭੇਖ ਮਿਟਾਇਆ । ਕਲਜੁਗ ਸਾਚਾ ਲੇਖ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਪਰਗਟਾਇਆ । ਏਕਾ ਜੋਤ ਇਕ ਆਕਾਰਾ । ਏਕਾ ਬੰਕ ਇਕ ਦਵਾਰਾ । ਜੁਗੋ ਜੁਗ ਪ੍ਰਭ ਮਾਤ ਲਏ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸਤਿਗੁਰ ਸਾਚਾ ਦਇਆ ਕਮਾਏ । ਵਿਛੜਿਆਂ ਕਲ ਮੇਲ ਮਿਲਾਏ । ਰੁਠੜਿਆਂ ਪ੍ਰਭ ਲਏ ਮਨਾਏ । ਭੁਖੜਿਆਂ ਪ੍ਰਭ ਭੁੱਖ ਗਵਾਏ । ਦੁਖੜਿਆਂ ਪ੍ਰਭ ਦੁਖ ਮਿਟਾਏ । ਰੁਖੜਿਆਂ ਪ੍ਰਭ ਅੰਮ੍ਰਿਤ ਮੇਘ ਬਰਸਾਏ । ਸੁਕੜਿਆਂ ਪ੍ਰਭ ਮਾਤ ਹਰਾ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਏ । ਗੁਰਮੁਖ ਸੋਇਆ ਪ੍ਰਭ ਸਾਚਾ ਜਾਗਾ । ਅਨਹਦ ਸ਼ਬਦ ਉਪਜਾਵੇ ਰਾਗਾ । ਖੁਲ੍ਹੇ ਸੁੰਨ ਪ੍ਰਭ ਚਰਨੀ ਲਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਮੈਲ ਗਵਾਏ ਦਾਗ਼ਾ । ਦੁਖੀਆ ਜੀਵ ਦਰ ਬਿਲਲਾਏ । ਸਾਚਾ ਪ੍ਰਭ ਦਇਆ ਕਮਾਏ । ਕਿਰਪਾ ਕਰੇ ਆਪ ਰਘੁਰਾਏ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਸਰਨ ਆਏ ਜੋ ਜਨ ਸਰਨਾਇਆ । ਪ੍ਰਭ ਸਾਚੇ ਦਾ ਮਾਣ ਰਖਾਇਆ । ਆਤਮ ਅਭਿਮਾਨ ਸਰਬ ਗਵਾਇਆ । ਏਕਾ ਧਿਆਨ ਗੁਰਚਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਸਿਰ ਹੱਥ ਟਿਕਾਇਆ । ਜੋ ਜਨ ਆਏ ਗੁਰਚਰਨ ਦਰਬਾਰੇ । ਕਿਰਪਾ ਕਰੇ ਪ੍ਰਭ ਗਿਰਧਾਰੇ । ਰੋਗ ਸੋਗ ਪ੍ਰਭ ਆਪ ਨਿਵਾਰੇ । ਦਰਸ ਅਮੋਘ ਦੇਵੇ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ । ਕਰ ਕਿਰਪਾ ਪਾਰ ਉਤਾਰਿਆ । ਨਿਰਧਨਾਂ ਪ੍ਰਭ ਕਾਜ ਸਵਾਰਿਆ । ਸਰਧਨਾਂ ਪ੍ਰਭ ਆਸ ਪੁਜਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਕਰਤਾਰਿਆ । ਨਿਰਧਨਾਂ ਪ੍ਰਭ ਸਰਧਾ ਪੂਰ । ਸਾਚਾ ਪ੍ਰਭ ਸਦਾ ਹਜ਼ੂਰ । ਆਤਮ ਬਖ਼ਸ਼ੇ ਸਾਚਾ ਨੂਰ । ਸੋਹੰ ਦੇਵੇ ਸਾਚੀ ਤੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਲੀ ਭਾਂਡੇ ਕਰੇ ਭਰਪੂਰ । ਪੂਰਨ ਪ੍ਰਭ ਪੂਰਨ ਆਸਾ । ਸਾਚਾ ਪ੍ਰਭ ਸਚ ਭਰਵਾਸਾ । ਚਰਨ ਪ੍ਰੀਤੀ ਸਾਚੀ ਰਹਿਰਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਬੰਦ ਖ਼ਲਾਸਾ । ਗੁਰਮੁਖਾਂ ਕਰੇ ਬੰਦ ਖ਼ਲਾਸੀ । ਗਲੋਂ ਕਟੇ ਜਮ ਕੀ ਫਾਸੀ । ਜੁਗਤ ਮੁਕਤ ਕਰਾਏ ਦਾਸੀ । ਦੇਵੇ ਮਾਣ ਘਨਕਪੁਰ ਵਾਸੀ । ਕਲਜੁਗ ਪਰਗਟੇ ਜੋਤ ਅਬਿਨਾਸ਼ੀ । ਕਲਜੁਗ ਮਾਇਆ ਦਰ ਤੋ ਨਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਘਟ ਵਾਸੀ । ਸਰਬ ਘਟਾ ਪ੍ਰਭ ਆਪੇ ਜਾਣੇ । ਭਗਤ ਜਨਾਂ ਪ੍ਰਭ ਬਿਰਦ ਰਖਾਣੇ । ਦਰ ਘਰ ਸਾਚੇ ਦੇਵੇ ਮਾਣੇ । ਸਾਚੀ ਜੋਤ ਜਗੇ ਮਹਾਣੇ । ਗੁਰਮੁਖ ਵਿਰਲਾ ਪ੍ਰਭ ਰੰਗ ਮਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਪੇ ਜਾਣੇ । ਸਰਬ ਜਨਾਂ ਪ੍ਰਭ ਜਾਨਣਹਾਰ । ਆਤਮ ਵਸੇ ਪ੍ਰਭ ਗਿਰਧਾਰ । ਦਿਸ ਨਾ ਆਏ ਕਲਜੁਗ ਜੀਵ ਗਵਾਰ । ਗੁਰਮੁਖਾਂ ਜੋਤ ਆਤਮ ਕਰੇ ਉਜਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਖੋਲ੍ਹ ਦੇਵੇ ਦਰ ਦਵਾਰ । ਦਸਮ ਦਵਾਰ ਪ੍ਰਭ ਆਪ ਖੁਲ੍ਹਾਏ । ਸੁਰਤ ਸ਼ਬਦ ਪ੍ਰਭ ਮੇਲ ਮਿਲਾਏ । ਆਤਮ ਤ੍ਰੈਕੁਟੀ ਖੋਲ੍ਹ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚੀ ਧੁਨ ਉਪਜਾਏ । ਸੋਹੰ ਧੁਨ ਉਪਜਾਵੇ ਆਤਮ ਅੰਦਰ । ਝੂਠੀ ਕਾਇਆ ਸਾਚਾ ਮੰਦਰ । ਗੁਰਮੁਖ ਸਾਚੇ ਖੁੱਲ੍ਹਾ ਜੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਸੇ ਅੰਦਰ । ਗੁਰਸਿਖ ਮੰਗ ਦਰਸ ਦਾਨ । ਦੇਵੇ ਦਰਸ ਵਿਸ਼ਨੂੰ ਭਗਵਾਨ । ਸੋਹੰ ਨਾਮ ਦੇਵੇ ਬਬਾਣ । ਰਸਨਾ ਜਪ ਜਪ ਜੀਵ ਆਤਮ ਜੋਤ ਜਗੇ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਮੇਲ ਮਿਲਾਣ । ਜੋਤ ਸਰੂਪੀ ਮੇਲ ਮਿਲਾਵੇ । ਆਪ ਆਪਣਾ ਆਪ ਪਰਗਟਾਵੇ । ਆਤਮ ਬੁਝੀ ਦੀਪਕ ਫੇਰ ਜਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰਸ ਦਿਖਾਵੇ । ਦਰਸ ਦਿਖਾਏ ਦਇਆਵੰਦ । ਆਤਮ ਉਪਜਾਵੇ ਪਰਮਾਨੰਦ । ਗੁਰਮੁਖ ਕਟਾਏ ਦੁਖ ਬੰਦ ਬੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਧੀਰ ਧਰਾਏ, ਜਿਉਂ ਸੀਤਲਤਾ ਚੰਦ । ਸਾਚਾ ਗੁਰ ਸਾਂਤਕ ਸਤਿ । ਗੁਰਮੁਖ ਸਾਚੇ ਸਾਚੀ ਮਤਿ । ਪ੍ਰਭ ਅਬਿਨਾਸ਼ੀ ਜਾਣੇ ਆਪ ਮਿਤ ਗਤਿ । ਸੋਹੰ ਸ਼ਬਦ ਰਖਾਵੇ ਦੇਹ ਸਾਚਾ ਯਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਰੱਖੇ ਤੇਰੀ ਪਤਿ । ਪਤਿਪਰਮੇਸ਼ਵਰ ਦਇਆ ਕਮਾਏ । ਆਪ ਆਪਣੇ ਚਰਨ ਲਗਾਏ । ਅਗਿਆਨ ਅੰਧੇਰ ਸਰਬ ਮਿਟਾਏ । ਜੋਤ ਸਰੂਪੀ ਦਰਸ ਦਿਖਾਏ । ਏਕਾ ਜੋਤ ਦੇ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਦਇਆ ਕਮਾਏ । ਦੇਵੇ ਦਰਸ ਅਲਖ ਅਭੇਵਾ । ਆਪ ਆਪਣੀ ਲਾਵੇ

੧੪੮
੦੧

ਸੇਵਾ । ਸੋਹੰ ਦੇਵੇ ਆਤਮ ਸਾਚਾ ਮੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਵਡਿਆਈ ਵਡ ਦੇਵੀ ਦੇਵਾ । ਸੁਰਤੀ ਦੇਵੇ ਸੁਰਤ ਧਿਆਨਾ । ਆਤਮ ਦੇਵੇ ਬ੍ਰਹਮ ਗਿਆਨਾ । ਸੋਹੰ ਉਪਜਾਵੇ ਸੁਣਾਵੇ ਸ਼ਬਦ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਗੁਣ ਨਿਧਾਨਾ । ਕਿਰਪਾ ਕਰੇ ਪ੍ਰਭ ਅਪਾਰਾ । ਸੋਹੰ ਸ਼ਬਦ ਉਪਜੇ ਧੁਨਕਾਰਾ । ਖੋਲ੍ਹ ਦੇਵੇ ਪ੍ਰਭ ਦਸਮ ਦਵਾਰਾ । ਅੰਮ੍ਰਿਤ ਝਿਰਨਾ ਝਿਰੇ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਜੋਤ ਸਰੂਪ ਨਿਰਾਧਾਰਾ । ਸਾਚਾ ਪ੍ਰਭ ਨਿਰਾਹਾਰ ਸਮਾਏ । ਸਾਚਾ ਪ੍ਰਭ ਨਿਰਵੈਰ ਅਖਵਾਏ । ਸਾਚਾ ਪ੍ਰਭ ਗੁਰਮੁਖਾਂ ਸਦ ਦਇਆ ਕਮਾਏ । ਸਾਚਾ ਪ੍ਰਭ ਦੇਵੇ ਵਡਿਆਈ ਹੋਏ ਨਿਮਾਣਾ ਜੋ ਦਰ ਤੇ ਆਏ । ਆਤਮ ਸਾਚੀ ਜੋਤ ਜਗਾਏ । ਬਿਨ ਬਾਤੀ ਬਿਨ ਤੇਲ ਵਿਚ ਦੇਹ ਕਰੇ ਰੁਸ਼ਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦੇਵੇ ਜਣਾਏ । ਆਪ ਆਪਣਾ ਜਨ ਜਣਾਵੇ । ਜੋਤ ਸਰੂਪੀ ਦਰਸ ਦਿਖਾਵੇ । ਬਾਹੋਂ ਪਕੜ ਪ੍ਰਭ ਆਪ ਉਠਾਵੇ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਕਾਲ ਕਲ ਚਰਨ ਲਗਾਵੇ । ਅੰਤਕਾਲ ਕਲਜੁਗ ਕਰਾਣਾ । ਬੇਮੁਖ ਜੀਵਾਂ ਪ੍ਰਭ ਸਰਬ ਮਿਟਾਣਾ । ਗੁਰਮੁਖ ਸਾਚੇ ਸਾਚੀ ਦਰਗਾਹ ਮਾਣ ਦਵਾਣਾ । ਸਾਧ ਸੰਗਤ ਅੰਤਕਾਲ ਪ੍ਰਭ ਸਿਰ ਹੱਥ ਟਿਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸ ਰਖਾਣਾ । ਦਰਗਾਹ ਸਾਚੀ ਮਾਣ ਦਵਾਏ । ਦਰ ਘਰ ਸਾਚੇ ਲਏ ਬਹਾਏ । ਜੋਤ ਜੋਤ ਮੇਲ ਕਰ, ਲੱਖ ਚੁਰਾਸੀ ਗੇੜ ਕਟਾਏ । ਪਾਰਬ੍ਰਹਮ ਅਚਰਜ ਖੇਲ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਲਏ ਤਰਾਏ । ਤਾਰਨਹਾਰ ਆਪ ਦਾਤਾਰ । ਕਲਜੁਗ ਬੇੜਾ ਕੀਆ ਪਾਰ । ਦੇਵੇ ਦਰਸ ਪ੍ਰਭ ਅਪਾਰ । ਪਕੜ ਲਿਆਵੇ ਚਰਨ ਦਵਾਰ । ਕਿਰਪਾ ਕਰੇ ਭਗਤ ਉਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਅਪਾਰ । ਆਤਮ ਜੋਤ ਹੋਏ ਪਰਕਾਸ਼ । ਆਤਮ ਅੰਧੇਰ ਜਾਏ ਵਿਨਾਸ । ਸੋਹੰ ਉਪਜੇ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰੱਖੇ ਵਿਚ ਵਾਸ । ਸੋਹੰ ਤੇਰੀ ਜੈ ਜੈ ਜੈਕਾਰ । ਚਾਰ ਕੁੰਟ ਵਰਤੇ ਵਿਚ ਸੰਸਾਰ । ਚਾਰ ਵਰਨ ਏਕਾ ਦਿਸੇ ਨਿਹਕਲੰਕ ਤੇਰਾ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਕਰੇ ਆਕਾਰ । ਏਕਾ ਦਰ ਦਰਬਾਰ ਰਖਾਇਆ । ਚਾਰ ਵਰਨ ਪ੍ਰਭ ਮਾਣ ਦਵਾਇਆ । ਊਚ ਨੀਚ ਸਰਬ ਭੇਖ ਮਿਟਾਇਆ । ਰਾਓ ਰੰਕ ਇਕ ਕਰ ਬਹਾਇਆ । ਰਾਜਾ ਰਾਣਾ ਤਖ਼ਤੋਂ ਲਾਹਿਆ । ਸੋਹੰ ਬਾਣ ਸ਼ਬਦ ਚਲਾਇਆ । ਕਲਜੁਗ ਅੰਤਮ ਪਰਗਟ ਜੋਤ ਨਿਹਕਲੰਕ ਕਲ ਕਰਮ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਡੰਕ ਵਜਾਇਆ । ਸੋਹੰ ਸ਼ਬਦ ਵੱਜੇ ਡੰਕ । ਇਕ ਕਰਾਏ ਰਾਓ ਰੰਕ । ਪਰਗਟ ਜੋਤ ਸੁਹਾਏ ਥਾਨ ਬੰਕ । ਜੋਤ ਸਰੂਪੀ ਪਰਗਟ ਜੋਤ ਦੇਵੇ ਦਰਸ ਵਾਸੀ ਪੁਰੀ ਘਨਕ । ਘਨਕਪੁਰੀ ਪ੍ਰਭ ਜਾਮਾ ਪਾਇਆ । ਆਪਣਾ ਆਪ ਪ੍ਰਭ ਆਪ ਛੁਪਾਇਆ । ਗੁਰਮੁਖ ਵਿਰਲੇ ਪ੍ਰਭ ਸੇਵ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰਸ ਦਿਖਾਇਆ । ਗੁਰ ਦਰਸ ਪੇਖੇ ਗੁਰ ਦਰ ਆਏ । ਆਤਮ ਤ੍ਰਿਖਾ ਸਰਬ ਮਿਟਾਏ । ਨਿਜਾਨੰਦ ਨਿਜ ਮਾਹਿ ਉਪਜਾਏ । ਆਤਮ ਸਾਚੀ ਜੋਤ ਜਗਾਏ । ਜਗੇ ਜੋਤ ਕਦੇ ਬੁਝ ਨਾ ਜਾਏ । ਸੋਹੰ ਸ਼ਬਦ ਰਸਨ ਸਵਾਸ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਆਤਮ ਵਾਸ ਰਖਾਏ ।

❊ ੧੫ ਚੇਤ ੨੦੦੬ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ❊

ਬਣਤ ਬਣਾਏ ਆਪ ਪ੍ਰਭ, ਆਪਣੀ ਜੋਤ ਪਰਗਟਾਏ । ਬਣਤ ਬਣਾਏ ਆਪ ਪ੍ਰਭ, ਗੁਰਸਿਖ ਸਾਚੇ ਲਏ ਜਗਾਏ । ਬਣਤ ਬਣਾਏ ਆਪ ਪ੍ਰਭ, ਵਿਚ ਚਰਨ ਲਏ ਲਗਾਏ । ਬਣਤ ਬਣਾਏ ਆਪ ਪ੍ਰਭ, ਆਤਮ ਅੰਧੇਰ ਦਏ ਗਵਾਏ । ਬਣਤ ਬਣਾਏ ਆਪ ਪ੍ਰਭ, ਸਾਚੀ ਜੋਤ ਦੇ ਜਗਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਦਇਆ ਕਮਾਏ । ਬਣਤ ਬਣਾਏ ਆਪ ਪ੍ਰਭ, ਗੁਰਮੁਖ ਸਾਚੇ ਬਜਰ ਕਪਾਟ ਖੁਲ੍ਹਾਏ । ਬਣਤ ਬਣਾਏ ਆਪ ਪ੍ਰਭ, ਸਾਚੀ ਜੋਤ ਕਰੇ ਰੁਸ਼ਨਾਏ । ਬਣਤ ਬਣਾਏ ਆਪ ਪ੍ਰਭ, ਆਤਮ ਝਿਰਨਾ ਦੇ ਝਿਰਾਏ । ਬਣਤ ਬਣਾਏ ਆਪ ਪ੍ਰਭ, ਮੁਖ ਅੰਮ੍ਰਿਤ ਦੇ ਚੁਆਏ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ । ਬਣਤ ਬਣਾਏ ਆਪ ਪ੍ਰਭ, ਜੋਤ ਸਰੂਪੀ ਦਰਸ ਦਿਖਾਵੇ । ਬਣਤ ਬਣਾਏ ਆਪ ਪ੍ਰਭ, ਅਨਹਦ ਸਾਚੀ ਧੁਨ ਉਪਜਾਵੇ । ਬਣਤ ਬਣਾਏ ਆਪ ਪ੍ਰਭ, ਅਨਹਦ ਸਾਚਾ ਰਾਗ ਉਪਜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਜੋਤ ਆਪ ਪਰਗਟਾਵੇ । ਸਾਚੇ ਪ੍ਰਭ ਬਣਤ ਬਣਾਈ । ਆਪ ਆਪਣੀ ਜੋਤ ਪਰਗਟਾਈ । ਬੇਮੁਖ ਆਤਮ ਅੰਧੇਰ ਰਖਾਈ । ਗੁਰਮੁਖ ਸਾਚੇ ਬੂਝ ਬੁਝਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦਾਤ ਝੋਲੀ ਪਾਈ । ਸੋਹੰ ਏਕਾ ਭਗਤ ਉਧਾਰ । ਸਤਿਗੁਰ ਸਾਚਾ ਇਕ ਰਖਾਏ ਸ਼ਬਦ ਸੰਸਾਰ । ਬੈਠਾ ਅਡੋਲ ਵਿਚ ਜੀਵ ਜੰਤ ਗੁਰਮੁਖ ਵਿਰਲਾ ਪਾਵੇ ਸਾਰ । ਸਾਚਾ ਪ੍ਰਭ ਏਕਾ ਦੇਵੇ ਚਰਨ ਪਿਆਰ । ਮਾਤਲੋਕ ਮਿਲੇ ਵਡਿਆਈ, ਆਤਮ ਉਪਜੇ ਸਾਚੀ ਧੁਨਕਾਰ । ਦਿਵਸ ਰੈਣ ਪ੍ਰਭ ਏਕਾ ਸ਼ਬਦ ਚਲਾਵੇ ਭਗਤ ਅਧਾਰ । ਪ੍ਰਭ ਸਾਚਾ ਸਚ ਮੇਲ ਮਿਲਾਵੇ, ਸਦ ਬਖ਼ਸ਼ਣਹਾਰ ਆਪ ਦਾਤਾਰ । ਭੁੱਲਿਆਂ ਪ੍ਰਭ ਮਾਰਗ ਪਾਵੇ, ਕਰੇ ਕਰਾਵੇ ਕਰਾਵਣਹਾਰ । ਕਲਜੁਗ ਜੀਵ ਭੇਵ ਨਾ ਪਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਪਾਵੇ ਸਾਰ । ਗੁਰਮੁਖ ਸਾਚੇ ਬੂਝ ਬੁਝਾਏ । ਆਪ ਆਪਣਾ ਭੇਵ ਖੁਲ੍ਹਾਏ । ਏਕਾ ਰੰਗ ਗੁਰਸਿਖ ਆਤਮ ਲਾਏ । ਸੋਹੰ ਸ਼ਬਦ ਪ੍ਰਭ ਝੋਲੀ ਪਾਏ । ਦਿਵਸ ਰੈਣ ਰਸਨਾ ਗਾਏ । ਅੰਤਕਾਲ ਕਲ ਨਾ ਲੱਗੇ ਤੱਤੀ ਵਾਏ । ਮਾਤਲੋਕ ਆਏ ਭਗਵੰਤ, ਸਤਿਜੁਗ ਸਾਚਾ ਰਾਹ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਪਰਗਟਾਏ । ਕਲਜੁਗ ਅੰਤਮ ਖੇਲ ਰਚਾਵਣਾ । ਬੇਮੁਖਾਂ ਨਸ਼ਟ ਕਰਾਵਣਾ । ਸੋਹੰ ਖੰਡਾ ਪ੍ਰਭ ਉਠਾਵਣਾ । ਸਤਿਜੁਗ ਸਾਚਾ ਮਾਰਗ ਲਾਵਣਾ । ਏਕਾ ਏਕੰਕਾਰ ਨਾਮ ਏਕ ਧਰਾਵਣਾ । ਸਰਬ ਸੁਹਾਏ ਥਾਨ ਬੰਕ, ਚਾਰ ਵਰਨ ਇਕ ਕਰਾਵਣਾ । ਇਕ ਕਰਾਏ ਰਾਓ ਰੰਕ, ਊਚ ਨੀਚ ਦਾ ਭੇਵ ਮਿਟਾਵਣਾ । ਸੋਹੰ ਵਜਾਵੇ ਸਾਚਾ ਡੰਕ, ਚਾਰ ਕੁੰਟ ਜੈ ਜੈ ਜੈਕਾਰ ਕਰਾਵਣਾ । ਗੁਰਸਿਖ ਉਧਾਰੇ ਜਿਉਂ ਤ੍ਰੇਤਾ ਜਨਕ, ਜੋਤ ਸਰੂਪੀ ਆਤਮ ਜੋਤ ਜਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾਵਣਾ । ਕਲਜੁਗ ਅੰਤਮ ਅੰਤ ਕਰਾ ਕੇ । ਆਪਣੀ ਕਲ ਆਪ ਵਰਤਾ ਕੇ । ਜੂਠ ਝੂਠ ਸਭ ਨਸ਼ਟ ਕਰਾ ਕੇ । ਤਟ ਤੀਰਥ ਸਭ ਨਾਮ ਮਿਟਾ ਕੇ । ਖਾਣੀ ਬਾਣੀ ਗਗਨ ਪਤਾਲੀ ਏਕਾ ਜੋਤ ਟਿਕਾ ਕੇ । ਸੋਹੰ ਸਾਚਾ ਸ਼ਬਦ ਵਿਚ ਮਾਤ ਚਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤ ਕਰਾ ਕੇ । ਵੇਦ ਅਥਰਬਣ ਜਾਏ ਮਿਟਾ । ਅਲ੍ਹਾ ਅਲਾਹੂ ਜੋਤ ਖਿਚਾ । ਈਸਾ ਮੂਸਾ ਮੁਹੰਮਦੀ ਕੋਈ ਦੀਸੇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਵੇ ਸਭਨੀ ਥਾਂ । ਚਾਰ ਕੁੰਟ ਜੈ ਜੈ ਜੈਕਾਰ । ਸੋਹੰ ਸ਼ਬਦ ਵਰਤੇ ਵਿਚ

ਸੰਸਾਰ । ਸਤਿਜੁਗ ਮਾਤਲੋਕ ਲਏ ਅਵਤਾਰ । ਸਚ ਸੁੱਚ ਪ੍ਰਭ ਭਰੇ ਭੰਡਾਰ । ਕਲਜੁਗ ਜੀਵ ਮੂਰਖ ਮੁਗਧ ਗਵਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸੋਹੰ ਮਾਰੇ ਮਾਰ । ਲੇਖ ਲਿਖਾਏ ਪ੍ਰਭ ਅਲਖ ਅਲੇਖਾ । ਦਰ ਆਏ ਪ੍ਰਭ ਮਾਣ ਗਵਾਏ ਕੱਢੇ ਭਰਮ ਭੁਲੇਖਾ । ਦਰ ਆਏ ਪ੍ਰਭ ਦਰਸ਼ਨ ਪਾਏ, ਗੁਰਮੁਖ ਸਾਚੇ ਪ੍ਰਭ ਨੇਤਰ ਪੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ਼ਬਦ ਲਿਖਾਏ, ਮੇਟ ਵਖਾਏ ਮਸਤਕ ਲਿਖੀ ਜੋ ਰੇਖਾ । ਸਾਚੇ ਪ੍ਰਭ ਸਚ ਵਡਿਆਈ । ਭਗਤਨ ਹੋਏ ਆਪ ਸਹਾਈ । ਰੰਕਾਂ ਸਿਰ ਪ੍ਰਭ ਹੱਥ ਟਿਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਮਾਤ ਪਰਗਟਾਈ । ਸਾਚਾ ਕਰਮ ਪ੍ਰਭ ਕਮਾਈ । ਸਾਧ ਸੰਗਤ ਭੇਵ ਖੁਲ੍ਹਾਈ । ਏਕਾ ਦੂਜਾ ਕੋਇ ਰਹਿਣ ਨਾ ਪਾਈ । ਏਕਾ ਏਕੰਕਾਰ ਏਕਾ ਨਾਮ ਧਰਾਈ । ਏਕਾ ਵਰਤੇ ਵਿਚ ਸੰਸਾਰ, ਵਰਨ ਬਰਨ ਪ੍ਰਭ ਭੇਵ ਮਿਟਾਈ । ਸਾਧ ਸੰਗਤ ਦਰ ਉਤਰੇ ਪਾਰ, ਜੋ ਚਲ ਆਏ ਸਰਨਾਈ । ਗੁਰ ਚਰਨ ਪੇਖੇ ਹਰਿ ਕਾ ਦਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੂਰਨ ਆਸ ਕਰਾਈ । ਗੁਰ ਚਰਨ ਹਰਿ ਕਾ ਦਵਾਰ, ਭਗਤ ਜਨਾਂ ਪ੍ਰਭ ਪਰਖੇ ਨੀਤੀ । ਦੇਵੇ ਦਰਸ ਅਗੰਮ ਅਪਾਰ, ਗੁਰਮੁਖ ਸਾਚੇ ਪ੍ਰਭ ਕਾਇਆ ਸੀਤਲ ਕੀਤੀ । ਹਉਮੇ ਮਾਰੇ ਵਿਚੋਂ ਹੰਕਾਰ, ਬੇਮੁਖ ਪਾਇਣ ਆਪਣੀ ਕੀਤੀ । ਮਦਿਰਾ ਮਾਸ ਕਰਨ ਆਹਾਰ, ਅੰਤਕਾਲ ਕਲ ਜਾਏ ਔਧ ਸੀ ਬੀਤੀ । ਮਹਾਰਾਜ ਸ਼ੇਰ ਸਿੰਘ ਪਰਗਟ ਹੋਏ ਚਿੱਟੇ ਅਸਵ ਅਸਵਾਰ, ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਰੀਤੀ । ਚਿੱਟੇ ਅਸਵ ਪ੍ਰਭ ਪਰਗਟ ਹੋਏ । ਰਾਣਾ ਸੰਗਰੂਰ ਪ੍ਰਭ ਚਰਨ ਬਿਲੋਏ । ਹੋਏ ਪਰਕਾਸ਼ ਤ੍ਰੈ ਲੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਿਸਾ ਸਾਚਾ ਦਰ, ਦੂਸਰ ਨਾਹੀ ਕੋਇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈ ਜੈਕਾਰ ਹੋਏ ਤਿੰਨ ਲੋਏ । ਸਾਚਾ ਪ੍ਰਭ ਦਰਸ ਦਿਖਾਏ । ਰਾਓ ਰੰਕ ਪ੍ਰਭ ਚਰਨ ਲਗਾਏ । ਪਾਰ ਉਤਾਰ ਪ੍ਰਭ ਵਿਚ ਸੇਵਾ ਲਾਏ । ਵਿਚ ਸੰਸਾਰ ਮਾਣ ਰਖਾਏ । ਸ਼ਬਦ ਅਧਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸ਼ਾਂਤ ਕਰਾਏ । ਸਾਚੇ ਪ੍ਰਭ ਸਾਚੀ ਕਾਰਾ । ਜੋਤ ਸਰੂਪੀ ਵਰਤੇ ਵਿਚ ਸੰਸਾਰਾ । ਸਾਚਾ ਪ੍ਰਭ ਦੇਵੇ ਦਰਸ ਜੋਤ ਸਰੂਪ ਅਗੰਮ ਅਪਾਰਾ । ਸਾਚਾ ਪ੍ਰਭ ਅੰਮ੍ਰਿਤ ਆਤਮ ਬਰਸ, ਸਾਚਾ ਦੇਵੇ ਮੋਖ ਦਵਾਰਾ । ਸਾਚਾ ਪ੍ਰਭ ਆਤਮ ਮਿਟਾਏ ਸਾਰੀ ਹਰਸ, ਜੋ ਜਨ ਆਏ ਚਰਨ ਦਵਾਰਾ । ਸਾਚਾ ਪ੍ਰਭ ਦੁਖੀਆਂ ਭੁਖੀਆਂ ਕਲ ਦੁਖ ਭੁਖ ਅੰਤ ਪ੍ਰਭ ਰੋਗ ਨਿਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਅਧਾਰਾ । ਸੋਹੰ ਨਾਮ ਗੁਰ ਦਰ ਪਾਇਆ । ਭਾਂਡਾ ਭਰਮ ਭੰਨ ਵਖਾਇਆ । ਸਾਚਾ ਕਰਮ ਗੁਰ ਦਰ ਲਿਖਾਇਆ । ਮਾਨਸ ਜਨਮ ਲੇਖੇ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਏ ਦਰਸ਼ਨ ਪਾਇਆ । ਕਰ ਦਰਸ ਆਤਮ ਰਸ ਮਾਣ । ਆਤਮ ਉਪਜੇ ਸੁੱਖ ਮਹਾਨ । ਸੋਹੰ ਦੇਵੇ ਪ੍ਰਭ ਸਾਚਾ ਦਾਨ । ਗੁਣਵੰਤ ਆਪ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦਾ ਜਾਣੀ ਜਾਣ । ਆਪ ਜਾਣੇ ਆਪ ਵਖਾਣੇ । ਆਪ ਚਲਾਏ ਆਪਣੇ ਭਾਣੇ । ਪਕੜ ਉਠਾਏ ਰਾਜੇ ਰਾਣੇ । ਰਾਓ ਰੰਕ ਇਕ ਪ੍ਰਭ ਕਰਾਣੇ । ਊਚ ਨੀਚ ਦਾ ਭਰਮ ਮਿਟਾਣੇ । ਸਤਿਜੁਗ ਸਾਚੇ ਜੀਵ ਉਪਾਣੇ । ਸਾਧ ਸੰਗਤ ਪ੍ਰਭ ਮੇਲ ਮਿਲਾਣੇ । ਆਤਮ ਬ੍ਰਹਮ ਗਿਆਨ ਦਵਾਣੇ । ਜੋਤ ਪਰਕਾਸ਼ ਹੋਏ ਮਹਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਗਤਿਮਿਤ ਆਪੇ ਜਾਣੇ । ਆਪਣਾ ਕੀਆ ਆਪੇ ਜਾਣੇ । ਜੀਵ ਜੰਤ ਨਾ ਕੋਇ ਪਛਾਣੇ । ਜੁਗੋ ਜੁਗ ਭੁੱਲੇ ਜੀਵ ਅੰਞਾਣੇ । ਸੋਹੰ ਸ਼ਬਦ ਪ੍ਰਭ ਮਾਰਿਆ ਬਾਣੇ । ਤਖ਼ਤੋਂ ਲਾਹੇ ਰਾਜੇ ਰਾਣੇ । ਚਰਨੀ ਡਿੱਗਣ

੭੫੧
੦੧

ਹੋਏ ਨਿਮਾਣੇ । ਮਸਤੂਆਣੇ ਪ੍ਰਭ ਸਾਚੇ ਚਰਨ ਲਗਾਣੇ । ਦਿਵਸ ਚਾਲੀ ਪ੍ਰਭ ਜਗਤ ਲੇਖ ਲਿਖਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਮਾਣ ਗਵਾਣੇ । ਮਸਤੂਆਣੇ ਚਰਨ ਟਿਕਾਏ । ਹੰਕਾਰੀਆਂ ਪ੍ਰਭ ਹੰਕਾਰ ਗਵਾਏ । ਕਰ ਖ਼ੁਆਰ ਪ੍ਰਭ ਸਰਨ ਲਗਾਏ । ਦੇਵੇ ਤਾਰ ਜੋ ਜਨ ਚਰਨੀ ਸੀਸ ਝੁਕਾਏ । ਉਤਰੇ ਪਾਰ ਜੋ ਜਨ ਸੋਹੰ ਰਸਨਾ ਗਾਏ । ਜਨਮ ਨਾ ਪਾਵੇ ਦੂਜੀ ਵਾਰ, ਨਿਹਕਲੰਕ ਸਿਰ ਹੱਥ ਟਿਕਾਏ । ਭਗਤ ਵਛਲ ਆਪ ਗਿਰਧਾਰ, ਮਾਤਲੋਕ ਪ੍ਰਭ ਜੋਤ ਜਗਾਏ । ਸਚ ਸੁਚ ਵਰਤੇ ਵਿਚ ਸੰਸਾਰ, ਸਤਿਗੁਰ ਸਾਚਾ ਮਾਰਗ ਲਾਏ । ਬੇਮੁਖਾਂ ਨਾ ਦੀਸੇ ਉਰਾਰ ਪਾਰ, ਪ੍ਰਭ ਵਿਚ ਮੰਝਧਾਰ ਡੁਬਾਏ । ਨਿਹਕਲੰਕ ਚਰਨ ਡਿੱਗੇ ਜੋ ਨਰ ਨਾਰ, ਪ੍ਰਭ ਜੋਤੀ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਹੋਏ ਸਹਾਏ । ਸਾਚੀ ਸੇਵ ਜਿਸ ਜਨ ਕਮਾਈ । ਦੇਵੇ ਦਰਸ ਆਪ ਰਘੁਰਾਈ । ਜਮ ਦੂਤ ਕੋਈ ਨੇੜ ਨਾ ਆਈ । ਵਿਚ ਬਬਾਣ ਪ੍ਰਭ ਲਏ ਬਿਠਾਈ । ਸਚਖੰਡ ਪ੍ਰਭ ਦੇ ਪੁਚਾਈ । ਜੋਤ ਸਰੂਪੀ ਪ੍ਰਭ ਜੋਤ ਜਗਾਈ । ਏਕਾ ਜੋਤ ਹੋਏ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਈ । ਦਰ ਘਰ ਸਾਚਾ ਜਿਸ ਜਨ ਪਾਇਆ । ਜੋਤ ਸਰੂਪੀ ਮੇਲ ਮਿਲਾਇਆ । ਆਵੇ ਨਾ ਜਾਵੇ ਜਾਏ ਨਾ ਆਏ ਪ੍ਰਭ ਆਪਣੇ ਰੰਗ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸ ਰਖਾਇਆ । ਸਚਖੰਡ ਨਿਵਾਸ ਰਖਾਵੇ । ਆਪ ਆਪਣਾ ਭੇਵ ਖੁਲ੍ਹਾਵੇ । ਏਕਾ ਜੋਤ ਜੁਗੋ ਜੁਗ ਵਿਚ ਮਾਤ ਪਰਗਟਾਵੇ । ਗੁਰਮੁਖ ਸਾਚੇ ਪ੍ਰਭ ਸਾਚੀ ਗੋਤ ਬਣਾਵੇ । ਬੇਮੁਖ ਆਇਣ ਜਾਇਣ ਦਰ ਰੋਤ, ਮਨ ਵਿਚ ਹੰਕਾਰ ਰਖਾਵੇ । ਗੁਰਮੁਖਾਂ ਪ੍ਰਭ ਖੋਲ੍ਹ ਸੋਤ, ਦੁਰਮਤ ਮੈਲ ਆਪ ਧੁਆਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸਾਚੇ ਮੇਲ ਮਿਲਾਵੇ । ਸਾਚੇ ਪ੍ਰਭ ਦਇਆ ਕਮਾ । ਆਪਣੀ ਸਰਨ ਲਏ ਲਗਾ । ਸਤਿਜੁਗ ਸੋਹੰ ਰਾਗ ਪ੍ਰਭ ਦਏ ਚਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਗਤ ਜਾਏ ਧਰਾ । ਸੋਹੰ ਸ਼ਬਦ ਪ੍ਰਭ ਜਗਤ ਚਲਾਵਣਾ । ਚਾਰ ਵਰਨ ਪ੍ਰਭ ਰਸਨਾ ਗਾਵਣਾ । ਵਰਨ ਬਰਨ ਪ੍ਰਭ ਇਕ ਕਰਾਵਣਾ । ਊਚ ਨੀਚ ਪ੍ਰਭ ਸਰਨ ਲਗਾਵਣਾ । ਰਾਓ ਉਮਰਾਓ ਪ੍ਰਭ ਨਸ਼ਟ ਕਰਾਵਣਾ । ਨਿਮਾਣਿਆਂ ਨਿਤਾਣਿਆਂ ਪ੍ਰਭ ਚਰਨ ਲਗਾਵਣਾ । ਚਤੁਰ ਸੁਘੜ ਸਿਆਣਿਆਂ ਪ੍ਰਭ ਸੁਰਤ ਸ਼ਬਦ ਜਗਾਵਣਾ । ਬਿਰਧ ਜਵਾਨ ਅੰਞਾਣਿਆਂ ਪ੍ਰਭ ਏਕਾ ਸ਼ਬਦ ਵਸਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਿਰ ਹੱਥ ਟਿਕਾਵਣਾ । ਪੂਰੇ ਗੁਰ ਚਰਨ ਬਲਿਹਾਰ । ਬਾਹੋਂ ਪਕੜ ਪ੍ਰਭ ਜਾਏ ਤਾਰ । ਏਕਾ ਬਖ਼ਸ਼ੇ ਚਰਨ ਪਿਆਰ । ਸਾਚੀ ਜੋਤ ਦੇਵੇ ਅਧਾਰ । ਗੁਰਸਿਖ ਸਾਚੇ ਕਰਮ ਵਿਚਾਰ । ਜੋਤ ਸਰੂਪੀ ਜੋਤ ਪ੍ਰਭ ਕਰੇ ਖੇਲ ਅਪਾਰ । ਬੇਮੁਖਾਂ ਆਤਮ ਨਾ ਦਿਸੇ ਵੇਲੇ ਅੰਤ ਕਰੇ ਖ਼ੁਆਰ । ਗੁਰਸਿਖਾਂ ਪ੍ਰਭ ਜੋਤ ਸਰੂਪ ਦੇਵੇ ਦਰਸ ਆਤਮ ਕਰੇ ਉਜਿਆਰ । ਸੋਹੰ ਸ਼ਬਦ ਚਾਰ ਕੁੰਟ ਪ੍ਰਭ ਕਰਾਏ ਜੈ ਜੈ ਜੈਕਾਰ । ਸਾਧ ਸੰਗਤ ਪ੍ਰਭ ਦਰ ਸੁਹਾਏ, ਦੋਏ ਜੋੜ ਕਰਨ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਨਰ ਅਵਤਾਰ । ਨਰ ਅਵਤਾਰ ਬਣਤ ਬਣਾਵੇ । ਰਾਓ ਰੰਕਾਂ ਸਰਨ ਲਗਾਵੇ । ਸਾਧ ਸੰਗਤ ਪ੍ਰਭ ਹੁਕਮ ਸੁਣਾਵੇ । ਆਪਣੇ ਭਾਣੇ ਵਿਚ ਚਲਾਵੇ । ਰਾਣਾ ਸੰਗਰੂਰ ਸੰਗ ਰਲਾਵੇ । ਜਮਨ ਕਿਨਾਰੇ ਪ੍ਰਭ ਡੇਰਾ ਲਾਵੇ । ਗਿਆਨੀਆਂ ਧਿਆਨੀਆਂ ਪ੍ਰਭ ਸ਼ਬਦ ਧੁਨ ਉਪਜਾਵੇ । ਚਰਨ ਧੂੜ ਇਸ਼ਨਾਨੀਆਂ ਪ੍ਰਭ ਚਰਨ ਸੇਵ ਲਗਾਵੇ । ਪ੍ਰਭ ਤੋੜੇ ਮਾਣ ਅਭਿਮਾਨੀਆਂ, ਨਿਹਕਲੰਕ ਜੋਤ ਪਰਗਟਾਵੇ । ਸੋਹੰ ਸ਼ਬਦ ਦੇਵੇ ਸਾਚੀ ਬਾਣੀਆਂ, ਸਤਿਜੁਗ ਸਾਚਾ ਰਾਹ ਬਤਾਵੇ । ਪਰਗਟੇ ਜੋਤ

ਵਾਲੀ ਦੋ ਜਹਾਨੀਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਵੇ । ਸਾਚੀ ਜੋਤ ਪ੍ਰਭ ਜਗਾ ਕੇ । ਵਡ ਦਾਤਾ ਵਡ ਜੋਧਾ ਵਡ ਸੂਰਬੀਰ ਬਣੇ ਆਪਣਾ ਆਪ ਉਪਾ ਕੇ । ਸੋਹੰ ਸ਼ਬਦ ਚਲਾਵੇ ਤੀਰ, ਰਸਨਾ ਪ੍ਰਭ ਅਲ੍ਹਾ ਕੇ । ਬੇਮੁਖਾਂ ਪਾਏ ਵਹੀਰ, ਗੁਰਮੁਖਾਂ ਜਾਏ ਧੀਰ ਧਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਜਾਏ ਆਪ ਖੁਲ੍ਹਾ ਕੇ । ਆਪਣਾ ਭੇਵ ਆਪ ਖੁਲ੍ਹਾਏ । ਰਾਜੇ ਰਾਣੇ ਪ੍ਰਭ ਸਰਨ ਲਗਾਏ । ਹਰਨ ਫਰਨ ਸਰਬ ਖੁਲ੍ਹਾਏ । ਵਾਲੀ ਹਿੰਦ ਪ੍ਰਭ ਦਇਆ ਕਮਾਏ । ਸੋਹੰ ਸ਼ਬਦ ਸਵਾਸ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਏ । ਸਾਚੇ ਪ੍ਰਭ ਸਾਚੀ ਕਾਰਾ । ਸਾਚਾ ਵਰਤੇ ਜਗਤ ਵਿਹਾਰਾ । ਪ੍ਰਭ ਸਾਚਾ ਕਰੇ ਰੰਗ ਅਪਾਰਾ । ਜੋਤ ਸਰੂਪੀ ਪਰਗਟ ਜੋਤ ਦੇਵੇ ਦਰਸ ਜਾਏ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਜੋਤ ਜਗਾਏ ਪਰਗਟਾਏ ਵਿਚ ਝੂਠੇ ਦੇਹ ਮੁਨਾਰਾ । ਵਾਲੀ ਹਿੰਦ ਪ੍ਰਭ ਦਰਸ ਦਿਖਾਏ । ਸੁਰਪਤ ਰਾਜਾ ਇੰਦ ਪ੍ਰਭ ਚਰਨ ਬਹਾਏ । ਵੱਡਾ ਆਪ ਮਰਗਿੰਦ ਆਪਣੇ ਰੰਗ ਰੰਗਾਏ । ਪਕੜ ਵਾਲੀ ਹਿੰਦ ਪ੍ਰਭ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਏ । ਸਾਚੇ ਪ੍ਰਭ ਸਚ ਕਾਰਜ ਕਰਨਾ । ਸਾਚੇ ਪ੍ਰਭ ਸ੍ਰਿਸ਼ਟ ਸਬਾਈ ਵਰਨਾ । ਸਾਚੇ ਪ੍ਰਭ ਸੋਹੰ ਸਾਚਾ ਨਾਉਂ ਵਿਚ ਮਾਤ ਦੇ ਧਰਨਾ । ਸਾਚੇ ਪ੍ਰਭ ਰਾਓ ਰੰਕ ਇਕ ਕਰਨਾ । ਸਾਚਾ ਪ੍ਰਭ ਭੇਦ ਮਿਟਾਏ ਵਰਨਾ ਬਰਨਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਲਗਾਏ ਸਰਨਾ । ਵਾਲੀ ਹਿੰਦ ਸਰਨ ਪ੍ਰਭ ਆਏ । ਦੋਏ ਜੋੜ ਸੀਸ ਝੁਕਾਏ । ਕਲਜੁਗ ਤਾਮਸ ਮਗਰੋਂ ਲਾਹੇ । ਸਤਿਜੁਗ ਸਾਚਾ ਰਾਜਸ ਪ੍ਰਭ ਆਪ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਸਤਿਜੁਗ ਸਾਚੇ ਲੇਖ ਲਿਖਾਏ । ਸਤਿਜੁਗ ਵਰਤੇ ਸਤਿ ਕਰਤਾਰ । ਸਤਿ ਸਤਿ ਸਤਿ ਹੋਵੇ ਵਿਚ ਸੰਸਾਰ । ਸੋਹੰ ਸ਼ਬਦ ਚਾਰ ਕੁੰਟ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਬਖ਼ਸ਼ੇ ਮੋਖ ਦਵਾਰ । ਵਾਲੀ ਹਿੰਦ ਪ੍ਰਭ ਸ਼ਬਦ ਜਣਾਏ । ਦੁਖੀਆਂ ਭੁਖੀਆਂ ਪ੍ਰਭ ਲੇਖ ਲਿਖਾਏ । ਆਤਮ ਸੁਖੀਆਂ ਪ੍ਰਭ ਧੁਨ ਉਪਜਾਏ । ਕਲਜੁਗ ਬੇਮੁਖਾਂ ਪ੍ਰਭ ਅੰਤਕਾਲ ਦਏ ਸਜ਼ਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾਏ । ਸਾਚਾ ਪ੍ਰਭ ਸਾਂਤਕ ਸਤਿ । ਏਕਾ ਸ਼ਬਦ ਆਤਮ ਰਖਾਵੇ ਸਾਚਾ ਯਤ । ਗੁਰਮੁਖਾਂ ਜਾਣੇ ਪ੍ਰਭ ਮਿਤ ਗਤਿ । ਸਾਚਾ ਪ੍ਰਭ ਜਨ ਭਗਤਾਂ ਦੇਵੇ ਸਾਚੀ ਮਤਿ । ਏਕਾ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਰੱਖੇ ਪਤਿ । ਪਤਿਪਰਮੇਸ਼ਵਰ ਘਰ ਮੇਂ ਆਏ । ਜੋਤ ਸਰੂਪੀ ਜਾਮਾ ਪਾਏ । ਆਪ ਅਭੁਲ ਸਭ ਜਗਤ ਭੁਲਾਏ । ਆਪ ਅਤੁਲ ਸਭ ਜਗਤ ਤੁਲਾਏ । ਆਪ ਅਡੁਲ ਸਭ ਜਗਤ ਡੁਲਾਏ । ਸਤਿਜੁਗ ਸਾਚਾ ਦਰ ਜਾਏ ਖੁਲ੍ਹ, ਨਿਹਕਲੰਕ ਤੇਰੀ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਰਖਾਏ । ਜਗਤ ਭੁਲਾਏ ਆਪ ਪ੍ਰਭ, ਝੂਠੇ ਧੰਦੇ ਲਾ । ਗੁਰਮੁਖ ਤਰਾਏ ਆਪ ਪ੍ਰਭ, ਆਤਮ ਸਾਚਾ ਨਾਮ ਵਸਾ । ਜਗਤ ਭੁਲਾਏ ਆਪ ਪ੍ਰਭ, ਬੇਮੁਖ ਜੀਵ ਉਪਾ । ਗੁਰਸਿਖ ਤਰਾਏ ਆਪ ਪ੍ਰਭ, ਅਪਣੀ ਦਇਆ ਕਮਾ । ਸ੍ਰਿਸਟ ਭੁਲਾਏ ਆਪ ਪ੍ਰਭ, ਉਲਟੀ ਮਤਿ ਵਸਾ । ਗੁਰਸਿਖ ਤਰਾਏ ਆਪ ਪ੍ਰਭ, ਸੋਹੰ ਸ਼ਬਦ ਜਣਾ । ਸ੍ਰਿਸ਼ਟ ਭੁਲਾਏ ਆਪ ਪ੍ਰਭ, ਕਾਮ ਕਰੋਧ ਹੰਕਾਰ ਵਿਕਾਰ ਚਲਾ । ਗੁਰਸਿਖ ਤਰਾਏ ਆਪ ਪ੍ਰਭ, ਆਤਮ ਸਾਚਾ ਦੀਪ ਜਗਾ । ਸ੍ਰਿਸ਼ਟ ਭੁਲਾਈ ਆਪ ਪ੍ਰਭ, ਉਪਰ ਤਟ ਤੀਰਥਾਂ ਧੀਆਂ ਭੈਣਾਂ ਗਏ ਪਤਿ ਗਵਾ । ਗੁਰਸਿਖ ਤਰਾਏ ਆਪ ਪ੍ਰਭ, ਆਪਣੀ ਸਰਨ

ਲਗਾ । ਸ੍ਰਿਸ਼ਟ ਭੁਲਾਏ ਆਪ ਪ੍ਰਭ, ਕਲਜੁਗ ਲਿਆ ਜਗਤ ਧਰਾ । ਗੁਰਸਿਖ ਤਰਾਏ ਆਪ ਪ੍ਰਭ, ਸਿਰ ਆਪਣਾ ਹੱਥ ਟਿਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਸਭ ਧਾਮਾਂ ਦਏ ਮਿਟਾ । ਸਾਚਾ ਪ੍ਰਭ ਗਹਿਰ ਗੰਭੀਰ । ਗੰਗਾ ਗੋਦਆਵਰੀ ਖਿੱਚੇ ਨੀਰ । ਅਠਸਠ ਤੀਰਥ ਕੋਇ ਨਾ ਦੇਵੇ ਧੀਰ । ਪੀਰ ਪੈਗ਼ੰਬਰ ਔਲੀਆ ਨਾ ਕੋਇ ਦਸਤਗੀਰ । ਈਸਾ ਮੂਸਾ ਮੁਹੰਮਦੀ ਹੋਏ ਅੰਤ ਅਖ਼ੀਰ । ਪਰਗਟੇ ਜੋਤ ਨਿਹਕਲੰਕ ਸਦੀ ਚੌਧਵੀਂ ਲੱਥੇ ਚੀਰ । ਸੋਹੰ ਸ਼ਬਦ ਵਜਾਏ ਡੰਕ, ਚਾਰ ਕੁੰਟ ਪੈ ਜਾਏ ਵਹੀਰ । ਇਕ ਕਰਾਏ ਇਕ ਚਲਾਏ ਇਕ ਬਣਾਏ ਇਕ ਸਰਨਾਏ ਏਕਾ ਅੰਕ, ਸੋਹੰ ਨਾਮ ਆਤਮ ਦੇਵੇ ਧੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਂਤ ਕਰੇ ਸਰੀਰ, ਸੋਹੰ ਦੇਵੇ ਆਤਮ ਧੀਰ । ਓਅੰ ਆਪ ਜੋਤ ਆਕਾਰਾ । ਓਅੰ ਆਪ ਸਦਾ ਨਿਰਾਧਾਰਾ । ਓਅੰ ਆਪ ਸਦਾ ਨਿਰਾਹਾਰਾ । ਓਅੰ ਆਪ ਨੈਣ ਮੁੰਧਾਰਾ । ਓਅੰ ਆਪ ਜੋਤ ਨਿਰੰਕਾਰਾ । ਓਅੰ ਆਪ ਤੀਨ ਲੋਕ ਵਰਤਾਰਾ । ਓਅੰ ਆਪ ਮਾਤ ਪਾਤਾਲ ਆਕਾਸ਼ ਕਰੇ ਉਜਿਆਰਾ । ਓਅੰ ਆਪ ਖੰਡ ਬ੍ਰਹਿਮੰਡ ਵਰਭੰਡ ਜੋਤ ਅਧਾਰਾ । ਓਅੰ ਆਪ ਆਪਣੇ ਰੰਗ ਰੰਗੇ ਕਰਤਾਰਾ । ਓਅੰ ਆਪ ਜੋਤ ਸਰੂਪੀ ਪਸਰ ਪਸਾਰਾ । ਓਅੰ ਆਪ ਮਾਇਆ ਰੂਪੀ ਕਰੇ ਵਿਹਾਰਾ । ਓਅੰ ਆਪ ਆਪਣੀ ਜੋਤ ਕਰੇ ਆਕਾਰਾ । ਓਅੰ ਆਪ ਲੱਖ ਚੁਰਾਸੀ ਬਣੇ ਠਠਿਆਰਾ । ਓਅੰ ਆਪ ਘੜੇ ਭੰਨੇ ਅੰਤ ਨਾ ਪਾਰਾਵਾਰਾ । ਓਅੰ ਆਪ ਆਪ ਆਪਣਾ ਕਰੇ ਪਸਾਰਾ । ਓਅੰ ਆਪ ਏਕਾ ਜੋਤ ਏਕਾ ਗੋਤ ਪ੍ਰਭ ਨਿਰੰਕਾਰਾ । ਓਅੰ ਆਪ ਮਾਤ ਜੋਤ ਪਰਗਟਾਏ ਵਾਰੋ ਵਾਰਾ । ਓਅੰ ਆਪ ਮਛ ਕਛ ਪ੍ਰਭ ਰੂਪ ਅਪਾਰਾ । ਓਅੰ ਆਪ ਬਲ ਦਵਾਰੇ ਜਾਏ ਬਾਵਨ ਰੂਪ ਧਾਰਾ । ਓਅੰ ਆਪ ਨਰ ਸਿੰਘ ਰੂਪ ਕਰੇ ਅਪਾਰਾ । ਓਅੰ ਆਪ ਦੇ ਦਰਸ ਬਾਲਕ ਧ੍ਰੂ ਪਾਰ ਉਤਾਰਾ । ਓਅੰ ਆਪ ਚਕਰ ਸੁਦਰਸ਼ਨ ਦੁਰਬਾਸੇ ਮਾਰਾ । ਓਅੰ ਆਪ ਸਾਚਾ ਨਾਮ ਦੇਵੇ ਜਨਕ ਅਧਾਰਾ । ਓਅੰ ਆਪ ਰਾਣੀ ਤਾਰਾ ਜੋੜੀ ਮੇਲ ਮਿਲਾਏ ਅਪਰ ਅਪਾਰਾ । ਓਅੰ ਆਪ ਭੋਗ ਲਗਾਏ ਜਾਏ ਬਿਦਰ ਦਵਾਰਾ । ਓਅੰ ਆਪ ਜੁਗੋ ਜੁਗ ਲੋਕਮਾਤ ਲਏ ਅਵਤਾਰਾ । ਓਅੰ ਆਪ ਰਾਮ ਰੂਪ ਪ੍ਰਭ ਸਾਚੇ ਧਾਰਾ । ਓਅੰ ਆਪ ਨਿਰਧਨਾਂ ਪ੍ਰਭ ਪਾਵੇ ਸਾਰਾ । ਓਅੰ ਆਪ ਦਰ ਭੀਲਣੀ ਭੋਗ ਲਗਾਏ ਚਰਨ ਛੁਹਾਏ ਬਣਾਏ ਅੰਮ੍ਰਿਤ ਜਲ ਧਾਰਾ । ਓਅੰ ਆਪ ਸਤੀ ਅਹਲਿਆ ਜਾਏ ਚਰਨ ਛੁਹਾਏ ਦਵਾਏ ਮੋਖ ਦਵਾਰਾ । ਓਅੰ ਆਪ ਜੁਗੋ ਜੁਗ ਮਾਤਲੋਕ ਲਏ ਅਵਤਾਰਾ । ਓਅੰ ਆਪ ਦਰ ਆਏ ਬਿਪਰ ਲਾਜ ਰਖਾਏ । ਓਅੰ ਆਪ ਜੈਦੇਵ ਲੇਖ ਲਿਖਾਏ । ਓਅੰ ਆਪ ਸੈਣ ਰੂਪ ਰਾਜਨ ਜਾਏ । ਓਅੰ ਆਪ ਕਬੀਰ ਜੁਲਾਹਾ ਜ਼ੰਜੀਰ ਕਟਾਏ । ਓਅੰ ਆਪ ਭਗਤ ਰਵਿਦਾਸ ਕਸੀਰ ਲੇਖੇ ਲਾਏ । ਓਅੰ ਆਪ ਦਰ ਘਰ ਸਾਚੇ ਨਾਮੇ ਭੋਗ ਲਗਾਏ । ਓਅੰ ਆਪ ਧੰਨੇ ਧੀਰ ਧਰਾਏ ਦਰਸ ਦਿਖਾਏ । ਓਅੰ ਆਪ ਜੁਗੋ ਜੁਗ ਜਾਮਾ ਵਿਚ ਮਾਤ ਦੇ ਪਾਏ । ਓਅੰ ਆਪ ਭਗਤ ਜਨਾਂ ਦੀ ਪੈਜ ਰਖਾਏ । ਓਅੰ ਆਪ ਬੇਣੀ ਭਗਤ ਜਗਤ ਤਰਾਏ । ਓਅੰ ਆਪ ਅਜਾਮਲ ਵਿਚ ਬਿਬਾਣ ਬਿਠਾਏ । ਓਅੰ ਆਪ ਪਾਪਣ ਪੂਤਨਾ ਪਾਰ ਕਰਾਏ । ਓਅੰ ਆਪ ਬਧਕ ਪਕੜ ਗਲੇ ਲਗਾਏ । ਓਅੰ ਆਪ ਜੁਗੋ ਜੁਗ ਜਾਮਾ ਵਿਚ ਮਾਤ ਦੇ ਪਾਏ । ਓਅੰ ਆਪ ਕਲ ਜੁਗ ਬਣਾਈ । ਓਅੰ ਆਪ ਐੜਾ ਅਥਰਬਣ ਵੇਦ ਲੇਖ ਲਿਖਾਈ । ਓਅੰ ਆਪ ਈਸਾ ਮੂਸਾ ਮੁਹੰਮਦ ਸੰਗ ਚਾਰ ਯਾਰਾਂ ਲਿਆ ਉਪਜਾਈ । ਓਅੰ ਆਪ ਕੁਰਾਨ ਅੰਜੀਲ ਤੁਰੈਤ ਰਿਹਾ ਲਿਖਤ ਲਿਖਾਈ । ਓਅੰ ਆਪ ਗੁਰੂ ਨਾਨਕ ਵਿਚ ਜੋਤ ਟਿਕਾਈ । ਓਅੰ ਆਪ ਜਾਮੇ ਦਸ ਜੋਤ ਸਰੂਪ ਰਿਹਾ ਸਮਾਈ ।

ਓਅੰ ਆਪ ਗੁਰ ਅਰਜਨ ਲੇਖ ਲਿਖਾਈ । ਚਰਨ ਬਹਾਏ ਭਗਤ ਜਨ ਸੁਰ, ਬੋਧ ਅਗਾਧ ਅਗਾਧ ਬੋਧ ਸ਼ਬਦ ਲਿਖਾਈ । ਓਅੰ ਆਪ ਸਾਚੀ ਦਾਤ ਮਾਤ ਟਿਕਾਈ । ਓਅੰ ਆਪ ਕਲਜੁਗ ਜੀਵਾਂ ਵੇਲੇ ਅੰਤ ਦੇ ਭੁਲਾਈ । ਓਅੰ ਆਪ ਸ੍ਰਿਸ਼ਟ ਸਬਾਈ ਮਾਈ ਬਾਪ, ਜੀਵ ਜੰਤ ਰਿਹਾ ਸਮਾਈ । ਓਅੰ ਆਪ ਸੋਹੰ ਸਾਚਾ ਜਾਪ ਜਗਤ ਦੇ ਚਲਾਈ । ਓਅੰ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਖੇਲ ਰਚਾਈ । ਜੋਤ ਸਰੂਪੀ ਖੇਲ ਨਿਆਰਾ । ਵਰਤੇ ਵਰਤਾਵੇ ਵਿਚ ਸੰਸਾਰਾ । ਜੋਤ ਸਰੂਪੀ ਪ੍ਰਭ ਗਿਰਧਾਰਾ । ਗੁਰਮੁਖ ਸਾਚੇ ਪ੍ਰਭ ਆਤਮ ਦੇਵੇ ਦਰਸ ਅਪਾਰਾ । ਬੇਮੁਖ ਦਰ ਨਾ ਪਾਵੇ ਪ੍ਰਭ ਕੀ ਸਾਰਾ । ਸੋਹੰ ਸ਼ਬਦ ਜਨ ਹਿਰਦੇ ਵਾਚੇ, ਪ੍ਰਭ ਦੇਵੇ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਅਵਤਾਰਾ । ਸੋਹੰ ਸ਼ਬਦ ਆਤਮ ਰਾਸ । ਸਾਚਾ ਪ੍ਰਭ ਸਦਾ ਰੱਖੇ ਵਾਸ । ਆਤਮ ਹੰਕਾਰ ਵਿਕਾਰ ਜਾਇਣ ਨਾਸ । ਸੋਹੰ ਚਲੇ ਰਸਨ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਥਿਰ ਘਰ ਕਰੇ ਨਿਵਾਸ । ਸੋਹੰ ਚਲੇ ਸਵਾਸ ਸਵਾਸਾ । ਜੋਤ ਸਰੂਪ ਕਰੇ ਪਰਕਾਸ਼ਾ । ਦੇਵੇ ਦਰਸ ਪ੍ਰਭ ਅਬਿਨਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸਾ । ਨਿਹਕਲੰਕ ਸਾਚਾ ਰੂਪ । ਨਿਹਕਲੰਕ ਜੋਤ ਸਰੂਪੀ ਸਾਚਾ ਭੂਪ । ਜਗਤ ਮਹਿੰਮਾ ਪ੍ਰਭ ਅਨੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਸਤਿ ਸਰੂਪ । ਸਤਿ ਸਰੂਪ ਪ੍ਰਭ ਸਦਾ ਸਤਿਵਾਦੀ । ਪ੍ਰਭ ਅਬਿਨਾਸ਼ੀ ਆਦਿ ਜੁਗਾਦੀ । ਏਕਾ ਆਕਾਰ ਸਦ ਬ੍ਰਹਿਮਾਦੀ । ਸਾਚੀ ਧੁਨ ਉਪਜਾਵੇ ਸੋਹੰ ਨਾਦੀ । ਗੁਰਮੁਖ ਵਿਰਲੇ ਪਾਈ ਪ੍ਰਭ ਜੋਤ ਅਗਾਧੀ । ਪ੍ਰਭ ਸਾਚਾ ਹੋਏ ਸਹਾਈ, ਪ੍ਰਭ ਸਾਚਾ ਸਦ ਰਸਨ ਅਰਾਧੀ । ਵਿਚ ਮਾਤ ਦੇਵੇ ਵਡਿਆਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਤੇਰੀ ਆਤਮ ਸਾਧੀ । ਗੁਰਸਿਖਾਂ ਪ੍ਰਭ ਮਾਣ ਦਵਾਏ । ਗੁਰਸਿਖਾਂ ਪ੍ਰਭ ਆਣ ਰਖਾਏ । ਗੁਰਸਿਖਾਂ ਪ੍ਰਭ ਸੋਹੰ ਸਾਚਾ ਸ਼ਬਦ ਜਣਾਏ । ਗੁਰਸਿਖਾਂ ਆਵਣ ਜਾਵਣ ਪ੍ਰਭ ਗੇੜ ਕਟਾਏ । ਗੁਰਸਿਖਾਂ ਅੰਤਕਾਲ ਪਰਗਟ ਜੋਤ ਪ੍ਰਭ ਦਰਸ ਦਿਖਾਏ । ਗੁਰਸਿਖਾਂ ਪ੍ਰਭ ਸਾਚਾ ਦਰਗਾਹ ਸਾਚੀ ਮਾਣ ਦਵਾਏ । ਗੁਰਸਿਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਗੋਦ ਬਹਾਏ । ਗੁਰਸਿਖ ਸਚ ਧਾਮ ਬਹਾਏ । ਸਾਚਾ ਪ੍ਰਭ ਸਚਖੰਡ ਨਿਵਾਸ ਰਖਾਏ । ਆਵਣ ਜਾਣ ਜਾਣ ਆਵਣ ਪ੍ਰਭ ਗੇੜ ਕਟਾਏ । ਏਕਾ ਮਾਣ ਏਕਾ ਤਾਣ ਪ੍ਰਭ ਚਰਨ ਰਖਾਏ । ਭਗਤ ਭਗਵਾਨ ਗੁਣ ਨਿਧਾਨ ਪ੍ਰਭ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੜਿਆਂ ਕਲ ਮੇਲ ਮਿਲਾਏ । ਵਿਛੜਿਆਂ ਪ੍ਰਭ ਮੇਲ ਮਿਲਾਇਆ । ਆਪ ਆਪਣਾ ਦਰਸ ਦਿਖਾਇਆ । ਮਾਤਲੋਕ ਸਚਖੰਡ ਬਣਾਇਆ । ਜੋਤ ਸਰੂਪ ਵਰਭੰਡ ਸਮਾਇਆ । ਨਵ ਖੰਡ ਪ੍ਰਭ ਏਕਾ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ । ਜੋਤ ਸਰੂਪੀ ਜੋਤ ਧਰ । ਸਾਧ ਸੰਗਤ ਦੇਵੇ ਸਾਚਾ ਵਰ । ਅੰਤਕਾਲ ਕਲ ਚਰਨ ਲਾਗ ਜਾਇਣ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਚਾ ਸੁੱਚਾ ਸਾਚਾ ਦਰ । ਸਾਚਾ ਦਰ ਸਚਾ ਦਰਬਾਰੀ । ਨਰਾਇਣ ਨਰ ਨਿਹਕਲੰਕ ਅਵਤਾਰੀ । ਸਰਨ ਪੜ ਪ੍ਰਭ ਜਾਵੇ ਪੈਜ ਸਵਾਰੀ । ਧਰਨੀ ਧਰ ਜਗਤ ਪਿਤ ਗਿਰਧਾਰੀ । ਵਰਨੀ ਵਰ ਸੋਹੰ ਨਾਮ ਬਣ ਵਪਾਰੀ । ਕਰਨੀ ਕਰ ਸਾਚਾ ਸ਼ਬਦ ਰਸਨ ਉਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਏ ਪੈਜ ਸਵਾਰੀ । ਪੈਜ ਸਵਾਰੇ ਆਪ ਪ੍ਰਭ, ਜੁਗੋ ਜੁਗ ਵਿਚ ਮਾਤ ਦੇ ਆ । ਭਗਤ ਉਧਾਰੇ ਆਪ ਪ੍ਰਭ, ਸਾਚੇ ਮਾਰਗ ਲਾ । ਨਾਮ ਚਲਾਵੇ ਆਪ ਪ੍ਰਭ, ਏਕ ਸ਼ਬਦ ਚਲਾ । ਦਰਸ ਦਿਖਾਵੇ ਆਪ ਪ੍ਰਭ, ਜੋ ਜਨ ਡਿੱਗੇ ਆ । ਮੁਖ

ਖੁਲ੍ਹਾਵੇ ਕਵਲ ਨਭ, ਅੰਮ੍ਰਿਤ ਦੇਵੇ ਮੁਖ ਚੁਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਂਤਕ ਸਤਿ ਸਤਿ ਸਤਿ ਦਏ ਵਰਤਾ । ਸਾਂਤਕ ਵਰਤੇ ਵਿਚ ਸੰਸਾਰ । ਸੋਹੰ ਸ਼ਬਦ ਪ੍ਰਭ ਭਰੇ ਭੰਡਾਰ । ਕੋਟਨ ਕੋਟ ਮੰਗਣ ਖੜ੍ਹੇ ਪ੍ਰਭ ਦਵਾਰ । ਨਾ ਆਵੇ ਤੋਟ ਪ੍ਰਭ ਸਾਚਾ ਵਡ ਭੰਡਾਰ । ਸੋਹੰ ਸ਼ਬਦ ਪ੍ਰਭ ਟਿਕਾਵੇ ਜੋਤ ਉਪਜਾਵੇ ਸਾਚੀ ਧੁਨਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਰਖਾਏ ਜੋ ਆਇਣ ਚਲ ਦਰਬਾਰ । ਗੁਰ ਘਰ ਗੁਰ ਦਰ ਦਰਬਾਰਾ । ਸਾਚਾ ਪ੍ਰਭ ਜੋਤ ਸਰੂਪ ਵਿਚ ਸੰਸਾਰਾ । ਵੇਖੇ ਵਿਗਸੇ ਜੀਵ ਕਰੇ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਇ ਨਾ ਜਾਣੇ ਜੋਤ ਸਰੂਪੀ ਖੇਲ ਅਪਾਰਾ । ਜੋਤ ਸਰੂਪੀ ਜੋਤ ਪਰਗਟਾਏ । ਸਾਚਾ ਨਾਮ ਪ੍ਰਭ ਉਪਜਾਏ । ਸਾਚਾ ਧਾਮ ਪ੍ਰਭ ਵਕ਼ਤ ਸੁਹਾਏ । ਸੋਹੰ ਨਾਮ ਸਾਧ ਸੰਗਤ ਪ੍ਰਭ ਭਿਛਿਆ ਪਾਏ । ਸਾਚਾ ਨਾਮ ਜੋ ਜਨ ਰਸਨਾ ਗਾਏ । ਦੇਵੇ ਦਰਸ ਘਨਈਆ ਸ਼ਾਮ, ਨਿਹਕਲੰਕ ਕਲ ਨਾਉਂ ਧਰਾਏ । ਸੋਹੰ ਸ਼ਬਦ ਪਿਲਾਵੇ ਸਾਚਾ ਜਾਮ, ਦਿਵਸ ਰੈਣ ਰੈਣ ਦਿਵਸ ਏਕਾ ਰੰਗ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਪਰਗਟਾਏ । ਜੋਤ ਨਿਰੰਜਣ ਪੂਜਣ ਯੋਗ । ਹਉਮੈ ਵਿਚੋਂ ਕਟੇ ਰੋਗ । ਸੋਹੰ ਦੇਵੇ ਸਾਚਾ ਜੋਗ । ਗੁਰਮੁਖ ਸਾਚੇ ਪ੍ਰਭ ਸਾਚਾ ਆਤਮ ਮਿਟਾਵੇ ਚਿੰਤਾ ਸੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਰਗਟ ਜੋਤ ਦਰ ਘਰ ਆਏ ਲਗਾਏ ਭੋਗ । ਉਠ ਜੀਵ ਜਾਗ ਪ੍ਰਭ ਦਇਆ ਕਮਾਏ । ਉਠ ਜੀਵ ਜਾਗ, ਪੂਰਨ ਹੋਏ ਭਾਗ, ਪ੍ਰਭ ਦਰਸ ਦਿਖਾਏ । ਉਠ ਜੀਵ ਜਾਗ, ਪ੍ਰਭ ਚਰਨ ਲਾਗ, ਅੰਮ੍ਰਿਤ ਪ੍ਰਭ ਮੁਖ ਚੁਆਏ । ਉਠ ਜੀਵ ਜਾਗ, ਬਣ ਹੰਸ ਵਿਚੋਂ ਕਾਗ, ਸੋਹੰ ਪ੍ਰਭ ਸਾਚਾ ਸਾਚੀ ਚੋਗ ਚੁਗਾਏ । ਉਠ ਜੀਵ ਜਾਗ, ਪ੍ਰਭ ਆਤਮ ਬੁਝਾਏ ਆਗ, ਅੰਮ੍ਰਿਤ ਮੇਘ ਰਿਹਾ ਵਰਸਾਏ । ਉਠ ਜੀਵ ਜਾਗ, ਅਨਹਦ ਵਜਾਏ ਸਾਚਾ ਰਾਗ, ਪ੍ਰਭ ਸਾਚੀ ਧੁਨ ਉਪਜਾਏ । ਉਠ ਜੀਵ ਜਾਗ, ਮਾਨਸ ਜਨਮ ਨਾ ਲਾਗੇ ਦਾਗ਼, ਪ੍ਰਭ ਸਾਚਾ ਕਰਮ ਕਮਾਏ । ਉਠ ਜੀਵ ਜਾਗ, ਪ੍ਰਭ ਸਾਚਾ ਪਕੜੇ ਵਾਗ, ਵੇਲੇ ਅੰਤ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਵਰਖ, ਦੁਖ ਭੁਖ ਸਭ ਰੋਗ ਗਵਾਏ । ਦੁਖੀਆਂ ਦੁਖ ਪ੍ਰਭ ਮਿਟਾਇਆ । ਆਤਮ ਸੋਗ ਸਰਬ ਗਵਾਇਆ । ਸ਼ਬਦ ਵਿਜੋਗ ਗੁਰਸਿਖ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੂਜਾ ਭਉ ਚੁਕਾਇਆ । ਚੁੱਕੇ ਦੂਜਾ ਮਾਣ । ਸਾਚਾ ਪ੍ਰਭ ਬਲੀ ਬਲਵਾਨ । ਏਕਾ ਜੋਤ ਜਗੇ ਜਗਤ ਮਹਾਨ । ਸ਼ਬਦ ਪ੍ਰਭ ਬੰਧ ਬੰਧਾਨ । ਕਲਜੁਗ ਜੀਵ ਨਾ ਜਾਣੇ ਨਾਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਧ ਸੰਗਤ ਪ੍ਰਭ ਦਇਆ ਕਮਾਏ । ਆਤਮ ਸਾਚਾ ਦੀਪ ਜਗਾਏ । ਬਣਾਏ ਚਤੁਰ ਸੁਜਾਨ, ਸਾਧ ਸੰਗਤ ਗੁਰ ਦਰ ਵਡਿਆਏ । ਹਰਿ ਹਰਿ ਨਾਮ ਰਸਨਾ ਗਾਇਣ ਰੈਣ ਸਬਾਏ । ਪ੍ਰਭ ਰਸਨਾ ਗਾਣ ਵੇਲੇ ਅੰਮ੍ਰਿਤ, ਸ੍ਰਿਸ਼ਟ ਸਬਾਈ ਪ੍ਰਭ ਸੁੰਞ ਮਸਾਣ ਸਵਾਏ । ਸਾਚਾ ਦਰ ਸਾਚਾ ਦਰਬਾਰ ਨਿਹਕਲੰਕ ਵਿਚ ਮਾਤ ਲਗਾਏ । ਗੁਰ ਸੰਗਤ ਪ੍ਰਭ ਕਿਰਪਾ ਧਾਰ, ਸੋਹੰ ਸ਼ਬਦ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਆਪਣਾ ਹੱਥ ਟਿਕਾਏ । ਗੁਰ ਦਰ ਆਏ ਆਤਮ ਜੋਤ ਜਗਾਏ । ਮਾਨਸ ਜਨਮ ਸੁਫਲ ਕਰਾਏ । ਲੱਖ ਚੁਰਾਸੀ ਗੇੜ ਕਟਾਏ । ਜਨਮ ਨਾ ਪਾਏ ਦੂਜੀ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਜਾਏ ਤਾਰ । ਸਾਧ ਸੰਗਤ ਦਰ ਦੀਬਾਣ । ਦਰ ਘਰ ਸਾਚੇ ਪਾਵੇ ਮਾਣ । ਹੋਏ ਸਹਾਈ ਵਾਲੀ ਦੋ ਜਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਆਵਣ ਜਾਣ ਖੇਲ ਮਿਟਾਣ । ਬੇਮੁਖਾਂ ਪ੍ਰਭ ਦਿਸ ਨਾ ਆਏ । ਗੁਰਮੁਖਾਂ ਪ੍ਰਭ ਸਦਾ ਸਮਾਏ ।

ਜੋਤ ਸਰੂਪੀ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਜਪਾਏ । ਜੋਤ ਨਿਰੰਜਣ ਨਾਮ ਨਿਰੰਕਾਰਾ । ਘਨਕਪੁਰੀ ਬਣਾਏ ਸਚਖੰਡ ਦਵਾਰਾ । ਏਕਾ ਏਕ ਪ੍ਰਭ ਜੋਤ ਕਰ ਆਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰਾ । ਨਰਾਇਣ ਨਰ ਪ੍ਰਭ ਅਬਿਨਾਸ਼ । ਘਨਕਪੁਰੀ ਸਦ ਰੱਖੇ ਵਾਸ । ਚਾਰ ਯਾਰਾਂ ਕਰਾਏ ਦਾਸ । ਜੀਵ ਖਪਾਏ ਰਸਨ ਲਗਾਏ ਜੋ ਮਦਿਰਾ ਮਾਸ । ਭਗਤ ਵਡਿਆਏ ਚਰਨ ਲਗਾਏ ਸੋਹੰ ਜਪਾਏ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਦ ਰੱਖੇ ਵਾਸ । ਸਾਧ ਸੰਗਤ ਪ੍ਰਭ ਸਦ ਵਸੇਰਾ । ਪਰਗਟ ਜੋਤ ਨਾ ਲਾਵੇ ਦੇਰਾ । ਅਛਲ ਛਲ ਕਰਾਏ ਜੋਤ ਸਰੂਪੀ ਹੇਰਾ ਫੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟੇ ਜੋਤ ਨਾ ਲਾਏ ਦੇਰਾ । ਪਰਗਟੇ ਜੋਤ ਸਿੱਖ ਸਮਾਏ । ਨਾੜੀ ਬਹੱਤਰ ਬੰਦ ਕਰਾਏ । ਆਪ ਆਪਣਾ ਵਿਚ ਟਿਕਾਏ । ਜੋਤ ਸਰੂਪੀ ਜੋਤ ਧਰ, ਗੁਰਸਿਖ ਗੁਰ ਇਕ ਹੋ ਜਾਏ । ਸਾਧ ਸੰਗਤ ਦਿਸਾਵੇ ਸਾਚਾ ਘਰ, ਬੇਮੁਖਾਂ ਪ੍ਰਭ ਪੜਦਾ ਪਾਏ । ਦੇਵੇ ਦਰਸ ਅਵਤਾਰ ਨਰ, ਰੁੜ੍ਹਦਾ ਬੇੜਾ ਬੰਨੇ ਲਾਏ । ਗੁਰਸਿਖ ਸਾਚੇ ਮੂਲ ਨਾ ਡਰ, ਵੇਲੇ ਅੰਤ ਪ੍ਰਭ ਲਏ ਛੁਡਾਏ । ਪ੍ਰਭ ਕਾ ਭਾਣਾ ਸਿਰ ਤੇ ਜਰ, ਆਤਮ ਸੋਹੰ ਧੀਰ ਧਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਹੱਥ ਨਾ ਆਏ ਵੇਲਾ ਵਕ਼ਤ ਜਗਤ ਵਿਹਾਏ । ਕਲਜੁਗ ਜੀਵ ਰਹੇ ਪਛਤਾਏ । ਬੇਮੁਖਾਂ ਪ੍ਰਭ ਡੰਨ ਲਗਾਏ । ਕੋਇ ਨਾ ਜਾਣੇ ਪ੍ਰਭ ਭਗਵਾਨੇ, ਵੇਲੇ ਅੰਤ ਦੇ ਸਜ਼ਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਕ ਨਿਵਾਸ ਰਖਾਏ । ਗੁਰਸਿਖਾਂ ਪ੍ਰਭ ਧੀਰ ਧਰਾਏ । ਆਤਮ ਅੰਮ੍ਰਿਤ ਸੀਰ ਪਿਲਾਏ । ਹਉਮੇ ਮਮਤਾ ਰੋਗ ਗਵਾਏ । ਸੋਹੰ ਸਾਚਾ ਜੋਗ ਦਵਾਏ । ਦਰਸ ਅਮੋਘ ਪ੍ਰਭ ਆਪ ਦਿਖਾਏ । ਆਤਮ ਚਿੰਤਾ ਰੋਗ ਪ੍ਰਭ ਸਰਬ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਏ । ਖੁਲ੍ਹਾਵੇ ਭੇਵ ਭਗਤ ਜਨ । ਸੋਹੰ ਸ਼ਬਦ ਸੁਣਾਵੇ ਕੰਨ । ਆਤਮ ਸੀਤਲ ਠੰਡਾ ਤਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਉਧਾਰੇ ਜਨ । ਭਗਤ ਜਨਾਂ ਪ੍ਰਭ ਸਦਾ ਉਧਾਰੇ । ਵਿਚ ਮਾਤ ਸਚੀ ਦੇਵੇ ਸਿਕਦਾਰੇ । ਏਕਾ ਬਖ਼ਸ਼ੇ ਚਰਨ ਪਿਆਰੇ । ਗੁਰਮੁਖ ਸਾਚੇ ਪ੍ਰਭ ਚਰਨ ਨਿਮਸਕਾਰੇ । ਪਰਗਟ ਜੋਤ ਜੋਤ ਸਰੂਪ ਦੇਵੇ ਦਰਸ ਕ੍ਰਿਸ਼ਨ ਮੁਰਾਰੇ । ਪ੍ਰਭ ਦਾਤਾ ਵਡ ਸਾਚਾ ਭੂਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਅਵਤਾਰੇ । ਨਿਹਕਲੰਕ ਨਰ ਨਰਾਇਣ । ਸ੍ਰਿਸ਼ਟੀ ਸਬਾਈ ਵਹਾਏ ਵਹਿੰਦੇ ਵਹਿਣ । ਗੁਰਸਿਖ ਵਡਿਆਈ ਪ੍ਰਭ ਦਰਸ ਪੇਖੇ ਨੈਣ । ਆਦਿ ਜੁਗਾਦਿ ਪ੍ਰਭ ਪਤਿ ਰਖਾਈ ਬਣ ਜਾਏ ਸਾਕ ਸੱਜਣ ਸੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲਹਿਣਾ ਗੁਰਸਿਖ ਲੈਣ । ਦਇਆ ਕਮਾਏ ਦਇਆ ਨੰਦ । ਆਤਮ ਉਪਜਾਵੇ ਪਰਮਾਨੰਦ । ਆਤਮ ਮਿਟਾਵੇ ਅੰਧੇਰ ਅੰਧ । ਰਸਨਾ ਤਜਾਵੇ ਮਦਿਰਾ ਮਾਸ ਗੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਦਾ ਬਖ਼ਸ਼ੰਦ । ਬਖ਼ਸ਼ਣ ਯੋਗ ਆਪ ਪ੍ਰਭ ਸੂਰਾ । ਪ੍ਰਭ ਅਬਿਨਾਸ਼ੀ ਸਤਿਗੁਰ ਪੂਰਾ । ਅਨਹਦ ਸ਼ਬਦ ਉਪਜਾਵੇ ਸਾਚੀ ਤੂਰਾ । ਆਤਮ ਨਿਰਮਲ ਜੋਤ ਜਗਾਵੇ ਬਖ਼ਸ਼ੇ ਸਤਿ ਸਰੂਰਾ । ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਵੇ ਵਰਤਾਵੇ ਨਾ ਰਹੇ ਅਧੂਰਾ । ਰੈਣ ਸਬਾਈ ਮੰਗਲ ਗਾਇਆ । ਗੁਰ ਗੋਬਿੰਦ ਦਰਸ ਦਿਖਾਇਆ । ਆਤਮ ਸਾਚਾ ਸੁਖ ਵਸਾਇਆ । ਸੰਸਾ ਦੁਖ ਸਰਬ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਜਰਮ ਕਰਮ ਲਿਖਿਆ ਧੁਰ, ਪ੍ਰਭ ਸਾਚੇ ਲੇਖ ਲਿਖਾਇਆ । ਪ੍ਰਭ ਦਰਸਨ ਕੋ ਲੋਚਣ

ਸੁਰ, ਸਾਚਾ ਪ੍ਰਭ ਨਜ਼ਰ ਨਾ ਆਇਆ । ਸਾਧ ਸੰਗਤ ਬੈਠੇ ਕਲ ਪ੍ਰਭ ਚਰਨ ਜੁੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਇਆ, ਕਲ ਮਿਲਿਆ ਸਚਾ ਸਤਿਗੁਰ । ਗੁਰਚਰਨ ਪ੍ਰੀਤੀ ਪੂਰਨ ਘਾਲ । ਸਾਚਾ ਪ੍ਰਭ ਸਚ ਘਰ ਦੇਵੇ ਸਚਾ ਧਨ ਮਾਲ । ਆਤਮ ਸਾਚੀ ਜੋਤ ਜਗਾਏ, ਦੇਹ ਦੀਪਕ ਦੇਵੇ ਬਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਦੇਵੇ ਸਚਾ ਧਨ ਮਾਲ । ਸੋਹੰ ਸ਼ਬਦ ਵਡ ਖ਼ਜ਼ੀਨਾ । ਗੁਰਸਿਖ ਰਹਿਣ ਨਾ ਪਾਏ ਜਿਉਂ ਜਲ ਮੀਨਾ । ਆਪ ਆਪਣੇ ਰੰਗ ਰੰਗਾਏ ਸਾਚਾ ਪ੍ਰਭ ਸਦ ਰੰਗ ਭੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਦਾਨ ਦਰ ਦੀਨਾ । ਸਾਚਾ ਸ਼ਬਦ ਗੁਰਚਰਨ ਹੇਤ । ਸਚ ਸ਼ਬਦ ਪ੍ਰਭ ਸਾਚਾ ਦੇਤ । ਸਾਚਾ ਸ਼ਬਦ ਉਧਾਰ ਪਸ਼ੂ ਪ੍ਰੇਤ । ਸਾਚਾ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਆਤਮ ਕਰੇ ਸੁਚੇਤ । ਗੁਰਸਿਖ ਆਤਮ ਰੰਗ ਰੰਗਾਏ । ਅੰਮ੍ਰਿਤ ਆਤਮ ਗੰਗ ਵਹਾਏ । ਵੇਲੇ ਅੰਤਕਾਲ ਕਲ ਪਾਰ ਲੰਘ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਵਣ ਸਰੂਪ ਸਵਾਸ ਚਲਾਏ । ਸਾਚਾ ਪ੍ਰਭ ਸਿੱਖ ਪੇਖੇ ਨੈਣ । ਪਰਗਟੇ ਜੋਤ ਮੁੰਕਦ ਮਨੋਹਰ ਲਖਮੀ ਨਰਾਇਣ । ਸਾਧ ਸੰਗਤ ਬਣਾਏ ਭਾਈ ਭੈਣ । ਸੋਹੰ ਸਾਚਾ ਜਾਮ ਪਿਲਾਏ, ਆਤਮ ਸਾਚੀ ਜੋਤ ਜਗਾਏ, ਏਕਾ ਸਾਚਾ ਨਾਮ ਜਪਾਏ, ਕਿਰਪਾ ਕਰੇ ਆਪ ਨਰਾਇਣ । ਗੁਰਸਿਖ ਬੇੜਾ ਪਾਰ ਕਰਾਏ, ਬੇਮੁਖ ਬੇੜਾ ਮੰਝਧਾਰ ਡੁਬਾਇਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾਏ । ਮੋਹਣ ਮਾਧਵ ਰੰਗ ਅਪਾਰਾ । ਸਾਵਲ ਸੁੰਦਰ ਕ੍ਰਿਸ਼ਨ ਮੁਰਾਰਾ । ਮਾਤਲੋਕ ਲਏ ਅਵਤਾਰਾ । ਸ੍ਰਿਸ਼ਟ ਸਬਾਈ ਹੋਏ ਦੁਖਦਾਈ ਨਾ ਕੋਇ ਸਹਾਈ, ਅੰਤਕਾਲ ਕਲ ਲੱਗੇ ਦੁਖ ਭਾਰਾ । ਸਾਧ ਸੰਗਤ ਨਾਮ ਧਿਆਈ, ਵਰ ਘਰ ਸਾਚਾ ਪਾਈ, ਅਵਤਾਰ ਨਰ ਪੂਰਨ ਆਸ ਕਰਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਗਿਰਧਾਰਾ । ਗਿਰਵਰ ਪ੍ਰਭ ਗਿਰਧਾਰ । ਸ੍ਰਿਸ਼ਟ ਸਬਾਈ ਕਰੇ ਖ਼ੁਆਰ । ਬ੍ਰਹਮਾ ਵਿਸ਼ਨ ਮਹੇਸ਼ ਕੋਟ ਖੜ੍ਹੇ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲ ਵਰਤੇ ਵਿਚ ਸੰਸਾਰ । ਤਾਰਨਹਾਰ ਸਰਬ ਦਾਤਾ । ਪ੍ਰਭ ਅਬਿਨਾਸ਼ੀ ਆਤਮ ਗਿਆਤਾ । ਸਾਧ ਸੰਗਤ ਬਖ਼ਸ਼ੇ ਪ੍ਰਭ ਚਰਨੀ ਨਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਵਿਰਲੇ ਗੁਰਮੁਖ ਪਛਾਤਾ । ਗੁਰਮੁਖ ਵਿਰਲਾ ਪ੍ਰਭ ਅਬਿਨਾਸ਼ੀ ਗਾਏ । ਰਸਨਾ ਜਪ ਜਪ ਜੀਵ ਆਤਮ ਰਸ ਪਾਏ । ਬੇਮੁਖ ਜੀਵ ਤਪ ਤਪ ਤਪ ਪ੍ਰਭ ਅਗਨ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਕੋਇ ਨਾ ਪਾਏ । ਪ੍ਰਭ ਬੇਅੰਤ ਨਾ ਪਾਰਾਵਾਰ । ਗੁਰਮੁਖ ਵਿਰਲੇ ਸੰਤ ਕਲ ਆਇਣ ਚਲ ਦਰਬਾਰ । ਦੇ ਦਰਸ ਪ੍ਰਭ ਅਬਿਨਾਸ਼ੀ ਚਾਰ ਕੁੰਟ ਹੋਏ ਉਜਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਜਾਣੇ ਸਾਰ । ਜੀਵ ਕਾਇਆ ਰਥ ਬਣਾਏ । ਮਹਾਸਾਰਥੀ ਆਪ ਅਖਵਾਏ । ਭੁੱਲੇ ਭੁਲਾਏ ਜੀਵ ਭੁਲਾਏ । ਭੇਵ ਜਾਣੇ ਨਾ ਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਾਕਨ ਡਾਕਨ ਸਿਰ ਮੁੰਡਵਾਏ । ਹਾਕਨ ਡਾਕਨ ਸਿਰ ਮੁੰਡਵਾਇਆ । ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਦੁਖ ਸੁਖ ਕੁੱਖ ਸੁਫਲ ਪ੍ਰਭ ਕਰਵਾਇਆ । ਉਜਲ ਮੁਖ ਪ੍ਰਭ ਦਰਸ਼ਨ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੋਗ ਸੋਗ ਸਰਬ ਮਿਟਾਇਆ । ਰੋਗੀ ਜੀਵ ਦਰ ਬਿਲਲਾਏ । ਆਤਮ ਦੁਖ ਚੈਨ ਨਾ ਆਏ । ਪ੍ਰਭ ਦਰਸ਼ਨ ਭੁੱਖ, ਕਰ ਦਰਸ ਆਤਮ ਤ੍ਰਿਪਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਕਰਮ ਦੇ ਲੇਖ ਲਿਖਾਏ । ਲਿਖਿਆ ਕਰਮ ਧੁਰ ਦਰਗਾਹ । ਕਲਜੁਗ ਨਾ ਸੂਝੇ ਸਾਚਾ ਰਾਹ । ਬੇਮੁਖ ਨਾ ਸੂਝੇ ਸਾਚਾ ਨਾ

ਬੂਝੇ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਦੋ ਜਹਾਂ । ਸਾਚਾ ਪ੍ਰਭ ਸੁਣੇ ਪੁਕਾਰ । ਦੁਖ ਦਰਦ ਜਾਏ ਨਿਵਾਰ । ਕਰੇ ਬੇਨੰਤੀ ਗੁਰਸਿਖ ਤੀਜੀ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਚਲਾਏ ਸਚ ਵਿਹਾਰ । ਗੁਰਸਿਖ ਬੇਨੰਤੀ ਗੁਰ ਦਰ । ਸਾਚਾ ਪ੍ਰਭ ਸ਼ਬਦ ਉਪਜਾਵੇ ਅਵਤਾਰ ਨਰ । ਦੁਖ ਦਰਦ ਮਿਟਾਏ ਜਨ ਆਏ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਵਰਖੇ ਸਾਚਾ ਸਰ । ਅੰਮ੍ਰਿਤ ਆਤਮ ਸਾਚਾ ਰਸ । ਸਾਚਾ ਰਾਹ ਪ੍ਰਭ ਜਾਏ ਦੱਸ । ਬੇਮੁਖ ਦਰ ਆਇਣ ਜਾਇਣ ਹਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਾਏ ਜੋਤ ਕੋਟ ਰਵਿ ਸਸਿ ।

❊ ੧੭ ਚੇਤ ੨੦੦੬ ਬਿਕ੍ਰਮੀ ਰਣਜੀਤ ਕੌਰ ਦੇ ਗ੍ਰਹਿ ਪਿੰਡ ਜੇਠੂਵਾਲ ❊

ਸਾਚਾ ਪ੍ਰਭ ਦਇਆ ਕਮਾਏ । ਆਪ ਆਪਣੀ ਜੋਤ ਜਗਾਏ । ਗੁਰਸਿਖ ਸਾਚੇ ਜਗਤ ਉਪਾਏ । ਆਪ ਆਪਣੀ ਸਰਨੀ ਲਾਏ । ਆਤਮ ਸਾਚਾ ਗਿਆਨ ਦਵਾਏ । ਰਸਨਾ ਰਸ ਆਤਮ ਰਸ ਮੁਖ ਕਵਲ ਖੁਲ੍ਹਾਏ । ਆਤਮ ਸਾਚੀ ਜੋਤ ਜਗਾਏ ਵਿਚ ਸੰਸਾਰ ਪ੍ਰਭ ਗਿਰਧਾਰੇ । ਭਗਤ ਜਨਾਂ ਮਾਣ ਦਵਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਿਚ ਸੰਸਾਰੇ । ਜੁਗੋ ਜੁਗ ਮਾਤ ਪਰਕਾਸ਼ੇ । ਏਕਾ ਜੋਤ ਪ੍ਰਭ ਅਬਿਨਾਸੇ । ਭਗਤ ਜਨ ਸਦ ਰੱਖੇ ਵਾਸੇ । ਚਰਨ ਪ੍ਰੀਤੀ ਸਾਚੀ ਰਹਿਰਾਸੇ । ਜਗਤ ਮਾਇਆ ਪ੍ਰਭ ਦਰ ਤੋਂ ਨਾਸੇ । ਏਕਾ ਜੋਤ ਪ੍ਰਭ ਅਬਿਨਾਸ਼ੀ ਤੇਰੀ ਜੋਤ ਪਰਕਾਸ਼ੇ । ਏਕਾ ਸ਼ਬਦ ਚਲਾਏ ਉਪਜਾਏ ਗੁਰਸਿਖ ਸਾਚੇ ਪ੍ਰਭ ਸਵਾਸ ਸਵਾਸੇ । ਬਾਹੋਂ ਪਕੜ ਉਠਾਏ ਸਾਚੇ ਮਾਰਗ ਲਾਏ ਆਤਮ ਦੇਵੇ ਪੂਰਨ ਧਰਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਕਰੇ ਬੰਦ ਖ਼ਲਾਸੇ । ਸਾਚਾ ਪ੍ਰਭ ਬਣਾਏ ਬਣਤ । ਗੁਰਸਿਖ ਉਪਜਾਏ ਸਾਚੇ ਸੰਤ । ਦੇਵੇ ਵਡਿਆਈ ਵਿਚ ਜੀਵ ਜੰਤ । ਹੋਏ ਸਹਾਈ ਪ੍ਰਭ ਸਾਚਾ ਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਬੜੀ ਅਗਣਤ । ਮਹਿੰਮਾ ਅਗਣਤ ਗਣੀ ਨਾ ਜਾਏ । ਆਪਣੀ ਬਣਤ ਆਪ ਬਣਾਏ । ਪ੍ਰਭ ਇਕੰਤ ਏਕਾ ਜੋਤ ਜਗਾਏ । ਪ੍ਰਭ ਅਬਿਨਾਸ਼ੀ ਗੁਰਮੁਖ ਵਿਰਲੇ ਦਇਆ ਕਮਾਏ । ਜੋਤ ਸਰੂਪ ਸਰਬ ਵਰਤੰਤ, ਬੇਮੁਖ ਜੀਵ ਭੇਵ ਨਾ ਪਾਏ । ਗੁਰਮੁਖ ਸਾਚੇ ਸਾਚਾ ਸ਼ਬਦ ਰਸਨਾ ਮੰਤ, ਪਰਗਟ ਜੋਤ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਵਿਚ ਮਾਤ ਦੇ ਪਾਏ । ਮਾਤਲੋਕ ਪ੍ਰਭ ਜਾਮਾ ਧਾਰੇ । ਜੋਤ ਸਰੂਪ ਪ੍ਰਭ ਨਿਰੰਕਾਰੇ । ਏਕਾ ਜੋਤ ਤੀਨ ਲੋਕ ਆਕਾਰੇ । ਜੋਤ ਸਰੂਪੀ ਜੋਤ ਪ੍ਰਭ ਸ੍ਰਿਸ਼ਟ ਸਬਾਈ ਕਰੇ ਖ਼ੁਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਵਿਚ ਮਾਤ ਦੇ ਧਾਰੇ । ਜੁਗੋ ਜੁਗ ਪ੍ਰਭ ਜਾਮਾ ਪਾ ਕੇ । ਭਗਤ ਜਨਾਂ ਨੂੰ ਚਰਨੀ ਲਾ ਕੇ । ਸੋਇਆ ਹਿਰਦਾ ਗੁਰਸਿਖ ਜਗਾ ਕੇ । ਗੁਰਸਿਖ ਸਾਚੇ ਸੋਝੀ ਪਾ ਕੇ । ਕਲਜੁਗ ਮਾਇਆ ਤਨੋਂ ਚਲਾ ਕੇ । ਸੋਹੰ ਸਾਚਾ ਰਸਨ ਚਲਾ ਕੇ । ਅਨਹਦ ਧੁਨ ਆਤਮ ਉਪਜਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਸੁੰਨ ਜਾਏ ਖੁਲ੍ਹਾ ਕੇ । ਭਗਤ ਜਨ ਤੇਰੀ ਵਡਿਆਈ । ਤੇਰੀ ਮਹਿੰਮਾ ਗਣੀ ਨਾ ਜਾਈ । ਸਾਚੇ ਪ੍ਰਭ ਮਨੀ ਜੋਤ ਟਿਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਬਣਾਈ । ਸਾਚਾ ਗੁਰ ਗੁਰ ਗੋਪਾਲਾ । ਭਗਤ ਵਛਲ ਸਦ

ਰਖਵਾਲਾ । ਜੁਗੋ ਜੁਗ ਸਦ ਪ੍ਰਿਤਪਾਲਾ । ਸਾਚਾ ਨਾਮ ਦੇਵੇ ਆਤਮ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਦੀਪਕ ਬਾਲਾ । ਸੰਤ ਜਨਾਂ ਵਰ ਘਰ ਪਾਇਆ । ਸੰਤ ਜਨਾਂ ਹਰਿ ਦਰ ਬੁਝਾਇਆ । ਸੰਤ ਜਨਾਂ ਸਚ ਮਾਰਗ ਲਾਇਆ । ਸੰਤ ਜਨਾਂ ਭੇਵ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਇਆ । ਸੰਤ ਜਨਾਂ ਸਦਾ ਬਲਿਹਾਰ । ਸੰਤ ਜਨਾਂ ਪ੍ਰਭ ਜੋਤ ਆਕਾਰ । ਸੰਤ ਜਨਾਂ ਏਕਾ ਦਿਸੇ ਦਰ ਦਰਬਾਰ । ਸੰਤ ਜਨਾਂ ਨਿਰਮਲ ਜੋਤ ਕਰੇ ਆਕਾਰ । ਸੰਤ ਜਨਾਂ ਪ੍ਰਭ ਬਖ਼ਸ਼ੇ ਏਕਾ ਚਰਨ ਪਿਆਰ । ਸੰਤ ਜਨਾਂ ਸੋਹੰ ਸ਼ਬਦ ਉਪਜੇ ਸਚੀ ਧੁਨਕਾਰ । ਸੰਤ ਜਨਾਂ ਏਕਾ ਬਣਾਏ ਦਿਖਾਏ ਚਲਾਏ ਰਖਾਏ ਸਾਚੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਕਰਤਾਰ । ਸੰਤ ਸੰਗ ਪ੍ਰਭ ਰੰਗ ਰੰਗਾਇਆ । ਸੰਤ ਰੰਗ ਪ੍ਰਭ ਇਕ ਮਜੀਠ ਚੜ੍ਹਾਇਆ । ਸੰਤ ਸੰਗ ਆਤਮ ਉਪਜੇ ਜੋਤ ਸਵਾਇਆ । ਭਗਤਨ ਜੰਗ ਕਾਮ ਕਰੋਧ ਹੰਕਾਰ ਸੰਗ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਹੱਥ ਫੜਾਇਆ । ਸੋਹੰ ਤੇਰੀ ਸਾਚੀ ਧਾਰਾ । ਗੁਰਮੁਖ ਵਿਰਲਾ ਪਾਵੇ ਸਾਰਾ । ਜੋਤ ਸਰੂਪੀ ਵਸੇ ਗਿਰਧਾਰਾ । ਪ੍ਰਭ ਅਬਿਨਾਸ਼ੀ ਨਾ ਦਿਸੇ ਸਦ ਅੰਦਰ ਬਾਹਰਾ । ਜੋਤ ਸਰੂਪੀ ਜੋਤ ਪ੍ਰਭ ਬੈਠ ਅਡੋਲ ਕਰੇ ਆਕਾਰਾ । ਗੁਰਮੁਖ ਸਾਚੇ ਪਰਦੇ ਦੇਵੇ ਖੋਲ੍ਹ, ਜਗਾਵੇ ਜੋਤ ਅਗੰਮ ਅਪਾਰਾ । ਪ੍ਰਭ ਅਬਿਨਾਸ਼ੀ ਸਦ ਵਸੇ ਕੋਲ, ਮੂਰਖ ਮੁਗਧ ਨਾ ਕਰਨ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਜਨ ਸੰਤਾਂ ਖੋਲ੍ਹ ਦੇਵੇ ਦਸਮ ਦਵਾਰਾ । ਖੁਲ੍ਹੇ ਦਵਾਰ ਹੋਏ ਅਤੀਤ । ਪ੍ਰਭ ਸਾਚੇ ਦੀ ਸਾਚੀ ਪ੍ਰੀਤ । ਕਲਜੁਗ ਜੀਵ ਪ੍ਰਭ ਸਾਚਾ ਪਰਖੇ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਆਤਮ ਹੋਏ ਸੀਤ । ਸਾਚਾ ਸੰਤ ਸਤਿ ਕਰ ਜਾਣੇ । ਸਾਚਾ ਸੰਤ ਸਚ ਘਰ ਪਛਾਣੇ । ਸਾਚਾ ਸੰਤ ਬੋਧ ਅਗਾਧ ਸ਼ਬਦ ਲਿਖਾਣੇ । ਨਾਦ ਅਨਾਦੀ ਸੋਹੰ ਸ਼ਬਦ ਧੁਨ ਉਪਜਾਣੇ । ਗੁਰਮੁਖ ਸਾਚੇ ਸੰਤ ਪ੍ਰਭ ਮਾਣ ਦਵਾਣੇ । ਆਤਮ ਸਾਚਾ ਰਸ ਪ੍ਰਭ ਆਪ ਪਿਲਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤ ਸਦ ਵਿਚ ਸਮਾਣੇ । ਪ੍ਰਭ ਅਬਿਨਾਸ਼ੀ ਜਾਂ ਦਇਆ ਕਮਾਏ । ਗੁਰਮੁਖ ਸਾਚੇ ਮੇਲ ਮਿਲਾਏ । ਜੋਤ ਸਰੂਪ ਦਰਸ ਦਿਖਾਏ । ਗੁਰਸਿਖ ਸਾਚਾ ਹੱਸ ਹੱਸ ਪ੍ਰਭ ਚਰਨੀ ਸੀਸ ਝੁਕਾਏ । ਬੇਮੁਖ ਦਰ ਤੋਂ ਨੱਸ ਨੱਸ ਆਪਣਾ ਮੁਖ ਛੁਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਵਟਾਏ । ਸਾਚਾ ਪ੍ਰਭ ਭੇਖ ਧਾਰੇ । ਸਾਚਾ ਪ੍ਰਭ ਆਪ ਗਿਰਧਾਰੇ । ਸਾਚਾ ਪ੍ਰਭ ਨੈਣ ਮੁੰਧਾਰੇ । ਸਾਚਾ ਪ੍ਰਭ ਵਡ ਸੰਸਾਰੇ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਸਰ ਪਸਾਰੇ । ਸਾਚਾ ਪ੍ਰਭ ਜੋਤ ਆਕਾਰੇ । ਸਾਚਾ ਪ੍ਰਭ ਸਦਾ ਨਿਰਾਧਾਰੇ । ਸਾਚਾ ਪ੍ਰਭ ਏਕਾ ਜੋਤ ਆਪ ਨਿਰੰਕਾਰੇ । ਸਾਚਾ ਪ੍ਰਭ ਜੋਤ ਸਰੂਪ ਵਿਚ ਸੰਸਾਰੇ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਲੋਕਮਾਤ ਵਿਚ ਧਾਰੇ । ਸਾਚਾ ਪ੍ਰਭ ਸਾਰੰਗ ਧਰ । ਸਾਚਾ ਪ੍ਰਭ ਏਕਾ ਹਰਿ । ਸਾਚਾ ਪ੍ਰਭ ਗੁਰਸਿਖ ਸਾਚੇ ਚਰਨ ਲਾਗ ਜਾਏ ਤਰ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਪੁਚਾਵੇ ਸਾਚੇ ਘਰ । ਸਾਚਾ ਪ੍ਰਭ ਅਪਰ ਅਪਾਰ । ਸਾਚਾ ਪ੍ਰਭ ਜਗਤ ਅਧਾਰ । ਸਾਚਾ ਪ੍ਰਭ ਪਾਰਬ੍ਰਹਮ ਪੂਰਨ ਨਰ ਅਵਤਾਰ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਇਕ ਕਰਤਾਰ । ਸਾਚਾ ਪ੍ਰਭ ਸਰਬ ਸੁਖਦਾਈ । ਸਾਚਾ ਪ੍ਰਭ ਨਾਮ ਵਡਿਆਈ । ਸਾਚਾ ਪ੍ਰਭ ਆਦਿ ਜੁਗਾਦਿ ਹੋਏ ਸਹਾਈ । ਸਾਚਾ ਪ੍ਰਭ ਮਾਤ ਪਤਾਲ ਅਕਾਸ਼ ਤੀਨ ਲੋਕ ਰਿਹਾ ਸਮਾਈ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਖੰਡ ਬ੍ਰਹਿਮੰਡ ਵਰਭੰਡ ਏਕਾ ਜੋਤ ਜਗਾਈ । ਸਾਚਾ ਪ੍ਰਭ ਸਰਬ ਕਾ ਗਿਆਤਾ । ਸਾਚਾ ਪ੍ਰਭ ਸਰਬ ਕਾ ਨਾਤਾ । ਸਾਚਾ ਪ੍ਰਭ ਗੁਰਮੁਖ ਸਾਚੇ ਏਕਾ ਪਿਤ ਮਾਤਾ । ਸਾਚਾ ਪ੍ਰਭ ਸੋਹੰ ਦੇਵੇ ਸਾਚੀ ਦਾਤਾ । ਸਾਚਾ ਪ੍ਰਭ ਅੰਮ੍ਰਿਤ ਮੇਘ ਬਰਸਾਏ ਸਵਾਂਤ ਸਵਾਂਤਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਰਲੇ ਗੁਰਮੁਖ ਕਲ ਪਛਾਤਾ । ਸਾਚਾ ਪ੍ਰਭ ਸਚ ਕਰਤਾਰੇ । ਸਾਚਾ ਪ੍ਰਭ ਸਚ ਕਲ ਧਾਰੇ । ਸਾਚਾ ਪ੍ਰਭ ਪਾਰਬ੍ਰਹਮ ਰੂਪ ਅਪਰ ਅਪਾਰੇ । ਸਾਚਾ ਪ੍ਰਭ ਜੋਤ ਸਰੂਪ ਆਪ ਨਿਰੰਕਾਰੇ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਆਏ ਵਾਰੋ ਵਾਰੇ । ਸਾਚਾ ਪ੍ਰਭ ਸੋ ਜਨ ਜਾਣੇ । ਸਾਚਾ ਪ੍ਰਭ ਆਪ ਆਪਣੇ ਰੰਗ ਸਮਾਣੇ । ਸਾਚਾ ਪ੍ਰਭ ਗੁਰਮੁਖ ਸਾਚੇ ਆਤਮ ਜੋਤ ਦੇਵੇ ਮਹਾਨੇ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਸਮਾਣੇ । ਸਾਚਾ ਪ੍ਰਭ ਦੇਵੇ ਦਾਨ । ਸਾਚਾ ਪ੍ਰਭ ਗੁਰਸਿਖ ਜਗਤ ਰਖਾਏ ਮਾਣ । ਸਾਚਾ ਪ੍ਰਭ ਸੋਹੰ ਉਪਜਾਏ ਸੁਣਾਵੇ ਕਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਲਏ ਪਛਾਣ । ਸਾਚਾ ਪ੍ਰਭ ਸ਼ਬਦ ਉਪਜਾਵੇ । ਸਾਚਾ ਪ੍ਰਭ ਗੁਰਮੁਖ ਆਤਮ ਸੁੰਨ ਖੁਲ੍ਹਾਵੇ । ਸਾਚਾ ਪ੍ਰਭ ਏਕਾ ਸਾਚੀ ਧੁਨ ਉਪਜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਰਤ ਸ਼ਬਦ ਦਾ ਮੇਲ ਮਿਲਾਵੇ । ਸੋਹੰ ਸ਼ਬਦ ਧੁਨ ਉਪਜਾ ਕੇ । ਗੁਰਮੁਖ ਸਾਚੇ ਪ੍ਰਭ ਦਇਆ ਕਮਾ ਕੇ । ਅਨਹਦ ਅਨਾਹਤ ਸਾਚਾ ਰਾਗ ਆਪ ਸੁਣਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਬਜਰ ਕਪਾਟ ਖੁਲ੍ਹਾ ਕੇ । ਸਤਿਗੁਰ ਸਾਚਾ ਦਇਆ ਨੰਦ । ਸਤਿਗੁਰ ਸਾਚਾ ਗੁਰਮੁਖ ਉਪਜਾਵੇ ਸਤਿਜੁਗ ਸਾਚੇ ਚੰਦ । ਸਾਚਾ ਪ੍ਰਭ ਆਤਮ ਉਪਜਾਵੇ ਪਰਮਾਨੰਦ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸਦਾ ਬਖ਼ਸ਼ੰਦ । ਸਾਚਾ ਪ੍ਰਭ ਸਰਬ ਗੁਣਵੰਤ । ਸਾਚਾ ਪ੍ਰਭ ਪੂਰਨ ਭਗਵੰਤ । ਸਾਚਾ ਪ੍ਰਭ ਗਤਿ ਮਿਤ ਮਿਤ ਗਤ ਜਾਣੇ ਸਰਬ ਜੀਵ ਜੰਤ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਗੁਰਮੁਖ ਵਿਰਲੇ ਸੰਤ । ਸਾਚਾ ਪ੍ਰਭ ਸਦਾ ਸੰਗ ਸਾਥਾ । ਸਾਚਾ ਪ੍ਰਭ ਨਾਥ ਅਨਾਥਾ । ਸਾਚਾ ਪ੍ਰਭ ਗੁਰਮੁਖ ਸਾਚੇ ਲੇਖ ਲਿਖਾਵੇ ਮਾਥਾ । ਸਾਚਾ ਪ੍ਰਭ ਸਤਿਜੁਗ ਚਲਾਵੇ ਸਾਚੀ ਗਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਚਲਾਵੇ ਸਾਚੀ ਗਾਥਾ । ਸਾਚਾ ਪ੍ਰਭ ਤ੍ਰੈਲੋਕੀ ਨਾਥ । ਸਾਚਾ ਪ੍ਰਭ ਭਗਤ ਵਛਲ ਆਪ ਰਘੁਨਾਥ । ਸਾਚੀ ਸੰਗਤ ਪ੍ਰਭ ਸਦਾ ਸੰਗ ਸਾਥ । ਵੇਲੇ ਅੰਤ ਅੰਤਕਾਲ ਕਲ ਰੱਖੇ ਦੇ ਕਰ ਹਾਥ । ਚਾਰ ਵਰਨ ਚਾਰ ਕੁੰਟ ਇਕ ਚਲਾਏ ਸੋਹੰ ਸਾਚਾ ਰਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਸਗਲ ਵਸੂਰੇ ਜਾਇਣ ਲਾਥ । ਸਤਿਗੁਰ ਸਾਚਾ ਸਚ ਘਰ ਆਇਆ । ਵਿਚ ਮਾਤ ਜੋਤ ਸਰੂਪ ਸਿੰਘਆਸਣ ਡੇਰਾ ਲਾਇਆ । ਸਰਬ ਮਿਟਾਏ ਜਾਪ ਤਾਪ, ਏਕਾ ਰੰਗ ਵਰਨ ਚਾਰ ਚੜ੍ਹਾਇਆ । ਬੇਮੁਖਾਂ ਹੋਏ ਅੰਧੇਰੀ ਰਾਤ, ਪ੍ਰਭ ਅਬਿਨਾਸ਼ੀ ਦਿਸ ਨਾ ਆਇਆ । ਗੁਰ ਸਾਚੇ ਚਰਨ ਧੂੜ ਲਾਏ ਮਾਥ, ਕੋਟਨ ਕੋਟ ਜਨਮ ਦੇ ਪਾਪ ਗਵਾਇਆ । ਬੈਠੇ ਅਡੋਲ ਆਪ ਇਕਾਂਤ, ਵਿਚ ਸਿੱਖ ਦੇਹ ਸਮਾਇਆ । ਕਲਜੁਗ ਜੀਵ ਵੇਖ ਮਾਰ ਝਾਤ, ਨਿਹਕਲੰਕ ਕਲ ਜਾਮਾ ਪਾਇਆ । ਅੰਮ੍ਰਿਤ ਬਰਸੇ ਬੂੰਦ ਸਵਾਂਤ, ਅੰਮ੍ਰਿਤ ਝਿਰਨਾ ਦੇ ਝਿਰਾਇਆ । ਪ੍ਰਭ ਮਿਟਾਏ ਭੁਲੇਖੇ ਭਰਾਂਤ, ਊਚੀ ਕੂਕ ਸ਼ਬਦ ਸੁਣਾਇਆ । ਗੁਰਮੁਖ ਵਿਰਲੇ ਆਏ ਸ਼ਾਂਤ, ਅੰਮ੍ਰਿਤ ਬੂੰਦ ਪ੍ਰਭ ਕਵਲ ਮੁਖ ਚੁਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵਿਰਲੇ ਸੰਤ ਅੰਮ੍ਰਿਤ ਬੂੰਦ ਪ੍ਰਭ ਮੁਖ ਕਵਲ ਚੁਆਇਆ । ਜੋਤ ਸਰੂਪੀ ਦਰਸ ਦਿਖਾਵੇ । ਕਵਲ ਨੈਣ ਵਿਚ ਮਾਤ ਦੇ ਆਵੇ ।

੧੬੧
੦੧

ਸਾਵਲ ਸੁੰਦਰ ਰੂਪ ਵਟਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਦਰਸ ਦਿਖਾਵੇ । ਨਿਹਕਲੰਕ ਜੀਵ ਨਾ ਜਾਣੇ । ਜੋਤ ਸਰੂਪੀ ਨਾ ਪ੍ਰਭ ਪਛਾਣੇ । ਗੁਰਮੁਖ ਚਲਾਏ ਆਪਣੇ ਭਾਣੇ । ਸੋਹੰ ਸਾਚਾ ਸ਼ਬਦ ਪ੍ਰਭ ਵਿਚ ਸਵਾਸ ਚਲਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਿਵਸ ਰੈਣ ਸਦ ਰਸਨਾ ਗਾਣੇ । ਗੁਰਸਿਖ ਸਾਚੇ ਬੂਝੇ ਦਰ । ਦੇਵੇ ਦਰਸ ਅਵਤਾਰ ਨਰ । ਜੀਵ ਆਤਮ ਵੇਖ ਸਾਚਾ ਘਰ । ਬੈਠੇ ਅਡੋਲ ਹਰੀ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪ ਜਪ ਜੀਵ ਪ੍ਰਭ ਸੋਹੰ ਦੇਵੇ ਸਾਚਾ ਵਰ । ਆਤਮ ਵੇਖ ਕਰ ਵਿਚਾਰ । ਏਕਾ ਜੋਤ ਜਗੇ ਅਪਾਰ । ਸਾਚੀ ਧੁਨ ਉਪਜੇ ਧੁਨਕਾਰ । ਗੁਰਮੁਖ ਵਿਰਲੇ ਪ੍ਰਭ ਸਾਚੇ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਜਾਏ ਤਾਰ । ਭਗਤ ਜਨਾਂ ਪ੍ਰਭ ਆਪ ਜਗਾਇਆ । ਜੋਤ ਸਰੂਪੀ ਵਿਚ ਦੇਹ ਸਮਾਇਆ । ਬਾਹੋਂ ਪਕੜ ਕਲ ਮਾਰਗ ਲਾਇਆ । ਸੰਤ ਜਨਾਂ ਪ੍ਰਭ ਮੇਲ ਮਿਲਾਇਆ । ਜੋਤ ਸਰੂਪੀ ਜੋਤ ਧਰ, ਆਤਮ ਸਾਚਾ ਦੀਪ ਜਗਾਇਆ । ਕਿਰਪਾ ਕਰ ਅਵਤਾਰ ਨਰ, ਅਗਿਆਨ ਅੰਧੇਰ ਸਰਬ ਮਿਟਾਇਆ । ਆਤਮ ਦਿਸੇ ਸਾਚਾ ਸਰ, ਦਿਵਸ ਰੈਣ ਰੈਣ ਦਿਵਸ ਗੁਰਸਿਖ ਤੀਰਥ ਨਹਾਇਆ । ਕਰ ਦਰਸ ਵਿਚ ਮਾਤ ਜੀਵ ਜਾਏ ਤਰ, ਜੋ ਜਨ ਸਰਨਾਈ ਆਇਆ । ਸਾਧ ਸੰਗਤ ਮੂਲ ਨਾ ਡਰ, ਆਦਿ ਜੁਗਾਦਿ ਜੁਗਾਦਿ ਆਦਿ ਜੁਗੋ ਜੁਗ ਪ੍ਰਭ ਸਾਚਾ ਹੋਏ ਸਹਾਇਆ । ਭਗਤ ਜਨਾਂ ਪ੍ਰਭ ਹੋਏ ਸਹਾਈ । ਜੁਗੋ ਜੁਗ ਪ੍ਰਭ ਸਾਚੇ ਪੈਜ ਰਖਾਈ । ਏਕਾ ਬਖ਼ਸ਼ੇ ਸਾਚੀ ਦਾਤ ਸੋਹੰ ਝੋਲੀ ਪਾਈ । ਸੋਹੰ ਸ਼ਬਦ ਵਡ ਕਰਾਮਾਤ ਪ੍ਰਭ ਵਿਚ ਮਾਤ ਟਿਕਾਈ । ਗੁਰਚਰਨ ਪ੍ਰੀਤ ਸਾਚਾ ਨਾਤ, ਗੁਰਸਿਖ ਭੁਲ ਨਾ ਜਾਈ । ਗੁਰਸਿਖ ਨਾ ਜਾਣੇ ਜ਼ਾਤ ਪਾਤ, ਪ੍ਰਭ ਪੂਰਨ ਬੂਝ ਬੁਝਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਤਮ ਤ੍ਰਿਖਾ ਮਿਟਾਈ । ਸਾਚਾ ਪ੍ਰਭ ਤ੍ਰਿਖਾ ਮਿਟਾਏ । ਜੋਤ ਸਰੂਪੀ ਜੋਤ ਜਗਾਏ । ਆਤਮ ਸੁਖ ਦੇਹ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਸਾਚਾ ਪ੍ਰਭ ਦਇਆ ਕਮਾਏ । ਗੁਰਸਿਖ ਪੂਰੀ ਆਸ ਕਰਾਏ । ਸੋਹੰ ਨਾਮ ਧੀਰ ਧਰਵਾਸ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਆਪ ਆਪਣਾ ਰਾਹ ਚਲਾਇਆ । ਸੋਹੰ ਸਾਚਾ ਸ਼ਬਦ ਸੁਣਾਇਆ । ਜੀਵ ਜੰਤ ਕਲ ਭੁਲਾਇਆ । ਗੁਰਮੁਖ ਵਿਰਲਾ ਚਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰੀ ਵਿਚ ਜਾਮਾ ਪਾਇਆ । ਘਨਕਪੁਰੀ ਵਿਚ ਜਾਮਾ ਧਾਰੇ । ਦੇਵ ਦੇਵੀਆਂ ਆਇਣ ਦਵਾਰੇ । ਜੋਤ ਨਾ ਦਿਸੇ ਪ੍ਰਭ ਗਿਰਧਾਰੇ । ਸ਼ਬਦ ਮਾਰ ਪ੍ਰਭ ਸਾਚਾ ਮਾਰੇ । ਭਗਤ ਜਨਾਂ ਪ੍ਰਭ ਕਿਰਪਾ ਧਾਰੇ । ਵਿਚ ਮਾਤ ਲਏ ਅਵਤਾਰੇ । ਭਗਤ ਵਛਲ ਆਪ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਵਿਚ ਜਾਮਾ ਧਾਰੇ । ਭਗਤ ਜਨਾਂ ਹੋਏ ਸਹਾਈ । ਸਾਚਾ ਪ੍ਰਭ ਸਦਾ ਸੁਖਦਾਈ । ਆਦਿ ਜੁਗਾਦਿ ਲਾਜ ਰਖਾਈ । ਆਤਮ ਸਾਧ ਪ੍ਰਭ ਸਾਚੀ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਿਰ ਹੱਥ ਟਿਕਾਈ । ਭਗਤ ਜਨਾਂ ਪ੍ਰਭ ਕਾਜ ਸਵਾਰੇ । ਆਤਮ ਜੋਤ ਜਗਾਏ ਗੁਰਮੁਖ ਦੇਹ ਮਹਲ ਮੁਨਾਰੇ । ਏਕਾ ਏਕ ਜੋਤ ਹੋਏ ਉਜਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਕਰਤਾਰੇ । ਜੋਤ ਸਰੂਪ ਸਰਬ ਗਵਣ । ਜੋਤ ਸਰੂਪ ਤੀਨ ਭਵਨ । ਜੋਤ ਸਰੂਪ ਸੋਹੰ ਸਵਾਸ ਚਲਾਵੇ ਪਵਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਦਿਵਸ ਰੈਣ ਕਦੇ ਨਾ ਸਵਣ । ਦਿਵਸ ਰੈਣ ਸਦ ਮੰਗਲ ਗਾਏ । ਆਤਮ ਰੰਗ ਪ੍ਰਭ

੧੬੨
੦੧

ਚੜ੍ਹਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਗੇੜ ਕਟਾਏ । ਲੱਖ ਚੁਰਾਸੀ ਗੇੜ ਕਟਾਇਆ । ਜੋਤ ਸਰੂਪੀ ਮੇਲ ਮਿਲਾਇਆ । ਸਚਖੰਡ ਨਿਵਾਸੀ ਥਿਰ ਘਰ ਵਾਸੀ ਗੁਰਮੁਖ ਸਾਚੇ ਸਿਰ ਹੱਥ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਅਬਿਨਾਸ਼ੀ ਜੋਤ ਸਰੂਪੀ ਮੇਲ ਮਿਲਾਇਆ । ਜੋਤ ਸਰੂਪੀ ਮੇਲ ਮਿਲਈਆ । ਆਵਣ ਜਾਵਣ ਗੇੜ ਕਟਈਆ । ਗੁਰਮੁਖ ਸਾਚੇ ਦਰ ਘਰ ਸਾਚੇ ਮਾਣ ਦਵਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਚਖੰਡ ਨਿਵਾਸ ਰਖਈਆ । ਸਚਖੰਡ ਧਾਮ ਨਿਆਰਾ । ਜਗੇ ਜੋਤ ਅਗੰਮ ਅਪਾਰਾ । ਜੋਤ ਸਰੂਪ ਆਪ ਨਿਰਾਧਾਰਾ । ਏਕਾ ਏਕੰਕਾਰ ਜੋਤ ਨਿਰੰਕਾਰਾ । ਏਕਾ ਧੁਨ ਏਕਾ ਧੁਨਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਅਧਾਰਾ । ਸਾਚਾ ਪ੍ਰਭ ਜੋਤ ਅਧਾਰੀ । ਜੀਵ ਜੰਤ ਪ੍ਰਭ ਜੋਤ ਪਸਾਰੀ । ਗੁਰਮੁਖ ਸਾਚੇ ਸੰਤ ਪ੍ਰਭ ਦਇਆ ਧਾਰੀ । ਆਪ ਬਣਾਏ ਬਣਤ, ਆਪ ਜੋਤ ਕਰੇ ਉਜਿਆਰੀ । ਆਤਮ ਰੰਗੇ ਸਾਚੀ ਰੰਗਤ, ਸਾਚੀ ਦੇਵੇ ਨਾਮ ਖ਼ੁਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਜੋਤ ਨਰ ਅਵਤਾਰੀ । ਨਰਾਇਣ ਨਰ ਜਗਤ ਪਿਤ ਆਏ । ਆਪ ਆਪਣੀ ਜੋਤ ਜਗਾਏ । ਗੁਰਮੁਖਾਂ ਸਾਚੇ ਦਰਸ ਦਿਖਾਏ । ਆਤਮ ਤ੍ਰਿਸਨਾ ਸਰਬ ਮਿਟਾਏ । ਲਿਖਿਆ ਸੁਖ ਪ੍ਰਭ ਆਤਮ ਸੁਖ ਉਪਜਾਏ । ਭੁੱਖਿਆਂ ਭੁੱਖ ਦੁਖੀਆਂ ਦੁਖ ਪ੍ਰਭ ਸਰਬ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸ ਪੁਜਾਏ । ਸਾਚਾ ਪ੍ਰਭ ਆਸਾ ਮਨਸਾ ਪੂਰ । ਏਕਾ ਬਖ਼ਸ਼ੇ ਚਰਨ ਧੂੜ । ਆਤਮ ਜੋਤ ਜਗਾਵੇ ਸਾਚਾ ਨੂਰ । ਸੋਹੰ ਸ਼ਬਦ ਦੇਵੇ ਸਤਿ ਸਰੂਰ । ਅਨਹਦ ਉਪਜਾਵੇ ਸਾਚੀ ਤੂਰ । ਗੁਰਮੁਖ ਨਾ ਦਿਸੇ ਦੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤੀ ਨੂਰ । ਜੋਤ ਸਰੂਪੀ ਜੋਤ ਪ੍ਰਭ, ਸਾਚੀ ਜੋਤ ਜਗਾਏ । ਜੋਤ ਸਰੂਪੀ ਜੋਤ ਪ੍ਰਭ, ਚਾਰ ਵਰਨ ਇਕ ਗੋਤ ਕਰਾਏ । ਜੋਤ ਸਰੂਪੀ ਜੋਤ ਪ੍ਰਭ, ਮਦਿਰਾ ਮਾਸੀ ਦਏ ਖਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਸਹਾਏ । ਆਪ ਆਪਣਾ ਭੇਵ ਖੁਲ੍ਹਾ ਕੇ । ਹੰਕਾਰੀਆਂ ਪ੍ਰਭ ਹੰਕਾਰ ਗਵਾ ਕੇ । ਨਿਰਧਨਾਂ ਸਿਰ ਹੱਥ ਟਿਕਾ ਕੇ । ਸਰਧਨਾਂ ਪ੍ਰਭ ਪੂਰਨ ਆਸ ਕਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਜਾਏ ਵਰਤਾ ਕੇ । ਭਾਣਾ ਵਰਤੇ ਪ੍ਰਭ ਵਰਤਾਰ । ਕਲਜੁਗ ਅੰਤਮ ਆਈ ਹਾਰ । ਸੋਹੰ ਸ਼ਬਦ ਮਾਰੇ ਖੰਡਾ ਦੋ ਧਾਰ । ਕਲਜੁਗ ਹੋਏ ਦੋ ਫਾੜ । ਬਣਤ ਬਣਾਈ ਆਪ ਕਰਤਾਰ । ਉਠੇ ਲਸ਼ਕਰ ਰੂਸਾ ਭਾਰ । ਈਸਾ ਮੂਸਾ ਮੁਹੰਮਦੀ ਸਭ ਕਰੇ ਖ਼ੁਆਰ । ਪ੍ਰਭ ਅਬਿਨਾਸ਼ੀ ਪ੍ਰਭ ਜੋਤ ਚਰਨ ਧਰੇ ਜਮਨ ਕਿਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਵੇ ਆਪ ਨਿਰੰਕਾਰ । ਜਮਨ ਕਿਨਾਰੇ ਚਰਨ ਟਿਕਾਏ । ਵਾਲੀ ਦੋ ਜਹਾਂ ਵਿਚ ਦੇਹ ਆਏ । ਸੋਹੰ ਸਾਚਾ ਬਾਣ ਪ੍ਰਭ ਆਤਮ ਸ਼ਬਦ ਚਲਾਏ । ਸੁਰਤ ਸ਼ਬਦ ਸ਼ਬਦ ਧਿਆਨ ਵਾਲੀ ਹਿੰਦ ਪ੍ਰਭ ਲਏ ਉਠਾਏ । ਭੈ ਭਿਆਨਕ ਜੋਤ ਸਰੂਪ ਪ੍ਰਭ ਆਪਣਾ ਭੈ ਦਿਖਾਏ । ਅਚਨ ਅਚਾਨਕ ਪਰਗਟ ਜੋਤ ਪ੍ਰਭ ਆਪਣਾ ਦਰਸ ਦਿਖਾਏ । ਜਗੇ ਜੋਤ ਆਤਮ ਹੋਏ ਉਜਿਆਰ, ਪ੍ਰਭ ਆਪਣੀ ਬੂਝ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਏ । ਜਮਨ ਕਿਨਾਰਾ ਸਾਚਾ ਸਰ । ਨਿਹਕਲੰਕ ਲਏ ਚਰਨ ਧਰ । ਸੰਤ ਜਨਾਂ ਪ੍ਰਭ ਸਾਚਾ ਦੇਵੇ ਵਰ । ਗੁਰਮੁਖ ਸਾਚੇ ਪ੍ਰਭ ਸਾਚੇ ਆਇਣ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਅਵਤਾਰ ਨਰ । ਸਾਚੇ ਪ੍ਰਭ ਭੇਵ ਖੁਲ੍ਹਾਵਣਾ । ਸੋਹੰ ਸ਼ਬਦ ਦੂਤ ਬਣਾਵਣਾ । ਵਿਚ ਪਵਣ

ਚਾਰ ਕੁੰਟ ਚਲਾਵਣਾ । ਜੀਵ ਜੰਤ ਦੇ ਵਿਚ ਵਸਾਵਣਾ । ਸੋਹੰ ਜੈ ਜੈ ਜੈਕਾਰ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਵਣਾ । ਸੋਹੰ ਸ਼ਬਦ ਚਾਰ ਕੁੰਟ ਚਲਾਏ । ਵਡ ਵਡ ਸੰਤ ਪ੍ਰਭ ਪਕੜ ਉਠਾਏ । ਦਿਵਸ ਰੈਣ ਜੋ ਸੇਵਾ ਲਾਏ । ਸਾਚਾ ਮੇਲ ਸੋਹੰ ਲੇਖ ਲਿਖਾਏ । ਏਕੰਕਾਰ ਇਕ ਆਕਾਰ, ਪ੍ਰਭ ਆਤਮ ਏਕਾ ਸਾਚੀ ਜੋਤ ਟਿਕਾਏ । ਕਰ ਵਿਚਾਰ ਵਿਚ ਸੰਸਾਰ, ਸ਼ਬਦ ਅਧਾਰ ਪ੍ਰਭ ਅਬਿਨਾਸ਼ੀ ਦੂਤ ਪਠਾਏ । ਉਪਜੇ ਧੁਨਕਾਰ ਨਾ ਤੁੱਟੇ ਤਾਰ, ਸੋਹੰ ਪ੍ਰਭ ਦੇ ਸਾਚੀ ਤਾਰ ਬੈਠ ਅਡੋਲ ਕਾਰ ਕਰਾਏ । ਆਰ ਪਾਰ ਪਾਰ ਆਰ ਪਾਵੇ ਸਾਰ ਭਗਤ ਅਧਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜੈ ਜੈ ਜੈਕਾਰ ਕਰਾਏ । ਸੰਤ ਜਨਾਂ ਪ੍ਰਭ ਦੂਤ ਬਣਾ । ਸੋਹੰ ਸਾਚਾ ਦਾਨ ਝੋਲੀ ਪਾ । ਸਾਚਾ ਰਾਗ ਪ੍ਰਭ ਆਤਮ ਉਪਜਾ । ਏਕਾ ਨਾਮ ਗੁਰਮੁਖ ਸਾਚੇ ਤੇਰੀ ਝੋਲੀ ਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੁਕਮ ਸੁਣਾ । ਹੁਕਮ ਸੁਣਾਏ ਆਪ ਪ੍ਰਭ, ਸਿਰ ਹੱਥ ਟਿਕਾਏ । ਹੁਕਮ ਸੁਣਾਏ ਆਪ ਪ੍ਰਭ, ਵਾਲੀ ਦੋ ਜਹਾਨ ਵਿਚ ਮਾਤ ਦੇ ਆਏ । ਰਾਓ ਰੰਕ ਰਾਜਾਨ ਪ੍ਰਭ ਸਰਨੀ ਲਾਏ । ਊਚੋ ਊਚ ਮਹਾਨ ਪ੍ਰਭ ਸੰਤਨ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪਣੇ ਦੂਤ ਉਪਜਾਏ । ਸਾਚੇ ਪ੍ਰਭ ਹੁਕਮ ਸੁਣਾਨਾ । ਰਾਣਿਆਂ ਮਹਾਰਾਣਿਆਂ ਅਭਿਮਾਨ ਗਵਾਨਾ । ਨਿਮਾਣਿਆਂ ਨਿਤਾਣਿਆਂ ਪ੍ਰਭ ਚਰਨ ਲਗਾਨਾ । ਗੁਰਸਿਖ ਸੁਘੜ ਸਿਆਣਿਆਂ ਪ੍ਰਭ ਆਪਣੀ ਸੇਵਾ ਲਾਨਾ । ਜੋਤ ਸਰੂਪ ਨਿਹਕਲੰਕ ਆਪਣਾ ਡੰਕ ਵਜਾਨਾ । ਬੇਮੁਖਾਂ ਵਡ ਵਡ ਗਿਆਨੀਆਂ ਪ੍ਰਭ ਸਾਚੇ ਮਾਰਗ ਲਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਉਲਟੀ ਲੱਠ ਗਿੜਾਨਾ । ਉਲਟੀ ਲੱਠ ਕਲ ਗਿੜਾਏ । ਕਲਜੁਗ ਜੀਵ ਪੀੜ ਪਿੜਾਏ । ਮਦਿਰਾ ਮਾਸ ਜੋ ਰਸਨਾ ਲਾਏ । ਕਲਜੁਗ ਆਤਮ ਗਵਾਇਆ ਰਸ ਰਸਨਾ ਰਸ ਹੋਏ ਹਲਕਾਏ । ਸਾਚਾ ਪ੍ਰਭ ਵੇਲੇ ਅੰਤ ਦਏ ਸਜ਼ਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਪਣਾ ਭਾਣਾ ਕਲ ਵਰਤਾਏ । ਭਾਣਾ ਵਰਤੇ ਪ੍ਰਭ ਵਰਤਾਵੇ । ਕਲਜੁਗ ਜੀਵ ਭੇਵ ਨਾ ਪਾਵੇ । ਗੁਰਮੁਖ ਸੋਇਆ ਪ੍ਰਭ ਆਪ ਜਗਾਵੇ । ਕਰ ਕਿਰਪਾ ਆਪਣੀ ਸਰਨੀ ਲਾਵੇ । ਸੋਹੰ ਸਾਚਾ ਨਾਮ ਜਪਾਵੇ । ਆਤਮ ਸਾਚਾ ਦੀਪ ਪ੍ਰਭ ਜਗਾਵੇ । ਬਿਨ ਬਾਤੀ ਬਿਨ ਤੇਲ ਕਰੇ ਰੁਸ਼ਨਾਵੇ । ਅੰਮ੍ਰਿਤ ਆਤਮ ਸਾਚਾ ਸਰ, ਕੋਈ ਵਿਰਲਾ ਗੁਰਮੁਖ ਨਹਾਵੇ । ਬੇਮੁਖਾਂ ਮਾਨਸ ਜਨਮ ਗਿਆ ਕਲ ਹਰ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਵੇ । ਗੁਰਮੁਖ ਸਾਚਾ ਜਾਏ ਤਰ, ਕਰ ਦਰਸ ਆਤਮ ਤ੍ਰਿਪਤਾਵੇ । ਸੋਹੰ ਦੇਵੇ ਸਾਚਾ ਵਰ, ਦਿਵਸ ਰੈਣ ਗੁਰਮੁਖ ਸਾਚਾ ਗਾਵੇ । ਦੇਵੇ ਦਰਸ ਜੋਤ ਸਰੂਪ ਅਵਤਾਰ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਘਰ ਆਵੇ । ਦਰ ਘਰ ਆਏ ਆਪ ਗੁਰ ਪੂਰਾ । ਭਗਤ ਜਨਾਂ ਪ੍ਰਭ ਸਦਾ ਹਜ਼ੂਰਾ । ਸਾਚੀ ਦੇਵੇ ਚਰਨ ਧੂੜਾ । ਅਨਹਦ ਉਪਜਾਵੇ ਸਾਚੀ ਤੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਧਾਰੇ ਸਰਬ ਕਲਾ ਭਰਪੂਰਾ । ਪਰਗਟੇ ਜੋਤ ਜਿਉਂ ਤ੍ਰੇਤਾ ਰਾਮਾ । ਦੁਆਪਰ ਆਏ ਨਾਮ ਧਰਾਏ ਘਨਈਆ ਸ਼ਾਮਾ । ਕਲਜੁਗ ਜੋਤ ਪਰਗਟਾਏ ਸੋਹੰ ਚਲਾਏ ਸਾਚਾ ਨਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾਉਂ ਧਰਾਏ, ਜੋਤ ਸਰੂਪੀ ਕਲ ਪਹਰਿਆ ਜਾਮਾ । ਪ੍ਰਭ ਦਰਸ ਉਜਲ ਮੁਖ । ਸੁਫਲ ਕਰਾਏ ਮਾਤ ਕੁੱਖ । ਆਤਮ ਉਪਜਾਵੇ ਸਾਚਾ ਸੁਖ । ਰੋਗ ਮਿਟਾਏ ਮਾਇਆ ਭੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਆਣ ਤਰਾਏ, ਜੋਤ ਮਿਲਾਏ ਵਾਸ ਕਟਾਏ, ਉਲਟਾ ਬਿਰਛ ਮਾਤ ਕੁੱਖ । ਗਰਭਵਾਸ ਪ੍ਰਭ ਕਟਾਇਆ । ਇਕ ਧਰਵਾਸ ਚਰਨ ਲਗਾਇਆ । ਸੋਹੰ

ਸਵਾਸ ਸਵਾਸ ਸ਼ਬਦ ਉਪਜਾਇਆ । ਮਾਨਸ ਜਨਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕਰਾਇਆ । ਮਾਨਸ ਜਨਮ ਜਨ ਆਪ ਸੁਧਾਰੇ । ਚਲ ਆਇਣ ਨਿਹਕਲੰਕ ਦਰਬਾਰੇ । ਪਰਗਟ ਜੋਤ ਪਾਰਬ੍ਰਹਮ ਪਰਮੇਸ਼ਵਰ ਜੋਤ ਸਰੂਪ ਨਿਰਾਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ । ਕਿਰਪਾ ਕਰੇ ਪ੍ਰਭ ਰਘੁਪਤ । ਸੋਹੰ ਦੇਵੇ ਆਤਮ ਸਾਚਾ ਯਤ । ਸਾਚਾ ਸਤਿ ਰਖਾਏ ਏਕਾ ਤੱਤ । ਗੁਰਮੁਖ ਉਪਜਾਵੇ ਸਾਚੇ ਪ੍ਰਭ ਸਾਚੀ ਪਾਵੇ ਮਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਜਾਣੇ ਮਿਤ ਗਤ । ਸਰਬ ਜਨਾਂ ਪ੍ਰਭ ਆਪੇ ਜਾਣੇ । ਚਲੇ ਚਲਾਏ ਆਪਣੇ ਭਾਣੇ । ਤਖ਼ਤੋਂ ਲਾਹੇ ਪ੍ਰਭ ਰਾਜੇ ਰਾਣੇ । ਦਰ ਮੰਗਣ ਹੋਏ ਨਿਮਾਣੇ । ਸੰਤ ਜਨਾਂ ਦੀ ਪ੍ਰਭ ਚਰਨੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਤਮ ਤੋੜੇ ਸਰਬ ਅਭਿਮਾਨੇ । ਆਤਮ ਤੋੜੇ ਪ੍ਰਭ ਅਭਿਮਾਨਾ । ਗੁਣਵੰਤ ਪ੍ਰਭ ਗੁਣੀ ਨਿਧਾਨਾ । ਸੋਹੰ ਦੇਵੇ ਪ੍ਰਭ ਸਾਚਾ ਦਾਨਾ । ਆਤਮ ਉਪਜੇ ਬ੍ਰਹਮ ਗਿਆਨਾ । ਚਰਨ ਧੂੜ ਬਖ਼ਸ਼ੇ ਇਸ਼ਨਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਪ੍ਰਭ ਅਬਿਨਾਸ਼ੀ ਭੇਖ ਧਰ । ਚਾਰ ਵਰਨ ਜਾਏ ਇਕ ਕਰ । ਰਾਓ ਰੰਕਾਂ ਇਕ ਦਿਸਾਵੇ ਦਰ । ਗੁਰਮੁਖ ਸਾਚੇ ਸੰਤ ਪ੍ਰਭ ਜਾਏ ਭੰਡਾਰ ਭਰ । ਬੈਠੇ ਰਹਿਣ ਸਦਾ ਇਕੰਤ ਚਲ ਆਇਣ ਪ੍ਰਭ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਾ ਜੰਮੇ ਨਾ ਜਾਏ ਮਰ । ਜੋਤ ਸਰੂਪ ਸਦਾ ਸਮਾਏ । ਜੀਵ ਜੰਤ ਦੇ ਵਿਚ ਸਮਾਏ । ਸੰਤਨ ਯਤ ਪ੍ਰਭ ਜੋਤ ਧਰਾਏ । ਝੂਠੀ ਸ੍ਰਿਸ਼ਟ ਅੰਤਕਾਲ ਕਲ ਪ੍ਰਭ ਖੇਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਏ । ਸ੍ਰਿਸ਼ਟ ਸਬਾਈ ਖੇਦ ਕਰਾਣਾ । ਪ੍ਰਭ ਅਬਿਨਾਸ਼ੀ ਸੋਹੰ ਸ਼ਬਦ ਤੀਰ ਚਲਾਣਾ । ਸਰਬ ਘਟ ਵਾਸੀ ਚਾਰ ਕੁੰਟ ਵਹੀਰ ਕਰਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਅੰਮ੍ਰਿਤ ਸਾਚਾ ਰਸ ਪਿਲਾਣਾ । ਗੁਰਮੁਖ ਸਾਚਾ ਗੁਰ ਪਛਾਣੇ । ਸਾਚਾ ਰੰਗ ਪ੍ਰਭ ਅਬਿਨਾਸ਼ੀ ਜਾਣੇ । ਵੇਲੇ ਅੰਤ ਕਾਲ ਕਲ ਪ੍ਰਭ ਵਿਚ ਬਿਬਾਣ ਬਿਠਾਣੇ । ਜੋਤ ਸਰੂਪੀ ਜੋਤ ਪ੍ਰਭ, ਦਰਗਾਹ ਸਾਚੀ ਮਾਣ ਦਵਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸ ਰਖਾਣੇ । ਸਚਖੰਡ ਸਦਾ ਨਿਵਾਸਾ । ਜੋਤ ਸਰੂਪ ਸਦਾ ਪਰਕਾਸ਼ਾ । ਸਾਚਾ ਪ੍ਰਭ ਸਦ ਸਦ ਵਿਚ ਰੱਖੇ ਵਾਸਾ । ਭਗਤ ਜਨਾਂ ਪ੍ਰਭ ਦਾਸਨ ਦਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸਾ । ਭਗਤ ਜਨਾਂ ਪ੍ਰਭ ਜਨਮ ਸੁਧਾਰੇ । ਕਰ ਕਿਰਪਾ ਪ੍ਰਭ ਪਾਰ ਉਤਾਰੇ । ਸੋਹੰ ਸਾਚੀ ਨਈਆ ਚਾੜ੍ਹੇ । ਕਲਜੁਗ ਬੇਮੁਖ ਜੀਵ ਅੰਤਕਾਲ ਕਲ ਚਬਾਏ ਦਾੜ੍ਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਜੋਤ ਅਗਨ ਦੇ ਸਾੜੇ । ਅਗਨ ਜੋਤ ਜੋਤ ਅਗਨ । ਬੇਮੁਖ ਜੀਵ ਸਦ ਮਗਨ । ਗੁਰਮੁਖ ਸਾਚੇ ਪ੍ਰਭ ਚਰਨ ਲਗਣ । ਦੇਵੇ ਵਡਿਆਈ ਪ੍ਰਭ ਵਿਚ ਗਗਨ । ਕਲਜੁਗ ਜੀਵ ਅੰਤ ਹੋਏ ਨਗਨ । ਗੁਰਮੁਖ ਸਾਚੇ ਆਤਮ ਸਾਚੇ ਅੰਮ੍ਰਿਤ ਸੋਮੇ ਵਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਜੋਤ ਸਰੂਪੀ ਦੀਪਕ ਜਗਣ । ਜੋਤ ਸਰੂਪੀ ਦੀਪ ਜਗਾਏ । ਸੋਹੰ ਸਾਚੀ ਬੱਤੀ ਲਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਸਮਾਏ । ਗੁਰਸਿਖਾਂ ਪ੍ਰਭ ਮਾਣ ਦਵਾਇਆ । ਬੇਮੁਖਾਂ ਪ੍ਰਭ ਦਰ ਦੁਰਕਾਇਆ । ਗੁਰਸਿਖਾਂ ਪ੍ਰਭ ਭਉ ਚੁਕਾਇਆ । ਬੇਮੁਖਾਂ ਪ੍ਰਭ ਦਿਸ ਨਾ ਆਇਆ । ਗੁਰਸਿਖਾਂ ਪ੍ਰਭ ਆਤਮ ਸੁਖ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾਇਆ । ਸੋਹੰ ਤੇਰੀ ਜੈ ਜੈਕਾਰ । ਵਰਤੇ ਵਰਤਾਵੇ ਵਿਚ ਸੰਸਾਰ । ਜੀਵ ਜਪੇ ਜਪਾਵੇ ਦਵਾਵੇ ਮੋਖ ਦਵਾਰ ।

ਜਨ ਰਸਨਾ ਗਾਵੇ ਪ੍ਰਭ ਪਾਰ ਲੰਘਾਵੇ, ਜਨਮ ਨਾ ਪਾਵੇ ਦੂਜੀ ਵਾਰ । ਬਣਤ ਬਣਾਵੇ ਗਣਤ ਗਿਣਾਵੇ, ਪ੍ਰਭ ਅਬਿਨਾਸ਼ੀ ਗੁਰਸਿਖ ਸੰਤ ਤਰਾਵੇ, ਏਕਾ ਦੇਵੇ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਕਰਾਏ ਜੈ ਜੈਕਾਰ । ਜੈ ਜੈ ਜੈਕਾਰ ਕਰਾਏ ਗੁਰਦੇਵ । ਕਲਜੁਗ ਜੀਵ ਨਾ ਪਾਇਣ ਭੇਵ । ਪਰਗਟੇ ਜੋਤ ਨਿਰੰਜਣ ਦੇਵ । ਸਾਧ ਸੰਗਤ ਸਦ ਰਸਨਾ ਸੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਸਾਚਾ ਮੇਵ । ਗੁਰਸੰਗਤ ਗੁਰ ਦਰ ਆਈ । ਪ੍ਰਭ ਪੂਰਨ ਆਸ ਮਨ ਤਨ ਵੱਜੀ ਵਧਾਈ । ਊਚ ਨੀਚ ਪ੍ਰਭ ਸਰਬ ਤਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਹੋਏ ਆਪ ਸਹਾਈ । ਸਾਧ ਸੰਗਤ ਦਰ ਸਾਚਾ ਪਾਇਆ । ਪ੍ਰਭ ਅਬਿਨਾਸ਼ੀ ਭੇਵ ਚੁਕਾਇਆ । ਜੋਤ ਸਰੂਪੀ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਏ ਸੀਸ ਝੁਕਾਇਆ । ਸਾਚੀ ਦਰਗਾਹ ਜਨ ਪਰਵਾਨ । ਜੋ ਜਨ ਚਰਨੀ ਡਿੱਗੇ ਆਣ । ਪ੍ਰਭ ਵਿਚ ਬਿਠਾਏ ਅੰਤ ਬਿਬਾਣ । ਗੁਰਮੁਖ ਸਾਚੇ ਅੰਤ ਸਾਚੀ ਜੋਤ ਮਿਲ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਵਾਲੀ ਦੋ ਜਹਾਨ । ਸਚ ਘਰ ਪ੍ਰਭ ਉਪਜਾਇਆ । ਆਪ ਆਪਣਾ ਵਿਚ ਟਿਕਾਇਆ । ਜੋਤ ਸਰੂਪੀ ਦੀਪ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਪੁਰਖ ਰਹਾਇਆ । ਸਤਿ ਸਤਿ ਸਤਿ ਜਨ ਜਾਣੇ । ਸਤਿ ਸਤਿ ਸਤਿ ਗੁਰ ਪਛਾਣੇ । ਸਤਿ ਸਤਿ ਸਤਿ ਗੁਰ ਸਤਿ ਰਖਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਦੇਵੇ ਮਾਣੇ । ਦਰਗਾਹ ਸਾਚੀ ਖੇਲ ਅਤੰਤ । ਏਕਾ ਦੱਸੇ ਪ੍ਰਭ ਭਗਵੰਤ । ਭੇਵ ਨਾ ਜਾਣੇ ਕੋਈ ਜੀਵ ਜੰਤ । ਗੁਰ ਪਛਾਣੇ ਗੁਰਸਿਖ ਜਾਣੇ ਵਿਰਲਾ ਸੰਤ । ਜਨ ਸੰਤ ਚਲੇ ਪ੍ਰਭ ਕੇ ਭਾਣੇ, ਮੇਲ ਮਿਲਾਵਾ ਸਾਚੇ ਕੰਤ । ਕਲਜੁਗ ਜੀਵ ਭੁੱਲ ਨਾ ਜਾਹ, ਪ੍ਰਭ ਆਪ ਬਣਾਈ ਤੇਰੀ ਬਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਪਤਾਲ ਅਕਾਸ਼ ਮਹਿੰਮਾ ਬੜੀ ਬੇਅੰਤ । ਅਗਣਤ ਮਹਿੰਮਾ ਗਣੀ ਨਾ ਜਾਏ । ਕੋਟਨ ਕੋਟ ਰਹੇ ਦਰ ਘਰ ਭੇਵ ਜਨ ਪਾਏ । ਗੁਰ ਨਾ ਬੂਝੇ ਨਾ ਦਰ ਸੂਝੇ ਪ੍ਰਭ ਅਬਿਨਾਸ਼ੀ ਨਜ਼ਰ ਨਾ ਆਏ । ਗੁਰਚਰਨ ਲਾਗ ਘਰ ਸਾਚਾ ਸੂਝੇ, ਮਹਾਰਾਜ ਸ਼ੇਰ ਸਿੰਘ ਦਰਸ ਦਿਖਾਏ । ਸਾਚਾ ਘਰ ਸਚ ਦਰਬਾਰ । ਏਕਾ ਜੋਤ ਪ੍ਰਭ ਨਿਰੰਕਾਰ । ਝੂਠੀ ਸ੍ਰਿਸ਼ਟ ਝੂਠਾ ਪਸਾਰ । ਮਾਇਆ ਮੋਹ ਆਤਮ ਹੰਕਾਰ । ਕਲਜੁਗ ਜੀਵ ਗੁਰ ਗੁਣ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਘਰ ਵਸੇ ਆਪ ਨਿਰੰਕਾਰ । ਸਾਚਾ ਘਰ ਪ੍ਰਭ ਸਚ ਬਣਾਏ । ਬਣਤ ਬਣਤ ਬਣਤ ਸੰਤ ਪ੍ਰਭ ਆਪ ਬਣਾਏ । ਅਗਣਤ ਅਗਣਤ ਅਗਣਤ ਮਹਿਮਾ ਗਣੀ ਨਾ ਜਾਏ । ਜੰਤ ਜੰਤ ਜੰਤ ਜੀਵ ਪ੍ਰਭ ਆਪ ਉਪਾਏ । ਇਕੰਤ ਇਕੰਤ ਇਕੰਤ ਵਿਚ ਸਰਬ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਬੈਠਾ ਨਜ਼ਰ ਨਾ ਆਏ । ਦੱਸੇ ਘਰ ਆਪ ਅਬਿਨਾਸ਼ੀ । ਸਾਚੀ ਜੋਤ ਸਚ ਕਰੇ ਪਰਕਾਸ਼ੀ । ਸਦਾ ਅਡੋਲ ਪ੍ਰਭ ਨਾ ਕਦੇ ਵਿਨਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੀਵ ਜੰਤ ਸਮਾਸੀ । ਜੀਵ ਜੰਤ ਪ੍ਰਭ ਸਦ ਸਮਾਇਆ । ਨਿਜ ਘਰ ਵਾਸੀ ਨਿਜ ਘਰ ਵਾਸ ਰਖਾਇਆ । ਬੈਕੁੰਠ ਨਿਵਾਸੀ ਪ੍ਰਭ ਅਬਿਨਾਸ਼ੀ ਜੋਤ ਸਰੂਪੀ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਬੰਦ ਖ਼ਲਾਸੀ ਜੋ ਜਨ ਸਰਨਾਈ ਆਇਆ । ਚਰਨ ਲਾਏ ਰਾਖੇ ਲਾਜ । ਭਗਤ ਉਧਾਰੇ ਸਵਾਰੇ ਕਾਜ । ਝੂਠੀ ਸ੍ਰਿਸ਼ਟ ਝੂਠੀ ਸਾਂਝ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਪਹਿਨਾਵੇ ਆਤਮ ਤਾਜ । ਨਾਮ ਨਿਧਾਨ ਗੁਰ ਦਰ ਪੀਆ ।

੧੬੬
੦੧
ਨਿਹਕਲੰਕ ਹਰਿ ਸ਼ਬਦ

ਪੂਰਬ ਲਹਿਣਾ ਪ੍ਰਭ ਸਾਚੇ ਦੀਆ । ਨਿਰਮਲ ਕੀਆ ਗੁਰਸਿਖ ਜੀਆ । ਮਾਰ ਮੁਕਾਏ ਸ਼ਬਦ ਚਲਾਏ ਅਮਕਾ ਜੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਵਰਤਾਏ ਆਪਣਾ ਕੀਆ । ਆਪ ਆਪਣੇ ਖੇਲ ਰਚਾਏ । ਭੂਤ ਭਵਿਖਤ ਆਪ ਉਪਾਏ । ਲਿਖਤ ਲੇਖ ਪ੍ਰਭ ਜਨਮ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਵਰਤਾਏ । ਆਪ ਉਪਾਏ ਬੀਰ ਬੇਤਾਲੇ । ਜੀਵ ਜੰਤ ਹੋਏ ਬੇਹਾਲੇ । ਕੋਇ ਨਾ ਹੋਏ ਸਹਾਏ ਵਿਚ ਮਾਤ ਕਰੇ ਖੇਲ ਆਪ ਨਿਰਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸਦਾ ਸੰਗ ਤੇਰੇ ਨਾਲੇ । ਸਦਾ ਸੰਗ ਪ੍ਰਭ ਸੰਗ ਸਮਾਇਆ । ਆਪਣੇ ਰੰਗ ਆਪ ਰੰਗਾਇਆ । ਭੁੱਖ ਨੰਗ ਪ੍ਰਭ ਰੋਗ ਕਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸੇਵਾ ਲਾਇਆ । ਪ੍ਰਭ ਸਾਚੇ ਸਚ ਸੇਵਾ ਲਾਇਆ । ਆਪਣਾ ਭੇਵ ਆਪ ਚੁਕਾਇਆ । ਵਡ ਵਡ ਗੁਰਦੇਵ ਦਰਸ ਦਿਖਾਇਆ । ਵਡ ਦਾਤਾ ਅਲਖ ਅਭੇਵ ਗੁਰਸਿਖ ਸਮਾਇਆ । ਸੋਹੰ ਦੇਵੇ ਸਾਚਾ ਮੇਵ, ਜੋ ਜਨ ਸੇਵਾ ਆਇਆ । ਵਡਾ ਵਡ ਵਡ ਦੇਵੀ ਦੇਵ, ਪ੍ਰਭ ਸੋਹੰ ਮੇਵ ਚੁਕਾਏ ਭੇਵ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਜਪਾਇਆ ।

❊ ੫ ਵਿਸਾਖ ੨੦੦੬ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ❊

ਸਾਚਾ ਨਾਮ ਗੁਰਮੁਖ ਕੋ ਦੀਆ । ਆਤਮ ਜੋਤ ਜਗਾਇਆ ਦੀਆ । ਗੁਰਦਰ ਆਏ ਅੰਮ੍ਰਿਤ ਰਸ ਪੀਆ । ਨਿਰਮਲ ਕਰਾਏ ਆਪਣਾ ਜੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦਰਸ ਦਿਖਈਆ । ਸਾਚਾ ਪ੍ਰਭ ਬਣਤ ਬਣਾਏ । ਜੋਤ ਸਰੂਪੀ ਜੋਤ ਸਮਾਏ, ਆਵਣ ਜਾਵਣ ਖੇਲ ਰਚਾਏ । ਨਾਥ ਤ੍ਰੈਲੋਕੀ ਖੰਡ ਬ੍ਰਹਿਮੰਡ ਵਰਭੰਡ ਸਮਾਏ । ਜੋਤ ਸਰੂਪੀ ਪਰਗਟ ਜੋਤ, ਬੇਮੁਖਾਂ ਸੋਹੰ ਡੰਡ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਏ । ਸਤਿਜੁਗ ਤੇਰਾ ਸਤਿ ਵਰਤਾਰ । ਧਰੇ ਜੋਤ ਆਪ ਕਰਤਾਰ । ਨਿਹਕਲੰਕ ਜੋਤ ਸਰੂਪੀ ਰੂਪ ਅਪਾਰ । ਸੋਹੰ ਸ਼ਬਦ ਉਪਜਾਵੇ ਚਲਾਵੇ ਵਿਚ ਸੰਸਾਰ । ਗੁਰਮੁਖਾਂ ਪ੍ਰਭ ਦਰਸ ਦਿਖਾਏ, ਸਾਚਾ ਬਖ਼ਸ਼ੇ ਚਰਨ ਪਿਆਰ । ਬੇਮੁਖਾਂ ਪ੍ਰਭ ਨਸ਼ਟ ਕਰਾਏ, ਸਾਚਾ ਪ੍ਰਭ ਗਏ ਵਿਸਾਰ । ਗੁਰਮੁਖਾਂ ਪ੍ਰਭ ਸਾਚੀ ਜੋਤ ਜਗਾਏ, ਨਿਰਮਲ ਜੋਤ ਜਗੇ ਅਪਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਵਰਤਾਵੇ ਆਪ ਸੰਸਾਰ । ਸਾਚੇ ਪ੍ਰਭ ਸਚ ਮਾਰਗ ਲਾਵਣਾ । ਆਪ ਆਪਣਾ ਖੇਲ ਰਚਾਵਣਾ । ਕਲਜੁਗ ਝੂਠਾ ਕਰਮ ਮਿਟਾਵਣਾ । ਸਤਿ ਸਤਿ ਸਤਿ ਸਤਿਜੁਗ ਵਰਤਾਵਣਾ । ਗੁਰਮੁਖਾਂ ਪ੍ਰਭ ਸ਼ਬਦ ਗਿਆਨ ਦੇ, ਜੋਤ ਸਰੂਪੀ ਦਰਸ ਵਿਸ਼ਨੂੰ ਭਗਵਾਨ ਦੇ, ਆਤਮ ਬੁਝਿਆ ਦੀਪ ਜਗਾਵਣਾ । ਸੋਹੰ ਸ਼ਬਦ ਦੇਵੇ ਭਗਤ ਭਗਵਾਨ, ਆਤਮ ਸੁੰਨ ਵਿਚ ਮਾਤ ਖੁਲ੍ਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਵਣਾ । ਨਿਹਕਲੰਕ ਨਾਮ ਧਰਾਏ । ਕਲਜੁਗ ਅੰਤਮ ਅੰਤ ਕਰਾਏ । ਮਾਤਲੋਕ ਪ੍ਰਭ ਏਕਾ ਸਚ ਸਚ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਰਬ ਸਮਾਏ । ਜੋਤ ਸਰੂਪੀ ਪ੍ਰਭ ਪਸਾਰ । ਏਕਾ ਜੋਤ ਜੀਵ ਜੰਤ ਅਧਾਰ । ਚਾਰ ਵਰਨ ਕਰਾਏ ਇਕ ਗੋਤ, ਊਚ ਨੀਚ ਪ੍ਰਭ ਜਾਏ ਨਿਵਾਰ । ਗੁਰਮੁਖਾਂ ਆਤਮ ਮੈਲ ਸੋਹੰ ਨਾਮ ਧੋਤ, ਆਤਮ ਜੋਤ ਕਰੇ ਉਜਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ

ਮਾਰਗ ਲਾਏ, ਸਤਿ ਸਤਿ ਸਤਿ ਕਰੇ ਵਰਤਾਰ । ਸਤਿ ਸਤਿ ਸਤਿ ਕਰੇ ਵਰਤਾਰ । ਜੋਤ ਸਰੂਪੀ ਜਾਮਾ ਧਾਰ । ਗੁਰਸਿਖਾਂ ਬੇੜਾ ਕਰ ਜਾਏ ਪਾਰ । ਜਨਮ ਮਰਨ ਗੇੜ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਨਿਹਕਲੰਕ ਕਲ ਜਾਮਾ ਪਾਏ । ਆਪਣੀ ਕਲ ਆਪ ਵਰਤਾਏ । ਊਚ ਨੀਚ ਦਾ ਭੇਵ ਚੁਕਾਏ । ਰਾਓ ਰੰਕ ਇਕ ਕਰਾਏ । ਏਕਾ ਰੰਗ ਨਾਮ ਚੜ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਸਮਾਏ । ਸਾਚੇ ਰੰਗ ਗੁਰਸਿਖ ਰੰਗਾਇਆ । ਜੋਤ ਸਰੂਪੀ ਵਿਚ ਸਮਾਇਆ । ਖੋਲ੍ਹ ਤ੍ਰੈਕੁਟੀ ਪ੍ਰਭ ਭਾਂਡਾ ਭਰਮ ਭੰਨਾਇਆ । ਜਮ ਕੀ ਫਾਂਸੀ ਅੰਤਕਾਲ ਕਲ ਛੁੱਟੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਹੱਥ ਟਿਕਾਇਆ । ਸਾਚਾ ਪ੍ਰਭ ਹੋਏ ਸਹਾਏ । ਆਪ ਆਪਣਾ ਦਰਸ ਦਿਖਾਏ । ਮੇਲ ਮਿਲਾਏ ਭਗਤ ਭਗਵੰਤ, ਜੋਤ ਸਰੂਪੀ ਮੇਲ ਮਿਲਾਏ । ਕਲਜੁਗ ਮਿਲਿਆ ਸਾਚਾ ਕੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤ ਤੇਰੀ ਬਣਤ ਬਣਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਦਇਆ ਕਮਾਏ । ਬਣਤ ਬਣਾਏ ਆਪ ਪ੍ਰਭ, ਵਿਚ ਮਾਤ ਜਨਮ ਦਵਾਏ । ਬਣਤ ਬਣਾਏ ਆਪ ਪ੍ਰਭ, ਜੁਗੋ ਜੁਗ ਆਵੇ ਜਾਏ ਜੋਤ ਪਰਗਟਾਏ ਜਨ ਭਗਤ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਏ । ਨਿਹਕਲੰਕ ਤੇਰਾ ਪਸਾਰ । ਜੋਤ ਸਰੂਪੀ ਜਗਤ ਉਧਾਰ । ਵਰਤੇ ਵਰਤਾਵੇ ਵਿਚ ਸੰਸਾਰ । ਆਪ ਅਡੋਲ ਰਹੇ ਗਿਰਧਾਰ । ਗੁਰਮੁਖ ਸਾਚੇ ਆਤਮ ਸਾਚੀ ਜੋਤ ਕਰੇ ਆਕਾਰ । ਬੇਮੁਖ ਆਏ ਨਾਚੇ ਸੋਹੰ ਮਾਰੇ ਪ੍ਰਭ ਸਾਚੀ ਮਾਰ । ਧੰਨ ਧੰਨ ਧੰਨ ਗੁਰਸਿਖ ਸੋਹੰ ਸ਼ਬਦ ਹਿਰਦੇ ਵਾਚੇ, ਪ੍ਰਭ ਅਬਿਨਾਸ਼ੀ ਦੇਵੇ ਦਰਸ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ । ਸਾਚਾ ਪ੍ਰਭ ਦਰਸ ਦਿਖਾਵੇ, ਏਕਾ ਆਪਣਾ ਭੇਵ ਖੁਲ੍ਹਾਵੇ, ਗੁਰਸਿਖ ਸਾਚੇ ਮਾਰਗ ਲਾਵੇ, ਏਕਾ ਦੇਵੇ ਨਾਮ ਭਿੱਖ । ਬਜਰ ਕਪਾਟ ਪ੍ਰਭ ਖੁਲ੍ਹਾਵੇ, ਜੋਤ ਸਰੂਪੀ ਜੋਤ ਜਗਾਵੇ, ਦੇਵੇ ਵਡਿਆਈ ਵਿਚ ਮੁਨ ਰਿਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਗੁਰਮੁਖ ਸਾਚੇ ਗੁਰਸਿਖ । ਸੋਹੰ ਸ਼ਬਦ ਜਨ ਰਸਨਾ ਗਾਇਆ । ਜੋਤ ਸਰੂਪੀ ਪਰਗਟ ਜੋਤ ਗੁਰਸਿਖ ਸਾਚਾ ਲੇਖ ਲਿਖਾਇਆ । ਜੋਤ ਸਰੂਪੀ ਪ੍ਰਭ ਸਾਚੇ ਭੇਖ ਵਟਾਇਆ । ਵੇਖਾ ਵੇਖ ਰਹੇ ਸਭ ਜੀਵ ਜੰਤ, ਸਾਚਾ ਪ੍ਰਭ ਕਲ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਦਿ ਅੰਤ ਇਕ ਜੋਤ ਸਮਾਇਆ । ਗੁਰਮੁਖਾਂ ਪ੍ਰਭ ਬੰਦ ਕਟਾਏ । ਮੁਕੰਦ ਮਨੋਹਰ ਹੋਏ ਸਹਾਏ । ਆਤਮ ਗੰਦ ਦੇ ਕਢਾਏ । ਆਤਮ ਅੰਧ ਅੰਧੇਰ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਭਾਗ ਲਗਾਏ । ਗੁਰਮੁਖ ਪਾਏ ਗੁਰ ਦਰਬਾਰ । ਸਾਚਾ ਪ੍ਰਭ ਏਕਾ ਦੇਵੇ ਨਾਮ ਅਧਾਰ । ਚਰਨ ਪ੍ਰੀਤੀ ਸਾਚੀ ਨੀਤੀ ਗੁਰਮੁਖ ਉਤਰੇ ਪਾਰ । ਬਖ਼ਸ਼ੇ ਭੁੱਲ ਜੋ ਜਨ ਕੀਤੀ, ਗੁਰਚਰਨ ਕਰਨ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਸੀਤਲ ਕੀਤੀ, ਅੰਮ੍ਰਿਤ ਆਤਮ ਝਿਰਨਾ ਝਿਰਾਏ ਅਪਾਰ । ਅੰਮ੍ਰਿਤ ਆਤਮ ਮੇਘ ਵਰਸਾਏ । ਕਵਲ ਮੁਖ ਦੇ ਉਲਟਾਏ । ਸਾਚਾ ਸੁਖ ਅੰਮ੍ਰਿਤ ਮੁਖ ਦੇ ਚੁਆਏ । ਉਤਰੇ ਭੁੱਖ ਆਤਮ ਸੁਖ, ਦਵਾਰ ਦਸਮ ਪ੍ਰਭ ਦੇ ਖੁਲ੍ਹਾਏ । ਮਾਤ ਗਰਭ ਜੀਵ ਉਲਟਾ ਰੁੱਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਹੋਏ ਸਹਾਏ । ਗੁਰਮੁਖ ਤੇਰਾ ਰੂਪ ਅਪਾਰਾ । ਗੁਰਮੁਖ ਮਿਲਿਆ ਵਡ ਭੂਪ ਗਿਰਧਾਰਾ । ਗੁਰਮੁਖ ਦੇਵੇ ਪ੍ਰਭ ਵਡ ਸਿਕਦਾਰਾ । ਗੁਰਮੁਖ ਲੇਵੇ ਗੁਰਚਰਨ ਪਿਆਰਾ । ਸਤਿਗੁਰ ਸਾਚਾ ਏਕਾ ਨਾਮ ਆਤਮ ਦੇਵੇ ਜੀਵ ਅਧਾਰਾ ।

ਜੋਤ ਸਰੂਪੀ ਪਰਗਟ ਜੋਤ, ਕਲਜੁਗ ਖੇਲ ਕਰੇ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਿਹਕਲੰਕ ਨਰਾਇਣ ਨਰ । ਗੁਰਮੁਖ ਸਾਚੇ ਚਰਨ ਲਾਗ ਜਾਇਣ ਤਰ । ਜੋਤ ਸਰੂਪੀ ਜੋਤ ਪ੍ਰਭ, ਏਕਾ ਦਿਸਾਵੇ ਸਾਚਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰਮੁਖ ਸਾਚੇ ਜਾਇਣ ਤਰ । ਤਾਰਨਹਾਰ ਆਪ ਸਮਰਥ । ਗੁਰਮੁਖਾਂ ਰੱਖੇ ਦੇ ਕਰ ਹੱਥ । ਸੋਹੰ ਨਾਮ ਦੇਵੇ ਸਾਚੀ ਵੱਥ । ਗੁਰਮੁਖ ਸਾਚੇ ਕਰ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਚਲਾਇਆ ਸਾਚਾ ਰਥ । ਪ੍ਰਭ ਸਾਚਾ ਜਗ ਸਾਚੀ ਨਈਆ । ਸਤਿਜੁਗ ਸਾਚੇ ਸੋਹੰ ਸ਼ਬਦ ਪ੍ਰਭ ਗਿਆਨ ਦਵਈਆ । ਚਾਰ ਵਰਨ ਇਕ ਕਰਾਏ ਭੈਣਾਂ ਭਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਰੰਕ ਇਕ ਕਰਈਆ । ਆਪ ਆਪਣੀ ਖੇਲ ਰਚਾਏ । ਜੂਠ ਝੂਠ ਸਭ ਨਸ਼ਟ ਕਰਾਏ । ਊਚ ਨੀਚ ਕੋਈ ਰਹਿਣ ਨਾ ਪਾਏ । ਸਰਬ ਵਿਚ ਪ੍ਰਭ ਆਪ ਸਮਾਏ । ਨੀਚੋ ਨੀਚ ਆਪ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਿਸ ਨਾ ਆਏ । ਊਚ ਨੀਚ ਪ੍ਰਭ ਭੇਖ ਮਿਟਾਵਣਾ । ਸਤਿਜੁਗ ਸਾਚਾ ਮਾਰਗ ਲਾਵਣਾ । ਸੋਹੰ ਸਾਚਾ ਸ਼ਬਦ ਚਲਾਵਣਾ । ਸੋਹੰ ਡੰਕ ਚਾਰ ਕੁੰਟ ਵਜਾਵਣਾ । ਰਾਓ ਰੰਕ ਪ੍ਰਭ ਇਕ ਕਰਾਵਣਾ । ਏਕਾ ਅੰਕ ਸੋਹੰ ਨਾਮ ਧਰਾਵਣਾ । ਗੁਰਮੁਖ ਉਧਰੇ ਜਿਉਂ ਰਾਜਾ ਜਨਕ, ਭਗਤ ਜਨਾਂ ਸਦ ਵਿਚ ਸਮਾਵਣਾ । ਜੋਤ ਸਰੂਪੀ ਲਾਏ ਤਨਕ, ਵਾਲੀ ਹਿੰਦ ਪ੍ਰਭ ਪਕੜ ਉਠਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਵ ਖੁਲ੍ਹਾਵਣਾ । ਜੋਤ ਸਰੂਪੀ ਭੇਵ ਖੁਲ੍ਹਾਏ । ਪ੍ਰਭ ਅਬਿਨਾਸ਼ੀ ਜੋਤ ਪਰਗਟਾਏ । ਘਨਕਪੁਰ ਵਾਸੀ ਆਪ ਆਪਣੀ ਕਲ ਵਰਤਾਏ । ਚਾਰ ਕੁੰਟ ਕਰਾਏ ਦਾਸੀ, ਸੋਹੰ ਸ਼ਬਦ ਜੈ ਜੈ ਜੈਕਾਰ ਕਰਾਏ । ਕਲਜੁਗ ਭੇਖ ਸਰਬ ਵਿਨਾਸੀ, ਸਾਚਾ ਪ੍ਰਭ ਆਪ ਮਿਟਾਏ । ਬੇਮੁਖ ਦਰ ਆਇਣ ਜਾਇਣ ਕਰ ਕਰ ਹਾਸੀ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਏ । ਗੁਰਮੁਖਾਂ ਪ੍ਰਭ ਕੱਟੇ ਲੱਖ ਚੁਰਾਸੀ, ਚਰਨ ਸਰਨ ਜੋ ਸੀਸ ਨਿਵਾਏ । ਚਰਨ ਪ੍ਰੀਤੀ ਸਚੀ ਰਹਿਰਾਸੀ, ਸਵੱਛ ਸਰੂਪ ਪ੍ਰਭ ਦਰਸ ਦਿਖਾਏ । ਕਲਜੁਗ ਮਾਇਆ ਦਰ ਤੋਂ ਨਾਸੀ, ਮਹਾਰਾਜ ਸ਼ੇਰ ਸਿੰਘ ਜਨ ਰਸਨਾ ਗਾਏ । ਸਾਚਾ ਪ੍ਰਭ ਜਿਸ ਜਨ ਜਾਣਿਆ । ਆਤਮ ਰੰਗ ਦਰ ਸਾਚਾ ਮਾਣਿਆ । ਅੰਤਕਾਲ ਪਾਰ ਜਾਇਣ ਲੰਘ, ਦੇਵੇ ਦਰਸ ਆਪ ਭਗਵਾਨਿਆ । ਦਰ ਘਰ ਸਾਚਾ ਗੁਰਸਿਖ ਮੰਗ, ਪ੍ਰਭ ਆਤਮ ਦੇਵੇ ਜੋਤ ਮਹਾਨਿਆ । ਹੋਏ ਸਹਾਈ ਸਦਾ ਅੰਗ ਸੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਸਾਚਾ ਜਾਣਿਆ । ਸਾਚਾ ਪ੍ਰਭ ਸਦਾ ਸਹਾਏ । ਗੁਰਮੁਖਾਂ ਸਚ ਮਾਰਗ ਲਾਏ । ਆਤਮ ਸਾਚਾ ਗਿਆਨ ਦਵਾਏ । ਅਗਿਆਨ ਅੰਧੇਰ ਸਰਬ ਮਿਟਾਏ । ਸੰਝ ਸਵੇਰ ਇਕ ਰੰਗ ਕਰਾਏ । ਗੁਰਮੁਖ ਆਤਮ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਦਇਆ ਕਮਾਏ । ਦਰ ਘਰ ਆਏ ਦਇਆ ਕਮਾਈ । ਦੁਖ ਰੋਗ ਪ੍ਰਭ ਦੇ ਮਿਟਾਈ । ਪਾਰਬ੍ਰਹਮ ਪਰਮੇਸ਼ਵਰ ਜੋਤ ਸਰੂਪੀ ਖੇਲ ਰਚਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਆਪ ਸਹਾਈ । ਭਗਤ ਜਨਾਂ ਪ੍ਰਭ ਹੋਏ ਸਹਾਇਆ । ਆਤਮ ਸਾਚਾ ਗਿਆਨ ਦਵਾਇਆ । ਸੋਹੰ ਰਾਗ ਆਤਮ ਸਾਚੀ ਧੁਨ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਦ ਚਾਰ ਕੁੰਟ ਵਜਾਇਆ । ਸਾਚਾ ਨਾਦ ਪ੍ਰਭ ਵਜਾਏ । ਅਗਾਧ ਬੋਧ ਬੋਧ ਅਗਾਧ ਪ੍ਰਭ ਸ਼ਬਦ ਲਿਖਾਏ । ਬੇਮੁਖਾਂ ਪ੍ਰਭ ਜਾਏ ਸੋਧ, ਸ੍ਰਿਸ਼ਟ ਸਬਾਈ ਸਦ ਸਮਾਏ । ਪਕੜ ਉਠਾਏ ਵਡ ਜੋਧਨ ਜੋਧ, ਆਪ ਆਪਣੀ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਲ ਵਰਤਾਏ ।

੧੬੯
੦੧

ਪ੍ਰਭ ਕਾ ਖੇਲ ਜਗਤ ਨਿਆਰਾ । ਕਲਜੁਗ ਜੀਵ ਨਾ ਕਰੇ ਵਿਚਾਰਾ । ਜੋਤ ਸਰੂਪੀ ਆਪ ਕਰਤਾਰਾ । ਨਿਹਕਲੰਕ ਨਾਉਂ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਖੰਡਾ ਦੋ ਧਾਰਾ । ਸੋਹੰ ਸ਼ਬਦ ਖੰਡਾ ਦੋ ਧਾਰ । ਪ੍ਰਭ ਅਬਿਨਾਸ਼ੀ ਖੇਲ ਅਪਾਰ । ਸ੍ਰਿਸ਼ਟ ਸਬਾਈ ਕਰੇ ਖ਼ੁਆਰ । ਦਰ ਦਰ ਬਿਲਲਾਇਣ ਦੁਖ ਡਾਹਢਾ ਪਾਇਣ, ਨਿਹਕਲੰਕ ਸ਼ਬਦ ਮਾਰੇ ਮਾਰ । ਜੋਤ ਪਰਗਟਾਏ ਭਗਤ ਉਧਾਰ, ਪ੍ਰਭ ਦਰਸ ਦਿਖਾਏ । ਦਰਸ ਦਿਖਾਏ ਜਗਤ ਸੁਧਾਰ, ਪ੍ਰਭ ਚਰਨ ਲਗਾਏ । ਆਤਮ ਵਿਕਾਰ ਪ੍ਰਭ ਨਸ਼ਟ ਕਰਾਏ । ਸੋਹੰ ਅਧਾਰ ਵਿਚ ਜੀਵ ਰਖਾਏ । ਏਕਾ ਏਕੰਕਾਰ ਆਤਮ ਸਾਚੀ ਜੋਤ ਜਗਾਏ । ਬੈਠੇ ਅਡੋਲ ਆਪ ਨਿਰਾਧਾਰ, ਬੇਮੁਖਾਂ ਪ੍ਰਭ ਦਿਸ ਨਾ ਆਏ । ਗੁਰਮੁਖ ਸਾਚੇ ਸੋਹੰ ਸ਼ਬਦ ਸਾਚੀ ਧੁਨਕਾਰ, ਦਿਵਸ ਰੈਣ ਪ੍ਰਭ ਦੇ ਸੁਣਾਏ । ਜੋਤ ਸਰੂਪੀ ਕਲ ਕਰਤਾਰ, ਆਪ ਆਪਣਾ ਰਿਹਾ ਛੁਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਏ । ਮੇਲ ਮਿਲਾਏ ਆਪ ਪ੍ਰਭ, ਭਗਤ ਉਧਾਰੇ । ਮੇਲ ਮਿਲਾਇਆ ਆਪ ਪ੍ਰਭ, ਧਰੇ ਜੋਤ ਵਿਚ ਸੰਸਾਰੇ । ਮੇਲ ਮਿਲਾਇਆ ਆਪ ਪ੍ਰਭ, ਦੇਵੇ ਦਰਸ ਆਪ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਚਲ ਆਏ ਦਵਾਰੇ । ਗੁਰਮੁਖਾਂ ਪ੍ਰਭ ਧੀਰ ਧਰਾਏ । ਅੰਮ੍ਰਿਤ ਆਤਮ ਨੀਰ ਵਹਾਏ । ਜਿਉਂ ਬਾਲਕ ਮਾਤਾ ਸੀਰ ਪਿਲਾਏ । ਬੇਮੁਖਾਂ ਅੰਤਕਾਲ ਕਲ ਪ੍ਰਭ ਸਾਚਾ ਚੀਰ ਲੁਹਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸਾਚਾ ਤੀਰ ਚਲਾਏ । ਸੋਹੰ ਸਾਚਾ ਤੀਰ ਚਲਾਇਆ । ਬੇਮੁਖਾਂ ਪ੍ਰਭ ਆਤਮ ਵਿੰਨ੍ਹ ਧਰਾਇਆ । ਗੁਰਮੁਖਾਂ ਪ੍ਰਭ ਬਜਰ ਕਪਾਟ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ । ਜੋਤ ਸਰੂਪੀ ਜਾਮਾ ਧਾਰੇ । ਕਲਜੁਗ ਖੇਲ ਕਰੇ ਅਪਾਰੇ । ਬੇਮੁਖਾਂ ਆਤਮ ਅੰਧ ਅੰਧਿਆਰੇ । ਗੁਰਮੁਖਾਂ ਆਤਮ ਜੋਤ ਆਕਾਰੇ । ਦੇਵੇ ਦਰਸ ਅਗੰਮ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸਚ ਨਿਰੰਕਾਰੇ । ਏਕਾ ਜੋਤ ਪ੍ਰਭ ਨਿਰੰਕਾਰਾ । ਏਕਾ ਜੋਤ ਏਕੰਕਾਰਾ । ਲੱਖ ਚੁਰਾਸੀ ਵਿਚ ਪਸਾਰਾ । ਏਕਾ ਜੋਤ ਜੁਗੋ ਜੁਗ ਨਾ ਕੋਇ ਪਾਏ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਕਾਰਾ । ਕਲਜੁਗ ਜੀਵ ਪ੍ਰਭ ਆਪ ਭੁਲਾਏ । ਆਪ ਆਪਣੀ ਖੇਲ ਰਚਾਏ । ਐਡ਼ਾ ਅਥਰਬਣ ਵੇਦ ਮਿਟਾਏ । ਸੋਹੰ ਸਾਚਾ ਸ਼ਬਦ ਜਗਤ ਚਲਾਏ । ਕੁਰਾਨ ਅੰਜੀਲ ਸਭ ਨਸ਼ਟ ਕਰਾਏ । ਗੀਤਾ ਗਿਆਨ ਵਕ਼ਤ ਚੁਕਾਏ । ਖਾਣੀ ਬਾਣੀ ਅੰਤ ਹੋ ਜਾਏ । ਕਲਜੁਗ ਭੇਖ ਕੋਈ ਰਹਿਣ ਨਾ ਪਾਏ । ਸਤਿਜੁਗ ਸਾਚੀ ਮੇਖ ਪ੍ਰਭ ਮਸਤੂਆਣੇ ਲਗਾਏ । ਵੱਡੇ ਵੱਡੇ ਪਕੜ ਨਰੇਸ਼ ਪ੍ਰਭ ਸਰਨ ਲਗਾਏ । ਦਰ ਖੜੇ ਬ੍ਰਹਮਾ ਵਿਸ਼ਨ ਮਹੇਸ਼, ਕਲਜੁਗ ਜੀਵ ਭੇਦ ਨਾ ਪਾਏ । ਪ੍ਰਭ ਸਾਚੇ ਕੋ ਸਦਾ ਆਦੇਸ, ਆਪ ਆਪਣੇ ਵਿਚ ਰਿਹਾ ਸਮਾਏ । ਜੋਤ ਸਰੂਪੀ ਵਿਚ ਸਿੱਖ ਪਰਵੇਸ਼, ਕਲਜੁਗ ਅਚਰਜ ਖੇਲ ਰਚਾਏ । ਜੋਤ ਸਰੂਪੀ ਕੀਆ ਭੇਸ, ਮਾਤਲੋਕ ਪ੍ਰਭ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਰਚਨਾ ਰਿਹਾ ਰਚਾਏ । ਆਪਣੀ ਰਚਨਾ ਆਪ ਰਚਾਏ । ਜੋਤ ਸਰੂਪੀ ਭੇਸ ਵਟਾਏ । ਆਪ ਆਪਣਾ ਭੇਵ ਖੁਲ੍ਹਾਏ । ਮਸਤੂਆਣੇ ਪ੍ਰਭ ਚਰਨ ਟਿਕਾਏ । ਸ੍ਰਿਸ਼ਟ ਸਬਾਈ ਲੇਖ ਲਿਖਾਏ । ਲਿਖਿਆ ਲੇਖ ਮਿਟ ਨਾ ਜਾਏ । ਨਰ ਨਰੇਸ਼ ਵਡ ਮਰਗੇਸ਼ ਪ੍ਰਭ ਆਪਣੀ ਸਰਨ ਲਗਾਏ । ਭਾਗ ਲਗਾਇਆ ਪ੍ਰਭ ਮਾਝੇ ਦੇਸ, ਘਨਕਪੁਰੀ ਪ੍ਰਭ ਜਾਮਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੱਡ ਦੇਹ ਜੋਤ ਸਰੂਪੀ ਜੋਤ ਸਮਾਏ । ਜੋਤ ਸਰੂਪੀ ਜੋਤ ਅਧਾਰੀ । ਬੈਠੇ ਅਡੋਲ ਆਪ ਨਿਰਾਧਾਰੀ । ਨਿਹਕਲੰਕ ਨਰ

ਅਵਤਾਰੀ । ਸ੍ਰਿਸ਼ਟ ਸਬਾਈ ਕਰੇ ਖ਼ੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਾਇਆ ਆਪ ਪਸਾਰੀ । ਕਲਜੁਗ ਮਾਇਆ ਜਗਤ ਪਸਾਰ । ਜੀਵ ਜੰਤ ਭੁਲਾਏ ਕਲ ਰੁਲਾਏ ਕਰ ਖ਼ੁਆਰ । ਮਦਿਰਾ ਮਾਸ ਰਸਨ ਲਗਾਏ ਆਤਮ ਚਲਾਏ ਪ੍ਰਭ ਵਿਕਾਰ । ਅੰਤਕਾਲ ਨਾ ਕੋਇ ਸਹਾਏ, ਪ੍ਰਭ ਮਾਰੇ ਡਾਹਢੀ ਮਾਰ । ਸੋਹੰ ਸ਼ਬਦ ਗੁਰਸਿਖ ਧਿਆਈ, ਦੇਵੇ ਦਰਸ ਕ੍ਰਿਸ਼ਨ ਮੁਰਾਰ । ਆਤਮ ਬੁਝੀ ਦੀਪ ਜਗਾਏ, ਏਕਾ ਬਖ਼ਸ਼ੇ ਚਰਨ ਪਿਆਰ । ਚਰਨ ਧੂੜ ਗੁਰਚਰਨੀ ਨਹਾਏ, ਮਾਨਸ ਜਨਮ ਜਾਏ ਸੁਧਾਰ । ਧੰਨ ਗੁਰਸਿਖ ਧੰਨ ਜਣੇਂਦੀ ਮਾਏ, ਦੇਵੇ ਦਰਸ ਨਿਹਕਲੰਕ ਨਰ ਅਵਤਾਰ । ਦਰਗਾਹ ਸਾਚੀ ਪਾਏ ਠਾਏਂ, ਸਾਚਾ ਪ੍ਰਭ ਏਕਾ ਦਵਾਏ ਸਚ ਦਰ ਗੁਰ ਦਰਬਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਤੇਰਾ ਜਨਮ ਮਰਨ ਜਾਏ ਸਵਾਰ । ਅੰਤਮ ਅੰਤ ਪ੍ਰਭ ਆਪ ਸਵਾਰਿਆ । ਕਰ ਕਿਰਪਾ ਪ੍ਰਭ ਪਾਰ ਉਤਾਰਿਆ । ਦਰ ਆਏ ਵਡ ਵਡ ਦਰਬਾਰਿਆ । ਪਾਰਬ੍ਰਹਮ ਅਚਰਜ ਖੇਲ ਵਿਚ ਮਾਤ ਦੇ ਧਾਰਿਆ । ਗੁਰਮੁਖ ਸਾਚੇ ਪ੍ਰਭ ਕੀਆ ਮੇਲ, ਚਰਨ ਲਾਗ ਕਰੇ ਨਿਮਸਕਾਰਿਆ । ਆਤਮ ਜੋਤ ਜਗਾਏ ਬਿਨ ਬਾਤੀ ਬਿਨ ਤੇਲ, ਜਾਮਾ ਮਾਤਲੋਕ ਵਿਚ ਧਾਰਿਆ । ਸਾਚਾ ਪ੍ਰਭ ਸਰਬ ਗੁਣਵੰਤ । ਸਾਚਾ ਪ੍ਰਭ ਗੁਰਮੁਖ ਮੇਲ ਮਿਲਾਏ ਸਾਚੇ ਕੰਤ । ਸਾਚਾ ਸੰਤ ਪ੍ਰਭ ਦੀ ਮਹਿੰਮਾ ਜਣਾਏ ਦਿਖਾਏ ਭੇਖ ਭਗਵੰਤ । ਸਾਚਾ ਸੰਤ ਪ੍ਰਭ ਰਸਨਾ ਗਾਏ, ਦੇਵੇ ਦਰਸ ਜੋਤ ਸਰੂਪੀ ਪ੍ਰਭ ਇਕੰਤ । ਸਾਚਾ ਪ੍ਰਭ ਆਤਮ ਧੁਨ ਉਪਜਾਏ, ਪ੍ਰਭ ਬਣਾਏ ਸਾਚੀ ਬਣਤ । ਸਾਚੇ ਸੰਤ ਪ੍ਰਭ ਆਪਣਾ ਆਪ ਜਣਾਏ, ਮਹਾਰਾਜ ਸ਼ੇਰ ਸਿੰਘ ਸਾਚਾ ਕੰਤ । ਸਾਚੇ ਸੰਤ ਪ੍ਰਭ ਆਪ ਉਪਜਾਇਆ । ਸਾਚੇ ਸੰਤ ਪ੍ਰਭ ਬੂਝ ਬੁਝਾਇਆ । ਸਾਚੇ ਸੰਤ ਪ੍ਰਭ ਭੇਵ ਗੋਝ ਖੁਲ੍ਹਾਇਆ । ਸਾਚੇ ਸੰਤ ਪ੍ਰਭ ਰਸਨਾ ਜਪ ਜਪ ਆਤਮ ਰਸ ਪਾਇਆ । ਸਾਚੇ ਸੰਤ ਸਾਚਾ ਤਪ ਪ੍ਰਭ ਨਾਉਂ ਧਿਆਇਆ । ਸਾਚੇ ਸੰਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਇਆ । ਸਾਚੇ ਸੰਤ ਸਰਬ ਗੁਣਤਾਸ । ਸਾਚਾ ਸੰਤ ਜਾਣੇ ਭੇਵ ਪ੍ਰਭ ਅਬਿਨਾਸ਼ । ਸਾਚਾ ਸੰਤ ਪ੍ਰਭ ਸਾਚਾ ਸਦ ਰੱਖੇ ਵਾਸ । ਸਾਚਾ ਸੰਤ ਰਸਨਾ ਜਪੇ ਸਵਾਸ ਸਵਾਸ । ਸਾਚੇ ਸੰਤ ਰਸਨਾ ਜਪ ਮਾਨਸ ਜਨਮ ਹੋਏ ਰਾਸ । ਸਾਚਾ ਸੰਤ ਦੁਖ ਦਰਦ ਮਿਟਾਏ, ਤ੍ਰਿਸਨਾ ਆਤਮ ਗਵਾਏ ਕਿਰਪਾ ਕਰੇ ਸਰਬ ਘਟ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਅੰਤ ਕਰੇ ਬੰਦ ਖਲਾਸ । ਸਾਚੇ ਸੰਤ ਹਰਿ ਰੰਗ ਮਾਣਿਆ । ਚਲੇ ਚਲਾਏ ਆਪਣੇ ਭਾਣਿਆ । ਆਤਮ ਵਿਚ ਹੰਕਾਰ ਰਖਾਏ, ਪ੍ਰਭ ਅਬਿਨਾਸ਼ੀ ਅੰਤ ਭੁਲਾਣਿਆ । ਕਾਮ ਕਰੋਧ ਮੋਹ ਰਖਾਏ, ਭਰਮ ਭੁਲੇਖੇ ਜੀਵ ਜੰਤ ਭੁਲਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਦਵਾਏ ਵਡ ਸੁਘੜ ਸਿਆਣਿਆਂ । ਆਤਮ ਮੋਹ ਹਿਤ ਪਿਆਰ । ਕਾਮ ਤ੍ਰਿਸਨਾ ਰਸਨ ਵਿਕਾਰ । ਸਾਚਾ ਪ੍ਰਭ ਅੰਤ ਨਾ ਪਾਵੇ ਸਾਰ । ਗੁਰਦਰ ਗੁਰਸਿਖ ਆਏ ਪ੍ਰਭ ਦੇਵੇ ਨਾਮ ਅਧਾਰ । ਆਤਮ ਸੰਸਾ ਗੁਰਸਿਖ ਚੁਕਾਏ, ਏਕਾ ਦੇਵੇ ਮੋਖ ਦੁਆਰ । ਅੰਤਕਾਲ ਵਿਚ ਜੋਤੀ ਮੇਲ ਮਿਲਾਏ, ਬਾਹੋਂ ਪਕੜ ਪ੍ਰਭ ਜਾਏ ਤਾਰ । ਦਰਗਾਹ ਸਾਚੀ ਸਚ ਧਾਮ ਬਹਾਏ, ਜਨਮ ਨਾ ਪਾਏ ਦੂਜੀ ਵਾਰ । ਜੋਤ ਸਰੂਪੀ ਜੋਤ ਮਿਲਾਏ, ਏਕਾ ਜੋਤ ਕਰੇ ਆਕਾਰ । ਆਵਣ ਜਾਵਣ ਪ੍ਰਭ ਖੇਲ ਮਿਟਾਏ, ਕਿਰਪਾ ਕਰੇ ਆਪ ਨਿਰੰਕਾਰ । ਦਰਗਾਹ ਸਾਚੀ ਮਾਣ ਦਵਾਏ, ਥਿਰ ਘਰ ਵਾਸੀ ਏਕਾ ਦੇਵੇ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਤੇਰਾ ਸਚ ਦਰਬਾਰ । ਅੰਤਕਾਲ ਪ੍ਰਭ ਬੰਦ ਕਟਾਇਆ । ਆਤਮ ਅੰਧ ਅੰਧੇਰ ਗਵਾਇਆ । ਗੁਰਮੁਖ ਸਾਚਾ ਚੰਦ ਨਿਹਕਲੰਕ ਵਿਚ ਮਾਤ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਮਾਨਸ ਜਨਮ ਲੇਖੇ ਲਾਇਆ । ਮਾਨਸ ਜਨਮ ਪ੍ਰਭ ਸੁਧਾਰੇ । ਜਨ ਸੰਤ ਆਏ ਗੁਰਸਿਖ ਦਵਾਰੇ । ਗੁਰਸਿਖ ਹੋਏ ਨਿਹਕਲੰਕ ਚਰਨ ਪਨਿਹਾਰੇ । ਕਿਰਪਾ ਕਰੇ ਆਪ ਗਿਰਧਾਰੇ । ਚੇਲਾ ਗੁਰ ਗੁਰ ਚੇਲਾ ਆਪ ਅਖਵਾਰੇ । ਜੋਤ ਸਰੂਪੀ ਜੋਤ ਪ੍ਰਭ, ਪੰਚਮ ਆਏ ਵਿਚ ਦਰਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਦ ਕਾਜ ਸਵਾਰੇ । ਸਾਚੇ ਪ੍ਰਭ ਕਾਜ ਸਵਾਰਿਆ । ਮਾਨਸ ਜਨਮ ਪਾਰ ਉਤਾਰਿਆ । ਆਪਣੇ ਰੰਗ ਰੰਗਾਵੇ ਪ੍ਰਭ ਗਿਰਧਾਰਿਆ । ਗੁਰਮੁਖ ਸਾਚਾ ਸਦਾ ਸੰਗ ਰਹਾਏ, ਜੋਤ ਸਰੂਪੀ ਮੇਲ ਮਿਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਤੇਰਾ ਕਾਜ ਸਵਾਰਿਆ । ਰੰਗ ਗੁਰ ਸਾਚਾ ਨਾਉਂ । ਲਿਖਿਆ ਪ੍ਰਭ ਧੁਰ ਦਰਗਾਹੋਂ ਥਾਉਂ । ਤਰਸਣ ਸੁਰ ਨਰ ਨਾ ਪਾਇਣ ਥਾਉਂ । ਧੰਨ ਧੰਨ ਧੰਨ ਗੁਰਸਿਖ ਪ੍ਰਭ ਅਬਿਨਾਸ਼ੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਲਾਗੇ ਪਾਉਂ । ਪ੍ਰਭ ਦਰਸ ਕਵਣ ਜਾਣੇ । ਜੀਵ ਜੰਤ ਕਲ ਹੋਏ ਅੰਞਾਣੇ । ਮਦਿਰਾ ਮਾਸੀ ਮੁਗਧ ਅੰਞਾਣੇ । ਗੁਰ ਗੋਬਿੰਦ ਆਤਮ ਭੁਲਾਣੇ । ਵਡ ਸਾਗਰ ਸਿੰਦ ਨੀਰ ਗਵਾਣੇ । ਵਾਲੀ ਹਿੰਦ ਪ੍ਰਭ ਦੇਵੇ ਏਕਾ ਚਰਨ ਧਿਆਨੇ । ਬੇਮੁਖ ਦਰ ਆਇਣ ਜਾਇਣ ਨਿੰਦ, ਲੱਖ ਚੁਰਾਸੀ ਪ੍ਰਭ ਗੇੜ ਭਵਾਣੇ । ਵਡ ਦਾਤਾ ਗੁਣੀ ਗਹਿੰਦ, ਭਗਤ ਜਨਾਂ ਪ੍ਰਭ ਪਾਰ ਲਗਾਣੇ । ਦਰਸ਼ਨ ਲੋਚੇ ਸੁਰਪਤ ਰਾਜਾ ਇੰਦ, ਮਿਲੇ ਨਾ ਦਰਸ ਪ੍ਰਭ ਭਗਵਾਨੇ । ਧੰਨ ਧੰਨ ਧੰਨ ਗੁਰਸਿਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਵਿਚ ਜੋਤ ਮਿਲਾਣੇ । ਵਾਲੀ ਹਿੰਦ ਪ੍ਰਭ ਦਰਸ ਦਿਖਾਏ । ਸਾਵਲ ਸੁੰਦਰ ਪ੍ਰਭ ਭੇਖ ਵਟਾਏ । ਮੁਕੰਦ ਮਨੋਹਰ ਲਖਮੀ ਨਰਾਇਣ ਪ੍ਰਭ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਆਤਮ ਜੋਤ ਜਗਾਏ । ਸੋਹੰ ਸ਼ਬਦ ਪ੍ਰਭ ਡੰਕ ਵਜਾਏ । ਵਾਲੀ ਹਿੰਦ ਪ੍ਰਭ ਪਕੜ ਉਠਾਏ । ਜੋਤ ਸਰੂਪੀ ਪਕੜ ਜੋਤ ਦਰਸ ਦਿਖਾਏ । ਏਕਾ ਏਕੰਕਾਰ ਸ੍ਰਿਸ਼ਟ ਸਬਾਈ ਪ੍ਰਭ ਪਸਾਰ, ਮਾਇਆ ਰੂਪੀ ਰੰਗ ਕਰਤਾਰ ਜੋਤ ਪਰਗਟਾਏ । ਆਵੇ ਜਾਵੇ ਵਾਰੋ ਵਾਰ, ਪ੍ਰਭ ਅਬਿਨਾਸ਼ੀ ਸਾਚੀ ਕਾਰ, ਜਨ ਭਗਤਾਂ ਜਾਏ ਤਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਪਾਏ । ਮਾਤਲੋਕ ਪ੍ਰਭ ਜਾਮਾ ਪਾਏ । ਨਿਤ ਨਵਿਤ ਜੋਤ ਪਰਗਟਾਏ । ਭਗਤਨ ਹਿਤ ਆਪ ਪ੍ਰਭ ਆਏ । ਆਤਮ ਸਿਤ ਪ੍ਰਭ ਆਤਮ ਸ਼ਾਂਤ ਕਰਾਏ । ਮਾਨਸ ਜਨਮ ਲਿਆ ਕਲ ਜਿੱਤ, ਪ੍ਰਭ ਸਾਚੇ ਦੀ ਸਰਨੀ ਆਏ । ਪ੍ਰਭ ਅਬਿਨਾਸ਼ੀ ਸਾਚਾ ਪਿਤ, ਜਾਮਾ ਘਨਕਪੁਰੀ ਵਿਚ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਆਪਣਾ ਭੇਵ ਖੁਲ੍ਹਾਏ । ਗੁਰਮੁਖਾਂ ਦੇਵੇ ਅੰਮ੍ਰਿਤ ਧਾਰ । ਜਨ ਭਗਤਾਂ ਪ੍ਰਭ ਪਾਏ ਸਾਰ । ਰਾਮ ਰਮਈਆ ਕ੍ਰਿਸ਼ਨ ਅਵਤਾਰ । ਨਿਹਕਲੰਕ ਜੋਤ ਸਰੂਪ, ਜੋਤ ਸਰੂਪੀ ਕੀਆ ਆਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਪਤਾਲ ਅਕਾਸ਼ ਏਕਾ ਜੋਤ ਨਿਰੰਕਾਰ । ਤੀਨ ਲੋਕ ਜੋਤ ਆਕਾਰਾ । ਖੰਡ ਬ੍ਰਹਿਮੰਡ ਵਰਭੰਡ ਪਸਾਰਾ । ਸੋਹੰ ਨਾਮ ਮਾਤਲੋਕ ਪ੍ਰਭ ਵੰਡ ਸਭ ਜਗਾਏ ਚਲਾਏ ਰਾਹ ਅਪਾਰਾ । ਬੇਮੁਖਾਂ ਪ੍ਰਭ ਲਾਏ ਡੰਡ, ਅੰਤਕਾਲ ਵਿਚ ਨਰਕ ਮੰਝਾਰਾ । ਗੁਰਮੁਖ ਸਾਚੇ ਆਤਮ ਹੋਈ ਨਾ ਰੰਡ, ਪ੍ਰਭ ਸਾਚਾ ਵਿਚ ਕਰੇ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਅਨੂਪ ਅਗੰਮ ਅਪਾਰਾ । ਸਾਚਾ ਪ੍ਰਭ ਗੁਰਸਿਖ ਸਮਾਏ, ਜੋਤ ਸਰੂਪੀ ਜੋਤ ਧਰ । ਸਾਚਾ ਪ੍ਰਭ ਆਤਮ ਸਾਚਾ ਦੀਪ ਜਗਾਏ, ਸੋਹੰ ਦੇਵੇ ਸਾਚਾ ਵਰ । ਜੋ ਜਨ ਆਏ ਸਰਨਾਏ, ਪ੍ਰਭ ਦਿਖਾਏ ਸਾਚਾ ਘਰ । ਸਚ ਘਰ ਪ੍ਰਭ ਰਿਹਾ ਸਮਾਏ, ਚਰਨ ਲਾਗ ਪੂਰਨ ਭਾਗ ਗੁਰਸਿਖ ਗਿਆ ਜਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੂਝਿਆ ਸਾਚਾ ਦਰ । ਸਾਚਾ ਪ੍ਰਭ ਸਦਾ ਸਹਾਇਆ ।

ਜਗਤ ਪਿਤ ਆਪ ਰਘੁਰਾਇਆ । ਜਨ ਭਗਤ ਪ੍ਰਭ ਆਪਣੀ ਚਰਨ ਲਗਾਇਆ । ਤਨ ਮਨ ਮਨ ਤਨ ਪ੍ਰਭ ਸਾਂਤਕ ਸਤਿ ਵਰਤਾਇਆ । ਸੋਹੰ ਸ਼ਬਦ ਸੁਣਾਵੇ ਕੰਨ ਉਪਜਾਵੇ ਧੁਨ ਸਾਚਾ ਨਾਮ ਦੇਵੇ ਤਨ ਗੁਰ ਸਾਚਾ ਤੋਟ ਕਦੇ ਨਾ ਆਇਆ । ਪ੍ਰਭ ਅਬਿਨਾਸ਼ੀ ਆਤਮ ਕੱਢੇ ਜਨ ਜੋ ਜਨ ਸਰਨੀ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਗੁਰਮੁਖ ਸਾਚੇ ਹੋਏ ਸਹਾਇਆ । ਪ੍ਰਭ ਸਾਚੇ ਦੀ ਸਾਚੀ ਰੀਤ । ਦਰ ਘਰ ਆਏ ਪਤਤ ਪੁਨੀਤ । ਸਾਚੀ ਸੇਵ ਕਮਾਈ, ਪ੍ਰਭ ਸਾਚੇ ਪਰਖੀ ਨੀਤ । ਦਰਗਾਹ ਸਾਚੀ ਮਿਲੀ ਵਧਾਈ, ਬੈਠੀ ਹੋਈ ਜਗਤ ਅਤੀਤ । ਸਾਚੇ ਪ੍ਰਭ ਦਇਆ ਕਮਾਈ, ਮਾਸ ਦਸ ਗਏ ਜਾਂ ਬੀਤ । ਜਨਮ ਮਰਨ ਪ੍ਰਭ ਗੇੜ ਕਟਾਈ, ਕਾਇਆ ਕੀਨੀ ਸੀਤ । ਨਿਹਕਲੰਕ ਕਲ ਰੀਤ ਚਲਾਈ, ਹੋਏ ਸਹਾਈ ਵਿਚ ਭੈ ਭੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਾਹ ਸਾਚੀ ਸਰਬਜੀਤ ਸਦਾ ਜਗ ਜੀਤ । ਮਾਸ ਦਸ ਵਕਤ ਵਿਹਾਇਆ । ਪੰਚਮ ਪੰਚਮ ਪੰਚਮ ਪ੍ਰਭ ਪੰਚਮ ਹੁਕਮ ਸੁਣਾਇਆ । ਸਾਚੀ ਸੇਵਾ ਸਾਚਾ ਮੇਵਾ ਪ੍ਰਭ ਧੁਰ ਦਰਗਾਹੋਂ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪਰਗਟ ਜੋਤ ਸਰਬਜੀਤ ਆਵਣ ਜਾਵਣ ਗੇੜ ਕਟਾਇਆ । ਦਸ ਦਸ ਦਸ ਮਾਸ । ਮਾਨਸ ਜਨਮ ਹੋਇਆ ਰਹਿਰਾਸ । ਜੋਤੀ ਜੋਤ ਮਿਲਾਈ ਪ੍ਰਭ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਕਰਾਇਆ ਵਾਸ । ਦੁਖ ਰੋਗ ਪ੍ਰਭ ਮਿਟਾਏ । ਅੰਮ੍ਰਿਤ ਮੇਘ ਆਪ ਬਰਸਾਏ । ਸਾਧ ਸੰਗਤ ਪ੍ਰਭ ਮੁਖ ਚੁਆਏ । ਆਤਮ ਦੁਖ ਸਰਬ ਗਵਾਏ । ਏਕਾ ਸੁਖ ਨਿਜਾਨੰਦ ਉਪਜਾਏ । ਉਜਲ ਮੁਖ ਵਿਚ ਲੋਕਮਾਤ ਕਰਾਏ । ਸੁਫਲ ਕਰਾਏ ਮਾਤ ਕੁੱਖ, ਨਿਹਕਲੰਕ ਜੋ ਜਨ ਆਏ ਤੇਰੀ ਸਰਨਾਏ । ਪ੍ਰਭ ਨਿਵਾਰੇ ਜਗਤ ਭੁੱਖ, ਸੋਹੰ ਦਾਤ ਪ੍ਰਭ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੀ ਪੂਰਨ ਆਸ ਕਰਾਏ । ਅੰਮ੍ਰਿਤ ਰਸ ਪ੍ਰਭ ਮੁਖ ਚੁਆਏ । ਪਰਮਾਨੰਦ ਸੁੱਖ ਉਪਜਾਏ । ਬਜਰ ਕਪਾਟ ਪ੍ਰਭ ਖੋਲ੍ਹ ਵਖਾਏ । ਅੰਮ੍ਰਿਤ ਝਿਰਨਾ ਪ੍ਰਭ ਦੇ ਝਿਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਧ ਸੰਗਤ ਅੰਮ੍ਰਿਤ ਮੁਖ ਚੁਆਏ । ਗੁਰ ਸਾਚਾ ਅੰਮ੍ਰਿਤ ਦੇਵੇ । ਗੁਰਮੁਖ ਵਿਰਲਾ ਗੁਰ ਦਰ ਆਏ ਲੇਵੇ । ਕਲਜੁਗ ਗੁਰਮੁਖ ਸਾਚੇ ਦਰਗਾਹ ਸਾਚੀ ਪ੍ਰਭ ਸਾਚੇ ਦੇ ਸਾਚੇ ਮੇਵੇ । ਧੰਨ ਧੰਨ ਧੰਨ ਗੁਰਸਿਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਸੇਵੇ । ਪੀ ਅੰਮ੍ਰਿਤ ਆਤਮ ਤ੍ਰਿਪਤਾਇਆ । ਹਉਮੈ ਮਮਤਾ ਰੋਗ ਗਵਾਇਆ । ਸੋਹੰ ਸਾਚਾ ਜੋਗ ਪ੍ਰਭ ਦਰ ਪਾਇਆ । ਅੰਮ੍ਰਿਤ ਰਸ ਰਸ ਸਾਚਾ ਭੋਗ, ਗੁਰ ਸਾਚੇ ਗੁਰਮੁਖ ਮੁਖ ਚੁਆਇਆ । ਲੱਗੇ ਕਰਮ ਵਿਜੋਗ, ਪ੍ਰਭ ਅਬਿਨਾਸ਼ੀ ਦਿਸ ਨਾ ਆਇਆ । ਸ੍ਰਿਸ਼ਟ ਸਬਾਈ ਹੋਏ ਸੋਗ, ਸਾਧ ਸੰਗਤ ਰਸਨਾ ਜੈ ਜੈ ਜੈਕਾਰ ਕਰਾਇਆ । ਦੇਵੇ ਦਰਸ ਪ੍ਰਭ ਅਮੋਘ, ਜੋਤ ਸਰੂਪੀ ਭੇਖ ਵਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰਾ ਅੰਤਮ ਰੋਗ ਗਵਾਇਆ । ਆਤਮ ਰੋਗ ਅੰਧ ਅੰਧਿਆਰ । ਗੁਰਮੁਖ ਵਿਰਲਾ ਕਰੇ ਵਿਚਾਰ । ਜੋ ਜਨ ਆਏ ਪ੍ਰਭ ਦਰਬਾਰ । ਪ੍ਰਭ ਸਾਚੇ ਦੀ ਪਾਵੇ ਸਾਰ । ਜੋਤ ਸਰੂਪੀ ਜੋਤ ਪ੍ਰਭ, ਏਕਾ ਸ਼ਬਦ ਉਪਜਾਵੇ ਧੁਨਕਾਰ । ਗੁਰਮੁਖ ਸਾਚੇ ਪ੍ਰਭ ਸਾਚਾ ਲਿਆ ਲੱਭ, ਖੋਲ੍ਹ ਦੇਵੇ ਦਸਮ ਦਵਾਰ । ਅੰਮ੍ਰਿਤ ਝਿਰਨਾ ਝਿਰਾਏ ਵਿਚ ਕਵਲ ਨਭ, ਏਕਾ ਜੋਤ ਆਪ ਕਰੇ ਆਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਨਾ ਜਾਣੇ ਤੇਰਾ ਪਸਰ ਪਸਾਰ । ਅੰਮ੍ਰਿਤ ਆਤਮ ਸਾਚਾ ਰਸ । ਪੀ ਪੀ ਗੁਰਸਿਖ ਪ੍ਰਭ ਸਾਚਾ ਹੋਏ ਵਸ । ਪਰਗਟ ਜੋਤ ਨਿਹਕਲੰਕ ਸਤਿਜੁਗ ਸਾਚਾ ਰਾਹ ਜਾਏ ਦੱਸ । ਏਕਾ ਸ਼ਬਦ ਵਜਾਏ ਡੰਕ, ਬੇਮੁਖ ਦਰ

ਜਾਇਣ ਨੱਸ । ਗੁਰਮੁਖਾਂ ਦਿਸਾਵੇ ਏਕਾ ਅੰਕ, ਮਹਾਰਾਜ ਸ਼ੇਰ ਸਿੰਘ ਹਿਰਦੇ ਵਸ । ਪ੍ਰਭ ਸਾਚਾ ਦਰਸ ਦਿਖਾਵੇ । ਮਹਾਰਾਜ ਸ਼ੇਰ ਸਿੰਘ ਆਪਣੀ ਬੂਝ ਬੁਝਾਵੇ । ਸੁਰਤ ਸ਼ਬਦ ਪ੍ਰਭ ਸ਼ਬਦ ਚਲਾਵੇ । ਅਕਾਲ ਮੂਰਤ ਕਲ ਦਇਆ ਕਮਾਵੇ । ਸਰਧਾ ਪੂਰ ਸਰਧਨਾਂ ਆਸ ਪੁਜਾਵੇ । ਸੋਹੰ ਸ਼ਬਦ ਦਵਾਏ ਸੁਰਤ, ਅਨਹਦ ਸ਼ਬਦ ਧੁਨ ਉਪਜਾਵੇ । ਗੁਰਮੁਖ ਦਿਸਾਵੇ ਸਾਚੀ ਸੂਰਤ, ਪ੍ਰਭ ਅਬਿਨਾਸ਼ੀ ਵਿਚ ਸਮਾਵੇ । ਵਾਲੀ ਹਿੰਦ ਉਠ ਬੈਠੇ ਝੂਰਤ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਰਤ ਸ਼ਬਦ ਦਾ ਮੇਲ ਮਿਲਾਵੇ । ਵਾਲੀ ਹਿੰਦ ਸ਼ਬਦ ਗੁਣ, ਆਤਮ ਦੇਵੇ ਬ੍ਰਹਮ ਗਿਆਨਾ । ਦਿਸਾਵੇ ਜੋਤ ਪ੍ਰਭ ਜਗਤ ਮਹਾਨਾ । ਗੁਰਸਿਖ ਸਮਾਏ ਜੋਤ ਸਰੂਪ ਵਿਸ਼ਨੂੰ ਭਗਵਾਨਾ । ਬੇਮੁਖਾਂ ਪ੍ਰਭ ਦਿਸ ਨਾ ਆਏ, ਜੋਤ ਸਰੂਪੀ ਪਹਰਿਆ ਬਾਣਾ । ਗੁਰਸਿਖਾਂ ਪ੍ਰਭ ਸਦਾ ਰਹਾਏ, ਜਿਉਂ ਗੋਪੀ ਕਾਹਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸੋਹੰ ਸ਼ਬਦ ਦੇਵੇ ਸਚ ਦਾਨਾ । ਸਾਚਾ ਪ੍ਰਭ ਵਡ ਭੰਡਾਰੀ । ਭਗਤ ਵਛਲ ਆਪ ਗਿਰਧਾਰੀ । ਵਿਚ ਮਾਤ ਦੇਵੇ ਵਡ ਸਿਕਦਾਰੀ । ਚਾਰ ਕੁੰਟ ਕਰਾਏ ਚਰਨ ਪਨਿਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਧਾਰੇ ਕ੍ਰਿਸ਼ਨ ਮੁਰਾਰੀ । ਜਾਮਾ ਧਾਰੇ ਨਿਹਕਲੰਕ । ਜਨ ਭਗਤ ਤਰਾਏ ਸੁਹਾਏ ਥਾਏਂ ਬੰਕ । ਪ੍ਰਭ ਸ਼ਬਦ ਲਿਖਾਏ ਏਕਾ ਅੰਕ । ਸੰਤ ਸਿੱਖ ਪ੍ਰਭ ਦੋਏ ਤਰਾਏ, ਆਪ ਉਧਾਰੇ ਸੁਧਾਰੇ ਵੇਲੇ ਅੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਵਿਚ ਜੀਵ ਜੰਤ । ਸਾਚਾ ਪ੍ਰਭ ਦੇਵੇ ਵਡਿਆਈ । ਆਪ ਆਪਣੀ ਸਰਨ ਲਗਾਈ । ਗੁਰਸਿਖ ਹਰਨ ਫਰਨ ਪ੍ਰਭ ਦੇ ਖੁਲ੍ਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬੁਝੀ ਦੀਪ ਜਗਾਈ । ਜਗੇ ਦੀਪ ਹੋਏ ਪਰਕਾਸ਼ । ਅਗਿਆਨ ਅੰਧੇਰ ਗੁਰਸਿਖ ਜਾਏ ਵਿਨਾਸ । ਸਾਚਾ ਪ੍ਰਭ ਤੇਰੇ ਹਿਰਦੇ ਰੱਖੇ ਵਾਸ । ਏਕਾ ਧੁਨ ਉਪਜਾਏ ਸੁਨ ਖੁਲ੍ਹਾਏ ਰਸਨ ਜਪਾਏ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪ, ਜਨ ਭਗਤਾਂ ਦਾਸਨ ਦਾਸ । ਦਾਸਨ ਦਾਸ ਆਪ ਪ੍ਰਭ ਦਾਸਾ । ਪਾਰਬ੍ਰਹਮ ਅਚਰਜ ਖੇਲ ਕਲ ਕਰੇ ਤਮਾਸ਼ਾ । ਗੁਰਸਿਖ ਸਾਚੇ ਮਿਲਿਆ ਮੇਲ, ਪ੍ਰਭ ਸਾਚਾ ਸਦ ਰੱਖੇ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਕਰੇ ਬੰਦ ਖ਼ਲਾਸਾ । ਸਾਚਾ ਪ੍ਰਭ ਤੇਰੇ ਬੰਦ ਕਟਾਏ । ਗੁਰਮੁਖ ਸਾਚੇ ਜੋੜ ਜੁੜਾਏ । ਬੇਮੁਖਾਂ ਕਲ ਰੋੜ੍ਹ ਵਖਾਏ । ਬਿਰਥਾ ਸੀਰ ਜਿਉਂ ਬਿਰਛ ਬੋਹੜ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਗੁਰਮੁਖ ਸਾਚੇ ਤੇਰਾ ਸੰਗ ਤੋੜ ਨਿਭਾਏ । ਆਦਿ ਅੰਤ ਪ੍ਰਭ ਹੋਏ ਸਹਾਈ । ਗੁਰਮੁਖ ਸਾਚੇ ਤੇਰੇ ਮਨ ਵਧਾਈ । ਨਿਹਕਲੰਕ ਤੇਰੀ ਜੋਤ ਜਗਾਈ । ਵਡ ਵਡ ਸੰਤ ਪ੍ਰਭ ਚਰਨ ਲਗਾਈ । ਪ੍ਰਭ ਬੈਠ ਇਕੰਤ, ਗੁਰਮੁਖ ਸਾਚੇ ਸਿਰ ਤੇਰੇ ਹੱਥ ਟਿਕਾਈ । ਕਲਜੁਗ ਜੀਵ ਅੰਤ ਭਸਮ ਕਰ ਅਗਨ ਮੇਘ ਬਰਸਾਈ । ਚਰਨ ਆਏ ਗੁਰਮੁਖ ਸਾਚੇ ਸੰਤ, ਮਹਾਰਾਜ ਸ਼ੇਰ ਸਿੰਘ ਧੰਨ ਧੰਨ ਧੰਨ ਤੇਰੀ ਵਡਿਆਈ । ਜਗਤ ਰੰਗ ਹੋਇਆ ਵਿਨਾਸ । ਸਾਚਾ ਜੋਗ ਦਰਸ ਪ੍ਰਭ ਅਬਿਨਾਸ਼ । ਸਾਚਾ ਪ੍ਰਭ ਹਿਰਦੇ ਰੱਖੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕੀਨੀ ਬੰਦ ਖ਼ਲਾਸ । ਸਰਬਜੀਤ ਸਚ ਧਾਮ ਪਠਾਏ । ਏਕਾ ਦਰ ਦਰਬਾਰ ਪ੍ਰਭ ਸਰਨ ਰਖਾਏ । ਵਿਚ ਸੰਸਾਰ ਫਿਰ ਜਨਮ ਨਾ ਪਾਏ । ਏਕਾ ਸ਼ਬਦ ਅਧਾਰ, ਪ੍ਰਭ ਜੋਤੀ ਮੇਲ ਮਿਲਾਏ । ਮਾਨਸ ਜਨਮ ਲਿਆ ਸੁਧਾਰ, ਨਿਹਕਲੰਕ ਚਰਨੀ ਸੇਵ ਕਮਾਏ । ਚਰਨ ਸੇਵ ਕੀਨੀ ਕੇਸ । ਪ੍ਰਭ ਬਹਾਇਆ ਸਚ ਘਰ ਸਾਚੇ ਦੇਸ । ਪ੍ਰਭ ਦੇਵੇ ਵਡਿਆਈ ਜੋਤ ਸਰੂਪੀ ਕੀਆ ਭੇਸ । ਸਰਬਜੀਤ ਮਨ ਵੱਜੀ ਵਧਾਈ, ਝੂਠਾ ਛੱਡਿਆ ਬਾਬਲ ਦੇਸ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਆਪਣੇ ਵੇਸ । ਜਗਤ ਪਿਤ ਜਨ ਉਪਜਾਏ । ਆਤਮ ਖੇਤ ਮਨ ਕਰਾਏ । ਪ੍ਰਭ ਸਾਚਾ ਦੇਤ ਸੋਹੰ ਬੀਜ ਬੀਜਾਏ । ਦੇਵੇ ਦਰਸ ਪ੍ਰਭ ਨੇਤਨ ਨੇਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਪਰਗਟਾਏ । ਪੰਚਮ ਪ੍ਰਭ ਵਕ਼ਤ ਸੁਹਾਇਆ । ਪਰਗਟ ਜੋਤ ਸਿੰਘਆਸਣ ਡੇਰਾ ਲਾਇਆ । ਗੁਰਮੁਖ ਸਾਚੇ ਮੈਲ ਦੁਰਮਤ ਧੋਤ, ਸੋਹੰ ਰੰਗ ਚੜ੍ਹਾਇਆ । ਆਤਮ ਜਗਾਏ ਸਾਚੀ ਜੋਤ, ਜੋਤ ਸਰੂਪ ਦੀਪ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਆਪ ਤਰਾਇਆ । ਗੁਰਸਿਖ ਉਧਾਰੇ ਸਰਬ ਸਰਬੰਸ । ਮੁਖ ਉਜਿਆਰੇ ਜਿਉਂ ਵਡ ਹੰਸ । ਪ੍ਰਭ ਸਾਚਾ ਦੁਸ਼ਟ ਸੰਘਾਰੇ ਜਿਉਂ ਕਾਹਨਾ ਕੰਸ । ਗੁਰਮੁਖ ਸਾਚੇ ਪ੍ਰਭ ਸਾਚੇ ਦੀ ਸਾਚੀ ਅੰਸ । ਦੇਵੇ ਦਰਸ ਆਪ ਗਿਰਧਾਰੇ ਉਜਲ ਮੁਖ ਵਿਚ ਸਹੰਸ । ਰੱਖੇ ਲਾਜ ਆਪ ਮੁਰਾਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਹੋਏ ਸੁਖ । ਜੋਤ ਜਗਾਏ ਝੂਠੇ ਮਹਿਲ ਮੁਨਾਰੇ । ਗੁਰਮੁਖ ਸਾਚੇ ਤਾਰੇ ਆਤਮ ਦੇਵੇ ਧੀਰ ਧਿਆਨ । ਜਗਤ ਦੇਵੇ ਵਡਿਆਈ ਭਗਤ ਵਛਲ ਆਪ ਭਗਵਾਨ । ਪੈਜ ਰੱਖੀ ਜਿਉਂ ਬਿਦਰ ਘਰ ਆਣ । ਵੱਜੀ ਵਧਾਈ ਪ੍ਰਭ ਸੁੰਨ ਖੁਲ੍ਹਾਈ, ਨੌਂ ਨਿਧ ਪਾਈ ਪ੍ਰਭ ਦੇਵੇ ਸ਼ਬਦ ਗਿਆਨ । ਹੋਏ ਸੁਖਦਾਈ ਦੇਵੇ ਦਰਸ ਵਿਸ਼ਨੂੰ ਭਗਵਾਨ । ਦੇਵੇ ਦਰਸ ਗੁਰਮੁਖ ਜੁਗਤੀ । ਸੋਹੰ ਦੇਵੇ ਜਨ ਪ੍ਰਭ ਸਾਚੀ ਮੁਕਤੀ । ਗੁਰਮੁਖ ਸਾਚੇ ਦੇਵੇ ਸਾਚੀ ਸੁਰਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਨਾ ਜੋੜੇ ਜੁੜਤੀ । ਗੁਰਮੁਖਾਂ ਪ੍ਰਭ ਰੰਗ ਚੜ੍ਹਾਇਆ । ਬੇਮੁਖਾਂ ਪ੍ਰਭ ਨੰਗ ਕਰਾਇਆ । ਗੁਰਮੁਖਾਂ ਪ੍ਰਭ ਅੰਗ ਲਗਾਇਆ । ਬੇਮੁਖਾਂ ਪ੍ਰਭ ਦਰ ਦੁਰਕਾਇਆ । ਗੁਰਮੁਖਾਂ ਪ੍ਰਭ ਸੋਹੰ ਜੋਗ ਦਵਾਇਆ । ਬੇਮੁਖਾਂ ਮਦਿਰਾ ਮਾਸ ਮੁਖ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਦੇ ਸਜ਼ਾਇਆ । ਗੁਰਮੁਖ ਤੇਰਾ ਸਚ ਧਰਵਾਸ । ਸੋਹੰ ਉਪਜੇ ਸਵਾਸ ਸਵਾਸ । ਕੋਈ ਵਿਰਲੇ ਜਪੇ ਜਾਪ ਸੋਹੰ ਨਾਸ । ਗੁਰਮੁਖ ਸਾਚੇ ਪ੍ਰਭ ਸਾਚਾ ਸਦ ਵਸੇ ਪਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸਦ ਸਦ ਸਦ ਅਬਿਨਾਸ । ਸਦਾ ਸਦਾ ਪ੍ਰਭ ਅਬਿਨਾਸ਼ਾ । ਆਦਿ ਅੰਤ ਨਾ ਕਦੇ ਵਿਨਾਸ਼ਾ । ਸਾਧ ਸੰਗਤ ਸਦ ਰੱਖੇ ਵਾਸਾ । ਜੀਵ ਜੰਤ ਜੋਤ ਧਰਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਘਟ ਘਟ ਸਦ ਰੱਖੇ ਵਾਸਾ । ਪੰਚਮ ਆਇਆ ਪੰਚਮ ਜਾਗੇ । ਬੇਮੁਖ ਸਵਾਇਆ ਨਾ ਸੋਇਆ ਜਾਗੇ । ਗੁਰਮੁਖ ਸਾਚਾ ਨਿਹਕਲੰਕ ਕਲ ਚਰਨੀ ਲਾਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਉਪਜਾਏ ਸੁਣਾਏ ਅਨਹਦ ਰਾਗੇ । ਨਰਾਇਣ ਨਰ ਕਲ ਅਵਤਾਰ । ਜੋਤ ਸਰੂਪੀ ਜਾਮਾ ਧਾਰ । ਜਗਤ ਪਿਤ ਜਗਤੇਸ਼ਵਰ ਭਗਤ ਹਿਤ ਕਰੇ ਪਿਆਰ । ਮਹਾਰਾਜ ਸ਼ੇਰ ਸਿੰਘ ਪਰਗਟ ਜੋਤ ਦਰ ਘਰ ਆਏ ਸਿੰਘ ਠਾਕਰ ਜਾਏ ਤਾਰ ।

❊ ੬ ਵਿਸਾਖ ੨੦੦੬ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਬੁਗੀਂ ਜ਼ਿਲਾ ਅੰਮ੍ਰਿਤਸਰ ❊

ਗੁਰਮੁਖਾਂ ਦੇਵੇ ਚਰਨ ਧਿਆਨ । ਚਰਨ ਧੂੜ ਸਾਚਾ ਇਸ਼ਨਾਨ । ਆਤਮ ਉਪਜਾਵੇ ਜਗਾਵੇ ਜੋਤ ਮਹਾਨ । ਗੁਰਮੁਖ ਸਾਚੇ ਵਿਚ ਮਾਤ ਵਡ ਗੁਣੀ ਨਿਧਾਨ । ਕਲਜੁਗ ਜੀਵ ਬੇਮੁਖ ਹੋਏ ਦਿਸ ਨਾ ਆਏ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦਾ ਜਾਣੀ

ਜਾਣ । ਏਕਾ ਜੋਤ ਜਗਤ ਆਕਾਰੇ । ਜੁਗੋ ਜੁਗ ਲਏ ਅਵਤਾਰੇ । ਆਦਿ ਅੰਤ ਨਾ ਕੋਈ ਵਿਸਾਰੇ । ਜੋਤ ਸਰੂਪੀ ਸਦ ਨਿਰਹਾਰੇ । ਬੈਠਾ ਅਡੋਲ ਆਪ ਗਿਰਧਾਰੇ । ਕੋਟਨ ਕੋਟ ਖੜ੍ਹੇ ਪ੍ਰਭ ਚਰਨ ਦਵਾਰੇ । ਗੁਰਮੁਖ ਸਾਚੇ ਸਦਾ ਬਲਿਹਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟੇ ਜੋਤ ਆਪ ਨਿਰੰਕਾਰੇ । ਨਰਾਇਣ ਨਰ ਜੋਤ ਪਰਗਟਾਏ । ਵਾਕ ਭਵਿਖਤ ਸਤਿ ਕਰਾਏ । ਸਤਿਜੁਗ ਸਾਚੀ ਲਿਖਤ ਕਰਾਏ । ਵਡ ਵਡ ਹੰਸ ਗੁਰਸਿਖ ਉਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਚਲਾਏ । ਸੋਹੰ ਸਾਚਾ ਸ਼ਬਦ ਚਲਾਵੇ । ਗੁਰਮੁਖਾਂ ਅੰਮ੍ਰਿਤ ਨਾਮ ਪਿਆਵੇ । ਅੰਮ੍ਰਿਤ ਆਤਮ ਦੇਹ ਝਿਰਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਵੇ । ਜੋਤ ਸਰੂਪੀ ਦਰਸ ਦਿਖਾਇਆ । ਆਪ ਆਪਣਾ ਖੇਲ ਰਚਾਇਆ । ਭਰਮ ਭੁਲੇਖੇ ਜਗਤ ਭੁਲਾਇਆ । ਬੇਮੁਖ ਜੀਵਾਂ ਮਾਨਸ ਜਨਮ ਵਿਚ ਮਾਤ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਨਾ ਪਾਇਆ । ਮਾਇਆ ਰੂਪੀ ਜਗਤ ਪਸਾਰ । ਕਲਜੁਗ ਜੀਵ ਹੋਏ ਅੰਧ ਅੰਧਿਆਰ । ਮਦਿਰਾ ਮਾਸ ਕਰਨ ਰਸਨ ਆਹਾਰ । ਗੁਰਮੁਖ ਸਾਚਾ ਦਿਵਸ ਰੈਣ ਰੈਣ ਦਿਵਸ ਸਾਚਾ ਨਾਮ ਰਿਹਾ ਉਚਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਆਤਮ ਜੋਤ ਕਰੇ ਉਜਿਆਰ । ਆਤਮ ਜੋਤ ਹੋਏ ਆਕਾਰੇ । ਸੋਹੰ ਸ਼ਬਦ ਉਪਜਾਵੇ ਸਾਚੀ ਧੁਨਕਾਰੇ । ਉਪਜੇ ਧੁਨ ਖੁਲ੍ਹੇ ਸੁੰਨ ਝੂਠੇ ਦੇਹ ਮਹਲ ਮੁਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਸਿੱਖ ਪਸਾਰੇ । ਜੋਤ ਸਰੂਪੀ ਪ੍ਰਭ ਪਸਰ ਪਸਾਰਿਆ । ਏਕਾ ਜੋਤ ਜੁਗੋ ਜੁਗ ਨਿਹਕਲੰਕ ਅਵਤਾਰਿਆ । ਅਚਰਜ ਖੇਲ ਪਾਰਬ੍ਰਹਮ ਗੁਰਮੁਖ ਵਿਰਲੇ ਕਲ ਵਿਚਾਰਿਆ । ਹੋਇਆ ਮੇਲ ਸਾਚਾ ਕਰਮ, ਰੱਖ ਆਸ ਚੱਲ ਆਇਣ ਦਵਾਰਿਆ । ਆਤਮ ਦੀਪਕ ਜਗਾਏ ਬਿਨ ਬਾਤੀ ਬਿਨ ਤੇਲ ਨਿਹਕਲੰਕ ਨਰਾਇਣ ਨਰ ਅਵਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਮਾਤਲੋਕ ਵਿਚ ਧਾਰਿਆ । ਗੁਰਮੁਖਾਂ ਦੇਵੇ ਨਾਮ ਅਧਾਰ । ਬੇਮੁਖਾਂ ਕਲ ਕਰੇ ਖੁਆਰ । ਗੁਰਮੁਖ ਸਾਚੇ ਪ੍ਰਭ ਸਾਚੀ ਉਪਜਾਵੇ ਧੁਨਕਾਰ । ਬੇਮੁਖ ਦਰ ਆਏ ਜਾਏ ਝਖ ਮਾਰ । ਗੁਰਮੁਖ ਸਾਚਾ ਕਰ ਦਰਸ ਖੁਲ੍ਹਾਵੇ ਦਸਮ ਦਵਾਰ । ਬੇਮੁਖ ਜੀਵ ਆਵੇ ਜਾਵੇ ਵਾਰੋ ਵਾਰ । ਗੁਰਮੁਖ ਸਾਚੇ ਦਰ ਘਰ ਵਰ ਮਿਲੇ ਆਪ ਕਰਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਬਾਂਹੋਂ ਪਕੜ ਕਲ ਦੇਵੇ ਤਾਰ । ਆਪ ਆਪਣੀ ਦਇਆ ਕਮਾਏ । ਜੋਤ ਸਰੂਪੀ ਪਰਗਟ ਜੋਤ, ਸਵੱਛ ਸਰੂਪ ਪ੍ਰਭ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਏ । ਗੁਰਮੁਖ ਸਾਚੇ ਮੇਲ ਮਿਲਾਇਆ । ਆਪ ਆਪਣੀ ਸੇਵਾ ਲਾਇਆ । ਸੋਹੰ ਸਾਚਾ ਸ਼ਬਦ ਜਪਾਇਆ । ਅਗਿਆਨ ਅੰਧੇਰ ਸਰਬ ਮਿਟਾਇਆ । ਏਕਾ ਏਕੰਕਾਰ ਜੋਤ ਸਰੂਪੀ ਪ੍ਰਭ ਨਜ਼ਰੀ ਆਇਆ । ਏਕਾ ਜੋਤ ਦੇਵੇ ਅਧਾਰ, ਆਤਮ ਤ੍ਰਿਖਾ ਸਰਬ ਮਿਟਾਇਆ । ਗੁਰਮੁਖ ਵਡਿਆਈ ਧਰਾਈ ਵਿਚ ਸੰਸਾਰ, ਜੁਗੋ ਜੁਗ ਪਤਿ ਰਖਦਾ ਆਇਆ । ਬੇਮੁਖਾਂ ਮਾਰੇ ਪ੍ਰਭ ਸ਼ਬਦ ਮਾਰ, ਸੋਹੰ ਖੰਡਾ ਦੋ ਧਾਰ ਚਲਾਇਆ । ਵੇਲੇ ਅੰਤ ਹੋਇਣ ਖੁਆਰ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਗੁਰਮੁਖ ਕਰੇ ਪ੍ਰਭ ਚਰਨ ਪਿਆਰ, ਜਗਤ ਤ੍ਰਿਸਨਾ ਪ੍ਰਭ ਦਏ ਮਿਟਾਇਆ । ਭਗਤ ਜਨਾਂ ਪ੍ਰਭ ਪਾਵੇ ਸਾਰ, ਅੰਤਕਾਲ ਹੋਏ ਸਹਾਇਆ । ਵਿਚ ਬਿਠਾਏ ਸਚ ਦਰਬਾਰ, ਆਵਣ ਜਾਵਣ ਗੇੜ ਕਟਾਇਆ । ਏਕਾ ਜੋਤ ਸਤਿ ਕਰਤਾਰ, ਜੋਤੀ ਜੋਤ ਪ੍ਰਭ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਇਆ ਕਮਾਇਆ । ਗੁਰਮੁਖ ਸਾਚੇ ਦਇਆ ਧਾਰੀ । ਸਚਖੰਡ ਦੇਵੇ ਸਿਕਦਾਰੀ ।

ਰੱਖੇ ਲਾਜ ਆਪ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਪੈਜ ਸਵਾਰੀ । ਸਾਚਾ ਪ੍ਰਭ ਭਗਤ ਉਧਾਰੀ । ਆਵੇ ਜਾਵੇ ਵਾਰੋ ਵਾਰੀ । ਅਚਰਜ ਖੇਲ ਰੰਗ ਕਰਤਾਰੀ । ਨਿਰਮਲ ਜੋਤ ਸਦਾ ਨਿਰਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੀ । ਨਿਹਕਲੰਕ ਕਲ ਜਾਮਾ ਧਾਰੀ । ਆਪਣੀ ਕਲ ਆਪ ਵਰਤਾਰੀ । ਸੋਹੰ ਸ਼ਬਦ ਖੰਡਾ ਦੋ ਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰਤੇ ਵਰਤਾਵੇ ਵਿਚ ਸੰਸਾਰੀ । ਸਾਚੇ ਪ੍ਰਭ ਸਚ ਵਰਤਾਇਆ । ਕਲਜੁਗ ਝੂਠਾ ਖੇਲ ਮਿਟਾਇਆ । ਜੋਤ ਸਰੂਪੀ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਆਪ ਉਪਾਇਆ । ਕਲਜੁਗ ਝੂਠਾ ਖੇਲ ਮਿਟਾਵਣਾ । ਚਾਰ ਵਰਨ ਪ੍ਰਭ ਇਕ ਕਰਾਵਣਾ । ਰਾਓ ਰੰਕ ਪ੍ਰਭ ਚਰਨ ਲਗਾਵਣਾ । ਸੋਹੰ ਸਾਚਾ ਡੰਕ ਚਾਰ ਕੁੰਟ ਵਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਜੈ ਜੈ ਜੈਕਾਰ ਕਰਾਵਣਾ । ਜੈ ਜੈ ਜੈਕਾਰ ਪ੍ਰਭ ਜਗਤ ਕਰਾਏ । ਸੋਹੰ ਸਾਚਾ ਸ਼ਬਦ ਜਪਾਏ । ਚਾਰ ਵਰਨ ਪ੍ਰਭ ਸਰਨ ਲਗਾਏ । ਜਗਤ ਭੇਖ ਪ੍ਰਭ ਸਰਬ ਮਿਟਾਏ । ਸਤਿਜੁਗ ਸਾਚਾ ਮਾਰਗ ਲਾਏ । ਕਲਜੁਗ ਜੀਵ ਕੋਇ ਰਹਿਣ ਨਾ ਪਾਏ । ਜੋਤ ਸਰੂਪੀ ਪ੍ਰਭ ਕੀਆ ਭੇਖ, ਗੁਰਮੁਖ ਸਾਚੇ ਬੂਝ ਬੁਝਾਏ । ਗੁਰਮੁਖ ਸਾਚੇ ਪ੍ਰਭ ਲਿਖਿਆ ਲੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ । ਸਤਿਜੁਗ ਸਾਚਾ ਸਚ ਮਾਰਗ ਲਾਵਣਾ । ਸੋਹੰ ਸਾਚਾ ਸ਼ਬਦ ਚਲਾਵਣਾ । ਸ੍ਰਿਸ਼ਟ ਸਬਾਈ ਏਕਾ ਅੰਕ ਪ੍ਰਭ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਊਚ ਨੀਚ ਦਾ ਭੇਦ ਮਿਟਾਵਣਾ । ਊਚ ਨੀਚ ਪ੍ਰਭ ਆਪ ਮਿਟਾਏ । ਸਰਬ ਜੀਵ ਵਿਚ ਰਿਹਾ ਸਮਾਏ । ਵੇਲੇ ਅੰਤ ਕਲ ਪਰਗਟ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਦੇ ਆਏ । ਗੁਰ ਗੋਬਿੰਦ ਇਹ ਸ਼ਬਦ ਲਿਖਾਇਆ । ਵਡ ਮਲੇਸ਼ ਬੇਮੁਖ ਲਿਖਾਇਆ । ਵਡ ਨਰੇਸ਼ ਨਿਹਕਲੰਕ ਜਣਾਇਆ । ਅੰਤਕਾਲ ਕਲ ਪਰਗਟ ਜੋਤ, ਬੇਮੁਖਾਂ ਦਏ ਸਜ਼ਾਇਆ । ਕਲਜੁਗ ਜੀਵ ਆਤਮ ਹੰਕਾਰੀ । ਮਦਿਰਾ ਮਾਸ ਰਸਨ ਆਹਾਰੀ । ਹਉਮੇ ਲੱਗੀ ਤਨ ਬੀਮਾਰੀ । ਦਰ ਦਰ ਫਿਰਨ ਝਖ ਮਾਰੀ । ਸਾਚਾ ਪ੍ਰਭ ਦਿਸ ਨਾ ਆਏ, ਹੋਏ ਜੀਵ ਦੁਸ਼ਟ ਦੁਰਾਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਰੇ ਖ਼ੁਆਰੀ । ਵੇਲੇ ਅੰਤ ਪ੍ਰਭ ਕਰੇ ਖ਼ੁਆਰ । ਰਖਾਏ ਨਿਵਾਸ ਵਿਚ ਨਰਕ ਮੰਝਾਰ । ਦਿਸ ਨਾ ਆਵੇ ਆਰ ਪਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅੰਤਕਾਲ ਕਲ ਡੋਬੇ ਵਿਚ ਮੰਝਧਾਰ । ਅੰਤਕਾਲ ਅੰਤ ਕਰਾਏ । ਜਗਤ ਤ੍ਰਿਸਨਾ ਜੀਵ ਬਿਲਲਾਏ । ਪ੍ਰਭ ਅਬਿਨਾਸ਼ੀ ਵਿਚ ਚੁਰਾਸੀ ਗੇੜ ਫਿਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂਕਰ ਸੂਕਰ ਜੂਨ ਦਵਾਏ । ਸਾਚੇ ਪ੍ਰਭ ਤੇਰੀ ਸਤਿ ਵਡਿਆਈ । ਜਨ ਭਗਤਾਂ ਹੋਏ ਆਪ ਸਹਾਈ । ਆਤਮ ਸੁਖ ਦੇਵੇ ਸੁਖਦਾਈ । ਤ੍ਰਿਸਨਾ ਭੁਖ ਸਰਬ ਮਿਟਾਈ । ਮਾਤ ਗਰਭ ਉਲਟਾ ਰੁਖ ਗੁਰਮੁਖ ਫੇਰ ਨਾ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਗੇੜ ਕਟਾਈ । ਆਤਮ ਤਰਸ ਪ੍ਰਭ ਸ਼ਬਦ ਉਚਾਰਿਆ । ਵਡ ਦਾਤਾ ਗਹਿਰ ਗੰਭੀਰ ਤੋੜੇ ਹੰਕਾਰਿਆ । ਹੋਏ ਸ਼ਾਂਤ ਸਰੀਰ ਜਨ ਆਏ ਚਰਨ ਦਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਗਿਰਧਾਰਿਆ । ਸੋਹੰ ਦੇਵੇ ਨਾਮ ਅਧਾਰਾ । ਆਤਮ ਦੇਵੇ ਜੋਤ ਅਪਾਰਾ । ਏਕਾ ਜੋਤ ਜਗੇ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਿਹਕਲੰਕ ਜਗਤ ਪਿਤ ਆਏ । ਗੁਰਮੁਖ ਸਾਚੇ ਪ੍ਰਭ ਆਪ ਉਪਜਾਏ । ਜੋਤ ਸਰੂਪੀ

ਪਰਗਟ ਜੋਤ, ਪ੍ਰਭ ਸਾਚਾ ਦਰਸ ਦਿਖਾਏ । ਕਲਜੁਗ ਬੇਮੁਖ ਜੀਵ ਪ੍ਰਭ ਦਰ ਦਰ ਫਿਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਧੀਰ ਧਰਾਏ । ਸਾਚਾ ਪ੍ਰਭ ਧੀਰਨ ਧੀਰਾ । ਜੋਤ ਖਿਚਾਵੇ ਸਭ ਤੀਰਥ ਨੀਰਾ । ਮਾਣ ਗਵਾਏ ਪੈਗ਼ੰਬਰ ਪੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਗੁਰਮੁਖਾਂ ਕੱਟੇ ਭੀੜਾ । ਪੀਰ ਦਸਤਗੀਰ ਕੋਈ ਰਹਿਣ ਨਾ ਪਾਏ । ਚਾਰ ਯਾਰਾਂ ਪ੍ਰਭ ਵਕਤ ਚੁਕਾਏ । ਸੋਹੰ ਸਾਚਾ ਸ਼ਬਦ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ । ਸਤਿਜੁਗ ਸਾਚਾ ਮਾਰਗ ਲਾਵਣਾ । ਏਕਾ ਸ਼ਬਦ ਜਗਤ ਚਲਾਵਣਾ । ਸੋਹੰ ਰਸਨ ਜੈ ਜੈ ਜੈਕਾਰ ਕਰਾਵਣਾ । ਸਾਚਾ ਪ੍ਰਭ ਸਾਚਾ ਦਰਬਾਰ, ਏਕਾ ਏਕ ਨਿਹਕਲੰਕ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਣੀ ਬਾਣੀ ਅੰਤ ਕਰਾਵਣਾ । ਮਾਣ ਗਵਾਏ ਪ੍ਰਭ ਸ਼ਾਹ ਸੁਲਤਾਨਾ । ਜੋਤ ਪਰਗਟਾਏ ਨਿਹਕਲੰਕ ਵਾਲੀ ਦੋ ਜਹਾਨਾ । ਇਕ ਇਕ ਰਖਾਏ ਰਾਓ ਰੰਕ ਰਾਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੋੜੇ ਸਰਬ ਅਭਿਮਾਨਾ । ਗੁਰ ਦਰ ਆਏ ਜੀਵ ਅਭਿਮਾਨੀ । ਵੇਖੇ ਪ੍ਰਭ ਦੇਹ ਵੈਰਾਨੀ । ਸਦ ਸਦ ਬਾਹਰ ਨਾ ਵਸੇ ਅੰਧ ਅੰਧਾਣੀ । ਜੋਤ ਸਰੂਪ ਜੋਤ ਪ੍ਰਭ, ਏਕਾ ਜੋਤ ਜਗੇ ਨੂਰਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਨਿਧਾਨੀ । ਕਲਜੁਗ ਹੋਏ ਜੀਵ ਹੰਕਾਰਾ । ਮੂਰਖ ਮੁਗਧ ਨਾ ਪਾਇਣ ਸਾਰਾ । ਆਤਮ ਮਿਟੇ ਨਾ ਅੰਧ ਅੰਧਿਆਰਾ । ਸਾਚਾ ਨਾਮ ਨਾ ਰਸਨ ਉਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੇਮੁਖਾਂ ਕਰੇ ਖੁਆਰਾ । ਕਲਜੁਗ ਜੀਵਾਂ ਨਾਮ ਭੁਲਾਇਆ । ਮਦਿਰਾ ਮਾਸ ਰਸਨ ਵਿਕਾਰ ਰਖਾਇਆ । ਅੰਤਕਾਲ ਕਲ ਹੋਏ ਨਾਸ, ਪ੍ਰਭ ਸਾਚੇ ਲੇਖ ਲਿਖਾਇਆ । ਗਰਭਵਾਸ ਸਦ ਰੱਖਣ ਵਾਸ, ਆਵਣ ਜਾਵਣ ਪ੍ਰਭ ਗੇੜ ਚਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਣ ਤਰਾਇਆ । ਗੁਰਸਿਖ ਤੇਰਾ ਰੂਪ ਅਪਾਰਾ । ਹਿਰਦੇ ਵਾਸੇ ਆਪ ਮੁਰਾਰਾ । ਜੋਤ ਸਰੂਪ ਸਦਾ ਨਿਰਾਹਾਰਾ । ਬੈਠਾ ਵਿਚ ਅਡੋਲ ਰਚਣਹਾਰਾ । ਸਦ ਵਸੇ ਕੋਲ, ਮੂਰਖ ਜੀਵ ਨਾ ਪਾਵੇ ਸਾਰਾ । ਪ੍ਰਭ ਅਬਿਨਾਸ਼ੀ ਦੇਵੇ ਪੜਦੇ ਖੋਲ੍ਹ, ਦਰ ਆਏ ਕਰਨ ਨਿਮਸਕਾਰਾ । ਸੋਹੰ ਸ਼ਬਦ ਵਜਾਏ ਢੋਲ, ਅਨਹਦ ਧੁਨ ਵੱਜੇ ਧੁਨਕਾਰਾ । ਬੇਮੁਖਾਂ ਪ੍ਰਭ ਖੋਲ੍ਹੇ ਪੋਲ, ਜੋਤ ਪਰਗਟਾਏ ਨਿਹਕਲੰਕ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭਗਤ ਉਧਾਰਾ । ਆਤਮ ਕਰੇ ਜੋਤ ਆਕਾਰੇ । ਜਗੇ ਜੋਤ ਅਗੰਮ ਅਪਾਰੇ । ਸਾਚਾ ਸ਼ਬਦ ਉਪਜੇ ਧੁਨਕਾਰੇ । ਹੋਏ ਪਰਕਾਸ਼ ਝੂਠੀ ਦੇਹ ਮਹਿਲ ਮੁਨਾਰੇ । ਕਲਜੁਗ ਮਾਇਆ ਹੋਏ ਨਾਸ, ਕਿਰਪਾ ਕਰੇ ਆਪ ਗਿਰਧਾਰੇ । ਸਾਚਾ ਪ੍ਰਭ ਸਦ ਰੱਖੇ ਵਾਸ, ਮਹਾਰਾਜ ਸ਼ੇਰ ਸਿੰਘ ਚਰਨ ਬਲਿਹਾਰੇ । ਸਾਚੇ ਪ੍ਰਭ ਚਰਨ ਬਲਿਹਾਰੀ । ਆਤਮ ਦੇਵੇ ਨਾਮ ਖ਼ੁਮਾਰੀ । ਦੁਬਧਾ ਮੈਲ ਪ੍ਰਭ ਪਾਰ ਉਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ ਭੰਡਾਰੀ । ਸਾਚਾ ਦਾਨ ਗੁਰ ਸਾਚੇ ਦੀਆ । ਪੂਰਬ ਜਨਮ ਦਾ ਬੀਜ ਜੋ ਬੀਆ । ਆਤਮ ਜੋਤ ਜਗਾਇਆ ਦੀਆ । ਰਸਨਾ ਰਸ ਰਸ ਨਾਮ ਮਹਾਰਸ ਪੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਨਿਰਮਲ ਕੀਆ ਜੀਆ । ਸਾਚ ਨਾਮ ਗੁਰ ਪੂਰੇ ਦੀਨਾ । ਆਪ ਆਪਣੇ ਜੇਹਾ ਕੀਨਾ । ਗੁਰ ਸਿੱਖ ਸਿੱਖ ਗੁਰ ਇਕ ਰੰਗ ਸਮਾਵੇ ਜਿਉਂ ਨੀਰ ਮੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਮੇਘ ਵਰਸਾਏ ਸ਼ਾਂਤ ਕਰਾਏ ਸੀਨਾ । ਅੰਮ੍ਰਿਤ ਬਰਖੇ ਸਾਂਤਕ ਸਤਿ । ਏਕਾ ਨਾਮ ਦੇਵੇ ਸਾਚਾ ਤਤ । ਏਕਾ ਸ਼ਬਦ ਰਖਾਵੇ ਸਾਚੀ ਮਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਸਾਧ ਸੰਗਤ ਦੇਵੇ ਸਾਚੀ ਮਤਿ । ਸਾਚਾ ਪ੍ਰਭ ਸਾਚੀ ਮਤਿ । ਭਗਤ ਜਨਾਂ ਜਾਣੇ ਮਿਤ ਗਤਿ । ਰਸਨਾ ਜਪ ਜਪ ਜੀਵ, ਮਾਨਸ ਜਨਮ ਨਾ ਆਵੇ ਵਤ । ਸਾਚਾ ਨਾਮ ਰਸਨਾ ਰਸ ਪੀਵ, ਸੋਹੰ ਧਰਾਵੇ ਪ੍ਰਭ ਆਤਮ ਸਾਚਾ ਯਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਆਪ ਰਖਾਵੇ ਸਤਿ । ਸਾਚਾ ਪ੍ਰਭ ਸਦਾ ਸਤਿਵਾਦੀ । ਸਾਧ ਸੰਗਤ ਪ੍ਰਭ ਸਦ ਵਿਸਮਾਦੀ । ਆਤਮ ਧੁਨ ਉਪਜਾਵੇ ਨਾਦ ਅਨਾਦੀ । ਪ੍ਰਭ ਸਾਚਾ ਸ਼ਬਦ ਲਿਖਾਏ ਬੋਧ ਅਗਾਧੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਦ ਰਸਨ ਅਰਾਧੀ । ਸਾਚਾ ਪ੍ਰਭ ਰਸਨਾ ਗਾਓ । ਜਨਮ ਜਨਮ ਦੀ ਮੈਲ ਗਵਾਓ । ਮਾਨਸ ਜਨਮ ਸੁਫਲ ਕਰਾਓ । ਲੱਖ ਚੁਰਾਸੀ ਗੇੜ ਕਟਾਓ । ਪ੍ਰਭ ਅਬਿਨਾਸ਼ੀ ਸੇਵ ਕਮਾਓ । ਸਰਬ ਘਟ ਵਾਸੀ ਰਿਦੇ ਵਸਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਟੇਕ ਰਖਾਓ । ਏਕਾ ਏਕ ਆਪ ਓਅੰਕਾਰਾ । ਜੋਤ ਸਰੂਪੀ ਕਰੇ ਪਸਾਰਾ । ਆਪ ਆਪਣਾ ਕੀਆ ਉਜਿਆਰਾ । ਤੀਨ ਲੋਕ ਪ੍ਰਭ ਏਕ ਪਸਾਰਾ । ਖੰਡ ਬ੍ਰਹਿਮੰਡ ਵਰਭੰਡ ਸਮਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਕਾਰਾ । ਏਕਾ ਜੋਤ ਏਕਾ ਆਕਾਰ । ਪਤਾਲ ਮਾਤ ਅਕਾਸ਼ ਪ੍ਰਭ ਸਾਚੇ ਕੀਆ ਪਸਾਰ । ਜੁਗੋ ਜੁਗ ਪਰਗਟ ਜੋਤ ਮਾਤ ਟਿਕਾਏ ਜੋਤ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਪ ਨਿਰੰਕਾਰ । ਵਿਚ ਅਕਾਸ਼ ਜੋਤ ਆਕਾਰੀ । ਜਗੇ ਜੋਤ ਅਗੰਮ ਅਪਾਰੀ । ਪਾਰਬ੍ਰਹਮ ਖੇਲ ਨਿਆਰੀ । ਜੀਵ ਜੰਤ ਨਾ ਪਾਏ ਸਾਰੀ । ਸਾਚਾ ਘਰ ਸਾਚਾ ਦਰ ਦਰਬਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਅਧਾਰੀ । ਜੋਤ ਸਰੂਪੀ ਜੋਤ ਅਧਾਰਾ । ਆਪ ਆਪਣਾ ਕਰੇ ਪਸਾਰਾ । ਆਦਿ ਅੰਤ ਨਾ ਕਿਸੇ ਵਿਚਾਰਾ । ਸਾਧ ਸੰਤ ਪ੍ਰਭ ਏਕਾ ਦੇਵੇ ਸ਼ਬਦ ਅਧਾਰਾ । ਆਪ ਬਣਾਏ ਸਾਚੀ ਬਣਤ, ਅੰਤ ਦੇਵੇ ਮੁਕਤ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਕੰਤ, ਸੋਹੰ ਦੇਵੇ ਭਗਤ ਭੰਡਾਰਾ । ਸਾਚਾ ਪ੍ਰਭ ਭਗਤ ਭੰਡਾਰੀ । ਆਤਮ ਦੇਵੇ ਨਾਮ ਖੁਮਾਰੀ । ਸਾਚੀ ਜੋਤ ਕਰੇ ਉਜਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੋਲ੍ਹ ਦੇਵੇ ਦਸਮ ਦਵਾਰੀ । ਦਸਮ ਦਵਾਰ ਪ੍ਰਭ ਖੁਲ੍ਹਾਏ । ਸੁਰਤ ਸ਼ਬਦ ਦਾ ਮੇਲ ਮਿਲਾਏ । ਉਪਜੇ ਧੁਨ ਖੁਲ੍ਹੇ ਸੁੰਨ, ਅਗਿਆਨ ਅੰਧੇਰ ਸਰਬ ਮਿਟਾਏ । ਗੁਰਮੁਖ ਵਿਰਲਾ ਪਾਏ ਜਨ, ਸਾਚਾ ਨਾਮ ਰਸਨਾ ਗਾਏ । ਗੁਰਸਿਖ ਆਤਮ ਜਾਏ ਮੰਨ, ਪਰਗਟ ਜੋਤ ਪ੍ਰਭ ਅਬਿਨਾਸ਼ੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਰਘੁਰਾਏ । ਕਲਜੁਗ ਵੇਲਾ ਅੰਤਮ ਅੰਤ । ਧਰੇ ਜੋਤ ਮਾਤ ਭਗਵੰਤ । ਖੁਲ੍ਹਾਏ ਸੋਤ ਵਡ ਸਾਧਨ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਾਇਆ ਪਾਏ ਬੇਅੰਤ । ਨਿਹਕਲੰਕ ਕਲ ਪ੍ਰਭ ਆਏ । ਨਿਹਕਲੰਕ ਕਲ ਜਾਮਾ ਪਾਏ । ਨਿਹਕਲੰਕ ਜੋਤ ਸਰੂਪੀ ਜੋਤ ਸਮਾਏ । ਨਿਹਕਲੰਕ ਭਰਮ ਭੁਲੇਖੇ ਜਗਤ ਭੁਲਾਏ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਸਹਾਏ । ਨਿਹਕਲੰਕ ਪ੍ਰਭ ਨਾਉਂ ਰਖਾਇਆ । ਨਿਹਕਲੰਕ ਜੋਤ ਸਰੂਪੀ ਜਾਮਾ ਪਾਇਆ । ਨਿਹਕਲੰਕ ਗੁਰਮੁਖ ਸਾਚੇ ਵਿਚ ਸਮਾਇਆ । ਨਿਹਕਲੰਕ ਆਪਣਾ ਆਪ ਕਲ ਛੁਪਾਇਆ । ਨਿਹਕਲੰਕ ਬੇਮੁਖ ਜੀਵਾਂ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਜੋਤ ਪਰਗਟਾਇਆ । ਨਿਹਕਲੰਕ ਖੇਲ ਅਪਾਰੇ । ਨਿਹਕਲੰਕ ਜਾਮਾ ਘਨਕਪੁਰੀ ਵਿਚ ਧਾਰੇ । ਨਿਹਕਲੰਕ ਗੁਰਮੁਖ ਸਾਚੇ ਬਖ਼ਸ਼ੇ ਚਰਨ ਪਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਜਾਮਾ ਮਾਤ ਵਿਚ ਧਾਰੇ । ਨਿਹਕਲੰਕ ਕਲ ਜਾਮਾ ਪਾਇਆ ।

ਝੂਠਾ ਤਨ ਜਗਤ ਤਜਾਇਆ । ਜੋਤ ਸਰੂਪੀ ਪਰਗਟ ਜੋਤ ਜੋਤ ਸਰੂਪੀ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾਇਆ । ਨਿਹਕਲੰਕ ਕਲ ਅੰਤ ਕਰਾਏ । ਨਿਹਕਲੰਕ ਸੋਹੰ ਸਾਚਾ ਸ਼ਬਦ ਚਲਾਏ । ਨਿਹਕਲੰਕ ਮਹਿੰਮਾ ਅਗਣਤ ਗਣੀ ਨਾ ਜਾਏ । ਨਿਹਕਲੰਕ ਜੀਵ ਜੰਤ ਵਿਚ ਰਿਹਾ ਸਮਾਏ । ਨਿਹਕਲੰਕ ਗੁਰਮੁਖ ਵਿਰਲੇ ਸੰਤ ਆਪ ਆਪਣੀ ਬੂਝ ਬੁਝਾਏ । ਨਿਹਕਲੰਕ ਪ੍ਰਭ ਸਾਚਾ ਕੰਤ ਗੁਰਮੁਖ ਭੇਵ ਖੋਲ੍ਹ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੂਜਾ ਭਉ ਚੁਕਾਏ । ਨਿਹਕਲੰਕ ਖੇਲ ਅਪਾਰ । ਨਿਰੰਕਾਰ ਨਿਹਕਲੰਕ ਰਾਮ ਅਵਤਾਰ । ਨਿਹਕਲੰਕ ਕ੍ਰਿਸ਼ਨ ਮੁਰਾਰ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਇਆ ਜਾਮਾ ਧਾਰ । ਨਿਹਕਲੰਕ ਕਲ ਜਾਮਾ ਪਾਇਆ । ਭਗਤ ਭਗਵੰਤ ਮੇਲ ਮਿਲਾਇਆ । ਅਚਰਜ ਖੇਲ ਪ੍ਰਭ ਆਪ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨ ਸੇਵ ਲਗਾਇਆ । ਨਿਹਕਲੰਕ ਅਗੰਮ ਅਥਾਹ । ਨਿਹਕਲੰਕ ਬੇਪਰਵਾਹ । ਨਿਹਕਲੰਕ ਦਿਸੇ ਹਰ ਥਾਂ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਨਾ । ਨਿਹਕਲੰਕ ਨਿਰਾਧਾਰ । ਨਿਹਕਲੰਕ ਜੋਤ ਅਧਾਰ । ਨਿਹਕਲੰਕ ਭਗਤ ਉਧਾਰ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਪ ਗਿਰਧਾਰ । ਨਿਹਕਲੰਕ ਨਿਰਵੈਰ ਸਮਾਏ । ਨਿਹਕਲੰਕ ਊਚ ਨੀਚ ਭੇਵ ਚੁਕਾਏ । ਨਿਹਕਲੰਕ ਵਡ ਵਡ ਨਰੇਸ਼ ਆਪਣੀ ਸੇਵ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਮਾਤ ਜੋਤ ਪਰਗਟਾਏ । ਨਿਹਕਲੰਕ ਸਤਿ ਕਰਮ ਕਮਾਵਣਾ । ਨਿਹਕਲੰਕ ਪਾਰ ਬਿਆਸੋਂ ਚਰਨ ਲਗਾਵਣਾ । ਨਿਹਕਲੰਕ ਮਸਤੂਆਣਾ ਸਚ ਧਾਮ ਉਪਜਾਵਣਾ । ਨਿਹਕਲੰਕ ਰਾਣਾ ਸੰਗਰੂਰ ਚਰਨ ਲਗਾਵਣਾ । ਨਿਹਕਲੰਕ ਗੁਣ ਭਰਪੂਰ ਜੋਤ ਸਰੂਪ ਦਰਸ ਦਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸਰਬ ਮਿਟਾਵਣਾ । ਮਸਤੂਆਣੇ ਚਰਨ ਟਿਕਾਏ । ਆਪ ਆਪਣੀ ਜੋਤ ਪਰਗਟਾਏ । ਸਿੰਘਆਸਣ ਬੈਠ ਛਤਰ ਸੀਸ ਝੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਭਿਮਾਨੀਆਂ ਜਾਏ ਮਾਣ ਗਵਾਏ । ਮਸਤੂਆਣਾ ਆਪ ਉਪਜਾਏ । ਸਤਿਜੁਗ ਸਾਚਾ ਮਾਣ ਰਖਾਏ । ਸਚ ਦਰਬਾਰ ਪ੍ਰਭ ਆਪ ਲਗਾਏ । ਸਤਿਜੁਗ ਵਰਤੇ ਪ੍ਰਭ ਲੇਖ ਲਿਖਾਏ । ਪ੍ਰਭ ਨਿਰੰਕਾਰ ਇਕ ਰੰਗ ਸਮਾਏ । ਜਗਤ ਅਧਾਰ ਸੋਹੰ ਨਾਮ ਧਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦ੍ਰਿਸ਼ਟ ਕੂਟ ਖੁਲ੍ਹਾਏ । ਮਸਤੂਆਣਾ ਸਾਚਾ ਧਾਮ । ਪੂਰ ਕਰਾਏ ਪ੍ਰਭ ਸਾਚਾ ਕਾਮ । ਸਾਧ ਸੰਗਤ ਦਵਾਏ ਸਾਚਾ ਨਾਮ । ਪਰਗਟ ਜੋਤ ਦਰਸ ਦਿਖਾਏ ਘਨਈਆ ਸ਼ਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਰਮਈਆ ਰਾਮ । ਨਿਹਕਲੰਕ ਸਾਚਾ ਵਰਤਾਰ । ਸਾਚਾ ਪ੍ਰਭ ਸਾਚਾ ਦਰਬਾਰ । ਊਚ ਨੀਚ ਨਾ ਕੋਇ ਵਿਚਾਰ । ਬੂਝ ਸੂਝ ਆਪ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਅਧਾਰ । ਸਾਚੇ ਪ੍ਰਭ ਆਪ ਵਡਿਆਏ । ਰਾਜੇ ਰਾਣੇ ਸਰਨ ਲਗਾਏ । ਰਾਓ ਉਮਰਾਓ ਪ੍ਰਭ ਮਾਣ ਗਵਾਏ । ਰੰਕਾਂ ਵਿਚ ਪ੍ਰਭ ਰਿਹਾ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਣਾ ਸੰਗਰੂਰ ਸਰਨ ਲਗਾਏ । ਮਸਤੂਆਣਾ ਸਾਚਾ ਧਾਮ ਉਪਜਾ । ਸੰਤ ਮਨੀ ਸਿੰਘ ਬਚਨ ਸਤਿ ਵਰਤਾ । ਸਤਿਜੁਗ ਸਾਚਾ ਸਤਿਗੁਰ ਪ੍ਰਭ ਸਾਚਾ ਦਏ ਬਣਾ । ਪਰਗਟ ਜੋਤ ਨਿਹਕਲੰਕ ਦੇਵੇ ਤਿਲਕ ਲਗਾ । ਸਾਚਾ ਸ਼ਬਦ ਵਜਾਏ ਡੰਕ, ਰਾਓ ਰੰਕ ਦੇਵੇ ਸਰਨ ਲਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾ । ਸਾਚੇ ਪ੍ਰਭ ਸਿਰ ਹੱਥ ਟਿਕਾਵਣਾ ।

ਸਤਿਗੁਰ ਸਾਚਾ ਸਤਿਜੁਗ ਉਪਜਾਵਣਾ । ਚਾਰ ਵਰਨ ਪ੍ਰਭ ਸਰਨ ਲਗਾਵਣਾ । ਹਰਨ ਫਰਨ ਗੁਰਸਿਖ ਖੁਲ੍ਹਾਵਣਾ । ਸੰਤ ਮਨੀ ਸਿੰਘ ਸਤਿਗੁਰ ਸਾਚਾ ਨਜ਼ਰੀ ਆਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣੇ ਸਾਚਾ ਕਰਮ ਕਮਾਵਣਾ । ਸਾਚਾ ਪ੍ਰਭ ਤਿਲਕ ਲਗਾਏ । ਵਡ ਰਾਜਨ ਰਾਜ ਆਪ ਅਖਵਾਏ । ਵਡ ਤਾਜਨ ਤਾਜ ਸਿਰ ਮੁਕਟ ਟਿਕਾਏ । ਪ੍ਰਭ ਸਾਜਨ ਸਾਜ, ਸਾਚਾ ਮਾਣ ਦਵਾਏ । ਵਡ ਲਾਜਨ ਲਾਜ ਸੰਤ ਮਨੀ ਸਿੰਘ ਤੇਰੀ ਲਾਜ ਰਖਾਏ । ਵਡ ਵਾਜਨ ਵਾਜ, ਸੋਹੰ ਸ਼ਬਦ ਗੁਰਮੁਖਾਂ ਸੋਹੰ ਅਵਾਜ਼ ਲਗਾਏ । ਵਡ ਪਾਜਨ ਪਾਜ ਬੇਮੁਖਾਂ ਪ੍ਰਭ ਪਾਜ ਖੁਲ੍ਹਾਏ । ਵਡ ਸਾਜਨ ਸਾਜ ਸ੍ਰਿਸ਼ਟ ਸਬਾਈ ਆਪ ਸਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਇਆ ਵਕਤ ਜੋਤ ਪਰਗਟਾਏ । ਸਾਚਾ ਪ੍ਰਭ ਸਦਾ ਅੰਗ ਸੰਗਿਆ । ਰਸਨਾ ਜਪ ਬਾਲ ਅਵਸਥਾ ਧ੍ਰੂ ਪਾਰ ਲੰਘਿਆ । ਪ੍ਰਹਿਲਾਦ ਉਧਾਰਿਆ, ਨਰ ਸਿੰਘ ਰੂਪ ਨਵ ਰੰਗਿਆ । ਬਾਵਨ ਰੂਪ ਧਾਰ ਪ੍ਰਭ ਬਲ ਦਵਾਰ ਮੰਗਿਆ । ਅੰਬਰੀਕ ਆਏ ਚਰਨ ਦਵਾਰ, ਦਰ ਸਾਚੇ ਮੂਲ ਨਾ ਸੰਗਿਆ । ਰਾਜਾ ਜਨਕ ਪ੍ਰਭ ਜੋਤ ਅਧਾਰੇ, ਜੀਵ ਜੰਤ ਛੁਡਾਏ ਨਰਕ ਜੋ ਟੰਗਿਆ । ਰਾਣੀ ਤਾਰਾ ਹੋਈ ਪਾਰ, ਸਾਧ ਸੰਗਤ ਜੋੜ ਜੁੜਾਏ ਵਰ ਪ੍ਰਭ ਦਰ ਮੰਗਿਆ । ਬਿਦਰ ਝੁੱਗੀ ਸੁੱਤਾ ਪੈਰ ਪਸਾਰ, ਭਗਤ ਜਨਾਂ ਪਭ ਰੱਖੇ ਅੰਗਿਆ । ਸੁਦਾਮਾ ਆਏ ਕ੍ਰਿਸ਼ਨ ਦਵਾਰ, ਮੰਗ ਨਾ ਸਕੇ ਜੋ ਚਾਹੇ ਮੂੰਹੋਂ ਮੰਗਿਆ । ਜਾਨਣਹਾਰ ਆਪ ਕਰਤਾਰ, ਭਗਤ ਵਛਲ ਵਡ ਸੰਗਿਆ । ਸਾਚੇ ਪ੍ਰਭ ਸਦ ਬਲਿਹਾਰੀ । ਸਦ ਸਦ ਸਦ ਨਿਮਸਕਾਰੀ । ਆਤਮ ਰੋਗ ਚਿੰਤਾ ਸੋਗ ਕੱਟੀ ਸ਼ਬਦ ਬੀਮਾਰੀ । ਸੋਹੰ ਸਾਚਾ ਜੋਗ ਦੇਵੇ ਜੀਵ ਅਧਾਰੀ । ਰਸਨਾ ਰਸ ਸਾਚਾ ਨਾਮ ਭੋਗ, ਗੁਰਮੁਖ ਵਿਰਲਾ ਕੋਇ ਵਪਾਰੀ । ਬੇਮੁਖਾਂ ਲੱਗੇ ਕਰਮ ਵਿਜੋਗ, ਚਲ ਨਾ ਆਇਣ ਪ੍ਰਭ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਰੇ ਖ਼ੁਆਰੀ । ਵੇਲਾ ਅੰਤ ਜੋ ਜਨ ਜਾਣੇ । ਪ੍ਰਭ ਅਬਿਨਾਸ਼ੀ ਚਲੇ ਭਾਣੇ । ਆਤਮ ਰੰਗ ਸਦਾ ਸੁਖ ਮਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਾਹ ਸਾਚੀ ਦੇਵੇ ਮਾਣੇ । ਸਾਚੀ ਦਰਗਾਹ ਸਾਚਾ ਥਾਉਂ । ਪ੍ਰਭ ਸਾਚੇ ਕਾ ਸਾਚਾ ਗਾਉਂ । ਗੁਰਮੁਖ ਵਿਰਲਾ ਹਰਿ ਰੰਗ ਸਮਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਉਂ । ਸੋਹੰ ਤੇਰੀ ਸਤਿ ਵਡਿਆਈ । ਸੋਹੰ ਬਣਤ ਪ੍ਰਭ ਆਪ ਬਣਾਈ । ਗੁਰਮੁਖ ਸਾਚੇ ਰਸਨਾ ਜਪ, ਆਤਮ ਭੁੱਖ ਮਿਟਾਈ । ਨੇੜ ਨਾ ਆਇਣ ਤੀਨੋ ਤਪ, ਪ੍ਰਭ ਸਾਚਾ ਹੋਏ ਸਹਾਈ । ਕੋਟ ਉਤਾਰੇ ਪ੍ਰਭ ਸਾਚਾ ਪਪ, ਜੋ ਜਨ ਆਏ ਸਰਨਾਈ । ਵਿਚੋਂ ਦੇਵੇ ਛੱਡ ਆਪਣਾ ਆਪ, ਦਰਸ਼ਨ ਦੇਵੇ ਆਪ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਸਦ ਹੋਏ ਸਹਾਈ । ਭਗਤ ਜਨਾਂ ਪ੍ਰਭ ਸਦ ਰਖਵਾਲਾ । ਸਾਧ ਸੰਗਤ ਪ੍ਰਭ ਸਦ ਪ੍ਰਿਤਪਾਲਾ । ਸੋਹੰ ਦੇਵੇ ਆਤਮ ਸਾਚੀ ਮਾਲਾ । ਪ੍ਰਭ ਅਬਿਨਾਸ਼ੀ ਤੋੜੇ ਸਰਬ ਜਗਤ ਜੰਜਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਆਤਮ ਸਾਚਾ ਦੀਪਕ ਬਾਲਾ । ਆਤਮ ਸਾਚਾ ਦੀਪ ਪਰਕਾਸ਼ । ਅਗਿਆਨ ਅੰਧੇਰ ਜਾਏ ਵਿਨਾਸ । ਪਰਗਟੇ ਜੋਤ ਪ੍ਰਭ ਅਬਿਨਾਸ਼ । ਪਵਣ ਸਰੂਪੀ ਚਲਾਏ ਸਵਾਸ । ਸੋਹੰ ਸ਼ਬਦ ਧਰਾਏ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸ । ਕਰ ਕਿਰਪਾ ਗੁਰਸਿਖ ਉਧਾਰਿਆ । ਸਾਚੀ ਜੋਤ ਜਗੇ ਝੂਠੇ ਦੇਹੀ ਮਹਲ ਮੁਨਾਰਿਆ । ਦੂਈ ਦਵੈਤ ਪੜਦੇ ਤੋੜੇ, ਏਕਾ ਰੰਗ ਰੰਗੇ ਕਰਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤ ਦੇ ਵਿਚ ਪਸਾਰਿਆ । ਪ੍ਰਭ ਅਬਿਨਾਸ਼ ਵਿਚ ਸਮਾਇਆ । ਸਾਧ ਸੰਗਤ ਦਾ ਮੇਲ ਮਿਲਾਇਆ । ਅਚਰਜ

੭੮੧
੦੧

ਖੇਲ ਪਾਰਬ੍ਰਹਮ ਰਚਾਇਆ । ਚਤੁਰਭੁਜ ਸਿੰਘਆਸਣ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜਾਮਾ ਧਾਰ ਮਾਤ ਜੋਤ ਪਰਗਟਾਇਆ । ਮਾਤਲੋਕ ਪ੍ਰਭ ਜਾਮਾ ਧਾਰੇ । ਏਕਾ ਜੋਤ ਜਗੇ ਨਿਰੰਕਾਰੇ । ਗੁਰਮੁਖਾਂ ਪ੍ਰਭ ਪਾਰ ਉਤਾਰੇ । ਬੇਮੁਖਾਂ ਕਲ ਕਰੇ ਖ਼ੁਆਰੇ । ਸੋਹੰ ਸ਼ਬਦ ਚਲਾਏ ਖੰਡਾ ਦੋ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੇ । ਨਿਹਕਲੰਕ ਕਲ ਜੋਤ ਪਰਗਟਾਣੇ । ਜੋਤ ਸਰੂਪੀ ਵਿਚ ਸਿੱਖ ਸਮਾਣੇ । ਸ੍ਰਿਸ਼ਟ ਖਪਾਏ ਉਪਾਏ ਚਲਾਏ ਰਹਾਏ ਆਪਣੇ ਭਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਨਾ ਕੋਇ ਜਾਣੇ । ਆਪ ਉਪਾਵੇ ਆਪ ਖਪਾਵੇ ਆਪ ਚਲਾਵੇ । ਆਦਿ ਅੰਤ ਕੋਈ ਜੀਵ ਨਾ ਪਾਵੇ । ਝੂਠੀ ਸ੍ਰਿਸ਼ਟ ਝੂਠੇ ਦਾਅਵੇ । ਮਾਇਆਧਾਰੀ ਰੋਣ ਮਾਇਆ ਹਾਵੇ । ਗੁਰਮੁਖ ਵਿਚਾਰੇ ਸਾਚਾ ਨਾਉਂ ਰਸਨਾ ਸਦ ਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਵੇ । ਜਿਸ ਜਨ ਪ੍ਰਭ ਦਇਆ ਕਮਾਈ । ਆਤਮ ਤ੍ਰੈਕੁਟੀ ਖੋਲ੍ਹ ਵਖਾਈ । ਫਾਸੀ ਜਮ ਕੀ ਛੁੱਟੀ, ਜਮ ਨੇੜ ਨਾ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਈ । ਏਕਾ ਨਾਉਂ ਜਗਤ ਚਲਾਏ । ਚਾਰ ਵਰਨ ਪ੍ਰਭ ਇਕ ਕਰਾਏ । ਵਰਨ ਬਰਨ ਕੋਈ ਰਹਿਣ ਨਾ ਪਾਏ । ਏਕਾ ਸਰਨ ਨਿਹਕਲੰਕ ਰਖਾਏ । ਤਾਰਨ ਤਰਨ ਸਿਰ ਹੱਥ ਟਿਕਾਏ । ਗੁਰਮੁਖ ਸਾਚੇ ਪ੍ਰਭ ਹਰਨ ਫਰਨ ਖੁਲ੍ਹਾਏ । ਬੇਮੁਖਾਂ ਲਾਏ ਅਗਨ ਜੋਤ ਤਮਾਚੇ, ਅੰਤਕਾਲ ਕਲ ਰਹੇ ਬਿਲਲਾਏ । ਵਰਤੇ ਸ਼ਬਦ ਸਚੋ ਸਾਚੇ, ਨਿਹਕਲੰਕ ਕਲ ਰਿਹਾ ਲਿਖਾਏ । ਗੁਰਮੁਖ ਵਿਰਲਾ ਹਿਰਦੇ ਵਾਚੇ, ਜੋਤ ਸਰੂਪੀ ਵਿਚ ਸਿੱਖ ਰਿਹਾ ਸਮਾਏ । ਗੁਰਮੁਖ ਆਏ ਪ੍ਰਭ ਦਰਸ ਦਿਖਾਏ । ਆਪ ਆਪਣੀ ਜੋਤ ਪਰਗਟਾਏ । ਵਡ ਵਡ ਵਡ ਹੰਸ ਗੁਰਸਿਖ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸੰਗ ਸਦਾ ਰਹਾਏ । ਗੁਰਸਿਖ ਤੇਰਾ ਸਾਚਾ ਮਾਣ । ਪੰਚਮ ਵਿਚ ਸਦ ਪਰਵਾਨ । ਦੇਵੇ ਦਰਸ ਆਪ ਭਗਵਾਨ । ਰੱਖੇ ਵਾਸ ਵਿਚ ਸੁਘੜ ਸਿਆਣ । ਨਾ ਜਾਣੇ ਜੀਵ ਮੁਗਧ ਅੰਞਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਰੀ ਪੂਰਨ ਭਗਵਾਨ । ਪ੍ਰਭ ਕਾ ਰੂਪ ਨਾ ਕੋਇ ਜਾਣੇ । ਏਕਾ ਏਕ ਪ੍ਰਭ ਸਦ ਵਖਾਣੇ । ਵਡ ਭੇਖੀ ਭੇਖ ਪ੍ਰਭ ਭੇਖ ਵਟਾਣੇ । ਅਲਖ ਅਲੇਖੀ ਗੁਰਸਿਖਾਂ ਪ੍ਰਭ ਲੇਖ ਲਿਖਾਣੇ । ਕਲਜੁਗ ਜੀਵ ਝੂਠਾ ਭੇਖ ਅੰਤਕਾਲ ਪ੍ਰਭ ਨਸ਼ਟ ਕਰਾਣੇ । ਗੁਰਮੁਖ ਆਤਮ ਸਾਚੀ ਵੇਖੀ, ਰਾਤੀ ਸੁਤਿਆਂ ਖੜ੍ਹਾ ਸਰਹਾਣੇ । ਗੁਰਮੁਖ ਸਾਚੇ ਸਚ ਨੇਤਰ ਪੇਖੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਨੇਤਰ ਪੇਖ ਨਿਜਾਨੰਦ ਪਾਓ । ਆਤਮ ਤ੍ਰਿਸਨਾ ਸਰਬ ਮਿਟਾਓ । ਕਾਹਨਾ ਕ੍ਰਿਸ਼ਨਾ ਦਰਸ ਨਿਤ ਪਾਓ । ਆਤਮ ਭੁਖ ਚਿੰਤਾ ਦੁੱਖ ਤਨੋਂ ਤਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਸਨਾ ਗਾਓ । ਗੁਰਮੁਖਾਂ ਗੁਰ ਪੂਰਾ ਪਾਇਆ । ਵਾਹ ਵਾਹ ਸਤਿਗੁਰ ਲੇਖ ਲਿਖਾਇਆ । ਨੇਤਰ ਪੇਖ ਪੇਖ ਆਤਮ ਤ੍ਰਿਪਤਾਇਆ । ਮਸਤਕ ਸਾਚੇ ਲਿਖੇ ਲੇਖ, ਬਿਧਨਾ ਲੇਖ ਆਪ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦਇਆ ਕਮਾਇਆ । ਜੀਵ ਜੰਤ ਪ੍ਰਭ ਲੇਖ ਲਿਖਾਏ ਬਿਧਨਾ ਬਿਧ । ਸਦ ਬਣਤ ਬਣਾਏ, ਪਰਗਟ ਜੋਤ ਕਰੇ ਕਾਰਜ ਸਿਧ । ਲਿਖੇ ਲੇਖ ਪ੍ਰਭ ਮਿਟਾਏ, ਘਰ ਉਪਜਾਏ ਨੌ ਨਿਧ । ਰਿਧ ਸਿਧ ਪ੍ਰਭ ਵਸ ਕਰਾਏ, ਪ੍ਰਭ ਮਿਲਣ ਦੀ ਸਾਚੀ ਬਿਧ । ਜੋਤ ਸਰੂਪ ਜੋਤ ਸਮਾਏ, ਸੋਹੰ ਦੇਵੇ ਨਾਉਂ ਪ੍ਰਭ ਮਿਲਣ ਦੀ ਸਾਚੀ ਬਿਧ । ਸੋਹੰ ਨਾਮ ਵਡ ਜਪੇ ਜਾਪੀ । ਰਸਨਾ ਜਪ ਕੋਟ ਉਤਾਰੇ ਪਾਪੀ । ਸਾਚਾ ਪ੍ਰਭ ਵਡ ਪਰਤਾਪੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਪਤਿ ਤੇਰੀ ਰਾਖੀ । ਰੱਖੇ ਪਤਿ

ਆਪ ਗਿਰਧਾਰ । ਪਤਿਪਰਮੇਸ਼ਵਰ ਆਪ ਜਾਮਾ ਧਾਰ । ਜਗਤੇਸ਼ਵਰ ਆਏ ਗੁਰਸਿਖ ਦਵਾਰ । ਸਾਧ ਸੰਗਤ ਸਦ ਰੱਖੇ ਪਿਆਰ । ਬਾਸ਼ਕ ਸੇਜ ਤਜਾਏ, ਮਾਤ ਆਇਆ ਨੈਣ ਮੁੰਧਾਰ । ਸਾਚਾ ਦੀਪਕ ਜੋਤ ਜਗਾਇਆ, ਮੇਟ ਜਾਏ ਜਗਤ ਅੰਧਿਆਰ । ਜਨ ਭਗਤਾਂ ਗਗਨ ਟਿਕਾਇਆ, ਜੋਤੀ ਜੋਤ ਮੇਲ ਮਿਲਾਇਆ, ਪ੍ਰਭ ਕੀ ਜੋਤ ਅਗੰਮ ਅਪਾਰ । ਵਿਚ ਆਕਾਸ਼ ਡਗਮਗਾਇਆ, ਸਚਖੰਡ ਸਚਾ ਦਰਬਾਰ । ਪ੍ਰਭ ਆਪਣਾ ਆਪ ਉਪਾਇਆ, ਜੋਤ ਸਰੂਪੀ ਜਾਮਾ ਧਾਰ । ਸਾਧ ਸੰਗਤ ਪ੍ਰਭ ਬੇੜਾ ਪਾਰ ਕਰਾਇਆ, ਜੋ ਜਨ ਆਏ ਚਲ ਦਵਾਰ । ਪਾਰਬ੍ਰਹਮ ਬੇਮੁਖਾਂ ਪਾਈ ਮਾਇਆ, ਨਿਗਮ ਕਰ ਵਿਚਾਰ । ਪ੍ਰਭ ਬਾਹੋਂ ਪਕੜ ਤਰਾਇਆ, ਗੁਰਸਿਖਾਂ ਪਾਈ ਸਾਰ । ਬੇੜਾ ਰੁੜ੍ਹਦਾ ਬੰਨੇ ਲਾਇਆ, ਕਰ ਦਇਆ ਅਪਾਰ । ਜਾਮਾ ਘਨਕਪੁਰੀ ਵਿਚ ਪਾਇਆ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਚੀ ਸਰਕਾਰ । ਜੋਤ ਸਰੂਪੀ ਕਰੇ ਵਰਤਾਰ । ਤੀਨ ਲੋਕ ਵਡ ਸਰਕਾਰ । ਲੱਖ ਚੁਰਾਸੀ ਚਰਨ ਪਨਿਹਾਰ । ਬੈਠਾ ਵਿਚ ਆਪ ਸਰਦਾਰ । ਹੁਕਮੇ ਰੱਖੇ ਜੀਵ ਜੰਤ ਸਾਚੀ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਨਾ ਪਾਏ ਸਾਰ । ਸਰਬ ਜਨਾਂ ਪ੍ਰਭ ਆਪ ਸਮਾਏ । ਆਪਣਾ ਆਪ ਭੇਦ ਰਖਾਏ । ਸ਼ਾਸਤਰ ਛੇ ਵੇਦ ਚਾਰ ਭੇਵ ਪ੍ਰਭ ਨਾ ਪਾਏ । ਪੰਡਤ ਪਾਂਧੇ ਹੋਏ ਖੁਆਰ, ਪ੍ਰਭ ਅਬਿਨਾਸ਼ੀ ਦਿਸ ਨਾ ਆਏ । ਸਾਧ ਸੰਗਤ ਸਦ ਸਦ ਬਲਿਹਾਰ । ਗੁਰ ਦਰ ਆਏ ਜਨਮ ਜਨਮ ਪ੍ਰਭ ਮੈਲ ਗਵਾਏ, ਜਨਮ ਨਾ ਪਾਏ ਦੂਜੀ ਵਾਰ । ਗਰਭਵਾਸੀ ਪ੍ਰਭ ਫਾਸ ਕਟਾਏ, ਗੁਰਸਿਖ ਪੁਜਾਏ ਵਿਚ ਸਚ ਦਰਬਾਰ । ਬੈਕੁੰਠ ਨਿਵਾਸੀ ਸਚ ਸਿਕਦਾਰ । ਬੈਠੇ ਵਿਚ ਆਪ ਨਿਰਾਧਾਰ । ਮਹਾਰਾਜ ਸ਼ੇਰ ਸਿੰਘ ਜੋਤ ਕਰਤਾਰ । ਗੁਰਸਿਖ ਗੁਰ ਧਾਮ ਜਗਤ ਨਿਆਰਾ । ਸਾਚਾ ਪਿਤ ਸਦ ਵਸੇ ਬਾਹਰਾ । ਜੋਤ ਸਰੂਪੀ ਵਸੇ ਨਿਤ, ਭੇਵ ਖੁਲ੍ਹਾਏ ਵਿਰਲੇ ਸਿਖ, ਸਾਧ ਸੰਗਤ ਰੱਖੇ ਹਿਤ, ਦੇਵੇ ਮੋਖ ਦਵਾਰਾ । ਗੁਰ ਸੱਜਣ ਸਾਚਾ ਮਿਤ, ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰਾ । ਸਾਚਾ ਪ੍ਰਭ ਸੱਜਣ ਸੁਹੇਲਾ । ਗੁਰਚਰਨ ਕਰਾਏ ਸਾਚਾ ਮੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦੇ ਵਿਛੜੇ ਕਲ ਕਰਾਇਆ ਮੇਲਾ । ਵਿਛੜਿਆਂ ਪ੍ਰਭ ਮੇਲ ਮਿਲਾਏ । ਸੁੱਕੇ ਹੋਏ ਰੁਖੜੇ ਪ੍ਰਭ ਹਰੇ ਕਰਾਏ । ਉਜਲ ਹੋਏ ਮੁਖੜੇ, ਸੋਹੰ ਰਸਨਾ ਗਾਏ । ਸੁਫਲ ਕਰਾਏ ਮਾਤਾ ਕੁੱਖੜੇ, ਧੰਨ ਜਣੇਂਦੀ ਮਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਪਾਰ ਉਤਾਰੇ ਜੋ ਜਨ ਆਏ । ਜਨ ਆਏ ਪ੍ਰਭ ਸਰਨਾਈ । ਪ੍ਰਭ ਸਾਚੇ ਦਇਆ ਕਮਾਈ । ਸਾਚੇ ਸਤਿਗੁਰ ਗੁਰਮੁਖ ਆਪ ਬਣਾਈ । ਉਤਪਤ ਕੀਨੀ ਸ੍ਰਿਸ਼ਟ ਸਬਾਈ । ਮਾਇਆ ਰੂਪੀ ਖੇਲ ਰਚਾਈ । ਬਿਨ ਹੁਕਮ ਨਾ ਝੁੱਲੇ ਪੱਤ, ਹੁਕਮੇ ਅੰਦਰ ਫਿਰੇ ਲੋਕਾਈ । ਸਾਧ ਸੰਗਤ ਪ੍ਰਭ ਦੇਵੇ ਮਤਿ, ਸੋਹੰ ਦੇਵੇ ਪ੍ਰਭ ਸਾਚਾ ਯਤ, ਅੰਤਕਾਲ ਪ੍ਰਭ ਸਾਚਾ ਰੱਖੇ ਪਤਿ, ਦੇਵੇ ਦਰਸ ਆਪ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਏਕਾ ਰੰਗ ਸਮਾਈ । ਏਕਾ ਰੰਗ ਪ੍ਰਭ ਰੰਗਾਏ । ਸਾਚਾ ਰੰਗ ਨਾਉਂ ਚੜ੍ਹਾਏ । ਅੰਗ ਅੰਗ ਪ੍ਰਭ ਸੰਗ ਸਮਾਏ । ਮੰਗ ਮੰਗ ਸਾਧ ਸੰਗਤ ਵਰ ਸਾਚਾ ਮੰਗ, ਪ੍ਰਭ ਅਬਿਨਾਸ਼ੀ ਭਿਛਿਆ ਪਾਏ । ਅੰਤਕਾਲ ਕੱਟੇ ਭੁਖ ਨੰਗ, ਸਤਿਜੁਗ ਸਾਚਾ ਸਚ ਉਪਜਾਏ । ਹਰਿ ਹਰਿ ਹਰਿ ਏਕਾ ਰੰਗ, ਪ੍ਰਭ ਸਾਚਾ ਆਪ ਚੜ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦਇਆ ਕਮਾਏ । ਸਾਚਾ ਗੁਰ ਸਚ ਦਰਬਾਰਾ । ਸਾਚਾ ਪ੍ਰਭ ਵਡ ਸੰਸਾਰਾ । ਸਾਚਾ ਗੁਰ ਲੇਖ ਲਿਖਾਰਾ । ਸਾਚਾ ਗੁਰ ਵਡ ਭੰਡਾਰਾ । ਸਾਚਾ ਗੁਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਅਵਤਾਰਾ ।

ਸਾਚਾ ਗੁਰ ਸਰਬ ਸਹਾਈ । ਸਾਚਾ ਗੁਰ ਲੇਖ ਲਿਖਾਈ । ਸਾਚਾ ਗੁਰ ਭੇਖ ਵਟਾਈ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਭੁਲਾਈ । ਸਾਚਾ ਪ੍ਰਭ ਸਰਬ ਰਖਵਾਲਾ । ਸਾਚਾ ਪ੍ਰਭ ਭਗਤ ਪ੍ਰਿਤਪਾਲਾ । ਸਾਚਾ ਪ੍ਰਭ ਗੁਰਸੰਗਤ ਸਮਾਲਾ । ਸਾਚਾ ਗੁਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਸੁਖਾਲਾ । ਸਾਚਾ ਗੁਰ ਦੇਵੇ ਦਾਨ । ਸਾਚਾ ਗੁਰ ਗੁਣੀ ਨਿਧਾਨ । ਸਾਚਾ ਗੁਰ ਗੁਰਸਿਖ ਕਰਾਏ ਚਤੁਰ ਸੁਜਾਨ । ਸਾਚਾ ਗੁਰ ਲਿਖਿਆ ਧੁਰ ਸਚ ਹੋਏ ਫ਼ਰਮਾਨ । ਸਾਚਾ ਗੁਰ ਲੋਚਣ ਸੁਰ, ਨਜ਼ਰ ਨਾ ਆਵੇ ਵਿਸ਼ਨੂੰ ਭਗਵਾਨ । ਸਾਚਾ ਗੁਰ ਘਨਕਪੁਰ ਜਾਮਾ ਧਾਰੇ ਬਲੀ ਬਲਵਾਨ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਜੋਤ ਮਹਾਨ । ਸਾਚਾ ਗੁਰ ਵਡ ਵਡ ਬਲੀਆ । ਸਾਚਾ ਗੁਰ ਅਛਲ ਛਲੀਆ । ਸਾਚਾ ਗੁਰ ਦੇਵੀ ਦੇਵ ਨਿਤ ਮੰਗਣ ਖਲੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਖਮੀ ਨਰਾਇਣ, ਲਛਮੀ ਝੱਸੇ ਤਲੀਆ । ਸਾਚਾ ਗੁਰ ਗਹਿਰ ਗੰਭੀਰ । ਸਾਚਾ ਗੁਰ ਆਤਮ ਸੋਹੰ ਦੇਵੇ ਧੀਰ । ਸਾਚਾ ਗੁਰ ਪਰਗਟੇ ਜੋਤ ਵਡ ਪੀਰਨ ਪੀਰ । ਸਾਚਾ ਗੁਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਦੇਵੇ ਧੀਰ । ਸਾਚਾ ਗੁਰ ਧੀਰ ਧਰਾਏ । ਸਾਚਾ ਗੁਰ ਹਉਮੇ ਦੀਰਘ ਰੋਗ ਗਵਾਏ । ਸਾਚਾ ਪ੍ਰਭ ਦਰਸ ਅਮੋਘ ਆਪ ਦਿਸਾਏ । ਚਿੰਤਾ ਸੋਗ ਗੁਰਸਿਖ ਮਿਟਾਏ । ਸਾਚਾ ਜੋਗ ਨਾਮ ਦਵਾਏ । ਆਤਮ ਰਸ ਭੋਗ, ਸੋਹੰ ਸਦ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਦਇਆ ਕਮਾਏ । ਗੁਰਸਿਖਾਂ ਪ੍ਰਭ ਦਇਆ ਧਾਰ । ਖਿਚ ਲਿਆਏ ਵਿਚ ਦਰਬਾਰ । ਸਾਧ ਸੰਗਤ ਸਦ ਰੱਖੇ ਬਸੰਤ ਬਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬਰਸੇ ਮੇਘ ਫੁਹਾਰ । ਆਤਮ ਹਰਿਆ ਭਰਿਆ ਖੁਲ੍ਹੇ ਕਵਲ ਮਿਟੇ ਅੰਧਿਆਰ । ਗੁਰਮੁਖ ਸਾਚਾ ਗੁਰ ਦਰ ਤਰਨਾ, ਦੇਵੇ ਦਰਸ ਆਪ ਕਰਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਸਮਾਲੇ ਸਾਰ । ਸਾਧ ਸੰਗਤ ਤੇਰੀ ਪੂਰਨ ਆਸਾ । ਪ੍ਰਭ ਪੂਰਨ ਦੇਵੇ ਚਰਨ ਭਰਵਾਸਾ । ਹਿਰਦੇ ਵਸੇ ਪੁਰਖ ਅਬਿਨਾਸ਼ਾ । ਅਗਿਆਨ ਅੰਧੇਰ ਸਰਬ ਵਿਨਾਸਾ । ਗੁਰਮੁਖ ਸਾਚੇ ਜਿਉਂ ਕੰਚਨ ਪਾਸਾ । ਸੋਹੰ ਸ਼ਬਦ ਜਨ ਰਸਨਾ ਗਾਏ, ਰਸਨ ਤਜਾਏ ਮਦਿਰਾ ਮਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਦਾਸਨ ਦਾਸਾ । ਮਦਿਰਾ ਮਾਸ ਜਿਸ ਜਨ ਤਜਾਇਆ । ਪ੍ਰਭ ਸਾਚੇ ਆਪਣੀ ਸਰਨ ਆਪ ਲਗਾਇਆ । ਬੇਮੁਖ ਜੀਵ ਦੁਖ ਡਾਹਢਾ ਭਰਨ, ਅੰਤਕਾਲ ਕਲ ਨੇੜੇ ਆਇਆ । ਮਹਾਰਾਜ ਸ਼ੇਰ ਸਿੰਘ ਤੇਰੀ ਸਾਚੀ ਸਰਨ, ਗੁਰਮੁਖਾਂ ਹੋਏ ਸਹਾਇਆ । ਸਾਚੀ ਸਰਨ ਗੁਰ ਦੀ ਰੱਖ । ਬਾਂਹੋਂ ਪਕੜ ਪ੍ਰਭ ਕੀਨੇ ਵੱਖ । ਪ੍ਰਭ ਕੀ ਮਹਿੰਮਾ ਅਲਖ ਅਲਖ ਅਲਖ । ਸ੍ਰਿਸ਼ਟ ਸਬਾਈ ਹੋਈ ਭੱਖ । ਕਾਇਆ ਅਗਨ ਜਲਾਇਣ ਕੱਖ । ਗੁਰਮੁਖ ਆਤਮ ਮਗਨ ਰਖਾਏ, ਦੇਵੇ ਦਰਸ ਹੋਏ ਪਰਤਖ । ਮਹਾਰਾਜ ਸ਼ੇਰ ਸਿੰਘ ਗੁਰ ਪਰਸਾਦ ਮੁਖ ਸਗਣ ਲਗਾਏ, ਰੱਖੇ ਦੇ ਕਰ ਹੱਥ । ਗੁਰੂ ਨਾਨਕ ਅੰਗਦ ਅੰਗ ਲਗਾਇਆ । ਅੰਤਮ ਜੋਤੀ ਦੀਪ ਜਗਾਇਆ । ਪਿੰਡ ਖਡੂਰ ਜਿਸ ਆਏ ਤਰਾਇਆ । ਹੰਕਾਰੀਆਂ ਗੁਰ ਹੰਕਾਰ ਗਵਾਇਆ । ਗੁਰਮੁਖੀ ਅੱਖਰ ਉਚਾਰ ਗੁਰਬਾਣੀ ਦਾ ਮੁਖ ਰਖਾਇਆ । ਕਲਜੁਗ ਜੀਵਾਂ ਵਿਚ ਸੰਸਾਰ, ਏਕਾ ਓਟ ਪ੍ਰਭ ਧਰਾਇਆ । ਅੰਤਕਾਲ ਕਲ ਪਰਗਟੇ ਨਿਹਕਲੰਕ ਅਵਤਾਰ, ਅੰਤਮ ਖੇਲ ਆਪ ਕਰਾਇਆ । ਆਪ ਵਰਤਾਏ ਸਾਚੀ ਵਰਤਾਰ, ਚਰਨ ਵਿਚ ਖਡੂਰ ਦੇ ਪਾਇਆ । ਖਿਚ ਲਿਆਏ ਜੋਤ ਕਰਤਾਰ, ਅੰਤਮ ਖੇਲ ਆਪ ਮਿਟਾਇਆ । ਗੁਰ ਗੋਬਿੰਦ ਸਚੀ ਸਰਕਾਰ, ਸਾਚਾ ਕਰਮ ਆਪ ਕਰਾਇਆ । ਵਡ ਵਡ ਗੁਰਸਿਖ ਬੇੜਾ ਕਰ ਜਾਏ ਪਾਰ, ਗੁਰ ਸਿੰਘ

ਸੋਹਣ ਤਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਗੁਰਸਿਖ ਸਾਚਾ ਪ੍ਰਭ ਤਾਰਨ ਜਾਈ । ਸਾਧ ਸੰਗਤ ਪ੍ਰਭ ਸੰਗ ਰਲਾਈ । ਆਤਮ ਰੰਗਤ ਨਾਮ ਚੜ੍ਹਾਈ । ਸ੍ਰਿਸ਼ਟ ਸਬਾਈ ਹੋਈ ਮੰਗਤ, ਗੁਰਮੁਖ ਵਿਰਲੇ ਪ੍ਰਭ ਭਿਛਿਆ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣ ਦਵਾਈ । ਮਾਣ ਦਵਾਏ ਜਾਏ ਘਰ । ਦੇਵੇ ਦਰਸ ਅਵਤਾਰ ਨਰ । ਕਰ ਦਰਸ ਕੋਟੀ ਕੋਟ ਜਾਇਣ ਤਰ । ਅੰਮ੍ਰਿਤ ਬਰਸ ਬਣਾਏ ਸਾਚਾ ਸਰ । ਬੀਸਵੀਂ ਸਦੀ ਚਾਰ ਵਰਨ ਚਲ ਆਇਣ ਦਰ । ਛੋਹੇ ਬਿਆਸਾ ਨਦੀ ਨਿਹਕਲੰਕ ਚਰਨ ਜਾਏ ਧਰ । ਸਤਿਜੁਗ ਬਖਸ਼ੇ ਸਾਚੀ ਗੱਦੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਦੇਵੇ ਵਰ । ਦੇਵੇ ਵਰ ਵਡ ਵਰਿਆਮ । ਅੰਮ੍ਰਿਤ ਪਿਲਾਏ ਸਾਚਾ ਜਾਮ । ਜੋਤ ਪਰਗਟਾਏ ਰਾਮ ਪੁਰ ਰਮਈਆ ਰਾਮ । ਥਾਨ ਸੁਹਾਏ ਘਨਈਆ ਸ਼ਾਮ । ਮਾਣ ਦਵਾਏ ਪੂਰ ਕਰਈਆ ਕਾਮ । ਆਣ ਰਖਾਏ ਸੋਹੰ ਲਗਾਏ ਬਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਸਾਚੇ ਦੇਵੇ ਮਾਣ । ਸਤਿਗੁਰ ਸਾਚਾ ਦੇਵੇ ਮਾਣਾ । ਗੁਰਮੁਖ ਹੋਏ ਚਰਨ ਨਿਮਾਣਾ । ਸਤਿ ਕਰ ਮੰਨੇ ਪ੍ਰਭ ਕਾ ਭਾਣਾ । ਵੇਲਾ ਗਿਆ ਹੱਥ ਨਾ ਆਣਾ । ਜੋਤ ਸਰੂਪੀ ਪ੍ਰਭ ਪਹਰਿਆ ਬਾਣਾ । ਖੇਲ ਮਿਟਾਏ ਮੁਕਾਏ ਰਾਜਾ ਰਾਣਾ । ਮਹਾਰਾਜ ਸ਼ੇਰ ਸਿੰਘ ਗੁਰਮੁਖ ਸਾਚੇ ਦਰ ਘਰ ਸੁਹਾਣਾ । ਦਰ ਘਰ ਗੁਰ ਦਰਬਾਰ । ਗੁਰ ਕਾ ਸ਼ਬਦ ਚਲੇ ਅਪਾਰ । ਸਾਚਾ ਪ੍ਰਭ ਸਦ ਸਦ ਬਲਿਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧਰੇ ਜੋਤ ਕਰਤਾਰ । ਸਾਚਾ ਘਰ ਪ੍ਰਭ ਆਪ ਵਸਾਇਆ । ਆਪ ਆਪਣਾ ਡੇਰਾ ਲਾਇਆ । ਜੋਤ ਸਰੂਪੀ ਦੀਪਕ ਜੋਤ ਪ੍ਰਭ ਸਾਚੇ ਆਪ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ । ਜੋਤ ਸਰੂਪ ਜੋਤ ਆਕਾਰ । ਜੋਤ ਜੋਤ ਪ੍ਰਭ ਜੋਤ ਅਧਾਰ । ਜੋਤ ਜੋਤ ਜੋਤ ਪ੍ਰਭ ਜੋਤ ਸੰਸਾਰ । ਜੋਤ ਜੋਤ ਜੋਤ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਨਿਰਾਧਾਰ । ਜੋਤ ਸਰੂਪੀ ਏਕੋ ਗੁਣ । ਗੁਰਮੁਖ ਸਾਚੇ ਏਕਾ ਧੁਨ । ਪ੍ਰਭ ਅਬਿਨਾਸ਼ੀ ਖੋਲ੍ਹ ਵਖਾਏ ਆਤਮ ਸੁਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਨਾ ਜਾਣੇ ਕਵਣ ਗੁਣ । ਗੁਰਮੁਖ ਸਾਚਾ ਅੰਤਕਾਲ ਕਲ ਚਰਨ ਪਕੜ ਲਿਆਵੇ ਜਨ । ਏਕਾ ਜੋਤ ਜਗਾਏ ਤਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਜੀਵ ਨਾ ਜਾਣੇ ਤੇਰੇ ਗੁਣ । ਕਲਜੁਗ ਸਾਚਾ ਪ੍ਰਭ ਸਾਚਾ ਦਰਬਾਰਾ । ਜੋਤ ਸਰੂਪੀ ਕਰੇ ਆਕਾਰਾ । ਪਾਰਬ੍ਰਹਮ ਖੇਲ ਨਿਆਰਾ । ਜੀਵ ਜੰਤ ਨਾ ਪਾਵੇ ਸਾਰਾ । ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਣਵੰਤਾ ਪ੍ਰਭ ਗੁਣ ਵਿਚਾਰੇ । ਜੁਗੋ ਜੁਗ ਲਏ ਅਵਤਾਰੇ । ਭਗਤ ਜਨਾਂ ਪ੍ਰਭ ਪਾਰ ਉਤਾਰੇ । ਬੇਮੁਖਾਂ ਪ੍ਰਭ ਆਣ ਸੰਘਾਰੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਨਰਾਇਣ ਨਰ ਅਵਤਾਰੇ । ਮਾਤਲੋਕ ਪ੍ਰਭ ਜਾਮਾ ਧਾਰਿਆ । ਨਿਹਕਲੰਕ ਨਾਉਂ ਰਖਾ ਲਿਆ । ਜੋਤ ਸਰੂਪੀ ਭੇਖ ਵਟਾ ਲਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਦਇਆ ਕਮਾ ਲਿਆ । ਸਾਚਾ ਪ੍ਰਭ ਦਇਆ ਕਮਾਏ । ਗੁਰਮੁਖ ਸਾਚੇ ਮੇਲ ਮਿਲਾਏ । ਆਤਮ ਸਾਚੀ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾਏ । ਦੀਨਾਂ ਨਾਥ ਦੀਨ ਦਿਆਲਾ । ਭਗਤ ਵਛਲ ਗੁਰ ਗੋਪਾਲਾ । ਗੁਰਸਿਖਾਂ ਪ੍ਰਭ ਸਦਾ ਰਖਵਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਆਤਮ ਸਾਚੀ ਮਾਲਾ । ਗੁਰਸਿਖ ਆਏ ਗੁਰ ਦਰ । ਪ੍ਰਭ ਆਤਮ ਦੇਵੇ ਸਾਚਾ ਵਰ । ਚਰਨ ਲਾਗ ਜਾਏ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਦਿਸਾਏ ਸਾਚਾ ਘਰ । ਸਚਾ ਪ੍ਰਭ ਸਚਾ ਘਰਬਾਰਾ ।

੭੮੫
੦੧

ਗੁਰਮੁਖ ਸਾਚੇ ਪਾਇਣ ਸਾਰਾ । ਬੇਮੁਖਾਂ ਆਤਮ ਅੰਧ ਅੰਧਿਆਰਾ । ਗੁਰ ਦਰ ਨਾ ਸੂਝੇ ਮੂਰਖ ਮੁਗਧ ਗਵਾਰਾ । ਪਰਗਟ ਹੋਏ ਰਿਖੀ ਕੇਸ਼ ਗਵਰਧਨ ਧਾਰਾ । ਸਰਬ ਕਲਾ ਸਮਰਥ ਆਪ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਰਾਇਣ ਨਰ ਕੋਇ ਵਿਰਲਾ ਜਾਣੇ । ਜਿਸ ਚਲਾਏ ਆਪਣੇ ਭਾਣੇ । ਕਲਜੁਗ ਜੀਵ ਭੁੱਲ ਭੁੱਲ ਹੋਏ ਅੰਞਾਣੇ । ਗੁਰਮੁਖ ਸਾਚੇ ਪ੍ਰਭ ਸਾਚੇ ਚਰਨ ਲਗਾਣੇ । ਅੰਤਕਾਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਭਗਤ ਜਨਾਂ ਪ੍ਰਭ ਲੇਖ ਲਿਖਾਏ । ਲਿਖਿਆ ਲੇਖ ਨਾ ਕੋਇ ਮਿਟਾਏ । ਭੇਖ ਭੇਖ ਪ੍ਰਭ ਜੋਤ ਸਰੂਪੀ ਭੇਖ ਵਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਰਿਹਾ ਛੁਪਾਏ । ਸਾਚੇ ਪ੍ਰਭ ਦਰਸ ਦਿਖਾਣਾ । ਅੰਧ ਅਗਿਆਨੀ ਸਰਬ ਮਿਟਾਣਾ । ਆਤਮ ਸਾਚਾ ਦੀਪ ਜਗਾਣਾ । ਸੋਹੰ ਨਾਮ ਪ੍ਰਭ ਰਿਦੇ ਵਸਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪਾਰਬ੍ਰਹਮ ਖੇਲ ਰਚਾਣਾ । ਪਾਰਬ੍ਰਹਮ ਖੇਲ ਨਿਆਰਾ । ਮਾਤਲੋਕ ਪ੍ਰਭ ਲਏ ਅਵਤਾਰਾ । ਜੁਗੋ ਜੁਗ ਆਵੇ ਵਾਰੋ ਵਾਰਾ । ਗੁਰਮੁਖ ਸਾਚਾ ਪ੍ਰਭ ਦੇਵੇ ਨਾਮ ਅਧਾਰਾ । ਬੇਮੁਖਾਂ ਪ੍ਰਭ ਕਰੇ ਖ਼ੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਚਰਨ ਪਿਆਰਾ । ਚਰਨ ਪਿਆਰ ਜਨ ਦੀਆ । ਆਪ ਆਪਣੇ ਜੇਹਾ ਕੀਆ । ਪ੍ਰਭ ਸਾਚੇ ਆਤਮ ਜੋਤ ਜਗਾਇਆ ਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਫਲ ਪੂਰਬ ਜਨਮ ਜੋ ਬੀਆ । ਪੂਰਬ ਜਨਮ ਲੇਖ ਚੁਕਾਏ । ਜਾਮਾ ਧਾਰ ਨਿਹਕਲੰਕ ਆਪਣੀ ਸਰਨ ਲਗਾਏ । ਆਤਮ ਵਜਾਏ ਸੋਹੰ ਸਾਚਾ ਡੰਕ, ਸੁਰਤ ਸ਼ਬਦ ਪ੍ਰਭ ਮੇਲ ਮਿਲਾਏ । ਇਕ ਕਰਾਏ ਰਾਓ ਰੰਕ, ਏਕਾ ਅੰਕ ਦੂਜਾ ਭਉ ਚੁਕਾਏ । ਜੋਤ ਸਰੂਪੀ ਲਾਏ ਤਨਕ, ਗੁਰਮੁਖ ਸਾਚੇ ਪਕੜ ਉਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪੂਰਨ ਭਾਗ ਲਿਖਾਏ । ਜੋਤ ਸਰੂਪੀ ਜਾਮਾ ਪਾਇਆ । ਗੁਰ ਗੋਬਿੰਦ ਬਚਨ ਸਤਿ ਵਰਤਾਇਆ । ਅੰਤਮ ਅੰਤ ਜੋ ਬਚਨ ਲਿਖਾਇਆ । ਨਿਹਕਲੰਕ ਪਰਗਟ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਾ ਵੇਖ ਜਗਤ ਭੁਲਾਇਆ । ਜਗਤ ਭੁਲਾਏ ਆਪ ਪ੍ਰਭ, ਆਪਣੀ ਮਾਇਆ ਪਾਏ । ਜਗਤ ਭੁਲਾਇਆ ਆਪ ਪ੍ਰਭ, ਆਪਣਾ ਆਪ ਰਿਹਾ ਛੁਪਾਏ । ਜਗਤ ਭੁਲਾਇਆ ਆਪ ਪ੍ਰਭ, ਬੇਮੁਖਾਂ ਦਿਸ ਨਾ ਆਏ । ਜਗਤ ਭੁਲਾਇਆ ਆਪ ਪ੍ਰਭ, ਮਦਿਰਾ ਮਾਸ ਆਹਾਰ ਕਰਾਏ । ਜਗਤ ਭੁਲਾਇਆ ਆਪ ਪ੍ਰਭ, ਆਤਮ ਅੰਧੇਰ ਰਖਾਏ । ਜਗਤ ਭੁਲਾਇਆ ਆਪ ਪ੍ਰਭ, ਮਾਇਆ ਰੂਪੀ ਪੜਦਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਰਹਾਏ । ਪ੍ਰਭ ਕੀ ਮਾਇਆ ਬੜੀ ਬੇਅੰਤ । ਸਾਰ ਨਾ ਪਾਏ ਕੋਈ ਜੀਵ ਜੰਤ । ਗੁਰਮੁਖ ਵਿਰਲਾ ਜਾਣੇ ਸੰਤ । ਭਗਤ ਜਨਾਂ ਨਾਮ ਦਵਾਏ ਸੋਹੰ ਸਾਚਾ ਮੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਇਆ ਭਗਤ ਜਨਾਂ ਦਾ ਸਾਚਾ ਕੰਤ । ਪ੍ਰਭ ਸਾਚੇ ਕਲ ਜਾਮਾ ਧਾਰਿਆ । ਕਿਰਪਾ ਕਰੀ ਆਪ ਗਿਰਧਾਰਿਆ । ਆਵੇ ਜਾਵੇ ਵਾਰੋ ਵਾਰਿਆ । ਪ੍ਰਭ ਕਰਮ ਨਾ ਕਿਸੇ ਵਿਚਾਰਿਆ । ਊਚੋ ਊਚ ਨੀਚੋ ਨੀਚ ਸਦ ਵਸੇ ਬਾਹਰਿਆ । ਸੂਚੋ ਸੂਚ ਜੋਤ ਸਰੂਪੀ ਪ੍ਰਭ ਕਰੇ ਅਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਤ ਨਾ ਪਾਰਾਵਾਰਿਆ । ਪ੍ਰਭ ਕਾ ਅੰਤ ਨਾ ਪਾਰਾਵਾਰ । ਕੋਟਨ ਕੋਟ ਰਹੇ ਝਖ ਮਾਰ । ਦਿਸ ਨਾ ਆਵੇ ਗੁਰ ਦਰਬਾਰ । ਜਿਥੇ ਵਸੇ ਆਪ ਕਰਤਾਰ । ਜੋਤ ਸਰੂਪੀ ਬੈਠ ਕਰੇ ਆਕਾਰ । ਆਪ ਅਡੋਲ ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਸਾਚੀ ਜੋਤ ਵਿਚ ਮਾਤ ਪ੍ਰਭ ਧਰ । ਚਾਰ ਵਰਨ ਅੰਤਕਾਲ ਪ੍ਰਭ ਇਕ ਜਾਏ

ਕਰ । ਮਸਤੂਆਣਾ ਸਾਚਾ ਧਾਮ ਸਤਿਜੁਗ ਉਪਜਾਵੇ ਸਾਚਾ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਦਿਸਾਵੇ ਏਕਾ ਦਰ । ਏਕਾ ਦਰ ਏਕਾ ਦਰਬਾਰ । ਸਾਚਾ ਦਿਸੇ ਆਪ ਨਿਰੰਕਾਰ । ਲੱਖ ਚੁਰਾਸੀ ਵਡ ਸਿਕਦਾਰ । ਜੀਵ ਜੰਤ ਪ੍ਰਭ ਪਾਵੇ ਸਾਰ । ਜੀਵ ਜੰਤ ਜੋਤ ਸਰੂਪੀ ਕੀਆ ਪਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਏਕਾ ਗੋਤ ਚਲਾਵੇ ਵਿਚ ਸੰਸਾਰ । ਏਕਾ ਏਕ ਪ੍ਰਭ ਆਪ ਉਪਾਏ । ਏਕਾ ਟੇਕ ਨਿਹਕਲੰਕ ਰਖਾਏ । ਕਲਜੁਗ ਝੂਠਾ ਭੇਖ ਮਿਟਾਏ । ਸਤਿਜੁਗ ਸਾਚਾ ਪ੍ਰਭ ਮਾਰਗ ਲਾਏ । ਸੋਹੰ ਸ਼ਬਦ ਪ੍ਰਭ ਦੇਹ ਉਪਜਾਏ । ਸੁੰਨ ਸਮਾਧ ਪ੍ਰਭ ਆਪ ਖੁਲ੍ਹਾਏ । ਜੋਤ ਸਰੂਪੀ ਦੀਪ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਆਪਣੀ ਕਲ ਵਰਤਾਏ । ਆਪਣੀ ਕਲ ਆਪ ਵਰਤਾਏ । ਰਾਓ ਰੰਕ ਪ੍ਰਭ ਸਰਨ ਲਗਾਏ । ਸੋਹੰ ਸਾਚਾ ਸ਼ਬਦ ਚਾਰ ਕੁੰਟ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਊਚ ਨੀਚ ਦਾ ਭੇਦ ਚੁਕਾਏ । ਊਚ ਨੀਚ ਨੀਚ ਊਚ । ਕਲਜੁਗ ਝੂਠਾ ਖੇਲ ਪ੍ਰਭ ਕਰਾਏ ਕੂਚ । ਸਤਿਜੁਗ ਸਾਚਾ ਸੱਜਣ ਸੁਹੇਲ, ਪ੍ਰਭ ਸਾਚਾ ਸੂਚੋ ਸੂਚ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਤਮ ਕਰੇ ਊਚ । ਸਾਚਾ ਪ੍ਰਭ ਰਚਨ ਰਚਾਏ । ਗੁਰਮੁਖ ਸਾਚੇ ਸਰਨ ਲਗਾਏ । ਬੇਮੁਖ ਕਾਚੇ ਪ੍ਰਭ ਮਾਇਆ ਅਗਨ ਜਲਾਏ । ਬੇਮੁਖ ਦਰ ਆਏ ਨਾਚੇ, ਪ੍ਰਭ ਸਾਚੇ ਭੇਵ ਨਾ ਪਾਏ । ਗੁਰਮੁਖ ਵਿਰਲਾ ਹਿਰਦੇ ਵਾਚੇ, ਪ੍ਰਭ ਬਜਰ ਕਪਾਟ ਖੁਲ੍ਹਾਏ । ਸਤਿਗੁਰ ਪੂਰਾ ਸਾਚੋ ਸਾਚੇ, ਕਲਜੁਗ ਜੀਵ ਭਰਮ ਭੁਲੇਖੇ ਪਾਏ । ਭਰਮ ਭੁਲੇਖੇ ਪ੍ਰਭ ਭੁਲਾਏ । ਐੜਾ ਅਥਰਬਣ ਵੇਦ ਚਲਾਏ । ਅੰਤਕਾਲ ਕਲ ਪ੍ਰਭ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਭੇਵ ਖੁਲ੍ਹਾਏ । ਜੋਤ ਸਰੂਪੀ ਪ੍ਰਭ ਭੇਖ ਧਾਰੀ । ਸਾਚਾ ਪ੍ਰਭ ਜੋਤ ਅਧਾਰੀ । ਜਾਵੇ ਆਵੇ ਆਵੇ ਜਾਵੇ, ਪ੍ਰਭ ਸਾਚੇ ਦੀ ਸਾਚੀ ਕਾਰੀ । ਗਾਵੇ ਰਾਵੇ ਆਤਮ ਨਹਾਵੇ, ਗੁਰਮੁਖ ਉਤਰੇ ਹਉਮੇ ਬੀਮਾਰੀ । ਸੋਹੰ ਨਾਉਂ ਪ੍ਰਭ ਝੋਲੀ ਪਾਵੇ, ਮਾਨਸ ਜਨਮ ਨਾ ਆਵੇ ਦੂਜੀ ਵਾਰੀ । ਭਗਤ ਭਗਵਾਨ ਪ੍ਰਭ ਮੇਲ ਮਿਲਾਵੇ, ਆਤਮ ਜੋਤ ਕਰੇ ਉਜਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਕਾਰੀ । ਗੁਰਮੁਖਾਂ ਪ੍ਰਭ ਜੋਤ ਜਗਾਏ । ਅੰਮ੍ਰਿਤ ਆਤਮ ਦੇਹ ਝਿਰਾਏ । ਨਿਰਮਲ ਸਾਚਾ ਦੀਪ ਜੋਤ ਸਰੂਪੀ ਵਿਚ ਦੇਹ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਸਮ ਦਵਾਰ ਖੁਲ੍ਹਾਏ । ਅੰਮ੍ਰਿਤ ਝਿਰਨਾ ਪ੍ਰਭ ਆਪ ਝਿਰਾਇਆ । ਨਿਰਮਲ ਬੂੰਦ ਕਵਲ ਮੁਖ ਟਿਕਾਇਆ । ਖੁਲ੍ਹੇ ਕਵਲ ਮਿਟੇ ਅੰਧਿਆਰ, ਜੋਤ ਸਰੂਪੀ ਪ੍ਰਭ ਨਜ਼ਰੀ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਸਮਾਇਆ । ਸੰਤ ਜਨ ਦਰ ਮੰਗਲ ਗਾਏ । ਤਨ ਮਨ ਹਰਾ ਕਰਾਏ । ਸੋਹੰ ਸਾਚਾ ਧਨ ਮਾਲ ਪ੍ਰਭ ਝੋਲੀ ਪਾਏ । ਆਤਮ ਸਾਚਾ ਦੀਪ ਬਾਲ, ਅੰਧ ਅਗਿਆਨ ਨਸ਼ਟ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਇਆ ਕਮਾਏ । ਗੁਰਮੁਖ ਸਾਚਾ ਗੁਰ ਪੂਰਾ ਤਾਰੇ । ਦਰ ਘਰ ਆਏ ਕਾਜ ਸਵਾਰੇ । ਨਿਹਕਲੰਕ ਸਤਿਜੁਗ ਸਾਚਾ ਕਰੇ ਵਰਤਾਰੇ । ਚਾਰ ਵਰਨ ਹੋਏ ਪਨਹਾਰੇ । ਧਰੇ ਜੋਤ ਆਪ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਲੇਖ ਲਿਖਾਰੇ । ਸਾਚਾ ਲੇਖ ਪ੍ਰਭ ਆਪ ਲਿਖਾਇਆ । ਕਲਜੁਗ ਜੀਵ ਕੋਈ ਭੇਵ ਨਾ ਪਾਇਆ । ਅਲੱਖ ਅਭੇਵ ਪ੍ਰਭ ਅਭੇਦ ਰਹਾਇਆ । ਸਾਰ ਨਾ ਪਾਇਣ ਚਾਰ ਵੇਦ, ਸਾਚੇ ਪ੍ਰਭ ਆਪਣਾ ਆਪ ਨਾ ਕਿਸੇ ਜਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਵਿਚ ਮਾਤ ਦੇ ਪਾਇਆ । ਪੁਰਾਨ ਵੇਦ ਨਾ ਜਾਣੇ ਸਾਰ ।

ਸਾਚਾ ਪ੍ਰਭ ਵਸੇ ਬਾਹਰ । ਗੁਰ ਗੁਰ ਗੁਰ ਗਾਇਣ ਮੁਨ ਰਿਖ ਸ਼ਾਇਰ । ਜੋਤ ਸਰੂਪੀ ਜੋਤ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੱਠੇ ਪਹਿਰ । ਏਕਾ ਜੋਤ ਇਕ ਵਰਤਾਰਾ । ਇਕ ਵਰਤਾਏ ਵਿਚ ਸੰਸਾਰਾ । ਕਲਜੁਗ ਮਿਟਾਏ ਝੂਠਾ ਪਸਾਰਾ । ਸਤਿਜੁਗ ਉਪਜਾਏ ਸਤਿ ਕਰਤਾਰਾ । ਸੋਹੰ ਦੇਵੇ ਸਾਚਾ ਨਾਮ ਅਧਾਰਾ । ਸਾਂਤਕ ਸਤਿ ਸਤਿ ਸਤਿ ਵਰਤੇ ਵਰਤਾਏ ਆਪ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਵਰਤੇ ਸਤਿ ਵਰਤਾਰਾ । ਸਤਿਜੁਗ ਪ੍ਰਭ ਸਾਚਾ ਲਾਏ । ਪਹਿਲੀ ਮਾਘ ਲੇਖ ਲਿਖਾਏ । ਕਲਜੁਗ ਝੂਠੀ ਰੇਖ ਮਿਟਾਏ । ਜੋਤ ਸਰੂਪੀ ਨਿਹਕਲੰਕ ਭੇਖ ਵਟਾਏ । ਅੰਤਕਾਲ ਪਰਗਟ ਜੋਤ ਰਾਓ ਰੰਕ ਇਕ ਕਰਾਏ । ਚਾਰ ਵਰਨ ਕਰਾਏ ਏਕਾ ਗੋਤ, ਊਚ ਨੀਚ ਕੋਈ ਰਹਿਣ ਨਾ ਪਾਏ । ਗੁਰਮੁਖਾਂ ਮੈਲ ਪ੍ਰਭ ਜਾਏ ਧੋਤ, ਸੋਹੰ ਸਾਚਾ ਨਾਮ ਜਪਾਏ । ਬੇਮੁਖ ਦਰ ਜਾਇਣ ਰੋਤ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਏ । ਦਰ ਮੰਗਣ ਕੋਟਨ ਕੋਟ, ਵਿਰਲੇ ਗੁਰਮੁਖ ਪ੍ਰਭ ਭਿਛਿਆ ਪਾਏ । ਸਾਚਾ ਪ੍ਰਭ ਨਾ ਆਵੇ ਤੋਟ, ਭੰਡਾਰ ਨਿਖੁਟ ਨਾ ਜਾਏ । ਗੁਰਮੁਖ ਸਾਚੇ ਪ੍ਰਭ ਆਤਮ ਲਗਾਏ ਸੋਹੰ ਚੋਟ, ਆਪ ਆਪਣੀ ਬੂਝ ਬੁਝਾਏ । ਕਲਜੁਗ ਜੀਵ ਡਿਗੇ ਆਲਣਿਓ ਬੋਟ, ਵੇਲਾ ਗਿਆ ਹੱਥ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ । ਜੋਤ ਸਰੂਪੀ ਪਹਰਿਆ ਜਾਮਾ । ਜੋਤ ਜਗਾਈ ਰਮਈਆ ਰਾਮਾ । ਨਿਹਕਲੰਕ ਕਲ ਆਇਆ ਆਇਆ ਘਨਈਆ ਸ਼ਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਪੂਰ ਕਰਾਏ ਆਪਣੇ ਕਾਮਾ । ਆਪਣੇ ਕਾਮ ਪ੍ਰਭ ਪੂਰ ਕਰਾਏ । ਗੁਰਮੁਖਾਂ ਪ੍ਰਭ ਜੋਤ ਸਰੂਪੀ ਨੂਰ ਦਵਾਏ । ਬੇਮੁਖਾਂ ਪ੍ਰਭ ਦੂਰੋ ਦੂਰ ਰਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਨ ਸੂਰ ਆਪ ਅਖਵਾਏ । ਵਡ ਸੂਰ ਬਲੀ ਬਲਵਾਨਾ । ਜਾਮਾ ਧਾਰੇ ਕ੍ਰਿਸ਼ਨਾ ਕਾਹਨਾ । ਦੁਸ਼ਟ ਸੰਘਾਰੇ ਜਿਉਂ ਰਾਵਣ ਰਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰ ਕਰਾਏ ਆਪਣੇ ਕਾਮਾ । ਕਰੇ ਕਰਾਏ ਆਪ ਪ੍ਰਭ, ਕੋਈ ਭੇਵ ਨਾ ਜਾਣੇ । ਕਰੇ ਕਰਾਏ ਆਪ ਪ੍ਰਭ, ਆਪਣਾ ਭੇਵ ਪ੍ਰਭ ਆਪ ਖੁਲ੍ਹਾਣੇ । ਕਰੇ ਕਰਾਏ ਆਪ ਪ੍ਰਭ, ਗੁਰਮੁਖਾਂ ਆਤਮ ਜੋਤ ਜਗਾਏ ਮਹਾਨੇ । ਕਰੇ ਕਰਾਏ ਆਪ ਪ੍ਰਭ, ਤਖਤੋਂ ਲਾਹੇ ਰਾਜੇ ਰਾਣੇ । ਕਰੇ ਕਰਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਕਰੇ ਕਰਾਏ ਆਪ ਪ੍ਰਭ, ਕਲਜੁਗ ਅੰਤਮ ਕਰੇ ਖ਼ੁਆਰਾ । ਕਰੇ ਕਰਾਏ ਆਪ ਪ੍ਰਭ, ਸੋਹੰ ਸ਼ਬਦ ਚਲਾਏ ਖੰਡਾ ਦੋ ਧਾਰਾ । ਕਰੇ ਕਰਾਏ ਆਪ ਪ੍ਰਭ, ਅਗਨ ਜੋਤ ਲਾਏ ਵਿਚ ਸੰਸਾਰਾ । ਕਰੇ ਕਰਾਏ ਆਪ ਪ੍ਰਭ, ਕਲਜੁਗ ਜੀਵ ਕਰੇ ਖ਼ੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ , ਨਿਹਕਲੰਕ ਨਰਾਇਣ ਨਰ ਅਵਤਾਰਾ । ਕਰੇ ਕਰਾਏ ਆਪ ਪ੍ਰਭ, ਆਪਣੀ ਬਣਤ ਬਣਾਏ । ਕਰੇ ਕਰਾਏ ਆਪ ਪ੍ਰਭ, ਬੈਠ ਅਡੋਲ ਜਗਤ ਭੁਲਾਏ । ਕਰੇ ਕਰਾਏ ਆਪ ਪ੍ਰਭ, ਆਪ ਅਤੁਲ ਜਗਤ ਤੁਲਾਏ । ਕਰੇ ਕਰਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਏ । ਕਰੇ ਕਰਾਏ ਆਪ ਪ੍ਰਭ, ਕੋਇ ਨਾ ਜਾਣੇ ਸਾਰ । ਕਰੇ ਕਰਾਏ ਆਪ ਪ੍ਰਭ, ਬੇਮੁਖਾਂ ਪ੍ਰਭ ਕਰੇ ਖ਼ੁਆਰ । ਕਰੇ ਕਰਾਏ ਆਪ ਪ੍ਰਭ, ਆਪਣੇ ਰੰਗ ਆਪ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰੇ ਵਰਤਾਰ । ਕਰੇ ਕਰਾਏ ਆਪ ਪ੍ਰਭ, ਸਰਬ ਕਲਾ ਸਮਰਥ । ਕਰੇ ਕਰਾਏ ਆਪ ਪ੍ਰਭ, ਗੁਰਮੁਖਾਂ ਰੱਖੇ ਦੇ ਕਰ ਹੱਥ । ਕਰੇ ਕਰਾਏ ਆਪ ਪ੍ਰਭ, ਬੇਮੁਖਾਂ ਪਾਏ ਨੱਥ । ਕਰੇ ਕਰਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਜਾਏ ਮਥ । ਸਾਚਾ ਪ੍ਰਭ ਕਰਾਵਣ ਜੋਗ । ਸ੍ਰਿਸ਼ਟ ਸਬਾਈ ਹੋਏ ਸੋਗ । ਗੁਰਮੁਖਾਂ ਆਤਮ ਤੀਰਥ ਦੇਵੇ

ਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੇਵੇ ਦਰਸ ਅਮੋਘ । ਜੋਤ ਸਰੂਪੀ ਪਰਗਟ ਜੋਤ ਦਰਸ ਦਿਖਾਵਣਾ । ਰਾਜਾ ਰਾਣਾ ਬਾਂਹੋਂ ਪਕੜ ਪ੍ਰਭ ਆਪਣੀ ਸਰਨ ਲਗਾਵਣਾ । ਸੋਹੰ ਸਾਚਾ ਬਾਣ, ਪ੍ਰਭ ਚਾਰ ਕੁੰਟ ਲਗਾਵਣਾ । ਜੀਵ ਜੰਤਾਂ ਏਕਾ ਮਾਣ, ਨਿਹਕਲੰਕ ਚਰਨ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਧਾਮ ਸੁਹਾਵਣਾ । ਪਰਗਟੇ ਜੋਤ ਪ੍ਰਭ ਭਗਵਾਨਾ । ਸਰਨੀ ਆਏ ਰਾਜਾ ਰਾਣਾ । ਜੋਤ ਸਰੂਪੀ ਪ੍ਰਭ ਦਰਸ ਦਿਖਾਣਾ । ਭਗਤ ਉਧਾਰ ਜਗਤ ਪਿਤ ਅਖਵਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਵਰਤੇ ਭਾਣਾ । ਰਾਜਾ ਰਾਣਾ ਸਰਨ ਲਗਾਏ । ਸਤਿਗੁਰ ਮਨੀ ਸਿੰਘ ਮਾਣ ਦਵਾਏ । ਬੀਸ ਇਕੀਸ ਇਕੀਸ ਬੀਸ ਪ੍ਰਭ ਭੇਵ ਚੁਕਾਏ । ਸਿਧ ਮਾਰਗ ਪ੍ਰਭ ਚਲਾਏ । ਦਿਵਸ ਚਾਲੀ ਪ੍ਰਭ ਜੋਤ ਪਰਗਟਾਏ । ਬੈਠੇ ਅਡੋਲ ਸਿੰਘਆਸਣ ਡੇਰਾ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਲੇਖ ਲਿਖਾਏ । ਸਾਚੇ ਪ੍ਰਭ ਲੇਖ ਲਿਖਾਉਣਾ । ਚਾਰ ਜੁਗ ਦਾ ਭੇਵ ਖੁਲ੍ਹਾਉਣਾ । ਦਿਵਸ ਚਾਲੀ ਵਿਚ ਸਿੱਖ ਸਮਾਉਣਾ । ਦਿਵਸ ਰੈਣ ਰੈਣ ਦਿਵਸ ਸਚ ਸ਼ਬਦ ਗੁਰਸਿਖ ਕੰਨ ਸੁਣਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਸਰਬ ਮਾਣ ਗਵਾਉਣਾ । ਸਾਚਾ ਪ੍ਰਭ ਮਾਣ ਗਵਾਏ । ਕਲਜੁਗ ਆਣ ਸਰਬ ਚੁਕਾਏ । ਸੋਹੰ ਬਾਣ ਸ਼ਬਦ ਚਲਾਏ । ਪੂਰਨ ਕਾਮ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਹੋਏ ਸਹਾਏ । ਸਾਚਾ ਖੇਲ ਕਰੇ ਕਰਤਾਰਾ । ਪਰਗਟੇ ਜੋਤ ਨਿਹਕਲੰਕ ਅਵਤਾਰਾ । ਪਾਰਬ੍ਰਹਮ ਅਚਰਜ ਖੇਲ ਜੋਤ ਸਰੂਪੀ ਜਗਤ ਵਿਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟੇ ਜੋਤ ਅਗੰਮ ਅਪਾਰਾ । ਸਾਚਾ ਪ੍ਰਭ ਜੋਤ ਪਰਗਟਾਏ । ਚਾਰ ਵਰਨ ਪ੍ਰਭ ਚੋਟ ਲਗਾਏ । ਬੇਮੁਖਾਂ ਪ੍ਰਭ ਖੋਟ ਕਢਾਏ । ਸੋਹੰ ਜੋਗ ਵਿਚ ਕੋਟ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਮ ਉਪਾਏ । ਮਸਤੂਆਣਾ ਧਾਮ ਉਪਾ ਕੇ । ਸਤਿਜੁਗ ਸਾਚਾ ਸਰ ਬਣਾ ਕੇ । ਚਾਰ ਵਰਨ ਇਕ ਦਰ ਖੁਲ੍ਹਾ ਕੇ । ਰਾਓ ਰੰਕ ਪ੍ਰਭ ਇਕ ਕਰਾ ਕੇ । ਬੈਠੇ ਅਟੰਕ ਜੋਤ ਸਰੂਪੀ ਜੋਤ ਜਗਾ ਕੇ । ਦੇਵੇ ਦਰਸ ਰਾਣਾ ਸੰਗਰੂਰ ਚਰਨੀ ਲੱਗੇ ਆ ਕੇ । ਆਤਮ ਤੁੱਟੇ ਸਰਬ ਗ਼ਰੂਰ, ਆਪਣੀ ਭੁੱਲ ਜਾਏ ਬਖ਼ਸ਼ਾ ਕੇ । ਆਤਮ ਤਪੇ ਤਨ ਤੰਦੂਰ, ਕਰ ਦਰਸ ਜਾਏ ਸ਼ਾਂਤ ਕਰਾ ਕੇ । ਜੋਤ ਸਰੂਪੀ ਉਪਜੇ ਨੂਰ, ਪ੍ਰਭ ਸਰਨੀ ਡਿਗੇ ਆ ਕੇ । ਨਿਹਕਲੰਕ ਸਰਬ ਕਲਾ ਭਰਪੂਰ, ਸਿਰ ਰੱਖੇ ਹੱਥ ਟਿਕਾ ਕੇ । ਪ੍ਰਭ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਜੋਤ ਸਰੂਪੀ ਦਰਸ ਦਿਖਾ ਕੇ । ਜੋਤ ਸਰੂਪੀ ਪ੍ਰਭ ਦਰਸ ਦਿਖਾਉਣਾ । ਰਾਣਾ ਸੰਗਰੂਰ ਪ੍ਰਭ ਸਰਨ ਲਗਾਉਣਾ । ਮਾਤਲੋਕ ਪ੍ਰਭ ਸਾਚੇ ਮਾਣ ਦਵਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਨਾਮ ਜਪਾਉਣਾ । ਆਪ ਆਪਣਾ ਨਾਮ ਜਪਾ ਕੇ । ਸੋਹੰ ਸਾਚਾ ਰਿਦੇ ਵਸਾ ਕੇ । ਪਵਣ ਸਰੂਪੀ ਵਿਚ ਸਵਾਸ ਸਮਾ ਕੇ । ਓਅੰਕਾਰ ਸੋਹੰ ਸਾਚਾ ਜਾਪ ਜਪਾ ਕੇ । ਝੂਠੀ ਮਾਇਆ ਪ੍ਰਭ ਤਨੋਂ ਜਾਏ ਜਲਾ ਕੇ । ਹੋਏ ਸੀਤਲ ਕਾਇਆ, ਨਿਹਕਲੰਕ ਦਰ ਦਰਸ਼ਨ ਪਾ ਕੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਦੇਵੇ ਵਰ ਆਪਣੀ ਦਇਆ ਕਮਾ ਕੇ । ਦੇਵੇ ਵਰ ਆਪ ਵਰਤਾਰ । ਗੁਰਮੁਖਾਂ ਪ੍ਰਭ ਭਰੇ ਭੰਡਾਰ । ਨਿਖੁਟ ਨਾ ਜਾਏ ਨਾ ਆਏ ਹਾਰ । ਪ੍ਰਭ ਅਬਿਨਾਸ਼ੀ ਵਡ ਵਡ ਵਡ ਘਰਬਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਦੇਵੇ ਨਾਮ ਅਧਾਰ । ਸਾਚਾ ਦੇਵੇ ਸ਼ਬਦ ਗਿਆਨਾ । ਏਕਾ ਬਖ਼ਸ਼ੇ ਚਰਨ ਧਿਆਨਾ । ਚਰਨ ਧੂੜ ਗੁਰਮੁਖ ਸਾਚਾ ਕਰੇ ਇਸ਼ਨਾਨਾ । ਆਤਮ ਤੀਰਥ ਇਸ਼ਨਾਨ ਕਰੇ ਪ੍ਰਭ

ਚੜ੍ਹਾਏ ਰੰਗ ਮਹਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਿਰਪਾ ਕਰੇ ਆਪ ਭਗਵਾਨਾ । ਸਾਜਣ ਆਏ ਗੁਰ ਦਰਬਾਰੇ । ਕਾਜਨ ਕਾਜ ਪ੍ਰਭ ਕਾਜ ਸਵਾਰੇ । ਸਾਜਨ ਸਾਜ ਪ੍ਰਭ ਪਾਵੇ ਸਾਰੇ । ਵਡ ਰਾਜਨ ਰਾਜ ਆਪ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਰੇ ਖੇਲ ਅਪਾਰੇ । ਵਡ ਜੋਧਾ ਵਡ ਸੂਰਬੀਰ । ਸੋਹੰ ਸ਼ਬਦ ਚਲਾਏ ਤੀਰ । ਜੋਤ ਖਿਚਾਵੇ ਪ੍ਰਭ ਤਟ ਤੀਰਥ ਨੀਰ । ਮਾਣ ਗਵਾਏ ਪ੍ਰਭ ਪੈਗੰਬਰ ਪੀਰ ਫ਼ਕੀਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਚਲਾਵੇ ਸਾਚਾ ਤੀਰ । ਸਾਚਾ ਪ੍ਰਭ ਵਡ ਵਡ ਗਿਆਤਾ । ਸਾਚਾ ਪ੍ਰਭ ਅੰਤਕਾਲ ਕਲ ਸਭ ਖਿਚਾਵੇ ਆਪ ਕਰਾਮਾਤਾ । ਏਕ ਓਟ ਧਰਾਏ ਨਿਹਕਲੰਕ ਚਰਨੀ ਨਾਤਾ । ਮਾਤਲੋਕ ਪ੍ਰਭ ਜੋਤ ਪਰਗਟਾਏ, ਸ੍ਰਿਸ਼ਟ ਸਬਾਈ ਬਣੇ ਪਿਤ ਮਾਤਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਬਿਧਨਾ ਬਿਧ ਆਪ ਬਿਧਾਤਾ । ਸਾਚਾ ਪ੍ਰਭ ਬਿਧ ਬਣਾਏ । ਆਪਣੇ ਕਾਰਜ ਸਿਧ ਕਰਾਏ । ਗੁਰਮੁਖ ਘਰ ਨਵ ਨਿਧ ਉਪਜਾਏ । ਰਿਧ ਸਿਧ ਪ੍ਰਭ ਵਸ ਕਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਅੰਤ ਕਰਨ ਦੀ ਬਿਧ ਬਣਾਏ । ਅੰਤਮ ਕਲ ਪ੍ਰਭ ਆਪ ਕਰਾਵਣਾ । ਸ੍ਰਿਸ਼ਟ ਸਬਾਈ ਦੋ ਧੜ ਕਰਾਵਣਾ । ਜੋਤ ਸਰੂਪੀ ਪ੍ਰਭ ਅਗਨ ਜੋਤ ਲਗਾਵਣਾ । ਵਡ ਵਡ ਜੋਧਾ ਪ੍ਰਭ ਸਾਚੇ ਪਕੜ ਉਠਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਅੰਤਮ ਅੰਤ ਕਰਾਵਣਾ । ਸੂਰਬੀਰ ਪ੍ਰਭ ਦੇਵੇ ਮਾਣਾ । ਪਕੜ ਬਿਠਾਏ ਵਿਚ ਬਬਾਣਾ । ਅਗਨ ਮੇਘ ਵਿਚ ਸ੍ਰਿਸ਼ਟ ਬਰਸਾਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅੰਤਕਾਲ ਕਲਜੁਗ ਨਸ਼ਟ ਕਰਾਣਾ । ਕਲਜੁਗ ਜੀਵ ਦੁਸ਼ਟ ਦੁਰਾਚਾਰੀ । ਮਦਿਰਾ ਮਾਸ ਰਸਨ ਆਹਾਰੀ । ਹਉਮੇ ਲੱਗੀ ਤਨ ਬੀਮਾਰੀ । ਆਤਮ ਹੋਈ ਜੀਵ ਹੰਕਾਰੀ । ਸਾਚਾ ਪ੍ਰਭ ਕਰੇ ਖ਼ੁਆਰੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਦਿ ਅੰਤ ਦੁਸ਼ਟਾਂ ਸਦਾ ਸੰਘਾਰੀ । ਦੁਸ਼ਟ ਦੁਰਾਚਾਰ ਪ੍ਰਭ ਆਪ ਸੰਘਾਰੇ । ਸੋਹੰ ਮਾਰੇ ਖੰਡਾ ਦੋ ਧਾਰੇ । ਅੰਤਕਾਲ ਵਿਚ ਨਰਕ ਨਿਵਾਰੇ । ਕੋਈ ਨਾ ਪਾਵੇ ਬੇਮੁਖਾਂ ਸਾਰੇ । ਨਿਹਕਲੰਕ ਨਰਾਇਣ ਨਰ ਕਲਜੁਗ ਜੀਵ ਗਏ ਵਿਸਾਰੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਰਗਟੇ ਜੋਤ ਆਪ ਨਿਰੰਕਾਰੇ । ਹੋਏ ਕਲ ਅੰਤ ਅਖ਼ੀਰ । ਕੋਈ ਨਾ ਬੰਨ੍ਹਾਵੇ ਇਸ ਦੀ ਧੀਰ । ਚਾਰ ਕੁੰਟ ਪੈ ਜਾਏ ਵਹੀਰ । ਬਾਲਕ ਤਰਸਣ ਮਾਤਾ ਸੀਰ । ਭੈਣਾਂ ਲੱਭਣ ਵੀਰ । ਹੋਏ ਨਾ ਕੋਇ ਸਹਾਈ ਔਲੀਆ ਪੈਗੰਬਰ ਪੀਰ । ਬੇਮੁਖ ਕਲਜੁਗ ਜੀਵਾਂ ਕੋਇ ਨਾ ਦੇਵੇ ਧੀਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਸ਼ਬਦ ਚਲਾਵੇ ਤੀਰ । ਸਾਚੇ ਪ੍ਰਭ ਸਚ ਤੀਰ ਚਲਾਇਆ । ਚਾਰ ਕੁੰਟ ਵਹੀਰ ਕਰਾਇਆ । ਜੀਵਾਂ ਜੰਤਾਂ ਨੀਰ ਹੱਥ ਨਾ ਆਇਆ । ਸਾਧਾਂ ਸੰਤਾਂ ਪ੍ਰਭ ਗਲੇ ਲਗਾਇਆ । ਆਪ ਬਣਾਏ ਸਾਚੀ ਬਣਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਦਰਸ ਦਿਖਾਇਆ । ਗੁਰਸਿਖਾਂ ਪ੍ਰਭ ਸਰਨ ਲਗਾਏ । ਵੇਲੇ ਅੰਤ ਹੋਏ ਸਹਾਏ । ਸਾਧ ਸੰਗਤ ਸਿਰ ਹੱਥ ਟਿਕਾਏ । ਆਦਿ ਅੰਤ ਪ੍ਰਭ ਪੈਜ ਰਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅਗਾਧ ਬੋਧ ਬੋਧ ਅਗਾਧ ਸ਼ਬਦ ਲਿਖਾਏ । ਸ਼ਬਦ ਲਿਖਾਏ ਜਗਤ ਲੇਖ । ਜੀਵ ਨਾ ਜਾਣੇ ਪ੍ਰਭ ਕਾ ਭੇਖ । ਸ੍ਰਿਸ਼ਟ ਸਬਾਈ ਰਹੀ ਵੇਖਾ ਵੇਖ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਧਾਰਿਆ ਭੇਖ । ਸ੍ਰਿਸ਼ਟ ਸਬਾਈ ਹੋਈ ਦੋ ਫਾੜੇ । ਆਪ ਚਬਾਏ ਆਪਣੀ ਦਾੜ੍ਹੇ । ਕਲਜੁਗ ਜੀਆਂ ਅੰਤ ਭਾਗ ਹੋਏ ਮਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਅਗਨ ਵਿਚ ਸਾੜੇ । ਅਗਨ ਜੋਤ ਪ੍ਰਭ ਆਪ ਲਗਾਏ । ਨਾ ਕੋਈ ਮੇਟੇ ਮੇਟ ਮਿਟਾਏ । ਗੁਰਮੁਖ ਸਾਚੇ ਪ੍ਰਭ

ਰੰਗ ਰੰਗੀਲੇ ਪ੍ਰਭ ਸਾਚੇ ਰੰਗ ਰੰਗਾਏ । ਪ੍ਰਭ ਸਾਚੇ ਦੇ ਸਾਚੇ ਬੇਟੇ, ਭਗਤ ਜਨਾਂ ਪ੍ਰਭ ਆਪ ਬਣਾਏ । ਆਪ ਆਪਣੇ ਪਾਏ ਪੇਟੇ, ਪਿਤ ਮਾਤ ਆਪ ਹੋ ਜਾਏ । ਬੇਮੁਖ ਕਲਜੁਗ ਜੀਵ ਵਿਚ ਮਾਇਆ ਅਗਨ ਲਪੇਟੇ, ਨਾ ਕੋਈ ਅੰਤ ਛੁਡਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਆਪਣੀ ਆਪ ਵਰਤਾਏ । ਕਲਜੁਗ ਤੇਰਾ ਤੁੱਟਾ ਮਾਣ । ਪਰਗਟੇ ਜੋਤ ਨਿਹਕਲੰਕ ਬਲੀ ਬਲਵਾਨ । ਕੋਈ ਨਾ ਦੀਸੇ ਰਾਜ ਰਜਾਨ । ਰਾਓ ਰੰਕ ਇਕ ਸਮਾਨ । ਸਾਚਾ ਪ੍ਰਭ ਸਾਚਾ ਦੇਵੇ ਸ਼ਬਦ ਗਿਆਨ । ਸੋਹੰ ਸ਼ਬਦ ਜਨ ਰਸਨਾ ਸੇਵੇ, ਦੇਵੇ ਦਰਸ ਗੁਣ ਗੁਣੀ ਨਿਧਾਨ । ਪ੍ਰਭ ਸਾਚੇ ਦਰ ਸਾਚੇ ਮੇਵੇ, ਗੁਰਮੁਖ ਵਿਰਲੇ ਅੰਮ੍ਰਿਤ ਫਲ ਖਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਦੇਵੇ ਦਾਨੀ ਦਾਨ । ਦਾਨੀ ਦਾਨ ਆਪ ਵਡ ਦਾਨਾ । ਸਾਚਾ ਪ੍ਰਭ ਵਡ ਭਰੇ ਖ਼ਜ਼ਾਨਾ । ਗੁਰਮੁਖ ਸਾਚੇ ਪ੍ਰਭ ਦਰ ਸਾਚੇ ਦੇਵੇ ਮਾਣਾ । ਅਨਹਦ ਸਾਚੀ ਧੁਨ ਪ੍ਰਭ ਸਾਚਾ ਸਦਾ ਉਪਜਾਣਾ । ਕੋਈ ਵਿਰਲਾ ਪਾਵੇ ਰਿਖ ਮੁਨ, ਰਾਖੇ ਪ੍ਰਭ ਚਰਨ ਧਿਆਨਾ । ਖੋਲ੍ਹ ਵਖਾਵੇ ਪ੍ਰਭ ਆਤਮ ਸੁੰਨ, ਆਤਮ ਉਪਜੇ ਬ੍ਰਹਮ ਗਿਆਨਾ । ਦਿਵਸ ਰੈਣ ਰੈਣ ਦਿਵਸ ਰਹੇ ਰੁਣ ਝੁਣ, ਸਾਚਾ ਸ਼ਬਦ ਪ੍ਰਭ ਆਪ ਸੁਣਾਣਾ । ਕੌਣ ਜਾਣੇ ਨਿਹਕਲੰਕ ਤੇਰੇ ਗੁਣ, ਜੋਤ ਸਰੂਪੀ ਪਹਿਰਿਆ ਬਾਣਾ । ਜੋਤ ਸਰੂਪੀ ਬਾਣਾ ਧਾਰ । ਕਲਜੁਗ ਮੇਟੇ ਅੰਧ ਅੰਧਿਆਰ । ਸਤਿਜੁਗ ਵਰਤਾਰੇ ਸਤਿ ਕਰਤਾਰ । ਜੋਤ ਪਰਗਟਾਵੇ ਵਿਚ ਸੰਸਾਰ । ਨਾਉਂ ਧਰਾਏ ਨਿਹਕਲੰਕ ਨਰ ਅਵਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭਗਤ ਵਛਲ ਆਪ ਗਿਰਧਾਰ । ਸਾਚਾ ਪ੍ਰਭ ਜੋਤ ਜਗਈਆ । ਸਤਿਜੁਗ ਸਾਚਾ ਮਾਰਗ ਲਈਆ । ਰਾਓ ਰੰਕ ਇਕ ਕਰਈਆ । ਊਚ ਨੀਚ ਪ੍ਰਭ ਮੇਟ ਮਿਟਈਆ । ਸੋਹੰ ਸਾਚਾ ਨਾਮ ਦਵਈਆ । ਚਾਰ ਵਰਨ ਕਰਾਏ ਏਕਾ ਭੈਣਾਂ ਭਈਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਚਲਾਏ ਸਾਚੀ ਨਈਆ । ਸਾਚੀ ਨਈਆ ਜਗਤ ਚਲਾਏ । ਗੁਰਮੁਖ ਵਿਰਲੇ ਆਪ ਚੜ੍ਹਾਏ । ਮਦਿਰਾ ਮਾਸੀ ਸ਼ੌਹ ਦਰਿਆ ਰੁੜ੍ਹਾਏ । ਹਰਿਜਨ ਜਨ ਹਰਿ ਜਨ ਭਗਤ ਨਾਮ ਉਦਾਸੀ, ਪ੍ਰਭ ਆਪਣੀ ਜੋਤ ਮਿਲਾਏ । ਵੇਲੇ ਅੰਤ ਕਰੇ ਬੰਦ ਖ਼ਲਾਸੀ, ਦਰਗਾਹ ਸਾਚੀ ਮਾਣ ਦਵਾਏ । ਆਵੇ ਨਾ ਜਾਵੇ ਸਦ ਅਬਿਨਾਸ਼ੀ, ਗੁਰਮੁਖ ਗੁਰਸਿਖ ਹਰਿਸੰਤ ਸਾਚੇ ਸਚ ਧਾਮ ਬਹਾਏ । ਸਰਬ ਘਟਾ ਘਟ ਰਿਹਾ ਵਾਸੀ, ਮਹਾਰਾਜ ਸ਼ੇਰ ਸਿੰਘ ਭਗਤ ਜਨਾਂ ਦੀ ਪੈਜ ਰਖਾਏ । ਸਾਚਾ ਪ੍ਰਭ ਪੈਜ ਰਖਾਏ । ਦਰ ਘਰ ਸਾਚੇ ਗੁਰਸਿਖ ਟਿਕਾਏ । ਵਰ ਘਰ ਪ੍ਰਭ ਆਪ ਬਣਾਏ । ਅਵਤਾਰ ਨਰ ਸਚ ਕੰਤ ਕਹਾਏ । ਸਰਨ ਪੜ ਸੰਤ ਤਰ ਜਾਏ । ਮਹਾਰਾਜ ਸ਼ੇਰ ਸਿੰਘ ਬੈਕੁੰਠ ਨਿਵਾਸੀ, ਵਿਚ ਬੈਕੁੰਠ ਨਿਵਾਸ ਰਖਾਏ । ਬੈਕੁੰਠ ਧਾਮ ਧਾਮ ਨਿਆਰਾ । ਪਾਰਬ੍ਰਹਮ ਖੇਲ ਅਪਾਰਾ । ਜਗੇ ਜੋਤ ਅਗੰਮ ਅਪਾਰਾ । ਆਦਿ ਅੰਤ ਅੰਤ ਆਦਿ ਏਕਾ ਰਹੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਜੋਤ ਚਮਤਕਾਰਾ । ਦਰ ਕਰ ਬੇਨੰਤੀ ਜਨ । ਜਗਤ ਜੰਜਾਲ ਜਲਾਏ ਤਨ । ਦਿਵਸ ਰੈਣ ਸ਼ਾਂਤ ਹੋਏ ਮਨ । ਪ੍ਰਭ ਅਬਿਨਾਸ਼ੀ ਬੇੜਾ ਜਾਏ ਬੰਨ੍ਹ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਦੇਵੇ ਨਾਮ ਧਨ । ਸੰਸਾ ਰੋਗ ਪ੍ਰਭ ਗਵਾਏ । ਕਰ ਦਰਸ ਆਤਮ ਤ੍ਰਿਪਤਾਏ । ਰੱਖੇ ਲਾਜ ਬੇਮੁਖ ਹੋਏ ਨਾ ਜੀਵ ਉਠ ਜਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਉਲਟੀ ਲੱਠ ਫਿਰ ਆਪ ਗਿੜਾਏ । ਭੁੱਲੇ ਜੀਵ ਹੋਏ ਅੰਞਾਣਾ । ਸਾਚਾ ਪ੍ਰਭ ਆਤਮ ਭੁਲਾਣਾ । ਆਤਮ ਰਖਾਵੇ ਝੂਠਾ ਮਾਣਾ । ਉਧਰੇ ਜਨ ਜੋ ਹੋਏ ਨਿਮਾਣਾ । ਮਹਾਰਾਜ ਸ਼ੇਰ ਸਿੰਘ ਦੇਵੇ ਵਡਿਆਈ ਵਿਸ਼ਨੂੰ ਭਗਵਾਨਾ । ਸ਼ਬਦ ਸ਼ਬਦ ਜਨ ਭੁਲਾਏ । ਆਪ ਆਪਣਾ ਕੀਆ ਕਲ ਪਾਏ । ਮਦਿਰਾ ਮਾਸ ਮੁਖ ਚੋਗ

ਰਖਾਏ । ਚਿੰਤਾ ਰੋਗ ਵਿਚ ਦੇਹ ਵਧਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਆਪਣੀ ਦੇ ਸਜ਼ਾਏ । ਸਾਚਾ ਬਚਨ ਸਤਿ ਕਰ ਪਾਲੇ । ਚਰਨ ਪ੍ਰੀਤੀ ਨਿਭੇ ਨਾਲੇ । ਸਾਚੀ ਨੀਤੀ ਹੋਇਣ ਸਾਸ ਸੁਖਾਲੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣਾ ਬਿਰਦ ਆਪ ਹੀ ਪਾਲੇ । ਆਪ ਲਿਖਾਵੇ ਆਪ ਭੁਲਾਵੇ । ਝੂਠੇ ਬੰਨ੍ਹੇ ਕਲ ਜੀਵ ਦਾਅਵੇ । ਵਰਤੇ ਸੋ ਜੋ ਪ੍ਰਭ ਭਾਵੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਆਪਣੀ ਕਲ ਵਰਤਾਵੇ । ਸਤਿਗੁਰ ਸਾਚਾ ਸ਼ਬਦ ਕਰਾਏ ਸਤਿ । ਸਤਿ ਪੁਰਖ ਬਚਨ ਸਤਿ ਮੰਨਿਆ । ਝੂਠਾ ਜਗਤ ਜੰਜਾਲ ਪ੍ਰਭ ਸਾਚੇ ਭੰਨਿਆ । ਕਦੇ ਨਾ ਹੋਏ ਆਤਮ ਕੰਗਾਲ, ਪ੍ਰਭ ਧੀਰਨ ਧੀਰ ਬੰਨ੍ਹਿਆ । ਸਾਚਾ ਦੇਵੇ ਧਨ ਮਾਲ, ਨਾ ਲਾਗੇ ਕਦੇ ਸੰਨ੍ਹਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਬਚਨ ਜਿਸ ਸਤਿ ਕਰ ਮੰਨਿਆ । ਸਾਚਾ ਬਚਨ ਆਪ ਲਿਖਾਵੇ । ਭਰਮ ਭੁਲੇਖੇ ਆਪ ਭੁਲਾਵੇ । ਡੁਲ ਡੁਲ ਜੀਵ ਆਤਮ ਡੁਲਾਵੇ । ਰੁਲ ਰੁਲ ਆਪਣਾ ਆਪ ਗਵਾਵੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਅੰਤ ਸਜ਼ਾਏ । ਸਾਚਾ ਹੁਕਮ ਸਚ ਫ਼ਰਮਾਇਆ । ਪ੍ਰਭ ਅਬਿਨਾਸ਼ੀ ਕਰਮ ਕਮਾਇਆ । ਭੁੱਲੇ ਭੁਲਾਏ ਸੋ ਜਨ, ਜਿਸ ਪ੍ਰਭ ਨਾ ਰਸਨਾ ਗਾਇਆ । ਅਗਨ ਲਗਾਏ ਜੋਤ ਤਨ, ਦਿਵਸ ਰੈਣ ਚੈਨ ਨਾ ਪਾਇਆ । ਬੇਮੁਖਾਂ ਲਾਏ ਪ੍ਰਭ ਸਾਚਾ ਡੰਨ, ਆਪ ਆਪਣਾ ਨਾਮ ਭੁਲਾਇਆ । ਭਾਣਾ ਜਾਣੇ ਸਤਿ ਕਰ ਮੰਨ, ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ । ਭਾਣਾ ਮੰਨੇ ਗੁਰਮੁਖ ਗੁਰਸਿਖ । ਆਤਮ ਮਿਟਾਵੇ ਪ੍ਰਭ ਸਾਚਾ ਤ੍ਰਿਖ । ਮੰਗੀ ਦਾਤ ਪ੍ਰਭ ਸਾਚਾ ਪਾਵੇ ਭਿੱਖ । ਜੋਤ ਸਰੂਪੀ ਜੋਤ ਪ੍ਰਭ ਜਾਏ ਲੇਖ ਲਿਖ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਾਕ ਸਰਬ ਭਵਿਖ । ਭਵਿਖਤ ਵਾਕ ਪ੍ਰਭ ਲਿਖਾਇਆ । ਸਾਚਾ ਕਰਮ ਆਪ ਕਮਾਇਆ । ਸਾਚਾ ਧਰਮ ਗੁਰਸਿਖ ਦਿਸਾਇਆ । ਸਾਚਾ ਜਨਮ ਵਿਚ ਮਾਤ ਦਵਾਇਆ । ਆਤਮ ਭਰਮ ਪ੍ਰਭ ਸਰਬ ਮਿਟਾਇਆ । ਹਿਰਦਾ ਨਰਮ ਪ੍ਰਭ ਸੀਤਲ ਸਤਿ ਕਰਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਹੁਕਮ ਲੇਖ ਕਰਮ ਵੇਖ ਆਪਣੀ ਰਸਨ ਲਿਖਾਇਆ । ਰਸਨ ਲਿਖਾਏ ਜੀਵ ਲੇਖਾ । ਆਪ ਭੁਲਾਏ ਪਾਏ ਭਰਮ ਭੁਲੇਖਾ । ਜੀਵ ਨਾ ਜਾਣੇ ਪ੍ਰਭ ਜੋ ਲਿਖਾਏ ਲੇਖਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਆਪਣਾ ਵਟਾਇਆ ਭੇਖਾ । ਭੇਖ ਧਾਰੇ ਜੋਤ ਨਿਰੰਕਾਰੇ । ਭਗਤ ਉਧਾਰੇ ਜਨ ਆਏ ਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ । ਪੂਰਾ ਗੁਰ ਦਰ ਸੇਵੀਏ, ਪ੍ਰਭ ਪੂਰਾ ਦੇਵੇ ਵਰ । ਸਦਾ ਸਦ ਅਲੱਖ ਅਭੇਵੀਏ, ਗੁਰਮੁਖ ਵਿਰਲਾ ਆਵੇ ਦਰ । ਪ੍ਰਭ ਵਡ ਵਡ ਦੇਵੀ ਦੇਵੀਏ, ਲੋਚਨ ਦਰਸ਼ਨ ਸੁਰ ਨਰ । ਪ੍ਰਭ ਦੇਵੇ ਅੰਮ੍ਰਿਤ ਮੇਵੀਏ, ਪਤਿ ਪਤਨੀ ਆਏ ਘਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਪ੍ਰਭ ਦਰ । ਸਾਚਾ ਦਰ ਘਰ ਗੁਰ ਦਰਬਾਰ । ਦੋਏ ਜੋੜ ਕਰ ਨਿਮਸਕਾਰ । ਵੇਖੇ ਲੇਖ ਆਪ ਕਰਤਾਰ । ਦੇਖਣ ਦੇਖ ਵਡ ਦੇਖਣਹਾਰ । ਪਤਿ ਪਤਨੀ ਲੇਖ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਤਰਾਵੇ ਸਰਬ ਜੀਆਂ ਤਾਰਨਹਾਰ । ਗੁਰ ਦਰ ਆਇਣ ਦੋਏ ਜੁਰ । ਲਿਖਿਆ ਮੇਟ ਵਖਾਏ ਜੋ ਲਿਖਿਆ ਧੁਰ । ਪ੍ਰਭ ਸਾਚਾ ਮੇਖ ਲਗਾਏ, ਚਰਨ ਜੀਵ ਜੋ ਆਇਣ ਤੁਰ । ਵੇਖਾ ਵੇਖ ਜੋ ਸੀਸ ਝੁਕਾਏ, ਹੱਥ ਖਾਲੀ ਜਾਇਣ ਮੁਰ । ਪ੍ਰਭ ਅਬਿਨਾਸ਼ੀ ਭੇਖ ਜੋ ਪਾਇਣ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਵਡਿਆਈ ਸਾਚਾ ਗੁਰ । ਆਤਮ ਘਿਰਨਾ ਪ੍ਰਭ ਦੇਵੇ ਕੱਢ । ਝੂਠਾ ਰੋਗ ਜਾਏ ਦੇਹ ਛੱਡ । ਸਾਚਾ ਪ੍ਰਭ ਆਪ ਗਵਾਏ ਵੱਡਾ ਵਡ ਵਡ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੁਫਲ ਕਰਾਏ

੧੬੨
੦੧

ਦੇਹੀ ਹੱਡ । ਰੋਗ ਮਿਟਾਇਆ ਸੋਗ ਚੁਕਾਇਆ । ਸਾਚਾ ਨਾਮ ਜੋਗ ਦਵਾਇਆ । ਅੰਮ੍ਰਿਤ ਆਤਮ ਭੋਗ ਲਗਾਇਆ । ਚਿੰਤਾ ਰੋਗ ਆਤਮ ਸੋਗ ਕੋਇ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਆਪਣੀ ਦਇਆ ਕਮਾਇਆ । ਆਤਮ ਦੇਵੇ ਸਾਚੀ ਧੀਰ । ਆਤਮ ਅਗਨ ਜਲਾਏ ਸ਼ਾਂਤ ਕਰਾਏ ਸਰੀਰ । ਦੇਹੀ ਦੁਖ ਦਰਦ ਹਟਾਏ, ਆਤਮ ਕਢਾਏ ਗਵਾਏ ਵਿਚੋਂ ਪੀੜ । ਦੁਰਾਚਾਰਨੀ ਪ੍ਰਭ ਨਸ਼ਟ ਕਰਾਏ, ਜਿਸ ਚਲਾਇਆ ਤੀਰ । ਸਾਚਾ ਪ੍ਰਭ ਬਚਨ ਸਪਸ਼ਟ ਲਿਖਾਏ, ਕਰਮ ਕਮਾਇਆ ਦੁੱਖ ਰੋਗ ਲਗਾਇਆ ਵਿਚ ਪਿਲਾਇਆ ਸੀਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅੰਮ੍ਰਿਤ ਬਖ਼ਸ਼ੇ ਸ਼ਾਂਤ ਕਰਾਏ ਸਰੀਰ । ਸਾਚਾ ਪ੍ਰਭ ਸ਼ਬਦ ਲਿਖਾਏ । ਇਕ ਲੱਖ ਅੱਸੀ ਹਜ਼ਾਰ ਬੰਧਾਏ । ਗੁਰ ਨਾਨਕ ਜੋ ਲੇਖ ਲਿਖਾਏ । ਸ਼ਬਦ ਮਾਰ ਪ੍ਰਭ ਆਪ ਕਰਾਏ । ਸੋਹੰ ਨਿਧਾਨ ਜਨ ਰਸਨਾ ਗਾਏ । ਭੂਤ ਪ੍ਰੇਤ ਕੋਈ ਨੇੜ ਨਾ ਆਏ । ਦੇਵ ਦੰਤ ਨਾ ਕੋਇ ਸਤਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਆਣ ਸੋਹੰ ਰਖਾਏ । ਦੇਹੀ ਰੋਗ ਪ੍ਰਭ ਗਵਾਏ । ਨਾੜੀ ਬਹੱਤਰ ਸੁਫਲ ਕਰਾਏ । ਸਾਚੇ ਦਰ ਜਨ ਮੰਗਣ ਆਏ । ਰੰਗਣ ਨਾਮ ਪ੍ਰਭ ਚੜ੍ਹਾਏ । ਪਾਪ ਪਹਾੜਾਂ ਪੜ੍ਹੇ ਹਟਾਏ । ਵਿਚ ਉਜਾੜਾਂ ਹੋਏ ਸਹਾਏ । ਸੋਹੰ ਨਾਉਂ ਜੋ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਆਪਣੀ ਦਇਆ ਕਮਾਏ । ਦੇਹੀ ਰੋਗ ਆਤਮ ਸੋਗ । ਦੁੱਖੀਆ ਜੀਵ ਰਿਹਾ ਦੁਖ ਭੋਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਿਰਪਾ ਕਰ ਮਿਟਾਏ ਆਤਮ ਸਾਰਾ ਸੋਗ । ਗੁਰ ਦਰ ਪੁਕਾਰੇ ਕੰਨਿਆਂ । ਪ੍ਰਭ ਸਾਚਾ ਸਤਿ ਕਰ ਮੰਨਿਆਂ । ਆਤਮ ਬੇੜਾ ਪ੍ਰਭ ਸਾਚੇ ਬੰਨ੍ਹਿਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭੇਵ ਖੁਲ੍ਹਾਵੇ ਕਰਮਾਂ ਅੰਨਿਆਂ । ਰੋਗ ਦੁਖ ਤਨ ਤਪਾਇਆ । ਹੱਥ ਪੈਰ ਅਗਨ ਜਲਾਇਆ । ਦਿਵਸ ਰੈਣ ਚੈਨ ਨਾ ਪਾਇਆ । ਕਿਸ਼ਨਾ ਸੁਖਲਾ ਪੱਖ ਵੱਖ ਵੱਖ ਦਿਖਾਇਆ । ਆਪ ਆਪਣੀ ਪਤਿ ਰੱਖ, ਦੁਖ ਰੋਗ ਮਿਟਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਕਿਰਪਾ ਪਾਰ ਕਰਾਇਆ । ਸਾਚਾ ਪ੍ਰਭ ਸਾਰੰਗ ਧਰ । ਮਾਤਲੋਕ ਆਏ ਤਾਰਨ ਤਰ । ਕੁੱਖ ਦੁਖ ਪ੍ਰਭ ਜਾਏ ਸੁਫਲ ਕਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਿਰਪਾ ਜਾਏ ਕਰ । ਦੁਖ ਰੋਗ ਰੋਗ ਦੁਖ ਪ੍ਰਭ ਮਿਟਾਇਆ । ਅਠ ਅਠਰਾਹ ਨਸ਼ਟ ਕਰਾਇਆ । ਭੱਠ ਭੱਠ ਵਿਚ ਭੱਠ ਪਵਾਇਆ । ਨੱਠ ਨੱਠ ਨੱਠ ਜਨ ਸਰਨੀ ਆਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਡੰਡ ਲਗਾਇਆ । ਸਾਚਾ ਪ੍ਰਭ ਸ਼ਬਦ ਚਲਾਏ । ਸੋਹੰ ਨਾਮ ਧੀਰ ਧਰਾਏ । ਰਸਨਾ ਜਪੇ ਜਨ ਅੱਠ ਅਠਰਾਹ ਪ੍ਰਭ ਦੇ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੁਫਲ ਕੁੱਖ ਆਪ ਕਰਾਏ । ਅੰਮ੍ਰਿਤ ਮੁਖ ਚੁਆਏ ਗੁਰ ਪੂਰਾ । ਸਾਧ ਸੰਗਤ ਮਿਟਾਏ ਆਤਮ ਦੁੱਖ ਵਸੂਰਾ । ਏਕਾ ਸੁੱਖ ਉਪਜਾਏ ਸੋਹੰ ਦੇਵੇ ਸਤਿ ਸਰੂਰਾ । ਆਤਮ ਭੁੱਖ ਗਵਾਏ, ਨਾਮ ਜਪਾਏ ਸਤਿਗੁਰ ਪੂਰਾ । ਮਹਾਰਾਜ ਸ਼ੇਰ ਸਿੰਘ ਸ਼ਬਦ ਲਿਖਾਏ, ਬਚਨ ਕਰਾਏ ਆਪਣਾ ਪੂਰਾ । ਅੰਮ੍ਰਿਤ ਪੀ ਆਤਮ ਤ੍ਰਿਪਤਾਓ । ਪ੍ਰਭ ਅਬਿਨਾਸ਼ੀ ਘਰ ਮੇਂ ਪਾਓ । ਦੁਖ ਰੋਗ ਸਰਬ ਮਿਟਾਓ । ਸਾਚਾ ਸੁਖ ਆਤਮ ਉਪਜਾਓ । ਕ੍ਰਿਸ਼ਨਾ ਪਖ ਸੁਫਲ ਕਰਾਓ । ਅਗਿਆਨ ਅੰਧੇਰ ਮੇਟ ਮਿਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖੜਾ ਨਾਸ ਸਰਬ ਜੀਵ ਕਰਾਇਆ, ਜੋ ਜਨ ਏਕਾ ਸਰਨ ਰਖਾਓ । ਪੂਰੇ ਗੁਰ ਅੰਮ੍ਰਿਤ ਵਸਾਇਆ । ਆਤਮ ਵਾਸ ਪ੍ਰਭ ਆਪ ਰਖਾਇਆ । ਹੋਏ ਦਾਸ ਜਿਸ ਚਰਨੀ ਸੀਸ ਝੁਕਾਇਆ । ਸਦ ਵਸੇ ਪਾਸ, ਗੁਰਮੁਖ ਸਾਚੇ ਵਿਚ ਸਮਾਇਆ । ਸਾਚੇ ਪ੍ਰਭ ਸਦ ਸਦ ਬਲ ਜਾਸ, ਆਦਿ ਅੰਤ ਹੋਏ ਸਹਾਇਆ ।

੧੬੩
੦੧

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੇਘ ਆਪ ਵਰਸਾਇਆ । ਸਾਚਾ ਪ੍ਰਭ ਅੰਮ੍ਰਿਤ ਬਰਸਾਏ ਮੇਘ । ਸੋਹੰ ਚਲਾਏ ਸਾਚੀ ਦੇਗ । ਗੁਰਮੁਖ ਦਰ ਆਏ ਵਿਰਲਾ ਪੀਏ ਅੰਮ੍ਰਿਤ ਮੇਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰਾਏ ਬੁਧ ਬਿਬੇਕ । ਅੰਮ੍ਰਿਤ ਪੀ ਨਿਰਮਲ ਬੁਧ । ਅੰਮ੍ਰਿਤ ਦੇਵੇ ਪ੍ਰਭ ਸਾਚੀ ਸੁਧ । ਨਿਜ ਘਰ ਉਪਜਾਵੇ ਪ੍ਰਭ ਸਾਚਾ ਨੌਂ ਨਿਧ । ਦੁਖ ਦਰਦ ਹਟਾਵੇ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਰਸਨਾ ਗਾਵੇ ਪ੍ਰਭ ਮਿਲਣ ਦੀ ਸਾਚੀ ਬਿਧ । ਅੰਮ੍ਰਿਤ ਪਾਏ ਗੁਰ ਦਰਬਾਰ । ਪ੍ਰਭ ਸਾਚੇ ਦੇ ਭਰੇ ਭੰਡਾਰ । ਸਾਧ ਸੰਗਤ ਪ੍ਰਭ ਕਰੇ ਪਿਆਰ । ਦਰ ਆਏ ਮੰਗਤ, ਪ੍ਰਭ ਸਾਚਾ ਜਾਏ ਤਾਰ । ਆਤਮ ਚਾੜ੍ਹੇ ਸੋਹੰ ਰੰਗਤ, ਆਪਣੇ ਰੰਗ ਰੰਗੇ ਕਰਤਾਰ । ਮਾਨਸ ਜਨਮ ਨਾ ਹੋਏ ਭੰਗਤ, ਨਿਹਕਲੰਕ ਜੋ ਜਨ ਆਏ ਤੇਰੇ ਦਰਬਾਰ । ਪ੍ਰਭ ਮਿਲਾਏ ਵਿਚ ਸਾਧ ਸੰਗਤ, ਰਸਨਾ ਤਜਾਏ ਜਨ ਮਦਿਰਾ ਮਾਸ ਆਹਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅੰਮ੍ਰਿਤ ਬਰਖੇ ਕਿਰਪਾ ਧਾਰ । ਅੰਮ੍ਰਿਤ ਵੇਲੇ ਅੰਮ੍ਰਿਤ ਬਰਸਾਇਆ । ਪ੍ਰਭ ਸਾਚੇ ਸਾਂਤਕ ਸੀਤਲ ਸਤਿ ਕਰਾਇਆ । ਆਤਮ ਅਗਨ ਪ੍ਰਭ ਸ਼ਬਦ ਜਲਾਇਆ । ਗੁਰਸਿਖ ਗੁਰ ਚਰਨ ਲਗਣ, ਪ੍ਰਭ ਸਾਚਾ ਰਾਹ ਚਲਾਇਆ । ਬੇਮੁਖ ਸੜਨ ਵਿਚ ਕਲਜੁਗ ਅਗਨ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਅੰਤਕਾਲ ਫਿਰਨ ਨਗਨ, ਧਰਮ ਰਾਏ ਦੇ ਸਜਾਇਆ । ਗੁਰਸਿਖ ਸਾਚੇ ਦੀਪਕ ਜਗਣ, ਪ੍ਰਭ ਸਾਚਾ ਆਤਮ ਜੋਤ ਜਗਾਇਆ । ਏਕਾ ਲੱਗੀ ਪ੍ਰਭ ਚਰਨ ਲਗਨ, ਪ੍ਰਭ ਹਉਮੇ ਰੋਗ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਬਰਸ ਆਤਮ ਸ਼ਾਂਤ ਕਰਾਇਆ । ਆਤਮ ਸ਼ਾਂਤ ਸ਼ਾਂਤ ਸਰੀਰ । ਪ੍ਰਭ ਸਾਚਾ ਦੇਵੇ ਸਾਚੀ ਧੀਰ । ਅੰਮ੍ਰਿਤ ਪਿਲਾਵੇ ਸਾਚਾ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਦਰਦ ਨਿਵਾਰੇ ਆਤਮ ਕੱਢੇ ਹਉਮੇ ਪੀਰ । ਅੰਮ੍ਰਿਤ ਪੀ ਆਤਮ ਤ੍ਰਿਪਤਾਇਆ । ਪ੍ਰਭ ਦਰ ਆਏ ਦਰ ਸਾਚਾ ਪਾਇਆ । ਏਕਾ ਸ਼ਬਦ ਪ੍ਰਭ ਨਾਦ ਧੁਨ ਵਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਵਰਖ ਕਵਲ ਮੁਖ ਚੁਆਇਆ । ਅੰਮ੍ਰਿਤ ਦੇਵੇ ਸਾਚਾ ਗੁਰ । ਗੁਰਮੁਖ ਸਾਚੇ ਪ੍ਰਭ ਚਰਨੀ ਜੁਰ । ਪ੍ਰਭ ਦਰਸ਼ਨ ਕੋ ਲੋਚਨ ਸੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਤਾਲ ਆਕਾਸ਼ ਛੱਡ ਵਿਚ ਮਾਤ ਆਏ ਤੁਰ । ਪਤਾਲ ਅਕਾਸ਼ ਪ੍ਰਭ ਤਜਾਇਆ । ਮਾਤਲੋਕ ਪ੍ਰਭ ਜੋਤ ਜਗਾਇਆ । ਗੁਰਮੁਖ ਸਾਚੇ ਪ੍ਰਭ ਖੋਲ੍ਹੇ ਸੋਤ, ਪਰਗਟ ਹੋਏ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੇਘ ਬਰਸ ਸਾਧ ਸੰਗਤ ਦੁੱਖ ਰੋਗ ਮਿਟਾਇਆ । ਸਾਚਾ ਪ੍ਰਭ ਕਰਮ ਕਮਾਏ । ਆਪਣਾ ਵਕ਼ਤ ਆਪ ਸੁਹਾਏ । ਲੇਖਾ ਲਿਖੇ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੇ ਭਾਣੇ ਰਿਹਾ ਸਮਾਏ । ਆਪਣਾ ਭਾਣਾ ਆਪੇ ਵਰਤੇ । ਆਪਣਾ ਖੇਲ ਕੀਆ ਪ੍ਰਭ ਆਪ ਕਰਤੇ । ਜੋਤ ਸਰੂਪੀ ਜੋਤ ਪਰਗਟਾਇਆ ਨਿਹਕਲੰਕ ਉਪਰ ਧਰਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਉਧਾਰੇ ਵਡ ਸੰਸਾਰੇ ਜੋ ਜਨ ਆਏ ਦਰ ਤੇ । ਦਰ ਆਏ ਦਰਗਾਹ ਪਰਵਾਨ । ਗੁਰਮੁਖ ਸਾਚੇ ਚਤੁਰ ਸੁਜਾਨ । ਬ੍ਰਹਮ ਸਰੂਪ ਵਿਚ ਬ੍ਰਹਮ ਸਮਾਣ । ਵਡ ਵਡ ਭੂਪ ਪ੍ਰਭ ਸਰਨ ਤਕਾਣ । ਪ੍ਰਭ ਕੀ ਮਹਿੰਮਾ ਬੜੀ ਅਨੂਪ, ਗੁਰਮੁਖ ਜਾਣੇ ਜਿਸ ਕਿਰਪਾ ਕਰੇ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਰਗਟ ਜੋਤ ਦੇਵੇ ਦਰਸ ਵਿਚ ਮਾਤ ਪ੍ਰਭ ਆਣ । ਦਰਸ ਦਿਖਾਇਆ, ਪ੍ਰਭ ਸਹਿੰਸਾ ਰੋਗ ਮਿਟਾਇਆ । ਸੋਹੰ ਸਾਚਾ ਜੋਗ ਪ੍ਰਭ ਸਾਚੇ ਨਾਮ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਰਘ ਰੋਗ ਗਵਾਇਆ । ਸਾਚਾ ਪ੍ਰਭ ਦਇਆ ਧਾਰੇ । ਸਾਚਾ ਸ਼ਬਦ ਭਗਤ ਲਿਖਾਰੇ ।

੧੬੪
੦੧

ਜੋਤ ਜਗਾਏ ਵਿਚ ਦੇਹੀ ਮਹਿਲ ਮੁਨਾਰੇ । ਪ੍ਰਭ ਖੋਲ੍ਹ ਵਖਾਏ ਗੁਰਮੁਖ ਦਸਮ ਦਵਾਰੇ । ਪ੍ਰਭ ਸੋਹੰ ਢੋਲ ਵਜਾਏ, ਸੁਣਾਏ ਸਚੀ ਧੁਨਕਾਰੇ । ਪ੍ਰਭ ਪੜਦੇ ਖੋਲ੍ਹ ਵਖਾਏ, ਦੇਵੇ ਦਰਸ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਾਜ ਆਪ ਸਵਾਰੇ । ਪ੍ਰਭ ਕਾ ਰੂਪ ਅਪਰ ਅਪਾਰਾ । ਕੋਇ ਨਾ ਜਾਣੇ ਪ੍ਰਭ ਕੀ ਸਾਰਾ । ਕੋਟਨ ਕੋਟ ਰੰਗ ਕਰੇ ਕਰਤਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਵਿਰਲੇ ਪਾਵੇ ਸਾਰਾ । ਗੁਰਸੰਗਤ ਗੁਰਪੁਰਬ ਮਨਾਉਣਾ । ਸਾਚਾ ਧਾਮ ਪ੍ਰਭ ਆਪ ਸੁਹਾਉਣਾ । ਭੁੱਲਿਆਂ ਭੁਲਿਆਂ ਪ੍ਰਭ ਸਰਨ ਲਗਾਉਣਾ । ਏਕਾ ਹੁਕਮ ਆਪ ਸੁਣਾਉਣਾ । ਹੰਕਾਰ ਵਿਕਾਰ ਸਰਬ ਗਵਾਉਣਾ । ਇਕ ਆਕਾਰ ਗੁਰਸੰਗਤ ਪ੍ਰਭ ਕਰਾਉਣਾ । ਗੁਰਸਿਖ ਦੋ ਫਾੜ ਨਾ ਪ੍ਰਭ ਰਖਾਉਣਾ । ਏਕਾ ਵਾੜ ਸੋਹੰ ਸ਼ਬਦ ਚੌਗਿਰਦ ਕਰਾਉਣਾ । ਮਹਾਰਾਜ ਸ਼ੇਰ ਸਿੰਘ ਬੋਲਿਆ ਬੋਲ ਫਿਰ ਮੁੜਾਉਣਾ । ਗੁਰ ਕਾ ਦਰ ਸਚਾ ਦਰਬਾਰ । ਸਾਧ ਸੰਗਤ ਸਦ ਕਰੇ ਪਿਆਰ । ਸਾਧ ਸੰਗਤ ਗੁਰ ਇਕ ਰੰਗ ਕਰਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਵਡ ਸਿਕਦਾਰ । ਗੁਰਸੰਗਤ ਪਾਏ ਗੁਰ ਚਰਨ ਰਸ । ਬੇਮੁਖਾਂ ਅੰਧੇਰ ਜਿਉਂ ਚੰਨ ਮਸ । ਗੁਰਸਿਖਾਂ ਨਾ ਸੂਝੇ ਸੰਞ ਸਵੇਰ, ਹੋਏ ਪਰਕਾਸ਼ ਕੋਟ ਰਵਿ ਸਸਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਸਾਚਾ ਸ਼ਬਦ ਜਾਏ ਦੱਸ । ਸਾਚੇ ਪ੍ਰਭ ਇਹ ਮੋੜ ਮੁੜਾਇਆ । ਤੋੜ ਵਿਛੋੜ ਪ੍ਰਭ ਜੋੜ ਜੁੜਾਇਆ । ਗੁਰਸਿਖ ਨਾ ਦੁਪੜ ਦੌੜ, ਪ੍ਰਭ ਏਕਾ ਰੰਗ ਰੰਗਾਇਆ । ਦੇਹੀ ਚਲੇ ਕੋਹੜ, ਸਾਧ ਸੰਗਤ ਵਿਚ ਜਿਸ ਜਨ ਹੰਕਾਰ ਰਖਾਇਆ । ਮਾਨਸ ਜਨਮ ਨਾ ਨਿਭੇ ਤੋੜ, ਪ੍ਰਭ ਸਾਚੇ ਅਧਵਿਚਕਾਰ ਰਖਾਇਆ । ਪ੍ਰਭ ਸਾਚੇ ਦੀ ਸਾਚੀ ਲੋੜ, ਵੇਲਾ ਅੰਤ ਕਲਜੁਗ ਨੇੜੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਬੇੜਾ ਆਪ ਬੰਨ੍ਹਾਇਆ । ਬੇੜਾ ਬੰਨ੍ਹੇ ਬੰਨ੍ਹ ਵਖਾਵੇ । ਗੁਰਮੁਖ ਸਾਚੇ ਪ੍ਰਭ ਕੰਨ ਸੁਣਾਵੇ । ਤਨ ਮਨ ਗੁਰਸਿਖ ਮੰਨ ਜਾਵੇ । ਸਤਿਗੁਰ ਪੂਰਾ ਦਇਆ ਕਮਾਵੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਗੁਰ ਮਨੀ ਸਿੰਘ ਉਪਜਾਵੇ । ਸਰਬ ਜੀਆਂ ਪ੍ਰਭ ਸ਼ਬਦ ਸੁਣਾਏ । ਆਪ ਆਪਣਾ ਮੁਖਵਾਕ ਲਿਖਾਏ । ਅੰਗ ਸਾਕ ਨਾ ਗੁਰ ਕੋ ਭਾਏ । ਪਾਕੀ ਪਾਕ ਪ੍ਰਭ ਆਪ ਰਹਾਏ । ਖੋਲ੍ਹੇ ਤਾਕ ਜੋ ਜਨ ਚਰਨੀ ਸੀਸ ਨਿਵਾਏ । ਗੁਰਸਿਖ ਆਤਮ ਮਾਰ ਝਾਤ, ਪ੍ਰਭ ਸਾਚਾ ਵਿਚ ਸਮਾਏ । ਅੰਤਕਾਲ ਕਲ ਕੋਈ ਨਾ ਪੁੱਛੇ ਵਾਤ, ਛੱਡ ਜਾਣ ਭੈਣ ਭਰਾ ਮਾਏ । ਇਕ ਦਿਨ ਆਏ ਅੰਧੇਰੀ ਰਾਤ, ਸੱਜਣ ਸਾਕ ਸੈਣ ਸਭ ਜਗਤ ਤਜਾਏ । ਝੂਠਿਆਂ ਛੱਡਿਆ ਨਾਤ ਮਾਤ, ਲੱਖ ਚੁਰਾਸੀ ਗੇੜ ਕਟਾਏ । ਪ੍ਰਭ ਸਾਚਾ ਦੇਵੇ ਸਾਚੀ ਦਾਤ, ਗੁਰਮੁਖ ਸਾਚੇ ਸੋਹੰ ਸਦ ਰਸਨਾ ਗਾਏ । ਪ੍ਰਭ ਸਾਚਾ ਕੋਟ ਉਤਾਰੇ ਪਾਪ, ਅੰਤਕਾਲ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਜੋਤੀ ਮੇਲ ਮਿਲਾਏ । ਸਾਚਾ ਪ੍ਰਭ ਵਡ ਲਿਖਾਰੀ । ਸਾਚਾ ਪ੍ਰਭ ਜੋਤ ਅਧਾਰੀ । ਸਾਚਾ ਪ੍ਰਭ ਆਏ ਜਾਏ ਭਗਤਨ ਪੈਜ ਸਵਾਰੀ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤ ਗੁਣ ਵਿਚਾਰੀ । ਸਾਚੇ ਪ੍ਰਭ ਗੁਣ ਵਿਚਾਰਿਆ । ਵਿਚ ਸਾਧਨ ਸੰਤ ਚੁਣ ਚਰਨ ਲਗਾ ਰਿਹਾ । ਸਾਚੇ ਗੁਣ ਸੰਤ ਮਨੀ ਸਿੰਘ ਪ੍ਰਭ ਸਾਚਾ ਮਾਣ ਦਵਾ ਰਿਹਾ । ਪ੍ਰਭ ਸਾਚਾ ਸ਼ਬਦ ਲਿਖਾਏ ਸਾਧ ਸੰਗਤ ਸੁਣ ਵਕਤ ਸੁਹਾ ਰਿਹਾ । ਸਾਚਾ ਵਕਤ ਪ੍ਰਭ ਸੁਹਾਉਣਾ । ਬੇਮੁਖਾਂ ਪ੍ਰਭ ਨਸ਼ਟ ਕਰਾਉਣਾ । ਰਸਨ ਅਜੋੜ ਤੋੜ ਵਖਾਉਣਾ । ਬਚਨ ਅਜੋੜ ਬਚਨ ਅਮੋੜ ਪ੍ਰਭ ਸਰਬ ਹਟਾਉਣਾ । ਪ੍ਰਭ ਸਾਚਾ ਸਿੱਖ ਸਾਚੇ ਦੀ ਲੋੜ, ਪ੍ਰਭ ਸਾਚੀ ਸਰਨ ਲਗਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

੭੬੫
੦੧

ਭਗਵਾਨ, ਸਾਧ ਸੰਗਤ ਸਤਿ ਸ਼ਬਦ ਸੁਣਾਉਣਾ । ਸ਼ਬਦ ਲਿਖਾਏ ਸਾਧ ਸੰਗਤ ਪ੍ਰਭ ਰਿਹਾ ਸੁਣਾਏ । ਗੁਰ ਅੰਗਦ ਜਿਉਂ ਅੰਗ ਲਗਾਏ । ਸੰਤ ਮਨੀ ਸਿੰਘ ਪ੍ਰਭ ਆਪ ਤਰਾਏ । ਭਰਮ ਭੁਲੇਖਾ ਸਰਬ ਕਢਾਏ । ਸ੍ਰਿਸ਼ਟ ਸਬਾਈ ਸਰਨ ਲਗਾਏ । ਹੰਕਾਰੀ ਜੀਵ ਦਰ ਦੁਰਕਾਏ । ਉਧਰੇ ਪਾਰ ਜੋ ਚਲ ਆਏ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਏ । ਸਾਚਾ ਪ੍ਰਭ ਸਰਬ ਵਰਤੰਤ । ਸਾਰ ਜਾਣੇ ਸਰਬ ਜੀਵ ਜੰਤ । ਗੁਰਮੁਖ ਸਾਚੇ ਪ੍ਰਭ ਤੇਰਾ ਪਤ ਪਤਵੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਦਵਾਏ ਸਤਿਗੁਰ ਬਣਾਏ ਮਨੀ ਸਿੰਘ ਸੰਤ । ਸਤਿਗੁਰ ਬਣਾਇਆ, ਸਾਚਾ ਫ਼ਰਮਾਣ ਧੁਰ ਤੋਂ ਆਇਆ । ਬਲੀ ਬਲਵਾਨ ਹੋਏ ਸਹਾਇਆ । ਗੁਣਨਿਧਾਨ ਭਰਮ ਭੁਲੇਖਾ ਜੀਵ ਕਢਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਦ ਆਪ ਖੁਲ੍ਹਾਇਆ । ਸਾਚਾ ਪ੍ਰਭ ਦਇਆ ਕਮਾਏ । ਪੰਚਮ ਜੇਠ ਗੁਰਪੁਰਬ ਮਨਾਏ । ਬੁੱਗੀਂ ਜਾਏ ਭਾਗ ਲਗਾਏ । ਗੁਰਸਿਖ ਸਾਚਾ ਪ੍ਰੇਮ ਸਿੰਘ ਪ੍ਰਭ ਸਾਚਾ ਜਾਏ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੁੱਗੀ ਬਿਦਰ ਜਿਉਂ ਡੇਰਾ ਲਾਏ । ਵੀਹ ਸੌ ਨੌਂ ਬਿਕ੍ਰਮੀ ਪੰਜ ਜੇਠ ਸਾਧ ਸੰਗਤ ਮੇਲ ਮਿਲਾਏ । ਗੁਰਪੁਰਬ ਗੁਰ ਆਪ ਮਨਾਏ । ਪਰਗਟ ਜੋਤ ਦਰਸ ਦਿਖਾਏ । ਗੁਰਮੁਖ ਗੁਰਸਿਖ ਪ੍ਰਭ ਆਣ ਤਰਾਏ । ਮੁੜਿਆ ਮੋੜ ਪ੍ਰਭ ਆਪ ਮੁੜਾਏ । ਨਾ ਚੜ੍ਹੇ ਤੋੜ ਜਨ ਜੋ ਬੇਮੁਖ ਹੋ ਜਾਏ । ਗੁਰਮੁਖ ਹੋਏ ਬਚਨ ਅਮੋੜ, ਕੋਈ ਨਾ ਦੀਸੇ ਥਾਏਂ । ਗੁਰਮੁਖ ਸਾਚੇ ਪ੍ਰਭ ਚਰਨੀ ਜੋੜ, ਅੰਤਕਾਲ ਕਲ ਲਏ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਵਕਤ ਆਪਣਾ ਆਪ ਜੁਗੋ ਜੁਗ ਸੁਹਾਏ । ।

੭੬੬
੦੧

❊ ❊

ਨਿਹਕਲੰਕ ਹਰਿ ਸ਼ਬਦ